	ਟਾਇਟਲ ਪੇਜ਼
	ਨਿੱਜੀ
	ਭੂਮਿਕਾ : ਗੁਰਮੁਖੀ ਪ੍ਰਕਾਸ਼ਨ
	ਭੂਮਿਕਾ : ਅੰਗ੍ਰੇਜ਼ੀ ਪ੍ਰਕਾਸ਼ਨ
	ਆਭਾਰ : ਗੁਰਮੁਖੀ ਪ੍ਰਕਾਸ਼ਨ
	ਆਭਾਰ : ਅੰਗ੍ਰੇਜ਼ੀ ਪ੍ਰਕਾਸ਼ਨ
	1947 ਦਾ ਕੈਲੇਂਡਰ
	1947 ਦੀ ਖਾਸ ਘਟਨਾਵਾਂ ਦੀ ਸਿਲਸਲੇਵਾਰ ਫ਼ਹਿਰਿਸਤ
	ਪੰਜ਼ਾਬ ਦੀ ਹਕੂਮਤਾਂ (1 ਜਨਵਰੀ ਤੋਂ 31 ਦਸੰਬਰ 1947 ਤੱਕ)
	ਪਰਿਚੇ
1.	ਨਸਲੀ ਸਫਾਈ ਦਾ ਉਸੂਲ
2.	ਪੰਜਾਬ: ਅੰਗ੍ਰੇਜ਼ੀ ਹਕੂਮਤ ਦੇ ਦੌਰਾਨ ਅਤੇ ਇਸ ਤੋਂ ਪਹਿਲਾਂ
3.	ਪੰਜਾਬ ਵਿੱਚ ਤਕਸੀਮ ਦੀ ਉਤਪਤ (1900- 1944)
ਪਹਿਲਾ ਚਰਣ: ਲਹੂਲੁਹਾਨ ਪੰਜਾਬ, ਜਨਵਰੀ 1945-ਮਾਰਚ 1947	
ਪਰਿਚੇ	
4.	ਪੰਜਾਬ ਦੇ ਇੰਤਖਾਬ ਅਤੇ ਗੱਠਜੋੜ ਸਰਕਾਰ,1945-1946
5.	ਡਾਇਰੇਕਟ ਐਕਸ਼ਨ (ਸਿੱਧੀ ਕਾਰਵਾਈ) 24 ਜਨਵਰੀ-26 ਫਰਵਰੀ 1947
6.	ਮਾਰਚ 1947 ਦੇ ਦੰਗੇ : ਲਾਹੌਰ
7.	ਮਾਰਚ 1947 ਦੇ ਦੰਗੇ : ਅੱਮ੍ਰਿਤਸਰ ਅਤੇ ਜਲੰਧਰ
8.	ਮਾਰਚ 1947 ਦੇ ਦੰਗੇ : ਮੁਲਤਾਨ
9.	ਮਾਰਚ 1947 ਦੇ ਦੰਗੇ : ਰਾਵਲਪਿੰਡੀ ਅਤੇ ਇਸ ਦੇ ਨਾਲ ਲੱਗਦੇ ਦਿਹਾਤੀ ਇਲਾਕੇ
ਦੂਜਾ ਚਰਣ: ਆਖਰੀ ਸਿਆਸੀ ਖੇਡ ਦਾ ਖ਼ੁਲਾਸਾ ਮਾਰਚ - 14 ਅਗਸਤ 1947	
ਪਰਿਚੇ	
10.	ਪੰਜਾਬ ਵਿੱਚ ਬ੍ਰਿਟਿਸ਼ ਪਾਲਿਸੀ (ਨੀਤੀ),24 ਮਾਰਚ - 30 ਜੂਨ 1947
11.	ਲਾਹੌਰ ਅਤੇ ਅੱਮ੍ਰਿਤਸਰ ਲਈ ਜੰਗ 1 ਅਪ੍ਰੈਲ-30 ਜੂਨ 1947
12.	ਤਕਸੀਮ ਦਾ ਸਾਜ਼ੋਸਾਮਾਨ ਅਤੇ ਕਾਰਵਾਈਆਂ 1 ਜੁਲਾਈ-14 ਅਗਸਤ 1947
	ਤਸਵੀਰਾਂ
13.	ਪੰਜਾਬ : ਟੁੱਟਦਾ ਅਤੇ ਬਿਖਰਦਾ ਹੋਇਆ 1 ਜੁਲਾਈ-14 ਅਗਸਤ 1947
ਤੀਜਾ ਚਰਣ: ਨਸਲੀ ਸ਼ੁਧੀਕਰਨ 15 ਅਗਸਤ - 31 ਦਸੰਬਰ 1947	
ਪਰਿਚੇ	
ਪੱਛਮ ਪੰਜਾਬ ਤੋਂ ਕੂਚ	
14.	ਲਾਹੌਰ ਡਿਵੀਜ਼ਨ
15.	ਰਾਵਲਪਿੰਡੀ ਡਿਵੀਜ਼ਨ
16.	ਮੁਲਤਾਨ ਡਿਵੀਜ਼ਨ ਅਤੇ ਬਹਾਵਲਪੁਰ ਰਿਆਸਤ
ਪੂਰਬੀ ਪੰਜਾਬ ਅਤੇ ਰਿਆਸਤੀ ਸੂਬਿਆਂ ਤੋਂ ਕੂਚ	
17.	ਅੱਮ੍ਰਿਤਸਰ, ਅਤੇ ਗੁਰਦਾਸਪੁਰ ਦੀ ਤਿੰਨ ਤਹਸੀਲਾਂ
18.	ਜਲੰਧਰ ਡਿਵੀਜ਼ਨ
19.	ਅੰਬਾਲਾ ਡਿਵੀਜ਼ਨ ਅਤੇ ਦਿੱਲੀ

20.	ਪੂਰਬੀ ਪੰਜਾਬ ਦੀ ਸ਼ਾਹੀ ਰਿਆਸਤਾਂ
21.	ਨਿਖੇੜ ਅਤੇ ਨਤੀਜੇ
	ਪੰਜਾਬ ਲੇਜੀਸਲੇਟੀਵ ਅਸੰਬਲੀ ਦੇ ਸਦੱਸ (21 ਮਾਰਚ 46-4 ਜੁਲਾਈ 1947)
	ਸਹਾਇਕ ਪੁਸਤਕ-ਸੂਚੀ
	ਲੇਖਕ

1947 ਵਿੱਚ ਪੰਜਾਬ ਦੀ ਵੰਡ:
ਇੱਕ ਤ੍ਰਾਸਦੀ ਹਜ਼ਾਰ ਕਹਾਣੀਆਂ

ਖ਼ੁਫੀਆ ਅੰਗ੍ਰੇਜੀ ਰਿਪੋਰਟਾਂ ਅਤੇ ਚਸ਼ਮਦੀਦਾਂ ਦੀ ਜ਼ਬਾਨੀ 1947 ਦੀ ਤ੍ਰਾਸਦੀ ਦਾ ਖ਼ੁਲਾਸਾ

ਪ੍ਰੋਫੈਸਰ ਡਾ.ਇਸ਼ਤਿਆਕ਼ ਅਹਿਮਦ

(ਅਨੁਵਾਦਕ : ਗੁਰਪ੍ਰੀਤ ਸਿੰਘ)

ਮੇਰੀ ਪਤਨੀ ਮੇਲਿਹਾ ਨੂੰ ਸਮਰਪਤ

ਜੋ ਕਿ ਸਮੁੱਚੇ ਪਰਵਾਰ ਦੀ ਬੁਨਿਆਦ ਹੈ ਅਤੇ ਜਿਸ ਤੋਂ ਮੈਂ, ਮੇਰੇ ਲੜਕੇ ਸਾਹਿਰ, ਸਲੀਮ ਹੋਰ ਉਨ੍ਹਾਂ ਦੇ ਜੀਵਨ ਸਾਥੀ ਆਇਸ, ਹੇਲੇਨਾ ਹਮੇਸ਼ਾ ਮਜਬੂਤੀ ਹੋਰ ਸਹਾਰਾ ਹਾਸਲ ਕਰਦੇ ਹਾਂ

ਭੂਮਿਕਾ : ਗੁਰਮੁਖੀ ਪ੍ਰਕਾਸ਼ਨ

1957 ਤੇ ਸਾਹਿਤ ਦੇ ਨੋਬਲ ਇਨਾਮ ਜਿੱਤਨ ਵਾਲੇ ਫ੍ਰਾਂਸੀਸੀ-ਅਲਜੀਰੀਆਈ ਅਲਬਰਟ ਕੈਮਸ ਨੇ ਬਹੁਤ ਘੱਟ ਲਫ਼ਜ਼ਾਂ ਤੇ ਕਿਹਾ ਹੈ ਕਿ "ਕਲਪਤ ਕਿੱਸਾ ਇੱਕ ਐਦਾਂ ਦਾ ਝੂਠ ਹੈ ਜਿਸ ਦੇ ਰਾਹੀਂ ਅਸੀਂ ਸੱਚ ਦੱਸਦੇ ਹਾਂ".ਸੱਚ-ਮੁੱਚ, ਪੰਜਾਬ ਦੀ ਤਕਸੀਮ ਦੀ ਨਿਰੀ ਹਕੀਕਤ ਕੁੱਝ ਇਸ ਤਰ੍ਹਾਂ ਦੀ ਸੀ ਕਿ ਕਲਪਤ ਕਥਾਕਾਰ ਅਤੇ ਸ਼ਾਇਰ ਜੈਦਾਂ ਕਿ ਸਾਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਖੁਸ਼ਵੰਤ ਸਿੰਘ, ਬਲਵੰਤ ਸਿੰਘ, ਅਸਫ਼ਾਕ ਅਹਿਮਦ, ਰਾਮਾਨੰਦ ਸਾਗਰ, ਅਹਿਮਦ ਨਸੀਮ ਕਾਸਮੀ, ਅੱਮ੍ਰਿਤਾ ਪ੍ਰੀਤਮ, ਫ਼ੈਜ਼ ਅਹਿਮਦ ਫ਼ੈਜ਼ ਅਤੇ ਕਈ ਹੋਰ ਦੂਜੇ ਲੋਕਾਂ ਨੇ ਆਪਣੀ ਕਲਪਨਾ ਦਾ ਇਸਤੇਮਾਲ ਕਰ ਕੇ ਸੱਚਾਈ ਨਾਲ ਅਫ਼ਸਾਨੇ ਨੂੰ ਮਿਲਾ ਕੇ, ਸਭ ਤੋਂ ਬਿਹਤਰ ਹਿੰਦੀ, ਉਰਦੂ ਅਤੇ ਪੰਜਾਬੀ ਸਾਹਿਤ ਦੀ ਰਚਨਾਵਾਂ ਕੀਤੀਆਂ. ਇਲਮੀ ਰਿਸਰਚ ਇੱਕ ਲੰਬੇ ਵਕਤ ਤਕ ਹਿਚਕਿਚਾਹਟ ਕਰਦੀ ਰਹੀ ਅਤੇ ਇਹ ਗੰਭੀਰ ਤੌਰ ਤੇ ਅੜਚਣ ਵਿੱਚ ਸੀ ਕਿਉਂਕਿ ਪੰਜਾਬ ਦੀ ਤਕਸੀਮ ਦੀ ਸਚਾਈ ਬੇਹਦ ਪੁਰਾਣੀ ਸਰੋਤਾਂ ਨਾਲ ਨਹੀਂ ਦੱਸੀ ਜਾ ਸਕਦੀ ਸੀ-ਜਿਸ ਨੂੰ ਸਰਕਾਰੀ ਅਤੇ ਇਸ ਦੇ ਦਫ਼ਤਰ ਆਪਣੇ ਕਾਬੂ ਵਿੱਚ ਕਰ ਕੇ ਬੈਠੇ ਸੀ.15 ਅਗਸਤ 1947 ਨੂੰ ਇੰਡੀਆ ਅਤੇ ਪਾਕਿਸਤਾਨ ਦੇ ਪੰਜਾਬਾਂ ਦੀ ਹਕੂਮਤ ਦਾ ਤਬਾਦਲਾ ਕਰ ਦਿੱਤਾ ਗਿਆ ਅਤੇ ਸਰਕਾਰਾਂ ਚੁਪ ਬੈਠ ਗਈਆਂ. ਇਹ ਕਿਤਾਬ ਜੋ ਹਾਸਲ ਕਰਣਾ ਚਾਹੁੰਦੀ ਹੈ ਉਹ ਬਿਲਕੁਲ ਉਸਦਾ ਉਲਟਾ ਹੈ ਜੋ ਕੈਮਸ ਨੇ ਸਾਹਿਤ ਬਾਰੇ ਕਿਹਾ ਸੀ: ਇਹ ਸਚਾਈ ਦੱਸਦੀ ਹੈ ਕਿਉਂਕਿ ਉਹ ਪੰਜਾਬ ਦੀ ਤਕਸੀਮ ਦੇ ਨਾਲ ਜੁੜੇ ਝੂਠਾਂ ਦਾ ਖੁਲਾਸਾ ਕਰਣਾ ਚਾਹੁੰਦੀ ਹੈ.

ਇਸ ਕਿਤਾਬ ਨੂੰ ਲਿਖਣ ਦੀ ਸਭ ਤੋਂ ਵੱਡੀ ਖ਼ੁਸ਼ੀ ਇਹ ਸੀ ਕਿ ਇੰਡੀਆ ਅਤੇ ਪਾਕਿਸਤਾਨ, ਦੋਵੇਂ ਮੁਲਕਾਂ ਤੇ, ਸਮਾਲੋਚਕਾਂ ਅਤੇ ਮਾਹਰ ਲੋਕਾਂ ਨੇ ਇਸ ਦੀ ਕਾਫ਼ੀ ਤਾਰੀਫ਼ ਕੀਤੀ ਹੈ. ਕੁੱਝ ਨੇ ਇਸ ਸ਼ੋਧ ਦੀ ਬਾਹਰਮੁਕਤਾ ਉਪਰ ਜ਼ੋਰ ਦਿੱਤਾ, ਜਦ ਕਿ ਦੂਜੇਆਂ ਨੇ ਇਸ਼ਾਰਾ ਕੀਤਾ ਕਿ ਕਿਤਾਬ ਦੀ ਸੱਚੀ ਕਹਾਣੀਆਂ, ਮੰਟੋ ਦੇ ਅਸਲਵਾਦ ਅਤੇ ਕ੍ਰਿਸ਼ਨ ਚੰਦਰ ਦੀ ਹਮੇਸ਼ਾ ਮੌਜੂਦ ਰਹਿਣ ਵਾਲੇ ਆਦਰਸ਼ਵਾਦ, ਦੋਵੇਂ ਦੀ ਮੁਖ਼ਾਲਫ਼ਤ ਕਰਦੀ ਹੈ. ਸੱਚ-ਮੁਚ ਹਕੀਕਤ ਹਮੇਸ਼ਾ ਹੀ ਕਲਪਨਾ ਤੋਂ ਪਰੇ ਹੁੰਦੀ ਹੈ ਅਤੇ ਇਸ ਦੇ ਸਬੂਤ ਬਾਰ ਬਾਰ ਹਿੰਦੂਆਂ, ਸਿੱਖਾਂ ਅਤੇ ਮੁਸਲਿਮਾਂ ਤੋਂ ਇਕੱਠਾ ਕੀਤੀ ਕਹਾਣੀਆਂ ਤੋਂ ਮਿਲਦੇ ਨੇ.

ਮਗਰ, ਸਭ ਤੋਂ ਜ਼ਿਆਦਾ ਸਕੂਨ ਦੇਣ ਵਾਲੀ ਹੈਰਾਨੀਆਂ ਪਾਕਿਸਤਾਨ ਤੋਂ ਆਈਆਂ ਨੇ. ਇਥੇ, ਇਸ ਨੇ ਬਤੌਰ ਸਭ ਤੋਂ ਬਿਹਤਰ ਗੈਰ-ਕਾਲਪਨਿਕ ਕਿਤਾਬ, 2012 ਤੇ ਦੋ ਕੌਮੀ ਇਨਾਮ ਜਿੱਤੇ. ਅਤੇ, ਮਿਸਾਲ ਦੇ ਤੌਰ ਤੇ, ਪ੍ਰਤਿਸ਼ਠਾਵਾਨ ਕਰਾਚੀ ਲਿਟਰੇਚਰ ਫੇਸਟੀਵਲ ਦੇ ਅਖੀਰੀ ਦਿਨ, 17 ਫ਼ਰਵਰੀ 2013 ਨੂੰ, ਸਭ ਤੋਂ ਬਿਹਤਰ ਗੈਰ-ਕਾਲਪਨਿਕ ਕਿਤਾਬ, 2012 ਲਈ ਜਿਊਰੀ ਨੇ ਇਹ ਹਵਾਲਾ ਦਿੱਤਾ:

> *'ਅਸੀਂ ਜਿਊਰੀ ਦੇ ਸਦੱਸਾਂ ਨੇ ਸਰਬਸੰਮਤ ਨਾਲ, ਇਸ਼ਤਿਆਕ਼ ਅਹਿਮਦ ਦੀ ਪੰਜਾਬ ਬਲਡੀਡ, ਪਾਰਟੀਸ਼ਨਡ ਐਂਡ ਕਲੀਨਸਡ ਨੂੰ ਕਰਾਚੀ ਲਿਟਰੇਚਰ ਫੇਸਟੀਵਲ-ਕੋਕਾ-ਕੋਲਾ ਦੀ ਸਭ ਤੋਂ ਬਿਹਤਰ ਗੈਰ-ਕਾਲਪਨਿਕ ਕਿਤਾਬ ਚੁਣਿਆ ਹੈ. ਜਿੱਨੀ ਵੀ ਕਿਤਾਬਾਂ ਨੂੰ ਪੇਸ਼ ਕੀਤਾ ਗਿਆ, ਉਸ ਦੇ ਵਿੱਚ ਇਹ ਮੌਲਿਕਤਾ, ਰਿਸਰਚ ਦੀ ਡੂੰਘਾਈ, 1947 ਦੀ ਤਕਸੀਮ ਨੂੰ ਘੇਰ ਕੇ ਹੋਈ ਘਟਨਾਵਾਂ ਅਤੇ*

ਇਣ ਘਟਨਾਵਾਂ ਦੀ ਵਿਦਵਤਾ ਨਾਲ ਕੀਤੇ ਨਿਖੇੜ, ਅਤੇ ਸਮੁਚੇ ਤੌਰ ਤੇ ਇਸ ਕਿਤਾਬ ਦੀ ਪੜਨਯੋਗਤਾ ਦੇ ਹਿਸਾਬ ਨਾਲ, ਸਭ ਤੋਂ ਵਧੀਆ ਹੈ'.

ਇਹ ਖ਼ੁਸ਼-ਖ਼ਬਰੀ ਦੱਸਣ ਵਾਲੀ ਸੀ ਸ਼ਹਿਲਾ ਨਕਵੀ, ਜੋ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਦੀ ਮੈਨੇਜਿੰਗ ਡਾਇਰੇਕਟਰ ਹੈ ਅਤੇ ਜਿਨ੍ਹਾਂ ਦਾ 20 ਫ਼ਰਵਰੀ ਦਾ ਈ-ਮੇਲ ਮੈਨੂੰ ਮੁਮਬਈ ਤੇ ਮਿਲਿਆ, ਜਦ ਮੈਂ ਸੱਤ ਹਫ਼ਤੇਆਂ ਲਈ, ਇੰਡੀਆ ਤੇ ਇੱਕ ਲੈਕਚਰ ਦੇਣ ਦੇ ਦੌਰੇ ਤੇ ਸੀ. ਉਸ ਤੋਂ ਪਹਿਲਾਂ, ਇੱਕ ਜਾਂ ਦੋ ਅਪਵਾਦ ਛੱਡ ਕੇ, ਇੰਡੀਆ ਅਤੇ ਪਾਕਿਸਤਾਨ ਦੇ ਸਮੀਖਿਅਕਾਂ ਨੇ ਇਸ ਦੀ ਉਸੇ ਤਰੀਕੇ ਨਾਲ ਤਾਰੀਫ਼ ਕੀਤੀ ਸੀ. ਇਸ ਹਕੀਕਤ ਦੇ ਬਾਵਜੂਦ ਕਿ ਇੰਡੀਆ ਅਤੇ ਪਾਕਿਸਤਾਨ ਦੀ ਸਰਹੱਦ, 1947 ਤੇ ਲਹੂ ਨਾਲ ਲਿਖੀ ਗਈ ਸੀ ਅਤੇ ਜਿਸ ਨੇ ਮੁਖ਼ਾਲਫ਼ਤ ਕਰਦੇ ਰਾਸ਼ਟਰੀਵਾਦਾਂ ਦੀ ਇੱਕ ਕੌੜੀ ਵਿਰਾਸਤ ਪਿੱਛੇ ਛੱਡੀ, ਦੋਵੇਂ ਮੁਲਕਾਂ ਦੇ ਵਿਦਵਾਨਾਂ ਅਤੇ ਮਸ਼ਹੂਰ ਅਖ਼ਬਾਰਨਵੀਸ਼ਾਂ ਦੇ ਵਿੱਚ, ਇਸ ਬਾਰੇ ਲੱਗਭਗ ਬੇਮਿਸਾਲ ਸਹਿਮਤੀ ਸੀ. ਸ਼ਾਇਦ ਜਿਸ ਚੀਜ ਨੇ ਲੋਕਾਂ ਨੂੰ ਸਭ ਤੋਂ ਜ਼ਿਆਦਾ ਮੁਤਾਸਰ ਕੀਤਾ, ਉਹ ਸੀ ਉਣ ਗ਼ਮਗੀਨ ਵਹਿਸ਼ੀਪੁਣੇ ਦੀ ਕਹਾਣੀਆਂ ਦੇ ਨਾਲ ਨਾਲ, ਦੋਵੇਂ ਪਾਸੇਆਂ ਦੀ ਮਹਾਨ ਇਨਸਾਨੀਅਤ ਅਤੇ ਰਹਿਮ ਦਿਲੀ ਦੀ ਮਿਸਾਲਾਂ. ਅਗਰ ਵੇਖਿਆ ਜਾਵੇ ਤੇ ਪਤਾ ਲਗੇਗਾ ਕਿ ਸਾਦਤ ਹਸਨ ਮੰਟੋ ਅਤੇ ਕ੍ਰਿਸ਼ਨ ਚੰਦਰ ਦੀ ਤਕਸੀਮ ਬਾਰੇ ਕਾਲਪਨਿਕ ਕਹਾਣੀਆਂ ਜਾਇਜ਼ ਕਰਾਰ ਕੀਤੀ ਜਾ ਸਕਦੀਆਂ ਨੇ ਅਤੇ, ਹਕੀਕਤ ਵਿੱਚ ਮੇਰੇ 12 ਸਾਲਾਂ ਦੀ ਰਿਸਰਚ ਦੇ ਦੌਰਾਨ ਅਸਲੀ ਦੁਨੀਆ ਤੋਂ ਇਕੱਠਾ ਕੀਤੀ ਕਹਾਣੀਆਂ ਦੀ ਬੁਨਿਆਦ ਤੇ, ਇਹ ਸੱਚ ਸਾਬਤ ਹੁੰਦੀਆ ਨੇ.

ਮੈਨੂੰ ਬਹੁਤ ਹੈਰਾਨੀ ਹੋਈ ਜਦ ਯੂ.ਬੀ.ਐਲ-ਜੰਗ ਸਮੂਹ ਦੇ ਸਾਹਿਤ ਫੈਸਟੀਵਲ ਤੇ ਇਸ ਕਿਤਾਬ ਨੇ ਸਭ ਤੋਂ ਬਿਹਤਰ ਗੈਰ-ਕਾਲਪਨਿਕ ਕਿਤਾਬ, 2012 ਦਾ 22 ਨਵੰਬਰ 2013 ਨੂੰ ਇਨਾਮ ਜਿੱਤ ਲੀਤਾ. ਜਿਊਰੀ ਨੇ: 'ਅੱਤਵਾਦ ਦੇ ਖ਼ਿਲਾਫ਼ ਕਦਮ ਲੈਣ ਲਈ ਅਤੇ ਇਸ ਕਿਤਾਬ ਦੀ ਮੌਲਕਤਾ ਹੋਰ ਬੇਮਿਸਾਲ ਹੋਣ ਲਈ' ਤਾਰੀਫ਼ ਕੀਤੀ.

ਮਹਾਤਮਾ ਗਾਂਧੀ ਦੇ ਪੋਤੇ ਪ੍ਰੋਫੇਸਰ ਰਾਜ ਮੋਹਨ ਗਾਂਧੀ ਨੇ ਮੈਨੂੰ ਲਿਖ ਕੇ ਦੱਸਿਆ ਕਿ ਉਹ ਮੇਰੀ ਕਿਤਾਬ ਨਾਲ ਮੁਤਾਸਰ ਮਹਿਸੂਸ ਕਰ ਰਹੇ ਸੀ. ਉਨ੍ਹਾਂ ਨੇ ਗੌਰ ਕੀਤਾ ਕਿ ਪੰਜਾਬ ਦੀ 1947 ਦੀ ਦਰਦਨਾਕ ਘਟਨਾਵਾਂ ਦੀ ਨਿਰਪੱਖ ਤਸਵੀਰ ਪੇਸ਼ ਕਰ ਕੇ, ਇਸ ਕਿਤਾਬ ਨੇ ਇੱਕ ਸਾਥ ਮਲਹਮ ਲਗਾਉਣ ਵਾਲਾ ਇੱਕ ਵੱਡਾ ਕੱਮ ਕੀਤਾ ਹੈ, ਜੋ ਦੋਵੇਂ ਪਾਸੇ ਦੇ ਦੂਰ ਹੋ ਗਏ ਪੰਜਾਬੀਆਂ ਦੇ ਦਰਮਿਆਨ ਸੁਲ੍ਹਾ ਕਰਾਉਣ ਤੇ ਮਦਦ ਕਰ ਸਕਦੀ ਹੈ ਅਤੇ ਉਪ-ਮਹਾਦੀਪ ਵਿੱਚ ਅਮਨ ਕਾਇਮ ਕਰਨ ਤੇ ਮਦਦਗਾਰ ਹੋ ਸਕਦੀ ਹੈ.

ਹਕੀਕਤ ਵਿੱਚ ਇਸ ਕਿਤਾਬ ਦੀ ਇਤਹਾਦੀ ਅਤੇ ਜ਼ਖ਼ਮ ਭਰਨ ਦੀ ਖ਼ਾਸੀਅਤ ਸਭ ਤੋਂ ਜ਼ਿਆਦਾ ਵਧੀਆ ਤਰੀਕੇ ਨਾਲ, ਹਰਭਜਨ ਕੌਰ/ਸ਼ਾਹਨਾਜ਼ ਬੇਗਮ ਅਤੇ ਉਨ੍ਹਾਂ ਦੇ ਬੱਚੇਆਂ ਦੀ ਜ਼ਿੰਦਗੀ ਤੋਂ ਵੱਡੀ ਅਤੇ ਕਿਸੇ ਕਿੱਸੇ ਤੋਂ ਵੀ ਜ਼ਿਆਦਾ ਅਜੀਬ ਦਾਸਤਾਨ ਤੋਂ ਜ਼ਾਹਰ ਹੁੰਦੀ ਹੈ. ਇਸ ਨੂੰ ਮੇਰੀ ਨਜ਼ਰ ਵਿੱਚ ਨਸੀਮ ਹੱਸਨ, ਇੱਕ ਇੰਜੀਨੀਅਰ ਨੇ ਲੈ ਆਉਂਦਾ ਸੀ ਜੋ ਹੋਕੇਸੀਨ, ਡੇਲਾਵੇਇਰ, ਯੂ.ਐਸ਼.ਏ. ਤੇ ਰਹਿੰਦੇ ਨੇ. ਉਹ ਮੇਰੇ ਸੰਪਰਕ ਵਿੱਚ ਤਦ ਆਏ ਜਦ ਉਨ੍ਹਾਂ ਨੇ ਲਾਹੌਰ ਦੇ ਡੇਲੀ ਟਾਇਮਸ ਤੇ ਪੰਜਾਬ ਦੀ ਤਕਸੀਮ ਬਾਰੇ, ਮੇਰੇ ਇਕ ਲੇਖ ਨੂੰ ਪੜ੍ਹਿਆ. ਉਨ੍ਹਾਂ ਨੇ ਆਪਣੀ ਖੁਦ ਦੀ ਕਹਾਨੀ ਦੱਸੀ. 1947 ਤੇ ਨਸੀਮ ਇੱਕ ਛੋਟੇ ਬੱਚੇ ਸੀ ਜੋ ਆਪਣੇ ਪਰਵਾਰ ਸਮੇਤ ਸ਼ਿਮਲਾ ਤੋਂ ਬਚ ਕੇ ਆਏ ਸੀ ਅਤੇ ਲਾਹੌਰ ਤੇ ਉਨ੍ਹਾਂ ਨੇ ਆਪਣਾ ਘਰ ਬਣਾਇਆ. ਕਈ ਸਾਲਾਂ ਬਾਅਦ, ਉਹ ਸ਼ਿਮਲਾ ਗਏ. ਜਦ ਉਹ ਆਪਣੀ ਪਹਿਲਾਂ ਦੀ ਜਗ੍ਹ ਤੇ ਵਾਪਸ ਗਏ ਤਦ ਉਨ੍ਹਾਂ ਦੇ ਜਜ਼ਬਾਤ ਕੀ ਸੀ; ਇਹ

ਇਸ ਕਿਤਾਬ ਵਿੱਚ ਤਫਸੀਲੀ ਨਾਲ ਦਿੱਤਾ ਗਿਆ ਹੈ. ਇੱਕ ਸਿੱਖ ਸਜਣ ਰੋਮੀ ਸਿੰਘ ਨੇ ਉਨ੍ਹਾਂ ਦੀ ਕਹਾਨੀ ਪੜ੍ਹੀ ਅਤੇ ਉਨ੍ਹਾਂ ਦੇ ਨਾਲ ਸੰਪਰਕ ਕੀਤਾ. ਉਨ੍ਹਾਂ ਦਾ ਕਾਰੋਬਾਰ ਵਰਜੀਨਿਆ ਬੀਚ ਵਿੱਚ ਸੀ ਮਗਰ ਉਨ੍ਹਾਂ ਦਾ ਪਰਵਾਰ ਬਾਲਟੀਮੋਰ, ਮੇਰੀਲੈਂਡ, ਯੂ.ਐਸ.ਏ. ਤੇ ਰਹਿੰਦਾ ਸੀ. ਰੋਮੀ ਨੇ ਨਸੀਮ ਨੂੰ ਉਸ ਦੀ ਮਤਰੇਈ ਮਾਂ ਦੇ ਪਾਕਿਸਤਾਨ ਵਿੱਚ ਪੰਜ ਬੱਚੇਆਂ ਦੀ ਤਲਾਸ਼ ਵਿੱਚ ਮਦਦ ਦੀ ਗੁਹਾਰ ਲਗਾਈ. ਨਸੀਮ ਨੇ ਮੈਨੂੰ ਮਦਦ ਲਈ ਕਿਹਾ. ਹਰਭਜਨ ਕੌਰ ਨੇ ਆਪਣੇ ਗੁਜਰੇ ਹੋਏ ਦਿਨਾ ਬਾਰੇ ਇਹ ਦੱਸਿਆ:

'ਮੇਰਾ ਨਾਂਅ ਹਰਭਜਨ ਕੌਰ ਹੈ. ਮੇਰੀ ਉਮਰ ਹੁਣ 82 ਸਾਲ ਹੈ. ਮੇਰੇ ਪਿਤਾ ਸ਼ੇਰ ਸਿੰਘ ਅੱਮ੍ਰਿਤਸਰ ਦੇ ਨੇੜੇ ਰਾਜਾ ਸਾਂਸੀ ਸ਼ਹਿਰ ਦੇ ਇੱਕ ਜ਼ਮੀਂਦਾਰ ਸਨ. ਮੇਰਾ ਵਿਆਹ 1946 ਤੇ ਸਰਦਾਰ ਹਰਬਿਲ ਸਿੰਘ ਨਾਲ ਲਾਹੌਰ ਤੇ ਹੋਇਆ ਸੀ. 1947 ਤੇ, ਲਾਹੌਰ ਛੱਡ ਕੇ ਅੱਮ੍ਰਿਤਸਰ ਜਾਂਦੇ ਵਕਤ, ਸਾਡੇ ਟਰੱਕ ਉਪਰ ਹਮਲਾ ਕੀਤਾ ਗਿਆ ਅਤੇ ਬਦਮਾਸ਼ਾਂ ਨੇ ਕੁੜੀਆਂ ਨੂੰ ਛੱਡ ਕੇ ਸਭ ਨੂੰ ਹਲਾਕ ਕਰ ਦਿੱਤਾ. ਜ਼ਿੰਦਾ ਬਚਣ ਵਾਲੀ ਕੁੜੀਆਂ ਵਿੱਚ ਮੈਂ ਵੀ ਸੀ. ਕਈ ਬੰਦੇਆਂ ਵਿੱਚ ਅਦਲਾ-ਬਦਲੀ ਹੋਣ ਦੇ ਬਾਅਦ, ਅਫ਼ਜ਼ਲ ਖ਼ਾਨ ਦੇ ਨਾਂਅ ਵਾਲੇ ਇੱਕ ਬੰਦੇ ਨਾਲ ਮੇਰਾ ਨਿਕਾਹ ਹੋ ਗਿਆ ਅਤੇ ਮੇਰਾ ਨਵਾਂ ਨਾਂਅ ਸ਼ਾਹਨਾਜ਼ ਬੇਗਮ ਰੱਖ ਦਿੱਤਾ ਗਿਆ. ਅਫ਼ਜ਼ਲ ਖ਼ਾਨ ਮੇਰੇ ਤੋਂ 16 ਸਾਲ ਵੱਡਾ ਸੀ. ਅਸੀਂ ਕਰਾਚੀ ਆ ਗਏ ਅਤੇ ਸਾਡੇ ਪੰਜ ਬੱਚੇ ਪੈਦਾ ਹੋਏ. ਅਫ਼ਜ਼ਲ ਖ਼ਾਨ ਚਿਹਰੇ ਤੇ ਲਾਉਣ ਵਾਲੀ ਕਰੀਮ ਬਣਾਉਂਦਾ ਸੀ ਅਤੇ ਅਸੀਂ ਕਰਾਚੀ ਦੇ ਕੋਲਾ ਗੋਦਾਮ ਇਲਾਕੇ ਤੇ ਰਹਿੰਦੇ ਸੀ. ਮੇਰੇ ਬੱਚੇਆਂ ਦੇ ਨਾਂਅ ਨੇ ਖ਼ੁਰਸ਼ੀਦ, ਜਮੀਲਾ, ਜ਼ੁਬੇਦਾ, ਬਾਲਾ ਅਤੇ ਰਿਜ਼ਵਾਨ.

1962 ਤੇ, ਇੰਡੀਆ ਅਤੇ ਪਾਕਿਸਤਾਨ ਦੇ ਦਰਮਿਆਨ, ਵੀਜ਼ਾ ਦੀ ਸਖ਼ਤੀ ਕੁੱਝ ਘੱਟ ਹੋ ਗਈ ਅਤੇ ਮੈਂ ਰਾਜਾ ਸਾਂਸੀ ਤੇ ਆਪਣੇ ਮਾਤਾ-ਪਿਤਾ ਨੂੰ ਮਿਲਣ ਦਾ ਫੈਸਲਾ ਕੀਤਾ ਕਿਉਂਕਿ ਮੈਂ ਉਨ੍ਹਾਂ ਨੂੰ ਮਿਲਣਾ ਚਾਹੁੰਦੀ ਸੀ. ਅਕਬਰੀ ਮੰਡੀ, ਲਾਹੌਰ ਦੇ ਦੋ ਬੰਦੇਆਂ, ਬਸ਼ੀਰ ਅਹਿਮਦ ਅਤੇ ਜ਼ਹੂਰ ਅਹਿਮਦ ਨੇ ਸਾਨੂ ਵੀਜ਼ਾ ਹਾਸਲ ਕਰਣ ਤੇ ਮਦਦ ਕੀਤੀ. ਸੱਚ ਤੇ ਇਹ ਹੈ ਕਿ ਉਨ੍ਹਾਂ ਦੀ ਸੱਸ ਮੇਰੀ ਆਪਣੀ ਮਾਂ ਦੀ ਤਰ੍ਹਾਂ ਸੀ. ਅਤੇ ਮੈ, ਅਫ਼ਜ਼ਲ ਖ਼ਾਨ ਅਤੇ ਸਾਡੇ ਪੰਜ ਬੱਚੇ ਰਾਜਾ ਸਾਂਸੀ ਗਏ. ਰਿਜ਼ਵਾਨ ਤਦ ਇੱਕ ਨਿਆਨਾ ਸੀ, ਜਿਸ ਦਾ ਜਨਮ 1960 ਤੇ ਹੋਇਆ ਸੀ. ਮੇਰੇ ਮਾਤਾ-ਪਿਤਾ ਨੇ ਮੈਨੂੰ ਪਾਕਿਸਤਾਨ ਵਾਪਸ ਜਾਣ ਨਹੀਂ ਦਿੱਤਾ ਮਗਰ ਅਫ਼ਜ਼ਲ ਖ਼ਾਨ ਅਤੇ ਬੱਚੇਆ ਨੂੰ ਪਾਕਿਸਤਾਨ ਵਾਪਸ ਭੇਜ ਦਿੱਤਾ ਗਿਆ. ਅਤੇ ਮੈਂ ਦੁਬਾਰਾ, ਤਕਸੀਮ ਦੀ ਸ਼ਿਕਾਰ ਬਣ ਗਈ. 1968 ਤੇ, ਮੇਰਾ ਵਿਆਹ ਸਰਦਾਰ ਗੁਰਬਚਨ ਸਿੰਘ ਨਾਲ ਕਰ ਦਿੱਤਾ ਗਿਆ ਜਿਸ ਦੀ ਪਤਨੀ ਦੀ ਮੌਤ ਹੋ ਗਈ ਸੀ ਅਤੇ ਉਸ ਨੂੰ ਉਸ ਦੇ ਪੰਜ ਸਾਲ ਦੇ ਮੁੰਡੇ ਰੋਮੀ ਦੀ ਦੇਖ-ਭਾਲ ਕਰਣ ਲਈ ਕਿਸੇ ਦੀ ਲੋੜ ਸੀ. 1989 ਤੇ ਮੇਰਾ ਰੋਮੀ ਅਮਰੀਕਾ ਚਲਾ ਗਿਆ. ਜਦ ਉਹ ਕਾਮਯਾਬ ਹੋ ਗਿਆ, ਤਦ 1997 ਤੇ ਉਸ ਨੇ ਮੈਨੂੰ ਅਤੇ ਮੇਰੇ ਪਤੀ ਨੂੰ ਵੀ ਅਮਰੀਕਾ ਲੈ ਆਉਂਦਾ. 2007 ਤੇ ਮੇਰੇ ਪਤੀ ਦੀ ਮੌਤ ਹੋ ਗਈ. ਹਾਲਾਂਕਿ ਮੈਂ ਰੋਮੀ ਨੂੰ ਆਪਣੀ ਪਿੱਛੀ ਗਲਾਂ ਕਦੀ ਨਹੀਂ ਦੱਸਿਆ ਸੀ, ਉਸ ਨੇ ਪਤਾ ਕਰ ਲੀਤਾ. ਰੋਮੀ ਨੇ ਮੈਨੂੰ ਪੁੱਛਿਆ ਕਿ ਮੈਂ ਆਪਣੇ ਪਾਕਿਸਤਾਨ ਵਾਲੇ ਬੱਚੇਆਂ ਨਾਲ ਸੰਪਰਕ ਕਰਣਾ ਚਾਹੁੰਦੀ ਸੀ ਜਾਂ ਨਹੀਂ. ਹੁਣ ਉਹ ਕਾਫ਼ੀ ਵੱਡੇ ਹੋ ਗਏ ਹੋਣਗੇ ਅਤੇ ਸਿਰਫ਼ ਰੱਬ ਹੀ ਜਾਣਦਾ ਹੈ ਕਿ ਇਸ ਵਕਤ ਉਹ ਕਿਥੇ ਨੇ. ਕਿਰਪਾ ਕਰ ਕੇ ਮੈਨੂੰ ਦੱਸੋ ਅਗਰ ਕੋਈ ਮੈਨੂੰ ਪਾਕਿਸਤਾਨ ਵਿੱਚ ਆਪਣੇ ਬੱਚੇਆਂ ਨੂੰ ਲੱਭਣ ਤੇ ਮਦਦ ਕਰ ਸਕਦਾ ਹੈ'.

ਨਸੀਮ ਹਸਨ ਨੇ ਰੋਮੀ ਸਿੰਘ ਨਾਲ ਮੇਰਾ ਸੰਪਰਕ ਕਰਾ ਦਿੱਤਾ. ਮੇਰੀ ਬੇਨਤੀ ਕਰਣ ਦੇ ਬਾਅਦ, ਰੋਮੀ ਨੇ ਮੈਨੂੰ ਆਪਣੇ ਪਿਤਾ ਗੁਰਬਚਨ ਸਿੰਘ ਬਚਨ ਦੇ ਬਾਰੇ ਲਿਖਿਆ, ਜੋ ਇੱਕ ਸ਼ਾਇਰ ਅਤੇ ਵਿਦਿਆਵਿਦ

ਸਨ. ਉਹ ਅਸਲ ਤੇ ਪੇਸ਼ਾਵਰ ਤੋਂ ਸਨ ਅਤੇ ਨਹਿਰੀ ਕਲੋਨੀ ਲਾਇਲਪੁਰ ਦੇ ਇੱਕ ਪਿੰਡ ਤੇ ਆ ਕੇ ਵਸ ਗਏ ਸੀ. ਉਹ ਪਾਕਿਸਤਾਨ ਨਾਲ ਪਿਆਰ ਕਰਦੇ ਸੀ, ਜਿਸ ਜਗ੍ਹ ਤੇ ਗੁਰੂ ਨਾਨਕ ਦਾ ਜਨਮ ਹੋਇਆ ਸੀ, ਅਤੇ ਉਹ ਸੂਫ਼ੀਵਾਦ ਤੇ ਇੱਕ ਵੱਡੇ ਪ੍ਰਸ਼ੰਸਕ ਸਨ. ਇਸ ਕਰ ਕੇ, ਉਨ੍ਹਾਂ ਨੇ ਆਪਣੇ ਮੁੰਡੇ ਦਾ ਨਾਂਅ ਰੋਮੀ (ਜਲਾਲੁਦੀਨ ਰੁਮੀ ਦੀ ਯਾਦ ਵਿੱਚ) ਰੱਖਿਆ ਸੀ. ਜ਼ਾਹਰ ਤੌਰ ਤੇ ਪਿਤਾ ਦੀ ਸੋਚ ਨਾਲ ਰੋਮੀ ਬਹੁਤ ਮੁਤਾਸਰ ਸਨ ਅਤੇ ਉਹ ਹੁਣ ਆਪਣੀ ਮਤਰੇਈ ਮਾਂ ਦੀ ਆਪਣੇ ਮੁਸਲਿਮ ਬੱਚੇਆਂ ਨਾਲ ਸੰਪਰਕ ਕਰਾਉਣ ਦੀ ਕੋਸ਼ਿਸ਼ ਤੇ ਮਦਦ ਕਰ ਰਹੇ ਸੀ. ਰੋਮੀ ਨੇ ਮੈਨੂੰ ਦੱਸਿਆ ਕਿ ਉਸ ਕਹਾਣੀ ਦੇ ਦੋ ਚਸ਼ਮਦੀਦ ਹੁਣ ਵੀ ਜ਼ਿੰਦਾ ਸਨ. ਉਨ੍ਹਾਂ ਤੋਂ ਇੱਕ, ਤਕਸੀਮ ਤੋਂ ਪਹਿਲਾਂ, ਜਨਾਬ ਤੁਫ਼ੈਲ ਉੱਪਲ (92) ਰਾਜਾ ਸਾਂਸੀ ਤੇ ਰਹਿੰਦੇ ਸੀ ਅਤੇ ਉਹ ਹਰਭਜਨ ਕੌਰ/ਸ਼ਾਹਨਾਜ਼ ਬੇਗਮ ਨੂੰ ਜਾਣਦੇ ਸੀ. ਉਹ ਹੁਣ ਯੂ.ਐਸ.ਏ ਤੇ ਡੇਲਾਵੇਇਰ ਤੇ ਰਹਿੰਦੇ ਸੀ (ਨਸੀਮ ਨੇ ਰੋਮੀ ਅਤੇ ਜਨਾਬ ਉੱਪਲ ਵਿੱਚ ਸੰਪਰਕ ਕਰਾ ਦਿੱਤਾ ਸੀ; ਦੋਵੇਂ ਪਰਵਾਰ ਬਾਲਟੀਮੋਰ ਤੇ ਰਹਿੰਦੇ ਸੀ). ਮੇਰੇ ਡੇਲੀ ਟਾਇਮਸ ਦੇ ਹਫ਼ਤਾਵਾਰ ਲੇਖ ਤੇ ਮੈਂ ਸਾਰੇ ਭਲੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਮਦਦ ਕਰਣ ਅਤੇ ਮੈਂ ਆਪਣਾ ਈ-ਮੇਲ ਦਾ ਪਤਾ billumian@gmail.com ਦੇ ਦਿੱਤਾ.

30 ਜਨਵਰੀ ਨੂੰ ਮੈਂ ਇੱਕ ਲੈਕਚਰ ਟੂਰ ਲਈ ਇੰਡੀਆ ਚਲੇ ਗਿਆ; ਤਦ ਤਕ ਕੁੱਝ ਨਹੀਂ ਹੋਇਆ ਸੀ. ਮਗਰ, 15 ਫ਼ਰਵਰੀ ਦੀ ਸਵੇਰ ਨੂੰ ਜਦ ਮੈਂ ਆਪਣੀ ਈ-ਮੇਲ ਵੇਖ ਰਿਹਾ ਸੀ, 13 ਫ਼ਰਵਰੀ ਦੀ ਇੱਕ ਈ-ਮੇਲ ਵੇਖ ਕੇ ਮੈਂ ਕਾਫ਼ੀ ਹੈਰਾਨ ਹੋ ਗਿਆ. ਇਹ ਇੱਕ ਜਮੀਲਾ ਬੇਗਮ ਤੋਂ ਆਈ ਸੀ (ਜਿਸ ਨੂੰ ਪਰਿਸ਼ੇ ਪਾਰੀ ਵੀ ਕਹਿੰਦੇ ਸੀ) ਅਤੇ ਜੋ 63 ਸਾਲਾਂ ਦੀ ਸੀ. ਉਸ ਨੇ ਲਿਖਿਆ ਕਿ ਉਹ ਸ਼ਾਹਨਾਜ਼ ਬੇਗਮ (ਹਰਭਜਨ ਕੌਰ) ਦੀ ਬੇਟੀ ਸੀ. ਉਸ ਨੇ ਮੇਰੇ 15 ਦਸੰਬਰ 2012 ਦੇ ਡੇਲੀ ਟਾਇਮਸ ਦੇ ਲੇਖ ਦਾ ਉਰਦੂ ਤਰਜਮਾ ਪੜ੍ਹਿਆ ਸੀ, ਜੋ ਕਰਾਚੀ ਦੇ ਰੋਜ਼ਾਨਾ ਅਖ਼ਬਾਰ ਜੰਗ ਦੇ ਛੱਪਿਆ ਸੀ. ਉਸ ਨੇ ਜੋ ਟੈਲੀਫੋਨ ਨੰਬਰ ਦਿੱਤਾ ਸੀ, ਉਸ ਤੇ ਮੈਂ ਉਸ ਦੇ ਨਾਲ ਗੱਲ-ਬਾਤ ਕੀਤੀ. ਉਸ ਦੀ ਬੇਨਤੀ ਦਿਲ-ਦਹਿਲਾ ਦੇਣ ਵਾਲੀ ਸੀ. ਉਹ ਆਪਣੀ ਮਾਂ ਨਾਲ ਗੱਲ ਕਰਣ ਲਈ ਬੇਹਦ ਬੇਤਾਬ ਸੀ. ਮਗਰ ਇੱਕ ਸਮੱਸਿਆ ਸੀ. ਦੁਨੀਆ ਗੋਲ ਹੈ ਅਤੇ ਨਸੀਮ ਹੱਸਨ, ਬਹੁਤ ਦੂਰ ਹੋਕੇਸਿਨ, ਅਮਰੀਕਾ ਤੇ ਸੈਂ ਰਹੇ ਸੀ. ਉਸ ਨੂੰ ਇੰਤਜ਼ਾਰ ਕਰਣਾ ਸੀ. ਅਤੇ ਸ਼ਾਇਦ, ਜਿਥੇ ਤਕ ਮੈਂ ਜਾਣਦਾ ਸੀ, ਸਭ ਤੋਂ ਲੰਬਾ ਇੱਕ ਇੰਤਜ਼ਾਰ ਸੁਰੂ ਹੋਇਆ. ਉਹ ਕੁੱਝ ਘੰਟੇ ਗੁਜਰੇ ਹੋਏ 50 ਸਾਲਾਂ ਤੋਂ ਵੀ ਲੰਬੇ ਲਗ ਰਹੇ ਸੀ-ਮੈਨੂੰ ਇਹ ਇਹਸਾਸ ਹੋਇਆ ਜਦ ਮੈਂ ਜਮੀਲਾ ਬੇਗਮ ਨਾਲ ਗੱਲ ਕੀਤੀ.

ਇੰਡੀਆ ਦੇ ਵਕਤ ਦੇ ਮੁਤਾਬਕ ਜਦ ਦੁਪਹਿਰ ਹੋ ਗਈ, ਨਸੀਮ ਹਸਨ ਨੇ ਜਵਾਬ ਦਿੱਤਾ. ਮਾਂ ਅਤੇ ਬੇਟੀ ਨੇ ਇੱਕ ਦੂਜੇ ਨਾਲ ਗੱਲ ਕੀਤੀ. ਜਮੀਲਾ ਬੇਗਮ ਅਤੇ ਉਸ ਦੇ ਭਰਾ-ਭੇਣ ਇਹ ਸੋਚਦੇ ਸੀ ਕਿ ਉਨ੍ਹਾਂ ਦੀ ਮਾਂ ਬਹੁਤ ਪਹਿਲਾਂ ਮਰ ਗਈ ਸੀ. ਉਸ ਦੀ ਵੱਡੀ ਭੈਣ, ਖ਼ੁਰਸ਼ੀਦ ਬੇਗਮ, ਉਸ ਵਕਤ ਕਨਾਡਾ ਤੇ ਆਪਣੇ ਬੇਟੇ ਨਾਲ ਸੀ. ਉਹ ਆਪਣੀ ਮਾਂ ਨਾਲ ਮਿਲਣ ਹਵਾਈ ਸਫਰ ਕਰ ਕੇ, ਯੂ.ਐਸ.ਏ ਆਈ. ਮੇਰੇ ਇੰਡੀਆ ਤੋਂ ਜਾਣ ਦੇ ਬਾਅਦ ਇਹ ਸਭ ਹੋਇਆ ਸੀ. ਨਸੀਮ ਹਸਨ ਨੇ ਤੁਫ਼ੈਲ ਉੱਪਲ ਨਾਲ ਗੱਲਬਾਤ ਕੀਤੀ, ਤੇ ਪਤਾ ਲਗਾ ਕਿ ਉਹ ਅਸਲ ਤੇ ਰਾਜਾ ਸਾਂਸੀ ਤੋਂ ਸਨ ਅਤੇ ਤਕਸੀਮ ਦੇ ਬਾਅਦ, ਉਹ ਪਾਕਿਸਤਾਨ ਆ ਗਏ. ਉਹ ਨਾ ਸਿਰਫ਼ ਹਰਭਜਨ ਕੌਰ ਨੂੰ ਜਾਣਦੇ ਸੀ ਮਗਰ ਉਨ੍ਹਾਂ ਨੇ ਉਸ ਦੇ 1946 ਦੇ ਆਨੰਦ-ਕਰਾਜ ਤੇ ਵੀ ਸ਼ਿਰਕਰ ਕੀਤੀ ਸੀ. ਉਹ ਬਾਲਟੀਮੋਰ ਤੇ ਮਿਲੇ, ਜਿਥੇ ਦੋਵੇਂ ਰਹਿੰਦੇ ਸੀ ਮਗਰ ਉਨ੍ਹਾਂ ਨੂੰ ਇੱਕ ਦੂਜੇ ਦੇ ਬਾਰੇ ਪਤਾ ਨਹੀਂ ਸੀ. ਜਨਾਬ ਉੱਪਲ ਅਤੇ ਹਰਭਜਨ ਕੌਰ ਨੇ 65 ਸਾਲਾਂ ਦੇ ਇੱਕ ਲੰਬੇ ਅਰਸੇ ਦੇ ਬਾਵਜੂਦ ਇੱਕ ਦੂਜੇ ਨੂੰ ਪਛਾਣ ਲੀਤਾ.

ਜਨਾਬ ਉੱਪਲ ਦੀ ਬੇਟੀ ਫਜ਼ੀਲਤ, ਇਸ ਦੇ ਬਾਅਦ, ਰੋਮੀ ਅਤੇ ਹਰਭਜਨ ਕੌਰ ਦੇ ਸੰਪਰਕ ਵਿੱਚ ਰਹੀ. ਜਨਾਬ ਉੱਪਲ ਦੇ ਦਾਮਾਦ ਵਸੀਮ ਸ਼ੇਖ ਨੇ ਕਰਾਚੀ ਦੇ ਉਰਦੂ ਅਖ਼ਬਾਰ ਜੰਗ ਤੇ ਇਸ ਕਹਾਣੀ ਦੇ ਪ੍ਰਕਾਸ਼ਨ ਲਈ ਬਸ਼ੀਰ ਏ.ਤਾਰਿਕ ਦੀ ਮਦਦ ਲੀਤੀ. ਮੇਰਾ ਈਮੇਲ ਪਤਾ, ਸੰਪਰਕ ਲਈ ਦੇ ਦਿੱਤਾ ਗਿਆ; ਅਤੇ ਇਸ ਦੇ ਬਾਅਦ ਜਮੀਲਾ ਨੇ ਮੇਰੇ ਨਾਲ ਸੰਪਰਕ ਕੀਤਾ.

ਜੰਗ ਵਿੱਚ ਇਹ ਕਹਾਨੀ ਛਪਣ ਦੇ ਨਾਲ ਹੀ ਉੱਪਲ ਪਰਵਾਰ ਦੇ ਦੋਸਤ ਖ਼ਾਲਿਦ ਨੇ ਕਰਾਚੀ ਤੇ ਵੀ ਪੜਤਾਲ ਸ਼ੁਰੂ ਕੀਤੀ. ਪਤਾ ਲਗਾ ਕਿ ਕੋਲਾ ਗੋਦਾਮ ਦਾ ਨਾਂਅ ਬਦਲ ਗਿਆ ਸੀ ਪਰ ਖ਼ਾਲਿਦ ਉਸ ਦੁਕਾਨ ਦਾ ਪਤਾ ਲਗਾਉਣ ਤੇ ਕਾਮਯਾਬ ਹੋ ਗਏ, ਜਿਥੇ ਅਫ਼ਜ਼ਲ ਖ਼ਾਨ ਆਪਣੀ ਫੇਸ ਕ੍ਰੀਮ ਸਪਲਾਈ ਕਰਦੇ ਸੀ. ਦੁਕਾਨਦਾਰ ਦੇ ਮਾਲਕ ਨੂੰ ਯਾਦ ਸੀ ਕਿ ਉਸ ਦੇ ਵਾਲਿਦ ਅਫ਼ਜ਼ਲ ਖ਼ਾਨ ਦਾ ਜ਼ਿਕਰ ਕਰਦੇ ਸੀ, ਅਤੇ ਜਿਸ ਦੀ ਬਹੁਤ ਸਾਲਾਂ ਪਹਿਲਾਂ ਮੌਤ ਹੋ ਗਈ ਸੀ. ਉਸ ਨੂੰ ਰਿਜ਼ਵਾਨ ਬਾਰੇ ਵੀ ਪਤਾ ਸੀ, ਜੋ ਹਰਭਜਨ ਕੌਰ ਦਾ ਸਭ ਤੋਂ ਛੋਟਾ ਬੱਚਾ ਸੀ ਅਤੇ ਜੋ ਸਿਰਫ਼ ਦੋ ਸਾਲ ਦੀ ਉਮਰ ਤੇ ਆਪਣੀ ਮਾਂ ਤੋਂ ਜੁਦਾ ਹੋ ਗਿਆ ਸੀ. ਉਸੇ ਵਕਤ ਜੰਗ ਤੇ ਇਹ ਕਹਾਨੀ ਛਪੀ. ਉਸ ਨੇ ਸੋਚਿਆ ਕਿ ਇਹ ਝੂਠ ਸੀ. ਇਸ ਦੇ ਬਾਅਦ, ਆਧੁਨਕ ਤਕਨੀਕ ਨੇ ਕਮਾਲ ਕਰ ਦਿੱਤਾ ਅਤੇ ਮਾਂ ਹੋਰ ਉਸ ਦੇ ਬੱਚੇ ਨਾ ਸਿਰਫ਼ ਇੱਕ ਦੂਜੇ ਨਾਲ ਗੱਲ-ਬਾਤ ਕਰ ਸਕੇ ਮਗਰ ਉਨ੍ਹਾਂ ਨੇ ਇੱਕ ਦੂਜੇ ਨੂੰ ਵੇਖਿਆ ਵੀ.

ਇਸ ਦੇ ਬਾਅਦ ਰੋਮੀ ਸਿੰਘ ਨੇ ਆਪਣੇ ਅਤੇ ਹਰਭਜਨ ਕੌਰ ਲਈ ਪਾਕਿਸਤਾਨ ਜਾਣ ਦਾ ਵੀਜ਼ਾ ਹਾਸਲ ਕੀਤਾ. 13 ਅਪ੍ਰੈਲ ਨੂੰ ਉਹ ਇੰਡੀਆ ਗਏ, ਪਰਵਾਰ ਨਾਲ ਮਿਲੇ ਅਤੇ ਦਰਬਾਰ ਸਾਹਿਬ ਜਾ ਕੇ ਮੱਥਾ ਟੇਕਿਆ. ਇੱਕ ਹਫ਼ਤੇ ਬਾਅਦ, 20 ਅਪ੍ਰੈਲ ਨੂੰ, ਉਨ੍ਹਾਂ ਨੇ ਵਾਹਗਾ ਦੀ ਸਰਹੱਦ ਪਾਰ ਕੀਤੀ ਅਤੇ ਪਾਕਿਸਤਾਨ ਦਾਖਲ ਹੋਏ. ਸਭ ਤੋਂ ਵੱਡੀ ਬੇਟੀ ਖ਼ੁਰਸ਼ੀਦ ਜੋ ਉਨ੍ਹਾਂ ਦੇ ਨਾਲ ਪਹਿਲਾਂ ਮਿਲ ਚੁਕੀ ਸੀ ਜਦ ਉਹ ਕਨਾਡਾ ਤੋਂ ਬਾਲਟੀਮੋਰ ਆਈ ਸੀ, ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਸੀ. ਇੱਕ ਸਾਥ, ਉਹ ਗੁਰੂ ਨਾਨਕ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਗਏ. ਅਖੀਰਕਾਰ, 22 ਅਪ੍ਰੈਲ ਨੂੰ ਉਹ ਕਰਾਚੀ ਆਏ ਅਤੇ 50 ਸਾਲਾਂ ਬਾਅਦ, ਪਰਵਾਰ ਦੇ ਸਦੱਸ, ਇੱਕ ਦੂਜੇ ਨੂੰ ਮਿਲੇ. ਬਾਅਦ ਤੇ, ਉਹ ਹੈਦਰਾਬਾਦ ਚਲੇ ਗਏ ਜੋ ਨਸਲੀ ਤਸ਼ੱਦਦ ਵਾਲੇ ਕਰਾਚੀ ਤੋਂ ਜ਼ਿਆਦਾ ਮਹਿਫ਼ੂਜ਼ ਸੀ ਅਤੇ ਜਿਥੇ ਖ਼ੁਰਸ਼ੀਦ ਦਾ ਇੱਕ ਜ਼ਿਆਦਾ ਵੱਡਾ ਘਰ ਸੀ, ਜਿਥੇ ਸਾਰਾ ਪਰਵਾਰ ਅਤੇ ਰਿਸ਼ਤੇਦਾਰ ਆਸਾਨੀ ਨਾਲ ਇਕੱਠਾ ਹੋ ਸਕਦੇ ਸੀ. ਪਰਵਾਰ ਵੱਡਾ ਹੋ ਗਿਆ ਸੀ. ਹਰਭਜਨ ਕੌਰ ਦੇ ਹੁਣ ਕਈ ਨਾਤੀ-ਪੋਤੇ ਨੇ. ਫਿਰ 30 ਅਪ੍ਰੈਲ 2013 ਨੂੰ ਰੋਮੀ ਅਤੇ ਉਸ ਦੀ ਮਤਰੇਈ ਮਾਂ ਅਮਰੀਕਾ ਵਾਪਸ ਚਲੇ ਗਏ.

ਅਫ਼ਸੋਸ ਦੀ ਗੱਲ ਤੇ ਇਹ ਹੈ ਕਿ ਜਨਾਬ ਉੱਪਲ ਹਰਭਜਨ ਕੌਰ ਅਤੇ ਉਨ੍ਹਾਂ ਦੇ ਬੱਚੇਆਂ ਦੇ ਨਾਲ ਸ਼ੁਰੂਆਤੀ ਸੰਪਰਕ ਹੋਣ ਦੇ ਬਾਅਦ, ਇਸ ਦੁਨੀਆ ਨੂੰ ਹਮੇਸ਼ਾ ਲਈ ਛੱਡ ਕੇ ਚਲੇ ਗਏ. ਉਹ ਉਸ ਵਕਤ ਹਸਪਤਾਲ ਤੇ ਸਨ ਅਤੇ ਇੰਨੇ ਦਿਨ ਤਕ ਜ਼ਰੂਰ ਜ਼ਿੰਦਾ ਰਹੇ ਕਿ ਉਹ ਪਰਵਾਰ ਦਾ ਮੇਲ ਵੇਖ ਸਕਣ. ਰੋਮੀ ਸਿੰਘ ਅਤੇ ਨਸੀਮ ਹਸਨ-ਸਭ ਨੇ ਉਸ ਇਤਹਾਦ ਅਤੇ ਜ਼ਖ਼ਮ ਭਰਨ ਦੇ ਕੱਮ ਵਿੱਚ ਹਿੱਸਾ ਲੀਤਾ ਜਿਸ ਦਾ ਪੰਜਾਬ ਦੀ ਕਿਤਾਬ ਨੇ ਆਘਾਜ਼ ਕੀਤਾ ਸੀ. ਮਜ਼ੂਬ ਅਤੇ ਸਿਆਸਤ ਨੂੰ ਪਰੇ ਰੱਖ ਕੇ ਇਨਸਾਨੀਅਤ ਜਿੱਤ ਗਈ. ਕਹਾਣੀ ਇਸ ਜਗ੍ਹ ਤੇ ਆ ਕੇ ਖਤਮ ਨਹੀਂ ਹੁੰਦੀ. 2014 ਦੇ ਬਸੰਤ ਤੇ, ਲਾਹੌਰ ਯੂਨੀਵਰਸਿਟੀ ਔਫ ਮੈਨੇਜਮੇਂਟ ਸਾਇੰਸੇਸ ਤੇ ਮੇਰੀ ਕਲਾਸ ਤੇ ਇੱਕ ਵਿਦਿਆਰਥੀ ਸੀ ਜਿਸ ਦਾ ਨਾਂਅ ਸੀ ਆਮਨਾ ਅਲੀ, ਜਿਸ ਦਾ

ਪਰਵਾਰ ਕਦੀ ਰਾਜਾ ਸਾਂਸੀ ਤੇ ਰਹਿੰਦਾ ਸੀ ਅਤੇ ਉਸ ਦੇ ਦਾਦਾ ਹੋਰ ਜਨਾਬ ਤੁਫੈਲ ਉੱਪਲ ਸਭ ਤੋਂ ਕਰੀਬੀ ਦੋਸਤ ਸਨ.

ਇੱਕ ਹੋਰ ਕਹਾਨੀ ਜੋ ਥੋੜੀ ਘੱਟ ਨਾਟਕੀ ਸੀ ਮਗਰ ਜਿਸ ਦੀ ਉਤਪਤ ਸਟੋਕਹੋਮ ਤੇ ਹੋਈ, ਉਸ ਬਾਰੇ ਵੀ ਜਾਣਨਾ ਜ਼ਰੂਰੀ ਹੈ. ਜਦ ਮੈਂ ਸਟੋਕਹੋਮ ਤੋਂ ਇੰਡੀਆ ਆਪਣੇ ਲੈਕਚਰ ਟੂਰ ਲਈ ਰਵਾਨਾ ਹੋਣ ਵਾਲਾ ਸੀ, ਮੇਰੇ ਮਿੱਤਰ ਰਿਆਜ਼ ਚੀਮਾ, ਜਿਨ੍ਹਾਂ ਦੇ ਪਰਵਾਰ ਦੀ ਦਿੱਲੀ ਛੱਡ ਕੇ ਪਾਕਿਸਤਾਨ ਨੂੰ 16 ਮਾਰਚ ਦੀ ਕਹਾਨੀ ਇਸ ਕਿਤਾਬ ਤੇ ਪੇਸ਼ ਕੀਤੀ ਗਈ ਹੈ, ਮੈਨੂੰ ਗੁਜ਼ਾਰਿਸ਼ ਕੀਤੀ ਕਿ ਮੈਂ ਸ਼੍ਰੀ ਲਲਿਤ ਮੋਹਨ ਜੈਨ ਨੂੰ ਮਿਲਾਂ, ਜੋ ਉਨ੍ਹਾਂ ਦੇ ਵਾਲਿਦ ਅਬਦੁਲ੍ਹਾ ਚੀਮਾ ਦੇ ਸਹਿਯੋਗੀ ਸਨ. ਇੱਤਫ਼ਾਕਿਆ ਤੌਰ ਤੇ ਉਹ ਦੋਵੇਂ ਪਰਵਾਰ 60 ਸਾਲਾਂ ਬਾਅਦ, ਦੁਬਾਰਾ ਇੱਕ ਦੂਜੇ ਨਾਲ ਜੁੜੇ ਸੀ. ਮੈਂ ਸ਼੍ਰੀ ਜੈਨ ਨੂੰ ਟੈਲੀਫੋਨ ਕੀਤਾ, ਜਿਨ੍ਹਾਂ ਨੇ ਮੈਨੂੰ ਦੁਪਹਿਰ ਦੇ ਖਾਣੇ ਲਈ ਭਾਰਤ ਬੌਇਜ ਐਂਡ ਗਰਲ ਗਾਇਡਸ ਦੇ ਨਵੀਂ ਦਿੱਲੀ ਦੇ ਦਫ਼ਤਰ ਤੇ ਬੁਲਾ ਲੀਤਾ, ਜਿਥੇ ਉਹ ਆਪਣੀ ਮਰਜ਼ੀ ਨਾਲ ਸੇਵਾ ਕਰ ਰਹੇ ਸੀ. ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਦਫ਼ਤਰ ਤੇ 11 ਮਈ 2013 ਨੂੰ ਮਿਲਿਆ. ਸ਼੍ਰੀ ਜੈਨ ਨੇ ਮੈਨੂੰ ਇੱਕ ਬੇਹਦ ਦਿਲਚਸਪ ਇੰਟਰਵਿਊ ਦਿੱਤਾ:

‘ਅਸੀਂ ਅਸਲ ਤੇ ਰੋਹਤਕ ਨਾਲ ਨਾਤਾ ਰੱਖਦੇ ਹਾਂ, ਜੋ ਹੁਣ ਹਰਿਆਣਾ ਦਾ ਹਿੱਸਾ ਹੈ ਮਗਰ ਤਕਸੀਮ ਤੋਂ ਪਹਿਲਾਂ ਇਹ ਇਤਹਾਦੀ ਪੰਜਾਬ ਦਾ ਇੱਕ ਹਿੱਸਾ ਸੀ. ਮੇਰੇ ਪਿਤਾ ਪ੍ਰੀਤਮ ਸਿੰਘ ਜੈਨ ਅਤੇ ਅਬਦੁਲ੍ਹਾ ਚੀਮਾ ਲਾਹੌਰ ਲਾਅ ਕਾਲਜ ਤੇ ਜਮਾਤੀ ਸਨ. ਉਹ ਪਾਸ ਕਰਣ ਵਾਲੇ ਪਹਿਲੇ ਬੈਚ ਤੋਂ ਸਨ, ਜਿਨ੍ਹਾਂ ਨੇ ਪੰਜਾਬ ਜਯੂਡੀਸਿਅਲ ਸਰਵਿਸ ਤੇ ਮੁਲਾਜ਼ਮਤ ਕੀਤੀ ਜਿਸ ਨੂੰ ਪੀ.ਐਸ.ਜਯੂਡੀਸਿਅਲ ਵੀ ਕਿਹਾ ਜਾਂਦਾ ਸੀ. ਇਸ ਵਿੱਚ ਭਰਤੀ ਹੋਣ ਲਈ ਪਹਿਲਾ ਇਮਤਿਹਾਨ 1928 ਜਾਂ 1929 ਨੂੰ ਹੋਇਆ ਸੀ. ਇਸ ਤੋਂ ਪਹਿਲਾਂ ਜੱਜਾਂ ਨੂੰ ਸਰਕਾਰ ਨਾਮਜ਼ਦ ਕਰਦੀ ਸੀ. ਮੇਰੇ ਪਿਤਾ ਅਤੇ ਚੀਮਾ ਸਾਹਿਬ ਦੇ ਵਿੱਚ ਬਹੁਤ ਦੋਸਤਾਨਾ ਰਿਸ਼ਤੇ ਸੀ ਅਤੇ ਪਿਤਾ ਉਨ੍ਹਾਂ ਦੀ ਬਹੁਤ ਤਾਰੀਫ਼ ਕਰਦੇ ਸੀ. 1940 ਦੇ ਦਹਾਕੇ ਦੇ ਸ਼ੁਰੂ ਤੇ, ਮੇਰੇ ਵੱਡੇ ਭਰਾ ਨੂੰ ਕਿਡਨੀ ਦੀ ਗੰਭੀਰ ਸਮੱਸਿਆ ਹੋ ਗਈ ਅਤੇ ਆਪਰੇਸ਼ਨ ਲਾਜ਼ਮੀ ਸੀ. ਮੇਰੇ ਪਿਤਾ ਚਾਹੁੰਦੇ ਸੀ ਕਿ ਉਨ੍ਹਾਂ ਦੀ ਤਇਨਾਤੀ ਗੁੜਗਾਉਂ ਹੋ ਜਾਵੇ ਤਾਂਕਿ ਨਜਦੀਕ ਦਿੱਲੀ ਤੇ ਕਿਸੇ ਹਸਪਤਾਲ ਤੇ ਆਪਰੇਸ਼ਨ ਕੀਤਾ ਜਾ ਸਕੇ. ਮਗਰ, ਉਸੇ ਵਕਤ ਉਨ੍ਹਾਂ ਦੀ ਤਇਨਾਤੀ ਉੱਤਰੀ ਪੰਜਾਬ ਦੇ ਪਿੰਡ ਦਾਦਨ ਖ਼ਾਨ ਤੇ ਹੋ ਗਈ ਜਦ ਕਿ ਚੀਮਾ ਸਾਹਿਬ ਦੀ ਗੁੜਗਾਉਂ ਹੋ ਗਈ. ਚੀਮਾ ਸਾਹਿਬ ਨੂੰ ਮੇਰੇ ਪਿਤਾ ਦੀ ਮਜਬੂਰੀ ਦਾ ਪਤਾ ਲਗਾ ਤੇ ਉਨ੍ਹਾਂ ਨੇ ਖੁਦ ਇਹ ਕਹਿੰਦੇ ਹੋਏ ਤਇਨਾਤੀ ਦੀ ਅਦਲਾ-ਬਦਲੀ ਦੀ ਪੇਸ਼ਕਸ਼ ਕੀਤੀ ਕਿ ਉਹ ਪੰਜਾਬ ਹਾਈ ਕੋਰਟ ਨੂੰ ਲਿਖ ਕੇ ਦੇਣਗੇ ਕਿ ਉਹ ਪਿੰਡ ਦਾਦਨ ਖ਼ਾਨ ਤੇ ਤਇਨਾਤੀ ਚਾਹੁੰਦੇ ਨੇ. ਅਤੇ ਮੇਰੇ ਪਿਤਾ ਨੂੰ ਗੁੜਗਾਉਂ ਦੀ ਤਇਨਾਤੀ ਮਿਲ ਗਈ ਹੋਰ ਮੇਰੇ ਭਰਾ ਦਾ ਕਾਮਯਾਬੀ ਨਾਲ ਦਿੱਲੀ ਤੇ ਆਪਰੇਸ਼ਨ ਹੋ ਗਿਆ. ਇਹ ਇੱਕ ਇੱਨੀ ਵੱਡੀ ਮਿਹਰਬਾਨੀ ਸੀ ਜਿਸ ਨੂੰ ਅਸੀਂ ਹੁਣ ਵੀ ਪਰਵਾਰ ਦੇ ਲੋਕ, ਯਾਦ ਰੱਖਦੇ ਹਾਂ.

ਸਾਲਾਂ ਬਾਅਦ, ਮੈਂ ਅਬਦੁਲ੍ਹਾ ਚੀਮਾ ਸਾਹਿਬ ਨੂੰ ਦਿੱਲੀ ਤੇ ਮਿਲਿਆ, ਮੈਨੂੰ ਜਿਥੇ ਤਕ ਯਾਦ ਹੈ ਉਹ ਸਾਲ 1960 ਸੀ ਜਦ ਮੈਂ ਦਿੱਲੀ ਯੂਨੀਵਰਸਿਟੀ ਤੇ ਅੰਗ੍ਰੇਜ਼ੀ ਸਾਹਿਤ ਦਾ ਐਮ.ਏ. ਕਰ ਰਿਹਾ ਸੀ. ਮੇਰੇ ਪਿਤਾ ਨੇ ਮੈਨੂੰ ਫੋਨ ਕੀਤਾ ਅਤੇ ਕਿਹਾ ਕਿ ਚੀਮਾ ਸਾਹਿਬ ਮੈਨੂੰ ਮਿਲਣ ਆਉਣਗੇ. ਮੇਰੇ ਪਿਤਾ 1947 ਤੇ ਰਿਟਾਇਰ ਹੋਏ ਸੀ ਅਤੇ ਚੀਮਾ ਸਾਹਿਬ ਵੀ ਤਦ ਰਿਟਾਇਰ ਹੋ ਗਏ ਹੋਣਗੇ. ਉਹ ਦਿੱਲੀ ਤੇ ਸ਼ਾਇਦ ਆਪਣੇ ਪੁਰਾਣੇ ਹਿੰਦੂ

ਅਤੇ ਸਿੱਖਾਂ ਸਹਿਯੋਗਿਆਂ ਨੂੰ ਮਿਲਣ ਆਉਂਦੇ ਸੀ. ਉਨ੍ਹਾਂ ਨੇ ਮੈਨੂੰ ਮੇਰੇ ਹਾਸਟਲ ਤੇ ਮਿਲਣ ਦੀ ਕੀਰਪਾ ਕੀਤੀ ਅਤੇ ਮੈਨੂੰ ਆਪਣੀ ਦੁਆ ਦਿੱਤੀ.

ਹੁਣ ਸਾਲਾਂ ਬਾਅਦ ਇਹ ਹੁੰਦਾ ਹੈ ਕਿ ਸਾਰਕ ਦੇ ਸਦੱਸ ਮੁਲਕ ਸਾਲਾਨਾ ਸਕਾਉਟ ਗਾਈਡ ਜਮਬੂਰੀ ਵਾਰੀ ਵਾਰੀ ਕਰਦੇ ਨੇ ਅਤੇ ਸਦੱਸ ਮੁਲਕਾਂ ਦੇ ਮੁੰਡੇ ਕੁੜੀਆਂ ਇੱਕ ਦੂਜੇ ਦੇ ਮੁਲਕਾਂ ਦੇ ਜਾਂਦੇ ਨੇ. 2009 ਤੇ, ਪਾਕਿਸਤਾਨੀ ਸਕਾਉਟ ਅਤੇ ਗਾਈਡ ਦੀ ਰਹਨੁਮਾਈ ਇੱਕ ਸੱਜਣ ਕਰ ਰਹੇ ਸੀ ਜਿਨ੍ਹਾਂ ਦਾ ਤਾਲੁੱਕ ਜਯੂਡੀਸਿਅਲ ਸੇਵਾ ਨਾਲ ਸੀ. ਉਹ ਵੀ ਰਿਟਾਇਰ ਹੋ ਗਏ ਸੀ ਅਤੇ ਮੇਰੀ ਤਰ੍ਹਾਂ ਆਪਣੀ ਮਰਜ਼ੀ ਨਾਲ ਇਣ ਕੱਮਾਂ ਤੇ ਸ਼ਿਰਕਤ ਕਰਦੇ ਸ਼ੀ. ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰੇ ਪਿਤਾ ਵੀ ਪੰਜਾਬ ਜਯੂਡੀਸਿਅਲ ਸੇਵਾ ਤੇ ਸਨ ਅਤੇ ਉਨ੍ਹਾਂ ਦੀ ਅਬਦੁਲ੍ਹਾ ਚੀਮਾ ਸਾਹਿਬ ਨਾਲ ਦੋਸਤੀ ਸੀ. ਖ਼ੁਸ਼ਕਿਸਮਤੀ ਨਾਲ, ਉਹ ਉਸ ਪਰਵਾਰ ਨੂੰ ਜਾਣਦੇ ਸੀ ਅਤੇ ਕਿਹਾ ਕਿ ਉਨ੍ਹਾਂ ਦਾ ਇੱਕ ਬੇਟਾ ਰਾਵਲਪਿੰਡੀ ਤੇ ਰਹਿੰਦਾ ਸੀ ਅਤੇ ਉਹ ਉਸ ਨੂੰ ਮੇਰੇ ਬਾਰੇ ਦੱਸਣਗੇ. ਫਿਰ, ਇੱਕ ਦਿਨ ਉਨ੍ਹਾਂ ਦੇ ਬੇਟੇ, ਕਰਨਲ (ਰਿਟ.) ਅਸਲਮ ਚੀਮਾ ਨੇ ਮੈਨੂੰ ਫੋਨ ਕੀਤਾ ਅਤੇ ਸਾਡੀ ਇੱਕ ਲੰਬੀ ਗੱਲ-ਬਾਤ ਹੋਈ. ਕੁੱਝ ਮਹੀਨੇ ਬਾਅਦ, ਉਨ੍ਹਾਂ ਦੇ ਵੱਡੇ ਭਰਾ ਰਿਆਜ਼ ਚੀਮਾ ਨੇ ਸਟੋਕਹੋਮ ਤੋਂ ਫੋਨ ਕਰ ਕੇ ਗੱਲ-ਬਾਤ ਕੀਤੀ.

‘ਪੰਜਾਬ ਦੀ ਤਕਸੀਮ ਦੀ ਇੱਕ ਬੇਹਦ ਗ਼ਮਗੀਨ ਅਤੇ ਤ੍ਰਾਸਦੀ ਭਰੀ ਕਹਾਣੀ ਦਾ ਮੈਂ ਚਸ਼ਮਦੀਦ ਹਾਂ. ਇੱਕ ਹਿੰਦੂ ਬਤਰਾ ਪਰਵਾਰ, ਪਛੱਮ ਪੰਜਾਬ ਤੋਂ ਕਰਨਾਲ ਤੇ ਤਇਨਾਤੀ ਦੇ ਬਾਅਦ ਆਇਆ, ਜਿਥੇ ਮੇਰੇ ਪਿਤਾ ਵੀ ਤਇਨਾਤ ਸਨ. ਇਹ ਤਕਸੀਮ ਦੇ ਤੁਰੰਤ ਬਾਅਦ ਦੀ ਗੱਲ ਹੈ. ਉਨ੍ਹਾਂ ਦੇ ਬੱਚੇ ਬੇਹਦ ਸੋਹਣੇ, ਸਭਿਅ ਅਤੇ ਸਾਡੀ ਉਮਰ ਦੇ ਸਨ. ਅਸੀਂ ਇਕੱਠਾ ਖੇਡਦੇ ਸੀ. ਇੱਕ ਦਿਨ ਉਨ੍ਹਾਂ ਦੀ ਵੱਡੀ ਭੈਣ ਨੇ ਕਰਨਾਲ ਤੋਂ ਹੋ ਕੇ ਜਾਣ ਵਾਲੀ ਨਹਿਰ ਤੇ ਛਾਲ ਮਾਰ ਦਿੱਤੀ ਅਤੇ ਖੁਦਕਸ਼ੀ ਕਰ ਲੀਤੀ. ਇਹ ਸਾਡੇ ਸਭ ਦੇ ਲਈ ਇੱਕ ਬਹੁਤ ਵੱਡੇ ਸਦਮੇ ਦੀ ਗੱਲ ਸੀ. ਸ਼ਾਇਦ ਉਸ ਨੂੰ ਪਛਮ ਪੰਜਾਬ ਦੇ ਕਿਸੇ ਭਿਆਨਕ ਤਜਰਬੇ ਨਾਲ ਬੇਹਦ ਢੁੰਘਾ ਸਦਮਾ ਲਗਿਆ ਸੀ. ਕੁੱਝ ਦਿਨਾਂ ਬਾਅਦ, ਇੱਕ ਸ਼ਾਮ ਜਦ ਅਸੀਂ ਅਤੇ ਉਸ ਦੇ ਭਰਾ ਇੱਕ ਸਾਥ ਖੇਢ ਰਹੇ ਸੀ, ਅਚਾਨਕ ਉਨ੍ਹਾਂ ਨੇ ਕਿਹਾ ਕਿ ਉਹ ਘਰ ਵਾਪਸ ਜਾਣਾ ਚਾਹੁੰਦੇ ਨੇ. ਉਹ ਵਕਤ ਕੋਈ ਖ਼ਾਸ ਹਨੇਰਾ ਨਹੀਂ ਹੋਇਆ ਸੀ ਅਤੇ ਅਸੀਂ ਉਨ੍ਹਾਂ ਨੂੰ ਕਿਹਾ ਕਿ ਇੰਨੀ ਜਲਦੀ ਘਰ ਜਾਣ ਦੀ ਲੋੜ ਨਹੀਂ ਸੀ, ਪਰ ਉਹ ਚਲੇ ਗਏ. ਅਗਲੇ ਦਿਨ ਸਾਨੂੰ ਪਤਾ ਲਗਾ ਕਿ ਸਾਰਾ ਪਰਵਾਰ, ਪਿਤਾ, ਮਾਤਾ ਅਤੇ ਬੱਚੇਆਂ ਨੇ ਖੁਦਕਸ਼ੀ ਕਰ ਲੀਤੀ ਸੀ. ਉਨ੍ਹਾਂ ਦੀ ਜ਼ਿੰਦਗੀ ਵਿੱਚ ਜ਼ਰੂਰੀ ਤੌਰ ਤੇ ਕੋਈ ਤਬਾਹੀ ਵਾਲੀ ਘਟਨਾ ਹੋਈ ਹੋਵੇਗੀ, ਜਿਸ ਦੇ ਚਲਦੇ ਪਹਿਲਾਂ ਉਸ ਬਹੁਤ ਸੋਹਣੀ ਕੁੜੀ ਨੇ ਅਤੇ ਇਸ ਦੇ ਬਾਅਦ ਪੂਰੇ ਪਰਵਾਰ ਨੇ ਆਪਣੀ ਜ਼ਿੰਦਗੀ ਖਤਮ ਕਰਣ ਦਾ ਫੈਸਲਾ ਲੀਤਾ. ਤਕਸੀਮ ਨੇ ਕਈ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ.’

ਇੱਕ ਮਾਇਨੇ ਤੇ, ਪੰਜਾਬ ਦੀ ਤਕਸੀਮ ਦੀ ਗਾਥਾ ਹੁਣ ਵੀ ਖ਼ਤਮ ਨਹੀਂ ਹੋਈ ਹੈ ਅਤੇ ਨਾ ਹੀ ਕਦੀ ਹੋਵੇਗੀ. ਇਹ ਅਗਸਤ ਦੇ ਮੱਧ ਤੇ, ਬੁਝਦੇ ਹੋਏ ਬ੍ਰਿਟਿਸ਼ ਸਾਮਰਾਜ ਦੇ ਇਤਿਹਾਸ ਦਾ ਹੀ ਨਹੀਂ ਬਲਕਿ ਦੁਨੀਆ ਦੇ ਦੂਜੇ ਹਿੱਸੇਆ ਤੇ ਖਤਮ ਹੁੰਦੇ ਬ੍ਰਿਟਿਸ਼ ਹਕੂਮਤ ਦੇ ਮੁਕਾਬਲੇ ਵੀ, ਸਭ ਤੋਂ ਖੁਨੀ ਕਾਂਡ ਸੀ: 500,000 – 800,000 ਲੋਕ ਹਲਾਕ ਹੋਏ ਅਤੇ 10 ਮਿਲਿਅਨ ਜਾਂ ਇੱਕ ਕਰੋੜ ਲੋਕ ਆਪਣੇ ਘਰਾਂ ਤੋਂ ਭੱਜਣ ਲਈ, ਸਿਰਫ਼ ਪੰਜਾਬ ਤੇ, ਮਜਬੂਰ ਹੋਏ. ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਇਤਿਹਾਸ ਦੇ ਸੰਝ ਦੇ

ਵਕਤ ਉਣ ਘਟਨਾਵਾਂ ਨੂੰ ਪ੍ਰਕਾਸ਼ਤ ਕਰਣ ਲਈ, ਉਣ ਲੋਕਾਂ ਦਾ ਸਹਾਰਾ ਲੈ ਸਕਿਆ ਜਿਨ੍ਹਾਂ ਨੇ ਖ਼ੁਦ ਸਭ ਕੁੱਝ ਵੇਖਿਆ, ਭੁਗਤਿਆ ਅਤੇ ਜੋ ਇਸ ਬਾਰੇ ਗੱਲਬਾਤ ਕਰਣ ਲਈ ਹੁਣ ਵੀ ਮੌਜੂਦ ਸਨ.

ਮੈਂ ਇਥੇ ਉਣ ਸਮੀਖਿਅਕਾਂ ਦਾ ਆਪਣਾ ਬਹੁਤ ਦਿਲ੍ਹੀ ਸ਼ੁਕਰੀਆ ਦਰਜ ਕਰਣਾ ਚਾਹੁੰਗਾ, ਜਿਨ੍ਹਾਂ ਦੀ ਬਹੁਤ ਖੁੱਲੇ-ਦਿਲ੍ਹੀ ਟਿੱਪਣੀਆਂ ਨੇ ਇਸ ਕਿਤਾਬ ਦੀ ਮਕਬੂਲੀਅਤ ਤੇ ਮਦਦ ਕੀਤੀ. ਉਨ੍ਹਾਂ ਦਾ ਨਾਂਅ ਲੈਣਾ ਜ਼ਰੂਰੀ ਨਹੀਂ ਹੈ ਕਿਉਂਕਿ ਮੈਨੂੰ ਉਨ੍ਹਾਂ ਦੇ ਨਾਲ ਸੰਪਰਕ ਕਰਣ ਦਾ ਅਤੇ ਜਾਤੀ ਤੌਰ ਤੇ ਮੇਰਾ ਸ਼ੁਕਰੀਆ ਅਦਾ ਕਰਣ ਦਾ ਮੌਕਾ ਮਿਲਦਾ ਰਿਹਾ ਹੈ. ਮਗਰ, ਇੱਕ ਵੱਡੀ ਤਦਾਦ ਤੇ ਕਿਤਾਬ ਪੜ੍ਹਨ ਵਾਲੇ ਮੇਰੇ ਨਾਲ ਈ-ਮੇਲ ਅਤੇ ਫੇਸਬੂਕ ਦੁਆਰਾ, ਲਗਾਤਾਰ ਸੰਪਰਕ ਰੱਖਦੇ ਨੇ. ਕੁੱਝ ਨੂੰ ਮੈਂ ਮਿਲ ਚੁਕਿਆ ਹਾਂ ਅਤੇ ਕੁੱਝ ਨਾਲ ਰੋਜ਼ਾਨਾ ਮੇਲ ਵਗੈਰਾ ਕਰਦਾ ਹਾਂ.

ਨਵੇਂ ਦੋਸਤਾਂ ਵਿੱਚ ਸ਼ਾਮਲ ਹਨ ਪ੍ਰੋਫੇਸਰ ਡਾ.ਹਰਬੰਸ ਮੁਖੀਆ, ਪ੍ਰੋਫੇਸਰ ਡਾ.ਭਗਵਾਨ ਜੋਸ਼, ਪ੍ਰੋਫੇਸਰ ਡਾ.ਪਰਮਿੰਦਰ ਸਿੰਘ, ਡਾ.ਅਮਿਤ ਰੰਜਨ, ਨੈਨੀਂਦਰ ਸਿੰਘ ਢਿਲੋਂ ਅਤੇ ਅਜੇ ਭਾਰਦਵਾਜ.

ਮੈਂ ਗਵਰਨਮੇਂਟ ਕਾਲਜ਼ ਯੂਨੀਵਰਸਿਟੀ (ਜੀ.ਸੀ.ਯੂ), ਲਾਹੌਰ ਦੇ ਵਾਇਸ ਚਾਂਸਲਰ ਪ੍ਰੋ.ਡਾ.ਹਸੱਨ ਅਮੀਰ ਸ਼ਾਹ ਦਾ ਵੀ ਧੱਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਸਿਆਸੀ ਵਿਗਿਆਨ ਫੈਕਲਟੀ ਵਿੱਚ ਬਤੌਰ ਇੱਕ ਵਿਜਿਟਿੰਗ ਪ੍ਰੋਫੇਸਰ ਸ਼ਾਮਲ ਹੋਣ ਦਾ ਮੌਕਾ ਦਿੱਤਾ. ਇਸ ਤਰ੍ਹਾਂ ਮੈਨੂੰ ਲਾਹੌਰ ਨਾਲ ਜਿੱਥੇ ਮੈਂ ਵੱਡਾ ਹੋਇਆ ਸੀ, ਮੁੜ ਕੇ ਜੁੜਨ ਨਾਲ ਮਦਦ ਕੀਤੀ ਹੈ. ਇਸ ਦੇ ਪੂਰਬ ਤੇ ਵਿਸਥਾਰ ਹੋਣ ਦੇ ਚਲਦੇ ਪੁਰਾਣੇ ਲਾਹੌਰ ਦੀ ਹਰਕਤਾਂ ਤਬਦੀਲ ਹੋ ਕੇ ਕਈ ਕਿਲੋਮੀਟਰ ਦੂਰ ਨਵੇਂ ਇਲਾਲਿਆਂ ਤੇ ਚਲੀ ਗਈਆਂ ਨੇ. ਬਹੁਤ ਖੁਸ਼ੀ ਹੁੰਦੀ ਹੈ ਜਦ ਇੱਕ ਜਾਣੂ ਪਰ ਭੜੱਕੇ ਵਾਲੇ ਲਾਹੌਰ ਵਿੱਚ ਵਾਪਸ ਜਾਣ ਦਾ ਮੌਕਾ ਮਿਲਦਾ ਹੈ.

ਪਰ, ਮੈਂ ਗੁਰਪ੍ਰੀਤ ਸਿੰਘ ਜੀ ਨੂੰ ਆਪਣਾ ਦਿਲ੍ਹੀ ਧੱਨਵਾਦ ਅਦਾ ਕਰਾਂਗਾ ਜਿਨ੍ਹਾਂ ਨੇ ਇਸ ਕਿਤਾਬ ਦਾ ਤਰਜਮਾ ਕੀਤਾ ਹੈ ਅਤੇ ਇਸ ਨੂੰ ਇਲੈਕਟ੍ਰਾਨਿਕ ਰੂਪ ਵਿੱਚ ਉਪਲੱਭਧ ਕਰਾਉਣ ਲਈ ਜ਼ਰੂਰੀ ਕਦਮ ਚੁੱਕੇ ਹਨ. ਦੋਨੋ ਕੱਮਾਂ ਵਿੱਚ ਉਨ੍ਹਾਂ ਦਾ ਕਾਫ਼ੀ ਵਕਤ ਅਤੇ ਉਨ੍ਹਾਂ ਦੀ ਕਾਫ਼ੀ ਉਰਜਾ ਲਗੀ ਹ ਪਰ ਉਨ੍ਹਾਂ ਨੇ ਇਸ ਲਈ ਬੜੀ ਉਦਾਰਤਾ ਨਾਲ ਯੋਗਦਾਨ ਦਿੱਤਾ ਹੈ. ਇਹ ਕਹਿਣਾ ਠੀਕ ਹੋਵੇਗਾ ਕਿ ਮੈਂ ਇਸ ਸੰਸਾਰ ਵਿੱਚ ਉਨ੍ਹਾਂ ਦੇ ਦੇ ਇਸ ਇਹਸਾਨ ਨੂੰ ਕਦੇ ਵਾਪਸ ਨਹੀਂ ਕਰ ਸਕਾਂਗਾ.

ਇਸ਼ਤਿਆਕ਼ ਅਹਿਮਦ

ਸੈਲੇਨਟੁਨਾ (ਗ੍ਰੇਟਰ ਸਟੋਕਹੋਮ)

9 ਜੂਨ 2016

ਭੂਮਿਕਾ : ਅੰਗ੍ਰੇਜ਼ੀ ਪ੍ਰਕਾਸ਼ਨ

ਮੇਰੇ ਦਿਮਾਗ ਵਿੱਚ ਪੰਜਾਬ ਦੀ ਤਕਸੀਮ ਦੇ ਉਪਰ ਰਿਸਰਚ ਕਰਨ ਦਾ ਖ਼ਿਆਲ ਕਦੋਂ ਆਇਆ, ਮੈਂ ਸੱਚੇ ਤੌਰ ਤੇ ਨਹੀਂ ਦੱਸ ਸਕਦਾ, ਮਗਰ ਮੈਨੂੰ ਬਚਪਨ ਤੋਂ ਹੀ ਇਸ ਵਿਸ਼ੇ ਉਪਰ ਦਿਲਚਸਪੀ ਹੋ ਗਈ ਸੀ. ਮੈਂ ਬਚਪਨ ਤੋਂ ਲੈ ਕੇ ਵਡੇ ਹੋਣ ਤਕ, ਆਪਣੇ ਬਜ਼ੁਰਗਾਂ ਨੂੰ ਅਕਸਰ ਟੇਮਪਲ ਰੋਡ, ਜਿੱਥੇ ਮੇਰਾ ਜਨਮ ਹੋਇਆ ਸੀ, ਹੋਰ ਉਸ ਦੇ ਇੱਰਦ ਗਿਰਦ ਦੀ ਘਟਨਾਵਾਂ ਦਾ ਜ਼ਿਕਰ ਕਰਦੇ ਸੁਣਦਾ ਸੀ. ਹੌਲੀ ਹੌਲੀ ਮੇਰੀ ਸੋਚ ਦਾ ਦਾਇਰਾ ਵਧਦਾ ਗਿਆ. ਅਕਸਰ ਮੈਂ ਆਪਣੀ ਬਾਇੱਕ ਦੇ ਉਪਰ ਬੈਠ ਕੇ ਸਮੁੱਚੇ ਲਾਹੌਰ ਸ਼ਹਿਰ ਘੂਮਦਾ ਹੋਰ ਇਸ ਪਿਆਰੇ ਸ਼ਹਿਰ ਦੇ ਬਾਰੇ, ਜਿੱਥੇ ਮੇਰਾ ਜਨਮ ਹੋਇਆ ਸੀ, ਹੋਰ ਜ਼ਿਆਦਾ ਇਤਿਹਾਸਕ ਜਾਣਕਾਰੀ ਹਾਸਲ ਕਰਨ ਦੀ ਕੋਸਿਸ ਕਰਦਾ. ਬਾਇਕ ਤੇ ਬੈਕੇ ਮੈਂ ਅਕਸਰ ਉਨ ਇਲਾਕਿਆਂ ਤੇ ਚਲਾ ਜਾਂਦਾ, ਜਿੱਥੇ ਕਿਸੇ ਵਕਤ ਹਿੰਦੂ ਅਤੇ ਸਿੱਖ ਵਸਦੇ ਸਨ, ਮਗਰ ਹੂਣ ਉਨਾਂ ਦਾ ਕੋਈ ਨਾਮੋ-ਨਿਸ਼ਾਨ ਜਾਂ ਅਤਾ ਪਤਾ ਮੌਜੂਦ ਨਹੀਂ ਹੈ. ਬਚਪਨ ਤੋਂ ਨੌਜਵਾਨੀ ਤੇ ਸਫ਼ਰ ਤੱਕ ਮੈਂ ਸਮਝ ਗਿਆ ਸੀ ਕੀ ਹਿੰਦੂ ਅਤੇ ਸਿੱਖ ਆਪਣੇ ਘਰ ਅਤੇ ਇਲਾਕੇ ਖੁਸ਼ੀ ਖੁਸ਼ੀ ਜਾਂ ਆਪਣੀ ਮਰਜ਼ੀ ਨਾਲ ਛੱਡ ਕੇ ਨਹੀਂ ਗਏ ਹੋਣਗੇ. ਸਿਰਫ਼ ਲਾਹੌਰ ਦੀ ਮਸ਼ਹੂਰ ਮਾਰਕੀਟ ਅਨਾਰਕਲੀ ਵਿੱਚ ਬੇਲੀਰਾਮ ਐਂਡ ਸੰਸ ਨਾਮਕ ਦਵਾਈਆਂ ਦੀ ਦੁਕਾਨ ਅਤੇ ਦਵਾਖਾਨਾ, 1970 ਦੇ ਵਕਤ ਵੀ ਮੌਜੂਦ ਸੀ. ਇਸੀ ਜਗ੍ਹ ਤੇ ਸਨ 1947 ਤੋਂ ਪਹਿਲਾਂ ਜ਼ਿਆਦਾਤਰ ਦੁਕਾਨਾਂ ਹਿੰਦੂਵਾਂ ਦੀ ਹੁੰਦੀਆਂ ਸਨ. ਬੇਲੀਰਾਮ ਅਤੇ ਉਨ੍ਹਾਂ ਦਾ ਪਰਵਾਰ ਪਾਕਿਸਤਾਨ ਦੀ 1971 ਦੀ ਤਕਸੀਮ ਦੇ ਬਾਅਦ ਇੰਡੀਆ ਚਲੇ ਗਏ. ਇਹ ਅਜੈ ਵੀ ਇੱਕ ਭੇਦ ਹੈ ਕੀ ਉਹ ਦੁਕਾਨ ਅਤੇ ਉਨ੍ਹਾਂ ਦੇ ਮਾਲਕ ਇੰਨੇ ਸਾਲਾਂ ਤੋਂ ਕਿਸ ਤਰ੍ਹਾਂ ਸਲਾਮਤ ਰਹੇ. ਤਕਸੀਮ ਦੋ ਬਾਅਦ ਲਾਹੌਰ ਵਿੱਚ ਮੁਸਲਮਾਨਾਂ ਦੀ ਵੀ ਦੁਖਦਾਯੀ ਤਸਵੀਰਾਂ ਦੀ ਮਿਸਾਲਾਂ ਵੇਖਣ ਨੂੰ ਮਿਲਦੀਆਂ ਸੀ. ਮੇਰੀ ਸ਼ੁਰੁਵਾਤੀ ਯਾਦ ਇੱਕ ਬੁਜੁਰਗ ਇਨਸਾਨ ਦੀ ਹੈ ਜੋ ਸਾਡੇ ਘਰ ਤੇ ਸਾਹਮਣੇ ਇੱਕ ਛੋਟੀ ਮੋਟੀ ਦੁਕਾਨ ਚਲਾਉਂਦਾ ਸੀ ਅਤੇ ਉਥੇ ਹੀ ਰਹਿੰਦਾ ਸੀ.

ਉਸ ਦਾ ਕੋਈ ਘਰ ਨਹੀਂ ਸੀ ਹੋਰ ਉਸ ਇਨਸਾਨ ਨੇ ਪੁਰਾਣੇ ਪੰਜਾਬ ਤੋਂ ਤਕਸੀਮ ਦੇ ਬਾਅਦ ਲਾਹੌਰ ਤੇ ਪਨਾਹ ਲੀਤੀ ਸੀ. ਉਹ ਇੱਕ ਰੁਖੀ ਉਰਦੂ ਦਾ ਇਸਤੇਮਾਲ ਕਰਦਾ ਸੀ. ਇਸ ਤਰ੍ਹਾਂ ਦੀ ਜ਼ਬਾਨ ਇੰਡੀਆ ਦੇ ਹਰਿਆਣਾ ਸੂਬੇ ਵਿੱਚ ਬੋਲੀ ਜਾਂਦੀ ਹੈ. ਤਕਸੀਮ ਤੋਂ ਪਹਿਲਾਂ ਇਹ ਇਲਾਕਾ ਪੰਜਾਬ ਦਾ ਸਭ ਤੋਂ ਪੂਰਬੀ ਹਿੱਸਾ ਹੁੰਦਾ ਸੀ. ਹਰ ਸ਼ਾਮ ਉਹ ਇੱਕ ਨੁੱਕੜ ਤੇ ਖੜ੍ਹਾ ਹੋ ਜਾਵੇ ਅਤੇ ਸਾਰੀ ਦੁਨੀਆ ਨੂੰ ਸਰਾਪ ਦੇਵੇ, ਗਾਲਾਂ ਕੱਢੇ. ਗਲੀ ਦੇ ਸ਼ੈਤਾਨ ਬੱਚੇ ਉਸ ਨੂੰ ਤਾਨੇ ਮਾਰਦੇ ਅਤੇ ਤੰਗ ਕਰਦੇ. ਉਸ ਦੇ ਦਰਵਾਜ਼ੇ ਤੇ ਦਸਤਕ ਦੇ ਕੇ, ਨਾਲੋਨਲ ਭੱਜ ਜਾਂਦੇ. ਉਹ ਬੰਦਾ ਚਾਚਾ ਚੂਰਨ ਲਾਲ ਦੇ ਨਾਂਅ ਨਾਲ ਮਸ਼ਹੂਰ ਸੀ ਜਿਸ ਤੋਂ ਲਗੇ ਕੀ ਉਹ ਇੱਕ ਹਿੰਦੂ ਸੀ. ਮਗਰ ਉਹ ਇੱਕ ਮੁਸਲਮਾਨ ਸੀ. ਕੋਈ ਉਸ ਦਾ ਨਾਂਅ ਲਾਲ ਦੀਨ ਦੱਸਦਾ ਸੀ ਤੇ ਕੋਈ ਲਾਲ ਮਹੱਮਦ. ਮੈਨੂੰ ਪਤਾ ਲਗਾ ਸੀ ਕੀ ਉਸ ਦੀ ਸ਼ਾਦੀ ਜ਼ਿਆਦਾ ਉਮਰ ਤੇ ਹੋਈ ਸੀ ਅਤੇ ਉਸ ਦੀ ਬੇਗਮ ਦੀ ਮੌਤ, ਉਸ ਦੇ ਬੱਚੇ ਦੀ ਪੈਦਾਇਸ਼ ਦੇ ਦੌਰਾਨ ਹੋ ਗਈ. ਉਸ ਨੇ ਆਪਣੇ ਬੇਟੇ ਨੂੰ, ਜੋ ਕਿ ਉਸ ਦੀ ਇਕੱਲੈਤੀ ਔਲਾਦ ਸੀ, ਖੁਦ ਵੱਡੇ ਕੀਤਾ ਸੀ. ਪੰਜਾਬ ਦੀ ਤਕਸੀਮ ਤੋਂ ਬਾਅਦ ਕੌਮੀ ਫ਼ਸਾਦ ਦੇ ਦੌਰਾਨ ਉਸ ਲੜਕੇ ਦਾ ਕਤਲ ਉਸ ਦੀ ਅੱਖਾਂ ਦੇ ਸਾਹਮਣੇ ਹੋਇਆ. ਇਸ ਸਦਮੇ ਨੇ ਉਸ ਨੂੰ ਹਮੇਸ਼ਾ ਸੋਗ ਮਨਾਉਣ ਲਈ ਮਜਬੂਰ ਕਰ ਦਿੱਤਾ ਅਤੇ ਉਸ ਨੂੰ ਮਾਨਸਿਕ ਤੌਰ ਤੇ ਝਕਝੋਰ ਦਿੱਤਾ. ਲਾਹੋਰ ਤੇ 1953 ਵਿੱਚ ਅਹਮਦਿਆਂ ਦੇ ਖਿਲਾਫ਼ ਫ਼ਸਾਦ ਹੋ ਗਏ

ਹੋਰ ਕਰਫਿਊ ਲਗ ਗਿਆ. ਰੋਜ ਸ਼ਾਮ ਨੂੰ ਫ਼ੌਜੀ ਆਪਣੀ ਗਡੀਆਂ ਤੇ ਬੰਦੂਕਾਂ ਨਾਲ ਲੈਸ ਹੋ ਕੇ ਟੇਮਪਲ ਰੋਡ ਤੋਂ ਗੁਜਰਦੇ. ਉਹ ਇੱਕ ਡਰਾਵਨਾ ਨਜ਼ਾਰਾ ਹੁੰਦਾ ਸੀ. ਲੇਕਿਨ ਲਾਲ ਦੀਨ ਬੇਫ਼ਿਕਰੀ ਨਾਲ ਗਾਲਾਂ ਕੱਢਦਾ, ਜਿਸ ਕਰ ਕੇ ਫੌਜੀ ਕਾਫ਼ੀ ਗੁੱਸੇ ਹੋ ਗਏ ਅਤੇ ਲਾਲ ਦੀਨ ਨੂੰ ਮਜ਼ਾ ਚਖੇਣਾ ਚਾਹੁੰਦੇ ਸਨ. ਰਬ ਦਾ ਭਲਾ ਹੋਵੇ ਕੇ ਇਲਾਕੇ ਦੇ ਬਜ਼ੁਰਗਾਂ ਨੇ ਫ਼ੌਜੀਆਂ ਨੂੰ ਉਸ ਦੇ ਦੁਖ ਦੇ ਬਾਰੇ ਦੱਸਿਆ ਅਤੇ ਸਮਝਾ ਬੁਝਾ ਕੇ ਮਾਮਲਾ ਸੁਲਝਾ ਦਿੱਤਾ ਵਰਨਾ ਲਾਲ ਦੀਨ ਦੀ ਸ਼ਾਮਤ ਆ ਜਾਂਦੀ. ਉਸ ਤੋਂ ਬਾਅਦ ਫ਼ੌਜੀ ਲਾਲ ਦੀਨ ਨੂੰ ਨਜ਼ਰਅੰਦਾਜ਼ ਕਰ ਦੇਂਦੇ ਸਨ. 1947 ਵਿੱਚ ਪੰਜਾਬ ਦੇ ਲੱਖਾਂ ਲੋਗਾਂ ਦੀ ਜ਼ਿੰਦਗੀਆਂ ਤਬਾਹ ਹੋ ਗਈਆਂ; ਟੋਟੇ ਟੋਟੇ ਹੋ ਕੇ ਰਹ ਗਈਆਂ. ਸ਼ਾਇਦ ਜੋ ਦੰਗਿਆਂ ਤੋਂ ਬਚ ਗਏ ਉਨ੍ਹਾਂ ਦੀ ਜ਼ਿੰਦਗੀ ਕਤਲ ਹੋਏ ਲੋਕਾਂ ਤੋਂ ਵੀ ਬਦਤਰ ਹੋ ਗਈ. ਮੈਨੂੰ ਨਹੀਂ ਪਤਾ ਕਿ ਇਨ ਤਕਲੀਫਾਂ ਅਤੇ ਤਸੀਹੇ ਨੂੰ ਕਿਸ ਤਰਾਜੂ ਨਾਲ ਮਾਪਿਆ ਜਾਵੇ.

ਕਲਪਤ ਲਿਖਾਈਆਂ

ਪੰਜਾਬ ਦੀ ਤਕਸੀਮ ਦੀ ਦਾਸਤਾਨ, ਕਾਲਪਨਿਕ ਸਾਹਿਤ ਦ੍ਵਾਰਾ ਸੱਚੀ ਅਤੇ ਬਣਾਈ ਹੋਈ ਘਟਨਾਵਾਂ ਨੂੰ ਇਕ ਖੂਬਸੂਰਤ ਅਤੇ ਨਾਯਾਬ ਤਸਵੀਰ ਦੇ ਤੌਰ ਤੇ ਪੇਸ਼ ਕੀਤੀ ਗਈ. ਇਹ ਮੇਰੀ ਦੂਜੀ ਪ੍ਰੇਰਨਾ ਦਾ ਸਰੋਤ ਬਣੀ ਜਿੰਨ੍ਹੇ ਮੇਰੇ ਵਿੱਚ ਪੰਜਾਬ ਦੀ ਤਕਸੀਮ ਦੇ ਬਾਰੇ ਦਿਲਚਸਪੀ ਉਜਾਗਰ ਕੀਤੀ. ਕ੍ਰਿਸ਼ਨ ਚੰਦਰ, ਸਾਦਤ ਹਸਨ ਮੰਟੋ ਅਤੇ ਰਾਜਿੰਦਰ ਸਿੰਘ ਬੇਦੀ ਦੇ ਕਿੱਸੇ, ਕਹਾਨਿਆਂ ਹੋਰ ਨਾਵਲ ਕਾਫ਼ੀ ਮਸ਼ਹੂਰ ਰਹੇ ਹਨ. ਮੰਟੋ ਦੀ ਰਚਨਾ ਟੋਬਾ ਟੇਕ ਸਿੰਘ ਸ਼ਾਇਦ ਪੰਜਾਬ ਦੀ ਤਕਸੀਮ ਦੀ ਆਖਰੀ ਆਰੋਪਣ ਹੈ. ਇਸੀ ਇਤਿਹਾਸਿਕ ਘਟਨਾ ਦੇ ਉਪਰ ਹੋਰ ਵੀ ਕਈ ਅਵ੍ਵਲ ਦਰਜੇ ਦੀ ਲਿਖਾਈਆਂ ਹੋਈਆਂ ਨੇ. 67 ਸਾਲਾਂ ਬਾਅਦ ਵੀ ਪੰਜਾਬ ਦੀ ਤਕਸੀਮ ਕਾਲਪਨਿਕ ਕਥਾਕਾਰਾਂ ਵਾਸਤੇ ਇਕ ਪ੍ਰੇਰਨਾ ਦਾ ਜਰਿਆ ਬਣੀ ਹੋਈ ਹੈ. ਮੈਂ ਕਦੀ ਕਦੀ ਸੋਚਦਾਂ ਹਾਂ ਕੇ ਪੰਜਾਬ ਦੀ ਤਕਸੀਮ ਦੇ ਉਪਰ ਸ਼ਾਇਰਾਂ ਦੀ ਨਜ਼ਰ ਥੋੜੀ ਘੱਟ ਪਈ ਹੈ. ਪੰਜਾਬ ਦੀ ਤਕਸੀਮ ਦੇ ਦੌਰਾਨ ਸਮਾਜਿਕ ਹਾਲਾਤ ਇੰਨੇ ਉਲਝੇ ਅਤੇ ਗੁੰਝਲਦਾਰ ਸਨ ਕੇ ਕਵਿਤਾ ਹੋਰ ਕਵੀ ਇਨ ਹਾਲਾਤਾਂ ਦੇ ਥਲੇ ਦਬ ਕੇ ਰਹਿ ਗਏ. ਪਰ ਇਸ ਬਾਰੇ ਮੇਰਾ ਜਾਇਜਾ ਗਲਤ ਵੀ ਹੋ ਸਕਦਾ ਹੈ. ਪੰਜਾਬ ਦੇ ਮਹਾਨ ਸੂਫੀ ਸ਼ਾਇਰ ਵਾਰਿਸ ਸ਼ਾਹ ਦੀ ਯਾਦ ਵਿਚ, ਘੱਟ ਤੋਂ ਘੱਟ ਇਕ ਅਨੋਖੀ ਕਵਿਤਾ ਪੇਸ਼ ਕੀਤੀ ਗਈ ਹੈ. ਵਾਰਿਸ ਸ਼ਾਹ (1722-1798) ਦੀ ਲਿਖੀ "ਹੀਰ" ਪੰਜਾਬ ਦੀ ਸਭ ਤੋਂ ਮਸ਼ਹੂਰ ਲੋਕਧਾਰਾਵਾਂ ਦੀ ਮਾਲਾ ਵਿੱਚ ਇੱਕ ਅਨਮੋਲ ਮੋਤੀ ਹੈ ਅਤੇ ਇਸ ਦੀ ਤੁਲਨਾ ਰੋਮੀਓ ਜੁਲਿਏਟ ਨਾਲ ਕੀਤੀ ਜਾ ਸਕਦੀ ਹੈ. ਮੈਂ ਅੱਮ੍ਰਿਤਾ ਪ੍ਰੀਤਮ ਦੇ ਵਾਰਿਸ ਸ਼ਾਹ ਦੇ ਕਸੀਦੇ ਤੋਂ ਸਿਰਫ਼ ਸੁਰੂਵਾਤੀ ਛੰਦਾਂ ਦਾ ਜਿਕਰ ਕਰਾਂਗਾ:

ਵਾਰਿਸ ਸ਼ਾਹ ਨੂੰ

"ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ,
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ

ਉਠ ਦਰਦਮੰਦਾਂ ਦਿਆ ਦਰਦੀਆ ਉੱਠ ਤੱਕ ਆਪਣਾ ਪੰਜਾਬ,
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ
ਕਿਸੀ ਨੇ ਪੰਜਾਂ ਪਾਣਿਆਂ ਵਿੱਚ ਦਿਤੀ ਜਹਰ ਮਿਲਾ
ਤੇ ਉਨ੍ਹਾਂ ਪਾਣਿਆਂ ਧਾਰ ਤੋਂ ਦਿੱਤਾ ਪਾਨੀ ਲਾ"

ਪੰਜਾਬ ਦੀ ਤਕਸੀਮ ਦੇ ਦੌਰਾਨ ਹੋਈ ਤਰਾਸਦੀ ਦੀ ਸਭ ਤੋਂ ਗ਼ਮਗੀਨ ਤਸਵੀਰ ਅਸੀਂ ਇੱਕ ਵੱਡੀ ਤਾਦਾਦ ਵਿੱਚ ਬੇਘਰ ਅਤੇ ਵਿਛੜ ਗਈਆਂ ਔਰਤਾਂ ਵਿੱਚ ਵੇਖਦੇ ਹਾਂ. ਸਮਾਜ ਅਤੇ ਉਨ੍ਹਾਂ ਦੇ ਪਰਵਾਰ ਨੇ ਉਨ੍ਹਾਂ ਦੇ ਨਾਲ ਅਲਗ ਅਲਗ ਤਰ੍ਹਾਂ ਦਾ ਸਲੂਕ ਕੀਤਾ. ਹਿੰਦੂਆਂ ਅਤੇ ਸਿਖਾਂ ਨੂੰ ਇਣ ਔਰਤਾਂ ਨੂੰ ਸਵੀਕਾਰ ਕਰਣਾ ਜ਼ਿਆਦਾ ਮੁਸ਼ਕਲ ਸੀ ਕਿਉਂਕਿ ਉਨ੍ਹਾਂ ਦੇ ਮਜ਼ਹਬ ਵਿੱਚ ਜਾਤ ਪ੍ਰਥਾ ਦੇ ਚਲਦੇ ਮੁਸਲਮਾਨਾਂ ਦੇ ਘਰ ਰਹਿਣ ਤੋਂ ਬਾਅਦ ਕੋਈ ਵੀ ਔਰਤ ਅਪਵਿੱਤਰ ਹੋ ਜਾਂਦੀ ਸੀ. ਮੁਸਲਮਾਨ ਔਰਤਾਂ ਦੇ ਹਾਲ ਬਿਹਤਰ ਸਨ. ਇਣ ਔਰਤਾਂ ਨੂੰ ਵਾਪਸ ਨਾ ਲੈਣ ਦੀ ਕੋਈ ਮਜ਼ਬੂਬੀ ਵਜ੍ਹਾ ਨਹੀਂ ਸੀ. ਪਰ ਕੁੱਝ ਸਮਾਜਿਕ ਅਤੇ ਸਭਿਆਚਾਰਕ ਪੱਖਪਾਤ ਜ਼ਰੂਰ ਮੌਜੂਦ ਸੀ. ਇਹ ਗਲ ਵੀ ਸੱਚ ਹੈ ਕਿ ਕੁੱਝ ਲੋਕਾਂ ਨੂੰ ਛੱਡ ਕੇ, ਉਣ ਔਰਤਾਂ ਦੇ ਨਾਲ ਜਿਨ੍ਹਾਂ ਨੂੰ ਜ਼ਬਰਦਸਤੀ ਕਬਜ਼ੇ ਵਿੱਚ ਜਾਂ ਖਰੀਦ ਲੀਤਾ ਗਿਆ, ਉਨ੍ਹਾਂ ਦੇ ਨਾਲ, ਹਮੇਸ਼ਾ ਖਰਾਬ ਸਲੂਕ ਨਹੀਂ ਕੀਤਾ ਗਿਆ. ਕੁੱਝ ਮੌਕੇਆਂ ਤੇ ਇਹ ਰਿਸ਼ਤਾ ਪਿਆਰ ਵਿੱਚ ਤਬਦੀਲ ਹੋ ਗਿਆ. ਮਗਰ, ਪਾਕਿਸਤਾਨ ਹੋਰ ਇੰਡੀਆ ਦੀ ਹਕੁਮਤਾਂ, ਅਗਵਾ ਕੀਤੀ ਔਰਤਾਂ ਦੀ ਪੁਨਰ ਪ੍ਰਾਪਤੀ ਅਤੇ ਉਨ੍ਹਾਂ ਦੇ ਪਰਵਾਰ ਵਿੱਚ ਬਹਾਲੀ ਕਰਾਉਣ ਨੂੰ ਰਾਜੀ ਹੋ ਗਈਆਂ. ਜਿਸ ਅਫਸਰਸ਼ਾਹੀ ਨੂੰ ਇਹ ਜ਼ਿਮੇਵਾਰੀ ਦਿੱਤੀ ਗਈ ਉਹ ਮਿਲੀ ਜੁਲੀ ਮਜ਼ਬੂਬੀ ਸ਼ਾਦੀ ਕਰਣ ਵਾਲੇਆਂ ਨਾਲ ਕਾਫ਼ੀ ਬੇਰਹਿਮੀ ਨਾਲ ਪੇਸ਼ ਆਈ. ਬੂਟਾ ਸਿੰਘ ਦੀ ਕਹਾਣੀ ਸੰਵੇਦਨਹੀਨਤਾ ਦੀ ਇਕ ਮਿਸਾਲ ਬਣ ਕੇ ਰਹ ਗਈ ਹੈ. ਉਸ ਦਾ 40 ਸਾਲ ਦੀ ਉਮਰ ਤਕ ਵਿਆਹ ਨਹੀਂ ਹੋਇਆ ਸੀ ਅਤੇ ਆਪਣੇ ਤੋਂ ਕਾਫ਼ੀ ਛੋਟੀ ਇੱਕ ਮੁਸਲਿਮ ਕੁੜੀ ਜੈਨਬ ਜਿਸ ਨੂੰ ਊਸ ਨੇ, ਉਸ ਦੇ ਕਬਜਾ ਕਰਨ ਵਾਲੇਆਂ ਤੋਂ ਖ਼ਰੀਦ ਕੇ ਵਿਆਹ ਕਰ ਲੀਤਾ. ਉਹ ਪਤੀ ਪਤਨੀ ਦੀ ਤਰ੍ਹਾਂ ਰਹਿਣ ਲਗ ਗਏ ਅਤੇ ਜੈਨਬ ਨੇ 2 ਪੁਤਰੀਆਂ ਨੂੰ ਜਨਮ ਦਿੱਤਾ. ਇੱਕ ਦਿਨ ਅਚਾਨਕ ਉਸ ਨੂੰ ਪੁਲਿਸ ਆ ਕੇ ਲੈ ਗਈ ਹੋਰ ਉਸ ਦੀ ਬਹਾਲੀ ਉਸ ਦੇ ਮੁਸਲਿਮ ਪਰਵਾਰ ਤੇ ਕਰ ਦਿੱਤੀ ਜੋ ਕੀ ਲਾਇਲਪੁਰ ਦੇ ਲਾਗੇ ਵਸ ਗਿਆ ਸੀ. ਇਕ ਰਹਿਮਦਿਲ ਮੁਸਲਮਾਨ ਜੈਨਬ ਦਾ ਅਤਾ ਪਤਾ ਬੂਟਾ ਸਿੰਘ ਨੂੰ ਲਗਾਤਾਰ ਦੇਂਦਾ ਸੀ. ਜੈਨਬ ਆਪਣੇ ਨਾਲ ਛੋਟੀ ਬੇਟੀ ਨੂੰ ਲੈ ਗਈ, ਮਗਰ ਵੱਡੀ ਬੇਟੀ ਨੂੰ ਬੂਟਾ ਸਿੰਘ ਕੋਲ ਛਡ ਗਈ. ਬੂਟਾ ਸਿੰਘ ਨੇ ਇਸਲਾਮ ਕਬੂਲ ਕਰ ਲੀਤਾ ਅਤੇ ਆਪਣਾ ਇਕ ਨਵਾਂ ਨਾਂਅ "ਜਮੀਲ ਅਹਿਮਦ" ਰੱਖ ਲੀਤਾ. ਆਪਣੀ ਵੱਡੀ ਬੇਟੀ ਨੂੰ ਲੈ ਕੇ ਬੂਟਾ ਗੈਰਕਾਨੂੰਨੀ ਤਰੀਕੇ ਨਾਲ ਪਾਕਿਸਤਾਨ ਆ ਗਿਆ. ਬੂਟਾ ਸਿੰਘ ਨੂੰ ਪੁਲਿਸ ਨੇ ਪਰੇਸ਼ਾਨ ਕੀਤਾ ਕਿਉਂਕਿ ਕਾਨੂੰਨ ਦੇ ਮੁਤਾਬਕ ਉਸ ਨੂੰ ਪੁਲਿਸ ਨੂੰ ਆਪਣੀ ਮੌਜੂਦਗੀ ਦੱਸਣੀ ਲਾਜ਼ਮੀ ਸੀ. ਉਹ ਜੈਨਬ ਨੂੰ ਅਦਾਲਤ ਵਿੱਚ ਪੇਸ਼ ਕਰਨ ਲਈ, ਇੱਕ ਮਜਿਸਟ੍ਰੇਟ ਨੂੰ ਮਨਾਉਣ ਤੇ ਕਾਮਯਾਬ ਹੋ ਗਿਆ. ਇਸ ਵਿੱਚ ਜੈਨਬ ਦਾ ਹੋਰ ਕਿਸੇ ਨਾਲ ਨਿਕਾਹ ਹੋ ਗਿਆ ਸੀ. ਅਦਾਲਤ ਵਿੱਚ ਜੈਨਬ ਨੇ ਬੂਟਾ ਸਿੰਘ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ. ਐਦਾਂ ਜੈਨਬ ਨੇ ਜਾਣ ਕੇ ਕੀਤਾ ਜਾਂ ਉਹ ਮਜਬੂਰ ਸੀ? ਬੂਟਾ ਸਿੰਘ ਦਾ ਦਿਲ ਟੁੱਟ ਗਿਆ ਅਤੇ ਉਸ ਨੇ ਇੱਕ ਚਲਦੀ ਗੱਡੀ ਦੇ ਸਾਹਮਣੇ ਛਾਲ ਮਾਰ ਕੇ ਆਪਣੀ ਜਾਣ ਦੇ ਦਿੱਤੀ. ਇਸ ਘਟਨਾ ਨੇ ਮੁਸਲਿਮ ਬਰਾਦਰੀ ਨੂੰ ਝਕਝੋਰ ਕੇ ਰੱਖ ਦਿੱਤਾ ਹੋਰ

ਉਹ ਆਪਣੇ ਆਪ ਨੂੰ ਸਮੁਚੇ ਤੌਰ ਤੇ ਕਸੂਰਵਾਰ ਮੰਨ ਰਹੇ ਸਨ. ਉਨ੍ਹਾਂ ਨੇ ਇਸ ਤਰਾਸਦੀ ਦੀ ਭਰਪਾਈ ਬੂਟਾ ਸਿੰਘ ਨੂੰ ਇਸਲਾਮੀ ਰਿਵਾਜਾਂ ਨਾਲ ਦਫਨਾ ਕੇ ਕੀਤੀ. ਉਸ ਦੇ ਜਨਾਜੇ ਵਿੱਚ ਹਜਾਰਾਂ ਦੀ ਤਾਦਾਤ ਤੇ ਲੋਕਾਂ ਨੇ ਹਾਜਰੀ ਭਰੀ. ਇਹ ਪੰਜਾਬੀ ਮੁਸਲਮਾਨਾਂ ਦੀ ਤਹਿਜ਼ੀਬ ਹੈ. ਉਹ ਬਹੁਤ ਜਲਦੀ ਤੈਸ਼ ਤੇ ਆ ਜਾਂਦੇ ਨੇ ਮਗਰ ਖੁਸ਼ ਦਿਲ ਹੋਰ ਦਾਨੀ ਹੋਣ ਤੋਂ ਸਿਵਾਏ, ਬਖਸ਼ ਦੇਣ ਦੇ ਮਾਮਲੇ ਤੇ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਹੈ. ਪੰਜਾਬੀ ਮੁਸਲਿਮ ਦੀ ਪਛਾਣ ਅਗਰ ਪਰਸੀਅਨ ਗਲਫ ਤੋਂ ਆਏ ਪੇਟ੍ਰੋ ਡਾਲਾਰਾਂ ਦੇ ਚਲਦੇ ਅਰਬੀਕਰਣ ਦੀ ਮੁੱਹਿਮ ਥਲੇ ਦਬ ਜਾਵੇ ਤਾਂ ਉਨ੍ਹਾਂ ਦੀ ਤਹਿਜ਼ੀਬ ਤਬਾਹ ਹੋ ਜਾਵੇਗੀ. ਹਕੂਮਤ ਦ੍ਵਾਰਾ ਇਸਲਾਮੀਕਰਣ ਵੀ ਪਾਕਿਸਤਾਨੀ ਪੰਜਾਬੀ ਸਮਾਜ ਨਾਲ ਬੇਰਹਿਮੀ ਨਾਲ ਪੇਸ਼ ਆ ਰਿਹਾ ਹੈ.

ਪੰਜਾਬ ਦੀ ਤਕਸੀਮ ਬਾਰੇ ਰਿਸਰਚ (ਸ਼ੋਧ)

ਮੈਨੂ ਪੰਜਾਬ ਦੀ ਤਕਸੀਮ ਦੇ ਬਾਰੇ ਸ਼ੋਧ ਕਰਣ ਦਾ ਪਹਿਲਾ ਮੌਕਾ 1999 ਨੂੰ ਮਿਲਿਆ ਜਦ ਮੈਂ ਕੋਵੇਂਟਰੀ ਯੂਨੀਵਰਸਿਟੀ, ਯੂ.ਕੇ. ਤੇ ਇਕ ਕਨਫਰੇਂਸ ਵਿੱਚ ਹਿੱਸਾ ਲੈਣ ਲਈ ਇਅਨ ਟੈਲਬੱਟ ਅਤੇ ਸ਼ਿੰਦਰ ਠੰਡੀ ਦ੍ਵਾਰਾ ਬੁਲਾਇਆ ਗਿਆ. ਇਹ ਗੁਰੂ ਗੋਬਿੰਦ ਸਿੰਘ ਦ੍ਵਾਰਾ ਖਾਲਸਾ ਪੰਥ ਦੀ ਸਥਾਪਨਾ ਦੀ 300 ਸਾਲਾਂ ਮਨਾਉਣ ਦੇ ਮੌਕੇ ਤੇ ਹੋਇਆ. ਕਾਨਫ਼ਰੰਸ ਦਾ ਇਕ ਮਕਸਦ ਪੰਜਾਬ ਦੀ ਤਕਸੀਮ ਤੇ ਰੋਸ਼ਨੀ ਪਾਉਣਾ ਵੀ ਸੀ. ਤਕਸੀਮ ਦੇ ਦਿਨਾਂ ਵਿੱਚ ਲਾਹੌਰ ਤੇ ਹੋਈ ਘਟਨਾਵਾਂ ਦੇ ਬਾਰੇ ਮੈਂ ਕੁੱਝ ਲਿਖਣ ਵਾਸਤੇ ਆਪਣੀ ਖਵਾਹਿਸ਼ ਦਾ ਇਜਹਾਰ ਕੀਤਾ. ਉਸ ਦੇ ਬਾਅਦ ਮੈਂ ਮੁੜ ਕੇ ਨਹੀਂ ਵੇਖਿਆ.

ਇਕ ਪੋਲੀਟੀਕਲ ਸਾਇੰਟਿਸਟ (ਸਿਆਸੀ ਵਿਗਿਆਨੀ) ਹੋਣ ਕਰਕੇ ਮੈਂ ਕੁਦਰਤੀ ਤੌਰ ਤੇ ਮਜਬੂਰੀ ਵਿੱਚ ਕੀਤੇ ਗਏ ਪ੍ਰਵਾਸ, ਏਥਨਿਕ ਕਲਿੰਸਿੰਗ (ਨਸਲੀ ਸਫਾਈ), ਜੇਨੋਸਾਇਡ (ਨਸਲਕੁਸ਼ੀ) ਦੇ ਬਾਰੇ ਆਪਣਾ ਗਿਆਨ ਵਧਾਉਣਾ ਚਾਹੁੰਦਾ ਸੀ ਕਿਉਂਕਿ ਇਨ੍ਹਾਂ ਨੇ ਪੰਜਾਬੀਆਂ ਦੇ ਉਪਰ ਸਨ 1947 ਵਿੱਚ ਕਹਰ ਢਾਇਆ ਸੀ. ਇਕ ਮਾਇਨੇ ਵਿੱਚ ਯਹੂਦੀਆਂ ਦਾ ਹੋਲੋਕਾਸਟ (ਸਰਬਨਾਸ), ਯੁਗੋਸਲਾਵਿਆ ਦਾ ਨਸਲੀ ਸ਼ੁਧੀਕਰਨ, ਰਵਾਂਡਾ ਅਤੇ ਦਾਰਫੁਰ ਦੀ ਨਸਲਕੁਸ਼ੀ ਹੋਰ ਪੰਜਾਬ ਦੀ ਤਕਸੀਮ ਇੱਕ ਤਰ੍ਹਾਂ ਦੀ ਨਾਸਮਝਦਾਰੀ ਹੋਰ ਆਕ੍ਰਮਣ ਭਰੀ ਸੋਚ ਹੈ, ਜੋ ਕਿ ਸਾਰੇ ਇਨਸਾਨੀ ਸਮਾਜ ਅਤੇ ਸਭਿਅਤਾ ਨੂੰ ਪ੍ਰਾਚੀਨ, ਮੱਧ ਅਤੇ ਆਧੁਨਿਕ ਵਕਤ ਤੇ ਸ਼ਰਮਸਾਰ ਕਰਦੀ ਆਈ ਹੈ. ਇਸ ਲੇਖ ਵਿੱਚ ਇਸ ਨਜ਼ਰਿਏ ਉਪਰ ਜ਼ੋਰ ਦੇਣ ਲਈ, ਮੈਂ ਬਹੁਤ ਸਾਰੇ ਸਬੂਤ ਪੇਸ਼ ਕਰਾਂਗਾ.ਸਾਡਾ ਪ੍ਰਮੁਖ ਧਿਆਨ ਖ਼ਾਸ ਕਰ ਕੇ ਪੰਜਾਬ ਦੀ ਹਾਲਾਤ ਦੀ ਪਛਾਣ ਅਤੇ ਉਸ ਦੀ ਖ਼ਾਸੀਅਤ ਨੂੰ ਉਭਾਰਨਾ ਹੈ ਅਤੇ ਉਸ ਦਾ ਥੇਓਰੇਟਿਕਲ (ਪਿਹਲੂਆ) ਸਪਸ਼ਟੀਕਰਣ ਕਰਨਾ ਹੈ. ਇਹ ਤਰੀਕਾ ਇਸ ਥਿਓਰੀ ਦੇ ਮੁਆਇਨਾ ਕਰਣ ਦੀ ਬੁਨਿਆਦ ਹੈ. ਦੂਜੇ ਲਫ਼ਜਾਂ ਵਿੱਚ, ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦੀ ਤਕਸੀਮ ਨੂੰ ਅਗਰ ਅਸੀਂ ਇਕ ਮਿਸਾਲ ਦੇ ਤੌਰ ਤੇ ਲਇਏ ਅਤੇ ਇਕ ਥਿਓਰੀ ਦੇ ਲਈ ਇਸਤੇਮਾਲ ਕਰਿਏ, ਇਹ ਪੰਜਾਬ ਅਤੇ ਇਸ ਦੇ ਨਾਲ ਮਿਲਦੀ ਜੁਲਦੀ ਘਟਨਾਵਾਂ ਦੇ ਬਾਰੇ ਰਿਸਰਚ (ਛਾਂਨ ਬਿਨ) ਕਰਨ ਵਾਲੇ ਵਿਦਵਾਨਾਂ ਨੂੰ ਕਾਫ਼ੀ ਮਦਦ ਮਿਲੇਗੀ.

ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਕਿ ਮੈਨੂੰ ਇੰਨੇ ਮੁਖ਼ਤਲਿਫ਼ ਪੰਜਾਬੀਆਂ ਨੂੰ ਮਿਲਣ ਦਾ ਅਤੇ ਗੱਲ-ਬਾਤ ਕਰਣ ਦਾ ਅਤੇ ਉਨ੍ਹਾਂ ਦੇ ਤਜਰਬੇਆਂ ਨੂੰ ਰਿਕਾਰਡ ਕਰਣ ਦਾ ਮੌਕਾ ਮਿਲਿਆ. ਨਤੀਜਨ ਮੇਰੇ

ਕੋਲ ਇਕ ਬਹੁਤ ਵੱਡਾ ਜਾਤੀ ਅਤੇ ਨਸਲੀ ਵੇਰਵਾ ਆ ਗਿਆ ਹੈ ਜੋ ਕਿ ਮੈਂ ਹੁਣ ਤੁਹਾਡੇ ਨਾਲ ਵੰਡ ਰਿਹਾ ਹਾਂ. ਸਾਨੂ ਪੰਜਾਬੀਅਤ ਵਿੱਚ ਝਾਕਣ ਦਾ ਅਤੇ ਇਸ ਦੀ ਤਾਕਤਾਂ ਹੋਰ ਕਮਜੋਰੀਆਂ ਨੂੰ ਜਾਨਣ ਦਾ ਮੌਕਾ ਮਿਲਦਾ ਹੈ. ਕੁੱਝ ਚੰਗੀਆਂ ਅਤੇ ਕੁੱਝ ਖਰਾਬ ਰਿਵਾਜਾਂ ਅਤੇ ਰਵਾਇਤਾਂ ਨੇ ਕੁਦਰਤੀ ਤੈਰ ਤੇ, 1940 ਤੋਂ ਲੈ ਕੇ ਤਕਸੀਮ ਤਕ, ਲੋਕਾਂ ਦੇ ਅੰਦਰ ਆਪਣੀ ਜਗ੍ਹ ਬਣਾ ਲਈ ਹੋਰ ਉਨ੍ਹਾਂ ਦੇ ਜੋਸ਼, ਨਰਮਦਿਲੀ ਅਤੇ ਪੱਖਪਾਤ ਦੀ ਸੋਚ ਉਪਰ ਅਸਰ ਪਾਹਿਆ. ਜਦੋਂ 1947 ਵਿੱਚ ਬਿਲਕੁਲ ਵਿਲਖਣ ਹਾਲਾਤ ਸਾਹਮਣੇ ਆਏ ਤੇ, ਇਣ ਚੀਜ਼ਾਂ ਨੇ ਲੋਕਾਂ ਦੀ ਪ੍ਰਤੀਕਿਰਿਆ ਨੂੰ ਠੇਸ ਪਹੁੰਚਾਈ. ਇਹ ਸਮੀਖਿਆ ਬੇਹਦ ਜ਼ੋਰਦਾਰ ਤਰੀਕੇ ਨਾਲ ਮੁਜਾਹਰਾ ਕਰਦੀ ਹੈ ਕਿ ਕੋਈ ਵੀ ਪੰਜਾਬੀ ਬਰਾਦਰੀ ਜਾਂ ਸਮੂਹ ਨਾ ਤੇ ਪੂਰੀ ਤਰ੍ਹਾਂ ਸ਼ੈਤਾਨ ਸੀ ਅਤੇ ਨਾ ਹੀ ਪੂਰੀ ਤਰ੍ਹਾਂ ਕੋਈ ਰਬ ਦਾ ਰੂਪ.

ਸਪੈਲਿੰਗ

ਪੰਜਾਬੀ ਨਾਵਾਂ ਉਪਾਧਿਆਂ ਅਤੇ ਗੋਤ ਦੀ ਕੋਈ ਮਿਆਰੀ ਅੰਗ੍ਰੇਜੀ ਸਪੇਲਿੰਗ ਨਹੀਂ ਹੈ. ਅੰਗ੍ਰੇਜ਼ੀ ਤੋਂ ਪੰਜਾਬੀ ਵਿੱਚ ਤਰਜਮਾ ਹਮੇਸ਼ਾ ਸੌਖਾ ਜਾਂ ਸਹੀ ਨਹੀਂ ਹੁੰਦਾ ਹੈ. ਕਿਸੇ ਵੀ ਬੰਦੇ ਦੁਆਰਾ ਇਸਤੇਮਾਲ ਕੀਤੀ ਗਈ ਸਪੇਲਿੰਗ ਮੈਂ ਉਸੀ ਦੇ ਮੁਤਾਬਕ ਲੈ ਲੀਤੀ ਹੈ. ਕੁੱਝ ਵਾਰ ਨਾਂਆਂ ਦੇ ਸਪੇਲਿੰਗ ਬਦਲ ਗਏ ਨੇ. ਜ਼ਿਆਦਾਤਰ ਲੋਕ ਜਿਨ੍ਹਾਂ ਦੀ ਗਵਾਹੀ ਇਸ ਕਿਤਾਬ ਤੇ ਪੇਸ਼ ਕੀਤੀ ਗਈ ਹੈ, ਉਹ ਨਾ ਤੇ ਅੰਗ੍ਰੇਜ਼ੀ ਬੋਲ ਸਕਦੇ ਨੇ ਹੋਰ ਨਾ ਹੀ ਲਿਖ ਸਕਦੇ ਨੇ. ਇਸ ਕਿਤਾਬ ਵਿੱਚ ਜਗਹਾਂ ਦੇ 1947 ਵਿੱਚ ਚਾਲੂ ਸਪੇਲਿੰਗ ਇਸਤੇਮਾਲ ਕੀਤੇ ਗਏ ਹਨ. ਇਸ ਦੇ ਇਲਾਵਾ ਕਈ ਸ਼ਹਿਰਾਂ ਦੇ ਨਾਂਅ ਵੀ ਬਦਲ ਗਏ ਨੇ.

ਪ੍ਰਸ਼ਾਸਨ ਦਾ ਦੇਸੀਕਰਣ

ਇਸ ਕਿਤਾਬ ਵਿੱਚ ਪ੍ਰਸਾਸਨ ਦੇ ਦੇਸੀਕਰਣ ਤੇ ਜੋਰ ਦਿੱਤਾ ਗਿਆ ਹੈ ਚੂੰਕਿ 1940 ਦੇ ਦਹਾਕੇ ਵਿੱਚ ਇਹ ਰਫ਼ਤਾਰ ਪਕੜ ਚੁਕਿਆ ਸੀ. ਮੇਰੇ ਕੋਲ ਸਹੀ ਵੇਰਵਾ ਨਹੀਂ ਹੈ ਕਿਉਂਕਿ ਸਰਕਾਰੀ ਦਸਤਾਵੇਜਾਂ ਅਤੇ ਰਿਪੋਰਟਾਂ ਵਿੱਚ ਕੋਈ ਖ਼ਾਸ ਜਾਣਕਾਰੀ ਨਹੀਂ ਮਿਲੀ. ਉਸ ਤਬਦੀਲੀ ਵਾਲੇ ਦੈਰ ਵਿੱਚ ਅਫਸਰਾਂ ਦੇ ਨਾਮਕਰਣ ਦਾ ਕੋਈ ਮਿਆਰੀ ਅਭਿਆਸ ਨਹੀਂ ਸੀ. ਆਪਣੀ ਰਿਸਰਚ ਦੇ ਅੰਤ ਤੇ ਮੈਂ ਜਿਲ੍ਹਾਂ ਦੇ ਡਿਪਟੀ ਕਮਿਸ਼ਨਰਾਂ ਦੇ ਨਾਂਅ ਲਭਣੇ ਸ਼ੁਰੂ ਕਰ ਦਿੱਤੇ ਕਿਉਂਕਿ ਉਹ ਪ੍ਰਸ਼ਾਸ਼ਨ ਮਸ਼ੀਨਰੀ ਦੇ ਪ੍ਰਮੁਖ ਹੁੰਦੇ ਸੀ. ਕੋਸ਼ਿਸ਼ ਕਰਣ ਦੇ ਬਾਵਜੂਦ ਮੈਂ ਪੂਰੀ ਅਤੇ ਭਰੋਸੇਮੰਦ ਫ਼ਹਿਰਿਸਤ ਹਾਸਲ ਨਹੀਂ ਕਰ ਸਕਿਆ. ਮਗਰ ਕੁੱਝ ਤਾਲੁੱਕ ਰੱਖਦੇ ਨਾਂਅ ਅਤੇ ਤਕਸੀਮ ਤੋਂ ਪਹਿਲਾ ਦੀ ਫ਼ਹਿਰਿਸਤ ਮੈਨੂੰ ਮਿਲ ਗਈ. ਇਸ ਦੇ ਵਿੱਚ ਹਿੰਦੂਵਾਂ, ਸਿੱਖਾਂ ਅਤੇ ਮੁਸਲਮਾਨਾਂ ਦੇ ਨਾਂਅ ਸ਼ਾਮਲ ਹਨ. ਭਰੋਸੇਯੋਗ ਜਾਣਕਾਰੀ ਦੇ ਆਧਾਰ ਤੇ ਕੁੱਝ ਨਾਂਆਂ ਨੂੰ ਠੀਕ ਵੀ ਕੀਤਾ ਗਿਆ. ਹਾਲਾਂਕਿ ਜੋ ਫ਼ਹਿਰਿਸਤ ਮੈਂ ਤਿਆਰ ਕੀਤੀ ਹੈ, ਉਸ ਵਿੱਚ ਕਈ ਗਲਤੀਆਂ ਹੋ ਸਕਦੀਆਂ ਨੇ ਮਗਰ ਇਸ ਨੂੰ ਪੇਸ਼ ਕੀਤਾ ਜਾ ਸਕਦਾ ਹੈ.

ਸਮੁੱਚੇ ਤੌਰ ਤੇ, ਅਸੀਂ ਇਹ ਕਹਿ ਸਕਦੇ ਹਾਂ ਕਿ 1947 ਤੇ ਸਿੱਖ, ਮੁਸਲਮਾਨ ਅਤੇ ਹਿੰਦੂ ਸਭ ਦਾ ਪ੍ਰਭਾਵ ਵਧ ਗਿਆ ਸੀ; ਪੁਰਾਣਾ ਪੰਜਾਬ 5 ਡਿਵੀਜਨਾਂ ਨੂੰ ਲੈ ਕੇ ਬਣਿਆ ਸੀ ਅਤੇ ਉਣ ਡਵਿਜਨਾਂ ਵਿੱਚ ਕੁਲ ਮਿਲਾ ਕੇ 29 ਜ਼ਿਲ੍ਹੇ ਸ਼ਾਮਲ ਸਨ. ਜੁਲਾਈ 1947 ਤੋਂ ਬਾਅਦ ਡਿਪਟੀ ਕਮਿਸ਼ਨਰ ਅਤੇ ਹੋਰ ਸੀਨੀਅਰ

ਅਫਸਰਾਂ ਦਾ ਤਬਾਦਲਾ ਦੂਜੇ ਪੰਜਾਬ ਤੇ ਹੋਣ ਲਗਾ ਅਗਰ ਉਨ੍ਹਾਂ ਦਾ ਮਜ਼ੂਬ ਉਣ ਲੋਕਾਂ ਦੇ ਮਜ਼ੂਬ ਨਾਲ ਮੇਲ ਨਹੀਂ ਖਾਉਂਦਾ ਸੀ, ਜੋ ਉਸ ਤਕਸੀਮ ਕੀਤੇ ਹੋਏ ਪੰਜਾਬ ਵਿੱਚ ਮਜਾਰਟੀ ਤੇ ਸਨ ਅਤੇ ਉਹ ਅਫ਼ਸਰ ਉਸ ਪੰਜਾਬ ਦੇ ਹਿੱਸੇ ਤੇ ਨੈਕਰੀਸ਼ੁਦਾ ਸਨ. ਹੇਠ ਪੇਸ਼ ਫ਼ਹਿਰਿਸਤ 1 ਜਨਵਰੀ 1947 ਤੋਂ 30 ਜੂਨ 1947 ਦੇ ਕਰੀਬ ਦੇ ਵਕਤ ਦਾ ਜ਼ਿਕਰ ਕਰਦੀ ਹੈ.

ਰਾਵਲਪਿੰਡੀ ਡਿਵੀਜਨ	
ਅਟੱਕ	ਸਰੂਪ ਕ੍ਰਿਸਨ 22 ਮਾਰਚ ਤਕ, ਐਚ.ਜੇ.ਡੀ.ਟੇਲਰ 31 ਜੁਲਾਈ ਤਕ, ਕੇ.ਐਸ.ਸ਼ੇਖ ਮੁਹੱਮਦ ਰਸ਼ੀਦ 11 ਅਗਸਤ 1947 ਤਕ
ਰਾਵਲਪਿੰਡੀ	ਸੀ.ਐਲ.ਕੋਟਸ; 14 ਅਗਸਤ ਤੋਂ ਐਸ.ਏ.ਹੱਕ
ਜਿਹਲਮ	ਐਸ.ਬੀ.ਬਲਵੰਤ ਸਿੰਘ ਨਲੂਆ
ਗੁਜਰਾਤ	ਵਜ਼ੀਰ ਚੰਦ
ਮਿਆਂਵਾਲੀ	ਖ਼ਾਨ ਗੁਲਾਮ ਹਸਨ ਖ਼ਾਨ ਲੇਘਾਰੀ
ਸ਼ਾਹਪੁਰ	ਕੇਵਲ ਸਿੰਘ ਚੌਧਰੀ
ਮੁਲਤਾਨ ਡਿਵੀਜਨ	
ਮਿੰਟਗੋਮਰੀ (ਹੁਣ ਸਾਹੀਵਾਲ	ਜ਼ਮਾਨ ਖ਼ਾਨ
ਲਾਇਲਪੁਰ (ਹੁਣ ਫ਼ੈਸਲਾਬਾਦ)	ਏ.ਕੇ.ਮਲਿਕ 26 ਅਪ੍ਰੈਲ 1947 ਤਕ, ਫਿਰ ਨੁਕੁਲ ਸੇਨ 3 ਅਗਸਤ ਤਕ; ਫਿਰ ਆਘਾ ਅਬਦੁਲ ਹਮੀਦ 6 ਅਗਸਤ ਤੋਂ 24 ਨਵੰਬਰ 1948
ਮੁਲਤਾਨ	ਐ.ਜੇ.ਬੀ.ਆਰਥਰ; 8 ਅਗਸਤ ਤੋਂ ਏ.ਜੀ.ਰਜ਼ਾ
ਝੰਗ	ਐਸ.ਪੀ.ਨਰਿੰਦਰ ਸਿੰਘ; ਜ਼ਫ਼ਰ-ਉਲ-ਹੱਕ ਖ਼ਾਨ ਅਗਸਤ ਦੇ ਮੱਧ ਤੋਂ
ਮੁਜ਼ਫ਼ੱਰਗੜ	ਸ਼ੁਲਤਾਨ ਲਾਲ ਹੁਸੈਨ
ਢੇਰਾ ਘਾਜ਼ੀ ਖ਼ਾਨ	*ਕੋਈ ਜਾਣਕਾਰੀ ਨਹੀਂ ਹੈ*
ਲਾਹੌਰ ਡਿਵੀਜਨ	
ਗੁਜਰਾਂਵਾਲਾ	ਸੁੰਦਰਲਾਲ ਮਿਧਾ; 1 ਜੁਲਾਈ 1947 ਤੋਂ ਜਲੰਦਰ ਤੇ ਤਬਾਦਲਾ
ਲਾਹੌਰ	ਜੇ.ਮਿਫਿਅਰਨ 23 ਜਨਵਰੀ ਤਕ; ਫਿਰ ਜੇ.ਸੀ.ਡਬਲੁ.ਯੂਸਟੇਸ 14 ਅਗਸਤ ਤਕ; ਫਿਰ ਜ਼ਫ਼ਰ-ਉਲ-ਅਹਸਾਨ
ਸ਼ੇਖੁਪੁਰਾ	ਦੀਵਾਨ ਸੁਖਾ ਆਨੰਦ; ਅਗਸਤ ਤੇ ਐਮ.ਸੀ.ਡਿਸਨੀ
ਸਿਆਲਕੋਟ	ਨੁਕੁਲ ਸੇਨ
ਅੱਮ੍ਰਿਤਸਰ	ਜੇ.ਡੀ.ਫ੍ਰੇਜ਼ਰ 22 ਮਈ ਤਕ, ਜੀ.ਐਮ.ਬ੍ਰੈਂਡਰ 24 ਮਈ ਤੋਂ 22 ਅਗਸਤ ਤਕ; ਫਿਰ 23 ਅਗਸਤ ਤੋਂ ਨੁਕੁਲ ਸੇਨ
ਗੁਰਦਾਸਪੁਰ	*ਕੋਈ ਜਾਣਕਾਰੀ ਨਹੀਂ ਹੈ*, ਮਗਰ 14 ਅਗਸਤ ਨੂੰ ਪਾਕਿਸਤਾਨ ਸਰਕਾਰ ਨੇ ਮੁਸ਼ਤਾਕ ਅਹਿਮਦ ਚੀਮਾ ਨੂੰ ਡਿਪਟੀ ਕਮੀਸ਼ਨਰ ਬਣਾਇਆ ਮਗਰ 17

	ਅਗਸਤ ਨੂੰ , ਰੈਡਕਲੀਫ ਅਵਾਰਡ ਦੇ ਬਾਅਦ, ਗੁਰਦਾਸਪੁਰ ਇੰਡੀਆ ਨੂੰ ਦੇ ਦਿੱਤਾ ਗਿਆ.
ਜਲੰਧਰ ਡਿਵੀਜਨ	
ਫ਼ਿਰੋਜ਼ਪੁਰ	ਆਰ.ਬੀ.ਵਿਸ਼ਣੂ ਭਗਵਾਨ
ਜਲੰਧਰ	ਅਹਸਾਨ-ਉਦ-ਦੀਨ
ਲੁਧਿਆਣਾ	ਸਰਦਾਰ ਅਬਦੁਲ ਸਮਦ ਖ਼ਾਨ
ਹੁਸ਼ਿਆਰਪੁਰ	ਐਮ.ਐਲ.ਖੰਨਾ
ਕਾਂਗੜਾ	ਜੇਡ.ਏ.ਅਹਸਾਨ
ਅੰਬਾਲਾ ਡਿਵੀਜਨ	
ਅੰਬਾਲਾ	ਗਰੇਵਾਲ
ਹਿੱਸਾਰ	ਐਸ.ਏ.ਹੱਕ
ਰੋਹਤਕ	ਅਲਾਉਦੀਨ
ਕਰਨਾਲ	*ਕੋਈ ਜਾਣਕਾਰੀ ਨਹੀਂ ਹੈ*
ਸ਼ਿਮਲਾ	ਸ਼ੇਖ ਫ਼ਜ਼ਲ ਇਲਾਹੀ

ਜ਼ਿਆਦਾਤਰ ਦੇਸ਼ੀ ਡਿਪਟੀ ਕਮੀਸ਼ਨਰ ਆਈ.ਸੀ.ਐਸ ਦੇ ਅਫ਼ਸਰ ਸਨ. ਐਸ.ਪੀ. ਜ਼ਿਲ੍ਹੇ ਦਾ ਸਭ ਤੋਂ ਵੱਡਾ ਅਫ਼ਸਰ ਹੁੰਦਾ ਸੀ, ਜੋ ਅਕਸਰ ਦੇਸ਼ੀ ਬੰਦਾ ਹੁੰਦਾ ਸੀ. ਕੁੱਝ ਪੰਜਾਬੀ ਇਸਾਈ ਬਹੁਤ ਸੀਨੀਅਰ ਅਫ਼ਸਰ ਹੁੰਦੇ ਸਨ ਅਤੇ ਇੰਡੀਆ ਅਤੇ ਪਾਕਿਸਤਾਨ ਨੂੰ ਹਕੂਮਤ ਮਿਲਣ ਦੇ ਬਾਅਦ, ਉਹ ਕਿਥੇ ਗਏ, ਕਿਸੇ ਨੂੰ ਨਹੀਂ ਪਤਾ. ਤਕਸੀਮ ਤੋਂ ਬਾਅਦ, ਦੋਵੇਂ ਪੰਜਾਬਾਂ ਤੇ ਹੋਈ ਤਰੱਕੀ ਨੂੰ ਜੋੜ ਕੇ ਵੇਖਣ ਲਈ, ਰਿਸਰਚ ਕਰਣ ਦੀ ਕਾਫ਼ੀ ਗੁੰਜਾਇਸ਼ ਹੈ. ਮੈਨੂੰ ਉਮੀਦ ਹੈ ਕਿ ਪੰਜਾਬ ਦੀ ਦਾਸਤਾਨ ਬਾਰ ਬਾਰ ਦੱਸੀ ਜਾਵੇਗੀ; ਵਕਤ ਨੂੰ 1947 ਦੇ ਬਾਅਦ ਕੋਈ ਰੋਕ ਨਹੀਂ ਸਕਿਆ.

ਇਸ਼ਤਿਆਕ਼ ਅਹਿਮਦ	ਸੈਲੇਨਟੁਨਾ (ਗ੍ਰੇਟਰ ਸਟੋਕਹੋਮ)
	24 ਫ਼ਰਵਰੀ 2011

ਆਭਾਰ : ਗੁਰਮੁਖੀ ਪ੍ਰਕਾਸ਼ਨ

ਮੈਂ ਸ਼੍ਰੀ ਗੁਰਪ੍ਰੀਤ ਸਿੰਘ ਦਾ ਤਹਿ-ਦਿਲੀ ਨਾਲ ਸ਼ੁਕ੍ਰੀਯਾ ਅਦਾ ਕਰਣਾ ਚਾਹੁਣਾ ਹਾਂ ਜਿਨ੍ਹਾਂ ਨੇ ਮੇਰੀ ਕਿਤਾਬ ਪੰਜਾਬ ਬਲਅਡੀਡ, ਪਾਰਟੀਸ਼ਨਡ ਐਂਡ ਕਲੀਨਸਡ: ਅਨਰਵੇਲਿੰਗ ਦੀ 1947 ਟ੍ਰੇਜੇਡੀ ਥਰੂ ਸੇਕ੍ਰੇਟ ਬ੍ਰਿਟਿਸ਼ ਰਿਪੋਰਟਸ ਐਂਡ ਫਰਸਟ-ਪਰਸਨ ਅਕਾਉਂਟਸ, ਦਾ ਪੰਜਾਬੀ ਜ਼ਬਾਨ ਦੀ ਗੁਰਮੁਖੀ ਲਿਪੀ ਵਿੱਚ ਤਰਜਮਾ ਕੀਤਾ ਹੈ. ਲਾਹੌਰ ਦੇ ਅੰਗ੍ਰੇਜ਼ੀ ਅਖ਼ਬਾਰ ਡੇਲੀ ਟਾਇਮਸ ਤੇ ਮੇਰੇ ਹਫ਼ਤਾਵਾਰ ਕਾਲਮਾਂ ਦੇ ਮਾਰਫ਼ਤ ਉਹ ਅਤੇ ਮੈਂ ਸੰਪਰਕ ਵਿੱਚ ਆਏ. ਉਨ੍ਹਾਂ ਨੇ ਮੇਰੇ ਕੁੱਝ ਲੇਖ ਪੜ੍ਹੇ ਅਤੇ ਮੈਨੂੰ ਉਨ੍ਹਾਂ ਦੇ ਬਾਰੇ ਲਿਖਿਆ. ਸਾਡੇ ਵਿੱਚ ਉਸੇ ਵੇਲੇ ਹੀ ਨਜਦੀਕੀ ਤਾਲ-ਮੇਲ ਸਥਾਪਤ ਹੋ ਗਿਆ, ਅਤੇ ਇਸ ਦੇ ਬਾਅਦ ਵਕਤ ਗੁਜਰਦੇ ਸਾਡੀ ਦੋਸਤੀ ਢੂੰਘੀ ਹੁੰਦੀ ਗਈ ਅਤੇ ਹੋਰ ਮਜਬੂਤ ਹੋ ਗਈ, ਜਦ ਅਸੀਂ ਅਕਸਰ ਆਪਸੀ ਦਿਲਚਸਪੀ ਵਾਲੇ ਮੁੱਦੇਆਂ ਉਪਰ ਗੱਲ-ਬਾਤ ਕਰਣ ਲਗੇ ਜਿਸ ਦਾ ਤਾਲੁੱਕ ਅਕਸਰ ਸਾਡੀ ਸਾਂਝੀ ਪੰਜਾਬੀ ਵਿਰਾਸਤ ਨਾਲ ਹੁੰਦਾ ਸੀ. ਉਨ੍ਹਾਂ ਨੇ ਬਹੁਤ ਮਿਹਰਬਾਨੀ ਕਰਦੇ ਹੋਏ ਮੇਰੀ ਕਿਤਾਬ ਦਾ ਤਰਜਮਾ ਕਰਣ ਦਾ ਜ਼ਿੱਮਾ ਲੀਤਾ ਅਤੇ ਹੁਣ ਇਹ ਕਿਤਾਬ ਅਖੀਰਕਾਰ ਗੁਰਮੁਖੀ ਲਿਪੀ ਨਾਲ ਵਾਕਫ਼ ਲੋਕਾਂ ਦੇ ਪਢ਼ਣ ਲਈ ਪੇਸ਼ ਹੈ. ਜਿਸ ਵਚਨਬੱਧਤਾ ਅਤੇ ਸ਼ਰਧਾ ਨਾਲ, ਉਨ੍ਹਾਂ ਨੇ ਆਪਣੀ ਮਰਜ਼ੀ ਨਾਲ ਇਸ ਕਿਤਾਬ ਦੇ ਤਰਜਮੇ ਦਾ ਜਿੱਮਾ ਲੀਤਾ, ਇਹ ਇੱਕ ਮਿਸਾਲ ਹੈ ਅਤੇ ਮੈਂ ਹਮੇਸ਼ਾ ਲਈ ਉਨ੍ਹਾਂ ਦਾ ਕਰਜ਼ਈ ਰਵਾਂਗਾ.

ਮੂਲ ਕਿਤਾਬ ਅੰਗ੍ਰੇਜ਼ੀ ਵਿੱਚ ਲਿਖੀ ਗਈ ਸੀ. ਇਹ ਇੰਡਿਆ ਅਤੇ ਪਾਕਿਸਤਾਨ ਵਿੱਚ ਵਿਆਪਕ ਤੌਰ ਤੇ ਪਢ਼ੀ ਗਈ ਹੈ ਮਗਰ ਇਸ ਨੂੰ ਪਢ਼ਣ ਵਾਲੇ, ਅੰਗ੍ਰੇਜ਼ੀ ਬੋਲਣ ਵਾਲੇ ਉੱਚੇ ਤਬਕੇ ਦੇ ਲੋਕ ਨੇ. ਬਾਅਦ ਵਿੱਚ ਜਿਕਰ ਕੀਤੇ ਮੁਲਕ ਵਿੱਚ, ਇਸ ਨੇ 2012 ਤੇ ਬਤੌਰ ਨੈਨ-ਫਿਕਸ਼ਨ ਬੂਕ (ਗੈਰ-ਕਾਲਪਨਿਕ ਕਿਤਾਬ) ਦੇ ਅਵਾਰਡ ਵੀ ਜਿੱਤੇ ਨੇ. ਇੰਡਿਆ ਵਿੱਚ ਇਸ ਦੀ ਸ਼ੁਮਾਰੀ, ਸਭ ਤੋਂ ਜ਼ਿਆਦਾ ਵਿਕਣ ਵਾਲੀ ਕਿਤਾਬਾਂ ਦੀ ਫ਼ਹਿਰੀਸਤ ਵਿੱਚ ਹੋਈ ਹੈ. ਸ਼ੁਰੁ ਤੋਂ ਹੀ, ਮੈਂ ਜਜ਼ਬਾਤੀ ਤੌਰ ਤੇ, ਆਪਣੀ ਰਿਸਰਚ ਦੀ ਜਾਣਕਾਰੀ ਤਕਸੀਮ ਕੀਤੇ ਗਏ ਪੰਜਾਬ ਦੇ ਦੋਵੇਂ ਤਰਫ ਦੇ ਪੰਜਾਬੀਆਂ ਨਾਲ ਵੰਡਣਾ ਚਾਹੁੰਦਾ ਸੀ. 2014 ਵਿੱਚ, ਪਾਕਿਸਤਾਨ ਤੇ ਇਸ ਕਿਤਾਬ ਦਾ ਇੱਕ ਉਰਦੂ ਤਰਜਮਾ ਪ੍ਰਕਾਸ਼ਤ ਹੋਇਆ ਜਿਸ ਦਾ ਸਿਰਲੇਖ ਸੀ, ਪੰਜਾਬ ਕਾ ਬੰਟਵਾਰਾ: ਏਕ ਅਲਮਿਯਾ ਹਜ਼ਾਰ ਦਾਸਤਾਨੇ. ਹੁਣ ਇਹ ਕਿਤਾਬ ਗੁਰਮੁਖੀ ਲਿਪਿ ਵਿੱਚ ਉਪਲੱਬਧ ਹੋ ਰਹੀ ਹੈ ਜਿਸ ਲਈ ਮੈਂ ਗੁਰਪ੍ਰੀਤ ਸਿੰਘ ਦਾ ਸ਼ੁਕਰਗੁਜ਼ਾਰ ਹਾਂ. ਇੱਕ ਹਿੰਦੀ ਅਨੁਵਾਦ ਵੀ ਕੀਤਾ ਜਾ ਰਿਹਾ ਹੈ. ਉਹ ਇਹ ਅਨੁਵਾਦ ਵੀ ਕਰ ਰਹੇ ਨੇ.

“ਦੂਜੇ ਪਾਸੇ” ਤੇ ਪੰਜਾਬੀਆਂ ਨਾਲ ਆਪਣੀ ਦੋਸਤੀ ਵੀ ਮੈਂ ਸਵੀਕਾਰ ਕਰਦਾ ਹਾਂ, ਜਿਨ੍ਹਾਂ ਦੇ ਨਾਲ ਮੈਂ ਇਸ ਕਿਤਾਬ ਦੇ ਅੰਗ੍ਰੇਜ਼ੀ ਪ੍ਰਕਾਸ਼ਨ ਦੇ ਬਾਅਦ ਸੰਪਰਕ ਵਿੱਚ ਆਇਆ: ਡੌਕਯੂਮੇਂਟਰੀ ਫਿਲਮਕਾਰ ਅਜੈ ਭਾਰਦਵਾਜ, ਪ੍ਰੋਫੇ.ਪ੍ਰੀਤਮ ਸਿੰਘ, ਪ੍ਰੋਫੇ.ਪਰਮਿੰਦਰ ਸਿੰਘ, ਪ੍ਰੋਫੇ.ਭਗਵਾਨ ਜੋਸ਼, ਪ੍ਰੋਫੇ.ਹਰੀਸ਼ ਪੁਰੀ, ਪ੍ਰੋਫੇ.ਜਗਮੋਹਨ ਸਿੰਘ, ਨੈਨਿੰਦਰ ਸਿੰਘ ਢਿੱਲੋਂ, ਰਾਜਿੰਦਰ ਛਿੱਬਰ, ਏ.ਐਸ.ਭਸੀਨ, ਅਜੀਤ ਕੌਰ ਅਤੇ ਅਰਪਨਾ ਕੌਰ, ਡੋਮਿਨਿਕ ਰਾਏ, ਜਿਮ ਧਨੇਆ, ਰਾਜਦੂਤ ਬਾਲ ਆਨੰਦ, ਪ੍ਰੋਫੇ.ਚਮਨ ਲਾਲ, ਚਮਨ ਲਾਲ (ਰਿਟਾ.), ਆਈ.ਆਈ.ਏਸ., ਮੋਹਨ ਸਿੰਘ ਢਿੱਲੋਂ, ਗੁਰਚਰਨਜੀਤ ਸਿੰਘ ਲਾਂਬਾ, ਕਿਰਨ ਅਹੁਜਾ, ਮੋਨਾ ਅਤੇ ਅਨਿਲ ਡੋਗਰਾ, ਮਨਜੀਤ ਸਚਦੇਵਾ ਅਤੇ ਜਸਵੀਰ ਸਿੰਘ.

ਆਭਾਰ : ਅੰਗ੍ਰੇਜ਼ੀ ਪ੍ਰਕਾਸ਼ਨ

ਸਭ ਤੋਂ ਪਹਿਲਾਂ ਮੈਂ ਸਵੀਡਿਸ਼ ਰਿਸਰਚ ਕਾਉਂਸਿਲ (ਵੇਟੇਨਸਕਾਪਸਰਾਡੇਟ) ਦਾ ਧਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਜਨਵਰੀ 2003 ਤੋਂ ਦਸੰਬਰ 2004 ਤਕ, ਤਿਨ ਸਾਲਾਂ ਦੇ ਰਿਸਰਚ (ਸ਼ੋਧ) ਲਈ ਖੁੱਲ੍ਹੇ-ਦਿਲੀ ਨਾਲ ਮੰਜ਼ੂਰੀ ਦਿੱਤੀ. ਇਹ ਮੁਤਾਲਿਆ (ਸਟਡੀ) ਕਰਨਾ ਨਾਮੁਮਕਿਨ ਸੀ ਅਗਰ ਮੈਨੂੰ ਗੈਰਮਾਮੂਲੀ ਮਦਦ ਹਾਸਲ ਨਾ ਹੁੰਦੀ. ਸਟੋਕਹੋਮ ਯੂਨਿਵਰਸਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਨੇ, ਜਿਥੋਂ ਮੈਨੂੰ ਪੀ.ਐਚ.ਡੀ.ਮਿਲੀ ਹੈ ਅਤੇ ਜਿਥੇ ਮੈ ਆਪਣੀ ਜ਼ਿੰਦਗੀ ਦਾ ਜ਼ਿਆਦਾ ਵਕਤ ਗੁਜਾਰਿਆ ਹੈ, ਫ਼ੀਲਡਵਰਕ ਕਰਣ ਲਈ, ਮੈਨੂੰ ਦੂਰ ਜਾਣ ਦੇਣ ਨੂੰ ਤਿਆਰ ਹੋ ਗਿਆ. ਮੈਨੂੰ ਕਈ ਸਾਥਿਆਂ ਹੋਰ ਮਿਤਰਾਂ ਤੋਂ ਹੌਸਲਾਅਫ਼ਜਾਈ ਅਤੇ ਮਦਦ ਮਿਲੀ. ਮੈਂ ਖ਼ਾਸ ਕਰਕੇ ਕਲਾਸ ਲਿੰਡ ਦਾ ਸ਼ੁਕਰਗੁਜਾਰ ਹਾਂ ਜੋ ਕਿ ਕਾਫ਼ੀ ਜ਼ਿਆਦਾ ਬੀਮਾਰ ਹੋਣ ਦੇ ਬਾਵਜੂਦ ਇਕ ਸੈਮਿਨਾਰ ਤੇ ਆਇਆ ਜਿਥੇ ਮੈਂ ਆਪਣੀ ਪੰਜਾਬ ਦੀ ਰਿਸਰਚ (ਸ਼ੋਧ) ਦੇ ਨਤੀਜੇ ਪ੍ਰਕਾਸ਼ਨ ਤੋਂ ਪਹਿਲਾ ਪੇਸ਼ ਕਰਨ ਲਈ ਪਹੁੰਚਿਆ ਸੀ.

ਕੁਛ ਨਾਂਅ ਇਕ ਖ਼ਾਸ ਫ਼ਹਿਰਿਸਤ ਦੇ ਹੱਕਦਾਰ ਨੇ ਕਿਉਂਕਿ ਇਣ ਉਮਦਾ ਲੋਕਾਂ ਤੋਂ ਬਗੈਰ, ਇੰਨੇ ਵੱਡੇ ਪ੍ਰੋਜੈਕਟ ਨੂੰ ਇਕੱਲੇ ਸੰਭਾਲਣਾ ਮੇਰੇ ਵੱਸ ਦੀ ਗਲ ਨਹੀਂ ਸੀ. ਲਾਹੌਰ ਵਿੱਚ ਅਲੀ ਹਾਰੂਨ ਸ਼ਾਹ ਅਤੇ ਸ਼ਿਰੀਨ ਸ਼ਾਹ ਦੇ ਇਲਾਵਾ ਬ੍ਰਿਗੈਡੀਅਰ (ਰਿਟਾ.) ਯਾਸੂਬ ਅਲੀ ਡੋਗਰ ਨੇ ਆਪਣੀ ਹੱਦ ਤੰੋ ਬਾਹਰ ਜਾ ਕੇ ਮਦਦ ਕੀਤੀ. ਦਿੱਲੀ ਤੋਂ ਮੇਨੀ ਚੱਢਾ, ਵਿਮਲ ਇਸਰ ਅਤੇ ਪ੍ਰਾਨ ਨੇਵਿਲ ਨੇ ਮੇਰੇ ਉਪਰ ਕਈ ਮਿਹਰਬਾਨਿਆਂ ਕੀਤੀਆਂ. ਚੰਡੀਗੜ੍ਹ ਦੀ ਪੰਜਾਬ ਯੂਨਿਵਰਸਿਟੀ ਦੇ ਪ੍ਰੋਫੇਸੋਰ ਭੁਪਿੰਦਰ ਬਰਾਰ ਜੀ ਨੇ ਪੂਰਬੀ ਪੰਜਾਬ ਦੇ ਪਿੰਡਾਂ ਵਿੱਚ ਫ਼ੀਲਡਵਰਕ ਕਰਨ ਵਿੱਚ ਬਹੁਤ ਅਹਿਮ ਮਦਦ ਕੀਤੀ. ਕਿਤਾਬ ਛਾਪਣ ਤੋਂ ਪਹਿਲਾ ਇਸ ਦੀ ਲਿਖਾਈ ਮੇਰੇ 3 ਦਾਨੀ ਦੋਸਤਾਂ ਨੇ ਪੜ੍ਹੀ ਅਤੇ ਉਸ ਦੇ ਉਪਰ ਟਿੱਪਣੀਆਂ ਕੀਤੀਆਂ. ਉਹ ਹਨ ਪੀਟਰ ਲੋਮਸ, ਰੇਜ਼ੀਨਲਡ ਮਸੀਹ ਅਤੇ ਟੈਮੀ ਸਵੋਫੋਰਡ. ਉਨ੍ਹਾਂ ਦੇ ਮਸ਼ਵਰੇਆਂ ਅਤੇ ਮਦਦ ਨੇ ਕਿਤਾਬ ਛਾਪਣ ਤੋਂ ਪਹਿਲਾਂ ਇਸ ਵਿੱਚ ਕਾਫ਼ੀ ਸੁਧਾਰ ਲੈ ਆਉਂਦਾ. ਮੋਹੱਮਦ ਸ਼ਾਹਿਦੁਲ ਇਸਲਾਮ ਨੇ ਪਛਾਣ ਵਿੱਚ ਪੰਜਾਬ ਦੀ ਆਬਾਦੀ ਦੇ ਉਪਰ 2 ਗ੍ਰਾਫ਼ ਪੇਸ਼ ਕਰ ਕੇ ਇਸ ਕਿਤਾਬ ਨੂੰ ਤਿਆਰ ਕਰਨ ਤੇ ਹਿੱਸਾ ਲੀਤਾ ਹੈ. ਮਿਆਂ ਸਲੀਮ ਨੇ ਮੈਨੂੰ 1941 ਦੇ ਪੰਜਾਬ ਦੀ ਸੈਂਸਸ (ਮਰਦਮਸ਼ੁਮਾਰੀ) ਦਾ ਡਾਟਾ ਦੇ ਕੇ ਮਦਦ ਕੀਤੀ. ਮੈਂ ਤਹਿ-ਦਿਲੀ ਨਾਲ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ, ਇੰਟਰਵਿਊ ਦੇਣ ਲਈ ਰਜ਼ਾਮੰਦੀ ਜ਼ਾਹਰ ਕੀਤੀ. ਉਨ੍ਹਾਂ ਦੀ ਮਦਦ ਦੇ ਬਗੈਰ ਇਹ ਕਹਾਣੀ ਇੰਨੀ ਦੂਰ ਤਕ ਨਹੀਂ ਪਹੁੰਚਦੀ. ਉਨ੍ਹ ਲੋਕਾਂ ਦੇ ਨਾਲ ਮੇਲਮਿਲਾਪ ਦੇ ਦੌਰਾਨ ਕੁੱਝ ਤਜਰਬੇਆਂ ਨੇ ਮੇਰੇ ਉਪਰ ਡੂੰਘਾ ਅਸਰ ਕਿੱਤਾ ਹੈ. ਅਕਸਰ ਮੈਂ ਲੋਕਾਂ ਨਾਲ ਹੋਇਆਂ ਪੁਰਾਣੀ ਦਰਦਨਾਕ ਘਟਨਾਵਾਂ ਬਾਰੇ ਪੁਛਦਾ ਅਤੇ ਪੁਰਾਣੇ ਜ਼ਖਮ ਤਾਜਾ ਹੋ ਜਾਂਦੇ ਸਨ. ਇਸ ਦੇ ਬਾਵਜੂਦ ਮੈਂ ਉਨ੍ਹ ਯਾਦਾਂ ਨੂੰ ਹਮੇਸ਼ਾ ਆਪਣੇ ਜੇਹਨ ਵਿੱਚ ਰੱਖਾਂਗਾ.

1947 ਦੀ ਯਾਦਾਂ ਤਾਜ਼ਾ ਕਰਾਉਣ ਲਈ, ਮੈਂ ਆਪਣੇ ਵਡੇ ਭਰਾ ਮੁਸ਼ਤਾਕ ਅਹਿਮਦ ਅਤੇ ਮੇਰੇ ਕਰੀਬੀ ਦੋਸਤ ਇਜਾਜ਼ ਅਹਿਮਦ ਚੀਮਾ ਦਾ ਸ਼ੁਕਰਗੁਜਾਰ ਹਾਂ. ਘੱਟ ਤੋਂ ਘੱਟ ਮੈਂ 1991 ਤੋਂ, ਇਹ ਰਿਸਰਚ ਲਈ ਜਿਨ੍ਹਾਂ ਦੇ ਨਾਲ ਮਿਲਦਾ ਰਿਹਾ ਹਾਂ ਉਹ ਹਨ: ਸ਼ੇਖ ਜਾਵੇਦ, ਅਹਿਮਦ ਫ਼ਕੀ, ਤਾਮੀਜ਼ ਰਹਮਾਨ, ਖ਼ਾਜਾ ਹੁਮਾਯੂੰ, ਫ਼ਾਰੁਕ ਸੁਲੇਹਰਿਆ, ਅਜਮਲ ਬੱਟ, ਕਾਮਿਲ, ਮਸੂਦ ਕਮਰ, ਰਿਜ਼ਵਾਨ ਦਰ, ਨਅੀਮ ਅਖਤਰ, ਯਾਸਿਰ

ਬੱਟ, ਸਿੱਦੀਕੀ ਮੀਰ, ਨੁਸਰਤ ਟੂਰ, ਅਤੇ ਆਸਿਫ਼ ਸ਼ਾਹਕਾਰ. ਮੋਹੱਮਦ ਯੂਸਫ਼, ਅਖਲਾਕ ਅੰਸਾਰੀ, ਇਕਰਮ ਖੋਖਰ, ਜ਼ਾਹਿਦ ਖ਼ਾਨ ਅਤੇ ਏ.ਮਾਜਿਦ; ਐਮ.ਏ. (ਪੰਜਾਬ); ਐ.ਡੀ.ਪੀ.ਐ(ਇੰਗਲੈਂਡ);ਐਸ.ਡਬਲੁ(ਸਵੀਡਨ) ਇਕ ਦੂਜੇ ਸਮੂਹ ਦਾ ਹਿੱਸਾ ਹਨ. ਇਸ ਦੇ ਇਲਾਵਾ ਸਟੇਕਹੋਮ ਦੇ ਮਿਤਰ ਜੋ ਮੇਰੇ ਨਾਲ ਪੰਜਾਬ ਦੀ ਤਕਸੀਮ ਦੇ ਬਾਰੇ ਗੱਲ-ਬਾਤ ਕਰਦੇ ਰਹੇ ਹਨ, ਉਨ੍ਹਾਂ ਦਾ ਨਾਂਅ ਦੀ ਮੈਂ ਸ਼ੁਮਾਰੀ ਕਰਾਂਗਾ. ਉਹ ਹਨ: ਕੈਸਰ ਕੁਰੇਸ਼ੀ, ਪਰਵੇਜ ਕਾਜ਼ਮੀ, ਖ਼ਵਾਜਾ ਖ਼ਾਲਿਦ, ਅਫ਼ਜ਼ਲ ਚੌਧਰੀ, ਇਮਰਾਨ ਬੈਗ, ਸੱਜਾਦ ਬੱਟ, ਸਈਦ ਸਿਰਾਜੁਸ ਸਲਾਕਿਨ, ਜਸਪਾਲ ਅਤੇ ਸੁਖਪ੍ਰੀਤ ਸਭਰਵਾਲ, ਬਲਜੀਤ ਸਿੰਘ ਸੰਧੂ, ਭਗਵੰਤ ਸਿੰਘ, ਅਸ਼ੋਕ ਸ਼ਰਮਾ, ਅਸ਼ੋਕ ਭਾਸਕਰ, ਨਥਾ ਸਿੰਘ ਗਿੱਲ ਹੋਰ ਅਸ਼ੋਕ ਨਾਥ. ਇਹ ਮੇਰੇ ਲਈ ਮਾਣ ਦੀ ਗੱਲ ਹੈ ਕੀ ਮੈਨੂੰ ਥਰਡ ਵਰਲਡ ਲਿਟਰੇਚਰ ਗਰੁਪ, ਸਟੇਕਹੋਮ ਨਾਲ ਪੰਜਾਬ ਦੀ ਤਕਸੀਮ ਦੇ ਬਾਰੇ ਚਰਚਾ ਕਰਨ ਦਾ ਮੌਕਾ ਮਿਲਿਆ. ਇਸ ਗਰੁਪ ਵਿੱਚ ਬਯੋਨ ਬੇਕਮਨ, ਗੁਨਿਲਾ ਅੰਦਰੇ, ਏਰਨੇਸਟ ਹੋਲੇਨਡਰ, ਪਿਆਹੇਲਿਨ, ਗੁਨਿਲਾ ਲੁਨਡਹਲ, ਮਾਰਿਆ ਐਡਲਰਕਰੁਜ, ਈਵਾ ਪਅਰਸਨ, ਕ੍ਰਿਬੇ ਨਸਟ੍ਰਮ, ਕਰੀਨ ਵਾਲਗ੍ਰੇਨ, ਜੈਨਅਫ ਗਿਅਰਸਟੈਮ ਅਤੇ ਯਨਗਵੇ ਸਨਡਬਲੈਡ ਸ਼ਾਮਲ ਸਨ.

ਮੇਰੀ ਛਪਣ ਵਾਲੀ ਕਿਤਾਬ ਲਾਹੌਰ ਵਿੱਚ ਇੱਕ ਜ਼ਬਰਦਸਤ ਚਰਚਾ ਦਾ ਵਿਸ਼ੇ ਬਣੀ ਹੋਈ ਹੈ. ਬੇਗਮ ਨਸੀਮ ਅਮੀਰ ਹੁਸੈਨ ਸ਼ਾਹ, ਨੀਲਮ ਹੁਸੈਨ, ਰੁਖਸਾਨਾ ਸ਼ਾਹ ਅਤੇ ਦਿੱਗਜ ਖੱਬੇਪੰਖੀ ਤਾਹਿਰਾ ਮਜਹਰ ਅਲੀ ਖ਼ਾਨ ਇਕ ਸਮੂਹ ਵਿੱਚ ਹਨ. ਲਿਆਕਤ ਅਲੀ (ਏਡਵੋਕੇਟ), ਸ਼ਕੁਰ ਰਾਨਾ, ਕਲੇਬ ਅਲੀ ਸ਼ੇਖ, ਸ਼ੋਇਬ ਆਦਿਲ, ਸਰਦਾਰ ਖ਼ਾਲਿਦ ਅਤੇ ਸ਼ਕੀਲ ਚੌਧਰੀ (ਹੁਣ ਇਸਲਾਮਾਬਾਦ ਵਿੱਚ) ਇਕ ਦੂਜੇ ਮਰਕਜ਼ੀ ਸਮੂਹ ਦਾ ਹਿੱਸਾ ਹਨ. ਹਸਨ ਅਮੀਰ ਸ਼ਾਹ, ਤਾਰਿਕ ਮਸੂਦ, ਜ਼ਮਾਨ ਖ਼ਾਨ, ਤਾਰਿਕ ਲਤੀਫ, ਜ਼ਾਹਿਦ ਹੁਸੇਨ ਅਤੇ ਮਸੂਦ ਮਲਿਕ ਨੇ ਵੀ ਪੰਜਾਬ ਦੀ ਤਕਸੀਮ ਦੇ ਬਾਰੇ ਆਪਣੇ ਵਿਚਾਰਾਂ ਨੂੰ ਮੇਰੇ ਨਾਲ ਵੰਡਿਆ. ਮੈਂ ਇਸਲਾਮਾਬਾਦ ਦੇ ਲਿਓਨਾਰਡ ਡੀ ਸਉਜ਼ਾ, ਨੇਸ਼ਿਨ ਡੀ ਸੋਉਜ਼ਾ, ਅਲੀ ਸਫ਼ਦਰ ਅਤੇ ਉਨ੍ਹਾਂ ਦੇ ਬੇਟੇ ਅਕੀਲ ਅਹਿਮਦ ਦਾ ਸ਼ੁਕਰਗੁਜਾਰ ਹਾਂ. ਗੁਜਰਾਤ ਤੋਂ ਸ਼ਬੀਰ ਦਰ (ਏਡਵੋਕੇਟ), ਸਾਜ਼ਿਦ ਸ਼ਾਹ, ਸ਼ਬੀਰ ਸ਼ਾਹ ਅਤੇ ਵਸੀਮ ਸ਼ਾਹ (ਏਡਵੋਕੇਟ) ਨਤੀਜੇਆਂ ਦੇ ਬਾਰੇ ਤਜਸੁਸ (ਉਤਸਕ) ਹਨ. ਮਾਰਚ 2004 ਵਿੱਚ ਮੈਂ ਮੇਰੇ ਲਹੋਰੀ ਮਿੱਤਰਾਂ ਪਰਵੇਜ਼ ਅਤੇ ਸਾਜਿਦਾ ਵੰਡਾਲ ਨੂੰ ਅੰਮ੍ਰਿਤਸਰ ਤੇ ਮਿਲਿਆ. ਉਹ ਪੰਜਾਬ ਦੀ ਆਰਕਿਟੇਕਚਰ (ਵਾਸਤੁਕਲਾ) ਦੀ ਵਿਰਾਸਤ ਦਾ ਮੁਆਇਨਾ ਕਰ ਰਹੇ ਸਨ. ਇਹ ਮੇਰੀ ਇਸ ਗਲ ਨੂੰ ਸਾਬਤ ਕਰਦਾ ਹੈ ਕੀ ਪੰਜਾਬ ਹਮੇਸ਼ਾ ਹਕੀਕਤ ਹੋਰ ਤਸਵੁਰ ਦੇ ਸਹਾਰੇ ਰਿਸਰਚ ਦਾ ਜਰਿਆ ਬਣਿਆ ਰਹੇਗਾ. ਸ਼ਕੀਲ ਅਹਿਮਦ ਨੇ ਮੈਨੂੰ ਤਕਸੀਮ ਤੋਂ ਬਾਅਦ ਵੇਸਟ (ਪੱਛਮ) ਪੰਜਾਬ ਦੀ ਪਹਿਲੀ ਹਕੂਮਤ ਦੀ ਮਾਲੂਮਾਤ ਦੇ ਕੇ ਮਦਦ ਕੀਤੀ ਹੈ. ਮੁਹਮੱਦ ਹਫ਼ੀਜ਼ ਤਾਹਿਰ, ਫ਼ਾਰੁਕ ਅਹਿਮਦ ਅਤੇ ਜੀਆ ਬੰਦੇ ਵੀ ਪਾਕਿਸਤਾਨ ਤੇ ਮੌਜੂਦ ਮੇਰੇ ਲਗਾਤਾਰ ਮਦਦੀ ਗਰੁਪ ਦਾ ਹਿੱਸਾ ਹਨ.

ਇਹ ਮੇਰੀ ਖ਼ੁਸ਼ਨਸੀਬੀ ਹੈ ਕੇ ਜਦੋਂ ਵੀ ਮੈਂ ਦਿੱਲੀ ਗਿਆ ਹਾਂ, ਯੁਵਰਾਜ ਕ੍ਰਿਸ਼ਨ ਅਤੇ ਬੀ.ਕੇ.ਬਕਸ਼ੀ ਦੀ ਮਿਹਮਾਨ ਨਵਾਜ਼ੀ ਦਾ ਲੁਤਫ਼ ਉਠਾਇਆ. ਉਮਾ ਵਾਸੁਦੇਵ ਨੇ ਮੈਨੂੰ ਉਨ੍ਹਾਂ ਦੀ ਮਾਸੀਆਂ ਨਾਲ ਮਿਲਵਾਇਆ. ਮੈਂ ਪ੍ਰੋਫੇਸਰ ਮਨਚੰਦਾ ਦਾ ਇਹਿਸਾਨਮੰਦ ਹਾਂ. ਉਨ੍ਹਾਂ ਨੇ ਪੱਛਮ ਪੰਜਾਬ ਦੇ ਬਾਹਰੀ ਇਲਾਕਿਆਂ ਵਿੱਚ ਰਹਿਣ ਵਾਲੇ ਉਨ੍ਹ ਪੰਜਾਬੀਆਂ ਦੇ ਇੰਟਰਵਿਊ ਲੀਤੇ ਜੋ ਪੰਜਾਬ ਦੀ ਤਕਸੀਮ ਦੇ ਬਾਅਦ ਦਿੱਲੀ ਆ ਕੇ ਵਸ ਗਏ ਹਨ. ਮੇਰੇ ਪੁਰਾਣੇ ਦੋਸਤ ਅਜੇ ਮੇਹਰਾ ਨੇ ਵੀ ਮੇਰੀ ਕਾਫ਼ੀ ਮਦਦ ਕੀਤੀ. ਕਿਰਪਾਲ ਢਿੱਲੋਂ ਨੇ ਪੰਜਾਬ ਦੀ ਤਕਸੀਮ ਤੋਂ

ਬਾਅਦ ਬਣਣ ਵਾਲੀ ਪੂਰਬੀ ਪੰਜਾਬ ਦੀ ਪਹਿਲੀ ਹਕੂਮਤ ਦੇ ਬਾਰੇ ਜ਼ਰੂਰੀ ਜਾਣਕਾਰੀ ਦੀਤੀ. ਕੋਮੋਡੋਰ ਉਦੈ ਭਾਸਕਰ ਨੇ ਮੈਨੂੰ ਆਈ.ਐਸ.ਅਫਸਰ ਐਚ.ਆਈ.ਐਸ.ਗਰੇਵਾਲ ਨਾਲ ਮਿਲਾਇਆ. ਗਰੇਵਾਲ ਸਾਹਿਬ ਤੇ ਵਾਲਿਦ ਬਿਕਰਮ ਸਿੰਘ ਗਰੇਵਾਲ ਨੇ ਆਪਣੀ ਗੈਰਮਾਮੂਲੀ ਯਾਦਦਾਸ਼ਤ ਦੀ ਬਦੌਲਤ, ਤਕਸੀਮ ਦੇ ਬਾਅਦ ਪੂਰਬੀ ਪੰਜਾਬ ਦੇ ਨਿਯੁਕਤ ਵਜ਼ੀਰਾਂ ਦੀ ਪਛਾਣ ਕਰਣ ਤੇ ਮਦਦ ਕੀਤੀ. ਵੀਣਾ ਅਤੇ ਰਾਜੀਵ ਸੀਕਰੀ, ਸਤੀਸ਼ ਸਬਰਵਾਲ, ਪਾਰਥੋ ਘੋਸ਼, ਰਵੀ ਭੰਡਾਰੀ, ਗੌਤਮ ਨੈਲਖਾ, ਜਗਦੀਸ਼ ਲਾਲ ਡਵਰ, ਸਤੀਸ਼ ਚੋਪਰਾ, ਹਿਮਾਂਸ਼ੂ ਚਾਵਲਾ, ਰਮੇਸ਼ ਚੰਦ੍ਰ ਖੰਨਾ, ਬ੍ਰਿਗੇਡੀਅਰ (ਰਿ.) ਵਿਜੇ ਅਤੇ ਡੋ ਨਾਇਰ, ਕਰਨਲ (ਰਿ.) ਆਨੰਦ, ਸ਼ਮਸੁਲ ਇਸਲਾਮ ਅਤੇ ਨੀਲਿਮਾ ਸ਼ਰਮਾ ਦਿੱਲੀ ਸਪੋਰਟ ਗਰੁਪ ਦਾ ਹਿੱਸਾ ਹਨ. ਮਨਿੰਦਰ ਕੌਰ ਮੱਤੇਵਾਲ, ਨਿਰੁਪਮਾ ਦੱਤ ਅਤੇ ਹਰਕਿਸ਼ਨ ਸਿੰਘ ਮੇਹਤਾ ਚੰਡੀਗੜ੍ਹ ਤੋਂ ਲਗਾਤਾਰ ਸਹਿਯੋਗ ਕਰਦੇ ਹਨ. ਮਕਸੂਦ ਚੌਧਰੀ, ਤਈਬ ਹਸਨ, ਅਸਦ ਮੁਫ਼ਤੀ, ਖ਼ਾਲਿਦ ਸੋਹੈਲ, ਤਾਰਿਕ ਮਲਿਕ, ਸਫ਼ੀਰ ਰਮ੍ਹਾ, ਆਲਮ ਸ਼ੇਰ, ਮੋਹ੍ਹਾਹਿਦ ਹੁਸੇਨ ਸ਼ਾਹ, ਅਮਜਦ ਬਾਬਰ, ਵਾਜਿਦ ਅਲੀ ਸਈਦ, ਮੰਜ਼ੂਰ ਇਜਾਜ਼, ਆਸਫ਼ ਅਲੀ ਸ਼ਾਹ, ਫ਼ਾਰੁਕ ਸ਼ਾਹ, ਮਨਪ੍ਰੀਤ ਕੰਵਰ, ਜੱਗੀ ਸਿੰਘ, ਤੇਜਾ ਸਿੰਘ, ਪ੍ਰੇਮ ਸਿੰਘ ਕਹਲੋਂ, ਜਗਪਾਲ ਟਿਵਾਣਾ, ਕਰਕਿੰਦਰ ਸਿੰਘ ਚਹਲ, ਸਰੋਜ ਕਪੂਰ, ਪਉਲ ਵੈਲੇਸ, ਕਲੀਮ ਇਰਫਾਨੀ, ਆਮਿਰ ਬੱਟ, ਖ੍ਵਾਜਾ ਨਈਅਰ ਖੁਰਸ਼ੀਦ, ਮੁਨਵ੍ਵਰ ਮੀਰ, ਸਟੀਫ਼ਨ ਗਿੱਲ, ਵਾਲਿਦਮੀਰ, ਸਟੀਫ਼ਨ ਟਰਨਰ, ਹੇਨਰਿਕ ਬੁਰਗਲੂੰਡ, ਏਰਲੈਂਡ ਜਾਨਸਨ, ਕੇਲ ਏਂਗੇਲਬਰਕਟ, ਰੋਬਨਿ ਖੁੰਡਕਾਰ, ਰਾਜ਼ੀ ਆਜ਼ਮੀ, ਅੰਜੁਮ ਅਲਤਾਫ਼, ਪ੍ਰੇਮ ਕੁਮਾਰ ਹਰਿਮੋਹਨ, ਗੋਬਿੰਦ ਠਕਰਾਲ, ਸੁਰੇਸ਼ ਜੈਰਾ, ਵਿਨੇਦ ਭਾਰਦਵਾਜ, ਜ਼ਹੂਰ ਅਹਿਮਦ ਚੌਧਰੀ, ਰਾਹਤ ਅਤੇ ਇਮਰਾਨ ਮੁਨੀਰ, ਫ਼ਹਮੀਦਾ ਫ਼ਰਜਾਨਾ ਕਾਜ਼ੀ, ਜਾਫ਼ਰ ਰਹਮਾਨੀ, ਮੁਸਤਫ਼ਾ ਹੁਸੇਨ ਅਤੇ ਨਾਸਰ ਮਲਿਕ ਨੇ ਸੱਚ ਦੀ ਤਲਾਸ਼ ਕਰਨ ਲਈ ਮੇਰੀ ਹੌਸਲਾਅਫ਼ਜਾਈ ਕੀਤੀ.

ਸਿੰਗਾਪੁਰ ਤੋਂ ਪ੍ਰੋ.ਅੰਜਲੀ ਗੇਰਾ ਰਾਉ ਨੇ ਰਿਸਰਚ (ਸ਼ੋਧ) ਸਮਗਰੀ ਦੇ ਕੇ ਅਤੇ ਲੋਕਾਂ ਨਾਲ ਸੰਪਰਕ ਕਰਨ ਤੇ ਮਦਦ ਕੀਤੀ. ਸਿੰਗਾਪੁਰ ਖਾਲਸਾ ਅਸੋਸਿਐਸ਼ਨ ਨੇ 14 ਜੂਨ 2008 ਨੂੰ ਪੰਜਾਬੀਅਤ ਦੇ ਉਪਰ ਇਕ ਬਹੁਤ ਹੀ ਜਿੰਦਾਦਿਲ ਹਾਜ਼ਰੀਨ ਦੇ ਸਾਹਮਣੇ ਮੈਨੂੰ ਭਾਸ਼ਣ ਦੇਣ ਨੂੰ ਬੁਲਾ ਕੇ ਵੱਡੇ ਤੌਰ ਤੇ ਮਾਣ ਜਤਾਇਆ. ਦਲਜੀਤ ਸਿੰਘ, ਕਰਨਲ (ਰਿ.) ਸੁਖਵਿੰਦਰ ਸਿੰਘ, ਕੁਨੁਰ ਕ੍ਰਿਪਲਾਨੀ-ਥਠਾਨੀ, ਲਿਉ ਜਿਉਕ ਲਿਉਣ ਅਤੇ ਮਿਕੇਲ ਹੇਂਗ ਸਿਆਂਗ ਹੇਂਗ ਨੇ ਮੈਨੂੰ ਪੰਜਾਬ ਦੀ ਕਹਾਣੀਆਂ ਦੱਸ ਦੇ ਸੁਣਿਆ. ਇੰਸਟੀਚਯੂਟ ਔਫ ਸਾਉਥ ਏਸੀਅਨ ਸਟਡਿਸ ਦੇ ਚੇਅਰਮੈਨ ਗੋਪੀਨਾਥ ਪਿਲਆਈ ਅਤੇ ਪ੍ਰੋ. ਤਨ ਤਾਈ ਤੋਂਗ, ਸ਼ਾਹਿਦ ਜਾਵੇਦ ਬਰਕੀ, ਡਾ.ਏਸ.ਨਾਰਾਇਨ, ਪ੍ਰੋ.ਏਸ.ਡੀ.ਮੁਨੀ, ਡਾ.ਇਫ਼ਤਿਖ਼ਾਰ ਅਹਿਮਦ ਚੌਧਰੀ, ਡਾ.ਦਅਿਨ ਜੈਤੀਲੇਖਾ, ਪ੍ਰੋ.ਰੋਬਿਨ ਜੇਫ਼ਰੀ, ਪ੍ਰੋ.ਜਾਨ ਹੈਰੀਸ, ਡਾ.ਰਾਜਸ਼੍ਰੀ ਜੇਟਲੀ, ਹਰਨੈਖ ਸਿੰਘ, ਡਾ.ਅਮਿਤੇਂਦੁ ਪਾਲਿਤ, ਤ੍ਰਿਦੀਵੇਸ਼ ਸਿੰਘ ਮੈਨੀ, ਸਸਿਧਰਨ ਗੋਪਾਲਨ, ਸਿਥਾਰਾ ਦੋਰੈਸ੍ਵਾਮੀ ਅਤੇ ਸਾਉਥ ਏਸੀਅਨ ਸਟਡੀਸ ਪ੍ਰੋਗ੍ਰਾਮ ਦੇ ਐਸੋ.ਪ੍ਰੋ. ਗਿਆਨੇਸ਼ ਕੁਡੈਸੀਆ ਅਤੇ ਐਸੋ.ਪ੍ਰੋ.ਰਾਹੁਲ ਮੁਖਰਜੀ ਨੇ ਵੀ ਇਸ ਰਿਸਰਚ ਵਿੱਚ ਕਾਫ਼ੀ ਦਿਲਚਸਪੀ ਦਿਖਾਈ ਹੈ.

ਮੁਸ਼ਤਾਕ ਦਾ ਪਰਵਾਰ - ਫ਼ਰੀਦਾ, ਰਾਹੀਲ ਯੂਨਿਸ, ਨੀਨਾ ਅਤੇ ਫ਼ਰੀਦ ਨੇ ਵੀ ਇਸ ਕਿਤਾਬ ਦੇ ਛਪਣ ਦਾ ਇੰਤਜ਼ਾਰ ਕੀਤਾ. ਮੈਂ ਮੇਰੇ ਤੁਰਕੀ ਪਰਿਵਾਰ ਦਾ ਜ਼ਿਕਰ ਕਰਨਾ ਨਹੀਂ ਭੂਲ ਸਕਦਾ, ਜਿਸ ਦੇ ਵਿੱਚ ਮੇਲਿਹਾ ਦੇ ਮਾਤਾ ਪਿਤਾ, ਅਲੀ ਅਤੇ ਆਈਸ਼ਾ ਗੋਕੋਗੁਲ, ਉਨ੍ਹਾਂ ਦੇ ਭਰਾ ਮੇਹਮਤ ਹੋਰ ਉਸ ਦੀ ਪਤਨੀ

ਨਾਜਿਯੇ, ਅਤੇ ਪਰਵਾਰ ਦਾ ਸਭ ਤੋਂ ਛੋਟਾ ਸਦੱਸ ਤੇਵਫ਼ਿਕ, ਮੇਲਿਹਾ ਦੀ ਰਿਸ਼ਤੇ ਦੀ ਭੈਣ ਨੇਦੀਮ ਅਤੇ ਉਸ ਦਾ ਬੇਟਾ ਡੈਨਿਏਲ ਸ਼ਾਮਲ ਹਨ. ਮੈਨੂੰ ਇਸ ਗਲ ਦਾ ਪੂਰਾ ਖ਼ਿਆਲ ਹੈ ਕਿ ਇੰਨੇ ਨਾਮਾਂ ਦੇ ਜਿਕਰ ਦੇ ਦੌਰਾਨ ਮੈਂ ਅਨਜਾਨੇ ਮਗਰ ਲਾਜ਼ਮੀ ਤੌਰ ਤੇ ਕੁੱਝ ਲੋਕਾਂ ਦਾ ਸ਼ੁਕਰੀਆ ਕਰਨਾ ਭੁਲ ਗਿਆ ਹਾਂ. ਯਾਦਦਾਸ਼ਤ ਇਕ ਬਹੁਤ ਵੱਡੀ ਕੁਦਰਤੀ ਦੇਣ ਹੈ ਪਰ ਕਈ ਵਾਰ ਇਹ ਧੋਖਾ ਦੇ ਦੇਂਦੀ ਹੈ. ਇਸ ਤਰ੍ਹਾਂ ਦੀ ਚੂਕ ਦਾ ਮੈਨੂੰ ਦਿਲ੍ਹੀ ਅਫ਼ਸੋਸ ਹੈ. ਐੱ.ਯੂ.ਪੀ. ਕਰਾਚੀ ਦੇ ਅਮੀਨਾ ਸੈਈਦ, ਘੋਉਸਿਆ ਗੋਫਰਾਨ ਅਲੀ ਅਤੇ ਏਡਿਟਰ ਇਮਰਾਨ ਕੁਰੇਸ਼ੀ ਦਾ ਮੈਂ ਸ਼ੁਕਰੀਆ ਅਦਾ ਕਰਨਾ ਹਾਂ.

ਜਨਵਰੀ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
			1	2	3	4
5	6	7	8	9	10	11
12	13	14	15	16	17	18
19	20	21	22	23	24	25
26	27	28	29	30	31	

ਫ਼ਰਵਰੀ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
						1
2	3	4	5	6	7	8
9	10	11	12	13	14	15
16	17	18	19	20	21	22
23	24	25	26	27	28	

ਮਾਰਚ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
30	31					1
2	3	4	5	6	7	8
9	10	11	12	13	14	15
16	17	18	19	20	21	22
23	24	25	26	27	28	29

ਅਪ੍ਰੈਲ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
		1	2	3	4	5
6	7	8	9	10	11	12
13	14	15	16	17	18	19
20	21	22	23	24	25	26
27	28	29	30			

ਮਈ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
				1	2	3
4	5	6	7	8	9	10
11	12	13	14	15	16	17
18	19	20	21	22	23	24
25	26	27	28	29	30	31

ਜੂਨ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
1	2	3	4	5	6	7
8	9	10	11	12	13	14
15	16	17	18	19	20	21
22	23	24	25	26	27	28
29	30					

ਜੁਲਾਈ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
		1	2	3	4	5
6	7	8	9	10	11	12
13	14	15	16	17	18	19
20	21	22	23	24	25	26
27	28	29	30	31		

ਅਗਸਤ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
31					1	2
3	4	5	6	7	8	9
10	11	12	13	14	15	16
17	18	19	20	21	22	23
24	25	26	27	28	29	30

ਸਤੰਬਰ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
	1	2	3	4	5	6
7	8	9	10	11	12	13
14	15	16	17	18	19	20
21	22	23	24	25	26	27
28	29	30				

ਅਕਤੂਬਰ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
			1	2	3	4
5	6	7	8	9	10	11
12	13	14	15	16	17	18
19	20	21	22	23	24	25
26	27	28	29	30	31	

ਨਵੰਬਰ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
30						1
2	3	4	5	6	7	8
9	10	11	12	13	14	15
16	17	18	19	20	21	22
23	24	25	26	27	28	29

ਦਸੰਬਰ 1947						
ਐ	ਸੋ	ਮੰ	ਬੁ	ਵੀ	ਸ਼ੁ	ਸ਼
	1	2	3	4	5	6
7	8	9	10	11	12	13
14	15	16	17	18	19	20
21	22	23	24	25	26	27
28	29	30	31			

1947 ਦੀ ਖਾਸ ਘਟਨਾਵਾਂ ਦੀ ਸਿਲਸਲੇਵਾਰ ਫ਼ਹਿਰਿਸਤ

24 ਜਨਵਰੀ	ਵਜ਼ੀਰੇ-ਆਜ਼ਮ ਖਿਜ਼ਰ ਮੁਸਲਿਮ ਨੈਸ਼ਨਲ ਗਾਰਡ ਅਤੇ ਆਰ.ਐਸ.ਐਸ. ਦੇ ਉਪਰ ਪਾਬੰਦੀ ਲਗਾ ਦੇਂਦੇ ਹਨ; ਮੁਸਲਿਮ ਲੀਗ ਸਿੱਧੀ ਕਾਰਵਾਈ (ਡਾਇਰੇਕਟ ਐਕਸ਼ਨ) ਦਾ ਆਘਾਜ਼ ਕਰਦੀ ਹੈ
20 ਫ਼ਰਵਰੀ	ਬ੍ਰਿਟਿਸ਼ ਹਕੂਮਤ ਭਾਰਤੀ ਉਪ ਮਹਾਦੀਪ ਤੋਂ ਜੂਨ 1948 ਨੂੰ ਆਪਣੇ ਰਾਜ ਨੂੰ ਖ਼ਤਮ ਕਰਨ ਦਾ ਐਲਾਨ ਕਰਦੀ ਹੈ
26 ਫ਼ਰਵਰੀ	ਮੁਸਲਿਮ ਲੀਗ ਸਿਵਿਲ ਡਿਸਉਬੀਡੀਏਂਸ ਦੀ ਤੇਹਰਿਕ ਨੂੰ ਛਡ ਦੇਂਦੀ ਹੈ; ਸਾਰੇ ਜੈਲਸ਼ੁਦਾ ਲੋਕ ਰਿਹਾ ਹੋ ਜਾਂਦੇ ਹਨ
2 ਮਾਰਚ	ਖਿਜ਼ਰ ਅਸਤੀਫ਼ਾ ਦੇ ਕੇ ਇੱਕ ਬਹੁਤ ਵੱਡਾ ਸਿਆਸੀ ਅਤੇ ਸੰਵਿਧਾਨਕ ਮਸਲਾ ਖੜ੍ਹਾ ਕਰ ਦੇਂਦੇ ਨੇ
3 ਮਾਰਚ	ਮਾਸਟਰ ਤਾਰਾ ਸਿੰਘ ਪਾਕਿਸਤਾਨ ਬਣਣ ਦੀ ਮੁਖ਼ਾਲਫ਼ਤ ਕਰਦੇ ਹੋਏ ਪੰਜਾਬ ਲੈਜੀਸਲੇਟਿਵ ਅਸੈਮਬਲੀ ਦੀ ਪੌੜਿਆਂ ਤੇ ਆਪਣੀ ਕ੍ਰਿਪਾਨ ਲਹਰਾਉਂਦੇ ਹਨ. ਲਾਹੌਰ ਦੀ ਇੱਕ ਆਮ ਸਭਾ ਵਿੱਚ ਹਿੰਦੂ ਅਤੇ ਸਿੱਖ ਰਹਨੁਮਾਵਾਂ ਨੇ ਹਰ ਹਾਲ ਵਿੱਚ ਪਾਕਿਸਤਾਨ ਦੀ ਪੈਦਾਇਸ਼ ਦੀ ਮੁਖਾਲਫਤ ਕਰਣ ਦੀ ਪ੍ਰਤਿਗਿਆ ਕੀਤੀ.
4 ਮਾਰਚ	ਅੰਮ੍ਰਿਤਸਰ ਅਤੇ ਲਾਹੌਰ ਵਿੱਚ ਹਿੰਦੂ, ਸਿਖ ਅੰਦੋਲਨਕਾਰੀਆਂ ਅਤੇ ਮੁਸਲਮਾਨ ਮੁਖਾਲਿਫਾਂ ਦੇ ਦਰਮਿਆਨ ਹਿੰਸਕ ਝਗੜੇ ਸ਼ੁਰੂ ਹੋ ਗਏ
5 ਮਾਰਚ	ਮੁਲਤਾਨ ਹੋਰ ਰਾਵਲਪਿੰਡੀ ਤੇ ਫ਼ਸਾਦ ਫੈਲ ਜਾਂਦੇ ਨੇ; ਇੱਕ ਛੋਟੇ ਪੈਮਾਨੇ ਤੇ ਜਲੰਧਰ ਹੋਰ ਪੰਜਾਬ ਦੇ ਕੁੱਝ ਮੱਧ ਦੇ ਸ਼ਹਿਰਾਂ ਵਿੱਚ ਵੀ ਦੰਗੇ ਹੁੰਦੇ ਹਨ
5 ਮਾਰਚ	ਪੰਜਾਬ ਦੇ ਗਵਰਨਰ ਸਰ ਏਵਾਨ ਜੇਨਕਿੰਸ ਨੇ ਪੰਜਾਬ ਦੇ ਉਪਰ ਗਵਰਨਰ ਰੁਲ ਲਗਾ ਦਿੱਤਾ. ਇਹ 14 ਅਗਸਤ ਤੱਕ ਚਲਿਆ ਜਿਸ ਦਿਨ ਪੂਰਬੀ ਅਤੇ ਪੱਛਮ ਪੰਜਾਬ ਦੀ ਹਕੂਮਤਾਂ ਨੇ ਆਪਣੀ ਆਪਣੀ ਜ਼ਿਮੇਵਾਰੀਆਂ ਸੰਭਾਲੀਆਂ
6-13 ਮਾਰਚ	ਰਾਵਲਪਿੰਡੀ, ਕੈਮਪਬੇਲਪੁਰ (ਅੱਟਕ), ਅਤੇ ਜਿਹਲਮ ਜ਼ਿਲ੍ਹਾਂ ਦੇ ਉਨ੍ਹ ਪਿੰਡਾਂ ਤੇ ਜਿਸ ਦੇ ਵਿੱਚ ਜ਼ਿਆਦਾਤਾਰ ਸਿੱਖ ਰਹਿੰਦੇ ਸਨ, ਹਥਿਆਰਬੰਦ ਮੁਸਲਮਾਨਾਂ ਨੇ ਹਮਲੇ ਕੀਤੇ. ਇਹ ਦੰਗਿਆਂ ਤੇ 2000-4000 ਸਿੱਖ ਅਤੇ ਹਿੰਦੂ ਹਲਾਕ ਹੋਏ. ਹਜਾਰਾਂ ਦੀ ਤਦਾਦ ਵਿੱਚ ਸਿੱਖਾਂ ਨੇ ਪੂਰਬੀ ਜ਼ਿਲ੍ਹਾਂ ਅਤੇ ਰਿਆਸਤੀ ਸੂਬਿਆਂ ਵਿੱਚ ਪਨਾਹ ਲੀਤੀ.
8 ਮਾਰਚ	ਸਿੱਖਾਂ ਦੀ ਪੰਜਾਬ ਦੀ ਤਕਸੀਮ ਦੀ ਚਾਹਤ ਨੂੰ ਕਾਂਗ੍ਰੇਸ ਵਰਕਿੰਗ ਕਮਿਟੀ ਨੇ ਦਿੱਲੀ ਤੋਂ ਮੰਜੂਰੀ ਦਿੱਤੀ
21 ਮਾਰਚ	ਲੂਇਸ ਮਾਉਂਟਬੇਟਨ ਨੇ ਇੰਡੀਆ ਦੇ ਆਖਰੀ ਵਾਇਸਰਾਇ ਅਤੇ ਗਵਰਨਰ ਜਨਰਲ ਦਾ

	ਭਾਰ ਸੰਭਾਲਿਆ
ਅਪ੍ਰੈਲ-ਜੂਨ	ਅੰਮ੍ਰਿਤਸਰ ਅਤੇ ਲਾਹੌਰ ਵਿੱਚ ਛੁਰੇਬਾਜ਼ੀ, ਸਾੜ-ਫੂਕ ਅਤੇ ਹਲਕੀ ਫੁਲਕੀ ਬੰਬਾਰੀ ਦੇ ਹਾਦਸੇ ਸ਼ੁਰੂ ਹੋਏ ਹੋਰ ਹੌਲੀ ਹੌਲੀ ਇਹ ਹਾਦਸੇ ਬਾਰ ਬਾਰ ਹੋਣ ਲਗੇ ਅਤੇ ਹਾਲਾਤ ਬਦ ਤੋਂ ਬਦਤਰ ਹੋ ਗਏ.
15-16 ਮਈ	ਸਿੱਖਾਂ ਦੀ ਪਾਕਿਸਤਾਨ ਵਿੱਚ ਵਸਨ ਦੀ ਸੰਭਾਵਨਾ ਜਾਣਨ ਲਈ ਜਿਨਾਹ ਅਤੇ ਲਿਆਕਤ ਅਲੀ ਖਾਨ ਮਹਾਰਾਜਾ ਪਟਿਆਲਾ ਹੋਰ ਦੂਜੇ ਸਿਖ ਰਹਨੁਮਾਵਾਂ (ਲੀਡਰਾਂ) ਨਾਲ ਮਿਲਦੇ ਹਨ. ਕੋਈ ਨਤੀਜਾ ਨਹੀਂ ਨਿਕਲਦਾ ਹੈ.
3 ਜੂਨ	ਮਾਉਂਟਬੇਟਨ ਤਕਸੀਮ ਦੇ ਮਨਸੂਬੇ ਦਾ ਐਲਾਨ ਕਰਦਾ ਹੈ. ਇੰਡੀਆ ਹੋਰ ਪਾਕਿਸਤਾਨ ਨੂੰ ਅਗਸਤ ਦੇ ਮੱਧ ਵਿੱਚ ਆਜਾਦ ਕਰ ਦਿੱਤਾ ਜਾਵੇਗਾ
23 ਜੂਨ	ਪੰਜਾਬ ਲੈਜਿਸਲੇਟਿਵ ਅਸੈਮਬਲੀ ਦੇ ਸਦੱਸ ਪੂਰਬੀ ਅਤੇ ਪੱਛਮ ਸਮੂਹਾਂ ਦੇ ਤੌਰ ਤੇ ਮਿਲਦੇ ਹਨ ਅਤੇ ਪੰਜਾਬ ਦੀ ਤਕਸੀਮ ਲਈ ਵੋਟਾਂ ਪਾਉਂਦੇ ਹਨ
8 ਜੂਲਾਈ	ਸਰ ਸਾਇਰੀਲ ਰੈਡਕਲਿਫ਼ ਪੰਜਾਬ ਬਾਉਂਨਡਰੀ ਕਮੀਸਨ ਦੀ ਪ੍ਰਧਾਨਗੀ ਕਰਨ ਇੰਡੀਆ ਆਉਂਦੇ ਹਨ
18 ਜੂਲਾਈ	ਬ੍ਰਿਟਿਸ਼ ਪਾਰਲਿਆਮੇਂਟ ਇੰਡਿਪੇਂਡੇਂਸ ਐਕਟ 1947 ਨੂੰ ਮੰਜੂਰੀ ਦੇਂਦਾ ਹੈ
21 ਜੂਲਾਈ - 31 ਜੂਲਾਈ	ਪੰਜਾਬ ਬਾਉਨਡਰੀ ਕਮੀਸ਼ਨ ਨੇ ਬ੍ਰਿਟਿਸ਼ ਪੰਜਾਬ ਦੇ ਉਪਰ ਕਾਂਗ੍ਰੇਸ, ਮੁਸਲਿਮ ਲੀਗ, ਸਿਖਾਂ ਅਤੇ ਘੱਟ ਗਿਣਤੀ ਵਾਲੇ ਸਮੂਹਾਂ ਦੇ ਕਸ਼ਮਕਸ਼ ਭਰੇ ਜ਼ਮੀਨੀ ਦਾਵਿਆਂ ਦਾ ਮੁਆਇਨਾ ਕੀਤਾ
ਜੂਲਾਈ ਦੇ ਬਾਅਦ	ਪੁਰਾਣਾ ਪੰਜਾਬ ਇੱਕ ਦੂਜੇ ਤੋਂ ਅਲੇਹਦਾ ਹੋ ਜਾਂਦਾ ਹੈ. ਪਿੰਡਾਂ ਤੇ ਫ਼ਸਾਦ ਫੈਲ ਜਾਂਦੇ ਨੇ. ਹਕੂਮਤ ਦੀ ਫ਼ਰਮਾਨਸ਼ਾਹੀ ਬਹੁਤ ਤੇਜੀ ਨਾਲ ਬੇਅਸਰ ਹੋ ਜਾਂਦੀ ਹੈ. ਪੂਰਬੀ ਜ਼ਿਲ੍ਹਾਂ ਦੇ ਮੁਸਲਮਾਨਾ ਦੇ ਉਪਰ ਸਿਖ ਜੱਥੇਆਂ ਦੇ ਹਮਲਿਆਂ ਦਾ ਆਘਾਜ਼ ਹੁੰਦਾ ਹੈ
1 ਅਗਸਤ	ਮੇਜਰ ਜਨਰਲ ਰੀਸ ਦੀ ਪੰਜਾਬ ਬਾਉਂਡਰੀ ਫੋਰਸ ਬ੍ਰਿਟਿਸ਼ ਪੰਜਾਬ ਦੇ 12 ਜ਼ਿਲ੍ਹਾਂ ਨੂੰ ਆਪਣੇ ਕਾਬੂ ਵਿੱਚ ਲੈਣ ਦੀ ਕੋਸ਼ਿਸ਼ ਕਰਦੀ ਹੈ. ਇਨ੍ਹਾਂ ਦੇ ਕੋਲ ਲੋਕਾਂ ਅਤੇ ਸਾਜੋ ਸਮਾਨ ਦੋਵੇਂ ਦੀ ਬੇਹਦ ਕਮੀ ਸੀ
12 ਅਗਸਤ	ਗਵਰਨਰ ਜੇਨਕਿੰਸ ਨੇ ਪਹਿਲੀ ਵਾਰ ਪੂਰਬੀ ਜ਼ਿਲ੍ਹਾਂ ਤੋਂ ਮੁਸਲਮਾਨਾ ਦੀ ਪੱਛਮ ਵੱਲ ਇੱਕ ਵੱਡੇ ਪੈਮਾਨੇ ਤੇ ਕੂਚ ਦਾ ਹਵਾਲਾ ਦਿੱਤਾ. ਉਸ ਪਾਸੇ ਮੁਸਲਮਾਨ ਮਜਾਰਿਟੀ (ਬਹੁਮਤ) ਵਿੱਚ ਸਨ.
13 ਅਗਸਤ	ਪੂਰਬੀ ਅਤੇ ਪੱਛਮ ਪੰਜਾਬ ਤੇ ਆਪਣੀ ਸਰਕਾਰਾਂ ਸੱਤਾ ਤੇ ਆਉਂਦਿਆ ਨੇ. ਉਪ-ਮਹਾਦੀਪ ਉਪਰ ਬ੍ਰਿਟਿਸ਼ ਹਕੂਮਤ ਖ਼ਤਮ ਹੁੰਦੀ ਹੈ.

ਪੰਜ਼ਾਬ ਦੀ ਹਕੂਮਤਾਂ

(1 ਜਨਵਰੀ 1947 - 31 ਦਸੰਬਰ)

ਇਤਹਾਦੀ ਪੰਜ਼ਾਬ ਦੀ ਹਕੂਮਤ (1 ਜਨਵਰੀ 1947 -14 ਅਗਸਤ 1947)	
ਗਵਰਨਰ	ਸਰ ਇਵਨ ਜੇਨਕੀਨਸ, ਇੰਡੀਅਨ ਸਿਵਿਲ ਸਰਵਿਸ (ਆਈ.ਸੀ.ਐਸ)
ਚੀਫ ਸੇਕਰੇਟਰੀ	ਅਖ਼ਤਰ ਹੁਸੈਨ, (ਆਈ.ਸੀ.ਐਸ)
ਇੰਸਪੈਕਟਰ ਜ਼ਨਰਲ ਔਫ ਪੂਲੀਸ	ਸਰ ਜ਼ੈਨ ਬੇਨੇਟ,ਇੰਡੀਅਨ ਪੂਲੀਸ (ਆਈ.ਪੀ.)
ਪ੍ਰਾਇਮ ਮਿਨਿਸਟਰ	ਸਰ ਖਿਜ਼ਰ ਹਯਾਤ ਖ਼ਾਨ ਟਿਵਾਣਾ (1 ਜਨਵਰੀ 1947 -2 ਮਾਰਚ 1947)
ਵਜ਼ੀਰ (ਮੰਤਰੀ)	(4 ਮਾਰਚ 1947 ਨੂੰ ਗਵਰਨਰ ਦਾ ਰੁਲ ਲਾਗੂ ਹੋ ਗਿਆ ਅਤੇ ਵਜ਼ਾਰਤ ਦਾ ਖਾਤਮਾ ਹੋਇਆ)
ਚੌਧਰੀ ਲਹਰੀ ਸਿੰਘ	ਪਬਲਿਕ ਵਰਕਸ
ਮਿੰਯਾ ਮੁਹਮਦ ਇਬਰਾਹਿਮ ਬਰਕ	ਐਜੁਕੇਸ਼ਨ
ਫੀਮ ਸੇਨ ਸਚਰ	ਫਿਨੇਨਸ
ਨਵਾਬ ਸਰ ਮੁਜ਼ਫਰ ਅਲੀ ਕਿਜ਼ਿਲਬਾਸ਼	ਰੇਵਨਿਊ
ਸਰਦਾਰ ਬਲਦੇਵ ਸਿੰਘ	ਡੇਵਲਪਮੇਂਟ
ਪਛਮ ਪੰਜ਼ਾਬ ਦੀ ਹਕੂਮਤ (15 ਅਗਸਤ 1947 -31 ਦਸੰਬਰ 1947)	
ਗਵਰਨਰ	ਸਰ ਫਰਾਂਸਿਸ ਮੁਡੀ, ਇੰਡੀਅਨ ਸਿਵਿਲ ਸਰਵਿਸ (ਆਈ.ਸੀ.ਐਸ)
ਚੀਫ ਸੇਕਰੇਟਰੀ	ਹਾਫਿਜ਼ ਅਬਦੁਲ ਮਾਜ਼ੀਦ, (ਆਈ.ਸੀ.ਐਸ)
ਇੰਸਪੈਕਟਰ ਜ਼ਨਰਲ ਔਫ ਪੂਲੀਸ	ਖ਼ਾਨ ਕੁਰਬਾਨ ਅਲੀ ਖ਼ਾਨ, (ਆਈ.ਪੀ.)
ਪ੍ਰਾਇਮ ਮਿਨਿਸਟਰ	ਨਵਾਬ ਇਫਤਿਖਾਰ ਹੁਸੈਨ ਖਾਨ ਮਮਦੋਤ
ਵਜ਼ੀਰ (ਮੰਤਰੀ)	
ਸ਼ੇਖ ਕਰਾਮਤ ਅਲੀ	ਐਜੁਕੇਸ਼ਨ
ਮੁਮਤਾਜ਼ ਮੁਹੱਮਦ ਖ਼ਾਨ ਦੌਲਤਾਨਾ	ਫਿਨੇਨਸ
ਸਰਦਾਰ ਸ਼ੌਕਤ ਹਯਾਤ ਖਾਨ	ਰੇਵਨਿਊ
ਮਿਆਂ ਮੁਹਮਦ ਇਫ਼ਤਿਖ਼ਾਰੁੱਦੀਨ	ਰਿਫਯੁਜ਼ਿਸ ਐਂਡ ਰਿਹੈਬਲਿਟੇਸ਼ਨ (18 ਸਤੰਬਰ - 15 ਨਵੰਬਰ 1947)
ਪੂਰਬੀ ਪੰਜ਼ਾਬ ਦੀ ਹਕੂਮਤ (15 ਅਗਸਤ 1947 -31 ਦਸੰਬਰ 1947)	

ਗਵਰਨਰ	ਸਰ ਚੰਦੂਲਾਲ ਮਾਧਵਲਾਲ ਤ੍ਰਿਵੇਦੀ, ਇੰਡੀਅਨ ਸਿਵਿਲ ਸਰਵਿਸ (ਆਈ.ਸੀ.ਐਸ)
ਚੀਫ ਸੇਕਰੇਟਰੀ	ਮੁਲਕ ਰਾਜ਼ ਸਚਦੇਵ, (ਆਈ.ਸੀ.ਐਸ)
ਇੰਸਪੈਕਟਰ ਜ਼ਨਰਲ ਔਫ ਪੂਲੀਸ	ਸੰਤ ਪਰਕਾਸ਼ ਸਿੰਘ, (ਆਈ.ਪੀ.)
ਪ੍ਰਾਇਮ ਮਿਨਿਸਟਰ	ਡਾੱ. ਗੋਪੀ ਚੰਦ ਭਾਰਗਵ
ਵਜ਼ੀਰ (ਮੰਤਰੀ)	
ਸਰਦਾਰ ਸਵਰਨ ਸਿੰਘ	ਹੋਮ, ਇਰੀਗੇਸ਼ਨ, ਪਾਵਰ
ਇਸ਼ਰ ਸਿੰਘ ਮਝੈਲ	ਰੇਵੇਨਯੂ ਐਂਡ ਰਿਹੈਬਲਿਟੇਸ਼ਨ
ਚੌਧਰੀ ਲਹਰੀ ਸਿੰਘ	ਪਬਲਿਕ ਵਰਕਸ, ਪੀ.ਦਬਲੂ.ਡੀ, ਬਿਲਡਿੰਗਸ
ਪ੍ਰਿਥਵੀ ਸਿੰਘ ਆਜ਼ਾਦ	ਸੋਸ਼ਲ ਵੈਲਫੇਅਰ

ਪਰਿਚੇ

ਬ੍ਰਿਟਿਸ਼ ਹਕੂਮਤ ਨੇ ਇੰਡੀਆ ਦੀ ਖ਼ਾਸ ਸਿਆਸ਼ੀ ਪਾਰਟੀਆਂ ਇੰਡੀਅਨ ਨੈਸ਼ਨਲ ਕਾਂਗਰੇਸ, ਆਲ ਇੰਡੀਆ ਮੁਸਲੀਮ ਲੀਗ ਅਤੇ ਸਿੱਖਾਂ ਨੂੰ ਇੰਡੀਆ ਦੀ ਤਕਸੀਮ ਲਈ ਇੱਕ ਸਮਝੌਤੇ ਨੂੰ ਮੁਕਰੱਰ ਕਰਨ ਵਾਸਤੇ ਦਲਾਲੀ ਦਾ ਕੱਮ ਕੀਤਾ. ਪੰਜਾਬ ਦੀ ਤਕਸੀਮ ਵੀ ਇਸ ਸਮਝੌਤੇ ਦਾ ਇੱਕ ਹਿੱਸਾ ਸੀ. ਬ੍ਰਿਟਿਸ਼ ਹਕੂਮਤ ਨੇ ਤਕਸੀਮ ਦੇ ਮਨਸੂਬੇ ਦਾ ਐਲਾਨ 3 ਜੁਨ 1947 ਨੂੰ ਕਰ ਦਿੱਤਾ ਅਤੇ ਖ਼ਾਸ ਸਿਆਸੀ ਪਾਰਟੀਆਂ ਹੋਰ ਬਲਦੇਵ ਸਿੰਘ ਜੋ ਪੰਜਾਬ ਦੇ ਸਿੱਖਾਂ ਦੇ ਨੁਮਾਇੰਦੇ ਸਨ, ਨੇ ਇਸ ਦੀ ਤਸਦੀਕ ਕੀਤੀ. ਅਗਸਤ ਦੇ ਵਿੱਚ ਬ੍ਰਿਟਿਸ਼ ਸਲਤਨਤ ਦਾ ਖ਼ਾਤਮਾ ਹੋ ਗਿਆ. ਦੋਨੋ ਮੁਲਕਾਂ ਦੇ ਦਰਮਿਆਨ ਇੱਕ ਇੰਟਰਨੈਸ਼ਨਲ਼ ਸੀਮਾ ਖਿੱਚੀ ਗਈ; ਇੱਕ ਉੱਤਰ-ਪਛਮ ਤੇ ਪੰਜਾਬ ਵਿੱਚ ਅਤੇ ਦੂਜੀ ਉਤਰ-ਪੂਰਬ ਤੇ ਬੰਗਾਲ ਵਿੱਚ.

1941 ਦੀ ਮਰਦਮਸ਼ੁਮਾਰੀ ਦੇ ਮੁਤਾਬਕ ਬ੍ਰਿਟਿਸ਼ ਪੰਜਾਬ ਅਤੇ ਰਿਆਸਤੀ ਸੂਬਿਆਂ ਨੂੰ ਮਿਲਾ ਕੇ ਪੰਜਾਬ ਦੀ ਕੁੱਲ ਆਬਾਦੀ 33,922,973 ਸੀ (ਫਿਗਰ-1). ਮੁਸਲਮਾਨ 53.2 ਫ਼ੀਸਦੀ ਸਨ ਅਤੇ ਉਨ੍ਹਾਂ ਦੀ ਪੂਰੀ ਬਹੁ-ਮੱਤਤਾ ਸੀ. ਹਿੰਦੂ 29.1 ਫ਼ੀਸਦੀ ਸਨ (ਉੱਚੀ ਜਾਤੀ ਦੇ 23.8 ਫ਼ੀਸਦੀ ਹਿੰਦੂ ਅਤੇ 5.2 ਫ਼ੀਸਦੀ ਸਿਡਯੁਲਡ ਕਾਸਟ ਹੋਰ ਸਿਡਯੁਲਡ ਟ੍ਰਾਇਬ ਲੈ ਕੇ), ਸਿੱਖ 14.9 ਅਤੇ ਇਸਾਈ 1.4 ਫ਼ੀਸਦੀ ਸਨ.

ਫਿਗਰ-1: ਸਮੁੱਚੇ ਪੰਜਾਬ (ਰਿਆਸਤੀ ਸੂਬਿਆਂ ਨੂੰ ਲੈ ਕੇ) ਦੀ ਆਬਾਦੀ ਦਾ 1941 ਦਾ ਨਮੂਨਾ

(ਸਰੇਤ : ਸੈਂਸਸ ਆਫ ਇੰਡੀਆ, ਪੰਜਾਬ, 1941)

29 ਜ਼ਿਲ੍ਹਾਂ ਨੂੰ ਮਿਲਾ ਕੇ ਬ੍ਰਿਟਿਸ਼ ਪੰਜਾਬ ਦੀ (ਫਿਗਰ-2) ਕੁੱਲ ਆਬਾਦੀ 28,418,819 ਸੀ. ਮੁਸਲਮਾਨ 47.1 ਫ਼ੀਸਦੀ ਸਨ. ਹਿੰਦੂ 28.8 ਫ਼ੀਸ਼ਦੀ ਸਨ (6.6% ਸਿਡਯੁਲਡ ਕਾਸਟ ਲੈ ਕੇ). ਸਿੱਖ 13.2 ਅਤੇ ਇਸਾਈ ਫ਼ੀਸਦੀ 1.7 ਸਨ.



ਫਿਗਰ-2: ਬ੍ਰਿਟਿਸ਼ ਪੰਜਾਬ ਦੀ ਆਬਾਦੀ ਦਾ 1941 ਦਾ ਨਮੂਨਾ

(ਸਰੋਤ : ਸੈਂਸਸ ਆਫ ਇੰਡੀਆ, ਪੰਜਾਬ, 1941)

ਇਸ ਗੱਲ ਨੂੰ ਕੋਈ ਨਕਾਰ ਨਹੀਂ ਸਕਦਾ ਹੈ ਕਿ ਅਗਰ ਇੰਡੀਆ ਦੀ ਤਕਸੀਮ ਨਹੀਂ ਹੁੰਦੀ ਤੇ ਪੰਜਾਬ ਦੀ ਤਕਸੀਮ ਵੀ ਨਹੀਂ ਹੁੰਦੀ. ਮੁਸਲੀਮ ਲੀਗ ਦੇ ਲੀਡਰਾਂ ਨੇ ਇੰਡੀਆ ਦੀ ਤਕਸੀਮ ਕਰ ਕੇ ਬਹੁ-ਮੱਤ ਮੁਸਲਿਮ ਵਾਲੇ ਇੱਕ ਅਲਗ ਮੁਲਕ ਦੀ ਮੰਗ ਕੀਤੀ ਸੀ, ਜਿਸ ਦੇ ਵਿੱਚ ਪੰਜਾਬ ਵੀ ਸ਼ਾਮਲ ਸੀ, ਅਤੇ ਸਿੱਖ ਰਹਨੁਮਾਵਾਂ ਨੇ ਪੰਜਾਬ ਦੀ ਤਕਸੀਮ ਦਾ ਦਾਅਵਾ ਬਤੌਰ ਇੱਕ ਜਵਾਬੀ ਕਾਰਵਾਈ ਕੀਤਾ. ਫਿਰ ਵੀ, ਇਹ ਲ਼ਾਜ਼ਮੀ ਨਹੀਂ ਸੀ ਕਿ ਪੰਜਾਬ ਦੀ ਜ਼ਰੂਦਤਨ ਤਕਸੀਮ ਹੁੰਦੀ ਅਗਰ ਉਸ ਦੇ ਤਿੰਨ ਮੁੱਖ ਫਿਰਕਿਆਂ ਦੇ ਆਗੂ ਇੱਕ ਸਾਥ ਰਹਿਣ ਨੂੰ ਰਾਜੀ ਹੋ ਜਾਂਦੇ.

ਪੰਜਾਬ ਦੀ ਤਕਸੀਮ ਦਾ ਫ਼ੈਸਲਾ ਬ੍ਰਿਟਿਸ਼ ਪੰਜਾਬ ਜੋ ਕਿ ਬ੍ਰਿਟਿਸ਼ ਹਕੂਮਤ ਦੀ ਮਹਿਜ਼ ਇੱਕ ਯੁਨਿਟ (ਇੱਕਾਈ) ਸੀ, ਉਪਰ ਲਾਗੂ ਹੋਇਆ. ਇਸ ਦੇ ਬਾਵਜੂਦ, ਤਕਸੀਮ ਤੋਂ ਪੈਦਾ ਹੋਈ ਖਲਬਲੀ ਅਤੇ ਉਥਲ-ਪੁਥਲ ਨੇ, ਲ਼ਾਜ਼ਮੀ ਤੌਰ ਤੇ ਸ਼ਾਹੀ ਰਿਆਸਤਾਂ ਨੂੰ ਵੀ ਲਪੇਟ ਲੀਤਾ. ਤਕਸੀਮ ਦੇ ਚਲਦਿਆਂ ਪੂਰਬੀ ਪੰਜਾਬ ਵਿੱਚ ਮੁਸਲਮਾਨਾਂ ਦਾ ਸਫ਼ਾਇਆ ਹੋ ਗਿਆ. ਸਿਰਫ਼ ਮਲੇਰਕੋਟਲਾ ਰਿਆਸਤੀ ਸੂਬੇ ਜਿਸ ਦੀ ਕੁੱਲ ਆਬਾਦੀ 88,109 ਸੀ ਹੋਰ ਜੋ ਇੱਕ ਮੁਸਲਮਾਨ ਨਵਾਬ ਦੇ ਅਧੀਨ ਸੀ, ਮੁਸਲਮਾਨ ਸਲਾਮਤ ਰਹੇ. ਇਸ ਤੋਂ ਵੀ ਛੋਟੀ ਰਿਆਸਤ ਲੋਹਾਰੂ (ਕੁੱਲ ਆਬਾਦੀ 29,882) ਵੀ ਇੱਕ ਮੁਸਲਮਾਨ ਨਵਾਬ ਦੇ ਅਧੀਨ ਸੀ, ਜੋ ਤਕਸੀਮ ਦੇ ਬਾਦ ਪਾਕਿਸਤਾਨ ਚਲੇ ਗਏ. ਉਸੀ ਤਰ੍ਹਾਂ ਪਾਕਿਸਤਾਨੀ ਪੰਜਾਬ ਅਤੇ ਬਹਾਵਲਪੁਰ ਦੇ ਰਿਆਸਤੀ ਸੂਬੇ ਤੋਂ (ਕੁੱਲ ਆਬਾਦੀ 1,341,209), ਖ਼ਾਸ ਕਰ ਕੇ ਹਿੰਦੂਆਂ ਅਤੇ ਸਿੱਖਾਂ ਦੀ ਮੌਜੂਦਗੀ, ਖ਼ਤਮ ਹੋ ਗਈ.

ਪੰਜਾਬ ਦੇ ਬਾਰੇ ਇਹ ਹੈਰਤਜ਼ਦਹ ਕਰਣ ਵਾਲੀ ਗੱਲ ਹੈ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਵਿੱਚ ਇੱਕ ਸ਼ਾਨਦਾਰ ਆਜ਼ਾਦ ਖਿਆਲੀ ਰਵਾਇਤ ਸੀ ਜਿਥੇ 3 ਮੁੱਖ ਮਜ਼ਹਬ, ਇਸਲਾਮ, ਸਿੱਖ ਅਤੇ ਹਿੰਦੂ, ਜੋ ਸੂਫੀ, ਭਗਤੀ ਅਤੇ ਸੰਤ ਲਹਿਰ ਦੇ ਦੌਰਾਨ, ਇੱਕ ਦੂਜੇ ਨੂੰ ਮੁਤਾਸਰ ਕਰਦੇ ਸੀ. ਇਹ ਰਵਾਇਤ

ਭਾਇਚਾਰੇ ਨੂੰ ਵਧਾਵਾ ਦੇਂਦੀ ਸੀ ਨਾ ਕਿ ਟਕਰਾਅ ਨੂੰ. ਇਸ ਗੱਲ ਨੂੰ ਵੀ ਅਸੀਂ ਇਨਕਾਰ ਨਹੀਂ ਕਰ ਸਕਦੇ ਹਾਂ ਕਿ ਪੰਜਾਬ ਦਾ ਇਤਿਹਾਸ, ਅਕਸਰ ਹੋਣ ਵਾਲੇ ਜੰਗੀ ਹਮਲਿਆਂ ਦੀ ਲੰਬੀ ਦਾਸਤਾਨ ਹੈ. ਹਮਲਾਵਰ ਇੰਡੀਅਨ ਸਬ ਕੈਨਟਿਨੈਂਟ (ਉਪ-ਮਹਾਦੀਪ) ਤੇ ਉਤੱਰ ਪਛਮ ਦੇ ਪਹਾੜੀ ਦਰਿਰਆਂ ਤੋਂ ਹੋ ਕੇ ਆਉਂਦੇ ਸੀ ਹੋਰ ਪੰਜਾਬ, ਉੱਤਰੀ ਇੰਡੀਆ, ਹੋਰ ਪਰ੍ਹੇ ਵੀ ਆਪਣੀ ਹਕੂਮਤ ਕਾਇਮ ਕਰਦੇ ਸੀ. ਅੰਗਰੇਜ਼ਾਂ ਦੇ ਫ਼ੈਜ਼ੀ ਕਬਜੇ ਤੋਂ ਪਹਿਲਾ ਪੰਜਾਬ ਤੇ ਸਿੱਖਾਂ ਦੀ ਹਕੂਮਤ ਸੀ, ਹੋਰ ਉਸ ਤੋਂ ਮਹਿਜ਼ 50 ਸਾਲਾਂ ਪਹਿਲਾਂ ਪੰਜਾਬ ਮੁਘਲ ਸਲਤਨਤ ਦਾ ਇੱਕ ਸੂਬਾ ਸੀ.

ਦੁਸਰੀ ਤਰਫ਼ ਤਿੱਨੇਂ ਮਜ਼ੂਬੀ ਬਰਾਦਰੀਆਂ ਦੀ ਇੱਕ ਦੂਜੇ ਦੇ ਉਪਰ ਸ਼ਿਕਾਇਤਾਂ ਦੀ ਇੱਕ ਲੰਬੀ ਫ਼ਹਿਰਿਸਤ ਮੌਜੂਦ ਸੀ. ਹੋਰ ਇਸ ਤਾਰੀਖ਼ੀ ਯਾਦਾਂ ਦਾ ਚੁਣੀਦਾ ਤੌਰ ਤੇ, ਇੱਕ ਦੂਜੇ ਉਪਰ ਇਲਜ਼ਾਮ ਲਗਾਉਣ ਲਈ, ਉਹ ਇਸਤੇਮਾਲ ਕਰਦੇ ਸੀ. ਮਗਰ ਕਾਫ਼ੀ ਪੁਖਤਾ ਸਬੂਤ ਮੌਜੂਦ ਨੇ ਕਿ ਅੰਗਰੇਜ਼ੀ ਹਕੂਮਤ ਦੇ ਲੱਗਭਗ ਖ਼ਤਮ ਹੋਣ ਤੋਂ ਪਹਿਲਾਂ, ਹਜ਼ਾਰਾਂ ਪਿੰਡਾਂ, ਛੋਟੇ ਅਤੇ ਵੱਡੇ ਸ਼ਹਿਰਾਂ ਦੇ ਜ਼ਿਆਦਾਤਰ ਪੰਜਾਬੀਆਂ ਵਿੱਚ, ਅਮਨ ਕਾਇਮ ਸੀ. ਪੰਜਾਬੀਅਤ ਨੇ ਉਨ੍ਹਾਂ ਨੂੰ ਜੋੜ ਕੇ ਰੱਖਿਆ ਸੀ. ਮਗਰ 20ਵੀਂ ਸਦੀ ਦੀ ਫੁੱਟ ਪਾਉਣ ਵਾਲੀ ਤਾਕਤਾਂ ਦੇ ਦਬਾਅ ਥਲੇ ਇਹ ਇਤਹਾਦ ਬਿਖਰ ਗਿਆ. 1945 ਤੋਂ ਬਾਅਦ ਪੰਜਾਬ ਦੀ ਹਕੂਮਤ ਨੇ ਆਗਾਹ ਕੀਤਾ ਕਿ ਤਿੰਨੇ ਮਜ਼ੂਬੀ ਬਰਾਦਰੀਆਂ ਨੇ ਆਪਣੀ ਪ੍ਰਾਇਵੇਟ (ਨਿੱਜੀ) ਫ਼ੌਜਾਂ ਤਿਆਰ ਕਰ ਲੀਤੀਆਂ ਸੀ. ਸਿੱਖ ਆਪਣੇ ਨਾਲ ਹਥਿਆਰ ਰੱਖਦੇ ਸੀ ਹੋਰ ਕ੍ਰਿਪਾਨ ਰੱਖਣਾ ਸਿੱਖਾਂ ਦਾ ਮਜ਼ੂਬੀ ਹੱਕ ਸੀ. ਇਸ ਦੇ ਇਲਾਵਾ, ਪੰਜਾਬੀ ਮੁਸਲਮਾਨ, ਸਿੱਖ ਅਤੇ ਪੂਰਬੀ ਪੰਜਾਬ ਦੇ ਹਿੰਦੀ ਬੋਲਣ ਵਾਲੇ ਹਿੰਦੂ, ਬ੍ਰਿਟਿਸ਼ ਫ਼ੌਜ ਦਾ ਇਕੱਲਾ ਸਭ ਤੋਂ ਵੱਡਾ ਸੂਬਾਈ ਸਮੂਹ ਸੀ. ਦੂਸਰੇ ਵਰਲਡ ਵਾਰ (ਆਲਮੀ ਜ਼ੰਗ) ਤੋਂ ਬਾਅਦ ਲੱਗਭਗ 1 ਮਿਲੀਅਨ (10 ਲਖ) ਫ਼ੌਜੀ ਬਰਖਾਸਤ ਹੋ ਕੇ ਆਪਣੇ ਪਿੰਡਾ ਤੇ ਵਾਪਸ ਆ ਗਏ. ਇਸ ਦੇ ਇਲਾਵਾ, ਬਦਮਾਸ਼ ਅਤੇ ਗੁੰਡੇ, ਸਮੁੱਚੇ ਪੰਜਾਬ ਵਿੱਚ ਮੌਜੂਦ ਸੀ. ਉਨ੍ਹਾਂ ਦੇ ਸਿਆਸਤਦਾਨਾਂ ਅਤੇ ਪੁਲਿਸਵਾਲਿਆਂ ਨਾਲ ਨਜ਼ਦੀਕੀ ਰਿਸ਼ਤੇ ਸੀ.

ਇਣ ਹਾਲਾਤਾਂ ਵਿੱਚ 1945ਦੇ ਦੂਸਰੇ ਹਿੱਸੇ ਤੇ ਪੰਜਾਬ ਦੀ ਸੂਬਾਈ ਇੰਤਖਾਬ ਦੀ ਮੁਹਿੱਮ ਦਾ ਆਘਾਜ਼ ਹੋਇਆ ਅਤੇ ਇਸ ਦਾ ਅੰਜ਼ਾਮ ਫ਼ਰਵਰੀ 1946 ਦੇ ਇੰਤਖਾਬ ਨਾਲ ਹੋਇਆ. ਇਸ ਨੇ ਬਹੁਤ ਹੀ ਕਸ਼ੀਦਗੀ ਵਾਲੇ ਹਾਲਾਤ ਪੈਦਾ ਕਰ ਦਿੱਤੇ. ਮੁਸਲੀਮ ਲੀਗ ਮੁਸਲੀਮ ਸੂਬਿਆਂ ਅਤੇ ਉਸ ਦੇ ਨਾਲ ਲਗੇ ਹੋਏ ਗੈਰ-ਮੁਸਲੀਮ ਸੂਬਿਆਂ ਨੂੰ ਮਿਲਾ ਕੇ, ਅਤੇ ਇੰਡੀਆ ਦੀ ਤਕਸੀਮ ਕਰ ਕੇ, ਇੱਕ ਅਲਗ ਮੁਲਕ ਪਾਕਿਸਤਾਨ ਦੀ ਹਿਮਾਇਤ ਕਰ ਰਿਹਾ ਸੀ. ਮੁਸਲੀਮ ਲੀਗ ਪਾਰਟੀ ਨੇ ਲੇਜੀਸਲੇਚਰ ਦੀ ਸਭ ਤੋਂ ਜ਼ਿਆਦਾ ਸੀਟਾਂ ਜਿੱਤੀਆਂ. ਮਗਰ, ਲੀਗ ਨੂੰ ਇਕੱਲੇ ਮਜਾਰਿਟੀ (ਬਹੁਮਤ) ਨਹੀਂ ਮਿਲੀ, ਅਤੇ ਉਹ ਕਿਸੇ ਪਾਰਟੀ ਨਾਲ ਮਿਲ ਜੁਲ ਕੇ ਹੀ ਸਰਕਾਰ ਬਣਾ ਸਕਦੀ ਸੀ. ਇਹ ਨਹੀਂ ਹੋਇਆ. ਲੀਗ ਦੇ ਵਿਰੋਧੀਆਂ ਨੇ, ਸਰ ਖ਼ਿਜ਼ਰ ਹਯਾਤ ਟਿਵਾਣਾ (ਜਿਸ ਦੀ ਪਾਰਟੀ ਬੁਰੀ ਤਰ੍ਹਾਂ ਹਾਰ ਚੁਕੀ ਸੀ) ਦੀ ਰਹਨੁਮਾਈ ਥਲੇ ਇੱਕ ਮਿਲੀ ਜੁਲੀ ਸਰਕਾਰ ਬਣਾਉਣ ਤੇ ਕਾਮਯਾਬੀ ਹਾਸਲ ਕੀਤੀ. ਇਸ ਹਾਲਾਤ ਨੇ ਇੱਕ ਅਵੱਲ ਦਰਜੇ ਦਾ ਮਸਲਾ ਪੈਦਾ ਕੀਤਾ - ਕਾਨੂੰਨੀ ਹੈਸੀਅਤ ਬਨਾਮ ਵੈਧਤਾ ਦਾ. ਗਠਬੰਧਨ ਵਾਲੀ ਸਰਕਾਰ ਬੇਸ਼ਕ ਪਾਰਲਿਆਮੇਂਟਰੀ ਕਾਰਵਾਈ ਨਾਲ ਅਤੇ ਕਾਨੂੰਨੀ ਤੌਰ ਤੇ, ਸਹੀ ਬਣੀ ਹੋਈ ਸਰਕਾਰ ਸੀ, ਮਗਰ ਪੰਜਾਬ ਦੀ ਮੁਸਲਿਮ ਮਜਾਰਿਟੀ ਦੀ ਨਜ਼ਰਾਂ ਵਿੱਚ ਇਸ ਦੀ ਕਾਨੂੰਨੀ ਤੌਰ ਤੇ ਦੁਰੁਸਤੀ ਨਹੀਂ ਸੀ ਹੋਰ ਨਾ ਹੀ ਇਹ ਸਰਕਾਰ ਉਨ੍ਹਾਂ ਦੀ ਨੁਮਾਇੰਦਗੀ ਕਰਦੀ ਸੀ. ਨਤੀਜ਼ਨ

ਮੁਸਲਿਮ ਲੀਗ ਨੇ ਅੰਦੋਲਨ ਅਤੇ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਹੋਰ ਆਖ਼ਰਕਾਰ 2 ਮਾਰਚ 1947 ਨੂੰ ਖਿਜ਼ਰ ਦੀ ਮਿਨੀਸਟ੍ਰੀ (ਵਜ਼ਾਰਤ) ਗਿਰ ਗਈ.

ਇਸ ਦੇ ਤੁਰੰਤ ਬਾਅਦ ਪੰਜਾਬ ਕਾਂਗਰੇਸ ਪਾਰਟੀ ਅਤੇ ਸਿੱਖਾਂ ਦੀ ਪਾਰਟੀਆਂ, ਇਸ ਸਰਕਾਰ ਦੇ ਡਿਗਣ ਕਰ ਕੇ ਨਾਰਾਜ਼ਗੀ ਜ਼ਾਹਰ ਕਰਣ ਲਈ, ਸੜਕਾਂ ਤੇ ਆ ਖੜ੍ਹੀ ਹੋਇਆਂ ਅਤੇ ਕਿਸੇ ਵੀ ਹਾਲ ਤੇ ਮੁਸਲਿਮ ਲੀਗ ਨੂੰ ਸਰਕਾਰ ਨਹੀਂ ਬਣਾਉਣ ਦੇਣ ਦੇ ਆਪਣੇ ਇਰਾਦੇ ਨੂੰ ਜ਼ਾਹਰ ਕੀਤਾ. ਇਸ ਨੇ ਤਸ਼ੱਦਦੀ ਫ਼ਸਾਦਾਂ ਦੀ ਅੱਗ ਦੇ ਆਘਾਜ਼ ਲਈ, ਇੱਕ ਚਿੰਗਾਰੀ ਦਾ ਕੱਮ ਕੀਤਾ. ਨਫ਼ਰਤ ਦੀ ਅੱਗ ਰਾਵਲਪਿੰਡੀ ਪਹੁੰਚ ਗਈ. ਉਥੇ ਸਿੱਖਾਂ ਦੀ ਮਾਇਨਾਰਿਟੀ (ਅਲਪਸੰਖਅਕ) ਦੇ ਉਪਰ ਮੁਸਲਿਮ ਗਿਰੋਹਾਂ ਨੇ ਇੱਕ ਬੇਮਿਸਾਲ ਵਹਿਸ਼ਤ ਨਾਲ ਹਮਲਾ ਕੀਤਾ. ਇਸ ਦੇ ਨਤੀਜਨ, ਸਿੱਖ ਹਜ਼ਾਰਾਂ ਦੀ ਤਦਾਦ ਵਿੱਚ ਹਿਫ਼ਾਜ਼ਤ ਲਈ ਪੂਰਬ ਦੀ ਤਰਫ਼ ਡੱਜਣ ਲਗੇ, ਜਿਧਰ ਉਨ੍ਹਾਂ ਦੀ ਤਦਾਦ ਕਾਫ਼ੀ ਜ਼ਿਆਦਾ ਸੀ. ਹਕੂਮਤ ਨੇ ਹਾਲਾਤ ਕਾਬੂ ਵਿੱਚ ਲੈ ਆਉਂਦੇ, ਮਗਰ ਸਿਰਫ਼ ਕੁੱਝ ਦੇਰ ਲਈ. ਅਫ਼ਸੋਸ, ਉਹ ਪੁਰਾਣੀ ਅਮਨ ਅਤੇ ਏਕਤਾ ਦੀ ਵਾਪਸੀ ਨਹੀਂ ਹੋ ਸਕੀ. ਬੇਸ਼ਕ ਸਾਰੇ ਲੋਕ ਇਸ ਅਹਿਮ ਸਵਾਲ ਦਾ ਜ਼ਵਾਬ ਚਾਹੁੰਦੇ ਸੀ ਕਿ ਪੂਰਾ ਪੰਜਾਬ ਪਾਕਿਸਤਾਨ ਦਾ ਹਿੱਸਾ ਬਣੇਗਾ, ਜੋ ਮੁਸਲਿਮ ਲੀਗ ਦੀ ਆਸ ਸੀ, ਜਾਂ ਇਸ ਦੀ ਪਾਕਿਸਤਾਨ ਅਤੇ ਇੰਡੀਆ ਵਿੱਚ ਤਕਸੀਮ ਹੋਵੇਗੀ, ਜੋ ਸਿੱਖ ਰਹਨੁਮਾਆਂ ਹੋਰ ਇੰਡੀਅਨ ਨੈਸ਼ਨਲ ਕਾਂਗਰੇਸ ਦੀ ਮੰਗ ਸੀ. ਪੰਜ਼ਾਬ ਨੂੰ ਪੂਰੀ ਤਰ੍ਹਾਂ ਪਾਕਿਸਤਾਨ ਨੂੰ ਦੇਣ ਨਾਲ ਜਾਂ ਦੋਵ ੇ ਮੁਲਕਾਂ ਵਿੱਚ ਇਸ ਦੀ ਤਕਸੀਮ ਨਾਲ, ਤਿੰਨ ਪੱ ਾਰਟੀਆਂ ਨੂੰ ਇੱਕ ਸਾਥ ਖੁਸ਼ ਜਾਂ ਰਾਜੀ ਕਰਣਾ ਨਾਮੁਮਕਿਨ ਸੀ.

ਮਈ ਦੇ ਮੱਧ ਤੋਂ ਇੱਕ ਵਾਰ ਫ਼ਿਰ ਹਮਲੇ ਸ਼ੁਰੂ ਹੋ ਗਏ. ਦਿਨ ਹਫ਼ਤੇ ਗੁਜ਼ਰਦੇ ਗਏ ਅਤੇ ਹੱਮਲੇ ਬਾਰ ਬਾਰ ਹੋਣ ਲਗੇ ਅਤੇ ਜ਼ਿਆਦਾ ਬੇਰਹਿਮ ਅਤੇ ਹੋਰ ਸੰਗਠਤ ਹੋ ਗਏ. ਇਸੇ ਤਰ੍ਹਾਂ ਦੇ ਫ਼ਸਾਦ, ਘੱਟ ਤੋਂ ਘੱਟ, ਉਸ ਸਾਲ ਦੇ ਅਖੀਰ ਤੱਕ ਹੁੰਦੇ ਰਹੇ. ਅਗਸਤ ਦੇ ਪਹਿਲੇ ਦੋ ਹਫ਼ਤੇ, ਸਭ ਤੋਂ ਜ਼ਿਆਦਾ ਤੀਬਰ ਵਕਤ ਸੀ ਹੋਰ ਉਸ ਦੌਰਾਨ ਬ੍ਰਿਟਿਸ਼ ਗਵਰਨਰ ਪੂਰੀ ਤਾਕਤ ਨਾਲ ਮੌਜ਼ੂਦ ਸੀ. ਮਗਰ ਜ਼ਦ ਇੰਡੀਆ ਅਤੇ ਪਾਕਿਸਤਾਨ ਨੂੰ ਹਕੂਮਤ ਮਿਲੀ, ਤਦ ਦੰਗੇ ਨਾਟਕੀ ਢੰਗ ਨਾਲ ਵਧ ਗਏ ਹੋਰ 2-3 ਮਹੀਨੇਆਂ ਤੱਕ ਇੱਕ ਖ਼ਤਰਨਾਕ ਹੱਦ ਤੱਕ ਜਾਰੀ ਰਹੇ. ਜੋ ਕੁੱਝ ਪੰਜ਼ਾਬ ਤੇ ਹੋਇਆ ਉਸ ਦੇ ਮੁਕਾਬਲੇ 1946 ਵਿੱਚ ਕਲਕੱਤਾ, ਬਿਹਾਰ ਅਤੇ ਦੂਜੀ ਜਗ੍ਹਾਂ ਤੇ ਹੋਏ ਕੌਮੀ ਦੰਗੇ ਬਹੁਤ ਬੌਨੇ ਲਗਣ ਲਗੇ. ਆਖ਼ਰਕਾਰ, ਦੂਜੇ ਆਲਮੀ ਜ਼ੰਗ ਤੋਂ ਬਾਅਦ ਆਬਾਦੀ ਦੀ ਸਫਾਈ ਦਾ ਪਹਿਲੇ ਵੱਡੇ ਪੈਮਾਨੇ ਦੇ ਤਜ਼ਰੁਬੇ ਦਾ ਆਘਾਜ਼ ਹੋਇਆ.

ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਪੰਜਾਬ ਦੀ ਤਕਸੀਮ ਦਾ ਫ਼ੈਸਲਾ ਨਾ ਤੇ ਪੰਜਾਬ ਦੀ ਆਮ ਜਨਤਾ ਨੇ ਲੀਤਾ ਨਾ ਹੀ ਉੱਚੇ ਲੋਕਾਂ ਨੇ. ਇਹ ਫੈਸਲਾ ਦਿੱਲੀ ਦੀ ਬ੍ਰਿਟਿਸ਼ ਹਕੂਮਤ, ਇੰਡੀਅਨ ਨੈਸ਼ਨਲ ਕਾਂਗਰਸ ਦੇ ਆਲ੍ਹਾ ਲੋਕਾਂ, ਮੁਸਲਿਮ ਲੀਗ, ਪੰਜਾਬ ਦੇ ਸਿੱਖਾਂ ਨੇ ਵਾਇਸਰਾਏ ਦੀ ਮੌਜ਼ੂਦਗੀ ਵਿੱਚ ਲੀਤਾ. ਸਿੱਖਾਂ ਨੇ ਦਾਅਵਾ ਕੀਤਾ ਕਿ ਮੁਸਲਮਾਨਾਂ ਹੋਰ ਹਿੰਦੂਆਂ ਦੇ ਮੁਕਾਬਲੇ, ਪੰਜਾਬ ਵਿੱਚ ਉਨ੍ਹਾਂ ਦੀ ਮਜ਼ਬੂਬੀ ਅਤੇ ਤਹਿਜ਼ੀਬੀ ਪਛਾਣ ਜ਼ਿਆਦਾ ਡੂੰਘੀ ਸੀ. ਸੱਚ ਤੇ ਇਹ ਸੀ ਕਿ ਸਿੱਖ ਪੰਜਾਬ ਵਿੱਚ ਇੱਕ ਮਾਇਨਾਰਿਟੀ ਅਤੇ ਪੂਰੇ ਇੰਡੀਆ ਵਿੱਚ ਇੱਕ ਬਹੁਤ ਘੱਟ ਗਿਣਤੀ ਵਾਲੀ ਕੌਮ ਸਨ. ਮਗਰ ਇਹ ਵੀ ਹਕੀਕਤ ਹੈ ਕਿ ਸਿੱਖ ਬ੍ਰਿਟਿਸ਼ ਫੌਜ਼ ਵਿੱਚ ਇੱਕ ਵੱਡੀ ਤਦਾਦ ਵਿੱਚ ਮੌਜ਼ੂਦ ਹੋਣ ਦੀ ਵਜ੍ਹਾ ਨਾਲ ਇੱਕ ਅਹਿਮ ਕੌਮ ਸਨ. ਆਮ ਤੌਰ ਤੇ, ਇਸ ਮਾਮਲੇ ਨੂੰ ਲੈ ਕੇ ਜ਼ਿਆਦਾਤਰ ਪੰਜਾਬੀਆਂ ਦੀ ਸਲਾਹ ਨਹੀਂ ਲੀਤੀ ਗਈ ਅਤੇ ਉਨ੍ਹਾਂ ਨੂੰ ਇਹ ਭਿਣਕ

ਨਹੀਂ ਸੀ ਕਿ ਉਨ੍ਹਾਂ ਨੂੰ ਆਪਣੇ ਘਰ ਅਤੇ ਪੁਸ਼ਤੈਨੀ ਜਗਾਂ੍ਹ ਨੂੰ ਛੱਡ ਕੇ ਜਾਣਾ ਪਏਗਾ. ਜਿਣ ਹਿੰਦੁਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਮੈਂ ਇੰਟਰਵਿਊ ਲੀਤੇ, ਉਨਾਂ੍ਹ ਸਭ ਤੋਂ ਇਹ ਗਲ ਮਜਬੂਤੀ ਅਤੇ ਸਾਫ਼ ਤੌਰ ਤੇ ਸਾਹਮਣੇ ਆਉਂਦੀ ਹੈ. ਤਕਸੀਮ ਦੀ ਪ੍ਰਕ੍ਰਿਆ ਦੀ ਸਭ ਤੋਂ ਖ਼ਰਾਬ ਗਲ ਇਹ ਸੀ ਕਿ ਰੈਡਕਲੀਫ ਅਵਾਰਡ, ਜੋ ਇੰਡੀਆ ਅਤੇ ਪਾਕਿਸਤਾਨ ਦੀ ਸਰਹੱਦਾਂ ਦੀ ਹੱਦ ਮੁਕਰੱਰ ਲਈ ਕਾਫ਼ੀ ਚਰਚਾ ਵਿੱਚ ਸੀ, ਉਸ ਦਾ ਐਲਾਨ 17 ਅਗਸਤ ਨੂੰ ਹੋਇਆ. ਇੰਡੀਆ ਅਤੇ ਪਾਕਿਸਤਾਨ ਇਸ ਤੋਂ ਪਹਿਲਾ 14 ਅਤੇ 15 ਅਗਸਤ ਨੂੰ ਆਜ਼ਾਦ ਹੋ ਗਏ ਸਨ. ਇਹ ਐਲਾਨ ਬਿਲਕੁਲ ਨਾਵਾਜ਼ਬ ਵਕਤ ਤੇ ਹੋਇਆ ਅਤੇ ਲੱਖਾਂ ਲੋਕਾਂ ਨੇ ਆਪਣੇ ਆਪ ਨੂੰ ਅਨਚਾਹਿਆ ਮਹਿਸੂਸ ਕੀਤਾ. ਬ੍ਰਿਟਿਸ਼ ਹਕੂਮਤ ਦੂਰ ਤੇ ਬੈਠ ਕੇ ਕਾਨੂੰਨ ਅਤੇ ਵਿਵਸਥਾ ਨੂੰ ਕਾਬੂ ਕਰਣ ਦੀ ਕੋਸ਼ਿਸ਼ ਕਰ ਰਹੀ ਸੀ. ਆਮ ਲੋਕ ਉਨ੍ਹਾਂ ਦੇ ਆਸਾਨ ਨਿਸ਼ਾਨਾ ਬਣ ਗਏ, ਜੋ ਪਿਛਲੇ ਕੁੱਝ ਮਹੀਨੇਆਂ ਤੋਂ ਵਿਰੋਧਿਆਂ ਦੇ ਉਪਰ ਹਿੰਸਾ ਦੀ ਤਿਆਰੀ ਅਤੇ ਅਮਲ ਕਰ ਰਹੇ ਸੀ.

ਇਸ ਦਾ ਅੰਜ਼ਾਮ ਇੱਕ ਐਦਾਂ ਦਾ ਕਤਲੇਆਮ ਹੋਇਆ ਜਿਸ ਦੀ ਇੱਕ ਜਜ਼ਬਾਤੀ ਅਤੇ ਦਰਦ ਭਰੀ ਦਾਸਤਾਨ ਮੈਨੂੰ ਤਜਰਬਾਕਾਰ ਅਖਬਾਰ ਨਵੀਸ, ਲੇਖਕ ਅਤੇ ਕਲਾ ਨਿਰਦੇਸ਼ਕ ਰੇਜੀਨਲਡ ਮਸੀਹ ਨੇ ਤਦ ਸੁਣਾਈ ਜਦ ਮੈਂ 5 ਜੁਲਾਈ 2006 ਨੂੰ ਉਨ੍ਹਾਂ ਨੂੰ ਮਿਲਣ ਲੈਨਇਡਲੋਸ, ਪਛੱਮ ਵੇਲਸ ਗਿਆ. ਮਸੀਹ ਲਾਹੌਰ ਦੇ ਇੱਕ ਪੰਜਾਬੀ ਇਸਾਈ ਪਰਵਾਰ ਨਾਲ ਨਾਤਾ ਰੱਖਦੇ ਹਨ. ਉਨਾਂ ਦਾ ਪਰਵਾਰ ਸਿਰਫ਼ ਉਣ ਥੋੜੇ ਲੋਕਾਂ ਵਿੱਚ ਸੀ ਜਿਨ੍ਹਾਂ ਨੇ, ਲਾਹੌਰ ਛੱਡ ਕੇ ਇੰਡੀਆ ਜਾਣ ਦਾ ਫੈਸਲਾ ਕੀਤਾ, ਕਿਉਂਕਿ ਉਨ੍ਹਾਂ ਦੇ ਵਾਲਿਦ ਮਹਿਸੂਸ ਕਰਦੇ ਸੀ ਕਿ ਮੋਹਮਦ ਅਲੀ ਜਿਨੱਾ ਤੋਂ ਬਾਦ ਪਾਕਿਸਤਾਨ ਦੇ ਹੁਕਮਰਾਨ ਇੱਕ ਇਸਲਾਮੀ ਮੁਲਕ ਬਣਾਉਣ ਦਾ ਲਾਲਚ ਛੱਡ ਨਹੀਂ ਸਕਨਗੇ. ਇਸੇ ਤਰ੍ਹਾਂ ਦਾ ਮੁਲਕ ਲਾਜ਼ਮੀ ਤੌਰ ਤੇ ਕੁੱਝ ਐਦਾਂ ਦੇ ਤਰੀਕੇ ਅਖ਼ਤਿਆਰ ਕਰਦਾ ਕਿ ਮਜ਼ਬੀ ਅਲਪ ਸੰਖਿਅਕ ਆਪਣੇ ਆਪ ਨੂੰ ਕਮਜੋਰ ਮਹਿਸੂਸ ਕਰਦੇ. ਰੱਾਅਿਲ ਇੰਡੀਅਨ ਏਅਰ ਫੋਰਸ ਤੇ ਕੱਮ ਕਰਣ ਵਾਲੇ ਮਸੀਹ ਦੇ ਵਾਲਿਦ ਨੂੰ ਨਹਿਰੂ ਦੇ ਸੈਕਲਯੁਰਿਜਮ ਦੇ ਉਪਰ ਜ਼ਿਆਦਾ ਭਰੋਸਾ ਸੀ ਅਤੇ ਉਨ੍ਹਾਂ ਨੇ ਇੰਡੀਆ ਜਾਣ ਦਾ ਫ਼ੈਸਲਾ ਕੀਤਾ ਮਗਰ ਉਨ੍ਹਾਂ ਦੇ ਪਰਵਾਰ ਲਈ ਲਾਹੌਰ ਛੱਡਣਾ ਇਨਾ ਸੌਖਾ ਨਹੀਂ ਸੀ.

ਰੇਜੀਨਲਡ ਮਸੀਹ

ਮਸੀਹ ਨੇ ਆਪਣੇ ਪਰਵਾਰ ਨਾਲ ਸਤੰਬਰ 1947 ਦੇ ਸ਼ੁਰੁਆਤੀ ਦਿਨਾਂ ਵਿੱਚ ਲਾਹੌਰ ਛੱਡਿਆ, ਅਤੇ ਤਦ ਦੇ ਹਾਲਾਤ ਦੇ ਉਪਰ ਕੁੱਝ ਇਸੇ ਤਰ੍ਹਾਂ ਰੋਸ਼ਨੀ ਪਾਈ :

'ਸਤੰਬਰ 1947 ਤੇ ਲਾਹੌਰ ਨੂੰ ਅਲਵਿਦਾ ਕਹਿਣਾ ਇੰਨਾ ਆਸਾਨ ਨਹੀਂ ਸੀ. ਮੇਰੀ ਮਾਂ ਦੀ ਅਖਾਂ ਤੇ ਅੱਥਰੂ ਸਨ. ਅਸੀਂ ਟ੍ਰੇਨ ਦਾ ਸਫਰ ਨਾ ਕਰ ਕੇ ਤਾਂਗੇ ਤੇ ਨਿਕਲ ਗਏ. ਇਸ ਦੀ ਇਹ ਵਜ੍ਹਾ ਸੀ ਕਿ ਟ੍ਰੇਨਾ ਨੂੰ ਲੁੱਟਿਆ ਅਤੇ ਸਾੜਿਆ ਜਾ ਰਿਹਾ ਸੀ. ਤਾਂਗੇ ਤੇ ਅਸੀ ਰੈਡ ਕਰਾਸ ਦਾ ਝੰਡਾ ਲਹਰਾ ਦਿੱਤਾ. ਅਸੀ ਲੋਕਾਂ ਨੂੰ ਇਹ ਕਹ ਕੇ ਨਿਕਲ ਗਏ ਕਿ ਅਸੀ ਇਸ਼ਾਈ ਹਾਂ. ਕੁੱਝ ਹਿੰਦੁਆਂ ਅਤੇ ਸਿੱਖਾਂ ਨੇ ਵੀ ਇਹ ਤਰੀਕਾ ਇਸਤੇਮਾਲ ਕੀਤਾ. ਕੁੱਝ ਲੋਕ ਮਜ਼ੂਬ ਦੇ ਨਾਂਅ ਤੇ ਕਤਲ ਕਰਦੇ ਨੇ ਤੇ ਕੁੱਝ ਮਜ਼ੂਬ ਦਾ ਨਾ ਲੈ ਕੇ ਆਪਣੇ ਆਪ ਨੂੰ ਬਚਾਂਦੇ ਨੇ. ਇਹ ਸਹੀ ਹੈ ਜਾਂ ਗਲਤ, ਇਸ ਦਾ ਫ਼ੈਸਲਾ ਮੈਂ ਉਪਦੇਸ਼ ਦੇਣ ਵਾਲੇ ਗਿਆਨੀਆਂ ਦੇ ਉਪਰ ਛੱਡਦਾਂ ਹਾਂ.'

'ਸ਼ਾਲੀਮਾਰ ਗਾਰਡੇਂਸ, ਜਲੋ, ਬਾਟਾਨਗਰ ਅਤੇ ਬਰਕੀ ਪਾਰ ਕਰਦੇ ਹੋਏ, ਸੜਕ ਦੇ ਬੇਹਦ ਭਿਆਨਕ ਨਜਾਰੇ ਵੇਖੇ. ਸਾਨੂ ਕਈ ਘੰਟੇ ਇੰਤਜਾਰ ਕਰਨਾ ਪਇਆ. ਲੱਖਾਂ ਦੀ ਤਦਾਦ ਵਿੱਚ ਲੋਕ ਇੰਡੀਆ ਭੱਜ ਰਹੇ ਸੀ

ਅਤੇ ਲੱਖਾਂ ਦੀ ਤਦਾਦ ਵਿੱਚ ਲੋਕਾਂ ਦਾ ਸਰੋਤ ਪਾਕਿਸਤਾਨ ਆ ਰਿਹਾ ਸੀ. ਸੜਕ ਦੇ ਦੋਨੋ ਤਰਫ਼ ਮੈਨੂੰ ਲਾਸ਼ਾਂ ਹੋਰ ਖੰਡਤ ਹੱਥ-ਪੈਰ ਨਜ਼ਰ ਆਏ. ਰੋਣ-ਧੋਣ ਅਤੇ ਚੀਕਣ ਦੀ ਆਵਾਜਾਂ ਡਾਨਟੇ ਦੀ ਇਨਫਰਨੋ ਵਰਗੀ ਸੀ.' 'ਵਾਹਗਾ-ਅੱਟਾਰੀ ਦਾ ਬਾਰਡਰ ਪਾਰ ਕਰ ਇੰਡੀਆ ਤੇ ਜੋ ਨਜ਼ਾਰਾ ਵੇਖਿਆ ਉਹ ਬਦਤਰ ਸੀ. ਮਾਸਟਰ ਤਾਰਾ ਸਿੰਘ ਦੇ ਅਕਾਲੀ ਜੱਥੇ ਅੱਨੇਵਾਹ ਪੂਰਬੀ ਪੰਜਾਬ ਦੇ ਗਰੀਬ ਮੁਸਲਮਾਨਾਂ ਨੂੰ ਮਾਰੀ ਜਾ ਰਹੇ ਸੀ. ਹਜਾਰਾਂ ਦੀ ਤਦਾਦ ਵਿੱਚ ਮੁਸਲਮਾਨ ਲੜਕੀਆਂ ਦਾ ਜ਼ਬਰ ਜ਼ਨਾਹ ਹੋ ਰਿਹਾ ਸੀ. ਭਾਈਚਾਰਾ ਅਤੇ ਇੱਕਸੁਰਤਾ ਵਾਸਤੇ ਗਾਂਧੀ ਦੀ ਪੁਕਾਰਾਂ ਅਤੇ ਉਪਵਾਸਾਂ ਦਾ ਕੋਈ ਅਸਰ ਨਹੀਂ ਹੋਇਆ. ਪੂਰਾ ਪੰਜਾਬ ਪਾਗਲ ਬਣ ਕੇ ਕੰਬ ਹਹਿਆ ਸੀ.'

'ਮਰਦੇ ਦਮ ਤੱਕ ਮੈਂ ਬ੍ਰਿਟਿਸ਼ਰਾਂ ਨੂੰ ਮਾਫ਼ ਨਹੀਂ ਕਰਾਂਗਾ ਜੋ ਡਰ ਕੇ ਅਤੇ ਘਬੜਾ ਕੇ ਚਲੇ ਗਏ ਹੋਰ ਮੇਰੇ ਮੁਲਕ ਨੂੰ ਇਸ ਲਹੂਲੁਹਾਨ ਹਾਲ ਤੇ ਛੱਡ ਦਿੱਤਾ. ਪੰਜਾਬੀ ਕਵਿਤਰੀ ਅੱਮ੍ਰੀਤਾ ਪ੍ਰੀਤਮ ਨੇ ਇਸ ਦੇ ਉਪਰ ਹੁਬਹੂ ਅਤੇ ਯਾਦਗਾਰ ਕਵਿਤਾਵਾਂ ਲਿਖਿਆਂ ਨੇ.'

ਮਸੀਹ ਦੇ ਇੰਟਰਵਿਊ ਤੋਂ ਪਹਿਲਾਂ ਅਤੇ ਬਾਅਦ, ਇਸੇ ਤਰ੍ਹਾਂ ਦੇ ਜਾਇਜੇ ਦੀ ਪੁਸ਼ਟੀ ਦੂਜੇ ਲੋਕਾਂ ਨੇ ਵੀ ਕੀਤੀ. ਇਸੀ ਸਿਲਸਿਲੇ ਨੂੰ ਜਾਰੀ ਰੱਖਦੇ ਹੋਏ ਮੈਂ ਕਾਫ਼ੀ ਨਿਰਮਤਾ ਨਾਲ, ਲੁਧਿਆਣਾ ਦੇ ਨੇੜੇ ਗੁੱਜਰਵਾਲ ਪਿੰਡ ਤੇ ਸਿੱਖ ਬਜੁਰਗਾਂ ਨਾਲ ਹੋਈ ਮੁਲਾਕਾਤ ਦੀ ਕਦਰ ਕਰਦਾਂ ਹਾਂ. ਘਟਨਾਵਾਂ ਦੇ ਬਾਰੇ ਉਨ੍ਹਾਂ ਦਾ ਵਰਣਨ ਇਸ ਕਿਤਾਬ ਵਿੱਚ ਬਾਅਦ ਤੇ ਪੇਸ਼ ਕੀਤਾ ਜਾਵੇਗਾ. ਇਹ ਕਹਣ ਦੀ ਜ਼ਰੁਰਤ ਨਹੀਂ ਹੈ ਕਿ ਉਹ ਗੁਜਰਵਾਲ ਤੇ, ਪਾਕਿਸਤਾਨ ਛੱਡ ਕੇ ਆ ਵਸੇ ਸਨ. ਉਨ੍ਹਾਂ ਨੇ ਇਸ ਗੱਲ ਨੂੰ ਸਹੀ ਠਹਰਾਇਆ ਕਿ ਪੂਰਬੀ ਪੰਜਾਬ ਤੇ ਮੁਸਲਮਾਨ ਮਾਇਨਾਰਿਟੀ ਦੇ ਉਪਰ ਪਛਮ ਪੰਜਾਬ ਦੇ ਮੁਕਾਬਲੇ, ਇੱਕ ਜ਼ਿਆਦਾ ਵੱਡੇ ਪੈਮਾਨੇ ਤੇ ਜ਼ੁਲਮ ਹੋਇਆ. ਇਸ ਗੱਲ ਨੂੰ ਲੈ ਕੇ ਮਤਭੇਦ ਹੈ ਕਿ ਪੰਜਾਬ ਦੀ ਤਕਸੀਮ ਦੇ ਦੌਰਾਨ ਕਿੰਨੇ ਹਿੰਦੂ, ਸਿੱਖ ਹੋਰ ਮੁਸਲਮਾਨ ਹਲਾਕ ਹੋਏ.

ਹਿੰਦੂਆਂ ਅਤੇ ਸਿੱਖਾਂ ਨੂੰ ਪਛਮ ਪੰਜਾਬ ਤੋਂ ਖ਼ਤਮ ਕਰਣ ਦਾ ਮੁਸਲਮਾਨਾਂ ਦਾ ਮਨਸੂਬਾ

ਪੰਜਾਬ ਦੇ ਉਪਰ, ਇੰਡੀਆ ਤੇ ਦੋ ਰਿਪੋਰਟਾਂ ਮੌਜੂਦ ਨੇ. ਸਰਦਾਰ ਗੁਰਬਚਨ ਸਿੰਘ ਨੇ ਸਿੱਖਾਂ ਦੇ ਧਾਰਮਿਕ ਸੰਗਠਨ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਤੋਂ ਡਾਟਾ ਇਕੱਠਾ ਕਰ ਕੇ, 453 ਸਫ਼ੇ ਵਾਲੀ ਇੱਕ ਕਿਤਾਬ ਮੁਸਲਿਮ ਲੀਗ ਅਟੈਕ ਔਨ ਸਿੱਖਸ ਐਂਡ ਹਿੰਦੂਸ ਇਨ ਪੰਜਾਬ 1947 (1991; ਪਹਿਲੀ ਵਾਰ ਪ੍ਰਕਾਸ਼ਤ 1949) ਵਿੱਚ ਪੇਸ਼ ਕੀਤਾ. ਇਸ ਰਿਪੋਰਟ ਦਾ ਮਕਸਦ ਇਸ ਕਥਿਤ ਇਲਜਾਮ ਦਾ ਖੰਡਨ ਕਰਨਾ ਸੀ ਕਿ ਪੂਰਬੀ ਪੰਜਾਬ ਤੋਂ ਮੁਸਲਮਾਨਾਂ ਨੂੰ ਖ਼ਤਮ ਕਰਣ ਦਾ ਕੋਈ ਮਨਸੂਬਾ ਸੀ. ਇਸ ਤੋਂ ਵਿਪਰੀਤ ਐਸ.ਜੀ.ਪੀ.ਸੀ ਦੀ ਰਿਪੋਰਟ ਇਹ ਤਰਕ ਦੇਂਦੀ ਹੈ ਕਿ ਮੁਸਲਮਾਨਾਂ ਦੀ ਮੁੱਖ ਫਿਰਕੂ ਪਾਰਟੀ ਮੁਸਲਿਮ ਲੀਗ ਸਾਰੇ ਪੰਜਾਬ ਨੂੰ ਹੜਪ ਕਰਣਾ ਚਾਉਦੀ ਸੀ ਅਤੇ ਕਿਸੇ ਵੀ ਤਰੀਕੇ ਨਾਲ ਸਿੱਖਾਂ ਹੋਰ ਹਿੰਦੂਆਂ ਨੂੰ ਪਾਕਿਸਤਾਨ ਦੇ ਅਧੀਨ ਆਉਣ ਵਾਲੇ ਹਿੱਸੇ ਤੋਂ ਬਾਹਰ ਕੱਢ ਦੇਣਾ ਚਾਉਂਦੀ ਸੀ. ਇਸ ਰਿਪੋਰਟ ਨੇ ਨਾ ਸਿਰਫ਼ ਮੁਸਲਿਮ ਲੀਗ ਹੋਰ ਇਸ ਦੇ ਲੀਡਰਾਂ ਅਤੇ ਕਾਡਰਾਂ ਨੂੰ ਦੋਸ਼ੀ ਕਰਾਰ ਦੀਤਾ ਬਲਕਿ ਪੂਰੀ ਮੁਸਲਿਮ ਕੌਮ ਨੂੰ ਕਟਘਰੇ ਵਿੱਚ ਲਾ ਖੜਾ ਕੀਤਾ. ਇਸ ਰਿਪੋਰਟ ਤੇ ਕਾਫ਼ੀ ਡਾਟਾ ਮੌਜੂਦ ਹੈ ਮਗਰ ਸਿੱਖਾਂ ਦੇ ਭੜਕਾਉ ਕੱਮਾਂ ਦੀ ਪਹਿਲ ਜੋ ਸਿਲਸਲੇਵਾਰ ਖਟਣਾਵਾਂ ਦੀ ਇੱਕ ਕੜੀ ਬਣੀ, ਅਤੇ ਜਿਸ ਦਾ ਅੰਜ਼ਾਮ ਖੂਨਖਰਾਬੇ ਅਤੇ ਪੰਜਾਬ ਦੀ ਤਕਸੀਮ

ਨਾਲ ਹੋਇਆ, ਇਸ ਦੇ ਵਿੱਚ ਉਸ ਦਾ ਕੋਈ ਜ਼ਿਕਰ ਨਹੀਂ ਹੈ. ਐਸ.ਜੀ.ਪੀ.ਸੀ ਦੀ ਰਿਪੋਰਟ ਦੱਸਦੀ ਹੈ (1991: 243-4):

> 'ਸਿੱਖਾਂ (ਅਤੇ ਹਿੰਦੂਆਂ) ਦਾ ਬਦਲਾ ਫੁਰਤੀਲਾ, ਹਿੰਸਾਜਨਕ, ਭਿਆਨਕ ਅਤੇ ਵਿਨਾਸ਼ਕਾਰੀ ਸੀ, ਪੂਰਬੀ ਪੰਜਾਬ ਦੇ ਮੁਸਲਮਾਨਾਂ ਨੂੰ ਪਛਮ ਪੰਜਾਬ ਅਤੇ ਇੰਡੀਆ ਦੇ ਦੂਜੇ ੍ਹਿੱਸੇ ਦੇ ਮੁਸਲਮਾਨਾਂ ਦੀ ਕਰਤੂਤਾਂ ਦਾ ਨਤੀਜਾ ਭੁਗਤਨਾ ਪਇਆ. ਇਹ ਬਦਕਿਸਮਤ ਹੋਰ ਤਰਕਹੀਣ ਹੈ ਮਗਰ ਇੰਸਾਨੀ ਜ਼ਜਬਾਤ ਅਤੇ ਵਰਤਨ ਹਮੇਸ਼ਾ ਲੱ◌ਾਜਿਕ (ਤਰਕ) ਦੇ ਕਾਬੂ ਨਹੀਂ ਹੁੰਦੇ ਅਤੇ ਜਦੋਂ ਇੱਕ ਸਮੂਹ ਦੀ ਸੋਚ ਨੂੰ ਭੀਸ਼ਣ ਗੁੱਸੇ ਨਾਲ ਉਤੇਜਤ ਕੀਤਾ ਜਾਂਦਾ ਹੈ, ਉਹ ਭਿੰਅਕਰ ਤੌਰ ਤੇ ਪ੍ਰਤਿਹਿੰਸਕ, ਅਸੰਗਤ ਅਤੇ ਉਨਮਾਦਿਤ ਹੋ ਜਾਂਦੀ ਹੈ. ਪੂਰਬੀ ਪੰਜਾਬ ਦੇ ਮੁਸਲਮਾਨਾਂ ਨਾਲ ਪਛਮ ਪੰਜਾਬ ਅਤੇ ਫਰੰਟਿਅਰ ਦੇ ਸੂਬਿਆਂ ਤੇ ਸਿੱਖਾਂ ਅਤੇ ਹਿੰਦੂਆਂ ਉਪਰ ਮੁਸਲਮਾਨਾਂ ਦੇ ਹੱਥੀ ਭਿੰਅਕਰ ਜ਼ੁਲਮ ਤੋਂ ਬਾਅਦ, ਇਹ ਹੋਇਆ.

ਤਕਸੀਮ ਦੇ ਫ਼ਸਾਦਾਂ ਦੇ ਡਾਟਾ ਇਕੱਠਾ ਕਰਣ ਵਾਲੇ ਦੂਜੇ ਖਾਸ ਭਾਰਤੀ ਸਨ ਪੰਜਾਬ ਹਾਈ ਕੋਰਟ ਦੇ ਪੂਰਵਲੇ ਜਸਟਿਸ ਜੀ.ਡੀ.ਖੋਸਲਾ, ਜਿਨ੍ਹਾਂ ਦੀ ਲਿੱਖੀ ਇੱਕ 349 ਸਫ਼ੇਆਂ ਦੀ ਕਿਤਾਬ 'ਸਟ੍ਰਨ ਰੇਕੱਨਿੰਗ (1989, ਪਹਿਲੀ ਵਾਰ ਪ੍ਰਕਾਸ਼ਤ 1949) ਹੈ. ਉਹ ਹਿੰਦੂ ਅਤੇ ਮੁਸਲਮਾਨਾਂ ਦੀ ਆਪਸੀ ਸ਼ੱਕ ਅਤੇ ਤਣਾਅ ਦੀ ਜੜ 20ਵੀਂ ਸਦੀ ਦੇ ਸ਼ੁਰੁਵਾਤੀ ਦਿਨਾਂ ਤੋਂ ਵੇਖਦੇ ਹਨ. ਜ.ਖੋਸਲਾ ਇਸ ਗੱਲ ਤੇ ਜੋਰ ਦੇਂਦੇ ਨੇ ਕਿ 1947 ਦੀ ਘਟਨਾਵਾਂ ਦੀਆਂ ਢੂੰਘੀ ਤਾਰੀਖ਼ੀ ਅਤੇ ਮਜ਼ੂਬੀ ਜੜਾਂ ਸੀ. ਜ.ਖੋਸਲਾ ਦੀ ਖੋਜ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਮੁਸਲਿਮ ਲੀਗ, ਇਸ ਦੇ ਲੀਡਰ ਅਤੇ ਕਾਡਰਾਂ ਨੇ ਫ਼ਸਾਦ ਸ਼ੁਰੁ ਕੀਤੇ, ਜੋ ਅਗਸਤ ਦੇ ਮੱਧ ਤੱਕ ਇੱਕ ਤਰਫ਼ਾ ਹੁੰਦੇ ਰਹੇ.

ਮੁਸਲਮਾਨਾਂ ਨੂੰ ਪੂਰਬੀ ਪੰਜਾਬ ਤੋਂ ਖ਼ਤਮ ਕਰਣ ਦਾ ਸਿੱਖਾਂ ਦਾ ਮਨਸੂਬਾ

ਮੁਸਲਮਾਨਾਂ ਨੂੰ ਪੂਰਬੀ ਪੰਜਾਬ ਤੋਂ ਬਾਹਰ ਕੱਢਣ ਦਾ ਸਿੱਖਾਂ ਦੇ ਮਨਸੂਬਾ ਦਾ ਜ਼ਿਕਰ, ਬਹੁਤ ਸਾਰੇ ਲੋਕਾਂ ਨੇ ਕੀਤਾ ਹੈ ਜੋ ਉਸ ਵਕਤ ਦੀ ਘਟਨਾਵਾਂ ਨਾਲ ਸਿੱਧਾ ਤਾਲੁੱਕ ਰੱਖਦੇ ਸਨ. ਸੀ.ਪੀ.ਐਮ.(ਮਾਰਕਸਿਸਟ) ਦੇ ਸਵ.ਹਰਕਿਸ਼ਨ ਸਿੰਘ ਸੂਰਜੀਤ ਨੇ ਇੱਕ ਇੰਟਰਵਿਊ ਤੇ ਮੈਨੂੰ ਦੱਸਿਆ:
'ਮਾਇਨਾਰਿਟੀਆਂ ਦੇ ਉਪਰ ਹਮਲੇ ਇੱਕ ਪਲਾਨਿੰਗ (ਯੋਜਨਾ) ਦੇ ਤਹਿਤ ਕੀਤੇ ਗਏ. ਪੂਰਬੀ ਪੰਜਾਬ ਦੇ ਸ਼ਾਮਲ ਲੋਕਾਂ ਦੇ ਬਾਰੇ ਮੈਨੂੰ ਜ਼ਿਆਦਾ ਜਾਣਕਾਰੀ ਹੈ ਕਿਉਂਕਿ ਮੈਂ ਉਥੇ ਖੁਦ ਮੌਜੂਦ ਸੀ. ਉਣ ਭਿਆਨਕ ਹਰਕਤਾਂ ਨੂੰ ਆਪਣੀ ਅੱਖਾ ਨਾਲ ਵੇਖਿਆ ਹੈ. ਇਸ ਸਾਜ਼ਸ਼ ਵਿੱਚ ਪਟਿਆਲਾ ਦੇ ਮਹਾਰਾਜਾ ਵੀ ਸ਼ਾਮਲ ਸਨ. ਇਹ ਵੀ ਇੱਕ ਸੋਚ ਸੀ ਕਿ ਅਗਰ ਮੁਸਲਮਾਨਾਂ ਨੂੰ ਪੂਰਬੀ ਪੰਜਾਬ ਤੋਂ ਬਾਹਰ ਕੱਢ ਦਿੱਤਾ ਜਾਵੇ ਤੇ, ਸਿੱਖ ਪੂਰਬੀ ਪੰਜਾਬ ਤੇ ਆਪਣੀ ਹਕੂਮਤ ਬਣਾ ਲੇਂਦੇ.

ਪੰਜਾਬ ਦੀ ਤਕਸੀਮ ਦੇ ਬਾਅਦ, ਕੁੱਝ ਸਾਲਾਂ ਤੱਕ ਐਸ.ਜੀ.ਪੀ.ਸ਼ੀ ਅਤੇ ਖੋਸਲਾ ਰਿਪੋਰਟਾਂ ਦੀ ਤਰ੍ਹਾਂ ਪਾਕਿਸਤਾਨ ਤੇ ਕੋਈ ਵਿਆਪਕ ਰਿਪੋਰਟ ਨਹੀਂ ਛਪੀ. ਮਗਰ 1948 ਵਿੱਚ ਪਾਕਿਸਤਾਨ ਸਰਕਾਰ ਨੇ 3 ਛੋਟੀ ਰਿਪੋਰਟਾਂ ਛਾਪੀਆਂ, ਨੋਟਸ ਔਨ ਸਿੱਖ ਪਲਾਨ, ਦੀ ਆਰ.ਐਸ.ਐਸ ਇਨ ਪੰਜਾਬ ਅਤੇ ਦੀ ਸਿੱਖਸ ਇਨ ਐਕਸ਼ਨ, ਜੋ ਕਿ ਬੁਨਿਆਦੀ ਤੌਰ ਤੇ ਸੀ.ਆਈ.ਡੀ. ਦੇ, ਡਸਾਦਾਂ ਦੇ ਦੌਰਾਨ ਇਕੱਠਾ ਕੀਤੇ ਹੋਏ ਡਾਟਾ ਤੋਂ

ਬਣਾਈ ਗਈਆਂ ਸੀ. ਇਸ ਦੇ ਵਿੱਚ ਇਲਜ਼ਾਮ ਲਗਾਇਆ ਗਿਆ ਹੈ ਕਿ ਮੁਸਲਮਾਨਾਂ ਨੂੰ ਪੂਰਬੀ ਪੰਜਾਬ ਤੋਂ ਬਾਹਰ ਕੱਢਣ ਦਾ ਸਿੱਖਾਂ ਦਾ ਪੱਕਾ ਮਨਸੂਬਾ ਸੀ ਅਤੇ ਆਰ.ਐਸ.ਐਸ ਨੇ ਕਈ ਬਹੁਤ ਨਫ਼ਰਤ ਕਰਣਯੋਗ ਬੰਬ ਬਲਾਸਟ ਹੋਰ ਮੁਸਲਮਾਨਾਂ ਉਪਰ ਹਮਲੇ ਕਰਵਾਏ. ਨੇਟਸ ਐਨ ਦ ਸਿੱਖ ਪਲਾਨ ਵਿੱਚ ਲਿਖਿਆ ਗਿਆ ਹੈ:

> ਸਿੱਖਾਂ ਨੇ ਆਪਣੇ ਸਾਹਮਣੇ ਜੋ ਮੰਜ਼ਿਲ ਰੱਖੀ ਸੀ ਉਹ ਸੀ ਪੰਜਾਬ ਵਿੱਚ ਇੱਕ ਸਿੱਖ ਹਕੂਮਤ ਕਾਇਮ ਕਰਣੀ. ਇਸ ਵਾਸਤੇ ਉਨ੍ਹਾਂ ਦੀ ਤਿਆਰੀ ਸਿੱਧੇ ਤੌਰ ਤੇ, ਸਿਰਫ਼ ਮੁਸਲਮਾਨਾਂ ਦੇ ਖ਼ਿਲਾਫ਼ ਸੀ. ਇਹ ਕਹਿਣਾ ਮੁਸ਼ਕਲ ਹੈ ਕਿ ਹਿੰਦੂ ਆਪਣੀ ਜ਼ਿਆਦਾ ਤਦਾਦ ਹੋਣ ਦੇ ਬਾਵਜੂਦ ਸਿੱਖਾਂ ਦੀ ਲਾਲਸਾ ਦੇ ਚਲਦਿਆਂ ਆਪਣਾ ਨੁਕਸਾਨ ਕਰਾਉਣ ਨੂੰ ਰਾਜੀ ਹੋ ਜਾਂਦੇ ਮਗਰ ਉਸ ਵਕਤ ਹਿੰਦੂ ਅਤੇ ਸਿੱਖ ਇਕੱਠੇ ਹੋ ਗਏ ਸੀ. ਉਨ੍ਹਾਂ ਦੀ ਹਰਕਤਾਂ ਅਤੇ ਤਿਆਰਿਆਂ ਸਾਥ ਸਾਥ ਚਲਦਿਆਂ ਸੀ. ਜਦੋਂ ਦੋਨਾ ਦੇ ਵਿੱਚ ਕੋਈ ਸਰਗਰਮ ਸਾਜ਼ਸ਼ ਨਹੀਂ ਵੀ ਹੁੰਦੀ ਸੀ, ਇਹ ਇੱਕ ਅਸਲਿਅਤ ਸੀ ਕਿ ਦੋਨੇ ਮੁਸਲਮਾਨਾਂ ਨੂੰ ਆਮ ਦੁਸ਼ਮਨ ਸਮਝਦੇ ਸੀ ਅਤੇ ਕੁਦਰਤੀ ਵਜ੍ਹਾ ਕਰ ਕੇ, ਆਪਸੀ ਸਹਿਯੋਗ ਕਰਣ ਨੂੰ ਤਿਆਰ ਰਹਿੰਦੇ ਸੀ, ਹੋਰ ਇਸ ਦੇ ਨਾਲ ਸਾਜ਼ਸ਼ ਵਰਗੇ ਹਾਲਾਤ ਪੈਦਾ ਹੋ ਜਾਂਦੇ ਸੀ.

ਚੌਧਰੀ ਮੁਹੱਮਦ ਅਲੀ ਜਿਸ ਨੇ ਪਾਰਟੀਸ਼ਨ ਕਾਉਨਸਿਲ ਦੀ ਇਸਟੀਅਰਿੰਗ ਕਮੇਟੀ ਤੇ ਇੱਕ ਸਦੱਸ ਦੇ ਤੌਰ ਤੇ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ ਅਤੇ ਬਾਅਦ ਵਿੱਚ ਪਾਕਿਸਤਾਨ ਦੇ ਪ੍ਰਾਈਮ ਮਿਨਿਸਟਰ ਬਣੇ (1944-46), ਆਪਣੀ ਕਿਤਾਬ ਦੀ ਇਮਰਜੇਂਸ ਅਫ ਪਾਕਿਸਤਾਨ ਵਿੱਚ ਇਲਜ਼ਾਮ ਲਗਾਉਂਦੇ ਨੇ ਕਿ ਸਿੱਖਾਂ ਦੇ ਸਭ ਤੋਂ ਉੱਚੇ ਅਤੇ ਪਰਮ ਹੁਕਮਰਾਨ, ਖਾਸ ਕਰ ਕੇ ਪਟਿਆਲਾ ਅਤੇ ਕਪੂਰਥਲਾ ਦੇ ਮਹਾਰਾਜਾ, ਪੂਰਬੀ ਪੰਜਾਬ ਤੋਂ ਮੁਸਲਮਾਨਾਂ ਦਾ ਸਫਾਇਆ ਕਰਣ ਵਾਸਤੇ ਇੱਕ ਭਿਅੰਕਰ ਸਾਜ਼ਸ਼ ਵਿੱਚ ਸ਼ਾਮਲ ਸਨ.

ਮੁਹਮਦ ਮੁਨੀਰ ਜੋ ਪਹਿਲਾਂ ਪਾਕਿਸਤਾਨ ਸੁਪ੍ਰੀਮ ਕੋਰਟ ਦੇ ਚੀਫ ਜਸਟਿਸ ਰਹ ਚੁਕੇ ਹਨ ਅਤੇ ਜਿਸ ਨੇ ਪੰਜਾਬ ਬਾਉਂਡਰੀ ਕਮੀਸ਼ਨ ਤੇ ਇੱਕ ਸਦੱਸ ਦੇ ਤੌਰ ਤੇ ਮੁਸਲਿਮ ਲੀਗ ਦੀ ਨੁਮਾਇੰਦਗੀ ਕੀਤੀ, ਆਪਣੀ ਕਿਤਾਬ ਫ੍ਰੇਮ ਜਿਨਾਹ ਟੁ ਜ਼ਿਆ ਵਿੱਚ ਮੱਨਦੇ ਨੇ ਕਿ ਪਹਿਲਾ ਵੱਡੇ ਪੈਮਾਨੇ ਦਾ ਫਿਰਕੂ ਫ਼ਸਾਦ ਮਾਰਚ 1947 ਵਿੱਚ ਸਿੱਖਾਂ ਅਤੇ ਹਿੰਦੂਆਂ ਦੇ ਉਪਰ ਰਾਵਲਪਿੰਡੀ ਦੇ ਇਲਾਕੇ ਤੇ ਹੋਇਆ, ਹੋਰ ਇਸ ਦੇ ਮੁਜ਼ਰਮ ਮੁਸਲਮਾਨ ਸੀ (1990: 17). ਮੁਨੀਰ ਨੇ ਇਹ ਗਲ ਦੁਹਰਾਈ ਕਿ ਸਿੱਖਾਂ ਦਾ ਪੂਰਬੀ ਪੰਜਾਬ ਤੋਂ ਮੁਸਲਮਾਨਾਂ ਦੀ ਮੌਜੂਦਗੀ ਦਾ ਹਰ ਇੱਕ ਨਿਸ਼ਾਣ ਮਿਟਾਉਣ ਦਾ ਮਨਸੂਬਾ ਸੀ.

ਇਅਨ ਕੁਪਲੈਂਡ ਨੇ ਆਪਣੇ ਰਿਸਰਚ (ਸ਼ੋਧ) ਲੇਖ *'ਦ ਮਾਸਟਰ ਐਂਡ ਦੀ ਮਹਾਰਾਜਾਸ: ਦੀ ਸਿੱਖ ਪ੍ਰਿੰਸੇਸ ਐਂਡ ਦੀ ਇਸਟ ਪੰਜਾਬ ਮੈਸੇਕਰ ਅੱਫ 1947'* ਵਿੱਚ ਮੁਸਲਮਾਨਾਂ ਨੂੰ ਰਿਆਸਤੀ ਸੂਬਿਆਂ ਤੋਂ ਖ਼ਤਮ ਕਰਨ ਦੀ ਮਨਸੂਬਾਬੰਦੀ ਅਤੇ ਅਮਲ ਕਰਣ ਦੇ ਉੱਪਰ, ਬਹੁਤ ਮੁਤੱਲਿਕ ਰੌਸ਼ਨੀ ਪਾਈ ਹੈ. ਸਿੱਖ ਜਥੇਆਂ ਨੂੰ ਮਜ਼ੂਬੀ ਤੌਰ ਤੇ, ਮਾਰਚ 1947 ਤੇ ਮੁਸਲਮਾਨਾਂ ਦੀਆਂ ਕੀਤੀਆਂ ਜ਼ਿਆਦਿਤੀਆਂ ਦਾ ਬਦਲਾ ਲੈਣ ਲਈ ਭੜਕਾਇਆ ਗਿਆ. ਕੁੱਝ ਜੱਥੇ ਬਰੇਨ ਅਤੇ ਮਸ਼ੀਨ ਗਨਾਂ ਨਾਲ ਵੀ ਲੈਸ ਸਨ. ਉਹ ਇੱਸ ਗਲ ਦਾ ਦਾਅਵਾ ਕਰਦੇ ਨੇ ਕਿ ਪੂਰਬੀ ਪੰਜਾਬ ਦੀ ਛੋਟੀ ਮਲੇਰਕੋਟਲਾ ਸ਼ਾਹੀ ਰਿਆਸਤ ਦੇ ਮੁਸਲਮਾਨ ਨਾਸ ਤੋਂ ਇਸ ਲਈ ਬਚ ਗਏ, ਕਿਉਂਕਿ ਨਵਾਬ ਦੇ ਰਿਸ਼ਤੇਦਾਰ ਅਤੇ ਮੁਸਲਿਮ ਲੀਗ, ਲੁਧਿਆਣਾ ਦੇ ਦਫਤਰੀ ਲੋਕਾਂ ਨੇ ਮੁਸਲਮਾਨਾਂ ਨੂੰ ਹਥਆਰਬੰਦ ਹੋਣ ਲਈ ਕਿਹਾ ਸੀ. ਸਿੱਖ ਮਲੇਰਕੋਟਲਾ ਦੇ ਉਪਰ ਹਮਲਾ ਕਰਣ ਦੀ ਤਿਆਰੀ ਕਰ ਰਹੇ ਸੀ. ਇਹ ਇੱਕ ਪ੍ਰਚਲਿਤ ਮੱਤ ਜੋ ਸਿੱਖ ਸਹੀ ਮੱਨਦੇ ਨੇ, ਉਸ ਤੋਂ ਬਿਲਕੁਲ ਅਲਗ ਹੈ. ਸਿੱਖਾਂ ਦੇ

ਮੁਤਾਬਕ 300 ਸਾਲ ਪਹਿਲਾਂ ਉਨ੍ਹਾਂ ਦੇ 10ਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵਕਤ ਦੇ ਮਲੇਰਕੋਟਲਾ ਦੇ ਹਾਕਮ ਨੂੰ, ਗੁਰੂ ਦੇ ਸਾਹਿਬਜ਼ਾਦਿਆਂ ਨੂੰ ਤਸ਼ੱਦਦ ਅਤੇ ਜ਼ਿੰਦਾ ਕੰਧ ਵਿੱਚ ਦਫਨਾਉਣ ਦੀ ਮੁਖ਼ਾਲਫ਼ਤ ਕਰਣ ਲਈ, ਅਸੀਸ ਦਿੱਤੀ ਸੀ. ਇਸ ਕਰ ਕੇ ਸਿੱਖ ਮਲੇਰਕੋਟਲਾ ਦੇ ਉਪਰ ਕਦੀ ਹੱਮਲਾ ਨਹੀਂ ਕਰਦੇ ਅਤੇ ਨਾ ਹੀ ਇਸ ਦੇ ਮੁਸਲਮਾਨਾਂ ਦਾ ਕੋਈ ਨੁਕਸਾਨ ਕਰਦੇ. ਇਸ ਗਲ ਨੂੰ ਮੈਂ ਕਈ ਵਾਰ ਸੁਣਿਆ, ਜਦ ਉਣ ਲੋਕਾਂ ਨੇ ਇੰਟਰਵਿਊ ਦੇ ਦੌਰਾਨ ਮੈਨੂੰ ਕਿਹਾ ਕਿ ਉਣ ਮੁਸਲਮਾਨਾਂ ਉਪਰ ਹਮਲਾ ਹੋਇਆ, ਜੋ ਇਸ ਸੂਬੇ ਦੇ ਅੰਦਰ ਦਾਖਿਲ ਹੋਣਾ ਚਾਹੁੰਦੇ ਸੀ ਮਗਰ ਇਸ ਦੇ ਅੰਦਰ ਵੜ ਚੁਕੇ ਲੋਕਾਂ ਦਾ ਪਿੱਛਾ ਨਹੀਂ ਕੀਤਾ ਜਾਂਦਾ ਸੀ.

ਇਹ ਦਿਲਚਸਪ ਹੈ ਕਿ ਪੰਜਾਬ ਬਾਉਂਡਰੀ ਫੋਰਸ, ਜਿਸ ਨੂੰ ਕਾਨੂੰਨ ਅਤੇ ਅਮਨ ਕਾਇਮ ਵਾਸਤੇ ਬਣਾਇਆ ਗਿਆ ਸੀ, ਇੱਕ ਹਿੰਦੂ, ਸਿੱਖ, ਮੁਸਲਮਾਨ ਫੌਜ਼ਿਆਂ ਦੀ ਬਦ-ਇੰਤਜਾਮ, ਬਦਹਾਲ ਫੋਰਸ ਸੀ. ਇਸ ਦੇ ਵਿੱਚ ਬਹੁਤ ਘੱਟ ਬ੍ਰਿਟਿਸ਼ ਫੌਜੀ ਸੀ ਹੋਰ ਇਹ ਸਿਰਫ਼ 1 ਅਗਸਤ ਤੋਂ 1 ਸਤੰਬਰ ਤੱਕ ਕਾਇਮ ਰਹੀ. ਇਸ ਫੋਰਸ ਨੇ ਉਣ ਬਾਰਾਂ ਜ਼ਿਲ੍ਹਾਂ ਦੇ ਕੁੱਝ ਲੋਕਾਂ ਦੀ ਹਿਫਾਜਤ ਜ਼ਰੂਰ ਕੀਤੀ ਮਗਰ ਰਿਆਸਤੀ ਸੂਬੇਆਂ ਦੇ ਅੰਦਰ ਇਸ ਨੂੰ ਦਾਖ਼ਲ ਹੋਣ ਦੀ ਇਜ਼ਾਜ਼ਤ ਨਹੀਂ ਸੀ (ਜੇਫਰੀ, 1974: 491 - 520). ਹੋ ਸਕਦਾ ਹੈ ਇਸ ਵਜ੍ਹਾ ਨਾਲ ਰਿਆਸਿਤੀ ਸੂਬਿਆਂ ਦੇ ਅੰਦਰ ਬਹੁਤ ਜ਼ਿਆਦਾ ਮੁਸਲਮਾਨ ਹਲਾਕ ਹੋਏ.

ਕਿੱਨੀ ਮੌਤਾਂ ਹੋਇਆਂ?

ਸਰ ਪੇਂਡੇਰਲ ਮੂਨ, ਪੰਜਾਬ ਦੀ ਬਹੁਤ ਸਾਲਾਂ ਦੀ ਸੇਵਾ ਕਰਣ ਵਾਲੇ ਇਨਸਾਨ ਸੀ. ਉਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਹਿੰਦੂਆਂ ਅਤੇ ਸਿੱਖਾਂ ਦੀ ਕੁੱਲ ਮੌਤਾਂ ਮੁਸਲਮਾਨਾਂ ਦੀ ਮੌਤਾਂ ਤੋਂ ਘੱਟ ਸੀ (1998: 293). ਜੀ.ਡੀ.ਖੋਸਲਾ ਵੀ, ਜਿਨ੍ਹਾਂ ਨੇ ਪੰਜਾਬ ਦੇ ਦੰਗੇਆਂ ਵਿੱਚ, ਖਾਸ ਕਰ ਕੇ ਹਿੰਦੂਆਂ ਅਤੇ ਸਿੱਖਾਂ ਦੇ ਦਰਦ ਦਾ ਡਾਟਾ ਇਕੱਠਾ ਕੀਤਾ, ਮੱਨਦੇ ਸੀ ਕਿ ਦੰਗੇਆਂ ਦੇ ਸ਼ੁਰੁਆਤੀ ਦੌਰ ਤੇ ਹਿੰਦੂਆਂ ਅਤੇ ਸਿੱਖਾਂ ਦੇ ਇੰਤੇਕਾਮ ਦੇ ਚਲਦੇਆਂ ਜ਼ਿਆਦਾ ਮੁਸਲਮਾਨ ਹਲਾਕ ਹੋਏ ਹੋਣਗੇ (1989: 299). ਉਨ੍ਹਾਂ ਨੇ ਦੇ ਲਫ਼ਜ਼:

> 'ਮੁਸਲਮਾਨਾਂ ਦਾ ਜਾਨੀ ਨੁਕਸਾਨ ਪਛਮ ਪੰਜਾਬ ਦੇ ਗੈਰ-ਮੁਸਲਿਮਾਂ ਦੇ ਜਾਨੀ ਨੁਕਸਾਨ ਦੇ ਮੁਕਾਬਲੇ ਘੱਟ ਨਹੀਂ ਸੀ. ਵਾਕਈ ਕਈ ਇਨਸਾਨ ਮੌਜੂਦ ਨੇ ਜੋ ਸ਼ੇਖੀ ਬਘਾਰਦੇ ਨੇ ਕਿ ਪਛੱਮ ਪੰਜਾਬ ਦੇ ਗੈਰ-ਮੁਸਲਿਮਾਂ ਤੋਂ ਜ਼ਿਆਦਾ ਮੁਸਲਮਾਨ ਮਾਰੇ ਗਏ, ਮਗਰ ਗੈਰ-ਮੁਸਲਿਮਾਂ ਦਾ ਮਾਲੀ ਨੁਕਸਾਨ ਜ਼ਿਆਦਾ ਹੋਇਆ. ਇਸ ਗਲ ਨੂੰ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਮੁਸਲਮਾਨਾਂ ਦੇ ਉਪਰ ਹਮਲੇ ਬਦਲੇ ਦੇ ਤੌਰ ਤੇ ਹੋਏ. ਗੈਰ-ਮੁਸਲਿਮਾਂ ਨੂੰ ਪਛਮ ਪੰਜਾਬ ਤੋਂ ਮੁਸਲਮਾਨਾਂ ਦੀ ਨਿਕਾਲਣ ਦੀ ਕਈ ਮਹੀਨੇਆਂ ਦੇ ਪੱਕੇ ਇਰਾਦੇ ਹੋਰ ਕੀਤੀ ਗਈ ਲਗਾਤਾਰ ਕੋਸ਼ਿਸ਼ ਦੇ ਬਾਅਦ ਹੀ, ਮੁਸਲਮਾਨਾਂ ਦੇ ਉਪਰ ਹਮਲੇਆਂ ਦੀ ਸ਼ੁਰੁਆਤ ਹੋਅੀ.'

ਮਾਰਚ 2003 ਤੇ ਪਟਿਆਲਾ ਤੇ ਹੋਈ ਪੰਜਾਬ ਹਿਸਟਰੀ ਕਨਫ੍ਰੇਨਸ ਦੇ 35ਵੇਂ ਸੈਸਨ ਤੇ ਪੇਸ਼ ਇੱਕ ਲੇਖ ਤੇ, ਭਾਈ ਅਰੀਦਮਨ ਸਿੰਘ ਬ੍ਰਬਲ ਤਸਦੀਕ ਭਰਦੇ ਨੇ ਕਿ ਹਿੰਦੂਆਂ ਅਤੇ ਸਿੱਖਾਂ ਦੇ ਮੁਕਾਬਲੇ, ਜ਼ਿਆਦਾ ਮੁਸਲਮਾਨ ਹਲਾਕ ਹੋਏ. ਉਨ੍ਹਾਂ ਦੀ ਅਸੈਸਮੇਂਟ (ਅਨੁਮਾਨਣਾ) ਇਨਸਾਇੱਕਲੋਪੀਡੀਆ ਔਫ ਸਿੱਖਿਸਮ, ਪੰਜਾਬ ਯੂਨੀਵਰਸਿਟੀ, ਪਟਿਆਲਾ, ਵੌਲ.3 ਜੋ ਕਿ ਪ੍ਰੋ.ਹਰਬੰਸ ਸਿੰਘ ਨੇ ਇਕਤਰ ਕੀਤਾ ਹੈ, ਉਪਰ ਆਧਾਰਤ ਹੈ (2002: 122-23). ਪੇਨਡੇਰਲ ਮੂਨ ਨੇ ਸਬੂਤੇ ਪੰਜਾਬ ਅਤੇ ਬਹਾਵਲਪੁਰ ਸਟੇਟ (ਸੂਬਾ) ਤੇ 180,000-

200,000 ਲੋਕਾਂ ਦੇ ਹਲਾਕ ਹੋਣ ਦਾ ਅੰਦਾਜ਼ਾ ਲਾਇਆ ਹੈ (1998: 293). ਜੀ.ਡੀ.ਖੋਸਲਾ ਨੇ 500,000 ਦੀ ਫਿਗਰ (ਸੰਖਿਆ) ਦੱਸੀ ਹੈ. ਪਾਕਿਸਤਾਨੀ ਫੌਜ਼ ਦੇ ਲੇ.ਜ.(ਰਿਟਾਯਰ) ਅਫਤਾਬ ਅਹਿਮਦ ਖਾਨ ਜੋ ਪੰਜਾਬ ਬਾਉਂਡਰੀ ਫੋਰਸ ਵਿੱਚ ਸਨ, ਹੋਰ ਬਾਅਦ ਤੇ, ਲੋਕਾਂ ਨੂੰ ਬਾਰਡਰ ਪਾਰ

ਕਰਾਉਣ ਲਈ, ਇੰਡੀਆ ਅਤੇ ਪਾਕਿਸਤਾਨ ਦੀ ਫੌਜ਼ਾਂ ਦੀ ਮਿੱਲੀ-ਜੁਲੀ ਕਾਰਵਾਈ ਦਾ ਹਿੱਸਾ ਸਨ, ਨੇ 2 ਫ਼ਰਵਰੀ 2007 ਨੂੰ ਲਿਖਿਆ ਕਿ ਪੂਰਬੀ ਪੰਜਾਬ ਵਿੱਚ ਘੱਟ ਤੋਂ ਘੱਟ 500,000 ਮੁਸਲਮਾਨ ਹਲਾਕ ਹੋਏ. ਉਨ੍ਹਾਂ ਦੀ ਧਾਰਨਾ ਹੈ ਕਿ ਪਛਮ ਪੰਜਾਬ ਵਿੱਚ, ਹਿੰਦੂ ਅਤੇ ਸਿੱਖਾਂ ਦੀ ਇਸ ਦੇ ਮੁਕਾਬਲੇ ਕਾਫ਼ੀ ਘੱਟ ਮੌਤਾਂ ਹੋਇਆਂ.

ਇੱਨੇ ਸਾਲਾਂ ਬਾਅਦ, ਮੌਤਾਂ ਦੀ ਅੰਦਾਜਨ ਸੰਖਿਆ ਵਧਦੀ ਹੀ ਜਾ ਰਹੀ ਹੈ ਅਤੇ ਕੁੱਝ ਲੋਕਾਂ ਨੇ ਇਸ ਨੂੰ 2 ਮਿਲੀਅਨ ਤਕ ਦੱਸਿਆ ਹੈ (ਟੈਲਬੱਟ,2008: 420). ਸਹੀ ਸੰਖਿਆ ਦਾ ਪਤਾ ਕਦੇ ਵੀ ਨਹੀਂ ਚਲੇਗਾ ਮਗਰ ਸਮੁੱਚੇ ਇੰਡੀਆ ਵਾਸਤੇ 1 ਮਿਲੀਅਨ ਨੂੰ, ਹੁਣ ਇੱਕ ਭਰੋਸੇਯੋਗ ਸੰਖਿਆ ਮੱਨ ਲੀਤਾ ਜਾਂਦਾ ਹੈ. ਜੋ ਬ੍ਰਿਟਿਸ਼ਰ ਉਸ ਵਕਤ ਇੰਡੀਆ ਤੇ ਸੀ, ਉਨ੍ਹਾਂ ਨੇ 600,000, 800,000 ਅਤੇ 1,000,000 ਦੀ ਸੰਖਿਆ ਦੱਸੀ ਹੈ. ਸਚ ਜੋ ਵੀ ਹੋਵੇ, ਜ਼ਿਆਦਾਤਰ ਮੌਤਾਂ ਪੰਜਾਬ ਵਿੱਚ ਹੋਇਆਂ.

ਕਿੱਨੇ ਲੋਕਾਂ ਨੇ ਬਾਰਡਰ (ਸੀਮਾ) ਪਾਰ ਕੀਤਾ?

ਤਕਸੀਮ ਦੇ ਵਕਤ ਕਿੱਨੇ ਲੋਕਾਂ ਨੇ ਅੰਤਰ-ਰਾਸਟਰੀ ਸੀਮਾ ਪਾਰ ਕੀਤੀ, ਇਸ ਬਾਰੇ ਮੂਨ ਨੇ ਲਿਖਿਆ : ਭਰੋਸੇਯੋਗ ਸੰਖਿਆ ਦਾ ਜੁਗਾੜ ਨਹੀਂ ਹੈ ਪਰ ਇਸ ਗੱਲ ਨੂੰ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਮੁਸਲਮਾਨ ਸਭ ਤੋਂ ਜ਼ਿਆਦਾ ਹਲਾਕ ਹੋਏ ਮਗਰ ਹਿੰਦੂ ਅਤੇ ਸਿੱਖਾਂ ਨੇ ਸਭ ਤੋਂ ਜ਼ਿਆਦਾ ਜਾਇਦਾਦ ਅਤੇ ਮਾਲ-ਧਨ ਗੁਵਾਇਆ. ਕਾਫ਼ੀ ਸਹੀ ਫਿਗਰ (ਸੰਖਿਆ) ਮੌਜੂਦ ਹੈ ਕਿ ਕਿੱਨੇ ਲੋਕਾਂ ਨੂੰ ਮਜ਼ਬੂਰਨ ਥਾਂ ਬਦਲਣਾ ਪਿਆ. ਅਗਸਤ 1947 ਤੋਂ ਮਾਰਚ 1948 ਦੇ ਵਿੱਚ ਲੱਗਭਗ 4.5 ਮਿਲੀਅਨ ਹਿੰਦੂ ਅਤੇ ਸਿੱਖ ਪਛਮ ਪੰਜਾਬ ਛੱਡ ਕੇ ਇੰਡੀਆ ਆ ਕੇ ਵੱਸੇ ਅਤੇ 6 ਮਿਲੀਅਨ ਮੁਸਲਮਾਨ ਦੂਜੀ ਤਰਫ਼ ਚਲੇ ਗਿਐ. ਇਹ ਬਹੁਤ ਵੱਡੀ ਥਾਂ ਬਦਲੀ ਅਗਸਤ ਦੇ ਮੱਧ ਤੋਂ ਲੈ ਕੇ ਨਵੰਬਰ ਦੇ ਮੱਧ, 3 ਮਹੀਨੇ ਦੇ ਬਹੁਤ ਘੱਟ ਵਕਤ ਵਿੱਚ ਹੋਈ (ਮੂਨ, 1998: 268). ਸ਼ਾਹਿਦ ਜਾਵੇਦ ਬਰਕੀ ਦੇ ਹਿਸਾਬ ਨਾਲ 14 ਮਿਲੀਅਨ ਲੋਕਾਂ ਨੇ ਬਾਰਡਰ ਪਾਰ ਕੀਤਾ ਜਿਸ ਦੇ ਵਿੱਚ ਗੈਰ-ਪੰਜਾਬੀ ਵੀ ਮੌਜੂਦ ਨੇ (ਬਰਕੀ, 1980: 11). ਇਅਨ ਟੈਲਬੱਟ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਪੰਜਾਬ ਅਤੇ ਇਸ ਦੀ 1947 ਦੀ ਤਕਸੀਮ ਦੇ ਅਧਿਐਨ ਤੇ ਲਗਾ ਦਿੱਤੀ ਹੈ, ਇਸ ਭਿਗਰ (ਸੰਖਿਆ) ਨੂੰ 18 ਮਿਲੀਅਨ ਦੱਸਦੇ ਨੇ ਜਿਸ ਦੇ ਵਿੱਚ ਪੰਜਾਬ ਅਤੇ ਦੂਜੇ ਸੂਬਿਆਂ ਦੇ ਮੁਸਲਿਮ, ਸਿੱਖ ਅਤੇ ਹਿੰਦੂ ਵੀ ਸ਼ਾਮਲ ਹਨ (2008: 420). ਮੇਰੇ ਇਸ ਸਵਾਲ ਦੇ ਜਵਾਬ ਤੇ ਕਿ ਸਿਰਫ਼ ਪੰਜਾਬ ਤੋਂ ਕਿੱਨੇ ਸੀ, ਉਨ੍ਹਾਂ ਨੇ ਈ-ਮੇਲ ਕਰ ਕੇ ਦੱਸਿਆ ਕਿ ਇਹ ਭਿਗਰ (ਸੰਖਿਆ) 9-10 ਮਿਲੀਅਨ ਦੇ ਵਿੱਚ ਹੈ. 31 ਅਕਤੂਬਰ 1947 ਦੇ ਏ ਨੋਟ ਔਨ ਦੀ ਇਸਟੇਟੀਸਟਿਕਸ ਔਫ ਰੇਫਯੂਜੀਸ ਐਂਡ ਇਵਾਕਯੂਈਜ ਪ੍ਰੋਬਲੇਮ ਵਿੱਚ ਐਮ.ਹਸਨ ਨੇ ਅੰਦਾਜਾ ਲਗਾਇਆ ਹੈ ਕਿ ਅਗਰ ਸਾਰੇ ਮੁਸਲਮਾਨ ਪੂਰਬੀ ਪੰਜਾਬ ਨੂੰ ਛੱਡ ਦੇਂਦੇ ਤੇ ਪਛਮ ਪੰਜਾਬ 5.9 ਮਿਲੀਅਨ ਮੁਸਲਮਾਨਾਂ ਨੂੰ ਹਾਸਲ ਕਰਦਾ. ਦੂਜੀ ਤਰਫ਼ ਅਗਰ ਸਾਰੇ ਹਿੰਦੂ ਅਤੇ ਸਿੱਖ ਪਛਮ ਪੰਜਾਬ ਨੂੰ ਛੱਡ ਦੇਂਦੇ ਨੇ ਤੇ ਪੂਰਬੀ ਪੰਜਾਬ 3.8 ਮਿਲੀਅਨ ਹਿੰਦੂਆਂ ਅਤੇ ਸਿੱਖਾਂ ਨੂੰ ਹਾਸਲ ਕਰਦਾ (ਹਸਨ,

1993: 16). ਇਸ ਦਾ ਮਤਲਬ ਇਹ ਹੈ ਕਿ 9.7 ਮਿਲੀਅਨ ਪੰਜਾਬੀ ਬੇਘਰ ਹੋਨ ਦੀ ਕਗਾਰ ਅਤੇ ਬਾਰਡਰ ਪਾਰ ਕਰਣ ਲਈ ਤਿਆਰ ਬੈਠੇ ਸੀ. ਇਨ੍ਹਾਂ ਤੋਂ ਕਿਨੇ ਹਲਾਕ ਹੋਏ ਕਹਿਣਾ ਮੁਸ਼ਕਲ ਹੈ. ਮੁਹਮਦ ਵਸੀਮ ਪੂਰਬੀ ਪੰਜਾਬ ਨੂੰ ਛੱਡ ਕੇ ਪਛਮ ਪੰਜਾਬ ਜਾਣ ਵਾਲੇ ਮੁਸਲਮਾਨਾਂ ਦੀ ਭਿਗਰ (ਸੰਖਿਆ) 5.3 ਮਿਲੀਅਨ ਦੱਸਦੇ ਨੇ ਜੋ ਕਿ ਕੁੱਲ ਪਛੱਮ ਪੰਜਾਬ ਦੀ ਆਬਾਦੀ ਦਾ 24.6 ਫ਼ੀਸਦੀ ਸੀ (ਵਸੀਮ, 1999: 211).

ਪੰਜਾਬ ਦੀ ਤਕਸੀਮ ਦੀ ਇੱਕ ਅਲਗ ਤਸਵੀਰ ਵੀ ਸੀ; ਔਰਤਾਂ ਨੂੰ ਅਗਵਾ ਕਰਣ ਲਈ ਨਿਸ਼ਾਨਾ ਬਣਾਇਆ ਗਿਆ. ਘੱਟ ਤੋਂ ਘੱਟ 90,000 ਔਰਤਾਂ ਨੂੰ ਵੈਰੀ ਮਜ਼ੂਬਾਂ ਦੇ ਲੋਕਾਂ ਨੇ ਅਗਵਾ ਕੀਤਾ. ਕੁੱਝ ਨੂੰ ਮੁੜ ਪ੍ਰਾਪਤ ਕੀਤਾ ਗਿਆ ਮਗਰ ਸਭ ਨੂੰ ਵਾਪਸ ਨਹੀਂ ਲਾਇਆ ਜਾ ਸਕਿਆ. ਆਇਸ਼ਾ ਜਲਾਲ ਮਹਿਸੂਸ ਕਰਦੀ ਹਨ ਕਿ ਔਰਤਾਂ ਦੇ ਉਪਰ ਕੀਤੇ ਗਿਐ ਜ਼ੁਲਮ ਮਰਦਾਂ ਦੀ ਡੋਮਿਨੇਸ਼ਨ (ਫਰਮਾਬਰਦਾਰੀ) ਦਾ ਇੱਕ ਮੈਨੀਫੇਸਟੇਸ਼ਨ (ਰੂਪ) ਹੈ. ਉਹ ਲਿਖਦੀ ਹਨ 'ਤਿਨੋਂ ਮਜ਼ੂਬਾਂ ਦੇ ਲੋਕਾਂ ਨੇ ਮਜਬੂਰ ਔਰਤਾਂ ਦੇ ਉਪਰ ਆਪਣੇ ਪਲ ਭਰ ਦੀ ਤਾਕਤ ਦੀ ਇਹਸਾਸ ਦਾ ਆਨੰਦ ਲੀਤਾ' (1998: 13).

ਮੌਜੂਦਾ ਲਿਟਰੇਚਰ (ਸਾਹਿਤ)

1974 ਤੇ ਪੱਤਰਕਾਰਾਂ ਲੈਰੀ ਕੌਲਿੰਸ ਅਤੇ ਡੋਮਿਨੀਕ ਲੇਪਿਅਰ ਨੇ ਇੰਡੀਆ ਤੇ ਤਕਸੀਮ ਦੇ ਵਕਤ ਹੋਏ ਫ਼ਸਾਦਾਂ ਦੀ ਜ਼ਬਾਨੀ ਦਾਸਤਾਨਾਂ ਦੀ ਦਿਲਾਂ ਨੂੰ ਛੂ ਲੈਣ ਵਾਲੀ ਇੱਕ ਰਚਨਾ ਫ੍ਰੀਡਮ ਐਟ ਮਿਡਨਾਈਟ ਪ੍ਰਕਾਸ਼ਤ ਕੀਤੀ. ਇਸ ਦੇ ਵਿੱਚ ਪੰਜਾਬ ਦੇ ਕੁੱਝ ਦਿਲ-ਦਹਿਲਾ ਦੇਣ ਵਾਲੇ ਕਿੱਸੇ ਨੇ. ਇੰਡੀਆ ਪੰਜਾਬ ਅਤੇ ਬੰਗਾਲ ਦੀ ਤਕਸੀਮ ਦੀ 50ਵੀਂ ਬਰਸੀ ਨੇ ਇੱਕ ਕੈਟੇਲਿਸਟ (ਉਤਪ੍ਰੇਰਕ) ਦਾ ਕੱਮ ਕੀਤਾ. ਅਵਾਜਾਂ ਜੋ ਸਾਲਾਂ ਤੋਂ ਜਜ਼ਬਾਤੀ ਅਤੇ ਮਜਬੂਤ ਇਹਸਾਸਾਂ ਥਲੇ ਦਬਿਆਂ ਹੋਇਆ ਸੀਂ, ਬਾਹਰ ਆਉਣ ਨੂੰ ਬੇਚੈਨ ਹੋਣ ਲਗੀਆਂ. ਇੰਡੀਆ ਹੋਰ ਪਾਕਿਸਤਾਨ ਦੋਨੋ ਮੁਲਕਾਂ ਵਿੱਚ ਕਈ ਇੰਟਰਵਿਊ ਜਾਂ ਜ਼ਬਾਨੀ ਕਹਾਣੀਆਂ ਛਪਿਆਂ. ਇਸੀ ਕੜੀ ਤੇ ਪੰਜਾਬੀ ਮੂਲ ਦੀਆਂ ਇੰਡੀਅਨ ਫੇਮਿਨੀਸਟਾਂ (ਨਾਰੀਵਾਦੀ) ਨੇ ਬੇਮਿਸਾਲ ਯੋਗਦਾਨ ਦਿੱਤੇ. ਉਰਵਸ਼ੀ ਬੁਟਾਲਿਆ ਦੀ ਦੀ ਅਦਰ ਸਾਇਡ ਔਫ ਸਾਇਲੈਂਸ : ਵੌਇਸੇਸ ਫ੍ਰੋਮ ਦੀ ਪਾਰਟੀਸ਼ਨ ਔਫ ਇੰਡੀਆ (1998); ਰਿਤੂ ਮੇਨਨ ਅਤੇ ਕਮਲਾ ਭਸੀਨ ਦੀ ਬੌਰਡਰਸ ਐਂਡ ਬਾਉਂਡਰੀਸ (1998) ਨੇ ਤਕਸੀਮ ਦੇ ਸਿਕਾਰਾਂ ਦੇ ਸਦਮੇਆਂ ਨੂੰ ਪੇਸ਼ ਕੀਤਾ. ਉਨ੍ਹਾਂ ਨੇ ਔਰਤਾਂ ਦੇ ਦਰਦ ਦੇ ਉਪਰ ਧਿਆਨ ਦਿੱਤਾ ਮਗਰ ਵੀਜ਼ਾ ਦੀ ਮੁਸ਼ਕਲ ਕਰ ਕੇ ਉਹ ਪਾਕਿਸਤਾਨੀ ਪੰਜਾਬ ਤੋਂ ਡਾਟਾ ਨਹੀਂ ਲੈ ਸਕੇ ਹਾਲਾਂਕਿ ਉਨ੍ਹਾਂ ਦਾ ਕੱਮ ਸਿਰਫ਼ ਇੱਕ ਤਰਫ਼ ਦੇ ਦਰਦ ਨੂੰ ਦਰਸ਼ਾਉਣ ਦੇ ਮਕਸਦ ਨਾਲ ਨਹੀਂ ਕੀਤਾ ਗਿਆ ਸੀ.

ਇਅਨ ਟੈਲਬੱਟ ਨੇ ਪੰਜਾਬ ਦੀ ਤਕਸੀਮ ਦੇ ਉਪਰ ਬਹੁਤ ਸਾਰੇ ਪਬਲਿਕੇਸ਼ਨ (ਪ੍ਰਕਾਸ਼ਨ) ਦੀ ਪਹਿਲ ਕੀਤੀ ਹੈ. ਟੈਲਬੱਟ ਅਤੇ ਗੁਰਹਰਪਾਲ ਸਿੰਘ ਨੇ ਰਿਜੀਅਨ ਐਂਡ ਪਾਰਟੀਸ਼ਨ: ਬੇਂਗਾਲ, ਪੰਜਾਬ ਐਂਡ ਦੀ ਪਾਰਟੀਸ਼ਨ ਔਫ ਦੀ ਸਬਕੌਨਟੀਨੈਂਟ (1999) ਲਿਖੀ ਹੈ ਜਿਸ ਦੇ ਵਿੱਚ ਮੁਖ਼ਤਲਿਫ਼ ਪੰਜਾਬੀ ਪਾਰਟੀਆਂ ਅਤੇ ਸਮੁਹਾਂ ਦੀ ਦਲੀਲਾਂ ਦੇ ਉਪਰ ਮੇਰਾ ਯੋਗਦਾਨ ਸ਼ਾਮਲ ਹੈ. ਇਸ ਤੋਂ ਕੁੱਝ ਹਿੱਸੇ ਮੇਰੀ ਇਸ ਕਿਤਾਬ ਵਿੱਚ ਸ਼ਾਮਲ ਹਨ. ਇਅਨ ਟੈਲਬੱਟ ਹੋਰ ਸ਼ਿੰਡਰ ਥੰਡੀ ਦੇ ਲੇਖ ਪੀਪਲ ਔਨ ਦ ਮੂਵ: ਪੰਜਾਬੀ ਕੋਲੋਨਿਅਲ, ਐਂਡ ਪੋਸਟ-ਕੋਲੋਨਿਅਲ ਮਾਇਗ੍ਰੇਸ਼ਨ (2004) ਤੇ, ਲਾਹੌਰ ਤੋਂ ਜ਼ਬਰਨ ਮੁਲਕ ਛੱਡਣ ਅਤੇ ਐਥਨੀਕ ਕਲੀਂਸੀਂਗ

(ਨਸਲੀ ਸਫਾਈ) ਉਪਰ ਮੇਰੇ ਲੇਖ ਤੋਂ ਵੀ ਮੈਂ ਇਹ ਕੀਤਾ ਹੈ. ਐਨਡਰਸ ਬਯੋਨ ਹੈਨਸੇਨ ਦਾ ਲੇਖ ਪਾਰਟੀਸ਼ਨ ਐਨਡ ਜੇਨੋਸਾਇਡ: ਮੇਨੀਫੇਸਟੇਸ਼ਨ ਔਫ ਵਾਇਲੈਂਸ ਇਨ ਪੰਜਾਬ 1937-1947 (2002) 1937 ਤੋਂ ਲੈ ਕੇ 1947 ਵਿੱਚ ਪੰਜਾਬ ਦੇ ਚੀਫ ਸੇਕ੍ਰੇਟਰਿਆਂ ਦੀ ਵਾਇਸਰਾਏ ਨੂੰ ਭੇਜਿਆਂ ਹੋਇਆਂ ਰਿਪੋਰਟਾਂ ਤੇ ਰੌਸ਼ਨੀ ਪਾਉਂਦੀ ਹੈ. ਅਹਿਮਦ ਸਲੀਮ ਨੇ ਲਾਹੌਰ 1947 (2003) ਵਿੱਚ ਪਹਿਲਾਂ ਤੋਂ ਪ੍ਰਕਾਸ਼ਤ ਲੋਕਾਂ ਦੇ ਬਿਰਤਾਂਤਾਂ ਨੂੰ ਇਕੱਠਾ ਕੀਤਾ ਹੈ. ਇਹ ਇੱਕ ਫ਼ਾਇਦੇਮੰਦ ਸੰਗ੍ਰਹ ਹੈ.

ਕਿਰਪਾਲ ਸਿੰਘ ਦੀ ਦੀ ਪਾਰਟੀਸ਼ਨ ਔਫ ਦ ਪੰਜਾਬ (1989) ਇੱਕ ਇਤਹਾਸਕਾਰ ਦੇ ਤੌਰ ਤੇ ਸੂਬੇ ਦੀ ਤਕਸੀਮ ਲਈ ਲਗਾਏ ਗਏ ਸਾਧਨ ਅਤੇ ਮੇਕੇਨਿਜਮਸ (ਵਿਧੀਆਂ) ਹੋਰ ਉਸ ਵਕਤ ਦੇ ਲੀਤੇ ਗਿਏ ਮੁੱਖ ਫੈਸਲੇ ਦੀ ਬਹੁਤ ਉਪਯੋਗੀ ਅਤੇ ਸੰਖੇਪ ਜਾਣਕਾਰੀ ਦੇਂਦੀ ਹੈ. ਉਹ ਕਈ ਤਰ੍ਹਾਂ ਦੇ ਅੰਦਾਜ ਲਗਾਉਂਦੇ ਨੇ, ਮਗਰ ਆਪਣਾ ਕੋਈ ਖ਼ਿਆਲ ਨਹੀਂ ਦੱਸਦੇ. ਉਨ੍ਹਾਂ ਦਾ ਮਜਮੁਆ ਸੇਲੇਕਟ ਡੌਕਯੁਮੇਂਟਸ ਔਨ ਪਾਰਟੀਸ਼ਨ ਔਫ ਪੰਜਾਬ-1947 ਪੰਜਾਬ ਦੀ ਤਕਸੀਮ ਦੇ ਉਪਰ ਰਿਸਰਚ (ਸ਼ੋਧ) ਦੇ ਦੌਰਾਨ ਲੀਤੇ ਕੁੱਝ ਨਾਯਾਬ ਇੰਟਰਵਿਊ, ਸ਼ਾਮਲ ਕਰਦਾ ਹੈ. ਮੈਂ ਉਨ੍ਹਾਂ ਨੂੰ 2 ਜਨਵਰੀ 2004 ਨੂੰ ਚੰਡੀਗੜ ਤੇ ਮਿਲਿਆ.

ਪਾਕਿਸਤਾਨ ਦੀ ਹਕੂਮਤ ਨੇ 1993 ਵਿੱਚ 1947 ਦੇ ਮੁਸਲਮਾਨ ਪਨਾਹਕੀਰਾਂ ਦੀ ਦਾਸਤਾਨਾਂ ਦੀ ਜਰਨੀ ਟੂ ਪਾਕਿਸਤਾਨ: ਏ ਡੋਕਯੁਮੇਂਟੇਸ਼ਨ ਔਨ ਰੇਫਯੁਜੀਸ ਔਫ 1947 ਪ੍ਰਕਾਸ਼ਤ ਕੀਤੀ. ਇਸ ਦੇ ਇਲਾਵਾ, ਡਿਸਟਰਬੇਂਸੇਸ ਇਨ ਦ ਪੰਜਾਬ 1994 ਤੇ ਛਪੀ. 1980 ਵਿੱਚ ਆਪਣੇ ਪੁਰਾਣੇ ਸ਼ਹਿਰ ਅੱਮ੍ਰਿਤਸਰ ਤੇ ਹੋਈ ਘਟਣਾਵਾਂ ਦੇ ਉਪਰ ਖ਼ਵਾਜਾ ਇਫ਼ਤਿਖ਼ਾਰ ਨੇ ਇੱਕ ਰਿਪੋਰਟ ਜਬ ਅੱਮ੍ਰਿਤਸਰ ਜਲ ਰਹਾ ਥਾ ਛਪਵਾਈ. ਇਹ ਅੱਮ੍ਰਿਤਸਰ ਦੇ ਉਪਰ ਇੱਕ ਮੁਸਲਿਮ ਨਜ਼ਰਿਏ ਨੂੰ ਪੇਸ਼ ਕਰਣ ਦੀ ਉੱਦਮੀ ਕੋਸ਼ਿਸ਼ ਸੀ. ਬੇਸ਼ੱਕ ਇਹ ਬੇਹਦ ਇਹਸਾਸ ਅਤੇ ਜਜ਼ਬੇ ਨਾਲ ਲਿਖੀ ਗਈ ਹੈ. ਮੈਨੂੰ ਅਜ ਤੱਕ ਕੋਈ ਅੱਮ੍ਰਿਤਸਰੀ ਮੁਸਲਮਾਨ ਨਹੀਂ ਮਿਲਿਆ ਜੋ ਆਪਣੇ ਪਿਆਰੇ ਸ਼ਹਿਰ ਤੋਂ ਬਿਛੜਨ ਦਾ ਮਾਤਮ ਨਾ ਕਰਦਾ ਹੋਏ ਹੋਰ ਇਫ਼ਤਿਖ਼ਾਰ ਇਸ ਜਜ਼ਬੇ ਨੂੰ ਬਹੁਤ ਖੂਬ ਪੇਸ਼ ਕਰਦੇ ਨੇ. ਇਸ ਨੂੰ ਉਸ ਵਕਤ ਲਿਖਿਆ ਗਿਆ ਜਦ ਜਨਰਲ ਮੋਹਮਦ ਜ਼ਿਆ-ਉਲ-ਹੱਕ ਦੀ ਹਕੂਮਤ ਸੀ ਅਤੇ ਇਸਲਾਮਿਜਮ ਦੀ ਇੱਕ ਸਰਕਾਰੀ ਇਡਿਔਲੋਜੀ (ਵਿੱਚਾਰਧਾਰਾ) ਦੇ ਤੌਰ ਤੇ ਹਿਮਾਇਤ ਕੀਤੀ ਜਾਂਦੀ ਸੀ. ਇਸ ਦੇ ਇਲਾਵਾ, ਉਣ ਦਿਨਾਂ ਤੇ ਅਫ਼ਗਾਨਿਸਤਾਨ ਤੇ ਮਜ਼ੂਬੀ ਜੋਸ ਨਾਲ ਜਹਾਦ ਦੀ ਮੁਹਿਮ ਛਿੜ ਚੁਕੀ ਸੀ, ਹਾਲਾਂਕਿ ਇਸ ਦੀ ਸਰਪਰਸਤੀ ਨਾ ਸਿਰਫ਼ ਸਉਦੀ ਅਰਬੀਆ ਮਗਰ ਯੁਨਾਇਟੇਡ ਇਸਟੇਟਸ ਨੇ ਵੀ ਕੀਤੀ. ਇਸ ਵਜ਼ਹ ਨਾਲ ਹੈਰਾਣ ਹੋਣ ਦੀ ਜ਼ਰੂਰਤ ਨਹੀਂ ਹੈ ਕਿ ਇਹ ਲੇਖ ਇਸ ਸੋਚ ਨਾਲ ਭਰਪੂਰ ਹੈ ਕਿ ਜ਼ੰਗ ਦੇ ਦੌਰਾਨ ਮੁਸਲਮਾਨ ਹਿੰਦੂਆਂ ਅਤੇ ਸਿੱਖਾਂ ਤੋਂ ਬਿਹਤਰ ਸਨ. ਕੁੱਝ ਘਟਨਾਵਾਂ ਦਾ ਵੇਰਵਾ ਅਤੇ ਜ਼ਬਾਨ ਦਾ ਇਸਤੇਮਾਲ, ਸਦਮਾ ਪਹੁੰਚਾ ਸਕਦਾ ਹੈ, ਮਗਰ ਇਸ ਕਿਤਾਬ ਦੀ ਤਾਕਤ ਇਹ ਹੈ ਕਿ ਸਾਰੇ ਪੰਜਾਬ ਤੋਂ ਲੱਭ ਕੇ ਲਾਉਂਦੇ ਗਵਾਹਾਂ ਨੇ ਇਸ ਅਫਸਾਨੇ ਨੂੰ ਤਿਆਰ ਕਰਨ ਤੇ ਮਦਦ ਕੀਤੀ.

ਮੈਨੂੰ ਦਿੱਤੇ ਗਿਏ ਇੱਕ ਲੰਬੇ ਇੰਟਰਵਿਊ ਦੇ ਦੌਰਾਨ, ਇਫ਼ਤਿਖ਼ਾਰ ਇੱਕ ਬਦਲੇ ਹੋਏ ਇਨਸਾਨ ਲਗੇ. ਮੇਰੇ ਨਾਲ ਚਰਚਾ ਸ਼ੁਰੂ ਕਰਦੇ ਹੋਏ ਉਨ੍ਹਾਂ ਨੇ ਇਹ ਕਿਆ ਕਿ ਅੱਮ੍ਰਿਤਸਰ ਦੇ ਲੋਕ ਹਮੇਸ਼ਾ ਮੁਹੱਬਤ ਅਤੇ ਸ਼ਫਕਤ ਤੇ ਯਕੀਨ ਕਰਦੇ ਸੀ. ਉਨ੍ਹਾਂ ਨੂੰ ਜਦ ਮੈਂ ਪੁੱਛਿਆ ਕਿ ਇਹ ਗਲ ਉਨ੍ਹਾਂ ਦੇ ਪੈਦਾਅਿਸ਼ੀ ਸ਼ਹਿਰ ਦੇ ਹਿੰਦੂਆਂ ਅਤੇ ਸਿੱਖਾਂ ਤੇ ਲਾਗੂ ਹੁੰਦੀ ਹੈ, ਤੇ ਉਨ੍ਹਾਂ ਨੇ ਬੜੇ ਮਜਬੂਤ ਦਾਅਵਾ ਕੀਤਾ ਕਿ ਫ਼ਸਾਦਾਂ ਤੋਂ ਪਹਿਲਾ, ਤਿੰਨੇ ਫ਼ਿਰਕੇ ਬੜੇ ਅਮਨ ਤੇ ਆਪਸੀ ਮੇਲ ਮਿਲਾਪ ਨਾਲ ਰਹਿੰਦੇ ਸੀ. ਇਹ ਸੱਚ ਹੈ ਇਸ ਕਿਤਾਬ ਨੂੰ ਇਸੇ

ਤਰ੍ਹਾਂ ਲਿਖਿਆ ਗਿਆ ਹੈ ਕਿ ਹਿੰਦੂ ਅਤੇ ਸਿੱਖ ਜ਼ਾਲਿਮ ਅਤੇ ਛਲ ਕਰਣ ਵਾਲੇ ਲਗਦੇ ਨੇ, ਅਤੇ ਉਨ੍ਹਾਂ ਦੇ ਉਪਰ ਹੋਏ ਹਮਲੇ ਸ਼ਾਇਦ ਜਾਇਜ਼ ਲਗਣ ਮਗਰ ਸਾਰੀ ਕਿਤਾਬ ਵਿੱਚ ਇਫ਼ਤਿਖ਼ਾਰ ਇਮਾਨਦਾਰੀ ਨਾਲ ਹਿੰਦੂਆਂ ਅਤੇ ਸਿੱਖਾਂ ਦਾ ਨਾਂਅ ਲੈ ਕੇ ਜ਼ਿਕਰ ਕਰਦੇ ਨੇ ਜਿਨ੍ਹਾਂ ਨੇ ਮੁਸਲਮਾਨਾਂ ਦੀ ਹਿਫ਼ਾਜਤ ਕੀਤੀ ਅਤੇ ਜ਼ਿੰਦਗਿਆਂ ਬਚਾਇੰਆ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਕਈ ਵਾਰ ਅੱਮ੍ਰਿਤਸਰ ਆਪਣੇ ਬੱਚੇਆਂ ਨੂੰ ਵੀ ਨਾਲ ਲੈ ਕੇ ਗਏ ਨੇ. ਉਨ੍ਹਾਂ ਦੇ ਪੁਰਾਣੇ ਹਿੰਦੂ ਮਿਤਰਾਂ ਅਤੇ ਉਨ੍ਹਾਂ ਦੇ ਬੱਚੇਆਂ ਨੇ ਬੜੀ ਇੱਜ਼ਤ ਨਾਲ ਨਵਾਜ਼ਿਆ ਜੋ ਇਸ ਗਲ ਨੂੰ ਸਾਬਤ ਕਰਦਾ ਹੈ ਕਿ ਅੱਮ੍ਰਿਤਸਰ ਦੇ ਲੋਕ ਮੁਹੱਬਤ ਅਤੇ ਸ਼ਫਕਤ ਦਾ ਦੂਜਾ ਰੂਪ ਨੇ.

ਮੁਹਮਦ ਅਯੂਬ ਖ਼ਾਨ ਨੇ ਪੰਜਾਬ ਦੀ ਤਕਸੀਮ ਦੇ ਦੌਰਾਨ ਜਲੰਧਰ ਤੇ ਹੋਏ ਇੱਕ ਵਾਕਿਏ ਦੇ ਬਾਰੇ ਲਿਖਿਆ ਹੈ. ਇਹ ਕਿਤਾਬ ਕਾਫ਼ੀ ਤਫ਼ਸੀਲੀ ਨਾਲ ਲਿਖੀ ਗਈ ਹੈ ਅਤੇ ਇਸ ਦੇ ਵਿੱਚ ਬੇਹੱਦ ਉਪਯੋਗੀ ਜਾਣਕਾਰੀ ਸ਼ਾਮਲ ਹੈ. ਇਹ ਇੱਕ ਤਰਫ਼ਾ ਲਿਖੀ ਹੋਈ ਹੈ. ਉਸ ਨੇ ਲਿਖਿਆ ਹੈ ਕਿ ਜਵਾਹਰਲਾਲ ਨਹਿਰੁ ਨੇ ਜਲੰਧਰ ਤੇ ਇੱਕ ਆਮ ਸਭਾ ਦੇ ਦੌਰਾਨ, ਹੁਕਮ ਦਿੱਤਾ ਕਿ ਪਰੇਸ਼ਾਨ ਮੁਸਲਿਮ ਕੌਮ ਦੇ ਉਪਰ ਹਮਲੇ ਨਾ ਹੋਣ. ਨਹਿਰੁ ਦੇ ਜਾਣ ਤੋਂ ਬਾਅਦ ਹੋਮ ਮਿਨਿਸਟਰ (ਗ੍ਰਹ ਮੰਤ੍ਰੀ) ਸਰਦਾਰ ਪਟੇਲ ਪੰਹੁਚੇ ਅਤੇ ਨਹਿਰੁ ਦੇ ਹੁਕਮ ਦੀ ਨਾਫ਼ਰਮਾਨੀ ਕਰ ਦਿੱਤੀ. 2003 ਵਿੱਚ ਹਕੀਮ ਮੁਹਮਦ ਤਾਰਿਕ ਮੇਹਮੁਦ ਅਬਕਰੀ ਮੁਜਾਦਿਦਤੀ ਚੁਘਤਾਈ ਨੇ ਪੂਰਵੀ ਪੰਜਾਬ ਦੇ ਮੁਸਲਮਾਨਾਂ ਦੀ ਆਪ ਬੀਤੀਆਂ ਦਾ ਹੋਰ ਇੱਕ ਮਜਮੁਆ ਪੇਸ਼ ਕੀਤਾ ਜਿਸ ਦਾ ਖ਼ਿਤਾਬ ਸੀ *1947 ਕੇ ਮੁਜ਼ਲੁਮੋਂ ਕੀ ਕਹਾਨੀ ਖੁੱਦ ਮੁਜ਼ਲੁਮੋਂ ਕੀ ਜ਼ੁਬਾਨੀ*.

ਪਾਕਿਸਤਾਨੀ ਮੁਤਲਿਮਾਂ (ਵਿਦਵਾਨਾਂ) ਨੇ ਤਕਸੀਮ ਦੇ ਉਪਰ ਮੁਤਾਲਿਆ ਕਰਣ ਤੇ ਦੇਰ ਲਗਾਈ ਹੈ. ਮੈਨੂੰ ਯਕੀਨ ਹੈ ਕਿ ਇੰਡੀਆ ਵਿੱਚ ਮੁਲਕ ਦੀ ਤਕਸੀਮ ਨੂੰ ਕੋਸਨਾ ਇਸ ਦੀ ਆਲਮੀ ਰੂਹ ਦਾ ਜ਼ਰੂਰੀ ਹਿੱਸਾ ਹੈ ਪਰ ਪਾਕਿਸਤਾਨ ਵਿੱਚ ਤਕਸੀਮ ਨੂੰ ਇੱਕ ਇਨਸਾਨੀ ਤ੍ਰਾਸਦੀ ਦੇ ਤੌਰ ਤੇ ਜ਼ਿਕਰ ਕਰਣਾ ਸ਼ੱਕ ਅਤੇ ਸ਼ੁਭੇ ਨਾਲ ਵੇਖਿਆ ਜਾਂਦਾ ਹੈ. ਅਤੇ ਜਿਸ ਦਾ ਹਿੰਦੂ ਅਤੇ ਸਿੱਖ ਅਫਸੋਸ ਕਰਦੇ ਨੇ, ਉਸੀ ਨੂੰ ਮੁਸਲਮਾਨ ਮੂਲਕ ਦੀ ਹਿੰਦੂਤਵ ਦੇ ਜ਼ੁਲਮ, ਅਤੇ ਮੁਸਲਿਮ ਅਵਾਮ ਦੀ ਹਿੰਦੂ ਅਤੇ ਸਿੱਖ ਸਾਹੂਕਾਰਾਂ ਦੀ ਤਿਜਾਰਤੀ ਸ਼ੋਸ਼ਣ ਤੋਂ ਆਜ਼ਾਦੀ ਦੇ ਤੌਰ ਤੇ ਵੇਖਦੇ ਨੇ. ਫਿਰ ਵੀ 1947 ਦੀ ਤ੍ਰਾਸਦੀ ਇੰਨੀ ਚੂੰਘੀ ਸੀ ਕਿ ਇਸ ਨੂੰ ਪਾਕਿਸਤਾਨੀ ਹੋਰ ਖ਼ਾਸ ਕਰ ਕੇ ਪੰਜਾਬੀ ਇਸ ਨੂੰ ਨਜਰਅੰਦਾਜ ਨਹੀਂ ਕਰ ਸਕਦੇ ਸੀ, ਅਤੇ ਉਹ ਵੀ ਹੁਣ, ਉਨ੍ਹ ਦਿਨਾਂ ਦੀ ਮੁਸਲਮਾਨਾਂ ਦੀ ਤਕਲੀਫ ਦੀ ਕਹਾਣੀਆਂ ਸਾਹਮਣੇ ਲਾ ਰਹੇ ਨੇ.

ਆਮ ਤੌਰ ਤੇ ਇੰਡੀਅਨ ਮੁਤਲਿਮ (ਵਿਦਵਾਨ) ਉਪਨਿਵੇਸ਼ ਵਿਰੋਧੀ ਕਾਂਗਰੇਸ ਦੀ ਕੌਮੀ ਵਿਚਾਰਧਾਰਾ ਦੇ ਤਹਿਤ ਇੰਡੀਆ ਅਤੇ ਪੰਜਾਬ ਦੀ ਤਕਸੀਮ ਵਿੱਚ ਬ੍ਰਿਟਿਸ਼ ਹੱਥ ਦੇ ਹੋਣ ਤੇ ਜੋਰ ਦੇਂਦੇ ਨੇ. ਪਾਕਿਸਤਾਨੀ ਮੁਤਲਿਮ (ਵਿਦਵਾਨ) ਵੀ ਇੱਕ ਮਿਸਾਲ ਦੇਂਦੇ ਹੋਏ, ਬ੍ਰਿਟਿਸ਼ ਸਾਜ਼ਸ਼ ਦੀ ਨਿੰਦਾ ਕਰਦੇ ਨੇ : ਰੈਡਕਲੀਫ ਅਵਾਰਡ ਦੇ ਪੰਜਾਬ ਦੇ ਕੁੱਝ ਮੁਸਲਿਮ ਮਜਾਰਿਟੀ ਵਾਲੇ ਇਲਾਕਿਆਂ ਨੂੰ ਇੰਡੀਆ ਤੇ ਸ਼ਾਮਲ ਕਰਣ ਦਾ ਫ਼ੈਸਲਾ, ਖ਼ਾਸ ਕਰ ਕੇ ਗੁਰਦਾਸਪੁਰ ਜ਼ਿਲ੍ਹਾ, ਤਾਂਕਿ ਇੰਡੀਆ ਨੂੰ ਕਸ਼ਮੀਰ ਨਾਲ ਜੋੜਨ ਵਾਲੀ ਇੱਕ ਸਿੱਧੀ ਸੜਕ ਬਣਾਉਣ ਤੇ ਆਸਾਨੀ ਹੋਵੇ.

ਪੰਜਾਬ ਸਮੇਤ ਤਕਸੀਮ ਦੀ ਇਸਟਡੀਸ (ਮੁਤਾਲਿਆ) ਜ਼ਿਆਦਾਤਰ, ਇਤਿਹਾਸਕਾਰਾਂ ਨੇ ਕੀਤੀ ਹੈ ਹਾਲਾਂਕਿ ਹਾਲ ਵਿੱਚ ਸੋਸ਼ਲ ਸਾਇੰਟਿਸਟ (ਸਮਾਜਿਕ ਵਿਗਿਆਨਿਕ) ਵੀ ਇਸ ਤੇ ਦਿਲਚਸਪੀ ਲੈਣ ਲਗੇ ਨੇ.

ਉਨ੍ਹਾਂ ਨੇ ਆਪਣੀ ਨਜ਼ਰ ਤਕਸੀਮ ਦੇ ਜ਼ਿੰਦਾ ਬਚੇ ਹੋਏ ਲੋਕਾਂ ਅਤੇ ਤਕਸੀਮ ਦੀ ਘਟਨਾਵਾਂ ਦੇ ਚਸ਼ਮਦੀਦਾਂ ਦੇ ਉਪਰ ਪਾਈ ਹੈ ਨਾ ਕਿ ਉਸ ਵਕਤ ਹੋਣ ਵਾਲੀ ਸਿਆਸੀ ਖੇਡ ਉਪਰ.

ਇਸ ਇਸਟਡੀ (ਮੁਤਾਲਿਆ) ਦਾ ਯੋਗਦਾਨ

ਇਹ ਪੰਜਾਬ ਦੀ ਤਕਸੀਮ ਦੀ ਪਹਿਲੀ ਮੁਕੱਮਲ, ਵਿਆਪਕ ਅਤੇ ਬਯੌਰੇਵਾਰ ਕੇਸ ਸਟਡੀ ਹੈ. ਅਹਿਮ ਘਟਨਾਵਾਂ ਦੀ, ਜਿਸ ਦੇ ਵਿੱਚ ਦੋਨੋ ਮੁਲਕਾਂ ਦੇ ਚਸ਼ਮਦੀਦ ਲੋਕਾਂ ਦਾ ਵੇਰਵਾ ਸੀ, ਮੈਂ ਦੁਹਰੀ ਪੜਤਾਲ ਕੀਤੀ ਹੈ. ਸਭ ਤੋਂ ਖਾਸ ਦਲੀਲ ਇਹ ਹੈ ਕਿ ਇੰਡੀਆ ਦੀ ਤਕਸੀਮ ਜ਼ਰੂਰੀ ਸੀ ਮਗਰ ਇਹ ਪੰਜਾਬ ਦੀ ਤਕਸੀਮ ਲਈ ਕਾਫ਼ੀ ਨਹੀਂ ਸੀ. ਇਸ ਸਟਡੀ ਨੂੰ ਅਗਰ ਇੰਡੀਆ ਦੀ ਤਕਸੀਮ ਦੇ ਲਿਹਾਜ ਨਾਲ ਵੇਖਿਆ ਜਾਵੇ ਤੇ, ਪੰਜਾਬ ਦੀ ਤਕਸੀਮ ਦੀ ਸਰਗਰਮੀਆਂ ਨੂੰ ਖ਼ਾਸ ਤੌਰ ਤੇ, ਇੱਕ ਤਰਫ਼ ਹਿੰਦੂ ਅਤੇ ਸਿੱਖ ਲੀਡਰਾਂ ਅਤੇ ਦੂਜੀ ਤਰਫ਼ ਮੁਸਲਮਾਨ ਲੀਡਰਾਂ ਦੇ ਦਰਮਿਆਨ ਕਸ਼ਮਕਸ਼ ਅਤੇ ਵਿਰੋਧਾਭਾਸਾਂ ਨਾਲ ਪਛਾਣਿਆ ਜਾ ਸਕਦਾ ਹੈ. ਇੱਕ ਥਿਉਰੇਟਿਕਲ (ਉਸੂਲੀ) ਢਾਂਚੇ ਨੂੰ ਪੇਸ਼ ਕੀਤਾ ਗਿਆ ਹੈ ਜਿਸ ਦੇ ਨਾਲ ਤਕਸੀਮ ਦੀ ਤਰਕੀਬ ਦਾ, ਇੱਕ ਦੂਸਰੇ ਨੂੰ ਸ਼ੱਕ ਕਰਨ ਵਾਲੇ ਅਤੇ ਅਸਰ ਡਾਲਣ ਦੀ ਕੋਸ਼ਿਸ਼ ਕਰਦੇ ਮਜ਼ਬੂਤੀ ਸਮੂਹ, ਖ਼ਾਸ ਕਰ ਕੇ ਉਨ੍ਹਾਂ ਦੇ ਆਗੂ; ਆਉਣ ਵਾਲੇ ਅਨਿਸ਼ਚਿਤ ਦਿਨ, ਕਮਜੋਰ ਹੁੰਦੀ ਬ੍ਰਿਟਿਸ਼ ਹਕੂਮਤ, ਹੋਰ ਇੰਡੀਆ ਅਤੇ ਪਾਕਿਸਤਾਨ ਨੂੰ ਹਕੂਮਤ ਮਿਲਣ ਤੋਂ ਬਾਅਦ ਉਨ੍ਹਾਂ ਦਾ ਇੱਕ ਤਰਫ਼ਾ ਰੁਖ, ਇਣ ਸਭ ਦੀ ਤਫ਼ਤੀਸ਼ ਕੀਤੀ ਜਾ ਸਕੇ.

ਇਹ ਕਿਤਾਬ ਉਨ੍ਹ ਇਲਜ਼ਾਮਾਂ ਦੀ ਹਕੀਕਤ ਉਪਰ ਵੀ ਰੌਸ਼ਨੀ ਪਾਉਂਦੀ ਹੈ ਕਿ ਮੁਸਲਮਾਨ ਅਤੇ ਸਿੱਖ ਦੋਨੋ ਦਾ ਅਣਚਾਹੇ ਸਮੂਹਾਂ ਨੂੰ ਆਪਣੇ ਇਲਾਕਿਆਂ ਤੋਂ ਖ਼ਤਮ ਕਰਣ ਦਾ ਇੱਕ ਵੱਡਾ ਮਨਸੂਬਾ ਸੀ- ਮੁਸਲਿਮ ਲੀਗ ਦਾ ਮੰਸੂਬਾ ਸੀ ਇਤਹਾਦੀ ਜਾਂ ਤਕਸੀਮ ਕੀਤੇ ਹੋਏ ਪੰਜਾਬ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਬਾਹਰ ਕੱਢਣਾ; ਸਿੱਖਾਂ ਦਾ ਮਨਸੂਬਾ ਸੀ ਪੂਰਬੀ ਪੰਜਾਬ ਤੋਂ ਮੁਸਲਮਾਨਾਂ ਨੂੰ ਬਾਹਰ ਕੱਢਣਾ. ਹਕੀਕਤ ਵਿੱਚ ਵੀ ਇਹ ਹੋਇਆ, ਜਦ ਪੰਜਾਬ ਦੀ ਤਕਸੀਮ ਹੋਈ. ਇਹ ਸਟਡੀ (ਮੁਤਾਲਿਆ) ਪੰਜਾਬ ਦੀ ਤਾਰੀਖ਼ ਦੇ ਇੱਕ ਗ਼ਮਗੀਨ ਅਧਿਆਇ ਦੇ "ਕਿਉਂ ਅਤੇ ਕਿਸ ਤਰ੍ਹਾਂ" ਨੂੰ ਦਰਸ਼ਾਉਣ ਦੀ ਕੋਸ਼ਿਸ਼ ਹੈ. ਦੂਜੇ, ਇਹ ਸਟਡੀ (ਮੁਤਾਲਿਆ) ਇਕੱਲੀ ਅਤੇ ਸਮੂਹੀ, ਦੋਨੋ ਪਛਾਣ ਬਾਰੇ ਇੱਕ ਢੁੱਘੇ ਸਵਾਲ ਉਪਰ ਰੌਸ਼ਨੀ ਪਾਉਂਦੀ ਹੈ. ਪੂਰਾਣਾ ਪੰਜਾਬ ਇੱਕ ਢੁੱਘੇ ਤੌਰ ਤੇ ਵੰਡਿਆ ਹੋਇਆ ਜਾਂ ਇੱਕ ਤੋਂ ਜ਼ਿਆਦਾ ਫ਼ਿਰਕੇ ਦਾ ਮਿਲਿਆ ਜੁਲਿਆ ਸਮਾਜ ਸੀ ? ਇਸ ਦਾ ਜਵਾਬ ਲੱਭਣ ਲਈ, ਤਕਸੀਮ ਦੇ ਬਾਅਦ ਪੂਰਬੀ ਅਤੇ ਪਛਮ ਪੰਜਾਬ ਦੀ ਕੌਮੀ ਪਛਾਣ ਦੀ ਸਿਆਸਤ ਦਾ ਮੁਆਇਨਾ ਕੀਤਾ ਗਿਆ ਹੈ. ਇਹ ਤਫ਼ਤੀਸ਼ ਇੱਕ ਬੁਨਿਆਦੀ ਸਵਾਲ ਉਪਰ ਰੌਸ਼ਨੀ ਡਾਲਦੀ ਹੈ ਕਿ ਤਕਸੀਮ ਦੀ ਤ੍ਰਾਸਦੀਆਂ ਨੂੰ ਜੇਨੋਸਾਇਡ (ਨਸਲਕੁਸ਼ੀ) ਜਾਂ ਏਥਨਿਕ ਕਲੀਨਸਿੰਗ (ਨਸਲੀ ਸਫਾਈ) ਕਿਹਾ ਜਾਵੇ.

ਸਭ ਕੁੱਝ ਦੇ ਬਾਵਜੂਦ ਦੋਵੇਂ ਪੰਜਾਬਾਂ ਤੇ ਰਿਸਰਚ (ਸ਼ੋਧ)

ਕਿਸੀ ਪਾਕਿਸਤਾਨੀ ਰਿਸਰਚਰ (ਖੋਜਕਾਰ) ਲਈ ਇੰਡੀਅਨ ਪੰਜਾਬ ਤੇ ਖੇਤਰ ਵਿੱਚ ਕੱਮ ਕਰਨਾ ਹੋਰ ਉਸੀ ਤਰ੍ਹਾਂ ਕਿਸੇ ਇੰਡੀਅਨ ਲਈ ਪਾਕਿਸਤਾਨੀ ਪੰਜਾਬ ਤੋਂ ਡਾਟਾ ਇਕੱਠਾ ਕਰਨਾ ਤਕਰੀਬਨ ਨਾਮੁਮਕਿਨ ਹੈ. ਸਵੀਡੀਨ ਨਿਵਾਸੀ ਹੋਣ ਕਰ ਕੇ ਤਕਨੀਕੀ ਤੌਰ ਤੇ ਮੈਨੂੰ ਉਸ ਤੰਗਦਿਲ ਬਯੁਰੋਕਰੇਸੀ ਦਾ ਸਾਹਮਣਾ ਨਹੀਂ ਕਰਨਾ ਪਿਆ ਜੋ ਇੰਡੀਆ ਅਤੇ ਪਾਕਿਸਤਾਨ ਦੇ ਲੋਕਾਂ ਨੂੰ ਕਰਨਾ ਪਇੰਦਾ ਹੈ. ਮੈਂ ਇੰਡੀਆ ਅਤੇ ਪਾਕਿਸਤਾਨ

ਦੋਨੋਂ ਮੁਲਕਾਂ ਤੇ ਜਾ ਲੋਕਾਂ ਨਾਲ ਗੁਫ਼ਤਗੂ ਕਰ ਸਕਿਆ ਅਤੇ ਦੋਵ ੇ ਪੰਜਾਬਾਂ ਦੇ ਖੇਤਰ ਵਿੱਚ ਕੱਮ ਦੀ ਬੁਨਿਆਦ ਉਪਰ, ਖੋਜਾਂ ਨੂੰ ਪੇਸ਼ ਕਰ ਸਕ ਰਿਹਾ ਹਾਂ.

ਪਾਕਿਸਤਾਨ ਤੇ 2003-2005 ਵਿੱਚ ਕੀਤੇ ਕਈ ਦੌਰਿਆਂ ਦੇ ਦੌਰਾਨ ਅਹਿਮਦ ਸਲੀਮ ਨੇ ਅਤੇ ਮਾਰਚ 2004 ਹੋਰ ਜਨਵਰੀ 2005 ਤੇ ਇੰਡੀਆ ਵਿੱਚ, ਮਹਿੰਦਰ ਸਿੰਘ ਨੇ ਮੇਰਾ ਸਾਥ ਦਿੱਤਾ. ਪੂਰਬੀ ਪੰਜਾਬ ਤੇ ਨਵੰਬਰ 2005 ਵਿੱਚ ਕੀਤੇ ਦੌਰੇ ਦੇ ਦੌਰਾਨ ਹਿਤੇਸ਼ ਗੋਸਾਈਂ ਅਤੇ ਵੀਰੇਂਦਰ ਸਿੰਘ ਨੇ ਮੇਰਾ ਸਾਥ ਦਿੱਤਾ.

ਪ੍ਰਾਇਮਰੀ ਸੋਰਸ ਮਟੀਰਿਅਲ (ਬੁਨਿਆਦੀ ਸਰੋਤ ਸਮਗਰੀ)

ਬ੍ਰਿਟਿਸ਼ ਲੋਕਾਂ ਨੂੰ ਪੰਜਾਬ ਦੇ ਹਾਲਾਤ ਉਪਰ ਉਨ੍ਹਾਂ ਦੇ ਚਸ਼ਮਦੀਦ ਪਰਸ਼ਾਸਕਾਂ ਅਤੇ ਅਧਿਕਾਰੀਆਂ ਤੋਂ ਬਹੁਤ ਜ਼ਿਆਦਾ ਜਾਣਕਾਰੀ ਮਿਲੀ ਹੋਈ ਹੈ. ਇਣ ਸਰਕਾਰੀ ਸਰੋਤਾਂ ਦਾ ਭਰਪੂਰ ਇਸਤੇਮਾਲ ਕੀਤਾ ਗਿਆ ਹੈ.

1. ਪੰਜਾਬ ਦੇ ਗਵਰਨਰਾਂ ਅਤੇ ਚੀਫ਼ ਸੇਕਰੇਟਰੀਆਂ ਦੀਆਂ ਵਾਇਸਰਾਏ ਨੂੰ ਲਿਖਿਆਂ ਖੁਫ਼ੀਆ ਫੋਰਟਨਾਇਟਲੀ ਰਿਪੋਰਟਸ (ਐਫ.ਆਰ.) ਦਾ ਪੂਰਾ ਬਿਉਰਾ ਮੌਜੂਦ ਹੈ. ਇਨ੍ਹਾਂ ਦੀ ਬੁਨਿਆਦ, ਖੁਫ਼ੀਆ ਸੰਸਥਾਵਾਂ ਦੀ ਇਕੱਠਾ ਕੀਤੀਆਂ ਜਾਣਕਾਰੀ ਨੇ, ਅਤੇ ਇਨ੍ਹਾਂ ਦੀ ਸ਼ੁਰੂਆਤ ਅਪ੍ਰੈਲ 1936 ਤੇ ਹੁੰਦੀ ਹੈ ਅਤੇ ਆਖਰੀ ਰਿਪੋਰਟ 13 ਅਗਸਤ 1947 ਨੂੰ ਲਿਖੀ ਗਈ ਹੈ. ਇਹ ਕਿਸੇ ਵੀ ਬ੍ਰਿਟਿਸ਼ ਅਫ਼ਸਰ ਵਾਸਤੇ ਆਪਣੀ ਹੈਸਿਅਤ ਦਿਖਾਉਣ ਦਾ ਅਖੀਰੀ ਤੋਂ ਪਹਿਲਾ ਦਿਨ ਸੀ. ਗਵਰਨਰ ਹਮੇਸ਼ਾ ਬ੍ਰਿਟਿਸ਼ ਹੁੰਦੇ ਸੀ ਹੋਰ ਬ੍ਰਿਟਿਸ਼ ਹਕੂਮਤ ਦੇ ਆਖ਼ਰ ਤੇ ਚੀਫ ਸੇਕਰੇਟਿਰੀ ਇੰਡੀਅਨ ਹੁੰਦੇ ਸੀ. ਮੈਂ ਗਵਰਨਰਾਂ ਦੀ ਖੁਫ਼ੀਆ (ਐਫ.ਆਰ.) ਅਤੇ ਸਪੈਸ਼ਲ (ਖ਼ਾਸ) ਰਿਪੋਰਟਾਂ ਦੇ ਉਪਰ ਬਹੁਤ ਜ਼ਿਆਦਾ ਭਰੋਸਾ ਕੀਤਾ ਹੈ ਕਿਉਂਕਿ ਸਿਆਸੀ ਹਾਲਾਤ ਹੋਰ ਫ਼ਸਾਦਾਂ ਦੀ ਜਾਣਕਾਰੀ ਦੇਣ ਦੇ ਇਲਾਵਾ, ਇਹ ਸਭ ਤੋਂ ਉੱਚੇ ਅਹੁਦੇ ਦੇ ਬ੍ਰਿਟਿਸ਼ ਅਫਸਰ ਦੀ ਸੋਚ ਨੂੰ ਸਮਝਣ ਦੀ ਸਰੋਤ ਨੇ. ਪੂਰਾ ਭੇਤ ਰਖਿਆਂ ਜਾਂਦਾ ਸੀ ਅਤੇ ਇੰਡੀਅਨ ਸਿਆਸਤਦਾਨਾਂ ਤੋਂ ਉਹ ਗੁਪਤ ਨਹੀਂ ਸੀ. ਖੂਸ਼ਕਿਸਮਤੀ ਨਾਲ ਗਵਰਨਰਾਂ ਦੀ ਸਾਰੀ ਖੁਫ਼ੀਆ (ਐਫ.ਆਰ.) ਨੂੰ ਬ੍ਰਿਟਿਸ਼ ਲਾਇਬ੍ਰੇਰੀ ਦੇ ਲਿਐਨੇਲ ਕਾਰਟਰ ਨੇ ਪਬਲਿਸ਼ (ਪ੍ਰਕਾਸ਼ਤ) ਕਰ ਦਿੱਤਾ ਹੈ. ਬਹੁਤ ਅਕਲਮੰਦੀ ਨਾਲ ਉਸ ਨੇ ਸਪੈਸ਼ਲ (ਖ਼ਾਸ) ਰਿਪੋਰਟਸ ਹੋਰ ਟੈਲੀਗ੍ਰਾਮਾਂ ਨੂੰ ਵੀ ਸ਼ਾਮਲ ਕੀਤਾ ਹੈ. ਗਵਰਨਰਾਂ ਦੀ ਖੁਫ਼ੀਆ (ਐਫ.ਆਰ.) ਦੇ ਉਪਰ, ਉਸ ਦੀ ਕਿਤਾਬਾਂ ਦੀ ਲੜੀ ਜੋ ਕਿ ਜਾਣਕਾਰੀ ਦੀ ਇੱਕ ਖਾਨ ਹੈ, ਉਸ ਨੂੰ ਕੋਈ ਵੀ ਹਾਸਲ ਕਰ ਸਕਦਾ ਹੈ. ਚੀਫ ਸੇਕਰੇਟਿਰਈਆਂ ਦੀ ਰਿਪੋਰਟਾਂ (ਐਫ.ਆਰ.), ਖਾਸ ਕਰ ਕੇ ਘਟਨਾਵਾਂ ਦਾ ਰਿਕਾਰਡ (ਦਸਤਾਵੇਜ) ਨੇ ਹੋਰ ਕਈ ਵਾਰ ਉਹ ਜਾਣਕਾਰੀ ਗਵਰਨਰਾਂ ਦੀ ਐਫ.ਆਰ. ਤੋਂ ਵੀ ਮਿਲਦੀ ਹੈ. ਇਹ ਮਾਇੱਕਰੋਫਿਲਮ ਤੇ ਉਪਲੱਬਧ ਨੇ. ਮੈਂ ਇਸ ਦਾ ਇਸਤੇਮਾਲ ਬਹੁਤ ਘੱਟ ਕੀਤਾ ਹੈ. 15 ਅਗਸਤ ਨੂੰ ਇੰਡੀਅਨ ਅਤੇ ਪਾਕਿਸਤਨੇ ਹਕੂਮਤਾਂ ਨੇ ਬਾਗਡੋਰ ਸੰਭਾਲੀ ਹੋਰ ਉਸ ਵਕਤ ਤੋਂ ਕੋਈ ਇਸੇ ਤਰ੍ਹਾਂ ਦੀ ਰਿਪੋਰਟ ਬਨਣ ਦੀ ਜਾਣਕਾਰੀ ਨਹੀਂ ਹੈ ਜਾਂ ਉਨ੍ਹਾਂ ਨੂੰ ਖੁਫ਼ੀਆ ਰੱਖਿਆ ਗਿਆ ਹੈ. ਚੀਫ ਸੇਕਰੇਟਿਰਈਆਂ ਦੀਆਂ ਐਫ.ਆਰ. ਹੁਣ ਤਕ, ਸਿਰਫ਼ ਮਾਇੱਕਰੋਫਿਲਮ ਤੇ ਉਪਲੱਬਧ ਨੇ.

2. ਬ੍ਰਿਟਿਸ਼ ਲੋਕਾਂ ਨੇ 1970-1983 ਦੇ ਦੌਰਾਨ ਦੀ ਟਰਾਨਸਫਰ ਆਫ ਪਾਵਰ 1942-7 ਦੇ 12 ਵੱਾਲਯੁਮ (ਖੰਡ) ਛਾਪੇ. ਊਹ ਖੰਡ ਘਟਨਾਵਾਂ ਦੇ ਸਰਕਾਰੀ ਦਸਤਾਵੇਜ ਅਤੇ ਇੰਡੀਆ ਅਤੇ ਪਾਕਿਸਤਨ ਨੂੰ ਰਾਜ ਮਿਲਣ ਤੋਂ ਪਹਿਲਾਂ ਦੀ ਗੱਲਬਾਤ ਦੀ ਇੱਕ ਬਹੁਤ ਤਫ਼ਸੀਲੀ ਜਾਣਕਾਰੀ ਦੇਂਦੇ ਨੇ. ਪੰਜਾਬ ਦੇ ਦਸਤਾਵੇਜ, ਇਣ 12 ਖੰਡਾ ਦਾ ਇੱਕ ਵੱਡਾ ਹਿੱਸਾ ਨੇ. ਪੰਜਾਬ ਦੇ ਗਵਰਨਰਾਂ ਦੀ ਜਿਆਦਾਤਰ ਐਫ ਆਰ, ਟੈਲੀਗ੍ਰਾਮਾਂ ਅਤੇ ਇਸਪੈਸਲ ਰਿਪੋਰਟਸ ਵੀ 12 ਖੰਡਾ ਤੇ ਸ਼ਾਮਲ ਨੇ. ਲਿਖੋਨੇਲ ਕਾਰਟਰ ਦੀ ਇਕੱਠਾ ਕੀਤੀਆਂ ਗਵਰਨਰਾਂ ਦੀ ਐਫ.ਆਰ. ਵਿੱਚ ਵਾਇਸਰਾਏ ਜਾਂ ਦੂਜੇ ਬ੍ਰਿਟਿਸ਼ ਅਫਸਰਾਂ ਦੇ ਜਵਾਬ ਜਾਂ ਰਾਏ ਨਹੀਂ ਹੈ. ਇਹ ਸਮਗਰੀ ਟਰਾਨਸਫਰ ਆਫ ਪਾਵਰ 1942-7 ਦੇ ਵੋਲੂਯਮਾਂ (ਖੰਡਾਂ) ਤੋਂ ਲੀਤੀ ਗਈ ਹੈ. ਜ਼ਰੂਰੀ ਤੌਰ ਤੇ ਇਹ ਇੱਕ ਮਸਲਾ ਹੈ ਕਿ ਜਦ ਅਣਵੰਡੇ ਇੰਡੀਆ ਦੇ ਉਪਰ ਬ੍ਰਿਟਿਸ਼ ਹਕੂਮਤ ਦਾ ਖ਼ਾਤਮਾ ਹੁੰਦਾ ਹੈ, ਉਸ ਦੇ ਬਾਅਦ ਦੋਨੋ ਪੰਜਾਬਾਂ ਤੇ ਕੀ ਹੋਇਆ ਇਸ ਦਾ ਕੋਈ ਐਫੀਸਿਅਲ (ਅਧਿਕਾਰਿਕ) ਦਸਤਾਵੇਜ ਮੌਜੂਦ ਨਹੀਂ ਹੈ. ਦੋਵੇਂ ਮੁਲਕਾਂ ਦੇ ਸਾਥਿਆਂ ਨਾਲ ਸਲਾਹ ਕਰ ਕੇ ਮੈਂ ਇਸ ਦੀ ਪੜਤਾਲ ਕੀਤੀ. ਸਭ ਤੋਂ ਜ਼ਿਆਦਾ ਕਤਲੇਆਮ 14-15 ਅਗਸਤ ਦੇ ਬਾਅਦ ਹੋਇਆ, ਹੋਰ ਇਹ ਪੱਖਪਾਤੀ ਪੁਲਿਸ ਅਤੇ ਦੂਜੇ ਸਰਕਾਰੀ ਮਹਕਮੇ ਦੇ ਅਧਿਕਾਰੀ, ਸਿਆਸਤੀ ਪਾਰਟੀਆਂ ਦੇ ਸਰਗਰਮ ਮੈਮਬਰ, ਮਜ਼ੂਬੀ ਸਿਰਫਿਰੇ ਅਤੇ ਗੁਨਹਗਾਰ ਗਰੋਹ ਦੀ ਤਾਲ-ਮੇਲ ਨਾਲ ਕੀਤੀਆਂ ਸਰਗਰਮਿਆਂ ਦਾ ਨਤੀਜਾ ਸੀ. ਇਸ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਦੋਨੋ ਮੁਲਕ, ਹੋਰ ਖ਼ਾਸ ਕਰ ਕੇ ਦੋਨੋ ਪੰਜਾਬ ਦੀ ਹਕੂਮਤਾਂ ਆਪਣੇ ਅਫ਼ਸਰਾਂ ਦੇ ਖਿਲਾਫ ਕਿਸੇ, ਤਸ਼ੱਦਦ(ਹਿੰਸਾ) ਤੇ ਸ਼ਾਮਲ ਹੋਣ ਬਾਰੇ, ਨਹੀਂ ਦੱਸਣਾ ਚਾਹੁੰਦਿਆਂ ਨੇ.

3. ਪੰਜਾਬ ਦੀ ਤਕਸੀਮ ਤੋਂ ਪਹਿਲਾਂ ਇਸ ਦੀ ਰਾਜਧਾਨੀ ਲਾਹੌਰ (ਹੁਣ ਪਾਕਿਸਤਾਨੀ ਪੰਜਾਬ ਦੀ ਰਾਜਧਾਨੀ) ਤੋਂ ਰੋਜਾਨਾ ਕਈ ਅਖਬਾਰ ਪਬਲਿਸ਼ (ਪ੍ਰਕਾਸ਼ਤ) ਹੁੰਦੇ ਸੀ. 1947 ਦੇ ਵਕਤ ਲਾਹੌਰ ਦੇ ਚਾਰੇ ਪਾਸੇ ਅੱਗ ਲਗੀ ਹੋਈ ਸੀ ਅਤੇ ਕਈ ਦਸਤਾਵੇਜ ਗੁਆਚ ਗਏ. ਮੈਂ ਮੁੱਖ ਤੌਰ ਤੇ ਕਾਂਗਰੇਸ ਦੇ ਹਿਮਾਇਤੀ ਅਖਬਾਰ ਦੀ ਟ੍ਰਿਬਣੁਨ ਅਤੇ ਮੁਸਲਿਮ ਲੀਗ ਦਾ ਹਿਮਾਅਤੀ ਦੀ ਪਾਕਿਸਤਾਨ ਟਾਇਮਸ ਤੇ ਭਰੋਸਾ ਕੀਤਾ ਹੈ. ਉਨ੍ਹਾਂ ਦੀ ਫਾਇਲਾਂ ਮੌਜੂਦ ਨੇ ਹਾਲਾਂਕਿ ਉਹ ਹਮੇਸ਼ਾ ਮੁੱਕਮਲ਼ ਰੂਪ ਤੇ ਨਹੀਂ ਸੀ. ਪਰ ਸਾਨੂ ਇਹ ਗਲ ਯਾਦ ਰੱਖਣੀ ਹੈ ਕਿ ਪ੍ਰੈਸ ਪੰਜਾਬ ਪ੍ਰਸ਼ਾਸਨ ਦੀ ਇੱਕ ਬੇਹਦ ਸਖ਼ਤ ਪਾਬੰਦੀ ਦੇ ਤਹਿਤ ਖਬਰਾਂ ਛਾਪ ਸਕਦੀ ਸੀ. ਇੱਕ ਮਾਇਨੇ ਵਿੱਚ ਸਭ ਤੋਂ ਨਾਜ਼ੁਕ ਵਕਤ ਦੇ ਦੌਰਾਨ ਜਦ ਫ਼ਸਾਦ ਉਚਾਈ ਤੇ ਸੀ, ਪ੍ਰੈੇਸ ਤੇ ਇੱਕ ਤਰ੍ਹਾਂ ਦਾ ਤਾਲਾ ਲਗੀਆ ਹੋਇਆ ਸੀ. ਮੈਨੂੰ ਦੂਜੀ ਕਈ ਸਰੋਤਾਂ ਤੋਂ ਫਾਇਦਾ ਹੋਇਆ ਹੈ ਜੋ ਮੁਕਮੱਲ ਤੌਰ ਤੇ ਇੰਡੀਆ ਦੀ ਤਕਸੀਮ ਹੋਰ ਖਾਸ ਕਰ ਕੇ ਪੰਜਬ ਦੇ ਹਾਲਾਤ ਉਪਰ ਰੌਸ਼ਨੀ ਪਾਉਣਦੀਆਂ ਨੇ.

ਜ਼ਬਾਨੀ ਹਿਸਟਰੀ (ਇਤਿਹਾਸ)

ਜ਼ਬਾਨੀ ਇਤਿਹਾਸ ਜਾਂ ਨਿੱਜੀ ਕਿੱਸਾ ਬਗੈਰ ਕਿਸੇ ਵਕਤ ਦੀ ਬੰਦਿਸ਼ ਦੇ, ਅਤੇ ਖੁਲ੍ਹੇ ਤਰੀਕੇ ਨਾਲ ਉਣ ਇਨਸਾਨਾਂ ਦੇ ਇੰਟਰਵਿਊ ਤੋਂ ਹਾਸਲ ਕੀਤੇ ਗਏ, ਜੋ ਸਿੱਧੀ ਤੌਰ ਤੇ ਖੁਦ ਭਿਅੰਕਰ ਘਟਣਾਵਾਂ ਦੇ ਚਸ਼ਮਦੀਦ ਗਵਾਹ ਸਨ. ਰਿਸਰਚ (ਸ਼ੋਧ) ਦੀ ਇਹ ਤਕਨੀਕ, ਹਾਲ ਵਿੱਚ ਤਕਸੀਮ ਦੇ ਉਪਰ ਕੀਤੇ ਕੱਮ ਉਪਰ, ਕਾਫ਼ੀ ਕਾਰਗਰ ਸਾਬਤ ਹੋਈ ਹੈ. ਮੌਜੂਦਾ ਸਟਡੀ ਵੀ ਇਸ ਦਾ ਕਾਫ਼ੀ ਇਸਤੇਮਾਲ ਕਰਦੀ ਹੈ. ਮੇਰੇ ਖ਼ਿਆਲ ਵਿੱਚ ਇਸ ਤਕਨੀਕ ਦੀ ਗੈਰਮਾਮੁਲੀ ਨੇਕੀ ਇਹ ਹੈ ਕਿ ਇਹ ਇੱਕ ਇਨਸਾਨ ਦੀ ਨਿੱਜੀ, ਸ਼ਾਇਦ ਜਜ਼ਬਾਤੀ,

ਜ਼ਿੰਦਗੀ ਦੀ ਕਹਾਣੀ ਦੀ ਅੰਦਰੂਨੀ ਝਲਕ ਪੇਸ਼ ਕਰਦੀ ਹੈ. ਉਸ ਇਨਸਾਨ ਨੂੰ, ਜਾਣਕਾਰੀ ਦੇ ਮਹਿਜ਼ ਇੱਕ ਸਰੋਤ ਦੀ ਤਰ੍ਹਾਂ ਨਹੀਂ ਵਰਤਾਇਆ ਗਿਆ ਹੈ, ਮਗਰ ਉਹ ਆਪਣੀ ਦੱਸੀ ਹੋਈ ਕਹਾਣੀ ਦਾ ਇੱਕ ਅਹਿਮ ਅਤੇ ਹਕੀਕੀ ਹਿੱਸਾ ਹੈ. ਇਸੇ ਤਰ੍ਹਾਂ ਦੀ ਹਰ ਇੱਕ ਕਹਾਣੀ, ਇੱਕ ਜ਼ਿੰਦਾ ਇਤਿਹਾਸ ਹੈ ਜਿਸ ਨੂੰ ਉਸ ਦੀ ਕਾਬਲੀਅਤ ਦੇ ਹਿਸਾਬ ਨਾਲ ਪੜ੍ਹਨਾ ਪਏਗਾ.

ਮਸਲਾ ਸੀ ਇੰਟਰਵਿਊ ਦੇਣ ਵਾਲੇ ਇੰਸਾਨਾਂ ਦੀ ਚੁਣ ਕਰਨਾ ਕਿਉਂਕਿ ਹਰ ਸਟ੍ਰੇਟੇਜੀ (ਰਣਨੀਤੀ) ਦੀ ਆਪਣੀ ਤਾਕਤਾਂ ਅਤੇ ਕਮਜ਼ੋਰੀਆਂ ਨੇ. ਇਹ ਫੈਸਲਾ ਕਰਨ ਤੇ ਕੋਈ ਮੁਸ਼ਕਲ ਨਹੀਂ ਆਈ ਕਿ ਮੁਖ਼ਤਲਿਫ਼ ਪੰਜਾਬੀ ਫ਼ਿਰਕੇਆਂ ਦੇ ਕੁੱਝ ਨੁਮਾਇੰਦੇਆਂ ਲਈ ਕਵੇਸਚਨਿਅਰ (ਪ੍ਰਸ਼ਨਾਵਲੀ) ਜ਼ਿਆਦਾ ਫਾਇਦੇਮੰਦ ਨਹੀਂ ਹੋਵੇਗਾ. ਲੋਕਾਂ ਨੂੰ ਤ੍ਰਾਸਦੀ ਅਤੇ ਸਦਮੇ ਵਾਲੇ ਤਜਰਬੇ ਉਪਰ ਗੱਲਬਾਤ ਕਰਣਾ ਬਹੁਤ ਮੁਸ਼ਕਲ ਲਗ ਸਕਦਾ ਸੀ ਹੋਰ ਉਹ ਹਾਂ/ਨਹੀਂ, ਨਿਰਧਾਰਿਤ ਵਿਕਲਪਾਂ ਜਾਂ ਤਜੁਰਬੇ ਦੀ ਸ਼ਿਦੱਤ ਨੂੰ ਬਰਕਰਾਰ ਰੱਖਣ ਵਾਲੇ ਸਵਾਲਾਂ ਦਾ ਜਵਾਬ ਨਹੀਂ ਵੀ ਦੇ ਸਕਦੇ ਨੇ. ਇਸ ਦੇ ਇਲਾਵਾ ਬਿਲਕੁਲ ਅਜਨਬੀ ਲੋਕਾਂ ਤੋਂ ਇਹ ਆਸ ਨਹੀਂ ਲਗਾਈ ਚਾਹੀਦੀ ਹੈ ਕਿ ਉਹ ਪ੍ਰਸ਼ਨਾਵਲੀ ਦੇ ਸਵਾਲਾਂ ਦਾ ਲੰਬਾ ਜਵਾਬ ਲਿਖਣਗੇ.

ਅੰਦਰੁਨੀ ਜਵਾਬ ਹਾਸਲ ਕਰਣ ਲਈ ਜ਼ਬਾਨੀ ਤੌਰ ਤੇ ਘਟਣਾਵਾਂ ਨੂੰ ਇੱਕਠਾ ਕਰਨਾ ਲ਼ਾਜਮੀ ਸੀ. ਪੁੱਛੇ ਗਿਐ ਅਹਿਮ ਸਵਾਲ ਇਹ ਸਨ:

1. ਤੁਸੀ ਕਿੱਥੇ ਅਤੇ ਕਦ ਪੈਦਾ ਹੋਏ?
2. ਤੁਆਡਾ ਇਲਾਕਾ ਜਾਂ ਪਿੰਡ ਮਜ਼ੂਬੀ ਤੌਰ ਤੇ ਮਿਲਿਆ ਜੁਲਿਆ ਸੀ ਜਾਂ ਨਹੀਂ?
3. ਦੂਜੇ ਮਜ਼ੂਬ ਦੇ ਲੋਕਾਂ ਨਾਲ ਤੁਆਡਾ ਰਿਸ਼ਤਾ ਕੈਦਾਂ ਦਾ ਸੀ?
4. ਮੁਸਲਿਮ ਅਤੇ ਹਿੰਦੂ-ਸਿੱਖ ਫ਼ਿਰਕੇ ਕਦੋਂ ਇੱਕ ਦੂਜੇ ਤੋਂ ਦੂਰ ਹੋਣ ਲਗੇ?
5. ਸਾਨੂ ਦੱਸੋ ਕਿ 1947 ਤੇ ਕੀ ਹੋਇਆ.
6. ਤੁਹਾਨੂ ਪਤਾ ਸੀ ਕਿ ਇੱਕ ਦਿਨ ਘਰ ਚਉਂਕਾ ਛੱਡ ਕੇ ਜਾਣਾ ਪਵੇਗਾ?
7. ਹੱਮਲੇ ਦਾ ਪੈਟਰਨ (ਮੁਜਸਮਾ) ਕੀ ਸੀ? ਹਮਲਾਵਰ ਗੁਆਂਢੀ ਸਨ ਕਿ ਬਾਹਰੋਂ ਆਇਐ ਲੋਕ?
8. ਤੁਸੀ ਕਿ ਸਿਆਸੀ ਪਾਰਟਿਆਂ ਜਾਂ ਪੁਲਿਸ ਦੇ ਲੋਕਾਂ ਅਤੇ ਦੂਜੇ ਅਧਿਕਾਰਿਆਂ ਦੇ ਨਾਂਅ ਦੱਸ ਸਕਦੇ ਹੋ ਜਿਨ੍ਹਾਂ ਨੇ ਮਜ਼ੂਬੀ ਫ਼ਸਾਦ ਨੂੰ ਭੜਕਾਉਣ ਦਾ ਕੱਮ ਕੀਤਾ?
9. ਤੁਸੀ ਕਿ ਉਣ ਲੋਕਾਂ ਦਾ ਨਾਂਅ ਦੱਸ ਸਕਦੇ ਹੋ ਜਿਨ੍ਹਾਂ ਨੇ ਦੂਜੇ ਮਜ਼ੂਬਾਂ ਦੇ ਲੋਕਾਂ ਨੂੰ ਬਚਾਉਣ ਦਾ ਅਹਿਮ ਕੱਮ ਕੀਤਾ?
10. ਤੁਸੀ ਕਿਸ ਤਰ੍ਹਾਂ ਪੰਜਾਬ ਦੀ ਤਕਸੀਮ ਦੀ ਵਜ੍ਹਾਂ ਦੀ ਵਿਆਖਿਆ ਕਰੋਗੇ?

ਇੰਟਰਵਿਊ ਦੇਣ ਵਾਲਿਆਂ ਨੂੰ ਮੈਂ ਉਨ੍ਹਾਂ ਦੇ ਫੁਰਸਤ ਤੇ ਵਕਤ, ਦਾਸਤਾਨ ਬਿਆਨ ਕਰਣ ਨੂੰ ਕਹਿੰਦਾ ਸੀ. ਔਸਤਨ ਇੰਟਰਵਿਊ ਇੱਕ ਘੰਟੇ ਤੱਕ ਚਲਦਾ ਸੀ. ਇਸ ਦੌਰਾਨ ਘੱਟ ਤੋਂ ਘੱਟ ਸਵਾਲ ਪੁਛੇ ਜਾਂਦੇ ਸੀ. ਕਿਸੇ ਵੀ ਵਾਕਿਐ ਦੀ ਹਿੰਦੂ, ਸਿੱਖ ਅਤੇ ਮੁਸਲਿਮ ਕਹਾਣੀ ਦੀ ਜਾਂਚ ਹੋਰ ਉਸ ਘਟਨਾ ਦੇ ਦੂਜੇ ਸਰੋਤਾਂ, ਜੈਦਾਂ ਕਿ ਅਖਬਾਰੀ ਜ਼ਿਕਰ ਨਾਲ ਰਲਾਣ ਤੋਂ ਬਾਅਦ ਇੱਕ ਸ਼ੱਚੀ ਤਸਵੀਰ ਉਭਰ ਕੇ ਆਉਂਦੀ ਹੈ. ਇਹ ਕਰਣਾ ਹਮੇਸ਼ਾ ਮੁਮਕਿਨ ਨਹੀਂ ਹੁੰਦਾ ਸੀ ਅਤੇ ਜ਼ਿਆਦਾਤਰ ਘਟਨਾਵਾਂ ਦੇ ਵਾਸਤੇ ਮੈਂ ਉਸ ਬੰਦੇ ਦੀ ਗਵਾਹੀ ਦੇ ਉਪਰ ਭਰੋਸ਼ਾ ਕਰ ਲੈਂਦਾ ਸੀ, ਅਗਰ ਮੈਨੂੰ ਲਗਦਾ ਸੀ ਕਿ ਉਸ ਦਾ ਉਸ ਅਹਿਮ ਘਟਨਾ ਬਾਰੇ ਬਿਆਨ, ਰੌਸ਼ਨੀ

ਪਾਉਣ ਵਾਸਤੇ ਜ਼ਰੂਰੀ ਸੀ. ਮੈਂ ਉਨ੍ਹ ਘਟਨਾਵਾਂ ਦੀ ਚੁਣ ਦੇ ਬਾਰੇ ਕਾਫ਼ੀ ਸਾਵਧਾਨ ਰਿਹਾ ਅਤੇ ਸਿਰਫ਼ ਉਨ੍ਹ ਮਿਸਾਲਾਂ ਨੂੰ ਪੇਸ਼ ਕੀਤਾ ਹੈ, ਜਿਸ ਤੋਂ ਮੈਨੂੰ ਲਗਿਆ ਕਿ ਉਹ ਗੂਜ਼ਰੇ ਦਿਨਾਂ ਨੂੰ ਯਾਦ ਕਰਣ ਦੀ ਇਮਾਨਦਾਰ ਕੋਸ਼ੀਸ਼ ਹਨ. ਲੋਕਾਂ ਦੀ ਬੌਡੀ ਲੈਂਗਵੇਜ਼ (ਇਸ਼ਾਰਾ ਅਤੇ ਹਾਵ-ਭਾਵ) ਅਤੇ ਬੋਲੇ ਅਲਫ਼ਾਜ਼ਾਂ ਦੇ ਜਾਇਜ਼ੇ ਦੀ ਤੇਹਰੀਰ ਨਹੀਂ ਕੀਤੀ ਜਾ ਸਕਦੀ. ਇੰਟਰਵਿਊਆਂ ਦੀ ਵੀਡੀਉ ਕੈਮਰੇ ਨਾਲ ਰਿਕਾਰਡਿੰਗ ਹੋਣੀ ਚਾਹੀਦੀ ਸੀ ਮਗਰ ਇਹ ਮੁਮਕਿਨ ਨਹੀਂ ਸੀ. ਇੰਟਰਵਿਊਆਂ ਦੀ ਆਡੀਉ ਕੈਸਟਾਂ ਦੇ ਉਪਰ ਰਿਕਾਰਡਿੰਗ ਕੀਤੀ ਗਈ. ਮਕਸਦ ਇਹ ਸੀ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਚੁਣਿਆ ਜਾਵੇ. ਇੰਟਰਵਿਊ ਦੇਣ ਵਾਲਿਆਂ ਵਿੱਚ ਕੁੱਝ ਐਦਾਂ ਦੇ ਵੀ ਲੋਕ ਸ਼ਾਮਲ ਨੇ ਜਿਨ੍ਹਾਂ ਨੇ, ਦੂਜੇ ਇਨਸਾਨਾਂ ਦੇ ਉਪਰ ਤਸ਼ੱਦਦੀ ਹਮਲੇ ਹੋਰ ਕਈ ਕਤਲ ਕਰਣ ਤੇ ਹਿੱਸਾ ਲੈਣ ਦੀ ਗੱਲ ਨੂੰ ਮੱਨਿਆ. ਮੈਂ ਉਨ੍ਹਾਂ ਦੇ ਸਹੀ ਨਾਂਅ ਇਸਤੇਮਾਲ ਕਰਣ ਦੀ ਇਜਾਜ਼ਤ ਲੀਤੀ ਹੈ. ਕੁੱਝ ਜਵਾਬ ਦੇਣ ਵਾਲਿਆਂ ਨੇ ਬੇਨਾਮ ਰਹਿਣ ਦੀ ਗੁਜ਼ਾਰਸ਼ ਕੀਤੀ ਸੀ. ਉਨ੍ਹਾਂ ਦਾ ਵੀ ਮਾਣ ਰੱਖਿਆ ਗਿਆ ਹੈ. ਮੇਰੇ ਕਈ ਸਾਥਿਆਂ ਨੇ ਮਦਦ ਕੀਤੀ ਜਿਨ੍ਹਾਂ ਦਾ ਮੈਂ ਸ਼ੁਕਰਗੁਜ਼ਾਰ ਹਾਂ. ਅਸੀਂ ਉਨ੍ਹ ਲੋਕਾਂ ਨਾਲ ਗੱਲਬਾਤ ਸ਼ੁਰੂ ਕੀਤੀ ਜਿਨ੍ਹਾਂ ਨੂੰ ਅਸੀਂ ਪਛਾਣਦੇ ਸੀ. ਜਦ ਅਸੀਂ ਸੁਨਣਾ ਸ਼ੁਰੂ ਕੀਤਾ, ਨਵੇਂ ਰਾਸਤੇ ਖੁਲਦੇ ਗਏ ਹੋਰ ਮੁਖ਼ਤਲਿਫ਼ ਰਾਇ ਲਈ, ਅਸੀਂ ਅਪਣਾ ਦਾਅਿਰਾ ਵੱਡਾ ਕਰਦੇ ਰਹੇ. ਅਸੀਂ ਵੱਡੇ ਅਤੇ ਛੋਟੇ ਸ਼ਹਿਰਾਂ ਤੋਂ ਸ਼ੁਰੂਆਤ ਕੀਤੀ ਅਤੇ ਬਾਅਦ ਵਿੱਚ ਪਿੰਡਾ ਤੇ ਜਾਣ ਦਾ ਫ਼ੈਸਲਾ ਕੀਤਾ. ਅਹਿਮਦ ਸਲੀਮ ਅਤੇ ਮੋਹਿੰਦਰ ਪਾਲ ਸਿੰਘ ਪਿੰਡਾ ਤੇ ਫੇਰੀ ਪਾ ਕੁੱਝ ਸ਼ੁਰੂਆਤੀ ਛਾਨਬੀਣ ਕਰ ਲੇਂਦੇ ਸੀ ਅਤੇ ਉਸ ਦੇ ਬਾਅਦ ਮੈਂ ਸਵੀਡਨ ਤੋਂ ਆ ਜਾਂਦਾ. ਉਸ ਦੇ ਬਾਅਦ ਅਸੀਂ ਰੋਜ਼ਾਨਾ ਦੋਨੋ ਪੰਜਾਬਾਂ ਦੇ ਮੁਖ਼ਤਲਿਫ਼ ਸ਼ਹਿਰਾਂ ਅਤੇ ਪਿੰਡਾਂ ਤੇ ਜਾਂਦੇ ਸੀ. ਇਸ ਦੇ ਮੱਦੇਨਜ਼ਰ ਕਿ ਦੋਵੇਂ ਪੰਜਾਬਾਂ ਤੇ ਹਜ਼ਾਰਾਂ ਦੀ ਤਦਾਦ ਵਿੱਚ ਪਿੰਡ ਹਨ, ਪਿੰਡਾ ਦੀ ਚੁਣ ਕੁੱਝ ਹਦ ਤੱਕ ਆਪਣੀ ਸਹੁਲਿਅਤ ਵੇਖਦੇ ਹੋਏ ਹੋਰ ਫ਼ਸਾਦਾਂ ਦੇ ਦੌਰਾਨ, ਉਣ ਇਲਾਕਿਆਂ ਦੀ ਅਹਿਮੀਅਤ ਸਮਝ਼ਦੇ ਹੋਏ ਕੀਤੀ ਗਈ. ਇੱਕ ਤਾਲੁੱਕ ਦੂਜੇ ਤਾਲੁੱਕ ਨੂੰ ਪੈਦਾ ਕਰਦਾ ਅਤੇ ਇਸੇ ਤਰ੍ਹਾਂ ਅਸੀਂ ਆਪਣੇ ਸਵਾਲਾਂ ਦੇ ਦਿਲਚਸਪ ਜਵਾਬਦੇਹ ਲੱਭਦੇ ਗਏ. ਕਈ ਵਾਰ ਮੈਂ ਰਾਹ ਦੇ ਵਿੱਚ ਗੱਡੀ ਘਲਿਆਰ ਕੇ ਕਿਸੇ ਬਜ਼ੁਰਗ ਨਾਲ ਗੱਲ ਕਰਣ ਲਗ ਜਾਂਦਾ ਸੀ. ਬੰਦੇਆਂ ਲਈ ਪੰਜਾਬ ਵਿੱਚ ਔਰਤਾਂ ਤਕ ਪਹੁੰਚਣਾ ਆਸਾਨ ਨਹੀਂ ਹੈ, ਅਤੇ ਬਿਲਕੂਲ ਅਨਜਾਨ ਬੰਦੇਆਂ ਲਈ ਤੇ ਇਹ ਬਹੁਤ ਹੀ ਮੁਸ਼ਕਲ ਹੋ ਜਾਂਦਾ ਹੈ. ਇਸ ਮਾਮਲੇ ਤੇ ਮਹਿਲਾ ਰਿਸਰਚਰਾਂ ਵਾਸਤੇ ਔਰਤਾਂ ਦੇ ਨਾਲ ਮੇਲ-ਜੋਲ ਕਰਨਾ, ਜ਼ਰੂਰੀ ਤੌਰ ਤੇ ਆਸ਼ਾਨ ਹੈ ਅਤੇ ਇੰਡੀਅਨ ਨਾਰੀਵਾਦੀ ਲੇਖਿਕਾਂ ਦਾ ਮਹਿੱਲਾ ਹੋਣ ਦਾ ਫ਼ਾਇਦਾ ਅਸੀ ਉਨ੍ਹਾਂ ਦੇ ਕੱਮ ਵਿੱਚ ਵੇਖਦੇ ਹਾਂ. ਬਹਰਹਾਲ, ਇਹ ਕਿਤਾਬ ਉਣ ਦੂਜੇ ਸਾਹਿਤ ਤੋਂ ਜਾਣਕਾਰੀ ਲੈਂਦੀ ਹੈ, ਜੋ ਔਰਤਾਂ ਦੀ ਦੁਖੀ ਜਿੰਦਗੀ ਅਤੇ ਦੁਰਦਸ਼ਾ ਦਰਸ਼ਾਉਂਦੀ ਹੈ. ਅਸੀਂ ਸਿਆਸਤਦਾਨ, ਰਿਟਾਇਰ ਸੀਨੀਅਰ ਬਯੁਰੋਕਰੈਟ, ਦੂਜੇ ਸਰਕਾਰੀ ਅਫ਼ਸਰ, ਅਧਿਆਪਕ, ਵਕੀਲ, ਕਿਸਾਨ, ਆਮ ਲੋਕ, ਲੇਖਕ, ਪਹਿਲਵਾਨ, ਸਿਆਸੀ ਕਾਰਜਕਰਤਾ, ਇਥੇ ਤੱਕ ਕਿ ਜਿਨ੍ਹਾਂ ਨੇ ਦੁਸ਼ਮਨ ਸਮੂਹ ਦੇ ਲੋਕਾਂ ਦਾ ਕਤਲ ਕੀਤਾ, ਉਨ੍ਹ ਲੋਕਾਂ ਨਾਲ, ਗੁਫ਼ਤਗੂ ਕਰਣ ਤੇ ਕਾਮਯਾਬ ਹੋਏ. ਪਿੰਡ ਥਾਂ ਤੇ ਜ਼ਿਆਦਾਤਰ ਲੋਕ ਅਨਪਢ਼ ਸਨ. ਅਸੀਂ ਲੱਗਭਗ ਸਾਰੇ ਇੰਟਰਵਿਊ ਪੰਜਾਬੀ ਵਿੱਚ ਲੀਤੇ ਜੋ ਕਿ ਮੇਰੀ ਮਾਦਰੀ ਜ਼ਬਾਨ ਹੈ. ਮੈਨੂੰ ਪਤਾ ਲਗਿਆ ਕਿ ਕੁੱਲ ਮਿਲਾ ਕੇ ਲੋਕ ਉਣ ਦਿਨਾਂ ਦੇ ਬਾਰੇ ਗੱਲਾਂ ਕਰਨਾ ਚਾਹੁੰਦੇ ਸੀ ਹੋਰ ਇਹ ਕੋਈ ਅਨੋਖੀ ਗੱਲ ਨਹੀਂ ਸੀ ਕਿ ਬਜ਼ੁਰਗ ਰੋਣਾ ਸ਼ੁਰੂ ਕਰ ਦੇਂਦੇ ਸੀ ਹੋਰ ਮੇਰੇ ਵੀ ਅਥਰੂ ਨਿਕਲ ਜਾਂਦੇ ਸੀ; ਅਤੇ ਦੂਜੇ ਮੌਕੇਆਂ ਤੇ ਮੈਂ ਉਨ੍ਹਾਂ ਦੇ ਗ਼ਮਗੀਨ ਤਜੁਰਬਆਂ ਨੂੰ ਸੁਣ ਕੇ ਸ਼ਰਮਿੰਦਾ ਹੋ ਜਾਂਦਾ ਸੀ. ਅਸੀਂ ਜ਼ਿਆਦਾਦਰ 65-85 ਸਾਲਾਂ ਦੇ ਲੋਕਾਂ ਦਾ

ਇੰਟਰਵਿਊ ਲੀਤਾ. ਮੈਨੂੰ ਬਹੁਤ ਹੈਰਤ ਹੋਈ ਕਿ ਲੋਕ ਜੋ ਤਕਸੀਮ ਦੇ ਵਕਤ ਮਹਜ਼ ਤਿੰਨ ਤੋਂ ਪੰਜ ਸਾਲ ਦੇ ਸੀ, ਤਕਸੀਮ ਦੀ ਘਟਨਾਵਾਂ ਦੇ ਉਪਰ ਬਹੁਤ ਤਫ਼ਸੀਲੀ ਨਾਲ ਰੌਸ਼ਨੀ ਪਾਉਂਦੇ ਸੀ.

ਉਹ ਪੂਰੀ ਤਰ੍ਹਾਂ ਮੁਮਕਿਨ ਹੈ ਕਿਉਂਕਿ ਸਦਮੇ ਦੇ ਤਜੁਰਬੇ ਲੋਕਾਂ ਦੀ ਘੱਟ ਉਮਰ ਤੇ ਵੀ ਅਕਸਰ ਦਿਮਾਗ ਤੇ ਢੂੰਘੇ ਨਿਸ਼ਾਨ ਛੱਡ ਜਾਂਦੇ ਨੇ. ਇਸ ਕਰ ਕੇ ਉਨ੍ਹ ਲੋਕਾਂ ਦੇ ਕਿੱਸੇ ਜੋ 1947 ਤੇ ਬਹੁਤ ਛੋਟੇ ਸੀ, ਮੈਂ ਮੰਜ਼ੂਰ ਕਰ ਲੀਤੇ. ਕਈ ਵਾਰ ਜਦ ਮੈਂ ਉਸੇ ਹੀ ਕਹਾਣੀ ਵਡੇ ਭਰਾ ਜਾਂ ਪਰਵਾਰ ਦੇ ਦੂਜੇ ਲੋਕਾਂ ਨਾਲ ਮਿਲਾਈ, ਤੇ ਪਤਾ ਲਗਾ ਕਿ ਛੋਟੇ, ਵਡੇਆਂ ਨਾਲੋ ਜ਼ਿਆਦਾ ਜਾਣਕਾਰੀ ਦੇ ਸਕਦੇ ਸੀ, ਹੋਰ ਵਡੇ ਉਨ੍ਹਾਂ ਦੀ ਹਾਮੀ ਭਰਦੇ ਸੀ ਜਦ ਉਨ੍ਹਾਂ ਨੂੰ ਕਿਸੇ ਘਟਨਾ ਬਾਰੇ ਯਾਦ ਕਰਾਇਆ ਜਾਂਦਾ ਸੀ.

ਮੈਂ ਸੱਚੇ ਦਿਲ ਨਾਲ ਯਕੀਨ ਕਰਦਾਂ ਹਾਂ ਕਿ ਲੱਗਭਗ ਸਾਰੇ ਲੋਕ ਜੋ ਸਾਡੇ ਨਾਲ ਗੱਲਬਾਤ ਕਰਣ ਨੂੰ ਰਾਜੀ ਹੋਏ, ਬੜੀ ਇਮਾਨਦਾਰੀ ਨਾਲ ਆਪਣੀ ਗਲਾਂ ਦੱਸਿਆ. ਕੁੱਝ ਵਾਰ ਮੈਂ ਵੇਖਿਆ ਕਿ ਇੰਟਰਵਿਊ ਦੇਣ ਵਾਲਾ ਬੰਦਾ ਤੋੜ ਮੋੜ ਕੇ ਆਪਣੀ ਕਹਾਣੀ ਪੇਸ਼ ਕਰ ਰਿਹਾ ਹੈ ਜਾਂ ਝੂਠ ਬੋਲ ਰਿਹਾ ਹੈ. ਇਹ ਸਿਰਫ਼ ਉਨ੍ਹਾਂ ਦੇ ਨਾਲ ਗੱਲ ਕਰਦੇ ਵਕਤ ਹੋਇਆ, ਜੋ ਆਪਣਾ ਕੋਈ ਸਿਆਸੀ ਏਜੰਂਡਾ ਪੇਸ਼ ਕਰਣਾ ਚਾਹੁੰਦੇ ਸੀ. ਮੈਨੂੰ ਯਕੀਨ ਹੈ ਕਿ ਇੱਕ ਤਜੁਰਬੇਕਾਰ ਰਿਸਰਚਰ (ਸ਼ੋਧਕਰਤਾ) ਨੂੰ ਕੋਈ, ਆਸਾਨੀ ਨਾਲ ਗੁਮਰਾਹ ਨਹੀਂ ਕਰ ਸਕਦਾ. ਇਹ ਸਹੀ ਹੈ ਕਿ 1947 ਹੋਰ ਇੰਟਰਵਿਊਆਂ ਲੈਣ ਦੀ ਤਾਰੀਖਾਂ ਵਿੱਚ ਇੱਕ ਬਹੁਤ ਜ਼ਿਆਦਾ ਵਕਤ ਨਿਕਲ ਗਿਆ ਸੀ, ਹੋਰ ਲੋਕ ਤਾਰੀਖ ਜਾਂ ਘਟਨਾਵਾਂ ਦੱਸਣ ਲਗੇ ਭੁਲ ਚੂਕ ਕਰ ਸਕਦੇ ਸੀ. ਮੇਰੇ ਸਭ ਤੋਂ ਪਹਿਲਾਂ ਲੀਤੇ ਇੰਟਰਵਿਊ 2004 ਦੇ ਨੇ ਅਤੇ ਸਭ ਤੋਂ ਬਾਅਦ ਵਾਲੇ ਕਿਤਾਬ ਛਪਣ ਦੇ ਵਕਤ ਦੇ.

ਇਸ ਕਿਤਾਬ ਦਾ ਇਸਟਰਕਚਰ (ਖ਼ਾਕਾ) ਅਤੇ ਔਰਗੇਨਾਇਜੇਸ਼ਨ (ਸੰਗਠਨ)

ਇਸ ਤਫ਼ਤੀਸ਼ ਨੂੰ ਸਿਲਸਲੇਵਾਰ ਰੂਪ ਤੇ ਪੇਸ਼ ਕਰਣ ਦੇ ਪਿੱਛੇ ਇਹ ਧਾਰਨਾ ਹੈ ਕਿ ਮੂਕਾਬਲਾ ਕਰਣ ਵਾਲੇਆਂ ਦੇ ਦਰਮਿਆਨ ਹੋਏ ਐਕਸ਼ਨ (ਕਾਰਵਾਈ) ਅਤੇ ਰਿਐਕਸ਼ਨ (ਪ੍ਰਤਿਕਰਮ) ਇੱਕ ਸਮਾ ਸੀਮਾ ਦੀ ਕੜੀ ਵਿੱਚ ਚਾਹੇ ਅਤੇ ਅਣਚਾਹੇ ਨਤੀਜੇ ਵਿੱਚ ਤਬਦੀਲ ਹੋਏ. ਸਭ ਤੋਂ ਪਹਿਲਾਂ ਕਨਸੇਪਚੁਅਲ (ਵਿਚਾਰਕ) ਅਤੇ ਥੇਉਰੇਟਿਕਲ (ਉਸੂਲੀ/ਸਿਧਾਂਤਿਕ) ਢਾਂਚੇ ਦੇ ਨਾਲ ਇਤਿਹਾਸਕ ਪਿੱਠ-ਭੂਮੀ (ਪਾਸੇਮੰਜ਼ਰ) ਨੂੰ ਪੇਸ਼ ਕਰਦੀ ਹੈ. ਇਸ ਦੇ ਬਾਅਦ ਪੰਜਾਬ ਦੀ ਅੰਦਰੂਨੀ ਅਤੇ ਇਸ ਨਾਲ ਜ਼ੁੜਿਆਂ ਦਿੱਲੀ ਤੱਕ ਦੀ ਘਟਨਾਵਾਂ ਜਿੱਥੇ ਇੰਡੀਆ ਦੇ ਭਵਿੱਖ ਦਾ ਫ਼ੈਸਲਾ ਕਾਂਗਰੇਸ, ਮੁਸਲਿਮ ਲੀਗ ਅਤੇ ਸਿੱਖ ਹੁਕਮਰਾਨਾਂ ਦੇ ਦਰਮਿਆਨ ਹੋ ਰਿਹਾ ਸੀ, ਦਾ ਜ਼ਿਕਰ ਹੈ. ਘਟਨਾਵਾਂ ਨੂੰ ਤਿੰਨ ਚਰਣਾਂ ਵਿੱਚ, ਜੋ ਕਿ ਪੰਜਾਬ ਦੀ ਤਕਸੀਮ ਦੇ ਸਭ ਤੋਂ ਅਹਿਮ ਵਕਤ ਨੂੰ ਦਰਸ਼ਾਉਂਦੇ ਨੇ, ਪੇਸ਼ ਕੀਤਾ ਗਿਆ ਹੈ:

• ਪਹਿਲਾ ਚਰਣ: ਇੱਕ ਖ਼ੂਨੀ ਟਾਕਰੇ ਦੀ ਔਰ, ਜਨਵਰੀ 1945 ਤੋਂ ਮਾਰਚ 1947 ਤਕ. ਇਸ ਅਰਸੇ ਦੇ ਦੌਰਾਨ ਕੁੱਝ ਐਦਾਂ ਦੀ ਚਾਲਾਂ ਚਲਿਆਂ ਗਈਆਂ ਜਿਸ ਨੇ ਮੁਸਲਮਾਨਾਂ ਨੂੰ ਇੱਕ ਤਰਫ਼ ਅਤੇ ਹਿੰਦੂਆਂ ਹੋਰ ਸਿੱਖਾਂ ਨੂੰ ਦੂਜੇ ਪਾਸੇ ਕਰ ਦਿੱਤਾ. ਇਸ ਵੱਖ ਦਾ ਅੰਜ਼ਾਮ ਮਾਰਚ 1947 ਦੇ ਖ਼ੂਨੀ ਫ਼ਸਾਦਾਂ ਦੇ ਰੂਪ ਵਿੱਚ ਹੋਇਆ. ਇਹ ਦਰਾਰ ਪੈਦਾ ਹੋਣ ਦੀ ਹੋਰ ਬ੍ਰਿਟਿਸ਼ ਪਰਸ਼ਾਸਨ ਦੀ ਫ਼ਸਾਦਾਂ ਨੂੰ ਐਨ ਵਕਤ ਤੇ ਰੋਕਣ ਦੀ ਨਾਕਾਮੀ ਦੀ ਪਹਿਲੀ ਨਿਸ਼ਾਨੀ ਸੀ.

• ਦੂਜਾ ਚਰਣ: ਤਕਸੀਮ ਦੀ ਆਖਰੀ ਖੇਡ, ਅਪ੍ਰੈਲ 1947 ਤੋਂ 14 ਅਗਸਤ 1947 ਤੱਕ, ਜਿਸ ਦੌਰਾਨ ਸਰਕਾਰ ਸ਼ੁਰੂਆਤੀ ਵਕਤ ਤੇ ਲ਼ਾ (ਕਾਨੂੰਨ) ਅਤੇ ਆਰਡਰ (ਵਿਵਸਥਾ) ਬਹਾਲ ਕਰਣ ਤੇ ਕਾਮਯਾਬ ਹੋਈ ਮਗਰ ਅਮਨ ਕਾਇਮ ਨਹੀਂ ਕਰ ਸਕੀ, ਕਿਉਂਕਿ ਕੁੱਝ ਜਗ੍ਹਾਂ ਤੇ ਕਤਲ ਅਤੇ ਲੂੱਟਪਾਟ ਦੀ ਘਟਨਾਵਾਂ ਹੁੰਦੀ ਰਹਿਆਂ. ਹੋਲੀ ਹੋਲੀ, ਇਸੇ ਤਰ੍ਹਾਂ ਦੀ ਘਟਨਾਵਾਂ ਅਕਸਰ ਹੋਣ ਲਗਿਆਂ, ਅਤੇ ਜ਼ਿਆਦਾ ਭਿਅੰਕਰ ਹੋਰ ਬੇਰਹਿਮ ਹੋ ਗਈਆਂ. ਮਈ ਦੇ ਆਖ਼ਰ ਤੋਂ ਵਾਰਦਾਤਾਂ ਬਹੁਤ ਜ਼ਿਆਦਾ ਹੋਨ ਲਗਿਆਂ. ਸ਼ਰ ਇਵਨ ਜੇਨਕਿਨਸ ਨੇ ਪੰਜਾਬ ਦੇ ਆਖ਼ਰੀ ਬ੍ਰਿਟਿਸ਼ ਗਵਰਨਰ ਦੇ ਤੌਰ ਤੇ 14 ਅਗਸਤ 1947 ਨੂੰ ਆਪਣੀ ਮਿਆਦ ਖ਼ਤਮ ਕੀਤੀ.

• ਤੀਜਾ ਚਰਣ: ਏਥਨਿਕ ਕਲਿਨਸਿੰਗ (ਨਸਲੀ ਸਫਾਈ) 15 ਅਗਸਤ 1947 ਤੋਂ ਲੈ ਕੇ ਦਸੰਬਰ ਦੇ ਅਖੀਰ ਦੇ ਵਕਤ ਤੱਕ ਹੋਅੀ. ਮਗਰ ਰੈਡਕਲੀਫ ਅਵਾਰਦ ਜੋ ਇੰਡੀਆ ਅਤੇ ਪਾਕਿਸਤਾਨ ਦੇ ਦਰਮਿਆਨ ਦੀ ਸੀਮਾ ਨੂੰ ਪੱਕਾ ਕਰਦਾ ਸੀ, ਉਸ ਦਾ ਅਵਾਮੀ ਐਲਾਨ 17 ਅਗਸਤ ਨੂੰ ਕੀਤਾ ਗਿਆ. ਨਾਲੋਨਾਲ ਤਸ਼ੱਦਦ ਦਾ ਨਾਟਕੀ ਤਰੀਕੇ ਤੇ ਇਜ਼ਾਫ਼ਾ ਹੋਇਆ ਕਿਉਂਕਿ ਹੁਣ ਸਾਰੇਆਂ ਨੂੰ ਪਤਾ ਲਗ ਗਿਆ ਸੀ ਕਿ ਕੇੜਾ ਪਿੰਡ ਜਾਂ ਸ਼ਹਿਰ ਕੇੜੇ ਮੁਲਕ ਨੂੰ ਮਿਲੇਗਾ. ਇਸ ਤੋਂ ਬਾਅਦ, ਤਕਸੀਮ ਕੀਤੇ ਪੰਜਾਬ ਦੇ ਦੋਨੋ ਤਰਫ਼ ਕਤਲੇਆਮ ਹੋਣ ਲਗੇ ਜੋ ਜੈਨੇਸਾਇਡ (ਨਸਲਕੁਸ਼ੀ) ਦੀ ਹਦ ਤੱਕ ਪਹੁੰਚ ਗਏ. 1947 ਦੇ ਅਖੀਰ ਤੱਕ ਜਾਂ ਉਸ ਦੇ ਕੁੱਝ ਵਕਤ ਬਾਅਦ, ਪੰਜਾਬਾਂ ਤੇ ਮੱਜਹਬੀ ਸ਼ੁਧੀਕਰਨ ਹੋ ਗਿਆ ਸੀ.

ਹਵਾਲਾ

ਅਲੀ, ਚੌਧਰੀ ਮੁਹਮੱਦ, ਦੀ ਇਮਰਜੇਂਸ ਅੱਫ ਪਾਕਿਸਤਾਨ, ਲਾਹੌਰ: ਰਿਸਰਚ ਸੋਸਾਇਟੀ ਅੱਫ ਪਾਕਿਸਤਾਨ (1973)

ਬਰਕੀ, ਸ਼ਾਹਿਦ ਜਾਵੇਦ, ਪਾਕਿਸਤਾਨ ਅੰਡਰ ਭੁੱਟੋ, 1971-77, ਨਿਊ ਯਾਰਕ : ਸੇਂਟ ਮਾਰਟਿਨਸ ਪ੍ਰੇਸ (1980)

ਬੁਟਾਲਿਆ ਉਰਵਸ਼ੀ, ਦੀ ਅਦਰ ਸਾਇਡ ਅੱਾਫ ਸਾਇਲੇਂਸ: ਵੋਇਸਸ ਫਰੋਮ ਦ ਪਾਰਟਿਸ਼ਨ ਔਫ ਇੰਡੀਆ, ਨਯੂ ਦੇਲਹੀ: ਪੇਂਗੁਇਨ ਬੂਕਸ (1998)

ਚੁਘਤਾਈ, ਹਕੀਮ ਮੁਹਮੱਦ ਤਾਰਿਕ ਮੇਹਮੁਦ ਅਬਕਾਰੀ ਮੁਜਾਦੀਦੀ (ਕਮਪਾਇਲਰ ਐਨਡ ਐਡੀਟਰ) , 1947 ke ਮੁਜ਼ਾਲਿਮ ਕੀ ਕਹਾਨੀ ਖੁਦ ਮੁਜ਼ਲੁਮੋਂ ਕੀ ਜ਼ੁਬਾਨੀ, ਲਾਹੌਰ: ਇਲਮ-ਐ-ਰਿਰਫਾਨ ਪਬਲਿਸ਼ਰਸ (2003)

ਕੋਲਿੰਸ, ਲੈਰੀ ਐਂਡ ਲੇਪੀਅਰ ਡੋਮੀਨਿਕ, ਫ੍ਰੀਡਮ ਐਟ ਮਿਡਨਾਇਟ, ਨਿਊ ਯਾਰੱਕ: ਐਵਨ ਬੂਕਸ (1975)

ਕੁਪਲੈਂਡ, ਇਅਨ "ਦੀ ਮਾਸਟਰ ਐਂਡ ਦ ਮਹਾਰਾਜਾਸ: ਦ ਸਿੱਖ ਪ੍ਰਿੰਸੇਸ ਐਂਡ ਦ ਇਸਟ ਪੰਜਾਬ ਮੈਸੈਕਰਸ ਔਫ 1947", ਮਾਡਰਨ ਐਸਿਅਨ ਇਸਟਦੀਸ, ਕੈਂਬਰੀਜ ਕੈਂਬਰੀਜ ਯੂਨੀਵਰਸੀਟੀ ਪ੍ਰੈਸ (2002)

ਹਾਨਸੱਨ, ਐਂਡਰਸ ਬਯੋਨ, ਪਾਰਟੀਸ਼ਨ ਔਫ ਜੇਨੇਸਾਇਡ: ਮੇਨਫੇਸਟੇਸ਼ਨ ਔਫ ਵਾਇਲੇਂਸ ਇਨ ਪੰਜਾਬ 1937-1947, ਨਯੂ ਦੇਲਹੀ: ਇੰਡੀਆ ਰਿਸਰਚ ਪ੍ਰੈਸ (2002)

ਇਫ਼ਤਿਖ਼ਾਰ, ਖ਼ਵਾਜਾ, ਜਬ ਅੱਮ੍ਰਿਤਸਰ ਜਲ ਰਹਾਂ ਥਾ ਲਾਹੌਰ: ਖਵਾਜਾ ਪਬਲਿਸ਼ਰਸ

ਜਲਾਲ, ਆਇਸ਼ਾ, 'ਨੇਸ਼ਨ, ਰਿਸਨ ਐਂਡ ਰਿਲਿਜੀਅਨ: ਦੀ ਪੰਜਾਬੀਸ ਰੋਲ ਇਨ ਦ ਪਾਰਟੀਸ਼ਨ ਔਫ ਇੰਡੀਆ, ਇੱਕੋਨੋਮਿਕ ਐਂਡ ਪੋਲਿਟਿਕਲ ਵੀਕਲੀ ਔਫ ਇੰਡੀਆ, ਮੁਮਬਈ (1998)

ਜੇਫਰੀ, ਰੌਬਿਨ "ਦੀ ਪੰਜਾਬ ਬਾਉਂਡਰੀ ਡੋਰਸ ਐਂਡ ਦ ਪ੍ਰੋਬਲਮ ਔਫ ਔਰਡਰ ", ਮਾਡਰਨ ਐਸਿਅਨ ਇਸਟਦੀਸ, ਕੈਂਬਰੀਜ ਕੈਂਬਰੀਜ ਯੂਨੀਵਰਸੀਟੀ ਪ੍ਰੈਸ (1974)

ਝੁਬਲ, ਭਾਈ ਅਰਿਦਮਨ ਸਿੰਘ, 'ਪਾਰਟੀਸ਼ਂ ਔਫ ਪੰਜਾਬ: ਰੋਲ ਐਂਡ ਸਿੱਖ ਲੀਡਰਸ਼ਿਪ; ਸ.ਅਮਰ ਸਿੰਘ ਝੁਬਲ ਐਂਡ ਹੀਸ ਫੈਮਿਲੀ, ਜਰਨਲ ਔਫ ਸਿੱਖ ਇਸਟਡੀਸ, ਅੱਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, (2002)

ਖ਼ਾਨ, ਮੁਹੱਮਦ ਅਯੂਬ, ਤਾਰੀਖ-ਏ-ਪਾਕਿਸਤਾਨ ਔਰ ਜਲੰਧਰ, ਲਾਹੌਰ (ਅਸਤਅੋਰ) (2002)ਖੋਸਲਾ, ਗੋਪਾਲ ਦਾਸ, ਸਟ੍ਰਨ ਰੇਕਨਿੰਗ: ਅੇ ਸਰਵੇ ਅੰਫ ਦੀ ਇਵੇਂਟਸ ਲੀਡੀਂਗ ਅਪ ਟੁ ਅੰਡ ਡੈਲੋਇੰਗ ਦ ਪਾਰਟੀਸ਼ਨ ਅੰਫ ਇੰਡੀਆ, ਨਿਉ ਦੇਲਹੀ:ਆਕਸਫੋਰਡ ਯੂਨਿਵਰਸੀਟੀ ਪ੍ਰੈਸ (1989)

ਮੇਨਨ ਰੀਤੂ ਅੈਂਡ ਭਸੀਨ ਕਮਲਾ, ਬੰਡਦਰਸ ਅੈਂਡ ਬਾਉਨਡ੍ਰੀਸ : ਵੀਮੇਨ ਇਨ ਇੰਡੀਆਸ ਪਾਰਟੀਸ਼ਨ ,ਨਯੂ ਦੇਲਹੀ:ਕਾਲੀ ਡੰਰ ਵੀਮੇਨ (1998)

ਮੁਨੀਰ ਮੂਹਮੱਦ, ਫ੍ਰੈਮ ਜਿੱਨਾ ਟੁ ਜ਼ਿਆ, ਲਾਹੌਰ, ਵੈਨਗਾਰਡ ਬੂਕਸ ਲਿਮਿਟੇਡ (1980)

ਰਾਬੱਰਟ, ਐਨਡਰੀਯੂ, ਅੇਮੀਨੇਂਟ ਚਰਚੀਲਿਅੰਸ, ਲੰਡਨ : ਫਿਨਿਕਸ (1995)

ਸਲੀਮ, ਅਹਿਮਦ (ਇਡ), ਲਾਹੌਰ 1947, ਲਾਹੌਰ: ਸੰਗ-ਏ-ਮੀਲ ਪਬਲਿਕੇਸ਼ਨਸ (2003)

ਸਿੰਘ, ਕਿਰਪਾਲ, ਦੀ ਪਾਰਟੀਸ਼ਨ ਅੰਫ ਪੰਜਾਬ, ਪਟਿਆਲਾ: ਪਟਿਆਲਾ ਯੂਨਿਵਰਸੀਟੀ, (1989)

ਸਿੰਘ, ਕਿਰਪਾਲ, ਸੇਲੇਕਟ ਦੈਕਯੇਮੇਂਟਸ ਅੋਨ ਪਾਰਟੀਸ਼ਨ ਅੰਫ ਪੰਜਾਬ - 1947, ਦੇਲਹੀ : ਨੇਸ਼ਨਲ ਬੂਕ ਸ਼ੋਪ, (1991)

ਤਾਲਿਬ, ਅੈਸ. ਖੁਰਬਚਨ ਸਿੰਘ, ਮੁਸਲਿਮ ਲੀਗ ਅਟੈਕ ਅੰਨ ਸਿੱਖਸ ਅੈਂਡ ਹਿੰਦੂਸ ਇਨ ਦ ਪੰਜਾਬ 1947, ਨਯੂ ਦੇਲਹੀ: ਵੋਅਿਸ ਅੰਫ ਇੰਡੀਆ, (1991, ਫਰਸਟ ਪਬਲਿਸ਼ਡ ਇਨ 1950)

ਟੇਲਬਟ, ਇਅਨ ਅੈਂਡ ਸਿੰਘ ਗੁਰਹਰਪਾਲ, ਰਿਜੀਅਨ ਅੈਂਡ ਪਾਰਟਿਸ਼ਨ: ਬੈਂਗਾਲ, ਪੰਜਾਬ ਅੈਂਡ ਦ ਪਾਰਟਿਸ਼ਨ ਅੰਫ ਦ ਸਬ-ਕੌਂਟਿਨੇਨਟ, ਕਰਾਚੀ, ਆਕਸਡੋਰਡ ਯੂਨਿਵਰਸੀਟੀ ਪ੍ਰੈਸ (1999)

ਟੇਲਬਾਟ, ਇਅਨ ਅੈਂਡ ਠੰਡੀ ਸ਼ਿਡਰ, ਪਿਪਲ ਅੋਨ ਦ ਮੂਵ: ਪੰਜਾਬੀ ਕੋਲੋਨਿਅਲ, ਅੈਡ ਪੋਸਟ-ਕੋਲੋਨਿਅਲ ਮਾਇਗਰੇਸ਼ਨ, ਕਰਾਚੀ, ਆਕਸਡੋਰਦਡ ਯੂਨਿਵਰਸੀਟੀ ਪ੍ਰੈਸ (2004)

ਤਨਵਰ ਰਘੁਵੇਂਦ੍ਰ, ਰਿਪੋਰਟਿਂਗ ਦ ਪਾਰਟੀਸ਼ਨ ਅੰਫ ਪੰਜਾਬ: ਪ੍ਰੈਸ , ਪਬਲਿਕ ਅੈਂਡ ਅਦਰ ਅੌਪਿਨੀਅਨਸ , ਨਿਉ ਦੇਲਹੀ: ਮਨੋਹਰ, 2006

ਵਸੀਮ, ਮੋਹਮੱਦ, 'ਪਾਰਟੀਸ਼ਨ, ਮਾਇਗਰੇਸ਼ਨ ਅੈਂਡ ਅੈਸਿਮਿਲੇਸ਼ਨ: ਅੇ ਕਮਪੈਰੇਟਿਵ ਇਸਟਡੀ ਅੰਫ ਪਾਕਿਸਤਾਨੀ ਪੰਜਾਬ' ਇਨ ਟੇਲਬਟ, ਇਅਨ ਅੈਂਡ ਸਿੰਘ ਗੁਰਹਰਪਾਲ, ਰਿਜੀਅਨ ਅੈਂਡ ਪਾਰਟਿਸ਼ਨ: ਬੈਂਗਾਲ, ਪੰਜਾਬ ਅੈਂਡ ਦ ਪਾਰਟਿਸ਼ਨ ਅੰਫ ਦ ਸਬ-ਕੌਂਟਿਨੇਨਟ, ਕਰਾਚੀ, ਆਕਸਡੋਰਡ ਯੂਨਿਵਰਸੀਟੀ ਪ੍ਰੈਸ (1999)

ਸਰਕਾਰੀ ਦਸਤਾਵੇਜ

ਕਾਰਟਰ, ਲਿਅੋਨੇਲ (ਕਮਪਾਇਲਰ ਅੇਡਿਟਰ), ਪੰਜਾਬ ਪੌਲਿਟੀਕਸ 1936-1947, ਗਵਰਨਰਸ ਫੋਰਟਨਾਇਟਲੀ ਰਿਪੋਰਟਸ ਅੈਂਡ ਅਦਰ ਕੀ ਡੈਕਨੁਮੇਂਟਸ, ਸਾਰੇ ਵੈਲਯੂਮ, ਨਿਉ ਦੇਲਹੀ: ਮਨੋਹਰ, (2004-2007).

ਡਿਸਟਰਬੇਂਸੇਸ ਇਨ ਦ ਪੰਜਾਬ, ਇਸਲਾਮਾਬਾਦ: ਨੈਸ਼ਨਲ ਡੈਕਨੁਮੇਂਟੇਸ਼ਨ ਸੇਂਟਰ,(1995).

ਜਰਨੀ ਟੁ ਪਾਕਿਸਤਾਨ: ਅੇ ਡੈਕਨੁਮੇਂਟੇਸ਼ਨ ਅੋਨ ਰੇਫਿਯੂਜਿਸ ੇਡ 1947,ਇਸਲਾਮਾਬਾਦ: ਨੈਸ਼ਨਲ ਡੈਕਨੁਮੇਂਟੇਸ਼ਨ ਸੇਂਟਰ,(1993).

ਨੋਟਸ ਅੋਨ ਦ ਸਿੱਖ ਪੱਲਾਨ, ਲਾਹੌਰ: ਗਵਰਨਮੇਂਟ ਪ੍ਰਿਂਟਿਂਗ ਪ੍ਰੈਸ (1948)

ਦੀ ਆਰ ਅੈਸ ਅੈਸ ਇਨ ਦ ਪੰਜਾਬ, ਲਾਹੌਰ: ਗਵਰਨਮੇਂਟ ਪ੍ਰਿਂਟਿਂਗ ਪ੍ਰੈਸ (1948)

ਦੀ ਸਿੱਖਸ ਇਨ ਅੈਕਸ਼ਨ, ਲਾਹੌਰ: ਗਵਰਨਮੇਂਟ ਪ੍ਰਿਂਟਿਂਗ ਪ੍ਰੈਸ (1948)

ਮੈਨਸਰਘ ਅਤੇ ਲੂਮਬੀ, 12 ਵੈਲਯੂਮ, ਟਰਾਨਸਫਰ ਅੰਫ ਪੱ਼ਾਵਰ, ਬ੍ਰਿਟਿਸ਼ ਅਫੀਸਿਅਲ ਡੈਕਯੂਮੇਂਟਸ

ਮੈਨਸਰਘ, ਅੈਨ ਅਤੇ ਮੂਨ, ਪੀ , ਟਰਾਨਸਫਰ ਅੰਫ ਪੱ਼ਾਵਰ, ਬ੍ਰਿਟਿਸ਼ ਅਫੀਸਿਅਲ ਡੈਕਯੂਮੇਂਟਸ

ਇੰਟਰਵਿਊ

ਹਰਕਿਸ਼ਨ ਸਿੰਘ ਸੁਰਜੀਤ, ਨਵੀਂ ਦਿੱਲੀ, 21 ਅਕਤੂਬਰ 1999

ਪ੍ਰੋਫੇਸਰ ਕਿਰਪਾਲ ਸਿੰਘ, ਚੰਡੀਗੜ, 2 ਜਨਵਰੀ 2005

ਰੇਜੀਨਲਡ ਮਸੀਹ, ਲੈਨਿਡਲੋਸ, ਮਿਡ-ਵੇਲਸ 5 ਜੁਲਾਈ 2006; ਅਤੇ 4 ਅਗਸਤ 2007 ਦੀ ਈ-ਮੇਲ ਤੇ

ਲੇ.ਜ.ਆਫਤਾਬ ਅਹਿਮਦ ਖਾਨ, ਲਾਹੌਰ ਤੋਂ 2 ਫਰਵਰੀ 2007 ਦੀ ਚਿੱਠੀ

ਇਅਨ ਟੇਲਬਟ, ਸਾਉਥਮਪਟਨ, ਯੂ.ਕੇ. ਤੋਂ 19 ਮਾਰਚ 2010 ਦੀ ਜਵਾਬੀ ਈ-ਮੇਲ ਤੋਂ

1

ਨਸਲੀ ਸਫਾਈ ਦਾ ਉਸੂਲ

ਫੋਰਸਡ ਮਾਇਗ੍ਰੇਸ਼ਨ (ਜ਼ਬਰਨ ਕਰਵਾਇਆ ਪ੍ਰਵਾਸ), ਏਥਨੀਕ ਕਲਿਨਸਿੰਗ (ਨਸਲੀ ਸ਼ੁਧੀਕਰਨ) ਅਤੇ ਜੇਨੋਸਾਇਡ (ਨਸਲਕੁਸ਼ੀ) ਪ੍ਰਕਿਰਿਆਵਾਂ ਦੇ ਆਪਸੀ ਨਾਤੇ ਬਾਰੇ ਇੱਥੇ ਵੇਰਵਾ ਪੇਸ਼ ਹੈ. ਇਸ ਦਾ ਮਕਸਦ ਇੱਕ ਥਿਐਰਿਟਕਲ (ਉਸੂਲੀ) ਢਾਂਚਾ ਤਿਆਰ ਕਰਨਾ ਹੈ ਜਿਸ ਦੇ ਨਾਲ ਅਸੀਂ 1947 ਤੇ ਪੰਜਾਬ ਵਿੱਚ ਹੋਈ ਘਟਨਾਵਾਂ ਦੀ ਛਾਣ-ਬੀਣ ਕਰ ਸਕਦੇ ਹਾਂ. ਗੌਰਤਲਬ ਹੈ ਕਿ ਕਿਸੇ ਵੀ ਨੱਸਲੀ ਸਮੂਹ ਵਿੱਚ, ਕਈ ਸ਼ਕਸ ਮੌਜੂਦ ਹੁੰਦੇ ਨੇ, ਜੋ ਇਸ ਗੱਲ ਨੂੰ ਮੱਨਦੇ ਨੇ ਕਿ ਉਨ੍ਹਾਂ ਦੇ ਸਾਰੇਆਂ ਦੇ ਪੁਰਖੇ ਇੱਕ ਨੇ. ਇਹ ਸੋਲਾਂ ਆਨੇ ਸੱਚ ਨਹੀਂ ਵੀ ਹੋ ਸਕਦਾ ਹੈ, ਮਗਰ ਖ਼ਿਆਲੀ ਸਾਂਝੇ ਪੁਰਖੇ ਆਪਸ ਵਿੱਚ ਜਜ਼ਬਾਤੀ ਭਾਈਚਾਰੇ ਦੇ ਇਹਸਾਸ ਨੂੰ ਪੈਦਾ ਕਰਦੇ ਨੇ. ਜਦ ਉਨ੍ਹ ਲੋਕਾਂ ਵਿੱਚ, ਇੱਕ ਆਮ ਇਹਸਾਸ ਪੈਦਾ ਹੋ ਜਾਂਦਾ ਹੈ, ਜੋ ਇੱਕ ਮਜ਼ੂਬ, ਜ਼ਬਾਨ ਜਾਂ ਹੋਰ ਕੋਈ ਇਸੇ ਤਰ੍ਹਾਂ ਦੀ ਫ਼ਿਤਰਤ ਦੇ ਹਿੱਸੇਦਾਰ ਹੁੰਦੇ ਨੇ, ਅਸੀ ਇਸ ਨੂੰ, ਦੂਜੇ ਨਾਲ ਅਲਗ, ਇੱਕ ਏਥਨੀਕ (ਨਸਲੀ) ਸਮੂਹ ਕਹਿ ਸਕਦੇ ਹਾਂ. ਜਦੋਂ ਇਸੇ ਤਰ੍ਹਾਂ ਦੇ ਦੋ ਜਾਂ ਜ਼ਿਆਦਾ ਨਸਲੀ, ਮਜ਼ੂਬੀ ਤਬਕੇ ਜਾਂ ਰਲਦੇ ਲਛਣ ਵਾਲੇ ਸਮੂਹ ਇੱਕ ਦੂਜੇ ਨਾਲ ਲੜਦੇ ਨੇ, ਅਸੀ ਉਸ ਨੂੰ ਏਥਨਿਕ ਕਨਫਲਿਕਟ (ਨਸਲੀ ਲੜਾਈ) ਕਹਿ ਸਕਦੇ ਹਾਂ (ਅਹਮਦ, 1998:19-38). ਇਹ ਕਹਿਣਾ ਦੁਰੁਸਤ ਹੈ ਕਿ ਏਥਨੀਕ ਕਲਿਨਸਿੰਗ (ਨਸਲੀ ਸ਼ੁਧੀਕਰਨ) ਇੱਕ ਆਮ ਪਰਿਭਾਸ਼ਾ ਹੈ ਜਿਸ ਦਾ ਮਤਲਬ ਨਸਲੀ, ਮਜ਼ੂਬੀ, ਮਜ਼ੂਬੀ ਤਬਕੇ ਜਾਂ ਦੂਜੀ ਵਜ੍ਹਾ ਨਾਲ ਬਣੇ ਸਮੂਹ ਨੂੰ ਇੱਕ ਖ਼ਾਸ ਜਗ੍ਹ ਤੋਂ ਹਟਾਉਣਾ ਹੈ. ਪੰਜਾਬ ਦੇ ਝਗੜੇ ਦੇ ਮਾਮਲੇ ਤੇ, ਇਹ ਮਜ਼ੂਬੀ ਵਜ੍ਹਾ ਸੀ, ਜੋ ਸਿਆਸੀ ਮੁਤਾਲਕ ਨਸਲ ਦੀ ਬੁਨਿਆਦ ਬਣੀ.

ਪੰਜਾਬ ਦੀ ਤਕਸੀਮ ਦੀ ਪਹੇਲੀ ਇਹ ਹੈ ਕਿ, ਸੂਬੇ ਦੀ ਤਕਸੀਮ ਦੀ ਰਜ਼ਾਮੰਦੀ ਕੌਮੀ ਹੋਰ ਤੇ, ਇੰਡੀਆ ਦੀ ਤਕਸੀਮ ਦੇ ਸਮਝੌਤੇ ਦਾ ਹਿੱਸਾ ਸੀ; ਹਾਲਾਂਕਿ ਇੱਕ ਫੈਸਲਾ ਇਸੇ ਤਰ੍ਹਾਂ ਦਾ ਨਹੀਂ ਸੀ ਕਿ, ਇਸ ਨੂੰ ਉੱਚੇ ਸਿਆਸੀ ਤਬਕੇ ਤੇ ਲੈਣ ਦੇਂ ਬਾਅਦ, ਇਹ ਇੱਕ ਮਾਮੂਲੀ ਇੰਤੇਜ਼ਾਮਿਆ ਕੱਮ ਬਣ ਜਾਉਂਦਾ. ਪੰਜਾਬ ਵਿੱਚ ਈ ਸਿੱਖ ਅੜੇ ਹੋਏ ਸਨ ਕਿ ਅਗਰ ਇੰਡੀਆ ਦੀ ਮਜ਼ੂਬੀ ਤੌਰ ਤੇ ਤਕਸੀਮ ਹੁੰਦੀ ਸੀ, ਤੇ ਪੰਜਾਬ ਦੀ ਵੀ ਤਕਸੀਮ ਹੋਵੇ. ਸਿੱਖ, ਵੈਸੇ, ਪੰਜਾਬ ਦੀ ਆਬਾਦੀ ਦਾ ਇੱਕ ਛੋਟਾ ਹਿੱਸਾ ਸਨ. ਪੰਜਾਬ ਦੀ ਐਦਾਂ ਕੋਈ ਵੀ ਤਕਸੀਮ ਦਾ ਸਮਝੌਤਾ, ਜੋ ਸਿੱਖਾਂ ਨੇ ਲਾਗੂ ਨਹੀਂ ਕੀਤਾ ਹੁੰਦਾ, ਸਿੱਖਾਂ ਦੀ ਆਬਾਦੀ ਨੂੰ ਦੋ ਪਾਸੇ ਤਕਸੀਮ ਕਰ ਦੇਂਦਾ. ਦੂਜੀ ਤਰਫ਼, ਮੁਸਲਮਾਨ ਪੰਜਾਬ ਦੀ ਆਬਾਦੀ ਦੀਂ ਸਭ ਤੋਂ ਵੱਡੀ ਤਦਾਦ ਵਿੱਚ ਸਨ. ਮੁਸਲਮਾਨ ਹੁਕਮਰਾਨ ਸਾਰੇ ਪੰਜਾਬ ਨੂੰ ਪਾਕਿਸਤਾਨ ਵਿੱਚ ਚਾਹੁੰਦੇ ਸੀ, ਮਗਰ ਇਸ ਦੀ ਤਕਸੀਮ ਨੂੰ ਰਾਜੀ ਹੋ ਗਏ, ਨਹੀਂ ਤੇ ਉਨ੍ਹਾਂ ਨੂੰ ਪਾਕਿਸਤਾਨ ਹਾਸਲ ਨਹੀਂ ਹੁੰਦਾ. ਪੰਜਾਬ ਦੀ ਤਕਸੀਮ ਰੋਕੀ ਜਾ ਸਕਦੀ ਸੀ ਅਗਰ ਤਿੰਨ ਮੁੱਖ ਫ਼ਿਰਕੇ, ਹਿੰਦੂ, ਸਿੱਖ ਅਤੇ ਮੁਸਲਮਾਨ ਆਪਣੀ ਪੰਜਾਬੀ ਤਹਿਜ਼ੀਬ ਦੀ ਪਛਾਣ ਇੰਨੀ ਮਜਬੂਤ ਹੋਰ ਲਚਕਦਾਰ ਬਣਾ ਲੇਂਦੇ, ਕਿ ਉਹ ਉਨ੍ਹਾਂ ਦੀ ਮਜ਼ੂਬੀ ਪਛਾਣ ਤੋਂ ਜ਼ਿਆਦਾ ਬੁਲੰਦ ਹੁੰਦੀ. ਹੋਰ ਇੱਕ ਮੁਮਕਿਨ ਗੱਲ ਇਹ ਸੀ ਕਿ ਵੱਡੀ ਤਦਾਦ ਵਾਲੇ ਮੁਸਲਮਾਨ ਅਤੇ ਘੱਟ ਗਿਣਤੀ ਵਾਲੇ ਸਿੱਖ ਪੰਜਾਬ ਨੂੰ ਇਕੱਠਾ ਰੱਖਣ ਬਾਰੇ ਰਾਜੀ ਹੋ ਜਾਂਦੇ. ਇਸ ਦੇ ਚਲਦਿਆਂ ਪੰਜਾਬ ਦੀ ਤਕਸੀਮ ਨਹੀਂ ਕਰਾਉਣ ਲਈ ਇੱਕ ਵੱਡੀ ਮੱਜਾਰਿਟੀ (ਬਹੁਮਤ) ਤਿਆਰ ਹੋ ਜਾਂਦੀ. ਇਸ ਦੇ ਬਾਵਜੂਦ ਵੀ, ਪੰਜਾਬ ਦੀ ਤਕਸੀਮ ਹੋ ਜਾਂਦੀ, ਮਗਰ ਇਹ ਹੋਰ

ਜ਼ਿਆਦਾ ਪੂਰਬ ਦੀ ਤਰਫ਼ ਹੁੰਦੀ ਜਿੱਥੇ ਹਿੰਦੀ ਬੋਲਣ ਵਾਲੇ ਜਾਟ ਬਹੁਮਤ ਤੇ ਸੀ. ਕੇਂਦਰ ਦੇ ਵਾਇਸਰਾਏ ਦੇ ਥਲੇ ਬ੍ਰਿਟਿਸ਼ ਅਫ਼ਸਰਾਂ ਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਕਿ, ਨਸਲੀ ਵਜ੍ਹਾ ਨਾਲ ਹਕੂਮਤ ਦਾ ਪੂਰਾ ਤਬਾਦਲਾ ਹੋਵੇਗਾ, ਹਾਲਾਂਕਿ ਪੰਜਾਬ ਸਰਕਾਰ ਖਤਰੇ ਦੀ ਇਤਲਾਹ ਦੇ ਰਹੀ ਸੀ ਕਿ, ਪੰਜਾਬ ਦੀ ਤਕਸੀਮ ਹੋਣ ਨਾਲ ਬਹੁਤ ਤਸ਼ੱਦਦ (ਹਿੰਸਾ) ਹੋਵੇਗਾ. ਜਦ ਤਕਸੀਮ ਦੀ ਕਾਰਵਾਈ ਪੂਰੀ ਹੋਈ ਅਣਚਾਹਿਆਂ ਮਜ਼ਬੂਬੀ ਮਾਇਨਾਰਿਟੀਆਂ ਨੂੰ ਦੋਨੋ ਪੰਜਾਬਾਂ ਤੇ ਖ਼ਤਮ ਕੀਤਾ ਜਾ ਚੁਕਿਆ ਸੀ. ਐਦਾਂ ਕਿਉਂ ਹੋਇਆ?

ਇੱਕ ਸ਼ੁਰੁਆਤੀ ਜਵਾਬ ਇਹ ਹੈ ਕਿ ਮਾਰਚ 1947 ਦੇ ਸ਼ੁਰੁ ਤੇ ਉੱਤਰੀ ਪੰਜਾਬ ਦੇ ਜ਼ਿਆਦਾਤਰ ਸਿੱਖਾਂ ਦੀ ਆਬਾਦੀ ਵਾਲੇ ਪਿੰਡਾ ਤੇ, ਹਥਿਆਰਲੈਸ ਮੁਸਲਿਮ ਭੀੜ ਦੇ ਵਡੇ ਪੈਮਾਨੇ ਦੇ ਹਮਲੇ ਨੇ, ਇਣ ਦੋ ਫ਼ਿਰਕੇਆਂ ਦੇ ਦਰਮਿਆਨ ਰਿਸ਼ਤੇ ਕਾਫ਼ੀ ਵਿਗਾੜ ਤੇ, ਹੋਰ ਬਾਅਦ ਵਿੱਚ ਉਣ ਰਿਸ਼ਤੇਆਂ ਨੂੰ ਬਿਹਤਰ ਕਰਣ ਦੀ ਪਹਿਲ ਨਾਕਾਮਯਾਬ ਰਹੀ; ਬਲਕਿ ਹਿੰਦੂ ਅਤੇ ਸਿੱਖ ਇੱਕ ਦੂਜੇ ਦੇ ਹੋਰ ਕਰੀਬ ਹੋ ਗਏ. ਇਸੇ ਤਰ੍ਹਾਂ ਪੰਜਾਬ ਨੂੰ ਇਕੱਠਾ ਰੱਖਣ ਦੇ ਮੰਜ਼ਰ ਦੀ ਤਬਾਹੀ ਹੋ ਗਈ.

ਇਹ ਮੁਤਾਲਿਆ ਪੰਜਾਬ ਦੀ ਤਕਸੀਮ ਦੇ ਇਲਮ ਦੀ ਹੱਦ ਨੂੰ ਅੱਗੇ ਵਧਾਉਣ ਲਈ, ਇਸ ਨੂੰ ਇੱਕ ਪ੍ਰੋਸੇਸ (ਪ੍ਰਕ੍ਰਿਆ) ਦੇ ਤੌਰ ਤੇ ਵੇਖਦੀ ਹੈ ਜਿਸ ਦਾ ਇੱਕ ਆਘਾਜ਼ ਅਤੇ ਇੱਕ ਅੰਜ਼ਾਮ ਹੁੰਦਾ ਹੈ. ਇਸ ਦੇ ਵਿੱਚ ਜੋ ਕੌਮਪਰਸਤੀ ਦੇ ਮੁਕਾਬਲੇਆਂ ਅਤੇ ਜ਼ਮੀਨੀ ਦਾਅਵੇਆਂ ਦੀ ਕਸ਼ਮਕਸ ਦੇ ਮੱ◌ੱਦੇ ਨਜ਼ਰ ਲੀਤੀ ਗਈਆਂ ਕਾਰਵਾਈਆਂ ਅਤੇ ਜਵਾਬੀ ਕਾਰਵਾਈਆਂ ਮੌਜੁਦ ਨੇ, ਜਿਸ ਨੇ ਚਾਹੇ ਹੋਰ ਅਣਚਾਹੇ ਨਤੀਜੇ ਦਿੱਤੇ. ਮਾਰਚ 1947 ਤੇ ਸ਼ੁਰੁ ਹੋਏ ਤੱਸ਼ਦੁਦ ਨੇ ਫ਼ਿਰਕੇਆਂ ਦੇ ਵਿੱਚ ਬੇਗਾਨਗੀ ਦਾ ਇਹਸਾਸ ਪੈਦਾ ਕਰ ਦਿੱਤਾ. ਇਸ ਨੇ ਲੋਕਾਂ ਨੂੰ ਗੈਰਮਹਿਫ਼ੂਜ਼ ਤੋਂ ਮਹਿਫ਼ੂਜ਼ ਜਗ੍ਹ ਤੇ ਹਿਜਰਤ ਲਈ ਮਜਬੂਰ ਕੀਤਾ. ਲੋਕਾਂ ਦਾ ਇਸ ਤਰੀਕੇ ਨਾਲ ਚਲੇ ਜਾਣਾ, ਆਉਣ ਵਾਲੇ ਹਫ਼ਤੇਆਂ ਅਤੇ ਮਹੀਨੇਆਂ ਤੇ, ਹੋਰ ਤੇਜ ਅਤੇ ਕਈ ਗੁਣਾ ਹੋ ਗਿਆ. ਇਸ ਦਾ ਆਖ਼ਰੀ ਨਤੀਜਾ ਦੋਨੋ ਪੰਜਾਬਾਂ ਦੀ ਨਸਲੀ ਸ਼ੁਧੀਕਰਨ ਦੇ ਤੌਰ ਤੇ ਹੋਇਆ.

ਫੋਰਸਡ ਮਾਇਗ੍ਰੇਸ਼ਨ (ਜ਼ਬਰਨ ਕਰਵਾਈ ਹਿਜ਼ਰਤ/ਪਰਵਾਸ)

ਬਹੁਤ ਪੁਰਾਣੇ ਵਕਤ ਤੋਂ ਲੈ ਕੇ ਅੱਜ ਤੱਕ ਮੁਖ਼ਤਲਿਫ਼ ਇਲਾਕਿਆਂ, ਮੁਲਕਾਂ, ਮਹਾਦੇਸ਼ਾਂ ਵਿੱਚ ਇੰਸਾਨੀ ਲੋਕਾਂ, ਸਮੂਹਾਂ, ਕੌਮਾਂ ਹੋਰ ਪੂਰੇ ਸਮਾਜ ਤੱਕ ਦੀ ਹਿਜ਼ਰਤ ਹੁੰਦੀ ਰਹੀ ਹੈ. ਖਾਣੇ ਦੀ ਤਲਾਸ਼, ਇਲਾਕਾ ਫਤਹਿ ਕਰਣ ਦੀ ਚਾਹਤ, ਮੁਫ਼ਲਿਸੀ ਅਤੇ ਜ਼ੁਲਮ ਤੋਂ ਬਚਣ ਲਈ, ਅਤੇ ਹੋਰ ਦੂਜੀ ਵਜ੍ਹਾਂ ਕਰ ਕੇ ਇੰਸਾਨੀ ਪਰਵਾਸ ਹੋਇਆ ਹੈ. ਆਪਣੀ ਮਰਜ਼ੀ ਹੋਰ ਜ਼ਬਰਨ ਕੀਤੇ ਪਰਵਾਸ ਵਿੱਚ ਫ਼ਰਕ ਕਰਣਾ ਜ਼ਰੂਰੀ ਹੈ, ਹਾਲਾਂਕਿ ਇਸ ਨੂੰ ਸਾਬਤ ਕਰਨਾ ਬੜਾ ਮੁਸ਼ਕਲ ਹੈ ਕਿ ਕਿਸੇ ਪਰਵਾਸ ਦੇ ਪਿੱਛੇ ਤਾਕਤ ਦਾ ਇਸਤੇਮਾਲ ਹੋਇਆ ਜਾਂ ਉਹ ਕਿਸੇ ਨਿੱਜੀ ਫ਼ੈਸਲੇ ਦਾ ਨਤੀਜਾ ਸੀ. ਆਮ ਤੌਰ ਤੇ, ਉਸ ਜਗ੍ਹ ਜਿੱਥੇ ਇੱਕ ਇੰਸਾਨ ਦੀ ਪੈਦਾਇਸ਼ ਹੁੰਦੀ ਹੈ ਹੋਰ ਉਹ ਵੱਡਾ ਹੁੰਦਾ ਹੈ, ਉਸ ਜਗ੍ਹ ਨੂੰ ਹਮੇਸ਼ਾ ਲਈ ਛੱਡਣ ਦਾ ਫੈਸਲਾ, ਭਾਵੇਂ ਆਪਣੀ ਮਰਜੀ ਨਾਲ ਕੀਤਾ ਹੋਵੇ, ਜਜ਼ਬਾਤੀ ਤੌਰ ਤੇ ਉਸ ਇਨਸਾਨ ਨੂੰ ਝਕਝੋਰ ਕੇ ਰੱਖ ਦੇਂਦਾ ਹੈ. ਅੱਜ ਦੇ ਦਿਨਾਂ ਦੇ, ਪੱਛਮੀ ਇੰਡਸਟ੍ਰਿਅਲਾਇਜ਼ਡ(ਉਦਯੋਗ ਵਾਲੇ) ਸ਼ਹਿਰਾਂ ਵਾਸਤੇ ਇਹ ਗੱਲ ਠੀਕ ਨਹੀਂ ਬੈਠ ਸਕਦੀ ਹੈ, ਜਿੱਥੇ ਲੋਕ ਬਹੁਤ ਜ਼ਿਆਦਾ ਘੂਮਦੇ ਰਹਿੰਦੇ ਨੇ ਲੇਕਿਨ ਬਰਾਦਰੀ ਦੀ ਮਜਬੂਤੀ ਦਾ ਜਜ਼ਬਾ ਹੁਣ ਵੀ ਖ਼ਤਮ ਨਹੀਂ ਹੋਇਆ ਹੈ. ਇਤਿਹਾਸਕ ਤੌਰ ਤੇ, ਉਹ ਬੰਜਾਰੇ ਜੋ ਇੱਕ ਜਗ੍ਹ ਨਹੀਂ ਵਸੇ ਉਹ ਵੀ ਜਾਣੀ ਪਛਾਣੀ ਜਗ੍ਹਾਂ ਤੇ ਘੂਮਦੇ ਸੀ,

ਅਤੇ ਉਥੇ ਸਾਲ ਦੇ ਇੱਕ ਖਾਸ ਵਕਤ ਤੇ, ਆਉਂਦੇ ਜਾਂਦੇ ਸੀ. ਉਹ ਜਿਸ ਆਪਣੀ ਕੁਦਰਤੀ ਜਗ੍ਹ ਵਿੱਚ ਰਹਿਦੇਂ ਅਤੇ ਘੂਮਦੇ ਸਨ, ਉਥੋਂ ਉਨ੍ਹਾਂ ਨੂੰ ਹਟਾਉਣ ਦੀ ਉਹ ਮੁਖ਼ਾਲਫ਼ਤ ਕਰਦੇ ਸੀ. ਇਹ ਜਜ਼ਬਾਤ ਹੁਣ ਵੀ ਕਾਇਮ ਹੈ ਹੋਰ ਸ਼ਾਇਦ ਹੋਰ ਮਜਬੂਤ ਹੋਇਆ ਹੈ, ਕਿਉਕਿ ਖੇਤਰੀ ਮੁਲਕ ਅਤੇ ਹਾਲ ਤੇ ਇਜਾਦ ਕੀਤੀ ਇਨਸਾਨੀ ਚੀਜਾਂ, ਉਨ੍ਹਾਂ ਦੀ ਆਜ਼ਾਦੀ ਨਾਲ ਘੁਮਣ ਦੀ ਫ਼ਿਤਰਤ ਤੇ ਰੋਕ ਲਗਾਂਦੀਆਂ ਨੇ.

ਖੇਤੀ-ਬਾੜੀ ਕਰਣ ਵਾਲੇ ਸਮਾਜ, ਜਿਸ ਦੀ ਮਿਸਾਲ 1947 ਦੀ ਤਕਸੀਮ ਦੇ ਵਕਤ ਦੇ ਪੰਜਾਬ ਨੂੰ ਅਸੀਂ ਦੇ ਸਕਦੇ ਹਾਂ, ਉਸ ਵਿੱਚ ਲੋਕਾਂ ਦੀ ਆਵਾਜਾਵੀ ਘੱਟ ਹੁੰਦੀ ਸੀ. ਜ਼ਿਆਦਾਤਰ ਲੋਕ ਆਪਣੀ ਜ਼ਿੰਦਗੀ ਇੱਕ ਦਿਹਾਤੀ ਸਮੂਹ ਵਿੱਚ ਗੂਜਾਰਦੇ ਹੋਏ ਆਪਣੇ ਪਿੰਡ ਅਤੇ ਬਰਾਦਰੀ ਦੇ ਨਾਲ ਆਪਣੀ ਪਛਾਣ ਬਣਾਂਦੇ ਸਨ. ਇਹ ਰਿਸ਼ਤਾ ਹੀ ਉਨ੍ਹਾਂ ਦੀ ਸੋਚ ਅਤੇ ਹੱਲ-ਚੱਲ ਦਾ ਦਾਇਰਾ ਸੀ. ਦੇਸ਼ੀ ਜਾਂ ਆਪਣੇ ਪਿੰਡ ਦੀ ਚੀਜਾਂ ਨਾਲ ਰਿਸ਼ਤੇ ਵਿੱਚ ਜੈਦਾਂ ਕਿ ਇੱਕ ਜਾਨ ਭਰੀ ਹੁੰਦੀ ਸੀ, ਅਤੇ ਖ਼ਾਸ ਕਰ ਕੇ ਜਮਂੀਂਦਾਰ ਜਾਤਾਂ ਵਾਸਤੇ ਇਹ ਰਿਸ਼ਤਾ ਉਨ੍ਹਾਂ ਦੀ ਪਛਾਣ ਦਾ ਅਟੁੱਟ ਹਿੱਸਾ ਸੀ. 1947 ਦੇ ਪੰਜਾਬ ਦੇ ਛੋਟੇ-ਵੱਡੇ ਸ਼ਹਿਰਾਂ ਵਿੱਚ ਹਾਲਾਤ ਜ਼ਿਆਦਾ ਮੁਖ਼ਤਲਿਫ਼ ਨਹੀਂ ਸਨ. ਹਾਲਾਂਕਿ ਅਲਗ ਅਲਗ ਜ਼ਿਲ੍ਹਾਂ ਤੋਂ ਪੰਜਾਬੀ ਬ੍ਰਿਟਿਸ਼ ਇੰਡਿਅਨ ਫ਼ੌਜ ਵਿੱਚ ਫਰਤੀ ਹੋਏ ਅਤੇ ਮਹਾਦੀਪ ਦੀ ਵੱਖ ਵੱਖ ਜਗ੍ਹਾਂ ਤੇ ਸੇਵਾ ਕੀਤੀ, ਹੋਰ ਕਈ ਤੇ ਵਿਦੇਸ਼ਾਂ ਵਿੱਚ ਵੀ ਵਸ ਗਏ; ਮਗਰ ਉਨ੍ਹਾਂ ਦਾ ਆਪਣੇ ਪੂਸ਼ਤੈਨੀ ਘਰਾਂ ਨਾਲ ਨਾਤਾ ਨਹੀਂ ਟੁੱਟਿਆ. ਇਸ ਕਰ ਕੇ ਤਕਸੀਮ ਦੇ ਵਕਤ ਜਦ ਲੋਕਾਂ ਨੂੰ ਆਪਣਾ ਘਰ-ਬਾਰ ਛੱਡ ਕੇ ਹਮੇਸ਼ਾ ਲਈ ਜਾਣਾ ਪਇਆ, ਉਨ੍ਹਾਂ ਦਾ ਦਿਲ ਟੁੱਟ ਗਿਆ. ਮੇਰੇ ਲੀਤੇ ਇੰਟਰਵਿਊਆਂ ਤੋਂ ਇਹ ਗਲ ਖੁਲ੍ਹ ਕੇ ਸਾਹਮਣੇ ਆਉਂਦੀ ਹੈ; ਜ਼ਿਆਦਾਤਰ ਲੋਕ ਉਸ ਘਰ ਜਾਂ ਜਗ੍ਹ ਜਿੱਥੇ ਉਨ੍ਹਾਂ ਦਾ ਜਨਮ ਹੋਇਆ, ਨਾਲ ਆਪਣੀ ਪਛਾਣ ਬਣਾਉਂਦੇ ਸੀ ਜਿਸ ਨੂੰ ਉਨ੍ਹਾਂ ਦੇ ਪਰਵਾਰ ਨੇ ਬੜੀ ਹੀ ਮੂਸ਼ਕੱਤ ਅਤੇ ਕੁਰਬਾਨੀ ਨਾਲ ਬਣਾਇਆ ਸੀ. ਗਰੀਬਾਂ ਦਾ ਵੀ ਆਪਣੇ ਪੂਸਤੈਨੀ ਮੱਹਲੇ ਨਾਲ, ਇੱਨੇ ਸਾਲਾਂ ਬਾਅਦ ਵੀ ਕਾਫ਼ੀ ਲਗਾਉ ਕਾਇਮ ਰਿਹਾ. ਇੰਟਰਵਿਊ ਦੇਣ ਵਾਲੇ ਕਈ ਲੋਕ ਆਪਣੇ ਉਜੜੇ ਘਰਾਂ ਦੇ ਬਾਰੇ ਗੱਲਾਂ ਕਰਦੇ ਰੋਣ ਲਗਦੇ ਸੀ.

ਏਥਨਿਕ ਕਲਿਨਸਿੰਗ (ਨਸਲੀ ਸਫਾਈ)

ਨਸਲੀ ਸਫਾਈ, ਕਿਸੇ ਆਬਾਦੀ ਦੇ ਜ਼ਬਰਣ ਤਬਾਦਲੇ ਦੀ ਮਿਸਾਲ ਹੈ; ਫਰਕ ਸਿਰਫ਼ ਇੱਨਾ ਹੈ ਕਿ ਇਹ ਥੋੜੀ ਖ਼ਾਸ ਹੈ. ਇਸ ਦਾ ਆਘਾਜ਼ ਇਹ ਫਿਕਰ ਨਾਲ ਹੁੰਦਾ ਹੈ ਕਿ, ਫ਼ਰਜ਼ ਕੀਤੇ ਹੋਏ ਸਿਰਫ਼ ਆਪਣੇ ਵੱਖਰੇ ਵਤਨ ਨੂੰ ਪਾਕ ਕਰਣ ਲਈ, ਦੂਜੇ ਲੋਕਾਂ ਜਾਂ ਮਜ਼ੂਬੀ ਜਾਂ ਪਰਦੇਸੀ ਕੌਮਾਂ ਨੂੰ ਖਦੇੜਨਾ ਹੈ. ਇਸੇ ਤਰ੍ਹਾਂ ਦੀ ਚਾਹਤ ਦੀ ਤਹਿ ਤੇ ਮੁਖ਼ਾਲਫ਼ਤੀ ਨਸਲਾਂ ਦਾ ਮਸਲਾ ਹੈ. ਇੱਕ ਤਰਫ਼ ਨਸਲੀ ਸਮੂਹ ਉਣ ਲੋਕਾਂ ਦਾ ਸਮੂਹ ਹੈ ਜਿਨ੍ਹਾਂ ਦੀ ਤਹਿਜ਼ੀਬ ਇੱਕ ਹੈ, ਤੇ ਦੂਜੀ ਤਰਫ਼ ਏਥਨਿਸੀਟੀ (ਜਾਤ) ਇੱਕ ਮਜ਼ੂਬ, ਤਬਕੇ ਜਾਂ ਜ਼ਬਾਨ ਤੋਂ ਆਉਣ ਵਾਲੇ ਕਾਫ਼ੀ ਢੂੰਘੇ ਇਹਸਾਸ ਅਤੇ ਜਜ਼ਬਾਤ ਦਾ ਇੱਕ ਆਮ ਵੇਰਵਾ ਹੈ (ਅਹਿਮਦ, 1998: 26). ਇਹ ਅਸਲੀ ਨਾਇੰਸਾਫ਼ੀ ਜਾਂ ਮਹਿਸੂਸ ਕੀਤੀ ਨਾਇੰਸਾਫ਼ੀ ਹੋਰ ਵਖਰੇਵਾਂ ਦਾ ਇੱਕ ਅੰਦਰੂਨੀ ਇਹਸਾਸ ਹੈ. ਨਸਲੀ ਸਫਾਈ ਵੀ ਇੱਕ ਆਮ ਵੇਰਵਾ ਹੈ ਜਾਂ ਇੱਕ ਵਿਆਪਕ ਸੋਚ ਹੈ, ਜੋ ਨਾ ਸਿਰਫ਼ ਨਸਲੀ ਵਜ੍ਹਾ ਕਰ ਕੇ, ਬਲਕਿ ਮਜ਼ੂਬੀ, ਮਜ਼ੂਬੀ ਤਬਕੇ, ਜ਼ਬਾਨ ਦੀ ਵਜ੍ਹਾ ਜਾਂ ਇਸ ਨਾਲ ਰਲਦੀ ਵਜ੍ਹਾ ਦੇ ਚਲਦਿਆਂ ਆਬਾਦੀ ਦੇ ਇੱਕ ਹਿੱਸੇ ਨੂੰ ਹਟਾਉਣ ਦਾ ਕੱਮ ਕਰਦੀ ਹੈ. ਪੰਜਾਬ ਦੇ ਮਾਮਲੇ ਤੇ ਇਹ ਸਫਾਈ ਮਜ਼ੂਬ ਦੇ ਚਲਦਿਆਂ ਹੋਈ, ਕਿਉਂਕਿ

ਜ਼ਿਆਦਾਤਰ ਲੋਕ ਇੱਕ ਮੁਖ਼ਤਲਿਫ਼ ਮਗਰ ਕਾਫ਼ੀ ਮਿੱਲੇ ਜੁੱਲੇ ਨਸਲੀ ਮੂਲ ਦੇ ਸੀ. ਦੂਜੇ ਲਫ਼ਜ਼ਾਂ ਵਿੱਚ, ਮਜ਼ੂਬ ਹੀ ਇੱਕ ਜਾਤੀ ਮਸਲਾ ਬਣ ਕੇ ਰਹਿ ਗਿਆ ਹੋਰ ਇੱਕ ਕਾਲਪਨਿਕ ਪਾਕ ਮੁਲਕ ਬਣਾਉਣ ਲਈ ਇਸ ਦੀ ਸਫਾਈ ਕਰਣੀ ਲਾਜ਼ਮੀ ਸੀ.

ਐਨਡਰੀਉ ਬੇਲ-ਫਿਅਲਕੱਫ (1999) ਨੇ ਆਪਣੀ ਕਿਤਾਬ ਦਾ ਸਿਰਲੇਖ ਏਥਨਿਕ ਕਲਿੰਸਿੰਗ ਦਿੱਤਾ ਹੈ ਮਗਰ ਆਪਣੇ ਇਸ ਮੁੱਦੇ ਤੇ ਚਰਚਾ ਵਿੱਚ ਉਨ੍ਹਾਂ ਨੇ 'ਪੋਪੁਲੇਸ਼ਨ ਕਲਿੰਸਿੰਗ (ਆਬਾਦੀ ਦੀ ਸਫਾਈ)' ਨੂੰ ਇੱਕ ਆਮ ਬਿਆਨ ਦੇ ਤੌਰ ਤੇ ਇਸਤੇਮਾਲ ਕੀਤਾ ਕਿਉਂਕਿ 'ਏਥਨਿਕ (ਨਸਲੀ)' ਲਫ਼ਜ਼ ਗ਼ਲਤਫ਼ਹਿਮੀ ਪੈਦਾ ਕਰ ਸਕਦਾ ਹੈ. ਉਸ ਨੂੰ ਲਗਦਾ ਹੈ ਕਿ ਆਬਾਦੀ ਦੀ ਸਫਾਈ ਇਤਿਹਾਸ ਤੇ ਬਾਰ ਬਾਰ ਅਤੇ ਨਵੀਂ ਦੁਨੀਆ ਵਿੱਚ ਵੀ ਹੋਈ ਹੈ. ਨੈਵੀਂ ਸਦੀ ਬੀ.ਸੀ. ਤੇ ਐਸੀਰਿਅੰਸ ਨੇ ਅਸੂਰਨਸਿਰਫ਼ਲ 2 (883-859) ਦੀ ਹਕੂਮਤ ਦੇ ਦੌਰਾਨ, 4.5 ਮਿਲੀਅਨ ਲੋਕਾਂ ਨੂੰ ਕਬਜ਼ੇ ਤੇ ਲਾਉਣ ਤੋਂ ਬਾਅਦ ਦੁਬਾਰਾ ਵਸਾਇਆ. ਯਕੀਨਨ, ਲਗਦਾ ਹੈ ਐਸੀਰਿਅੰਸ ਨੇ ਇੱਕ ਬਹੁਤ ਵੱਡੇ ਪੈਮਾਨੇ ਤੇ ਨਸਲੀ ਸਫਾਈ ਦੀ ਪਾਲਿਸੀ (ਨੀਤੀ) ਜਾਰੀ ਰੱਖੀ. ਇਹ ਦਸਤੂਰ ਬਾਅਦ ਵਿੱਚ ਪ੍ਰਾਚੀਨ ਕਾਲ ਤੇ, ਮੱਧ-ਪੂਰਬ ਦੇ ਕਈ ਸ਼ਾਹੀ ਘਰਾਣੇਆਂ ਨੇ ਜਾਰੀ ਰਿਹਾ. ਉਸ ਵਕਤ ਬਗਾਵਤ ਨੂੰ ਦਬਾਉਣਾ ਹੀ ਸਭ ਤੋਂ ਵਡਾ ਖਿਆਲ ਹੁੰਦਾ ਸੀ (Ibid:7-10). ਮੱਧ ਯੁਗ ਦੇ ਦੌਰਾਨ, ਹਕੂਮਤਾਂ ਨੇ ਪਾਕੀਜ਼ਗੀ (ਪਵਿਤਰਤਾ) ਨੂੰ ਲੈ ਕੇ ਮਜ਼ੂਬੀ ਫ਼ਿਕਰ ਕੀਤਾ ਅਤੇ ਅਕੀਦੇ ਨਾਲ ਜੁੜੀ ਰਹਿਆਂ. ਬਿਗੜੇ ਸਮੂਹਾਂ ਦੀ ਬਗਾਵਤ ਤੋਂ ਬੇਖੌਫ, ਉਨ੍ਹਾਂ ਨੇ ਮਜ਼ੂਬੀ ਸਫਾਈ ਦੇ ਬਹਾਨੇ ਨਸਲੀ ਸਫਾਈ ਕੀਤੀ (Ibid: 11).

ਇਸ ਬਾਰੇ, ਅਸੀ 15ਵੀਂ ਸਦੀ ਦੇ ਆਖੀਰ ਤੇ ਸਪੇਨ ਤੋਂ ਯਹੂਦਿਆਂ ਅਤੇ ਮੁਸਲਮਾਨਾਂ ਨੂੰ ਖਦੇੜਣ ਦਾ ਜ਼ਿਕਰ ਕਰ ਸਕਦੇ ਹਾਂ ਜੋ ਕਿ ਇੱਕ ਜ਼ਬਰਦਸਤ ਇਰਾਦੇ ਅਤੇ ਕੈਥੋਲਿਕ ਚਰਚ ਦੀ ਪਾਕੀਜ਼ਗੀ ਦੇ ਜਨੂਨ ਨਾਲ ਉਕਸਾਈ ਗਈ ਇੱਕ ਮਜ਼ੂਬੀ ਸਫਾਈ ਸੀ (Mann, 2005: 45-48). ਅਸੀਂ ਇਸਲਾਮੀ ਦੁਨੀਆ ਵਿੱਚ ਇਸੀ ਤਰ੍ਹਾਂ ਦੀ ਕੋਸ਼ਿਸ਼ਾਂ ਦੇ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਾਂ. 16ਵੀਂ ਸਦੀ ਦੇ ਸ਼ੁਰੂ ਤੇ ਇਰਾਨ ਤੇ ਸਫਾਵਿਦਾਂ ਦੀ ਹਕੂਮਤ ਬਣੀ ਜਿਨ੍ਹਾਂ ਨੇ ਸ਼ਿਆਇਜਮ ਨੂੰ ਹਕੂਮਤੀ ਮਜ਼ਹਬ ਬਣਾ ਦਿੱਤਾ, ਅਤੇ ਸੁੱਨੀ ਮੇਜਾਰਿਟੀ ਨੂੰ ਮਜ਼ਬੀ ਤਬਦੀਲੀ ਕਰਣ ਲਈ ਜਾਂ ਫ਼ਿਰ ਮੁਲਕ ਛੱਡਨ ਨੂੰ ਕਿਹਾ. ਹਾਲਾਂਕਿ ਜ਼ਿਆਦਾਤਰ ਲੋਕਾਂ ਨੇ ਸ਼ਿਆਇਜਮ ਨੂੰ ਕਬੂਲ ਕਰ ਲੀਤਾ ਮਗਰ ਪੜੋਸੀ ਅਫ਼ਗਾਨਿਸਤਾਨ ਅਤੇ ਭਾਰਤੀ ਉਪ ਮਹਾਦੀਪ ਦੀ ਤਰਫ਼ ਇੱਕ ਵੱਡੀ ਤਦਾਦ ਤੇ ਲੋਕਾਂ ਦੀ ਕੂਚ ਹੋਈ. ਸਲਾਦੀਨ ਦੀ ਹਕੂਮਤ ਦੇ ਵਕਤ ਮਿਸਰ ਅਤੇ ਉੱਤਰੀ ਅਫ਼ਰੀਕਾ ਤੇ ਖੁਦ ਸ਼ਿਆ ਵੀ ਘੁਲਣ ਨੂੰ ਮਜਬੂਰ ਹੋਐ.

ਬੇਲ-ਫਿਅਲਕੱਫ ਇਸ ਗੱਲ ਤੇ ਜੋਰ ਦੇਂਦੇ ਨੇ ਕਿ ਕਿਸੇ ਆਬਾਦੀ ਦੇ ਜ਼ਬਰਨ ਹਿਜਰਤ (ਪਰਵਾਸ) ਨੂੰ ਤਦ ਸਫਾਈ ਕਿਹਾ ਜਾਵੇਗਾ, ਜਦ ਆਬਾਦੀ ਦੀ ਇਸ ਦੇ ਇਲਾਵਾ ਕੁੱਝ ਖ਼ਾਸ ਖ਼ਾਸੀਅਤਾਂ ਹੋਣ, ਜੋ ਇਸ ਨੂੰ ਅਣਚਾਹਾ ਬਣਾਵੇ. ਉਹ ਆਬਾਦੀ ਦੀ ਸਫਾਈ ਬਾਰੇ ਇੱਕ ਜ਼ਿਆਦਾ ਨਿਰਪੱਖ ਖ਼ਿਆਲ ਰੱਖਦੇ ਨੇ ਅਤੇ ਇਸ ਦਾ ਇਸਤੇਮਾਲ ਕਿਸੇ ਜਗ੍ਹ ਤੋਂ ਲੋਕਾਂ ਦੇ ਸਮੂਹ ਦੀ ਕਿਸੇ ਕਿਸਮ ਦੀ ਜ਼ਬਰਨ ਕੂਚ ਵਾਸਤੇ ਕਰਦੇ ਨੇ. ਉਹ ਏਥਨਿਕ ਕਲਿਨਸਿੰਗ (ਨਸਲੀ ਸਫਾਈ) ਨੂੰ ਹਾਸਲ ਕਰਣ ਲਈ ਕਿਸੇ ਤਾਕਤ ਦੇ ਇਸਤੇਮਾਲ ਨੂੰ ਜ਼ਰੂਰੀ ਨਹੀਂ ਸਮਝਦੇ ਨੇ, ਹੋਰ ਸਲਾਹ ਦੇਂਦੇ ਨੇ ਕਿ ਅਗਰ ਕਿਸੇ ਜਗ੍ਹ ਤੇ ਦੋ ਜਾਂ ਦੋ ਤੋਂ ਜ਼ਿਆਦਾ ਸਮੂਹ ਆਪਸ ਵਿੱਚ ਅਮਨ ਦੇ ਨਾਲ ਨਹੀਂ ਰਹ ਸਕਦੇ ਨੇ, ਉਨ੍ਹਾਂ ਨੂੰ ਹਟਾਉਣ ਲਈ (ਕਿਸ ਨੂੰ ਅਤੇ ਕਿਸ ਆਧਾਰ ਤੇ ਉਹ ਨਹੀਂ

ਦੱਸਦੇ ਨੇ) ਕੋਈ ਫਾਰਮੂਲਾ ਇਜ਼ਾਦ ਕਰਨਾ ਚਾਹੀਦਾ ਹੈ. ਉਨ੍ਹਾਂ ਦੀ ਦਲੀਲ ਦਾ ਸਾਰ ਇਹ ਹੈ ਕਿ ਲੋਕਾਂ ਦੀ ਕਿਸੇ ਜਗ੍ਹ ਤੋਂ ਸਫਾਈ ਹਕੂਮਤ ਅਤੇ ਉਸ ਦੇ ਕੱਮ ਕਰਣ ਵਾਲਿਆਂ ਦੀ ਕਾਰਵਾਈ ਨਾਲ ਹੀ ਹੁੰਦੀ ਹੈ. ਉਹ ਲਿਖਦੇ ਹਨ:

> ਆਬਾਦੀ ਦੀ ਸਫਾਈ ਕਿਸੇ ਜਗ੍ਹ ਤੋਂ ਇੱਕ ਜਾਂ ਜ਼ਿਆਦਾ ਕੁੱਝ ਖ਼ਾਸੀਅਤ ਜਿਸ ਤਰ੍ਹਾਂ ਨਸਲ, ਮਜ਼੍ਹਬ, ਜਾਤ, ਵਰਗਾ ਜਾਂ ਸੇਕਸੁਅਲ ਪਸੰਦ ਕਰ ਕੇ ਅਣਚਾਹੀ ਆਬਾਦੀ ਨੂੰ ਹਟਾਉਣ ਦੀ ਇੱਕ ਸੋਚੀ ਸਮਝੀ, ਜਾਨ ਬੂਝ ਕੇ ਕੀਤੀ ਕਾਰਵਾਈ ਹੈ. ਇਣ ਖ਼ਾਸੀਅਤਾਂ ਦੇ ਚਲਦਿਆਂ ਆਬਾਦੀ ਹਟਾਉਣ ਨੂੰ ਅਸੀ ਸਫਾਈ ਕਹਿ ਸਕਦੇ ਹਾਂ.

ਏਥਨਿਕ ਕਲਿੰਸਿੰਗ (ਨਸਲੀ ਸਫਾਈ) ਦੇ ਉਪਰ ਆਪਣੇ ਇੱਕ ਅਹਿਮ ਕੱਮ ਵਿੱਚ ਮਾਇੱਕਲ ਮੈਨ (2005) ਇਸ ਗੱਲ ਤੇ ਜੋਰ ਪਾਉਂਦੇ ਨੇ ਕਿ ਨਵੇਂ ਜ਼ਮਾਨੇ ਤੇ ਨਸਲੀ ਸਫਾਈ 'ਜਮਹੂਰਿਅਤ ਦੇ ਕਾਲੇਪਨ' ਦੀ ਤਰਫ਼ ਇਸ਼ਾਰਾ ਕਰਦੀ ਹੈ. ਇਹ ਊਥੇ ਹੁੰਦੀ ਹੈ ਜਿੱਥੇ ਸਮਾਜਿਕ ਤਹਾਂ ਦਰਜਾਬੰਦੀ ਦੇ ਬਜਾਏ, ਨਸਲਵਾਦ ਨਾਲ ਹੋ ਜਾਂਦੀਆਂ ਨੇ, ਹੋਰ ਕਲਾਸ ਵਰਗੇ ਜਜ਼ਬਾਤ ਨਸਲੀ ਨੈਸ਼ਨਲਿਸਮ (ਰਾਸ਼ਟਰਵਾਦ) ਨੂੰ ਵਧਾਵਾ ਦੇਂਦੇ ਨੇ. ਇਹ ਇੱਕ ਮਜਾਰਿਟੀ ਵਾਲੀ ਹਕੂਮਤ ਦੇ ਖ਼ਿਆਲ ਦਾ ਅੰਜਾਮ ਹੈ. ਜਾਂ ਫ਼ਿਰ ਲੋਕਾਂ ਦੀ ਤਾਕਤ ਨੂੰ ਹੀ ਨਸਲੀ ਸਮੂਹ ਦੀ ਤਾਕਤ ਸਮਝਣ ਦੀ ਗਲਤੀ ਦਾ ਨਤੀਜਾ ਹੈ. ਜਦ ਦੋ ਜਾਂ ਜ਼ਿਆਦਾ ਸਮੂਹ ਉਸੇ ਹੀ ਇਲਾਕੇ ਤੇ ਆਪਣਾ ਹਕ ਜਤਾਉਂਦੇ ਨੇ ਹੋਰ ਉਸ ਦੇ ਉਪਰ ਇਕੱਲਾ ਰਾਜ ਬਹਾਲ ਕਰਣ ਦੀ ਕੋਸ਼ਿਸ਼ ਕਰਦੇ ਨੇ, ਨਤੀਜਾ ਹੁੰਦਾ ਹੈ ਇੱਕ ਖ਼ੂਨੀ ਨਸਲੀ ਸਫਾਈ. ਇਸੇ ਤਰ੍ਹਾਂ ਜਮਹੂਰਿਅਤ ਇੱਕ ਨਸਲੀ ਸ਼ਕਲ ਅਖਤਿਆਰ ਕਰਦੀ ਹੈ ਹੋਰ ਕਮਜੋਰ ਸਮੂਹ ਹਾਰ ਸਵੀਕਾਰ ਕਰ ਲੈਂਦਾ ਹੈ, ਨਹੀਂ ਤੇ ਸਾਰੇ ਕਤਲ ਹੋ ਜਾਂਦੇ ਨੇ. ਮੈਨ ਦਾ ਇਹ ਜਾਇਜ਼ਾ ਵਜਨਦਾਰ ਹੈ. ਲੇਕਿਨ, ਆਪਣੀ ਕਿਤਾਬ ਦੇ ਕਨਸੇਪਚੁਅਲ ਫਰੇਮਵਰਕ (ਧਾਰਨਾ ਦਾ ਢਾਂਚਾ) ਵਿੱਚ ਉਹ ਏਥਨਿਸਿਟੀ (ਇੱਕ ਸਮੂਹ ਜੋ ਆਪਣੇ ਆਪ ਨੂੰ, ਖੁਦ ਜਾਂ ਦੂਜਿਆਂ ਦੇ ਕਹਿਣ ਵਾਲਾ ਇੱਕ ਆਮ ਤਹਿਜੀਬ ਅਤੇ ਨਸਲ ਦਾ ਮੱਨਦੇ ਨੇ), ਐਥਨੋਸਾਇਡ (ਲੋਕਾਂ ਦੀ ਤਹਿਜੀਬ ਦੀ ਬਰਬਾਦੀ), ਜੇਨੋਸਾਇਡ (ਮਜਾਰਿਟੀ ਦਾ ਮਾਇਨਾਰਟੀ ਨੂੰ ਜਾਨਬੁਝ ਕੇ ਮਾਰਨਾ) ਅਤੇ ਏਥਨਿਕ ਕਲਿੰਸ਼ਿੰਗ ਦੇ ਫਰਕ ਉਪਰ ਰੌਸ਼ਨੀ ਪਾਉਂਦੇ ਨੇ.

ਮੈਨ ਜੇਨੋਸਾਇਡ (ਨਸਲਕੁਸ਼ੀ) ਅਤੇ ਏਥਨਿਕ ਕਲਿੰਸ਼ਿੰਗ (ਨਸਲੀ ਸਫਾਈ) ਨੂੰ ਇੱਕ ਵਰਗੀ ਵਿਆਖਿਆ ਦੇਂਦੇ ਨੇ, ਖਾਸ ਕਰ ਕੇ ਅਗਰ ਨਸਲੀ ਸਫਾਈ ਇੱਕ ਖੁਨੀ ਰੁਪ ਲੈ ਲੈਂਦੀ ਹੈ (Ibid: 10-18). ਹਕੀਕਤ ਇਹ ਹੈ ਕਿ ਠੇਸ ਹਾਲਾਤ ਵਿੱਚ ਨਸਲਕੁਸ਼ੀ ਅਤੇ ਨਸਲੀ ਸਫਾਈ ਦੇ ਦਰਮਿਆਨ ਫਰਕ ਕਰਨਾ ਮੁਸ਼ਕਲ ਹੈ. ਅਸੀ ਇਸੀ ਮਸਲੇ ਉਪਰ ਵਿਚਾਰ ਕਰਾਂਗੇ.

ਇਹ ਗੌਰਤਲਬ ਹੈ ਕਿ ਜਦੋਂ ਤੋਂ 19ਵੀਂ ਸਦੀ ਵਿੱਚ ਆਲਮੀ ਤੌਰ ਤੇ ਕੌਮੀਵਾਦ ਦਾ ਇਜਾਫ਼ਾ ਹੋਇਆ ਹੈ, ਨਸਲੀ ਸਫਾਈ ਅਕਸਰ ਅਲਟ੍ਰਾ-ਨੈਸ਼ਨਲੀਸਟ (ਕੌਮਪਰਸਤ ਕੱਟੜਵਾਦੀ) ਪਾਰਟੀ ਜਾਂ ਤੇਹਰੀਕ ਦੀ ਜਬਰਦਸਤੀ ਦਾ ਅੰਜ਼ਾਮ ਬਣੀ ਹੈ. ਇਸ ਦਾ ਮਕਸਦ ਕੌਮ ਅਤੇ ਸਰਕਾਰ ਵਿੱਚ ਇਕਰੂਪਤਾ ਕਰਾਉਣੀ ਹੈ. ਜ਼ਿਆਦਾਤਰ ਰਿਸਰਚਰ (ਸ਼ੋਧਕਰਤਾ) ਇਸ ਗੱਲ ਉਪਰ ਜੋਰ ਦੇਂਦੇ ਨੇ ਕਿ ਨਸਲੀ ਸਫਾਈ, ਬਗੈਰ ਸਰਕਾਰੀ ਕਾਰਜਕਰਤਾਵਾਂ ਦੇ ਮੁਮਕਿਨ ਨਹੀਂ ਹੈ, ਜੋ ਆਪਣੀ ਤਾਕਤ ਅਤੇ ਇਖ਼ਤਿਆਰ ਦਾ ਗਲਤ ਇਸਤੇਮਾਲ ਕਰ ਕੇ, ਉਣ ਲੋਕਾਂ ਨੂੰ ਕੱਢਣਾ ਚਾਹੁੰਦੇ ਨੇ ਜਿਨ੍ਹਾਂ ਨੂੰ ਉਨ੍ਹਾਂ ਦੇ ਜਾਤ, ਮਜ਼੍ਹਬ, ਮਜ਼੍ਹਬੀ ਤਬਕਾ ਜਾਂ ਜਬਾਨ ਲਈ ਪਰਦੇਸੀ ਹੋਰ ਅਣਚਾਹਾ ਸ਼ਮਝਿਆ ਜਾਂਦਾ ਹੈ (Naimark, 2001). ਅਮਰੀਕੀ ਅਖਬਾਰਨਵੀਸ ਰਾਇ

ਗੱਟਮੈਨ (1993) ਲਿਖਦੇ ਨੇ ਕਿ ਸਰਬਿਆ ਦੇ ਅਲਟ੍ਰਾ-ਨੈਸ਼ਨਲਿਸਟ (ਕੈਮਪਰਸਤ ਕੱਟੜਵਾਦੀ) ਨੇ ਏਥਨਿਕ ਕਲਿੰਸਿੰਗ (ਨਸਲੀ ਸਫਾਈ) ਲਫ਼ਜ਼ਾਂ ਦਾ ਇਜਾਦ ਕੀਤਾ ਜਿਸ ਦਾ ਮਕਸਦ ਇਹ ਗਲਤ ਹਰਕਤਾਂ ਨੂੰ ਛੁਪਾਨਾ ਸੀ: ਬੇਤਰਤੀਬੇ ਕਤਲ, ਇਖਤਿਆਰੀ ਕਤਲ, ਬਾਕਾਇਦਾ ਜ਼ਬਰ ਜ਼ਨਾਹ ਅਤੇ ਕੈਸਟ੍ਰੇਟ (ਨਾਮਰਦ) ਕਰਨਾ ਅਤੇ ਵਡੇ ਪੈਮਾਨੇ ਤੇ ਦੇਸ਼ ਨਿਕਾਲਾ ਜਿਸ ਨੂੰ ਉਨ੍ਹਾਂ ਨੇ ਬੋਸਨਿਆ-ਹਰਜ਼ੇਗੋਵਿਨਾ ਤੇ, ਖਾਸ ਕਰ ਕੇ ਨਾ ਸਿਰਫ਼ ਮੁਸਲਮਾਨਾਂ ਦੇ ਖ਼ਿਲਾਫ਼ ਬਲਕਿ ਕ੍ਰੋਏਟਸ ਦੇ ਖ਼ਿਲਾਫ ਵੀ, 1992-93 ਵਿੱਚ ਕੀਤਾ. ਕੋਈ 200,000-250,000 ਮੁਸਲਮਾਨ ਹਲਾਕ ਹੋ ਗਏ ਅਤੇ ਉਸ ਤੋਂ ਕਈ ਗੁਣਾ ਜ਼ਿਆਦਾ ਆਪਣੀ ਪੂਸ਼ਤੈਨੀ ਜਗ੍ਹ ਤੋਂ ਬੇਘਰ ਹੋਏ. ਹੁਣ ਤੱਕ, ਇਤਿਹਾਸ ਨੂੰ ਲੈ ਕੇ ਵਿਰੋਧੀ ਸੋਚ ਅਤੇ ਅਲਗ ਮਜ਼ਹਬ ਹੋਣ ਦੇ ਬਾਵਜੂਦ, ਅਲਗ ਬਰਾਦਰਿਆਂ ਵਿੱਚ ਵਿਆਹ ਸ਼ਾਦਿਆਂ ਨਾਲ ਅਤੇ ਕਮਿਊਨਿਸਟ ਦੌਰ ਵਿੱਚ ਕੁੱਝ ਆਦਰਸ਼ਵਾਦੀ ਅਤੇ ਸਰਵਦੇਸ਼ੀ ਸੋਚ ਦੇ ਚਲਦਿਆਂ, ਆਪਸੀ ਮੇਲ-ਜੋਲ ਬਣਿਆ. ਸਰਬਿਅਨ ਕੈਮਪਰਸਤ ਕੱਟੜਵਾਦੀਆਂ ਨੇ ਆਪਣੀ ਪੂਰੀ ਤਾਕਤ ਇਸੇ ਤਰ੍ਹਾਂ ਦੇ ਦੋਨਸਲੀਕਰਣ ਦੇ ਹਰ ਇੱਕ ਨਿਸ਼ਾਨ ਨੂੰ ਤਬਾਹ ਕਰਣ ਤੇ ਲਗਾ ਦਿੱਤੀ. ਉਨ੍ਹਾਂ ਦਾ ਇਰਾਦਾ, ਬੇਸ਼ਕ ਤੌਰ ਤੇ, ਸਰਬਾਂ ਦੇ ਪਵਿੱਤਰ (ਪਾਕ) ਮੁਲਕ ਤੋਂ, ਇਸੇ ਤਰ੍ਹਾਂ ਦੇ ਲੋਕਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣਾ ਸੀ (Ibid:XXVII-XXXI).

ਜੈਨੇਸਾਇਡ (ਨਸਲਕੁਸ਼ੀ)

ਜੈਨੇਸਾਇਡ (ਨਸਲਕੁਸ਼ੀ) ਏਥਨਿਕ ਕਲੀਨਸਿੰਗ (ਨਸਲੀ ਸਫਾਈ) ਦੀ ਤਰ੍ਹਾਂ ਹਾਲ ਵਿੱਚ ਇਸਤੇਮਾਲ ਕੀਤਾ ਇੱਕ ਨਵਾਂ ਲਫਜ਼ ਹੈ. ਦਰਅਸਲ ਜੈਨੇਸਾਇਡ (ਨਸਲਕੁਸ਼ੀ) ਦੀ ਪਰਿਭਾਸ਼ਾ ਪੋਲੈਂਡ ਦੇ ਕਾਨੂੰਨਵਿੰਦ ਰੈਫੈਲ ਲੇਮਕਿਨ ਨੇ 1944 ਵਿੱਚ ਕਿਸੇ ਕੌਮ ਜਾਂ ਨਸਲੀ ਸਮੂਹ ਦੀ ਬਰਬਾਦੀ ਦਿੱਤੀ ਸੀ; ਇਸ ਨੂੰ ਨਿਊਰੇਮਬਰਗ ਦੇ ਮੁਕੱਦਮੇ (1945-7) ਦੇ ਦੌਰਾਨ ਕਾਨੂੰਨੀ ਮੰਜ਼ੂਰੀ ਦਿੱਤੀ ਗਈ. ਨਿਊਰੇਮਬਰਗ ਦੇ ਮੁਕੱਦਮੇ ਦਾ ਮਕਸਦ ਉਹ ਨਾਜ਼ਿਆਂ ਨੂੰ ਸਜ਼ਾ ਦੇਣੀ ਸੀ, ਜੋ ਦੂਜੇ ਆਲਮੀ ਜੰਗ ਤੋਂ ਪਹਿਲਾ ਅਤੇ ਦੌਰਾਣ ਗੈਰਫੌਜ਼ੀ ਆਬਾਦੀ, ਜਾਤੀ ਜਾਂ ਨਸਲੀ ਅਲਪਮਤ ਦੇ ਲੋਕਾਂ ਦੇ ਜਨਤਕ ਕਤਲ ਜਾਂ ਦੂਜੇ ਜ਼ੁਲਮਾਂ ਵਿੱਚ ਸ਼ਾਮਲ ਸਨ. ਲੱਗਭਗ ਉਸੀ ਵਕਤ ਦੇ ਦੌਰਾਣ ਚੀਨ, ਪੂਰਬੀ ਅਤੇ ਦੱਖਣ ਪੂਰਬੀ ਏਸ਼ੀਆ ਤੇ ਜਾਪਾਨੀ ਫੌਜ਼ ਦੀਆਂ ਬੇਰਹਿਮ ਜਬਰਦਸਤੀਆਂ ਦੇ ਚਲਦਿਆਂ, ਪ੍ਰੱਮੁਖ ਜਾਪਾਨੀਆਂ ਦੇ ਉਪਰ ਜੰਗ ਤੋਂ ਬਾਅਦ ਮੁੱਕਦਮਾ ਚਲਿਆ ਅਤੇ ਉਨ੍ਹਾਂ ਨੂੰ ਸਜ਼ਾ ਮਿਲੀ. ਇਨਟਰਨੇਸ਼ਨਲ ਲਾ (ਕਾਨੂੰਨ) ਨੇ ਜੈਨੇਸਾਇਡ (ਨਸਲਕੁਸ਼ੀ) ਬਾਰੇ ਮਾਕੂਲ ਕਾਨੂੰਨੀ ਮਾਨਤਾ 9 ਦਸੰਬਰ 1948 ਨੂੰ ਦਿੱਤੀ ਜਦ ਯੂ.ਐਨ ਕਨਵੇਨਸ਼ਨ ਔਨ ਦ ਪ੍ਰਿਵੇਨਸ਼ਨ ਐਂਡ ਪਨਿਸ਼ਮੇਂਟ ਔਫ ਦ ਕ੍ਰਾਇਮ ਔਫ ਜੈਨੇਸਾਇਡ ਦੇ ਉਪਰ ਦਸਤਖ਼ਖਤ ਹੋਏ (ਇਸ ਨੂੰ 1951 ਵਿੱਚ ਸਦੱਸ ਮੁਲਕਾਂ ਦੀ ਜ਼ਰੂਰੀ ਤਦਾਦ ਨਾਲ ਮੰਜ਼ੂਰੀ ਮਿਲੀ).

ਜੈਨੇਸਾਇਡ ਕਨਵੇਨਸ਼ਨ ਜੈਨੇਸਾਇਡ (ਨਸਲਕੁਸ਼ੀ) ਬਾਰੇ ਇੱਕ ਵਿਆਪਕ ਤਜਵੀਜ ਦੇਂਦਾ ਹੈ, ਜਿਸ ਦਾ ਮਤਲਬ ਇਹ ਸਭ ਕਰਮਾਂ ਨਾਲ ਹੈ ਜੋ ਕੌਮੀ, ਨਸਲੀ, ਜਾਤੀ ਜਾਂ ਮਜ਼ਹਬੀ ਸਮੂਹ ਦੀ ਪੂਰੀ ਜਾਂ ਕੁੱਝ ਹਦ ਤੱਕ ਬਰਬਾਦੀ ਦੇ ਇਰਾਦੇ ਨਾਲ ਕੀਤੇ ਗਏ ਹਨ:

1. ਕਿਸੀ ਸਮੂਹ ਦੇ ਸਦੱਸਿਆਂ ਨੂੰ ਹਲਾਕ ਕਰਨਾ;
2. ਉਸੀ ਸਮੂਹ ਦੇ ਸਦੱਸਿਆਂ ਨੂੰ ਗੰਭੀਰ ਜ਼ਿਸਮੀ ਜਾਂ ਜ਼ੇਹਨੀ ਨੁਕਸਾਨ ਪਹੁੰਚਾਣਾ;

3. ਜਾਣ-ਬੁੱਝ ਕੇ ਸਮੂਹ ਦੇ ਉਪਰ ਇਸੇ ਤਰ੍ਹਾਂ ਦੀ ਹਾਲਾਤ ਵਿੱਚ ਜੀਣ ਨੂੰ ਮਜਬੂਰ ਕਰਨਾ ਕਿ ਸਾਰਾ ਸਮੂਹ ਪੂਰੀ ਜਾਂ ਕੁੱਝ ਹਦ ਤੱਕ ਜਿਸਮਾਨੀ ਤੌਰ ਤੇ ਤਬਾਹ ਹੋ ਜਾਵੇ
4. ਐਦਾਂ ਦੇ ਕਦਮ ਥੋਪਣੇ ਕਿ ਉਸ ਸਮੂਹ ਵਿੱਚ ਪੈਦਾਅਿਸ਼ ਰੁਕ ਜਾਵੇ
5. ਉਸ ਸਮੂਹ ਦੇ ਬੱਚੇਆਂ ਦਾ ਦੂਜੇ ਸਮੂਹ ਤੇ ਜਬਰਨ ਤਬਾਦਲਾ ਕੀਤਾ ਜਾਵੇ

ਫ੍ਰੈਂਕ ਚੱਾਕ ਅਤੇ ਕੁਰਟ ਜੈਂਹਾਨਸਨ (1990) ਨੂੰ, ਪੁਰਾਣੀ ਦੁਨੀਆ ਵਿੱਚ ਵੀ ਬੰਜਾਰੇਆਂ ਅਤੇ ਵਾਹੀ ਕਰਦੇ ਵਸੇ ਲੋਕਾਂ ਵਿੱਚ ਹਿੰਸਕ ਝਗੜੇ ਅਤੇ ਨਸਲਕੁਸ਼ੀ ਦਾ ਸਬੂਤ ਮਿਲਦਾ ਹੈ. ਹਾਰਣ ਵਾਲੇਆਂ ਨੂੰ ਜਾਂ ਤੇ ਹਲਾਕ ਕੀਤਾ ਜਾਂ ਘੁਲਾਮ ਬਣਾ ਲੀਤਾ ਜਾਂਦਾ ਸੀ. ਇਸ ਦਾ ਮਕਸਦ ਕਿਸੇ ਵੀ ਧਮਕੀ ਨੂੰ ਖ਼ਤਮ ਕਰਨਾ ਸੀ. ਇਹ ਲੇਖਕ ਐਸਿਰਿਅੰਸ ਦੀ ਜਿਆਦਿਤੀਆਂ ਨੂੰ ਜੈਨੇਸਾਇਡ(ਨਸਲਕੁਸ਼ੀ) ਕਹਿੰਦੇ ਨੇ ਮਗਰ ਬੇਲ-ਫਿਅਲਕੋਫ ਇਸ ਨੂੰ ਨਸਲੀ ਸਫਾਈ ਕਹਿੰਦੇ ਨੇ. ਨਸਲਕੁਸ਼ੀ ਕਰਣ ਦੀ ਦੂਜੀ ਵਜ੍ਹਾਂ ਵਿੱਚ ਦਹਿਸ਼ਦਗਰਦੀ ਅਤੇ ਲੋਕਾਂ ਨੂੰ ਦਬਾ ਕੇ ਰਖਣਾ ਹੈ. ਮੰਗੋਲ ਵਾਰਲੋਰਡ ਚੰਗੇਜ ਖ਼ਾਨ ਇਸ ਤਕਨੀਕ ਦਾ ਉਸਤਾਦ ਸੀ. ਤੀਜੇ ਤਰ੍ਹਾਂ ਦੀ ਨਸਲਕੁਸ਼ੀ ਆਰਥਿਕ ਦੌਲਤ ਨੂੰ ਹਾਸਲ ਕਰਣ ਵਾਸਤੇ, ਗੁਜਰੇ ਜ਼ਮਾਨੇ ਤੇ ਹੁੰਦੀ ਸੀ. ਚੌਥੇ ਤਰ੍ਹਾਂ ਦੀ ਨਸਲਕੁਸ਼ੀ ਵਿੱਚ ਮੁਜਰਿਮ ਆਪਣੀ ਸੋਚ, ਵਿਚਾਰਧਾਰਾ ਨੂੰ ਥੋਪਦੇ ਸਨ ਅਤੇ ਉਨ੍ਹਾਂ ਦੇ ਸ਼ਿਕਾਰ ਆਪਣੇ ਹੀ ਸਾਥੀ ਨਾਗਰਿਕ ਹੁੰਦੇ ਸਨ ਨਾ ਕਿ ਬਾਹਰ ਵਾਲੇ. ਇਸ ਨੂੰ ਪਾਖੰਡੀਆਂ ਅਤੇ ਸਮਾਜ ਦੇ ਨਫਰਤ ਕੀਤੇ ਜਾਂਦੇ ਲੋਕਾਂ ਦੇ ਖਿਲਾਫ ਇਸਤੇਮਾਲ ਕੀਤਾ ਜਾਂਦਾ ਸੀ, ਜਿਸ ਤਰ੍ਹਾਂ ਕਿ ਚਰਚ ਦਾ ਹਜਾਰਾਂ ਨੂੰ ਡੈਣ ਕਰਾਰ ਦੇਣਾ ਅਤੇ ਜ਼ਿੰਦਾ ਸਾੜਣਾ. ਇਹ ਸਾਰੇ ਚਾਰ ਤਰ੍ਹਾਂ ਦੇ ਜੈਨੇਸਾਇਡ ਨੇਸ਼ਨ-ਇਸਟੇਟਸ ਦੇ ਵਕਤ ਪੂਰੀ ਤਰ੍ਹਾਂ ਵਿਕਸਿਤ ਹੋਏ (Ibid: 33-40).

ਏਥਨਿਕ ਕਲੀਨਸਿੰਗ ਬਨਾਮ ਜੇਨੇਸਾਇਡ

ਕਿਸੀ ਵੀ ਇਤਿਹਾਸਕ ਹਾਲਾਤ ਵਿੱਚ ਇਸ ਗੱਲ ਦਾ ਫੈਸਲਾ ਕਰਨਾ ਮੁਮਕਿਨ ਨਹੀਂ ਹੈ ਕਿ, ਮਕਸਦ ਅਣਚਾਹੇ ਲੋਕਾਂ ਨੂੰ ਕਿਸੇ ਖੇਤਰ ਤੋਂ ਬਾਹਰ ਕੱਢਨਾ ਹੈ ਜਾਂ ਕਿ ਉਨ੍ਹਾਂ ਨੂੰ ਜਿਸਮਾਨੀ ਤੌਰ ਤੇ ਖ਼ਤਮ ਕਰਨਾ ਹੈ. ਹਕੀਕਤ ਵਿੱਚ, ਬਹੁਤ ਜ਼ਿਆਦਾ ਤਸ਼ੱਦਦ ਜਿਣ ਹਾਲਾਤਾਂ ਵਿੱਚ ਹੋ ਸਕਦਾ ਹੈ ਉਹ ਹਨ : ਵਿਰੋਧੀ ਸਮੂਹ ਉਪਰ ਗੁਨਹਗਾਰਾਂ ਦਾ ਬਹੁਤ ਜ਼ਿਆਦਾ ਤਾਕਤ ਲਗਾਉਣਾ ਜਾਂ ਅਣਚਾਹੇ ਲੋਕਾਂ ਦਾ ਕਿਸੇ ਮਹਿਫੂਜ਼ ਜਗ੍ਹ ਤੇ ਨਾ ਪਹੁੰਚ ਸਕਣਾ. ਇਣ ਹਾਲਾਤਾਂ ਵਿੱਚ ਨਤੀਜਾ ਸੱਚ-ਮੁੱਚ ਜੈਨੇਸਾਇਡ ਹੀ ਹੁੰਦਾ ਹੈ. ਦੂਜੇ ਪਾਸੇ, ਅਗਰ ਇਰਾਦਾ ਜਿਸਮਾਨੀ ਤੌਰ ਤੇ ਕਿਸੇ ਸਮੂਹ ਨੂੰ ਬਿਲਕੁਲ ਖ਼ਤਮ ਕਰਣ ਦਾ ਹੋਵੇ, ਅਤੇ ਇਸ ਨੂੰ ਜੋ ਏਜੰਸੀ ਚਾਹੁੰਦੀ ਹੈ, ਉਸ ਦੇ ਕੋਲ ਸਾਜੋ ਸਾਮਾਨ ਅਤੇ ਇਸ ਯੋਜਨਾ ਨੂੰ ਕਾਰਵਾਈ ਵਿੱਚ ਤਬਦੀਲ ਕਰਣ ਦੀ ਲਿਆਕਤ ਨਾ ਹੋਵੇ. ਨਤੀਜਨ ਸ਼ਿਕਾਰ ਸਮੂਹ, ਮਹਿਫੂਜ਼ ਜਗ੍ਹ ਤੇ ਭੱਜਣ ਤੇ ਕਾਮਯਾਬ ਹੋ ਸਕਦਾ ਹੈ. ਨਸਲਕੁਸ਼ੀ ਅਤੇ ਨਸਲੀ ਸਫਾਈ ਦੇ ਸਾਰੇ ਮਾਮਲਿਆਂ ਤੇ ਝਗੜੇ ਦੇ ਵਕਤ, ਹਥਿਆਰ ਦੀ ਕਿਸਮ ਅਤੇ ਟੇਕਨੋਲੋਜੀ ਦੀ ਪਹੁੰਚ ਇੱਕ ਅਹਿਮ ਕਿਰਦਾਰ ਅਦਾ ਕਰਦੀ ਹੈ.

ਜਿਊਇਸ਼ ਹੋਲੋਕਾਸਟ ਜੋ ਨਸਲਕੁਸ਼ੀ ਦਾ ਸਭ ਤੋਂ ਬਦਨਾਮ ਮਾਮਲਾ ਹੈ; ਇਸ ਨੂੰ ਵੀ ਕੁੱਝ ਵਿਦਵਾਨ, ਯਹੁਦਿਆਂ ਨੂੰ ਜਰਮਨੀ ਅਤੇ ਯੂਰੋਪ ਤੋਂ ਬਾਹਰ ਕੱਢਣ ਦੀ ਇੱਕ ਸ਼ੁਰੁਆਤੀ ਪਾਲਿਸੀ ਮੱਨਦੇ ਨੇ (Gellately,

2003: 246–52; Melson, 1992). ਨਤੀਜਨ ਨਸਲਕੁਸ਼ੀ ਹੋਈ, ਕਿਉਂਕਿ ਯਹੂਦਿਆਂ ਨੂੰ ਦੂਜੇ ਮੁਲਕਾਂ ਦੀ ਬੇਰਹਿਮ ਸਰਕਾਰਾਂ ਨੇ ਪਨਾਹ ਲੈਣ ਦਾ ਕੋਈ ਮੌਕਾ ਨਹੀਂ ਦਿੱਤਾ. ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਵਿਚਾਰਧਾਰਾ ਦੇ ਤੌਰ ਤੇ ਨਾਜ਼ਿਆਂ ਦਾ ਫਾਇਨਲ ਸੋਲਯੁਸ਼ਨ (ਆਖਰੀ ਹੱਲ) ਦਾ ਮਕਸਦ, ਯਹੂਦਿਆਂ ਅਤੇ ਬੰਜਾਰਿਆਂ ਦਾ ਅਣਚਾਹੀ ਜਾਤੀਆਂ ਦੇ ਤੌਰ ਤੇ, ਨਾਮੋ ਨਿਸ਼ਾਨ ਮਿਟਾਉਣਾ ਸੀ. ਇਸ ਕਰ ਕੇ, ਉਨ੍ਹਾਂ ਦਾ ਕਨਸੇਨਟ੍ਰੇਸ਼ਨ ਕੈਂਪਾ ਵਿੱਚ ਅਤੇ ਬਾਕਾਇਦਾ ਨਾਸ਼ ਇਸ਼ਾਰਾ ਕਰਦਾ ਹੈ ਕਿ, ਜੈਨੇਸਾਇਡ (ਨਸਲਕੁਸੀ) ਨਾਜ਼ੀਆਂ ਦਾ ਤੰਜ਼ੀਮ ਕੀਤਾ ਹੋਇਆ ਸੀ ਅਤੇ ਉਨ੍ਹਾਂ ਦੀ ਮਰਜ਼ੀ ਦੇ ਬਹੁਤ ਕਰੀਬ ਸੀ (Lang, 2003). ਇਸ ਕਰ ਕੇ ਇਹ ਮੁਮਕਿਨ ਹੈ ਕਿ, ਖ਼ਿਆਲਪਰਸਤ ਬਿਆਨਾਂ ਅਤੇ ਪ੍ਰਚਾਰ ਤੋਂ ਮੁਰਾਦ ਦਾ ਕੁੱਝ ਪਤਾ ਲਗ ਜਾਵੇ. ਮਗਰ ਅਕਸਰ ਜੈਨੇਸਾਇਡ (ਨਸਲਕੁਸ਼ੀ) ਕਰਣ ਵਾਲੇ ਇਸ ਉਪਰ ਕਾਫ਼ੀ ਭੇਦ ਰਖਦੇ ਹੋਏ ਕੱਮ ਕਰਦੇ ਨੇ, ਹੋਰ ਏਥਨਿਕ ਕਲੀਨਸਿੰਗ (ਨਸਲੀ ਸਫਾਈ) ਵਰਗੇ ਲਫ਼ਜ਼ਾਂ ਦਾ ਇਸਤੇਮਾਲ ਕਰ ਕੇ ਦੂਨੀਆ ਨੂੰ ਗੁਮਰਾਹ ਕਰਦੇ ਨੇ. ਕੁੱਝ ਵਿਦਵਾਨ ਇਹ ਨਹੀਂ ਸੋਚਦੇ ਨੇ ਕਿ ਜੈਨੇਸਾਇਡ (ਨਸਲਕੁਸ਼ੀ) ਨੂੰ ਸਿਰਫ਼ ਮੁਰਾਦ ਨਾਲ ਜੋੜਿਆ ਜਾਵੇ. ਉਹ ਅਖੀਰੀ ਅੰਜ਼ਾਮ ਉਪਰ ਨਜਰ ਪਾਉਂਦੇ ਨੇ, ਅਗਰ ਲੋਕਾਂ ਉਪਰ ਹੋਈ ਲਗਾਤਾਰ ਤਸ਼ੱਦਦੀ ਕਾਰਵਾਈ ਨਾਲ ਬਹੁਤ ਜ਼ਿਆਦਾ, ਅਤੇ ਬੇਸ਼ੱਕ ਬਰਬਰ ਮੌਤਾਂ ਹੂੰਦਿਆ ਨੇ, ਤੇ ਅਸੀਂ ਕਿਹ ਸਕਦੇ ਹਾਂ ਕਿ ਜੈਨੇਸਾਇਡ (ਨਸਲਕੁਸ਼ੀ) ਹੋਇਆ ਹੈ (Jonassohn and Björnson, 1999).

ਇਸ ਮਾਮਲੇ ਤੇ ਸਾਨੂ ਯਾਦ ਰੱਖਣਾ ਚਾਹੀਦਾ ਹੈ ਕਿ ਅਗਰ ਲੰਬੀ ਚਲੀ ਗੱਲ-ਬਾਤ ਦੇ ਬਾਅਦ, ਪ੍ਰਤੀਯੋਗੀ ਮੌਜੂਦਾ ਵਿਵਸਥਾ ਵਿੱਚ ਹਕੂਮਤ ਦੇ ਸਹਭਾਗੀ ਬਣਣ ਨੂੰ ਰਾਜੀ ਨਹੀਂ ਹੁੰਦੇ ਅਤੇ ਇਸ ਦੇ ਨਾਲ, ਕਾਨੂੰਨ ਅਤੇ ਸ਼ਾਸਨ ਪੂਰੀ ਤਰ੍ਹਾਂ ਨਾਕਾਮ ਹੋ ਜਾਂਦੇ ਨੇ ਤੇ, ਏਥਨਿਕ ਕਲੀਨਸਿੰਗ (ਨਸਲੀ ਸਫਾਈ) ਅਤੇ ਜੈਨੇਸਾਇਡ (ਨਸਲਕੁਸ਼ੀ) ਹੂੰਦਿਆਂ ਨੇ. ਦੂਜੇ ਲਫ਼ਜ਼ਾਂ ਵਿੱਚ, ਏਥਨਿਕ ਕਲੀਨਸਿੰਗ (ਨਸਲੀ ਸਫਾਈ) ਅਤੇ ਜੈਨੇਸਾਇਡ (ਨਸਲਕੁਸ਼ੀ) ਗੱਲ-ਬਾਤ ਨਾਕਾਮ ਹੋਣ ਦੇ ਅਣਚਾਹੇ ਨਤੀਜੇ ਨੇ, ਨਾ ਕਿ ਪਹਿਲਾਂ ਤੋਂ ਸੋਚਿਆ ਸਮਝਿਆ ਮਨਸੂਬਾ. ਬਹਰਹਾਲ, ਨਸਲੀ ਸਫਾਈ ਅਤੇ ਨਸਲਕੁਸ਼ੀ ਦੇ ਮੁਖ਼ਤਲਿਫ਼ ਖ਼ਿਆਲ ਬਣਾ ਕੇ ਰੱਖਣਾ ਜ਼ਰੂਰੀ ਹੈ. ਨਸਲੀ ਸਫਾਈ ਜ਼ਿਆਦਾ ਵਿਆਪਕ ਲਫ਼ਜ਼ ਹੈ ਜੋ ਕੌਮੀਵਾਦ ਦੇ ਮੁਕਾਬਲੇ ਨੂੰ ਸਮਝਣ ਨਾਲ ਤਾਲੁੱਕ ਰੱਖਦਾ ਹੈ. ਇਹ ਸਮੂਹਾਂ ਦੀ ਆਪਣੀ ਸਲਾਮਤੀ ਦੇ ਫ਼ਿਕਰ ਬਾਰੇ ਅਤੇ ਉਨ੍ਹਾਂ ਦੀ ਸਰਕਾਰ ਹੋਰ ਕੌਮ ਬਾਰੇ ਖ਼ਿਆਲਾਂ ਨਾਲ ਜ਼ਿਆਦਾ ਤਾਲੁੱਕ ਰੱਖਦਾ ਹੈ. ਦੂਜੀ ਤਰਫ਼, ਜੈਨੇਸਾਇਡ ਖ਼ਿਆਲਪਰਸਤੀ ਦੇ ਤੌਰ ਤੇ, ਲੋਕਾਂ ਦੀ ਤਬਾਹੀ ਦਾ ਮਕਸਦ ਰੱਖਦੀ ਹੈ ਨਾ ਕਿ ਉਨ੍ਹਾਂ ਨੂੰ ਕਿਸੇ ਇਲਾਕੇ ਤੋਂ ਮਹਿਜ਼ ਕੱਢਣਾ. ਮਗਰ ਇਣ ਦੋਨੇ ਦੇ ਫ਼ਰਕ ਦੀ ਸਰਹੱਦ ਧੁੰਧਲੀ ਵੀ ਹੂੰਦੀ ਹੈ, ਹੋਰ ਇਨ੍ਹਾਂ ਨੂੰ ਇੱਕ ਦੂਜੇ ਨਾਲ ਨਿਰੰਤਰ ਸਮਝਿਆ ਜਾ ਸਕਦਾ ਹੈ, ਜਿਸ ਦੇ ਵਿੱਚ ਜਬਰਨ ਪਰਵਾਸ ਇੱਕ ਪਾਸੇ, ਨਸਲਕੁਸ਼ੀ ਦੂਜੇ ਤੇ ਅਤੇ ਨਸਲੀ ਸਫਾਈ ਇਨ੍ਹਾਂ ਦੇ ਵਿੱਚ ਹੈ.

ਏਥਨਿਕ ਕਲੀਨਸਿੰਗ (ਨਸਲੀ ਸਫਾਈ) ਦੀ ਇਹ ਪਰਿਭਾਸ਼ਾ ਇਸ ਦੇ ਜੈਨੇਸਾਇਡ (ਨਸਲਕੁਸ਼ੀ) ਨਾਲ ਫਰਕ ਨੂੰ ਦਰਸ਼ਾਉਂਦੀ ਹੈ:

> ਨਸਲੀ ਸਫਾਈ ਕਿਸੇ ਸੰਸਥਾ ਦੀ ਇੱਕ ਤਾਲਮੇਲ ਵਾਲੀ ਜਬਰਦਸਤੀ ਹੈ ਜਿਸ ਦਾ ਮਕਸਦ ਕਿਸੇ ਖ਼ਾਸ ਰਿਹਾਇਸ਼ੀ ਇਲਾਕੇ ਤੋਂ ਅਣਚਾਹੇ ਲੋਕਾਂ ਅਤੇ ਸਮੂਹਾਂ ਨੂੰ ਅਲਗ ਨਸਲ, ਮਜ਼ਹਬ, ਮਜ਼ਹਬੀ ਪੰਥ ਜਾਂ ਤਹਿਜੀਬ ਦੇ ਚਲਦਿਆਂ ਹਟਾਉਣਾ ਹੈ. ਨਸਲੀ ਸਫਾਈ ਨੂੰ ਆਬਾਦੀਆਂ ਦੀ ਅਦਲਾ-ਬਦਲੀ ਦੇ ਤਹਿਤ ਅਮਨ ਦੇ ਨਾਲ ਵੀ ਕੀਤਾ ਜਾ ਸਕਦਾ ਹੈ, ਮਗਰ ਇਹ ਇੰਤਜਾਮ ਅਗਰ ਠੀਕ ਨਹੀਂ ਹੁੰਦਾ ਹੈ ਤੇ ਇਸ ਨੂੰ ਹਾਸਲ ਕਰਣ ਲਈ, ਅੱਗ-

ਜਨੀ, ਕਤਲ, ਜ਼ਬਰ ਜ਼ਨਾਹ ਵਰਗੇ ਦਹਿਸ਼ਤ ਦੇ ਕੱਮ ਅਤੇ ਦੂਜੇ ਕੱਟੜਵਾਦੀ ਤਰੀਕੇ ਅਖ਼ਤਿਆਰ ਕੀਤੇ ਜਾਂਦੇ ਨੇ. ਇਹ ਤਰੀਕੇ ਇਸ ਕਰ ਕੇ ਅਖ਼ਤਿਆਰ ਕੀਤੇ ਜਾਂਦੇ ਨੇ ਕਿਉਂਕਿ ਅਣਚਾਹੇ ਲੋਕ ਆਮ ਤੌਰ ਤੇ, ਆਪਣੇ ਪੂਸ਼ਤੈਨੀ ਰਿਹਾਇਸ਼ਾਂ ਅਤੇ ਘਰਾਂ ਤੋਂ ਜਬਰਣ ਪਰਵਾਸ ਦੀ ਮੁਸ਼ਾਲਫ਼ਤ ਕਰਦੇ ਨੇ. ਜਦ ਕਿ ਨਸਲਕੁਸ਼ੀ ਦੇ ਸਾਰੇ ਕੱਮ ਲੋਕਾਂ ਦੀ ਬਰਬਾਦੀ ਦੀ ਤਰਫ਼ ਹੁੰਦੇ ਨੇ ਜਿਸ ਦੇ ਵਿੱਚ ਨਸਲੀ ਸਫਾਈ ਸ਼ਾਮਲ ਹੈ, ਨਸਲੀ ਸਫਾਈ ਲੋਕਾਂ ਨੂੰ ਕਿਸੇ ਇਲਾਕੇ ਤੋਂ ਹਰ ਹਾਲ ਵਿੱਚ ਹਟਾਉਣ ਤੇ ਧਿਆਨ ਦੇਂਦੀ ਹੈ.

ਸਮੂਹਾਂ ਵਿੱਚ ਝਗੜੇ ਕਿਉਂ ਹੁੰਦੇ ਨੇ ਅਤੇ ਕਦ ਇਹ ਤਸ਼ੱਦਦੀ ਹੋ ਜਾਂਦੇ ਨੇ?

ਹਾਲਾਂਕਿ ਜਬਰਣ ਪਰਵਾਸ, ਨਸਲੀ ਸਫਾਈ ਅਤੇ ਨਸਲਕੁਸ਼ੀ ਇਨਸਾਨਾਂ ਦੀ ਕੀਤੀਆਂ ਭਿਆਨਕ ਗਲਤਿਆਂ ਨੇ, ਸਾਨੂ ਥੋੜੀ ਤਫ਼ਸੀਲੀ ਨਾਲ ਦੱਸਣ ਦੀ ਜ਼ਰੂਰਤ ਹੈ ਕਿ ਕਿਉਂ ਸਮੂਹ ਬਣਦੇ ਨੇ, ਅਤੇ ਕਿਉਂ ਉਹ ਇੱਕ ਦੂਜੇ ਨਾਲ ਨਫ਼ਰਤ ਅਤੇ ਝਗੜੇ ਕਰਦੇ ਨੇ, ਹੋਰ ਸੱਚ-ਮੁਚ ਕਿਣ ਹਾਲਾਤਾਂ ਵਿੱਚ ਰਿਸ਼ਤੇ ਨਸਲੀ ਸਫਾਈ ਅਤੇ/ਜਾਂ ਨਸਲਕੁਸ਼ੀ ਵਿੱਚ ਤਬਦੀਲ ਹੋ ਜਾਂਦੇ ਨੇ. ਕਿਸੇ ਇਕੱਲੇ ਸ਼ਕਸ ਨੂੰ ਅਗਰ ਅਸੀਂ ਵੇਖਿਐ ਤੇ ਪਤਾ ਚਲੇਗਾ ਕਿ ਇਨਸਾਨ ਆਮ ਤੌਰ ਤੇ ਝੁੰਡ ਤੇ ਰਹਿਣਾ ਪਸੰਦ ਕਰਦਾ ਹੈ, ਜਿਸ ਦੇ ਵਿੱਚ ਉਸ ਦੀ ਮੁਖ਼ਤਲਿਫ਼ ਪਛਾਣ ਉਸ ਦੇ ਜਜ਼ਬਾਤ ਅਤੇ ਜੇਹਨੀ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ, ਤਾਂਕਿ ਉਹ ਇਕੱਠੇ ਹੋਣ ਦਾ ਇਹਸਾਸ ਕਰੇ ਹੋਰ ਮਹਿਫ਼ੂਜ਼ ਮਹਿਸੂਸ ਕਰੇ. ਕਬੀਲਾ, ਜਿਰਗਾਹ, ਜਬਾਨ, ਇੱਕ ਨਸਲੀ ਮੂਲ ਵਿੱਚ ਯਕੀਨ ਰੱਖਣਾ, ਮਜ਼ਹਬ, ਜਾਤ, ਜਿਸਮਾਨੀ ਰੰਗ ਵਗੈਰਹ ਵਜ੍ਹਾਂ ਨੇ, ਜਿਸ ਦੇ ਇਰਦ-ਗਿਰਦ ਸਾਮੂਹਿਕ ਪਛਾਣ ਬਣੀ, ਅਤੇ ਹੁਣ ਵੀ ਬਣ ਰਹੀ ਹੈ. ਇਸੇ ਤਰ੍ਹਾਂ ਸਿਰਫ਼ ਉਣ ਲੋਕਾਂ ਨਾਲ ਸਾਥ ਰੱਖਣਾ ਜਿਸ ਨੂੰ ਉਹ ਆਪਣਾ ਸਮਝਦੇ ਹਨ, ਦੂਜੇ ਬਾਹਰੀ ਸਮੂਹਾਂ ਅਤੇ ਲੋਕਾਂ ਨਾਲ ਤਾਲੁੱਕ ਰੱਖਣ ਦੇ ਉਪਰ ਉਲਟਾ ਅਸਰ ਪਾਉਂਦਾ ਹੈ. ਇਸੇ ਤਰ੍ਹਾਂ ਦੀ ਪਛਾਣ ਅਤੇ ਵਰਗੀਕਰਣ ਸਾਰੇ ਇਨਸਾਨੀ ਸਮਾਜਾਂ ਵਿੱਚ ਮੌਜੂਦ ਹੈ ਭਾਵੇਂ ਉਹ ਜ਼ਿਆਦਾ ਤਰਕੀ ਵਾਲੇ ਅਤੇ ਦਰਜੇਬੰਦ ਹੋਨ (Ahmed, 1998: 4). ਸ਼ੱਚੇ ਤੌਰ ਤੇ ਸਮੂਹ ਆਪਣੇ ਸਦਸ਼ਿਆਂ ਦੇ ਕੁੱਲ ਜੋੜ ਨਹੀਂ ਹੁੰਦੇ; ਉਹ ਆਪਣੀ ਖੁਦ ਦੀ ਪਛਾਣ ਅਤੇ ਸ਼ਖਸੀਅਤ ਰੱਖਦੇ ਨੇ, ਅਤੇ ਇੱਕ ਸਮੂਹ ਦਾ ਆਪਣੇ ਸਦੱਸਿਆਂ ਦੇ ਨਾਲ ਅਤੇ ਦੂਜੇ ਸਮੂਹਾਂ ਦੇ ਨਾਲ ਰਿਸ਼ਤਾ ਕਾਇਮ ਰੱਖਣਾ ਇਸ ਪਛਾਣ ਅਤੇ ਸ਼ਖਸੀਅਤ ਦੀ ਅੰਦਰਲੀ ਫ਼ਿਤਰਤ ਹੈ. ਹਾਲਾਂਕਿ, ਸਮੂਹ ਆਬਾਦੀ, ਬੀਮਾਰੀ, ਜੰਗ ਦੀ ਹਾਰ-ਜੀਤ ਦੇ ਨਾਲ ਨਾਲ ਵੱਧਦੇ ਅਤੇ ਘੱਟਦੇ ਰਹਿੰਦੇ ਨੇ. ਕੋਈ ਇੱਕ ਇਕੱਲਾ ਸ਼ਖਸ, ਸਮਾਜ ਅਤੇ ਹਕੂਮਤ ਉਪਰ ਜ਼ਿਆਦਾ ਅਸਰ ਨਹੀਂ ਪਾ ਸਕਦਾ ਹੈ. ਇਸ ਕਰ ਕੇ ਇੰਸਾਨ ਤਕਰੀਬਨ ਹਮੇਸ਼ਾ, ਇੱਕ ਸ਼ਾਥ ਸਮੂਹ ਵਿੱਚ ਹਰਕਤ ਕਰਦੇ ਨੇ, ਤਾਂਕਿ ਇੱਕ ਆਜਾਦ ਮੁਲਕ ਵਿੱਚ, ਕਿਸੇ ਹਕੂਮਤ ਦੇ ਅੰਦਰ ਜਾਂ ਅਲਗ ਕੌਮਾਂ ਦੇ ਤੌਰ ਤੇ, ਉਨ੍ਹਾਂ ਦੇ ਸਿਆਸੀ ਮਕਸਦ ਪੂਰੇ ਹੋਣ. ਇੱਕ ਸਵਾਲ, ਹਾਲਾਂਕਿ, ਰਹਿ ਜਾਂਦਾ ਹੈ: ਸਮੂਹ ਦਾ ਬਨਣਾ ਮਨ-ਮਰਜ਼ੀ ਦੇ ਮੁਤਾਬਕ ਹੁੰਦਾ ਹੈ ਜਾਂ ਜੋ ਸ਼ਕਸ ਕਿਸੇ ਸਮੂਹ ਵਿੱਚ ਪੈਦਾ ਹੁੰਦੇ ਨੇ ਉਸੀ ਵਿੱਚ ਹਮੇਸ਼ਾ ਰਹਿ ਜਾਂਦੇ ਨੇ? ਸਮਾਜ ਵਿਗਿਆਨ ਦੇ ਸਾਹਿਤ ਵਿੱਚ ਰਵਾਇਤੀ ਤੌਰ ਤੇ ਸਮੂਹ ਬਣਣ ਅਤੇ ਪਛਾਣ ਦੇ ਦੋ ਮੁਖ਼ਾਲਫ਼ਤੀ ਨਜ਼ਰਿਐ ਮਿਲਦੇ ਨੇ : **ਪ੍ਰਾਇਮੋਰਡਿਏਲਿਸਟ** ਅਤੇ **ਇਨਸਟਰੂਮੇਂਟਲਿਸਟ.**

ਪ੍ਰਾਇਮੋਰਡਿਏਲਿਸਟ ਦਲੀਲ ਦੇਂਦੇ ਨੇ ਕਿ *ਐਥਨੇ-ਸੇਂਟਰਿਜਮ* (ਨਸਲ ਤੇ ਕੇਂਦ੍ਰਿਤ) ਇੰਸਾਨਾਂ ਦੀ ਇੱਕ ਫ਼ਿਤਰਤ ਹੈ; ਲੋਕ ਹਮੇਸ਼ਾ ਕਿਸੇ ਆਮ ਮਕਸਦ ਜੈਦਾਂ ਕਿ ਇੱਕ ਉਤਪਤ, ਜਿਸਮਾਨੀ ਰੰਗ, ਕਬੀਲੇ ਅਤੇ ਮਜ਼ਹਬ ਦੀ ਬੁਨਿਆਦ ਤੇ ਸਮੂਹ ਬਣਾਉਂਦੇ ਨੇ; ਹਰ ਇੱਕ ਸਮੂਹ, ਅਲਗ ਇਤਿਹਾਸਕ ਸੰਦਰਭ ਵਿੱਚ, ਆਪਣੇ

ਬਚਾਉ ਦੀ ਮੰਗ ਦੇ ਹਿਸਾਬ ਨਾਲ, ਪਛਾਣ ਅਤੇ ਨਸਲ ਦਾ ਭਾਵ ਵਿਕਸਿਤ ਕਰਦਾ ਹੈ. ਅਤੇ ਇਸੇ ਤਰ੍ਹਾਂ ਦੇ ਤਜਰੂਬੇ ਦੀ ਸਮੂਹੀ ਯਾਦ, ਸਮੂਹ ਦੀ ਹਿਫ਼ਾਜਤ ਲਈ, ਨਵੀਂ ਕਾਰਜਨੀਤੀ ਤਿਆਰ ਕਰਣ ਤੇ ਮਦਦ ਕਰਦੀ ਹੈ (Connor, 1994; Geertz, 1963;Shils, 1957).

ਇਸੇ ਤਰ੍ਹਾਂ ਦੀ ਸੋਚ ਦੇ ਮੁਤਾਬਕ, ਐਥਨੋਸੇਂਟਰਿਸਮ ਅਤੇ ਟ੍ਰਾਇਬਲਿਸਮ ਇੰਸਾਨੀ ਸੁਭਾਅ ਦੇ ਅੰਦਰ ਮੌਜੂਦ ਹੁੰਦੇ ਨੇ. ਸਮੂਹਾਂ ਬਾਰੇ ਪ੍ਰਾਇਮੋਰਡਿਆਲਿਸਟ ਖ਼ਿਆਲ ਦਾ ਇੱਕ ਜ਼ਿਆਦਾ ਤਾਕਤਵਰ ਸੰਸਕਰਣ ਸੋਸਿਓਬਾਇਓਲੋਜੀ ਹੈ ਜਿਸ ਦੀ ਬੁਨਿਆਦ ਐਥਨੋ-ਨੈਸ਼ਨਲਿਸਮ (ਨਸਲੀ ਕੌਮੀਵਾਦ) ਦੇ ਕੁਦਰਤੀਪਨ ਉਪਰ ਹੈ. ਇਹ ਗੈਰ-ਬਰਾਬਰ ਸਮੂਹਾਂ ਦੇ ਵਿੱਚ ਅਮਨ ਬਾਰੇ ਇੱਕ ਨਿਰਾਸ਼ਾਵਾਦੀ ਸੋਚ ਰੱਖਦਾ ਹੈ (Kecmanovic, 1996; Kellas, 1998: 13–14). ਇਸੇ ਤਰ੍ਹਾਂ ਦੀ ਦਲੀਲਾਂ, ਹੋਰ ਜ਼ਿਆਦਾ ਤਾਕਤ ਨਾਲ ਇਸ਼ਾਰਾ ਕਰਦਿਆਂ ਨੇ ਕਿ, ਉਨ੍ਹਾਂ ਨੂੰ ਜਬਰਣ ਅਲਗ ਅਤੇ ਇਕੱਠਾ ਕਰ ਕੇ ਇੱਕ ਕੌਮੀ ਹਕੂਮਤ ਦੇ ਥਲੇ ਲੈ ਆਉਣਾ, ਅਮਨ ਕਾਇਮ ਕਰਣ ਦਾ ਸਭ ਤੋਂ ਵਧਿਆ ਫਾਰਮੁਲਾ ਹੈ. ਅਲਗ ਗੈਰ-ਬਰਾਬਰ ਸਮੂਹਾਂ ਵਾਸਤੇ ਅਲਗ ਮੁਲਕਾਂ ਦੇ ਅਸੂਲ ਦਾ ਮਤਲਬ, ਹਜਾਰਾਂ ਦੀ ਤਦਾਦ ਵਿੱਚ ਮੂਲਕਾਂ ਨੂੰ ਬਨਾਣਾ ਹੈ, ਕਿਉਂਕਿ 8000 ਤੋਂ ਜ਼ਿਆਦਾ ਨਸਲੀ ਸਮੂਹਾਂ ਨੂੰ ਇਸ ਦੁਨੀਆ ਦੀ ਆਬਾਦੀ ਵਿੱਚ ਪਛਾਣਿਆ ਗਿਆ ਹੈ.

ਦੂਜੀ ਤਰਫ਼, ਇਨਸਟ੍ਰੂਮੇਂਟਲਿਸਟਸ ਜੋਰ ਪਾਉਂਦੇ ਨੇ ਕਿ ਪਛਾਣ ਲਚਕਦਾਰ ਹੁੰਦੀ ਹੈ ਅਤੇ ਇਸ ਦੀ ਕੋਈ ਪੱਕੀ ਸੀਮਾ ਨਹੀਂ ਹੁੰਦੀ. ਬਲਕਿ ਹਕੂਮਤ ਅਤੇ ਵਸੀਲੇ ਵਾਸਤੇ ਕੁਲੀਨ ਅਤੇ ਕੁਲੀਨ ਗੂਟਾਂ ਵਿੱਚ ਮੁਕਾਬਲੇ ਦੇ ਚਲਦੇ, ਸਿਆਸਤਦਾਨ ਸਭ ਦੀ ਆਮ ਤਹਿਜ਼ੀਬ ਦਾ ਫ਼ਾਇਦਾ ਉਠਾਂਦੇ ਨੇ ਅਤੇ ਆਪਣੇ ਏਜੰਡੇ ਨੂੰ ਸਹਾਰਾ ਦੇਣ ਲਈ, ਇੱਕ ਨਵੀਂ ਪਛਾਣ ਬਣਾਉਣਦੇ ਨੇ. ਇਸ ਨਜ਼ਰ ਨਾਲ ਨਸਲੀ ਪਛਾਣ ਸਿਰਫ਼ ਇੱਕ ਸ਼ਿਆਸਤੀ ਮੁੱਦਾ ਹੈ ਨਾ ਕਿ ਇਨਸਾਨੀ ਸੁਭਾਅ ਦੀ ਕੋਈ ਬਾਹਰਲੀ ਜਾਂ ਅੰਦਰੂਨੀ ਫ਼ਿਤਰਤ. ਜਦ ਸਿਆਸੀ ਹੁਕਮਰਾਨ ਮਕਸਦ ਦੀ ਵਜ੍ਹਾਂ ਦੀ ਹੇਰ-ਫੇਰ ਕਰਦੇ ਨੇ ਅਤੇ ਤਹਿਜੀਬੀ ਸਮੂਹ ਉਤੇਜਕ ਪ੍ਰਾਪਾਗੰਡਿਆਂ ਨਾਲ ਜੋਸ਼ੀਲੇ ਬਣ ਜਾਂਦੇ ਨੇ, ਲੋਕ ਆਪਣੇ ਵਿੱਚ ਫ਼ਰਕ ਬਾਰੇ, ਅੰਦਰੁਨੀ ਤੌਰ ਤੇ, ਵਾਕਫ਼ ਹੋ ਜਾਂਦੇ ਨੇ (Brass, 1991; Steinberg, 1981; Young, 1976). ਇਨਸਟ੍ਰੂਮੇਂਟਲਿਸਟਸ, ਪਛਾਣ ਨੂੰ, ਇੱਕ ਤਿਆਰ ਕੀਤੀ, ਨਾ ਕਿ ਖੋਜ ਕੀਤੀ ਚੀਜ ਸਮਝਦੇ ਨੇ. ਇਸ ਵਿਚਾਰ ਨਾਲ ਐਥਨੀਸਿਟੀ ਦੀ ਅਪਣਾ ਕੋਈ ਆਜ਼ਾਦ ਕਿਰਦਾਰ ਨਹੀਂ ਹੈ, ਅਤੇ ਇਸ ਦਾ ਮਤਲਬ ਸਿਰਫ਼ ਇੱਕ ਵੱਡੇ ਸਿਆਸੀ ਮਜਮੂਨ ਵਿੱਚ ਨਿਕਲਦਾ ਹੈ. ਇਹ ਦੂਜੇ ਸਿਆਸੀ ਤਾਲੁੱਕਾਂ, ਜੈਦਾਂ ਕਿ, ਖ਼ਿਆਲਪਰਸਤੀ ਜਾਂ ਇਕੋਨੋਮਿਕ (ਆਰਥਿਕ) ਫ਼ਾਇਦੇ ਤੋਂ ਮੁਖ਼ਤਲਿਫ਼ ਨਹੀਂ ਹੈ. ਇਨਸਟ੍ਰੂਮੇਂਟਲਿਸਟ ਨਜ਼ਰਿਐ ਦੀ ਨੁਕਤਾ ਚੀਨੀ ਕੀਤੀ ਜਾਂਦੀ ਹੈ ਕਿਉਂਕਿ ਇਹ ਪਛਾਣ ਦੇ ਤਾਲੁੱਕਾਤੀ ਸੁਭਾਅ ਨੂੰ ਨਜ਼ਰਅੰਦਾਜ਼ ਕਰਦੀ ਹੈ.

ਇਸ ਦੇ ਇਲਾਵਾ ਸ਼ਕਸੀ ਪਛਾਣ ਕਦੇ ਵੀ ਸਿਰਫ਼ ਇੱਕ ਦਿਸ਼ਾ ਵਾਲੀ ਨਹੀਂ ਹੁੰਦੀ. ਹਰ ਇੱਕ ਸ਼ਕਸ ਦੀ ਕਈ ਪਛਾਣਾਂ ਹੁੰਦਿਆਂ ਨੇ ਅਤੇ ਹਾਲਾਤ ਫ਼ੈਸਲਾ ਕਰਦੇ ਨੇ ਕਿ ਕੇੜੀ ਵਜ੍ਹਾ ਕਿਸ ਵਕਤ ਮੁਨਾਸਿਬ ਹੋਵੇਗੀ. ਇਸੇ ਤਰ੍ਹਾਂ, ਮਿਸਾਲ ਦੇ ਤੌਰ ਤੇ, ਇੱਕ ਇੰਸਾਨ ਆਪਣੀ ਜ਼ਬਾਨ ਅਤੇ ਨਸਲ ਦੇ ਚਲਦਿਆਂ ਪੰਜਾਬੀ ਹੋ ਸਕਦਾ ਹੈ, ਪੈਦਾਇਸ਼ੀ ਮਜ਼ਹਬੀ ਮਾਨਤਾ ਦੇ ਤੌਰ ਤੇ ਮੁਸਲਮਾਨ ਅਤੇ ਮੁਸਲਿਮ ਬਰਾਦਰੀ ਦੇ ਪੰਥੀ ਭਾਗ ਦੇ ਹਿਸਾਬ ਨਾਲ ਸੁੱਨੀ. ਅਗਰ ਕੋਈ ਇਨਸਾਨ, ਪੰਜਾਬੀ ਬੋਲਣ ਵਾਲੇ ਸਾਰੇ ਲੋਕਾਂ ਦੀ ਦਰਜਾਬੰਦੀ ਕਰਣਾ ਚਾਉਂਦਾ ਹੈ, ਉਹ ਇਸ ਸ਼ਕਸ ਨੂੰ ਸ਼ਾਮਲ ਕਰੇਗਾ ਅਤੇ ਉਸ ਦੀ ਪਛਾਣ ਇੱਕ ਜਿੰਦੇ-ਜਾਗਦੇ ਪੰਜਾਬੀ ਦੇ ਤੌਰ ਤੇ ਹੋਵੇਗੀ.

ਪਰ, ਉਸ ਇਨਸਾਨ ਵਾਸਤੇ ਉਸ ਦਾ ਮਜ਼ੂਬ, ਪੰਥੀ ਭਾਗ ਜਾਂ ਜਾਤ ਜ਼ਿਆਦਾ ਅਹਮ ਹੋ ਸਕਦੇ ਨੇ, ਜਾਂ, ਪੰਜਾਬੀ ਬੋਲਣ ਵਾਲੇ ਦੂਜੇ ਲੋਕ ਇਸ ਗਲ ਉਪਰ ਖ਼ਾਸ ਜ਼ਿਆਦਾ ਧਿਆਨ ਨਹੀਂ ਦੇ ਸਕਦੇ ਨੇ ਕਿ ਉਹ ਉਨ੍ਹਾਂ ਦੀ ਪੰਜਾਬੀ ਬੋਲਣ ਵਾਲਾ ਇੱਕ ਹਮਵਤਨੀ ਇਨਸਾਨ ਹੈ. ਉਹ ਲੋਕ ਉਸ ਨੂੰ ਹੋਰ ਕਿਸੇ ਕਸੌਟੀ ਨਾਲ ਦਰਜੇਬੰਦ ਕਰ ਸਬਦੇ ਨੇ. ਅਤੇ ਸ਼ਕਸੀ ਪਛਾਣ ਰਿਲੇਸ਼ਨਲ (ਸੰਬਧਕ) ਹੈ ਜੋ ਹਾਲਾਤ ਦੇ ਨਾਲ ਤਬਦੀਲ ਹੁੰਦੀ ਹੈ. ਇਸ ਕਰ ਕੇ ਮੁਖ਼ਤਲਿਫ਼ ਹਾਲਾਤਾਂ ਵਿੱਚ, ਕਿਸੇ ਇਨਸਾਨ ਦਾ ਇਮਾਨ ਅਤੇ ਉਸ ਦੀ ਇੱਕਮੁੱਠਤਾ ਵੀ ਵੱਖ ਵੱਖ ਹੁੰਦੀ ਹੈ.

ਕੋਈ ਵੀ ਇਸ ਲੈਜਿਕ (ਤਰਕ) ਨੂੰ ਨਸਲੀ ਸਮੂਹਾਂ ਦੇ ਆਪਸੀ ਰਿਸ਼ਤੇ ਅਤੇ ਬਹੁਆਯਾਮੀ ਸੁਭਾਅ ਲਈ ਲਗਾ ਸਕਦਾ ਹੈ. ਉਨ੍ਹਾਂ ਦੇ ਆਪਸੀ ਰਿਸ਼ਤੇ ਸਿਚੁਐਸ਼ਨਲ (ਹਾਲਾਤ ਦੇ ਮੁਤਾਬਕ) ਅਤੇ ਕਨਟੇਕਸਟਚੁਅਲ (ਪ੍ਰਸ਼ੰਗੀਕ) ਵੀ ਨੇ ਅਤੇ ਉਨ੍ਹਾਂ ਦੀ ਖ਼ਾਸੀਅਤਾਂ ਦੀ ਅਹਿਮੀਅਤ, ਅਲਗ ਵਕਤ ਹੋਰ ਅਲਗ ਜਗ੍ਹ ਦੇ ਮੁਤਾਬਕ ਤਬਦੀਲ ਹੁੰਦੀ ਹੈ. ਇਸੇ ਤਰ੍ਹਾਂ ਕੈਥਲਿਕ ਅਤੇ ਪ੍ਰੋਟੇਸਟੇਂਟ ਦੇ ਫ਼ਰਕ ਨੇ ਯੂਰੋਪੀ ਸਮਾਜ ਦੇ ਕਦੀ ਤਬਾਹੀ ਮਚਾਈ ਸੀ, ਲੇਕਿਨ ਇਸੇ ਤਰ੍ਹਾਂ ਦੇ ਫ਼ਰਕ ਜ਼ਿਆਦਾਤਰ ਜਗ੍ਹਾਂ ਤੋਂ ਸ਼ੈਕਯੂਲਰਿਸਮ ਦੀ ਵਜ੍ਹਾ ਨਾਲ ਘੱਟ ਗਏ ਨੇ. ਇਸ ਦਾ ਮਤਲਬ ਇਹ ਨਹੀਂ ਹੈ ਕਿ ਕੈਥਲਿਕ ਅਤੇ ਪ੍ਰੋਟੇਸਟੇਂਟ ਤਹਿਜੀਬ ਦੇ ਤੌਰ ਤੇ ਮਿਟ ਗਏ ਨੇ, ਮਗਰ ਉਨ੍ਹਾਂ ਦੇ ਆਪਸੀ ਫ਼ਰਕ ਕਰ ਕੇ ਨਾ ਤੇ ਨਾਗਰਿਕਤਾ ਨਾਲ ਕੋਈ ਤਰਫ਼ਦਾਰੀ ਹੁੰਦੀ ਹੈ ਹੋਰ ਨਾ ਹੀ ਕੋਈ ਸਮੂਹ ਦੂਜੇ ਸਮੂਹ ਉਪਰ ਜ਼ੁਲਮ ਕਰਦਾ ਹੈ. ਉਤਰੀ ਆਇਰਲੈਂਡ ਵਿੱਚ, ਹਾਲੀ ਦੁਸ਼ਮਨੀ ਦੇ ਕੁੱਝ ਨਿਸ਼ਾਨ ਕਦੀ ਕਦੀ ਤਸ਼ੱਦਦ ਵਿੱਚ ਫੁੱਟ ਜਾਂਦੇ ਨੇ, ਪਰ ਅਗਰ ਹਕੂਮਤ ਦੀ ਹਿੱਸੇਦਾਰੀ ਸਥਿਰ ਹੋ ਜਾਂਦੀ ਹੈ ਤੇ ਉਨ੍ਹਾਂ ਦੇ ਮਜ਼ੂਬੀ ਫਰਕਾਂ ਨੂੰ ਤਸ਼ੱਦਦ ਭਰੇ ਝਗੜਿਆਂ ਵਿੱਚ ਫੁੱਟ ਕੇ ਬਾਹਰ ਆਉਣ ਦੀ ਜ਼ਰੂਰਤ ਨਹੀਂ ਹੈ.

ਕੋਈ ਇਹ ਵੀ ਸੋਚ ਸਕਦਾ ਹੈ ਕਿ ਯੂ.ਐਸ. ਤੇ 9/11 ਦੇ ਹੋਏ ਦਹਿਸ਼ਦਗਰਦ ਹਮਲੇ ਦੇ ਬਾਅਦ ਇਸਾਇਆਂ ਅਤੇ ਮੁਸਲਮਾਨਾਂ ਵਿੱਚ ਤਣਾਅ ਅਤੇ ਸ਼ੱਕ ਵਧ ਗਿਆ ਹੈ, ਲੇਕਿਨ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸਲਾਮੀ ਦੁਨੀਆ ਵਿੱਚ ਸਾਰੇ ਮੁਸਲਮਾਨ ਇੱਕਠਾ ਹੋ ਰਹੇ ਨੇ. ਤੇਲ ਤੋਂ ਬਣੇ ਰਈਸ ਅਰਬ ਮੁਲਕਾਂ ਵਿੱਚ ਮੁਸਲਮਾਨ ਮਜਦੂਰਾਂ ਨਾਲ ਕੀਤੇ ਗਿਐ ਸਖ਼ਤ ਸਲੂਕ ਮੁਸਲਮਾਨਾਂ ਦੀ ਇੱਕਮੁੱਠਤਾ ਦੇ ਕਿਸੇ ਵੀ ਸਰਲ ਯਕੀਨ ਨੂੰ ਨਕਾਰਦੀ ਹੈ. ਉਸੇ ਤਰ੍ਹਾਂ ਹਿੰਦੂ ਸ਼ਾਇਦ ਪਾਕਿਸਤਾਨ ਤੇ ਬੈਠੇ ਮੁਸਲਿਮ ਸਮੂਹਾਂ ਦੇ ਦਹਿਸ਼ਦਗਰਦ ਹਮਲਿਆਂ ਤੋਂ ਡਰੇ ਰਹਿੰਦੇ ਨੇ ਮਗਰ ਉਨ੍ਹਾਂ ਦੇ ਆਪਸ ਦੇ ਜਾਤ ਅਤੇ ਖੇਤਰੀ ਮਤਭੇਦ ਦੇ ਝਗੜੇ ਕਾਫ਼ੀ ਬੁਰੇ ਹਾਲਾਤ ਪੈਦਾ ਕਰਦੇ ਰਹਿੰਦੇ ਨੇ. ਮਿਸਾਲ ਦੇ ਤੌਰ ਤੇ, ਉਤਰੀ ਇੰਡੀਆ ਤੋਂ ਮੁਮਬਈ ਆਏ ਪਰਵਾਸਿਆਂ ਦੇ ਉਪਰ ਕੱਟੜ ਸ਼ਿਵ ਸੈਨਾ ਦੇ ਹਮਲੇ ਨੇ, ਜੋ ਮਹਾਰਾਸ਼ਟ੍ਰਿਅਨ ਕੌਮੀਵਾਦ ਦੀ ਨੁਮਾਇੰਦਗੀ ਕਰਦਾ ਹੈ. ਇਸ ਕਰ ਕੇ ਹਾਲਾਤ ਦੇ ਮੁਤਾਬਕ, ਪ੍ਰਸ਼ੰਗਿਕ ਅਤੇ ਕਈ ਦਿਸ਼ਾਵਾਂ ਵਾਲੇ ਸਮੂਹਾਂ ਦੀ ਪਛਾਣ ਦੇ ਪਹਲੂ ਨੂੰ ਯਾਦ ਰੱਖਣਾ ਲ਼ਾਜਮੀ ਹੈ ਜਦ, ਤਕਸੀਮ ਤੋਂ ਪਹਿਲਾਂ ਦੇ ਪੰਜਾਬ ਦੇ ਸਮੂਹਾਂ ਦਾ ਮਜ਼ੂਬੀ ਫ਼ਰਕ ਹੀ ਉਨ੍ਹਾਂ ਨੂੰ ਉਨ੍ਹ ਸਮੂਹਾਂ ਵਿੱਚ, ਇਕੱਠੇ ਕਰਣ ਦੀ ਕਸੌਟੀ ਸੀ. ਦੂਜੇ ਲਫ਼ਜ਼ਾਂ ਵਿੱਚ, 1947 ਤੇ ਪੰਜਾਬ ਵਿੱਚ ਹੋਏ ਕੌਮੀ ਕਤਲਾਂ ਦੇ ਬਹੁਤ ਜ਼ਿਆਦਾ ਸਬੂਤਾਂ ਦੀ ਮੌਜੂਦਗੀ ਦੇ ਬਾਵਜੂਦ, ਇਹ ਯਕੀਨ ਕਰਣ ਦੀ ਕੋਈ ਵਜ੍ਹਾ ਨਹੀਂ ਹੈ ਕਿ ਇਸ ਤਰ੍ਹਾਂ ਦਾ ਖ਼ੂਨੀ ਅੰਜ਼ਾਮ ਲਾਜ਼ਮੀ ਸੀ.

ਐਥਨੀਕ ਕਨਫਲਿਕਟ (ਨਸਲੀ ਝਗੜੇ) ਦਾ ਪ੍ਰਸੰਗ

ਅਗਰ ਮੱਨ ਲੀਤਾ ਜਾਵੈ ਕਿ ਨਸਲ ਰਿਲੇਸ਼ਨਲ ਹੈ ਅਤੇ ਜਿਨ੍ਹ ਹਾਲਾਤਾਂ ਜਾਂ ਪ੍ਰਸੰਗ ਵਿੱਚ ਤਸ਼ੱਦਦ ਭਰੇ ਨਸਲੀ ਝਗੜੇ ਹੁੰਦੇ ਨੇ, ਉਹ ਵੀ ਮਾਇਨੇ ਰਖਦੇ ਨੇ, ਕਿਉਂਕਿ ਮੁਖ਼ਤਲਿਫ਼ ਨਸਲਾਂ ਦੇ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਉਹ ਲੋਕ ਆਪਸ ਵਿੱਚ ਝਗੜਣ. ਫ਼ੇਵਿਡ ਏ.ਲੇਕ ਅਤੇ ਡੋਨੇਲਡ ਰੌਠਸਚਾਇਲਡ ਇਤਿਹਾਸਕ ਤੌਰ ਤੇ ਤਿਆਰ ਸਾਮਾਜਿਕ ਹਾਲਾਤਾਂ ਦਾ ਜਾਇਜਾ ਲੈਂਦੇ ਨੇ, ਜਿੱਥੇ ਨਸਲੀ ਝਗੜੇ ਇੱਕ ਚਰਮ ਰੂਪ ਅਖ਼ਤਿਆਰ ਕਰ ਲੇਂਦੇ ਨੇ. ਉਹ ਗੌਰ ਫਰਮਾਉਂਦੇ ਨੇ:

> ਅਸੀਂ ਦਲੀਲ ਦੇਂਦੇ ਹਾਂ ਕਿ ਨਸਲੀ ਝਗੜਾ ਸਮੂਹਾਂ ਦੇ ਆਪਸੀ ਫ਼ਰਕਾਂ, ਪੁਰਾਣੀ ਨਫ਼ਰਤ ਅਤੇ ਸਦਿਆਂ ਪੁਰਾਣੀ ਪੁਸ਼ਤੈਨੀ ਦੁਸ਼ਮਨੀ ਵਗੈਰਹ ਕਰ ਕੇ ਨਹੀਂ ਹੁੰਦਾ ਹੈ. ਬਲਕਿ ਸਾਡੇ ਮੁਤਾਬਕ ਨਸਲੀ ਝਗੜਾ ਅਕਸਰ ਭਵਿੱਖ ਬਾਰੇ ਮਜਮੁਈ ਡਰ ਤੋਂ ਹੁੰਦਾ ਹੈ. ਜੈਦਾਂ ਹੀ ਸਮੂਹ ਆਪਣੀ ਜਿਸਮਾਨੀ ਹਿਫ਼ਾਜਤ ਲੈ ਕੇ ਫ਼ਿਕਰਮੰਦ ਹੋ ਜਾਂਦੇ ਨੇ, ਕਈ ਸਿਲਸਲੇਵਾਰ, ਖ਼ਤਰਨਾਕ ਅਤੇ ਮੁਸ਼ਕਲ ਨਾਲ ਹਲ ਹੋਣ ਵਾਲਿਆਂ ਕਸ਼ਮਕਸ਼ ਪੈਦਾ ਹੋ ਜਾਂਦੀਆ ਨੇ, ਜਿਸ ਦੇ ਅੰਦਰ ਇੱਕ ਭਿਅੰਕਰ ਸੰਭਾਵੀ ਤਸ਼ੱਦਦ ਹੁੰਦਾ ਹੈ. ਜਦ ਖ਼ਬਰੀ ਨਾਕਾਮੀ, ਭਰੋਸੇਮੰਦ ਵਾਅਿਦੇ ਦੇ ਮਸਲੇ, ਅਤੇ ਹਿਫ਼ਾਜਤ ਦੀ ਕਸ਼ਮਕਸ਼ ਜੋਰ ਪਕੜ ਲੈਵੇ, ਤਾਂ ਹਕੂਮਤ ਕਮਜੋਰ ਹੋ ਜਾਂਦੀ ਹੈ, ਸਮੂਹ ਡਰ ਜਾਂਦੇ ਨੇ, ਅਤੇ ਝਗੜੇ ਹੋਣ ਦੇ ਆਸਾਰ ਵਧ ਜਾਂਦੇ ਨੇ. ਸਮੂਹਾਂ ਦੇ ਵਿੱਚ ਰਹਿਣ ਵਾਲੇ ਨਸਲੀ ਕਾਰਕੁਨ ਅਤੇ ਸਿਆਸੀ ਧੰਧੇਵਾਲੇ, ਉਣ ਜਿਸਮਾਨੀ ਗੈਰਹਿਫ਼ਾਜਤੀ ਅਤੇ ਤਹਿਜ਼ੀਬੀ ਬੋਲਬਾਲੇ ਦੇ ਇਹਸਾਸ ਨੂੰ, ਹੋਰ ਜ਼ੋਰ ਦੇਂਦੇ ਨੇ ਅਤੇ ਸਮਾਜ ਨੂੰ ਤਕਸੀਮ ਕਰਦੇ ਨੇ. ਸਿਆਸਤੀ ਯਾਦਾਂ, ਫ਼ਰਜੀ ਦਾਸਤਾਨਾਂ ਅਤੇ ਜਜ਼ਬਾਤ ਵੀ ਇਸ ਡਰ ਦਾ ਇਜ਼ਾਫ਼ਾ ਕਰਦੇ ਨੇ, ਜੋ ਸਮੂਹਾਂ ਦੇ ਵਿੱਚ ਦੂਰੀ ਵੱਧਾ ਦੇਂਦੇ ਨੇ. ਸਮੂਹਾਂ ਦੇ ਵਿੱਚ ਅਤੇ ਸਮੂਹਾਂ ਦੇ ਦਰਮਿਆਨ ਇਸਟ੍ਰੇਟੇਜਿਕ (ਰਣਨੀਤਕ) ਪ੍ਰਭਾਵ ਇੱਕ ਗੈਰਇਤਬਾਰ ਅਤੇ ਸ਼ੱਕ ਦਾ ਜਹਰੀਲਾ ਕਾਢਾ ਤਿਆਰ ਕਰਦਾ ਹੈ ਜੋ ਇੱਕ ਖ਼ੂਨੀ ਤਸ਼ੱਦਦ ਵਿੱਚ ਫੱਟ ਸਕਦਾ ਹੈ, ਇੱਥੇ ਤੱਕ ਕਿ ਇੱਕ ਕੌਮ ਦੂਜੇ ਨੂੰ ਸੋਚੀ ਸਾਜ਼ਸ਼ ਦੇ ਤਹਿਤ ਕਤਲੇਆਮ ਕਰ ਸਕਦੀ ਹੈ (1998: 4).

ਉਹ ਇਸ ਗਲ ਤੇ ਜੋਰ ਦੇਂਦੇ ਨੇ ਕਿ ਇਸੇ ਤਰ੍ਹਾਂ ਦੇ ਮਨੋਵਿਕਾਰੀ ਹਾਲਾਤ, ਨਾ ਸਿਰਫ਼ ਵਿਅਕਤੀ ਅਤੇ ਸਮੂਹਾਂ ਨੂੰ, ਬਲਕਿ ਉਨ੍ਹਾਂ ਦੇ ਹੁਕਮਰਾਨਾਂ ਨੂੰ ਵੀ ਫੰਸਾ ਲੇਂਦੇ ਨੇ (Ibid: 3–23). ਇਤਿਹਾਸਕ ਤੌਰ ਤੇ ਮੌਜੂਦ ਸਾਮਾਜਿਕ ਹਾਲਾਤ ਹਰ ਮਾਮਲੇ ਤੇ ਮੁਖ਼ਤਲਿਫ਼ ਹੋ ਸਕਦੇ ਨੇ, ਮਗਰ ਪੰਜਾਬ ਦੇ ਮਾਮਲੇ ਤੇ ਲੇਕ ਅਤੇ ਰੌਠਸਚਾਇਲਦ ਦਾ ਬਿਆਨ ਪੰਜਾਬ ਦੇ 1947 ਦੇ ਹਾਲਾਤਾਂ ਦੇ ਬਹੁਤ ਨਜਦੀਕ ਹੈ.

ਦੀ ਪਲੂਰਲ ਸੋਸਾਇਟੀ (ਇੱਕ ਰਲਿਆ ਮਿਲਿਆ ਸਮਾਜ)

1982 ਵਿੱਚ ਲਿਉ ਕੁਪਰ ਨੇ ਇੱਕ ਰਲੇ-ਮਿਲੇ ਹੋਏ ਸਮਾਜ ਦੀ ਬੁਨਿਆਦ ਦੇ ਉਪਰ ਵਿਆਖਿਆ ਕਰਣੀ ਚਾਹੀ ਕਿ, ਕਿਉਂ ਜ਼ਾਹਰ ਤੌਰ ਤੇ ਅਮਨ ਵਿੱਚ ਰਹਿਣ ਵਾਲੇ, ਇੱਕ ਤੋਂ ਜ਼ਿਆਦਾ ਨਸਲ ਅਤੇ ਮਜ਼ੂਬ ਵਾਲੇ ਸਮਾਜ ਇੱਕ ਤਸ਼ੱਦਦ ਭਰੇ ਝਗੜੇ ਅਤੇ ਉਸ ਦੇ ਬਾਅਦ ਨਸਲਕੁਸ਼ੀ ਤੇ ਉਤਾਰੂ ਹੋ ਜਾਂਦੇ ਨੇ. ਕਈ ਵਾਰ ਗੈਰਬਰਾਬਰ ਆਰਥਿਕ ਤੱਰਕੀ, ਗੈਰਬਰਾਬਰ ਮੌਕੇਆਂ ਅਤੇ ਇੱਕ ਵਰਗੀ ਸਿਆਸੀ ਜਾਣ-ਪਛਾਣ ਨਾ ਹੋਣ ਕਰ ਕੇ, ਸਮੂਹਾਂ ਦੇ ਦਰਮਿਆਨ ਦਰਾਰ ਪੈਦਾ ਹੋ ਜਾਂਦੀ ਹੈ. ਮਿਸਾਲ ਦੇ ਤੌਰ ਤੇ, ਇੱਕ ਤਰਫ਼ ਹਿੰਦੂ ਹੋਰ ਸਿੱਖ ਅਤੇ ਦੂਜੀ ਤਰਫ਼ ਮੁਸਲਮਾਨ ਮੁਖ਼ਤਲਿਫ਼ ਖੂਹਾਂ ਤੋਂ ਪਾਣੀ ਕੱਢਦੇ ਸੀ. ਦਲਿਤ ਹੋਰਾਂ ਦੇ, ਆਪਣੇ ਅਲਗ ਖੂਹ

ਹੁੰਦੇ ਸੀ. ਇਸ ਦੇ ਇਲਾਵਾ ਹਿੰਦੂ ਆਪਣੇ ਸਖ਼ਤ ਨਿਯਮਾਂ ਦੇ ਚਲਦਿਆਂ, ਆਮ ਤੌਰ ਤੇ ਮੁਸਲਮਾਨਾਂ ਨਾਲ ਇਕੱਠੇ ਖਾਣ-ਪੀਣ ਕਰਣ ਤੋਂ ਪਰਹੇਜ ਕਰਦੇ ਸੀ. ਇਥੇ ਤੱਕ ਕਿ ਕੱਟੜ ਸਿੱਖ ਜੋ ਸ਼ਾਕਾਹਾਰੀ ਹੁੰਦੇ ਸਨ, ਉਹ ਵੀ ਮੁਸਲਮਾਨਾਂ ਨਾਲ ਇਕੱਠੇ ਖਾਣ-ਪੀਣ ਨਹੀਂ ਕਰਦੇ ਸਨ. ਇਸੇ ਤਰ੍ਹਾਂ ਦੇ ਭੇਦ ਨੂੰ, ਰਵਾਇਤ ਦੀ ਬੁਨਿਆਦ ਦੇ ਉਪਰ, ਸਲੂਕਾਂ ਦੀ ਰੀਤ ਦੇ ਤੌਰ ਤੇ ਸਵੀਕਾਰ ਕਰ ਲੀਤਾ ਗਿਆ ਸੀ ਅਤੇ ਇਸ ਬਾਰੇ ਕੋਈ ਬੁਰਾ ਮਹਿਸੂਸ ਨਹੀਂ ਕਰਦਾ ਸੀ.

ਇਸੇ ਤਰ੍ਹਾਂ ਦੇ ਸਮਾਜ ਇੱਕ ਲੰਬੇ ਅਰਸੇ ਤੱਕ ਅਮਨ ਨਾਲ ਰਹਿ ਸਕਦੇ ਨੇ, ਮਗਰ ਸ਼ਿਦੱਤ ਅਤੇ ਦਬਾਅ ਵਿੱਚ ਆ ਕੇ ਅਚਾਨਕ ਫੁੱਟ ਸਕਦੇ ਨੇ. ਇਸ ਦਾ ਅੰਜਾਮ ਕਮਜੋਰ ਅਤੇ ਬੇਬਸ ਸਮੂਹ ਦਾ ਜੈਨੇਸਾਇਡ (ਨਸਲਕੁਸ਼ੀ) ਹੋ ਸਕਦਾ ਹੈ. ਕੁਪਰ ਮੱਨਦਾ ਹੈ ਕਿ ਪਲੁਰਲ (ਮਿਸ਼੍ਰਿਤ) ਸਮਾਜ ਉਪਨਿਵੇਸ਼ੀ ਦਖ਼ਲ ਤੋਂ ਪਹਿਲਾਂ ਤੱਕ ਕਾਇਮ ਰਹਿੰਦੇ ਨੇ ਮਗਰ ਉਪਨਿਵੇਸ਼ੀ ਨੀਤੀਆਂ ਅਤੇ ਤਬਦੀਲੀ ਦਾ ਦੌਰ ਕੌਮੀ ਤਣਾਅ ਨੂੰ ਹੋਰ ਖ਼ਰਾਬ ਕਰ ਦੇਂਦਾ ਹੈ, ਅਤੇ ਜਦ ਉਪਨਿਵੇਸ਼ੀ ਤਾਕਤ ਚਲੀ ਜਾਂਦੀ ਹੈ, ਉਹ ਸਮਾਜ ਨਸਲਕੁਸ਼ੀ ਤੇ ਤਸ਼ੱਦਦ ਵਿੱਚ ਵਿਸਫੋਟਤ ਹੋ ਜਾਂਦੇ ਨੇ (Ibid: 57-59). ਇਸ ਤਸ਼ੱਦਦ ਭਰੇ ਝਗੜੇ ਦੇ ਢਾਂਚੇ ਦੀ ਬੁਨਿਆਦ ਨੂੰ ਦੂਜੇ ਲੇਖਕਾਂ ਨੇ ਢੁੰਘੀ ਤਰਹਾਂ ਵੰਡੇ ਸਮਾਜ, ਖੰਡਿਤ ਸਮਾਜ ਦੀ ਵਿਆਖਿਆ ਵਗੈਰਹ ਦਿੱਤੀ ਹੈ. ਕੁਪਰ ਇਹ ਵੀ ਕਹਿੰਦਾ ਹੈ ਕਿ ਤਸ਼ੱਦਦ ਦੇ ਬਹੁਤ ਵਡੇ ਕੱਮ ਬਗੈਰ ਹਕੂਮਤੀ ਅਫਸਰਾਂ ਦੀ ਮਿਲੀਭਕਤ ਦੇ ਨਾਮੁਮਕਿਨ ਨੇ, ਮਗਰ ਸਮਾਜ ਦੇ ਆਮ ਲੋਕਾਂ ਨੂੰ ਵੀ, ਦੁਸ਼ਮਨ ਅਤੇ ਉਨ੍ਹਾਂ ਦੀ ਹਸਤੀ ਨੂੰ ਖ਼ਤਰਾ ਪਹੁੰਚਾਣ ਵਾਲੇ ਸਮੂਹਾਂ ਦੇ ਉਪਰ ਹਮਲੇ ਕਰਣ ਲਈ ਉਕਸਾਇਆ ਜਾ ਸਕਦਾ ਹੈ. ਇਹ ਪੰਜਾਬ ਦੇ ਹਾਲਾਤ ਬਾਰੇ ਵੀ ਸਚ ਹੈ ਮਗਰ ਕਿਣ ਹਾਲਾਤਾਂ ਵਿੱਚ ਇਸੇ ਤਰ੍ਹਾਂ ਦਾ ਬੀਮਾਰ, ਬੇਧੜਕ ਸਲੂਕ ਹੁੰਦਾ ਹੈ, ਇਸ ਦੀ ਛਾਨ-ਬੀਨ ਅਤੇ ਸਮਝਣ ਦੀ ਜ਼ਰੂਰਤ ਹੈ. ਉਹ ਪੰਜਾਬ ਨੂੰ ਇੱਕ ਖ਼ਾਸ ਪਲੁਰਲ ਸਮਾਜ ਦੇ ਤੌਰ ਤੇ ਪੇਸ਼ ਕਰਦਾ ਹੈ, ਜੋ 1947 ਵਿੱਚ ਤਸ਼ੱਦਦ ਨਾਲ ਫੁੱਟਿਆ (Ibid: 65–67). ਹਾਲਾਂਕਿ ਉਹ ਇਹ ਜ਼ਿਕਰ ਕਰਦਾ ਹੈ ਕਿ ਸਾਰੇ ਲੋਕਾਂ ਨੇ ਮੁਖ਼ਾਲਫ਼ਤੀ ਸਮੂਹਾਂ ਨਾਲ ਬੁਰਾ ਸਲੂਕ ਨਹੀਂ ਕੀਤਾ. ਉਲਝਣ ਹਟਾਉਣ ਲਈ ਸਾਨੂ ਇੱਕ ਗਲ ਆਪਣੇ ਜ਼ੇਹਨ ਵਿੱਚ ਰੱਖਣੀ ਹੈ ਕਿ ਪਲੁਰਲ (ਰਲਿਆ ਮਿਲਿਆ) ਸਮਾਜ ਅਤੇ ਪਲੁਰਲਿਸਟ (ਬਹੁਲਤਾਵਾਦੀ) ਸਮਾਜ ਇੱਕ ਨਹੀਂ ਨੇ; ਪਲੁਰਲਿਸਟ ਸਮਾਜ ਵਿੱਚ ਕਈ ਸਕਾਰਾਤਮਕ ਚੀਜਾਂ ਹੁੰਦੀਆਂ ਨੇ ਅਤੇ ਕਈ ਵਾਰ ਇਸ ਨੂੰ ਕਈ ਤਹਿਜ਼ੀਬਾਂ ਵਾਲੇ ਇੱਕ ਸਥਿਰ ਸਮਾਜ ਦੇ ਰੂਪ ਦੇ ਜਾਣਿਆ ਜਾਂਦਾ ਹੈ. ਇੱਕ ਪਲੁਰਲਿਸਟ ਸਮਾਜ, ਨਾਗਰਿਕਤਾ ਦੇ ਸਮਾਨ ਹੱਕ ਦੀ ਬੁਨਿਆਦ ਦੇ ਉਪਰ ਹੁੰਦਾ ਹੈ ਅਤੇ ਇਸ ਵਿੱਚ ਕੌਮੀ ਹੋਰ ਬਹੁਰੂਪੀ ਤਹਿਜ਼ੀਬ ਹੁੰਦੀ ਹੈ. ਇਹ ਦੂਜੇ ਆਲਮੀ ਜੰਗ ਦੇ ਬਾਅਦ ਉਦਯੋਗਵ੍ਰਿਤ ਪੱਛਮੀ ਦੁਨੀਆ ਦੀ ਜਮਹੂਰੀਅਤਾਂ ਦੀ ਕਾਮਯਾਬੀ ਹੈ. ਕੁਪਰ ਦੀ ਪਲੁਰਲ ਸੋਸਾਇਟੀ, ਪਲੁਰਲਿਸਟ ਸੋਸਾਇਟੀ ਦੀ ਮੁਖ਼ਾਲਫ਼ਤੀ ਹੈ.

ਪੰਜਾਬ : ਇੱਕ ਜੁੜਿਆ ਹੋਇਆ, ਰਵਾਇਤੀ ਬਹੁ-ਤਹਿਜੀਬੀ ਸਮਾਜ

ਜਾਬ ਦਾ ਇੱਕ ਪਲੁਰਲ ਸਮਾਜ ਦੇ ਤੌਰ ਤੇ ਕੀਤਾ ਵਰਣਨ ਕਈ ਵਿਦਵਾਨਾਂ ਨੇ ਮੰਜ਼ੂਰ ਨਹੀਂ ਕੀਤਾ ਹੈ. ਉਹ ਕਹਿੰਦੇ ਨੇ ਕਿ ਮੁਗਲਾਂ ਦੇ ਵਕਤ ਤੋਂ (1526-1857) ਪੰਜਾਬ ਇੱਕ ਨਿਆਰੀ ਅਤੇ ਇੱਕ ਮਿਸ਼ਰਤ ਪਛਾਣ ਤਿਆਰ ਕਰ ਰਿਹਾ ਸੀ, ਜਿਸ ਦੀ ਲਚਕ ਉਸ ਦੇ ਤਹਿਜ਼ੀਬ ਅਤੇ ਇੱਕ ਦੂਜੇ ਨਾਲ ਮਿੱਲ-ਜੁੱਲ ਕੇ ਰਹਿਣ ਦੀ

ਰਵਾਇਤ, ਮਜ਼ਬੂਤੀ ਕੌਮਾਂ ਤੇ ਸਾਮਾਜਿਕ ਅਭਿਆਸ ਦਾ ਹਿੱਸਾ ਸੀ (Ballard, 1999: 7–24; Grewal, 2004: 12). ਪੰਜਾਬੀ ਮਿਸ਼ਰਤ ਤਹਿਜ਼ੀਬ ਦੀ ਕੋਈ ਸਖ਼ਤ ਪਰਿਭਾਸ਼ਾ ਨਹੀਂ ਹੈ ਮਗਰ ਲਗਦਾ ਹੈ, ਇਸ ਦਾ ਮਤਲਬ ਇਹ ਬਣਦਾ ਹੈ ਕਿ ਜਬਾਨ, ਸਾਂਝੇ ਤਿਉਹਾਰ ਨਾਲ ਬਣੀ ਆਮ ਤਹਿਜ਼ੀਬ, ਮਜ਼ਬੂਤੀ ਅਤੇ ਜਾਤ ਦੇ ਬਟਵਾਰੇ ਦੇ ਇਹਸਾਸ ਨੂੰ ਘੱਟ ਕਰਦੀ ਸੀ (Williams, 2004). ਦਰਅਸਲ ਕਈ ਵਾਰ, ਮਿਸਾਲ ਦੇ ਤੌਰ ਤੇ, ਜਟਾਂ ਦੀ ਬਹੁਤ ਵਡੀ ਖੇਤੀਬਾੜੀ ਕਰਣ ਵਾਲੀ ਜਾਤ, ਜੋ ਮੁਸਲਮਾਨ ਅਤੇ ਸਿੱਖ ਦੋਵੇਂ ਸੀ, ਜਾਂ ਫਿਰ ਰਾਜਪੂਤ ਜੋ ਹਿੰਦੂ ਅਤੇ ਮੁਸਲਮਾਨ ਦੋਵੰੇ ਸੀ, ਇੱਕ ਵਿਰਾਸਤੀ ਵੰਸ਼ ਹੋਣ ਕਰ ਕੇ, ਇੱਕ ਦੂਜੇ ਨਾਲ ਹਮਦਰਦੀ ਭਰੇ ਰਿਸਤੇ ਰੱਖਦੇ ਸੀ. ਮਗਰ ਇਹ ਗਲ ਪੂਰੀ ਤਰ੍ਹਾਂ ਸੱਚ ਨਹੀਂ ਸੀ: ਇਹ ਖ਼ਾਸ ਕਰ ਕੇ ਉੱਚੀ ਜਾਤ ਵਾਲੇ ਹਿੰਦੂਆਂ ਵਿੱਚ, ਉਨ੍ਹਾਂ ਲਈ ਨਾਰਾਜ਼ਗੀ ਅਤੇ ਬੇਗਾਨਗੀ ਦਾ ਇਹਸਾਸ ਪੈਦਾ ਕਰ ਸਕਦਾ ਸੀ, ਜਿਨ੍ਹਾਂ ਨੇ ਇਸਲਾਮ ਕਬੂਲ ਕਰ ਲੀਤਾ ਸੀ. ਮਗਰ ਜੈਦਾਂ ਕਿ ਪਹਿਲਾਂ ਕਿਹਾ ਗਿਆ ਹੈ, ਕੋਈ ਵੀ ਵਜ੍ਹਾ ਸਮੁੱਚੇ ਪੰਜਾਬ ਦੇ ਉਪਰ ਜਾਂ ਇਥੇ ਤੱਕ ਕਿ ਸਥਾਨਕ ਪਿੰਡਾ ਤੇ ਵੀ, ਨਹੀਂ ਲਾਗੂ ਹੁੰਦੀ ਸੀ. ਤਕਸੀਮ ਤੋਂ ਪਹਿਲਾਂ ਮਿਸ਼ਰਤ ਪੰਜਾਬੀ ਤਹਿਜ਼ੀਬ ਦੇ ਬਾਰੇ ਮੇਰੀ ਆਪਣੀ ਸਮਝ ਇਹ ਹੈ ਕਿ, ਕਿਉਂਕਿ ਤਿੰਨ ਮਜ਼ਬੂਤਾਂ ਵਿੱਚ ਕੋਈ ਵੀ ਫ਼ਿਰਕਾ, ਮਜ਼ਬੂਤੀ ਦਫਤਰਸ਼ਾਹੀ ਦੇ ਤਹਿਤ ਸੰਗਠਤ ਨਹੀਂ ਸੀ; ਪੁਜਾਰੀ ਵੀ ਸਥਾਨਕ ਹੁੰਦੇ ਸੀ ਅਤੇ ਉਨ੍ਹਾਂ ਦੀ ਜੜਾਂ ਵੀ ਨੇੜੇ ਰਹਿਣ ਵਾਲੇ ਲੋਕਾਂ ਨਾਲ ਜੁੜਿਆਂ ਹੁੰਦੀਆਂ ਸੀ. ਉਨ੍ਹਾਂ ਦਾ ਕਿਰਦਾਰ ਜ਼ਿਆਦਾਤਰ ਰਸਮੀ ਹੁੰਦਾ ਸੀ ਅਤੇ ਉਹ ਪੂਜਾ, ਵਿਆਹ, ਜਨਮ ਅਤੇ ਮੌਤ ਦੇ ਵਕਤ, ਰਸਮ ਅਦਾ ਕਰਦੇ ਸੀ. ਇਸ ਦੇ ਇਲਾਵਾ ਸਾਧੂ ਅਤੇ ਫਕੀਰਾਂ ਵਿੱਚ ਲੋਕਾਂ ਦਾ ਯਕੀਨ ਵਿਆਪਕ ਸੀ ਅਤੇ ਅਕਸਰ ਲੋਕ ਰਹਿਮਤ ਲਈ, ਮਜ਼ਬੂਤੀ ਸੀਮਾ ਲੰਘ ਜਾਂਦੇ ਸੀ. ਇਸ ਦੇ ਇਲਾਵਾ ਰਵਾਇਤੀ ਦਵਾਇਆਂ ਦੇ ਲੋਕ ਅਤੇ ਡੱਾਕਟਰ- ਹਿੰਦੂ ਅਤੇ ਸਿੱਖ ਵੈਦ ਅਤੇ ਮੁਸਲਿਮ ਹਕੀਮਾਂ ਕੋਲ ਸਾਰੇ ਮਹਜਬਾਂ ਦੇ ਰੋਗੀ ਜਾਂਦੇ ਸੀ. ਇਲਾਜ ਕਾਫ਼ੀ ਸਸਤਾ ਹੁੰਦਾ ਸੀ ਅਤੇ ਕਈ ਵਾਰ ਬਗੈਰ ਪੈਸੇ ਦੇ. ਇਹ ਰਵਾਇਤ, ਆਧੁਨਿਕ ਜਮਾਨੇ ਦੇ ਪੜ੍ਹੇ ਡੱਾਕਟਰਾਂ ਦੀ ਪ੍ਰੈਕਟੀਸ ਜਮ ਜਾਣ ਦੇ ਬਾਵਜੂਦ ਵੀ ਚਲਦੀ ਰਹੀ. ਆਖ਼ਰ ਤੇ, ਹਿੰਦੂ, ਮੁਸਲਮਾਨ ਅਤੇ ਸਿੱਖ ਤਾਲੀਮ ਦੇਣ ਵਾਲੇਆਂ ਨੂੰ ਸ਼ਾਗਿਰਦਾਂ ਤੋਂ ਬਹੁਤ ਇਜ਼ੱਤ ਮਿਲਦੀ ਸੀ.

ਤਕਸੀਮ ਤੋਂ ਪਹਿਲਾਂ ਦੇ ਪੰਜਾਬੀ ਸਮਾਜ ਦਾ ਜੈਵਿਕ ਸੁਭਾਅ ਲੋਕਾਂ ਨੂੰ ਕੱਟੜ ਤੌਰ ਤਰੀਕੇਆਂ ਤੋਂ ਬਚਣ ਵਿੱਚ ਮਦਦ ਕਰਦਾ ਸੀ ਅਤੇ ਲੋਕਾਂ ਵਿੱਚ ਦੋਸਤਾਨਾ ਅਤੇ ਮਿਲਨਸਾਰ ਰਿਸ਼ਤੇ ਸੀ. ਇਸ ਕਰ ਕੇ, ਹਾਲਾਂਕਿ ਪੰਜਾਬ ਦਾ ਸਮਾਜ ਪਲੁਰਲ ਸੀ ਕਿਉਂਕਿ ਸਾਰੀ ਬਰਾਦਰਿਆਂ ਦੀ ਆਪਣੀ ਅਲਗ ਪਛਾਣ ਸੀ; ਇਹ ਸਾਂਝੀ ਰੂਹਾਨੀ ਅਤੇ ਸਦਾਚਾਰੀ ਰਵਾਇਤਾਂ ਤੋਂ ਪੈਦਾ ਮਜਬੂਤ ਜਜ਼ਬਾਤੀ ਅਤੇ ਤਹਿਜ਼ੀਬੀ ਬੰਧਨ ਨਾਲ ਜੁੜਿਆ ਵੀ ਹੋਇਆ ਸੀ. ਇਸ ਕਰ ਕੇ, ਵਿਗੜਦੇ ਹਾਲਾਤਾਂ ਦੇ ਮੱਦੇ ਨਜ਼ਰ, ਹਕੂਮਤ ਦੀ ਜਦੋਜਹਿਦ ਅਤੇ ਉੱਚੇ ਹੁਕਮਰਾਨਾਂ ਦੀ ਲਾਲਸਾ ਬਾਰੇ, ਮਿਸ਼ਰਤ ਪੰਜਾਬ ਵਿੱਚ ਮੌਜੂਦ ਉਣ ਵਜ੍ਹਾਂ ਦੀ ਪਛਾਣ ਕਰਣੀ ਜ਼ਰੂਰੀ ਹੈ, ਜਿਸ ਦੇ ਚਲਦਿਆਂ ਉਹ ਫੁੱਟ ਗਿਆ.

ਪੱਲ ਬਰਾਸ ਨੇ ਪੰਜਾਬ ਦੇ ਬਹੁਤ ਜ਼ਿਆਦਾ ਜਾਨੀ ਨੁਕਸਾਨ ਨੂੰ ਇੱਕ 'ਰੇਟ੍ਰਿਬੁਟਿਵ ਜੇਨੋਸਾਇਡ (ਸਜ਼ਾ ਦੇਣ ਵਾਲੀ ਨਸਲਕੁਸ਼ੀ)' ਦੱਸਿਆ ਹੈ. ਮਗਰ ਇਹ ਕੋਈ ਬਦਲੇ ਦੀ ਅਚਾਨਕ ਜਾਂ ਕੁਦਰਤੀ ਤਾਕੀਦ ਦਾ ਨਤੀਜਾ ਨਹੀਂ ਸੀ. ਬਰਾਸ ਦੇ ਮੁਤਾਬਕ, ਇਹ ਬਲਕਿ ਇੱਕ ਪੇਚੀਦਾ ਮਾਮਲਾ ਸੀ, ਜਿਸ ਦੇ ਇੱਕ ਤਰਫ਼ ਪਛਾਣ, ਇੱਜ਼ਤ, ਤਹਿਜ਼ੀਬ ਸੀ ਅਤੇ ਦੂਜੀ ਤਰਫ਼, ਜੁਰਮ ਵਿੱਚ ਸ਼ਾਮਲ ਮੁਖ਼ਤਲਿਫ਼ ਕਿਰਦਾਰਾਂ ਦੇ, ਮਨਸੂਬੇ

ਹੋਰ ਵੱਖ ਵੱਖ ਮਕਸਦ ਸੀ. ਘਟਣਾਵਾਂ ਦੀ ਕਈ ਕੜੀਆਂ ਸੀ ਅਤੇ ਅਲਗ ਦਾਅਵੇਦਾਰਾਂ ਨੇ ਉਨ੍ਹਾਂ ਨੂੰ ਬਹੁਤ ਮੁਖ਼ਤਲਿਫ਼ ਅਤੇ ਵੱਖ ਵੱਖ ਨਜ਼ਰਿਐ ਨਾਲ ਵੇਖਿਆ (Brass, 2003: 77–97).

ਨਸਲੀ ਸਫਾਈ ਦੀ ਥਿਊਰੀ (ਉਸੂਲ) ਵੱਲ

ਅਸੀਂ ਉਸ ਹਾਲਾਤ ਤੋਂ ਸ਼ੁਰੂਆਤ ਕਰਦੇ ਹਾਂ, ਜਿਥੇ ਆਪਸੀ ਫ਼ਰਕ ਨਾਲ ਵਾਕਫ਼ ਫ਼ਿਰਕੇਆਂ ਦੇ ਰਿਸ਼ਤੇਆਂ ਨੂੰ, ਗੈਰਯਕੀਨੀਪਨ, ਫ਼ਿਕਰ, ਡਰ ਅਤੇ ਸ਼ਕ, ਬੂਰੀ ਤਰ੍ਹਾਂ ਮੁਤਾਸਰ ਕਰਦਾ ਹੈ; ਹਾਲਾਂਕਿ ਉਣ ਫ਼ਿਰਕੇਆਂ ਦੇ ਵਿੱਚ ਕੁੱਝ ਆਮ ਤਹਿਜ਼ੀਬੀ ਖਾਸੀਅਤਾਂ ਵੀ ਮੌਜੂਦ ਸੀ. ਸਮੂਹਾਂ ਦੇ ਰਿਸ਼ਤੇ ਜਿਣ ਹਾਲਾਤਾਂ ਤੇ ਅਮਨ ਤੋਂ ਝਗੜੇ ਵਿੱਚ ਤਬਦੀਲ ਹੁੰਦੇ ਨੇ, ਉਹ ਪਲਟ ਸਕਦੇ ਨੇ; ਕੁੱਝ ਪ੍ਰਭਾਵਸ਼ਾਲੀ ਵਜ੍ਹਾਂ ਹਨ ਜੋ ਤਸ਼ੱਦਦੀ ਝਗੜੇ ਕਰਾਂਦਿਆਂ ਨੇ, ਜੈਦਾਂ ਕਿ ਨਕਾਰਾਤਮਕ ਇਤਿਹਾਸਕ, ਸਾਮਾਜਿਕ-ਆਰਥਿਕ ਅਤੇ ਤਹਿਜ਼ੀਬੀ ਵਜ੍ਹਾਂ ਦਾ ਇੱਕ ਹੋਣਾ, ਅਤੇ ਪੁਰਾਣੇ ਵਿਰਸੇ ਜਿਸ ਦੇ ਚਲਦਿਆਂ ਲੋਕ ਅਮਨ ਅਤੇ ਇਕੱਠਾ ਰਹਿੰਦੇ ਸੀ, ਉਸ ਦਾ ਨਾਕਾਮ ਹੋਣਾ ਵੀ ਇੱਕ ਵਜ੍ਹਾ ਸੀ.

ਇਣ ਹਾਲਾਤਾਂ ਵਿੱਚ, ਕੁੱਝ ਹਦ ਤੱਕ ਉਪਾਉ ਕਰਣਾ ਜ਼ਰੂਰੀ ਹੈ, ਤਾਂਕਿ ਪੈਦਾ ਹੋਈ ਉਣ ਧਮਕਿਆਂ ਅਤੇ ਚੁਣੌਤਿਆਂ ਦਾ ਮੁਕਾਬਲਾ ਕੀਤਾ ਜਾ ਸਕੇ. ਇਸ ਬੁਨਿਆਦ ਤੇ ਸਮੂਹਾਂ ਵਿੱਚ ਰਿਸ਼ਤਾ ਬਣਾਇਆ ਜਾ ਸਕਦਾ ਹੈ ਅਗਰ ਦੋ ਤੋਂ ਜ਼ਿਆਦਾ ਸਮੂਹ, ਇਲਾਕਿਆਂ ਅਤੇ ਕੌਮੀ ਹੱਕ ਲੈ ਕੇ ਟਕਰਾਅ ਵਾਲੇ ਦਾਅਵਿਆਂ ਵਿੱਚ ਉਲਝੇ ਹੋਏ ਨੇ. ਅਗਰ ਲੋਕਾਂ ਦੇ ਡਰ ਨੂੰ ਹਟਾਉਣ ਲਈ ਕੁੱਝ ਨਹੀਂ ਕੀਤਾ ਜਾਂਦਾ ਹੈ ਤੇ, ਉਹ ਆਪਣੇ ਸਹ-ਮਜ੍ਹਬੀ ਸਮਪਰਦਾਇ ਜਾਂ ਕਿਸੇ ਵੀ ਤਬਕੇ ਨਾਲ, ਜੋ ਸਾਮਾਜਿਕ ਰਿਸ਼ਤਾ ਕਾਇਮ ਕਰਦਾ ਹੈ, ਉਸ ਦੇ ਨਾਲ ਇੱਕ ਨਜਦੀਕੀ ਰਿਸ਼ਤਾ ਬਣਾ ਸਕਦੇ ਨੇ. ਲੇਕਿਨ, ਬਦਲੇ ਹਾਲਾਤਾਂ ਦੀ ਚੇਤਨਾ ਸਿਆਸੀ ਤੌਰ ਤੇ ਕੋਈ ਪ੍ਰਭਾਵਸ਼ਾਲੀ ਰਵੱਈਆ ਪੈਦਾ ਨਹੀਂ ਵੀ ਕਰ ਸਕਦੀ ਹੈ. ਜ਼ਿਆਦਾਤਰ ਮਾਮਲੇਆਂ ਵਿੱਚ ਇਸੇ ਤਰ੍ਹਾਂ ਦੇ ਰਵੱਈਐ ਲਈ ਹੁਕਮਰਾਨਾਂ, ਕਾਰਜਕਰਤਾ ਅਤੇ ਕੈਡਰਾਂ ਦੀ ਤੰਜ਼ੀਮ ਕੀਤੀ ਤਾਲ-ਮੇਲ ਦੀ ਕਾਰਵਾਈ ਜ਼ਰੂਰੀ ਹੈ. ਉਨ੍ਹਾਂ ਦੀ ਮਿਲੀ-ਜੁਲੀ ਕੋਸ਼ਿਸ਼ ਸਦਸਿਆਂ ਦੇ ਸਮੂਹਾਂ ਨੂੰ ਜਾਗਰੂਕ ਅਤੇ ਤਿਆਰ ਕਰਣ ਲਈ ਲ਼ਾਜਮੀ ਹੈ. ਸਿਰਫ਼ ਬਦਲੇ ਹਾਲਾਤਾਂ ਦੀ ਇਤਲਾਹ ਸਿਆਸੀ ਤੌਰ ਤੇ ਅਹਿਮ ਸਲੂਕ ਲਈ ਕਾਫ਼ੀ ਨਹੀਂ ਹੁੰਦੀ. ਜ਼ਿਆਦਾਤਰ ਮਾਮਲੇਆਂ ਵਿੱਚ, ਇਸ ਸਲੂਕ ਲਈ ਆਗੂਆਂ, ਕਾਰਜਕਰਤਾਵਾਂ ਅਤੇ ਕਾਡਰਾਂ ਦੀ ਕਾਰਵਾਈ ਦੀ ਜਰੁਰਤ ਪੈਂਦੀ ਹੈ, ਜਿਸ ਦੇ ਪਿੱਛੇ ਕੁੱਝ ਹਦ ਤੱਕ ਸੰਗਠਤ ਤਾਲ-ਮੇਲ ਵੀ ਹੁੰਦਾ ਹੈ. ਉਨ੍ਹਾਂ ਦੀ ਮਿਲੀ-ਜੁਲੀ ਕੋਸ਼ਿਸ਼ਾਂ ਨਾਲ ਹੀ ਸਦਸਿਆਂ ਦੀ ਇੱਕ ਵੱਡੇ ਪੈਮਾਨੇ ਤੇ ਲਾਮਬੰਦੀ ਹੋ ਸਕਦੀ ਹੈ.

ਸਮੂਹਾਂ ਦੇ ਫ਼ਿਕਰ ਉਪਰ ਸਿਆਸਤੀ ਉਦੱਮੀਆਂ ਅਤੇ ਨਸਲੀ ਕਾਰਕੁਨਾ ਦਾ ਦਬਾਅ

ਇਹ ਕਹਿਣਾ ਨਾਮੁਮਕਿਨ ਹੈ ਕਿ ਸਮੂਹ ਦੇ ਸਾਰੇ ਸਦੱਸ ਖ਼ੁਦ ਫਿਕਰਮੰਦ ਹੁੰਦੇ ਨੇ, ਜਾਂ ਉਸ ਸਮੂਹ ਦੇ ਨਸਲੀ ਕਾਰਜਕਰਤਾਵਾਂ ਦਾ ਕੋਈ ਦਲ, ਉਸ ਸਮੂਹ ਦੀ ਨੁਮਾਇੰਦਗੀ ਕਰਣ ਦਾ ਇੱਕ ਅਹਿਮ ਕਿਰਦਾਰ ਅਦਾ ਕਰਦਾ ਹੇ, ਜਾਂ ਕਿ ਸਿਆਸਤੀ ਉਦੱਮੀ-ਉਮੰਗੀ ਹੁਕਮਰਾਨ ਅਤੇ ਗਿਆਨੀ, ਜਿਨ੍ਹਾਂ ਦੇ ਵਿੱਚ ਕਾਰਜਕਰਤਾਵਾਂ ਵਰਗਾ ਜੋਸ਼ ਨਹੀਂ ਹੁੰਦਾ, ਇਸੇ ਤਰ੍ਹਾਂ ਦੇ ਇਹਸਾਸ ਨੂੰ ਜ਼ਾਹਰ ਕਰਣ ਤੇ ਮਹਾਰਤ ਦਿਖਾਉਂਦੇ ਨੇ. ਇਸ ਲਈ, ਪਰੋਪਾਗੈਂਡਾ (ਪ੍ਰਚਾਰ) ਹੋਰ ਖ਼ਾਸ ਕਰ ਕੇ, ਅਫ਼ਵਾਹਾਂ ਦੇ ਕਿਰਦਾਰ ਉਪਰ ਗੌਰ ਕਰਣਾ ਪਏਗਾ ਤਾਂਕਿ ਇਹ

ਸਮਝਿਆ ਜਾ ਸਕੇ ਕਿ, ਕਿਹੜੀ ਹਰਕਤਾਂ ਅਤੇ ਕਾਰਜ ਫ਼ਿਕਰ ਅਤੇ ਡਰ ਪੈਦਾ ਕਰਦੇ ਨੇ. ਅਗਰ ਵਿਰੋਧੀ ਇਸ ਪਰੋਪਾਗੈਂਡੇ ਨੂੰ ਰੋਕਣ ਵਿੱਚ ਨਾਕਾਮਯਾਬ ਹੁੰਦੇ ਨੇ, ਜੋ ਦਲ ਡਰ ਅਤੇ ਆਮ ਉਨਮਾਦ ਪੈਦਾ ਕਰਦਾ ਹੈ, ਉਹ ਆਪਣੇ ਵਿਰੋਧੀ ਦੇ ਉਪਰ ਇੱਕ ਰਣਨੀਤਕ ਫ਼ਾਇਦਾ ਲੈ ਲੈਂਦਾ ਹੈ. ਜੀਰੋ-ਸਮ ਗੇਮ ਰਣਨੀਤਕ ਨੂੰ ਸ਼ੁਰੂ ਕਰਣ ਲਈ, ਇੱਕ ਦੂਜੇ ਉਪਰ ਲੰਬੀ ਚਲਦਿਆਂ ਇੰਤਖ਼ਾਬ ਦੀ ਮੁਹਿਮ ਤੋਂ ਬਿਹਤਰ ਕੋਈ ਹੋਰ ਤਰੀਕਾ ਨਹੀਂ ਹੈ. ਬਰਾਬਰ ਤੌਰ ਤੇ, ਇੱਕ ਕੱਟੜ ਪ੍ਰੈਸ ਵੀ ਇੱਕ ਨਾਸ਼ਕ ਕਿਰਦਾਰ ਅਦਾ ਕਰਾ ਸਕਦੀ ਹੈ (Tanwar, 2006: 8–15). ਇਸ ਕਰ ਕੇ, ਡਰ ਫੈਲਾਉਣ ਅਤੇ ਤਰਫ਼ਦਾਰੀ ਵਾਸਤੇ, ਖਬਰਾਂ ਅਤੇ ਲੇਖਾਂ ਨੂੰ ਇੱਕ ਸਨਸਨੀ ਦੇ ਤੌਰ ਤੇ ਪੇਸ਼ ਕਰਨਾ, ਇੱਕ ਖ਼ਤਰਨਾਕ ਸਰੋਤ ਹੈ, ਜੋ ਆਖ਼ਰਕਾਰ ਝਗੜੇ ਦਾ ਰਾਹ ਤਿਆਰ ਕਰ ਦੇਂਦਾ ਹੈ.

ਅਗਰ ਹਕੂਮਤ ਇੰਤਖਾਬ ਦੀ ਮੁਹਿਮ ਅਤੇ ਮੀਡੀਆ ਦੇ ਲੇਖਨ ਉਪਰ ਇੱਕ ਸਖ਼ਤ ਕੋਡ ਔਫ ਕੰਡਕਟ (ਆਚਾਰ ਸੰਹਿਤਾ) ਨਹੀਂ ਲਗਾਉਂਦੀ ਹੈ ਤੇ, ਮੁਖ਼ਾਲਫ਼ਤੀਆਂ ਨੂੰ ਵਹਿਸ਼ੀ ਅਤੇ ਰਾਕਸ਼ ਦੱਸਣਾ ਕਾਫ਼ੀ ਫਾਇਦੇਮੰਦ ਹੋ ਸਕਦਾ ਹੈ, ਜੋ ਘੱਟਦੇ ਹੋਏ ਆਪਸੀ ਇਤਬਾਰ ਨੂੰ ਹੋਰ ਘੱਟ ਕਰ ਦੇਂਦੇ ਨੇ. ਇਸੇ ਤਰ੍ਹਾਂ ਦੀ ਪਰਕ੍ਰਿਆ, ਬਾਅਦ ਵਿੱਚ ਮੁਖ਼ਾਲਫ਼ਤੀ ਪਾਰਟਿਆਂ ਦੀ ਹਕੂਮਤ ਦੀ ਤਕਸੀਮ ਦੇ ਢਾਂਚੇ ਨੂੰ ਤਿਆਰ ਕਰਣ ਦੀ ਕੋਸ਼ੀਸ਼ ਨੂੰ, ਬੁਰੀ ਤਰ੍ਹਾਂ ਮੁਤਾਸਰ ਕਰਦੀ ਹੈ. ਇਸ ਦਾ ਕੁੱਲ ਨਤੀਜਾ ਇਹ ਹੁੰਦਾ ਹੈ ਕਿ, ਲੋਕ ਅਤੇ ਸਮੂਹ, ਹੋਰ ਜ਼ਿਆਦਾ ਸ਼ਕੀ ਅਤੇ ਗੈਰ-ਹਿਫ਼ਾਜਤੀ ਮਹਿਸੂਸ ਕਰਦੇ ਨੇ. ਪੈਦਾ ਹੋਏ ਹਾਲਾਤਾਂ ਵਿੱਚ ਆਪਸ ਦੀ ਦੂਰੀਆਂ ਅਤੇ ਪਾੜਾ ਵਧ ਜਾਂਦਾ ਹੈ. ਜੈਦਾਂ ਜੈਦਾਂ ਹਾਲਾਤ ਹੋਰ ਬਦਤਰ ਹੁੰਦੇ ਨੇ, ਰਜਾਮੰਦੀ ਵਾਲੇ ਸਮਝੌਤੇ ਵੀ ਟੁੱਟ ਜਾਂਦੇ ਨੇ, ਜਾਂ ਉਨ੍ਹਾਂ ਦਾ ਇੱਕਰਾਰ ਨਹੀਂ ਕੀਤਾ ਜਾਂਦਾ ਹੈ. ਇਹ ਕਹਿਣ ਦੀ ਲੋੜ ਨਹੀਂ ਹੈ ਕਿ ਅਸਰਦਾਰ ਅਗਵਾਈ ਤੋਂ ਬਗੈਰ, ਨਾ ਤੇ ਕਾਰਜਕਰਤਾ ਹੋਰ ਨਾ ਹੀ ਆਮ ਸਦੱਸ, ਇਸ ਤਰ੍ਹਾਂ ਦੇ ਡਰ ਅਤੇ ਫ਼ਿਕਰ ਦੂਰ ਕਰ ਸਕਦੇ ਨੇ ਤਾਂਕਿ ਕੁੱਝ ਐਦਾਂ ਦੇ ਕਾਰਜ ਕੀਤੇ ਜਾਣ ਕਿ ਧਮਕਿਆਂ ਦਾ ਮੁਕਾਬਲਾ ਕੀਤਾ ਜਾ ਸਕੇ. ਇਸ ਦਾ ਮਤਲਬ ਇਹ ਹੈ ਕਿ ਸਿਆਸਤੀ ਧੰਧਾ ਕਰਣ ਵਾਲੇ, ਆਪਣੇ ਸਿਆਸਤੀ ਮਕਸਦ ਲਈ, ਲੋਕਾਂ ਦੇ ਦਿਲ੍ਹੀ ਡਰ ਨੂੰ ਵਧਾਉਣ ਦਾ ਅਤੇ ਜੋੜ-ਤੋੜ ਕਰਣ ਦਾ ਫ਼ਾਇਦਾ ਉਠਾ ਸਕਦੇ ਨੇ. ਇਣ ਹਾਲਾਤਾਂ ਵਿੱਚ ਚੁਣੇ ਹੋਏ ਸੱਚੇ ਅਤੇ ਝੂਠੇ ਪੁਰਾਣੇ ਉਲਾਂਭਿਆਂ ਦਾ ਜ਼ਿਕਰ ਕੀਤਾ ਜਾਂਦਾ ਹੈ. ਮਗਰ, ਸਿਆਸਤੀ ਧੰਧਾ ਕਰਣ ਵਾਲੇ ਆਪਣਾ ਪ੍ਰਭਾਵ ਸਿਰਫ਼ ਮੌਜੂਦ ਸਮਾਜਿਕ ਜਾਲ ਜਿਸ ਦੇ ਵਿੱਚ ਉਹ, ਉਨ੍ਹਾਂ ਦੇ ਸਮੂਹ ਅਤੇ ਸਦੱਸ ਹੁੰਦੇ ਹਨ, ਤਕ ਹੀ ਲੈ ਜਾ ਸਕਦੇ ਨੇ. ਇਸੇ ਤਰ੍ਹਾਂ ਦੇ ਰਿਸਤੇ ਉਨ੍ਹਾਂ ਦੀ ਹਾਲਾਤ ਨੂੰ ਕਾਬੂ ਕਰਣ ਦੀ ਹੱਦ, ਸੀਮਿਤ ਕਰ ਦੇਂਦੀ ਹੈ. ਅਤੇ, ਹਾਲਾਂਕਿ ਲੀਡਰ ਆਪਣੇ ਸਮੂਹ ਦੇ ਸਦੱਸਿਆਂ ਨੂੰ ਮੁਤਾਸਰ ਕਰ ਸਕਦੇ ਨੇ, ਮਗਰ ਉਹ ਲਾਜ਼ਮੀ ਤੌਰ ਤੇ, ਫ਼ਸਾਦਾਂ ਦੇ ਹਾਲਾਤਾਂ ਨੂੰ ਇਜ਼ਾਦ ਨਹੀਂ ਕਰਦੇ ਨੇ. ਇਸ ਦੇ ਇਲਾਵਾ ਕਿਸੇ ਹਾਲਾਤ ਦੀ ਜੋੜ-ਤੋੜ ਕਰ ਕੇ, ਉਸ ਨੂੰ ਤਸ਼ੱਦਦ ਦੇ ਰੁਖ ਕਰਨਾ, ਬਾਹਰਲੇ ਹਾਲਾਤਾਂ ਦੇ ਆਸਰੇ ਹੁੰਦਾ ਹੈ, ਜੋ ਉਨ੍ਹਾਂ ਦੀ ਪਕੜ ਤੋਂ ਬਾਹਰ ਹੁੰਦਾ ਹੈ. ਇਨ ਗੈਰ-ਯਕੀਨੀ ਪ੍ਰਸੰਗਾਂ ਅਤੇ ਹਾਲਾਤਾਂ ਵਿੱਚ, ਲੀਡਰਾਂ ਹੋਰ ਕੈਡਰਾਂ ਦੀ ਕਿਰਿਆ ਅਤੇ ਪ੍ਰਤੀਕਿਰਿਆ ਚਾਹੇ ਅਣਚਾਹੇ ਅੰਜਾਮ ਅਤੇ ਫੈਲਾਉ ਪੈਦਾ ਕਰਦੇ ਨੇ. ਹਾਲਾਤ ਜਦ ਹੋਰ ਵਿਗੜਦੇ ਨੇ, ਤਦ ਰੁਸੇ ਸਮੂਹਾਂ ਦੇ ਵਿੱਚ ਸੰਪਰਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦਾ ਹੈ.

ਸਮੂਹਾਂ ਦੇ ਵਿੱਚ ਸੰਪਰਕ ਦੀ ਨਾਕਾਮਯਾਬੀ

ਸੰਪਰਕ ਦੀ ਨਾਕਾਮਯਾਬੀ ਅਤੇ ਇਤਬਾਰ ਦੀ ਕਮੀ ਰੁਸੇ ਹੋਏ ਸਮੂਹਾਂ ਦੇ ਦਰਮਿਆਨ ਰਿਸ਼ਤੇਆਂ ਨੂੰ ਹੋਰ ਖਰਾਬ ਕਰ ਦੇਂਦਾ ਹੈ. ਜਦ ਆਮ ਸਿਆਸਤ ਨਾਕਾਫ਼ੀ ਹੋ ਜਾਂਦੀ ਹੈ ਤਦ ਅਸਥਿਰ ਕਰਣ ਵਾਲੀ ਸਰਗਰਮੀਆਂ ਦਾ ਆਘਾਜ਼ ਹੁੰਦਾ ਹੈ, ਅਤੇ ਜਿਸ ਦਾ ਅਸਰ ਕੌਮੀ, ਨਸਲੀ ਸਮੂਹਾਂ ਅਤੇ ਲੋਕਾਂ ਉਪਰ ਵੱਖ ਵੱਖ ਤਰੀਕੇਆਂ ਨਾਲ ਪਇੰਦਾ ਹੈ. ਕੁੱਝ ਆਪਣੇ ਆਪ ਨੂੰ ਤਾਕਤਵਰ ਅਤੇ ਜੋਸ਼ ਭਰੇ ਮਹਿਸੂਸ ਕਰਦੇ ਨੇ, ਹੋਰ ਦੂਜੀ ਤਰਫ਼ ਕੁੱਝ ਕਮਜੋਰ ਅਤੇ ਮਜ਼ਲੂਮ. ਚਲ ਰਹੇ ਸਿਆਸੀ ਮੁਕਾਬਲੇ ਜਦ ਬੰਦ ਘਰਾਂ ਤੋਂ ਨਿਕਲ ਕੇ ਖੁਲੀ ਥਾਂ ਤੇ ਆ ਪਹੁੰਚਦੇ ਨੇ, ਹੋਰ ਗਲੀ ਮਹੱਲੇਆਂ ਵਿੱਚ ਫੈਲ ਜਾਂਦੇ ਨੇ ਤੇ, ਆਪਸੀ ਤਣਾਅ ਅਤੇ ਝਗੜੇ ਨੂੰ ਘੱਟ ਕਰਣ ਦੇ ਸਥਾਪਤ ਸਾਧਨ ਬੇਅਸਰ ਸਾਬਤ ਹੋ ਜਾਂਦੇ ਨੇ. ਇੱਕ ਗੈਰ-ਯਕੀਨੀ ਸਿਆਸੀ ਭਵਿੱਖ ਦੇ ਸੰਦਰਭ ਵਿੱਚ, ਇਸ ਤਬਦੀਲੀ ਦਾ ਅਸਰ, ਸਮੂੱਚੇ ਤੌਰ ਤੇ, ਕਾਫ਼ੀ ਜ਼ਿਆਦਾ ਅਤੇ ਗੁਮਰਾਹ ਕਰਣ ਵਾਲਾ ਹੋ ਸਕਦਾ ਹੈ. ਭਲੇ ਹੀ ਤਸ਼ੱਦਦ ਬਹੁਤ ਘੱਟ ਜਾਂ ਨਾ ਦੇ ਬਰਾਬਰ ਹੁੰਦਾ ਹੋਵੇ, ਮਗਰ, ਪ੍ਰਦਰਸ਼ਨ, ਜਲੂਸ, ਨਾਅਰੇ, ਇਹ ਸਭ, ਮੁਖ਼ਤਲਿਫ਼ ਮਤਲਬ ਅਖ਼ਤਿਆਰ ਕਰ ਲੇਂਦੇ ਨੇ. ਇੱਕ ਸਮੂਹ ਦੀ ਸਿਆਸੀ ਅਸੰਤੁਸਟੀ ਨੂੰ ਜ਼ਾਹਰ ਕਰਣ ਦੇ ਜਾਇਜ਼ ਅਤੇ ਅਮਨਪਸੰਦ ਤਰੀਕੇ ਨੂੰ, ਮੁਖ਼ਾਲਫ਼ਤੀ ਸਮੂਹ ਇੱਕ ਧਮਕੀ ਦੇ ਤਹਿਤ ਵੇਖਦੇ ਨੇ. ਨਤੀਜਨ, ਮੁਖ਼ਾਲਫ਼ਤੀ ਪਾਰਟਿਆਂ ਦੇ ਸਥਾਪਿਤ ਮਕਸਦ ਬਨਾਮ ਅੰਜਾਮ ਬਿਲਕੁਲ ਅਲਗ ਹੋ ਸਕਦੇ ਨੇ. ਦੂਜੇ ਲਫਜ਼ਾਂ ਵਿੱਚ, ਇਹ ਜ਼ਰੂਰੀ ਨਹੀਂ ਹੈ ਕਿ ਨਸਲੀ ਸਫਾਈ ਅਤੇ ਨਸਲਕੁਸ਼ੀ ਚਾਹੀ ਮੰਜਿਲ ਹੋਣ. ਮਗਰ ਆਪਸੀ ਇਤਬਾਰ ਦੀ ਕਮੀ ਵਿੱਚ, ਕਿਸੇ ਨਿਰਧਾਰਿਤ ਜਗ੍ਹ ਦੇ ਅਮਨ ਅਤੇ ਸੱਤਾ ਦੀ ਤਕਸੀਮ ਨੂੰ ਲੈ ਕੇ, ਨਾਕਾਮੀ ਜਾਂ ਅਮਨ ਨਾਲ ਆਬਾਦਿਆਂ ਦੀ ਹਿਜਰਤ ਦੀ ਨਾਕਾਮੀ, ਕੁੱਝ ਐਦਾਂ ਦੇ ਹਾਲਾਤ ਪੈਦਾ ਕਰ ਦੇਂਦੇ ਨੇ ਕਿ ਉਨ੍ਹਾਂ ਦੇ ਨਤੀਜੇ ਸਮਾਜੀ ਅਤੇ ਸਿਆਸੀ ਤਾਕਤਾਂ ਦੇ ਕਾਬੂ ਵਿੱਚ ਨਹੀਂ ਰਹਿੰਦੇ ਨੇ. ਇਸ ਦਾ ਅੰਜਾਮ ਤਸ਼ੱਦਦ ਜਾਂ ਬਦਲੇ ਦਾ ਤਸ਼ੱਦਦ ਹੋ ਸਕਦਾ ਹੈ.

ਹਨੇਰਗਰਦੀ ਅਤੇ ਬੇਤਰਤੀਬੀ

ਜਦ ਹਕੂਮਤ ਦਾ ਇਖ਼ਤਿਆਰ ਬੁਰੀ ਤਰ੍ਹਾਂ ਬੇਅਸਰ ਜਾਂ ਤਰਫ਼ਦਾਰੀ ਕਰਣ ਵਾਲਾ ਹੋ ਜਾਂਦਾ ਹੈ, ਅਤੇ ਹਨੇਰਗਰਦੀ ਦਾ ਫੈਲਾਉ ਹੋ ਜਾਂਦਾ ਹੈ, ਤਦ ਲੋਕਾਂ ਅਤੇ ਸਮੂਹਾਂ ਨੂੰ ਆਪਣੀ ਹਿਫ਼ਾਜਤ ਖੁਦ ਕਰਣੀ ਪੈਂਦੀ ਹੈ. ਸਮਾਜਕ ਪੂੰਜੀ ਅਤੇ ਸਦਭਾਵ ਹੋਰ ਘੱਟ ਜਾਂਦੇ ਨੇ, ਜਦ ਜਿੰਦਗੀ ਉਪਰ ਹੱਮਲੇ ਦੇ ਖ਼ਤਰੇ, ਤੁਰੰਤ ਸੱਚੇ ਹੋਣ ਲਗਦੇ ਨੇ. ਅਗਰ ਮੁਖ਼ਾਲਫ਼ਤੀ ਸਮੂਹ, ਬਰਾਬਰ ਦੀ ਤਾਕਤ ਰੱਖਦੇ ਨੇ ਅਤੇ ਆਪਣੇ ਫ਼ਾਇਦੇ ਦੀ ਹਿਫਾਜ਼ਤ ਕਰਣ ਲਈ ਮਜਬੂਤੀ ਨਾਲ ਪ੍ਰੇਰਿਤ ਹੂੰਦੇ ਨੇ, ਤਸ਼ੱਦਦ ਭਰੇ ਝਗੜੇ ਦੇ ਹਾਲਾਤ ਤਿਆਰ ਹੋ ਜਾਂਦੇ ਨੇ. ਅਕਸਰ ਇਨ ਹਾਲਾਤਾਂ ਤੋਂ ਪ੍ਰਤਿਕਿਰਿਆ ਦੀ ਸਿਆਸਤ ਪੈਦਾ ਹੁੰਦੀ ਹੈ. ਇਥੇ ਪ੍ਰਤਿਕਿਰਿਆ ਲਫ਼ਜ਼ ਦਾ ਇਸਤੇਮਾਲ ਦੋਹਰੇ ਮਤੱਲਬ ਨਾਲ ਕੀਤਾ ਗਿਆ ਹੈ: 1) ਮਕਾਨਕੀ ਤੋਰ ਤੇ ਕਿਰਿਆ ਅਤੇ ਪ੍ਰਤਿਕਿਰਿਆ ਦੇ ਰੂਪ ਵਿੱਚ, ਅਤੇ 2) ਦੋ ਹੋਰ ਜ਼ਿਆਦਾ ਸਮੂਹਾਂ ਦੇ ਇੱਕ ਦੂਜੇ ਬਾਰੇ ਅਸਪਸ਼ਟ ਸੋਚ ਅਤੇ ਸਲੂਕ ਦੇ ਤੌਰ ਤੇ. ਇਣ ਹਾਲਾਤਾਂ ਵਿੱਚ ਹਰ ਸ਼ਖਸ ਦੀ ਅੰਦਰੂਨੀ ਪ੍ਰਤਿਕਿਰਿਆ ਹਾਵੀ ਹੋ ਜਾਂਦੀ ਹੈ, ਹੋਰ ਬਦਲਾ ਅਕਸਰ ਇਸ ਇਹਸਾਸ ਦਾ ਅੰਜਾਮ ਹੁੰਦਾ ਹੈ. ਹਾਲਾਤ ਜਦ ਹੋਰ ਵਿਗੜਦੇ ਨੇ ਤਾਂ ਜਿੰਦਾ ਰਹਿਣ ਵਾਸਤੇ ਪਹਿਲਾਂ ਦੁਜੇ ਉਪਰ ਹਮਲਾ ਕਰਨਾ ਹੀ ਸਭ ਤੋਂ ਵਧੀਆ ਤਰੀਕਾ ਹੁੰਦਾ ਹੈ, ਜਿਸ ਦਾ ਸਾਫ਼ ਤੌਰ ਤੇ ਵੇਰਵਾ ਹੌਬਸ ਨੇ ਲੇਵਿਏਥਨ ਵਿੱਚ ਦਿੱਤਾ ਹੈ. ਦੁਸ਼ਮਣ ਇੱਕ ਬੇਸ਼ਕਲ ਲੋਕਾਂ ਦਾ ਸਿਰਫ਼ ਇੱਕ ਸਮੂਹ, ਇੱਕ ਨਸਲੀ ਢੇਰ, ਇੱਕ ਨਿਸ਼ਾਨਾ ਬਣ ਕੇ

ਰਹਿ ਜਾਂਦਾ ਹੈ, ਜਿਸ ਨੂੰ ਜਲਦੀ ਹੀ ਸਜਾ ਦਿੱਤੀ ਜਾਵੇ ਤਾਂਕਿ ਉਹ ਦੂਜੇ ਲੋਕਾਂ ਨੂੰ ਨੁਕਸਾਨ ਨਾ ਪਹੁੰਚਾ ਸਕੇ. ਪਰ ਅਚਾਨਕ ਆਇਆ ਗੁੱਸਾ ਖੁਦ ਬਖੁਦ ਕਤਲੇਆਮ ਵਿੱਚ ਤਬਦੀਲ ਨਹੀਂ ਹੁੰਦਾ ਹੈ. ਇਸ ਤੋਂ ਪਹਿਲਾਂ ਕਿ, ਨਿਸ਼ਾਨੇ ਵਾਲੇ ਸਮੂਹ ਊਪਰ ਭਾਰੀ ਤਸ਼ੱਦਦ ਕੀਤਾ ਜਾ ਸਕੇ, ਕੁੱਝ ਹਦ ਤੱਕ ਉਸ ਦਾ ਦਾਨਵੀਕਰਣ ਅਤੇ ਵਹਿਸ਼ੀਕਰਣ ਦਾ ਰੂਪ ਦੇਣਾ ਜ਼ਰੂਰੀ ਹੁੰਦਾ ਹੈ. ਇਹ ਵੇਖਿਆ ਗਿਆ ਹੈ ਕਿ ਸਹੀ ਅਤੇ ਸੰਤੁਲਿਤ ਲੋਕ ਜਿਨ੍ਹਾਂ ਦਾ ਸਮੂਹੀ ਦੁਸ਼ਮਣੀ ਭਰੀ ਸਰਗਰਮਿਆਂ ਨਾਲ ਦੂਰ ਦਾ ਵਾਸਤਾ ਨਹੀਂ ਸੀ, ਉਨ੍ਹਾਂ ਨੇ ਵੀ ਕਦੀ ਕਦੀ ਇਸੇ ਤਰ੍ਹਾਂ ਦੇ ਜੁਰਮ ਵਿੱਚ ਹਿੱਸਾ ਲੀਤਾ ਹੈ. ਇਸ ਨੂੰ ਮੱਨਣਾ ਵਾਜ਼ਬ ਲਗਦਾ ਹੈ ਕਿ ਉਹ ਖ਼ੁਦ ਵੀ ਦਾਨਵੀਕਰਣ ਅਤੇ ਵਹਸ਼ੀਕਰਣ ਦੀ ਪ੍ਰਕ੍ਰਿਆ ਤੋਂ ਹੋ ਕੇ ਗੁਜਰੇ ਨੇ. ਅਸੀਂ ਭੀੜ ਦੀ ਸਾਇੱਕੋਲੋਜੀ (ਮਨੋਵਿਹਿਆਨ) ਬਾਰੇ ਜਾਣਦੇ ਹਾਂ ਮਗਰ ਇਹ ਸਾਇੱਕੋਲੋਜੀ ਵੀ ਸਮਾਜ ਦੇ ਮੌਜੂਦ ਇਹਸਾਸ ਦੀ ਨਾਮਾਲੂਮ ਪ੍ਰਕ੍ਰਿਆ ਤੋਂ ਪੈਦਾ ਹੁੰਦੀ ਹੈ. ਇਸ ਲਈ ਗਟ ਰਿਐਕਸ਼ਨ (ਅੰਦਰੂਨੀ ਪ੍ਰਤਿਕ੍ਰਿਆ) ਵੀ ਬਹੁਤ ਲੰਬੇ ਵੱਕਤ ਤੋਂ ਚਲੀ ਆ ਰਹੀ ਦਿਮਾਗੀ ਸਫਾਈ ਦਾ ਨਤੀਜਾ ਹੋ ਸਕਦੀ ਹੈ.

ਸਿਆਸੀ ਧੰਧੇਬਾਜਾਂ ਦੀ ਪੇਸ਼ ਕੀਤੀ ਨਸਲੀ-ਕੌਮੀ ਬਿਆਨਬਾਜ਼ੀ ਅਤੇ ਖ਼ਿਆਲਪਰਸਤੀ ਲੋਕਾਂ ਦੀ ਸਮੂਹੀ ਚਿੰਤਾ ਅਤੇ ਦਿਮਾਗੀ ਹਾਲਤ ਉਪਰ ਅਸਰ ਪਾ ਸਕਦੇ ਨੇ, ਤਾਂਕਿ ਉਨ੍ਹਾਂ ਨੂੰ ਮਹਿਸੂਸ ਕੀਤੇ ਹੋਏ ਖ਼ਤਰੇ ਦੇ ਖ਼ਿਲਾਫ਼ ਹਰਕਤ ਕਰਣ ਨੂੰ ਉਕਸਾਇਆ ਜਾ ਸਕੇ. ਇਨਤਿਹਾਦੀ ਹਾਲਾਤਾਂ ਵਿੱਚ ਇਕੱਠਾ ਜਨੂਨੀਪਨ ਬੇਲਗਾਮ ਹੋਣ ਨਾਲ, ਇੱਕ ਤਰਤੀਬ ਅਤੇ ਤੰਜ਼ੀਮ ਕੀਤੇ ਸਮੂਹੀ ਕਤਲੇਆਮ, ਅਤੇ ਦੂਜੇ ਜ਼ੁਲਮਾਂ ਦਾ ਰੂਪ ਲੈ ਸਕਦਾ ਹੈ. ਗਟ ਰਿਐਕਸ਼ਨ (ਅੰਦਰੂਨੀ ਪ੍ਰਤਿਕ੍ਰਿਆ) ਬੇਕਾਬੂ ਹੋ ਜਾਂਦਾ ਹੈ ਅਤੇ ਹਰ ਇੱਕ ਸ਼ਕਸ, ਇੱਕ ਸਮੂਹ ਦਾ ਹਿੱਸਾ ਹੋਣ ਕਰ ਕੇ, ਦੁਸ਼ਮਣ ਨੂੰ ਮਿੱਲ-ਜੁੱਲ ਕੇ ਹਮਲਾ ਕਰਣ ਲਈ ਮਜਬੂਰ ਮਹਿਸੂਸ ਕਰਦਾ ਹੈ. ਦੁਸਾਨ ਕੇਸ਼ਮਾਨੇਵਿੱਚ (1996:101-50) ਨੇ ਵਿਸਤਾਰ ਵਿੱਚ ਦੱਸਿਆ ਹੈ ਕਿਸ ਤਰ੍ਹਾਂ ਰਾਸ਼ਟਰੀਵਾਦ ਸ਼ਕਸਾਂ ਅਤੇ ਸਮੂਹਾਂ ਦੀ ਸਾਇਕੋਲੋਜੀ (ਮਨੋਵਿਗਿਆਨ) ਉਪਰ ਕੱਮ ਕਰਦਾ ਹੈ ਅਤੇ ਉਨ੍ਹਾਂ ਨੂੰ ਜਰੇਹਾਨਾ ਸਲੂਕ ਵਾਸਤੇ ਤਿਆਰ ਕਰਦਾ ਹੈ. ਉਹ ਸਮੂਹ ਦੇ ਸਾਹਮਣੇ ਕਮਜੋਰ ਮਹਿਸੂਸ ਕਰਦੇ ਨੇ ਅਤੇ ਸਮੂਹੀ ਸਲੂਕ ਦੇ ਮੁਤਾਬਕ ਢੱਲ ਜਾਣ ਵਾਸਤੇ ਮਜਬੂਰ ਹੁੰਦੇ ਨੇ. ਕ੍ਰਿਸਟੋਫਰ ਆਰ. ਬ੍ਰਾਉਨਿੰਗ ਨੇ ਇਸ ਦੇ ਉਪਰ ਰੌਸ਼ਨੀ ਪਾਉਂਦੇ ਹੋਏ ਵਰਣਨ ਕੀਤਾ ਹੈ, ਕਿਸ ਤਰ੍ਹਾਂ ਯਹੂਦਿਆਂ ਦੇ ਕਤਲੇਆਮ ਵਾਸਤੇ ਭਰਤੀ ਪੁਲਿਸ ਬਟਾਲਿਅਨਾਂ ਦੇ ਕੁੱਝ ਸ਼ਕਸਾਂ ਨੇ ਸਿਰਫ਼ ਇਸ ਲਈ ਕਤਲ ਕੀਤੇ ਤਾਂਕਿ, ਉਹ ਸਮੂਹ ਦੇ ਦੂਜੇ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਨਾ ਹੋਣ (1992:169-83). ਦੂਜੇ ਲਫਜ਼ਾਂ ਵਿੱਚ, ਸਮੂਹ ਜਾਂ ਭੀੜ ਦੀ ਸਾਇੱਕੋਲੋਜੀ (ਮਨੋਵਿਹਿਆਨ) ਇੱਕ ਠੀਕ ਕੀਤੇ ਮੁਜਸਮੀ ਸਲੂਕ ਨੂੰ ਮੱਨਣ ਦੀ ਹੈ, ਅਤੇ, ਜ਼ਿਆਦਾਤਰ ਸ਼ਕਸ ਇਸ ਦਾ ਪਾਲਣ ਕਰਦੇ ਨੇ. ਇਸ ਤੋਂ ਵੀ ਅਹਿਮ ਤੌਰ ਤੇ, ਜੋ ਲੋਕ ਜੁਰਮ ਕਰਣ ਨੂੰ ਤਿਆਰ ਹੁੰਦੇ ਨੇ, ਉਨ੍ਹਾਂ ਦੇ ਕੋਲ ਇਸ ਲਈ ਜ਼ਰਿਆ ਅਤੇ ਕਾਬਲਿਅਤ ਹੋਣੀ ਚਾਹੀਦੀ ਹੈ.

***ਫੋਰਵਾਰਨਡ ਇਜ ਫੋਰਆਰਮਡ* (ਆਗਾਹੀ ਹੈ ਤੇ ਹਥਿਆਰਬੰਦੀ ਹੈ)**

ਜਿਨ੍ਹ ਸਮੂਹਾਂ ਉਪਰ ਪਹਿਲਾ ਹਮਲਾ ਹੁੰਦਾ ਹੈ ਹੋਰ ਜੋ ਹਮਲੇ ਦਾ ਇੱਕ ਲੰਬੇ ਵਕਤ ਤੱਕ ਸਾਹਮਣਾ ਕਰਦੇ ਨੇ, ਉਨਾਂ ਤੋਂ ਆਸ ਲਗਾਈ ਜਾਂਦੀ ਹੈ ਕਿ ਉਹ ਖ਼ਬਰਦਾਰ ਅਤੇ ਬਦਤਰੀਨ ਹਾਲ ਲਈ ਤਿਆਰ ਰਹਿਣਗੇ. ਇਸੇ ਤਰ੍ਹਾਂ ਦੀ ਤਿਆਰੀ ਨਾ ਸਿਰਫ਼ ਮੁਹਾਫ਼ਿਜ਼ੀ ਮਗਰ ਹਮਲੇਵਾਰ ਵੀ ਹੋਵੇਗੀ. ਇਸੇ ਤਰ੍ਹਾਂ ਦੀ ਆਗਾਹੀ, ਭੱਵਿਖ ਦੇ

ਝਗੜੇ ਦੇ ਸੰਗਠਨ ਦੀ ਤਿਆਰੀ ਲਈ, ਇੱਕ ਜ਼ਰੂਰੀ ਮਗਰ ਨਾਕਾਫ਼ੀ ਬੁਨਿਆਦ ਹੈ. ਇਨ ਹਾਲਾਤਾਂ ਵਿੱਚ ਕਿਸ ਹਦ ਤੱਕ, ਹਥਿਆਰ ਤੱਕ ਸਮੂਹਾਂ ਦੀ ਪਹੁੰਚ ਹੁੰਦੀ ਹੈ ਅਤੇ ਉਸ ਨੂੰ ਇਸਤੇਮਾਲ ਕਰਣ ਦੀ ਟ੍ਰੇਨਿੰਗ ਅਤੇ ਪ੍ਰੇਰਣਾ ਵੀ, ਇੱਕ ਅਹਿਮ ਕਿਰਦਾਰ ਅਦਾ ਕਰਦੀ ਹੈ. ਜਦ ਤੱਕ ਸਰਕਾਰ ਜਾਂ ਹਕੂਮਤ ਹਾਲਾਤ ਉਪਰ ਕੁੱਝ ਹਦ ਤੱਕ ਕਾਬੂ ਰੱਖਣ ਤੇ ਕਾਮਯਾਬ ਰਹਿੰਦੀ ਹੈ, ਝਗੜੇ ਦੀ ਤਿਆਰੀ ਛੁਪੀ ਰਹਿ ਜਾਂਦੀ ਹੈ. ਜਦ ਕਾਇਮ ਹਕੂਮਤੀ ਇਖ਼ਤਿਆਰ ਦਾ ਖਾਤਮਾ ਹੋ ਜਾਂਦਾ ਹੈ, ਨਾਲੋ ਨਾਲ ਹਨੇਰਗਰਦੀ ਅਤੇ ਅਫਰਾਤਫਰੀ ਫੈਲ ਜਾਂਦੀ ਹੈ, ਹੋਰ ਲੜਦੇ ਸਮੂਹ ਆਪਣੀ ਮੁਹਾਫ਼ਿਜ਼ੀ ਅਤੇ ਹਮਲਾਵਾਰ ਕਾਬਲਿਅਤ ਨੂੰ ਅਮਲ ਵਿੱਚ ਲੈ ਆਉਂਦੇ ਨੇ. ਅਤੇ ਇਣ ਹਾਲਾਤਾਂ ਵਿੱਚ ਖ਼ਬਰਦਾਰ ਲੋਕ ਹਥਿਆਰਬੰਦ ਹੋ ਜਾਂਦੇ ਨੇ.

ਸਮੂਹਾਂ ਦੇ ਅੰਦਰੂਨੀ ਸੰਪਰਕ ਦੀ ਨਾਕਾਮੀ ਅਤੇ ਮੌਤਾਂ

ਜਦ ਕਿ ਝਗੜਦੇ ਸਮੂਹਾਂ ਦੇ ਵਿੱਚ ਸੰਪਰਕ ਟੁੱਟਣ ਨਾਲ, ਤੇਜੀ ਨਾਲ ਵਿਗੜਦੇ ਹਾਲਾਤ ਹੋਰ ਬਦਤਰ ਹੋ ਜਾਂਦੇ ਨੇ, ਸਮੂਹਾਂ ਦੇ ਅੰਦਰੂਨੀ ਸੰਪਰਕ ਦੀ ਨਾਕਾਮੀ ਇਸ ਵਾਸਤੇ ਕਾਫ਼ੀ ਅਹਿਮ ਹੈ ਕਿ ਮੁਖ਼ਤਲਿਫ਼ ਸਮੂਹ ਇਣ ਹਾਲਾਤਾਂ ਵਿੱਚ, ਕਿਸ ਤਰ੍ਹਾਂ ਪੇਸ਼ ਆਉਣਗੇ. ਅਗਰ ਮੰਨ ਲੀਤਾ ਜਾਵੇ ਕਿ ਸਮੂਹ ਦੇ ਆਗੂ ਕਿਸੇ ਵਿਸਫੋਟਕ ਹਾਲਾਤ ਤੋਂ ਹੋਣ ਵਾਲੇ ਖਤਰੇ ਦਾ ਜਾਇਜ਼ਾ ਲੈਣ ਲਈ ਬਿਹਤਰ ਹਾਲਾਤ ਵਿੱਚ ਹੋਣ, ਜਿਸ ਤਰ੍ਹਾਂ ਕਿ ਇੱਕ ਇਲਾਕੇ ਦੀ ਵੱਡੇ ਮੁਕਾਬਲੇ ਬਾਅਦ ਵਿੱਚ, ਤਕਸੀਮ ਹੋਣ ਵਾਲੀ ਹੋਵੇ. ਉਹ ਅਗਰ ਆਪਣੇ ਆਮ ਲੋਕਾਂ ਨੂੰ ਖਬਰ ਨਾ ਦੇਣ ਜਾਂ ਤਿਆਰ ਨਾ ਕਰਾਉਣ, ਜੈਦਾਂ ਕਿ ਇਲਾਕਿਆਂ ਤੋਂ ਹਮਲੇ ਤੋਂ ਅੱਗੇ ਦੂਰ ਚਲੇ ਜਾਣਾ, ਆਪਣੇ ਆਪ ਨੂੰ ਹਥਿਆਰਬੰਦ ਕਰਨਾ ਜਾਂ ਇਹ ਦੋਵੇਂ ਕੱਮ ਕਰਨਾ, ਨਤੀਜਤਨ ਮੌਤਾਂ ਹੋਣ ਦਾ ਖ਼ਤਰਾ ਵਧ ਜਾਂਦਾ ਹੈ. ਇੱਕ ਇਸ ਤਰ੍ਹਾਂ ਦੇ ਹਾਲਾਤ ਦੀ ਵੀ ਕਲਪਨਾ ਕੀਤੀ ਜਾ ਸਕਦੀ ਹੈ, ਜਿਸ ਵਿੱਚ ਕਿਸੇ ਇਲਾਕੇ ਦੀ ਤਕਸੀਮ ਤੋਂ ਬਾਅਦ, ਉਥੇ ਦੇ ਆਗੂ, ਪੈਦਾ ਹੋਣ ਵਾਲੇ ਖ਼ਤਰੇਆਂ ਤੋਂ ਅਨਜਾਨ ਰਹਿੰਦੇ ਨੇ ਕਿਉਂਕਿ ਇਸ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਣ ਲਈ, ਪਹਿਲਾਂ ਤੋਂ ਉਨ੍ਹਾਂ ਦਾ ਕੋਈ ਤਜਰੁਬਾ ਨਹੀਂ ਹੁੰਦਾ ਹੈ. ਇਸ ਦਾ ਅੰਜਾਮ ਵੀ, ਉਣ ਸਮੂਹਾਂ ਦੇ ਮੁਕਾਬਲੇ, ਜੋ ਖਤਰੇ ਦੇ ਬਾਰੇ ਆਪਣੇ ਲੀਡਰਾਂ ਤੋਂ ਇਤਲਾਹ ਲੈ ਚੁਕੇ ਹਨ, ਕਾਫ਼ੀ ਜ਼ਿਆਦਾ ਨੁਕਸਾਨ ਵਾਲਾ ਹੋਵੇਗਾ.

ਨਸਲੀ ਸਫਾਈ: ਇਸ ਦਾ ਸਾਰ

ਭਾਂਵੇ ਕਿਸੇ ਇਲਾਕੇ ਦੀ ਤਕਸੀਮ ਬਾਰੇ ਪਹਿਲਾਂ ਤੋਂ ਕੋਈ ਰਜਾਮੰਦੀ ਹੋ ਗਈ ਹੋਵੇ, ਅਗਰ ਤਕਸੀਮ ਕੀਤੇ ਹੋਏ ਹਿੱਸੇਆਂ ਦੀ ਸਰਹੱਦਾਂ ਦਾ ਫ਼ੈਸਲਾ ਅਤੇ ਹਦਬੰਦੀ ਨਾ ਕੀਤੀ ਹੋਵੇ, ਨਸਲੀ ਤਸ਼ੱਦਦ ਜੋ ਇਣ ਹਾਲਾਤਾਂ ਵਿੱਚ ਪਹਿਲਾਂ ਤੋਂ ਮੌਜੂਦ ਹੈ, ਬਹੁਤ ਬੁਰੀ ਤਰ੍ਹਾਂ ਵਧ ਜਾਵੇਗਾ. ਜਿਵੇਂ ਹੀ ਇੱਕ ਨਵੀਂ ਤਰਫ਼ਦਾਰੀ ਕਰਦੀ ਹਕੂਮਤ, ਕਿਸੇ ਇੱਕ ਸਮੂਹ ਜਾਂ ਸਮੂਹਾਂ ਨਾਲ ਰੱਲ-ਮਿਲ ਜਾਂਦੀ ਹੈ, ਅਲਗ-ਥਲਗ ਅਤੇ ਦਾਨਵੀਕਰਣ ਕੀਤੇ ਹੋਏ ਸਮੂਹਾਂ ਉਪਰ ਹਮਲੇ ਕਰਣ ਦੀ ਕਾਬਲਿਅਤ ਨਾਟਕੀ ਤੌਰ ਦੇ ਵਧ ਜਾਂਦੀ ਹੈ. ਇਹ ਇੱਕ ਆਮ ਗੱਲ ਹੈ ਕਿ ਕਿਸੇ ਵਡੇ ਮੁਲਕ ਜਾਂ ਸਲਤਨਤ ਤੋਂ ਖੁਰੇਦ ਕੇ ਨਵੇਂ ਮੁਲਕ ਤਰਾਸ਼ਨ ਦੀ ਪ੍ਰਕ੍ਰਿਆ ਦੇ ਦੌਰਾਨ, ਉਣ ਲੋਕਾਂ ਦਾ ਜਬਰਦਸਤੀ ਥੋਕ ਦੇਸ਼ ਨਿਕਾਲਾ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਕਾਮਯਾਬ ਸਮੂਹ ਆਪਣੇ ਮੁਲਕ ਵਿੱਚ ਸ਼ਾਮਲ ਨਹੀਂ ਕਰਨਾ ਚਾਹੁੰਦਾ ਹੈ. ਇਹ ਮਕਸਦ ਤਦ ਕਾਮਯਾਬੀ ਅਤੇ ਕੁਸ਼ਲਤਾ ਨਾਲ ਹਾਸਲ ਹੁੰਦਾ ਹੈ, ਜਦ

ਤਥਾਕਥਿਤ ਸਿਵਲ ਸੁਸਾਇਟੀ ਦੇ ਅਦਾਕਾਰ, ਸਿਆਸਤੀ ਕਾਡਰ ਅਤੇ ਹਕੂਮਤੀ ਅਹੁਦੇਦਾਰ ਉਣ ਤਾਕਤਾਂ ਨਾਲ ਹੱਥ ਮਿਲਾਉਂਦੇ ਨੇ ਜੋ ਨਾਪਸੰਦਦੀਦਾ ਆਬਾਦੀ ਨੂੰ ਖ਼ਤਮ ਕਰ ਸਕਣ.

ਹੂਣ, ਜਦ ਤੱਕ ਦਾਨਵੀ ਅਤੇ ਵਹਿਸ਼ੀ ਰੂਪ ਵਿੱਚ ਪੇਸ਼ ਕੀਤੇ ਸਮੂਹਾਂ ਨੂੰ ਜਿਸਮਾਨੀ ਤੌਰ ਤੇ, ਖ਼ਤਮ ਕਰਣ ਦੀ ਇੱਕ ਤਫ਼ਸੀਲੀ ਅਤੇ ਤੰਜ਼ੀਮ ਕੀਤੀ ਤਰਕੀਬ ਮੌਜੂਦ ਨਹੀਂ ਹੁੰਦੀ ਹੈ, ਹੋਰ ਹਕੂਮਤ ਦੀ ਕਾਰਗਰ ਅਫਸਰਸ਼ਾਹੀ ਅਤੇ ਫੌਜੀ ਤਾਕਤ ਵੀ ਇਸ ਮਕਸਦ ਨੂੰ ਹਾਸਲ ਕਰਣ ਦਾ ਫੈਸਲਾ ਨਹੀਂ ਕਰ ਲੈਂਦੇ ਨੇ, ਅਣਚਾਹੀ ਆਬਾਦੀ ਦਾ ਕਿਸੇ ਇਲਾਕੇ ਤੋਂ, ਕਿਸੇ ਸਮੂਹ ਦੇ ਥੋਕ ਕਤਲ ਜਾਂ ਨਸਲਕੁਸ਼ੀ ਦੇ ਬਗੈਰ ਹਟਣਾ ਮੁਮਕਿਨ ਹੈ. ਇਹ ਹਾਲਾਂਕਿ ਤਦ ਮੁਮਕਿਨ ਹੈ, ਜਦ ਫ਼ਰਾਰ ਹੋਣ ਦੇ ਰਾਸਤੇ ਖੁਲ੍ਹੇ ਹੋਣ. ਇਹ ਵੀ ਮੁਮਕਿਨ ਹੈ ਕਿ ਦਾਨਵੀ ਅਤੇ ਵਹਿਸ਼ੀ ਰੂਪ ਵਿੱਚ ਪੇਸ਼ ਕੀਤੇ ਸਮੂਹਾਂ ਦੇ ਕੁੱਝ ਸਦੱਸ ਪਿਛੇ ਰਹਿ ਜਾਂਦੇ ਨੇ ਅਗਰ ਉਹ ਆਪਣਾ ਮਜ਼ਹਬ ਬਦਲ ਲੈਂਦੇ ਨੇ, ਹੋਰ ਆਪਣੀ ਪਛਾਣ ਵੀ ਬਦਲ ਲੈਂਦੇ ਨੇ, ਜਾਂ ਤਾਕਤਵਰ ਸਰਪਰਸਤਾਂ ਦੀ ਹਿਫ਼ਾਜਦ ਦੇ ਅਧੀਨ ਹੋ ਜਾਂਦੇ ਨੇ, ਮਗਰ ਇਸੇ ਤਰ੍ਹਾਂ ਦੇ ਵਰਜਨ ਵੀ ਨਸਲੀ ਸਫਾਈ ਨੂੰ ਰੋਕ ਨਹੀਂ ਸਕਦੇ ਨੇ. ਦੂਜੀ ਤਰਫ਼ ਅੰਤਰਰਾਸਟਰੀ ਕਾਨੂੰਨ ਦੇ ਮੁਤਾਬਕ, ਮੁਲਕ ਰਾਜ ਕਰਣ ਦੇ ਹੱਕਦਾਰ ਹੁੰਦੇ ਨੇ, ਅਤੇ ਇਨ੍ਹਾਂ ਨੂੰ ਅੰਤਰਰਾਸਟਰੀ ਸਰਹੱਦ ਹੋਰ ਸਰਹੱਦੀ ਨਿਗਰਾਨੀ ਦੇ ਚਲਦੇ, ਮਜਬੂਰ ਕੀਤੇ ਪ੍ਰਵਾਸ (ਹਿਜਰਤ) ਅਤੇ ਨਸਲੀ ਸਫਾਈ ਨੂੰ ਸਥਾਈ ਅਤੇ ਗੈਰ-ਵਾਪਸੀ ਬਣਾ ਦੇਂਦੇ ਨੇ. ਇਸ ਦਾ ਅੰਜਾਮ, ਡੇਮੋਗ੍ਰਾਫਿਕ (ਆਬਾਦਿਅਤ) ਢਾਂਚੇ ਅਤੇ ਰਵਾਇਤੀ ਤਹਿਜ਼ੀਬ, ਜਿਸ ਦੇ ਉਪਰ ਪਹਿਲਾਂ ਸਮੂਹਾਂ ਦੇ ਵਿੱਚ ਇੱਕ ਰਵਾਇਤੀ ਸੰਤੁਲਨ ਬਣਦਾ ਸੀ, ਉਸ ਦੀ ਪੂਰੀ ਬਰਬਾਦੀ ਹੋ ਸਕਦੀ ਹੈ.

ਹਵਾਲਾ

ਅਬਿਸਾਬ, ਆਰ., ਕਨਵਰਟਿੰਗ ਪਰਸਿਆ: ਰਿਲਿਜੀਅਨ ਐਂਡ ਪੌਲਿਟਿਕਸ ਇਨ ਦ ਸਫਾਵਿੱਧ ਏਮਪਾਅਰ, ਲੰਡਨ: ਆਈ.ਬੀ.ਟੌਰੀਸ (2004).

ਅਹਿਮਦ,ਆਈ.,ਇਸਟੇਟ,ਨੇਸ਼ਨ ਐਂਡ ਐਥਨਿਸਿਟੀ ਇਨ ਕਨਟੈਂਪਰਰੀ ਸਾਉਥ ਐਸਿਆ, ਲੰਡਨ ਐਂਡ ਨਿਉ ਯੋਰਕ: ਪਿਨਟਰ (1998).

ਅਜ਼ੀਜ਼,ਕੇ.ਕੇ., ਦੀ ਮਰਡਰ ਐਫ ਹਿਸਟਰੀ, ਲਾਹੌਰ: ਵੈਨਗਾਰਡ ਬੁਕਸ, (1993).

ਬੇਲ-ਫਿਅਲਕੋਫ,ਐ.,ਐਥਨਿਕ ਕਲਿਨਸਿੰਗ, ਨਿਉ ਯੋਰਕ:ਸੈਂਟ ਮਾਰਟਿਨਸ ਪ੍ਰੈਸ, (1999).

ਬ੍ਰਾਸ,ਪੱਲ,ਐਥਨਿਸਿਟੀ ਐਂਡ ਨੇਸ਼ਨਲਿਸਮ: ਥਿਐਰੀ ਐਂਡ ਪ੍ਰੈਕਟਿਸ, ਨਿਉ ਦੇਲਹੀ: ਸੇਜ ਪਬਲਿਕੇਸਨਸ, (1991).

ਬ੍ਰਾਸ,ਪੱਲ, 'ਦੀ ਪਾਰਟੀਸ਼ਨ ਐਫ ਇੰਡੀਆ ਐਂਡ ਰੇਟ੍ਰਿਬੁਟਿਵ ਜੈਨੇਸਾਇਡ ਇਨ ਦ ਪੰਜਾਬ, 1946-47: ਮੀਨਸ, ਮੇਥੋਡਸ ਐਂਡ ਪਰਪਸੇਸ', ਜਰਨਲ ਐਫ ਜੈਨਸਾਇਡ ਰਿਸਰਚ, ਲੰਡਨ: ਟੇਲਰ ਐਂਡ ਫ੍ਰਾਨਸਿਸ, ਕਾਰਟੇਕਸ ਪਬਲਿਸ਼ਿੰਗ (2003).

ਬ੍ਰਾਉਨਿੰਗ, ਸੀ.ਆਰ.,ਦੀ ਪੱਾਥ ਟੂ ਜੇਨੇਸਾਇਡ,ਕੈਮਬ੍ਰਿਜ:ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ, ਕੈਨਟੋ ਏਡੀਸ਼ਨ,(1993).

ਚਾਕ.ਐਫ.,ਐਂਡ ਜੋਨਾਸੋਨ,ਕੇ.,ਦੀ ਹਿਸਟਰੀ ਐਂਡ ਸੋਸਿਐਲੋਗੀ ਐਫ ਜੇਨੇਸਾਇਡ: ਐਨਾਲਿਸਿਸ ਐਂਡ ਕੇਸ ਸਟਡੀਸ, ਨਿਉ ਹੇਵਨ ਐਂਡ ਲੰਡਨ: ਮੈਨਟਿਰਅਲ ਇਨਸਟਿਚਯੁਟ ਐਫ ਜੇਨੇਸਾਇਡ ਸਟਡੀਸ ਐਂਡ ਯੇਲ ਯੂਨੀਵਰਸਿਟੀ ਪ੍ਰੈਸ, (1990).

ਕੋਨੋਰ,ਡਬਲੁ.,ਐਥਨੋਨੈਸ਼ਨਲਿਜਮ: ਦੀ ਕਵੇਸਟ ਫੌਰ ਅੰਡਰਸਟੈਂਡਿਗ, ਪ੍ਰਿੰਸਟਾਉਨ: ਪ੍ਰਿੰਸਟਾਉਨ ਯੂਨੀਵਰਸਿਟੀ ਪ੍ਰੇਸ(1994).

ਗੀਰਟਜ਼,ਸੀ.,ਉਲਡ ਸੋਸਾਇਟੀਸ ਐਂਡ ਨਿਉ ਇਸਟੇਟਸ, ਨਿਉ ਯੋਰਕ: ਦੀ ਫ੍ਰੀ ਪ੍ਰੈਸ, 1963.

ਜੀਲੇਟਲੀ,ਆਰ, 'ਦੀ ਥਰਡ ਰਿਚ, ਦ ਹੋਲੋਕਾਸਟ, ਐਂਡ ਵਿਸਨਸ ਐਫ ਸਿਰਿਅਲ ਜੈਨੇਸਾਇਡ', ਇਨ ਰਾਬਰਟ ਜੀਲੇਟਲੀ ਐਂਡ ਬੇਨ ਕੀਅਰਨਨ, ਦੀ ਇਸਪੇਕਟਰ ਐਫ ਜੈਨੇਸਾਇਡ: ਮਾਸ ਮਰਡਰ ਇਨ ਹਿਸਟੋਰੀਕਲ ਪਰਸਪੇਕਟਿਵ, ਕੈਮਬ੍ਰਿਜ:ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ,(2003).

ਗਟਮੈਨ,ਆਰ,ਐ ਵਿਟਨੇਸ ਟੂ ਜੈਨੇਸਾਇਡ, ਸ਼ੈਫਟਸਬਰਗ,ਡੋਰਸੇਟ:ਏਲਿਮੇਂਟ ਬੁਕ,(1993).

ਹੈਨਸੇਨ,ਐ.ਬੀ., ਪਾਰਟਿਸ਼ਨ ਐਂਡ ਜੈਨੇਸਾਇਡ:ਮੇਨਿਫੇਸਟੇਸ਼ਨ ਔਫ ਵਾਇਲੇਂਸ ਇਨ ਪੰਜਾਬ 1937-1947, ਨਿਊ ਦੇਲਹੀ: ਇੰਡੀਆ ਰਿਸਰਚ ਪ੍ਰੈਸ,(2002).
ਹੌਬਸ,ਟੀ.,ਲੇਵਿਆਥਨ,ਲੰਡਨ:ਪੇਂਗੁਇਨ ਕਲਾਸਿੱਖਸ,(1985).
ਜੋਨਾੱਸੋਨ,ਕੇ., ਐਂਡ ਬਯੋਨਸਨ, ਕੇ.ਐਸ., ਜੈਨੇਸਾਇਡ ਐਂਡ ਗ੍ਰੈਸ ਹੁਮਨ ਵਾਯੋਲੇਸ਼ਨਸ, ਨਿਊ ਬਰੁਨਸਵਿਕ ਐਂਡ ਲੰਡਨ: ਟ੍ਰਾਨਸੇਕਸਨ ਪਬਲਿਸ਼ਰਸ,(1999)
ਜੋਨਸਨ,ਗੀ., ਇਸਟ ਟਿਮਰ:ਨੇਸ਼ਨ ਬਿਲਡਿੰਗ ਇਨ ਦ 21ਸਟ ਸੇਂਚੁਰੀ, ਸਟੋਕਹੋਮ:ਸੇਂਟਰ ਫੋਰ ਪੈਸਿਫਿਕ ਐਸਿਅਨ ਸਟਡੀਸ,(2003).
ਕੇਲਸ,ਜੇ.ਜੀ, ਦੀ ਪੌਲਿਟਿਕਸ ਔਫ ਨੈਸ਼ਨਲਿਜਮ ਐਂਡ ਐਥਨਿਸਿਟੀ, ਨਿਊ ਯੋਰਕ:ਸੇਂਟ ਮਾਰਟਿਨਸ ਪ੍ਰੈਸ,(1998).
ਕੇਚਮਾਨੇਵਿੱਚ,ਡੀ, ਦੀ ਮਾਸ ਸਾਇੱਕੋਲੋਗੀ ਔਫ ਐਥਨੇਨੈਸ਼ਨਲਿਜਮ, ਨਿਊ ਯੋਰਕ ਐਂਡ ਲੰਡਨ:ਪਲੇਨਿਅਮ ਪ੍ਰੈਸ,(1996)
ਕੁਪੱਰ,ਐਲ., ਜੈਨੇਸਾਇਡ,ਨਿਊ ਹੇਵਨ ਐਂਡ ਲੰਡਨ:ਯੇਲ ਯੂਨੀਵਰਸਿਟੀ ਪ੍ਰੈਸ,(1982).
ਲੇਕ,ਡੀ.ਐ.ਐਂਡ ਰੌਢਸਚਾਇਲਡ.ਡੀ., ਦੀ ਇੰਟਰਨੇਸ਼ਨਲ ਸਪਰੇਡ ਔਫ ਐਥਨਿਕ ਨਫਲਿਕਟ,ਪ੍ਰਿੰਸਟਾਉਨ:ਪ੍ਰਿੰਸਟਾਉਨ ਯੂਨੀਵਰਸਿਟੀ ਪ੍ਰੈਸ,(1998).
ਲੈਂਗ,ਬੀ.,ਐਕਟ ਐਂਡ ਆਇਡਿਆ ਇਨ ਦ ਨਾਤਸੀ ਜੈਨਸਾਇਡ, ਸਿਰਾਕਯੁਜ: ਸਿਰਾਕਯੁਜ ਯੂਨੀਵਰਸਿਟੀ ਪ੍ਰੈਸ,(2003).
ਮੈੱਨ,ਐਮ. ਦੀ ਡਾਰਕ ਸਾਇਡ ਔਫ ਡੈਮੋਕਰੇਸੀ: ਏਕਸਪਲੇਨਿੰਗ ਐਥਨਿਕ ਕਲੀਨਸਿੰਗ, ਕੈਮਬ੍ਰਿਜ:ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ,(2005).
ਮੇਲਸਨ,ਆਰ.,ਰੇਵੋਲਯੁਸ਼ਨ ਐਂਡ ਜੈਨੇਸਾਇਡ:ਔਨ ਦ ਔਰਿਜਿਨਸ ਔਫ ਦ ਅਰਮੇਨਿਅਨ ਜੈਨੇਸਾਇਡ ਐਂਡ ਦ ਹੋਲੋਕਾਸਟ, ਇਲੀਨੈe:ਯੂਨੀਵਰਸਿਟੀ ਔਫ ਸਿੱਖਾਗੋ ਪ੍ਰੈਸ,(1992).
ਨਈਮਾਰਕ,ਐਨ.ਐਮ.,ਫਾਇਅਰਸ ਔਫ ਹੇਟਰੇਡ:ਐਥਨਿਕ ਕਲਿਨਸਿੰਗ ਇਨ ਦ ਟਵੇਨਟਿਏਥ ਸੇਨਚੁਰੀ ਯੁਰੋਪ, ਕੈਮਬ੍ਰਿਜ ਮਾਸ.,ਲੰਡਨ:ਹਾਰਵਾਰਡ ਯੂਨੀਵਰਸਿਟੀ ਪ੍ਰੈਸ,(2001).
ਸ਼ੀਲਸ,ਈ.,ਪ੍ਰਿਮੋਰਡਿਅਲ,ਪਰਸਨਲ,ਸੈਕਰਡ ਐਂਡ ਸਿਵਿਲ ਟਾਇਸ,ਬ੍ਰਿਟਿਸ਼ ਜਰਨਲ ਔਫ ਸੋਸਿਉਲੋਜੀ.(1957).
ਸ਼ਟਿਨਬਰਗ,ਐਸ.,ਦੀ ਐਥਨੀਕ ਮਿਥ: ਰੇਸ,ਐਥਨਿਸਿਟੀ ਐਂਡ ਕਲਾਸ ਇਨ ਅਮੇਰਿਕਾ, ਨਿਊ ਯੋਰਕ:ਐਥੇਨਿਅਮ,(1981).
ਤਨਵਰ,ਰਘੁਵੇਂਦ੍ਰ, ਰਿਪੋਰਟਿੰਗ ਦੀ ਪਾਰਟੀਸ਼ਨ ਔਫ ਪੰਜਾਬ 1947, ਨਿਊ ਦੇਲਹੀ: ਮਨੋਹਰ,(2006).
ਵਿਲਿਅਮਸ,ਐਚ,'ਫ੍ਰੀਲੇਂਸ', ਟਾਇਮਸ ਲਿਟਰਰੀ ਸਪਲੀਮੇਂਟ, 13 ਫਰਵਰੀ 2004.
ਯੰਗ,ਸੀ.,ਦੀ ਪੌਲਿਟਿਕਸ ਔਫ ਕਲਚਰਲ ਪਲੁਰਲਿਸਮ, ਮੈਡੀਸਨ: ਦੀ ਯੂਨੀਵਰਸਿਟੀ ਔਫ ਵਿਸਕੋਨਸਿਨ ਪ੍ਰੈਸ, (1976)

2

ਪੰਜਾਬ: ਅੰਗ੍ਰੇਜੀ ਹਕੂਮਤ ਦੇ ਦੌਰਾਨ ਅਤੇ ਇਸ ਤੋਂ ਪਹਿਲਾਂ

ਆਧੁਨਿਕ ਵਕਤ ਦਾ ਪੰਜਾਬ ਮੁੱਖ ਰੂਪ ਵਿੱਚ ਇੱਕ ਸਿਆਸੀ-ਪ੍ਰਸ਼ਾਸਨਿਕ ਇੱਕਾਈ ਹੈ. ਹਾਲਾਂਕਿ ਇਸਤੇਮਾਲ ਕੀਤੇ ਗਏ ਮੁਖ਼ਤਲਿਫ਼ ਵੇਰਵੇ ਹਮੇਸ਼ਾ ਇਸੇ ਇਕਾਈ ਬਾਰੇ ਨਹੀਂ ਹੁੰਦੇ ਨੇ, ਉਹ ਤਾਂ ਵੀ ਪਰਸਪਰ ਵਿਆਪੀ ਨੇ. ਸਭ ਤੋਂ ਪੁਰਾਣਾ ਜ਼ਿਕਰ ਰਿਗਵੇਦ ਵਿੱਚ *ਸਪਤ ਸਿੰਧੁ*, ਜਾਂ 'ਸੱਤ ਨਦਿਆਂ ਦੀ ਜਮੀਨ', ਦੇ ਤੌਰ ਤੇ ਹੋਇਆ ਹੈ ਅਤੇ ਇਸ ਦੀ ਸਭ ਤੋਂ ਅਹਿਮ ਨਦੀ ਇੰਡਸ ਸੀ. ਇੱਕ ਜ਼ਿਆਦਾ ਮਸ਼ਹੂਰ *ਥਿਅੋਰੀ* ਇਹ ਹੈ ਕਿ ਇਹ ਨਾਂਅ (ਫਾਰਸੀ ਪੰਜ ਆਬ, ਪੰਜ ਨਦਿਆਂ) ਪੰਜ ਨਦਿਆਂ ਜਿਹਲਮ, ਚਨਾਬ, ਰਾਵੀ, ਸਤਲੁਜ ਅਤੇ ਬਿਆਸ ਦਾ ਹਵਾਲਾ ਦੇਂਦਾ ਹੈ. ਮੁਗਲਾਂ ਨੇ ਇਸ ਨਾਂਅ ਦਾ ਇਸਤੇਮਾਲ ਆਪਣੇ ਪੰਜ ਨਦਿਆਂ ਦੇ ਦਰਮਿਆਨ ਇਲਾਕਿਆਂ ਦੀ ਮਲਕੀਅਤ ਵਾਸਤੇ ਸ਼ੁਰੂ ਕਰ ਦਿੱਤਾ. ਮਹਾਰਾਜਾ ਰਣਜੀਤ ਸਿੰਘ ਆਪਣੀ ਬਾਦਸ਼ਾਹੀ ਨੂੰ ਪੂਰੇ ਪੰਜਾਬ ਅਤੇ ਦੱਖਣ ਦੇ ਮੁਲਤਾਨ ਅਤੇ ਉੱਤਰ ਦੇ ਕਸ਼ਮੀਰ ਤੱਕ ਸਮਝਦੇ ਸਨ. ਬ੍ਰਿਟਿਸ਼ਰਾਂ ਨੇ ਪੰਜਾਬ ਸੂਬੇ ਦੀ ਸਰਹੱਦ ਪੂਰਬ ਤੇ ਯਮੁਨਾ ਨਦੀ ਦੇ ਕਿਨਾਰੇ ਤੱਕ ਪਹੁੰਚਾ ਦਿੱਤੀ. ਇੰਨ ਕੁੱਝ ਵਰਣਨਾਂ ਦੀ ਸਮੀਖਿਆ ਕਰਦੇ ਹੋਏ, ਜੇ.ਐਸ.ਗ੍ਰੇਵਾਲ ਗੌਰ ਫਰਮਾਉਂਦੇ ਨੇ:

> ਹਾਲਾਂਕਿ ਜਦ ਅਸੀਂ ਇੱਕ ਨਾਂਅ ਦਾ ਵੀ ਇਸਤੇਮਾਲ ਕਰਦੇ ਹਾਂ, ਅਤੇ ਜਿਣ ਇਲਾਕਿਆਂ ਦੀ ਹੱਦਾਂ ਨੂੰ ਅਸੀਂ ਵੇਖਿਆ ਹੈ, ਉਨ੍ਹਾਂ ਦੇ ਵਿੱਚ ਕੋਈ ਮੇਲ ਨਹੀਂ ਹੈ, ਫਿਰ ਵੀ ਮੁਖ਼ਤਲਿਫ਼ ਨਾਂਅ ਇੱਕ ਦੂਜੇ ਉਪਰ ਚੜ੍ਹੇ ਹੋਏ ਨੇ. ਯਮੁਨਾ ਨਦੀ ਨੂੰ ਕਦੀ ਪਾਰ ਨਹੀਂ ਕੀਤਾ ਜਾਂਦਾ ਹੈ ਅਤੇ ਹਿਮਾਲਿਆ ਹੋਰ ਸ਼ਿੰਧ ਬਾਹਰ ਰਹਿੰਦੇ ਨੇ. ਅਤੇ ਜੋ ਇਲਾਕਾ ਉਭਰ ਕੇ ਆਉਂਦਾ ਹੈ ਉਹ ਉੱਤਰ ਅਤੇ ਉੱਤਰ-ਪੱਛਮ ਤੇ ਹਿਮਾਲਿਆ, ਪੂਰਬ ਤੇ ਦਰਿਆ ਯਮੁਨਾ, ਹੋਰ ਦੱਖਣ, ਦੱਖਣ-ਪੱਛਮ ਤੇ ਅਰਾਵਲੀ ਪਹਾੜ ਅਤੇ ਥਾਰ ਰੇਗਿਸਤਾਨ ਨਾਲ ਘੇਰਿਆ ਹੋਇਆ ਹੈ (2004:2).

ਪੰਜਾਬ ਦੀ ਨਸਲੀ ਮਿਲਾਵਟ

ਜਿੱਥੇ ਤੱਕ ਸਭ ਤੋਂ ਪਹਿਲਾਂ ਵਸੇ ਲੋਕਾਂ ਦੇ ਨਸਲੀ ਅਤੇ ਮਜ਼ਬੂਬੀ ਖ਼ਾਸੀਅਤ ਦਾ ਸਵਾਲ ਹੈ, ਆਦਿਵਾਸੀ *ਪ੍ਰੋਟੋ-ਆਸਟ੍ਰੇਲੋਅਡਸ* ਅਤੇ ਬਾਅਦ ਵਿੱਚ ਦ੍ਰਵਿੜ ਮੌਜੂਦ ਸਨ ਜਦ 1500-1000 ਬੀ.ਸੀ. ਦੇ ਲੱਗਭਗ ਇੰਡੋ-ਯੂਰੋਪਿਅਨਸ ਦਾ ਆਗਮਨ ਹੋਇਆ. ਹਿੰਦੂਆਂ ਦੇ ਚਾਰ ਸੰਘਾ ਦਾ ਵਰਨ ਜੋ ਬ੍ਰਾਹਮਣ, ਕਸਤ੍ਰਿਆ, ਵੈਸ਼ ਅਤੇ ਸ਼ੂਦਰ ਨੂੰ ਸ਼ਾਮਲ ਕਰ ਕੇ ਜਾਤ ਸਮੂਹ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਤਦ ਬਣਿਆ ਜਦ *ਆਰੀਅਨਾਂ* ਅਤੇ *ਇੰਡੋ-ਆਰੀਅਨਾਂ* ਨੇ ਦੇਸ਼ੀ ਲੋਕਾਂ ਨੂੰ ਹਰਾ ਦਿੱਤਾ. ਅਛੂਤ ਕਿਹੇ ਜਾਣ ਵਾਲੇ ਲੋਕ ਸਮਾਜ ਦਾ ਉਹ ਹਿੱਸਾ ਸਨ, ਜਿਨ੍ਹਾਂ ਨੂੰ ਹਿੰਦੂ ਅਧਿਕ੍ਰਮ ਨੇ ਇੱਕ ਉਪ-ਮਨੁਖੀ ਦਰਜਾ ਦਿੱਤਾ ਸੀ. ਪਰ ਬਾਅਦ ਵਿੱਚ ਆਉਣ ਵਾਲੇ ਗ੍ਰੀਕ, ਸਾਇਥਿਅਨ, ਹੂਣ, ਸ਼ਕ, ਕੁਸ਼ਾਣ ਅਤੇ ਕਈ ਦੂਜੇ ਛੋਟੇ ਮੋਟੇ ਸਮੂਹਾਂ ਨੂੰ *ਕਾਸਟ ਸਿਸਟਮ* (ਜਾਤ ਵਿਵਸਥਾ) ਨੇ ਆਪਣੇ ਅੰਦਰ ਅਲਗ ਅਲਗ ਜਾਤਾਂ ਦਾ ਦਰਜਾ ਦਿੱਤਾ, ਮਗਰ ਕੁੱਝ ਇਸ ਤੋਂ ਬਾਹਰ ਸਨ ਹੋਰ ਆਪਣੀ ਕਬਾਇਲੀ ਪਛਾਣ ਬਣਾਈ ਰਖੀ. 11ਵੀਂ ਸਦੀ ਤੇ ਜਦ ਉੱਤਰ-ਪੱਛਮ ਦੇ ਪਹਾੜੀ ਦੱਰਿਆਂ ਤੋਂ ਹੋ ਕੇ, ਤੁਰਕੀ-

ਅਫ਼ਗਾਨੀ ਹਮਲਿਆਂ ਦਾ ਆਘਾਜ਼ ਹੋਇਆ, ਤਦ ਇਸ ਇਲਾਕੇ ਵਿੱਚ ਹਿੰਦੂ ਅਤੇ ਬੂਧ ਧਰਮ ਦੋਵੇਂ ਦੇ ਅਨੁਯਾਯੀ ਮੌਜੂਦ ਸਨ. 8ਵੀਂ ਸਦੀ ਦੇ ਸ਼ੁਰੂ ਤੇ ਅਰਬੀ ਲੋਕ ਮੁਲਤਾਨ ਅਤੇ ਜੁੜੇ ਹੋਏ ਇਲਾਕਿਆਂ ਵਿੱਚ ਬਸ ਚੁਕੇ ਸੀ. ਇਸ ਕਰ ਕੇ, ਅਸੀਂ ਪੰਜਾਬ ਦੀ ਤਹਿਜ਼ੀਬ ਦੀ ਵਿਵਿਧਤਾ ਅਤੇ ਰਵਾਇਤ ਦੀ ਇੱਕ ਸੁਵਿਧਾਜਨਕ ਅਤੇ ਸ਼ੁਰੂਆਤੀ ਇਤਿਹਾਸਕ ਜਾਣਕਾਰੀ, 1021 ਏ.ਡੀ. ਵਿੱਚ ਮਹਮੂਦ ਗਜ਼ਨਵੀ ਦੇ ਲਾਹੌਰ ਦੇ ਕੀਤੇ ਕਬਜ਼ੇ ਤੋਂ ਕਰ ਸਕਦੇ ਹਾਂ. ਉਸ ਵਕਤ ਤੋਂ ਬਾਅਦ, ਉਸ ਇਲਾਕੇ ਤੇ ਮੁਸਲਿਮ ਮੌਜੂਦਗੀ ਹਮੇਸ਼ਾ ਲਈ ਕਾਯਿਮ ਹੋ ਗਅੀ.

ਕੌਮੀ ਰਿਸ਼ਤੇ

ਪੰਜਾਬ ਦੇ ਲੋਕਾਂ ਦੀ ਇਸਲਾਮ ਮਜ਼ਹਬ ਵਿੱਚ ਤਬਦੀਲੀ ਹੌਲੀ-ਹੌਲੀ ਹੋਈ ਅਤੇ ਸੋਲਹਵੀਂ ਸਦੀ ਤੋਂ ਬਾਅਦ, ਇਸ ਮਜ਼ਹਬੀ ਤਬਦੀਲੀ ਦੀ ਰਫ਼ਤਾਰ ਤੇਜ ਹੋ ਗਈ, ਹਾਲਾਂਕਿ ਕੁੱਝ ਕਬੀਲੇ ਇਸ ਤੋਂ ਵੀ ਪਹਿਲਾਂ, ਸੂਫੀ ਸੰਤਾਂ ਤੋਂ ਮੁਤਾਸਰ ਹੋ ਕੇ ਇਸਲਾਮ ਕਬੂਲ ਕਰ ਚੁਕੇ ਸੀ. ਆਮ ਤੌਰ ਤੇ, ਮੁਸਲਿਮ ਹਕੂਮਤ ਪਹਿਲਾਂ ਕਾਇਮ ਹੁੰਦੀ ਅਤੇ ਫ਼ਿਰ ਮਜਬੂਤ ਹੋ ਜਾਂਦੀ ਸੀ, ਹੋਰ ਇਸ ਦੇ ਬਾਅਦ ਸੂਫ਼ੀ, ਇਸਲਾਮ ਮਜ਼ਹਬ ਦੀ ਨਸੀਹਤ ਦਾ ਆਘਾਜ਼ ਕਰਦੇ ਸੀ, ਹੋਰ ਇੱਕ ਅਮਨਪਸੰਦੀ ਨਾਲ ਲੋਕਾਂ ਦੇ ਦਿਲ ਜਿੱਤ ਲੇਂਦੇ ਸੀ. ਇਸ ਸਬ-ਕੋਨਟਿਨੈਂਟ (ਉਪ-ਮਹਾਦੀਪ) ਵਿੱਚ ਇਨਸਾਨੀ ਬਰਾਬਰੀ ਦੇ ਮਜ਼ਹਬੀ ਖ਼ਿਆਲ ਦਾ ਆਘਾਜ਼, ਇਸਲਾਮੀ ਮੇਲ ਕਰ ਕੇ ਹੋਇਆ, ਅਤੇ ਇਸ ਨੂੰ ਇੱਕ ਨੈਤਿਕ ਮੂੱਲ ਦੇ ਤੌਰ ਤੇ ਮੰਜ਼ੂਰ ਕੀਤਾ ਗਿਆ, ਹਾਲਾਂਕਿ ਇਸ ਬਾਰੇ ਸ਼ੱਕ ਹੈ ਕਿ ਇਸ ਨੇ ਇੱਕ ਜ਼ਿਆਦਾ ਸਮਾਨਤਾਵਾਦੀ ਸਮਾਜੀ ਢਾਂਚੇ ਦੇ ਇਜ਼ਾਦ ਵਿੱਚ ਮਦਦ ਕੀਤੀ.

ਗੋਰਖਨਾਥ ਇਸ ਇਲਾਕੇ ਤੇ, ਸ਼ਾਅਿਦ, ਦਸਵੀਂ ਹੋਰ ਤੇਰਹਵੀਂ ਸਦੀ ਏ.ਡੀ. ਦੇ ਵਿੱਚ ਪੈਦਾ ਹੋਏ ਸਨ; ਅਤੇ ਉਨ੍ਹਾਂ ਦੀ ਕੋਸ਼ਿਸ਼ ਦੇ ਚਲਦਿਆਂ ਪੰਜਾਬ ਵਿੱਚ ਹਿੰਦੂ ਅਤੇ ਬੂਧ ਧਰਮਾਂ ਦੀ ਮਿਲਾਵਟ ਜਾਰੀ ਸੀ. ਗੋਰਖਨਾਥੀ ਯੋਗੀ ਜਾਂ ਭਟਕਦੇ ਸਾਧੂ, ਸ਼ੈਵਿਕ ਹਿੰਦੂ ਪੰਥ ਦੇ ਰੰਗ-ਰੂਪ ਨੂੰ ਕਾਅਿਮ ਰੱਖਦੇ ਹੋਏ ਬੂਧ ਧਰਮ ਅਤੇ ਇਸਲਾਮ ਨਾਲ ਵੀ ਮੁਤਾਸਰ ਸਨ. ਵੋਡਵਿਲ ਦੇ ਮੁਤਾਬਕ, ਗੋਰਕਨਾਥੀ ਮੂਸਲਮਾਨਾਂ ਅਤੇ ਹਿੰਦੂਆਂ ਦੇ ਦਰਮਿਆਨ ਇੱਕ ਪੁਲ ਬਣਾਉਣ ਤੇ ਕਾਮਯਾਬ ਹੋਏ, ਕਿਉਂਕਿ ਉਹ ਇੱਕ ਇਸ਼ਵਰ ਨੂੰ ਮੱਨਦੇ ਸੀ ਅਤੇ ਉਹ ਜਾਤ-ਪਾਤ ਹੋਰ ਸ਼ੁੱਧਤਾ ਦੀ ਰਸਮਾਂ ਦੇ ਖ਼ਿਲਾਫ਼ ਸਨ (Alhaq, 1996: 286). ਹਿੰਦੂਆਂ ਦੀ ਇੱਕ ਹੋਰ ਸੁਧਾਰ ਪ੍ਰਕ੍ਰਿਆ ਜਿਸ ਨੇ ਪੰਜਾਬ ਵਿੱਚ ਆਪਣੀ ਜਗ੍ਹ ਬਣਾਅੀ, ਉਹ ਸੀ ਸੰਤਾਂ ਦੀ ਤਰਤੀਬ, ਜਾਂ ਚਲਦੇ-ਫਿਰਦੇ ਸਾਧੂ ਜੋ ਸਮਾਜ ਦੇ ਨਿਚਲੇ ਵਰਗੇ ਤੋਂ ਆਉਂਦੇ ਸਨ. ਇਹ ਸੰਤ ਭਗਤੀ ਆਂਦੋਲਨ ਨਾਲ ਜੁੜੇ ਹੋਏ ਸੀ, ਜਿਸ ਦਾ ਆਘਾਜ਼ ਦੱਖਣੀ ਭਾਰਤ ਦੇ, ਖ਼ਾਸ ਕਰ ਕੇ ਛੋਟੀ ਜਾਤ ਦੇ ਹਿੰਦੂਆਂ ਵਿੱਚ ਹੋਇਆ, ਜੋ ਜਾਤ ਦੀ ਬੁਨਿਆਦ ਤੇ ਕੀਤੇ ਗਏ ਜ਼ੁਲਮਾਂ ਦੇ ਖ਼ਿਲਾਫ ਸਨ. ਭਗਤੀ ਦੀ ਲਹਿਰ ਨੇ ਉੱਤਰੀ ਇੰਡੀਆ ਅਤੇ ਪੰਜਾਬ ਵਿੱਚ ਬਹੁਤ ਤਰੱਕੀ ਕੀਤੀ. ਇਸ ਤੇਹਰੀਕ ਨੇ ਮੁਸਲਮਾਨਾਂ ਤੋਂ ਵੀ ਆਪਣੇ ਚੇਲੇ ਬਣਾਅੇ ਜਿਸ ਦੇ ਵਿੱਚ ਕਬੀਰ ਦਾ ਨਾਂਅ ਸਭ ਤੋਂ ਅਹਿਮ ਹੈ. ਉਨ੍ਹਾਂ ਦਾ ਫਲਸਫਾ ਇਹ ਸੀ ਕਿ ਰੱਬ ਇੱਕ ਹੈ ਅਤੇ ਉਸ ਦੀ ਰਚਨਾ ਨੂੰ ਉਸ ਤੋਂ ਅਲਗ ਨਹੀਂ ਕੀਤਾ ਜਾ ਸਕਦਾ ਸੀ. ਭਗਤੀ ਦੇ ਉਪਾਸਕ ਇੱਕ ਗਰੀਬ ਜਿੰਦਗੀ ਅਤੇ ਪਵਿੱਤਰ ਵਿਵਹਾਰ ਉਪਰ ਜੋਰ ਪਾਉਂਦੇ ਸੀ. ਅਸੀਂ ਹੁਣ ਵੇਖਾਂਗੇ ਕਿ ਸਿੱਖ ਮਜ਼ਹਬ ਦੇ ਵਿਕਾਸ ਉਪਰ ਕਿਸ ਤਰ੍ਹਾਂ ਪੰਜਾਬ ਵਿੱਚ ਇਸ ਲਹਿਰ ਨੇ ਇੱਕ ਢੂੰਘਾ ਅਸਰ ਕੀਤਾ.

ਸੂਫ਼ੀਵਾਦ ਅਤੇ ਇੱਕ ਮਿੱਲੀ ਜੁੱਲੀ ਤਹਿਜ਼ੀਬ

ਸੂਫ਼ੀ ਭਾਈਚਾਰਾ ਜੋ ਦੱਖਨ ਏਸਿਆ ਵਿੱਚ ਜਾਂ ਤੇ ਮੱਧ ਪੂਰਬ ਤੋਂ ਜਾਂ ਮੱਧ ਏਸਿਆ ਤੋਂ ਆਇਆ, ਉਹ ਦੱਖਨ ਏਸਿਆ ਦੇ ਪੈਨਥਿਅਿਸਟਿਕ (ਸਰਵੇਸ਼ਵਰਵਾਦ) ਰਵਾਇਤ ਤੋਂ ਪਹਿਲਾਂ ਹੀ ਪ੍ਰਭਾਵਿਤ ਸੀ, ਅਤੇ ਕੁੱਝ ਮਾਮਲਿਆਂ ਤੇ ਇਸ ਦਾ ਨਤੀਜਾ ਰਬ ਦੇ ਬਾਰੇ ਥਿਇਸਿਟ ਫਯੁਜਨ (ਆਸਤਿਕ ਏਕੀਕਰਣ) ਜਾਂ ਯੁਨਿਟੇਰਿਅਨ(ਇੱਕ ਰਬ ਨੂੰ ਮੱਨਣਵਾਲਾ) ਹੋਇਆ. ਇਸਲਾਮ ਵਿੱਚ ਮੁੱਖ ਪੰਥ ਜੈਦਾਂ ਕਿ ਸੁਹਰਾਵਰਡਿਆ, ਚਿਸ਼ਤਿਆ, ਨਕਸ਼ਬੰਦਿਆ ਅਤੇ ਕਾਦਰਿਆ, ਸੁੱਨੀ ਮਤਾਂ ਦਾ ਪਾਲਨ ਕਰਦੇ ਸੀ ਅਤੇ ਇਸਲਾਮੀ ਕਾਨੂੰਨ ਜਾਂ ਸ਼ਰਿਆ ਦੇ ਪਾਲਨ ਨੂੰ ਅਹਿਮ ਸਮਝਦੇ ਸੀ ਹਾਲਾਂਕਿ ਉਹ ਸਥਾਨਕ ਰਵਾਇਤਾਂ ਅਤੇ ਰਿਵਾਜ਼ਾਂ ਦਾ ਵੀ ਪਾਲਨ ਕਰਦੇ ਸੀ. ਪਰ, ਕੁੱਝ ਸੂਫ਼ੀ ਕਈ ਵਾਰ ਗੈਰ-ਸਮਾਨ ਰੂਖ ਅਖਤਿਆਰ ਕਰ ਲੈਂਦੇ ਸੀ, ਜੋ ਵਿਹਾਰਕ ਤੌਰ ਤੇ ਸ਼ਰਿਆ ਦਾ ਪਾਲਨ ਕਰਨਾ (ਨਾ ਕਿ ਰਸਮੀ ਤੌਰ ਤੇ) ਫ਼ਜ਼ੂਲ ਕਰ ਦੇਂਦਾ ਸੀ. ਬੁਨਿਆਦੀ ਖਿਆਲ ਜੋ ਇਨ ਮੰਡਲਾਂ ਵਿੱਚ ਮੰਨਣਯੋਗ ਹੈ, ਉਹ ਇਹ ਸੀ ਕਿ ਅਖੀਰ ਤੇ ਇੱਕ ਮਹਾਨ ਆਤਮਾ ਜਾਂ ਰਬ ਹੈ ਜੋ ਸਾਰੀ ਬ੍ਰਹਿਮੰਡੀ ਅਤੇ ਦੁਨੀਆ ਦੇ ਸਿਲਸਿਲੇ ਨੂੰ ਪਕੜ ਕੇ ਰਖਦਾ ਹੈ (ibid: 283-464).

ਇਸੇ ਤਰ੍ਹਾਂ ਦੀ ਸੋਚ ਆਪਣੇ ਸ਼ਿਖਰ ਤੇ ਬੂਲੇ ਸ਼ਾਹ (1680-1758) ਦੇ ਵਕਤ ਪਹੁੰਚੀ. ਬੁੱਲ੍ਹੇ ਸ਼ਾਹ ਦੇ ਉਸਤਾਦ, ਸ਼ਾਹ ਇਨਾਅਤ ਸੂਫ਼ਿਆਂ ਦੇ ਕਾਦਰਿਆ ਸ਼ਟੱਰੀ ਫ਼ਿਰਕੇ ਨਾਲ ਤੱਾਲੁਕ ਰੱਖਦੇ ਸੀ, ਜਿਸ ਨੇ ਹਿੰਦੂ ਫ਼ਲਸਫ਼ੇ ਦੇ ਖ਼ਿਆਲਾਂ ਜੈਦਾਂ ਕਿ ਕਿਸੇ ਸ਼ਕਸ ਦੀ ਨਿਰਵਾਣ ਪ੍ਰਾਪਤੀ, ਨੂੰ ਅਪਣਾਇਆ, ਅਤੇ ਸੂਫ਼ੀ ਯਕੀਨ ਤੇ ਸ਼ਾਮਲ ਕੀਤਾ (ibid:634). ਬੁੱਲ੍ਹੇ ਸ਼ਾਹ, ਫ਼ਿਰ ਵੀ, ਮਜ਼ਹਬੀ ਅਸੂਲਾਂ ਬਾਰੇ ਖੁੱਲ੍ਹੇ-ਆਮ ਸਵਾਲ ਕਰਣ ਦੇ ਮਾਮਲੇ ਵਿੱਚ ਆਪਣੇ ਗੁਰੂ ਅਤੇ ਰਹਿਬਰ ਤੋਂ ਅੱਗੇ ਨਿਕਲ ਗਏ (Ahmed, 2004). ਇੱਕ ਦੋਹਰਾ ਜੋ ਮਜ਼ਹਬੀ ਅਸੂਲ ਦੇ ਮੱਦੇ ਨਜ਼ਰ ਮੁਖ਼ਾਲਫ਼ਤੀ ਹੈ:

ਗਲ ਸਮਝ ਲਈ ਤੇ ਰੌਲਾ ਕੀ
ਏ ਰਾਮ, ਰਹੀਮ ਤੇ ਮੌਲਾ ਕੀ?

ਹਠਧਰਮੀ ਸ਼ਰਿਆ ਦੇ ਕੱਟੜ ਸੂਫ਼ੀ ਚੇਲੇ ਵੀ ਹੁੰਦੇ ਸਨ. ਨਕਸ਼ਬੰਦੀ ਸੂਫ਼ੀ, ਅਹਿਮਦ ਸਰਹੰਦੀ ਜਾਂ ਮੁਜਾਦਿਦ ਅਲਫ਼-ਸਾਨੀ ਜੋ ਸੋਲਹਵੀਂ ਸਦੀ ਵਿੱਚ ਜੀਉਂਦੇ ਸੀ, ਅਤੇ ਇੰਡੀਆ ਦੇ ਪੂਰਬੀ ਪੰਜਾਬ ਦੇ ਸਰਹੰਦ ਵਿੱਚ ਦਫਨ ਨੇ, ਉਨ੍ਹਾਂ ਨੇ ਮੁਗਲਾਂ ਦੇ ਦੌਰ ਤੇ ਸਖ਼ਤ ਇਸਲਾਮ ਦੀ ਬਹਾਲੀ ਲਈ ਇੱਕ ਅਹਿਮ ਕਿਰਦਾਰ ਅਦਾ ਕੀਤਾ.

ਪੰਜਾਬੀ ਜ਼ਬਾਨ

ਇਸ ਬਾਰੇ ਪਤਾ ਨਹੀਂ ਹੈ ਕਿ ਕਦ ਪੰਜਾਬੀ ਇੱਕ ਜ਼ਬਾਨ ਦੇ ਤੌਰ ਤੇ ਉਭਰ ਕੇ ਆਈ, ਮਗਰ ਲਗਦਾ ਹੈ ਕਿ ਇਸ ਦੀ ਮੁਖ਼ਤਲਿਫ਼ ਬੋਲਿਆਂ, ਤੁਰਕੀ ਅਤੇ ਅਫ਼ਗ਼ਾਨੀ ਲੋਕਾਂ ਦੇ ਆਉਣ ਤੋਂ ਪਹਿਲਾਂ ਵੀ ਮੌਜੂਦ ਸੀ. ਹਿੰਦੂ ਬ੍ਰਾਹਮਣ ਸੰਸਕ੍ਰਿਤ ਦਾ ਇਸਤੇਮਾਲ ਕਰਦੇ ਸੀ, ਜਦ ਕਿ ਮੁਸਲਿਮ ਮੌਲਵੀ ਮਜ਼ਹਬੀ ਕੱਮਾ ਲਈ ਅਰਬੀ ਦਾ ਇਸਤੇਮਾਲ ਕਰਦੇ ਸਨ. ਉੱਚੇ ਦਰਜੇ ਦੇ ਮੁਸਲਮਾਨ ਫ਼ਾਰਸੀ ਹੋਰ ਇਥੇ ਤੱਕ ਕਿ ਤੁਰਕੀ ਵੀ ਬੋਲਦੇ ਸੀ, ਜਦ ਕਿ ਆਮ ਲੋਕ ਪੰਜਾਬੀ ਦੀ ਮੁਖ਼ਤਲਿਫ਼ ਬੋਲਿਆਂ ਬੋਲਦੇ ਸੀ. ਗੋਰਖਨਾਥੀ, ਲੋਕਾਂ ਦੇ ਨਾਲ ਬੋਲ-ਚਾਲ ਦੀ

ਜ਼ਬਾਨ ਦਾ ਇਸਤੇਮਾਲ ਕਰਦੇ ਸੀ (Grewal, 2004:11). ਤੇਰਹਵੀਂ ਸਦੀ ਦੇ ਲੇਖਕ ਅਤੇ ਸੂਫ਼ੀ, ਅਮੀਰ ਖੁਸਰੋ ਨੇ ਮੱਧ ਪੰਜਾਬ ਦੀ ਜ਼ਬਾਨ ਨੂੰ ਲਾਹੌਰੀ ਕਿਹਾ (Ibid:10). ਇਸ ਦੇ ਇਲਾਵਾ ਦੂਜੀ ਬੋਲਿਆਂ ਵੀ ਸੀ, ਜੋ ਅੱਜ ਦੇ ਆਧੁਨਿਕ ਵਕਤ ਤੱਕ ਮੌਜੂਦ ਨੇ. ਚਿਸ਼ਤਿਆ ਸੂਫ਼ੀ ਪੰਥ ਦੇ ਬਾਬਾ ਸ਼ੇਖ ਫ਼ਰੀਦੁੱਦੀਨ ਗੰਜਸ਼ਕਰ ਦੇ ਵਕਤ ਤੋਂ ਪੰਜਾਬੀ ਦਾ ਇਸਤੇਮਾਲ ਮਜ਼ਬੂਬੀ ਅਤੇ ਸਾਹਿਤਕ ਰਚਨਾਵਾਂ ਵਾਸਤੇ ਕੀਤਾ ਜਾਣ ਲਗਾ, ਅਤੇ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਮਿੰਯਾ ਮੁਹਮੱਦ ਅਤੇ ਖਵਾਜਾ ਘੁਲਾਮ ਫ਼ਰੀਦ ਨੇ ਪੰਜਾਬੀ ਦੀ ਮੁਖ਼ਤਲਿਫ਼ ਬੋਲਿਆਂ ਵਿੱਚ ਲਿਖਿਆ.

ਪਿਆਰ ਅਤੇ ਬਹਾਦੁਰੀ ਦੇ ਕਿੱਸੇ ਜਿਸ ਤਰ੍ਹਾਂ ਕਿ ਹੀਰ ਰਾਂਝਾ, ਪੁਰਨ ਭਗਤ, ਸੋਹਨੀ ਮਹੀਵਾਲ ਹੋਰ ਇਥੇ ਤੱਕ ਕਿ ਅਰਬਿਆ ਅਤੇ ਸਿੰਧ ਦੇ ਰੇਗਿਸਤਾਨ ਦੀ ਕਹਾਨਿਆਂ ਜੈਦਾਂ ਕਿ ਲੈਲਾ ਮਜਨੂ, ਸੱਸੀ ਪੁੱਨੂ ਵੀ ਬਹੁਤ ਸਿਦਕ ਨਾਲ ਅਲਾਪਿਆਂ ਜਾਂਦਿਆਂ ਸੀ. ਹੀਰ ਦੇ ਉਪਰ ਸਭ ਤੋਂ ਮਸ਼ਹੁਰ ਦੋ ਸਾਹਿਤਕ ਰਚਨਾਵਾਂ, ਇੱਕ ਹਿੰਦੂ ਦਾਮੋਦਰ ਅਤੇ ਮੁਸਲਿਮ ਸੂਫ਼ੀ ਵਾਰਿਸ ਸ਼ਾਹ ਨੇ ਕੀਤੀਆਂ ਹਨ. ਹਿੰਦੁਤਵ ਅਤੇ ਇਸਲਾਮ ਦਾ ਸਹਜੀਵੀ ਹੋਣਾ ਮਹਾਂਕਾਵਿਕ ਹੀਰ ਵਿੱਚ ਉਭਰ ਕੇ ਆਉਂਦਾ ਹੈ, ਜਦ ਪ੍ਰੇਮਿਕਾ ਦਾ ਆਸ਼ਿਕ ਰਾਂਝਾ ਗੋਰਕਨਾਥੀ ਸਾਧੂ ਬਣ ਜਾਂਦਾ ਹੈ. ਇਨ ਮਹਾਂਕਾਵਿਕਾਂ ਨੂੰ ਪਿੰਡਾਂ ਅਤੇ ਸਹਿਰਾਂ ਦੇ ਲੋਕਾਂ ਦੇ ਦਰਮਿਆਨ ਗਾਇਆ ਅਤੇ ਸੁਣਾਇਆ ਜਾਂਦਾ ਸੀ. ਇਹ ਨਕਾਰਿਆ ਨਹੀਂ ਜਾ ਸਕਦਾ ਹੈ ਕਿ ਸਮਾਜ ਦੇ ਹਰ ਸਤਰ ਵਿੱਚ, ਖ਼ਾਸ ਕਰ ਕੇ ਹਰ ਕੌਮ ਦੇ ਪਾਦਰੀ ਅਤੇ ਉੱਪਰੀ ਸਤਹਿ ਦੇ ਲੋਕ, ਕੱਟੜ ਨਿਯਮਾਂ ਅਤੇ ਕਾਨੂੰਨ ਦਾ ਪਾਲਨ ਕਰਦੇ ਸੀ, ਜਾਂ ਅਸੀਂ ਕਹਿ ਸਕਦੇ ਹਾਂ ਕਿ ਕੌਮੀ ਸਰਹੱਦਾਂ ਨੂੰ, ਰਸਮਾਂ, ਰੀਤਾਂ ਅਤੇ ਆਦਤਾਂ ਸਾਫ਼ ਸਾਫ਼ ਅਲਗ ਕਰਦਿਆਂ ਸੀ. ਕੱਟੜ ਬ੍ਰਾਹਮਣੀ ਹਿੰਦੂਤਵ ਦੇ, ਮਿਸਾਲ ਦੇ ਤੌਰ ਤੇ, ਜ਼ਿਆਦਾ ਉੱਚੀ ਜਾਤਾਂ ਦੇ ਲੋਕ ਹਿਮਾਇਤੀ ਸਨ ਅਤੇ ਇਸਲਾਮੀ ਕੱਟੜਵਾਦ ਦੀ ਰਹਨੁਮਾਈ ਸੁੱਨੀ ਕੱਟੜ ਲੋਕ ਕਰਦੇ ਸੀ, ਜਿਸ ਦੇ ਵਿੱਚ ਤੁਰਕੀ, ਅਫ਼ਗ਼ਾਨੀ, ਮੁਗਲ ਅਤੇ ਦੂਜੇ ਅੰਸਾਰ ਜੋ ਆਪਣੇ ਆਪ ਨੂੰ ਪਾਕ ਖਾਨਦਾਨ ਦੀ ਉਤਪਤ ਸਮਝਣ ਵਾਲੇ- ਜੈਦਾਂ ਕਿ ਮਸ਼ਹੂਰ ਅਰਬੀ ਪੂਰਖੇ, ਸ਼ਾਮਲ ਸਨ (Ahmed,1999).

ਬੇਸ਼ਕ, ਪੰਜਾਬੀ ਨੂੰ ਇੱਕ ਮਜ਼ਬੂਬੀ ਅਤੇ ਸਾਹਿਤਕ ਖ਼ਿਆਲਾਂ ਨੂੰ ਜ਼ਾਹਰ ਕਰਣ ਵਾਲੀ ਜ਼ਬਾਨ ਦੇ ਤੌਰ ਤੇ, ਸਭ ਤੋਂ ਜ਼ਿਆਦਾ ਵਾਧਾ ਸਿੱਖ ਧਰਮ ਦੇ ਆਗਮਨ ਨਾਲ ਹੋਇਆ. ਪੰਦਰਹਵੀਂ ਸਦੀ ਦੇ ਆਖਰ ਵਿੱਚ ਤਲਵੰਡੀ (ਹੁਣ ਪਾਕਿਸਤਾਨੀ ਪੰਜਾਬ ਵਿੱਚ ਨਨਕਾਣਾ ਸਾਹਿਬ) ਤੇ ਜਨਮੇ ਨਾਨਕ ਚੰਦ, ਜੋ ਜਾਤੀ ਤੋਂ ਇੱਕ ਖਤਰੀ ਹਿੰਦੂ ਸਨ, ਨੇ ਇੱਕ ਧਾਰਮਿਕ ਸੁਧਾਰ ਦੀ ਲਹਿਰ ਨੂੰ ਸ਼ੁਰੂ ਕੀਤਾ ਜੋ ਬਾਅਦ ਵਿੱਚ ਸਿੱਖ ਧਰਮ ਦੇ ਨਾਂਅ ਨਾਲ ਪਛਾਣਿਆ ਗਿਆ. ਗੁਰੂ ਨਾਨਕ ਨੇ ਆਪਣੇ ਵਿਚਾਰਾਂ ਨੂੰ ਜਿਸ ਭਾਸ਼ਾ ਵਿੱਚ ਜ਼ਾਹਰ ਕੀਤਾ, ਉਸ ਨੂੰ ਲਹੌਰੀ ਪੰਜਾਬੀ ਕਿਹਾ ਜਾਂਦਾ ਹੈ. ਇਹ ਰਵਾਇਤ ਉਨ੍ਹਾਂ ਦੇ ਰੂਹਾਨੀ ਵਾਰਿਸਾਂ ਦੀ ਲਿਖਾਈ ਵਿੱਚ ਕਾਇਮ ਰਹੀ ਅਤੇ ਫੁੱਲੀ. ਚੌਥੇ ਗੁਰੂ ਰਾਮ ਦਾਸ ਨੇ ਇਥੇ ਤੱਕ ਕਿ ਗੁਰਮੁਖੀ ਲਿਪੀ ਤਿਆਰ ਕੀਤੀ ਜੋ ਕਿ ਦੇਵਨਾਗਰੀ ਲਿਪਿ ਦਾ ਰੁਪਾਂਤਰ ਹੈ. ਸੂਫ਼ੀ ਅਤੇ ਦੂਜੇ ਮੁਸਲਿਮ ਲੇਖਕ ਪੰਜਾਬੀ ਨੂੰ ਫ਼ਾਰਸੀ ਲਿਪੀ ਵਿੱਚ ਲਿਖਦੇ ਸੀ, ਜਦ ਕਿ ਦੇਵਨਾਗਰੀ ਲਿਪੀ ਨੂੰ ਹਿੰਦੂਆਂ ਨੇ ਵਰਤਣਾ ਜਾਰੀ ਰੱਖਿਆ. ਇਸ ਲਈ, ਮਸ਼ਹੂਰ ਪੰਜਾਬੀ ਤਹਿਜ਼ੀਬੀ ਪਛਾਣ ਦੇ ਵਿਕਾਸ ਵਿੱਚ ਜ਼ਬਾਨੀ ਪਰੰਪਰਾ ਨੇ ਇੱਕ ਅਹਿਮ ਕਿਰਦਾਰ ਅਦਾ ਕੀਤਾ, ਜਦ ਕਿ ਲਿਖੇ ਹੋਏ ਅਲਫ਼ਾਜ਼ ਫ਼ਿਰਕੂ ਸੀਮਾ ਤੋਂ ਬਾਹਰ ਨਹੀਂ ਪਹੁੰਚ ਸਕੇ. ਕਿਸੇ ਵੀ ਹਾਲ ਵਿੱਚ ਪੰਜਾਬ ਦੇ ਇਤਹਾਸ ਦੇ ਕਿਸੇ ਵੀ ਪੜਾਵ

ਵਿੱਚ, "ਪੰਜਾਬੀ" ਪੰਜਾਬ ਦੇ ਸੂਬੇ ਦੀ ਜਾਂ ਸਰਕਾਰੀ ਜ਼ਬਾਨ ਨਹੀਂ ਸੀ. ਇਥੇ ਤੱਕ ਕਿ ਸਿੱਖ ਸ਼ਾਸਕ ਰਣਜੀਤ ਸਿੰਘ ਨੇ ਵੀ ਸਰਕਾਰੀ ਜ਼ਬਾਨ ਲਈ, ਫ਼ਾਰਸੀ ਦਾ ਇਸਤੇਮਾਲ ਕੀਤਾ.

ਪੰਜਾਬ ਵਿੱਚ ਸਿੱਖ ਧਰਮ

ਗੋਰਖਨਾਥੀ, ਭਗਤੀ ਅਤੇ ਸੂਫ਼ੀ ਤੇਹਰੀਕਾਂ ਤੋਂ ਮੁਤਾਸਿਰ ਹੋ ਕੇ, ਗੁਰੂ ਨਾਨਕ, ਜਿਸ ਨਾਂਅ ਨਾਲ ਉਨ੍ਹਾਂ ਨੂੰ ਜਾਣਿਆ ਜਾਣ ਲਗਾ, ਨੇ ਛੁਆਛੂਤ ਨੂੰ ਰੱਦ ਕੀਤਾ ਅਤੇ ਇੱਕ ਪਰਮੇਸ਼ੁਰ ਦੀ ਇਬਾਦਤ ਦੇ ਉਪਰ ਜ਼ੋਰ ਦਿੱਤਾ. ਉਨ੍ਹਾਂ ਨੇ ਮੁਸਲਿਮ ਅਤੇ ਹਿੰਦੂ ਮਜ਼ਹਬੀ ਹੋਰ ਸਿਆਸੀ ਅਦਾਰਿਆਂ ਵਿੱਚ ਭ੍ਰਿਸਟਾਚਾਰ ਦੇ ਬੋਲਬਾਲੇ ਦੀ ਨਿੰਦਾ ਕੀਤੀ. ਉਨ੍ਹਾਂ ਨੇ ਲੰਗਰ ਦੀ ਸ਼ੁਰੂਆਤ ਕਰਦੇ ਹੋਏ ਆਪਣੇ ਅਨੁਯਾਮਿਯਾਂ ਨੂੰ, ਜੋ ਜ਼ਿਆਦਾਤਰ ਹਿੰਦੂ ਧਰਮ ਤੋਂ ਆਏ ਸੀ, ਇੱਕ ਸਾਥ ਮਿਲ ਕੇ ਖਾਣ-ਪੀਣ ਲਈ ਰਾਜੀ ਕਰਾਇਆ (Singh,1986:49). ਸਿੱਖ ਧਰਮ ਨੇ ਪੰਜਾਬ ਦੇ ਖੇਤੀ-ਬਾੜੀ ਦੀ ਅਤੇ ਕਾਰੀਗਰ ਜਾਤਾਂ ਵਿੱਚ ਜ਼ਿਆਦਾ ਤਰੱਕੀ ਕੀਤੀ - ਇਣ ਜਾਤਾਂ ਨੂੰ ਹਿੰਦੂਆਂ ਦੀ ਜਾਤੀ ਪ੍ਰਥਾ ਵਿੱਚ ਇੱਕ ਨੀਚਾ ਦਰਜਾ ਹਾਸਲ ਸੀ. ਉਨ੍ਹਾਂ ਦੇ ਵਿੱਚ ਜੱਟ ਸਭ ਤੋਂ ਵਡੀ ਤਦਾਦ ਵਿੱਚ ਸਨ (ਸ਼ਨਿਗਹ,1963:89). ਪਹਿਲੇ ਚਾਰ ਗੁਰੂ ਸਾਹਿਬਾਨ ਦੇ ਵਕਤ ਦੇ ਦੌਰਾਨ, ਸਿੱਖ ਧਰਮ ਇੱਕ ਅਮਨਪਸੰਦ ਅਤੇ ਸੁਧਾਰਵਾਦੀ ਪੰਥ ਰਿਹਾ ਅਤੇ ਇਸ ਦਾ ਦੂਜੇ ਸੂਧਾਰਵਾਦੀ ਭਾਈਚਾਰੇ ਨਾਲ ਤਕਰੀਬਨ ਕੋਈ ਫ਼ਰਕ ਨਹੀਂ ਸੀ. ਸਿੱਖ ਧਰਮ ਅਤੇ ਇਸ ਦੇ ਪ੍ਰਭਾਵ ਦੇ ਕੁੱਝ ਸਥਾਈ ਕੇਂਦਰ, ਇਸ ਦੇ ਇਤਿਹਾਸ ਦੇ ਸ਼ੁਰੂਵਾਤੀ ਦੌਰ ਵਿੱਚ ਕਾਇਮ ਕੀਤੇ ਗਿਐ, ਸਭ ਤੋਂ ਅਹਿਮ ਹਰਿਮੰਦਰ ਸਾਹਿਬ (ਸਵਰਨ ਮੰਦਰ) ਹੈ ਜਿਸ ਦੀ ਅੱਮ੍ਰਿਤਸਰ ਵਿਖੇ ਚੌਥੇ ਗੁਰੂ ਰਾਮਦਾਸ ਜੀ ਨੇ ਸਥਾਪਨਾ ਕੀਤੀ. ਜਿਣ ਲੋਕਾਂ ਨੇ ਇਸ ਦੀ ਬੁਨਿਆਦ ਰੱਖੀ ਉਸ ਦੇ ਵਿੱਚ ਲਾਹੌਰ ਦੇ ਆਗੂ ਸੂਫ਼ੀ ਮਿੰਆ ਮੀਰ ਵੀ ਸ਼ਾਮਲ ਸਨ. ਸ਼ਹਿਨਸ਼ਾਹ ਅਕਬਰ ਜੋ ਆਪਣੇ ਸਹਣਸ਼ੀਲ ਵਿੱਚਾਰਾਂ ਲਈ ਜਾਣੇ ਜਾਂਦੇ ਸੀ, ਪੰਚਮ ਗੁਰੂ ਅਰਜਨ ਦੇਵ ਦੀ (1565-1606) ਵਿਦਵੱਤਾ ਨਾਲ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੂੰ ਤੋਹਫ਼ੇ, ਅਤੇ ਜਮੀਨੀ ਹੋਰ ਮਾਲੀਆ ਜਗੀਰ ਨਾਲ ਸਨਮਾਨਿਤ ਕੀਤਾ.

ਅਕਾਲ ਤਖਤ ਨੂੰ ਦਰਬਾਰ ਸਾਹਿਬ ਭਵਨ-ਸਮੂਹ ਨਾਲ ਛੇਵੇਂ ਗੁਰੂ ਹਰਗੋਬਿੰਦ ਜੀ (1595-1644) ਨੇ ਜੋੜਿਆ, ਜੋ ਦੋ ਤਲਵਾਰਾਂ ਦਾ ਧਾਰਣ ਕਰਦੇ ਸੀ, ਜੋ ਰੁਹਾਨੀ ਅਤੇ ਦੁਨੀਆਵੀ ਹੱਕ ਦੇ ਵਿੱਚਕਾਰ ਦੀ ਕੜੀ ਦਾ ਸੰਕੇਤ ਸੀ (Ahmed, 1990:108). ਹੋਲੀ ਹੋਲੀ ਕਿਸਾਨਾਂ ਅਤੇ ਛੋਟੇ ਵਪਾਰਿਆਂ ਦੇ ਸਹਿਯੋਗ ਨਾਲ ਸਿੱਖ ਤਾਕਤ ਉੱਤਰ-ਪਛਮ ਇੰਡੀਆ ਵਿੱਚ ਉਭਰ ਕੇ ਆਉਣ ਲਗੀ. ਬਾਅਦ ਦੇ ਮੁਗਲ ਸ਼ਹਿਨਸ਼ਾਹਾਂ ਨੇ ਇਸ ਨੂੰ ਫ਼ਿਕਰਮੰਦ ਹੋ ਕੇ ਵੇਖਿਆ, ਅਤੇ ਬਾਅਦ ਦੇ ਸਿੱਖ ਗੁਰੂਆਂ ਉਪਰ ਫ਼ੌਜੀ ਕਾਰਵਾਈ ਦਾ ਹੁਕਮ ਦਿੱਤਾ. ਨੌਵੇਂ ਗੁਰੂ ਤੇਗ ਬਹਾਦੁਰ ਨੇ ਕਸ਼ਮੀਰੀ ਪੰਡਿਤਾਂ ਨੂੰ ਜਬਰਨ ਇਸਲਾਮ ਕਬੂਲ ਕਰਾਉਣ ਦੀ ਮੁਹਿਮ ਦੀ ਮੁਖ਼ਾਲਫ਼ਤ ਕੀਤੀ. ਇਸ ਦਾ ਅੰਜ਼ਾਮ ਇਹ ਹੋਇਆ ਕਿ ਗੁਰੂ ਅਤੇ ਉਨ੍ਹਾਂ ਦੇ ਕੁੱਝ ਸ਼ਾਗੀਰਦ ਮੁਗਲ ਦਰਬਾਰ ਵਿਖ ਪੇਸ਼ ਹੋਏ ਅਤੇ ਇੱਕ ਮਜ਼ਹਬੀ ਬਹਿਸ ਤੇ ਹਿੱਸਾ ਲੀਤਾ ਜਿਸ ਦੇ ਦੌਰਾਨ ਗੁਰੂ ਨੇ ਇਸਲਾਮ ਕਬੂਲ ਕਰਣ ਤੋਂ ਇਣਕਾਰ ਕਰ ਦਿੱਤਾ. ਇਸ ਦੇ ਨਾਲ ਹੀ ਉਨ੍ਹਾਂ ਨੂੰ ਬਾਦਸਾਹ ਔਰੰਗਜ਼ੇਬ ਨੇ ਆਪਣੀ ਬਿਹਤਰ ਰੁਹਾਨੀ ਤਾਕਤਾਂ ਨੂੰ ਸਾਬਤ ਕਰਣ ਲਈ ਕੋਈ ਕਰਿਸ਼ਮਾ ਵੇਖਾਉਣ ਲਈ ਕਿਹਾ ਜੋ ਗੁਰੂ ਲਈ ਨਾਮੁਮਕਿਨ ਸੀ. ਬਾਦਸ਼ਾਹੀ ਹੁਕਮ ਦੇ ਚਲਦਿਆਂ ਗੁਰੂ ਅਤੇ ਉਨ੍ਹਾਂ ਦੇ ਅਨੁਯਾਈਆਂ ਦਾ ਖੁੱਲ੍ਹੇ-ਆਮ ਕਤਲ ਕਰ ਦਿੱਤਾ ਗਿਆ (Singh,1963).

ਉਨ੍ਹਾਂ ਦੇ ਪੁੱਤਰ, ਦਸਵੇਂ ਅਤੇ ਸਿੱਖਾਂ ਦੇ ਅਖੀਰੀ ਗੁਰੂ, ਗੋਬਿੰਦ ਰਾਏ (1666-1708) ਨੇ ਇੱਕ ਚੰਗੀ ਤਰ੍ਹਾਂ ਸਿਖਲਾਈ, ਅਨੁਸ਼ਾਸਿਤ ਅਤੇ ਨਿਯਮਤ ਫ਼ੌਜ ਨੂੰ ਬਣਾਈ ਰੱਖਿਆ. ਉਨ੍ਹਾਂ ਦੇ ਜ਼ਿਆਦਾਤਰ ਸਿਪਾਹੀ ਕਿਸਾਨ ਅਤੇ ਕਾਰੀਗਰ ਜਾਤੀ ਦੇ ਗਰੀਬ ਵਰਗੇ ਤੋਂ ਸੀ. ਸਿੱਖਾਂ ਨੇ ਆਪਣੇ ਕਾਬੂ ਕੀਤੇ ਇਲਾਕਿਆਂ ਤੋਂ ਮਾਲੀਆ ਅਤੇ ਦੂਜੇ ਟੈਕਸ ਇਕੱਠਾ ਕਰਣੇ ਸ਼ੁਰੂ ਕਰ ਦਿੱਤੇ, ਅਤੇ ਜਲਦ ਹੀ ਸਿੱਖ ਤਾਕਤ ਉੱਤਰੀ ਇੰਡੀਆ ਦੀ ਸਿਆਸਤ ਵਿੱਚ ਇੱਕ ਪ੍ਰਮੁੱਖ ਬੱਲ ਬਣ ਕੇ ਉਭਰੀ. ਗੁਰੂ ਗੋਬਿੰਦ ਸਿੰਘ ਨੇ ਮੁਸਲਿਮ ਅਤੇ ਹਿੰਦੂ ਪ੍ਰਮੁਖਾਂ ਦੇ ਖਿਲਾਫ਼ ਕਈ ਲੜਾਇਆਂ ਲੜੀ ਜਿਸ ਨੂੰ ਪੰਜਾਬ ਦੀ ਅਵਾਮ ਨੇ ਜ਼ਰੂਰੀ ਤੌਰ ਤੇ, ਕਿਸੇ ਮਜ਼ੂਬੀ ਜੰਗ ਦੀ ਤਰ੍ਹਾਂ ਨਹੀਂ ਸਮਝਿਆ: ਕਈ ਮਸ਼ਹੂਰ ਮੁਸਲਿਮਾਂ ਨੇ, ਜੋ ਮੁਗਲਾਂ ਦੇ ਖਿਲਾਫ਼ ਸੀ, ਗੁਰੂ ਦਾ ਸਾਥ ਦਿੱਤਾ ਅਤੇ ਸਿੱਖ ਫ਼ੌਜਾਂ ਵਿੱਚ ਹਿੰਦੂ ਅਤੇ ਮੁਸਲਿਮ ਸਿਪਾਹੀ, ਦੋਵੇਂ ਇੱਕ ਚੰਗੀ ਤਦਾਦ ਵਿੱਚ ਸਨ. 1699 ਵਿੱਚ ਗੁਰੂ ਗੋਬਿੰਦ ਸਿੰਘ ਨੇ ਆਪਣੇ ਅਨੁਯਾਅਿਯਾਂ ਨੂੰ ਆਨੰਦਪੂਰ ਤੇ ਇਕੱਠਾ ਹੋਣ ਲਈ ਬੁਲਾਇਆ. ਇਸ ਮਜਮੇ ਵਿੱਚ ਉਨ੍ਹਾਂ ਨੇ ਸਿੱਖਾਂ ਨੂੰ ਇੱਕ ਵਿਲੱਖਣ ਤੌਰ ਤੇ ਸੰਗਠਤ ਕਰਣ ਦਾ ਫ਼ੈਸਲਾ ਕੀਤਾ ਅਤੇ ਨਾਮਕਰਣ ਦੇ ਤਰੀਕੇ ਦੀ ਸ਼ੁਰੂਆਤ ਕੀਤੀ. ਉਨ੍ਹਾਂ ਨੂੰ ਇੱਕ ਪਾਰਿਵਾਰਿਕ ਨਾਂਅ ਦਿਤਾ ਗਿਆ: ਸਿੰਘ, ਜਿਸ ਦਾ ਮਤਲਬ ਸ਼ੇਰ ਹੈ. ਇਸ ਨਾਂਅ ਨੂੰ ਦੇਣ ਦਾ ਮਤਲਬ ਇਹ ਸੀ, ਕਿ ਉਹ ਆਪਣੀ ਪੁਰਾਣੀ ਜਾਤਾਂ ਅਤੇ ਕਮਾਈ ਦਾ ਜਰਿਆ ਛੱਡ ਚੁਕੇ ਸੀ ਅਤੇ ਖਾਲਸਾ (ਪਵਿੱਤਰ) ਦੇ ਸਿਪਾਹੀ ਬਣਦੇ ਹੋਏ ਆਪਣੇ ਸਮਾਜਿਕ ਰਿਸ਼ਤੇ ਵੀ ਤਿਆਗ ਚੁਕੇ ਸੀ. ਉਨ੍ਹਾਂ ਨੇ ਕੁੱਝ ਵਿਲਖਣ ਨਿਸ਼ਾਨਾਂ ਨੂੰ ਵੀ ਅਪਣਾਇਆ, ਜੈਦਾਂ ਕਿ, ਲੰਬੇ ਕੇਸ਼ ਅਤੇ ਦਾੜ੍ਹੀ ਰੱਖਣਾ, ਅਤੇ ਤਲਵਾਰ ਜਾਂ ਕਿਰਪਾਨ, ਨੂੰ ਹਮੇਸ਼ਾ ਧਾਰਣ ਕਰ ਕੇ ਰੱਖਣਾ.

ਮੁਗਲਾਂ ਨੇ ਗੁਰੂ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਆਖ਼ਰ ਤੱਕ ਤੰਗ ਕੀਤਾ ਅਤੇ ਉਨ੍ਹਾਂ ਦੇ ਦੋ ਪੁਤਰਾਂ ਨੂੰ ਮੌਤ ਦੀ ਸਜ਼ਾ ਦਾ ਹੁਕਮ ਦਿੱਤਾ. 1708 ਵਿੱਚ, ਇੱਕ ਮੁਸਲਮਾਨ ਕਾਤਲ ਦੇ ਹੱਥੀ ਕੀਤੇ ਵਾਰ ਦੇ ਜ਼ਖਮਾਂ ਤੋਂ, ਉਨ੍ਹਾਂ ਦੀ ਮੌਤ ਹੋ ਗਈ. ਸਿੱਖਾਂ ਦੀ ਫ਼ਿਰਕੂ ਯਾਦਦਾਸ਼ਤ ਵਿੱਚ, ਇਸ ਲਈ, ਮੁਸਲਿਮਾਂ ਜਾਂ ਤੁਰਕਿਆਂ (ਜੋ ਕਿ ਮੁਗਲਾਂ ਨੂੰ ਕਿਹਾ ਜਾਂਦਾ ਸੀ) ਨੂੰ ਵਿਸ਼ੇਸ਼ ਰੂਪ ਤੇ ਆਪਣੇ ਗੁਰੂਆਂ ਨੂੰ ਤੰਗ ਕਰਣ ਲਈ, ਜੋੜਿਆ ਗਿਆ ਹੈ. ਇੱਕ ਅਪਵਾਦ ਮਲੇਰਕੋਟਲਾ ਦੀ ਛੋਟੀ ਸ਼ਾਹੀ ਰਿਆਸਤ ਦਾ ਮੁਸਲਿਮ ਸ਼ਾਸਕ ਹੈ, ਜਿਸ ਨੇ ਗੁਰੂ ਦੇ ਦੋ ਪੁਤਰਾਂ ਉਪਰ ਤਸੀਹਿਆਂ ਅਤੇ ਉਨ੍ਹਾਂ ਦੇ ਕਤਲ ਉਪਰ ਇਤਰਾਜ਼ ਜ਼ਤਾਇਆ ਸੀ. ਇਸ ਕਰ ਕੇ ਗੁਰੂ ਨੇ ਆਪਣੇ ਚੇਲੇਆਂ ਨੂੰ, ਮਲੇਰਕੋਟਲਾ ਦੇ ਮੁਸਲਮਾਨਾਂ ਦਾ ਕਦੇ ਵੀ ਨੁਕਸਾਨ ਨਾ ਪਹੁੰਚਾਣ ਦੀ ਹਦਾਇਤ ਦਿੱਤੀ (Kohli,1986). ਕੁੱਝ ਸਿੱਖ, ਲੇਕਿਨ, ਇਸ ਨੂੰ ਆਪਣਾ ਫ਼ਰਜ਼ ਸਮਝਦੇ ਸੀ ਕਿ ਮੁਸਲਮਾਨ ਸ਼ਾਸਕਾਂ ਦੇ ਕੀਤੇ ਗਿਐ ਜ਼ੁਲਮਾਂ ਦਾ ਬਦਲਾ ਲੈਣਾ ਚਾਹਿਦਾ ਸੀ, ਅਤੇ ਇਸ ਲਈ, ਉਨ੍ਹਾਂ ਨੇ ਮੁਸਲਮਾਨਾਂ ਦਾ ਵੱਡੇ ਤੌਰ ਤੇ ਕਤਲੇਆਮ ਸ਼ੁਰੂ ਕੀਤਾ. ਬੰਦਾ ਬਹਾਦੁਰ ਨੇ ਨਾ ਸਿਰਫ਼ ਮੁਸਲਿਮ ਸ਼ਾਸਕ ਤਬਗੇ ਦੇ ਖ਼ਿਲਾਫ਼ ਦਹਿਸ਼ਤ ਭਰਾ ਇੱਕ ਦੌਰ ਸ਼ੁਰੂ ਕਰ ਕੇ ਉਨ੍ਹਾਂ ਦੀ ਜਮੀਨ ਖੋਹ ਕੇ ਸਿੱਖਾਂ ਵਿੱਚ ਵੰਡੀ, ਮਗਰ ਮਾਮੂਲੀ ਮੁਸਲਮਾਨਾਂ ਜੈਦਾਂ ਕਿ ਕਿਸਾਨ ਅਤੇ ਕਾਰੀਗਰਾਂ ਨੂੰ ਵੀ ਦਹਿਸ਼ਤਜ਼ਦਾ ਕੀਤਾ. ਉਸ ਦੀ ਕਰੁਰਤਾ ਮੁਸਲਿਮ ਇਤਿਹਾਸਕ ਮਨੋਵਿਗਿਆਨ ਦਾ ਹਿੱਸਾ ਬਣ ਗਈ ਜਿਸ ਨੂੰ ਉਨ੍ਹਾਂ ਦੇ ਪ੍ਰਵਕਤਾ ਯਾਦ ਕਰਦੇ ਨੇ (Ahmed,1990:108-9; Singh,1963:118).

ਜਿਥੋਂ ਤੱਕ ਸਿੱਖ ਧਰਮ, ਇਸਲਾਮ ਅਤੇ ਹਿੰਦੂਤਵ ਤੇ ਆਪਸੀ ਰਿਸ਼ਤੇ ਦਾ ਸਵਾਲ ਹੈ, ਇਹ ਅਹਿਮ ਹੈ ਕਿ ਸਿੱਖ ਧਰਮ ਨੂੰ ਬ੍ਰਿਟਿਸ਼ ਇਤਿਹਾਸਕਾਰ ਕੱਨਿੰਘਮ ਨੇ ਇੱਕ ਮੁਸਲਿਮ ਪੰਥ ਮੰਨਿਆ ਸੀ. ਇੱਕੇਸ਼ਵਰਵਾਦ

ਅਤੇ ਸਮਾਨਤਾਵਾਦੀ ਦੇ ਮਾਮਲੇ ਵਿੱਚ, ਵਾਕਈ, ਸਿੱਖੀ ਸੂਫ਼ੀ ਇਸਲਾਮ ਦੇ ਕਰੀਬ ਸੀ, ਮਗਰ ਇਤਿਹਾਸਕ ਨਜ਼ਰਿਏ ਨਾਲ ਵੇਖਿਆ ਜਾਵੇ ਤੇ, ਇਸ ਦੇ ਅਤੇ ਹਿੰਦੂਤਵ ਦੇ ਦਰਮਿਆਨ ਕੋਈ ਸਾਫ ਸੀਮਾ ਰੇਖਾ ਨਹੀਂ ਸੀ, ਅਤੇ ਕਾਫ਼ੀ ਸਾਰੇ ਲੋਕ ਇੱਕ ਪ੍ਰਚਲਤ ਮਜ਼ਹਬ ਨੂੰ ਮੱਨਦੇ ਸੀ ਜੋ ਸਿੱਖ ਅਤੇ ਹਿੰਦੂ ਧਰਮਾਂ ਦਾ ਇੱਕ ਮਿਸ਼ਰਤ ਗੁਰਮਤ ਹੁੰਦਾ ਸੀ. ਇਸ ਦੇ ਨਾਲ, ਪਛਮ ਅਤੇ ਮੱਧ ਜ਼ਿਲ੍ਹੇ ਦੇ ਖਤਰੀ ਅਤੇ ਅਰੋੜਾ ਜਾਤੀਆਂ ਦੇ ਪੰਜਾਬੀ ਹਿੰਦੂਆਂ ਵਿੱਚ ਰਵਾਇਤ ਸੀ ਕਿ ਉਹ ਆਪਣੇ ਇੱਕ ਪੁੱਤਰ ਨੂੰ, ਖ਼ਾਸ ਕਰ ਕੇ ਸਭ ਤੋਂ ਵੱਡੇ ਨੂੰ, ਇੱਕ ਸਿੱਖ ਦੇ ਤੌਰ ਤੇ ਵੱਡਾ ਕਰਦੇ ਸੀ. ਇੱਕ ਜਾਤੀ ਦੇ ਹਿੰਦੂਆਂ ਅਤੇ ਸਿੱਖਾਂ ਵਿੱਚ ਵਿਆਹ ਇੱਕ ਆਮ ਗੱਲ ਸੀ. ਇਹ ਰਵਾਇਤਾਂ ਆਧੁਨਿਕ ਵਕਤ ਤੱਕ ਚਲਦੀ ਰਹੀਆਂ, ਇਸ ਦਾ ਅਪਵਾਦ ਇਹ ਸੀ ਕਿ ਹਿੰਦੂ ਅਤੇ ਸਿੱਖ ਜਟਾਂ ਵਿੱਚ ਵਿਆਹ ਨਹੀ ਹੁੰਦਾ ਸੀ (Akbar,1985:131-33). ਬ੍ਰਿਟਿਸ਼ ਸੈਨਸਸ (ਮਰਦਮਸ਼ੁਮਾਰੀ) ਦੇ ਰਿਕਾਰਡਾਂ ਵਿੱਚ ਸਿੱਖਾਂ ਨੂੰ ਕਦੀ ਹਿੰਦੂ ਅਤੇ ਕਦੀ ਸਿੱਖ ਲਿਖਿਆ ਗਿਆ ਹੈ. ਵੀਹਵੀਂ ਸਦੀ ਦੇ ਸ਼ੁਰੂ ਤੇ ਦੋਵੇਂ ਹਿੰਦੂ ਅਤੇ ਸਿੱਖ, ਹਾਲਾਂਕਿ, ਪੰਜਾਬ ਖੇਤਰ ਵਿੱਚ ਅਲਪਸੰਖਅਕ ਸਨ.

ਕਿਸੀ ਵੀ ਸੂਰਤ ਵਿੱਚ, ਅਠਾਰਵੀਂ ਸਦੀ ਦੇ ਦੌਰਾਣ ਮੁਗਲ ਬਾਦਸ਼ਾਹੀ ਨੂੰ ਫ਼ਾਰਸੀ ਅਤੇ ਅਫ਼ਗਾਨੀ ਹਮਲਾਵਰਾਂ ਦੀ ਅਗਵਾਈ ਵਿੱਚ, ਹਮਲੇਆਂ ਦੀ ਲੜੀ ਨੇ ਜ਼ਬਰਦਸਤ ਝਟਕੇ ਦਿੱਤੇ. ਪਹਿਲਾਂ, ਫ਼ਾਰਸੀ ਨਾਦਿਰ ਸ਼ਾਹ (1738 ਹੋਰ 1739 ਵਿੱਚ) ਆਇਆ ਜਿਸ ਨੇ ਪੰਜਾਬ ਅਤੇ ਮੁਗਲ ਰਾਜਧਾਨੀ ਦਿੱਲੀ ਦੇ ਆਲੇ-ਦੁਆਲੇ ਦੇ ਇਲਾਕਿਆਂ ਨੂੰ ਬਰਬਾਦ ਕਰ ਦਿੱਤਾ. ਫਿਰ ਇੱਕ ਜੋਖਿਮੀ ਅਫ਼ਗਾਨ ਅਹਿਮਦ ਸ਼ਾਹ ਅਬਦਾਲੀ ਨੇ ਹਮਲਿਆਂ ਦੀ ਨਵੇਂ ਸਿਰੇ ਤੋਂ ਲੜੀ ਲਗਾ ਦਿੱਤੀ. ਇਸ ਦੇ ਚਲਦਿਆਂ ਪੂਰੇ ਪੰਜਾਬ ਅਤੇ ਉੱਤਰੀ ਭਾਰਤ ਦੇ ਸਮਾਜਿਕ ਤਰਤੀਬ ਦੀ ਤਬਾਹੀ ਕੋ ਗਈ. ਮੁਸਲਮਾਨ, ਸਿੱਖ ਅਤੇ ਹਿੰਦੂ ਸਾਰੇ ਅਫ਼ਗਾਨੀ ਘੁਸਪੈਠ ਦੇ ਬਾਅਦ ਹੋਏ ਕਤਲੇਆਮ ਦੇ ਸ਼ਿਕਾਰ ਹੋ ਗਏ (Ahmed, 1990:108-111).

ਸਿੱਖ ਜੋ ਆਪਣੀ ਚਲਦੀ-ਫਿਰਦੀ ਫ਼ੌਜੀ ਬਨਾਵਟ ਨੂੰ ਬਰਕਰਾਰ ਰੱਖਦੇ ਹੋਏ ਜੰਗਲਾਂ ਵਿੱਚ ਜਾ ਛੁਪੇ ਸਨ, ਪੰਜਾਬ ਵਿੱਚ ਸਭ ਤੋਂ ਮਜਬੂਤ ਫ਼ੌਜੀ ਤਾਕਤ ਬਣ ਕੇ ਉਭਰੇ. ਪੰਜਾਬ ਤੇ ਰਣਜੀਤ ਸਿੰਘ ਦੀ ਅਗਵਾਈ ਵਿੱਚ ਬਾਦਸਾਹੀ ਦੀ ਕਾਇਮੀ ਦੇ ਨਾਲ ਸਿੱਖ ਤਾਕਤ ਸ਼ਿਖਰ ਤੇ ਪਹੁੰਚੀ, ਮਗਰ ਇਸ ਤੋਂ ਤੀਹ ਸਾਲ ਪਹਿਲਾਂ, ਸਿੱਖ ਪੰਜਾਬ ਦੇ ਮੁਖ਼ਤਲਿਫ਼ ਇਲਾਕਿਆਂ ਤੇ ਸਿਆਸੀ ਪਕੜ ਬਣਾ ਚੁਕੇ ਸੀ. ਮਿਸਾਲ ਦੇ ਤੌਰ ਤੇ, ਸਿਪਹਸਾਲਾਰਾਂ ਦੀ ਇੱਕ ਸਿੱਖ ਤਿਕੜੀ ਲਾਹੌਰ ਦੇ ਇਰਦ-ਗਿਰਦ ਆਪਣੀ ਹਕੂਮਤ ਬਣਾ ਕੇ ਟੈਕਸ ਅਤੇ ਹੋਰ ਬਕਾਏ ਇਕੱਠੇ ਕਰਣ ਲਗੀ (Sheikh, 2005). ਸਿੱਖ ਤਾਕਤ ਦਾ ਇੱਕ ਛੋਟੇ ਪੰਥ ਤੋਂ, ਪੰਜਾਬ ਦੀ ਹਕੂਮਤੀ ਕੈਮ ਤੱਕ ਪਹੁੰਚਣਾ, ਇੱਕ ਆਜਾਦ ਬਾਦਸ਼ਾਹੀ ਬਣਣ ਨਾਲ ਪੂਰਾ ਹੋਇਆ. ਜਿੱਥੇ ਤੱਕ ਬਹੁਮਤ ਮੁਸਲਿਮ ਆਬਾਦੀ ਦਾ ਸਵਾਲ ਹੈ, ਇਹ ਘਟਨਾ ਬਹੁਤ ਗੈਰ-ਮਾਮੂਲੀ ਸੀ. ਉਪ-ਮਹਾਦੀਪ ਵਿੱਚ ਮੌਜੂਦ ਰਵਾਇਤ ਦੇ ਤੌਰ ਤੇ, ਰਣਜੀਤ ਸਿੰਘ ਨੇ ਸਾਰੇ ਮੁਖ਼ਾਲਫ਼ਤਿਆਂ ਨੂੰ ਕੁਚਲਣ ਲਈ, ਬਹੁਤ ਜ਼ਿਆਦਾ ਤਾਕਤ ਦਾ ਇਸਤੇਮਾਲ ਕੀਤਾ, ਜਿਸ ਦਾ ਮਤਲਬ ਸੀ, ਖ਼ਾਸ ਕਰ ਕੇ ਉਨ੍ਹ ਮੁਸਲਮਾਨਾਂ ਨੂੰ ਮਾਰਨਾ ਜੋ ਮੁਗਲ ਬਾਦਸ਼ਾਹੀ ਤੇ ਸੇਵਾ ਕਰਦੇ ਸੀ ਜਾਂ ਅਫ਼ਗਾਨਿਸਤਾਨ ਦੇ ਹਾਕਿਮਾਂ ਦੇ ਕਰੀਬੀ ਸੀ. ਸਿੱਖ ਗੁਰੂਆਂ ਦੇ ਉਪਰ ਮੁਗਲਾਂ ਦੇ ਕੀਤੇ ਗਿਐ ਬੁਰੇ ਵਿਵਹਾਰ ਦੀ ਭੜਾਸ ਅਤੇ ਗੁੱਸੇ ਨੂੰ ਜ਼ਾਹਰ ਕਰਣ ਲਈ, ਕਈ ਵਾਰ ਸਿੱਖ ਫ਼ੌਜਾਂ ਨੇ ਮੁਸਲਿਮ ਪਾਕ ਜਗ੍ਹਾਂ ਦੀ ਬੇਅਦਬੀ ਕੀਤੀ. ਪਰ, ਰਣਜੀਤ ਸਿੰਘ ਨੇ ਬਹੁਤ ਜਲਦ ਇਸੇ ਤਰ੍ਹਾਂ ਦੀ ਨੀਤੀ ਦਾ ਤਿਆਗ

ਕਰ, ਦੱਖਨ ਏਸਿਅਨ ਦੇ ਇੱਕ ਤਸਵੁਰੀ ਆਦਰਸ਼ ਸ਼ਾਸਕ ਦਾ ਰੂਪ ਅਖਤਿਆਰ ਕੀਤਾ ਜੋ ਸਭ ਫ਼ਿਰਕੇਆਂ ਦੀ ਹਿਫ਼ਾਜ਼ਤ ਦਾ ਜਿੱਮਾਂ ਲੇਂਦਾ ਸੀ.

ਉਸ ਨੇ ਆਪਣੇ ਆਪ ਨੂੰ 1801 ਵਿੱਚ ਲਾਹੌਰ ਦੀ ਹਕੂਮਤ ਦੇ ਮਹਾਰਾਜਾ ਬਣਣ ਦਾ ਐਲਾਨ ਕੀਤਾ ਹੋਰ ਇੱਕ ਚੱਕਬੰਦੀ ਅਤੇ ਵਿਸਤਾਰ ਦਾ ਇੱਕ ਲੰਬਾ ਦੌਰ ਸ਼ੁਰੂ ਕੀਤਾ. ਸ਼ਾਰੇ ਵਿਰੋਧੀਆਂ ਨੂੰ ਕੁਚਲਣ ਤੋਂ ਬਾਅਦ, ਉਨ੍ਹਾਂ ਨੇ ਇੱਕ ਦੋਸਤਾਨਾ ਨੀਤੀ ਅਪਣਾਈ. ਇਸ ਦੇ ਮੁਤਾਬਕ ਮੁਸਲਿਮ ਅਤੇ ਹਿੰਦੂ ਪੰਜਾਬਿਆਂ ਨੂੰ ਉਸ ਦੀ ਵਜ਼ੀਰਾਂ ਅਤੇ ਸਲਾਹਕਾਰਾਂ ਦੀ ਪਰਿਸ਼ਦ ਵਿੱਚ ਸ਼ੁਮਾਰੀ ਕੀਤੀ ਗਈ. ਕਈ ਸਾਲਾਂ ਦੇ ਰਾਜ ਤੋਂ ਬਾਅਦ, ਰਣਜੀਤ ਸਿੰਘ ਦੀ ਮਸ਼ਹੁਰੀ ਇੱਕ ਇਮਾਨਦਾਰ ਅਤੇ ਅਕਲਮੰਦ ਸ਼ਾਸਕ ਦੇ ਤੌਰ ਤੇ ਹੋਈ. ਕਈ ਸੁਧਾਰ ਜੈਦਾਂ ਕਿ ਮੁਫ਼ਤ ਦਵਾਇਆਂ, ਪੰਜਾਬ ਦੀ ਤਿੰਨ ਮੁੱਖ ਫ਼ਿਰਕੇਆਂ ਲਈ ਅਲਗ ਅਦਾਲਤਾਂ ਵੀ ਸ਼ਾਮਲ ਹਨ (Singh,1985:48-50). ਉਸ ਦੇ ਸ਼ਾਸਨ ਦੇ ਦੌਰਾਨ, ਪੰਜਾਬ ਦੀ ਸਾਖਰਤਾ ਇੰਡੀਆ ਦੇ ਕਿਸੇ ਵੀ ਹਿੱਸੇ ਤੋਂ ਜ਼ਿਆਦਾ ਸੀ. ਮੁਸਲਿਮ, ਸਿੱਖ ਅਤੇ ਹਿੰਦੂ ਬਰਾਦਰਿਆਂ ਦੇ ਸਥਾਪਤ ਕੀਤੇ ਗਏ ਸਕੂਲ, ਨਾ ਸਿਰਫ਼ ਮਜ਼ਬੀ ਤਾਲੀਮ ਦੇਂਦੇ ਸੀ ਮਗਰ ਵਿਗਆਨ ਅਤੇ ਹਿਸਾਬ ਦੀ ਇੱਕ ਮਜਬੁਤ ਬੁਨਿਆਦ ਤਿਆਰ ਕਰਣ ਤੇ ਜੋਰ ਦੇਂਦੇ ਸੀ. ਪੰਜਾਬੀ ਵਿਦਿਆਦਾਨ ਦਾ ਮੁੱਖ ਵਸੀਲਾ ਸੀ ਮਗਰ ਸ਼ਾਗਿਰਦ ਅਰਬੀ, ਉਰਦੂ, ਫ਼ਾਰਸੀ ਅਤੇ ਸੰਸਕ੍ਰਿਤ ਵੀ ਸਿਖਦੇ ਸੀ. ਉਸ ਦੇ ਰਾਜ ਵਿੱਚ, ਸ਼ਮਾਜ ਦੇ ਹਰ ਕੋਨੇ ਤੋਂ ਆਏ ਲੋਕਾਂ ਦੀ ਇੱਕ ਮਜਬੂਤ ਪੰਜਾਬੀ ਪਛਾਣ, ਵੱਪੀ (Sheikh,2010). ਪਰ, ਪੰਜਾਬੀ ਪਛਾਣ ਦੇ ਉਪਰ ਜੋਰ ਦੇਣ ਦੇ ਬਾਵਜੂਦ, ਸਿੱਖ ਬਾਦਸ਼ਾਹੀ ਨੇ ਸਰਕਾਰੀ ਜ਼ਬਾਨ ਦੇ ਤੌਰ ਤੇ ਫ਼ਾਰਸੀ ਨੂੰ ਕਾਇਮ ਰੱਖਿਆ (Chaudhry,1977:II. ਉਸ ਵਕਤ ਬਰਤਾਨਵੀ ਉੱਤਰੀ ਭਾਰਤ ਵਿੱਚ ਤੇਜੀ ਨਾਲ ਫੈਲ ਰਹੇ ਸੀ. ਰਣਜੀਤ ਸਿੰਘ ਦੀ 1839 ਵਿੱਚ ਮੌਤ ਹੋ ਗਈ ਅਤੇ ਤਖ਼ਤ ਲਈ ਮੁਖ਼ਤਲਿਫ਼ ਦਾਵੇਦਾਰਾਂ ਵਿੱਚ ਜਦੋਜਹਿਦ ਭੜਕ ਉਠੀ. ਕੁੱਝ ਸਿੱਖ ਸਰਦਾਰ ਉਨ੍ਹ ਇਲਾਕਿਆਂ ਤੋਂ ਭਾਰੀ ਲਗਾਨ ਅਤੇ ਦੂਜੇ ਬਕਾਏ ਵਸੂਲ਼ ਕਰਣ ਲਗੇ ਜਿੱਥੇ ਉਨ੍ਹਾਂ ਦੀ ਫ਼ੌਜੀ ਤਾਕਤ ਮੌਜੂਦ ਸੀ. ਉਥਲ-ਪੁਥਲ ਹੋਣ ਲਗੀ. ਬਰਤਾਨਿਆ ਨੇ ਹਾਲਾਤ ਦਾ ਫ਼ਾਇਦਾ ਲੈਂਦੇ ਹੋਏ ਪੰਜਾਬ ਉਪਰ ਹਮਲਾ ਕਰ ਦਿੱਤਾ. ਬਰਤਾਨਿਆ ਅਤੇ ਸ਼ਿੱਖ ਫ਼ੌਜਾਂ ਦੇ ਵਿੱਚ ਕਈ ਲੜਾਇਆਂ ਲੜੀ ਗਈਆਂ.

ਬ੍ਰਿਟਿਸ਼(ਬਰਤਾਨਿਆ) ਰਾਜ

29 ਮਾਰਚ 1849 ਨੂੰ ਮਹਾਰਾਜਾ ਰਣਜੀਤ ਸਿੱਘ ਦੇ ਛੋਟੇ ਪੁੱਤਰ ਦਲੀਪ ਸਿੰਘ ਅਤੇ ਬ੍ਰਿਟਿਸ਼ਰਾਂ ਦੇ ਦਰਮਿਆਨ ਇੱਕ ਸੰਧੀ ਉਪਰ ਦਸਤਖਤ ਹੋਏ, ਜਿਸ ਦੇ ਨਤੀਜਤਨ ਲਾਹੌਰ ਬਾਦਸ਼ਾਹੀ ਬ੍ਰਿਟਿਸ਼ ਇਸਟ ਇੰਡੀਆ ਕੰਪਨੀ ਦੇ ਕਬਜ਼ੇ ਤੇ ਆ ਗਈ. ਉਸ ਵਕਤ, ਰਾਜਧਾਨੀ ਲਾਹੌਰ ਇੱਕ ਬੁਰੀ ਤਰ੍ਹਾਂ ਬਰਬਾਦ, ਆਰਥਿਕ ਖਸਤਾ ਹਾਲ, ਹੋਰ ਸਮੁੱਚੇ ਤੌਰ ਤੇ ਮੁਰਝਾ ਚੁਕੀ ਸੀ. ਮਕਾਨ, ਇਮਾਰਤਾਂ, ਗਲੀਆਂ, ਨਾਲੀਆਂ ਅਤੇ ਦੂਜੀ ਸੁਵਿਧਾਵਾਂ ਪੂਰੀ ਤਰ੍ਹਾਂ ਬੇਮਰੱਮਤੀ ਦੇ ਹਾਲ ਵਿੱਚ ਸੀ. ਬ੍ਰਿਟਿਸ਼ ਸਰਪਰਸਤੀ ਵਿੱਚ, ਪੰਜਾਬ ਨੇ ਅਤੇ ਖ਼ਾਸ ਕਰ ਕੇ ਲਾਹੌਰ ਨੇ ਜ਼ਬਰਦਸਤ ਤਰੱਕੀ ਕੀਤੀ. ਬ੍ਰਿਟਿਸ਼ ਆਪਣੇ ਭਾਰਤ ਦੀ ਬਾਦਸ਼ਾਹੀ ਨੂੰ ਪੜੋਸੀ ਅਫ਼ਗਾਨ ਹਮਲੇਆਂ ਅਤੇ ਰੂਸ ਦੀ ਜ਼ਾਰ ਬਾਦਸ਼ਾਹੀ ਤੋਂ ਬਚਾਉਣਾ ਚਾਹੁੰਦੇ ਸੀ.

ਲਿਹਾਜ਼ਾ, ਕਈ ਸਿੱਖ ਸਰਦਾਰਾਂ(ਪ੍ਰਮੁਖਾਂ) ਨੂੰ ਰਿਸ਼ਵਤ ਅਤੇ ਉਨ੍ਹਾਂ ਦੀ ਜਾਇਦਾਦਾਂ ਅਤੇ ਰਿਆਸਤਾਂ ਉਪਰ ਮਲਕੀਅਤ ਦਾ ਹੱਕ ਪੱਕਾ ਕਰ ਕੇ ਉਨ੍ਹਾਂ ਦਾ ਦਿਲ ਜਿੱਤ ਲੀਤਾ ਗਿਆ. ਇਹ ਗੌਰ ਫ਼ਰਮਾਉਨਾ ਜ਼ਰੂਰੀ

ਹੈ ਕਿ ਨਾ ਸਿਰਫ਼ ਪੰਜਾਬ ਦੇ ਸਿੱਖ ਮਗਰ ਕਈ ਮੁਸਲਿਮ ਅਤੇ ਹਿੰਦੂ ਪ੍ਰਮੁਖ, ਜਿਨ੍ਹਾਂ ਦੀ ਮਦਦ ਨਾਲ ਬ੍ਰਿਟਿਸ਼ ਨੇ ਸਿਪਾਹੀ ਵਿਦ੍ਰੋਹ ਜਾਂ 1857 ਦੇ ਘਦਰ ਨੂੰ ਕੁਚਲ ਦਿੱਤਾ ਸੀ, ਉਨ੍ਹਾਂ ਨੂੰ ਉਦਾਰਤਾ ਨਾਲ ਬਰਤਾਨਿਆ ਨੇ ਜਾਗੀਰ ਅਤੇ ਖ਼ਿਤਾਬਾਂ ਨਾਲ ਨਵਾਜ਼ਿਆ. ਬਾਅਦ ਵਿੱਚ ਵੀ ਵਫ਼ਾਦਾਰ ਅਤੇ ਮਸ਼ਹੂਰ ਲੋਕਾਂ ਨੂੰ ਜਾਗੀਰ ਦੇਣ ਦਾ ਸਿਲਸਿਲਾ ਕਾਇਮ ਰਿਹਾ ਅਤੇ ਇਸ ਦੇ ਚਲਦਿਆਂ ਪੂਰੇ ਪੰਜਾਬ ਵਿੱਚ ਇੱਕ ਤਾਕਤਵਰ ਜ਼ਮੀਨਦਾਰਾਂ ਦਾ ਦਰਜਾ ਪੈਦਾ ਹੋ ਗਿਆ. ਇਸ ਬਾਰੇ ਇਹ ਕਹਿਣਾ ਚਾਹੀਦਾ ਹੈ ਕਿ, ਬ੍ਰਿਟਿਸ਼ ਲੋਕਾਂ ਨੇ ਬੜੀ ਨਿਪੁਣਤਾ ਨਾਲ ਤਿੰਨੇਂ ਫ਼ਿਰਕੇ ਦੇ ਮਜ਼ਬੀ ਹੁਕਮਰਾਨਾਂ ਨੂੰ ਸਾਥੀ ਚੁਣ ਲੀਤਾ. ਖ਼ਾਸ ਕਰ ਕੇ, ਮਜ਼ਬੀ ਅਤੇ ਸੂਫ਼ੀ ਦਰਗਾਹਾਂ ਦੇ ਮਜ਼ਬੀ ਮੁਖੀ ਅਤੇ ਹਸਤੀਆਂ ਨੂੰ, ਸਿੱਧੀ ਸਰਪ੍ਰਸਤੀ ਦੇ ਥਲੇ ਲਾਇਆ ਗਿਆ, ਅਤੇ ਇਸ ਦੇ ਬਦਲੇ ਉਨ੍ਹਾਂ ਨੇ ਸਥਾਨੀ ਤੌਰ ਤੇ ਅਮਨ ਅਤੇ ਫ਼ੌਜ ਵਿੱਚ ਸਿਪਾਹਿਆਂ ਦੀ ਭਰਤੀ ਲਈ ਨੌਜਵਾਨਾਂ ਨੂੰ ਮੂਹੱਇਆ ਕਰਾਉਣ ਦਾ ਕੱਮ ਪੱਕਾ ਕੀਤਾ. ਉਹ ਦਰਜਾ ਅੰਗ੍ਰੇਜ਼ੀ ਰਾਜ ਲਈ ਆਖੀਰ ਤੱਕ ਵਫ਼ਾਦਾਰ ਰਿਹਾ (Ali, 1970: 193–240; Leigh, 1922).

ਪੰਜਾਬ ਨੂੰ ਬ੍ਰਿਟਿਸ਼ ਹਕੂਮਤ ਦੀ ਇਫ਼ਾਜ਼ਤ ਲਈ, ਰਣਨੀਤਕ ਵਜ੍ਹਾ ਨਾਲ ਇੱਕ ਅਹਿਮ ਸੂਬਾ ਮੱਨਿਆ ਜਾਂਦਾ ਸੀ. ਬ੍ਰਿਟਿਸ਼ ਸਰਕਾਰ ਨੇ ਮਯੁਨਿਸਿਪਲ (ਨਗਰਪਾਲਿਕਾ) ਅਤੇ ਸਰਕਾਰੀ ਸਕੂਲਾਂ ਵਿੱਚ ਉਰਦੂ ਨੂੰ ਤਾਲੀਮ ਦਾ ਜ਼ਰਿਆ ਬਣਾਉਣ ਦਾ ਫ਼ੈਸਲਾ ਕੀਤਾ, ਜਿਸ ਨੇ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਲੈਣ ਤੋਂ ਪਹਿਲਾਂ ਦੀ ਤਾਲੀਮੀ ਤਰਤੀਬ ਦੀ ਜਗ੍ਹ ਲੈ ਲੀਤੀ ਸੀ. ਇਸ ਮੁੱਦੇ ਉਪਰ ਪੰਜਾਬ ਸਰਕਾਰ ਦੇ ਉੱਚੇ ਅਹੁਦੇ ਦੇ ਸਦੱਸਿਆਂ ਵਿੱਚ ਢੂੰਘੀ ਬਹਿਸ ਹੋਈ. ਇਹ ਖਿਆਲ ਹਾਵੀ ਹੋਇਆ ਕਿ ਪੰਜਾਬੀ ਉਰਦੂ ਨਾਲ ਰਲਦੀ ਜ਼ਬਾਨ ਸੀ, ਅਤੇ ਕਿਉਂਕਿ ਬ੍ਰਿਟਿਸ਼ ਉਰਦੂ ਨੂੰ ਪਹਿਲਾਂ ਤੋਂ ਹੀ ਉੱਤਰੀ ਭਾਰਤ ਦੇ ਸਕੂਲਾਂ ਵਿੱਚ, ਅਤੇ ਨਿਚਲੇ ਦਰਜਿਆਂ ਵਿੱਚ ਸਰਕਾਰੀ ਜ਼ਬਾਨ ਦੀ ਹੈਸਿਅਤ ਨਾਲ ਇਸਤੇਮਾਲ ਕਰ ਰਹੇ ਸੀ, ਇਸ ਕਰ ਕੇ ਉਰਦੂ ਨੂੰ ਪੰਜਾਬ ਤੱਕ ਵਧਾਇਆ ਜਾਵੈ. ਅਤੇ ਉਹ ਸਾਰੇ ਪੰਜਾਬੀ ਜੋ ਫ਼ੌਜੀ ਜਾਂ ਗੈਰ-ਫ਼ੌਜੀ ਸਰਕਾਰੀ ਨੌਕਰੀ ਲਈ ਭਰਤੀ ਹੋਣਾ ਚਾਹੁੰਦੇ ਸੀ, ਉਨ੍ਹਾਂ ਲਈ ਉਰਦੂ ਲਿਖਣ ਨਾਲ ਵਾਕਫ਼ ਹੋਣਾ ਲ਼ਾਜ਼ਮੀ ਸੀ (Chaudhry,1977).

ਉਪਨਿਵੇਸ਼ੀ ਦੌਰ ਵਿੱਚ ਪੰਜਾਬ

ਬ੍ਰਿਟਿਸ਼ ਲੋਕਾਂ ਦੀ ਪੰਜਾਬ ਫ਼ਤਹਿ ਦਾ ਇੱਕ ਅੰਜ਼ਾਮ ਇਹ ਹੋਇਆ ਕਿ ਉਣ ਨਵੇਂ ਹਮਲਿਆਂ ਤੇ ਰੋਕ ਲਗ ਗਈ ਜਿਹੜੇ ਉੱਤਰ-ਪੱਛਮ ਦੇ ਦਰਰਿਆਂ ਤੋਂ ਜ਼ਿਆਦਾਤਰ ਹਮਲਾਵਰ ਅਤੇ ਫ਼ਤਹਿ ਕਰਣ ਵਾਲੇ ਕਰਦੇ ਸੀ ਹੋਰ ਉਪ-ਮਹਾਦੀਪ ਤੇ ਆਉਂਦੇ ਸੀ. ਬ੍ਰਿਟਿਸ਼, ਪੰਜਾਬ ਦੇ ਵੱਡੇ ਹਿੱਸੇ ਉਪਰ ਸਿੱਧੇ ਤੋਰ ਤੇ ਹਕੂਮਤ ਚਲਾਉਂਦੇ ਸੀ ਮਗਰ ਰਿਆਸਤੀ ਸੂਬਿਆਂ ਨੂੰ ਵੀ, ਉਨ੍ਹਾਂ ਦੇ ਹਾਕਿਮਾਂ ਨਾਲ ਸਮਝੌਤੇ ਕਰ ਕੇ, ਆਪਣੇ ਅਧੀਨ ਕਰ ਲੀਤਾ. ਉਨੀਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ, ਪੰਜਾਬ ਦਾ ਪੱਛਮ ਦਾ ਇਲਾਕਾ ਬ੍ਰਿਟਿਸ਼ ਪਲਾਨਿੰਗ (ਯੋਜਨਾ) ਅਤੇ ਸਰਪਰਸਤੀ ਦੇ ਚਲਦਿਆਂ ਬਹੁਤ ਜਲਦ ਬਦਲ ਗਿਆ. ਨਹਿਰਾਂ ਅਤੇ ਵਾਟਰਵਰਕਸ (ਜਲਘਰ) ਦਾ ਇੱਕ ਲੰਬਾ-ਚੌੜਾ ਨੈੱਟਵਰਕ ਕਾਇਮ ਕੀਤਾ ਗਿਆ. ਇਸ ਦੇ ਚਲਦਿਆਂ ਦੁਨੀਆ ਦਾ ਸਭ ਤੋਂ ਵੱਡਾ ਆਬਪਾਸ਼ੀ ਨਿਜ਼ਾਮ ਤਿਆਰ ਹੋਇਆ. ਕਿਉਂਕਿ ਅਮਰੀਕਾ ਵਿੱਚ ਘਰੇਲੂ ਜੰਗ ਚਲ ਰਹੀ ਸੀ, ਉਸ ਦੇ ਦੱਖਨੀ ਸੂਬੇ ਤੋਂ ਬ੍ਰਿਟੇਨ ਨੂੰ ਕਪਾਹ ਭੇਜਣਾ ਮੁਸ਼ਕਲ ਹੋ ਗਿਆ. ਇਸ ਦਾ ਪੰਜਾਬ ਨੂੰ ਫ਼ਾਇਦਾ ਹੋਇਆ ਕਿਉਂਕਿ ਉਸ ਦੇ ਕਿਸ਼ਾਨਾਂ ਦੀ ਕਪਾਹ ਦੀ ਖੇਤੀ ਕਰਣ ਲਈ ਹੌਸਲਾਅਫ਼ਜਾਈ ਕੀਤੀ ਗਈ. ਵਧ

ਆਬਾਦੀ ਵਾਲੇ ਪੂਰਬੀ ਪੰਜਾਬ ਦੇ ਲੋਕਾਂ ਨੂੰ ਨਹਿਰੀ ਕਲੋਨਿਆਂ ਵਿੱਚ ਵਸਾਇਆ ਗਿਆ. ਨਵੇਂ ਵਸਣਵਾਲਿਆਂ ਵਿੱਚ ਸਿੱਖ ਅਤੇ ਮੁਸਲਮਾਨ ਸ਼ਾਮਲ ਸਨ (Ali, 1989; Bhatia, 1987: 83–89; Singh, 1966: 116–18). ਪਰ, ਪੱਛਮ ਦੇ ਜ਼ਿਲ੍ਹਾਂ ਵਿੱਚ ਤਬਦੀਲੀ ਇੱਕ ਢਾਂਚੇ ਦੇ ਅੰਦਰ ਹੀ ਹੋਈ; ਜੋ ਜਮੀਨੀ ਮਲਕੀਅਤ ਦਾ ਨਿਜੀਕਰਣ ਅਤੇ ਅਰਥ ਵਿਵਸਥਾ ਦੇ ਵਪਾਰੀਕਰਣ ਨੂੰ ਵਧਾਵਾ ਦੇਂਦੇ ਹੋਏ ਵੀ, ਆਜ਼ਾਦ ਉਦਯੋਗਿਕ ਉਦਮਾਂ ਉਪੁਰ ਬੰਦਿਸ਼ ਲਗਾਉਂਦੇ ਸੀ (Ali, 1989).

ਨਵੇਂ ਆਰਥਿਕ ਮੌਕੇ ਹੋਣ ਦੇ ਬਾਵਜੂਦ, ਉੱਤਰੀ ਅਤੇ ਪੂਰਬੀ ਪੰਜਾਬ ਜ਼ਿਆਦਾ ਆਬਾਦੀ, ਚੰਗੀ ਖੇਤੀ-ਬਾੜੀ ਦੀ ਜ਼ਮੀਨ ਦੀ ਕਮੀ, ਅਤੇ ਜ਼ਮੀਨਾਂ ਦੇ ਵੱਖਰੇ ਹੋਏ ਛੋਟੇ-ਛੋਟੇ ਟੁਕੜਿਆਂ ਨੂੰ ਝੇਲ੍ਹ ਰਹੇ ਸੀ. ਪਿਛਲੇ ਵਕਤ ਵਿੱਚ, ਇਸ ਇਲਾਕਿਆਂ ਦੇ ਪੰਜਾਬਿਆਂ ਨੂੰ ਮੁਸ਼ਕਲ ਹਾਲਾਤਾਂ ਨੇ, ਉਨ੍ਹਾਂ ਨੂੰ ਦੇਸ਼ੀ ਸ਼ਾਸਕਾਂ ਅਤੇ ਹਮਲਾਵਰਾਂ ਦੀ ਫ਼ੌਜ਼ਾਂ ਵਿੱਚ ਨੌਕਰੀ ਕਰਣ ਨੂੰ ਮਜਬੂਰ ਕੀਤਾ ਸੀ. ਬ੍ਰਿਟਿਸ਼ ਨੀਤੀਆਂ ਨੇ ਇਸ ਰੁਝਾਨ ਨੂੰ ਸਹਾਰਾ ਦਿੱਤਾ: ਸਿੱਖ, ਪੰਜਾਬੀ ਮੁਸਲਮਾਨ ਅਤੇ ਹਿੰਦੂ ਰਾਜਪੂਤ ਜਿਨ੍ਹਾਂ ਨੂੰ ਜੰਗੀ ਕੌਮ ਸਮਝਿਆ ਜਾਂਦਾ ਸੀ, ਉਨ੍ਹਾਂ ਦੀ ਬ੍ਰਿਟਿਸ਼ ਇੰਡਿਅਨ ਫ਼ੌਜ਼ ਵਿੱਚ ਰੋਜ਼ਗਾਰ ਲੈਣ ਲਈ ਹੋਸਲਾਅਫ਼ਜਾਈ ਕੀਤੀ. ਦਰਅਸਲ, ਉਪਨਿਵੇਸ਼ੀ ਨੀਤੀ ਨੇ ਉੱਤਰੀ ਪੰਜਾਬ ਦੀ ਆਰਥਿਕ ਤੱਰਕੀ ਨੂੰ ਜਬਰਨ ਰੋਕਿਆ ਤਾਂਕਿ ਸਿਪਾਹਿਆਂ ਦੀ ਲਗਾਤਾਰ ਭਰਤੀ ਨੂੰ ਪੱਕਾ ਕੀਤਾ ਜਾ ਸਕੇ.

ਇਸ ਦੇ ਇਲਾਵਾ, ਇੱਕ ਸੰਸਥਾ ਜੋ ਤੇਜੀ ਨਾਲ ਤਿਆਰ ਹੋਈ ਅਤੇ ਖੇਤੀ-ਬਾੜੀ ਦੇ ਵਧ ਰਹੇ ਵਪਾਰੀਕਰਣ ਦੀ ਇੱਕ ਅਹਿਮ ਪਿਛਲਗੁਆ, ਬਣੀ ਉਹ ਸੀ ਪੈਸੇ ਦੇ ਰਿਣਦਾਤਾ, ਬਨਿਆ, ਜੋ ਲੱਗਭਗ ਹਮੇਸ਼ਾ ਹਿੰਦੂ ਜਾਂ ਸਿੱਖ ਹੁੰਦੇ ਸੀ. ਤਕਰੀਬਨ, ਉਪਨਿਵੇਸ਼ੀ ਆਰਥਿਕ ਕੱਮਾਂ ਦੀ ਤਕਸੀਮ ਕੁੱਝ ਇਸ ਤਰ੍ਹਾਂ ਸੀ ਕਿ ਵਪਾਰ, ਵੱਡੇ ਪੈਮਾਨੇ ਦੇ ਨਾਲ ਨਾਲ ਪ੍ਰਚੂਨ ਅਤੇ ਆਧੁਨਿਕ *ਫਰਮਾਂ* ਅਤੇ *ਕਮਪਨਿਆਂ*, ਹਿੰਦੂ ਅਤੇ ਸਿੱਖ ਵਪਾਰੀ ਜਾਤਾਂ ਦੇ ਕਬਜ਼ੇ ਵਿੱਚ ਸੀ. ਇਸ ਲਈ ਸਾਰੇ ਪੰਜਾਬ ਦੇ ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਵਿੱਚ ਸਥਾਪਤ ਦੁਕਾਨਾਂ ਉੱਪਰ, ਇਣ ਜਾਤਾਂ ਦੇ ਸਦੱਸਾਂ ਦੀ ਮਾਲਕੀ ਸੀ. ਜ਼ਿਆਦਾਤਰ ਕਿਸਾਨੀ ਲੋਕ ਜਿਸ ਦੇ ਵਿੱਚ ਖੇਤੀ-ਬਾੜੀ ਅਤੇ ਚਰਵਾਹੇ ਕਬੀਲੇ ਸੀ, ਮੁਸਲਮਾਨ ਜਾਂ ਸਿੱਖ ਹੁੰਦੇ ਸਨ; ਮਗਰ ਪੂਰਬੀ ਪੰਜਾਬ ਵਿੱਚ ਹਿੰਦੂ ਜਾਟ ਕਿਸਾਨ ਬਹੁਸੰਖਅਕ ਸਨ. ਜ਼ਿਆਦਾਤਰ ਵੱਡੇ ਜ਼ਮੀਨਦਾਰ ਮੁਸਲਮਾਨ ਜਾਂ ਸਿੱਖ ਹੁੰਦੇ ਸਨ; ਮਗਰ ਹਿੰਦੂ ਵੀ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਮੌਜੂਦ ਸਨ. ਸਮਾਜ ਦੇ ਸਾਰੇ ਦਰਜੇ ਸਾਹੂਕਾਰ ਦੇ ਕਰਜ਼ ਥਲੇ ਦਬੇ ਹੋਏ ਸੀ ਮਗਰ ਮੁਸਲਮਾਨ, ਖ਼ਾਸ ਕਰ ਕੇ, ਆਪਣੇ ਮਾਲੀ ਹਾਲਾਤ ਉਪਰ ਉਨ੍ਹਾਂ ਦੀ (ਹਿੰਦੂ, ਸਿੱਖ) ਤਾਕਤ ਨੂੰ ਲੈ ਕੇ ਨਾਰਾਜ਼ ਸਨ. ਆਪਣੀ ਉੱਤਮ ਕਿਤਾਬ ਦੀ *ਪੰਜਾਬ ਪੀਜੇਂਟ: ਇਨ ਪ੍ਰੌਸਪਰਿਟੀ ਐਂਡ ਡੇਟ*, ਵਿੱਚ *ਮੈਲਕੋਮ ਦਾਰਲਿੰਗ* ਲਿਖਦੇ ਨੇ ਕਿ ਪੰਜਾਬ ਦੇ ਕਰਜ਼ੇ ਥਲੇ ਦਬੇ ਲੋਕਾਂ ਵਿੱਚ, ਲੱਗਭਗ 50 ਫ਼ੀਸਦੀ ਮੁਸਲਮਾਨ ਸਨ (1978:21). ਲਾਹੌਰ ਦਾ ਬੁਲਾਕੀ ਸ਼ਾਹ ਇੱਕ ਠੇਠ ਸ਼ਾਹੂਕਾਰ ਦਾ ਮਾਨਵੀ ਰੂਪ ਸੀ. ਸ਼ਾਇਦ ਹੀ ਕੋਈ ਜ਼ਮੀਨਦਾਰ ਸੀ, ਜੋ ਉਸ ਦਾ ਕਰਜ਼ਦਾਰ ਨਾ ਹੋਵੇ. ਸਾਹੂਕਾਰ ਦੀ ਇੱਕ ਲਾਲਚੀ ਲੁਟੇਰੇ ਵਰਗੀ ਤਸਵੀਰ ਇੱਕ ਸਿਆਸੀ ਪ੍ਰਚਾਰ ਲਗਦਾ ਹੈ, ਕਿਉਂਕਿ ਮੈਨੂੰ ਇੰਟਰਵਿਊ ਦੇਣ ਵਾਲੇ ਕਈ ਮੁਸਲਿਮਾਂ ਦੀ ਨਜ਼ਰ ਵਿੱਚ ਸਾਹੂਕਾਰਾਂ ਦਾ ਸ਼ਕਸੀ ਰਵੱਈਆ ਬਹੁਤ ਮੁਖ਼ਤਲਿਫ਼ ਹੁੰਦਾ ਸੀ, ਅਤੇ ਕੁੱਝ ਸਾਹੂਕਾਰ ਪਰੇਸ਼ਾਨ ਲੋਕਾਂ ਦੀ ਮਦਦ ਵੀ ਕਰਦੇ ਸੀ. ਕੁੱਲ ਮਿਲਾ ਕੇ, ਸਮਾਜ ਦੇ ਜਿਸ ਤਬਕੇ ਨੂੰ ਸਭ ਤੋਂ ਜ਼ਿਆਦਾ ਫ਼ਾਇਦਾ ਹੋਇਆ ਉਹ ਸਨ ਹਿੰਦੂ ਵਪਾਰੀ ਜਾਤਾਂ: ਖਤਰੀ ਅਤੇ ਅਰੋੜਾ ਹੋਰ ਯਕੀਨੀ ਤੌਰ ਤੇ ਉਸੀ ਜਾਤਾਂ ਦੇ ਸਿੱਖਾਂ ਨੂੰ ਵੀ ਬਹੁਤ ਫ਼ਾਇਦਾ

ਹੋਇਆ. ਹਿੰਦੂਆਂ ਅਤੇ ਸਿੱਖਾਂ ਨੇ ਸਭ ਤੋਂ ਪਹਿਲਾਂ ਆਧੁਨਿਕ ਤਾਲੀਮ ਹਾਸਲ ਕੀਤੀ ਅਤੇ ਆਧੁਨਿਕ ਵਪਾਰ ਸਥਾਪਤ ਕੀਤੇ. ਵੀਹਵੀਂ ਸਦੀ ਦੇ ਸ਼ੁਰੂ ਤੋਂ ਸ਼ਹਿਰੀ ਹਿੰਦੂਆਂ ਅਤੇ ਸਿੱਖਾਂ ਨੇ ਆਧੁਨਿਕ ਅਰਥ ਵਿਵਸਥਾ ਉਪਰ ਇੱਕ ਮਜਬੂਤ ਪਕੜ ਬਣਾ ਲੀਤੀ. ਹਿੰਦੂ ਅਤੇ ਸਿੱਖ ਹਿੱਸੇਦਾਰੀ ਅਤੇ ਇਕੱਠੇ ਵਪਾਰ ਕਰਣ ਦੇ ਉਦਮ, ਧਿਆਨਯੋਗ ਸਨ ਪਰ ਮੁਸਲਮਾਨਾਂ ਨੂੰ ਤਕਰੀਬਨ ਹਮੇਸ਼ਾ ਹੀ ਬਾਹਰ ਰੱਖਿਆ ਜਾਂਦਾ ਸੀ (Moon, 1998:288). ਸਰਕਾਰੀ ਨੌਕਰਿਆਂ ਵਿੱਚ ਵੀ ਹਿੰਦੂ ਅਤੇ ਸਿੱਖ, ਮੁਸਲਮਾਨਾਂ ਤੋਂ ਬਹੁਤ ਅੱਗੇ ਸੀ. ਇਸ ਲਈ 1931 ਤੇ ਸਰਕਾਰੀ ਨੌਕਰਿਆਂ ਵਿੱਚ ਮੁਸਲਮਾਨ ਸਿਰਫ਼ 20 ਫ਼ੀਸਦੀ ਸਨ ਜਦ ਕਿ ਉਨ੍ਹਾਂ ਦੀ ਤਦਾਦ ਪੰਜਾਬ ਦੀ ਅੱਧੀ ਆਬਾਦੀ ਤੋਂ ਜਿਆਦਾ ਸੀ (Talha 2000:9). ਪੰਜਾਬ ਦੀ ਤਕਸੀਮ ਤੱਕ ਇਹ ਹਾਲਾਤ ਨਹੀਂ ਬਦਲੇ. ਦੀਨਾਨਾਥ ਮਲਹੋਤ੍ਰਾ ਲਿਖਦੇ ਨੇ:

> ਕਈ ਸਾਲਾਂ ਬਾਅਦ, ਸ਼ਾਇਦ 1944 ਵਿੱਚ, ਜਿਨਾਹ ਨੇ ਇੱਕ ਦੌਰਾ ਕੀਤਾ ਹੋਰ ਇਸਲਾਮਿਆ ਕੌਲੇਜ ਦੇ ਮੈਦਾਨ ਤੇ ਇੱਕ ਬਹੁਤ ਵੱਡੇ ਮੁਸਲਿਮ ਸਮੂਹ ਨਾਲ, ਉਹ ਮੁਖ਼ਾਤਬ ਹੋਏ. ਮੈਂ ਆਪਣੇ ਕੁੱਝ ਦੋਸਤਾਂ ਨਾਲ ਮੁਸਲਿਮ ਕੌਮ ਦੇ ਇਸ ਨਵੇਂ ਪੈਗ਼ੰਬਰ ਨੂੰ ਸੁਣਣ ਲਈ ਗਿਆ. ਉਸ ਦੀ ਤਕਰੀਰ ਸਾਫ਼ ਸੀ, ਅਤੇ ਇੰਡੀਆ ਦੇ ਹਿੰਦੂ ਅਤੇ ਮੁਸਲਮਾਨਾਂ ਨੂੰ ਮਿਲਾ ਕੇ ਇੱਕ ਕੌਮ ਦੇ ਦਾਅਵੇ ਦਾ ਜਿਨਾਹ ਨੇ ਜ਼ੋਰ ਨਾਲ ਤਿਰਸਕਾਰ ਕੀਤਾ. ਉਨ੍ਹਾਂ ਨੇ ਮੁਸਲਮਾਨ ਜਵਾਨਾਂ ਨੂੰ ਇਕੱਠਾ ਹੋਣ ਲਈ ਪੁਕਾਰ ਦਿੱਤੀ ਅਤੇ ਪਾਕਿਸਤਾਨ ਹਾਸਲ ਕਰਣ ਲਈ ਕੁਰਬਾਨਿਆਂ ਦੇਣ ਨੂੰ ਤਿਆਰ ਹੋਣ ਨੂੰ ਕਿਹਾ. ਉਨ੍ਹਾਂ ਨੇ ਰੋਜਾਨਾ ਜ਼ਿੰਦਗੀ ਤੋਂ ਮਿਸਾਲ ਦੇਂਦੇ ਹੋਏ ਕਿਹਾ: 'ਤੁਹਾਨੂ ਪਤਾ ਹੈ ਕਿ ਪੰਜਾਬ ਵਿੱਚ ਇੱਕ ਮਹਾਨ ਬੈਂਕਿੰਗ ਸੰਸਥਾ ਪੰਜਾਬ ਨੈਸ਼ਨਲ ਬੈਂਕ ਮੌਜੂਦ ਹੈ? ਇਹ ਨਾਂਅ ਗਲਤ ਹੈ! ਦਰਅਸਲ ਇਹ ਪੰਜਾਬ ਹਿੰਦੂ ਨੈਸ਼ਨਲ ਬੈਂਕ ਹੈ. ਤੁਹਾਨੂ ਪਤਾ ਚਲੇਗਾ ਕਿ ਇਸ ਵਿੱਚ ਕੋਈ ਮੁਸਲਿਮ ਮੁਲਾਜ਼ਿਮ ਨਹੀਂ ਹੈ. ਇਹ ਇੱਕ ਹਿੰਦੂ ਨੈਸ਼ਨਲ ਬੈਂਕ ਹੈ. ਮੁਸਲਮਾਨਾਂ ਨੂੰ ਆਪਣੀ ਤਕਦੀਰ ਖੁਦ ਬਣਾਉਣੀ ਪਏਗੀ (2004:58).

ਮਜ਼ੂਬੀ ਪੁਨਰ-ਉੱਥਾਨ

ਇੱਕ ਤਰਫ਼ ਬ੍ਰਿਟਿਸ਼ ਸਰਕਾਰ ਨੇ ਮਜ਼ੂਬੀ ਨਿਰਪੱਖਤਾ ਦੀ ਰਵਾਇਤ ਨੂੰ ਬਰਕਰਾਰ ਰੱਖਿਆ, ਮੁਖ਼ਤਲਿਫ਼ ਇਸਾਈ ਗਿਰਜੇਆਂ ਨੇ, ਜੋ ਉਨ੍ਹਾਂ ਦੀ ਹਕੂਮਤ ਨਾਲ ਹੀ ਪੈਦਾ ਹੋਏ ਸੀ, ਪੰਜਾਬ ਵਿੱਚ ਆਪਣੇ ਆਪ ਨੂੰ ਸਥਾਪਤ ਕਰਨਾ ਸ਼ੁਰੂ ਕਰ ਦਿੱਤਾ. ਇਸਾਈ ਮਜ਼ੂਬ ਨੂੰ ਕਬੂਲ ਕਰਣ ਵਾਲੇ ਜ਼ਿਆਦਾਤਰ ਲੋਕ ਸ਼ਮਾਜ ਦੇ ਗਰੀਬ ਦਰਜੇ, ਖ਼ਾਸ ਕਰ ਕੇ, ਦਲਿਤ ਸਨ, ਮਗਰ ਕੁੱਝ ਪ੍ਰਮੁਖ ਪਰਵਾਰ ਅਤੇ ਉੱਚੀ ਜਾਤ ਦੇ ਲੋਕ ਵੀ ਇਸਾਈ ਪ੍ਰਚਾਰ ਦੀ ਤਰਫ਼ ਖਿੰਚੇ ਚਲੇ ਗਏ, ਮਿਸਾਲ ਦੇ ਤੌਰ ਤੇ ਕਪੂਰਥਲਾ ਦੇ ਸ਼ਾਸਕ ਪਰਵਾਰ ਦੇ ਕੁੱਝ ਸਦੱਸਿਆਂ ਨੇ ਇਸਾਈ ਮਜ਼ੂਬ ਕਬੂਲ ਕੀਤਾ. ਇਸੇ ਤਰ੍ਹਾਂ ਦੀ ਘਟਨਾਵਾਂ ਨੇ ਸਿੱਖ, ਮੁਸਲਿਮ ਅਤੇ ਹਿੰਦੂ ਮਜ਼ੂਬੀ ਹੁਕਮਰਾਨਾਂ ਨੂੰ ਸਮਾਜਕ ਸੁਧਾਰ ਦੇ ਸਵਾਲ ਉਪਰ ਸੋਚਣ ਲਈ ਉਕਸਾਇਆ. ਉਨ੍ਹਾਂ ਦੇ ਵਿੱਚ ਹਰ ਇੱਕ ਨੇ ਅੰਤਰ-ਧਿਆਨ ਕੀਤਾ ਅਤੇ ਇਸ ਦੇ ਚਲਦਿਆਂ ਹਿੰਦੂਤਵ, ਇਸਲਾਮ, ਬੁਧ ਧਰਮ ਅਤੇ ਸਿੱਖ ਧਰਮ ਇੱਕ ਆਦਰਸ਼ ਰੂਪ ਵਿੱਚ ਜਾਗਰੂਕ ਹੋਏ (Bhatia,1987: 114–20; Farquhar, 1967). ਹਿੰਦੂਆਂ ਵਿੱਚ, ਉਨੀਵੀਂ ਸਦੀ ਦੇ ਆਖ਼ਰ ਵਿੱਚ ਇਸਾਈ ਪਾਦਰਿਆਂ ਦੇ ਆਕ੍ਰਾਮਕ ਪ੍ਰਚਾਰ, ਅਤੇ ਲਗਾਤਾਰ ਇਸਲਾਮ ਤੇ ਧਰਮ ਤਬਦੀਲੀ, ਦੇ ਚਲਦੇ, ਕਈ ਮਜ਼ੂਬੀ ਸੁਧਾਰਾਂ ਵਾਲੇ ਕਦਮ ਉਠਾਏ ਗਏ.

1881 ਤੋਂ ਲੈ ਕੇ 1941 ਤੱਕ, ਪੰਜਾਬ ਦੀ ਆਬਾਦੀ ਵਿੱਚ, ਹਿੰਦੂਆਂ ਦਾ ਘਟਦਾ ਹੋਇਆ ਨਿਸਬਤ, ਅਤੇ ਖ਼ਾਸ ਕਰ ਕੇ ਮੁਸਲਮਾਨਾਂ ਦਾ, ਅਤੇ ਸਿੱਖਾਂ ਹੋਰ ਇਸਾਇਆਂ ਦਾ ਵੀ ਵਧਦਾ ਹੋਆ ਨਿਸਬਤ, ਉੱਚੀ ਜਾਤ ਦੇ ਹਿੰਦੂਆਂ ਨੂੰ ਬਹੁਤ ਪਰੇਸ਼ਾਨ ਕਰਣ ਲਗਾ. ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਆਰਿਆ ਸਮਾਜ (ਆਰਿਆਨ-ਵੈਦਿਕ ਸੋਸਾਇਟੀ) ਆਂਦੋਲਨ ਜਿਸ ਦੀ ਉਤਪਤ ਗੁਜਰਾਤ ਤੇ ਹੋਈ, ਉਸ ਦੇ ਵਿਚਾਰਾਂ ਤੇ ਅਮਲ ਕਰਣ ਵਾਸਤੇ ਉੱਚੀ ਜਾਤੀ ਦੇ ਪੰਜਾਬੀ ਹਿੰਦੂ ਬਿਲਕੁਲ ਤਿਆਰ ਬੈਠੇ ਸਨ. ਇਸ ਆਂਦੋਲਨ ਨੇ ਧਰਮ-ਗ੍ਰੰਥਾਂ, ਪੌਰਾਣਿਕ ਇਤਿਹਾਸ ਅਤੇ ਲੋਕਗਾਥਾਵਾਂ ਦੀ ਦੋਬਾਰਾ ਵਿਆਖਿਆ ਕਰਦੇ ਹੋਏ, ਹਿੰਦੂਤਵ ਤੋਂ ਮੂਰਤੀ-ਪੂਜਾ ਅਤੇ ਜਾਤ-ਪਾਤ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ (Jones, 1989a), ਹੋਰ ਇਹ ਖ਼ਾਸ ਕਰ ਕੇ ਤਿੰਨ ਸਭ ਤੋਂ ਉੱਚੀ ਜਾਤਿਆਂ (ਦੋ ਵਾਰੀ ਜਨਮੇ) ਵਿੱਚ ਸਮਾਜਿਕ ਮਨ੍ਹਾਂਇਆਂ ਨੂੰ ਹਟਾਉਣ ਬਾਰੇ ਅਤੇ ਹਾਲ ਵਿੱਚ ਮੁਸਲਮਾਨ ਜਾਂ ਇਸਾਈ ਬਣੇ ਲੋਕਾਂ ਨੂੰ ਫਿਰ ਹਿੰਦੂ ਧਰਮ ਵਿੱਚ ਵਾਪਸ ਲਾਉਣ ਤੇ ਕਾਮਯਾਬ ਹੋਇਆ (Bhatia,1987: 114–20; Farquhar, 1967).

ਹਿੰਦੂ ਸਮਾਜ ਦੇ ਸ਼ਹਿਰੀ ਦਰਜੇ ਤੋਂ ਆਰਿਆ ਸਮਾਜ ਨੇ ਸਮਰਥਕ ਹਾਸਲ ਕੀਤੇ ਮਗਰ ਜ਼ਿਆਦਾਤਰ ਲੋਕ ਕਈ ਦੇਵਿਆਂ ਅਤੇ ਦੇਵਤਾ ਵਾਲੇ ਰਵਾਇਤੀ ਹਿੰਦੂਤਵ ਨਾਲ ਜੁੜੇ ਰਹੇ. ਹਿੰਦੂਆਂ ਨੇ ਇੱਕ ਅਨੋਖੇ ਖਿਆਲ ਦਾ ਇਜ਼ਾਦ ਕੀਤਾ ਜਿਸਦਾ ਮਕਸਦ ਮੁਸਲਮਾਨਾਂ, ਇਸਾਇਆਂ ਅਤੇ ਸਿੱਖਾਂ ਨੂੰ ਦੋਬਾਰਾ ਹਿੰਦੂ ਧਰਮ ਵਿੱਚ ਵਾਪਸ ਲਾਉਣਾ ਸੀ. ਇਸ ਨੂੰ ਸ਼ੁਧੀ ਮੁਹਿੰਮ ਦੇ ਤੌਰ ਤੇ ਜਾਣਿਆ ਗਿਆ ਅਤੇ ਨਤੀਜਾ ਇਹ ਹੋਇਆ ਕਿ ਮੁਸਲਮਾਨਾਂ ਨੇ ਜਵਾਬੀ ਕਾਰਵਾਈ ਤਬਲਿਘ ਦਾ ਆਘਾਜ਼ ਕੀਤਾ. ਬ੍ਰਾਹਮੋ ਸਮਾਜ ਇੱਕ ਹੋਰ ਹਿੰਦੂ ਸੁਧਾਰੀ ਤੇਹਰੀਕ ਸੀ ਜੋ ਬੰਗਾਲ ਵਿੱਚ ਪੈਦਾ ਹੋਈ ਹੋਰ ਜਿਸ ਨੇ ਪੱਛਮ ਦੇ *ਰੈਸ਼ਨਲਿਜਮ* (ਯੁਕਤੀਵਾਦ) ਦੇ ਮੁਆਫ਼ਕ ਹੋਰ ਜ਼ਿਆਦਾ ਢਲਣ ਉਪਰ ਜੋਰ ਦਿੱਤਾ. ਪੰਜਾਬ ਵਿੱਚ ਇਸ ਦੇ ਸ਼ਾਗੀਰਦ ਉੱਚੇ ਅਤੇ ਸਭ ਤੋਂ ਬਿਹਤਰ ਵਰਗ ਦੇ ਲੋਕ ਸਨ, ਅਤੇ ਇਸ ਨੇ ਕੁੱਝ ਲੋਕਾਂ ਦੇ ਮਜ੍ਹਬ ਦੀ ਤਬਦੀਲੀ ਕਰਾਈ, ਜਿਸ ਦੇ ਵਿੱਚ ਮਿਸਾਲ ਦੇ ਤੌਰ ਤੇ ਲਾਹੌਰ ਦੇ *ਦਯਾਲ ਸਿੰਘ ਕੌਲੇਜ ਐਂਡ ਲਾਇਬ੍ਰੇਰੀ* ਦੀ ਉਸਾਰੀ ਕਰਣ ਵਾਲੇ ਸ਼ਾਮਲ ਸਨ.

ਪੰਜਾਬੀ ਮੁਸਲਮਾਨਾਂ ਵਿੱਚ, ਜਦ ਕਿ ਉੱਚੇ ਦਰਜੇ ਦੇ ਲੋਕਾਂ ਨੇ ਸਰ ਸਈਦ ਅਹਿਮਦ ਖਾਨ ਦੇ ਵਿੱਦਿਅਕ ਸੁਧਾਰਾਂ ਦਾ ਇਸਤਕਬਾਲ ਕੀਤਾ, ਜ਼ਿਆਦਾ ਮੈਲਕ ਤਬਕੇ ਵਹੱਾਬੀ ਤੇਹਰੀਕ ਦੀ ਤਰਫ਼ ਖਿੱਚੇ ਚਲੇ ਗਏ, ਜੋ ਉਨੀਵੀਂ ਸਦੀ ਤੇ ਪੰਜਾਬ ਵਿੱਚ ਸਈਦ ਅਹਿਮਦ ਸਹੀਦ ਬਰੇਲਵੀ ਦੀ ਮੁਜਾਹਦੀ ਤੇਹਰੀਕ ਦੇ ਇੱਕ ਹਿੱਸੇ ਦੇ ਤੌਰ ਤੇ ਪਹੁੰਚਾ (Ahmed, 1999: 218–222). ਅਹਮਦਿਆ ਫ਼ਿਰਕਾ, ਜਿਸ ਦੀ ਬੁਨਿਆਦ ਪੂਰਬੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਾਦਿਆਂ ਤੇ ਰੱਖੀ ਗਈ, ਉਸ ਨੇ ਇਸਲਾਮ ਤੋਂ ਅਲਗ ਹੋ ਕੇ ਆਪਣੀ ਇੱਕ ਮੁਖ਼ਤਲਿਫ਼ ਪਛਾਣ ਬਣਾਈ. ਇਹ ਬ੍ਰਿਟਿਸ਼ਰਾਂ ਦੇ ਖ਼ਿਲਾਫ਼ ਜਹਾਦ ਦੇ ਕੋਈ ਵੀ ਖ਼ਿਆਲ ਦੀ ਮੁਖ਼ਾਲਫ਼ਤ ਕਰਦਾ ਸੀ ਅਤੇ ਆਮ ਤੌਰ ਤੇ, ਬ੍ਰਿਟਿਸ਼ ਇਸ ਨੂੰ ਵਫ਼ਾਦਾਰ ਸਮਝਦੇ ਸੀ. ਹਾਲਾਂਕਿ ਮਿਰਜ਼ਾ ਘੁਲਾਮ ਅਹਿਮਦ ਨੇ ਆਪਣੇ ਮਜ਼ਹਬੀ ਪੇਸ਼ੇ ਦੀ ਸ਼ੁਰੂਆਤ ਇੱਕ ਤੇਜ ਸੁੱਨੀ ਵਾਦ-ਵਿਵਾਦ ਕਰਣ ਵਾਲੇ ਦੇ ਤੌਰ ਤੇ ਕੀਤੀ, ਜੋ ਦੋਨੋ ਇਸਾਈ ਅਤੇ ਹਿੰਦੂ ਸੁਧਾਰਕਾਂ ਦਾ, ਚਾਲਾਕ ਅਸੂਲੀ ਦਲੀਲਾਂ ਨਾਲ ਸਾਹਮਣਾ ਕਰਦਾ ਸੀ, ਬਾਅਦ ਵਿੱਚ ਉਸ ਨੇ ਖੁਦ ਇੱਕ ਪੈਗੰਬਰ ਹੋਣ ਦਾ ਦਾਅਵਾ ਪੇਸ਼ ਕਰ ਦਿੱਤਾ ਅਤੇ ਕਈ ਐਦਾਂ ਦੇ ਟਕਰਾਅ ਵਾਲੇ ਐਲਾਨ ਕੀਤੇ, ਜਿਨ੍ਹਾਂ ਨੂੰ ਆਸਾਨੀ ਨਾਲ, ਮੁੱਖ ਸੁੱਨੀ ਅਸੂਲਾਂ ਨਾਲ ਮਿਲਾਇਆ ਨਹੀਂ ਜਾ ਸਕਦਾ ਸੀ (Ibid: 233–234). ਦੋਨੋ ਸਮੂਹਾਂ ਨੇ ਇੱਕ ਦੂਜੇ ਉਪਰ ਪਾਖੰਡੀ ਹੋਣ ਦਾ ਇਲਜ਼ਾਮ ਲਗਾ ਦਿੱਤਾ.

ਅਹਮਦਿਆ ਲੋਕਾਂ ਦੀ ਗੁਜ਼ਾਰਸ਼ ਦੇ ਚਲਦੇ, ਇਸ ਦੇ ਹਿਮਾਇਤੀਆਂ ਨੂੰ ਮਰਦਮ ਸ਼ੁਮਾਰੀ ਦੇ ਦੌਰਾਨ ਇਸਲਾਮ ਤੋਂ ਅਲਗ ਪੰਥ ਵਿੱਚ ਦਰਜ ਕੀਤਾ ਗਿਆ.

ਸਿੱਖਾਂ ਦੇ ਵਿੱਚ ਅਕਾਲੀ ਦਲ ਅਤੇ ਸਿੰਘ ਸਭਾ ਸਿੱਖਾਂ ਦੇ ਮਜ਼ੂਬੀ ਅਤੇ ਕੌਮੀ ਫ਼ਾਇਦੇ ਦੀ ਰਹਨੁਮਾਈ ਕਰਦੇ ਸੀ. ਇਸ ਗੱਲ ਉਪਰ ਵੀ ਗੌਰ ਕੀਤਾ ਜਾਵੈ ਕਿ 1920 ਦੇ ਦਹਾਕੇ ਵਿੱਚ ਹਿੰਦੂਆਂ ਅਤੇ ਸਿੱਖਾਂ ਵਿੱਚ ਇੱਕ ਝਗੜਾ ਹੋਇਆ ਜਦ ਕੁੱਝ ਆਰਿਆ ਸਮਾਜੀ ਪ੍ਰਮੁਖਾਂ ਨੇ ਸਿੱਖ ਧਰਮ ਨੂੰ ਇੱਕ ਹਿੰਦੂ ਪੰਥ ਕਿਹਾ. ਸਿਖਾਂ ਨੇ ਜੋਸ਼ ਨਾਲ ਜਵਾਬ ਦਿੱਤਾ ਕਿ ਉਹ ਹਿੰਦੂ ਨਹੀਂ ਨੇ. ਇਸ ਦੌਰ ਵਿੱਚ ਕਈ ਭਿੱਨ-ਮੱਤ ਸਿੱਖ ਪੰਥ ਵੀ ਉਭਰ ਕੇ ਆਏ (Bhatia, 1987: 121–202). ਇੰਡੀਆ ਵਿੱਚ ਆਜ ਵੀ ਇਹ ਸਵਾਲ ਕਾਇਮ ਹੈ: 'ਸਿੱਖ ਧਰਮ ਹਿੰਦੂਤਵ ਦਾ ਇੱਕ ਪੰਥ ਹੈ ਜਾਂ ਇਹ ਇੱਕ ਅਲਗ ਮਜ਼ੂਬ ਹੈ?'

ਤਕਸੀਮ ਦੇ ਫ਼ਸਾਦਾਂ ਤੋਂ ਪਹਿਲਾਂ ਹੋਏ ਕੌਮੀ ਝਗੜੇ

ਮਜ਼ੂਬੀ ਪਛਾਣ ਦੀ ਕਟੜਪੰਥੀ ਸੋਚ ਕਈ ਵਾਰ ਫਿਰਕੂ ਤਣਾਅ, ਅਤੇ ਇਥੇ ਤੱਕ ਕਿ ਤਸ਼ੱਦਦ ਵਿੱਚ ਤਬਦੀਲ ਹੋ ਜਾਂਦੀ ਸੀ. ਮੁੱਖ ਸ਼ਹਿਰ ਅਤੇ ਸੂਬਾਈ ਰਾਜਧਾਨੀ ਲਾਹੌਰ ਵਿੱਚ ਦੋ ਬਹੁਤ ਵੱਡੀ ਘਟਨਾਵਾਂ ਹੋਇਆਂ. ਇੱਕ ਘਟਨਾ ਸੀ ਰੰਗੀਲਾ ਰਸੂਲ ਨਾਮਕ ਕਿਤਾਬ ਦੀ 1926 ਵਿੱਚ ਛਪਾਈ. ਇਹ ਇਸਲਾਮ ਦੇ ਪੈਗੰਬਰ ਬਾਰੇ ਇੱਕ ਅਪਮਾਨਜਨਕ ਵਿਅੰਗ ਸੀ. 6 ਅਪ੍ਰੈਲ 1929 ਨੂੰ ਇੱਕ ਮੁਸਲਮਾਨ ਜਵਾਨ, ਇਲਮ ਦੀਨ ਨੇ ਰਾਜਪਾਲ ਨੂੰ ਚਾਕੂ ਮਾਰ ਕੇ ਹਲਾਕ ਕਰ ਦਿੱਤਾ (Malhotra, 2004: 4). ਰਾਜਪਾਲ ਦੇ ਪੁੱਤਰ ਦੀਨਾ ਨਾਥ ਮਲਹੋਤ੍ਰਾ ਨੇ ਮੈਨੂੰ ਦੱਸਿਆ ਕਿ ਕਿਤਾਬ ਦਾ ਅਸਲੀ ਲੇਖਕ, ਇੱਕ ਹਿੰਦੂ, ਪੰਡਤ ਚਾਮੁਪਤੀ ਸੀ, ਜਿਸ ਨੇ ਇਸ ਨੂੰ, ਇੱਕ ਮੁਸਲਮਾਨ ਦੀ 1920 ਵਿੱਚ ਲਿਖੀ ਕਿਤਾਬ ਜਿਸ ਵਿੱਚ ਕ੍ਰਿਸ਼ਨ ਭਗਵਾਨ ਅਤੇ ਆਰਿਆ ਸਮਾਜ ਦੀ ਬੁਨਿਆਦ ਰੱਖਣ ਵਾਲੇ ਸਵਾਮੀ ਦਯਾਨੰਦ, ਦੀ ਤੌਹੀਨ ਦਾ ਬਦਲਾ ਲੈਣ ਲਈ ਲਿਖਿਆ ਸੀ. ਮਲਹੋਤ੍ਰਾ ਦੇ ਵਾਲਿਦ ਨੇ ਲੇਖਕ ਦਾ ਨਾਂਅ ਨਹੀਂ ਦੱਸਣ ਦਾ ਫ਼ੈਸਲਾ ਕੀਤਾ ਹੋਰ ਇਸ ਦੇ ਚਲਦਿਆਂ ਮੁਸਲਮਾਨ ਉਨ੍ਹਾਂ ਦੇ ਉਪਰ ਗੁੱਸੇ ਨਾਲ ਭੜਕ ਉਠੇ (Ibid:2).

ਰਾਜਪਾਲ ਨੂੰ 18 ਜਨਵਰੀ 1927 ਤੇ ਹਿੰਦੂ ਅਤੇ ਮੁਸਲਮਾਨਾਂ ਵਿੱਚ ਦੁਸ਼ਮਨੀ ਉਕਸਾਉਣ ਲਈ 1000 ਰੁਪਏ ਦਾ ਜੁਰਮਾਨਾ ਅਤੇ ਅਠਾਰਾਂ ਮਹੀਨੇ ਦੀ ਸਜ਼ਾ ਸੁਣਾਈ ਗਈ. ਲੇਕਿਨ ਇਸ ਨਾਲ ਲਾਹੌਰ ਦੇ ਮੁਸਲਮਾਨਾਂ ਨੂੰ ਤੱਸਲੀ ਨਹੀਂ ਮਿੱਲੀ. 18-19 ਸਾਲਾਂ ਦਾ ਇੱਕ ਮੁਸਲਮਾਨ ਜਵਾਨ, ਇਲਮ ਦੀਨ, ਗੁੱਸੇ ਨਾਲ ਬੇਕਾਬੂ ਹੋ ਗਿਆ ਅਤੇ ਰਾਜਪਾਲ ਨੂੰ ਚਾਕੂ ਮਾਰ ਕੇ ਹਲਾਕ ਕਰ ਦਿੱਤਾ. ਰਾਜਪਾਲ ਦੇ ਜਨਾਜੇ ਵਿੱਚ ਲਾਹੌਰ ਦੇ ਹਿੰਦੂਆਂ ਨੇ ਇੱਕ ਵੱਡੀ ਤਦਾਦ ਵਿੱਚ ਸ਼ਿਰਕਤ ਕੀਤੀ.

ਜਦ ਮੁਕਦਮਾ ਸ਼ੁਰੂ ਹੋਇਆ, ਇਲਮ ਦੀਨ ਦੀ ਸ਼ੁਰੂਵਾਤੀ ਬਚਾਉ ਦਲੀਲ ਮਿਆਂ ਫ਼ਾਰੂਖ ਹੁੱਸੇਨ ਨੇ ਕੀਤੀ. ਸੈਸਨਸ ਅਦਾਲਤ ਨੇ ਇਲਮ ਦੀਨ ਨੂੰ ਮੌਤ ਦੀ ਸਜ਼ਾ ਸੁਣਾਈ. ਅੱਲ਼ਾਮਾ ਇਕਬਾਲ ਅਤੇ ਮਿਆਂ ਅਬਦੁਲ ਅਜ਼ੀਜ਼ ਇਲਮ ਦੀਨ ਨੂੰ ਬਚਾਉਣ ਦੀ ਕੌਸ਼ਿਸ਼ ਵਿੱਚ ਮੁਸਲਮਾਨਾਂ ਦੀ ਅਗਵਾਈ ਕਰ ਰਹੇ ਸੀ. ਇਕਬਾਲ ਨੇ ਜਿਨਾਹ ਨੂੰ ਬੰਬਈ ਤੋਂ ਆਉਣ ਕੇ ਲਾਹੌਰ ਹਾਈ ਕੋਰਟ ਦੇ ਸਾਹਮਣੇ, ਇਲਮ ਦੀਨ ਲਈ ਪੇਸ ਹੋਣ ਨੂੰ ਕਿਹਾ. ਜਿਨਾਹ ਮੱਨ ਗਏ. ਜਿਨਾਹ ਦੀ ਦਲੀਲ ਸੀ ਕਿ ਇਲਮ ਦੀਨ ਇੱਕ ਜ਼ਾਹਿਲ ਲੜਕਾ ਸੀ ਜੋ ਪੈਗੰਬਰ ਮੁਹਮਦ ਦੇ ਖ਼ਿਲਾਫ਼ ਅਪਮਾਨਜਨਕ ਜ਼ਬਾਨ ਦੇ ਇਸਤੇਮਾਲ ਨਾਲ ਭੜਕ ਗਿਆ ਸੀ, ਅਤੇ ਉਸ ਨੂੰ

ਸੂਲੀ ਤੇ ਨਹੀਂ ਲਟਕਾਉਣਾ ਚਾਹੀਦਾ ਹੈ. ਪਰ, ਜੋ ਇਲਮ ਦੀਨ ਨੇ ਕੀਤਾ, ਜਿਨਾਹ ਨੇ ਉਸ ਦੀ ਤਸਦੀਕ ਨਹੀਂ ਕੀਤੀ. ਰਾਜਪਾਲ ਦੇ ਕਤਲ ਦੇ ਇਲਜਾਮ ਵਿੱਚ ਲਾਹੌਰ ਹਾਈ ਕੋਰਟ ਨੇ 17 ਜੁਲਾਈ 1929 ਨੂੰ ਸੈਸਨਸ ਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ. ਇਲਮ ਦੀਨ ਨੇ ਸਰਕਾਰ ਨੂੰ ਰਹਿਮ ਦੀ ਇੱਕ ਅਰਜ਼ੀ ਭੇਜੀ ਮਗਰ ਇਸ ਨੂੰ ਰੱਦ ਕਰ ਦਿੱਤਾ ਗਿਆ. ਇਲਮ ਦੀਨ ਨੂੰ 31 ਅਕਤੂਬਰ 1929 ਦੇ ਦਿਨ, ਮਿਆਂਵਾਲੀ ਜੇਲ੍ਹ ਵਿੱਚ ਸੂਲੀ ਤੇ ਲਟਕਾਉਣ ਤੋਂ ਬਾਅਦ ਦਫਨਾਇਆ ਗਿਆ. ਲੋਕ ਭੜਕਣ ਲਗੇ ਕਿ ਉਸ ਦਾ ਸ਼ਰੀਰ ਲਾਹੌਰ ਲੈ ਆਉਂਦਾ ਜਾਵੈ.

ਇੱਕ ਤਰਫ਼ ਲਗਾਤਾਰ ਜਲੂਸ ਅਤੇ ਪ੍ਰਦਰਸ਼ਨ, ਅਤੇ ਦੂਜੀ ਤਰਫ਼ ਮੁਸਲਿਮ ਫ਼ਿਰਕੇ ਦੇ ਮਸ਼ਹੂਰ ਹਸਤਿਆਂ ਦੇ ਵਾਅਦੇ ਦੇ ਤਹਿਤ ਕਿ ਅਗਰ ਉਸ ਦਾ ਸ਼ਰੀਰ ਉਸ ਦੇ ਪਰਵਾਰ ਦੇ ਸੁਪੁਰਦ ਹੋਰ ਲਾਹੌਰ ਵਿੱਚ ਦਫ਼ਨਾਇਆ ਜਾਂਦਾ ਸੀ, ਅਮਨ ਅਤੇ ਵਿਵਸਥਾ ਨਹੀਂ ਵਿਗੜੇਗੀ, ਬ੍ਰਿਟਿਸ਼ ਸਰਕਾਰ ਇਸ ਮੰਗ ਨੂੰ ਮੰਜੂਰ ਕਰਣ ਲਈ ਰਾਜੀ ਹੋ ਗਈ. ਇਲਮ ਦੀਨ ਦੇ ਵਾਲਿਦ ਨੇ ਇਕਬਾਲ ਨੂੰ ਜਨਾਜ਼ੇ ਦੀ ਦੁਆ ਦੀ ਅਗਵਾਈ ਕਰਣ ਲਈ ਗੁਜ਼ਾਰਸ਼ ਕੀਤੀ ਮਗਰ ਇਕਬਾਲ ਇਹ ਕਹਿ ਕੇ ਪਰੇ ਹਟ ਗਏ, ਕਿ ਉਹੁ ਇੱਕ ਗੁਨਹਗਾਰ ਸਨ ਅਤੇ ਕਿਸੇ ਹੋਰ ਜ਼ਿਆਦਾ ਪਾਕ ਮੁਸਲਮਾਨ ਇਸ ਕੱਮ ਦੀ ਅਗਵਾਈ ਕਰੇ. ਉਸ ਨੇ ਇਲਮ ਦੀਨ ਨੂੰ ਇੱਕ ਸ਼ਾਨਦਾਰ ਸ਼ਰਧਾਂਜਲੀ ਦਿੱਤੀ. ਮੌਲਾਨਾ ਜ਼ਫ਼ਰ ਅਲੀ ਖ਼ਾਨ ਨੇ ਵੀ ਇਲਮ ਦੀਨ ਨੇ ਜਨਾਜ਼ੇ ਤੇ ਉਸ ਦੀ ਸੁਭਾਸ਼ਿਆ ਵਡਿਆਈ ਕੀਤੀ. ਉਣ ਦੋ ਸਾਲਾਂ ਵਿੱਚ ਹਿੰਦੂ-ਮੁਸਲਮਾਨ ਰਿਸ਼ਤੇ ਬਹੁਤ ਬਦਤਰ ਸਨ (Nagina, 1988).

ਸ਼ਹੀਦਗੰਜ ਮਸਜਦ/ਗੁਰਦੁਵਾਰੇ ਦਾ ਝਗੜਾ

ਲਾਹੌਰ ਦੇ ਇੱਕ ਗੁਰਦੁਵਾਰੇ ਨੂੰ ਲੈ ਕੇ ਮੁਸਲਿਮ-ਸਿੱਖ ਰਿਸ਼ਤੇ ਵਿੱਚ ਤਣਾਅ ਪੈਦਾ ਹੋ ਗਿਆ ਸੀ. ਮੁਸਲਮਾਨ ਦਾਅਵਾ ਕਰਦੇ ਸੀ ਕਿ ਪਹਿਲਾਂ ਉਸ ਜਗ੍ਹ ਤੇ ਅਠਾਰਵੀਂ ਸਦੀ ਤੇ ਇੱਕ ਮਸਜਦ ਹੁੰਦੀ ਸੀ ਜਿਸ ਦੇ ਉਪਰ ਰਣਜੀਤ ਸਿੰਘ ਦੇ ਵਕਤ ਇਹ ਗੁਰਦੁਵਾਰਾ ਬਣ ਕੇ ਤਿਆਰ ਹੋਇਆ. ਵੀਹਵੀਂ ਸਦੀ ਦੇ ਸ਼ੁਰੂ ਤੇ ਇਹ ਵਿਵਾਦ ਜੋਰ ਪਕੜ ਰਿਹਾ ਸੀ. ਮੈਨੂੰ ਮਿਆਂ ਮੁਸਤਫਾ ਕਮਾਲ ਪਾਸ਼ਾ ਨੇ, ਉਸ ਵਕਤ ਦੇ ਮੁਸਲਿਮ ਜਜ਼ਬਾਤਾਂ ਦਾ ਜੀਉਂਦੇ ਤਰੀਕੇ ਨਾਲ ਵਰਣਨ ਦਿੱਤਾ. ਉਨ੍ਹਾਂ ਨੇ ਲਾਹੌਰ ਦੀ ਸਿਆਸਤ ਵਿੱਚ ਆਪਣੇ ਪਰਵਾਰ ਦੇ ਕਿਰਦਾਰ ਤੋਂ ਸ਼ੁਰੂਆਤ ਕੀਤੀ.

ਮਿਆਂ ਮੁਸਤਫ਼ਾ ਕਮਾਲ ਪਾਸ਼ਾ

'ਮੇਰੀ ਪੈਦਾਇਸ਼ 1928 ਵਿੱਚ ਲਾਹੌਰ ਦੇ ਇੱਕ ਜਾਣੇ-ਪਛਾਣੇ ਅਰਾਇਨ ਪਰਵਾਰ ਵਿੱਚ ਹੋਈ. ਮੈਨੂੰ ਮੁਸਤਫਾ ਕਮਾਲ ਦਾ ਨਾਂਅ ਦਿੱਤਾ ਗਿਆ ਮਗਰ ਲੋਕ ਇਸ ਦੇ ਨਾਲ ਪਾਸ਼ਾ ਲਫ਼ਜ਼ ਜੋੜ ਦੇਂਦੇ ਸੀ (ਮਹਾਨ ਤੁਰਕੀ ਲੀਡਰ ਦੀ ਯਾਦ ਵਿੱਚ). ਮੇਰੇ ਦਾਦਾ ਮਿਆਂ ਨੁਰੁਦੀਨ ਕਾਡਾ ਇੱਕ ਮਸ਼ਹੂਰ ਇੰਸਾਨ ਸਨ. ਪੰਜਾਬੀ ਵਿੱਚ ਕਾਡਾ ਲਫ਼ਜ਼ ਦਾ ਮਤਲਬ ਸੀ ਜੋ ਕਡ ਲਹਿੰਦਾ ਹੈ ਜਾਂ ਪਤਾ ਲਗਾ ਲਹਿੰਦਾ ਹੈ. ਜਦ ਕੋਈ ਵੀ ਇੱਕ ਕੋੜੇ ਅਤੇ ਪੇਚੀਦੇ ਝਗੜੇ ਦਾ ਫ਼ੈਸਲਾ ਨਹੀਂ ਕਰ ਸਕਦਾ ਸੀ, ਉਨ੍ਹਾਂ ਨੂੰ ਇੱਕ ਵਿੱਚੋਲੇ ਦੇ ਤੌਰ ਤੇ ਚੁਣ ਲੀਤਾ ਜਾਂਦਾ ਸੀ. ਉਹ ਇੱਕ ਹਲ ਬਾਰੇ ਆਪਣਾ ਇਰਾਦਾ ਦੱਸਦੇ ਅਤੇ ਝਗੜਦੀ ਪਾਰਟਿਆਂ ਇਸ ਨੂੰ ਮੁਨਾਸਬ ਅਤੇ ਮੰਨਣਯੋਗ ਸਮਝ ਲੇਂਦੀ; ਅਤੇ "ਕਾਡਾ" ਦੀ ਉਪਾਧੀ ਉਨ੍ਹਾਂ ਨੂੰ ਮਿਲੀ. ਮੇਰੇ ਵਾਲਿਦ ਮਿਆਂ ਫ਼ੀਰੋਜ਼ਦੀਨ, ਕੈਨਟਨਮੇਂਟ ਦੇ ਇਲਾਕੇ

ਦੇ ਮੁਸਲਮਾਨਾਂ ਵਿੱਚ ਇੱਕ ਫ਼ਤਵੇ ਨੂੰ, ਜਿਸ ਦੇ ਵਿੱਚ ਅੰਗ੍ਰੇਜੀ ਹਕੂਮਤ ਲਈ ਕੱਮ ਕਰਣ ਨੂੰ ਹਰਾਮ ਜਾਂ ਗੈਰ-ਇਸਲਾਮੀ ਦੱਸਿਆ ਗਿਆ ਸੀ, ਵੰਡਦੇ ਹੋਏ ਫੜੇ ਗਿਐ ਅਤੇ ਉਨ੍ਹਾਂ ਨੂੰ ਗਰਿਫ਼ਤਾਰ ਕਰ ਲੀਤਾ ਗਿਆ. ਕਈ ਵਾਰ ਉਹ ਲਾਹੌਰ ਦੇ ਆਲੇ-ਦੁਆਲੇ ਫ਼ੌਜੀ ਬੈਰਕਾਂ ਵਿੱਚ ਭਿਸਤੀ ਜਾਂ ਨੌਕਰ ਦਾ ਭੇਸ਼ ਧਾਰਣ ਕਰ ਕੇ ਵੜ ਜਾਂਦੇ ਸੀ. ਉਨ੍ਹਾਂ ਦੇ ਉਪਰ ਬਗ਼ਾਵਤ ਦਾ ਇਲਜ਼ਾਮ ਲਗਾਇਆ ਗਿਆ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਮਗਰ ਕਿਸੇ ਨੇ ਉਨ੍ਹਾਂ ਨੂੰ ਇੱਕ ਪਾਗਲ ਵਰਗਾ ਵਿਵਹਾਰ ਕਰਣ ਦੀ ਸਲਾਹ ਦਿੱਤੀ, ਜੋ ਉਨ੍ਹਾਂ ਨੇ ਮੱਨ ਲਈ. ਮੇਰੇ ਦਾਦਾ ਨੇ ਦਲੀਲ ਦਿੱਤੀ ਕਿ ਉਨ੍ਹਾਂ ਦਾ ਇੱਕ ਹੀ ਬੇਟਾ ਸੀ, ਜੋ ਦਿਮਾਗੀ ਤੌਰ ਤੇ ਬੀਮਾਰ ਸੀ ਅਤੇ ਉਸ ਨੂੰ ਰਿਹਾ ਕਰ ਦਿੱਤਾ ਜਾਵੇ. ਮਸ਼ਹੁਰ ਅਹਰਾਰ ਆਗੂ ਸ਼ੋਰੀਸ਼ ਕਸ਼ਮੀਰੀ ਨੇ ਮੇਰੇ ਵਾਲਿਦ ਉਪਰ ਇੱਕ ਲੇਖ ਲਿਖਿਆ ਜਿਸ ਵਿੱਚ ਉਨ੍ਹਾਂ ਨੇ ਇਹ ਕਹਾਣੀ ਪੇਸ਼ ਕੀਤੀ.

‘ਸ਼ਹੀਦਗੰਜ ਮਸਜਦ ਦੇ ਝਗੜੇ ਵਿੱਚ ਮੇਰੇ ਵਾਲਿਦ ਨੇ ਇੱਕ ਅਹਿਮ ਕਿਰਦਾਰ ਅਦਾ ਕੀਤਾ. ਉਨ੍ਹਾਂ ਨੇ ਇੱਕ ਤਕਰੀਰ ਪੇਸ਼ ਕੀਤੀ ਜਿਸ ਦੇ ਵਿੱਚ ਉਨ੍ਹਾਂ ਨੇ ਕਿਹਾ ਕਿ ਪੰਜਾਬ ਦਾ ਗਵਰਨਰ, ਏਮਰਸਨ, ਦਰਅਸਲ ਅਮਰ ਸਿੰਘ ਸੀ. ਇਸ ਲਈ ਉਹ ਸਿੱਖਾਂ ਦੀ ਤਰਫ਼ਦਾਰੀ ਕਰ ਰਿਹਾ ਸੀ. ਉਨ੍ਹਾਂ ਨੂੰ ਮਿੰਟਗੋਮਰੀ (ਹੁਣ ਸਾਹੀਵਾਲ) ਭੇਜ ਕੇ ਕੈਦ ਵਿੱਚ ਡਾਲ ਦਿੱਤਾ ਗਿਆ. ਮੇਰੇ ਵਾਲਿਦ 1937 ਦੇ ਲੱਗਭਗ ਮੁਸਲਿਮ ਲੀਗ ਵਿੱਚ ਸ਼ਾਮਲ ਹੋਏ. ਉਨ੍ਹਾਂ ਨੇ, ਮਜਲਿਸ-ਏ-ਅਹਰਾਰ ਜੋ ਕਾਂਗ੍ਰੇਸ ਦੀ ਹਿਮਾਇਤੀ ਵਾਲੇ ਕੌਮੀ ਮੁਸਲਿਮਾਂ ਦੀ ਨੁਮਾਇੰਦਗੀ ਕਰਦੀ ਸੀ, ਦੇ ਖ਼ਿਲਾਫ਼ ਜਾ ਕੇ, ਮੌਲਾਨਾ ਜ਼ਫ਼ਰ ਅਲੀ ਖਾਨ ਅਤੇ ਅਹਿਮਦ ਸਈਦ ਕਿਰਮਾਨੀ ਦੇ ਵਾਲਿਦ ਨੇ ਮਿੱਲ ਕੇ ਮੱਜਲਿਸ-ਏ-ਇੱਤਿਹਾਦ-ਏ-ਮਿੱਲਤ ਕਾਇਮ ਕੀਤੀ.'

1935 ਤੇ, ਕੱਟੜ ਮੁਸਲਿਮਾਂ ਅਤੇ ਸਿੱਖਾਂ ਵਿੱਚ ਸ਼ਹੀਦਗੰਜ ਮਸਜਦ/ਗੁਰਦੁਵਾਰੇ ਦਾ ਝਗੜਾ ਇੱਕ ਖੁਨੀ ਫ਼ਸਾਦ ਵਿੱਚ ਤਬਦੀਲ ਹੋ ਗਿਆ. ਇਸ ਦੀ ਜੜਾਂ ਉਸ ਜਗ੍ਹ ਨੂੰ ਲੈ ਕੇ ਸੀ ਜਿਸ ਨੂੰ ਦੋਵੇਂ ਕੌਮਾਂ ਪਵਿੱਤਰ ਮੱਨਦਿਆਂ ਸੀ, ਅਤੇ ਮੁਖ਼ਾਲਫ਼ਤੀ ਦਾਅਵੇ ਪੇਸ਼ ਕਰ ਰਹਿਆਂ ਸੀ. ਫ਼ਸਾਦਾਂ ਵਿੱਚ ਕਈ ਲੋਕ ਹਲਾਕ ਹੋਏ ਅਤੇ ਕਈ ਦਿਨਾਂ ਤੱਕ ਕਾਨੂੰਨ ਅਤੇ ਵਿਵਸਥਾ ਉਪਰ ਖ਼ਤਰਾ ਮੌਜੂਦ ਰਿਹਾ. ਇਸ ਦੀ ਗੂੰਜ 1936 ਵਿੱਚ ਵੀ ਸੁਣਾਈ ਦਿੱਤੀ. ਮੈਨੂੰ ਕਈ ਹਿੰਦੂ, ਮੁਸਲਿਮ ਅਤੇ ਸਿੱਖਾਂ ਨੇ ਦੱਸਿਆ ਕਿ ਉਸ ਖਲਬਲੀ ਦੇ ਦੌਰਾਨ ਕਈ ਬੇਕਸੂਰ ਲੋਕ ਛੁਰੇਮਾਰੀ ਦੇ ਚਲਦਿਆਂ ਹਲਾਕ ਹੋਏ. ਪ੍ਰੋਫੇਸਰ ਚਮਨਲਾਲ ਅਰੋੜਾ, ਜੋ ਕਦੀ ਲਾਹੌਰ ਦੇ ਵਾਸ਼ਿੰਦੇ ਸਨ, ਮੈਨੂੰ 4 ਜਨਵਰੀ 2005 ਨੂੰ ਜਲੰਧਰ ਤੇ ਦੱਸਿਆ ਕਿ ਸ਼ਹੀਦਗੰਜ ਤੇਹਰੀਕ ਨੇ ਮੁਸਲਿਮ ਅਤੇ ਗੈਰ-ਮੁਸਲਿਮ, ਖ਼ਾਸ ਕਰ ਕੇ ਮੁਸਲਮਾਨਾਂ ਅਤੇ ਸਿੱਖਾਂ ਦੇ ਆਪਸੀ ਰਿਸ਼ਤੇ ਵਿਗਾੜ ਦਿੱਤੇ. ਉਨ੍ਹਾਂ ਨੇ ਕਿਹਾ:

'ਇੱਕ ਹਿੰਦੂ ਨੇ, ਜੋ ਬ੍ਰੈਨਡ੍ਰੇਥ ਰੋਡ ਤੇ ਮੇਰਾ ਪੜੋਸੀ ਸੀ, ਆਪਣੀ ਦੁਕਾਨ ਬੰਦ ਨਹੀਂ ਕੀਤੀ ਸੀ ਜਦ ਕਿ ਹਲ ਚਲ ਪੈਦਾ ਕਰਣ ਵਾਲੇ ਮੰਗ ਕਰ ਰਹੇ ਸੀ ਕਿ ਸਾਰੀ ਦੁਕਾਨਾਂ ਬੰਦ ਹੋਣ. ਉਸ ਨੂੰ ਮੁਸਲਮਾਨ ਬਦਮਾਸ਼ਾਂ ਨੇ ਚਾਕੂ ਮਾਰ ਕੇ ਹਲਾਕ ਕਰ ਦਿੱਤਾ. ਮੁਸਲਮਾਲ, ਉਣ ਦਿਨੀ ਬੜੇ ਹਮਲਾਵਰ ਮਿਜ਼ਾਜ ਵਿੱਚ ਸਨ ਅਤੇ ਗੈਰ-ਮੁਸਲਿਮ ਬੁਰੀ ਤਰ੍ਹਾਂ ਗੈਰ-ਮਹਿਫ਼ੂਜ਼ ਮਹਿਸੂਸ ਕਰਦੇ ਸੀ. ਸਿੱਖ ਵੀ ਅੜੇ ਹੋਏ ਸੀ ਮਗਰ ਲਾਹੌਰ ਵਿੱਚ ਉਹ ਬਹੁਤ ਘੱਟ ਗਿਣਤੀ ਵਿੱਚ ਸਨ. ਮੇਰਾ ਇਹ ਇਹਸਾਸ ਹੈ ਕਿ ਉਸ ਵਕਤ ਤੋਂ ਮੁਸਲਮਾਨਾਂ ਅਤੇ ਸਿੱਖਾਂ ਦੇ ਵਿੱਚ ਦੂਰੀਆਂ ਵਧ ਗਈਆਂ. ਮੁਸਲਮਾਨ ਆਗੂਵਾਂ ਨੇ ਇਸ ਬਾਰੇ ਠੀਕ ਜਾਇਜ਼ਾ ਨਹੀਂ ਲੀਤਾ ਕਿ ਇਸ ਤਰ੍ਹਾਂ ਦੇ ਤਸ਼ੱਦਦੀ ਸਲੂਕ ਦਾ ਕੀ ਨਤੀਜਾ ਹੋ ਸਕਦਾ ਸੀ.' ਡਾ.ਇਕਬਾਲ ਨੇ ਅੰਦੋਲਨਕਾਰਿਆਂ ਨੂੰ ਕੌਮੀ ਅਮਨ ਵਾਸਤੇ ਸ਼ਾਂਤ ਕਰਣ ਦੀ ਜਗ੍ਹ ਉਕਸਾਇਆ.

ਗਵਰਨਰ ਏਮਰਸਨ ਨੇ 16 ਨਵੰਬਰ 1936 ਦੀ ਆਪਣੀ ਰਿਪੋਰਟ ਵਿੱਚ ਲਿਖਿਆ:

> ਲਾਹੌਰ ਦੇ ਹੋਣ ਵਾਲੇ ਅਸੈਂਬਲੀ ਇੰਤਖਾਬ, ਸ਼ਹੀਦਗੰਜ ਅੰਦੋਲਨ ਨੂੰ ਜ਼ਿੰਦਾ ਕਰਣ ਦੀ ਕੋਸ਼ਿਸ਼ ਦੀ ਇੱਕ ਸਿੱਧੀ ਵਜ੍ਹਾ ਨੇ. ਇਤਿਹਾਦ-ਏ-ਮਿੱਲ਼ਤ ਨਾਂਅ ਦੀ ਸੰਸਥਾ ਇਸ ਵਾਸਤੇ, ਹੁਣ, ਜਿੱਮੇਵਾਰ ਹੈ, ਜਿਸ ਨੂੰ ਜੁਲਾਈ 1935 ਵਿੱਚ ਬਣਾਇਆ ਗਿਆ, ਜਦ ਸ਼ਹੀਦਗੰਜ ਦੀ ਘਟਨਾ ਹੋਈ..ਇਸ ਸੰਘ ਨੇ ਨਵੀਂ ਅਸੈਂਬਲੀ ਲਈ ਕਈ ਨੁਮਾਇੰਦੇ ਤਿਆਰ ਕੀਤੇ ਨੇ. ਆਮ ਹਾਲਾਤਾਂ ਵਿੱਚ ਉਨ੍ਹਾਂ ਦੇ ਜਿੱਤਣ ਦੇ ਆਸਾਰ ਬਹੁਤ ਘੱਟ ਨੇ ਅਤੇ ਲੋਕਾਂ ਉਪਰ ਸ਼ਹੀਦਗੰਜ ਦੇ ਮਾਮਲੇ ਨੂੰ ਲੈ ਕੇ ਉਨ੍ਹਾਂ ਦਾ ਪ੍ਰਭਾਵ ਕਾਫ਼ੀ ਘੱਟ ਹੋ ਗਿਆ ਹੈ. ਇੰਤਖਾਬ ਵਿੱਚ ਆਪਣੇ ਭੱਵਿਖ ਬਿਹਤਰ ਕਰਣ ਲਈ, ਉਹ ਕਈ ਹਫ਼ਤੇਆਂ ਤੋਂ ਇਸ ਅੰਦੋਲਨ ਨੂੰ ਦੋਬਾਰਾ ਸ਼ੁਰੂ ਕਰਣ ਦੀ ਕੋਸ਼ਿਸ਼ ਵਿੱਚ ਲਗੇ ਹੋਏ ਨੇ, ਅਤੇ ਉਨ੍ਹਾਂ ਨੇ ਖੁਲ੍ਹੇ ਆਮ ਸਿਵਲ ਨਾਫ਼ਰਮਾਨੀ ਸ਼ੁਰੂ ਕਰਣ ਦੀ ਗੱਲ ਕੀਤੀ ਹੈ (Carter, 2004: 58).

ਲਾਹੌਰ ਹਾਈ ਕੋਰਟ ਨੇ ਇੱਕ ਫ਼ਰਮਾਨ ਜਾਰੀ ਕੀਤਾ ਜਿਸ ਨੇ ਸਿੱਖਾਂ ਦੀ ਸ਼ਹੀਦਗੰਜ ਦੀ ਜਾਇਦਾਦ ਉਪਰ ਮਲਕੀਅਤ ਨੂੰ ਬਰਕਰਾਰ ਰੱਖਿਆ, ਮਗਰ ਮੁਸਲਿਮ-ਸਿੱਖ ਰਿਸ਼ਤੇ ਵਿੱਚ ਦਰਾਰ ਪੈਦਾ ਹੋ ਗਈ ਸੀ ਅਤੇ, ਬਾਅਦ ਵਿੱਚ ਪੰਜਾਬ ਨੂੰ ਲੈ ਕੇ ਝਗੜੇ ਗੰਭੀਰ ਹੋ ਗਏ, ਇਣ ਵਜ੍ਹਾਂ ਨੇ ਇੱਕ ਅਹਿਮ ਕਿਰਦਾਰ ਅਦਾ ਕੀਤਾ, ਜਦ ਸਿੱਖਾਂ ਨੇ ਕਾਂਗ੍ਰੇਸ ਅਤੇ ਹੁਦੂਆਂ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ ਹੋਰ ਮੁਸਲਮਾਨਾਂ ਤੋਂ ਦੂਰੀ ਬਣਾ ਲੀਤੀ. ਇਸੇ ਤਰ੍ਹਾਂ ਰਾਵਲਪਿੰਡੀ ਅਤੇ ਮੁਲਤਾਨ ਦਾ ਵੀ ਮੁਸਲਿਮ-ਸਿੱਖ ਅਤੇ ਮੁਸਲਿਮ-ਹਿੰਦੂ ਫ਼ਿਰਕੂ ਤਸ਼ੱਦਦ ਦਾ ਇੱਕ ਇਤਿਹਾਸ ਮੌਜੂਦ ਸੀ. ਰਾਵਲਪਿੰਡੀ ਤੇ ਪਹਿਲਾ ਟਕਰਾਅ 1926 ਵਿੱਚ ਹੋਇਆ ਅਤੇ ਮੁਲਤਾਨ ਤੇ 1929 ਵਿੱਚ. ਅੱਮ੍ਰਿਤਸਰ ਤੇ ਇੱਕ ਫ਼ਿਰਕੂ ਟਾਕਰਾ 1940 ਵਿੱਚ ਹੋਇਆ. ਜਲੰਧਰ, ਗੁਜਰਾਂਵਾਲਾ ਅਤੇ ਦੂਜੇ ਸ਼ਹਿਰਾਂ ਵਿੱਚ ਵੀ ਕਦੀ ਕਦੀ ਤਣਾਅ ਪੈਦਾ ਹੁੰਦਾ ਜਾਂ ਟਕਰਾਅ ਹੋ ਜਾਂਦਾ ਸੀ. ਦੂਜੀ ਜਗ੍ਹਾਂ ਤੇ ਕੌਮੀ ਝਗੜੇ ਵਕਤ-ਬੇਵਕਤ ਹੁੰਦੇ ਰਹੇ, ਮਗਰ ਉਨ੍ਹਾਂ ਦੇ ਉਪਰ, ਜਲਦ ਕੀਤੀ ਗਈ ਸਰਕਾਰੀ ਕਾਰਵਾਈ ਅਤੇ ਆਗੂਆਂ ਹੋਰ ਵੱਡੇ ਲੋਕਾਂ ਦੀ ਸੁਲਹ ਕਰਾਉਣ ਦੀ ਕੋਸ਼ਿਸ਼ ਦੇ ਚਲਦੇ, ਕਾਬੂ ਕਰ ਲੀਤਾ ਗਿਆ.

ਪਰਉਪਕਾਰੀ (ਹਮਦਰਦਾਨਾ) ਕੱਮ

ਪੰਜਾਬ ਦੇ ਹਾਲਾਤ ਦੀ ਗੁੰਝਲਤਾ ਦਾ ਜਾਇਜ਼ਾ ਇਸ ਸੱਚਾਈ ਨਾਲ ਲੀਤਾ ਜਾ ਸਕਦਾ ਹੈ ਕਿ, ਸਾਰੀ ਬਰਾਦਰਿਆਂ ਪਰਉਪਕਾਰੀ ਕੱਮਾਂ ਵਿੱਚ ਹਿੱਸਾ ਲੈਂਦੀਆਂ ਸਨ. ਇਹ ਕੱਮਾਂ ਵਿੱਚ ਹਿੰਦੂ ਸਭ ਤੋਂ ਵੱਡੇ ਆਗੂ ਸਨ. ਉਨ੍ਹਾਂ ਨੇ ਹਸਪਤਾਲ, ਮੁਫ਼ਤ ਦਵਾਖ਼ਾਨੇ ਅਤੇ ਘੋੜੇ ਹੋਰ ਡੰਗਰਾ ਲਈ ਪਾਣੀ ਦੇ ਕੁੰਡ ਬਣਵਾਏ. ਸਿਰਫ਼ ਲਾਹੌਰ ਵਿੱਚ ਸਰ ਗੰਗਾ ਰਾਮ ਹਸਪਤਾਲ, ਜਾਨਕੀ ਦੇਵੀ ਹਸਪਤਾਲ, ਗੁਲਾਬ ਦੇਵੀ ਹਸਪਤਾਲ ਅਤੇ ਗੋਆਲਮੰਡੀ ਵਿੱਚ ਡਾ.ਖੇਰਾ ਡਿਸਪੇਂਸਰੀ ਮਸ਼ਹੂਰ ਨੇ. ਦਿਆਲ ਸਿੰਘ ਕੈਲੇਜ ਇੱਕ ਸਿੱਖ (ਜੋ ਬਾਅਦ ਵਿੱਚ ਇੱਕ ਬ੍ਰਾਹਮੋ ਬਣ ਗਿਆ) ਮਾਰਫ਼ਤ ਬਣਾਇਆ ਗਿਆ ਸੀ. ਮੁਸਲਮਾਨ ਅਤੇ ਸਿੱਖ ਮਜ਼ੂਬੀ ਪਵਿੱਤਰ ਸਥਾਨਾਂ ਅਤੇ ਗੁਰਦੁਵਾਰਿਆਂ ਵਿੱਚ ਲੰਗਰ ਲਈ ਖੁੱਲ੍ਹਾ ਖਰਚ ਕਰਦੇ ਸੀ. ਇਸਾਈ ਮਿਸਨ ਸਭ ਤੋਂ ਜ਼ਿਆਦਾ ਤਰੱਕੀਪਸੰਦ ਸਨ, ਜੋ ਉਮਦਾ ਸਕੂਲ ਅਤੇ ਕੈਲੇਜ ਮੁਹੱਇਆ ਕਰਾਉਂਦੇ ਸੀ. ਸੰਖੇਪ ਵਿੱਚ, ਪੰਜਾਬ ਦੇ ਬਾਸ਼ਿੰਦਿਆਂ ਵਿਚ, ਇੱਕ ਵੱਡੇ ਤੌਰ ਤੇ, ਭਾਈਚਾਰਾ ਮੌਜੂਦ ਸੀ.

ਜਿੱਥੇ ਤੱਕ ਲੋਕਾਂ ਦੀ ਭਲਾਈ ਦਾ ਸਵਾਲ ਹੈ, ਇੱਕ ਨਾਂਅ ਜਿਸ ਨੂੰ ਆਧੁਨਿਕ ਪੰਜਾਬ ਦੇ ਇਤਿਹਾਸ ਵਿੱਚ ਸਦਾ ਯਾਦ ਰੱਖਿਆ ਜਾਵੈਗਾ ਉਹ ਹੈ: ਸਰ ਗੰਗਾ ਰਾਮ. ਮੈਂ ਸਰ ਗੰਗਾ ਰਾਮ ਦੀ ਪੜ-ਪੋਤੀ, ਬੈਰੋਨੇਸ ਸ਼੍ਰੀਲਾ ਫੱਲਾਥਰ, ਬ੍ਰਿਟਿਸ਼ ਪਾਰਲਿਆਮੇਂਟ ਦੇ ਅੱਪਰ ਚੈਂਬਰ ਦੀ ਕਨਸਰਵੈਟਿਵ ਸਦੱਸ, ਹਾਉਸ ਔਫ ਲੈਰਡਸ, ਨੂੰ ਉਨ੍ਹਾਂ ਦੇ ਮੇਡਨਹੇਡ, ਬਰਕਸ਼ਾਇਰ ਕਾਉਂਟੀ, ਲੰਡਨ ਤੋਂ ਬਾਹਰ, ਸਥਿਤ ਘਰ ਤੇ 7 ਜੁਲਾਈ 2006 ਨੂੰ ਮਿਲਿਆ.

ਰੋਨੇਸ ਸ਼੍ਰੀਲਾ ਫਲੇਥਰ

'ਮੇਰਾ ਜਨਮ 13 ਫਰਵਰੀ 1934 ਨੂੰ ਲਾਹੌਰ ਵਿੱਚ ਹੋਇਆ. ਮੇਰੀ ਜ਼ਿੰਦਗੀ ਦੀ ਸ਼ੁਰੂਆਤੀ ਕਹਾਣੀ, ਗੂੜ੍ਹੇ ਤਰੀਕੇ ਨਾਲ, ਮੇਰੇ ਪਰਵਾਰ ਦੇ ਲਾਹੌਰ ਅਤੇ ਇਸ ਦੇ ਲੋਕਾਂ ਨਾਲ ਢੂੰਘੇ ਸ਼ਮੂਲੀਅਤ, ਨਾਲ ਜੁੜੀ ਹੋਈ ਹੈ. ਉਣ ਦਿਨੀ ਕੋਈ ਦੋਸਤ ਬਣਾਉਣ ਜਾਂ ਨਾ ਬਣਾਉਣ ਲਈ, ਮਜ਼ਬੀ ਫ਼ਰਕ ਕੋਈ ਵਜ੍ਹਾ ਨਹੀਂ ਹੁੰਦੀ ਸੀ. ਨਾ ਸਿਰਫ਼ ਪੱੜ੍ਹੇ-ਲਿੱਖੇ ਹੋਰ ਰਈਸ ਲੋਕਾਂ ਵਿੱਚ ਮਗਰ ਆਮ ਲੋਕਾਂ ਵਿੱਚ ਵੀ ਬਹੁਤ ਜ਼ਿਆਦਾ ਭਾਈਚਾਰਾ ਅਤੇ ਇੱਕਮੁੱਠਤਾ ਮੌਜੂਦ ਸੀ. ਅਸੀਂ ਇੱਕ ਵੱਡੇ ਘਰ ਵਿੱਚ ਰਹਿੰਦੇ ਸੀ, ਜੋ ਹੁਣ ਦੇ ਸ਼ੇਰਪਾਉ ਪੁਲ ਦੇ ਬਿਲਕੁਲ ਨਜਦੀਕ ਸੀ. ਮੇਰੇ ਪਿਤਾ ਨੇ ਕਈ ਉਤਪਾਦੀ ਇੱਕਾਈਆਂ ਸਥਾਪਤ ਕੀਤੀਆਂ ਸੀ - ਇੱਕ ਬਰਫ ਦੀ ਫੈਕਟਰੀ, ਇੱਕ ਕਟਲਰੀ ਦੀ ਫੈਕਟਰੀ, ਇੱਕ ਬੇਕਰੀ ਅਤੇ ਇੱਕ ਸੋਡਾ ਵਾਟਰ ਦੀ ਫੈਕਟਰੀ. ਆਪਣੇ ਦਾਦਾ ਦੀ ਮਾਲਕ ਅਤੇ ਮਜਦੂਰਾਂ ਵਿੱਚ ਤਰੱਕੀਪਸੰਦ ਰਿਸ਼ਤੇ ਕਾਇਮ ਰੱਖਣ ਦੀ ਸੋਚ ਦੇ ਨਕਸ਼ੇ ਕਦਮ ਚਲਦਿਆਂ, ਮਜਦੂਰਾਂ ਵਾਸਤੇ ਕਤਾਰਾਂ ਵਿੱਚ ਛੋਟੇ ਛੋਟੇ ਘਰ ਅਤੇ ਪ੍ਰਬੰਧਕੀ ਸਟਾਫ ਲਈ ਥੋੜੇ ਬਿਹਤਰ ਮਿਆਰੀ ਘਰ ਬਣਾਇਏ ਗਿਐ. ਸਾਡੇ ਨਾਲ ਹਰ ਫ਼ਿਰਕੇ ਦੇ ਲੋਕ ਸਨ ਜੋ ਉਸ ਛੋਟੀ ਵਸੀ ਰਿਹਾਇਸ਼ੀ ਕਲੋਨੀ ਵਿੱਚ ਰਹਿੰਦੇ ਸੀ. ਸਾਡੇ ਪਰਵਾਰ ਦੇ ਕਰੀਬੀ ਦੋਸਤਾਂ ਵਿੱਚ ਮੁਸਲਮਾਨ ਵੀ ਸਨ ਅਤੇ ਕੁੱਝ ਪਰਵਾਰ ਸਾਡੇ ਪਰਵਾਰ ਦੇ ਇੱਕ ਹਿੱਸੇ ਦੀ ਤਰ੍ਹਾਂ ਸਨ. ਮੈਨੂੰ ਯਾਦ ਹੈ ਕਿ, ਖ਼ਾਸ ਕਰ ਕੇ ਇੱਕ ਪ੍ਰਮੁਖ ਸ਼ਿਆ ਪਰਵਾਰ ਜੋ ਸਾਡੇ ਬਹੁਤ ਕਰੀਬ ਸੀ, ਹੋਰ ਮੈਂ ਉਨ੍ਹਾਂ ਦੀ ਇੱਕ ਕੁੜੀ ਨਾਲ ਲਾਹੌਰ ਦਾ ਇਮਾਮਬਾੜਾ ਵੇਖਣ ਜਾਂਦੀ ਸੀ. ਆਮ ਤੌਰ ਤੇ, ਮੇਰੀ ਮਾਂ ਜੋ ਇੱਕ ਬਹੁਤ ਕੱਟੜ ਹਿੰਦੂ ਸੀ, ਕਿਸੇ ਮੁਸਲਮਾਨ ਦੇ ਘਰ ਖਾਣਾ ਨਹੀਂ ਖਾਦੀਂ ਸੀ ਮਗਰ ਹਾਕਿਮ ਦੇ ਘਰ ਖਾ ਲੈਂਦੀ ਸੀ. ਅਜ਼ਹਰ ਅਲੀ ਹਾਕਿਮ ਜੋ ਇਸ ਪਰਵਾਰ ਨਾਲ ਤਾਲੁੱਕ ਰੱਖਦੇ ਨੇ, ਹੁਣ ਵੀ ਲਾਹੌਰ ਤੇ ਰਹਿੰਦੇ ਨੇ.

'ਮੈਂ ਪਹਿਲੀ ਵਾਰ ਲਾਹੌਰ 1992 ਵਿੱਚ ਅਤੇ ਫਿਰ 1996 ਹੋਰ 1998 ਵਿੱਚ ਗਈ. ਪੁਰਾਣੀ ਸਾਰੀ ਇਮਾਰਤਾਂ ਮੌਜੂਦ ਸਨ; ਪਰ ਲਾਹੌਰ ਭਾਰਤ ਦੇ ਦੂਜੇ ਸ਼ਹਿਰਾਂ ਦੀ ਤਰ੍ਹਾਂ ਇੱਕ ਭੜੱਕਾ ਸ਼ਹਿਰ ਹੋ ਗਿਆ ਸੀ. ਇਥੇ ਇੰਗਲੈਂਡ ਵਿੱਚ ਮੇਰੇ ਕਈ ਬਹੁਤ ਚੰਗੇ ਪਾਕਿਸਤਾਨੀ ਦੋਸਤ ਨੇ ਹੋਰ ਉਨ੍ਹਾਂ ਦੇ ਵਿੱਚ ਕਈ ਇਹ ਜਾਣ ਕੇ ਬਹੁਤ ਖ਼ੁਸ਼ ਹੁੰਦੇ ਨੇ ਕਿ ਮੈਂ ਸਰ ਗੰਗਾ ਰਾਮ ਦੀ ਸਿੱਧੀ ਵੰਸ਼ਜ ਹਾਂ.'

ਲੇਡੀ ਫਲੇਥਰ ਨੇ ਉਣ ਦਿਨਾਂ ਨੂੰ ਯਾਦ ਕੀਤਾ ਜਦ ਦੰਗੇ ਵਧ ਗਏ ਸੀ ਅਤੇ ਉਨ੍ਹਾਂ ਦੇ ਪਰਵਾਰ ਨੂੰ ਮਈ 1947 ਵਿੱਚ ਲਾਹੌਰ ਛੱਡਣਾ ਪਇਆ. ਉਹ ਬਹੁਤ ਖ਼ੁਸ਼ ਹੋਏ ਜਦ ਮੈਂ ਉਨ੍ਹਾਂ ਨੂੰ ਦੱਸਿਆ ਕਿ 1962 ਵਿੱਚ ਸਰ ਗੰਗਾ ਰਾਮ ਹਸਪਤਾਲ ਤੇ ਮੇਰਾ ਇਨਫਲੇਮਡ ਅਪੇਂਡੀਸਾਇਟਿਸ ਦੇ ਚਲਦਿਆਂ ਅਪੇਨਡੀਕਸ ਹਟਾਉਣ ਦਾ ਔਪਰੇਸ਼ਨ ਹੋਇਆ. ਹੋਰ ਵੀ ਅਹਿਮ ਹੈ ਕਿ ਨੇੜੇ ਦੇ ਇਲਾਕੇ ਮੁਜ਼ੰਗ ਤੋਂ ਮੇਰੇ ਦਾਦਾ ਅਲ-ਹਜ ਮਿਆਂ

ਇਲਮ ਦੀਨ ਸਮੇਤ ਦੂਜੇ ਲੋਕਾਂ ਨੇ, ਇੱਕ 100 ਬਿਸਤਰ ਵਾਲਾ ਮੁਜ਼ੰਗ ਵਾਰਡ ਬਣਾਉਣ ਲਈ ਦਾਨ ਦਿੱਤਾ ਅਤੇ ਇਸ ਵਾਰਡ ਨੂੰ ਹਸਪਤਾਲ ਨਾਲ ਜੋੜ ਲੀਤਾ ਗਿਆ.

ਇੱਕ ਲੇਖ ਜਿਸ ਦਾ ਸਿਰਲੇਖ 'ਏ ਗ੍ਰੇਟ ਸਨ ਔਫ ਦ ਪੰਜਾਬ' ਸੀ, ਸਲਮਾ ਮਹਮੁਦ ਨੇ ਸਰ ਗੰਗਾ ਰਾਮ ਦੀ ਜ਼ਿੰਦਗੀ ਦੀ ਤਲਾਸ਼ ਕੀਤੀ, ਉਹ ਇੱਕ ਖੁਦਗਰਜ਼ ਇਨਸਾਨ ਸਨ ਜਿਨ੍ਹਾਂ ਨੇ ਸਖ਼ਤ ਮਿਹਨਤ ਕੀਤੀ, ਖੂਬ ਪੈਸੇ ਕਮਾਏ ਅਤੇ ਖੂਬ ਦਾਨ-ਪੁਨ ਕੀਤਾ. ਉਨ੍ਹਾਂ ਦੇ ਇਲਮੀ ਯੋਗ-ਦਾਨ ਇਸੇ ਤਰ੍ਹਾਂ ਸੀ, ਲੜਕੀਆਂ ਵਾਸਤੇ ਲੇਡੀ ਮੈਕਲੇਗਨ ਸਕੂਲ ਫੈਰ ਗਰਲਸ, ਜਿਸ ਦਾ ਇੱਕ ਸੈਕਸ਼ਨ ਸਾਰੀ ਬਰਾਦਰਿਆਂ ਵਾਸਤੇ ਖੁਲ੍ਹਾ ਸੀ. ਦੀ ਹੇਲੀ ਕੈਲੇਜ ਔਫ ਕੈਮਰਸ ਬਣਾਉਣ ਵਾਸਤੇ ਉਨ੍ਹਾਂ ਨੇ ਕਈ ਲੱਖ ਰੂਪਏ ਦਾ ਚੰਦਾ ਦਿੱਤਾ. ਡੀ.ਏ.ਵੀ.ਕੈਲੇਜ ਵਾਸਤੇ ਵੀ ਉਨ੍ਹਾਂ ਨੇ ਇੱਕ ਵੱਡਾ ਦਾਨ ਦਿੱਤਾ. ਇਸ ਇਮਾਰਤ ਨੂੰ ਹੁਣ ਇਸਲਾਮੀਆ ਕੈਲੇਜ, ਸਿਵਿਲ ਲਾਈਨਸ ਵਿੱਚ ਬਦਲ ਦਿੱਤਾ ਗਿਆ ਹੈ. ਸਲਮਾ ਮਹਮੁਦ ਨੇ ਲਿਖਿਆ:

> ਪਰ ਸ਼ਰ ਗੰਗਾ ਰਾਮ ਦੇ ਕੱਮਾ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਅਤੇ ਕਿਰਪਾਲੂ ਕੱਮ ਸ਼ਰ ਗੰਗਾ ਰਾਮ ਫ੍ਰੀ ਹਸਪਤਾਲ ਸੀ, ਜਿਸ ਨੂੰ ਕਵੀਨਸ ਰੋਡ ਅਤੇ ਲਾਰੇਂਸ ਰੋਡ ਦੇ ਜੰਕਸ਼ਨ ਦੇ ਨਜਦੀਕ ਦੀ ਜ਼ਮੀਨ ਨੂੰ 1921 ਤੇ ਖਰੀਦਣ ਤੋਂ ਬਾਅਦ ਬਣਾਇਆ ਗਿਆ. ਉਸ ਦੇ ਬਾਅਦ ਰੁ.131,500 ਦਾ ਖਰਚ ਕਰ ਉਥੇ ਇੱਕ ਇਮਾਰਤ ਬਣਾਈ ਗਈ ਜੋ ਜ਼ਰੂਰਤਮੰਦਾਂ ਵਾਸਤੇ, ਜੋ ਕਿਸੇ ਵੀ ਜਾਤ ਜਾਂ ਮਜ਼ੂਬ ਦੇ ਹੋਣ, ਹਮੇਸ਼ਾ ਖੁਲੀ ਰਹਿੰਦੀ ਸੀ. 1923 ਵਿੱਚ ਇਸ ਹਸਪਤਾਲ ਨੂੰ ਸਰ ਗੰਗਾ ਰਾਮ ਟ੍ਰਸਟ ਸੋਸਾਇਟੀ ਨੇ ਲੈ ਲੀਤਾ, ਜੋ ਅੱਜ ਲਾਹੌਰ ਦੇ ਲੋਕਾਂ ਦੀ ਸੇਵਾ ਵਿਖੇ ਸਿਰਫ਼ ਮੇਯੋ ਹਸਪਤਾਲ ਦੇ ਪਿੱਛੇ ਹੈ. ਮੇਰੀ ਮਾਂ ਨੇ ਉਥੇ ਕਈ ਸਾਲਾਂ ਤੱਕ ਕੱਮ ਕੀਤਾ. ਹੋਰ ਸਾਡੇ ਦੋਨੋ ਬੱਚੇ ਉਥੇ ਪੈਦਾ ਹੋਏ, ਅਤੇ ਇਹ ਮੇਰੇ ਦਿੱਲ ਵਿੱਚ ਇੱਕ ਖਾਸ ਜਗ੍ਹ ਰੱਖਦਾ ਹੈ (The Friday Times, 2–10 April 2010).

ਤਿੱਨ ਮਜ੍ਹਬੀ ਕੈਮਾਂ ਦੇ ਆਪਸੀ ਸਮਾਜਕ ਰਿਸ਼ਤੇ

ਸਥਾਨਕ ਅਤੇ ਨਿੱਜੀ ਤੌਰ ਤੇ, ਤਿੰਨੇ ਮਜ੍ਹਬੀ ਕੈਮਾਂ ਇੱਕ ਦੂਜੇ ਨਾਲ ਰੱਲ-ਮਿੱਲ ਕੇ ਰੋਜ ਦੀ ਕਾਰਵਾਈ ਕਰਦਿਆਂ ਸੀ. ਪਿੰਡਾ ਦੀ ਖੇਤੀ-ਬਾੜੀ ਦੀ ਪੈਦਾਵਾਰ ਮਿਹਨਤ ਮਜਦੂਰੀ ਦੀ ਤਕਸੀਮ ਆਸਰੇ ਸੀ, ਜਿਸ ਵਿੱਚ ਮੁਖ਼ਤਲਿਫ਼ ਜਾਤਾਂ ਅਤੇ ਬਰਾਦਰਿਆਂ ਆਪਣੀ ਖ਼ਾਸ ਮੁਲਾਜ਼ਮਤ ਮੁਹੱਇਆ ਕਰਾਉਂਦੀਆਂ ਸਨ. ਇਸ ਦੇ ਇਲਾਵਾ, ਲੋਕ ਇੱਕ ਦੂਜੇ ਦੇ ਮਜ਼ੂਬੀ ਜਸ਼ਨਾਂ ਅਤੇ ਸ਼ਾਦੀ-ਵਿਆਹ ਹੋਰ ਜਨਾਜ਼ੇ ਵਿੱਚ ਸ਼ਿਰਕਤ ਕਰਦੇ ਸੀ. ਹਾਲਾਂਕਿ ਮੁਸਲਮਾਨ ਹਿੰਦੂਆਂ ਦੇ ਬਣੇ ਖਾਣੇ ਨੂੰ ਖਾ ਲੈਂਦੇ ਸੀ, ਮਗਰ ਹਿੰਦੂ ਮੁਸਲਮਾਨਾਂ ਤੋਂ ਸਿਰਫ਼ ਬਗੈਰ ਪੱਕਿਆ ਖਾਣ ਦਾ ਸਾਮਾਨ ਲੈਂਦੇ ਸੀ. ਮਹੱਲਿਆਂ ਅਤੇ ਪਿੰਡਾ ਵਿੱਚ ਸਮਾਜਿਕ ਆਵਾਜਾਈ ਅਤੇ ਮੇਲ-ਜੋਲ ਕਾਫ਼ੀ ਦੋਸਤਾਨਾ ਹੁੰਦਾ ਸੀ. ਇਸ ਦੇ ਇਲਾਵਾ, ਵੱਡ-ਵੱਡੇਰੇ ਅਤੇ ਬਰਾਦਰਿਆਂ ਦੀ ਰਹਨੁਮਾਈ ਕਰਣ ਵਾਲੇ ਮਿਲ ਬੈਠ ਕੇ ਸਾਂਝੀ ਭਲਾਈ ਦੇ ਮੁੱਦੇ ਬਾਰੇ ਗੱਲ-ਬਾਤ ਕਰਦੇ ਸੀ, ਅਤੇ ਉਸ ਬਾਰੇ ਫ਼ੈਸਲਾ ਲੈਂਦੇ ਸੀ. ਇਸ ਤਰ੍ਹਾਂ ਦੇ ਕੁੱਝ ਪਿੰਡ ਹੁੰਦੇ ਸੀ, ਜਿਸ ਦੇ ਵਿੱਚ ਮੁਸਲਿਮ ਅਤੇ ਹਿੰਦੂ ਜ਼ਮੀਨਦਾਰ ਅਤੇ ਖੇਤੀ-ਬਾੜੀ ਕਰਣ ਵਾਲੀ ਜਾਤਾਂ ਇੱਕਠਾ ਰਹਿੰਦੀ ਸਨ. ਦੁਕਾਨਦਾਰ ਜ਼ਿਆਦਾਤਰ ਹਿੰਦੂ ਅਤੇ ਕਦੀ ਕਦਾਰ ਸਿੱਖ ਹੁੰਦੇ ਸੀ.

ਪਰ, ਇੱਕ ਜ਼ਿਆਦਾ ਅਹਿਮ ਸੱਚੀ ਗੱਲ ਇਹ ਹੈ ਕਿ ਪੰਜਾਬਿਆਂ ਦੀ ਜ਼ਿੰਦਗੀ ਸਥਾਨਕ ਮਾਹੌਲ ਦੇ ਇਰਦ-ਗਿਰਦ ਘੁਮਦੀ ਸੀ. ਮਹਾਤਮਾ ਵਰਗੇ ਲੋਕਾਂ ਉਪਰ ਯਕੀਨ ਅਤੇ ਮਨਹੁਸ ਰੂਹ ਦਾ ਡਰ, ਦੋਵੇਂ ਹੀ ਦੁਰ

ਤੱਕ ਪਸਰਿਐ ਹੋਏ ਸਨ. ਪਿੰਡ ਦਾ ਇੱਕ ਆਮ ਆਦਮੀ ਕਿਸੇ ਵੀ ਤਰ੍ਹਾਂ ਦੇ ਬਾਬੇ ਤੋਂ ਮਦਦ ਲੈ ਸਕਦਾ ਸੀ, ਹੋਰ ਇਸ ਲਈ ਉਹ ਉਨ ਮਹਾਤਮਾਵਾਂ ਦੇ ਉਪਰ ਆਪਣੀ ਆਸਥਾ ਇੱਕ ਗੁੰਝਲਦਾਰ ਤਰੀਕੇ ਨਾਲ ਬਦਲਦਾ ਰਹਿੰਦਾ ਸੀ. ਇੱਕ ਤਰਫ਼ ਹਿੰਦੂ ਅਤੇ ਸਿੱਖ, ਮੁਸਲਮਾਨ ਫ਼ਕੀਰਾਂ ਅਤੇ ਮਜ਼ਾਰਾਂ ਤੇ ਬੜੀ ਸਹਜਤਾ ਨਾਲ ਚਲੇ ਜਾਂਦੇ ਸੀ ਤੇ, ਦੂਜੀ ਤਰਫ਼ ਮੁਸਲਮਾਨ ਵੀ ਸਾਧੂਆਂ ਅਤੇ ਪੰਡਿਤਾਂ ਕੋਲ ਕਿਸੇ ਸਮਸਿਆ ਦਾ ਹਲ ਜਾਂ ਕਿਸੇ ਬੀਮਾਰੀ ਦੇ ਇੱਲਾਜ ਲਈ, ਰੂਹਾਨੀ ਜਾਂ ਜਾਦੂਈ ਮਦਦ ਵਾਸਤੇ, ਚਲੇ ਜਾਂਦੇ ਸੀ. ਮੁਸਲਮਾਨ ਅਤੇ ਹਿੰਦੂ, ਸਿੱਖ ਧਰਮ ਦੇ ਸੰਸਥਾਪਕ, ਬਾਬਾ ਗੁਰੂ ਨਾਨਕ ਦਾ ਬਹੁਤ ਸਤਿਕਾਰ ਕਰਦੇ ਸੀ. ਇਸ ਨੂੰ ਇੱਕ ਕਹਾਣੀ ਨਾਲ ਸਪਸ਼ਟ ਕੀਤਾ ਜਾ ਸਕਦਾ ਹੈ ਜੋ ਮੈਂ 7 ਜਨਵਰੀ 2005 ਨੂੰ ਅਮ੍ਰੀਕ ਚੰਦ ਅਹਲੁਵਾਲਿਆ ਤੋਂ ਪਟਿਆਲਾ ਤੇ ਸੁਣੀ:

'ਸਾਡਾ ਪਰਵਾਰ ਬੰਦਾ ਬਹਾਦੁਰ ਦੇ ਵਕਤ, ਪਟਿਆਲਾ ਤੋਂ ਸਰਹਿੰਦ ਆ ਗਿਆ. ਮੇਰਾ ਜਨਮ 1925 ਵਿੱਚ ਹੋਇਆ. ਮੇਰੇ ਪਰਵਾਰ ਦੇ ਲੋਕ ਪੱਕੇ ਹਿੰਦੂ ਸਨ ਪਰ ਅਸੀਂ ਪੱਛਮ ਪੰਜਾਬ ਦੇ ਬਲੋਚਿਸਤਾਨ ਦੀ ਸਰਹੱਦ ਤੇ, ਡੇਰਾ ਘਾਜ਼ੀ ਕਾਨ ਤੇ ਨਜ਼ਦੀਕ, ਪੀਰ ਹਜ਼ਰਤ ਸਾਖੀ ਸਰਵਾਰ ਦੇ ਵੀ ਮੁਰੀਦ ਸੀ. ਮੈਨੂੰ ਯਾਦ ਹੈ ਮੈ ਬਚਪਨ ਵਿੱਚ ਆਪਣੇ ਮਾਤਾ-ਪਿਤਾ ਨਾਲ ਉਥੇ ਗਿਆ ਸੀ. ਹਿੰਦੂ, ਸਿੱਖ, ਮੁਸਲਮਾਨ ਅਤੇ ਦੂਜੇ ਇੱਕ ਪਰਵਾਰ ਦੀ ਤਰ੍ਹਾਂ ਰਹਿੰਦੇ ਸੀ. ਸਾਡੇ ਵਿੱਚ ਬਹੁਤ ਪ੍ਰੇਮ, ਪਿਆਰ ਸੀ. ਮੁਸਲਮਾਨ ਸਾਨੂ ਬਗੈਰ ਤਿਆਰ ਕੀਤਾ ਖਾਣਾ, ਮੀਟ ਸਮੇਤ, ਭੇਜਦੇ ਸੀ ਅਤੇ ਉਹ ਸਾਡਾ ਬਣਿਆ ਖਾਣਾ ਬਗੈਰ ਕਿਸੇ ਝਿਜਕ ਦੇ ਖਾ ਲੈਂਦੇ ਸੀ. ਅਸੀਂ ਸਿਰਫ਼ ਮੁਸਲਿਮ ਰਵਾਇਤ ਨਾਲ ਹਲਾਲ ਕੀਤੇ, ਬਕਰੇ ਹੋਰ ਭੇੜਾਂ ਦਾ ਮਾਸ ਖਾਉਂਦੇ ਸੀ. ਹੁਣ ਵੀ ਪਟਿਆਲੇ ਤੇ ਮੁਸਲਮਾਨ ਰਹਿੰਦੇ ਨੇ ਅਤੇ ਅਸੀ ਉਨਾ ਤੋਂ ਹਲਾਲ ਕੀਤਾ ਮਾਸ ਖਰੀਦਣੇ ਹਾਂ.'

ਸਰ ਡੇਨਜ਼ੀਲ ਇੱਬੇਟਸਨ ਨੇ ਆਪਣੀ ਕਿਤਾਬ ਪੰਜਾਬ ਕਾਸਟਸ ਵਿੱਚ ਲਿਖਿਆ ਹੈ ਕਿ ਪੰਜਾਬ ਦੀ ਜ਼ਿਆਦਾਤਰ ਖੇਤੀਬਾੜੀ ਕਰਣ ਵਾਲੀ ਹਿੰਦੂ, ਸਿੱਖ ਅਤੇ ਮੁਸਲਿਮ ਜਾਤਾਂ ਦੀ ਉਤਪਤ ਇੱਕ ਗੋਤ ਤੋਂ ਹੋਈ ਹੈ. ਹਾਲਾਂਕਿ, ਹਿੰਦੂ ਬ੍ਰਾਹਮਣ ਅਤੇ ਵਪਾਰੀ ਜਾਤਾਂ ਤੋਂ ਇਸਲਾਮ ਵਿੱਚ ਮਜ਼ੂਬੀ ਤਬਦੀਲੀ ਬਹੁਤ ਘੱਟ ਹੋਈ ਹੈ. ਪਰ, ਹਾਲਾਤ ਪੰਜਾਬ ਦੇ ਮੁਖ਼ਤਲਿਫ਼ ਇਲਾਕਿਆਂ ਤੇ ਮੁਖ਼ਤਲਿਫ਼ ਹੁੰਦੇ ਸੀ. ਜ਼ਮੀਨਦਾਰ ਇੱਕ ਤਾਕਤਵਰ ਤਬਕਾ ਹੁੰਦਾ ਸੀ ਜੋ ਕਿਸਾਨਾਂ, ਕਾਰੀਗਰਾਂ ਅਤੇ ਸ਼ਿਲਪਕਾਰਾਂ ਤੋਂ ਕਈ ਸੇਵਾਵਾਂ ਪੈਸੇ ਦੇ ਕੇ, ਜਾਂ ਨਾ ਦੇ ਕੇ ਵੀ, ਜਬਰਦਸਤੀ ਕਰਾ ਲੈਂਦਾ ਸੀ, ਹੋਰ ਖੁਦ ਜ਼ਮੀਨਦਾਰ ਬ੍ਰਿਟਿਸ਼ ਵਿਵਸਥਾ ਲਈ ਇੱਕ ਚੱਕੇ ਦੀ ਕਿੱਲ ਦਾ ਕੱਮ ਕਰਦੇ ਸੀ. ਉਹ ਜ਼ਿਆਦਾਤਰ ਮੁਸਲਮਾਨ ਹੁੰਦੇ ਸੀ ਮਗਰ ਕੁੱਝ ਸਿੱਖ ਅਤੇ ਹਿੰਦੂ ਵੀ ਸਨ. ਉਹ ਆਪਣੇ ਪ੍ਰਭਾਵ ਨਾਲ ਪਿੰਡ ਥਾਂ ਤੇ ਅਮਨ ਸਥਾਪਤ ਕਰ ਕੇ ਰੱਖਦੇ ਹੋਰ ਨਾਲੋ ਨਾਲ ਬ੍ਰਿਟਿਸ਼ ਇੰਡਿਅਨ ਫ਼ੌਜ ਵਿੱਚ ਭਰਤੀ ਦੀ ਦਲਾਲੀ ਵੀ ਕਰਦ ਸੀ.

ਤਕਸੀਮ ਤੋਂ ਪਹਿਲਾਂ ਦੇ ਪੰਜਾਬ ਦੀ ਯਾਦਾਂ

ਸਾਬਕਾ ਇਨਕਲਾਬੀ ਦਾਦਾ ਆਮਿਰ ਹੈਦਰ, ਵੀਹਵੀਂ ਸਦੀ ਦੇ ਅਖੀਰ ਤੇ ਰਾਵਲਪਿੰਡੀ ਦੇ ਨਜਦੀਕ ਪੋਟੋਹਰ ਇਲਾਕੇ ਵਿੱਚ ਆਪਣੇ ਬਚਪਨ ਦਾ ਵੇਰਵਾ ਦੇਂਦੇ ਹੋਏ ਸਿੱਖ ਅਤੇ ਹਿੰਦੂ ਸਾਹੂਕਾਰਾਂ ਦਾ ਜ਼ਿਕਰ ਕਰਦੇ ਨੇ, ਜਿਨ੍ਹਾਂ ਦੇ ਕੋਲ ਕਈ ਮੁਸਲਮਾਨ ਕਿਸਾਨ ਕਰਜ਼ਦਾਰ ਸਨ, ਪਰ ਉਹ ਇਹ ਵੀ ਯਾਦ ਕਰਦੇ ਨੇ ਕਿ ਉਨ੍ਹਾਂ ਦੇ ਨਾਲ, ਕਿਣੀ ਹਮਦਰਦੀ ਨਾਲ ਕੱਟੜ ਹਿੰਦੂ ਪਰਵਾਰਾਂ ਨੇ ਸਲੂਕ ਕੀਤਾ; ਜਿਸ ਦੇ ਵਿੱਚ ਇੱਕ ਬ੍ਰਾਹਮਣ ਵੀ ਸ਼ਾਮਲ

ਸੀ ਜਿਸ ਨੇ ਇੱਕ ਮੰਦਰ ਦਾ ਜਿੱਮਾ ਲੀਤਾ ਸੀ. ਉਨ੍ਹਾਂ ਨੇ ਉਸ ਨੂੰ ਪਨਾਹ ਦਿੱਤੀ ਜਦ ਉਹ ਆਪਣੇ ਸੌਤੇਲੇ ਬਾਪ ਦੇ ਵਿਵਹਾਰ ਦੇ ਚਲਦੇ ਘਰ ਛੱਡ ਕੇ ਭੱਜ ਗਿਆ. ਹਾਲਾਂਕਿ ਉਨ੍ਹਾਂ ਨੇ ਉਸ ਨੂੰ ਬਹੁਤ ਪਿਆਰ ਦਿੱਤਾ ਅਤੇ ਉਸ ਦੇ ਨਾਲ ਰਹਿਮਦਿਲੀ ਵਰਤਾਅ ਕੀਤਾ, ਮਗਰ ਦਾਦਾ ਆਮਿਰ ਨੂੰ ਅਲਗ ਭਾਂਡੇ ਵਿੱਚ ਖਾਣਾ ਦਿੱਤਾ ਗਿਆ, ਕਿਉਂਕਿ ਮੁਸਲਮਾਨਾਂ ਨੂੰ ਹਿੰਦੂਆਂ ਦੀ ਰਸੋਈ ਦੇ ਅੰਦਰ ਜਾਨਾ ਮਨ੍ਹਾਂ ਸੀ. ਮਗਰ, ਉਹ ਇਸ ਸਲੂਕ ਨੂੰ ਹਿੰਦੂਆਂ ਦੀ ਖਾਣ-ਪੀਨ ਦਾ ਪਰਹੇਜ ਸਮਝ਼ਦੇ ਨੇ, ਜੋ ਕਿ ਉਨ੍ਹਾਂ ਦਾ ਮਜ਼ੂਬ ਨਿਰਧਾਰਨ ਕਰਦਾ ਹੈ, ਨਾ ਕਿ ਮੁਸਲਮਾਨਾਂ ਦੇ ਖ਼ਿਲਾਫ਼ ਫ਼ਰਕ ਕਢਣ ਲਈ, ਕੋਈ ਸੋਚੀ ਸਮਝੀ ਜੁਗਤ (Gardezi,1989: 22–33).

ਪ੍ਰਕਾਸ਼ ਟੰਡਨ(1988:73), ਜੋ ਪੱਛਮ ਪੰਜਾਬ ਦੇ ਉੱਤਰੀ ਜ਼ਿਲ੍ਹੇ ਗੁਜਰਾਤ ਤੋਂ ਨੇ, ਜ਼ਿਕਰ ਕਰਦੇ ਨੇ ਕਿ ਪੰਜਾਬਿਆਂ ਵਿੱਚ ਬ੍ਰਾਹਮਣਾ ਦਾ ਕੋਈ ਖ਼ਾਸ ਰੁਤਬਾ ਨਹੀਂ ਸੀ; ਉਹ ਸਿਰਫ਼ ਪੁਜਾਰੀ ਹੁੰਦੇ ਸਨ ਅਤੇ ਉਨ੍ਹਾਂ ਨੂੰ ਲੋਕ ਦਾਨ ਦੇਂਦੇ ਸੀ. ਉਨ੍ਹਾਂ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਮੁਸਲਿਮ ਅਤੇ ਗੈਰ-ਮੁਸਲਿਮ ਇਕੱਠੇ ਨਹੀਂ ਖਾਂਦੇ ਸੀ. ਹਿੰਦੂਆਂ ਦੇ ਖਾਣ ਦਾ ਸੁਭਾਅ ਪਵਿੱਤਰ-ਅਪਵਿੱਤਰ ਦੀ ਬੁਨਿਆਦੀ ਸੋਚ ਉਪਰ ਬਣਿਆ ਸੀ, ਅਤੇ ਇਹ ਸੋਚ ਵੱਡੀ ਜਾਤਾਂ ਵਾਲੇ ਛੋਟੀ ਜਾਤਾਂ ਵਾਲੇਆਂ ਉਪਰ ਵੀ ਲਾਗੂ ਕਰਦੇ ਸੀ. 1930 ਦੇ ਦਹਾਕੇ ਤੱਕ, ਪੰਜਾਬ ਵਿੱਚ ਬ੍ਰਾਹਮਣ ਅਤੇ ਖਤਰੀ ਵੀ ਇਕੱਠੇ ਖਾਣਾ ਨਹੀਂ ਖਾ ਸਕਦੇ ਸੀ. ਦੂਜੀ ਤਰਫ਼, ਇੱਕ ਜਾਤ ਦੇ ਹਿੰਦੂ ਅਤੇ ਸਿੱਖ ਇੱਕ ਸਾਥ ਖਾ ਵੀ ਸਕਦੇ ਸੀ ਹੋਰ ਵਿਆਹ ਵੀ ਕਰ ਸਕਦੇ ਸੀ. ਸਿੱਖ ਅਤੇ ਹਿੰਦੂ, ਖ਼ਾਸ ਕਰ ਕੇ ਵਪਾਰੀ ਜਾਤਾਂ ਦੇ ਖੱਤਰੀ ਅਤੇ ਅਰੋੜੇ ਆਪਸ ਵਿੱਚ ਵਿਆਹ ਕਰਦੇ ਸੀ. ਕੁੱਝ ਪਿੰਡ ਅਤੇ ਇਲਾਕੇ ਪੂਰੀ ਤਰ੍ਹਾਂ ਮੁਸਲਮਾਨ ਜਾਂ ਹਿੰਦੂ-ਸਿੱਖ ਹੁੰਦੇ ਸੀ, ਮਗਰ ਮਿਲੇ-ਜੁਲੇ ਪਿੰਡ ਅਤੇ ਸ਼ਹਿਰੀ ਇਲਾਕੇ ਵੀ ਹੁੰਦੇ ਸੀ. ਸਿੱਖ ਅਤੇ ਹਿੰਦੂ ਜ਼ਮੀਨਦਾਰ ਅਤੇ ਖੇਤੀ-ਬਾੜੀ ਕਰਣ ਵਾਲੇ, ਮੁਸਲਮਾਨ ਵਾਹੀ ਕਰਣ ਵਾਲੇ, ਕਾਰੀਗਰ ਅਤੇ ਛੋਟੀ ਜਾਤਾਂ ਵਾਲੇ ਲੋਕਾਂ ਨੂੰ ਕੱਮ ਦੇਂਦੇ ਸੀ. ਹਿੰਦੂਆਂ ਦੀ ਸੇਵਾ ਕਰਦੇ, ਉਣ ਕੁੱਝ ਪੁਸ਼ਤੀ ਮੁਸਲਮਾਨ ਜਾਤਾਂ ਉਪਰ ਜਜਮਾਨੀ ਤਰੀਕਾ ਲਾਗੂ ਹੁੰਦਾ ਸੀ (Ibid: 76).

ਸਮੁੱਚੇ ਤੌਰ ਤੇ ਅਮਨ ਅਤੇ ਮੇਲ-ਮਿਲਾਪ ਵਿਆਪਕ ਸਨ. ਅੱਮ੍ਰਿਤਸਰ ਤੋਂ ਕੋਈ 20 ਕਿਲੋਮੀਟਰ ਦੂਰ ਤਰਨ ਤਾਰਨ ਤਹਸੀਲ ਦੇ ਜਾਤੀ ਉਮਰਾ ਪਿੰਡ ਵਿੱਚ ਪਾਕਿਸਤਾਨੀ ਵਜ਼ੀਰ-ਏ-ਆਜ਼ਮ ਨਵਾਜ਼ ਸ਼ਰੀਫ਼ ਦਾ ਪਰਵਾਰ ਇਕੱਲਾ ਮੁਸਲਿਮ ਪਰਵਾਰ ਸੀ. ਉਹ ਦੱਸਦੇ ਨੇ:

> ਹਾਂ, ਮੇਰੇ ਵਾਲਿਦ ਕਹਿੰਦੇ ਨੇ ਕਿ ਹਿੰਦੂਆਂ ਅਤੇ ਸਿੱਖਾਂ ਨਾਲ ਉਨ੍ਹਾਂ ਦੇ ਬਹੁਤ ਸੱਚੇ ਅਤੇ ਦੋਸਤਾਨਾ ਰਿਸ਼ਤੇ ਸੀ. ਉਨ੍ਹਾਂ ਨੇ ਸਾਢੇ ਖਿਲਾਫ਼ ਕੋਈ ਮਜ਼ੂਬੀ ਫ਼ਰਕ ਨਹੀਂ ਕੀਤਾ; ਵਿਆਹ-ਸ਼ਾਦੀ ਤੇ, ਮੌਤ ਤੇ ਅਤੇ ਦੂਜੇ ਸਮਾਜਕ ਕੱਮਾਂ ਦੇ ਮੌਕੇ ਤੇ ਅਸੀਂ ਇਕੱਠੇ ਹੁੰਦੇ ਸੀ, ਸਾਡੇ ਨਾਲ ਇੱਕ ਵਰਗਾ ਵਰਤਾਅ ਕੀਤਾ ਜਾਂਦਾ ਸੀ. ਅਸੀਂ ਇੱਕ ਦੂਜੇ ਦੇ ਘਰ ਬੇਰੋਕ-ਟੋਕ ਜਾਂਦੇ ਸੀ ਹੋਰ ਸਾਡੇ ਨਾਲ ਕੋਈ ਭੇਦ-ਭਾਵ ਜਾਂ ਫ਼ਰਕ ਨਹੀਂ ਕੀਤਾ ਜਾਂਦਾ ਸੀ. ਗੈਰ-ਮੁਸਲਿਮ ਸਾਡੇ ਨਾਲ ਉਸੀ ਤਰ੍ਹਾਂ ਪੇਸ਼ ਆਏ ਜੈਦਾਂ ਉਹ ਪਿੰਡ ਦੇ ਦੂਜੇ ਲੋਕਾਂ ਨਾਲ ਆਉਂਦੇ ਸੀ (Warraich,2008:29).

ਮਸ਼ਹੁਰ ਭਾਰਤੀ ਫਿਲਮ ਨਿਰਮਾਤਾ ਉ.ਪੀ.ਦੱਤਾ ਨੇ ਇੱਕ ਦਿਲਚਸਪ ਤਰੀਕੇ ਨਾਲ ਵਰਣਨ ਕੀਤਾ ਹੈ ਕਿ ਕਿਸ ਤਰ੍ਹਾਂ ਉੱਤਰ ਪੰਜਾਬ ਦੇ ਚਕਵਾਲ ਸ਼ਹਿਰ ਦੇ ਵਿੱਚ ਫ਼ਿਰਕੂ ਰਿਸ਼ਤੇ ਦੋਸਤਾਨਾ ਅਤੇ ਮਾਣਜੋਗ ਹੁੰਦੇ ਸੀ. ਉਨ੍ਹਾਂ ਦੀ ਚਕਵਾਲ ਬਾਰੇ ਕਹਾਣੀ ਦਾ ਇੱਕ ਵਾਕਿਆ, ਇਸ ਨੂੰ ਪੂਰੀ ਤਰ੍ਹਾਂ ਦਰਸ਼ਾਉਂਦਾ ਹੈ. ਉਹ ਲਿਖਦੇ ਨੇ:

ਇਹ ਕਿਹਾ ਜਾਂਦਾ ਹੈ ਕਿ ਸਮਾਜਕ ਕਾਨੂੰਨ ਬਣਾਏ ਨਹੀਂ ਜਾਂਦੇ; ਉਹ ਆਪੇ ਤਿਆਰ ਹੋ ਜਾਂਦੇ ਨੇ. 1930 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਦੇ ਚਕਵਾਲ ਨੇ ਇਸ ਨੂੰ ਸਾਬਤ ਕੀਤਾ. ਇਸ ਦੀ ਸ਼ੁਰੂਆਤ, ਰਾਮਸਰਨ ਦਾਸ ਨਾਂਅ ਦੇ ਇੱਕ ਸਕੂਲ ਅਧਿਆਪਕ, ਦੀ ਵਿਆਹ ਲਾਇਕ ਬੇਟੀ ਦੀ ਖੁਦਕੁਸ਼ੀ ਦੀ ਕੋਸ਼ਿਸ਼ ਨਾਲ ਹੋਈ. ਆਪਣੇ ਹੋਣ ਵਾਲੇ ਪਤੀ ਦੀ ਦਾਜ ਦੀ ਮੰਗਾਂ ਹੋਰ ਆਪਣੇ ਪਿਆਰੇ ਪਿਤਾ ਦੀ ਉਨ੍ਹਾਂ ਦੀ ਮੰਗ ਪੂਰਾ ਨਾ ਕਰ ਸਕਣ ਦੀ ਦੁਰਦਸ਼ਾ ਨੇ, ਉਸ ਬੇਟੀ ਨੂੰ ਮਾਯੂਸ ਕਰ ਦਿੱਤਾ. ਆਪਣੇ ਪਿਤਾ ਨੂੰ ਹੋਰ ਕਿਸੇ ਸ਼ਰਮਿੰਦਗੀ ਤੋਂ ਬਚਾਉਣ ਵਾਸਤੇ, ਉਸ ਨੇ ਆਪਣੀ ਜ਼ਿੰਦਗੀ ਖ਼ਤਮ ਕਰਣ ਦਾ ਫ਼ੈਸਲਾ ਕੀਤਾ. ਰਾਮਸਰਨ ਦਾਸ ਆਪਣੀ ਮਾਮੂਲੀ ਤਨਖ਼ਵਾਹ ਨਾਲ, ਮੁਸ਼ਕਲ ਹਾਲ ਵਿੱਚ, ਆਪਣੇ ਪਰਵਾਰ ਲਈ ਦੋ ਵਕਤ ਦਾ ਖਾਣਾ ਮੁਹੱਇਆ ਕਰਾ ਸਕਦਾ ਸੀ ਅਤੇ ਦਾਜ ਕਿਥੋਂ ਆਉਂਦਾ?

ਚਕਵਾਲ ਦੀ ਬਰਾਦਰਿਆਂ ਇਕੱਠਾ ਹੋਇਆਂ ਅਤੇ ਸਿਯਾਨੇ ਲੋਕਾਂ ਦੀ ਅਗਵਾਈ ਵਿੱਚ, ਜਿਸ ਦੇ ਵਿੱਚ ਹਰਬੰਸ ਸਿੰਘ ਸੀਸਤਾਨੀ, ਮਾਸਟਰ ਗਿਆਨਚੰਦ, ਤ੍ਰਿਲੋਕੀਨਾਥ ਏਡਵੋਕੇਟ, ਬੱਰਹੱਨੁਦੀਨ ਖੋਜਾ, ਅਮੀਨ ਕੁਰੇਸ਼ੀ (ਜਿਸ ਦੀ ਸ਼ਹਿਰ ਤੇ ਮੀਟ ਦੀ ਇਕੱਲੀ ਦੁਕਾਨ ਸੀ), ਕਾਜ਼ੀ ਉਮਰ ਅਤੇ ਮਾਸਟਰ ਬੁਧਰਾਮ ਸ਼ਾਮਲ ਸਨ, ਚਕਵਾਲ ਦੇ ਨਾਗਰਿਕਾਂ ਨੇ ਇੱਕ ਰਾਏ ਨਾਲ ਇਸ ਤਜਵੀਜ਼ ਉਪਰ ਮੁਹਰ ਲਗਾ ਦਿੱਤੀ ਕਿ ਕੋਈ ਵੀ ਆਪਣੀ ਬੇਟੀ ਦੀ ਸ਼ਾਦੀ ਤੇ ਪੰਜ ਸੌ ਰੁਪਏ ਤੋਂ ਜ਼ਿਆਦਾ ਦੀ ਦਾਜ ਨਹੀਂ ਦੇਗਾ, ਭਾਂਵੇ ਹੀ ਕੁੜੀ ਦੇ ਪਿਤਾ ਦੀ ਮਾਲੀ ਹਾਲਤ ਚੰਗੀ ਕਿਉਂ ਨਾ ਹੋਵੈ (ਇਸੇ ਤਰ੍ਹਾਂ ਤੁਲਨਾ ਤੋਂ ਬਚਨਾ ਅਤੇ ਇੰਤਿਆਜ਼ ਨੂੰ ਢੱਕਿਆ ਜਾ ਸਕਦਾ ਸੀ). ਇਸ ਹੁਕਮ ਦੀ ਗੈਰਫ਼ਰਮਾਨੀ ਕਰਣ ਵਾਲੇ ਨੂੰ ਬਰਾਦਰੀ ਤੋਂ ਕੱਢ ਦਿੱਤਾ ਜਾਂਦਾ. ਇਹ ਸਮਾਹ, ਜੋ ਰਵਾਇਤੀ ਵਿਚਾਰਾਂ ਵਿੱਚ ਡੁਬਿਆ ਇੱਕ ਰੂੜੀਵਾਦੀ ਸਮਾਜ ਲਗਦਾ ਸੀ, ਦਰਅਸਲ ਤੱਰਕੀਪਸੰਦ ਸਮਾਜ ਸੀ (Dutta, 2000: 4).

ਰਾਉ ਅਬਦੁਰ ਰਸ਼ੀਦ, ਪੰਜਾਬ, ਪਾਕਿਸਤਾਨ ਦੇ ਇੱਕ ਸਾਬਕਾ ਇੰਸਪੇਕਟਰ ਜੈਨਰਲ, ਪੁਲਿਸ ਨੇ ਉਸ ਵਕਤ ਪੂਰਬੀ ਜ਼ਿਲ੍ਹੇ ਰੋਹਤਕ ਦੇ ਇੱਕ ਪਿੰਡ ਕਲਾਨੈਰ ਦੇ ਸਮਾਜਕ ਹਾਲਾਤਾਂ ਉਪਰ ਇੱਕ ਬਹੁਤ ਦਿਲਚਸਪ ਤਸਵੀਰ ਪੇਸ਼ ਕੀਤੀ ਹੈ. ਉਹ ਲਿਖਦੇ ਨੇ:

ਸਾਡਾ ਪਿੰਡ (ਕਲਾਨੈਰ) ਮੁਸਲਿਮ ਰਾਜਪੂਤਾਂ ਦਾ ਗੱੜ੍ਹ ਸੀ. ਉਹ ਬਹੁਤ ਕੜੇ ਰਾਜਪੂਤ ਸਨ. ਉਹ ਬਹੁਤ ਖਿਆਲ ਨਾਲ ਆਪਣੇ ਲਹੂ ਦੀ ਪਾਕੀਜ਼ਗੀ ਦੀ ਹਿਫ਼ਾਜਤ ਕਰਦੇ ਸੀ. ਉਹ ਕਿਸੇ ਵੀ ਵਿਆਹ ਦੇ ਪ੍ਰਸਤਾਵ ਦੀ ਰਜਾਮੰਦੀ ਕਾਫ਼ੀ ਪੜਤਾਲ ਦੇ ਬਾਅਦ ਦੇਂਦੇ ਸੀ (ਇਹ ਪੱਕਾ ਕਰਣ ਲਈ ਕਿ ਉਨ੍ਹਾਂ ਦੇ ਖੂਨ ਨਾਲ ਮਾਕੂਲ ਖੂਨ ਦਾ ਮੇਲ ਹੋਵੇ...ਕਲਾਨੈਰ ਇੱਕ ਵੱਡਾ ਪਿੰਡ ਸੀ. ਇਸ ਦੀ ਆਬਾਦੀ ਕੋਈ 10000 ਸੀ. ਅੱਧ ਤੋਂ ਜ਼ਿਆਦਾ ਮੁਸਲਮਾਨ ਰਾਜਪੂਤ ਸਨ. ਸਾਰੀ ਜ਼ਮੀਨ ਵੀ ਮੁਸਲਮਾਨ ਰਾਜਪੂਤਾਂ ਦੀ ਸੀ. ਹਿੰਦੂ ਵਪਾਰੀ ਜਿਨ੍ਹਾਂ ਦਾ ਵਪਾਰ ਕੱਲਕਤੇ ਜਾਂ ਉਸ ਤੋਂ ਵੀ ਦੂਰ ਹੁੰਦਾ ਸੀ, ਮੁਸਲਮਾਨ ਰਾਜਪੂਤਾਂ ਦੀ ਜ਼ਮੀਨ ਉਪਰ ਘਰ ਬਣਾ ਚੁਕੇ ਸੀ. ਉਹ 1 ਜਾਂ 1.25 ਰੁਪਐ ਸਾਲਾਨਾ, ਇੱਕ ਮਾਮੂਲੀ ਕਿਰਾਇਆ, ਦੇਂਦੇ ਸੀ. ਜਦ ਇਨ ਹਿੰਦੂਆਂ ਵਿੱਚ ਕੋਈ ਵਿਆਹ ਹੁੰਦਾ ਸੀ, ਉਹ ਆਪਣੇ ਲੜਕੇ (ਦੂਲਹੇ) ਨੂੰ ਇੱਕ ਘੋੜੀ ਉਪਰ ਬਿਠਾ ਕੇ, ਰਾਜਪੂਤ ਜ਼ਮੀਨਦਾਰ ਦੇ ਘਰ ਸਤਕਾਰ ਲਈ ਲੈ ਆਉਂਦੇ ਸੀ. ਉਹ ਮਿਠਾਇਆਂ ਅਤੇ ਦੂਜੇ ਤੋਹਫੇ ਵੀ ਲੈ ਕੇ ਆਉਂਦੇ ਸੀ. ਇਹ ਇੱਕ ਰਿਵਾਜ਼ ਸੀ ਜਿਸ ਦੇ ਬਿਣਾ, ਕੋਈ ਸ਼ਾਦੀ ਦੀ ਰਸਮ ਪੂਰੀ ਨਹੀਂ ਹੁੰਦੀ ਸੀ. ਸਿਰਫ਼ ਇਸ ਵਕਤ ਹੀ ਕੋਈ ਹਿੰਦੂ ਸਾਡੀ ਗਲਿਆਂ ਵਿੱਚ ਘੋੜੀ ਚੜ ਸਕਦਾ ਸੀ. ਹੋਰ ਕਿਸੇ ਮੌਕੇ ਤੇ, ਗੈਰ-ਰਾਜਪੂਤ ਸਾਡੇ ਪਿੰਡ ਤੇ ਘੋੜੇ ਉਪਰ ਨਹੀਂ ਚੜ ਸਕਦੇ ਸੀ.

ਹਿੰਦੂ ਰਾਜਪੂਤਾਂ ਨਾਲ ਸਾਡੇ ਖੂਨੀ ਰਿਸ਼ਤੇ ਸੀ. ਸਾਡੀ ਬਰਾਦਰੀ ਇੱਕ ਸੀ. ਪੰਚਾਅਿਤਾਂ ਵਿੱਚ ਹਿੰਦੂ ਅਤੇ ਮੁਸਲਮਾਲ ਇਕੱਠੇ ਬੈਠ ਕੇ ਫ਼ੈਸਲੇ ਕਰਦੇ ਹੋਰ ਦੇਂਦੇ ਸੀ. ਪਾਕਿਸਤਾਨ ਬਣਣ ਦੀ ਮੁਹਿਮ ਚਲਣ ਤੋਂ ਪਹਿਲਾਂ, ਹਿੰਦੂ ਅਤੇ ਮੁਸਲਮਾਲ ਵਿੱਚ ਕੋਈ ਫ਼ਰਕ ਨਹੀਂ ਸੀ; ਰਾਜਪੂਤ ਅਤੇ ਗੈਰ-ਰਾਜਪੂਤ ਵਿੱਚ ਫ਼ਰਕ ਹੈ ਸੀ. ਰਾਜਪੁਤ

(ਹਿੰਦੂ ਅਤੇ ਮੁਸਲਮਾਲ) ਆਪਣੇ ਆਪ ਨੂੰ ਬਿਹਤਰ ਸਮਝਦੇ ਸੀ; ਹੋਰ ਉਹ ਬਿਹਤਰ ਸਨ ਕਿਉਂਕਿ ਸਾਰੀ ਜ਼ਮੀਨ ਉਨ੍ਹਾਂ ਦੀ ਸੀ.....ਮਗਰ ਜਦ ਪਾਕਿਸਤਾਨ ਬਣਾਉਣ ਦੀ ਮੁਹਿੰਮ ਤੇਜ ਹੋ ਗਈ, ਹਿੰਦੂ-ਮੁਸਲਮਾਲ ਤਣਾਅ ਵੀ ਵਧ ਗਿਆ. ਇੱਕ ਪਿੰਡ ਵਿੱਚ ਕੁੱਝ ਹਿੰਦੂ ਮੁੰਡੇਆਂ ਨੇ ਇੱਕ ਮਸੀਤ ਨੂੰ ਅੱਗ ਲਗਾ ਦਿੱਤੀ. ਉਨ੍ਹਾਂ ਦੇ ਵੱਡ-ਵੱਡੇਰੇ ਬੜੇ ਦੁਖੀ ਹੋਏ. ਇੱਕ ਪੰਚਾਅਿਤ ਬੁਲਾਈ ਗਈ ਜਿਸ ਵਿੱਚ ਹਿੰਦੂ ਅਤੇ ਮੁਸਲਮਾਲ ਇਕੱਠੇ ਬੈਠੇ. ਹਿੰਦੂ ਰਾਜਪੂਤ ਬਜ਼ੁਰਗਾਂ ਨੇ ਮਾਫ਼ੀ ਮੰਗੀ ਅਤੇ ਮਸੀਤ ਦੀ ਮੁਰਮਤ ਕਰਾਉਣ ਦੀ ਪੇਸ਼ਕਸ਼ ਕੀਤੀ. ਇਸੇ ਤਰ੍ਹਾਂ, ਭਾਈਚਾਰੇ ਦਾ ਇਹਸਾਸ ਫਿਰ ਵਾਪਸ ਆ ਗਿਆ. ਇੱਕ ਹਿੰਦੂ ਰਾਜਪੂਤ ਨੇ ਬਹੁਤ ਜਜ਼ਬਾਤੀ ਤੋਰ ਤੇ ਕਿਹਾ:

'ਅਸੀਂ ਇੱਕ ਮਾਤਾ ਦੀ ਔਲਾਦ ਹਾਂ. ਇੱਕ ਇਨਕਲਾਬ ਆਇਆ ਅਤੇ ਅਸੀਂ ਵੱਖ ਵੱਖ ਰਸਤਿਆਂ ਤੇ ਚਲੇ ਗਏ (ਮਤਲਬ: ਕੁੱਝ ਮੁਸਲਮਾਨ ਬਣ ਗਏ ਅਤੇ ਦੂਜੇ ਹਿੰਦੂ ਬਣੇ ਰਹੇ). ਹੁਣ ਫਿਰ ਇੱਕ ਇਨਕਲਾਬ ਹੋਣ ਵਾਲਾ ਹੈ. ਕਿਉਂ ਨਾ ਅਸੀ ਫਿਰ ਇੱਕ ਹੋ ਜਾਈਏ? ਤੂਸੀ ਆਪਣੇ ਖ਼ੂਣ ਦੇ ਰਿਸ਼ਤੇ ਨੂੰ ਛੱਡ ਕੇ ਕਿਸੇ ਦੂਜੇ ਮੁਲਕ ਕਿਉਂ ਜਾਣਾ ਚਾਹੁੰਦੇ ਹੋ? ਇਹ ਇਲਤਿਜਾ ਬਹੁਤ ਸੱਚਾਈ ਨਾਲ ਕੀਤੀ ਗਈ ਸੀ..... ਸਾਡੇ ਕੁੱਝ ਬਜ਼ੁਰਗਾਂ ਜੋ ਸਖ਼ਤਗੀਰ ਮੁਸਲਮਾਨ ਸਨ ਮਗਰ ਪੁਰਾਣੀ ਰਵਾਇਤਾਂ ਅਤੇ ਅਦਬ ਦੀ ਵੀ ਕਦਰ ਕਰਦੇ ਸੀ, ਨੇ ਕਿਹਾ, 'ਭਰਾਵੋਂ ਅਸੀਂ ਤੁਹਾਡੇ ਸੱਦੇ ਬਾਰੇ ਸੋਚਾਂਗੇ ਹੋਰ ਬਾਅਦ ਵਿੱਚ ਜਵਾਬ ਦੇਵਾਂਗੇ. ਮੇਰਾ ਮਰਹੂਮ ਭਰਾ ਉਠ ਕੇ ਖੜਾ ਹੋਇਆ ਹੋਰ ਸਾਡੇ ਬੁਜ਼ੁਰਗਾਂ ਨੂੰ ਕਿਹਾ, 'ਤੂਸੀ ਸਭ ਆਪਣਾ ਮਜ਼ਹਬ ਤਬਦੀਲ ਕਰਨਾ ਚਾਹੁੰਦੇ ਹੋ? ਉਨ੍ਹਾਂ ਨੇ ਕਿਹਾ 'ਨਹੀਂ'. ਤਦ ਉਸ ਨੇ ਕਿਹਾ, 'ਇਸ ਗੱਲ ਬਾਰੇ ਸੋਚ ਕੇ, ਕਿ ਫ਼ਾਇਦਾ ਹੈ?'. ਉਸ ਦੇ ਬਾਅਦ ਉਸ ਨੇ ਸਾਰੀ ਪੰਚਾਅਿਤ ਦੇ ਸਾਹਮਣੇ ਕਿਹਾ ਕਿਉਂਕਿ ਦੋਨਾ ਨੂੰ ਆਪਣਾ ਮਜ਼ਹਬ ਬਹੁਤ ਅਜ਼ੀਜ਼ ਹੈ, ਨਾ ਤੇ ਅਸੀਂ ਆਪਣਾ ਮਜ਼ਹਬ ਬਦਲਾਂਗੇ ਨਾ ਤੂਹਾਡੇ ਤੋਂ ਇਹ ਉੱਮੀਦ ਰਖਦੇ ਹਾਂ.' (Rashid, 2010: 15–19).

ਚੌਧਰੀ ਮੁਹੱਮਦ ਬਸ਼ੀਰ

'ਮੇਰੀ ਪੈਦਾਈਸ਼ ਪਿੰਡ ਮੱਖਨਪੁਰ, ਤਹਸੀਲ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ਤੇ 1932 ਵਿੱਚ ਹੋਈ. ਸਾਡਾ ਪਿੰਡ ਅੱਧਾ ਮੁਸਲਮਾਨ ਅਤੇ ਅੱਧਾ ਹਿੰਦੂ ਸੀ. ਸਾਡਾ ਅਰਾਇਨ ਕਿਸਾਨਾਂ ਦੀ ਅਗਵਾਈ ਕਰਦਾ ਇੱਕ ਮੁਸਲਿਮ ਪਰਵਾਰ ਸੀ. ਸਾਡੇ ਪਿੰਡ ਵਿੱਚ ਮੁਸਲਿਮ ਗੁਜਰ ਵੀ ਰਹਿੰਦੇ ਸੀ. ਹਿੰਦੂ ਬ੍ਰਾਹਮਣ ਜਾਂ ਖਤਰੀ ਸਨ. ਅਸੀ ਇੱਕ ਦੂਜੇ ਨੂੰ ਹਰ ਕਿਸਮ ਦੀ ਮਦਦ ਕਰਦੇ ਸੀ. ਕਦੀ ਕੋਈ ਝਗੜਾ ਨਹੀਂ ਹੁੰਦਾ ਸੀ. ਦੂਜੀ ਤਰਫ਼, ਸੱਚਾ ਪਿਆਰ ਅਤੇ ਹਮਦਰਦੀ ਮੌਜੂਦ ਸੀ. ਮੈਨੂੰ, ਖ਼ਾਸ ਕਰ ਕੇ ਇੱਕ ਪੜੋਸੀ ਪੰਡਿਤ ਬੁਆ ਦਿੱਤਾ ਯਾਦ ਹੈ. ਉਹ ਇੱਕ ਸਾਹੂਕਾਰ ਸੀ, ਮਗਰ ਉਸ ਦਾ ਦਿੱਲ ਸੋਨੇ ਦਾ ਸੀ. ਇੱਕ ਵਾਰ ਮੇਰੀ ਅੱਖਾਂ ਇੱਕ ਏਲਰਜੀ ਦੀ ਵਜ੍ਹਾ ਨਾਲ ਸੂਜ ਕੇ ਲਾਲ ਹੋ ਗਈਆਂ. ਮੈਂ ਰੋ ਰਿਹਾ ਸੀ. ਉਸ ਨੇ ਮੈਨੂੰ ਛਤ ਤੋਂ ਸੂਣਿਆ. ਪੰਡਿਤ ਜੀ ਨੇ ਕਿਹਾ, "ਪੁਤਰ, ਰੋ ਨਹੀਂ ਮੈਂ ਤੇਰੀ ਮਦਦ ਕਰਾਂਗਾ." ਉਹ ਕੋਈ ਦਵਾਈ ਲੈ ਕੇ ਆਏ, ਜੋ ਉਨ੍ਹਾਂ ਨੇ ਮੇਰੀ ਅੱਖਾਂ ਵਿੱਚ ਪਾ ਦਿੱਤੀ ਅਤੇ ਬਹੁਤ ਜਲਦ ਮੈਂ ਠੀਕ ਹੋ ਗਿਆ. ਪਾਕਿਸਤਾਨ ਆ ਕੇ ਮੈਂ ਬਹੁਤ ਕਾਮਯਾਬ ਹਾਂ ਮਗਰ ਮੇਰਾ ਦਿਲ ਹੁਣ ਵੀ ਮੇਰੇ ਪਿੰਡ (ਇੰਡਿਆ) ਵਿੱਚ ਹੈ.'

ਰਾਨਾ ਮੁਹੱਮਦ ਰਸ਼ੀਦ

'ਮੇਰਾ ਤਾਲੁੱਕ ਰਾਜਪੂਤ ਬਰਾਦਰੀ ਨਾਲ ਹੈ. ਮੇਰਾ ਜਨਮ 21 ਦਸੰਬਰ 1928 ਨੂੰ ਮੋਜ਼ਾ ਮੁਘਿਆਂ ਰਾਜਪੂਤ, ਜ਼ਿਲ੍ਹਾ ਹੁਸ਼ਿਆਰਪੁਰ ਤੇ ਮੇਰੇ ਨਾਨਕੇ ਤੇ ਹੋਇਆ. ਸਾਡਾ ਪੂਰਾ ਪਿੰਡ ਮੁਸਲਮਾਨ ਸੀ, ਹੋਰ ਅਰਾਇਨ ਸਭ ਤੋਂ

ਵੱਡੀ ਬਰਾਦਰੀ ਸੀ ਮਗਰ ਅਸੀਂ ਸਭ ਤੋਂ ਜ਼ਿਆਦਾ ਜ਼ਮੀਨ ਦੇ ਮਾਲਕ ਸੀ, ਹੋਰ ਸਾਨੂੰ ਚੌਧਰੀ ਕਿਹਾ ਜਾਂਦਾ ਸੀ. ਮੈਂ ਤਹਸੀਲ ਬੰਗਾ, ਕਪੂਰਥਲੇ ਤੇ ਤਾਲੀਮ ਹਾਸਲ ਕੀਤੀ. ਜ਼ਿਆਦਾਤਰ ਸ਼ਾਗੀਰਦ ਅਤੇ ਉਸਤਾਦ ਹਿੰਦੂ ਸਨ. ਜਦ ਅਸੀਂ ਮੈਟਰੀਕ ਦੇ ਇਮਤਿਹਾਨ ਦੀ ਤਿਆਰੀ ਕਰ ਰਹੇ ਸੀ, ਪੰਡਿਤ ਸ਼ਾਮ ਸਰੂਪ ਨੇ ਮੈਨੂੰ ਕਿਹਾ ਕਿ ਅਗਰ ਪੰਜ, ਝੇ ਮੁੰਡੇ ਇਕੱਠੇ ਹੋ ਜਾਣ ਤੇ ਉਹ ਸਾਨੂ ਕੋਚਿੰਗ ਦੇਣਗੇ. ਮਾਸਟਰਜੀ ਰੋਜ ਸਵੇਰੇ ਆ ਜਾਉਂਦੇ ਹੋਰ ਦੁਪਹਿਰ ਤੱਕ ਸਾਡੀ ਮਦਦ ਕਰਦੇ. ਉਹ ਕੋਈ ਪੈਸੇ ਨਹੀਂ ਲੈਂਦੇ ਸੀ. ਉਨ੍ਹਾਂ ਦੇ ਘਰ ਹੋਰ ਸਾਡੇ ਪਿੰਡ ਦੇ ਵਿੱਚ ਇੱਕ ਕਬਰਸਤਾਨ ਹੁੰਦਾ ਸੀ ਜਿੱਥੇ ਅਸੀਂ ਮਿਲਦੇ ਸੀ. ਜਦ ਮੈਂ ਪਾਕਿਸਤਾਨ ਆ ਗਿਆ (ਤਕਸੀਮ ਦੇ ਦੌਰਾਨ), ਉਨ੍ਹਾਂ ਨੂੰ ਮੈਂ ਛਿਛਾਵਤਨੀ ਤੋਂ ਇੱਕ ਚਿੱਠੀ ਲਿਖੀ ਅਤੇ ਰਸਤੇ ਵਿੱਚ ਹੋਈ ਆਪਣੇ ਮਾਂ-ਬਾਪ ਦੀ ਮੌਤ ਅਤੇ ਬਗੈਰ ਕਿਸੇ ਮਦਦ ਦੇ ਪਾਕਿਸਤਾਨ ਜਾਉਣ, ਬਾਰੇ ਦੱਸਿਆ. ਵੀਹ ਦਿਨਾਂ ਬਾਅਦ ਮੈਨੂੰ ਇੱਕ ਜਵਾਬ ਮਿਲਿਆ ਜਿਸ ਦੇ ਵਿੱਚ ਉਨ੍ਹਾਂ ਨੇ ਲਿਖਿਆ ਕਿ ਜਦ ਉਨ੍ਹਾਂ ਦੀ ਮਾਤਾ ਨੂੰ ਪਤਾ ਚਲਿਆ ਕਿ ਸਾਡੇ ਨਾਲ ਕੀ ਹੋਇਆ ਸੀ, ਉਹ ਇਈ ਗ਼ਮਗੀਨ ਹੋਈ ਕਿ ਸਾਰਾ ਦਿਨ ਖਾਣਾ ਨਹੀਂ ਬਣਾਇਆ.'

ਅਹਦ ਮਲਿਕ

'ਮੇਰਾ ਜਨਮ 1936 ਨੂੰ ਜਲੰਧਰ ਸ਼ਹਿਰ ਤੇ ਹੋਇਆ. ਮੇਰੇ ਪਿਤਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਆ ਤਹਸੀਲ ਤੋਂ ਸੀ ਅਤੇ ਉਨ੍ਹਾਂ ਦੀ ਬਰਾਦਰੀ ਡੋਗਰ ਸੀ. ਮੇਰੀ ਮਾਂ ਇੱਕ ਜਲੰਧਰੀ ਅਰਾਇਨ ਸੀ. ਅਸੀਂ ਮਹੱਲਾ ਇੱਕਰਾਰ ਖਾਨ, ਕੁਚਾ ਹਾਸ਼ਿਮਪੁਰਾ ਤੇ ਰਹਿੰਦੇ ਸੀ. ਮੈਂ ਜੇੜੇ ਸ਼ਹਿਰ ਵਿੱਚ ਵੱਡਾ ਹੋਇਆ ਉਸ ਦੇ ਵਿੱਚ ਸਿਆਸੀ ਸਰਗਰਮਿਆਂ ਬਹੁਤ ਜ਼ਿਆਦਾ ਸੀ. ਹਿੰਦੂ ਅਤੇ ਮੁਸਲਮਾਲ ਵੱਖ ਵੱਖ ਮਹੱਲਿਆਂ ਤੇ ਰਹਿੰਦੇ ਸੀ. ਲਾਲਾ ਬਿਹਾਰੀ ਮੱਲ ਦਾ ਦੂਧ ਦਾ ਵਪਾਰ ਸਾਡੇ ਇਲਾਕੇ ਵਿੱਚ ਸੀ. ਦਰਅਸਲ ਉਹ ਜਲੰਧਰ ਨੂੰ ਦੂਧ ਮੁਹੱਇਆ ਕਰਾਉਣ ਵਾਲਾ ਖਾਸ ਬੰਦਾ ਸੀ. ਉਹ ਇੱਕ ਬਹੁਤ ਨੇਕ ਇਨਸਾਨ ਸੀ ਅਤੇ ਸਾਡੇ ਨਾਲ ਬਹੁਤ ਚੰਗਾ ਵਰਤਾਅ ਕਰਦਾ ਸੀ. ਉਸ ਦੇ ਕੋਲ ਇੱਕ ਦਵਾਈ ਹੁੰਦੀ ਸੀ ਜੋ ਹਰ ਇੱਕ ਨੂੰ ਦੰਦ ਪੀੜ ਹੋਣ ਨਾਲ ਉਹ ਦੇਂਦਾ ਸੀ. ਉਹ ਇਸ ਨੂੰ ਕਪਾਹ ਵਿੱਚ ਲਗਾ ਕੇ ਮਸੂੜੇ ਉਪਰ ਰੱਖ ਦੇਂਦਾ ਹੋਰ ਦਰਦ ਇੱਕ ਕਰਿਸ਼ਮੇ ਦੀ ਤਰ੍ਹਾਂ ਘੱਟ ਹੋ ਜਾਂਦਾ ਸੀ. ਰਮਜ਼ਾਨ ਦੇ ਮਹੀਨੇ ਅਗਰ ਕੋਈ ਮੁਸਲਿਮ ਪਰਵਾਰ ਦਾ ਬੱਚਾ ਉਸ ਦੀ ਦੁਕਾਨ ਤੇ ਜਾਂਦਾ ਤੇ ਉਹ ਉਸ ਨੂੰ ਮੁਫ਼ਤ ਦੂਧ ਦੇ ਦੇਂਦਾ. ਉਹ ਰੱਬ ਤੋਂ ਡਰਣ ਵਾਲਾ ਇੱਕ ਬੰਦਾ ਸੀ. ਉਸ ਦਾ ਪੁੱਤਰ ਡਿਫੇਂਸ ਮਹਕਮੇ ਤੇ ਇੱਕ ਵੱਡੇ ਅਹੁਦੇ ਤੇ ਕੱਮ ਕਰਦਾ ਸੀ. ਮੇਰੇ ਵਾਲਿਦ ਉਣ ਦਿਨੀ ਪੈਲੇਸਟੀਨ ਤੇ ਮੁਲਾਜ਼ਮਤ ਕਰ ਰਹੇ ਸੀ. ਮੇਰੀ ਮਾਂ ਬਹੁਤ ਪਰੇਸ਼ਾਨ ਸੀ ਅਤੇ ਉਨ੍ਹਾਂ ਦੀ ਇੰਡੀਆ ਤਬਾਦਲੇ ਲਈ ਬਿਹਾਰੀ ਮੱਲ ਦੇ ਬੇਟੇ ਕੋਲੋਂ ਮਦਦ ਮੰਗੀ. ਉਸ ਨੇ ਇਸ ਦਾ ਕੁੱਝ ਦਿਨਾਂ ਤੇ ਹੀ ਇੰਤਜਾਮ ਕਰ ਦਿੱਤਾ. ਹੋਰ ਵੀ ਭਲੇ ਹਿੰਦੂ ਸਨ. ਕੁੱਝ ਮੇਰੇ ਬਜ਼ੁਰਗਾਂ ਦੇ ਨਜਦੀਕੀ ਸਨ, ਜੈਦਾਂ ਕਿ ਪ੍ਰੇਮ ਸਹਗਲ ਜੋ ਮਹਾਨ ਗੁਲੂਕਾਰ ਕੇ.ਐਲ.ਸਹਗਲ ਦੇ ਭਰਾ ਸਨ.

'ਮਗਰ ਜ਼ਿਆਦਾਤਰ ਹਿੰਦੂ ਸਾਡੇ ਨਾਲ ਦੂਰੀ ਰੱਖਦੇ ਸੀ. ਜਦ ਅਸੀ ਉਨ੍ਹਾਂ ਦੀ ਦੁਕਾਨਾਂ ਤੇ ਮਿਠਾਈ ਲੈਣ ਜਾਂਦੇ ਸੀ, ਉਹ ਸਾਨੂ ਛੂਣ ਤੋਂ ਬਚਦੇ ਸੀ. ਇੱਕ ਵਾਰ 1945 ਵਿੱਚ ਅਸੀਂ ਲਾਹੌਰ ਤੋਂ ਫਰੰਟਿਅਰ ਮੇਲ ਤੇ ਵਾਪਸ ਆਏ. ਰਾਤ ਦਾ ਵਕਤ ਸੀ ਜਦ ਅਸੀ ਜਲੰਧਰ ਪਹੁੰਚੇ. ਉਣ ਦਿਨਾਂ ਤੇ ਸਿਰਫ਼ ਤਾਂਗੇ ਹੀ ਆਵਾਜਾਈ ਦੇ ਸਾਧਨ ਹੁੰਦੇ ਸੀ. ਇੱਕ ਮੁਸਲਮਾਨ ਜੱਟ ਤਾਂਗੇਵਾਲਾ, ਜੋ ਸਾਡੇ ਪਰਵਾਰ ਨੂੰ ਜਾਣਦਾ ਸੀ, ਸਾਨੂੰ ਤਾਂਗੇ ਉਪਰ ਚੜ੍ਹਣ ਨੂੰ ਕਿਹਾ. ਇੱਕ ਹਿੰਦੂ ਜੋੜਾ ਵੀ ਉਸੀ ਟ੍ਰੇਨ ਤੇ ਆਇਆ ਅਤੇ ਇਕੱਲੇ ਉਸ ਤਾਂਗੇ ਨੂੰ ਲੈਣਾ ਚਾਉਂਦਾ ਸੀ,

ਕਿਉਂਕਿ ਉਹ ਮੁਸਲਮਾਨਾਂ ਨਾਲ ਸਫ਼ਰ ਨਹੀਂ ਕਰਨਾ ਚਾਹੁੰਦੇ ਸੀ. ਤਾਂਗੇਵਾਲੇ ਨੇ ਉਨ੍ਹਾਂ ਨੂੰ ਇਸੇ ਤਾਂਗੇ ਉਪਰ ਸਵਾਰੀ ਕਰਣ ਨੂੰ, ਜਾਂ ਫਿਰ ਪੈਦਲ ਚਲੇ ਜਾਣ ਨੂੰ ਕਿਹਾ. ਬਹੁਤ ਝਿਜਕ ਨਾਲ ਉਹ ਰਾਜੀ ਹੋਏ ਅਤੇ ਸਾਹਮਣੇ ਬੈਠੇ ਤਾਂਕਿ ਕਿਸੇ ਨਾਲ ਉਨ੍ਹਾਂ ਦਾ ਸਪਰਸ਼ ਨਾ ਹੋਵੇ. ਹਾਲਾਂਕਿ ਇਕਤੀਸਾਦੀ ਤੌਰ ਤੇ ਹਿੰਦੂ ਬਹੁਤ ਮਜਬੂਤ ਸਨ ਅਤੇ ਕਾਰਖਾਨੇ, ਵਪਾਰ ਦੇ ਮਾਲਕ ਸਨ, ਕੁੱਝ ਨਾਮੀ ਮੁਸਲਮਾਨ ਪਰਵਾਰ ਵੀ ਸਨ, ਜਿਨ੍ਹਾਂ ਦੀ ਵਾਹੀ ਦੀ ਜ਼ਮੀਨ ਸੀ ਅਤੇ ਜੋ ਕਈ ਤਰ੍ਹਾਂ ਦੀ ਖਾਣ-ਪੀਣ ਅਤੇ ਫਲ ਬਾਜ਼ਾਰਾਂ ਦੇ ਮਾਲਕ ਸਨ. ਕਈ ਮੁਸਲਮਾਨ ਜ਼ਮੀਨਦਾਰ ਹਿੰਦੂਆਂ ਦੇ ਕਰਜ਼ਦਾਰ ਸੀ.'

ਸਈਦ ਇਜਾਜ਼ ਹੁਸੈਨ ਜਾਫ਼ਰੀ

'ਮੈਂ ਮੇਹਤਪੁਰ ਕਸਬਾ, ਤਹਸੀਲ ਨਕੋਦਰ, ਜ਼ਿਲ੍ਹਾ ਜਲੰਧਰ ਦੇ ਹਕੀਮਾਂ ਦੇ ਇੱਕ ਪਰਵਾਰ ਨਾਲ ਤਾਲੁੱਕ ਰਖਦਾ ਹਾਂ...ਸਾਡਾ ਇੱਕ ਛੋਟਾ ਪਿੰਡ ਸੀ ਜਿੱਥੇ ਹਿੰਦੂ, ਸਿੱਖ ਅਤੇ ਮੁਸਲਮਾਨ, ਇਸਾਈ - ਸਾਰੇ ਅਮਨ ਹੋਰ ਭਾਈਚਾਰੇ ਵਿੱਚ ਰਹਿੰਦੇ ਸੀ. ਕੋਈ ਦੁਸ਼ਮਨੀ ਨਹੀਂ ਸੀ, ਸਿਰਫ਼ ਮੁਹੱਬਤ ਸੀ. ਸਾਡੇ ਬਜੁਰਗ ਅੱਖਾਂ ਦਾ ਔਪਰੇਸ਼ਨ ਵੀ ਕਰ ਲੇਂਦੇ ਸੀ. ਸਾਡੇ ਪਿੰਡ ਵਿੱਚ ਵਿਆਹ ਸ਼ਾਦੀ ਦੇ ਦੌਰਾਨ ਆਉਣ ਵਾਲੇ ਸਾਰੇ ਬਰਾਤਿਆਂ ਦੀ ਆਉ-ਭਗਤ ਕੀਤੀ ਜਾਂਦੀ ਹੋਰ ਸਾਡੀ ਹਵੇਲੀ ਵਿੱਚ ਉਹ ਇੱਕ ਦਿਨ ਲਈ ਠਹਿਰ ਵੀ ਸਕਦੇ ਸੀ. ਕਿਰਾਇਆ ਲੈਣ ਦਾ ਸਵਾਲ ਈ ਪੈਦਾ ਨਹੀਂ ਹੁੰਦਾ ਸੀ. ਹਿੰਦੂ ਅਤੇ ਸਿੱਖ ਮੁਹਰੱਮ ਦੀ ਰਸਮਾਂ ਵਿੱਚ ਹਿੱਸਾ ਲੈਂਦੇ ਸੀ, ਜਦ ਕਿ ਅਸੀਂ ਹਿੰਦੂ ਅਤੇ ਸਿੱਖ ਜਸ਼ਨਾਂ ਵਿਚ. ਦਰਅਸਲ ਹਿੰਦੂ ਅਤੇ ਸਿੱਖ ਸਾਡੇ ਘਰ ਖਾਂਦੇ ਸੀ ਅਤੇ ਅਸੀਂ ਉਨ੍ਹਾਂ ਦੇ ਘਰ.

'ਤਕਸੀਮ ਤੋਂ ਕੁੱਝ ਸਾਲ ਪਹਿਲਾਂ ਮੇਰੇ ਵਾਲਿਦ ਨੇ ਮੇਰੇ ਉਸਤਾਦ ਗੁਰਦਾਸ ਰਾਮ ਪੰਡਿਤ ਨੂੰ ਮੈਨੂੰ ਵਪਾਰ ਸਿੱਖਣ ਬਾਰੇ ਮਦਦ ਕਰਣ ਨੂੰ ਕਿਹਾ. ਉਨ੍ਹਾਂ ਨੇ ਮੈਨੂੰ ਲਾਹੌਰ ਤੇ ਹਰਨਾਮ ਸਿੰਘ ਕੋਲ ਭੇਜਿਆ ਜੋ ਧਰਮਪੁਰੇ ਦੇ ਇਲਾਕੇ ਤੇ ਘੜਿਆਂ ਦੀ ਮੁਰਮੱਤ ਕਰਦਾ ਸੀ. ਜਦ ਤਕਸੀਮ ਹੋਈ ਤਦ ਹੀ ਲੋਕਾਂ ਨੂੰ ਮਹਿਸੂਸ ਹੋਇਆ ਕਿ ਇੰਡੀਆ ਦੇ ਦੋ ਟੁਕੜੇ ਹੋਣਗੇ. ਲਾਹੌਰ ਤੇ ਮੈਨੂੰ ਲਗਿਆ ਕਿ ਹਾਲਾਤ ਬਹੁਤ ਜਲਦ ਵਿਗੜ ਜਾਣਗੇ. ਇਸ ਲਈ, ਮੈਂ ਆਪਣੇ ਪਰਵਾਰ ਅਤੇ ਰਿਸ਼ਤੇਦਾਰਾਂ ਨੂੰ ਲਾਹੌਰ ਲੈ ਜਾਉਣ ਲਈ ਵਾਪਸ ਆਇਆ. ਨਕੋਦਰ ਇੱਕ ਮੁਸਲਿਮ ਬਹੁਗਿਣਤੀ ਵਾਲੀ ਤਹਸੀਲ ਸੀ ਮਗਰ ਮੈਨੂੰ ਲਗਿਆ ਕਿ ਅਸੀਂ ਲਾਹੌਰ ਵਿੱਚ ਜ਼ਿਆਦਾ ਮਹਿਫ਼ੂਜ਼ ਹੋਵਾਂਗੇ ਕਿਉਂਕਿ ਉਥੇ ਮੁਸਲਮਾਨ ਜ਼ਿਆਦਾ ਤਾਕਤਵਰ ਸੀ. ਜਦ ਅਸੀਂ ਆਪਣਾ ਪਿੰਡ ਛੱਡ ਕੇ ਜਾਣ ਲਗੇ, ਹਿੰਦੂ ਅਤੇ ਸਿੱਖ ਆਏ ਅਤੇ ਮੇਰੇ ਵਾਲਿਦ ਨੂੰ ਕਿਹਾ, "ਹਾਕਿਮ ਸਾਹਿਬ, ਤੁਹਾਨੂ ਨਹੀਂ ਜਾਣਾ ਚਾਹੀਦਾ ਹੈ. ਅਗਰ ਤੁਹਾਨੂ ਕੋਈ ਹਮਲਾ ਕਰਣ ਆਉਂਦਾ ਹੈ ਤੇ, ਉਸ ਨੂੰ ਪਹਿਲਾਂ ਸਾਨੂ ਮਾਰਣਾ ਪਏਗਾ." ਮੇਰੇ ਵਾਲਿਦ ਨੇ ਉਨ੍ਹਾਂ ਦਾ ਸ਼ੁਕ੍ਰਿਆ ਅਦਾ ਕੀਤਾ ਅਤੇ ਕਿਹਾ ਕਿ ਜਦ ਭੜਕਿਆ ਹੋਇਆ ਜਨੂਨ ਘੱਟ ਜਾਵੇਗਾ ਅਤੇ ਕਾਨੂੰਨ ਹੋਰ ਵਿਵਸਥਾ ਦੀ ਬਹਾਲੀ ਹੋ ਜਾਵੇਗੀ, ਉਹ ਵਾਪਸ ਆ ਜਾਉਣਗੇ. ਅਫ਼ਸੋਸ, ਉਹ ਕਦੀ ਨਹੀਂ ਹੋਇਆ. ਜਦ ਅਸੀਂ ਲਾਹੌਰ ਪਹੁੰਚੇ, ਮੈਂ ਹਰਨਾਮ ਸਿੰਘ ਨੂੰ ਮਿਲਣ ਲਈ ਗਿਆ. ਉਸ ਨੂੰ ਅਤੇ ਉਸ ਦੇ ਪਰਵਾਰ ਨੂੰ ਕੁੱਝ ਦਿਨ ਪਹਿਲਾਂ ਹਲਾਕ ਕਰ ਦਿੱਤਾ ਗਿਆ ਸੀ. ਉਹ ਇੱਕ ਨੇਕ ਇਨਸਾਨ ਸੀ, ਜੋ ਹਮੇਸ਼ਾ ਗ੍ਰੰਥ ਸਾਹਿਬ ਦਾ ਪਾਠ ਕਰਦਾ ਰਹਿੰਦਾ ਸੀ ਅਤੇ ਮੈਨੂੰ ਆਪਣੇ ਪੁਤਰ ਦੀ ਤਰ੍ਹਾਂ ਪਿਆਰ ਕਰਦਾ ਸੀ. ਉਹ ਬੜੇ ਚੰਗੇ ਦਿਨ ਸੀ ਅਤੇ ਲੋਕ ਵੀ ਨੇਕ ਸਨ. ਮੈਨੂੰ ਅੱਜ ਵੀ ਆਪਣੇ ਪਿੰਡ ਦੀ ਯਾਦ ਆਉਂਦੀ ਹੈ ਪਰ ਮੈ ਹੁਣ ਲੱਗਭਗ ਅੰਨ੍ਹਾ ਹੋ

ਗਿਆ ਹਾਂ. ਮੈਂ ਕਦੇ ਵੀ ਨਹੀਂ ਜਾ ਸਕਾਂਗਾ ਹੋਰ ਨਾ ਹੀ ਦੋਬਾਰਾ ਉਸੁ ਨੂੰ ਵੇਖ ਸਕਾਂਗਾ. ਮੇਰੀ ਖਾਹਿਸ਼ ਮੇਰੇ ਨਾਲ ਮੇਰੀ ਕਬਰ ਵਿੱਚ ਦਫਨ ਹੋ ਜਾਵੇਗੀ.'

ਮੁਹੱਦ ਫ਼ੀਰੋਜ਼ ਦਰ

ਅਸੀਂ ਅਸਲ ਤੌਰ ਤੇ ਵਜ਼ੀਰਾਬਾਦ ਤੋਂ ਹਾਂ ਜਿੱਥੇ ਮੇਰੇ ਦਾਦਾ ਕਸ਼ਮੀਰ ਤੋਂ 1870 ਤੇ ਆ ਗਏ ਸੀ, ਪਰ ਮੇਰੇ ਵਾਲਿਦ ਰੇਲਵੇ ਵਿੱਚ ਨੌਕਰੀ ਕਰਦੇ ਸੀ ਹੋਰ ਰਾਵਲਪਿੰਡੀ ਤੇ ਉਨ੍ਹਾਂ ਦੀ ਪੋਸਟਿੰਗ ਸੀ. ਮੇਰਾ ਜਨਮ ਰੇਲਵੇ ਕਲੋਨੀ, ਰਾਵਲਪਿੰਡੀ ਤੇ 1 ਅਪ੍ਰੈਲ 1936 ਨੂੰ ਹੋਇਆ. ਮੇਰੇ ਵਾਲਿਦ ਇੱਕ ਟ੍ਰੇਨ ਡ੍ਰਾਇਵਰ ਸਨ. ਮੇਰੇ ਤਿੰਨ ਵੱਡੇ ਭਰਾ ਅਤੇ ਦੋ ਵੱਡਿਆਂ ਭੈਣਾ ਸੀ. ਰੇਲਵੇ ਕਲੋਨੀ ਸਟੇਸ਼ਨ ਦੇ ਬਿਲਕੁਲ ਨਜਦੀਕ ਸੀ. ਅਸੀਂ ਸਾਰੇ, ਹਿੰਦੂ, ਸਿੱਖ, ਮੁਸਲਮਾਨ ਅਤੇ ਇਸਾਈ ਇੱਕ ਪਰਵਾਰ ਦੀ ਤਰ੍ਹਾਂ ਰਹਿੰਦੇ ਸੀ. ਸਾਰੇ ਇੱਕ ਦੂਜੇ ਨੂੰ ਉਨ੍ਹਾਂ ਦੇ ਮਜ਼ੂਬੀ ਤਿਉਹਾਰਾਂ ਦੇ ਮੌਕੇ ਤੇ, ਮਿਠਾਇਆਂ ਭੇਜਦੇ ਸੀ. ਮੇਰੇ ਭਰਾਵਾਂ ਦੇ ਹਿੰਦੂ ਅਤੇ ਸਿੱਖ ਦੋਸਤ ਸਾਡੇ ਘਰ ਆਉਂਦੇ ਸੀ. ਸਾਨੂ ਕਦੀ ਕੋਈ ਫ਼ਰਕ ਮਹਿਸੂਸ ਨਹੀਂ ਹੁੰਦਾ ਸੀ. ਸਾਰੇ ਇੱਕ ਗੱਲ ਦਾ ਖਿਆਲ ਰੱਖਦੇ ਸੀ ਕਿ ਹਿੰਦੂਆ ਦੀ ਰਸੋਈ ਤੋਂ ਦੂਰ ਰਿਹਾ ਜਾਵੇ. ਮੈਂ ਆਪਣੇ ਹਿੰਦੂ, ਸਿੱਖ ਅਤੇ ਇਸਾਈ ਦੋਸਤਾਂ ਨੂੰ ਈਦ ਦੇ ਮੌਕੇ ਤੇ ਮਸੀਤ ਲੈ ਕੇ ਜਾਉਂਦਾ ਸੀ ਅਤੇ ਸਾਰੇ ਬਚੇਆਂ ਨੂੰ ਮਿਠਾਇਆਂ ਮਿਲਦਿਆਂ ਸੀ. ਉਸ ਦੇ ਬਾਅਦ ਅਸੀਂ ਕ੍ਰਿਸਮਸ ਨੂੰ ਗਿਰਜੇ ਜਾਂਦੇ ਅਤੇ ਸਾਨੂ ਚੌਕਲੇਟਾਂ ਮਿਲ ਜਾਂਦੀਆਂ. ਇਸੀ ਤਰ੍ਹਾਂ ਹਿੰਦੂ ਅਤੇ ਸਿੱਖ ਤਿਉਹਾਰਾਂ ਤੇ ਅਸੀਂ ਮੰਦਰ ਅਤੇ ਗੁਰਦੁਵਾਰੇ ਜਾਂਦੇ ਹੋਰ ਸਾਨੂ ਮਿਠਾਇਆਂ ਮਿਲਦਿਆਂ ਸੀ.

ਸਾਡੇ ਇੱਕ ਗੁਆਂਢੀ ਚਾਚਾ ਸ਼ੇਰ ਸਿੰਘ ਅਤੇ ਚਾਚੀ ਲੀਲਾ ਕੌਰ ਹੁੰਦੇ ਸੀ. ਲੀਲਾ ਚਾਚੀ ਅਕਸਰ ਸਾਡੇ ਘਰ ਆਉਂਦੀ-ਜਾਂਦੀ ਰਹਿੰਦੀ ਸੀ ਹੋਰ ਇੱਕ ਵੱਡੀ ਭੈਣ ਦੀ ਤਰ੍ਹਾਂ ਸੀ. ਸ਼ੇਰ ਸਿੰਘ ਚਾਚੇ ਦੀ ਤਬੀਅਤ ਖਰਾਬ ਰਹਿੰਦੀ ਸੀ. ਮੇਰੇ ਵਾਲਿਦ ਅਤੇ ਮੈਂ ਲਾਹੌਰ ਦੇ ਰੇਲਵੇ ਹਸਪਤਾਲ ਤੇ ਉਨ੍ਹਾਂ ਨੂੰ ਮਿੱਲੇ. ਅਸੀਂ ਉਨ੍ਹਾਂ ਦੇ ਬਹੁਤ ਕਰੀਬ ਸੀ. ਲੀਲਾ ਕੌਰ ਚਾਚੀ ਹਸਪਤਾਲ ਦੇ ਇੱਕ ਗਲਿਆਰੇ ਤੇ ਖਾਣਾ ਪਕਾ ਰਹੀ ਸੀ. ਇੱਕ ਬਾਬੂ ਸੀ੍ਰ ਰਾਮ ਹੋਇਆ ਕਰਦਾ ਸੀ. ਉਨ੍ਹਾਂ ਦਾ ਪੁੱਤਰ ਹਮੇਸ਼ ਮੇਰਾ ਬਹੁਤ ਕਰੀਬੀ ਦੋਸਤ ਸੀ. ਜਦ ਕਦੀ ਮੈਂ ਉਸ ਨੂੰ ਮਿਲਣ ਜਾਉਂਦਾ, ਉਸ ਦੀ ਰਸੋਈ ਤੋਂ ਦੂਰ ਹੀ ਰਹਿੰਦਾ ਸੀ. ਤੁਹਾਨੂ ਇਹ ਜਾਣ ਕੇ ਹੈਰਾਨੀ ਹੋਐਗੀ ਕਿ ਉਸ ਦੀ ਵਾਲਿਦਾ ਮੈਨੂੰ ਕਹਿੰਦੀ "ਫ਼ੈਜ਼ੀ, ਜਦ ਤੂਸੀਂ ਮੀਟ ਪਕਾਂਦੇ ਹੋ, ਹਮੇਸ਼ ਨੂੰ ਵੀ ਦੇਵੀਂ. ਇਸ ਨੂੰ ਤਗੜਾ ਬਣਨਾ ਹੈ." ਇਸ ਗੱਲ ਨੂੰ, ਮੈਂ ਜਾ ਕੇ ਆਪਣੀ ਵਾਲਿਦਾ ਨੂੰ ਦੱਸਿਆ ਅਤੇ ਕਦੀ ਕਦੀ ਹਮੇਸ਼ ਸਾਡੇ ਘਰ ਮੀਟ ਖਾ ਲੈਂਦਾ ਸੀ.

'ਜਦ ਮੇਰੀ ਵਾਲਿਦਾ ਦੀ ਮੌਤ ਹੋਈ, ਅਫ਼ਸੋਸ ਜਤਾਉਣ ਸਾਰੇ ਸਮਪਰਦਾਅਿ ਦੇ ਲੋਕ ਆਏ ਅਤੇ ਇਕ ਲੰਬੇ ਵਕਤ ਤੱਕ ਹਿੰਦੂ ਅਤੇ ਸਿੱਖ ਮਾਤਾਵਾਂ ਜੋ, ਮੇਰੀ ਵਾਲਿਦਾ ਨੂੰ ਜਾਣਦਿਆਂ ਸਨ, ਮੈਨੂੰ ਰੋਕ ਕੇ ਮੇਰੇ ਸਿਰ ਉਪਰ ਹੱਥ ਫੇਰਦਿਆਂ ਅਤੇ ਦਿਲਾਸਾ ਦੇਂਦਿਆਂ. ਉਹ ਹਮੇਸ਼ਾ ਮੇਰੀ ਮਾਂ ਬਾਰੇ ਦੁਖੀ ਹੋ ਕੇ ਗੱਲਾਂ ਕਰਦਿਆਂ. ਕਿਸੇ ਨੂੰ ਵੀ ਇਹ ਕਦੀ ਨਹੀਂ ਲਗਿਆ ਕਿ ਰਾਵਲਪਿੰਡੀ ਦੀ ਗਲਿਆਂ ਵਿੱਚ ਲਹੂ ਵਗੇਗਾ ਅਤੇ ਹਿੰਦੂ ਹੋਰ ਸਿੱਖ ਹਮੇਸ਼ਾ ਲਈ ਚਲੇ ਜਾਣਗੇ. 1945 ਤੋਂ ਬਾਅਦ, ਕੁੱਝ ਅਜੀਬ ਗੱਲਾਂ ਹੋਣ ਲਗਿਆਂ. ਅਸੀਂ ਸੁਣਦੇ ਸੀ ਕਿ ਇੰਡੀਆ ਆਜਾਦ ਹੋ ਜਾਵੇਗਾ, ਪਰ ਦੂਜੇ ਆਲਮੀ ਜੰਗ ਤੋਂ ਬਾਅਦ, ਕਰਿਸ਼ਮਾਈ ਨਿਸ਼ਾਨ ਮਿਲਣ ਦੀ ਕਹਾਣਿਆਂ ਫੈਲ ਗਈਆਂ, ਜੋ ਦੱਸਦਿਆਂ ਸੀ ਕਿ ਪਾਕਿਸਤਾਨ ਦੇ ਨਾਂਅ ਦਾ ਇੱਕ ਮੁਸਲਿਮ ਮੁਲਕ ਬਣਣ ਵਾਲਾ ਸੀ. ਕਦੀ ਇਹ ਕਿੱਸਾ ਇੱਕ ਪੈਦਾ ਹੋਏ ਬਛੜੇ ਦੇ ਬਾਰੇ ਹੁੰਦਾ ਜਿਸ ਦੇ ਬਦਨ ਉਪਰ ਲੋਕਾਂ ਨੇ ਪਾਕਿਸਤਾਨ

ਲਿਖਿਆ ਵੇਖਿਆ, ਅਤੇ ਕਦੀ ਸੁਣਿਆ ਗਿਆ ਕਿ ਕਿਸੇ ਪਿੰਡ ਵਿੱਚ ਜਨਮੇ ਬੱਚੇ ਦੇ ਸਿਰ ਤੇ ਪਾਕਿਸਤਾਨ ਲਿਖਿਆ ਵੇਖਿਆ ਗਿਆ ਸੀ. ਹੋਰ ਇੱਕ ਅਜ਼ੀਬ ਗੱਲ ਹੋਣ ਲਗੀ ਕਿ ਹਿੰਦੂਆਂ ਹੋਰ ਸਿੱਖਾਂ ਦਾ ਪੂਰਬੀ ਪੰਜਾਬ ਜਾਂ ਹੋਰ ਕਿਥੇ ਤਬਾਦਲਾ ਹੋਣ ਲਗਾ, ਅਤੇ 1947 ਤੱਕ ਸਾਡੇ ਕਈ ਗੈਰ-ਮੁਸਲਿਮ ਗੁਆਂਢੀ ਰਾਵਲਪਿੰਡੀ ਛੱਡ ਕੇ ਜਾ ਚੁਕੇ ਸੀ. ਮੈਨੂੰ ਯਾਦ ਹੈ ਕਿ ਮੇਰੇ ਵਾਲਿਦ ਹੈਰਾਣ ਹੁੰਦੇ ਸੀ ਕਿ ਕੀ ਹੋ ਰਿਹਾ ਸੀ. ਮਿਸਾਲ ਦੇ ਤੌਰ ਤੇ, ਬਾਬੂ ਸ੍ਰੀ ਰਾਮ ਅਤੇ ਦੂਜੇ ਹਿੰਦੂ ਅਫਸਰਾਂ ਦਾ ਤਬਾਦਲਾ ਦਿੱਲੀ ਹੋ ਗਿਆ, ਜਦ ਕਿ ਕੁੱਝ ਮੁਸਲਿਮ ਅਤੇ ਬ੍ਰਿਟਿਸ਼ ਅਫਸਰਾਂ ਨੂੰ ਅਚਾਨਕ ਰਾਵਲਪਿੰਡੀ ਲੈ ਆਉਂਦਾ ਗਿਆ. ਮੈਨੂੰ ਲਗਦਾ ਹੈ ਕਿ ਕਿਥੇ ਨਾ ਕਿਥੇ ਅਤੇ ਕਿਸੇ ਨਾ ਕਿਸੇ ਨੂੰ ਪਤਾ ਸੀ ਕੀ ਹੋ ਰਿਹਾ ਸੀ. ਇਥੇ ਤੱਕ ਕਿ ਸਕੂਲਾਂ ਦੇ ਹਿੰਦੂ ਅਧਿਆਪਕ ਵੀ ਇੰਡੀਆ ਜਾ ਰਹੇ ਸੀ. ਇਸ ਸਭ ਦੇ ਬਾਵਜੂਦ, ਕਿਸੇ ਨੇ ਵੀ ਬਾਅਦ ਵਿੱਚ ਹੋਣ ਵਾਲੇ ਖੂਨੀ ਕਤਲਾਂ ਅਤੇ ਹੋਣ ਵਾਲੀ ਤਕਸੀਮ ਦੇ ਬਾਰੇ ਨਹੀਂ ਸੋਚਿਆ ਸੀ.

'ਰਾਵਲਪਿੰਡੀ ਦੇ ਹਿੰਦੂ ਅਤੇ ਸਿੱਖ ਆਪਣੀ ਜਾਇਦਾਦ ਵੇਚ ਕੇ ਜਾਣ ਲਗੇ. ਇਹ 1946 ਦੇ ਕਰੀਬ ਹੋਇਆ. 1945-46 ਦੀ ਇੰਤਖਾਬ ਦੀ ਮੁਹਿੰਮ ਦਾ ਰੇਲਵੇ ਕੋਲੋਨੀ ਉਪਰ ਕੋਈ ਅਸਰ ਨਹੀਂ ਪਿਆ, ਮਗਰ ਮੈਨੂੰ ਯਾਦ ਹੈ ਕਿ ਮੇਰੇ ਵਾਲਿਦ ਵਜ਼ੀਰਾਵਾਦ ਵੋਟ ਪਾਉਣ ਗਏ, ਜਿੱਥੇ ਸਾਡੀ ਜਾਇਦਾਦ ਸੀ.'

ਰਕਸ਼ਤ ਪੂਰੀ

'ਮੇਰਾ ਜਨਮ 24 ਫਰਵਰੀ 1924 ਨੂੰ ਲਾਹੌਰ ਦੇ ਸ਼ਾਹਅਲਮੀ ਗੇਟ ਇਲਾਕੇ ਤੇ ਹੋਇਆ. ਅਸੀਂ ਰਾਧਾਸਵਾਮੀ ਹਾਂ. ਅਸੀਂ ਸੰਗਠਤ ਮਜ਼ਹਬ ਉਪਰ ਯਕੀਨ ਨਹੀਂ ਕਰਦੇ ਹਾਂ, ਮਗਰ ਰੂਹਾਨਿਅਤ ਅਤੇ ਇੰਸਾਨੀਅਤ ਜੋ ਸਾਨੂੰ, ਸਾਰੇ ਇਨਸਾਨਾਂ ਨੂੰ, ਜੋੜਦੀ ਹੈ, ਉਸ ਦੇ ਉਪਰ ਯਕੀਨ ਕਰਦੇ ਹਾਂ. ਰਾਧਾਸਵਾਮਿਆਂ ਦਾ ਮਜ਼ਹਬੀ ਗੜ ਬਿਆਸ ਦਾ ਇਲਾਕਾ ਹੈ, ਜੋ ਹੁਣ ਪੂਰਬੀ ਪੰਜਾਬ ਵਿੱਚ ਹੈ. ਜਦ ਸਾਡੇ ਬਾਬਾਜੀ ਲਾਹੌਰ ਆਏ, ਉਨ੍ਹਾਂ ਦੇ ਇੱਕ ਤਿਹਾਈ ਚੇਲੇ ਮੁਸਲਿਮ ਸੀ. ਹਾਂ, ਸਾਰੇ ਮਜ਼ਹਬਾਂ ਦੇ ਲੋਕ ਰਾਧਾਸਵਾਮੀ ਤੇਹਰੀਕ ਵਿੱਚ ਸ਼ਾਮਲ ਸਨ. ਅਸੀਂ ਭਗਤ ਕਬੀਰ, ਗੁਰੂ ਨਾਨਕ, ਬੁੱਲ੍ਹੇ ਸ਼ਾਹ ਅਤੇ ਦੂਜੇ ਸੂਫ਼ੀਆਂ ਦੇ ਉਪਦੇਸ਼ਾਂ ਦਾ ਪਾਲਣ ਕਰਦੇ ਸੀ. ਜਦ ਤਕਸੀਮ ਹੋਈ, ਬਾਬਾਜੀ ਨੇ ਮੁਸਲਿਮ ਚੇਲੇਆਂ ਨੂੰ ਪਾਕਿਸਤਨ ਭੇਜ ਦਿੱਤਾ ਹੋਰ ਉਨ੍ਹਾਂ ਨੂੰ ਆਪਣੀ ਪਛਾਣ ਦਸਣ ਨੂੰ ਮਨ੍ਹਾਂ ਕੀਤਾ. ਇਹ ਜ਼ਰੂਰੀ ਸੀ ਕਿਉਂਕਿ ਪੂਰਬੀ ਪੰਜਾਬ ਵਿੱਚ ਮੁਸਲਿਮ ਨਾਂਅ ਦੇ ਕਿਸੇ ਇਨਸਾਨ ਲਈ ਹਾਲਾਤ ਪੂਰੀ ਤਰ੍ਹਾਂ ਗੈਰ-ਮਹਿਫ਼ੂਜ਼ ਸਨ. ਪੱਛਮ ਪੰਜਾਬ ਦੇ ਸਾਡੇ ਵਰਗੇ ਹਿੰਦੂ ਨਾਂਅ ਵਾਲੇ ਲੋਕਾਂ ਦਾ ਵੀ ਇੱਕ ਵਰਗਾ ਹਾਲ ਸੀ.'

ਪੰਜਾਬ ਵਿੱਚ ਹੋਰ ਇੱਕ ਬਹੁਤ ਦਿਲਚਸਪ ਰੱਲੀ-ਮਿੱਲੀ ਮਜ਼ਹਬੀ ਤੇਹਰੀਕ, ਹੁਸੈਨੀ ਬ੍ਰਾਹਮਣਾ ਦੀ ਸੀ. ਹੁਸੈਨੀ ਬ੍ਰਾਹਮਣ ਮੋਹਿਆਲ ਬ੍ਰਾਹਮਣ ਦੇ ਤੌਰ ਤੇ ਵੀ ਜਾਣੇ ਜਾਂਦੇ ਨੇ ਅਤੇ ਆਪਣੇ ਮਸ਼ਹੂਰ ਦੱਤ, ਬਾਲੀ, ਛਿਬੱਰ, ਵੈਦ, ਭੀਮਵਾਲ, ਲੈਸ ਅਤੇ ਮੋਹਨ ਬਰਾਦਰਿਆਂ ਸਮੇਤ, ਕਦੀ ਸਾਰੇ ਪੰਜਾਬ ਵਿੱਚ ਮੌਜੂਦ ਸਨ. ਉਹ ਦੂਜੇ ਪੰਜਾਬੀ ਬ੍ਰਾਹਮਣਾਂ ਤੋਂ ਅਲਗ ਸਨ ਅਤੇ ਖੇਤੀ-ਬਾੜੀ ਕਰਣ ਦੇ ਨਾਲ-ਨਾਲ ਪੁਲਿਸ ਅਤੇ ਫ਼ੌਜ਼ ਦੀ ਮੁਲਾਜ਼ਮਤ ਵੀ ਕਰਦੇ ਸੀ. ਉਨ੍ਹਾਂ ਦੀ ਬਰਾਦਰੀ ਦੇ ਇੱਕ ਕਿੱਸੇ ਦੇ ਮੁਤਾਬਕ, ਉਨ੍ਹਾਂ ਦੇ ਵਡੇਰੇ ਅਰਬਿਆ ਵਿੱਚ ਜਾ ਵਸੇ ਸੀ ਅਤੇ ਇੱਕ ਵਡੇਰਾ ਰਾਹਬ ਸਿੱਧੂ ਦੱਤ ਅਤੇ ਉਸ ਦੇ ਪੁੱਤਰਾਂ ਨੇ ਹਜਰਤ ਮੁਹੱਮਦ ਦੇ ਪੋਤੇ ਇਮਾਮ ਹੁਸੈਨ ਦੀ ਤਰਫ਼ ਹੋ ਕੇ 680 ਏ.ਡੀ. ਤੇ ਕਰਬਲਾ ਦੀ ਲੜਾਈ ਤੇ ਹਿੱਸਾ ਲੀਤਾ. ਹੁਸੈਨ ਅਤੇ ਉਨ੍ਹਾਂ ਦੇ ਚੇਲੇਆਂ

ਸਮੇਤ ਉਨ੍ਹਾਂ ਦੀ ਮੌਤ ਹੋ ਗਈ. ਪਰਵਾਰ ਦੇ ਕੁੱਝ ਲੋਕ ਬੱਚ ਕੇ ਪੰਜਾਬ ਲੈਟ ਆਏ. ਇਹ ਕਹਾਣੀ ਮੈਨੂੰ ਤਿੰਨ ਅਲਗ ਸੰਸਕਰਨਾ ਵਿੱਚ, ਉਸ ਪਰਵਾਰ ਦੇ ਤਿੰਨ ਸਦੱਸਾਂ ਨੇ ਸੁਣਾਈ: ਮੁਮਬਈ ਦੇ ਇੱਕ ਬਹੁਤ ਵੱਡੇ ਫਿਲਮ-ਸਟਾਰ ਸੁਨੀਲ ਦੱਤ, ਪ੍ਰੋਫੇਸਰ ਵੀ.ਐਨ.ਦੱਤਾ ਅਤੇ ਪੱਤਰਕਾਰ ਜਮਨਾ ਦਾਸ ਅਖਤਰ ਨੇ. ਹੁੱਸੈਨੀ ਬ੍ਰਾਹਮਣ ਹਿੰਦੂ ਬਣੇ ਰਹੇ ਮਗਰ ਕਰਬਲਾ ਦੀ ਸ਼ੋਗਮਈ ਘਟਨਾ ਦੀ ਰਸਮਾਂ ਦਾ ਪਾਲਣ ਕਰਦੇ ਸੀ. ਤਕਸੀਮ ਤੋਂ ਪਹਿਲਾਂ ਦੇ ਪੰਜਾਬ ਵਿੱਚ ਹੁੱਸੈਨੀ ਬ੍ਰਾਹਮਣਾ ਦੀ ਦੋਹਰੀ ਪਛਾਣ ਇਣ ਲਫ਼ਜ਼ਾਂ ਵਿੱਚ ਬਿਆਨ ਕੀਤੀ ਜਾਂਦੀ ਸੀ:

ਵਾਹ ਦੱਤ ਸੁਲਤਾਨ
ਹਿੰਦੂ ਕਾ ਧਰਮ
ਮੁਸਲਮਾਨ ਕਾ ਇਮਾਨ
ਆਧਾ ਹਿੰਦੂ ਆਧਾ ਮੁਸਲਮਾਨ

ਲੇਖਕ ਮਸ਼ਕੂਰ ਸਾਬਰੀ ਨੇ ਮੈਨੂੰ ਦੱਸਿਆ ਕਿ ਆਪਣੀ ਨੌਜਵਾਨੀ ਦੇ ਵਕਤ ਉਹ ਟੋਬਾ ਟੇਕ ਸਿੰਘ ਦੇ ਸਾਲਾਨਾ ਰਾਮ-ਲੀਲਾ ਉਤਸਵ ਦੇ ਨਾਟਕ ਵਿੱਚ ਭਗਵਾਨ ਰਾਮ ਦਾ ਕਿਰਦਾਰ ਅਦਾ ਕਰਦੇ ਸੀ. ਸ਼ੁਰੂ ਤੇ ਕੱਟੜ ਹਿੰਦੂ ਥੋੜਾ ਵਿਗੜ ਗਏ ਮਗਰ ਉਨ੍ਹਾਂ ਨੇ ਕਿਰਦਾਰ ਬਹੁਤ ਖੂਬ ਨਿਭਾਇਆ ਅਤੇ ਉਨ੍ਹਾਂ ਨੂੰ, ਹਰ ਸਾਲ ਰਾਮ ਦੇ ਕਿਰਦਾਰ ਲਈ ਚੁਣ ਲੀਤਾ ਜਾਂਦਾ ਸੀ.

ਤਰ ਪੰਜਾਬ ਦੇ ਇੱਕ ਦੂਰ-ਦਰਾਜ ਜ਼ਿਲ੍ਹੇ ਕੈਂਪਬੇਲਪੁਰ ਦੇ ਇੱਕ ਪਿੰਡ ਦੇ ਸ਼ਕੂਲ ਵਿੱਚ, ਜਿਸ ਨੂੰ ਧਰਮਸ਼ਾਲਾ ਕਿਹਾ ਜਾਂਦਾ ਸੀ, 1930 ਦੇ ਦਹਾਕੇ ਵਿਚ, ਇੱਕ ਨੌਜਵਾਨ ਮੁਸਲਿਮ ਲੜਕੀ ਨੂਰ ਭਰੀ, ਤਾਲੀਮ ਹਾਸਲ ਕਰਨਾ ਚਾਉਂਦੀ ਸੀ ਅਤੇ ਅਧਿਆਪਕਾਂ ਨੇ ਇਸ ਲਈ ਮੰਜੂਰੀ ਤੇ ਦੇ ਦਿੱਤੀ, ਮਗਰ ਉਸ ਨੂੰ ਹਿੰਦੂ ਕੁੜੀਆਂ ਨਾਲ ਬਾਹਰ ਬੈਠਣਾ ਪਇੰਦਾ ਸੀ, ਕਿਉਂਕਿ ਉਹ ਮੁੰਡੇਆਂ ਦਾ ਸਕੂਲ ਸੀ. ਉਣ ਦਿਨਾਂ ਤੇ, ਇਹ ਇੱਕ ਲਾਜਵਾਬ ਉਪਲਬਧੀ ਸੀ ਕਿਉਂਕਿ ਲੜਕਿਆਂ ਵਾਸਤੇ ਅਤੇ ਖ਼ਾਸ ਕਰ ਕੇ ਪਿੰਡ ਥਾਂ ਦੀ ਮੁਸਲਿਮ ਲੜਕਿਆਂ ਵਾਸਤੇ, ਤਾਲੀਮ ਹਾਸਲ ਕਰਨਾ ਇੱਕ ਅਨਸੁਣੀ ਗੱਲ ਸੀ.

ਤਕਸੀਮ ਤੋਂ ਪਹਿਲਾਂ ਦਾ ਲਾਹੌਰ

ਆਧਾ ਅਸ਼ਰਫ ਦੀ ਆਤਮਕਥਾ, ਏਕ ਦਿੱਲ ਹਜ਼ਾਰ ਦਾਸਤਾਨ (1989:16-24) 1920 ਦੇ ਦਹਾਕੇ ਤੇ ਅੰਦਰੂਨ ਸ਼ਹਿਰ ਲਾਹੌਰ ਵਿੱਚ ਗੁਜ਼ਾਰੇ ਆਪਣੇ ਬਚਪਨ ਦੇ ਦਿਨਾਂ ਦੇ ਇੱਕ ਤਫਸੀਲੀ ਬਿਆਨ ਨਾਲ ਸ਼ੁਰੂ ਹੁੰਦੀ ਹੈ. ਸਾਰੇ ਫ਼ਿਰਕੇ ਦੇ ਬੱਚੇ ਇੱਕ ਸਾਥ ਮੁਕਾਮੀ ਸਕੂਲਾਂ ਵਿੱਚ ਪੜ੍ਹਦੇ ਸੀ. ਦਿਆਲ ਸਿੰਘ ਸਕੂਲ ਦੇ ਕੁੱਝ ਹਿੰਦੂ ਅਤੇ ਸਿੱਖ ਅਧਿਆਪਕਾਂ ਨੂੰ ਉਹ ਸੰਤਾ ਦਾ ਦਰਜਾ ਦੇਂਦੇ ਨੇ. ਉਹ ਜ਼ਿਕਰ ਕਰਦੇ ਨੇ ਕਿ ਕਦੀ ਕਦੀ ਆਪਣੇ ਹਿੰਦੂ, ਮੁਸਲਮਾਨ ਅਤੇ ਸਿੱਖ ਜਮਾਤੀਆਂ ਨਾਲ ਮਿਲ ਕੇ ਕਲਾਸ ਤੋਂ ਭਗੋੜੇ ਬਣ ਜਾਂਦੇ ਸੀ. ਉਹ ਇੱਧਰ-ਉੱਧਰ ਘੂਮਦੇ ਅਤੇ ਕੁੱਝ ਮੌਕਿਆਂ ਤੇ ਲਾਹੌਰ ਦੇ ਮੰਦਰਾਂ ਤੇ ਜਾਂਦੇ. ਸ਼ਰਾਬ ਪੀਣਾ, ਅਫੀਮ ਖਾਣੀ, ਜੁਆ ਖੇਡਨਾ ਅਤੇ ਦੂਜੀ ਬੂਰੀ ਹਰਕਤਾਂ ਸ਼ਹਿਰ ਦੇ ਅੰਦਰੂਨੀ ਪਾਸੇ, ਦੂਰ ਤੱਕ ਫੈਲੀਆਂ ਹੋਇਆਂ ਸੀ. ਅਸ਼ਰਫ ਖੂਦ ਆਪਣੇ ਦੋਸਤਾਂ ਨਾਲ ਪੀਣ ਵਾਲੇ ਮੁਕਾਬਲੇ ਵਿੱਚ ਉਲਛ ਜਾਂਦੇ ਸੀ.

ਇੱਕ ਦੂਜੀ ਆਤਮਕਥਾ ਮੇਰਾ ਸ਼ੇਹਰ ਲਾਹੌਰ ਵਿੱਚ, ਯੂਨਸ ਅਦੀਬ ਜ਼ਿਆਦਾਤਰ ਪੁਰਾਣੇ ਅੰਦਰੂਨੀ ਸ਼ਹਿਰ ਦੇ ਸਮਾਜ ਅਤੇ 1930 ਦੇ ਦਹਾਕੇ ਦੇ ਆਖਰੀ ਸਾਲਾਂ ਦੇ ਵਕਤ ਨੂੰ ਲੈ ਕੇ ਲਿਖਦੇ ਨੇ. ਉਹ ਜ਼ਿਕਰ ਕਰਦੇ ਨੇ ਕਿ ਇੱਕ ਨੌਜਵਾਨ ਮੁੰਡੇ ਦੇ ਤੌਰ ਤੇ ਉਹ ਕੱਟੜ ਬ੍ਰਾਹਮਣਾ ਦੇ ਘਰ ਅਣਜਾਣੇ ਤੇ ਹੋਰ ਆਪਣੇ ਗੁਆਂਢੀ ਪੰਡਤ ਭਗਤ ਰਾਮ ਦੀ ਬਿਣ ਵਿਆਹੀ ਵੱਡੀ ਭੈਣ ਨਾਲ ਮੰਦਰ ਵੀ ਚਲੇ ਜਾਂਦੇ ਸੀ. ਉਹ ਜ਼ਿਕਰ ਕਰਦੇ ਨੇ ਲੋਕਾਂ ਨੇ ਹਿੰਦੂਤਵ, ਸਿੱਖ ਧਰਮ ਅਤੇ ਇਸਲਾਮ ਦੇ ਕਟੜ ਬੰਦਿਸ਼ਾਂ ਤੋਂ ਬਚਣ ਲਈ ਆਪਣੇ ਖ਼ਾਸ ਤਰੀਕੇ ਇਜਾਦ ਕਰ ਲੀਤੇ ਸੀ; ਜਿਸ ਦੇ ਨਾਲ ਇੱਕ ਮਿੱਲੀ-ਜੁੱਲੀ, ਕਈ ਮਜ਼ੂਬਾਂ ਨੂੰ ਮੱਨਣ ਵਾਲੀ ਜਿੰਦਗੀ ਜੀਉਣ ਦਾ ਤਰੀਕਾ ਉਭਰ ਕੇ ਆਇਆ (1991:36-40). ਮੁਕਾਮੀ ਮਹੱਲਿਆਂ ਵਿੱਚ ਗਰੀਬ ਅਤੇ ਦੁੱਖੀ ਲੋਕਾਂ ਨੂੰ ਬਗੈਰ ਕਿਸੇ ਤਰਫ਼ਦਾਰੀ ਦੇ ਮਦਦ ਅਤੇ ਹਮਦਰਦੀ ਮਿਲਦੀ ਸੀ, ਹਾਲਾਂਕਿ ਕਈ ਵਾਰ ਕੌਮੀ ਗੁਮਾਨ ਇੱਕ ਮਜ਼ੂਬੀ ਸਮੂਹ ਦੇ ਲੋਕਾਂ ਨੂੰ, ਦੂਜੇ ਮਜ਼ੂਬੀ ਸਮੂਹ ਦੇ ਲੋਕਾਂ ਤੋਂ ਮਦਦ ਲੈਣ ਤੋਂ ਰੋਕਦਾ ਸੀ. ਲਾਹੌਰ ਦੀ ਬਹੁ-ਤਹਿਜ਼ੀਬੀ ਫ਼ਿਤਰਤ ਉਪਰ ਟਿੱਪਣੀ ਅਤੇ ਯਾਦ ਤਾਜਾ ਕਰਦੇ ਹੋਏ ਉਹ ਫ਼ਰਮਾਂਦੇ ਨੇ ਕਿ, ਹਿੰਦੂ ਮੁਹੱਰਮ ਦੇ ਜਲੂਸ ਉਪਰ ਫੁੱਲ ਪਾਉਂਦੇ ਸੀ, ਜਦ ਕਿ ਮੁਸਲਮਾਨ ਬਾਦਸ਼ਾਹੀ ਮਸੀਤ ਦੇ ਪਿੱਛੇ, ਮਿੰਟੋ ਪਾਰਕ ਤੇ ਹੋਣ ਵਾਲੀ ਰਾਮ-ਲੀਲਾ ਵੇਖਣ ਛੁੰਡਾਂ ਵਿੱਚ ਜਾਂਦੇ ਸੀ, ਅਤੇ ਕਈ ਤੇ ਦੀਵਾਲੀ ਹੋਰ ਦਸ਼ਹਰੇ ਦੇ ਜਸ਼ਨ ਵਿੱਚ ਹਿੱਸਾ ਲੈਂਦੇ ਸੀ. ਜੇ ਇੱਕ ਸਮਾਜ ਦੇ ਦਸਤੂਰ ਤੋਂ ਹੱਟ ਕੇ ਹੋਰ ਕੁੱਝ ਤਲਾਸ਼ਦੇ ਸੀ, ਉਨ੍ਹਾਂ ਦੇ ਲਈ ਸੂਫ਼ੀ ਦਰਗਾਹਾਂ ਅਤੇ ਟਕਿਆਂ, ਹਿੰਦੂਆਂ ਅਤੇ ਸਿੱਖਾਂ ਦੇ ਗੈਰ-ਅਨੁਕੂਲ ਸਮੂਹ, ਪਹਲਵਾਨਾਂ ਦੇ ਅਖਾੜੇ, ਤਵਾਇਫ਼ਾਂ ਦੇ ਟਿਕਾਉਣੇ, ਅਫੀਮ ਖਾਣ ਅਤੇ ਦੂਜੇ ਨਸ਼ੇ ਕਰਣ ਵਾਲੇਆਂ ਦੇ ਅੱਡੇ ਵਗੈਰਾ ਕਈ ਤਰ੍ਹਾਂ ਦੀ ਮੁਮਕਿਨਾਤਾਂ ਪੈਦਾ ਕਰਦੇ ਸੀ. ਇਣ ਮਾਮੂਲੀ ਲੋਕਾਂ ਦੇ ਅੱਡੇਆਂ ਵਿੱਚ ਕੱਟੜ ਖਿਆਲਾਂ ਅਤੇ ਦਸਤੂਰਅਿਤ ਨੂੰ ਨਜਰਅੰਦਾਜ ਕਰ ਦਿੱਤਾ ਜਾਂਦਾ ਸੀ. ਅਦੀਬ ਰਵਾਇਤੀ ਬਹੁ-ਸਭਿਆਚਾਰ ਨੂੰ ਇਣ ਅਨੇਖੇ ਲਫ਼ਜ਼ਾਂ

ਵਿੱਚ ਰੁਪਮਾਨ ਕਰਦੇ ਨੇ:

> ਮੈਂ, ਖਾਸ ਤੌਰ ਤੇ ਲਾਲਾ ਗਣਪਤ ਰਾਏ ਨੂੰ ਉਸ ਦੀ ਪੋਸ਼ਾਕ ਅਤੇ ਦਿਖਾਵਟ ਲਈ ਯਾਦ ਰਖਦਾਂ ਹਾਂ. ਉਹ ਇੱਕ ਚੁਸਤ ਪਾਇਜਾਮੇ ਵਰਗੀ ਪਤਲੂਨ, ਇੱਕ ਕੁਰਤਾ, ਇੱਕ ਵਾਸਕਟ ਅਤੇ ਆਪਣੇ ਸਿਰ ਉਪਰ ਇੱਕ ਕਾਲੀ ਨੁਕੀਲੀ ਟੋਪੀ, ਪਾਉਂਦਾ ਸੀ. ਉਸ ਦੇ ਚਿਹਰੇ ਨੂੰ ਵੇਖ ਕੇ ਲਗਦਾ ਸੀ ਕਿ ਉਹ ਇੱਕ ਬਹੁਤ ਨਿੱਘਾ ਅਤੇ ਦੋਸਤਾਨਾ ਕਿਸਮ ਦਾ ਇਨਸਾਨ ਸੀ. ਰੋਜਾਨਾ ਜਦ ਉਹ ਕੂਚਾ ਦਰਜ਼ਿਆਂ ਤੋਂ ਗੁਜਰਦਾ, ਤਦ ਮਸੀਤ ਦੀ ਪੌੜੀਆ ਨੂੰ ਆਪਣੇ ਹੱਥਾਂ ਨਾਲ ਛੂਣ ਲਈ ਝੁਕਦਾ ਅਤੇ ਹੱਥਾਂ ਨੂੰ ਜੋੜ ਕੇ ਦੁਆ ਕਰਦਾ.
>
> ਮੈਂ ਮਸ਼ਹੂਰ ਪਾਕਿਸਤਾਨੀ ਸਿੱਖਿਆਵਿਦ ਅਤੇ ਤਕਸੀਮ ਤੋਂ ਪਹਿਲਾਂ ਦੇ ਅੰਦਰੂਨੀ ਲਾਹੌਰ ਦੇ ਵਸਨੀਕ, ਪ੍ਰੋਫੇਸਰ ਸ਼ੌਕਤ ਅਲੀ ਨੂੰ ਉਨ੍ਹਾਂ ਦੇ ਪੁੱਤਰ ਦੇ ਮੈਨਸਫਿਲਡ, ਮੈਸਾਚੂਸੇਟਸ, ਅਮਰੀਕਾ ਸਥਿਤ ਘਰ ਤੇ 29 ਜੁਲਾਈ 2002 ਨੂੰ ਮਿਲਿਆ ਅਤੇ ਗੱਲ-ਬਾਤ ਕੀਤੀ.

ਪ੍ਰੋਫੇਸਰ ਸ਼ੌਕਤ ਅਲੀ

'ਮੇਰਾ ਜਨਮ ਇੱਕ ਬੇਹਦ ਗਰੀਬ ਮੁਸਲਿਮ ਪਰਵਾਰ ਵਿੱਚ ਭੱਟੀ ਗੇਟ ਤੇ ਹੋਇਆ. ਅਸੀਂ ਅੰਦਰੂਨੀ ਸ਼ਹਿਰ ਦੇ ਇੱਕ ਜ਼ਿਆਦਾ ਹਿੰਦੂ ਆਬਾਦੀ ਵਾਲੇ ਮਹੱਲੇ ਜੱਲੋਟਿਆਂ, ਕੂਚਾ ਨਗਰਚਿਆਂ ਤੇ 1923 ਵਿੱਚ ਹੋਇਆ. ਅਸੀ ਪੰਜ ਭਰਾ-ਭੈਣ ਸੀ ਅਤੇ ਮੇਰੀ ਮਾਂ ਦੇ ਸਿਵਾਏ ਕੋਈ ਕਮਾਉਣ ਵਾਲਾ ਨਹੀਂ ਸੀ. ਮੇਰੀ ਮਾਂ ਛੋਟੇ-ਮੋਟੇ ਕੱਮ ਜੈਦਾਂ

ਕਿ ਲੋਕਾਂ ਲਈ ਸਿਲਾਈ, ਬੁਣਾਈ ਕਰਦੀ ਸੀ. ਉਸ ਇਲਾਕੇ ਦੇ 250 ਜਾਂ ਜ਼ਿਆਦਾ ਪਰਵਾਰਾਂ ਵਿੱਚ ਸਿਰਫ਼ ਪੰਜ ਮੁਸਲਮਾਨ ਸਨ. ਸਾਡੇ ਹਿੰਦੂ ਗੁਆਂਢੀ ਬੜੇ ਕਿਰਪਾਲੂ ਸੀ ਅਤੇ ਰੱਬ ਤੋਂ ਡਰਦੇ ਸੀ. ਤਕਰੀਬਨ, ਸਾਰੇਆਂ ਨੇ ਘਰ ਵਿੱਚ ਇੱਕ ਗਊ ਰੱਖੀ ਸੀ. ਉਨ੍ਹਾਂ ਨੂੰ ਪਤਾ ਸੀ ਕਿ ਮੇਰੀ ਵਾਲਿਦਾ ਇੱਕ ਗਰੀਬ ਮਗਰ ਮਿਹਨਤੀ ਔਰਤ ਸੀ, ਅਤੇ ਉਹ ਸਾਨੂ ਦੁੱਧ, ਮਖਣ ਹੋਰ ਦਹੀਂ ਮੁਫ਼ਤ ਤੇ ਦੇ ਦੇਂਦੇ ਸੀ. ਹਿੰਦੂ ਤਿਉਹਾਰਾਂ ਦੇ ਵਕਤ, ਜੈਦਾਂ ਕਿ ਹੋਲੀ ਅਤੇ ਦੀਵਾਲੀ ਵਿੱਚ ਉਹ ਸਾਨੂ ਮਿਠਾਇਆਂ ਭੇਜਦੇ ਸੀ. ਮੈਨੂੰ ਇੱਕ ਵੀ ਵਾਕਿਆ ਯਾਦ ਨਹੀਂ ਹੈ, ਜਦ ਉਨ੍ਹਾਂ ਨੂੰ ਸਾਡਾ ਉਨ੍ਹਾਂ ਦੇ ਘਰ ਜਾਣਾ ਨਾਗਵਾਰ ਲਗਿਆ ਹੋਵੇ. ਸਿਰਫ਼ ਰਸੋਈ ਵਿਚ, ਮੁਸਲਮਾਨਾਂ ਦਾ ਵੜਨਾ ਮਣਾ ਸੀ, ਜਿੱਥੇ ਔਰਤਾਂ ਹੀ ਜਾਂਦਿਆਂ ਸਨ. ਇਹ ਉਨ੍ਹਾਂ ਦੀ ਮਜ਼ੂਬੀ ਤਰਤੀਬ ਸੀ ਅਤੇ ਜਿਸ ਦਾ ਭੇਦ-ਭਾਵ ਨਾਲ ਕੋਈ ਲੈਣਾ-ਦੇਣਾ ਨਹੀਂ ਸੀ. ਹਿੰਦੂ ਔਰਤਾਂ ਸਾਡੇ ਘਰ ਆਉਂਦਿਆਂ ਅਤੇ ਮੇਰੀ ਮਾਂ ਨਾਲ ਘੰਟੇਂ ਗੁਫ਼ਤਗੂ ਕਰਦੀਆਂ.

'ਮੈਂ ਦਿਆਲ ਸਿੰਘ ਹਾਈ ਸਕੂਲ ਤੇ ਪੜ੍ਹਿਆ. ਸਕੂਲ ਤੇ ਮੇਰੇ ਜ਼ਿਆਦਾਤਰ ਦੋਸਤ ਹਿੰਦੂ ਸਨ. ਸਕੂਲ ਤੇ ਕੋਈ ਤਰਫ਼ਦਾਰੀ ਨਹੀਂ ਸੀ, ਸਾਡੇ ਅਧਿਆਪਕ ਨਿਰਪੱਖ, ਦਿਆਲੂ ਅਤੇ ਬਹੁਤ ਮਦਦਗਾਰ ਸਨ. ਇਹ ਸਕੂਲ਼ ਸੈਦ ਮੀਠਾ ਬਾਜ਼ਾਰ ਤੇ ਸੀ ਅਤੇ ਮੈਨੂੰ ਭੱਟੀ ਗੇਟ ਤੋਂ ਪੈਦਲ ਜਾਣਾ ਪਇੰਦਾ ਸੀ. ਇਹ ਮੇਰੀ ਇੱਕ ਬਹੁਤ ਵੱਡੀ ਖਾਹਿਸ਼ ਸੀ ਕਿ ਮੈਂ ਇੱਕ ਅਕਦਮੀਸ਼ੀਅਨ (ਵਿੱਦਿਆਵਿਦ) ਬਣਾ ਮਗਰ ਮੇਰੇ ਹਾਲਾਤ ਬਹੁਤ ਮਾਯੂਸ ਕਰਣ ਵਾਲੇ ਸੀ. ਪਰ ਮੇਰੀ ਮਾਂ ਹੋਰ ਜ਼ਿਆਦਾ ਕੱਮ ਕਰਣ ਲਗੀ ਅਤੇ ਮੇਰੇ ਮਾਮਾਜੀ ਜੋ ਸੈਦ ਮੀਠਾ ਬਾਜ਼ਾਰ ਤੇ ਰਹਿੰਦੇ ਸੀ, ਉਨ੍ਹਾਂ ਨੇ ਮੇਰੀ ਮਾਲੀਆ ਮਦਦ ਕੀਤੀ ਅਤੇ ਮੈਂ ਦਿਆਲ ਸ਼ਿੰਘ ਕੈਲੇਜ ਵਿੱਚ ਦਾਖਿਲ ਹੋ ਗਿਆ. ਇਸ ਕਾਲਜ ਤੇ ਮੈਂ ਅੱਛਾ ਕੀਤਾ ਅਤੇ ਬੀ.ਏ.(ਔਨਰਸ) ਕਲਾਸ ਵਿੱਚ ਹੌਲੀ-ਹੌਲੈ ਦਾਖਿਲਾ ਲੈ ਲੀਤਾ.

'ਮੇਰੇ ਦੋ ਹਿੰਦੂ ਅਧਾਆਪਕ ਮੇਰੇ ਵਿੱਚ ਖਾਸ ਦਿਲਚਸਪੀ ਲੈਂਦੇ ਸੀ ਅਤੇ ਮੈਨੂੰ ਹੋਰ ਜ਼ਿਆਦਾ ਮਿਹਨਤ ਕਰਣ ਲਈ ਮੇਰੀ ਹੌਸਲਾਅਫ਼ਜ਼ਾਈ ਕਰਦੇ. ਇੱਕ ਸਨ ਪ੍ਰੋਫੇਸਰ ਪ੍ਰੇਮ ਕਿਰਪਾਲ ਜਿਨ੍ਹਾਂ ਨੇ ਔਕਸਫੋਰਡ ਯੂਨਿਵਰਸਿਟੀ ਤੇ ਪੜ੍ਹਾਈ ਕੀਤੀ ਸੀ. ਉਨ੍ਹਾਂ ਦੇ ਪਿਤਾ, ਰਾਏ ਬਹਾਦੁਰ ਇਸ਼ਵਰ ਦਾਸ ਪੰਜਾਬ ਯੂਨਿਵਰਸਿਟੀ ਦੇ ਰੇਜਿਸਟਰਾਰ ਸਨ. ਉਹ ਰੇਸ ਕੋਰਸ ਰੋਡ ਤੇ ਰਹਿੰਦੇ ਸੀ. ਪ੍ਰੋਫੇਸਰ ਕਿਰਪਾਲ ਸਾਨੂ ਕੁੱਝ ਸ਼ਾਗਿਰਦਾਂ ਨੂੰ ਵਾਧੂ ਕੋਚਿੰਗ ਲਈ ਘਰ ਬੁਲਾਉਂਦੇ ਸੀ. ਦੂਜੇ ਲੜਕੇ ਬੜੇ ਵੱਡੇ ਘਰਾਂ ਤੋਂ ਆਉਂਦੇ ਸੀ. ਸਿਰਫ਼ ਮੈਂ ਇੱਕ ਮਾਮੂਲੀ ਪੋਸ਼ਾਕ, ਸ਼ਲਵਾਰ-ਕੁਰਤਾ ਅਤੇ ਸਿਰ ਉਪਰ ਤੁਰਕੀ ਫ਼ੇਜ਼, ਪਹਿਨਦਾ ਸੀ. ਸਾਨੂ ਕੌਫੀ ਅਤੇ ਪੱਛਮ ਦੀ ਸੂਆਦ ਚੀਜਾਂ ਖਾਣ ਨੂੰ ਦਿੱਤੀ ਗਈਆਂ ਜੋ ਮੈਂ ਅੱਗੇ ਕਦੀ ਨਹੀਂ ਚੱਖੀ ਸੀ. ਪ੍ਰੋਫੇਸਰ ਲਾਜਪਤ ਰਾਏ ਨੱਯਰ ਨਾਲ ਵੀ ਇਹ ਗੱਲ ਸੱਚੀ ਬੈਠਦੀ ਹੈ. ਮੈਂ ਉਨ੍ਹਾਂ ਦੇ ਘਰ ਵੀ ਜਾਇਆ ਕਰਦਾ ਸੀ ਜੋ ਮਿਆਨੀ ਸਾਹਿਬ, ਮੁਜ਼ੰਗ ਚੁੰਗੀ ਦੇ ਲਾਗੇ ਸਥਿਤ ਸੀ. ਉਨ੍ਹਾਂ ਨੇ ਵੀ ਮੇਰੇ ਨਾਲ ਬਹੁਤ ਦਿਆਲੂ ਵਰਤਾਅ ਕੀਤਾ.'

ਕੁਲਦੀਪ ਕੁਮਾਰ ਚੋਪੜਾ

'ਮੇਰੇ ਨਾਨਾਜੀ ਬਲੀਰਾਮ ਖੁੱਲਰ ਕਹਨਾ ਕੱਚਾ, ਲਾਹੌਰ ਦੇ ਇੱਕ ਵੱਡੇ ਜ਼ਮੀਨਦਾਰ ਸਨ. ਉਹ ਸੱਤ ਪਿੰਡਾ ਦੇ ਮਾਲਕ ਸਨ. ਉਨ੍ਹਾਂ ਦੇ ਰਿਸ਼ਤੇ ਵਿੱਚ ਦੋ ਭਰਾ, ਦੌਲਤ ਰਾਮ ਖੁੱਲਰ ਅਤੇ ਜਗਨ ਨਾਥ ਖੁੱਲਰ ਲਾਹੌਰ ਦੇ ਮਸ਼ਹੂਰ ਵਕੀਲ ਸਨ. ਨਾਨਾਜੀ ਕਈ ਸਰਾਵਾਂ ਦੇ ਮਾਲਕ ਸਨ, ਜਿੱਥੇ ਮੁਸਾਫ਼ਰ ਆ ਕੇ ਆਰਾਮ ਕਰਦੇ, ਮੁਫ਼ਤ ਰਹਿਣਦੇ ਅਤੇ ਉਨ੍ਹਾਂ ਨੂੰ ਖਾਣਾ ਵੀ ਮੁਫ਼ਤ ਦਿੱਤਾ ਜਾਂਦਾ ਸੀ. ਸਾਡੀ ਜ਼ਮੀਨ ਉਪਰ ਕੱਮ ਕਰਣ ਵਾਲੇ

ਜ਼ਿਆਦਾਤਰ ਲੋਕ ਮੁਸਲਮਾਨ ਸੀ. ਉਨ੍ਹਾਂ ਨੂੰ ਰਹਿਣ ਦੀ ਥਾਂ, ਮਾਕੂਲ ਮਜਦੂਰੀ ਅਤੇ ਅਨਾਜ ਦਿੱਤਾ ਜਾਂਦਾ ਸੀ. ਨਾਨਾਜੀ ਆਪਣੇ ਮੁਸਲਮਾਨ ਜ਼ਿਮੀਦਾਰ ਦੋਸਤਾਂ ਨਾਲ ਮਿੱਲ ਕੇ ਹੁੱਕੇ ਦਾ ਮਜ਼ਾ ਲੈਂਦੇ ਸੀ, ਅਤੇ ਕਦੀ ਕਦੀ ਉਹ ਦੋਸਤ ਹਵੇਲੀ ਵਿੱਚ ਰਾਤ ਨੂੰ ਵੀ ਰਹਿ ਜਾਂਦੇ ਅਤੇ ਇੱਕ ਸਾਥ ਖਾਣਾ ਖਾਂਦੇ ਹੋਰ ਸ਼ਰਾਬ ਪੀਂਦੇ. ਇੱਕ ਵਾਰ ਮੇਰੀ ਨਾਨੀ ਬੀਮਾਰ ਹੋ ਗਈ, ਹੋਰ ਮੇਰੀ ਮਾਂ ਨੂੰ ਜੋ ਉਸ ਵਕਤ ਇੱਕ ਦੁੱਧ ਚੁੰਘਦੀ ਨਿਆਨੀ ਸੀ, ਦੁੱਧ ਨਹੀਂ ਦੇ ਸਕਦੀ ਸੀ. ਇਸ ਲਈ, ਇੱਕ ਮੁਸਲਮਾਨ ਦਾਈ ਨੇ ਉਸ ਨੂੰ ਦੋ ਮਹੀਨੇ ਤੱਕ ਦੁੱਧ ਦਿੱਤਾ. ਕਿਉਂਕਿ ਕਹਨਾ ਕੱਚਾ ਇੰਡੀਆ ਦੀ ਸਰਹੱਦ ਤੋਂ ਜ਼ਿਆਦਾ ਦੂਰ ਨਹੀਂ ਸੀ, ਸਾਡੇ ਮਾਂ ਦਾ ਪਰਵਾਰ ਅਗਸਤ 1947 ਵਿੱਚ ਸਰਹੱਦ ਪਾਰ ਕਰ ਕੇ ਸਹੀ-ਸਲਾਮਤ ਇੰਡੀਆ ਆ ਗਿਆ. ਮੇਰੇ ਮਾਮਾ ਇੰਦਰ ਸਾਈਂ ਨੇ 1956 ਵਿੱਚ ਕਹਨਾ ਕੱਚਾ ਦਾ ਸਫ਼ਰ ਕੀਤਾ. ਮੇਰੇ ਨਾਨਾ ਦੇ ਇੱਕ ਖੇਤੀ-ਬਾੜੀ ਕਰਣ ਵਾਲੇ ਮੁਲਾਜ਼ਿਮ ਨੇ ਸਾਡੀ ਹਵੇਲੀ ਉਪਰ ਕਬਜ਼ਾ ਕਰ ਲੀਤਾ ਸੀ. ਉਸ ਨੇ ਮੇਰੇ ਮਾਮਾ ਦਾ ਸਤਕਾਰ ਅਤੇ ਪਿਆਰ ਨਾਲ ਸੁਆਗਤ ਕੀਤਾ ਅਤੇ ਵਾਪਸ ਆਉਣ ਨੂੰ ਕਿਹਾ. ਮੇਰੀ ਮਾਂ ਜੋ ਹੰਸ ਰਾਜ ਮਹਿਲਾ ਕੱ◌ਾਲੇਜ, ਲਾਹੌਰ ਦੀ ਛਾਤਰਾ ਸੀ, ਅੱਜ ਵੀ ਦਾਅਵਾ ਕਰਦੀ ਹੈ ਕਿ ਉਨ੍ਹਾਂ ਦੀ ਜਿੰਦਗੀ ਦਾ ਸਭ ਤੋਂ ਉਮਦਾ ਵਕਤ ਲਾਹੌਰ ਵਿੱਚ ਗੁਜਰਿਆ.

'ਦੂਜੀ ਤਰਫ਼, ਮੇਰੇ ਦਾਦਾ ਮਿਲਖੀ ਰਾਮ ਚੋਪੜਾ, ਜੋ ਹਫ਼ੀਜ਼ਾਬਾਦ, ਜ਼ਿਲ੍ਹਾ ਗੁਜਰਾਂਵਾਲਾ ਤੇ ਰਹਿੰਦੇ ਸੀ, ਉਨ੍ਹਾਂ ਦੀ ਕਿਸਮਤ ਬਹੁਤ ਖਰਾਬ ਰਹੀ. ਉਹ ਇੰਡੀਅਨ ਰੇਲਵੇਜ ਦੇ ਇੱਕ ਅਫ਼ਸਰ ਸਨ ਅਤੇ ਤਕਸੀਮ ਦੇ ਵਕਤ ਹੋਏ ਫ਼ਸਾਦਾਂ ਵਿੱਚ ਉਨ੍ਹਾਂ ਨੂੰ ਚਾਕੂ ਮਾਰ ਕੇ ਹਲਾਕ ਕਰ ਦਿੱਤਾ ਗਿਆ. ਉਨ੍ਹਾਂ ਦੇ ਬੱਚੇ ਆਪਣੇ ਪਿਤਾ ਨੂੰ ਆਪਣੀ ਅੱਖਾਂ ਦੇ ਸਾਹਮਣੇ ਮਰਦਾ ਵੇਖ, ਦਹਿਸ਼ਤ ਵਿੱਚ ਇੱਧਰ-ਉਧਰ ਭੱਜ ਗਿਐ. ਮੇਰੇ ਪਿਤਾ ਉਸ ਵਕਤ ਸਿਰਫ਼ ਅਠਾਰਾਂ ਸਾਲ ਦੇ ਸੀ. ਉਹ ਕਿਸੇ ਤਰ੍ਹਾਂ ਪੰਜਾਬ ਦੇ ਇੰਡੀਆ ਵਾਲੇ ਪਾਸੇ ਫੀਰੋਜ਼ਪੁਰ ਦੇ ਕੈਂਪ ਪਹੁੰਚ ਗਿਐ. ਉਹ ਕਈ ਮਹੀਨੇ ਤਕ ਨਹੀਂ ਸੁੱਤੇ ਅਤੇ ਉਨ੍ਹਾਂ ਨੂੰ ਲਗਾਤਾਰ ਡਰਾਵਨੇ ਸੁਪਨੇ ਆਉਂਦੇ ਸੀ ਅਤੇ ਉਹ ਫ਼ਿਕਰਮੰਦ ਰਹਿੰਦੇ. ਇਸ ਦੇ ਬਾਵਜੂਦ, ਮੇਰੇ ਪਰਵਾਰ ਦੇ ਦੋਵੇਂ ਤਰਫ਼, ਬਜ਼ੁਰਗ ਪਾਕਿਸਤਾਨ ਦੇ ਲੋਕਾਂ ਬਾਰੇ ਕੋਈ ਢੁੱਘੀ ਨਫ਼ਰਤ ਨਹੀਂ ਰੱਖਦੇ ਸੀ. ਉਨ੍ਹਾਂ ਨੂੰ ਪਤਾ ਸੀ ਕਿ ਇਹ ਇਤਿਹਾਸ ਦਾ ਇੱਕ ਪਲ ਸੀ, ਜਦ ਚਾਰੇ ਪਾਸੇ ਇੱਕ ਜਨੂਨੀਪਨ ਫੈਲ ਗਿਆ ਸੀ. ਉਹ ਅੱਜ ਵੀ ਕਹਿੰਦੇ ਨੇ ਕਿ ਤਕਸੀਮ ਨਹੀਂ ਹੋਣੀ ਚਾਹੀਦੀ ਸੀ.'

ਲਾਹੌਰ: ਏ ਲੈਸਟ ਸਿਟੀ, ਦੇ ਲੇਖਕ ਸੋਮ ਆਨੰਦ, ਆਪਣੇ ਬੈਂਕਰ ਪਿਤਾ ਫ਼ਕੀਰ ਚੰਦ ਨਾਲ ਤਕਸੀਮ ਤੋਂ ਬਾਅਦ ਪਾਕਿਸਤਾਨ ਵਿੱਚ ਰਹਿ ਗਏ ਸੀ. ਉਸ ਦੇ ਨਾਲ ਮੈਂ ਦਿੱਲੀ ਵਿੱਚ ਤਕਸੀਮ ਤੋਂ ਪਹਿਲਾਂ, 1947 ਦੀ ਘਟਨਾਵਾਂ ਅਤੇ ਬਾਅਦ ਦੇ ਦਿਨਾਂ ਬਾਰੇ ਗਲਾਂ ਕੀਤੀਆਂ. ਇਥੇ ਮੈਂ ਉਸ ਦੀ ਕਿਤਾਬ ਦੇ ਕੁੱਝ ਹਿੱਸੇਆਂ ਦਾ ਜ਼ਿਕਰ ਕਰਦਾ ਹਾਂ. ਉਹ ਕਹਿੰਦੇ ਨੇ ਕਿ ਹਿੰਦੂ ਅਤੇ ਮੁਸਲਿਮ ਫ਼ਿਰਕੇ ਦੋ ਧਾਰਾਵਾਂ ਦੀ ਤਰ੍ਹਾਂ ਸਨ ਜੋ ਨਾਲ-ਨਾਲ ਵਹਿਣਦੇ ਮਗਰ ਕਦੀ ਕਿਸੇ ਜਗ੍ਹ ਨਹੀ ਮਿਲਦੇ ਸੀ(1998:3). ਉਹ ਹੋਰ ਕਹਿੰਦੇ ਨੇ:

> ਮੁਸਲਮਾਨਾਂ ਦੇ ਅਪਵਿੱਤਰ ਛੂਹਣ ਤੋਂ ਬਚਣ ਲਈ, ਹਿੰਦੂਆਂ ਨੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਕਈ ਸਾਰੇ ਵਾੜ ਖੜੇ ਕਰ ਲੀਤੇ ਸੀ. ਜੈਦਾਂ ਕਿ ਮੇਰੀ ਮਾਂ ਰਸੋਈ ਵਿੱਚ ਕਦੀ ਕਿਸੇ ਮੁਸਲਿਮ ਨੂੰ ਦਾਖ਼ਲ ਨਹੀਂ ਹੋਣ ਦੇਂਦੀ ਸੀ. ਉਨ੍ਹਾਂ ਦਾ (ਮੁਸਲਿਮਾਂ ਦਾ) ਪੱਕਿਆ ਹੋਇਆ ਕੋਈ ਖਾਣਾ ਮੰਜ਼ੂਰ ਨਹੀਂ ਕੀਤਾ ਜਾਂਦਾ ਸੀ. ਮੈਨੂੰ ਯਾਦ ਹੈ ਕਿ ਅਗਰ ਕੋਈ ਮੁਸਲਿਮ ਪੜੋਸੀ ਮੇਰੇ ਪਿਤਾ ਲਈ ਕੋਈ ਖਾਸ ਖਾਣਾ ਭੇਜਦਾ ਸੀ, ਉਹ ਖਾਣਾ ਡਾਇਨਿੰਗ ਟੇਬਲ ਤੋਂ ਅੱਗੇ ਨਹੀਂ ਜਾਂ ਸਕਦਾ ਸੀ, ਜਿੱਥੇ ਮੇਰੀ ਮਾਂ ਖੁਦ ਵੀ ਖਾਣਾ ਨਹੀਂ ਖਾਂਦੀ ਸੀ. ਖਾਂਦੇ ਵਕਤ, ਉਹ ਕਿਸੇ ਮੁਸਲਿਮ ਸਹੇਲੀ ਜਾਂ ਪੜੋਸੀ ਨੂੰ ਛੂਹਣ ਨਹੀਂ ਦੇਂਦੀ ਸੀ. ਮੇਰੇ ਬਚਪਨ ਦੇ ਵਕਤ ਇਸੇ ਤਰ੍ਹਾਂ ਦੀ ਪਾਬੰਦੀ, ਪੜ੍ਹੇ-ਲਿੱਖੇ ਹਿੰਦੂ

ਪਰਵਾਰਾਂ ਦੇ ਬੰਦੇ ਨਹੀਂ ਮੱਨਦੇ ਸੀ. ਕੁੱਝ ਦਹਾਕੇ ਪਹਿਲਾਂ ਇਹ ਅਸੂਲ ਸਭ ਦੇ ਲਈ, ਇੱਕ ਸਖ਼ਤ ਆਚਾਰ-ਸੰਹਿਤਾ ਬਣਾਦੇ ਸੀ, ਭਾਵੇਂ ਕੋਈ ਕਿੱਨਾ ਵੀ ਪੜ੍ਹਿਆ ਜਾਂ ਗਿਆਨੀ ਬੰਦਾ ਹੋਵੇ.

ਇਣ ਸਭ ਹਿੰਦੂਆਂ ਦੀ ਮੂਰਖਤਾ ਭਰੀ ਰੋਕ ਟੋਕ ਦੇ ਬਾਵਜੂਦ, ਮੁਸਲਮਾਨਾਂ ਨੇ ਇਸ ਨੂੰ ਇੱਕ ਕੁਦਰਤੀ ਕਾਨੂੰਨ ਦੇ ਤੌਰ ਤੇ ਮੱਨ ਲੀਤਾ ਸੀ. ਉਨ੍ਹਾਂ ਦੇ ਬਜ਼ੁਰਗਾਂ ਨੂੰ ਪਤਾ ਸੀ ਕਿ ਕਿਸੇ ਹਿੰਦੂ ਨਾਲ ਕਿਸ ਹਦ ਤੱਕ ਮੇਲ-ਮਿਲ਼ਾਪ ਕੀਤਾ ਜਾ ਸਕਦਾ ਸੀ ਅਤੇ ਉਨ੍ਹਾਂ ਨੇ ਆਪਣੇ ਬਰਤਨਾਂ ਤੇ ਪਾਨੀ ਦੇਣ ਨੂੰ ਵੀ ਗਲਤ ਸਮਝਦੇ ਸੀ. ਹਿੰਦੂਆਂ ਨੇ ਹਮੇਸ਼ਾ ਮੁਸਲਿਮ ਕੱਟੜਤਾ ਬਾਰੇ ਸ਼ਿਕਾਇਤ ਕੀਤੀ ਹੈ ਮਗਰ ਇੱਕ ਗੱਲ ਉਨ੍ਹਾਂ ਨੂੰ ਕਦੀ ਨਹੀਂ ਸਮਝ ਆਈ ਕਿ, ਜੋ ਕੰਧ ਉਨ੍ਹਾਂ ਨੇ ਆਪਣੇ ਇਰਦ-ਗਿਰਦ ਖੜੀ ਕੀਤੀ ਸੀ, ਉਸ ਦੇ ਚਲਦਿਆਂ ਮੁਸਲਮਾਨਾਂ ਦਾ ਰਵੱਇਆ, ਮੁਖ਼ਤਲਿਫ਼ ਨਹੀਂ ਹੋ ਸਕਦਾ ਸੀ.

ਪੰਜਾਬ ਦੇ ਹਿੰਦੂਆਂ ਨੂੰ ਇਹ ਸਮਝਣ ਤੇ ਕਈ ਸਦੀਆਂ ਲਗ ਗਈਆਂ ਕਿ ਉਨ੍ਹਾਂ ਦੀ ਮੁਸਲਿਮ-ਮੁਖ਼ਾਲਫ਼ਤੀ ਤਰਫ਼ਦਾਰੀ ਕਿੱਨੀ ਬੇਹੂਦਾ ਅਤੇ ਨੁਕਸਾਨਦੇਹ ਸੀ. ਇਸ ਮਾਮਲੇ ਤੇ ਬਦਲਾਉ ਦੀ ਪਹਿਲੀ ਲਹਿਰ 1920 ਦੇ ਦਹਾਕੇ ਤੇ ਖਿਲਾਫ਼ਤ ਤੇਹਰੀਕ ਦੇ ਦੌਰਾਨ ਮਹਿਸੂਸ ਕੀਤੀ ਗਈ. ਹਾਲਾਂਕਿ ਹਿੰਦੂ-ਮੁਸਲਿਮ ਭਾਈਚਾਰੇ ਦੇ ਇਹਸਾਸ ਨੂੰ ਬਾਅਦ ਵਿੱਚ ਕਈ ਧੱਕੇ ਲਗੇ, ਸਮਾਜਕ ਸਤਰ ਤੇ, ਸ਼ਹਿਰੀ ਉੱਚੇ ਲੋਕਾਂ ਨੇ ਆਪਣੇ ਆਚਾਰ-ਸੰਹਿਤਾ ਵਿਚ, ਬਿਹਤਰੀ ਲਾਉਣ ਵਾਲੇ ਕਈ ਬਦਲਾਉ ਕੀਤੇ. ਇਹ ਕੁੱਝ ਹੱਦ ਤੱਕ ਪੱਛਮ ਦੀ ਤਾਲੀਮ ਦੀ ਮਿਹਰਬਾਨੀ ਸੀ. ਇਸ ਬਦਲਾਉ ਦਾ ਅਸਰ ਮੈਂ ਆਪਣੇ ਪਿਤਾ ਦੇ ਰਵੱਇਏ ਵਿੱਚ ਵੀ ਵੇਖਦਾ ਸੀ. ਜਦ ਉਹ ਨੌਜਵਾਨ ਸਨ, ਜੈਦਾਂ ਕਿ ਮੇਰੀ ਮਾਂ ਮੈਨੂੰ ਦੱਸਦੀ ਸੀ, ਉਹ ਆਪਣੇ ਕਪੜੇ ਬਦਲਦੇ ਸੀ ਅਗਰ ਬਾਜ਼ਾਰ ਵਿੱਚ ਚਲਦਿਆਂ ਉਨ੍ਹਾਂ ਨੂੰ ਕੋਈ ਮੁਸਲਮਾਨ ਛੂਹ ਲੈਂਦਾ ਸੀ; ਮਗਰ ਮੌਡੇਲ ਟਾਉਨ ਵਿੱਚ ਮੇਰੇ ਬਚਪਨ ਦੇ ਦੌਰਾਨ, ਮੇਰੇ ਪਿਤਾ ਦੇ ਕਈ ਮੁਸਲਮਾਨ ਦੋਸਤ ਸਨ ਅਤੇ ਉਹ ਮੇਰੀ ਮਾਂ ਦੀ ਰੋਕ-ਟੋਕ ਨੂੰ ਪਿਛੜੇਪਨ ਦੀ ਨਿਸ਼ਾਨੀ ਸਮਝਦੇ ਸਨ (Ibid:3-5).

ਦੀਨਾਨਾਥ ਮਲਹੋਤ੍ਰਾ, ਜਿਸ ਦੇ ਪਿਤਾ ਰਾਜਪਾਲ ਰੰਗੀਲਾ ਰਸੂਲ ਨਾਮਕ ਵਿਵਾਦਪੂਰਨ ਕਿਤਾਬ ਦੇ ਪ੍ਰਕਾਸ਼ਕ ਸਨ, ਅਤੇ ਜਿਸ ਦਾ ਜ਼ਿਕਰ ਅਸੀਂ ਕਰ ਚੁਕੇ ਹਾਂ, ਉਨ੍ਹਾਂ ਨੇ ਮੇਰੇ ਨਾਲ 1940 ਦੇ ਦਹਾਕੇ ਦੇ ਲਾਹੌਰ ਬਾਰੇ, ਲੰਬੀ ਗੱਲ-ਬਾਤ ਕੀਤੀ. ਉਸ ਨੇ ਸੋਮ ਆਨੰਦ ਦੇ ਉਸ ਜਾਇਜ਼ੇ ਨੂੰ ਸਹੀ ਦੱਸਿਆ ਕਿ ਹਿੰਦੂ ਤੌਰ-ਤਰੀਕੇ ਮੁਸਲਮਾਨਾਂ ਨੂੰ ਜ਼ਲੀਲ ਕਰਦੇ ਸੀ. ਮੈਂ ਉਨ੍ਹਾਂ ਦੀ ਕਿਤਾਬ ਦਾ ਹਵਾਲਾ ਦੇਂਦਾ ਹਾਂ, ਜਿਸ ਦੇ ਵਿੱਚ ਉਨ੍ਹਾਂ ਨੇ ਲਿਖਿਆ ਹੈ:

> ਲਾਹੌਰ ਵਿੱਚ ਗਰਮੀ ਦੇ ਮੌਸਮ ਵਿੱਚ, ਚੰਗੇ-ਭਲੇ ਘਰਾਂ ਦੇ ਨੌਜਵਾਨ ਹਿੰਦੂ ਰਜ਼ਾਕਾਰ ਨਿਸਬਤ ਰੋਡ ਅਤੇ ਦੂਜੇ ਇਲਾਕਿਆਂ ਤੇ ਕੇਵੜੇ ਦੀ ਖੁਸ਼ਬੂ ਵਾਲੇ ਠੰਡੇ ਪਾਣੀ ਦੀ ਟੱਰਾਲਿਆਂ ਘਸੀਟਦੇ ਅਤੇ ਗੁਜ਼ਰਨ ਵਾਲੇ ਹਰ ਇਨਸਾਨ ਨੂੰ ਚਾਂਦੀ ਦੇ ਗਿਲਾਸ ਵਿੱਚ ਨਿਮਰਤਾ ਨਾਲ ਪਾਣੀ ਪੇਸ਼ ਕਰਦੇ. ਮਗਰ ਇਹ ਨੇਕ ਕੱਮ ਸਿਰਫ਼ ਹਿੰਦੂਆਂ ਤੱਕ ਸੀਮਿਤ ਰਹਿੰਦਾ. ਜਦ ਕੋਈ ਮੁਸਲਮਾਨ, ਭਾਵੇਂ ਉਹ ਚੰਗਾ-ਭਲਾ ਦਿਸ ਦਾ ਹੋਵੇ, ਪਾਣੀ ਲੈਣ ਸਾਹਮਣੇ ਆਉਂਦਾ ਸੀ, ਉਸ ਨੂੰ ਉਸ ਲਈ ਰੱਖੇ ਇੱਕ ਘੱਟਿਆ ਗਿਲਾਸ ਵਿੱਚ ਪਾਣੀ ਦਿੱਤਾ ਜਾਂਦਾ ਸੀ; ਹੋਰ ਇਸ ਲਈ ਇੱਕ ਗੱਜ ਲੰਬੀ ਬਾਂਸ ਦੀ ਕੁੱਪੀ ਦਾ ਇਸਤੇਮਾਲ ਕੀਤਾ ਜਾਂਦਾ ਸੀ. ਇਹ ਸਭ ਤੋਂ ਜ਼ਿਆਦਾ ਜ਼ਿਲਤਅਮੇਜ਼ ਅਤੇ ਨਫਰਤਅੰਗੇਜ਼ ਸੀ. ਇਣ ਹਾਲਾਤਾਂ ਵਿੱਚ, ਇਹ ਲ਼ਾਜ਼ਮੀ ਸੀ ਕਿ ਜਿਨਾਹ ਦੀ ਗੱਲਾਂ ਦਾ ਮੁਸਲਿਮ ਫ਼ਿਰਕੇ ਦੇ ਜ਼ੇਹਨ ਉਪਰ ਇੱਕ ਢੂੰਘਾ ਅਸਰ ਹੋਇਆ (Malhotra, 2004: 59).

ਆਪਣੀ ਆਤਮਕਥਾ, *ਟਰੂਥ, ਲਵ ਐਂਡ ਏ ਲਿਟੱਲ ਮੈਲਾਇਸ* ਵਿੱਚ ਮਸ਼ਹੂਰ ਸਿੱਖ ਲੇਖਕ, ਪਤਰਕਾਰ ਅਤੇ ਇਤਿਹਾਸਕਾਰ ਖੁਸ਼ਵੰਤ ਸਿੰਘ ਨੇ ਪੰਜਾਬ ਦੇ ਸਮਾਜ ਬਾਰੇ ਵੀਹਵੀਂ ਸਦੀ ਦੇ ਸ਼ੁਰੂਆਤੀ ਦਿਨਾਂ ਤੋਂ, ਕਈ ਝਲਕਿਆਂ ਪੇਸ਼ ਕੀਤੀਆਂ ਨੇ. ਲਾਹੌਰ ਬਾਰੇ ਉਨ੍ਹਾਂ ਨੇ ਇੱਕ ਪੂਰਾ ਅਧਿਆਇ ਲਿਖਿਆ ਹੈ ਜਦ ਉਹ ਉਥੇ ਵਕਾਲਤ ਕਰਣ ਦੀ ਤਿਆਰੀ ਕਰ ਰਹੇ ਸੀ. ਖੁਸ਼ਵੰਤ ਸਿੰਘ (1915-2014) ਦਾ ਜਨਮ ਜਿਹਲਮ ਜ਼ਿਲ੍ਹੇ ਦੇ ਹਡਾਲੀ ਨਾਮਕ ਇੱਕ ਛੋਟੇ ਪਿੰਡ ਤੇ ਹੋਇਆ ਸੀ. ਉਨ੍ਹਾਂ ਦੇ ਪਿੰਡ ਦੀ ਮਸ਼ਹੂਰੀ ਇਸ ਗੱਲ ਤੋਂ ਸੀ ਕਿ ਇਥੋਂ ਪਹਿਲੇ ਆਲਮੀ ਜੰਗ ਦੇ ਦੌਰਾਨ, ਕਿਸੇ ਵੀ ਪਿੰਡ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਸਿਪਾਹੀ ਮੁਹੱਇਆ ਕਰਵਾਏ. ਉਨ੍ਹਾਂ ਦੇ ਵਿਚੋਂ ਕਈਆਂ ਨੇ ਬ੍ਰਿਟਿਸ਼ ਵਾਇਸਰਾਏ ਦੇ ਬੈਂਡੀਗਾਰਡਾਂ ਦੇ ਤੌਰ ਤੇ ਕੱਮ ਕੀਤਾ. ਸਿੰਘ ਜ਼ਿਕਰ ਕਰਦੇ ਨੇ ਕਿ 300 ਪਰਵਾਰਾਂ ਵਿੱਚ ਜ਼ਿਆਦਾਤਰ ਮੁਸਲਮਾਨ ਸਨ. ਹਿੰਦੂ ਅਤੇ ਸਿੱਖ ਪਰਵਾਰ 50 ਦੇ ਕਰੀਬ ਸਨ. ਗੈਰ-ਮੁਸਲਮਾਨ ਵਪਾਰ, ਦੁਕਾਨਦਾਰੀ ਅਤੇ ਸੂਦਖੋਰੀ ਕਰਦੇ ਸੀ. ਉਨ੍ਹਾਂ ਦਾ ਪਰਵਾਰ ਪਿੰਡ ਤੇ ਸਭ ਤੋਂ ਰਈਸ ਸੀ; ਉਹ ਇੱਟਾਂ ਦੇ ਪੱਕੇ ਮਕਾਨ ਵਿੱਚ ਰਹਿੰਦੇ ਸੀ, ਜਦ ਕਿ ਜ਼ਿਆਦਾਤਰ ਦੂਜੇ ਲੋਕ ਕੱਚੇ ਘਰਾਂ ਵਿੱਚ ਰਹਿੰਦੇ ਸੀ. ਉਹ ਲਿਖਦੇ ਨੇ: 'ਅਸੀਂ ਹਡਾਲੀ ਦੇ ਹਿੰਦੂ ਅਤੇ ਸਿੱਖ, ਮੁਸਲਮਾਨਾਂ ਨਾਲ ਇੱਕ ਬੇਚੈਣ ਮਗਰ ਅਮਨਪਸੰਦ ਰਿਸ਼ਤਾ ਰਖਦੇ ਸੀ. ਅਸੀਂ ਉਨ੍ਹਾਂ ਦੇ ਬਜ਼ੁਰਗਾਂ ਨੂੰ ਚਾਚਾ, ਚਾਚੀ ਪੁਕਾਰਦੇ ਸੀ ਹੋਰ ਉਹ ਵੀ ਸਾਡੇ ਬਜ਼ੁਰਗਾਂ ਨੂੰ ਇਸੀ ਤਰ੍ਹਾਂ ਪੁਕਾਰਦੇ ਸੀ. ਅਸੀਂ ਵਿਆਹ ਅਤੇ ਮੌਤ ਦੇ ਮੌਕੇ ਛੱਡ ਕੇ, ਇੱਕ ਦੂਜੇ ਦੇ ਘਰ ਬਹੁਤ ਘੱਟ ਜਾਂਦੇ ਸੀ' (2002:5).

ਤਕਸੀਮ ਤੋਂ ਪਹਿਲ਼ਾਂ ਦੇ ਲਾਹੌਰ ਬਾਰੇ ਲਿਖਦੇ ਹੋਏ, ਖੁਸ਼ਵੰਤ ਸਿੰਘ ਉੱਚੇ-ਮੱਧ ਦਰਜੇ ਦੇ ਪਰਵਾਰਾਂ ਦੀ ਜ਼ਿੰਦਗੀ ਦੇ ਕਈ ਦਿਲਚਸਪ ਕਿੱਸੇ ਦਸਦੇ ਨੇ. ਉਹ ਜ਼ਿਕਰ ਕਰਦੇ ਨੇ ਕਿ ਹਿੰਦੂ ਅਤੇ ਸਿੱਖ, ਅਕਸਰ ਦੋਸਤ ਬਣ ਜਾਂਦੇ ਸੀ ਅਤੇ ਉਨ੍ਹਾਂ ਦੇ ਪਰਵਾਰ ਇੱਕ ਦੂਜੇ ਨਾਲ ਖੂਸ਼ੀ ਖੂਸ਼ੀ ਮੇਲਜੋਲ ਕਰਦੇ ਸੀ. ਸਿੱਖਾਂ ਜਾਂ ਹਿੰਦੂਆਂ ਦੇ ਨਜਦੀਕੀ ਮੁਸਲਿਮ ਦੋਸਤ ਜਾਂ ਪਰਵਾਰ ਦੇ ਨਾਲ ਨਾਤੇ ਬਹੁਤ ਘੱਟ ਹੁੰਦੇ ਸੀ. ਉਹ ਲਿਖਦੇ ਨੇ:

ਸਾਡੀ ਮਨਜ਼ੂਰ ਕਾਦਿਰਾਂ ਦੇ ਨਾਲ ਦੋਸਤੀ ਦੇ ਬਾਵਜੂਦ, ਮੈਨੂੰ ਮੁਸਲਿਮ-ਹਿੰਦੂ/ਸਿੱਖ ਦੇ ਵਿੱਚ ਦੀ ਕੰਧ ਬਾਰੇ ਕੋਈ ਭੁਲੇਖਾ ਨਹੀਂ ਸੀ. ਇਥੋਂ ਤੱਕ ਕਿ ਹਾਈ ਕੋਰਟ ਬਾਰ ਅਸੋਸਿਏਸ਼ਨ ਅਤੇ ਲਾਇਬਰੇਰੀ ਵਿੱਚ ਮੁਸਲਿਮ ਵਕੀਲ ਇੱਕ ਵੱਡੀ ਬੈਠਕ ਅਤੇ ਲਾਇਬ੍ਰੇਰੀ ਤੇ, ਹਿੰਦੂਆਂ ਅਤੇ ਸਿੱਖਾਂ ਤੋਂ ਵੱਖ, ਦੂਜੇ ਕੋਨੇ ਤੇ ਬੈਠੇ ਹੁੰਦੇ ਸੀ. ਵਿਆਹ-ਸ਼ਾਦੀ ਅਤੇ ਜਨਾਜੇ ਵਿੱਚ ਲੋਕ ਇੱਕ ਦੂਜੇ ਨਾਲ ਮਿਲਦੇ-ਜੁਲਦੇ ਸੀ, ਮਗਰ ਇਹ ਵੀ ਸਿਰਫ਼ ਇੱਕ ਹਾਜਰੀ ਭਰਣ ਵਾਲਾ ਕੱਮ ਸੀ. ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਬਾਰੇ ਤਜਵੀਜ਼ ਤੋਂ ਬਾਅਦ, ਇਹ ਦਰਾਰ ਹੋਰ ਚੌੜੀ ਹੋ ਗਈ ਅਤੇ ਹੋਰ ਜ਼ਿਆਦਾ ਚੌੜੀ ਹੁੰਦੀ ਰਹੀ (Ibid:105).

ਪ੍ਰੇਮ ਧਵਨ

ਪ੍ਰੇਮ ਧਵਨ, ਮੁਮਬਈ ਫਿਲਮ ਉਦਯੋਗ ਦੇ ਸਾਬਕਾ ਗੀਤਕਾਰ ਅਤੇ ਮੌਸੀਕਾਰ, ਨੇ ਮੈਨੂੰ ਦੱਸਿਆ ਕਿ ਇੱਕ ਨੌਜਵਾਨ ਦੇ ਤੌਰ ਤੇ ਉਹ ਲਾਹੌਰ ਜੇਲ੍ਹ ਤੇ ਇਨਕਲਾਬਿਆਂ ਦੇ ਸੰਪਰਕ ਵਿੱਚ ਆਏ, ਜਿੱਥੇ ਉਨ੍ਹਾਂ ਦੇ ਪਿਤਾ ਇੱਕ ਸੁਪਰਿਨਟੇਂਡੇਂਟ ਸਨ. ਮਸ਼ਹੂਰ ਫੋਰਮਨ ਕ੍ਰਿਸਚਿਅਨ ਕੌਲੇਜ, ਲਾਹੌਰ ਤੋਂ 1942 ਤੇ ਸਨਾਤਕ ਹੋਣ ਤੱਕ ਉਹ ਮਾਰਕਸਿਸਟ ਹੋ ਚੁਕੇ ਸੀ. 1930 ਦੇ ਦਹਾਕੇ ਅਤੇ 1940 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਬਾਰੇ ਉਨ੍ਹਾਂ ਨੇ ਟਿਪੱਣੀ ਕੀਤੀ:

'ਫੋਰਮਨ ਕ੍ਰਿਸਚਿਅਨ ਕੌਲੇਜ ਦਾ ਮਾਹੌਲ ਮਹਾਨਗਰਿਆਂ ਵਰਗਾ ਸੀ. ਸਾਡੇ ਜ਼ਿਆਦਾਤਰ ਲੋਕਾਂ ਵਿੱਚ ਆਪਸੀ ਰਿਸ਼ਤੇ ਬਹੁਤ ਉਮਦਾ ਸਨ. ਲਾਹੌਰ ਦੇ ਦੂਜੇ ਹਿੱਸੇ ਤੇ ਵੀ ਮਾਹੌਲ ਇਸੀ ਤਰ੍ਹਾਂ ਸੀ. ਯਕੀਨਨ, ਲਾਹੌਰ ਸ਼ਹਿਰ, ਬਰਦਾਸ਼ਤਗੀ ਅਤੇ ਰੌਸ਼ਨੀ ਦਾ ਸਹਿਰ ਸੀ. ਮੈਂ 1943 ਵਿੱਚ ਲਾਹੌਰ ਛੱਡ ਕੇ ਬੰਬਈ ਆ ਗਿਆ. ਤਦ, ਮੈਨੂੰ ਇਹ ਕਦੀ ਨਹੀਂ ਲਗਿਆ ਕਿ ਚਾਰ ਸਾਲਾਂ ਬਾਅਦ ਹਿੰਦੂਆਂ ਅਤੇ ਸਿੱਖਾਂ ਨੂੰ ਹਮੇਸ਼ਾ ਲਈ ਲਾਹੌਰ ਛੱਡਨਾ ਪਏਗਾ. ਇਹ ਕਦੇ ਵੀ ਨਹੀਂ ਹੋ ਸਕਦਾ ਸੀ; ਹੋ ਸਕਦਾ ਸੀ?'

ਸਰਦਾਰ ਸ਼ੌਕਤ ਅਲੀ

ਕੌਲੇਜ ਵਿੱਚ ਮੌਜੂਦ ਹਮਦਰਦੀ ਦੇ ਇਹਸਾਸ ਨੂੰ ਪਾਕਿਸਤਾਨ ਦੇ ਮਰਹੂਮ ਕਮਊਨਿਸਟ ਆਗੂ, ਸਰਦਾਰ ਸ਼ੌਕਤ ਅਲੀ ਨੇ ਮੈਨੂੰ ਦੱਸਿਆ. ਉਹ ਪ੍ਰੇਮ ਧਵਨ ਦੇ ਜਮਾਤੀ ਸਨ ਅਤੇ ਜਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਪ੍ਰੇਮ ਧਵਨ ਨੂੰ 2001 ਵਿੱਚ ਮੁਮਬਈ ਤੇ ਮਿਲਿਆ ਸੀ, ਉਨ੍ਹਾਂ ਦੀ ਅੱਖਾਂ ਤੇ ਅਥਰੂ ਆ ਗਏ. ਉਨ੍ਹਾਂ ਨੇ ਕਿਹਾ:

'ਪੰਜਵੀਂ ਜਮਾਤ ਤੋਂ ਮੈਂ ਕਸੂਰ ਤੇ ਪੜ੍ਹਿਆ. 1939 ਵਿੱਚ ਮੈਂ ਰਾਮ ਸੂਖ ਦਾਸ ਕੌਲੇਜ, ਅਜਨਾਲਾ ਤਹਸੀਲ, ਅੱਮ੍ਰਿਤਸਰ, ਜਿੱਥੇ ਮੇਰਾ ਭਰਾ ਕਾਨੂੰਨਗੋ ਦੇ ਅਹੁਦੇ ਤੇ ਇੱਕ ਮਾਲੀਆ ਅਧਿਕਾਰੀ ਸੀ, ਤੇ ਦਾਖਿਲਾ ਲੀਤਾ. ਇਹ ਇੱਕ ਵਧਿਆ ਤਜ਼ਰਬਾ ਸੀ. ਮੁਸਲਿਮ ਜ਼ਿਆਦਾ ਸਨ ਮਗਰ ਹਿੰਦੂ ਅਤੇ ਸਿੱਖ ਵੀ ਸਨ. ਅਸੀਂ ਇੱਕ ਖਾਣਾ ਖਾਂਦੇ ਸੀ. ਬਾਅਦ ਵਿੱਚ ਮੈਂ ਫੋਰਮਨ ਕ੍ਰਿਸਚਿਅਨ ਕੌਲੇਜ ਤੇ ਦਾਖ਼ਲਾ ਲੀਤਾ ਅਤੇ ਮੈਂ ਉਸੇ ਜਮਾਤ ਤੇ ਸੀ ਜਿਸ ਵਿੱਚ ਪ੍ਰੇਮ ਧਵਨ ਸੀ. ਮੈਂ ਅਤੇ ਮੇਰੇ ਕੁੱਝ ਦੋਸਤ ਕਮਊਨਿਸਟ ਤੇਹਰੀਕ ਦੀ ਤਰਫ਼ ਖਿੱਚੇ ਚਲੇ ਗਏ.

ਤਾਹਿਰਾ ਮਜ਼ਹਰ ਅਲੀ ਖ਼ਾਨ

ਤਾਹਿਰਾ ਮਜ਼ਹਰ ਅਲੀ ਖ਼ਾਨ, ਇੱਕ ਮਸ਼ਹੂਰ ਅਕਲੀ, ਸੋਸ਼ਲਿਸਟ ਅਤੇ ਤਕਸੀਮ ਹੌਣ ਤੋਂ ਪਹਿਲਾਂ ਦੇ ਪੰਜਾਬ ਦੇ ਪਹਿਲੇ ਪ੍ਰੀਮੀਅਰ ਅਤੇ ਯੁਨਿਅਨਿਸਟ ਪਾਰਟੀ ਦੇ ਹੁਕਮਰਾਨ ਸਰ ਸਿਕੰਦਰ ਹਯਾਤ ਖ਼ਾਨ ਦੀ ਬੇਟੀ ਨੇ ਇਹ ਕਿਹਾ:

'ਮੇਰਾ ਜਨਮ ਉੱਤਰ ਪੰਜਾਬ ਦੇ ਵਹ ਤੇ ਹੋਇਆ ਜੋ ਸਾਡਾ ਪੂਸ਼ਤੈਨੀ ਸ਼ਹਿਰ ਹੈ, ਮਗਰ ਮੈਂ ਲਾਹੌਰ ਵਿੱਚ ਪਲੀ ਤੇ ਵੱਡੀ ਹੋਈ. ਮੈਂ ਕਵੀਨਸ ਮੇਰੀਸ ਸਕੂਲ ਤੇ ਪੜ੍ਹੀ ਜਿੱਥੇ ਪੰਜਾਬ ਦੇ ਉੱਚੇ ਵਰਗੇ ਦੇ ਪਰਵਾਰਾਂ ਦੀ ਧੀਆਂ ਪੜ੍ਹਦੀਆਂ ਸੀ. ਅਸੀਂ ਕਦੀ ਕਿਸੇ ਨੂੰ ਹਿੰਦੂ ਜਾਂ ਸਿੱਖ ਨਹੀਂ ਸਮਝਿਆ. ਅਸੀਂ ਇੱਕ ਦੂਜੇ ਦੇ ਤਿਉਹਾਰ ਮਨਾਉਂਦੇ ਸੀ. ਹਿੰਦੂ ਮਹਾਸਭਾ ਦੇ ਆਗੂ ਰਾਜਾ ਨਰਿੰਦਰ ਨਾਥ ਆਪਣੇ ਆਪ ਨੂੰ ਮੇਰੇ ਵਾਲਿਦ ਦਾ ਭਰਾ ਕਹਿੰਦੇ ਸੀ, ਅਤੇ ਉਹ ਪਰਵਾਰ ਦੇ ਇੱਕ ਬੇਹਦ ਅਜ਼ੀਜ਼ ਦੋਸਤ ਸਨ. ਸਾਡੇ ਘਰ ਦੋ ਰਸੋਈਆਂ ਸੀ, ਇੱਕ ਮੁਸਲਮਾਨਾਂ ਲਈ ਅਤੇ ਇੱਕ ਹਿੰਦੂਆਂ ਹੋਰ ਸਿੱਖਾਂ ਲਈ. ਇਹ ਗੱਲ ਸੱਚ ਹੈ ਕਿ ਹਿੰਦੂ ਸਾਨੂੰ ਆਪਣੀ ਰਸੋਈ ਵਿੱਚ ਦਾਖ਼ਲ ਨਹੀਂ ਹੋਣ ਦੇਂਦੇ ਸੀ. ਬਾਅਦ ਤੇ ਮੈਂ ਕਾਂਗਰੇਸ ਪਾਰਟੀ ਦੀ ਕਮਊਨਿਸਟ ਸ਼ਾਖਾ ਨਾਲ ਜੁੜੀ ਜਿੱਥੇ ਅਲਗ ਅਲਗ ਮਜ਼ਹਬਾਂ ਦੇ ਦੋਸਤ ਸੀ ਅਤੇ ਸਾਨੂ ਮਜ਼ਹਬੀ ਫ਼ਰਕ ਦਾ ਕੋਈ ਇਹਸਾਸ ਨਹੀਂ ਹੋਇਆ.

ਪੁਸ਼ਪਾ ਹੰਸ (1917-2011)

ਮਸ਼ਹੁਰ ਪੰਜਾਬੀ ਗੁਲੂਕਾਰ ਅਤੇ ਅਭਿਨੇਤਰੀ ਪੁਸ਼ਪਾ ਹੰਸ ਦੀ ਲਾਹੌਰ ਬਾਰੇ ਪਿਆਰੀ ਯਾਦਾਂ ਕੁੱਝ ਇਸੇ ਤਰ੍ਹਾਂ ਨੇ:

'ਅਸੀਂ ਫੇਨ ਰੋਡ ਤੇ ਰਹਿੰਦੇ ਸੀ. ਮੇਰੇ ਪਿਤਾ ਇੱਕ ਵਕੀਲ ਸਨ. ਮੇਰੇ ਗਾਉਣ ਦਾ ਸਿਲਸਿਲਾ ਲਾਹੌਰ ਰੇਡੀਉ ਸਟੇਸ਼ਨ ਤੋਂ ਸ਼ੁਰੂ ਹੋਇਆ. ਲਾਹੌਰ ਰੇਡੀਉ ਤੋਂ ਪ੍ਰਸਾਰਿਤ ਇੱਕ ਪੰਜਾਬੀ ਨਾਟਕ ਵਿੱਚ ਮਸ਼ਹੁਰ ਬੌਲੀਵੁਡ ਅਭਿਨੇਤਾ ਉਮ ਪਰਕਾਸ਼ ਫ਼ਤੇਹ ਮੁਹੱਮਦ ਦਾ ਕਿਰਦਾਰ ਅਦਾ ਕਰਦੇ ਸੀ, ਅਤੇ ਇੱਕ ਮੁਸਲਿਮ ਸ਼ਕਸ ਹਿੰਦੂ ਦਾ ਕਿਰਦਾਰ. ਇਹ ਉਸ ਵਕਤ ਦਾ ਸਭ ਤੋਂ ਮਕਬੂਲ ਪ੍ਰੋਗਰਾਮ ਸੀ.

'ਫਿਰੋਜ਼ਪੁਰ ਦੇ ਮਿਆਂ ਹਮੀਦੁਦੀਨ 13 ਫੇਨ ਰੋਡ ਤੇ ਰਹਿੰਦੇ ਸੀ. ਉਹ ਇੱਕ ਹੁਸ਼ਿਆਰ ਵਕੀਲ ਸਨ ਅਤੇ ਉਨ੍ਹਾਂ ਦੀ ਬੇਟੀ ਕਿਸ਼ਵਰ ਮੇਰੀ ਸਭ ਤੋਂ ਪਿਆਰੀ ਸਹੇਲਿਆਂ ਵਿੱਚ ਸੀ. ਮੈਂ ਉਸ ਦੇ ਨਾਲ ਰੋਜ਼ੇ ਵੀ ਰੱਖਦੀ ਸੀ. ਪੜ੍ਹੇ-ਲਿਖੇ ਲੋਕਾਂ ਵਿੱਚ ਮਜ਼ੂਬੀ ਫ਼ਰਕ ਕੋਈ ਸਮਸਿਆ ਨਹੀਂ ਸੀ. ਸਾਡੇ ਵਿੱਚ ਬੇਹਦ ਚੰਗੇ ਰਿਸ਼ਤੇ ਸੀ. ਸਾਡੇ ਵਿੱਚ ਬਹੁਤ ਦਿਨਾਂ ਤੱਕ ਸੰਪਰਕ ਕਾਇਮ ਸੀ ਪਰ ਹੁਣ ਮੈਨੂੰ ਨਹੀਂ ਪਤਾ ਕਿਸ਼ਵਰ ਕਿਥੇ ਹੈ. ਮੈਂ ਉੱਮੀਦ ਕਰਨੀ ਹਾਂ ਕਿ ਉਹ ਜਿੰਦਾ ਅਤੇ ਸਿਹਤਮੰਦ ਹੈ.

'ਜਦ ਮੈਂ ਮਸ਼ਹੂਰ ਗਾਨੇ, *"ਸਾਰੀ ਰਾਤ ਤਕਨੀਆਂ ਤੇਰੀ ਰਹ"* ਅਤੇ *"ਚਨਾਂ ਕਿਥੇ ਗੁਜ਼ਾਰੀ ਏ ਰਾਤ ਵੇ"* ਗਾਏ, ਪਾਕਿਸਤਾਨ ਤੋਂ ਸੁਣਨ ਵਾਲਿਆਂ ਨੇ ਅੱਲ ਇੰਡੀਆ ਰੇਡੀਉ ਨੂੰ ਕਈ ਵਾਰ ਇਣ ਗਾਨਿਆਂ ਨੂੰ ਸੁਣਨ ਲਈ ਫ਼ਰਮਾਇਸ਼ ਭੇਜੀ. ਇਹ ਹਕੀਕਤ ਹੈ ਕਿ ਇੱਕ ਵਾਰ ਮੈਂ ਇੰਡੀਅਨ ਫੌਜੀਆਂ (ਜਵਾਨਾਂ) ਵਾਸਤੇ ਜੱਮੂ ਬਾਰਡਰ ਤੇ ਪ੍ਰੋਗ੍ਰਾਰਮ ਕੀਤਾ. ਸਰਹੱਦ ਦੇ ਉਸ ਪਾਰ ਦੇ ਪਾਕਿਸਤਾਨੀ ਫੌਜੀਆਂ ਨੇ ਗੁਜ਼ਾਰਸ਼ ਕੀਤੀ ਕਿ ਇੱਕ ਲਾਉਡ ਸਪੀਕਰ ਉਨ੍ਹਾਂ ਦੀ ਤਰਫ਼ ਕਰ ਦਿੱਤਾ ਜਾਵੇ. ਇਹ ਕਰ ਦਿੱਤਾ ਗਿਆ ਅਤੇ ਅਸੀਂ ਸਭ ਨੇ ਇੱਕ ਬੇਹਦ ਅੱਛੇ ਵਕਤ ਦਾ ਲੁਤਫ਼ ਉਠਾਇਆ.

ਹਵਾਲਾ

ਅਦੀਬ, ਵਾਈ.,ਮੇਰਾ ਸ਼ੇਹਰ ਲਾਹੌਰ, ਲਾਹੌਰ:ਆਤਿਸ਼ ਫ਼ਿਸ਼ਾਂ ਪਬਲਿਕੇਸ਼ੰਸ,(1991).

ਅਹਿਮਦ,ਐਸ.,ਗ੍ਰੇਟ ਸੂਫ਼ੀ ਵਿਸਡਮ:ਬੁੱਲੇ ਸ਼ਾਹ, ਇਸਲਾਮਾਬਾਦ: ਸਈਦ ਅਹਿਮਦ,(2004).

ਅਹਿਮਦ,ਆਈ.,'ਸਿਖ ਸੇਪਾਰੇਟਿਜਮ ਇਨ ਇੰਡੀਆ ਐਂਡ ਦੀ ਕਨਸੇਪਟ ਔਫ ਖਾਲਿਸਤਾਨ', ਕੇ.ਆਰ.ਹੇਲਕਵਿਸਟ,

ਐਨ.ਆਈ.ਏ.ਐਸ ਰਿਪੋਰਟ 1990,(ਵਿਚ),ਕੁਪੇਨਹੇਗਨ: ਨੋਰਡੀਕ ਇਨਸਟੀਚਯੂਟ ਔਫ ਐਸੀਅਨ ਇਸਟਡੀਸ

ਅਹਿਮਦ,ਆਈ.,ਇਸਟੇਟ,ਨੇਸ਼ਨ ਐਂਡ ਏਥਨਿਸਿਟੀ ਇਨ ਕਨਟੇਂਪਰਰੀ ਸਾਉਥ ਏਸੀਆ, ਲੰਡਨ ਅਤੇ ਨਿਉਰਕ:ਪਿੰਟਰ ਪਬਲਿਸ਼ਰਸ,(1998).

ਅਹਿਮਦ,ਆਈ.,'ਸਾਉਥ ਏਸੀਆ',ਡੇਵਿਡ ਵੇਸਟਰਲੂੰਡ ਅਤੇ ਇੰਗਵਾਰ ਸਵਾਨਬਰਗ, ਇਸਲਾਮ ਆਉਟਸਾਇਡ ਦੀ ਅਰਬ ਵਰਲਡ, ਪਪ.212-252,ਰਿਚਮੰਡ:ਕਰਜ਼ਨ ਪ੍ਰੈਸ,(1999).

ਅਲਹਕ,ਸ਼ੁਜਾ,ਏ ਫੈਰਗੈਟੇਨ ਵਿਜਨ:ਏ ਸਟਡੀ ਔਫ ਹਯੂਮਨ ਇਸਪਿਰਿਚਯੂਏਲਿਟੀ ਇਨ ਦੀ ਲਾਈਟ ਔਫ ਦ ਇਸਲਾਮਿਕ ਟ੍ਰੈਡੀਸ਼ਨ, ਚਿਪੇਨਹਮ,ਵਿਲਟਸ਼ਾਇਰ:ਮਿਨਰਵਾ ਬੁਕਸ,(1996).

ਅਕਬਰ,ਐਮ.ਜੇ.,ਇੰਡੀਆ: ਦੀ ਸੀਜ ਵਿਦਿਨ, ਹਾਰਮੋਨਡਸਵਰਥ:ਪੇਨਗੁਇਨ ਬੁਕਸ,(1985).

ਅਲੀ, ਕਿਕੱਰਮ, ਹਿਸਟਰੀ ਔਫ ਦੀ ਪੰਜਾਬ(1799-1947),ਡੇਲਹੀ:ਲੋ ਪ੍ਰਾਇਸ ਪਬਲਿਕੇਸ਼ਨ,(1970).

ਅਲੀ, ਕਿਮਰਾਨ, ਦੀ ਪੰਜਾਬ ਅੰਡਰ ਇਮਪਿਰਿਅਲਿਜਮ(1885-1947),ਡਕਰਾਚੀ:ਔਕਸਫੋਰਡ ਯੂਨੀਵਰਸਿਟੀ ਪ੍ਰੈਸ,(1989).

ਆਨੰਦ,ਸੋਮ.,ਲਾਹੌਰ:ਪੇਰਟ੍ਰੇਟ ਔਫ ਏ ਲੈਸਟ ਸਿਟੀ, ਲਾਹੌਰ:ਵੈਨਗਾਰਡ ਬੂਕਸ ਲਿਮਿਟੇਡ,(1998).
ਅਸ਼ਰਫ਼, ਏ.,ਏਕ ਦਿਲ ਹਜ਼ਾਰ ਦਾਸਤਾਨ, ਲਾਹੌਰ: ਆਤਿਸ਼ ਫ਼ਿਸ਼ਾਂ ਪਬਲਿਕੇਸ਼ੰਸ,(1989).
ਭਾਟੀਆ,ਐਸ.,ਸੋਸ਼ਲ ਚੇਂਜ ਐਂਡ ਪੌਲਿਟਿਕਸ ਇਨ ਪੰਜਾਬ:1898-1910, ਨਿਊ ਡੇਲਹੀ: ਏਨਕੇ ਪਬਲਿਸ਼ਰਸ ਪ੍ਰਾਇਵੇਟ ਲਿਮਿਟੇਡ.(1987).
ਚੌਧਰੀ,ਐਨ.ਏ.,ਡੇਵਲੇਪਮੇਂਟ ਔਫ ਉਰਦੂ ਐਸ ਉਫਿਸਿਅਲ ਲੈਂਗਵੇਜ ਇਨ ਦੀ ਪੰਜਾਬ(1849-1974), ਲਾਹੌਰ: ਗੌਵਰਨਮੇਂਟ ਔਫ ਦ ਪੰਜਾਬ,(1977).
ਦਾਰਲਿੰਗ,ਐਮ.ਐਲ.,ਦੀ ਪੰਜਾਬ ਪੀਜੇਂਟ ਇਨ ਪ੍ਰੋਸਪਰਿਟੀ ਐਂਡ ਡੇਟ, ਨਿਊ ਡੇਲਹੀ: ਮਨੋਹਰ ਬੁਕ ਸਰਵਿਸ,(1978).
ਦੱਤਾ,ਊ.ਪੀ.,'ਚਕਵਾਲ ਫੈਂਡਲੀ ਰੀਮੇਮਬਰਡ', ਦੀ ਸਾਉਥ ਏਸੀਅਨ, http://www.the-south-asian.com/July-Aug2000/Chakwal_memories_4.htm, ਡੇਲਹੀ,(7 ਅਗਸਤ 2000)
ਫਰਕੁਹਰ,ਜੇ.ਐਨ.,ਐਂਡਰਨ ਰਿਲਿਜਿਅਸ ਮੂਵਮੇਂਟਸ ਇਨ ਇੰਡੀਆ, ਡੇਲਹੀ: ਮੁੰਸ਼ੀਰਾਮ ਮਨੋਹਰਲਾਲ,(1967)
ਗਰਦੇਜ਼ੀ,ਐਚ.ਏਨ.,ਚੇਨਸ ਟੂ ਲੂਜ, ਲਾਇਫ ਇਸਟਰਗਲਸ ਔਫ ਏ ਰਿਵੋਲਯੁਸ਼ਨਰ:ਮੇਮੋਅਰਸ ਔਫ ਦਾਦਾ ਅਮੀਰ ਹੈਦਰ ਖ਼ਾਨ, ਨਿਊ ਡੇਲਹੀ:ਪੇਟ੍ਰੋਏਟ ਪਬਲਿਸ਼ਰਸ,(1989).
ਗਰੇਵਾਲ,ਜੇ.ਐਸ.'ਹਿਸਟੋਰੀਕਲ ਜਿਔਗਰਾਫੀ ਔਫ ਦੀ ਪੰਜਾਬ', ਜਰਨਲ ਔਫ ਪੰਜਾਬ ਇਸਟਡੀਸ, ਵੋਲ.ੀ ਨਬਰ.1, ਇਸਪਰਿੰਗ (2004).
ਇੰਬੇਟਸਨ,ਐਸ.ਡੀ.,ਪੰਜਾਬ ਕਾਸਟਸ, ਲਾਹੌਰ: ਸੰਗ-ਏ-ਮੀਲ਼ ਪਬਲਿਕੇਸ਼ਨਸ,(1994).
ਝੋਨਸ,ਕੇ.ਡਬਲੂ.,ਆਰਿਆ ਧਰਮ:ਹਿੰਦੂ ਕਨਸਿਅਸਨੇਸ ਇਨ 19ਥ-ਸੇਂਚੂਰੀ ਪੰਜਾਬ, ਦੇਲਹੀ: ਮਨੋਹਰ,(1989a).
ਕੋਹਲੀ,ਐਸ.ਐਸ., ਦੀ ਲਾਇਫ ਐਂਡ ਆਇਡਿਅਲਸ ਔਫ ਗੁਰੂ ਗੋਬਿੰਦ ਸਿੰਘ, ਦੇਲਹੀ: ਮੁੰਸ਼ੀਰਾਮ ਮਨੋਹਰਲਾਲ,(1986).
ਲਾਹੌਰੀ, ਤਾਹਿਰ, ਸੋਹਣਾ ਸ਼ੇਹਰ ਲਾਹੌਰ, ਲਾਹੌਰ: ਸੰਗ-ਏ-ਮੀਲ਼ ਪਬਲਿਕੇਸ਼ਨਸ,(1994).
ਲ਼ੇਹ,ਐਮ.ਐਸ., ਦੀ ਪੰਜਾਬ ਐਂਡ ਦ ਵਾਰ, ਲਾਹੌਰ: ਗੌਵਰਨਮੇਂਟ ਪਿੰ੍ਰਟਿੰਗ ਪ੍ਰੇਸ,(1922).
ਮਹੱਮੁਦ,ਸਲਮਾ,'ਏ ਗ੍ਰੇਟ ਸਨ ਔਫ ਦ ਪੰਜਾਬ', ਦੀ ਫ੍ਰeਡੇ ਟਾਇਮਸ(2-10 ਅਪ੍ਰੈਲ 2010).
ਮਲਹੋਤ੍ਰਾ, ਦੀਨਾ ਨਾਥ, ਡੇਅਰ ਟੂ ਪਬਲਿਸ਼, ਨਿਊ ਡੇਲਹੀ,(2004).
ਮੂਨ,ਪੇਂਡੇਰਲ,ਡਿਵਾਇਡ ਐਂਡ ਕਵੀਟ, ਨਿਊ ਡੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(1998).
ਨਗੀਨਾ,ਜੈਡ.ਆਈ.,ਘਾਜ਼ੀ ਇਲਮ ਦੀਨ ਸ਼ਹੀਦ, ਲਾਹੌਰ:ਜੰਗ ਪਬਲਿਸ਼ਰਸ ਪ੍ਰੈਸ,(1988).
ਰਸ਼ੀਦ,ਰਾਊ, ਜੋ ਮੈਨੇ ਦੇਖਾ: ਪਾਕਿਸਤਾਨ ਸਿਆਸਤ ਔਰ ਹੁਕੂਮਰਾਨੀ ਕੀ ਹਕੀਕਤ, ਲਾਹੌਰ: ਜਮਹੂਰੀ ਪਬਲਿਕੇਸ਼ਨਸ(2010).
ਸ਼ੇਖ,ਐਮ.,'ਦੀ 30-ਇਅਰ ਰੂਲ ਔਫ ਦ "ਥ੍ਰੀ ਹਕੀਮਸ", ਡਾਨ, ਕਰਾਚੀ, 25 ਜੂਨ (2005).
ਸ਼ੇਖ,ਐਮ.,'ਵਹੇਨ ਦੀ "ਵਾਇਲਡ" ਪਰੂਵਡ ਮੋਰ ਏਜੁਕੇਟੇਡ', ਡਾਨ, ਲਾਹੌਰ ਏਡੀਸ਼ਨ, 25 ਜਨਵਰੀ 2010.
ਸਿੰਘ, ਜੀ., ਰਿਲਿਜੀਅਨ ਐਂਡ ਪੌਲਿਟਿਕਸ ਇਨ ਦੀ ਪੰਜਾਬ, ਨਿਊ ਡੇਲਹੀ, ਦੀਪ ਐਂਡ ਦੀਪ ਪਬਲਿਕੇਸ਼ਨਸ,(1986).
ਸਿੰਘ, ਕੇ., ਏ ਹਿਸਟਰੀ ਔਫ ਦੀ ਸਿੱਖਸ, ਵੋਲ. ੀ, 1469-1839, ਪਿੰ੍ਰਸਟਾਉਨ: ਪਿੰ੍ਰਸਟਾਉਨ ਪਿੰਟਿੰਗ ਪ੍ਰੈਸ,(1963).
ਸਿੰਘ, ਕੇ., ਏ ਹਿਸਟਰੀ ਔਫ ਦੀ ਸਿੱਖਸ, ਵੋਲ. ੀ, 1839-1964, ਪਿੰ੍ਰਸਟਾਉਨ: ਪਿੰ੍ਰਸਟਾਉਨ ਪਿੰਟਿੰਗ ਪ੍ਰੈਸ,(1966).
ਸਿੰਘ, ਕੇ., ਰਣਜੀਤ ਸਿੰਘ:ਮਹਾਰਾਜਾ ਔਫ ਦੀ ਪੰਜਾਬ 1780-1839, ਨਿਊ ਡੇਲਹੀ: ਉਰਿਏਂਟ ਲੈਂਗਮੈਨ,(1985).
ਸਿੰਘ, ਕੇ., ਟਰੁਥ,ਲਵ ਐਂਡ ਏ ਲਿੱਟਲ ਮੇਲਿਸ, ਨਿਊ ਦੇਲਹੀ: ਵਾਇਕਿੰਗ,(2002).
ਤੱਲਹਾ, ਐਨ., ਇੰਕੋਨੋਮਿਕ ਫੈਕਟਰਸ ਇਨ ਦੀ ਮੇਕਿੰਗ ਔਫ ਪਾਕਿਸਤਾਨ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(2000).
ਵੱਰਾਇਚ,ਐਸ., ਦੀ ਟ੍ਰੇਟਰ ਵਿਦਿਨ: ਦ ਨਵਾਜ਼ ਸ਼ਰੀਫ ਸਟੋਰੀ ਇਨ ਹਿਜ ਉਨ ਵਰਡਸ, ਲਾਹੌਰ: ਸਾਗਰ ਪਬਲਿਸ਼ਰਸ,(2008).

ਸਰਕਾਰੀ ਦਸਤਾਵੇਜ਼

ਕਾਰਟਰ,ਐਲ.,ਪੰਜਾਬ ਪੌਲਿਟਿਕਸ 1936-39, ਦੀ ਇਸਟਾਰਟ ਔਫ ਪ੍ਰੋਵਿੰਸਿਅਲ ਆਟੋਨੋਮੀ: ਗਵਰਨਰਸ' ਫੋਰਟਨਾਇਟਲੈ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ: ਮਨੋਹਰ,(2004).

ਇੰਟਰਵਿਊ

ਜਮਨਾ ਦਾਸ ਅਖਤਰ, ਦੇਲਹੀ, 20 ਅਕਤੂਬਰ 1999

ਪ੍ਰੇਮ ਧਵਨ, ਮੁਮਬਈ, 22 ਅਕਤੂਬਰ 1999

ਸੁਨੀਲ ਦੱਤ, ਮੁਮਬਈ, 20 ਅਕਤੂਬਰ 2001

ਪ੍ਰੋਫੇਸਰ ਸ਼ੌਕਤ ਅਲੀ, ਮੇਨੱਸਫੀਲਡ, ਮੇਸਾਚੁਸੇਟਸ, ਯੁ.ਐਸ.ਏ.29 ਜੁਲਾਈ 2002

ਨੂਰ ਭਰੀ, ਲਾਹੌਰ, 17 ਅਪ੍ਰੈਲ 2003

ਚੌਧਰੀ ਮੁਹੱਮਦ ਬਸ਼ੀਰ, ਲਾਹੌਰ,18 ਅਪ੍ਰੈਲ 2003

ਰਾਣਾ ਮੁਹੱਮਦ ਰਸ਼ੀਦ, ਲਾਹੌਰ,18 ਅਪ੍ਰੈਲ 2003

ਸਈਦ ਇਜਾਜ਼ ਹੁਸੇਨ ਜਾਫਰੀ, ਲਾਹੌਰ,22 ਅਪ੍ਰੈਲ 2003

ਤਾਹਿਰਾ ਮਜ਼ਹਰ ਅਲੀ ਖ਼ਾਨ, ਲਾਹੌਰ,25 ਅਪ੍ਰੈਲ 2003

ਸਰਦਾਰ ਸ਼ੌਕਤ ਅਲੀ ਖ਼ਾਨ, ਲਾਹੌਰ,3 ਮਈ 2003

ਦੀਨਾ ਨਾਥ ਮਲਹੋਤ੍ਰਾ, 15 ਮਾਰਚ 2004

ਪੁਸ਼ਪਾ ਹੰਸ, ਨਵੀਂ ਦਿੱਲੀ, 31 ਮਾਰਚ 2004

ਮਸ਼ਕੂਰ ਸਾਬਰੀ, ਮੁਲਤਾਨ,22 ਦਸੰਬਰ 2004

ਪ੍ਰੋਫੇਸਰ ਚਮਨ ਲਾਲ ਅਰੋੜਾ, ਜਲੰਧਰ, 4 ਜਨਵਰੀ 2005

ਅਮਰੀਕ ਚੰਦ ਅਹਲੁਵਾਲਿਆ, ਪਟਿਆਲਾ, 7 ਜਨਵਰੀ 2005

ਰਖਸਤ ਪੂਰੀ, ਦਿੱਲੀ, 10 ਜਨਵਰੀ 2005

ਪ੍ਰੋਫੇਸਰ ਵੀ.ਏਨ.ਦੱਤਾ, ਸਬਕਾ ਇਤਿਹਾਸਕ, ਨਵੀਂ ਦਿੱਲੀ,10 ਜਨਵਰੀ 2005

ਬੇਰੋਨੇਸ, ਸ਼੍ਰੀਲਾ ਫੱਲੇਥਰ, ਬਰਕਸ਼ਾਇਰ ਕਾਉਂਟੀ, 7 ਜੁਲਾਈ 2006

ਅਹਦ ਮਲਿਕ, ਸਟੋਕਹੋਮ, 13 ਜਨਵਰੀ 2006

ਮਿਆਂ ਮੁਸਤਫਾ ਕਮਾਲ ਪਾਸ਼ਾ, ਲਾਹੌਰ, 14 ਜਨਵਰੀ 2005

ਮੁਹੱਮਦ ਫੀਰੋਜ਼ ਦਰ, ਸੋਲਨਾ, ਸਵੀਡਨ, 18 ਫਰਵਰੀ 2007

ਕੁਲਦੀਪ ਕੁਮਾਰ ਚੋਪੜਾ, ਸਟੋਕਹੋਮ, 20 ਅਪ੍ਰੈਲ 2011

3

ਪੰਜਾਬ ਵਿੱਚ ਤਕਸੀਮ ਦੀ ਉਤਪਤ

(1900-1944)

ਇੱਕ ਵਿਆਪਕ ਸੰਦਰਭ

ਬ੍ਰਿਟਿਸ਼ ਇੰਡੀਅਨ ਸਾਮਰਾਜ 1858 ਵਿੱਚ ਸਿੱਧੀ ਤਰ੍ਹਾਂ ਤਾਜ ਦੇ ਅਧੀਨ ਆ ਗਿਆ, ਜਦ ਅੰਗ੍ਰੇਜੀ ਇਸਟ ਇੰਡੀਆ ਕਮਪਨੀ ਨੇ ਇਸ ਤੋਂ ਪਹਿਲਾਂ 1857 ਵਿੱਚ ਬੇਂਗਾਲ ਆਰਮੀ ਦੇ ਕੁੱਝ ਹਿੰਦੂਸਤਾਨੀ ਸਿਪਾਹਿਆਂ ਦੇ ਵਿਦ੍ਰੋਹ ਨੂੰ ਕਾਮਯਾਬੀ ਨਾਲ ਦਬਾ ਦਿੱਤਾ. ਕੁੱਝ ਹਿੰਦੂਸਤਾਨੀ ਸ਼ਹਿਜ਼ਾਦਿਆਂ ਅਤੇ ਮਜ਼ੂਬੀ ਸ਼ਖਸਿਅਤਾਂ ਨੇ ਵੀ ਉਸ ਤੇਹਰੀਕ ਵਿੱਚ ਹਿੱਸਾ ਲੀਤਾ. ਪੰਜਾਬ ਵਿੱਚ ਵੀ ਬਗ਼ਾਵਤ ਹੋਈ ਮਗਰ ਉਸ ਨੂੰ ਵੀ ਕਾਮਯਾਬੀ ਨਾਲ ਕਾਬੂ ਵਿੱਚ ਲੈ ਆਉਂਦਾ ਗਿਆ. ਇਸ ਬਗ਼ਾਵਤ ਦੇ ਦੌਰਾਨ, ਹਿੰਦੂ ਅਤੇ ਮੁਸਲਮਾਨਾਂ ਦੇ ਦਰਮਿਆਨ ਮਿਲਵਰਤਨ ਕਾਇਮ ਰਿਹਾ ਮਗਰ ਇਹ ਘੱਟ ਗਿਆ, ਜਦ ਬ੍ਰਿਟਿਸ਼ ਹਕੂਮਤ ਨੇ ਇੱਕ ਹਿਮਾਇਤੀ ਤਰੀਕਾ ਇੱਜ਼ਾਦ ਕੀਤਾ, ਜਿਸ ਦੇ ਚਲਦਿਆਂ ਮੁਖ਼ਤਲਿਫ਼ ਕੌਮਾਂ ਇੱਕ ਦੂਜੇ ਦੇ ਖ਼ਿਲਾਫ਼ ਮੁਕਾਬਲਾ ਕਰਣ ਲਈ ਮਜਬੂਰ ਹੋਇਆਂ. ਬ੍ਰਿਟਿਸ਼ ਇੰਡੀਅਨ ਸਾਮਰਾਜ ਵਿੱਚ, ਮੁੱਖ ਤੌਰ ਤੇ, ਦੋ ਅਲਗ ਤਰ੍ਹਾਂ ਦੇ ਸਿਆਸੀ ਇੰਤਜਾਮ ਸ਼ਾਮਲ ਸੀ - ਇਲਾਕੇ ਜੋ ਸਿੱਧੀ ਤਰ੍ਹਾਂ ਬ੍ਰਿਟਿਸ਼ ਪ੍ਰਸ਼ਾਸਨ ਦੇ ਅਧੀਨ ਸਨ ਅਤੇ ਅਣਗਿਨਤ ਰਿਆਸਤਾਂ ਜਿਨ੍ਹਾਂ ਨੇ ਕਿਸੇ ਸਮਝੌਤੇ ਦੇ ਚਲਦਿਆਂ ਬ੍ਰਿਟਿਸ਼ ਸਰਬਸ਼੍ਰੇਸ਼ਠਤਾ ਮੰਜ਼ੂਰ ਕਰ ਲੀਤੀ ਸੀ. ਉਨੀਵੀਂ ਸਦੀ ਦੇ ਅਖੀਰ ਤੇ ਹਿੰਦੂ, ਸਿੱਖ ਅਤੇ ਇਸਲਾਮ ਮਜ਼ੂਬਾਂ ਦਾ ਪੁਨਰ-ਜਾਗਰਣਵਾਦ ਹੋਇਆ. ਇਸ ਨੇ ਦੋਨੋ ਕੌਮਾਂ ਦੇ ਵਿੱਚ ਦੂਰੀ ਦੇ ਇਹਸਾਸ ਨੂੰ ਹੋਰ ਢੂੰਘਾ ਕੀਤਾ.

ਹਿੰਦੂ, ਇੰਡੀਆ ਦੀ ਆਬਾਦੀ ਦੇ ਅੰਦਾਜਨ, ਦੋ ਤਿਹਾਈ ਸੀ. ਉੱਚੀ ਜਾਤੀ ਦੇ ਹਿੰਦੂ ਇਸ ਗੱਲ ਨੂੰ ਲੈ ਕੇ ਫ਼ਿਕਰਮੰਦ ਸੀ ਕਿ ਏਸ਼ੀਆ ਵਿੱਚ ਹੋਰ ਕਿਥੇ ਪੈਦਾ ਹੋਈ ਇਸਲਾਮੀ ਭਾਈਚਾਰੇ ਦੀ ਲਹਿਰ ਇੰਡੀਆ ਤੇ, ਫੈਲ ਕੇ ਅਤੇ ਇੰਡਿਅਨ ਮੁਸਲਿਮਾਂ ਨਾਲ ਮਿੱਲ ਕੇ ਇਸ ਮਹਾਦੀਪ ਦੇ ਟੁਕੜੇ ਨਾ ਕਰੇ. ਉਨੀਵੀਂ ਸਦੀ ਦੇ ਅਖੀਰ ਵਿੱਚ, ਜਾਣਕਾਰ ਅਤੇ ਡਰੇ ਹਿੰਦੂਆਂ ਨੇ ਮਸ਼ਵਰਾ ਦੇਣਾ ਸ਼ੁਰੂ ਕਰ ਦਿੱਤਾ ਕਿ ਅਗਰ ਮੁਸਲਮਾਨ ਦੋਬਾਰਾ ਹਿੰਦੂ ਨਹੀਂ ਬਣਦੇ ਨੇ ਤੇ, ਇੱਕ ਜੁੜਿਆ ਹੋਇਆ ਭਾਰਤੀ ਮੁਲਕ ਹਾਸਲ ਨਹੀਂ ਹੋ ਸਕਦਾ ਸੀ. ਕੁੱਝ ਚਾਹੁੰਦੇ ਸੀ ਕਿ ਮੁਸਲਮਾਨਾਂ ਨੂੰ ਪੱਛਮ ਏਸ਼ੀਆ ਦੀ ਤਰਫ਼ ਪਰ੍ਹੇ ਕਰ ਦਿੱਤਾ ਜਾਵੇ ਪਰ ਜ਼ਿਆਦਾਤਰ ਜਬਰਣ ਸਫਾਈ ਦੇ ਹਿਮਾਇਤੀ ਸਨ (Jones, 1989b). ਮੁਸਲਿਮ ਅਲਪਮਤ ਦੇ ਲੋਕ ਇੰਡੀਆ ਦੀ ਕੁੱਲ ਆਬਾਦੀ ਦੇ 24.9 ਫ਼ੀਸਦੀ ਸਨ, ਉਨ੍ਹਾਂ ਦੇ ਜ਼ਿਆਦਾਤਰ ਲੋਕ ਹਿੰਦੂ ਜਾਤਿਆਂ ਤੋਂ ਧਰਮ ਬਦਲ ਕੇ ਮੁਸਲਮਾਨ ਬਣੇ ਸੀ, ਜ਼ਿਆਦਾ ਧਰਮ ਤਬਦੀਲੀ ਛੋਟੀ ਜਾਤਾਂ, ਕਿਸਾਨ ਅਤੇ ਚਰਾਗਾਹ ਉਪਕੁਲ ਦੇ ਲੋਕਾਂ ਨੇ ਕੀਤੀ. ਹੋਰ ਇੱਕ ਛੋਟਾ ਤਬਕਾ ਆਪਣੀ ਉਤਪਤ ਮੱਧ, ਦੱਖਨ-ਪੱਛਮ ਅਤੇ ਪੱਛਮ ਏਸ਼ੀਆ ਤੋਂ ਇੰਡਿਅਨ ਮਹਾਦੀਪ ਤੇ ਆਏ ਵਡੇਰੇਆਂ ਤੋਂ ਮੱਨਦਾ ਹੈ. ਇੱਕ ਅਲਗ ਮੁਸਲਿਮ ਮੁਲਕ ਬਣਾਉਣ ਦਾ ਖ਼ਿਆਲ ਕੁੱਝ ਮੁਸਲਮਾਨਾਂ ਲਈ ਇੱਕ

ਦਿਲਚਸਪ ਖ਼ਿਆਲ ਸੀ. ਇੱਕ ਮੁਖ਼ਤਲਿਫ਼ ਮੁਲਕ ਦੀ ਮੰਗ ਕਰਣ ਵਾਲੇ ਸਭ ਤੋਂ ਮਸ਼ਹੂਰ ਮੁਸਲਿਮ ਅੱਲਾਮਾ ਇਕਬਾਲ ਸਨ, ਜੋ ਇੱਕ ਕਸ਼ਮੀਰੀ ਬ੍ਰਾਹਮਣ ਮੂਲ ਦੇ ਪੰਜਾਬੀ ਸਨ, ਜਿਨ੍ਹਾਂ ਨੇ ਇਹ ਮੁੱਦਾ ਅੱਾਲ-ਇੰਡੀਆ ਮੁਸਲਿਮ ਲੀਗ ਦੇ 1930 ਵਿੱਚ ਹੋਏ ਅਲਾਹਾਬਾਦ ਸੇਸਨ, ਤੇ ਉਠਾਇਆ. ਆਪਣੀ ਮਸ਼ਹੂਰ ਤਕਰੀਰ ਵਿੱਚ ਉਨ੍ਹਾਂ ਨੇ ਐਲਾਨ ਕੀਤਾ:

> ਇੰਡੀਆ ਦੇ ਅੰਦਰ ਇੱਕ ਮੁਸਲਿਮ ਇੰਡੀਆ ਬਣਾਉਣ ਦੀ ਮੁਸਲਿਮ ਮੰਗ...ਪੂਰੀ ਤਰ੍ਹਾਂ ਵਾਜ਼ਬ ਹੈ...ਮੈਂ ਵੇਖਣਾ ਚਾਹੁੰਗਾ ਕਿ ਪੰਜਾਬ, ਉੱਤਰ-ਪਛਮ ਫਰੰਟੀਅਰ ਸੂਬਾ, ਸ਼ਿੰਧ ਅਤੇ ਬਲੂਚਿਸਤਾਨ ਨੂੰ ਰਲਾ ਕੇ ਇੱਕ ਸੂਬਾ ਬਣਾਇਆ ਜਾਵੇ. ਬ੍ਰਿਟਿਸ਼ ਸਾਮਰਾਜ ਦੇ ਅੰਦਰ ਜਾਂ ਬਾਹਰ ਵਿੱਚ ਖ਼ੁਦ ਦੇ ਫ਼ੈਸਲੇ ਨਾਲ, ਇੱਕ ਇਕੱਠਾ ਉੱਤਰ-ਪੱਛਮ ਇੰਡੀਆ ਦਾ ਮੁਸਲਿਮ ਸੂਬਾ ਬਣਨਾ ਹੀ ਮੈਨੂੰ ਮੁਸਲਮਾਨਾਂ, ਘੱਟ ਤੋਂ ਘਟ, ਉੱਤਰ-ਪੱਛਮ ਇੰਡੀਆ ਦੇ ਮੁਸਲਮਾਨਾਂ ਦੀ, ਆਖ਼ਿਰੀ ਮੰਜ਼ਲ ਨਜ਼ਰ ਆਉਂਦੀ ਹੈ (Pirzada,1970:159).

ਚੌਧਰੀ ਰਹਿਮਤ ਅਲੀ ਜੋ ਇੱਕ ਹੋਰ ਪੰਜਾਬੀ ਸਨ, ਮੁਸਲਿਮ ਅਲਗਾਵਵਾਦ ਦੇ ਜ਼ਿਆਦਾ ਪੱਕੇ ਹਿਮਾਇਤੀ ਸਨ. 1933 ਵਿੱਚ ਕੈਂਬਰਿਜ ਯੂਨੀਵਰਸਿਟੀ ਤੇ, ਉਨ੍ਹਾਂ ਨੇ ਅਤੇ ਕੁੱਝ ਦੂਜੇ ਛਾਤਰਾਂ ਨੇ ਇੱਕ ਕਿਤਾਬਚਾ ਨਿਕਾਲਿਆ ਜਿਸ ਦਾ ਸ਼ੀਰਸ਼ਕ ਸੀ Now or Never (ਹੁਣ ਜਾਂ ਕਦੀ ਨਹੀਂ), ਜਿਸ ਵਿੱਚ ਪਾਕਿਸਤਾਨ ਦੇ ਨਾਂਅ ਵਾਲੇ ਇੱਕ ਮੁਖ਼ਤਲਿਫ਼ ਮੁਲਕ ਦਾ ਖ਼ਿਆਲ ਪੇਸ਼ ਕੀਤਾ ਗਿਆ. ਇਹ ਨਾਂਅ ਮੁਸਲਮਾਨਾਂ ਦੀ ਜ਼ਿਆਦਾ ਆਬਾਦੀ ਵਾਲੇ ਉੱਤਰ-ਪੱਛਮ ਇੰਡੀਆ ਦੇ ਪੰਜ ਸੂਬਿਆਂ ਦੇ ਨਾਂਅ ਤੋਂ ਬਣਾਇਆ ਗਿਆ ਸੀ: ਪੰਜਾਬ, ਅਫ਼ਗਾਨਿਆ (ਉੱਤਰ-ਪਛਮ ਫਰੰਟਿਅਰ ਸੂਬਾ), ਕਸ਼ਮੀਰ, ਸਿੰਧ ਅਤੇ ਬਲੂਚਿਸਤਾਨ. ਰਹਿਮਤ ਅਲੀ ਬ੍ਰਿਟਿਸ਼ ਕਨਸਰਵੇਟਿਵ ਸਿਆਸਤਦਾਨਾਂ ਨਾਲ, ਆਪਣੇ ਸਿਆਸੀ ਮਨਸੂਬੇ ਲਈ, ਤਾਲ-ਮੇਲ ਕਾਇਮ ਕਰਣ ਲਗੇ. ਇੱਕ ਬ੍ਰਿਟਿਸ਼ ਨੂੰ ਉਸ ਨੇ ਲਿਖਿਆ:

> ਅਸੀਂ ਪਾਕਿਸਤਾਨੀਯਾਂ ਨੇ ਅਤੀਤ ਤੋਂ ਆਪਣੀ ਜ਼ਿੰਦਗੀ ਖ਼ੁਦ ਗੁਜ਼ਾਰੀ ਹੈ ਅਤੇ ਆਪਣੇ ਮੁਲਕ ਦੀ ਨਜਾਤ ਆਪਣੇ ਤਰੀਕੇ ਨਾਲ ਕੀਤੀ ਹੈ. ਪਾਕਿਸਤਾਨ ਨੇ ਆਪਣੇ ਪੂਰੇ ਵਜੂਦ ਦੇ ਦੌਰਾਨ, ਆਪਣਾ ਖ਼ੁਦ ਦਾ ਕਾਨੂੰਨ ਕਾਇਮ ਰੱਖਿਆ ਹੈ ਅਤੇ ਆਪਣੇ ਖ਼ੁਦ ਦੇ ਮਜ਼ਬ, ਰੂਹਾਨੀ ਅਤੇ ਤਹਿਜ਼ੀਬੀ ਅਸੂਲਾਂ ਦੀ ਕਦਰ ਕੀਤੀ ਹੈ, ਜੋ ਮੂਲ ਤੌਰ ਤੇ ਹਿੰਦੂਸਤਾਨ ਤੋਂ ਮੁਖ਼ਤਲਿਫ਼ ਨੇ. ਸਾਡਾ, ਇੱਕ ਕੌਮ ਦੇ ਤਹਿਤ, ਉਨ੍ਹਾਂ ਦੇ ਨਾਲ ਕੁੱਝ ਵੀ ਇੱਕ ਵਰਗਾ ਨਹੀਂ ਹੈ ਹੋਰ ਨਾ ਹੀ ਉਨ੍ਹਾਂ ਦਾ ਸਾਡੇ ਨਾਲ. ਜ਼ਾਤੀ ਤੌਰ ਤੇ ਜਾਂ ਕੌਮੀ ਤੌਰ ਤੇ, ਆਦਤਨ, ਅਸੀਂ ਉਨ੍ਹਾਂ ਦੇ ਨਾਲ ਬੁਨਿਆਦੀ ਤੌਰ ਤੇ ਇੰਨੇ ਅਲਗ ਹਾਂ, ਜਿਣਾ ਕਿ ਦੁਨੀਆ ਦੇ ਕਿਸੇ ਵੀ ਦੂਜੇ ਨਿਮਰ ਮੁਲਕ ਦੇ ਲੋਕਾਂ ਨਾਲ (Aziz, 1978:23-4).

ਦੀ ਗੌਵਰਨਮੇਂਟ ਐਫ ਇੰਡੀਆ ਐਕਟ 1935

ਗੌਵਰਨਮੇਂਟ ਉਫ ਇੰਡੀਆ ਐਕਟ 1935, ਜੋ 1937 ਦੇ ਇੰਤਖ਼ਾਬ ਦੀ ਬੁਨਿਆਦ ਬਣਿਆ ਸੀ, ਉਸ ਤੋਂ ਸਾਫ ਸੀ ਕਿ ਬ੍ਰਿਟਿਸ਼ ਦਾ ਆਪਣੇ ਇੰਡਿਅਨ ਸਾਮਰਾਜ ਨੂੰ ਛੱਡਣ ਦਾ ਕੋਈ ਇਰਾਦਾ ਨਹੀਂ ਸੀ. ਇਸ ਲਈ, ਮਿਸਾਲ ਦੇ ਤੌਰ ਤੇ, ਗੌਵਰਨਮੇਂਟ ਐਫ ਇੰਡੀਆ ਐਕਟ 1935 ਨੇ ਦੂਜੇ ਮੁੱਦੇ ਦੇ ਇਲਾਵਾ, ਇਣ ਸਭ ਮੁੱਦੇਆਂ ਨੂੰ ਵੀ ਸਾਹਮਣੇ ਲਾਇਆ:

1. ਇੰਡੀਆ ਨੂੰ ਇੱਕ ਫੇਡਰੇਸ਼ਨ ਬਣਣਾ ਸੀ, ਜਿਸ ਵਿੱਚ ਬ੍ਰਿਟਿਸ਼ ਹਕੂਮਤ ਦੇ ਅਧੀਨ ਸਿੱਧੇ ਤੌਰ ਤੇ ਕੁੱਝ ਸੂਬੇ ਹੋਣਗੇ ਅਤੇ ਰਿਆਸਤਾਂ ਵੀ ਹੋਣਗਿਆਂ.

2. ਗਵਰਨਰ-ਜੈਨਰਲ ਕੇਂਦਰੀ ਪ੍ਰਸ਼ਾਸਨ ਦਾ ਪੱ੍ਰਮੁਖ ਬਣਿਆ ਰਿਹਾ ਅਤੇ ਉਸ ਦੀ ਬੇਤਹਾਸ਼ਾ ਇੰਤਜਾਮੀਆ, ਕਾਨੂੰਨੀ ਅਤੇ ਮਾਲੀਆ ਤਾਕਤ ਸੀ.

3. ਸੂਬਿਆਂ ਨੂੰ ਉਨ੍ਹ ਵਿਸ਼ੇ ਉਪਰ ਆਜਾਦੀ ਸੀ ਜਿਸ ਦੀ ਉਨ੍ਹਾਂ ਨੂੰ ਖੁਦਮੁਖਤਿਆਰੀ ਕੀਤੀ ਗਈ ਸੀ.

4. ਜਿੱਥੇ ਤੱਕ ਸੂਬਿਆਂ ਦਾ ਸਵਾਲ ਹੈ, ਹਾਲਾਂਕਿ ਇੰਤਖਾਬ ਤੋਂ ਬਾਅਦ ਪੂਰੀ ਤਰ੍ਹਾਂ ਚੁਣੀ ਗਈ ਵਜ਼ਾਰਤ ਨੂੰ ਬਣਾਉਣਾ ਸੀ, ਸ਼ੈਕਸ਼ਨ 93 ਨੇ ਗਵਰਨਰ ਲਈ ਇੱਕ ਗੁੰਜਾਇਸ਼ ਰੱਖੀ ਸੀ ਕਿ ਉਹ ਗਵਰਨਰ-ਜੈਨਰਲ ਨਾਲ ਮਸ਼ਵਰਾ ਕਰ ਕੇ ਗੈਰ-ਫ਼ੈਜ਼ੀ ਇੰਤਜਾਮੀਆ ਨੂੰ ਆਪਣੇ ਕਬਜ਼ੇ ਤੇ ਲੈਣ ਦਾ ਫ਼ਰਮਾਨ ਜਾਰੀ ਕਰ ਸਕਦਾ ਸੀ, ਅਗਰ ਉਸ ਨੂੰ ਲਗਦਾ ਕਿ ਕਨਸਟੀਚਯੁਸ਼ਨਲ (ਸੰਵਿਧਾਨਿਕ) ਮਸ਼ੀਨਰੀ ਤਸੱਲੀਬਕਸ਼ ਤਰੀਕੇ ਨਾਲ ਕੱਮ ਨਹੀਂ ਕਰ ਰਹੀ ਸੀ. ਇਸੇ ਤਰ੍ਹਾਂ ਦਾ ਫ਼ਰਮਾਨ ਛੇ ਮਹੀਨੇ ਬਾਅਦ ਲਾਗੂ ਨਹੀਂ ਰਹਿੰਦਾ, ਮਗਰ ਬ੍ਰਿਟਿਸ਼ ਪਾਰਲਿਆਮੇਂਟ ਇਸ ਨੂੰ ਹੋਰ ਬਾਰਾਂ ਮਹੀਨੇ ਤੱਕ ਵਧਾ ਸਕਦੀ ਸੀ, ਅਗਰ ਉਹ ਇਸ ਬਾਰੇ ਕੋਈ ਪ੍ਰਸਤਾਵ ਪਾਰਿਤ ਕਰਦੀ ਸੀ.

1937 ਦੇ ਪ੍ਰੋਵਿੰਸ਼ਿਅਲ ਇਲੇਕਸ਼ਨਸ (ਸੂਬਾਈ ਇੰਤਖਾਬ)

1937 ਦੇ ਸ਼ੁਰੂ ਤੇ, ਦੋ ਪ੍ਰਮੁਖ ਸਿਆਸੀ ਪਾਰਟਿਆਂ, ਇੰਡਿਅਨ ਨੈਸ਼ਨਲ ਕਾਂਗਰੇਸ (1885 ਵਿੱਚ ਕਾਇਮ) ਅਤੇ ਮੁਸਲਿਮ ਲੀਗ (1906 ਵਿੱਚ ਕਾਇਮ) ਨੇ ਸੂਬਾਈ ਇੰਤਖਾਬ ਤੇ ਮੁਕਾਬਲਾ ਕੀਤਾ. ਕਾਂਗਰੇਸ ਨੇ ਇੰਡੀਆ ਦੇ ਸਾਰੇ ਲੋਕਾਂ ਦੀ ਨੁਮਾਇੰਦਗੀ ਦੇ ਆਪਣੇ ਦਾਅਵੇ ਦਾ ਇਮਤਿਹਾਨ ਲੈਂਦੇ ਹੋਏ, ਨਿਜੀ-ਸਰਕਾਰ ਦੇ ਫੈਲਾਉ ਉਪਰ ਜੋਰ ਦਿੱਤਾ, ਜਦ ਕਿ ਮੁਸਲਿਮ ਲੀਗ ਨੇ ਇਸ ਦਾਅਵੇ ਉਪਰ ਮੁਕਾਬਲਾ ਕੀਤਾ ਕਿ ਉਹ ਇੰਡੀਆ ਦੀ ਮੁਸਲਿਮ ਕੌਮ ਦੀ ਨੁਮਾਇੰਦਗੀ ਕਰਦੇ ਸੇ. ਕਾਂਗਰੇਸ ਨੇ ਆਪਣੀ ਇੱਕ ਚਾਹਤ ਦਾ ਵੀ ਐਲਾਨ ਕੀਤਾ ਕਿ ਆਜਾਦ ਇੰਡੀਆ ਵਿੱਚ ਉਹ ਵੱਡੀ ਜ਼ਿਮੀਦਾਰੀ ਦਾ ਖ਼ਾਤਮਾ ਕਰ ਦੇਣਗੇ; ਇਹ ਗੱਲ ਵੱਡੇ ਜ਼ਿਮੀਦਾਰਾਂ ਨੂੰ ਨਾਗਵਾਰ ਲਗੀ. ਉੱਤਰ-ਪੱਛਮ ਇੰਡੀਆ ਦੇ ਮੁਸਲਿਮ-ਮਜਾਰਿਟੀ (ਮੁਸਲਿਮ-ਪ੍ਰਧਾਨ) ਵਾਲੇ ਸੂਬੇਆਂ, ਜੈਦਾਂ ਕਿ ਪੰਜਾਬ ਵਿੱਚ ਜ਼ਿਮੀਦਾਰ ਇਸ ਨਾਲ ਬੇਹਦ ਪਰੇਸ਼ਾਨ ਹੋ ਗਏ. ਕਾਂਗਰੇਸ ਨੇ ਹਿੰਦੂ-ਮਜਾਰਿਟੀ ਵਾਲੇ ਸੂਬੇਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਅਤੇ 1585 ਕੁੱਲ ਸੀਟਾਂ ਵਿੱਚੋਂ 711 ਸੀਟਾਂ ਜਿੱਤੀਆਂ. ਕਾਂਗਰੇਸ ਨੇ 58 ਮੁਸਲਿਮ ਰਿਸਰਵ (ਰਾਖਵਾਂ) ਸੀਟਾਂ ਤੇ ਵੀ ਮੁਕਾਬਲਾ ਕੀਤਾ ਮਗਰ ਸਿਰਫ਼ 26 ਸੀਟਾਂ ਜਿੱਤੀਆਂ. ਮੁਸਲਿਮ ਲੀਗ ਨੇ ਮੁਸਲਿਮ-ਪ੍ਰਧਾਨ ਸੂਬਿਆਂ, ਪੰਜਾਬ, ਸਿੰਧ ਅਤੇ ਉੱਤਰ-ਪੱਛਮ ਫਰੰਟੀਅਰ ਤੋਂ ਬਹੁਤ ਖਰਾਬ ਨਤੀਜੇ ਹਾਸਲ ਕੀਤੇ, ਪੰਜਾਬ ਵਿੱਚ ਸਿਰਫ਼ ਦੋ ਸੀਟਾਂ ਜਿੱਤੀਆਂ ਜੋ ਬਾਅਦ ਤੇ ਘੱਟ ਕੇ ਇੱਕ ਹੋ ਗਈ, ਕਿਉਂਕਿ ਇੱਕ ਬੰਦੇ ਨੇ ਆਪਣੀ ਪਾਰਟੀ ਤਬਦੀਲ ਕਰ ਲਈ; ਸਿੰਧ ਅਤੇ ਉੱਤਰ-ਪੱਛਮ ਫਰੰਟੀਅਰ ਤੇ ਉਸ ਨੂੰ ਕੋਈ ਸੀਟ ਤੇ ਕਾਮਯਾਬੀ ਨਹੀਂ ਮਿੱਲੀ. ਇਣ ਸੂਬਿਆਂ ਤੇ ਮੁਸਲਿਮ ਹੁਕਮਰਾਨਾਂ ਦੀ ਸੂਬਾਈ ਪਾਰਟੀਆਂ ਜ਼ਿਆਦਾਤਰ ਮੁਸਲਿਮ ਰਿਸਰਵ ਸੀਟਾਂ ਜਿੱਤ ਗਈਆਂ. ਦੂਜੀ ਤਰਫ਼ ਮੁਸਲਿਮ ਲੀਗ ਨੇ ਹਿੰਦੂ

ਪ੍ਰਧਾਨ ਸੂਬਿਆਂ ਤੇ ਬਿਹਤਰ ਮੁਜਾਹਰਾ ਕੀਤਾ ਅਤੇ ਕੁੱਲ 485 ਸੀਟਾਂ ਵਿਚੋਂ 108 ਰਿਸਰਵ ਸੀਟਾਂ ਜਿੱਤ ਲੀਤੀਆਂ (Allana,1977:149).

ਕਾਂਗਰੇਸ ਨੇ ਪਹਿਲਾਂ 6 ਅਤੇ ਬਾਅਦ ਵਿੱਚ 8 ਸੂਬਿਆਂ ਵਿੱਚ ਆਪਣੀ ਸਰਕਾਰ ਬਣਾ ਲਈ. ਇਸ ਗੱਲ ਦੇ ਕੁੱਝ ਸਬੂਤ ਮੌਜੂਦ ਨੇ ਕਿ ਯੁਨਾਇਟੇਡ ਪ੍ਰੋਵਿੰਸੇਸ ਨੂੰ ਲੈ ਕੇ ਕਾਂਗਰੇਸ ਅਤੇ ਮੁਸਲਿਮ ਲੀਗ ਵਿੱਚ ਗੱਠਜੋੜ ਸਰਕਾਰ ਬਣਾਉਣ ਦਾ ਇੱਕ ਸਮਝੌਤਾ ਸੀ. ਮਗਰ ਜਦ ਮੁਸਲਿਮ ਲੀਗ ਸਮੁੱਚੇ ਇੰਡੀਆ ਤੇ ਬੂਰੀ ਤਰ੍ਹਾਂ ਹਾਰ ਗਈ, ਤਦ ਕਾਂਗਰੇਸ ਸਮਝੌਤੇ ਤੋਂ ਮੁਕਰ ਗਈ, ਟਿੱਪਣੀਕਾਰ ਇਸ ਗੱਲ ਨੂੰ ਲੈ ਕੇ ਰਜ਼ਾਮੰਦ ਨੇ ਕਿ ਇਹ ਕਾਂਗਰੇਸ ਦੀ ਇੱਕ ਬਹੁਤ ਵੱਡੀ ਗਲਤੀ ਸੀ (Jalal,1985;Seervai,1989;Wolpert,2002). ਸਚ ਭਾਵੇਂ ਜੋ ਵੀ ਹੋਵੇ, ਇਹ ਸ਼ਰਤਿਆ ਤੌਰ ਤੇ ਇੱਕ ਤੰਗਨਜਰ ਫ਼ੈਸਲਾ ਸੀ ਜਿਸ ਤੋਂ ਇਹ ਡਰ ਪੈਦਾ ਹੋ ਗਿਆ ਕਿ ਮੁਸਤਕਬਿਲ ਵਿੱਚ ਇੱਕ ਇਤਹਾਦੀ ਇੰਡੀਆ ਤੇ, ਕਾਂਗਰੇਸ, ਵੱਨ-ਪਾਰਟੀ ਰੂਲ (ਇੱਕਲੀ ਪਾਰਟੀ ਦਾ ਰਾਜ) ਕਾਇਮ ਕਰੇਗੀ. ਮੁਸਲਿਮ ਲੀਗ ਨੇ, ਕਾਂਗਰੇਸ ਦੇ ਉਪਰ ਇਹ ਇਲਜ਼ਾਮ ਲਗਾਇਆ ਕਿ ਉਸ ਦੀ ਸਰਕਾਰਾਂ ਨੇ ਐਦਾਂ ਦੀ ਪਾਲਿਸੀਆਂ (ਨੀਤੀਆਂ) ਅਪਣਾਇਆਂ ਜਿਨ੍ਹਾਂ ਨੇ ਮੁਸਲਮਾਨਾਂ ਦੇ ਫ਼ਾਇਦੇ ਅਤੇ ਤਹਿਜ਼ੀਬੀ ਪਛਾਣ ਨੂੰ, ਖ਼ਾਸ ਕਰ ਕੇ, ਯੁਨਾਇਟੇਡ ਪ੍ਰੋਵਿੰਸੇਸ ਵਿੱਚ ਨੁਕਸਾਨ ਪਹੁੰਚਾਇਆ ਸੀ. ਇਹ ਕਹਿੰਦੇ ਹੋਏ, ਮੁਸਲਿਮ ਲੀਗ ਨੇ ਇੱਕ ਤਗੜੀ ਪਾਲਿਸੀ ਸ਼ੁਰੂ ਕੀਤੀ ਜਿਸ ਦਾ ਮਕਸਦ ਮੁਸਲਿਮ ਰਾਏ ਨੂੰ ਇੱਕ ਮੁਖ਼ਤਲਿਫ਼ ਮੁਲਕ ਬਣਾਉਣ ਲਈ, ਜਗਾਉਣਾ ਸੀ. ਲੀਗ ਨੇ ਇਸ ਗੱਲ ਉਪਰ ਜੋਰ ਦਿੱਤਾ ਕਿ ਇੱਕ 'ਹਿੰਦੂ ਰਾਜ' ਨੂੰ ਹਕੂਮਤ ਤੇ ਆਉਣ ਤੋਂ ਰੋਕਨਾ ਚਾਹੀਦਾ ਹੈ. ਜਿਨਾਹ ਵਕਾਲਤ ਕਰਣ ਲਗੇ ਕਿ ਮੁਸਲਮਾਨ ਇੱਕ ਮੁਖ਼ਤਲਿਫ਼ ਕੌਮ ਨੇ, ਨਾ ਕਿ ਇੱਕ ਮਜ਼ੂਬੀ ਮਾਇਨਾਰਿਟੀ (ਅਲਪਸੰਖਅਕ), ਅਤੇ ਇਸ ਲਈ ਆਪਣੇ ਬਾਰੇ ਫ਼ੈਸਲਾ ਲੈਣਾ ਉਨ੍ਹਾਂ ਦਾ ਇੱਕ ਹੱਕ ਸੀ. ਇਸ ਦੇ ਬਾਅਦ, ਮੁਸਲਿਮ ਲੀਗ ਨੇ ਆਪਣੀ ਉੱਚੇ ਵਰਗੇ ਵਾਲੀ ਸਿਆਸਤ ਛੱਡ ਦਿੱਤੀ ਅਤੇ ਆਮ ਲੋਕਾਂ ਨੂੰ ਲੈ ਕੇ, ਸਿਆਸਤ ਲਈ ਤਿਆਰ ਹੋਣ ਲਗੇ. 20 ਮਾਰਚ 1938 ਨੂੰ, ਮੁਸਲਿਮ ਨੈਸ਼ਨਲ ਗਾਰਡ, ਇੱਕ ਸਵੈਸੇਵਕ ਦਸਤੇ, ਦੀ ਕਾਇਮੀ ਹੋਈ. ਇਸ ਦੇ ਸਦੱਸ ਹਰੀ ਵਰਦੀ ਅਤੇ ਚਿੱਟੇ ਰੰਗ ਦਾ ਇੱਕ ਬੈਜ ਪਾਉਂਦੇ ਸੀ, ਜਿਸ ਉਪਰ ਇੱਕ ਹਿਲਾਲ ਅਤੇ ਤਾਰਾ ਹੁੰਦਾ ਸੀ (Allana,1977:175).

ਕਾਂਗਰੇਸ ਦੀ ਇਹ ਸੋਚ ਸੀ ਕਿ ਮੁਸਲਿਮ ਲੀਗ, ਬ੍ਰਿਟਿਸ਼ ਹਕੂਮਤ ਦੇ ਹਿਮਾਇਤੀ ਜ਼ਿਮੀਦਾਰੀ ਦਾ ਇੱਕ ਗੜ ਸੀ ਨਾ ਕਿ ਆਮ ਮੁਸਲਿਮ ਅਵਾਮ ਦਾ, ਅਤੇ ਇਸ ਨੇ ਮੁਸਲਿਮ ਅਵਾਮ ਨਾਲ ਤਾਲ-ਮੇਲ ਵਧਾਉਣ ਲਈ, ਇੱਕ ਜਵਾਬੀ ਮੁਹਿੱਮ ਦਾ ਆਘਾਜ਼ ਕੀਤਾ. ਕਾਂਗਰੇਨ ਨੇ ਜਮੀਅਤ-ਉਲ-ਉਲਾਮਾ-ਏ-ਹਿੰਦ ਵਰਗੀ ਪਾਰਟਿਆਂ ਨੂੰ ਮੁਸਲਿਮ ਲੀਗ ਦੇ ਖ਼ਿਲਾਫ਼ ਮੈਦਾਨ ਤੇ ਉਤਾਰਿਆ ਅਤੇ ਪੰਜਾਬ ਤੇ ਅਹਰਾਰਾਂ ਦੇ ਕੱਟੜ ਮੁਸਲਮਾਨਾਂ ਨੂੰ ਬ੍ਰਿਟਿਸ਼ ਅਤੇ ਮੁਸਲਿਮ ਲੀਗ ਦੇ ਖ਼ਿਲਾਫ਼ ਜੁਟਾਇਆ ਹੋਰ ਲੀਗ ਦੇ ਲੋਕਾਂ ਨੂੰ ਖੂਸ਼ਾਮਦੀ ਕਿਹਾ (Report of Court of Enquiry,1954:254). ਲੀਗ ਨੇ ਇਸ ਦੀ ਜਵਾਬੀ ਕਾਰਵਾਈ ਦੇ ਤੌਰ ਤੇ, ਲੋਕਾਂ ਨੂੰ ਕਾਂਗਰੇਸ ਦੇ ਹਿੰਦੂ ਰਾਜ ਬਣਾਉਣ ਦੀ ਚੇਤਾਵਨੀ ਦੁਹਰਾਈ. ਇਸ ਦੇ ਇਲਾਵਾ, ਇਸ ਵਿਚਾਰ ਨੂੰ ਵੀ ਵਧਾਵਾ ਦਿੱਤਾ ਗਿਆ ਕਿ ਹਿੰਦੂ ਵਪਾਰੀ ਅਤੇ ਸੂਦਖੋਰ ਮੁਸਲਮਾਨਾਂ ਦੀ ਹੋਰ ਜ਼ਿਆਦਾ ਬਰਬਾਦੀ ਕਰਣਗੇ. 1937 ਤੋਂ ਬਾਅਦ, ਜਿਨਾਹ ਨੇ ਇੱਕ ਬੇਰੋਕਟੋਕ ਮੁਹਿੱਮ ਦਾ ਆਘਾਜ਼ ਕੀਤਾ ਅਤੇ ਇਸ ਗੱਲ ਉਪਰ ਜੋਰ ਦਿੱਤਾ ਕਿ ਮੁਸਲਮਾਨ ਮਹਿਜ਼ ਕੋਈ ਮਾਇਨਾਰਿਟੀ (ਅਲਪਮਤ) ਨਹੀਂ, ਮਗਰ ਹਿੰਦੂਆਂ ਤੋਂ ਪੂਰੀ ਤਰ੍ਹਾਂ ਵੱਖ, ਇੱਕ ਕੌਮ ਸਨ. ਇਸੇ ਤਰ੍ਹਾਂ ਦੀ ਹੱਦ ਤੋਂ ਜ਼ਿਆਦਾ ਧਰੁਵੀਕਰਨ ਦਾ ਅਖੀਰ ਤੇ ਨਤੀਜਾ ਇਹ ਹੋਇਆ ਕਿ ਅਗਸਤ

1947 ਦੇ ਮੱਧ ਦੇ, ਇੰਡੀਆ ਅਤੇ ਉਸ ਦੇ ਨਾਲ ਬੰਗਾਲ ਅਤੇ ਪੰਜਾਬ ਦੀ ਤਕਸੀਮ ਹੋ ਗਈ.

ਪੰਜਾਬ

1901 ਵਿੱਚ, ਫਰੰਟਿਅਰ ਦੇ ਪੰਜ ਜਿਲ੍ਹੇ ਪੇਸ਼ਾਵਰ, ਕੋਹਾਤ, ਬੱਨੂ, ਹਜ਼ਾਰਾ ਅਤੇ ਡੇਰਾ ਇਸਮਾਇਲ ਖ਼ਾਨ ਨੂੰ ਪੰਜਾਬ ਤੋਂ ਅਲਗ ਕਰ ਕੇ ਇੱਕ ਨਵੇਂ ਸੂਬੇ ਨੈਰਥ-ਵੇਸਟ ਫਰੰਟਿਅਰ ਪ੍ਰੋਵਿੰਸ ਦੇ ਹਿੱਸਾ ਬਣੇ. ਜ਼ਿਲ੍ਹਾ ਦਿੱਲੀ ਪੰਜਾਬ ਤੋਂ 1911 ਵਿੱਚ ਅਲਗ ਕਰ ਦਿੱਤਾ ਗਿਆ, ਜਦ ਉਪਨਿਵੇਸ਼ੀ ਤਾਕਤ ਨੇ ਆਪਣੀ ਰਾਜਧਾਨੀ ਨੂੰ ਕਲਕੱਤਾ ਤੋਂ ਦਿੱਲੀ ਲੈ ਆਉਂਦਾ. ਉਸ ਦਿਨ ਤੋਂ ਲੈ ਕੇ 14 ਅਗਸਤ 1947 ਤਕ, ਬ੍ਰਿਟਿਸ਼ ਹਕੂਮਤ ਨੇ ਪੂਰੇ ਪੰਜਾਬ ਲਈ, ਜਿਸ ਦੇ ਵਿੱਚ 'ਬ੍ਰਿਟਿਸ਼ ਇਲਾਕੇ' ਜੋ ਸਿੱਧੀ ਤਰ੍ਹਾਂ ਉਨ੍ਹਾਂ ਦੇ ਅਧੀਨ ਸਨ ਹੋਰ ਰਿਆਸਤਾਂ, ਦੋਨਾਂ ਨੂੰ ਮਿਲਾਕੇ, ਇੱਕ ਨਾਂਅ ਦਿੱਤਾ, ਜੋ ਸੀ :ਪੰਜਾਬ ਪ੍ਰੋਵਿੰਸ (ਸੂਬਾ). ਪੰਜਾਬ ਸੂਬੇ ਦਾ ਕੁੱਲ ਰਕਬਾ 138,105 ਵ.ਮੀਲ (357,692 ਵ.ਕਿ.ਮੀਟਰ) ਸੀ. ਬ੍ਰਿਟਿਸ਼ ਇਲਾਕੇ 99,089 ਵ.ਮੀਲ (256,640 ਵ.ਕਿ.ਮੀਟਰ) ਘੇਰਦੇ ਸੀ ਅਤੇ ਆਪਣੀ ਹਕੂਮਤ ਦੇ ਆਖ਼ਿਰ ਤੱਕ ਇਹ ਰਕਬਾ ਕਾਇਮ ਰਹਿਆ. ਮੁਖ ਇੰਤਜਾਮਿਆ ਇਕਾਈਆਂ ਜਿਨ੍ਹਾਂ ਨੂੰ ਡਿਵੀਜ਼ਨ ਕਿਹਾ ਜਾਂਦਾ ਸੀ ਅਤੇ ਉਨ੍ਹਾਂ ਦੇ ਅਧੀਨ ਜੋ ਜ਼ਿਲ੍ਹੇ ਸਨ; ਉਹ ਕੁੱਝ ਇਸ ਤਰ੍ਹਾਂ ਸਨ:

1. ਰਾਵਲਪਿੰਡੀ ਡਿਵੀਜ਼ਨ ਜਿਸ ਵਿੱਚ ਸ਼ਾਮਲ ਸੀ ਅਟੱਕ, ਰਾਵਲਪਿੰਡੀ, ਜਿਹਲਮ, ਗੁਜਰਾਤ, ਮਿਆਂਵਾਲੀ ਅਤੇ ਸ਼ਾਹਪੂਰ ਜ਼ਿਲ੍ਹੇ
2. ਮੁਲਤਾਨ ਡਿਵੀਜ਼ਨ ਜਿਸ ਵਿੱਚ ਸ਼ਾਮਲ ਸੀ ਮਿੰਟਗੋਮਰੀ (ਹੁਣ ਸਾਹੀਵਾਲ), ਲਾਇਲਪੁਰ (ਹੁਣ ਫ਼ੈਸਲਾਬਾਦ), ਮੁਲਤਾਨ, ਝੰਗ, ਮੁਜ਼ਫ਼ਰਗੜ ਅਤੇ ਡੇਰਾ ਘਾਜ਼ੀ ਖ਼ਾਨ ਜ਼ਿਲ੍ਹੇ
3. ਲਾਹੌਰ ਡਿਵੀਜ਼ਨ ਜਿਸ ਵਿੱਚ ਸ਼ਾਮਲ ਸੀ ਗੁਜਰਾਂਵਾਲਾ, ਲਾਹੌਰ, ਸ਼ੇਖੁਪੂਰਾ, ਸਿਆਲਕੋਟ, ਅੱਮ੍ਰਿਤਸਰ ਅਤੇ ਗੁਰਦਾਸਪੂਰ ਜ਼ਿਲ੍ਹੇ
4. ਜਲੰਧਰ ਡਿਵੀਜ਼ਨ ਜਿਸ ਵਿੱਚ ਸ਼ਾਮਲ ਸੀ ਫੀਰੋਜਪੁਰ, ਜਲੰਧਰ, ਲੁਧਿਆਣਾ, ਹੁਸ਼ਿਆਰਪੁਰ ਅਤੇ ਕਾਂਗੜਾ ਜ਼ਿਲ੍ਹੇ
5. ਅੰਬਾਲਾ ਡਿਵੀਜ਼ਨ ਜਿਸ ਵਿੱਚ ਸ਼ਾਮਲ ਸੀ ਅੰਬਾਲਾ, ਹਿੱਸਾਰ, ਰੋਹਤਕ, ਕਰਨਾਲ, ਗੁੜਗਾਂਉ ਅਤੇ ਸ਼ਿਮਲਾ ਜ਼ਿਲ੍ਹੇ

ਲਾਹੌਰ ਅਤੇ ਜਲੰਧਰ ਡਿਵੀਜਨਾਂ ਮਿਲ ਕੇ ਮਰਕਜ਼ੀ ਜ਼ਿਲ੍ਹੇ ਬਣਦੇ ਸੀ. ਇਥੇ ਮੁਸਲਮਾਨਾਂ ਦੀ ਤਦਾਦ ਥੋੜੀ ਜ਼ਿਆਦਾ ਸੀ. ਇਣ ਦੋ ਡਿਵੀਜਨਾਂ ਅਤੇ ਰਾਵਲਪਿੰਡੀ ਡਿਵੀਜ਼ਨ ਦੇ ਜਿਹਲਮ ਹੋਰ ਗੁਜਰਾਤ ਜ਼ਿਲ੍ਹੇ ਅਤੇ ਮੁਲਤਾਨ ਡਿਵੀਜ਼ਨ ਦੇ ਲਾਇਲਪੁਰ ਜ਼ਿਲ੍ਹੇ ਵਿੱਚ, ਲਾਹੌਰੀ ਪੰਜਾਬੀ ਸਥਾਨਕ ਤਬਦੀਲੀ ਨਾਲ ਬੋਲੀ ਜਾਂਦੀ ਸੀ. ਸਿੱਖ ਇਣ ਦੋ ਡਿਵੀਜਨਾਂ ਵਿੱਚ ਕੇਂਦਰਤ ਸਨ ਪਰ ਰਾਵਲਪਿੰਡੀ ਵਿੱਚ ਵੀ ਚੰਗੀ ਤਦਾਦ ਵਿੱਚ ਸਨ ਜਿੱਥੇ ਜ਼ਿਆਦਾਤਰ ਲੋਕ ਮੁਸਲਿਮ ਸਨ. ਮੁਲਤਾਨ ਡਵਿਜਨ ਦੀ ਸਥਾਨਕ ਜ਼ਬਾਨ/ਬੋਲੀ ਨੂੰ ਮੁਲਤਾਨੀ ਜਾਂ ਸਰਾਇਕੀ ਕਿਹਾ ਜਾਂਦਾ ਸੀ, ਅਤੇ ਰਾਵਲਪਿੰਡੀ ਤੇ ਪੋਟੋਹਾਰੀ. ਇਸ ਉਪਰ ਬਹਿਸ ਕੀਤੀ ਜਾ ਸਕਦੀ ਹੈ ਕਿ

ਉਹ ਮੁਖ਼ਤਲਿਫ਼ ਜ਼ਬਾਨਾਂ ਨੇ ਜਾਂ ਸਿਰਫ਼ ਪੰਜਾਬੀ ਬੋਲੀਆਂ. ਦੂਜੀ ਤਰਫ਼, ਪੂਰਬੀ ਅੰਬਾਲਾ ਡਿਵੀਜ਼ਨ ਵਿੱਚ ਹਿੰਦੀ ਨਾ ਕਿ ਪੰਜਾਬੀ ਮੁੱਖ ਜ਼ਬਾਨ ਸੀ. ਇਥੇ ਤੱਕ ਕਿ ਹਿੱਸਾਰ, ਰੋਹਤਕ, ਕਰਨਾਲ ਅਤੇ ਗੁੜਗਾਂਉ ਦੇ ਮੁਸਲਮਾਨ, ਜਿਨ੍ਹਾਂ ਨੂੰ ਮੇਉ ਕਿਹਾ ਜਾਂਦਾ ਸੀ, ਇੱਕ ਪੈਂਡੂ ਹਿੰਦੀ ਬੋਲੀ ਬੋਲਦੇ ਸੀ ਅਤੇ ਗਊ ਦਾ ਮਾਸ ਨਹੀਂ ਖਾਂਦੇ ਸੀ. ਅੰਬਾਲਾ ਡਿਵੀਜ਼ਨ ਵਿੱਚ ਹਿੰਦੂ ਸਾਫ ਤੌਰ ਤੇ ਬਹੁਸੰਖਅਕ ਸਨ. ਅਤੇ, ਬ੍ਰਿਟਿਸ਼ ਇਲਾਕੇ ਇੱਕ ਇੰਤਜਾਮੀਆ ਇਕਾਈ ਸਨ ਨਾ ਕਿ ਪੰਜਾਬੀ ਬੋਲਣ ਵਾਲੇ ਪੁਖਤਾ ਲੋਕਾਂ ਦੀ ਕੋਈ ਮਾਤ ਭੂਮੀ. ਹਿੰਦੂ ਹਰ ਇਲਾਕੇ ਤੇ ਮੌਜੂਦ ਸੀ ਮਗਰ ਰਾਵਲਪਿੰਡੀ ਅਤੇ ਮੁਲਤਾਨ ਡਿਵੀਜ਼ਨ ਵਿੱਚ ਉਨ੍ਹਾਂ ਦੀ ਤਦਾਦ ਘੱਟ ਸੀ. ਪੰਜਾਬ ਦੀ ਬ੍ਰਿਟਿਸ਼ ਰਾਜ ਦੀ ਇੱਕ 'ਵਫਾਦਾਰ' ਸੂਬੇ ਦੇ ਤੌਰ ਤੇ ਮਸ਼ਹੂਰੀ ਸੀ. ਬ੍ਰਿਟਿਸ਼ ਇੰਤਜਾਮੀਆ ਨੇ ਗਵਰਨਰ ਨੂੰ ਮੂਲ-ਆਧਾਰ ਰੱਖਦੇ ਹੋਏ, ਮਜ਼ਬੂਤੀ ਅਤੇ ਜਾਤਾਂ ਦੀ ਸਰਹੱਦਾਂ ਨੂੰ ਲੰਘ ਕੇ ਹਿਮਾਇਤ ਦੀ ਇੱਕ ਵਿਆਪਕ ਵਿਵਸਥਾ ਸਥਾਪਤ ਕੀਤੀ. ਇਹ ਵਿਵਸਥਾ ਸਾਫ ਤੌਰ ਤੇ ਦਿਹਾਤੀ ਵਰਗਾਂ ਦੇ ਵੱਲ ਪੱਖਪਾਤ ਕਰ ਰਹੀ ਸੀ. ਅਤੇ ਲੈਂਡ *ਐਲੀਏਨੇਸ਼ਨ ਐਕਟ, 1901* ਨੇ ਪੰਜਾਬ ਦੀ ਜਾਤਾਂ ਨੂੰ ਦੋ ਕੈਟਗਰੀਸ (ਸ਼੍ਰੇਣਿਆਂ) ਵਿੱਚ ਤਕਸੀਮ ਦਿੱਤਾ, ਖੇਤੀਬਾੜੀ ਕਰਣ ਵਾਲਿਆਂ ਅਤੇ ਖੇਤੀਬਾੜੀ ਨਾ ਕਰਣ ਵਾਲਿਆਂ. ਇਸ ਐਕਟ ਦੀ ਸ਼ਰਤਾਂ ਦੇ ਤਹਿਤ ਖੇਤੀਬਾੜੀ ਨਾ ਕਰਣ ਵਾਲਿਆਂ ਜਾਤਾਂ ਨੂੰ, ਖੇਤੀਬਾੜੀ ਦੀ ਜਮੀਨ ਹਾਸਲ ਕਰਣ ਤੋਂ, ਕਾਨੂੰਨੀ ਤੌਰ ਤੇ ਵਰਜਤ ਕਰ ਦਿੱਤਾ ਗਿਆ. ਇਸ ਦੇ ਚਲਦੇ, ਦਿਹਾਤੀ ਖੇਤੀਬਾੜੀ ਕਰਣ ਵਾਲਿਆਂ ਜਾਤਾਂ ਅਤੇ ਵਰਗਾਂ ਦੀ ਤਾਕਤ ਅਤੇ ਰਸੂਖ ਸਮੁੱਚੇ ਪੰਜਾਬ ਵਿੱਚ ਮਜਬੂਤ ਹੋ ਗਿਐ. ਹੋਰ, ਇਸ ਦੇ ਬਦਲੇ ਤੇ ਉਨ੍ਹਾਂ ਨੇ ਆਪਣੇ ਰਸੂਖ ਵਾਲੇ ਇਲਾਕਿਆਂ ਤੋਂ ਬ੍ਰਿਟਿਸ਼ ਫ਼ੌਜ਼ ਲਈ ਸਿਪਾਹੀ ਮੁਹੱਇਆ ਕਰਵਾਏ. ਪੰਜਾਬ ਇੰਡਿਅਨ ਫੌਜ਼ ਦੇ ਅੱਧੇ ਤੋਂ ਜ਼ਿਆਦਾ ਸਿਪਾਹੀ ਭੇਜਦਾ ਸੀ. ਇਸ ਨੇ ਦੋਨੋ ਜੰਗਾਂ ਦੇ ਦੌਰਾਨ, ਵੱਡੀ ਮਾਲਿਆ ਮਦਦ ਵੀ ਪਹੁੰਚਾਈ.

ਪੰਜਾਬ ਮਰਦਮ ਸ਼ੁਮਾਰੀ ਦੀ ਰਿਪੋਰਟਾਂ

ਇੰਡੀਆ ਦੀ ਸੈਂਸਸ(ਮਰਦਮ ਸ਼ੁਮਾਰੀ) ਰਿਪੋਰਟਾਂ ਅਹਿਮ ਜਾਣਕਾਰੀ ਦੇਂਦੀ ਨੇ ਅਤੇ ਇੰਡੀਆ ਉਪਰ ਰਿਸਰਚ (ਸ਼ੋਧ) ਕਰਣ ਲਈ ਇੱਕ ਦਿਲਚਸਪ ਸਰੋਤ ਦਾ ਜਰਿਆ ਨੇ. ਬੇਸ਼ਕ, ਇਨ੍ਹਾਂ ਨੂੰ ਇੱਕ ਉਪ-ਨਿਵੇਸ਼ੀ ਸੋਚ ਨਾਲ ਲਿਖਿਆ ਗਿਆ ਸੀ ਮਗਰ ਇਹ ਹੈ ਕਿ ਬ੍ਰਿਟਿਸ਼ ਇਲਾਕਿਆਂ ਨੂੰ ਇੱਕ ਅਲ਼ਗ ਸ਼੍ਰੇਣੀ ਦੇ ਤੌਰ ਤੇ, ਕੋਈ ਖਾਸ ਅਹਿਮੀਅਤ ਨਹੀਂ ਦਿੱਤੀ ਗਈ ਹੈ, ਜਦ ਮਜ਼ਬੂਤੀ ਕੌਮਾਂ ਦੀ ਆਬਾਦੀ ਦੀ, ਵਕਤ ਦੇ ਮੁਤਾਬਕ ਤਬਦੀਲੀ ਦੀ ਤੁਲਨਾ ਕੀਤੀ ਜਾਂਦੀ ਹੈ. ਬਲਕਿ, ਸਮੁੱਚੇ ਪੰਜਾਬ ਜਾਂ ਪੰਜਾਬ ਸੂਬੇ ਦੇ ਹੀ ਡੇਟਾ ਟੇਬੱਲ ਇੱਕਸਾਰ ਨੇ. ਸਿਰਫ਼ ਬ੍ਰਿਟਿਸ਼ ਇਲਾਕਿਆਂ ਨੂੰ ਇੱਕ ਹਸਤੀ ਪਕੜ ਕੇ ਤੁਲਨਾਤਮਕ ਟੇਬਲਸ ਦੀ ਤਲਾਸ਼ ਕਰਨਾ, ਇੱਕ ਬਹੁਤ ਮਾਯੂਸ ਹੋਣ ਵਾਲਾ ਕੱਮ ਸੀ. ਸ਼ੈਂਸਸ ਅਧਿਕਾਰਿਆਂ ਦੀ ਇਹ ਸੋਚ ਕੁੱਝ ਅਜੀਬ ਸੀ, ਕਿਉਂਕਿ ਬ੍ਰਿਟਿਸ਼ ਹਕੂਮਤ ਦੀ ਜ਼ਿਆਦਾਤਰ ਹਰਕਤਾਂ, ਉਨ੍ਹਾਂ ਦੇ ਸਿੱਧੀ ਤਰ੍ਹਾਂ ਅਧੀਨ ਇਲਾਕਿਆਂ, ਵਿੱਚ ਹੁਦਿੰਆਂ ਸੀਂ. ਇਹ ਸੈਂਸਸ ਖ਼ਾਸ ਕਰ ਕੇ ਜਾਤਾਂ ਉਪਰ ਜੋਰ ਦੇਂਦੀ ਹੈ ਅਤੇ ਉਨ੍ਹਾਂ ਦੇ ਤਫ਼ਸੀਲੀ ਵੇਰਵੇ ਮੁਹੱਇਆ ਕਰਾਉਂਦੀ ਹੈ. ਇਹ ਗੌਰਤਲਬ ਕਰਣ ਵਾਲੀ ਗੱਲ ਹੈ ਕਿ ਜਿਥੋਂ ਤੱਕ 1947 ਦੇ ਪੰਜਾਬ ਦੀ ਤਕਸੀਮ ਦਾ ਸਵਾਲ ਹੈ, ਸਿਰਫ਼ ਬ੍ਰਿਟਿਸ਼ ਇਲਾਕਿਆਂ ਨੂੰ ਲੈ ਕੇ ਬਾਉਂਡਰੀ ਕਮੀਸ਼ਨ ਦੇ ਸਾਹਮਣੇ, ਸ਼ਾਮਲ ਪਾਰਟਿਆਂ ਵਿੱਚ ਸਿੱਧੀ ਤਰ੍ਹਾਂ ਗੱਲ-ਬਾਤ ਅਤੇ ਝਗੜੇ ਹੋਏ. ਬਹਾਵਲਪੁਰ ਅਤੇ ਬੀਕਾਨੇਰ ਰਿਆਸਤੀ ਸੂਬਿਆਂ ਨੂੰ ਛੱਡ ਕੇ, ਰਿਆਸਤਾਂ ਦੀ ਨੁਮਾਇੰਦਗੀ ਨਹੀਂ ਹੋਈ, ਮਗਰ ਉਨ੍ਹਾਂ ਦੀ ਰਾਏ ਸਿਰਫ਼ ਆਬਪਾਸ਼ੀ ਦੇ ਇੰਤਜ਼ਾਮ ਅਤੇ ਵਾਟਰ ਹੇਡਸ ਬਾਰੇ

ਲੀਤੀ ਗਈ, ਜੋ ਉਨ੍ਹਾਂ ਦੇ ਉਪਰ ਅਸਰ ਡਾਲ ਸਕਦੇ ਸੀ. ਹੇਠਾਂ ਦਿੱਤੀ ਇਸਟੇਟਿਸਟਿਕਸ (ਅੰਕੜੇ) ਜ਼ੇਹਨੀ ਤੌਰ ਤੇ ਬੇਹਦ ਅਹਿਮ ਹੈ.

ਪੰਜਾਬ ਸੂਬੇ ਦੀ ਆਬਾਦੀ ਦੀ ਫ਼ੀਸਦੀਆਂ 1901-1941					
ਸਾਲ	ਮੁਸਲਿਮ	ਹਿੰਦੂ*	ਸਿੱਖ	ਇਸਾਈ	ਦੂਜੇ
1901	49.6	41.3	8.6	0.3	0.2
1911	51.1	35.8	12.1	0.8	0.2
1921	51.1	35.1	12.4	1.3	0.1
1931	52.4	30.2	14.3	1.5	1.6
1941	53.2	29.1	14.9	1.5	1.3
ਸਰੋਤ: *ਸੈਂਸਸ ਔਫ਼ ਇੰਡੀਆ*, 1941, ਵੋਲਯੁਮ ੜੀ, ਪੰਜਾਬ ਟੇਬਲ, ਸਫ਼ਾ 46. * ਸਾਧਾਰਣ ਅਤੇ ਸਿਡੂਲਡ ਕਾਸਟਾਂ (ਜਾਤਾਂ) ਦੇ ਹਿੰਦੂ ਸ਼ਾਮਲ. ਸਿਡੂਲਡ ਕੱਸਟ ਵਿੱਚ ਛੋਟੀ ਜਾਤਾਂ ਅਤੇ ਦਲਿਤ ਸਾਮਲ ਸੀ.					

ਪੰਜਾਬ ਦੇ ਬ੍ਰਿਟਿਸ਼ ਇਲਾਕਿਆਂ ਤੇ ਮੁਸਲਿਮਾਂ, ਹਿੰਦੂਆਂ ਅਤੇ ਸਿੱਖਾਂ ਦੀ ਆਬਾਦੀ ਦੀ ਫ਼ੀਸਦੀਆਂ 1881-1941				
ਸਾਲ	ਮੁਸਲਿਮ	ਹਿੰਦੂ*	ਸਿੱਖ	ਇਸਾਈ
1881	51.72	40.29	6.56	-
1931	56.54	26.83	12.99	1.74
1941	57.06	26.56	13.22	1.77
ਸ਼ਰੋਤ: ਉੱਪਰੀ ਟੇਬਲ ਦੇ ਅਲਗ ਸਰੋਤਾਂ ਤੋਂ ਲੈ ਕੇ ਬਣਾਇਆ ਗਿਆ ਹੈ. ਇੱਕ, *ਸੈਂਸਸ ਔਫ਼ ਇੰਡੀਆ*, 1931, ਵੋਲਯੁਮ XVII,, ਪਾਰਟ 1, ਜਿਸ ਵਿੱਚ 1881 ਤੋਂ ਲੈ ਕੇ 1931 ਵਿੱਚ ਮੁਸਲਮਾਨਾਂ, ਹਿੰਦੂਆਂ ਅਤੇ ਸਿਖਾਂ ਦੀ ਫ਼ੀਸਦੀਆਂ ਦੀਆਂ ਤਬਦੀਲੀ, ਸਫ਼ਾ 291 ਤੇ ਦਿੱਤੀ ਹੋਇਆ ਨੇ. 1941 ਸੈਂਸਸ ਦੇ ਸਿਰਲੇਖ 'ਸੈਂਪਲ ਟੇਬਲਸ VII,XI,XIII' ਦੇ ਸਫ਼ੇ 65 ਤੋਂ, ਮੈਂ ਕੁੱਝ ਅੰਕੜੇ ਲੀਤੇ ਨੇ. 1881 ਵਿੱਚ ਬ੍ਰਿਟਿਸ਼ ਇਲਾਕੇ ਦੇ ਇਸਾਈਆਂ ਦੀ ਆਬਾਦੀ ਹਾਸਲ ਨਹੀਂ ਹੋ ਸਕੀ, ਪਰ ਮੇਰਾ ਅੰਦਾਜਾ ਹੈ ਕਿ ਇਹ ਪੰਜਾਬ ਸੂਬੇ ਵਿੱਚ 0.03 ਫ਼ੀਸਦੀ ਤੋਂ ਥੋੜੀ ਜ਼ਿਆਦਾ ਹੋਐਗੀ. ਹਿੰਦੂਆਂ ਦੇ ਅੰਕੜੇ ਵਿੱਚ ਸਾਧਾਰਣ ਅਤੇ ਸਿਡੂਲਡ ਕਾਸਟਾਂ (ਜਾਤਾਂ), ਦੋਨੋ ਹਿੰਦੂ ਸ਼ਾਮਲ ਨੇ, ਮਗਰ 1931 ਤੋਂ ਬਾਅਦ ਅਤੇ 1941 ਦੇ ਅਖੀਰੀ ਸੈਂਸਸ ਤਕ, ਦਲਿਤ ਸਮਪ੍ਰਦਾਈ ਦੇ ਕੁੱਝ ਲੋਕ ਖੁਦ ਨੂੰ *ਸ਼ੈਂਸਸ* ਅਧਿਕਾਰੀਆਂ ਦੇ ਸਾਹਮਣੇ ਅੱਧਰਮੀ ਦੇ ਤੌਰ ਤੇ ਪੈਸ਼ ਕਰਣ ਲਗੇ. ਅੱਧਰਮੀ ਆਪਣੇ ਆਪ ਨੂੰ ਕਿਸੇ ਵੀ ਸੋਚ ਤੋਂ ਹਿੰਦੂ ਨਹੀਂ ਸਮਝ਼ਦੇ ਸਨ.				

ਬ੍ਰਿਟਿਸ਼ ਇਲਾਕਿਆਂ ਵਿੱਚ ਮੁਸਲਮਾਨਾਂ ਦੀ ਫ਼ੀਸਦੀ ਬਹੁਤ ਹੀ ਹੌਲੀ ਹੌਲੀ ਵੱਧੀ. ਹੇਠਾ ਦਿੱਤੇ ਅੰਕੜੇ 'ਦੀ ਪਾਰਟੀਸ਼ਨ ਔਫ ਦੀ ਪੰਜਾਬ 1947' ਵੋਲਯੁਮ I (1993:151) ਵਿੱਚ ਮੌਜੂਦ ਨੇ, ਜੋ ਕਿ ਮਿਆਂ ਮੁਹੱਮਦ ਸਦੁੱਲਾ ਦੀ ਸਰਕਾਰੀ ਦਸਤਾਵੇਜਾਂ ਦਾ ਇੱਕ ਸੰਕਲਨ ਹੈ.

1881	52.75
1891	51.83
1901	52.31
1911	55.29
1921	55.27
1931	56.98
1941	57.06

ਅਸੀਂ ਵੇਖਦੇ ਹਾਂ ਕਿ ਪੰਜਾਬ ਵਿੱਚ 1881 ਤੋਂ 1941 ਦੇ ਦਰਮਿਆਨ, ਹਿੰਦੂ ਆਬਾਦੀ ਦਾ ਫ਼ਿਰਕੂ ਨਿਸਬਤ ਬੜੀ ਤੇਜੀ ਨਾਲ ਘੱਟ ਗਿਆ, ਪਰ ਇਸ ਦਾ ਮਤਲਬ ਇਹ ਨਹੀਂ ਸੀ ਕਿ ਮੁਸਲਮਾਨਾਂ ਦਾ ਕੋਈ ਸ਼ਾਨਦਾਰ ਫ਼ਾਇਦਾ ਹੋਇਆ, ਜਿਨ੍ਹਾਂ ਦੀ ਤਦਾਦ ਕੁਦਰਤੀ ਤੌਰ ਤੇ, ਬੇਹਦ ਹੌਲੀ ਹੌਲੀ ਵੱਧੀ. ਹਿੰਦੂਆਂ ਦਾ ਜ਼ਿਆਦਾ ਨੁਕਸਾਨ ਇਸ ਕਰ ਕੇ ਹੋਇਆ ਕਿਉਂਕਿ ਪੰਜਾਬ ਵਿੱਚ, ਸਿੱਖਾਂ ਦਾ ਫ਼ਿਰਕੂ ਨਿਸਬਤ ਬੜੀ ਤੇਜੀ ਨਾਲ ਵਧ ਗਿਆ. ਜੈਦਾਂ ਕਿ ਅਸੀਂ ਪਹਿਲਾਂ ਵੇਖ ਚੁਕੇ ਹਾਂ, ਹਿੰਦੂਆਂ ਅਤੇ ਸਿਖਾਂ ਦੀ ਪਛਾਣ ਵਿੱਚ ਕੋਈ ਬਹੁਤ ਜ਼ਿਆਦਾ ਫ਼ਰਕ ਨਹੀਂ ਹੁੰਦਾ ਸੀ, ਮਗਰ ਵੀਹਵੀਂ ਸਦੀ ਤੇ ਇਸ ਵਿੱਚ ਤਬਦੀਲੀ ਆਉਣ ਲਗੀ. ਦੂਜੇ ਜਿਨ੍ਹਾਂ ਨੂੰ ਹਿੰਦੂਆਂ ਦੇ ਨੁਕਸਾਨ ਤੋਂ ਫ਼ਾਇਦਾ ਹੋਇਆ ਉਹ ਸਨ ਇਸਾਈ ਅਤੇ ਅਧਰਮੀ: ਦੋਵੇਂ ਐਦਾਂ ਦੀ ਤੇਹਰੀਕ ਸਨ ਜਿਸ ਨੇ ਸੇਡਯੁਲਡ ਕਾਸਟਾਂ ਦੇ ਸਭ ਤੋਂ ਬੇਕਦਰ ਅਤੇ ਜਬਰਣ ਭ੍ਰਿਸ਼ਟ ਕੀਤੇ ਤਬਕੇ, ਜਿਨ੍ਹਾਂ ਨੂੰ ਅਛੂਤ ਜਾਂ ਹਰਿਜਨ ਕਿਹਾ ਜਾਂਦਾ ਹੈ, ਨੂੰ ਆਪਣੀ ਤਰਫ਼ ਆਕਰਸ਼ਤ ਕੀਤਾ. ਤਾਂ ਵੀ, ਮੁਸਲਮਾਨਾਂ ਦੀ ਤਦਾਦ ਵਿੱਚ ਮਾਮੂਲੀ ਇਜ਼ਾਫ਼ੇ ਨੂੰ ਲੈ ਕੇ, ਖ਼ਾਸ ਤੌਰ ਤੇ, ਹਿੰਦੂ ਅਲਪਸੰਖਅਕ ਫ਼ਿਕਰਮੰਦ ਹੋ ਗਏ. ਪੰਜਾਬ ਦੇ ਇੰਤਜਾਮੀਆ ਨੇ ਗੌਰ ਕੀਤਾ ਕਿ ਮੁਖ਼ਤਲਿਫ਼ ਮਜ਼ੂਬੀ ਕੌਮਾਂ ਅਤੇ ਉਨ੍ਹਾਂ ਦੇ ਸਿਆਸੀ ਸੰਗਠਨਾ ਨੇ ਜਾਨ-ਬੂਝ ਕੇ ਆਬਾਦੀ ਵਿੱਚ ਆਪਣੇ ਨਿਸਬਤ ਨੂੰ ਵਧਾ ਕੇ ਦੱਸਿਆ. ਖ਼ਾਸ ਤੌਰ ਤੇ ਉੱਚੀ ਜਾਤੀ ਦੇ ਹਿੰਦੂਆਂ ਨੇ ਸ਼ਿਕਾਇਤ ਕੀਤੀ ਕਿ ਮਰਦਮ ਸ਼ੁਮਾਰੀ ਦੇ ਦੌਰਾਨ ਤਰਫ਼ਦਾਰੀ ਹੋਈ ਅਤੇ ਸੂਬੇ ਦੇ ਕਾਰਜਕਰਤਾਵਾਂ ਨੇ ਡੇਟਾ ਇਕੱਠਾ ਕਰਦੇ ਵਕਤ ਇੱਕ ਪੱਖ ਦਾ ਸਾਥ ਦਿੱਤਾ.

ਪੰਜਾਬ ਦੀ ਤਕਸੀਮ ਦੇ ਖ਼ਿਆਲ

1924 ਦੇ ਨਵੰਬਰ ਤੋਂ ਲੈ ਕੇ ਦਸੰਬਰ ਤਕ, *ਆਰਿਆ ਸਮਾਜ* ਦੇ ਆਗੂ ਲਾਲਾ ਲਾਜਪਤ ਰਾਏ ਨੇ ਲਾਹੌਰ ਦੇ *ਦੀ ਟ੍ਰੀਬਯੂਨ* ਵਿੱਚ ਕਈ ਲੇਖ ਲਿਖੇ ਜਿਸ ਦੇ ਵਿੱਚ ਉਨ੍ਹਾਂ ਨੇ ਲਿਖਿਆ: 'ਮੇਰਾ ਮਸ਼ਵਰਾ ਹੈ ਕਿ ਪੰਜਾਬ ਨੂੰ ਦੋ ਸੂਬਿਆਂ ਵਿੱਚ ਤਕਸੀਮ ਕੀਤਾ ਜਾਵੇ, ਮੁਸਲਮਾਨ ਬਹੁਸੰਖਅਕ ਪੱਛਮ ਪੰਜਾਬ ਜਿਸ ਦੀ ਹਕੂਮਤ [a] ਮੁਸਲਮਾਨਾਂ ਦੇ ਹੱਥ ਵਿੱਚ ਹੋਵੇ; ਅਤੇ ਹਿੰਦੂ-ਸਿੱਖ ਬਹੁਸੰਖਅਕ ਪੂਰਬੀ ਪੰਜਾਬ ਜਿਸ ਦੀ ਹਕੂਮਤ [b] ਗੈਰ-ਮੁਸਲਿਮ ਚਲਾਉਣ' (Aziz,1995: 145). ਉਨ੍ਹਾਂ ਨੇ ਇਹ ਮਸ਼ਵਰਾ ਵੀ ਦਿੱਤਾ ਕਿ *ਐਨ.ਡਬਲੂ.ਐਫ.ਪੀ*, ਸਿੰਧ ਅਤੇ ਪੂਰਬੀ ਬੰਗਾਲ ਮੁਸਲਿਮ ਸੂਬੇ ਬਣਨ. ਸਰਦਾਰ ਕਿਰਪਾਲ ਸਿੰਘ ਜੀ ਦੇ ਮੁਤਾਬਕ, ਲਾਲਾ ਲਾਜਪਤ ਰਾਏ ਕੋਹਾਤ, ਐਨ.ਡਬਲੂ.ਐਫ.ਪੀ (ਹੁਣ ਕੇ.ਪੀ.ਕੇ) ਤੇ ਹਿੰਦੂ ਅਲਪਸੰਖਅਕਾਂ ਉਪਰ ਸਤੰਬਰ

1924 ਵਿੱਚ ਹੋਏ ਵਹਿਸ਼ੀਆਣਾ ਹੱਮਲੇ ਨਾਲ ਸਦਮੇ ਤੇ ਸਨ. ਨਤੀਜਤਨ, ਹਿੰਦੂਆਂ ਅਤੇ ਸਿਖਾਂ ਨੂੰ ਪਰ੍ਹੇ ਉੱਤਰ ਪੰਜਾਬ ਦੇ ਰਾਵਲਪਿੰਡੀ ਲੈ ਜਾਇਆ ਗਿਆ (1989:9). ਸਿੰਘ ਇਸ ਗੱਲ ਤੇ ਜੋਰ ਦੇਂਦੇ ਨੇ ਕਿ ਲਾਜਪਤ ਰਾਏ ਆਜਾਦ ਮੁਸਲਿਮ ਸੂਬਿਆਂ ਬਾਰੇ ਨਹੀਂ ਸੋਚ ਰਹੇ ਸੀ, ਮਗਰ ਇੰਡੀਆ ਦੇ ਅਧੀਨ ਕਿਸੇ ਤਰ੍ਹਾਂ ਦੇ ਮੁਸਲਿਮ ਪ੍ਰਧਾਨ ਅਤੇ ਖ਼ੁਦਮੁਖ਼ਤਾਰ ਸੂਬੇ ਬਾਰੇ (1989:10), ਮਗਰ ਕੇ.ਕੇ.ਅਜ਼ੀਜ਼ ਜੋਰ ਦੇਂਦੇ ਨੇ ਕਿ ਆਪਣੇ 24 ਦਸੰਬਰ 1924 ਦੇ ਦੀ ਟ੍ਰੀਬਯੂਨ ਦੇ ਲੇਖ ਵਿੱਚ ਲਾਜਪਤ ਰਾਏ ਨੇ ਸਾਫ ਤੌਰ ਤੇ ਇੰਡੀਆ ਦੀ ਤਕਸੀਮ ਦੀ ਹਿਮਾਇਤ ਕੀਤੀ ਸੀ (Aziz,1995: 145-146). ਹੂਣ, ਜਦ ਹਿੰਦੂ-ਪ੍ਰਧਾਨ ਅਤੇ ਹਿੰਦੀ ਬੋਲਣ ਵਾਲੇ ਅੰਬਾਲਾ ਡਿਵੀਜ਼ਨ ਦੀ ਗੱਲ ਆਈ ਤੇ, ਕੁੱਝ ਪ੍ਰਮੁਖ ਮੁਸਲਮਾਨ ਇਸ ਨੂੰ ਪੰਜਾਬ ਤੋਂ ਵੱਖ ਕਰਣ ਦੇ ਹੱਕ ਵਿੱਚ ਸੀ. ਬ੍ਰਿਟਿਸ਼ ਵੀ ਕੌਮੀ ਤਣਾਅ ਦੇ ਮਸਲੇ ਦਾ ਹੱਲ ਕਰਣ ਲਈ ਅੰਬਾਲਾ ਡਿਵੀਜ਼ਨ ਨੂੰ ਪੰਜਾਬ ਤੋਂ ਅਲਗ ਕਰ ਦੇਣਾ ਚਾਹੁੰਦੇ ਸੀ, ਤਾਂਕਿ ਮੁਸਲਿਮ ਕੌਮ ਪੰਜਾਬ ਵਿੱਚ ਹਾਵੀ ਹੋ ਜਾਵੇ. ਇਕਬਾਲ ਇਸ ਸੋਚ ਦੀ ਹਿਮਾਇਤ ਕਰਦੇ ਸੀ. ਦੂਜੇ ਮਸ਼ਹੂਰ ਮੁਸਲਮਾਨ ਜਿਨ੍ਹਾਂ ਨੇ ਇਸ ਸੋਚ ਦੀ ਮੁਖ਼ਤਲਿਫ਼ ਸੂਰਤ ਵਿੱਚ ਹਿਮਾਇਤ ਕੀਤੀ, ਉਸ ਦੇ ਵਿੱਚ ਨਵਾਬ ਸਰ ਮੋਹੱਮਦ ਸ਼ਾਹਨਵਾਜ਼ ਖ਼ਾਨ ਸ਼ਾਮਲ ਸਨ (Singh 1989:12). ਇਸੇ ਤਰ੍ਹਾਂ ਦੇ ਮਸ਼ਵਰਿਆਂ ਨੂੰ ਲੈ ਕੇ ਹਿੰਦੂਆਂ ਨੇ ਨਰਾਜ਼ਗੀ ਜ਼ਾਹਰ ਕੀਤੀ, ਕਿਉਂਕਿ, ਅਗਰ ਇਸ ਤਰਤੀਬ ਨੂੰ ਲਾਗੂ ਕੀਤਾ ਜਾਂਦਾ ਤੇ ਪੰਜਾਬ ਵਿੱਚ ਉਨ੍ਹਾਂ ਦੀ ਤਦਾਦ ਅਚਾਨਕ ਘੱਟ ਜਾਂਦੀ; ਸਿੱਖ ਵੀ ਨਾਰਾਜ ਸੀ. 1930-31 ਵਿੱਚ ਲੰਡਨ ਦੀ ਇੰਡਿਅਨ ਰਾਉਂਡ ਟੇਬਲ ਕਨਫੇਰੇਂਸ ਤੇ ਪਹਿਲਾਂ ਤੋਂ ਮੌਜੂਦ ਸਿੱਖ ਮੁਖਤਿਆਰਾਂ ਨੇ, ਪੰਜਾਬ ਨੂੰ ਇੱਕ ਮੁਸਲਿਮ ਪ੍ਰਧਾਨ ਸੂਬਾ ਬਣਾਉਣ ਦੀ ਸੋਚ ਦਾ ਮੁਕਾਬਲਾ ਕਰਣ ਦੀ ਕੋਸ਼ਿਸ਼, ਇਸ ਦਲੀਲ ਨਾਲ ਕੀਤੀ:

> ਅਗਰ ਮੁਸਲਮਾਨ ਜੋ ਇਸ ਸੂਬੇ ਤੇ ਇੱਕ ਛੋਟੀ ਬਹੁਸੰਖਅਕਤਾ ਵਿੱਚ ਨੇ, ਰਾਖਵਾਂ ਬਹੁਸੰਖਅਕਤਾ ਤੇ ਬਗੈਰ ਹੋਰ ਕਿਸੇ ਚੀਜ ਨਾਲ ਨਹੀਂ ਮੱਨਦੇ ਨੇ, ਤੇ ਅਸੀਂ ਇਲਾਕਿਆਂ ਨੂੰ ਦੋਬਾਰਾ ਵਿਵਸਥਿਤ ਕਰਣ ਦੀ ਮੰਗ ਕਰਦੇ ਹਾਂ ਜਿਸ ਦੇ ਚਲਦਿਆਂ ਪੰਜਾਬ ਤੋਂ ਰਾਵਲਪਿੰਡੀ ਅਤੇ ਮੁਲਤਾਨ ਡਿਵੀਜਨਾਂ ਨੂੰ (ਮਿੰਟਗੋਮਰੀ ਅਤ ਲਾਇਲਪੁਰ ਜ਼ਿਲ੍ਹੇ ਨੂੰ ਛੱਡ ਕੇ) ਅਲਗ ਕਰ ਦਿੱਤਾ ਜਾਵੇ. ਇਣ ਡਿਵੀਜਨਾਂ ਵਿੱਚ ਮੁਸਲਮਾਨ ਬਹੁਸੰਖਅਕ ਨੇ ਅਤੇ ਨਸਲੀ ਤੌਰ ਤੇ ਐਨ.ਡਬਲ੍ਯੂ.ਐਫ.ਪੀ ਨਾਲ ਰਲਦੇ ਮਿਲਦੇ ਨੇ (Ibid: 11-12).

ਜੈਦਾਂ ਕਿ ਸ਼ੁਰੂ ਤੇ ਕਿਹਾ ਗਿਆ ਹੈ, ਪੰਜਾਬ ਦੇ ਮਸਲੇ ਨੂੰ ਲੈ ਕੇ ਸਿੱਖਾਂ ਦੀ ਆਸ ਬਾਰੇ, ਖ਼ਾਸ ਤੌਰ ਤੇ ਸੋਚਣਾ ਪਏਗਾ, ਕਿਉਂਕਿ ਤੀਜੀ ਵੱਡੀ ਕੌਮ ਹੋਣ ਦੀ ਬਦੌਲਤ, ਅਤੇ ਜੋ ਪੰਜਾਬ ਨਾਲ ਆਪਣੀ ਮਜ਼ੂਬੀ ਅਤੇ ਤਹਿਜ਼ੀਬੀ ਮਾਤ-ਭੂਮੀ ਦੀ ਪਛਾਣ ਰਖਦੇ ਸੀ, ਉਨ੍ਹਾਂ ਦੇ ਰਹਨੁਮਾਵਾਂ ਦੀ ਪੰਜਾਬ ਦੇ ਆਕਾਰ ਉਪਰ ਸੋਚ, ਬੇਹਦ ਅਹਿਮ ਸੀ. ਬ੍ਰਿਟਿਸ਼ ਇੰਡਿਅਨ ਫ਼ੌਜ਼ ਵਿੱਚ ਉਨ੍ਹਾਂ ਦੀ ਬਹੁਤ ਭਾਰੀ ਮੌਜੂਦਗੀ ਸੀ ਅਤੇ ਉਹ ਸੂਬੇ ਦੀ ਇੱਕ ਅਹਿਮ ਕੌਮ ਸਨ. ਹਾਲਾਂਕਿ 1920 ਦੇ ਦਹਾਕੇ ਤੇ ਹਿੰਦੂਆਂ ਅਤੇ ਸਿਖਾਂ ਦੇ ਵਿੱਚ ਇੱਕ ਕੌੜਾ ਅਪਵਾਦ ਛਿੜ ਗਿਆ ਜਦ ਕੁੱਝ ਆਰਿਆ ਸਮਾਜ ਦੇ ਆਗੂਵਾਂ ਨੇ ਸਿੱਖਾਂ ਨੂੰ ਮਹਿਜ਼ ਇੱਕ ਹਿੰਦੂ ਪੰਥ ਦੱਸਿਆ. ਸਿੱਖਾਂ ਨੇ ਇਸ ਦੀ ਸਫਾਈ ਦਿੱਤੀ ਕਿ ਉਹ ਹਿੰਦੂ ਨਹੀਂ ਹਨ ਹਾਲਾਂਕਿ ਸਿਆਸੀ ਤੌਰ ਤੇ ਉਹ ਮੁਸਲਮਾਨਾਂ ਨੂੰ ਆਪਣੇ ਖ਼ਾਸ ਮੁਖ਼ਾਲਫ਼ਤੀ ਮੱਨਦੇ ਸੀ.

ਉਪਨਿਵੇਸ਼ੀ ਦੌਰ ਦੇ ਦੌਰਾਨ ਸਿਆਸੀ ਪਾਰਟਿਆਂ ਦੇ ਵਿਕਾਸ ਦੀ ਅਹਿਮ ਖ਼ਾਸੀਅਤ ਇਹ ਸੀ ਕਿ ਦੋ ਪਾਰਟਿਆਂ, ਇੰਡਿਅਨ ਨੈਸ਼ਨਲ ਕਾਂਗਰੇਸ ਅਤੇ ਮੁਸਲਿਮ ਲੀਗ, ਜੋ ਉਭਰ ਕੇ ਆਇਆਂ, ਉਹ ਵਿਰੋਧੀ ਰਾਸ਼ਟਰਵਾਦ ਦੇ ਸੰਸਕਰਨਾ ਦੇ ਨੁਮਾਇੰਦੇ ਸਨ. ਇੰਡਿਅਨ ਨੈਸ਼ਨਲ ਕਾਂਗਰੇਸ ਇੱਕ ਸੇਕੁਲਰ ਪਾਰਟੀ ਹੋਣ

ਦਾ ਦਾਅਵਾ ਕਰਦੀ ਸੀ ਜਦ ਕਿ ਮੁਸਲਿਮ ਲੀਗ ਪੂਰੀ ਤਰ੍ਹਾਂ ਮੁਸਲਮਾਨਾਂ ਦੀ ਪਾਰਟੀ ਸੀ. ਇੰਡੀਆ ਦੇ ਮੁਖ਼ਤਲਿਫ਼ ਹਿੱਸੇਆਂ ਵਿੱਚ ਮਜਬੂਤ ਖੇਤਰੀ ਦਲ ਵੀ ਮੌਜੂਦ ਸਨ.

ਪੰਜਾਬ ਯੂਨੀਅਨਿਸਟ ਪਾਰਟੀ ਅਤੇ ਪੰਜਾਬੀਅਤ

ਪੰਜਾਬ ਯੂਨੀਅਨਿਸਟ ਪਾਰਟੀ (ਇਸ ਦੇ ਬਾਅਦ ਇਸ ਨੂੰ ਯੂਨੀਅਨਿਸਟ ਪਾਰਟੀ ਕਿਹਾ ਜਾਵੇਗਾ) ਦੀ ਕਾਇਮੀ 1923 ਤੇ ਹੋਈ. ਇਹ ਪਾਰਟੀ ਤਕਸੀਮ ਤੋਂ ਪਹਿਲਾਂ ਦੇ ਪੰਜਾਬ ਦੀ ਸਿਆਸਤ ਤੇ 1946 ਤੱਕ ਹਾਵੀ ਰਹੀ. ਇਸ ਨੇ ਆਪਣਾ ਸਮਰਥਨ ਪੰਜਾਬੀਅਤ ਦੇ ਇਹਸਾਸ ਦੀ ਬੁਨਿਆਦ ਉਪਰ ਰੱਖਿਆ. ਪੰਜਾਬ ਨੂੰ ਬ੍ਰਿਟਿਸ਼ ਹਕੂਮਤ ਦਾ ਇੱਕ ਵਫਾਦਾਰ ਸ਼ਸਤ੍ਰਬਲ ਸਮਝਿਆ ਜਾਂਦਾ ਸੀ ਅਤੇ ਇਥੋਂ ਇਮਪਿਰਿਅਲ ਫ਼ੌਜ਼ ਦੇ ਅੱਧ ਤੋਂ ਜ਼ਿਆਦਾ ਸਿਪਾਹੀ, ਮੁਸਲਿਮਾਂ, ਹਿੰਦੂਆਂ ਅਤੇ ਸਿੱਖਾਂ ਦੀ ਲੜਾਕੂ ਜਾਤੀਆਂ ਤੋਂ ਚੁਣੇ ਜਾਂਦੇ ਸੀ. ਇਸ ਦੇ ਸਥਾਪਕ ਸਰ ਫ਼ਜ਼ਲ-ਇ-ਹੁੱਸੈਨ (1936 ਨੂੰ ਮੌਤ ਹੋਈ) ਨੇ ਕੌਮੀ ਅਮਨ ਦੀ ਬੁਨਿਆਦ ਬਣਾਈ ਸੀ, ਮਗਰ ਇਸ ਨੇ ਮੁਸਲਿਮ ਅਤੇ ਹਿੰਦੂ ਜ਼ਿਮੀਦਾਰ ਅਤੇ ਖੇਤੀ-ਬਾੜੀ ਕਰਣ ਵਾਲੀ ਜਮਾਤਾਂ ਦੇ ਫ਼ਾਇਦੇ ਨੂੰ ਸ਼ਹਿਰੀ ਹਿੰਦੂਆਂ ਦੇ ਮੁਕਾਬਲੇ, ਕਾਇਮ ਰੱਖਿਆ. ਸਿੱਖ ਇਣ ਸਭ ਦਾ ਹਿੱਸ਼ਾ ਨਹੀਂ ਸਨ (Oren, 1974: 397; Ali, 1970: 425–81). ਮੈਂ ਸਾਬਕਾ ਮੁਸਲਿਮ ਲੀਗ ਦੇ ਆਗੂ ਸਈਦ ਅਫ਼ਜਲ ਹੈਦਰ ਅਤੇ ਜਾਣੇ-ਪਛਾਣੇ ਇਤਿਹਾਸਕ ਪ੍ਰੋਫੇਸਰ ਵੀ.ਐਨ.ਦੱਤਾ ਦਾ ਦਿੱਲੀ ਤੇ ਇੰਟਰਵਿਊ ਲੀਤਾ. ਦੋਵੇਂ ਇੰਟਰਵਿਊ ਲੰਬੇ ਚਲੇ. ਦੋਨਾਂ ਨੇ ਮੱਨਿਆ ਕਿ ਸਰ ਫ਼ਜ਼ਲ ਇੱਕ ਬੇਮਿਸਾਲ ਪੰਜਾਬੀ ਆਗੂ ਸਨ. ਉਨ੍ਹਾਂ ਦੇ ਪੁੱਤਰ ਆਜ਼ਿਮ ਹੁੱਸੇਨ ਦਾ ਵੀ ਇੰਟਰਵਿਊ, ਮੈਂ ਲੰਡਨ ਜਾ ਕੇ ਲੀਤਾ. ਉਨ੍ਹਾਂ ਨੇ ਇਸ ਗੱਲ ਤੇ ਜੋਰ ਦਿੱਤਾ ਕਿ ਉਨ੍ਹਾਂ ਦੇ ਵਾਲਿਦ ਪੱਕੇ ਤੌਰ ਤੇ ਇੰਡੀਆ ਦੇ ਇਤਹਾਦ ਵਿੱਚ ਯਕੀਨ ਕਰਦੇ ਸੀ, ਜਦ ਕਿ ਨਾਲੋ-ਨਾਲ ਉਹ ਪੰਜਾਬ ਦੇ ਮੁਸਲਮਾਨਾਂ ਦੀ ਤਰੱਕੀ ਲਈ ਵੀ ਕੱਮ ਕਰ ਰਹੇ ਸੀ.

ਸ਼ਰ ਫ਼ਜ਼ਲ, ਖੁਦ ਇੱਕ ਜ਼ਿਮੀਦਾਰ ਨਹੀਂ ਸਨ, ਉਨ੍ਹਾਂ ਨੇ ਸਿਆਸਤ ਵਿੱਚ ਆਪਣਾ ਪ੍ਰਮੁਖ ਟਿਕਾਣਾ ਤਾਲੀਮ ਅਤੇ ਕਾਬਲੀਅਤ ਨਾਲ ਹਾਸਲ ਕੀਤਾ ਸੀ. ਪੰਜਾਬ ਦੇ ਸੂਬੇ ਤੇ, ਇੱਕ ਏਜੁਕੇਸ਼ਨ (ਤਾਲੀਮ) ਵਜੀਰ ਦੇ ਤੌਰ ਤੇ ਉਨ੍ਹਾਂ ਨੇ ਪੜ੍ਹਾਈ-ਲਿਖਾਈ ਵਿੱਚ ਪਿਛੜੇ ਮੁਸਲਮਾਨਾਂ ਲਈ ਮਸ਼ਹੂਰ ਤਾਲੀਮ ਦੇ ਸੰਸਥਾਨਾਂ ਵਿੱਚ *ਕੋਟੇ* (ਹਿੱਸਾ) ਦਾ ਇੰਤਜਾਮ ਕੀਤਾ. ਹਿੰਦੂ ਇਸ ਦੇ ਖਿਲਾਫ਼ ਸੀ ਮਗਰ ਆਪਣੀ ਇਸ ਨੀਤੀ ਨੂੰ ਸਰ ਫ਼ਜ਼ਲ, *ਪੰਜਾਬ ਲੇਜੀਸਲੇਟੀਵ ਅਸੈਮਬਲੀ* ਵਿੱਚ ਦਿੱਤੀ ਲਾਜਵਾਬ ਤਕਰੀਰਾਂ ਦੇ ਚਲਦੇ, ਕਾਇਮ ਰੱਖਣ ਤੇ ਕਾਮਯਾਬ ਹੋਏ. ਉਹ ਮਜ਼ੂਬ ਉਪਰ ਸਿਆਸਤ ਕਰਣ ਦੇ ਅਤੇ ਪੰਜਾਬ ਦੀ ਤਕਸੀਮ ਦੇ ਬਾਰੇ ਕਿਸੇ ਵੀ ਸਲਾਹ ਦੇ ਸਖ਼ਤ ਖ਼ਿਲਾਫ਼ ਸਨ ਅਤੇ ਇਸ ਕਰ ਕੇ ਸਾਰੀ ਕੌਮਾਂ ਉਨ੍ਹਾਂ ਦੀ ਬੇਹਦ ਇੱਜ਼ਤ ਕਰਦੀਆਂ ਸੀਂ. ਉਨ੍ਹਾਂ ਦੇ ਜਾਨਸ਼ੀਨ ਸਿਕੰਦਰ ਹਯਾਤ ਖ਼ਾਨ, ਜੋ ਪੰਜਾਬ ਦੇ ਸਭ ਤੋਂ ਵਡੇ ਜ਼ਿਮੀਦਾਰਾਂ ਤੋਂ ਸਨ, ਇੱਕ ਯਥਾਰਥੀ ਸਿਆਸਤਦਾਨ ਵੀ ਸਨ, ਮਗਰ ਪੰਜਾਬ ਦੀ ਮਜ਼ੂਬੀ ਕਾਰਣਾਂ ਨਾਲ ਤਕਸੀਮ ਦੇ ਉਹ ਹਮੇਸ਼ਾ ਖ਼ਿਲਾਫ਼ ਰਹੇ (Ali, 1970: 425–81).

1909 ਤੋਂ ਲੈ ਕੇ, ਪੰਜਾਬੀ ਮੁਸਲਮਾਨ ਸਮੇਤ ਇੰਡਿਅਨ ਮੁਸਲਮਾਨਾਂ ਨੇ ਰਿਜਰਵ ਸੀਟਾਂ ਲਈ ਅਲਗ ਵੋਟਾਂ ਪਾਈਆਂ. 1935 ਦੇ ਐਕਟ ਨੇ ਸੂਬਿਆਂ ਤੇ ਗਵਰਨਰ ਦੇ ਰਾਹੀ, ਜੋ ਹਮੇਸ਼ਾ ਅਸੀਮ ਤਾਕਤਾਂ ਵਾਲੇ ਬ੍ਰਿਟਿਸ਼ ਹੁੰਦੇ ਸੀ, ਪੂਰੀ ਤਰ੍ਹਾਂ ਚੁਣੀ ਗਈ ਵਜਾਰਤਾਂ ਸ਼ੁਰੂ ਕਰਾਈਆਂ. ਵੋਟ ਪਾਉਣ ਦੇ ਹੱਕ ਨੂੰ ਹੌਲੀ ਹੌਲੀ

ਵਧਾਇਆ ਗਿਆ ਮਗਰ 1937 ਵਿੱਚ ਵੀ, ਜਦ ਇੰਤਖਾਬ ਹੋਏ ਸੀ, ਤਦ ਵੋਟ ਦੇਣ ਵਾਲੇ ਇੰਡੀਆ ਦੀ ਆਬਾਦੀ ਦੇ 10 ਫ਼ੀਸਦੀ ਸਨ. ਸਰ ਸਿਕੰਦਰ ਹਯਾਤ ਖ਼ਾਨ ਪੰਜਾਬ ਸੂਬੇ ਦੇ ਪਹਿਲੇ *ਪ੍ਰੀਮੀਅਰ* ਚੁਣੇ ਗਿਐ (ਕੁਛ ਬ੍ਰਿਟਿਸ਼ ਸੂਬੇ ਤੇ *ਪ੍ਰੀਮੀਅਰ* ਸਨ ਅਤੇ ਕੁੱਝ ਤੇ *ਚੀਫ਼ ਮਿਨਿਸਟਰ*). ਸਰ ਸਿਕੰਦਰ ਕਾਂਗਰੇਸ ਪਾਰਟੀ ਦੀ ਸਮਾਜ ਦੀ ਬੁਨਿਆਦੀ ਤਬਦੀਲੀ ਦੀ ਸੋਚ ਨੂੰ ਘਿਰਣਾ ਨਾਲ ਵੇਖਦੇ ਸੀ. ਕਾਂਗਰੇਸੀ ਆਗੂ ਜਵਾਹਰਲਾਲ ਨਹਿਰੂ ਨੇ ਜ਼ਮੀਨੀ ਸੁਧਾਰ ਕਰ ਕੇ ਜ਼ਿਮੀਦਾਰੀ ਨੂੰ ਹੀ ਹਟਾਉਣ ਦੀ ਚੇਤਾਵਨੀ ਦਿੱਤੀ ਸੀ, ਜੋ ਯੂਨਿਅਨਿਸਟ ਪਾਰਟੀ ਨੂੰ ਨਾਮੰਜ਼ੂਰ ਸੀ. ਸ਼ਰ ਫ਼ਜ਼ਲ ਅਤੇ ਸਰ ਸਿਕੰਦਰ ਨੇ ਮੁਸਲਿਮ ਲੀਗ ਤੋਂ ਦੂਰੀ ਬਣਾ ਕੇ ਰੱਖੀ ਸੀ, ਮਗਰ ਬਾਅਦ ਵਿੱਚ ਕਾਂਗਰੇਸ ਦੀ ਵਧਦੀ ਮਸ਼ਹੂਰੀ ਦੇ ਚਲਦੇ, ਸਰ ਸਿਕੰਦਰ ਨੇ ਇੱਕ ਸਮਝੌਤਾ ਕੀਤਾ ਜੋ *ਜਿਨਾਹ-ਸਿਕੰਦਰ ਪੈਕਟ ਔਫ਼ 1937* ਦੇ ਨਾਂਅ ਤੋਂ ਜਾਣਿਆ ਗਿਆ, ਜਿਸ ਦੇ ਚਲਦਿਆਂ ਪੰਜਾਬ ਲੇਜੀਸਲੇਚਰ ਦੇ ਯੂਨੀਅਨਿਸਟ ਪਾਰਟੀ ਦੇ ਮੁਸਲਿਮ ਸਦੱਸ ਮੁਸਲਿਮ ਲੀਗ ਦੇ ਸਦੱਸ ਬਣਨ ਨੂੰ ਤਿਆਰ ਹੋ ਗਏ ਤਾਂਕਿ ਉਹ ਕੇਂਦਰੀ ਮੁਸਲਿਮ ਲੀਗ ਦੇ ਕੌਮੀ ਮਿਆਰ ਤੇ, ਹੱਥ ਮਜਬੂਤ ਕਰ ਸਕਣ. ਦੂਜੀ ਤਰਫ਼, ਯੂਨੀਅਨਿਸਟ ਪਾਰਟੀ, ਪੰਜਾਬ ਵਿਚ, ਆਪਣੀ ਸਿਆਸੀ ਪਹਿਲ ਦਾ ਫ਼ੈਸਲਾ ਕਰਣ ਨੂੰ ਆਜ਼ਾਦ ਸੀ (Carter, 2004: 142–7).

ਸਰ ਸਿਕੰਦਰ ਨੂੰ ਯਕੀਨ ਸੀ ਕਿ ਪੰਜਾਬ ਦਾ ਸਭ ਤੋਂ ਵਧ ਫ਼ਾਇਦਾ ਬ੍ਰਿਟਿਸ਼ਰਾਂ ਨਾਲ ਸੰਪਰਕ ਕਾਇਮ ਰੱਖਣ ਵਿੱਚ ਸੀ. ਥੋੜੇ ਵਕਤ ਤੱਕ ਉਹ ਪੰਜਾਬ ਦੇ ਆਰਜ਼ੀ ਗਵਰਨਰ ਵੀ ਸਨ, ਜੋ ਕਿ ਬ੍ਰਿਟਿਸ਼ ਰਾਜ ਦੇ ਦੌਰਾਨ ਹੋਈ ਇੱਕ ਦੁਰਲੱਭ ਘਟਨਾ ਹੈ. ਯੂਨੀਅਨਿਸਟ ਪਾਰਟੀ ਦੀ ਹਕੂਮਤ ਦੇ ਦੌਰਾਨ, ਸਰਕਾਰੀ ਨੌਕਰਿਆਂ ਵਿੱਚ ਮੁਸਲਿਮ ਨਿਸਬਤ ਤੇਜੀ ਨਾਲ ਵਧ ਰਿਹਾ ਸੀ, ਹਾਲਾਂਕਿ 1940 ਦੇ ਦਹਾਕੇ ਤੇ ਹਿੰਦੂ ਅਤੇ ਸਿੱਖ ਹਲੀ ਵੀ ਉਨ੍ਹਾਂ ਤੋਂ ਅੱਗੇ ਸੀ. ਜਦ ਦੂਜੀ ਆਲਮੀ ਜੰਗ ਛਿੜ ਗਈ, ਸਰ ਸਿਕੰਦਰ ਨੇ ਬ੍ਰਿਟਿਸ਼ ਹਕੂਮਤ ਦਾ ਜੋਰਦਾਰ ਤਰੀਕੇ ਨਾਲ ਸਾਥ ਦਿੱਤਾ. ਆਪਣੀ 13 ਸਤੰਬਰ 1939 ਦੀ ਰਿਪੋਰਟ ਵਿੱਚ ਬ੍ਰਿਟਿਸ਼ ਗਵਰਨਰ ਸਰ ਹੇਨਰੀ ਕ੍ਰੇਕ ਨੇ ਲੈਰਡ ਲਿਨਲਿੱਥਗੋ ਨੂੰ ਲਿਖਿਆ ਕਿ ਸਰ ਸਿਕੰਦਰ ਨੂੰ ਉੱਮੀਦ ਸੀ ਕਿ ਉਹ ਅੱਧ ਮਿਲਿਅਨ ਸਿਪਾਹੀ, ਬ੍ਰਿਟਿਸ਼ਰਾਂ ਦੀ ਜੰਗ ਦੀ ਤਿਆਰੀ ਲਈ ਮੁਹੱਈਆ ਕਰਾਉਣਗੇ. ਪੰਜਾਬ ਦੇ ਨਰਮ ਹਿੰਦੂਆਂ ਦੀ ਤਰ੍ਹਾਂ, ਉਹ ਆਸ ਲਗਾ ਕੇ ਬੈਠੇ ਸੀ ਕਿ ਕਾਂਗਰੇਸ ਵੀ ਜੰਗ ਦੀ ਤਿਆਰੀ ਦੀ ਮਦਦ ਕਰੇਗੀ, ਇਸ ਕਰ ਕੇ ਉਹ ਦੋ ਕਾਂਗਰੇਸੀ ਸਦੱਸਾਂ ਨੂੰ ਆਪਣੀ ਵਜਾਰਤ ਵਿੱਚ ਸ਼ਾਮਲ ਕਰਨਾ ਅਤੇ ਕੌਮੀ ਭਾਈਚਾਰੇ ਨੂੰ ਹੋਰ ਵਧਾਣਾ ਚਾਹੁੰਦੇ ਸੀ (Ibid: 378). ਤਾਹਿਰ ਲਾਹੌਰੀ ਗੌਰ ਫ਼ਰਮਾਉਂਦੇ ਨੇ ਕਿ 1930 ਦੇ ਦਹਾਕੇ ਦੇ ਸਿਆਸਤਦਾਨ ਭਾਵੇਂ ਹਿੰਦੂ, ਮੁਸਲਮਾਨ ਜਾਂ ਸਿੱਖ ਹੋਣ, ਸਾਰੇ ਇਮਾਨਦਾਰੀ ਦੀ ਇੱਕ ਮਿਸਾਲ ਸਨ. ਉਹ ਕਹਿੰਦੇ ਹਨ:

> ਸ਼ਰ ਮਨੋਹਰ ਲਾਲ ਮਾਲੀਯਾ ਵਜ਼ੀਰ ਸਨ. ਉਨ੍ਹਾਂ ਦਾ ਇੱਕੱਲਾ ਪੁੱਤਰ ਇੱਕ ਬੈਂਕ ਦਾ ਮੁਲਾਜ਼ਿਮ ਸੀ, ਮਗਰ ਉਹ ਕਿਸੇ ਉੱਚੇ ਅਹੁਦੇ ਤੇ ਨਹੀਂ ਸੀ, ਅਗਰ ਮਾਲੀਆ ਵਜ਼ੀਰ ਚਾਹੁੰਦੇ ਤੇ ਉਹ ਉਸ ਦੇ ਵਾਸਤੇ ਕੋਈ ਉੱਚਾ ਅਹੁਦਾ ਲੱਭ ਲੈਂਦੇ. ਸ਼ਰ ਛੋਟੂ ਰਾਮ, ਵਜ਼ੀਰ ਬਣਨ ਤੋਂ ਪਹਿਲਾਂ, ਕੁੱਝ ਖੇਤੀ-ਬਾੜੀ ਦੀ ਜ਼ਮੀਨ ਦੇ ਮਾਲਕ ਸਨ. ਜਦ ਉਨ੍ਹਾਂ ਨੇ ਆਪਣੀ ਜ਼ਿਮੇਵਾਰੀ ਛੱਡੀ ਤਦ ਵੀ ਉਨ੍ਹਾਂ ਦੇ ਅਧੀਨ ਉਨ੍ਹੀ ਹੀ ਜ਼ਮੀਨ ਸੀ. ਸਾਰੇ ਆਗੂ ਬੜੇ ਮਜਬੂਤ ਚੱਰਿਤਰ ਵਾਲੇ ਸੀ. ਮੁਸਲਮਾਨ ਆਗੂ ਵੀ ਪੱਕੇ ਅਤੇ ਬੇਮਿਸਾਲ ਦੇਸ਼ਭਗਤੀ ਦੇ ਚੱਰਿਤਰ ਵਾਲੇ ਸੀ. ਸਰ ਸਿਕੰਦਰ ਹਯਾਤ ਦਾ ਬੇਟਾ ਫ਼ੌਜ ਵਿੱਚ ਇੱਕ ਮੇਜਰ ਸੀ (1994: 223–4).

ਸਿਆਸੀ ਲਫ਼ਜਾਂ ਵਿੱਚ, ਇਹ ਲਗਦਾ ਹੈ ਕਿ ਹਰ ਕੌਮ ਦੇ ਪੰਜਾਬੀ, ਘੱਟ ਤੋਂ ਘੱਟ ਉਨ੍ਹਾਂ ਦੇ ਕੁਲੀਨ ਲੋਕ, ਪੰਜਾਬੀਅਤ ਜਾਂ ਪੰਜਾਬੀ ਆਪਸਦਾਰੀ ਦੇ ਇੱਕ ਅਸਪਸ਼ਟ ਇਹਸਾਸ ਵੱਲ ਸੁਪੁਰਦ ਸਨ, ਜੋ ਮਜ਼ਬੂਬੀ ਫ਼ਰਕ ਤੋਂ ਉਪਰ ਅਤੇ ਬੁਲੰਦ ਸੀ. ਕਾਂਗਰੇਸ ਪਾਰਟੀ ਨੇ, ਹਾਲਾਂਕਿ, ਬ੍ਰਿਟਿਸ਼ ਜੰਗੀ ਤਿਆਰੀ ਨਾਲ ਹੱਥ ਨਾ ਮਿਲਾਉਣ ਦਾ ਫ਼ੈਸਲਾ ਕੀਤਾ ਅਤੇ ਇਸ ਦੇ ਸਾਰੇ ਵਜ਼ੀਰਾਂ ਨੇ 1939 ਤੇ ਅਸਤੀਫਾ ਦੇ ਦਿੱਤਾ. ਇਸ ਤੋਂ ਬਾਅਦ, ਹਾਲਾਤ ਬਦਲਣ ਲਗੇ ਜਦ ਕੌਮੀ ਸਤਰ ਤੇ, ਕਾਂਗਰੇਸ ਅਤੇ ਮੁਸਲੀਮ ਲੀਗ ਵਿੱਚ ਮੁਕਾਬਲਾ, ਲਾਜ਼ਮੀ ਤੌਰ ਤੇ, ਪੰਜਾਬ ਦੀ ਸਿਆਸਤ ਦੇ ਉਪਰ ਅਸਰ ਪਾਉਣ ਲਗਾ. ਤਦ ਤਕ, ਇੰਡਿਅਨ ਨੈਸ਼ਨਲ ਕਾਂਗਰੇਸ ਅਤੇ ਮੁਸਲੀਮ ਲੀਗ ਦਾ ਪੰਜਾਬੀਆਂ ਉਪਰ ਨਾ ਦੇ ਬਰਾਬਰ ਪ੍ਰਭਾਵ ਸੀ.

ਯੂਨੀਅਨਿਸਟ ਪਾਰਟੀ ਦੇ ਤੀਜੇ ਪ੍ਰਮੁਖ ਰਹਨੁਮਾ, ਅੰਬਾਲਾ ਡਿਵੀਜ਼ਨ ਦੇ ਹਿੰਦੀ-ਬੋਲਣ ਵਾਲੇ ਇਲਾਕੇ ਦੇ ਇੱਕ ਤਾਕਤਵਰ ਆਗੂ ਸਰ ਛੋਟੂ ਰਾਮ ਸਨ. ਉਹ ਹਰਿਆਨਾ ਦੇ ਜਾਟਾਂ ਦੇ ਆਗੂ ਸਨ, ਅਤੇ ਉੱਚੀ ਜਾਤੀ ਦੇ ਲੋਕਾਂ ਦੀ ਬਜਾਏ, ਉਨ੍ਹਾਂ ਦੀ ਹਮਦਰਦੀ ਸਤਾਇਐ ਹੋਏ ਕਿਸਾਨਾਂ ਨਾਲ ਸੀ. ਉਨ੍ਹਾਂ ਨੇ ਸਮਾਜ ਦੇ ਕਰਜ਼ ਥੱਲੇ ਦੱਬੇ ਤਬਕੇ ਨੂੰ ਕਾਨੂੰਨੀ ਰਾਹਤ ਪਹੁੰਚਾਉਣ ਲਈ, ਕਈ ਕਦਮ ਉਠਾਏ (Gopal, 1988). ਬ੍ਰਿਟਿਸ਼ ਹਕੂਮਤ ਨੇ ਪਹਿਲ਼ਾਂ ਤੋਂ ਹੀ 1901 ਵਿੱਚ *ਪੰਜਾਬ ਏਲੀਏਨੇਸ਼ਨ ਔਫ਼ ਲੈਂਡ ਐਕਟ* ਲਾਇਆ ਸੀ, ਜਿਸ ਦੇ ਤਹਿਤ ਖੇਤੀ-ਬਾੜੀ ਦੀ ਜ਼ਮੀਨ ਉੱਪਰ, ਸੂਦਖੋਰਾਂ ਅਤੇ ਗੈਰ ਖੇਤੀ-ਬਾੜੀ ਦੀ ਜਾਤਾਂ ਦੀ ਮਲਕੀਅਤ ਉਪਰ ਕਾਨੂੰਨੀ ਪਾਬੰਦੀ ਲਗ ਗਈ ਸੀ. ਪਰ, ਸਿਰਫ਼ ਇਸ ਨੇ ਹੀ ਸੂਦਖੋਰਾਂ ਉਪਰ ਲਗਾਮ ਨਹੀਂ ਕੱਸੀ, ਕਿਉਂਕਿ ਉਹ ਜਮੀਨ ਉਪਰ ਆਪਣੇ ਦਲਾਲਾਂ ਅਤੇ ਦੂਜੀ ਚਾਲਬਾਜੀਆਂ ਨਾਲ ਕਬਜ਼ਾ ਕਰ ਰਹੇ ਸੀ. ਅਤੇ ਕਿਸਾਨ ਸੂਦਖੋਰਾਂ ਦੇ ਵੱਡੇ ਕਰਜ਼ਦਾਰ ਬਣ ਗਿਐ. ਸ਼ਾਬਕਾ ਕਮਊਨਿਸਟ ਆਗੂ ਅਤੇ ਸੀ.ਪੀ.ਆਈ.ਐਮ ਦੇ *ਜੈਨਰਲ ਸੈਕਰੇਟਰੀ* ਰਹਿ ਚੁਕੇ ਹਰਕਿਸ਼ਨ ਸਿੰਘ ਸੁਰਜੀਤ ਨੇ ਉਸ ਵਕਤ ਦੇ ਹਾਲਾਤ ਇਣ ਲਫ਼ਜ਼ਾਂ ਵਿੱਚ ਸਾਫ਼ ਕੀਤੇ:

'1940 ਦੇ ਦਹਾਕੇ ਤੇ ਕਾਂਗਰੇਸ ਪਾਰਟੀ ਸ਼ਹਿਰੀ ਹਿੰਦੂ ਵਪਾਰੀ ਦਰਜੇ ਦਾ ਗੜ ਸੀ. ਪਿੰਡ ਥਾਂ ਵਿੱਚ ਇਸ ਦਾ ਅਸਰ ਘੱਟ ਸੀ. 1936 ਵਿੱਚ ਜਦ ਸਰ ਛੋਟੂ ਰਾਮ ਨੇ ਇੱਕ ਬਿੱਲ ਲਾਉਣ ਦੀ ਕੋਸ਼ਿਸ਼ ਕੀਤੀ, ਜਿਸ ਦੇ ਤਹਿਤ ਸੂਦਖੋਰਾਂ ਨੂੰ ਉਨ੍ਹਾਂ ਦੇ ਬਕਾਇਆ ਕਰਜ਼ੇ ਭੇਜਣ ਦੀ ਪੇਸ਼ਕਸ਼ ਸੀ, ਪੰਜਾਬ ਦੀ ਕਾਂਗਰੇਸ ਨੇ ਇਸ ਬਿੱਲ ਨੂੰ ਸਹਾਰਾ ਦੇਣ ਤੋਂ ਇਨਕਾਰ ਕਰ ਦਿੱਤਾ. ਮਹੱਮੁਦ ਅਲੀ (ਲੇਖਕ ਤਾਰੀਕ ਅਲੀ ਦੇ ਚਾਚਾ) ਅਤੇ ਮੈਂ ਦਿੱਲੀ ਆਏ ਅਤੇ ਮੌਲਾਨਾ ਆਜ਼ਾਦ ਨੂੰ ਮਿੱਲੇ, ਜਿਨ੍ਹਾਂ ਨੇ ਪੰਜਾਬ ਲੇਜੀਸਲੇਚਰ ਦੇ ਕਾਂਗਰੇਸ ਦੇ ਸਦੱਸਾਂ ਨੂੰ ਇਸ ਬਿੱਲ ਦੇ ਸਮਰਥਨ ਲਈ ਹਦਾਇਤ ਦਿੱਤੀ. ਪੰਜਾਬ ਲੇਜੀਸਲੇਚਰ ਦੇ 13 ਕਾਂਗਰੇਸੀ ਸਦੱਸਾਂ ਤੋਂ 7 ਕਮਊਨਿਸਟ ਸੀ. ਉਨ੍ਹਾਂ ਨੇ ਬਿੱਲ ਦੇ ਹੱਕ ਵਿੱਚ ਵੋਟ ਦਿੱਤੇ ਮਗਰ ਬਾਕੀ 6 ਜੋ ਕਮਊਨਿਸਟ ਨਹੀਂ ਸੀ, ਉਹ ਦੂਰ ਰਹੇ. ਅਤੇ, ਕਾਂਗਰੇਸ ਦੇ ਮੁੱਖ ਰਹਨੁਮਾਵਾਂ ਦੀ ਮਦਦ ਤੋਂ ਬਗੈਰ ਹੀ ਬਿੱਲ ਮੰਜ਼ੂਰ ਹੋ ਗਿਆ. ਹਾਂ, ਕਰਜ਼ੇ ਮਾਫ਼ ਕਰ ਦਿੱਤੇ ਗਿਐ ਮਗਰ ਫਿਰ ਵੀ ਖੇਤੀ-ਬਾੜੀ ਕਰਣ ਵਾਲੇ ਨੂੰ ਹਮੇਸ਼ਾ ਪੈਸੇ ਉਧਾਰ ਲੇਣੇ ਪੈਂਦੇ ਸੀ ਅਤੇ ਸੂਦਖੋਰ ਅਪਣਾ ਧੰਧਾ ਬੇਕਾਇਦੇ ਨਾਲ ਕਰਦੇ ਰਹੇ.

ਪੰਜਾਬ ਵਿੱਚ ਕਾਂਗਰੇਸ

ਪੰਜਾਬ ਵਿੱਚ 1946 ਦੇ ਆਖ਼ਰੀ ਇੰਤਖਾਬ ਤੱਕ ਇੰਡਿਅਨ ਨੈਸ਼ਨਲ ਕਾਂਗਰੇਸ ਨੂੰ ਮਾਮੂਲੀ ਸਮਰਥਨ ਹਾਸਲ ਸੀ. ਇਸ ਨੂੰ ਜੋ ਵੀ ਸਮਰਥਨ ਹਾਸਲ ਸੀ ਉਹ ਸ਼ਹਿਰੀ ਇਲਾਕਿਆਂ ਤੱਕ ਸੀਮਿਤ ਸੀ ਅਤੇ ਇਸ ਨੇ ਸਾਰੀ

ਕੌਮਾਂ ਦੇ ਰਾਸ਼ਟਰਵਾਦੀਆਂ ਨੂੰ ਆਪਣੀ ਤਰਫ਼ ਖਿੱਚਿਆ. ਫਿਰ ਵੀ, ਫ਼ਿਰਕੂ ਜਾਗਰਣ ਨਾ ਕਿ ਖੁੱਲ੍ਹ-ਦਿਲੀ ਕੌਮੀ ਜਾਗਰੂਕਤਾ, ਪੰਜਾਬ ਦੇ ਸਿਆਸੀਕਰਣ ਹੋਰ ਗਤੀਸ਼ੀਲਤਾ ਦਾ ਜਰਿਆ ਬਣੀ ਹੋਰ ਇਹ ਗੱਲ ਕਾਂਗਰੇਸ ਲਈ ਵੀ ਲਾਗੂ ਹੋਈ. ਪੱਲ ਵੈਲੇਸ ਨੇ ਇਹ ਤਿੱਖੀ ਟਿੱਪਣੀ ਕੀਤੀ:

> ਫ਼ਿਰਕੂ ਸਮੂਹਾਂ ਨੇ ਸਮਾਜਕ ਅਤੇ ਸਿਆਸੀਕਰਣ ਦੀ ਸ਼ੁਰੂਆਤੀ ਤਬਦੀਲੀ ਲਈ ਮੁਖ਼ਤਾਰਾਂ ਦਾ ਕੱਮ ਕੀਤਾ, ਨਾ ਕਿ ਕੌਮੀ ਤੇਹਰੀਕ ਦਾ. ਕਾਂਗਰੇਸ ਦੇ ਬਜਾਏ ਫ਼ਿਰਕੂ ਸਮੂਹਾਂ ਨੇ, ਅਗਵਾਈ, ਕਾਡਰ ਅਤੇ ਫਿਰਕੂ ਮਸਲਿਆਂ ਦੀ ਤਰਫ਼ ਦਿਸ਼ਾ ਬਾਰੇ, ਕਾਂਗਰੇਸ ਤੋਂ ਬਹੁਤ ਜ਼ਿਆਦਾ ਅਹਿਮ ਕਿਰਦਾਰ ਅਦਾ ਕੀਤਾ. ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੇ ਇਹ ਕੌਮੀ ਮਸਲੇ ਰਾਸ਼ਟਰੀ ਸਿਆਸਤ ਦਾ ਕੇਂਦਰੀ ਹਿੱਸਾ ਬਣੇ (1976: 390).

ਉਸ ਨੇ ਪੰਜਾਬ ਕਾਂਗਰੇਸ ਵਿੱਚ ਦੋ ਗੁਟਾਂ ਦੀ ਪਛਾਣ ਕੀਤੀ. ਪਹਿਲਾ ਸੀ ਲਾਲਾ ਲਾਜਪਤ ਰਾਏ-ਭਾਰਗਵ ਦਾ ਗੁਟ, ਜਿਸ ਨੇ ਕੌਮੀ ਤੇਹਰੀਕ ਨੂੰ ਹਿੰਦੂ ਦਿਸ਼ਾਨਿਰਦੇਸ਼ ਤੋਂ ਅਲਗ ਨਹੀਂ ਕੀਤਾ, ਅਤੇ ਮੁਸਲਮਾਨਾਂ ਨੂੰ ਰਿਆਇਤ ਦੇਣ ਨੂੰ ਉਹ ਦਿਲਾਸਾ ਦੇਣਾ ਸਮਝਦੇ ਸੀ. ਦੂਜਾ ਗੁਟ ਸੀ ਸਤਿਆਪਾਲ ਦਾ ਜੋ ਕੌਮੀ ਆਜ਼ਾਦੀ ਦੇ ਫ਼ਾਇਦੇ ਲਈ, ਪੰਜਾਬ ਵਿੱਚ ਮੁਸਲਮਾਨਾਂ ਨਾਲ ਕਰੀਬੀ ਮੇਲ-ਜੋਲ ਰੱਖਣਾ ਚਾਹੁੰਦੇ ਸੀ. ਡਾ.ਸਤਿਆਪਾਲ ਅਤੇ ਡਾ.ਸੈਫ਼ੂਦੀਨ ਕਿਚਲੂ ਨੇ, 1919 ਦੇ ਜਲਿਆਂਵਾਲਾ ਕਤਲੇਆਮ ਤੋਂ ਪਹਿਲਾਂ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਇੱਕ ਧਾਗੇ ਨਾਲ ਬੰਧਣ ਦਾ ਕੱਮ ਕੀਤਾ. ਲਾਲਾ ਲਾਜਪਤ ਰਾਏ-ਭਾਰਗਵ ਦੇ ਗੁਟ ਨੇ ਪੰਜਾਬ ਵਿੱਚ ਹਿੰਦੂ ਮਹਾਸਭਾ ਨਾਲ ਅਤੇ ਕੌਮੀ ਸਤਰ ਤੇ ਸਰਦਾਰ ਪਟੇਲ ਨਾਲ ਕਰੀਬੀ ਗਠਜੋੜ ਬਣਾ ਲੀਤਾ ਸੀ. ਦੋਵੇਂ ਹਿੰਦੂ ਗੁਟ ਸ਼ਹਿਰੀ ਅਤੇ ਉੱਚੀ ਜਾਤੀ ਦੇ ਸੀ, ਹੋਰ ਉਹ ਮੱਧ ਪੰਜਾਬ ਨਾਲ ਰਿਸ਼ਤਾ ਰੱਖਦੇ ਸੀ. ਇਸੀ ਤਰ੍ਹਾਂ ਦੇ ਲੋਕਾਂ ਨੂੰ, ਹਿੰਦੂ ਮਹਾਸਭਾ ਵੀ, ਆਪਣੇ ਸਦੱਸ ਬਣਾਦੀ ਸੀ.

ਦੂਜੀ ਤਰਫ਼, ਸਤਿਆਪਾਲ ਗੁਟ ਕੌਮੀਅਤ ਦੇ ਹਾਮੀ ਮੁਸਲਮਾਨਾਂ ਨੂੰ ਆਪਣੇ ਨਾਲ ਲੈਣਾ ਚਾਹੁੰਦੇ ਸੀ. ਕੌਮੀ ਸਤਰ ਤੇ ਜਵਾਹਰਲਾਲ ਨਹਿਰੁ ਅਤੇ ਮੌਲਾਨਾ ਆਜ਼ਾਦ ਨੇ ਉਨ੍ਹਾਂ ਨੂੰ ਸਹਾਰਾ ਦਿੱਤਾ. ਬਾਅਦ ਵਿੱਚ, ਜਦ ਲਾਲਾ ਲਾਜਪਤ ਰਾਏ ਦੀ 1928 ਵਿੱਚ ਮੌਤ ਹੋ ਗਈ, ਪੰਜਾਬ ਵਿੱਚ, ਕਾਂਗਰੇਸ ਦੀ *ਰਾਈਟ ਵਿੰਗ* (ਦੱਖਣਪੰਥੀ) ਦੀ ਬਾਗਡੋਰ ਡਾ.ਗੋਪੀ ਚੰਦ ਭਾਰਗਵ ਨੇ ਸੰਭਾਲੀ ਜਦ ਕਿ ਸਤਿਆਪਾਲ ਦੀ ਮੌਤ ਤੋਂ ਬਾਅਦ, ਭੀਮ ਸੇਨ ਸਚੱਰ ਨੇ ਕਾਂਗਰੇਸ ਦੀ ਲੇਫਟ ਵਿੰਗ (ਵਾਮਪੰਥੀ) ਦੀ ਬਾਗਡੋਰ ਸੰਭਾਲੀ (Ibid: 389–402).ਕਾਂਗਰੇਸ ਦੇ ਭਾਰਗਵ ਗੁਟ ਦੇ ਕਈ ਸਦੱਸ ਪ੍ਰਮੁਖ ਸਾਹੂਕਾਰ ਅਤੇ ਦੂਜੀ ਵਿੱਤ ਦੇ ਮੁਤਾਲਿਕ ਕੱਮਾਂ ਨਾਲ ਜੁੜੇ ਹੋਏ ਲੋਕ ਸੀ.

ਪਰ, ਕਾਂਗਰੇਸ ਸਮੁੱਚੇ ਇੰਡੀਆ ਵਿੱਚ, ਉਪਨਿਵੇਸ਼ ਦੇ ਖ਼ਿਲਾਫ, ਵਿਆਪਕ ਅਧਾਰ ਤੇ ਇੱਕ ਜਜ਼ਬਾਤ ਦੀ ਨੁਮਾਇੰਦਗੀ ਕਰਦੀ ਸੀ. ਅਤੇ, ਸਾਰੇ ਪੰਜਾਬ ਤੋਂ, ਉਪਨਿਵੇਸ਼ ਦੇ ਖ਼ਿਲਾਫ ਮੁਸਲਮਾਨ, ਜਲਿਆਂਵਾਲਾ ਬਾਘ ਦੇ ਕਤਲੇਆਮ ਹੋਰ ਖਿਲਾਫ਼ਤ ਤੇਹਰੀਕ ਤੋਂ ਬਾਅਦ, ਕਾਂਗਰੇਸ ਦੀ ਤਰਫ਼ ਖਿੱਚੇ ਚੱਲੇ ਆਏ. ਪੰਜਾਬ ਕਾਂਗਰੇਸ ਵਿੱਚ ਕੁੱਝ ਪ੍ਰਮੁਖ ਮੁਸਲਮਾਨ ਸਨ: ਮੌਲਵੀ ਅਬਦੁਲ ਕਾਦਿਰ ਕਸੁਰੀ (*ਪ੍ਰੇਸੀਡੇਂਟ*), ਮਿਆਂ ਇਫਤਿਖਾਰਉੱਦੀਨ (*ਪ੍ਰੇਸੀਡੇਂਟ*), ਡਾ.ਸੈਫ਼ੂਦੀਨ ਕਿਚਲੂ (*ਪ੍ਰੇਸੀਡੇਂਟ*), ਡਾ.ਮੋਹੱਮਦ ਆਲਮ (*ਜੈਨਰਲ ਸੇਕ੍ਰੇਟਰੀ*) ਅਤੇ ਸ਼ੇਖ ਮੁਹੱਮਦ ਹਯਾਤ. ਸ਼ੇਖ ਮੁਹੱਮਦ ਹਯਾਤ ਮੌਲਾਨਾ ਅਬੁਲ ਕਲਾਮ ਆਜ਼ਾਦ ਦੇ ਬਹੁਤ ਕਰੀਬੀ ਸਨ. ਉਨ੍ਹਾਂ ਦੀ ਬੇਟੀ ਮਹੱਮੁਦਾ ਬੇਗਮ ਨੇ ਆਪਣੇ ਵਾਲਿਦ ਦੇ ਕਾਂਗਰੇਸ ਨਾਲ ਇੱਕ ਲੰਬੇ ਰਿਸਤੇ ਬਾਰੇ, ਮੇਰੇ ਨਾਲ ਕਾਫ਼ੀ ਵਿਸਤਾਰ

ਨਾਲ ਦਸੰਬਰ 2004 ਨੂੰ ਗੱਲ-ਬਾਤ ਕੀਤੀ. ਮਸ਼ਹੂਰ ਅਤੇ ਲੋਕਾਂ ਦੇ ਸ਼ਾਇਰ ਉਸਤਾਦ ਦਾਮਨ ਵੀ ਪੰਜਾਬ ਕਾਂਗਰੇਸ ਨਾਲ ਜੁੜੇ ਹੋਏ ਸੀ.

ਮੈਂ ਬਹੁਤ ਹੈਰਾਨ ਹੋਇਆ ਜਦ ਪਾਕਿਸਤਾਨੀ ਪੰਜਾਬ ਦੇ ਬਜੁਰਗਾਂ ਨਾਲ ਗੁਫ਼ਤਗੁ ਦੇ ਦੌਰਾਣ ਮੈਨੂੰ ਪਤਾ ਲਗਾ ਕਿ ਕਾਂਗਰੇਸ ਦੇ ਕਈ ਬ੍ਰਿਟਿਸ਼ ਉਪਨਿਵੇਸ਼ ਵਿਰੋਧੀ ਮੁਸਲਿਮ, ਕਈ ਜਿਲ੍ਹਿਆਂ ਜੈਦਾਂ ਕਿ ਜਿਹਲਮ, ਗੁਜਰਾਤ, ਲੁਧਿਆਣਾ, ਅੱਮ੍ਰਿਤਸਰ, ਮੁਲਤਾਨ, ਗੁਜਰਾਂਵਾਲਾ, ਜਲੰਧਰ ਅਤੇ ਦੂਜੇ ਸ਼ਹਿਰਾਂ ਵਿੱਚ ਕਿਰਿਆਸ਼ੀਲ ਸਨ. ਇਸ ਦੇ ਇਲਾਵਾ ਕਾਂਗਰੇਸ ਦੇ ਸਹਿਯੋਗਿਆਂ ਵਿੱਚ ਪੰਜਾਬ ਦੇ ਅਹਰਾਰ, ਦੇਵਬੰਦੀ ਅਤੇ ਅਹਲ-ਏ-ਹਦੀਥ ਸਕੂਲਾਂ ਦੇ ਕਟੱੜ ਉਲੇਮਾ ਸ਼ਾਮਲ ਸਨ. 1940 ਦਾ *ਲਾਹੌਰ ਰੇਜੋਲੂਉਸ਼ਨ* ਪਾਕਿਸਤਾਨ ਨਾਮਕ ਇੱਕ ਅਲਗ ਮੁਲਕ ਦੀ ਮੰਗ ਕਰਦਾ ਸੀ, ਅਤੇ ਇਸ ਦੇ ਬਾਅਦ ਹੀ ਮੁਸਲਮਾਨਾਂ ਨੇ ਕਾਂਗਰੇਸ ਛੱਡ ਕੇ ਮੁਸਲੀਮ ਲੀਗ ਨਾਲ ਜੁੜਣ ਦਾ ਫੈਸਲਾ ਲੀਤਾ. 1930 ਦੇ ਦਹਾਕੇ ਦੇ ਆਖ਼ਰ ਤੋਂ 1940 ਦੇ ਦਹਾਕੇ ਦੇ ਸ਼ੁਰੂ ਤੱਕ ਗਵਰਨਰਾਂ ਦੀ ਵੱਖ ਵੱਖ ਪੰਦਰਵਾੜੇ ਦੀ *ਰਿਪੋਰਟਾਂ* ਤੇ ਕਾਂਗਰੇਸ ਨੂੰ ਇੱਕ ਨਫ਼ਰਤੀ ਤੌਰ ਤੇ ਦੱਸਿਆ ਗਿਆ ਅਤੇ ਗਾਂਧੀ ਹੋਰ ਨਹਿਰੁ ਦੇ ਦੌਰੇ ਨੂੰ ਘੱਬੜਾਹਟ ਨਾਲ ਵੇਖਿਆ. ਹੈਰਾਨੀ ਦੀ ਗੱਲ ਇਹ ਹੈ ਕਿ ਬ੍ਰਿਟੇਨ ਵਿੱਚ ਸਥਿਤ ਹੈਰੋ ਤੇ ਪੜ੍ਹੇ ਨਹਿਰੁ ਨੂੰ ਗਾਂਧੀ ਦੇ ਮੁਕਾਬਲੇ, *ਗਵਰਨਰ* ਏਮਰਸਨ ਨੇ ਜ਼ਿਆਦਾ ਖ਼ਤਰਨਾਕ ਦੱਸਿਆ (Carter, 2004: 69).

ਪੰਜਾਬ ਮੁਸਲਿਮ ਲੀਗ

ਪੰਜਾਬ ਮੁਸਲਿਮ ਲੀਗ ਦਾ 1938 ਤੱਕ ਕੋਈ ਸਹੀ ਦਫ਼ਤਰ ਨਹੀਂ ਸੀ. ਅਤੇ, ਮਿਸਾਲ ਦੇ ਤੌਰ ਤੇ, ਵਾਇਸਰਾਏ *ਲਿਨਲਿਥਗੋ* ਨੂੰ ਭੇਜੀ ਆਪਣੀ ਪਹਿਲੀ ਪੰਦਰਵਾੜੇ ਦੀ *ਰਿਪੋਰਟ* ਤੇ, ਗਵਰਨਰ ਏਮਰਸਨ ਨਾ ਤੇ ਕਾਂਗਰੇਸ ਹੋਰ ਨਾ ਹੀ ਮੁਸਲਿਮ ਲੀਗ ਨੂੰ ਪੰਜਾਬ ਦੀ ਅਹਿਮ ਪਾਰਟੀ ਦੱਸਦੇ ਨੇ. ਕਾਂਗਰੇਸ ਅਤੇ ਲੀਗ ਦੇ ਬਾਰੇ ਸਿਰਫ਼ ਸਰਸਰੀ ਜ਼ਿਕਰ ਕੀਤਾ ਗਿਆ ਹੈ (Carter, 2004: 47–56). ਪਰ, ਮੁਸਲਿਮ ਲੀਗ ਦੇ ਸਮੁੱਚੇ ਇੰਡੀਆ ਦੇ ਸਤਰ ਦੀ ਅਗਵਾਈ ਕਰਣ ਵਾਲੀ ਸ਼ਕਸੀਅਤਾਂ ਪੰਜਾਬ ਤੋਂ ਸੀ. ਸਰ ਮੁਹੱਮਦ ਸ਼ਫ਼ੀ (ਇੰਤੇਕਾਲ:1932), ਇੱਕ ਵਡੇ ਜ਼ਿਮੀਦਾਰ ਅਤੇ ਇੱਕ ਮਸ਼ਹੂਰ ਵਕੀਲ, ਅਤੇ ਜਿਨਾਹ ਦੇ ਬਰਾਬਰ ਦੇ ਸਤਰ ਦੇ ਇੱਕ ਆਗੂ ਸਨ (Shahnawaz, 2002). ਸ਼ਫ਼ੀ *ਰਾਈਟਪੰਥੀਆਂ* ਦੀ ਨੁਮਾਇੰਦਗੀ ਕਰਦੇ ਸੀ ਜੋ ਬ੍ਰਿਟਿਸ਼ ਨਾਲ ਸਹਿਯੋਗ ਵਿੱਚ ਯਕੀਨ ਕਰਦੇ ਸੀ ਅਤੇ ਉਨ੍ਹਾਂ ਨੇ ਜ਼ੋਰਦਾਰ ਤਰੀਕੇ ਨਾਲ ਵੱਖਰੇ ਵੋਟਰਾਂ ਦਾ ਸਮਰਥਨ ਕੀਤਾ. ਇਕਬਾਲ ਇੰਡੀਆ ਸਤਰ ਦੇ ਮੁਸਲਿਮ ਲੀਗ ਦੇ, ਇੱਕ ਹੋਰ ਪੰਜਾਬੀ ਆਗੂ ਸਨ. ਪਰ, ਮੁਸਲਿਮ ਲੀਗ ਪੰਜਾਬ ਦੀ ਸਿਆਸਤ ਵਿੱਚ ਇੱਕ ਮਾਮੂਲੀ ਜਮਾਤ ਰਹੀ ਅਤੇ 1937 ਦੀ ਇੰਤਖਾਬ ਤੇ ਇਸ ਨੇ ਸਿਰਫ਼ ਦੋ ਸੀਟਾਂ ਜਿੱਤੀਆਂ.

ਇਸ ਦੇ ਬਾਅਦ ਮੁਸਲਿਮ ਲੀਗ ਦੀ ਸਰਗਰਮਿਆਂ ਸਾਰੇ ਇੰਡੀਆ ਵਿੱਚ ਫੈਲ ਗਈਆਂ ਅਤੇ ਯਕੀਨਨ ਪੰਜਾਬ ਵਿੱਚ ਵੀ, ਇਸ ਨੇ ਬੁੱਧੀਜੀਵੀਆਂ ਨੂੰ ਆਪਣੀ ਤਰਫ਼ ਖਿੱਚਣਾ ਸ਼ੁਰੂ ਕਰ ਦਿੱਤਾ. 1940 ਵਿੱਚ, ਜਦ ਮੁਸਲਿਮ ਲੀਗ ਦੇ ਮੰਚ ਤੇ ਇੱਕ ਮੁਖ਼ਤਲਿਫ਼ ਮੁਲਕ ਦੇ ਮਨਸੂਬੇ ਨੂੰ ਜ਼ਾਹਰ ਕੀਤਾ ਗਿਆ, ਮੁਸਲਿਮ ਬੁੱਧੀਜੀਵੀ ਅਤੇ ਸ਼ਹਿਰੀ ਦਰਜੇ ਦੇ ਲੋਕ, ਲੀਗ ਦੇ ਵੱਲ ਇੱਕ ਹੁਜੂਮ ਬਣ ਕੇ ਆ ਗਿਐ. ਪ੍ਰਮੁਖ ਮੁਸਲਿਮ ਜ਼ਿਮੀਦਾਰ ਘੱਟ ਤੋਂ ਘੱਟ, 1943 ਤੱਕ ਪੰਜਾਬ ਯੂਨੀਅਨੀਸਟ ਪਾਰਟੀ ਨਾਲ ਜੁੜੇ ਰਹੇ. ਦੂਜੇ ਆਲਮੀ ਜੰਗ ਤੋਂ

ਬਾਅਦ ਜਦ ਉਨਾ ਨੂੰ ਲਗਿਆ ਕਿ ਬ੍ਰਿਟਿਸ਼ ਤੇਜੀ ਨਾਲ ਸਿਰਫ਼ ਮੁਸਲਿਮ ਲੀਗ ਨੂੰ ਇੰਡਿਅਨ ਮੁਸਲਮਾਨਾਂ ਦੇ ਨੁਮਾਇੰਦਗੀ ਕਰਣ ਵਾਲੀ ਇਕੱਲੀ ਪਾਰਟੀ ਦੇ ਤੌਰ ਤੇ ਇੱਕਰਾਰ ਕਰ ਰਹੇ ਨੇ, ਤਦ ਉਨ੍ਹਾਂ ਨੇ ਬੜੀ ਜਲਦ ਦੱਲ ਬਦਲੇ ਹੋਰ ਲੀਗ ਨਾਲ ਜੁੜ ਗਏ (Talbot,1996).

ਸਿੱਖ ਪੰਥ ਦੀ ਪਾਰਟੀਆਂ

ਸਿੱਖਾਂ ਨੂੰ 1919 ਤੇ ਅਲਗ ਮਤਦਾਤਾ ਅਤੇ ਕੁੱਝ ਵਾਧੂ ਸੀਟਾਂ ਦਿੱਤੀਆਂ ਗਈਆਂ ਸੀ ਜੋ ਉਨ੍ਹਾਂ ਦੀ ਪੰਜਾਬ ਦੀ ਆਬਾਦੀ ਦੇ ਨਿਸਬਤ ਦੇ ਮੁਕਾਬਲੇ ਜ਼ਿਆਦਾ ਸੀ (Grewal, 2000: 132). ਸਿੱਖ ਪੰਜਾਬ ਦੀ ਸਿਆਸਤ ਵਿੱਚ ਇਨਕਲਾਬੀ ਗ਼ਦਰ ਪਾਰਟੀ ਨਾਲ ਆਏ, ਮਗਰ ਗੁਰਦੁਵਾਰਿਆਂ ਨੂੰ ਹਿੰਦੂ ਪੁਜਾਰਿਆਂ ਤੋਂ ਆਪਣੇ ਕਾਬੂ ਵਿੱਚ ਕਰਣ ਲਈ ਉਨ੍ਹਾਂ ਨੇ ਇੱਕ ਜਨਤਕ ਅੰਦੋਲਨ ਕੀਤਾ, ਜਿਸ ਨੇ ਜ਼ਿਆਦਾਤਰ ਸਿੱਖਾਂ ਨੂੰ ਸਿਆਸੀ ਅਖਾੜੇ ਤੇ ਲੈ ਆਇਆ, ਅਤੇ ਅਕਾਲੀ ਪਾਰਟੀ ਦੀ ਕਾਇਮੀ ਹੋਈ. ਅਕਾਲੀ ਜਾਂ ਪੰਥਕ ਸਿੱਖ ਆਪਣੀ ਕੌਮ ਦੇ ਲੋਕਾਂ ਦੀ ਭਲਾਈ ਦੀ ਨੁਮਾਇੰਦਗੀ ਕਰਣ ਲਗੇ, ਹਾਲਾਂਕਿ, ਉਨ੍ਹਾਂ ਨੇ 1942 ਤਕ, ਕਈ ਮੁੱਦੇਆਂ ਤੇ ਕਾਂਗਰੇਸ ਦਾ ਸਹਿਯੋਗ ਦਿੱਤਾ. ਅਕਾਲਿਆਂ ਦੇ ਕਈ ਗੁਟ ਹੁੰਦੇ ਸੀ ਅਤੇ ਉਨ੍ਹਾਂ ਨੂੰ ਇਕੱਠੇ ਪੰਥਕ ਪਾਰਟੀਆਂ ਦੇ ਤੌਰ ਤੇ ਜਾਣਿਆ ਜਾਂਦਾ ਸੀ. ਸਿੱਖ ਕਾਂਗਰੇਸ ਤੋਂ ਅਲਗ ਹੋ ਗਏ ਜਦ ਕਾਂਗਰੇਸ ਪਾਰਟੀ ਨੇ ਬ੍ਰਿਟਿਸ਼ ਇੰਡਿਅਨ ਫ਼ੌਜ਼ ਵਿੱਚ ਭਰਤੀ ਦੇ ਖ਼ਿਲਾਫ, ਇੱਕ ਤੇਹਰੀਕ ਦਾ ਆਘਾਜ਼ ਕੀਤਾ. ਫ਼ੌਜ਼ ਦੀ ਨੈਕਰੀ ਸਿੱਖਾਂ ਨੂੰ ਰੋਜਗਾਰ ਦੇਂਦੀ ਸੀ ਅਤੇ ਇੰਡਿਅਨ ਫ਼ੌਜ ਦੀ ਇੱਕ ਵੱਡੀ ਫ਼ੀਸਦੀ ਸਿੱਖਾਂ ਦੀ ਸੀ ਜੋ ਅਕਾਲਿਆਂ ਦੇ ਨਾਲ ਸੀ. ਇੱਕ ਝਗੜਾ ਉਸ ਵਕਤ ਸੰਕਟ ਬਣ ਗਿਆ ਜਦ 1942 ਵਿੱਚ ਕਾਂਗਰੇਸ ਨੇ *ਕੱਵਿਟ ਇੰਡੀਆ ਮੂਵਮੇਂਟ* (ਭਾਰਤ ਛੋੜੋ ਅੰਦੋਲਨ) ਸ਼ੁਰੂ ਕੀਤਾ. ਪ੍ਰੋਫੇਸਰ ਕਿਰਪਾਲ ਸਿੰਘ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਜਦ ਮੈਂ ਉਨ੍ਹਾਂ ਦੇ ਨਾਲ, ਤਕਸੀਮ ਤੋਂ ਪਹਿਲਾਂ ਦੇ ਪੰਜਾਬ ਬਾਰੇ, ਉਨ੍ਹਾਂ ਦੇ ਚੰਡੀਗੜ ਦੇ ਘਰ ਤੇ ਗੁਫ਼ਤਗੂ ਕੀਤੀ.

ਛੋਟੇ ਸਿਆਸੀ ਸੰਗਠਨ ਅਤੇ ਪਾਰਟੀਆਂ

ਬ੍ਰਿਟਿਸ਼ ਮੁਖ਼ਾਲਫ਼ਤੀ ਮੁਸਲਿਮ ਜੋ ਇਸਲਾਮੀ ਜੋਸ਼ ਨਾਲ ਭਰੇ ਸੀ, ਉਨ੍ਹਾਂ ਦਾ ਰੁਝਾਣ ਮਜਲੀਸ-e-ਅਹੱਰਾਰ (1929) ਵਿੱਚ ਸ਼ਾਮਲ ਹੋਣ ਦਾ ਸੀ; ਇਹ ਪਾਰਟੀ ਕਾਂਗਰੇਸ ਦੀ ਸਹਿਯੋਗੀ ਸੀ; ਜਦ ਕਿ ਕੁੱਝ ਦੂਜੇ ਖਾਕਸਾਰ ਤੇਹਰੀਕ (1931) ਨਾਲ ਜੁੜ ਜਾਂਦੇ ਸੀ ਜੋ ਇੱਕ ਅੱਧ-ਫ਼ੌਜੀ ਸ਼ੰਗਠਨ ਸੀ ਅਤੇ ਜੋ *ਫੈਸਿਜਮ* ਨਾਲ ਮੁਤਾਸਰ ਸੀ ਮਗਰ ਇਸ ਦੀ ਦਿਸ਼ਾ, ਬ੍ਰਿਟਿਸ਼ ਹਕੂਮਤ ਦੇ ਖ਼ਿਲਾਫ ਸੀ (Hafiz, 2001: 167–200; 217–34). ਦੂਜੀ ਤਰਫ਼, ਹਿੰਦੂ ਮਹਾਸਭਾ ਅਤੇ ਬਾਅਦ ਤੇ ਰਾਸ਼ਟਰੀ ਸਵਿਅਮਸੇਵਕ ਸੰਘ (ਆਰ.ਐਸ.ਐਸ) ਦੋਨੋ ਹੀ ਇੰਡੀਆ ਸਤਰ ਦੇ ਸੰਗਠਨ ਸੀ, ਅਤੇ ਪੰਜਾਬ ਵਿੱਚ ਹਰਕਤ ਕਰਦੇ ਸੀ ਮਗਰ ਛੋਟੇ ਖਿਡਾਰੀ ਸਨ. ਉਨ੍ਹਾਂ ਦਾ ਗੁੱਸਾ ਖ਼ਾਸ ਕਰ ਕੇ, ਮੁਸਲਮਾਨਾਂ ਉਪਰ ਸੀ ਅਤੇ ਪੰਜਾਬ ਦੀ ਤਕਸੀਮ ਦੇ ਵਕਤ, ਆਰ.ਐਸ.ਐਸ ਸੂਬੇ ਤੇ ਦਹਿਸ਼ਤਗਰਦੀ ਵਿੱਚ ਸਰਗਰਮੀ ਨਾਲ ਜੁਝਿਆ ਹੋਇਆ ਸੀ (Ali, 1970: 674–79). ਇਸ ਨੂੰ ਬੰਬ ਬਣਾਉਣ ਤੇ ਮਹਾਰਤ ਹਾਸਲ ਸੀ, ਜਿਸ ਨਾਲ ਉਹ ਅਨ੍ਹੇਵਾਹ ਧਮਾਕੇ ਕਰਦੇ ਸੀ. ਪੰਜਾਬ ਦੇ ਕਮਊਨਿਸਟ, ਕਾਂਗਰੇਸ ਦੇ ਵਾਮਪੰਥੀ ਦੇ ਤੌਰ ਤੇ ਕੱਮ ਕਰਦੇ ਸੀ ਕਿਉਂਕਿ ਉਨ੍ਹਾਂ ਦੀ ਖੁਲ੍ਹੇ ਆਮ ਕਾਰਵਾਈ ਉਪਰ ਰੋਕ ਲਗੀ ਹੋਈ ਸੀ. ਜਦ 1941 ਤੇ *ਸੋਵੀਅਤ ਯੂਨੀਅਨ* ਉਪਰ ਹਿਟਲਰ ਨੇ ਹਮਲਾ ਬੋਲ ਦਿੱਤਾ, ਤੇ

ਪੰਜਾਬ ਦੇ ਕਮਊਨਿਸਟ, ਇੰਡੀਆ ਦੀ ਦੂਜੀ ਜਗ੍ਹਾਂ ਦੀ ਤਰ੍ਹਾਂ, ਬ੍ਰਿਟਿਸ਼ ਹਕੂਮਤ ਦੀ ਜੰਗੀ ਕੋਸ਼ਿਸ਼ ਨਾਲ ਸਹਿਯੋਗ ਕਰਣ ਲਗੇ. ਇਸ ਦੇ ਬਦਲੇ, ਉਨਾ ਨੂੰ ਆਪਣੇ ਦਫ਼ਤਰ ਖੋਲਣ ਦੀ ਇਜ਼ਾਜ਼ਤ ਮਿਲ ਗਈ ਅਤੇ ਉਹ ਸਰਗਰਮਿਆਂ ਕਰਣ ਲਗੇ. ਪਰ, ਸਰਕਾਰ ਨੇ ਉਨ੍ਹਾਂ ਦੀ ਹਰਕਤਾਂ ਦੇ ਉਪਰ ਪੈਨੀ ਨਜ਼ਰ ਰੱਖੀ. ਪੰਜਾਬ ਦੇ ਕਮਅੁਨਿਸਟਾਂ (ਹਿੰਦੂ, ਸਿੱਖ, ਮੁਸਲਿਮ ਅਤੇ ਕੁੱਝ ਇਸਾਈ) ਦਾ ਲੇਖਕਾਂ ਅਤੇ ਰੇਲਵੇ ਯੂਨੀਅਨ ਉਪਰ ਥੋੜਾ ਬਹੁਤ ਪ੍ਰਭਾਵ ਸੀ (Josh, 1979).

ਲਾਹੌਰ ਰੇਜੋਲਊਸ਼ਨ (ਮਤਾ) : 23 ਮਾਰਚ 1940

ਹਾਲਾਂਕਿ ਇਕਬਾਲ ਨੇ 1930 ਵਿੱਚ ਇਸ ਖ਼ਿਆਲ ਦੀ ਪੇਸ਼ਕਸ਼ ਕੀਤੀ ਸੀ ਕਿ ਮੁਸਲਿਮ ਲੀਗ ਇੱਕ ਅਲਗ ਮੁਲਕ ਦੀ ਮੰਗ ਕਰੇ, ਇਸ ਨੂੰ 1938 ਵਿੱਚ ਸੰਜੀਦਗੀ ਨਾਲ ਲੀਤਾ ਗਿਆ, ਜਦ ਖ਼ਾਸ ਕਰ ਕੇ ਪੰਜਾਬੀਆਂ ਨੇ ਕਈ ਮਤਾਂ ਬਾਰੇ ਮਸ਼ਵਰੇ ਦਿੱਤੇ ਅਤੇ ਉਸ ਦੇ ਉਪਰ ਚਰਚਾ ਕੀਤੀ. ਇਸ ਦਾ ਅੰਜਾਮ 23 ਮਾਰਚ 1940 ਦੇ *ਰੇਜੋਲਊਸ਼ਨ* (ਮਤਾ) ਤੇ ਹੋਇਆ, ਜਿਸ ਦਾ ਜ਼ਿਕਰ ਅਸੀਂ ਕਰ ਚੁਕੇ ਹਾਂ, ਜਿਸ ਦਾ ਆਘਾਜ਼ 'ਅਵਾਮੀ ਤੌਰ ਤੇ, ਲਾਹੌਰ ਵਿੱਚ ਮੁਸਲਿਮ ਲੀਗ ਦੀ ਸਾਲਾਨਾ ਬੈਠਕ ਦੇ ਦੌਰਾਨ ਕੀਤਾ ਗਿਆ'(Malik, 2001). ਇਹ ਕਿਹਾ ਗਿਆ ਸੀ:

> ਫ਼ੈਸਲਾ ਲੀਤਾ ਗਿਆ ਕਿ ਅੱਲ-ਇੰਡੀਆ ਮੁਸਲਿਮ ਲੀਗ ਦੀ ਇਸ ਬੈਠਕ ਤੇ ਇਹ ਇੱਕ ਵਿਚਾਰਯੋਗ ਖਿਆਲ ਹੈ ਕਿ ਇਸ ਮੁਲਕ ਵਿੱਚ, ਕੋਈ ਅਸੂਲੀ ਤਰਤੀਬ ਕਾਰਗਰ, ਜਾਂ ਮੁਸਲਮਾਨਾਂ ਨੂੰ ਮੰਜ਼ੂਰ, ਨਹੀਂ ਹੋਵੇਗੀ ਜਦ ਤੱਕ ਉਹ ਇਸ ਨਿਮਨਲਿਖਤ ਸਿਧਾਂਤ ਦੇ ਤਿਆਰ ਨਾ ਹੋਈ ਹੋਵੇ: ਭੁਗੋਲ ਦੇ ਹਿਸ਼ਾਬ ਨਾਲ ਜੁੜੇ ਇਲਾਕਿਆਂ ਦੀ ਪਛਾਣ ਕਰ ਕੇ ਪ੍ਰਦੇਸ਼ ਬਣਾਏ ਜਾਣ ਅਤੇ ਉਨ੍ਹਾਂ ਦੇ ਸਮੂਹਾਂ ਨਾਲ 'ਆਜਾਦ ਸੂਬੇ' ਬਣਨ ਜਿਨ੍ਹਾਂ ਦੀ ਇਕਾਇਆਂ ਖ਼ੁਦਮੁਖ਼ਤਾਰ ਅਤੇ ਸਰਬ-ਸੱਤਾਧਾਰੀ ਹੋਣ (Allana, 1977: 226–7).

ਵੱਲੀ ਖ਼ਾਨ ਦੇ ਮੁਤਾਬਕ ਸਰ ਮੁਹੱਮਦ ਜ਼ਫਰੁੱਲਾ ਖ਼ਾਨ ਨੂੰ, ਜੋ ਅਹਮਦਿਆ ਕੌਮ ਦੀ ਇੱਕ ਮਸ਼ਹੂਰ ਹਸਤੀ ਅਤੇ *ਵਾਇਸਰਾਏ ਦੀ ਏਕਸੇਕਯੁਟਿਵ ਕਾਉਂਸਿਲ* ਦੇ ਸਦੱਸ ਵੀ ਸਨ, *ਲਿਨਲਿਥਗੋ* ਨੇ ਇੱਕ *ਮੇਮੋਰਨਡਮ* (ਯਾਦ-ਪੱਤਰ) ਬਣਾਉਣ ਦੀ ਹਦਾਇਤ ਦਿੱਤੀ ਜਿਸ ਦੇ ਵਿੱਚ, ਮੁਸਲਿਮ ਲੀਗ ਨੂੰ ਇੱਕ ਮੁਖ਼ਤਲਿਫ਼ ਮੁਲਕ ਮੰਗਣ ਦੀ ਸਲਾਹ ਦਿੱਤੀ ਗਈ (Khan, 1987: 29–30). ਉਸ ਵਕਤ ਦੂਜਾ ਆਲਮੀ ਜੰਗ ਪੁਰੀ ਉਗਰਤਾ ਨਾਲ ਜਾਰੀ ਸੀ ਅਤੇ ਬ੍ਰਿਟੇਨ ਇੰਡਿਅਨ ਨੈਸ਼ਨਲ ਕਾਂਗਰੇਸ ਉਪਰ ਦਬਾਅ ਪਾਉਣਾ ਚਾਉਂਦੀ ਸੀ, ਕਿਉਂਕਿ ਉਹ ਜੰਗ ਦੀ ਸਰਗਰਮੀ ਤੇ ਸਹਿਯੋਗ ਨਹੀਂ ਦੇ ਰਿਹਾ ਸੀ. ਉਸ ਵਕਤ ਅਹਮਦਿਆ ਕੌਮ ਨੂੰ ਉਸ ਦੇ ਮਜ਼ੂਬੀ ਰਹਨੁਮਾ, ਮਿਰਜ਼ਾ ਬਸ਼ੀਰੁਦੀਨ ਮਹੱਮੁਦ ਅਹਿਮਦ ਨੇ ਮੁਸਲਿਮ ਲੀਗ ਤੇ ਸਾਮਲ ਹੋਣ ਦੀ ਹਦਾਇਤ ਦਿੱਤੀ. ਗਵਰਨਰ ਸਰ ਹੇਨਰੀ ਕ੍ਰੇਕ ਨੇ 25 ਮਾਰਚ 1940 ਦੀ ਆਪਣੀ ਪੰਦਰਵਾੜੇ ਦੀ ਰਿਪੋਰਟ ਤੇ ਲਿਖਿਆ:

> ਅੱਜ ਸਵੇਰੇ ਪੀਰ ਅਕਬਰ ਅਲੀ ਨਾਲ ਜੋ ਸਾਡੀ ਅਸੇਂਬਲੀ ਦਾ ਇੱਕ ਯੁਨਿਅਨਿਸਟ ਸਦੱਸ ਅਤੇ ਇੱਕ ਅਹਮਦਿਆ ਹੈ, ਮੇਰੀ ਦਿਲਚਸਪ ਗੱਲ-ਬਾਤ ਹੋਈ....ਪੀਰ ਅਕਬਰ ਅਲੀ ਨੇ ਮੈਨੂੰ ਦੋ ਖਬਰਾਂ ਦਿੱਤੀਆਂ ਜੋ ਤੁਹਾਡੂ ਦਿਲਚਸਪ ਲਗੇ. ਅਹਿਮਦੀ ਹਮੇਸ਼ਾ ਖਾਕਸਾਰ ਤੇਹਰੀਕ ਨੂੰ ਖ਼ਤਰਨਾਕ ਸਮਝਦੇ ਨੇ ਅਤੇ ਇੱਕ ਵੀ ਅਹਿਮਦੀ ਇਸ ਦੇ ਨਾਲ ਨਹੀਂ ਜੁੜਿਆ ਹੈ. ਦੂਜੀ ਖਬਰ ਇਹ ਹੈ ਕਿ ਇੱਕ ਸਮੂਹ ਦੇ ਤੌਰ ਤੇ ਅਹਮਦਿਆਂ ਨੂੰ

> ਉਨ੍ਹਾਂ ਦੇ ਮਜ਼ਬੂਬੀ ਆਗੂ ਨੇ ਮੁਸਲਿਮ ਲੀਗ ਨਾਲ ਜੁੜਣ ਤੋਂ ਮਨ੍ਹਾ ਕਰ ਦਿੱਤਾ ਹੈ. ਖੁਦ ਅਕਬਰ ਅਲੀ ਨੂੰ ਯੁਨਿਅਨਿਸਟ ਪਾਰਟੀ ਤੇ ਸਿਰਫ਼ ਛੇ ਮਹੀਨੇ ਲਈ ਸਦੱਸ ਬਣਨ ਦੀ ਇਜ਼ਾਜ਼ਤ ਮਿਲੀ ਹੈ. ਇਸ ਮਸਲੇ ਬਾਰੇ ਉਨ੍ਹਾਂ ਦੇ ਮਜ਼ਬੂਬੀ ਰਹਨੁਮਾ, ਬਹੁਤ ਜਲਦ ਫ਼ੈਸਲਾ ਕਰਣਗੇ ਕਿ ਉਸ ਦੇ ਚੇਲੇਆਂ ਨੂੰ ਲੀਗ ਤੇ ਸ਼ਾਮਲ ਹੋਣ ਦੀ ਇਜ਼ਾਜ਼ਤ ਦਿੱਤੀ ਜਾਵੇ (Carter, 2005: 101).

ਇਸ ਤੋਂ ਬਾਅਦ ਦੀ *ਰਿਸਰਚ* (ਸ਼ੋਧ) ਜ਼ਾਹਰ ਕਰਦੀ ਹੈ ਕਿ *ਲਾਹੌਰ ਰੇਜੋਲਊਸ਼ਨ* ਪੰਜਾਬ ਦੇ ਅਤੇ ਪੂਰੇ ਇੰਡੀਆ ਦੀ ਤਕਦੀਰ ਦਾ ਇੱਕ ਅਹਿਮ ਮੋੜ ਸੀ. ਪੰਜਾਬੀ ਹਿੰਦੂ ਅਤੇ ਸਿੱਖਾਂ ਨੇ ਇੱਕ ਅਲਗ ਮੁਸਲਿਮ ਮੁਲਕ ਦੇ ਖ਼ਿਆਲ ਬਾਰੇ ਜਵਾਬੀ ਅਮਲ, ਬੇਹਦ ਘਬੜਾਹਟ ਨਾਲ ਕੀਤਾ. ਇਸ ਨੂੰ ਹਿੰਦੂ ਅਤੇ ਸਿੱਖ ਅਖ਼ਬਾਰਾਂ ਨੇ *ਪਾਕਿਸਤਾਨ ਰੇਜੋਲਊਸ਼ਨ* ਦਾ ਨਾਂਅ ਦਿੱਤਾ. ਦੂਜੀ ਤਰਫ਼ ਮੁਸਲਿਮ ਲੀਗ ਦੀ ਮਕਬੂਲੀਅਤ ਬਹੁਤ ਵਧ ਗਈ (ਸੀ.ਆਰ ਅਸਲਮ, ਅਹਿਮਦ ਬਸ਼ੀਰ, ਰਾਮਾਨੰਦ ਸਾਗਰ ਅਤੇ ਅਮਰਨਾਥ ਸਹਗਲ ਦੇ ਇੰਟਰਵਿਊ). ਤਾਹਿਰ ਲਾਹੌਰੀ ਗੌਰ ਫ਼ਰਮਾਉਂਦੇ ਨੇ ਕਿ ਜਦ ਮੁਸਲਿਮ ਲੀਗ ਨੇ ਮਾਰਚ 1940 ਤੇ ਇੱਕ ਅਲਗ ਮੁਸਲਿਮ ਮੁਲਕ ਦੀ ਮੰਗ ਕਰਦੇ ਹੋਐ, *ਲਾਹੌਰ ਰੇਜੋਲਊਸ਼ਨ* ਪਾਸ ਕੀਤਾ, ਹਿੰਦੂ ਅਤੇ ਮੁਸਲਮਾਨਾਂ ਦਾ ਇੱਕ ਦੂਜੇ ਤੋਂ ਦੂਰ ਜਾਣਾ ਸ਼ੁਰੂ ਹੋ ਗਿਆ (1994: 224–5).

ਪਰ, ਸ਼ਿਆ ਅਤੇ ਅਹਮਦਿਆ ਕੌਮਾਂ ਸੁੱਨੀ ਪ੍ਰਧਾਨ ਪਾਕਿਸਤਾਨ ਦੇ ਆਉਣ ਤੋਂ ਡਰੇ ਹੋਏ ਸੀ. ਇਹ ਸ਼ਿਆ ਆਗੂ ਸਈਦ ਅਲੀ ਜ਼ਹੀਰ ਅਤੇ ਜਿਨਾਹ ਦੇ ਵਿੱਚ ਹੋਈ ਜੁਲਾਈ 1944 ਦੀ ਚਿੱਠੀ ਚਪੱਠੀ ਤੋਂ ਜ਼ਾਹਰ ਹੈ (Allana, 1977: 375-9). *ਦੀ ਕਾਉਂਸਿਲ ਔਫ ਐਕਸ਼ਨ ਔਫ ਦ ਆਲ ਪਾਰਟੀਸ ਸ਼ਿਆ ਕਨਫੇਰੇਂਸ* ਨੇ 25 ਦਸੰਬਰ 1945 ਨੂੰ ਇੱਕ ਰੇਜੋਲਊਸ਼ਨ ਪਾਸ ਕੀਤਾ, ਅਤੇ ਪਾਕਿਸਤਨ ਦੀ ਮੰਗ ਨੂੰ ਖ਼ਾਰਿਜ ਕੀਤਾ (Bakshi, 1997: 848–9). ਪਰ, ਜ਼ਿਆਦਾਤਰ ਸ਼ਿਆ ਮੁਸਲਿਮ ਲੀਗ ਦੇ ਵੱਲ, ਇਸ ਆਸ ਨਾਲ ਹੋ ਗਿਐ ਕਿ ਪਾਕਿਸਤਾਨ ਇੱਕ ਗੈਰ-ਫ਼ਿਰਕਾਪਰਸਤ ਮੁਲਕ ਹੋਵੇਗਾ. ਸ਼ੁਰੂ ਤੇ ਅਹਮਦਿਐ ਵੀ ਚੈਕਸ ਸਨ ਅਤੇ ਇੱਕ ਅਲਗ ਮੁਸਲਿਮ ਮੁਲਕ ਦੀ ਹਿਮਾਇਤ ਨਹੀਂ ਕਰਦੇ ਸੀ. ਜਦ ਸ਼ਰ ਜ਼ਫ਼ੱਰੁਲਾ ਖ਼ਾਨ ਨੂੰ ਜਿਨਾਹ ਨੇ ਆਪਣੇ ਵੱਲ ਕਰ ਲੀਤਾ ਤਦ ਅਹਿਮਦੀ ਪਾਕਿਸਤਾਨ ਦੀ ਮੰਗ ਦੀ ਹਿਮਾਇਤ ਕਰਣ ਲਗੇ. ਪਾਕਿਸਤਾਨ ਨੂੰ ਸਹਾਰਾ ਦੇਣ ਦਾ ਫੈਸਲਾ 1947 ਦੀ ਤਕਸੀਮ ਤੋਂ ਕੁੱਝ ਵਕਤ ਪਹਿਲਾਂ ਹੀ ਲੀਤਾ ਗਿਆ (*Court of Inquiry*, 1954: 196). ਇਸ ਤੋਂ ਬਾਅਦ ਅਹਮਦਿਆਂ ਨੇ ਪਾਕਿਸਤਾਨ ਦੀ ਮੰਗ ਦੇ ਪਿਛੇ ਸਾਰੀ ਤਾਕਤ ਲਗਾ ਦਿੱਤੀ. ਇਣ ਸਮੂਹਾਂ ਨੂੰ ਜਿਨਾਹ ਨੇ ਭਰੋਸਾ ਦਿੱਤਾ ਕਿ ਪਾਕਿਸਤਾਨ ਇੱਕ ਫ਼ਿਰਕਾਪਰਸਤ ਮੁਲਕ ਨਹੀਂ ਬਣੇਗਾ.

ਕਿਸੀ ਵੀ ਹਾਲ ਵਿੱਚ, 23 ਮਾਰਚ 1940 ਦੇ *ਲਾਹੌਰ ਰੇਜੋਲਊਸ਼ਨ* ਤੋਂ ਬਾਅਦ, ਮੁਸਲਿਮ ਸਿਆਸਤ ਦਾ ਧਿਆਨ ਫ਼ੈਸਲਾਕੁਨ ਤੌਰ ਤੇ *ਮੁਸਲਿਮ ਮਾਇਨਾਰਿਟੀ* (ਅਲਪਸੰਖਅਕ) ਸੂਬਿਆਂ ਤੋਂ ਮੁਸਲਿਮ *ਮੱਜਾਰਿਟੀ* (ਬਹੁਸੰਖਅਕ) ਸੂਬਿਆਂ ਦੀ ਤਰਫ਼ ਚਲਾ ਗਿਆ. 1 ਅਪ੍ਰੈਲ 1940 ਨੂੰ ਵਾਇਸਰਾਏ ਲਿਨਲਿਥਗੋ ਨੂੰ ਭੇਜੀ ਇੱਕ ਲੰਬੀ *ਟੈਲੀਗ੍ਰਾਮ* (ਤਾਰ) ਤੇ ਕ੍ਰੇਕ ਨੇ ਲਿਖਿਆ: 'ਮੁਸਲਿਮ ਸੋਚ ਹੁਣ, ਘੱਟ ਤੋਂ ਘੱਟ ਬਾਹਰੀ ਤੌਰ ਤੇ, ਇੰਡੀਆ ਦੀ ਤਕਸੀਮ ਦੇ ਹੱਕ ਵਿੱਚ ਹੈ. ਸਿਰਫ਼ ਇੱਕ ਬਹੁਤ ਦਲੇਰ ਮੁਸਲਿਮ ਆਗੂ ਹੀ ਖੁਲ੍ਹੀ ਤਰ੍ਹਾਂ ਸਾਹਮਣੇ ਆ ਕੇ, ਇਸ ਦੀ ਮੁਖ਼ਾਲਫ਼ਤ ਜਾਂ ਨੁਕਤਾਚੀਨੀ ਕਰ ਸਕਦਾ ਹੈ'(Carter, 2005: 108–9).

ਇਹ ਸਭ ਨੂੰ ਪਤਾ ਹੈ ਕਿ ਸਰ ਸਿਕੰਦਰ ਹਯਾਤ ਖ਼ਾਨ ਇਸ ਸੋਚ ਦੇ ਖ਼ਿਲਾਫ਼ ਸਨ, ਪਰ ਉਹ ਸਾਰੇ ਇੰਡੀਆ ਦੇ ਮਸ਼ਹੂਰ ਮੁਸਲਿਮ ਹਸਤਿਆਂ ਦੇ ਪ੍ਰਮੁਖ ਮੇਜਬਾਨ ਸਨ ਅਤੇ ਇਸ ਸੋਚ ਦੀ ਕੋਈ ਖ਼ਾਸ ਮੁਖ਼ਾਲਫ਼ਤ

ਨਹੀਂ ਕਰ ਸਕੇ. ਬਹਰ ਹਾਲ, ਪੰਜਾਬ ਹੁਣ, ਇੱਕ ਮੁਖ਼ਤਲਿਫ਼ ਮੁਸਲਿਮ ਮੁਲਕ ਦੀ ਜਦੋ-ਜਹਦ ਦਾ ਅਹਿਮ ਸੂਬਾ ਬਣ ਗਿਆ. ਹੈਰਾਨ ਹੋਣ ਦੀ ਗੱਲ ਨਹੀਂ ਹੈ ਕਿ ਜੋ ਮਜ਼ਬੀ ਕੌਮ, ਇਸ ਮੁਲਕ ਦੀ ਇਜ਼ਾਦ ਨੂੰ ਪੰਜਾਬ ਵਿੱਚ ਉਨ੍ਹਾਂ ਦੇ ਢੂੰਘੇ ਫ਼ਾਇਦੇ ਨੂੰ ਟੱਕਰ ਮਾਰਦੇ ਹੋਏ ਮਹਿਸੂਸ ਕੀਤਾ, ਉਹ ਕੌਮ ਸਿੱਖਾਂ ਦੀ ਸੀ. ਉਹ ਮੁਸਲਮਾਨਾਂ ਦੇ ਹੋਣ ਵਾਲੇ *ਮੇਜੋਰਿਟੇਰਿਅਨ* (ਬਹੁਸੰਖਅਕਵਾਦ) ਜ਼ੁਲਮ ਦੇ ਬਾਰੇ ਸ਼ੋਰਗੁਲ ਕਰਣ ਲਗੇ. ਉਨ੍ਹਾਂ ਨੇ ਆਪਣੀ ਤੇਹਰੀਕ ਅਤੇ ਪ੍ਰਚਾਰ ਪੂਰੇ 1940 ਅਤੇ 1941 ਵਿੱਚ ਕਾਇਮ ਰੱਖਿਆ ਅਤੇ ਜਦ ਸਰ ਇਸਟੇਫੈਰਡ ਕ੍ਰੀਪਸ 1942 ਦੇ ਸ਼ੁਰੂ ਤੇ ਆਪਣੇ ਮਿਸ਼ਨ ਨੂੰ ਲੈ ਕੇ ਆਏ, ਉਨ੍ਹਾਂ ਨੇ 31 ਮਾਰਚ ਨੂੰ ਕ੍ਰੀਪਸ ਨੂੰ ਇੱਕ *ਮੇਮੋਰੇਨਡਮ* ਪੇਸ਼ ਕੀਤਾ, ਜਿਸ ਦੇ ਵਿੱਚ ਉਨ੍ਹਾਂ ਨੇ ਸ਼ਿਕਾਇਤ ਕੀਤੀ ਕਿ ਸਿੱਖਾਂ ਦੇ ਹਿਤਾਂ ਦੀ ਕੁਰਬਾਨੀ ਦੇ ਦਿੱਤੀ ਜਾਵੇਗੀ, ਅਗਰ ਬ੍ਰਿਟਿਸ਼ ਹਕੂਮਤ ਪਾਕਿਸਤਾਨ ਬਣਨ ਦੀ ਮੰਗ ਨੂੰ ਰਜਾਮੰਦੀ ਦੇ ਦੇਂਦੀ ਸੀ.

ਉਨ੍ਹਾਂ ਨੇ ਸ਼ਿਕਾਇਤ ਕੀਤੀ ਕਿ ਪੰਜਾਬ ਵਿੱਚ ਮੁਸਲਮਾਨਾਂ ਦੀ ਮਜਾਰਿਟੀ ਸੱਚੀ ਨਹੀਂ ਹੈ. ਸੂਬੇ ਦੇ ਕੁੱਝ ਪੱਛਮ ਇੱਲਾਕੇ ਸਿਰਫ਼ ਇੰਤਜਾਮੀਆ ਵਜ੍ਹਾਂ ਨਾਲ ਸੂਬੇ ਤੇ ਸ਼ੁਮਾਰ ਕੀਤੇ ਗਿਐ ਸੀ. ਉਨ੍ਹਾਂ ਨੇ ਇੱਕ ਦਾਅਵਾ ਪੇਸ਼ ਕੀਤਾ ਕਿ ਆਬਾਦੀ ਦਾ ਹਿੰਦੂ-ਸਿੱਖ ਨਿਸਬਤ ਮੁਸਲਿਮ ਨਿਸਬਤ ਤੋਂ ਵਧ ਸੀ. ਉਨ੍ਹਾਂ ਨੇ ਲਿਖਿਆ, 'ਪਰ, ਅਸੀਂ ਹਰ ਮੁਮਕਿਨ ਕੋਸ਼ਿਸ਼ ਨਾਲ ਮੁਕਾਬਲਾ ਕਰਾਂਗੇ ਕਿ ਆਲ-ਇੰਡੀਆ ਯੂਨੀਅਨ ਤੋਂ ਪੰਜਾਬ ਵੱਖ ਨਾ ਹੋਐ. ਅਸੀਂ ਕਦੇ ਵੀ ਆਪਣੀ ਮਾਤ-ਭੂਮੀ ਨੂੰ ਉਨ੍ਹਾਂ ਦੇ ਰਹਿਮ ਤੇ ਨਹੀਂ ਛੱਡਾਂਗੇ ਜੋ ਇਸ ਨੂੰ ਕਬੂਲ ਨਹੀਂ ਕਰਦੇ ਨੇ'(Mansergh and Lumby, 1970: 582-8; Kirpal Singh, 1972: 26–7). ਇਸ ਦੇ ਉਪਰ ਬਲਦੇਵ ਸਿੰਘ, ਪ੍ਰੈਸੀਡੇਂਟ, ਸਿੱਖ ਆਲ ਪਾਰਟੀਸ ਕਮੇਟੀ ਨੇ ਦਸਤਖ਼ਤ ਕੀਤੇ ਅਤੇ ਇਸ ਦੇ ਉਪਰ ਮਾਸਟਰ ਤਾਰਾ ਸਿੰਘ, ਜੋਗਿੰਦਰ ਸਿੰਘ, ਉੱਜਲ ਸਿੰਘ ਅਤੇ ਮੋਹਨ ਸਿੰਘ (*ਸੇਕਰੇਟਰੀ ਔਫ਼ ਸਟੇਟ ਫ਼ੌਰ ਇੰਡੀਆ* ਦੇ ਪੁਰਵ ਸਲਾਹਕਾਰ) ਦੇ ਵੀ ਦਸਤਖ਼ਤ ਮੌਜੂਦ ਸੀ. ਉਨ੍ਹਾਂ ਨੇ ਇਸ ਦੇ ਨਾਲ ਇੱਕ 'ਨੋਟ (ਟਿੱਪਣੀ)' ਵੀ ਜੋੜੀ ਹੋਰ ਆਪਣੀ ਦਲੀਲ ਨੂੰ ਹੋਰ ਅੱਗੇ ਲੈ ਗਏ, ਭਾਂਵੇ ਥੋੜੇ ਭੱਦੇ ਤਰੀਕੇ ਨਾਲ, ਕਿ ਪੰਜਾਬ ਦੀ ਤਕਸੀਮ ਦੀ ਪੂਰੀ ਮੁਖਾਲਫਤ ਦੇ ਬਜਾਏ, ਉਨ੍ਹਾਂ ਨੇ ਪੰਜਾਬ ਵਿੱਚ ਦੋ ਸੂਬੇ ਬਣਾਉਣ ਦਾ ਪ੍ਰਸਤਾਵ ਪੇਸ਼ ਕੀਤਾ, ਜਿਨ੍ਹਾ ਨੂੰ, ਰਾਵੀ ਦਰਿਆ ਅਲਗ ਕਰਦਾ ਹੋਵੇ, ਪੱਛਮ ਤੇ ਮੁਸਲਿਮ-ਪ੍ਰਧਾਨ ਸੂਬਾ ਅਤੇ ਰਾਵੀ ਦੇ ਪੂਰਬ ਤੇ ਹਿੰਦੂ-ਸਿੱਖ ਸੂਬਾ (Ibid:27–31).

ਖ਼ਿਜ਼ਰ ਦੀ ਵਜਾਰਤ

ਕਾਂਗਰੇਸ ਮਾਰਫ਼ਤ 9 ਅਗਸਤ 1942 ਨੂੰ ਸ਼ੁਰੂ ਕੀਤਾ *ਕਵੀਟ ਇੰਡੀਆ* (ਭਾਰਤ ਛੋੜੋ) ਅੰਦੋਲਨ ਦਾ ਪੰਜਾਬ ਉਪਰ ਕੋਈ ਖ਼ਾਸ ਅਸਰ ਨਹੀਂ ਹੋਇਆ, ਪਰ ਦੂਜੀ ਜਗ੍ਹਾਂ ਦੀ ਤਰ੍ਹਾਂ, ਇਸ ਦੇ ਪੰਜਾਬ ਦੇ ਰਹਨੁਮਾਵਾਂ ਅਤੇ ਕਾਰਜਕਰਤਾਵਾਂ ਨੂੰ ਗਰਿਫ਼ਤਾਰ ਕਰ ਕੇ ਕੈਦ ਵਿੱਚ ਰੱਖ ਦਿੱਤਾ ਗਿਆ. ਹੈਰਾਨੀ ਦੀ ਗੱਲ ਹੈ ਕਿ *ਕਵੀਟ ਇੰਡੀਆ* (ਭਾਰਤ ਛੋੜੋ) ਅੰਦੋਲਨ ਦਾ ਪੰਜਾਬ ਉਪਰ ਅਸਰ ਬਾਰੇ ਪੰਦਰਵਾੜੇ ਦੀ ਰਿਪੋਰਟ ਤੇ ਕੋਈ ਜ਼ਿਕਰ ਨਹੀਂ ਸੀ. ਇਸ ਦੌਰਾਨ, ਇੱਕ ਤਾਕਤਵਰ ਸ਼ਕਸ, ਸਰ ਸਿਕੰਦਰ ਹਯਾਤ ਦੀ 26 ਦਸੰਬਰ 1942 ਨੂੰ ਹੋਈ ਅਚਾਨਕ ਮੌਤ ਨੇ ਇੱਕ ਵੱਡਾ ਸਿਆਸੀ ਮਸਲਾ ਪੈਦਾ ਕਰ ਦਿੱਤਾ. ਉਨ੍ਹਾਂ ਦੇ ਸਿਆਸੀ ਵਾਰਿਸ ਸਰ ਖ਼ਿਜ਼ਰ ਹਯਾਤ ਖ਼ਾਨ ਟਿਵਾਣਾ, ਸਰ ਸਿਕੰਦਰ ਦੀ ਤਰ੍ਹਾਂ, ਮਜ਼ਬ ਦੀ ਬੁਨਿਆਦ ਤੇ ਇੰਡੀਆ ਦੀ ਤਕਸੀਮ ਦੀ ਅਤੇ ਖ਼ਾਸ ਕਰ ਕੇ ਪੰਜਾਬ ਦੀ ਤਕਸੀਮ ਦੀ, ਮੁਖ਼ਾਲਫ਼ਤ ਕਰਦੇ ਸੀ. ਉਹ ਅੰਗ੍ਰੇਜੀ ਹਕੂਮਤ ਦੇ ਫ਼ਾਇਦੇ ਬਾਰੇ ਪੱਕਾ

ਯਕੀਨ ਰੱਖਦੇ ਸੀ. ਪਰ ਉਨ੍ਹਾਂ ਦੇ ਵਿੱਚ ਸਿਕੰਦਰ ਵਰਗੀ ਸਿਆਸੀ ਹੁਨਰ ਦੀ ਕਮੀ ਸੀ, ਅਤੇ ਉਨ੍ਹਾ ਨੂੰ ਆਪਣੀ ਪਾਰਟੀ ਦੇ ਅੰਦਰ ਤੋਂ ਹੀ ਅਗਵਾਈ ਦੀ ਚੁਣੋਤੀ ਦਾ ਸਾਹਮਣਾ ਕਰਨਾ ਪਿਆ (Talbot, 1996).

ਖ਼ਿਜ਼ਰ ਜਿਨਾਹ ਨਾਲ 1943 ਅਤੇ 1944 ਵਿੱਚ ਝਗੜੇ, ਜਦ ਜਿਨਾਹ ਨੇ 1937 ਦੇ ਜਿਨਾਹ-ਸਿਕੰਦਰ ਸਮਝੋਤੇ ਤੋਂ ਉਲਟ ਕੇ, ਪੰਜਾਬ ਵਿੱਚ ਆਪਣੇ ਸਿੱਧੇ ਪ੍ਰਭਾਵ ਦਾ ਫੈਲਾਉ ਕਰਣ ਦੀ ਕੋਸ਼ਿਸ਼ ਕੀਤੀ. ਖ਼ਿਜ਼ਰ ਨੇ ਜਿਨਾਹ ਦੀ ਤਕਰੀਰ ਵਿੱਚ ਵੱਧਦੇ ਫ਼ਿਰਕੂਪਣ ਅਤੇ ਇੱਕ ਅਲਗ ਪਾਕਿਸਤਾਨ ਦੀ ਮੰਗ ਦੀ ਕੜੀ ਮੁਖ਼ਾਲਫ਼ਤ ਕੀਤੀ. ਪਰ ਉਨ੍ਹਾਂ ਦੀ ਆਪਣੀ ਪਾਰਟੀ ਦੇ ਅੰਦਰ ਤੋਂ ਹੀ ਅਗਵਾਈ ਦੀ ਚੁਣੋਤੀ, ਜੋ ਸਰ ਸਿਕੰਦਰ ਦੇ ਬੇਟੇ ਸਰਦਾਰ ਸ਼ੌਕਤ ਹਯਾਤ ਨੇ 1943 ਤੇ ਇੱਤੀ, ਅਤੇ ਬਾਅਦ ਤੇ ਤਾਕਤਵਰ ਜ਼ਿਮੀਦਾਰਾਂ ਦੇ ਦਲ-ਬਦਲ ਨੇ, ਖ਼ਿਜ਼ਰ ਦੇ ਹਾਲਾਤ ਬੇਹਦ ਕਮਜੋਰ ਕਰ ਦਿੱਤੇ (Ibid: 113–124). ਜਦ ਬ੍ਰਿਟਿਸ਼ਰਾਂ ਦਾ ਜਾਣ ਦਾ ਵਕਤ ਨੇੜੇ ਆਇਆ, ਜ਼ਿਮੀਦਾਰਾਂ ਨੇ ਆਪਣਾ ਰੂਖ ਮੁਸਲਿਮ ਲੀਗ ਦੀ ਤਰਫ਼ ਕਰ ਲੀਤਾ, ਕਿਉਂਕਿ ਉਹ ਕਾਂਗਰੇਸ ਦੀ ਹਕੂਮਤ ਵਾਲੀ ਇਤਹਾਦੀ ਇੰਡੀਆ ਵਿੱਚ ਨਹੀਂ ਰਹਿਣਾ ਚਾਹੁੰਦੇ ਸੀ, ਜਿਸ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਜ਼ਿਮੀਦਾਰੀ ਪ੍ਰਥਾ ਨੂੰ, ਪ੍ਰਾਥਮਿਕ ਤੌਰ ਤੇ, ਖ਼ਤਮ ਕਰ ਦੇਣਗੇ, ਜਦ ਕਦੇ ਵੀ ਉਹ ਸੱਤਾ ਵਿੱਚ ਆਉਣਗੇ.

ਦੂਜੀ ਤਰਫ਼, ਮੁਸਲਿਮ ਲੀਗ ਨੇ ਪਾਕਿਸਤਾਨ ਦੇ ਖ਼ਿਆਲ ਨੂੰ ਮੁਸਲਮਾਨਾਂ ਦੇ ਸਾਰੇ ਇਕਤੀਸਾਦੀ ਅਤੇ ਸਮਾਜਕ ਮਰਜ਼ਾਂ ਦੀ ਦਵਾ ਦੇ ਤੌਰ ਤੇ ਪੇਸ਼ ਕੀਤਾ (Ibid.). ਪਹਿਲਾਂ ਹੀ, 1944 ਵਿੱਚ ਪੰਜਾਬ *ਗਵਰਨਰ ਸਰ ਬਰਟਰੇਂਡ ਗਲੈਂਸੀ*, ਨੇ ਗੌਰ ਕੀਤਾ ਕਿ ਇਸੇ ਤਰ੍ਹਾਂ ਦਾ ਰੁਝਾਨ ਪੰਜਾਬ ਵਿੱਚ ਜੋਰ ਪਕੜ ਰਿਹਾ ਸੀ. ਆਪਣੀ 26 ਅਕਤੂਬਰ 1944 ਦੀ ਪੰਦਰਵਾੜੇ ਦੀ ਰਿਪੋਰਟ ਤੇ ਉਨ੍ਹਾਂ ਨੇ ਟਿੱਪਣੀ ਕੀਤੀ:

> ਮੈਂ ਇੱਕ ਗੱਲ ਤੇ ਬਹੁਤ ਜ਼ਿਆਦਾ ਜੋਰ ਦੇਣਾ ਚਾਹੁੰਗਾ, ਜੋ ਹਾਲ ਤੇ ਮੈਂ ਦਿੱਲੀ ਤੇ ਕਰਨਾ ਚਾਉਂਦਾ ਸੀ - ਅਤੇ ਉਹ ਹੈ ਪਾਕਿਸਤਾਨ ਅਸੂਲ ਦਾ ਇੱਕ ਜੋਰਦਾਰ ਖ਼ਤਰਾ. ਜਿਨ੍ਹਾਂ ਕੋਈ ਇਸ ਅਸੂਲ ਉਪਰ ਗੌਰ ਕਰਦਾ ਹੈ, ਇਹ ਮੁਸਲਮਾਨਾਂ ਅਤੇ ਉਨ੍ਹਾਂ ਦੇ ਸਾਰੇ ਫਾਇਦੇ ਲਈ, ਉਣਾ ਹੀ ਸ਼ਾਨਦਾਰ ਅਤੇ ਤਬਾਹ ਕਰਣ ਵਾਲਾ ਲਗਦਾ ਹੈ. ਇਸ ਸੰਭਾਵਨਾ ਨੂੰ ਕੋਈ ਨਾਮੰਜ਼ੂਰ ਨਹੀਂ ਕਰ ਸਕਦਾ ਹੈ ਕਿ ਜੰਗ ਦੇ ਬਾਅਦ, ਸਿਆਸੀ ਫ਼ਸਾਦ ਹੋਣਗੇ, ਪਰ ਜਿੱਥੇ ਤੱਕ ਪੰਜਾਬ ਦਾ ਸਵਾਲ ਹੈ, ਅਮਨ ਉਪਰ ਹੋਰ ਕੋਈ ਖ਼ਤਰਨਾਕ ਧਮਕੀ ਬਾਰੇ, ਮੈਂ ਪਾਕਿਸਤਾਨ ਦੇ ਅਸੂਲ਼ ਤੋਂ ਵਧ ਹੋਰ ਕੁੱਝ ਨਹੀਂ ਵੇਖਦਾ ਹਾਂ. ਪੰਜਾਬ ਵਿੱਚ ਜਿੱਥੇ ਮੁਸਲਿਮ ਇੱਕ ਮਾਮੂਲੀ ਮਜਾਰਿਟੀ ਤੇ ਨੇ ਅਤੇ ਜਿਥੇ ਬੇਹਦ ਤਗੜੇ ਗੈਰ-ਮੁਸਲਿਮ ਹਿੱਸੇ ਮੌਜੂਦ ਨੇ, ਇਸ ਖ਼ਿਆਲ ਨੂੰ ਹਕੀਕਤ ਤੇ ਤਬਦੀਲ ਕਰਣ ਦੀ ਕੋਈ ਵੀ ਸੰਜੀਦਾ ਕੋਸ਼ਿਸ਼ ਦਾ ਮਤਲਬ ਇਹ ਹੈ ਕਿ ਅਸੀਂ ਇੱਕ ਪਹਿਲੇ ਦਰਜੇ ਦੇ ਫ਼ਿਰਕੂ ਫ਼ਸਾਦ ਦੀ ਤਰਫ਼ ਜਾ ਰਹੇ ਹਾਂ. ਇਸ ਲਈ ਮੇਰਾ ਮੱਨਣਾ ਹੈ ਕਿ ਸਾਨੂੰ ਮੁਸਲਿਮ ਸੋਚ ਨੂੰ ਕੇਂਦਰ ਵਿੱਚ ਸਮਾਨ ਜਾਂ ਮੁਨਾਸਬ ਨੁਮਾਇੰਦਗੀ ਦੇ ਵੱਲ ਮੋੜਨਾ ਚਾਹੀਦਾ ਹੈ, ਜਦ ਕਿ ਕੋਸ਼ਿਸ਼ ਇਹ ਵੀ ਕਰਣੀ ਹੈ ਕਿ ਹਿੰਦੂਆਂ ਨੂੰ ਰਾਜੀ ਕੀਤਾ ਜਾਵੇ, ਕਿ ਇਤਹਾਦ ਅਤੇ ਸੁਰੱਖਿਆ ਲਈ ਉਹ ਇਸ ਪ੍ਰੀਮਿਅਮ ਦਾ ਭੁਗਤਾਨ ਕਰਣ (Carter,2006: 106–7).

ਹਵਾਲਾ

ਅਹਿਮਦ, ਇਸ਼ਤਿਆਕ਼,'ਲੇਟ ਅਸ ਨੈਟ ਫੈਰਗੇਟ ਜਲਿਆਂਵਾਲਾ ਬਾਘ', ਡੇਲੀ ਟਾਇਮਸ, ਲਾਹੌਰ (13 ਅਪ੍ਰੈਲ 2003).

ਅਲੀ, ਆਈ., ਹਿਸਟਰੀ ਔਫ ਦੀ ਪੰਜਾਬ(1799-1947), ਦਿੱਲੀ: ਲੋ ਪ੍ਰਾਇਸ ਪਬਲਿਕੇਸ਼ਨਸ,(1972).

ਅੱਲਾਨਾ,ਜੀ.,ਪਾਕਿਸਤਾਨ ਮੁਵਮੇਂਟ:ਹਿਸਟੋਰਿਕ ਡੀਕਯੁਮੈਂਟਸ, ਲਾਹੌਰ:ਇਸਲਾਮਿਕ ਬੁਕ ਸਰਵਿਸ,(1977).

ਅਜ਼ੀਜ਼,ਕੇ.ਕੇ., ਕੱਮਪਲੀਟ ਵਰਕਸ ਔਫ ਰਹਮਤ ਅਲੀ, ਇਸਲਾਮਾਬਾਦ: ਨੈਸ਼ਨਲ ਕਮੀਸ਼ਨ ਔਨ ਹਿਸਟੋਰਿਕਲ ਐਂਡ ਕਲਚਰਲ ਰਿਸਰਚ,(1978).

ਅਜ਼ੀਜ਼,ਕੇ.ਕੇ.,ਹਿਸਟਰੀ ਔਫ ਪਾਰਟੀਸ਼ਨ ਔਫ ਇੰਡੀਆ, ਵੋਲ.I,ਨਿਊ ਦੇਲਹੀ:ਐਟਲੈਂਟਿਕ ਪਬਲਿਸ਼ਰਸ ਐਂਡ ਡਿਸਟਰੀਬਯੁਟਰਸ,(1995).

ਬਕਸ਼ੀ,ਐਸ.ਆਰ.(ਕਮਪਾਇਲਰ), 'ਰੇਜੋਲਊਸ਼ਨ ਏਡੋਪਟੇਡ ਬਾਈ ਕਾਉਂਸਿਲ ਔਫ ਦੀ ਆਲ-ਪਾਰਟੀਸ ਸ਼ਿਆ ਕਨਫੇਰੇਂਸ', ਪੂਨਾ,25 ਦਸੰਬਰ 1945, ਵਿੱਚ ਦੀ ਮੇਕੀਂਗ ਔਫ ਇੰਡੀਆ ਐਂਡ ਪਾਕਿਸਤਾਨ: ਇਡਿਉਲੋਜੀ ਔਫ ਦ ਹਿੰਦੂ ਮਹਾਸਭਾ ਐਂਡ ਅਦਰ ਪੋਲਿਟਿਕਲ ਪਾਰਟੀਸ, ਵੋਲ.I, ਨਿਊ ਦੇਲਹੀ:ਦੀਪ ਐਂਡ ਦੀਪ ਪਬਲਿਕੇਸ਼ੰਸ,(1997).

ਬਤਾਲਵੀ,ਏ.ਐਚ.,ਹੱਮਾਰੀ ਕੌਮੀ ਜਿਦੋਜੇਹਦ, ਲਾਹੌਰ: ਪਾਕਿਸਤਾਨ ਟਾਇਮਸ ਪ੍ਰੈਸ,(ਛਪਣ ਦਾ ਸਾਲ ਨਹੀਂ ਦਿੱਤਾ).

ਗੋਪਾਲ,ਐਮ.,ਸਰ ਛੋਟੂ ਰਾਮ: ਏ ਪੋਲਿਟਿਕਲ ਬਾਇਐਗ੍ਰਾਫੀ, ਨਿਊ ਦੇਲਹੀ:ਬੀ.ਆਰ ਪਬਲਿਕੇਸ਼ਨਸ,(1988).

ਗ੍ਰੇਵਾਲ,ਜੇ.ਐਸ., 'ਪੰਜਾਬੀ ਮੁਸਲਿਮਸ ਐਂਡ ਪਾਰਟੀਸਨ', ਵਿੱਚਅਮਰੀਕ ਸਿੰਘ, ਦੀ ਪਾਰਟੀਸ਼ਨ ਇਨ ਰੇਟਰੋਸਪੇਕਟ, ਦਿੱਲੀ: ਅਨਾਮਿਕਾ ਪਬਲਿਸ਼ਰਸ ਐਂਡ ਡਿਸਟਰੀਬਯੁਟਰਸ (ਪੀ) ਲਿਮਿਟੇਡ,(2000).

ਹਾਫਿਜ਼, ਤਾਕੀਉੱਦੀਨ, ਪਾਕਿਸਤਾਨ ਕੀ ਸਿਆਸੀ ਜਮਾਤੇਂ ਔਰ ਤੇਹਰੀਕੇਂ, ਲਾਹੌਰ:ਕਲਾਸਿਕ,(2001).

ਹੁਸੈਨ,ਏ., ਮਿਆਂ ਫ਼ਜ਼ਲ-e-ਹੁਸੈਨ: ਗਲੀਮਪਸੇਸ ਔਫ ਲਾਈਫ ਐਂਡ ਵਰਕਸ 1898-1936,ਲਾਹੌਰ:ਸੰਗ-ਏ-ਮੀਲ ਪਬਲਿਕੇਸ਼ਨਸ ,(ਛਪਣ ਦਾ ਸਾਲ ਨਹੀਂ ਦਿੱਤਾ).ਜ਼ਲਾਲ,ਆਏਸ਼ਾ, ਦੀ ਸੋਲ ਸਪੋਕਸਮੈਨ, ਕੈਂਬਰਿਜ:ਕੈਂਬਰਿਜ ਯੂਨੀਵਰਸਿਟੀ ਪ੍ਰੈਸ,(1985).

ਝੋਨਸ,ਕੇ,ਡਬਲੂ., ਦੀ ਨਿਉ ਕੈਂਬਰਿਜ ਹਿਸਟਰੀ ਔਫ ਇੰਡੀਆ: ਸੋਸਿਉ-ਰਿਲਿਜੀਅਸ ਰਿਫੋਰਮ ਮੁਵਮੇਂਟ ਇਨ ਬ੍ਰਿਟਿਸ਼ ਇੰਡੀਆ, ਕੈਂਬਰਿਜ :ਕੈਂਬਰਿਜ ਯੂਨੀਵਰਸਿਟੀ ਪ੍ਰੈਸ,(1989b).

ਜੋਸ਼, ਭਗਵਾਨ, ਕਮਊਨਿਸਟ ਮੁਵਮੇਂਟ ਇਨ ਪੰਜਾਬ(1926-47),ਦੇਲਹੀ:ਅਨੂਪਮਾ ਪਬਲਿਕੇਸ਼ੰਸ,(1979).

ਖ਼ਾਨ,ਵਲੀ, ਫੈਕਟਸ ਆਰ ਫੈਕਟਸ: ਦੀ ਅਨਟੋਲਡ ਸਟੋਰੀ ਔਫ ਇੰਡੀਆਸ ਪਾਰਟੀਸ਼ਨ, ਨਿਉ ਦੇਲਹੀ:ਵਿਕਾਸ ਪਬਲਿਸ਼ਿੰਗ ਹਾਉਹ ਪ੍ਰਾ.ਲਿ.(1987).

ਲਾਹੌਰੀ, ਤਾਹਿਰ, ਸੋਹਣਾ ਸ਼ੇਹਰ ਲਾਹੌਰ, ਲਾਹੌਰ: ਸੰਗ-ਏ-ਮੀਲ ਪਬਲਿਕੇਸ਼ਨਸ,(1994).

ਮਲਿਕ,ਐਮ.ਏ., ਦੀ ਮੇਕਿੰਗ ਔਫ ਦ ਪਾਕਿਸਤਾਨ ਰੇਜੋਲਯੁਸ਼ਨ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(2001).

ਉਰੇਨ,ਸਟੀਫੇਨ, 'ਦੀ ਸਿੱਖਸ, ਕੌਂਗਰੇਸ, ਐਂਡ ਦ ਯੁਨਿਅਨਿਸਟਸ ਇਨ ਬ੍ਰਿਟਿਸ਼ ਪੰਜਾਬ, 1937-1945', ਮੌਡਰਨ ਏਸੀਅਨ ਸਟੀਡਿਸ, ਵੋਲ.ੜੀ ਨ.ੀ , ਕੈਂਬਰਿਜ:ਕੈਂਬਰਿਜ ਯੂਨੀਵਰਸਿਟੀ ਪ੍ਰੈਸ,(1974).

ਪੀਰਜ਼ਾਦਾ, ਸਈਦ ਸ਼ਰੀਫੁਦੀਨ(ਏਡ.),ਫਾਉਨਡੇਸ਼ਨਸ ਔਫ ਪਾਕਿਸਤਾਨ:ਆਲ-ਇੰਡੀਆ ਮੁਸਲਿਮ ਲੀਗ ਡੌਕਯੁਮੇਂਟਸ,1906-1947, ਵੋਲ. ੀ, ਕਰਾਚੀ:ਨੈਸ਼ਨਲ ਪਬਲਿਸ਼ਿੰਗ ਹਾਉਸ ਲਿ.,(1970).

ਸੀਰਵਾਈ,ਐਚ.ਐਮ.,ਪਾਰਟੀਸ਼ਨ ਔਫ ਇੰਡੀਆ: ਲੀਜੇਂਡ ਐਂਡ ਰਿਐਲਿਟੀ, ਬੋਮਬੇ:ਇਮਾਨੇਮ ਪਬਲਿਕੇਸ਼ੰਸ,(1989).

ਸ਼ਾਹਨਵਾਜ਼,ਬੇਗਮ ਜਹਾਨਾਰਾ,ਫਾਦਰ ਐਂਡ ਡਾਹਟਰ:ਏ ਪੋਲਿਟਿਕਲ ਬਾਇਉਗ੍ਰਾਫੀ,ਕਰਾਚੀ: ਔਕਸਫੋਰਡ ਯੁਨਿਬਰਸਿਟੀ ਪ੍ਰੈਸ,(2002).

ਸਿੰਘ,ਕਿਰਪਾਲ,ਦੀ ਪਾਰਟੀਸ਼ਨ ਔਫ ਦ ਪੰਜਾਬ, ਪਟਿਆਲਾ:ਪਬਲਿਕੇਸ਼ਨ ਬੱਯੁਰੋ ਪੰਜਾਬੀ ਯੁਨਿਬਰਸਿਟੀ ,(1989).

ਟੈਲਬੱਟ, ਇਅਨ, ਖ਼ਿਜ਼ਰ ਟਿਵਾਣਾ: ਦੀ ਪੰਜਾਬ ਯੁਨਿਅਨਿਸਟ ਪਉਾਰਟੀ ਐਂਡ ਦ ਪਾਰਟੀਸ਼ਨ ਔਫ ਇੰਡੀਆ, ਰਿਚਮੰਡ, ਸਰੇ:ਕਰਜ਼ਨ,(1996).

ਵੈਲੇਸ, ਪੌਲ, 'ਕੌਮਯੂਨੀਲਜਮ, ਫੈਕਸ਼ਨਲਿਜਮ ਐਂਡ ਨੈਸ਼ਨਲ ਇੰਟਿਗ੍ਰੇਸ਼ਨ ਇਨ ਦ ਪ੍ਰੀ-ਇੰਡਿਪੇਂਡੇਂਸ ਪੰਜਾਬ ਕੌਂਗਰੇਸ ਪਾਰਟੀ', ਵਿੱਚ ਹਰਬੰਸ ਸਿੰਘ ਅਤੇ ਐਨ.ਜੇਰਲਡ ਬੇਰਿਅਰ (ਏਡ), ਫੰਜਾਬ ਪਾਸਟ ਐਂਡ ਪ੍ਰੇਸੇਂਟ: ਏਸੇਜ ਇਨ ਔਨਰ ਔਫ ਡਾ.ਗੰਡਾ ਸਿੰਘ, ਪਟਿਆਲਾ: ਪੰਜਾਬ ਯੁਨਿਬਰਸਿਟੀ ,(1976).ਵੋਲਪੱਰਟ, ਸਟੇਨਲੀ,ਜਿਨਹਾ ਔਫ ਪਾਕਿਸਤਾਨ, ਕਰਾਚੀ: ਔਕਸਫੋਰਡ ਯੁਨਿਬਰਸਿਟੀ ਪ੍ਰੈਸ,(2002).

ਸਰਕਾਰੀ ਦਸਤਾਵੇਜ

ਕਾਰਟਰ, ਲਿਅੋਨੇਲ (ਏਡ),ਪੰਜਾਬ ਪੋਲਿਟਿਕਸ 1936-1939, ਦੀ ਸਟਾਰਟ ਔਫ ਪ੍ਰੋਵਿਨਸਿਅਲ ਔਟੋਨੋਮੀ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ:ਮਨੋਹਰ, (2004).

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ 1940-1943, ਸਟਰੇਨਸ ਔਫ ਵੱਰ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ:ਮਨੋਹਰ, (2005).
ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ,1 ਜਨਵਰੀ 1944-3 ਮਾਰਚ 1947,ਲਾਸਟ ਈਅਰਸ ਔਫ ਦ ਮਿਨਿਸਟਰੀਸ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ:ਮਨੋਹਰ, (2006).
ਸੈਂਸੱਸ ਔਫ ਇੰਡੀਆ,1931, ਵੋਲ.ਯੜੀ, ਪੰਜਾਬ ਪਾਰਟ 1, ਲਾਹੌਰ:ਸਿਵਿਲ ਐਂਡ ਮਿਲਿਟਰੀ ਗੈਜੇਟ ਪ੍ਰੈਸ,(1933).
ਸੈਂਸੱਸ ਔਫ ਇੰਡੀਆ,1941, ਵੋਲ.ੜੀ, ਪੰਜਾਬ,ਟੇਬਲਸ, ਸ਼ਿਮਲਾ:ਮੈਨੇਜਰ ਔਫ ਪਬਲਿਕੇਸ਼ਨਸ,ਦੇਲਹੀ,(1941).
ਮੈਨਸਰਘ,ਐਨ.ਐਂਡ ਲੁਮਬੀ,ਡਬਲੁ.ਡਬਲੁ.ਆਰ.(ਏਡ), ਦੀ ਟਰਾਨਸਫਰ ਔਫ ਪਾਵਰ, ਜਨਵਰੀ-ਅਪ੍ਰੈਲ 1942,ਵੋਲ. I, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1970).
ਸਦੁਲਾਹ, ਮਿਆਂ ਮੁਹੱਮਦ (ਕਮਪਾਇਲਰ), ਦੀ ਪਾਰਟੀਸ਼ਨ ਔਫ ਦ ਪੰਜਾਬ 1947, ਵੋਲ.II, ਔਫਿਸਿਅਲ ਡੌਕਯੁਮੇਂਟਸ, ਲਾਹੌਰ: ਲਾਹੌਰ:ਸੰਗ-ਏ-ਮੀਲ ਪਬਲਿਕੇਸ਼ਨਸ, ਲਾਹੌਰ,(1993).
ਦੀ ਪੰਜਾਬ ਏਲੀਏਨੇਸ਼ਨ ਔਫ ਲੈਂਡ ਐਕਟ,1901, ਲਾਹੌਰ:ਗਵਰਨਮੇਂਟ ਪ੍ਰਿੰਟਿੰਗ ਪ੍ਰੈਸ,(1901).
ਦੀ ਰਿਪੋਰਟ ਔਫ ਦ ਕੋਰਟ ਔਫ ਇਨਕਵਾਰੀ ਕਨਸਟਿਚਯੁਟੇਡ ਅੰਡਰ ਪੰਜਾਬ ਐਕਟ ਔਫ 1954 ਟੁ ਇਨਕਵਾਇਰ ਇਨਟੁ ਦ ਪੰਜਾਬ ਡਿਸਟਰਬੇਨਸੇਸ ਔਫ 1953 (ਆਲਸੋ ਨੋਅਨ ਐਸ ਮੁਨੀਰ ਰਿਪੋਰਟ), ਲਾਹੌਰ: ਗਵਰਨਮੇਂਟ ਪ੍ਰਿੰਟਿੰਗ ਪ੍ਰੈਸ,(1954).

ਇੰਟਰਵਿਊ

ਅਮਰਨਾਥ ਸੱਹਗਲ,ਦੇਲਹੀ,20 ਅਕਤੂਬਰ 1999
ਰਾਮਾਨੰਦ ਸਾਗਰ(ਮਸ਼ਹੁਰ ਮੁਮਬਈ ਲੇਖਕ ਅਤੇ ਫਿਲਮ-ਮੇਕਰ),ਦੇਲਹੀ,25 ਅਕਤੂਬਰ 1999 ਅਤੇ ਮੁਮਬਈ 18 ਅਕਤੂਬਰ 2001
ਸੀ.ਆਰ.ਅਸਲਮ,(ਸਾਬਕਾ ਕਮਊਨਿਸਟ ਰਹਨੁਮ),ਲਾਹੌਰ,14 ਦਸੰਬਰ 1999
ਅਜ਼ੀਜ਼ ਮਜ਼ਹਰ ਅਲੀ,ਲੰਡਨ,18 ਮਈ 2002
ਤਾਹਿਰਾ ਮਜ਼ਹਰ ਅਲੀ,ਲਾਹੌਰ,25 ਅਪ੍ਰੈਲ 2003
ਕਰਨਲ.(ਰਿ.) ਨਾਦਿਰ ਅਲੀ,5 ਅਪ੍ਰੈਲ 2003
ਸਈਦ ਅਫਜ਼ਲ ਹੈਦਰ,ਲਾਹੌਰ,13 ਅਪ੍ਰੈਲ 2003
ਅਹਿਮਦ ਬਸ਼ੀਰ, 22 ਅਪ੍ਰੈਲ 2003
ਹਰਕਿਸ਼ਨ ਸਿੰਘ ਸੁਰਜੀਤ, ਜੇਨਰਲ ਸੇਕਰੇਟਰੀ, ਕਮਊਨਿਸਟ ਪਾਰਟੀ ਔਫ ਇੰਡੀਆ (ਮਾਰਕਸਿਸਟ),18 ਅਕਤੂਬਰ 1999
ਮਹੱਮੂਦਾ ਬੇਗੁਮ,9 ਦਸੰਬਰ 2004
ਪ੍ਰੋਫੇਸਰ ਕਿਰਪਾਲ ਸਿੰਘ, ਚੰਡੀਗੜ, 2 ਜਨਵਰੀ 2005
ਮੌਲਾਨਾ ਹਬੀਬੁਰ ਰਹਮਾਨ ਸਾਨੀ, ਲੁਧਿਆਣਾ,4 ਜਨਵਰੀ 2005
ਪ੍ਰੋਫੇਸਰ ਵੀ.ਐਨ.ਦੱਤਾ,ਸਾਬਕਾ ਇਤਿਹਾਸਕਾਰ, ਨਵੀਂ ਦਿੱਲੀ, 10 ਜਨਵਰੀ 2005
ਆਜ਼ਿਮ ਹੁਸੈਨ,(ਸਰ ਫ਼ਜ਼ਲ-ਇ-ਹੁਸੈਨ ਦੇ ਬੇਟੇ) ਲੰਡਨ,6 ਜੁਨ 2005


Muslim Majority Districts
Non-Muslim Majority Districts
States
NORTH WEST FRONTIER PROVINCE
BALUCHISTAN
UNITED PROVINCES
Attock
Rawalpindi
Jhelum
Mianwali
Jammu & Kashmir State
Chamba State
Gujrat
Jhelum
Chenab
Sialkot
Gurdaspur
Shahpur
Gujranwala
Indus
Kangra
Beas
Hoshiarpur
Amritsar
Mandi State
Kapurthala State
Sheikhupura
Ravi
Bashahar State
Simla Hill States
Lyallpur
Lahore
Jhang
Jullundur
Sutlej
Simla
Kot Khai
Ludhiana
Muzaffargarh
Montgomery
Ferozepur
Patiala State
Ambala
Punjab States
Multan
Karnal
Dera Ghazi Khan
Hissar
Bahawalpur State
Rajputana States
Rohtak
Indus
Delhi

ਪਹਿਲਾ ਚਰਣ: ਲਹੂਲੁਹਾਨ ਪੰਜਾਬ, ਜਨਵਰੀ 1945-ਮਾਰਚ 1947

ਪਰਿਚੇ

ਪੰਜਾਬ ਦੀ ਤਕਸੀਮ ਦਾ ਪਹਿਲਾ ਚਰਣ ਜਨਵਰੀ 1945 ਤੋਂ ਲੈ ਕੇ ਮਾਰਚ 1947 ਤੱਕ ਰਿਹਾ. ਪਹਿਲਾਂ ਹੀ, ਵੀਹਵੀਂ ਸਦੀ ਦੇ ਸ਼ੁਰੂ ਤੋਂ ਮਜ਼ਬੂਬੀ ਜਾਗਰਣ ਹੋ ਰਹੇ ਸੀ. ਇਸੇ ਤਰ੍ਹਾਂ ਦੇ ਜਾਗਰਣਾਂ ਨੇ ਮਜ਼ਬੂਬੀ ਕੌਮਾਂ ਦੇ ਆਪਸੀ ਫ਼ਰਕ ਉਪਰ ਜ਼ੋਰ ਦਿੱਤਾ, ਅਤੇ ਇਸ ਦੇ ਚਲਦਿਆਂ ਉਨ੍ਹਾਂ ਦੇ ਵਿੱਚ ਤਣਾਅ ਪੈਦਾ ਹੋ ਗਿਆ. ਕੁੱਝ ਮਾਮਲਿਆਂ ਤੇ ਇਹ ਤਣਾਅ ਤਸ਼ੱਦਦ ਭਰੀ ਵਾਰਦਾਤਾਂ ਤੇ ਤਬਦੀਲ ਹੋ ਗਿਆ. 1945 ਦੇ ਇੰਤਖਾਬ ਦੀ ਮੁਹਿੰਮ ਦੇ ਦੌਰਾਨ ਇਣ ਕਾਰਵਾਇਆਂ ਨੂੰ ਵਧਾਵਾ ਮਿਲਿਆ. ਇਸ ਦੀ ਖ਼ਾਸੀਅਤ ਸੀ, ਮੁਸਲਿਮ ਲੀਗ ਦੀ, ਖ਼ਾਸ ਕਰ ਕੇ, ਯੂਨਿਅਨਿਸਟ ਪਾਰਟੀ ਦੇ ਖ਼ਿਲਾਫ ਇੱਕ ਬੇਹਦ ਜਹਰੀਲੀ ਮੁਹਿੰਮ ਛੇੜਣਾ ਅਤੇ ਸਿੱਖਾਂ, ਹਿੰਦੂਆਂ ਨੂੰ ਸ਼ੈਤਾਨ ਦੱਸਣਾ. ਇਸ ਨੇ ਮਜ਼ਬੂਬੀ ਮਾਇਨਾਰਿਟੀਆਂ ਦੇ ਦਿੱਲਾਂ ਵਿੱਚ ਖ਼ੌਫ਼ ਅਤੇ ਫ਼ਿਕਰ ਪੈਦਾ ਕਰ ਦਿੱਤਾ, ਜਦ ਕਿ ਮਜਾਰਿਟੀ ਮੁਸਲਮਾਨਾਂ ਵਿੱਚ ਤਸੱਲੀ ਦਾ ਇਹਸਾਸ ਪੈਦਾ ਹੋਇਆ. ਚੋਣ ਦੇ ਨਤੀਜੇ ਨੇ ਫ਼ਿਰਕੂ ਉਲਝਣ ਨੂੰ ਬਦਤਰ ਕਰ ਦਿੱਤਾ. ਜਦ ਕਿ ਮੁਸਲਿਮ ਲੀਗ ਸਾਫ ਤੌਰ ਤੇ, ਮੁਸਲਿਮ ਵੋਟਰਾਂ ਦੀ ਪਸੰਦ ਬਣ ਕੇ ਉਭਰੀ, ਇਸ ਦੀ ਹੈਰਾਨ ਕਰ ਦੇਣ ਵਾਲੀ ਕਾਮਯਾਬੀ, ਸਰਕਾਰ ਬਣਾਉਣ ਲਈ *ਪਾਰਲਿਆਮੇਂਟਰੀ ਮਜਾਰਿਟੀ* ਤੋਂ, ਫਿਰ ਵੀ, ਘੱਟ ਰਹਿ. ਸ਼ਿਕਸਤ ਦੇ ਬਾਅਦ, ਇੱਕ ਗੱਠਜੋੜ ਸਰਕਾਰ ਬਣਾਉਣ ਲਈ, ਪੰਜਾਬ ਯੂਨਿਅਨਸਿਟ ਪਾਰਟੀ ਨੇ ਪੰਜਾਬ ਕਾਂਗਰੇਸ ਅਤੇ ਸਿੱਖ ਪਾਰਟੀਆਂ ਨਾਲ ਹੱਥ ਮਿਲਾਇਆ. ਇਹ ਮੁਸਲਿਮ ਲੀਗ ਨੂੰ ਮੰਜ਼ੂਰ ਨਹੀਂ ਸੀ, ਜਿਸ ਨੇ *ਡਾਇਰੇਕਟ ਐਕਸ਼ਨ* (ਸਿੱਧੀ ਕਾਰਵਾਈ) ਦੀ ਚੇਤਾਵਨੀ ਦਿੱਤੀ. ਜਦ ਜਨਵਰੀ 1947 ਨੂੰ ਖ਼ਿਜ਼ਰ ਸਰਕਾਰ ਨੇ ਮੁਸਲਿਮ ਲੀਗ ਨੈਸ਼ਨਲ ਗਾਰਡਾਂ ਉਪਰ ਪਾਬੰਦੀ ਲਗਾ ਦਿੱਤੀ, ਨਤੀਜਤਨ ਇੱਕ ਅਵਾਮੀ ਮੁਜ਼ਾਹਰਾ ਹੋਇਆ ਜੋ ਹਰ ਦਿਨ ਵੱਡਾ ਅਤੇ ਹੋਰ ਜ਼ਿਆਦਾ ਵਾਰ ਹੋਣ ਲਗਾ. 20 ਫਰਵਰੀ ਨੂੰ ਬ੍ਰਿਟਿਸ਼ ਸਰਕਾਰ ਨੇ ਐਲਾਨ ਕੀਤਾ ਕਿ ਜੂਨ 1948 ਤੱਕ ਇੰਡਿਅਨਾਂ ਨੂੰ ਹਕੂਮਤ ਦੇ ਦੇਣ ਦਾ ਉਨ੍ਹਾਂ ਦਾ ਇਰਾਦਾ ਸੀ. ਖ਼ਿਜ਼ਰ ਟਿਵਾਣਾ ਨੇ ਮਹਿਸੂਸ ਕੀਤਾ ਕਿ ਇਸ ਐਲਾਨ ਨੇ ਬਿਲਕੁਲ ਇੱਕ ਨਵੇਂ ਹਾਲਾਤ ਨੂੰ ਪੈਦਾ ਕਰ ਦਿੱਤਾ ਸੀ ਅਤੇ ਇਸ ਕਰ ਕੇ ਉਨ੍ਹਾਂ ਨੇ 2 ਮਾਰਚ 1947 ਨੂੰ ਪ੍ਰੀਮੀਅਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ. ਮੁਸਲਿਮ ਲੀਗ ਨੇ ਗੱਠਜੋੜ ਲਈ ਜੋੜੀਦਾਰ ਲਭਣ ਦੀ ਕੋਸ਼ਿਸ਼ ਕੀਤੀ ਮਗਰ ਨਾਕਾਮਯਾਬ ਰਹੇ. ਇਸ ਦੇ ਚਲਦਿਆਂ 4 ਮਾਰਚ ਨੂੰ ਲਾਹੌਰ ਤੇ ਫ਼ਿਰਕੂ ਝੜਪਾਂ ਹੋਇਆਂ. ਇਸੀ ਤਰ੍ਹਾਂ ਦੀ ਝੜਪਾਂ ਅੱਮ੍ਰਿਤਸਰ, ਮੁਲਤਾਨ ਅਤੇ ਰਾਵਲਪਿੰਡੀ ਤੇ ਹੋਇਆਂ. ਇਸ ਤੋਂ ਛੋਟੇ ਪੈਮਾਣੇ ਤੇ, ਦੂਜੇ ਸ਼ਹਿਰੀ ਇਲਾਕਿਆਂ ਤੇ ਵੀ ਫ਼ਿਰਕੂ ਤਸ਼ੱਦਦ ਦਾ ਅਸਰ ਪਇਆ. ਜਦ ਕਿ ਲਾਹੌਰ ਅਤੇ ਅੱਮ੍ਰਿਤਸਰ ਵਿੱਚ ਹਲਚਲ ਅਤੇ ਸ਼ੁਰੂਆਤੀ ਝੜਪਾਂ, ਤਕਰੀਬਨ ਇੱਕ ਵਰਗੀ ਤਾਕਤ ਵਾਲੇ ਹਿੰਦੂ-ਸਿੱਖਾਂ ਅਤੇ ਮੁਸਲਿਮਾਂ ਵਿੱਚ ਸੀ; ਮੁਲਤਾਨ ਵਿੱਚ ਹਿੰਦੂ ਮਾਇਨਾਰਿਟੀ ਮੁਸਲਿਮ ਮਜਾਰਿਟੀ ਦੇ ਸਾਹਮਣੇ ਬਿਲਕੁਲ ਕਮਜੋਰ ਸੀ. ਰਾਵਲਪਿੰਡੀ ਸ਼ਹਿਰ ਵਿੱਚ, ਸ਼ੁਰੂਆਤੀ ਮੁਕਾਬਲਾ ਬਰਾਬਰ ਸੀ. ਦਰਅਸਲ, ਸਿੱਖ ਹਾਵੀ ਹੋ ਗਿਐ ਮਗਰ ਜਦ ਤਸ਼ੱਦਦ ਪਿੰਡਾਂ ਤੇ ਫ਼ੈਲ ਗਿਆ, ਤੇ ਹਥਿਆਰਬੰਦ ਮੁਸਲਿਮ ਜਮਘਟੇ ਨੇ ਸਿੱਖ ਪਿੰਡਾ ਨੂੰ, ਬਦਲਾ ਲੈਣ ਲਈ ਤਬਾਹ ਕਰ ਦਿੱਤਾ. ਇਸ ਦੇ ਬਾਵਜੂਦ ਕਿ ਪੰਦਰਵਾੜੇ ਦੀ ਰਿਪੋਰਟਾਂ ਜੋ ਪੰਜਾਬ ਗਵਰਨਰ ਅਤੇ ਮੁੱਖ ਸਵਿੱਚ ਦੋਨਾਂ ਦੀ ਰਿਪੋਰਟਾਂ ਉਪਰ ਅਧਾਰਿਤ ਸੀ, ਅਤੇ ਜਿਨ੍ਹਾਂ ਨੇ ਹਿੰਦੂ, ਸਿੱਖ ਅਤੇ ਮੁਸਲਿਮ ਕੌਮਾਂ ਦੀ 'ਫ਼ੈਜ਼' ਬਣਾਉਨ ਦੀ ਚੇਤਾਵਣੀ ਵੀ ਦਿੱਤੀ ਸੀ, ਲਗਦਾ ਹੈ ਸਰਕਾਰ ਇਣ ਹਾਲਾਤਾਂ ਦਾ ਮੁਕਾਬਲਾ ਕਰਣ ਲਈ ਤਿਆਰ ਨਹੀਂ ਸੀ. ਪਰ, 10-15 ਦਿਨਾਂ ਦੇ ਅੰਦਰ ਸਰਕਾਰ ਨੇ ਕਾਨੂੰਨ ਅਤੇ ਵਿਵਸਥਾ ਬਹਾਲ ਕਰ ਦਿੱਤੇ ਮਗਰ ਸਧਾਰਣ ਹਾਲਾਤ ਜਾਂ ਅਮਨ ਨਹੀਂ. ਸੈਕੜੇਂ ਮੌਤਾਂ ਹੋਇਆਂ ਅਤੇ ਕਾਫ਼ੀ ਲੋਕ ਜ਼ਖਮੀ ਹੋਏ ਹੋਰ ਇਸ ਦੌਰਾਨ ਹੋਈ ਲੂਟ-ਪਾਟ ਨਾਲ ਕੀਤਾ ਗਿਆ ਨੁਕਸਾਨ ਦਾ ਮਤਲਬ ਇਹ ਸੀ ਕਿ, ਤਸ਼ੱਦਦ ਵਾਲੀ ਜਿਸ ਸਿਆਸਤ ਦਾ ਆਘਾਜ਼ ਅਗਸਤ 1946 ਨੂੰ ਕਲਕੱਤੇ ਹੋਇਆ ਸੀ, ਅਤੇ ਇੰਡੀਆ ਦੇ ਦੂਜੇ ਇਲਾਕਿਆਂ ਤੇ ਫੈਲਿਆ ਸੀ, ਇਹ ਹੁਣ ਪੰਜਾਬ ਆ ਪਹੁੰਚਿਆ ਸੀ. ਇਸ ਪਹਿਲੇ ਚਰਣ ਤੇ ਪਹਿਲਾਂ ਤੋਂ ਹੀ ਪੰਜਾਬ ਦੀ ਤਕਸੀਮ ਦੀ ਸੋਚ ਬਣਨੀ ਸ਼ੁਰੂ ਹੋ ਚੁਕੀ ਸੀ: ਅਗਰ ਇੰਡੀਆ ਦੀ ਤਕਸੀਮ ਹੁੰਦੀ ਹੈ ਤੇ ਪੰਜਾਬ ਦਾ ਵੀ

ਇੰਡੀਆ ਵਰਗਾ ਹਾਲ ਹੋਵੇ.

ਪੰਜਾਬ ਦੀ ਤਕਸੀਮ ਲਈ ਸ਼ਿੱਖਾਂ ਦੀ ਮੰਗ ਦੀ ਹਿਮਾਇਤ ਕਰਦਾ, ੪ ਮਾਰਚ ਦਾ ਕਾਂਗਰੇਸੀ ਮਤਾ

ਇਸ ਤਰਕ ਨੂੰ ਤਦ ਤਿਆਰ ਕੀਤਾ ਗਿਆ, ਜਦ 8 ਮਾਰਚ 1947 ਨੂੰ ਦਿੱਲੀ ਤੇ ਇੱਕ ਬੈਠਕ ਹੋਈ, ਜਿਸ ਵਿੱਚ ਕਾਂਗਰੇਸ ਕਾਰਜ ਕਮੇਟੀ ਨੇ ਸਾਫ਼ ਤੌਰ ਤੇ, ਸਿੱਖਾਂ ਦੇ ਪੰਜਾਬ ਬਾਰੇ ਅਸੂਲ ਦੀ ਹਿਮਾਇਤ ਕੀਤੀ. ਕਾਂਗਰੇਸ ਨੇ ਇੱਕ *ਰੇਜੋਲੂਉਸ਼ਨ* (ਮਤਾ) ਅਖ਼ਤਿਆਰ ਕੀਤਾ, ਜਿਸ ਵਿੱਚ ਇਹ ਕਿਹਾ ਗਿਆ ਕਿ ਉਸ ਸੂਬੇ ਵਿੱਚ ਹੋਈ ਤ੍ਰਾਸਦੀਆਂ ਦੇ ਮੱਦੇ-ਨਜ਼ਰ, ਕੋਈ ਤਰੀਕਾ ਲੱਭਿਆ ਜਾਵੇ ਤਾਂਕਿ ਬਹੁਤ ਘੱਟ ਜ਼ਬਰਦਸਤੀ ਹੋਵੇ. 'ਇਸ ਦੇ ਚਲਦਿਆਂ ਪੰਜਾਬ ਦੀ ਦੋ ਸੂਬਿਆਂ ਵਿੱਚ ਤਕਸੀਮ ਲਾਜ਼ਮੀ ਹੋਵੇਗੀ, ਤਾਂਕਿ ਗੈਰ-ਮੁਸਲਿਮ ਹਾਵੀ ਹਿੱਸੇ ਨੂੰ ਮੁਸਲਿਮ ਹਾਵੀ ਹਿੱਸੇ ਤੋਂ ਅਲਗ ਕੀਤਾ ਜਾ ਸਕੇ' (*ਪਾਕਿਸਤਾਨ ਟਾਇਮਸ, 10 ਮਾਰਚ 1947*). ਇਸ *ਰੇਜੋਲੂਉਸ਼ਨ* (ਮਤਾ) ਦੇ ਬਾਅਦ, ਪੰਜਾਬ ਦਾ ਮਸਲਾ, ਕੋਈ ਸੂਬਾਈ ਮਾਮਲਾ ਨਹੀਂ ਰਹਿ ਗਿਆ ਸੀ. ਨਾ ਸਿਰਫ਼ ਸਿੱਖ ਬਲਕਿ ਹੁਣ ਕਾਂਗਰੇਸ ਵੀ ਪੰਜਾਬ ਦੇ ਭੱਵਿਖ ਨੂੰ, ਇੱਕ ਨਾ ਸੁਲਝਣ ਵਾਲਾ ਮਸਲਾ ਬਣਾ ਕੇ, ਇੰਡੀਆ ਦੇ ਭੱਵਿਖ ਨਾਲ ਜੋੜਣ ਵਾਲੀ ਸੀ. ਪਰ, ਪੰਜਾਬ ਦੇ ਭੱਵਿਖ ਉਪਰ ਆਖਰੀ ਫ਼ੈਸਲਾ ਕੁੱਝ ਮਹੀਨੇ ਬਾਅਦ ਹੋਣਾ ਸੀ.

4

ਪੰਜਾਬ ਦੇ ਇੰਤਖਾਬ ਅਤੇ ਗੱਠਜੋੜ ਸਰਕਾਰ,1945-46

ਵਿਆਪਕ ਸੰਦਰਭ

ਯੂ.ਕੇ. ਵਿੱਚ ਕਨਸਰਵੇਟਿਵ ਪਾਰਟੀ ਇੰਤਖਾਬ ਹਾਰ ਗਈ ਅਤੇ ਆਲਮੀ ਜੰਗ ਤੋਂ ਬਾਅਦ, ਲੇਬਰ ਪਾਰਟੀ ਦੀ ਹਕੂਮਤ ਬਣੀ. ਵਜ਼ੀਰ-ਏ-ਆਜ਼ਮ ਕਲੀਮੇਂਟ ਐਟਲੀ ਨੇ ਇਹ ਗੱਲ ਮੰਜ਼ੂਰ ਕਰ ਲੀਤੀ ਸੀ ਕਿ ਬ੍ਰਿਟੇਨ ਨੂੰ ਬੋਰੀਆ ਬਿਸਤਰ ਬੱਨ੍ਹ ਕੇ ਜਲਦ ਹੀ ਇੰਡੀਆ ਛੱਡਣਾ ਪਏਗਾ. ਇਸ ਕਰ ਕੇ, ਉਸ ਨੇ ਉਹ ਕਾਰਵਾਈ ਕਰਣੀ ਸ਼ੁਰੂ ਕਰ ਦਿੱਤੀ ਜੋ ਇੰਡੀਆ ਨੂੰ ਹਕੂਮਤ, ਚੰਗੇਰੇ ਤੌਰ ਤੇ ਇਤਹਾਦੀ ਹਾਲ ਵਿੱਚ ਅਤੇ ਬਤੌਰ ਬ੍ਰਿਟਿਸ਼ ਕੌਮਨਵੇਲਥ ਦੇ ਇੱਕ ਸਦੱਸ ਦੀ ਤਰ੍ਹਾਂ, ਦੇ ਦੇਵੇ. ਅਗਰ ਉਹ ਨਾਕਾਮਯਾਬ ਹੋ ਜਾਂਦਾ ਸੀ ਤੇ, ਇੰਡੀਆ ਅਤੇ ਪਾਕਿਸਤਾਨ ਨੂੰ ਜੋਰ ਦੇ ਕੇ ਹਦਾਇਤ ਦਿੱਤੀ ਜਾਵੇ ਕਿ ਉਹ ਕੌਮਨਵੇਲਥ ਦੇ ਵਿੱਚ ਰਹਿਣ. ਨਤੀਜੇ ਦੇ ਤੌਰ ਤੇ, ਇੰਡੀਆ ਦੇ ਇੰਤਖਾਬ ਦਾ ਐਲਾਨ, 21 ਅਗਸਤ ਨੂੰ ਦਿੱਲੀ ਵਿੱਚ ਹੋਇਆ. ਝੱਟ-ਪਟ ਸਮੁੱਚੇ ਇੰਡੀਆ ਵਿੱਚ ਇੰਤਖਾਬ ਦੀ ਮੁਹਿੰਮ ਸ਼ੁਰੂ ਹੋ ਗਈ, ਪਰ ਕਾਂਗਰੇਸ ਬਹੁਤ ਦਿਕੱਤ ਵਿੱਚ ਸੀ ਕਿਉਂਕਿ ਅੰਗ੍ਰੇਜਾਂ ਨੂੰ ਇੰਡੀਆ ਤੋਂ ਬਾਹਰ ਕਰਣ ਅਤੇ ਕਾਂਗਰੇਸ ਨੂੰ ਹਕੂਮਤ ਦੇਣ ਲਈ, ਮਹਾਤਮਾ ਗਾਂਧੀ ਦੇ ਸ਼ੁਰੂ ਕੀਤੇ *ਕਵੀਟ ਇੰਡੀਆ* (ਭਾਰਤ ਛੋੜੋ) ਅੰਦੋਲਨ ਤੇ ਹਿੱਸਾ ਲੈਣ ਕਰ ਕੇ ਜ਼ਿਆਦਾਤਰ ਕਾਂਗਰੇਸੀ ਆਗੂ, ਅਗਸਤ 1942 ਤੋਂ ਕੈਦ ਵਿੱਚ ਸਨ. ਕਾਂਗਰੇਸ ਚਾਉਂਦੀ ਸੀ ਕਿ ਇੰਡੀਆ ਇਕੱਠਾ ਰਹੇ, ਜਦ ਕਿ ਮੁਸਲਿਮ ਲੀਗ ਇੱਕ ਅਲਗ ਮੁਲਕ, ਪਾਕਿਸਤਾਨ ਦੀ ਹਿਮਾਇਤ ਕਰਦੀ ਸੀ.

ਇੰਤਖਾਬ ਦੋ ਚਰਣਾ ਤੇ ਹੋਏ- ਪਹਿਲਾ ਕਨਸਟੀਚਯੁਏਂਟ ਅਸੇਂਬਲੀ ਲਈ ਅਤੇ ਦੂਜਾ *ਪ੍ਰੋਵਿਨਿਸਿਅਲ ਅਸੇਂਬਲਿਆਂ* ਲਈ. ਦੂਜਾ ਇੰਤਖਾਬ ਪੰਜਾਬ ਦੇ ਭੱਵਿਖ ਦੇ ਮੁਤਾਲਿਕ ਸੀ ਕਿਉਂਕਿ ਮੁਸਲਿਮ ਲੀਗ ਨੇ *ਕਨਸਟੀਚਯੁਏਂਟ ਅਸੇਂਬਲੀ* ਦੀ ਕਾਰਵਾਈ ਵਿੱਚ ਕੋਈ ਹਿੱਸਾ ਨਹੀਂ ਲੀਤਾ ਸੀ ਹੋਰ ਆਪਣਾ ਧਿਆਨ ਪਾਕਿਸਤਾਨ ਦੀ ਮੰਗ ਉਪਰ ਲਗਾਇਆ ਸੀ. ਨਤੀਜਿਆਂ ਨੇ ਦੋਵੇ ਪਾਰਟੀਆਂ ਦੇ ਮੁਖ਼ਤਲਿਫ਼ ਦਾਅਵੇਆਂ ਨੂੰ ਸਹੀ ਸਾਬਤ ਕੀਤਾ. ਕਾਂਗਰੇਸ ਨੇ 1585 ਜਨਰਲ ਸੀਟਾਂ ਤੋਂ 905 ਸੀਟਾਂ ਜਿੱਤੀਆਂ ਜਦ ਕਿ ਮੁਸਲਿਮ ਲੀਗ ਦੇ ਫ਼ਾਇਦੇ ਹੋਰ ਜ਼ਿਆਦਾ ਮੁਤਾਸਰ ਕਰਦੇ ਸੀ. ਲੀਗ ਨੇ 495 ਮੁਸਲਿਮ ਰਿਜਰਵ ਸੀਟਾਂ ਤੋਂ 440 ਸੀਟਾਂ ਜਿੱਤੀਆਂ (Allana, 1977: 396). ਇਸ ਦੇ ਬਾਅਦ ਸੰਵਿਧਾਨਕ ਫਾਰਮੁਲਾ ਲੱਭਣ ਲਈ ਜੋ ਦੋਵੇਂ ਅਹਿਮ ਮੁਖ਼ਾਲਫ਼ਤੀ ਪਾਰਟੀਆਂ, ਕਾਂਗਰੇਸ ਅਤੇ ਮੁਸਲਿਮ ਲੀਗ ਨੂੰ ਮੰਜ਼ੂਰ ਹੋਵੇ, ਉਸ ਬਾਰੇ, ਜ਼ਬਰਦਸਤ ਹਰਕਤਾਂ ਸ਼ੁਰੂ ਹੋ ਗਈਆਂ. ਇਹ ਨਾਮੁਮਕਿਨ ਸਾਬਤ ਹੋਣ ਵਾਲਾ ਸੀ.

27 ਦਸੰਬਰ 1945 ਦਾ ਸਭ ਤੋਂ ਖੁਫ਼ੀਆ ਬ੍ਰੇਕਡਾਉਨ ਪਲਾਨ

(ਵਿਵਸਥਾ ਟੁਟਣ ਦੇ ਨਾਕਾਮੀ ਦੇ ਬਾਅਦ ਦਾ ਮਨਸੂਬਾ)

ਖੁਫ਼ੀਆ ਸੇਵਾਵਾਂ ਅਤੇ ਬ੍ਰਿਟਿਸ਼ ਇੰਡਿਅਨ ਫ਼ੌਜ਼ ਦੇ *ਕਮਾਂਡਰ-ਇਨ-ਚੀਫ, ਜੈਨਰਲ ਆਉਚਿਨਲੇਕ* ਇਹ ਖਿਆਲ ਰਖਦੇ ਸੀ ਕਿ 1946 ਦੀ ਗਰਮੀਆਂ ਤੇ ਦੂਰ ਤੱਕ ਗੜਬੜੀ ਫੈਲਣ ਦਾ ਡਰ ਸੀ. ਇਸ ਦੇ ਇਲਾਵਾ, ਵਾਇਸਰਾਏ ਵੇਵੇਲ ਮੁਖ਼ਤਲਿਫ਼ ਪਾਰਟਿਆਂ ਦੇ ਵਿੱਚ ਗੱਲਬਾਤ ਕਰ ਕੇ ਕੋਈ ਫੈਸਲਾ ਹੋਣ ਬਾਰੇ ਨਿਰਾਸ਼ਾਵਾਦੀ ਸਨ. 27 ਦਸੰਬਰ 1945 ਨੂੰ ਇੱਕ ਬਹੁਤ ਹੀ ਖੁਫ਼ੀਆ ਇਤਲਾਹ ਮਾਰਫ਼ਤ ਉਨ੍ਹਾਂ ਨੇ *ਇੰਡੀਆ ਔਫੀਸ ਦੇ ਸੇਕ੍ਰੇਟਰੀ ਔਫ ਸਟੇਟ*, ਲੈਰਡ ਪੇਥਿਕ-ਲਾਉਰੇਂਸ ਨੂੰ ਇੱਕ *ਬ੍ਰੇਕਡਾਉਨ ਪਲਾਨ* ਭੇਜਿਆ. ਇਸ ਦੇ ਵਿੱਚ ਉਨ੍ਹਾਂ ਨੇ ਜ਼ੋਰ ਦਿੱਤਾ ਕਿ ਕਾਨੂੰਨ ਅਤੇ ਵਿਵਸਥਾ ਦੇ ਹਾਲਾਤ, 'ਮੁਸਲਿਮ ਲੀਗ ਦੀ ਨੁਮਾਇੰਦਗੀ ਅਤੇ ਹਿਫ਼ਾਜ਼ਤ ਦੀ ਬੇਹਦ ਜ਼ਿਆਦਾ ਜ਼ਰੂਰਤਾਂ; ਜਾਂ ਕਾਂਗਰੇਸ ਦੀ ਮੰਗ ਕਿ ਗਵਰਨਰ ਦੀ ਵੀਟੋ ਦੀ ਤਾਕਤ ਨੂੰ ਖ਼ਤਮ ਕੀਤਾ ਜਾਵੇ ਜਾਂ ਉਸ ਨੂੰ ਘੱਟ ਅਸਰਦਾਰ ਕਰ ਦਿੱਤਾ ਜਾਵੇ', ਦੇ ਚਲਦੇ, ਬੇਹਦ ਖ਼ਤਰਨਾਕ ਸਤਰ ਤੱਕ ਵਿਗੜ ਸਕਦੇ ਨੇ (Mansergh and Moon,1976: 700). ਜੋ ਹੋ ਰਿਹਾ ਸੀ, ਉਸ ਤੋਂ ਬਚਣ ਲਈ ਵੇਵੇਲ ਨੇ ਇੱਕ ਮਨਸੂਬੇ ਦਾ ਮਸ਼ਵਰਾ ਦਿੱਤਾ, ਜਿਸ ਦੇ ਵਿੱਚ ਹਕੂਮਤ ਕਨਸਟੀਚਯੁਸ਼ਨਲ (ਸੰਵਿਧਾਨਕ) ਮਸਲੇ ਦੇ ਹੱਲ ਵਾਸਤੇ, ਇੱਕ ਅਵਾਰਡ ਦਾ ਐਲਾਨ ਕਰਣ ਲਈ ਤਿਆਰ ਰਹਿੰਦੀ. ਉਸ ਨੇ ਗੌਰ ਕੀਤਾ:

> a. ਅਗਰ ਮੁਸਲਿਮ, ਸੱਚੇ ਤੌਰ ਤੇ ਮੁਸਲਮਾਨ ਇਲਾਕਿਆਂ ਤੇ, ਸਵੈ-ਇਰਾਦੇ ਲਈ ਜ਼ੋਰ ਦੇਂਦੇ ਨੇ, ਤੇ ਇਸ ਨੂੰ ਮੰਜ਼ੂਰ ਕਰ ਲੀਤਾ ਜਾਵੇ.
> b. ਦੂਜੀ ਤਰਫ਼, ਇੱਕ ਵੱਡੀ ਗੈਰ-ਮੁਸਲਿਮ ਆਬਾਦੀ ਨੂੰ ਪਾਕਿਸਤਾਨ ਵਿੱਚ ਰਹਿਣ ਲਈ ਮਜਬੂਰ ਕਰਣ ਦਾ ਕੋਈ ਸਵਾਲ ਹੀ ਨਹੀਂ ਪੈਦਾ ਹੁੰਦਾ ਹੈ (Ibid.).

ਇਸ ਸੋਚ ਨੂੰ ਜਾਰੀ ਰੱਖਦੇ ਹੋਏ ਵੇਵੇਲ ਟਿੱਪਣੀ ਕਰਦੇ ਨੇ:

> ਅਗਰ ਇਣ ਅਸੂਲਾਂ ਨੂੰ ਮੱਨ ਕੇ ਚਲਿਆ ਜਾਵੇ ਤੇ ਇਸ ਦਾ ਨਤੀਜਾ ਇਹ ਹੋਵੇਹਾ ਕਿ ਪੰਜਾਬ ਦੀ ਘੱਟ ਤੋਂ ਘੱਟ ਦੋ ਡਿਵੀਜਨਾਂ (ਜਲੰਧਰ ਅਤੇ ਅੰਬਾਲਾ) ਹੋਰ ਕਲਕੱਤਾ ਸਮੇਤ ਸਾਰੇ ਪੱਛਮ ਬੰਗਾਲ ਨੂੰ, ਇਸ ਯੁਨਿਅਨ (ਕਾਂਗਰੇਸੀ ਹਕੂਮਤ ਵਾਲਾ ਇੰਡੀਆ) ਵਿੱਚ ਸ਼ਾਮਲ ਹੋਣ ਦੀ ਇਜ਼ਾਜ਼ਤ ਦੇਣੀ ਪਏਗੀ. ਮੁਸਲਮਾਨਾਂ ਲਈ, ਪਾਕਿਸਤਾਨ ਦੀ ਕਸ਼ਿਸ਼, ਇੱਕ ਵੱਡੀ ਹੱਦ ਤੱਕ ਗਾਇਬ ਹੋ ਜਾਵੇਗੀ. ਸਿਰਫ਼,"ਭੂਸੀ", ਜਿਨਾਹ ਦੇ ਹੀ ਲਫ਼ਜ਼ਾਂ ਵਿਚ, ਬਚੀ ਰਹਿ ਜਾਵੇਗੀ.

ਉਸ ਨੇ ਬ੍ਰਿਟਿਸ਼ ਹਕੂਮਤ ਨੂੰ ਤਾਕੀਦ ਕੀਤੀ ਕਿ ਉਹ ਉਸ ਨੂੰ ਖੁਲ੍ਹੀ ਗੱਲਬਾਤ ਕਰਣ ਲਈ ਮੁਖਤਾਰ ਬਣਾਉਣ, ਜਿਸ ਦੇ ਵਿੱਚ ਉਹ ਜਿਨਾਹ ਨੂੰ, ਪੰਜਾਬ ਅਤੇ ਬੰਗਾਲ ਦੀ ਤਕਸੀਮ ਦੇ ਅਵਾਰਡ ਦਾ ਐਲਾਨ ਕਰਣ ਦੀ, ਧਮਕੀ ਦੇਨਗੇ. ਉਸ ਨੇ ਇਹ ਵੀ ਕਿਹਾ:

> ਇਹ ਮੁਮਕਿਨ ਹੈ ਕਿ ਜਿਨਾਹ ਇੱਕ ਸਹੀ ਬਿਆਨ ਲਈ ਦਬਾਅ ਦੇਣਗੇ, ਜਿਸ ਵਿੱਚ ਇਹ ਹੋਵੇਗਾ ਕਿ 'ਸੱਚੇ ਤੌਰ ਤੇ ਮੁਸਲਿਮ ਇਲਾਕਿਆਂ' ਨੂੰ ਕਿਸ ਤਰ੍ਹਾਂ HMG ਤਕਸੀਮ ਕਰੇਗੀ...ਇਸ ਦਰਖ਼ਾਸਤ ਦੇ ਮੱਦੇ-ਨਜ਼ਰ, ਮੇਰੇ ਖਿਆਲ ਤੇ, ਸਾਨੂੰ ਹੱਦਬੰਦੀ ਦਾ ਇੱਕ ਵੇਰਵਾ ਤਿਆਰ ਰੱਖਣਾ ਚਾਹੀਦਾ ਹੈ. ਇੱਕ ਮੁਸ਼ਕਲ ਹੈ, ਅਤੇ ਕੋਈ ਵੀ ਤਰਕੀਬ, ਸਿੱਖਾਂ ਲਈ ਇੱਕ ਗੰਭੀਰ ਮੁਸੀਬਤ ਪੈਦਾ ਕਰੇਗੀ, ਮਗਰ ਮੈਂ ਜਲਦ ਹੀ ਇਣ ਪ੍ਰਸਤਾਵਾਂ ਨੂੰ ਪੇਸ਼ ਕਰਾਂਗਾ (Ibid: 701).

ਵੇਵੇਲ ਨੇ ਸੋਚਿਆ ਕਿ ਇਸੇ ਤਰ੍ਹਾਂ ਦੀ ਤਰਕੀਬ, ਜਿਨਾਹ ਨੂੰ ਇੱਕ ਇਤਹਾਦੀ ਇੰਡੀਆ ਦੇ ਅੰਦਰ ਹੀ, ਉਸ ਦੇ ਮੁਸਲਮਾਨ ਮਦਦਗਾਰਾਂ ਲਈ ਸਭ ਤੋਂ ਜ਼ਿਆਦਾ ਬਿਹਤਰੀ ਲਈ, ਕੱਮ ਕਰਣ ਨੂੰ ਪ੍ਰੇਰਿਤ ਕਰੇਗਾ. ਇਸ ਦੇ ਨਾਲ ਹੀ, ਪਾਕਿਸਤਾਨ ਦੇ ਅਸੂਲ ਨੂੰ ਮਜ਼ੂਰ ਕਰਦੇ ਹੋਏ, ਵੇਵੇਲ ਨੇ ਇਸ ਦੇ ਖੇਤਰ ਨੂੰ ਪੱਕਾ ਨਾ ਕਰਣ ਦੇ ਖਿਆਲ ਦੀ ਮੁਖ਼ਾਲਫ਼ਤ ਕੀਤੀ. ਉਸ ਨੇ ਜ਼ੋਰ ਦਿੱਤਾ ਕਿ ਕੋਈ ਵੀ ਅਵਾਰਢ ਭਾਵੇਂ ਦੁਨੀਆ ਦੀ ਨਜ਼ਰ ਤੇ ਵਾਜ਼ਬ ਹੋਵੇ, ਮਗਰ ਮੁਸਲਿਮ ਲੀਗ ਇਸ ਨੂੰ ਸ਼ਾਇਦ ਹੀ ਮੱਨੇ, ਕਿਉਂਕਿ ਇਸ ਦਾ ਨਤੀਜਾ ਗੰਭੀਰ ਫ਼ਿਰਕੂ ਝਗੜਾ ਹੋਵੇਗਾ (Ibid.).

ਵੇਵੇਲ ਨੇ 7 ਫਰਵਰੀ 1946 ਨੂੰ ਹੱਦਬੰਦੀ ਦਾ ਮਨਸੂਬਾ ਪੇਸ਼ ਕੀਤਾ

7 ਫਰਵਰੀ 1946 ਨੂੰ ਆਪਣੇ ਬ੍ਰੇਕਡਾਉਨ ਪਲਾਨ ਨੂੰ ਜਾਰੀ ਰੱਖਦੇ ਹੋਏ, ਵੇਵੇਲ ਨੇ ਪੇਥਿਕ-ਲਾਉਰੇਂਸ ਨੂੰ ਆਪਣਾ ਖ਼ਿਆਲ ਜ਼ਾਹਰ ਕੀਤਾ ਕਿ ਅਗਰ ਮਜਬੂਰਨ ਕੋਈ ਅਵਾਰਡ ਦੇਣਾ ਪਵੇ ਤੇ 'ਸੱਚੇ ਮੁਸਲਿਮ ਇਲਾਕਿਆਂ'(Ibid: 912) ਵਿੱਚ ਇਨ੍ਹਾਂ ਦੀ ਸ਼ੁਮਾਰੀ ਹੋਣੀ ਚਾਹੀਦੀ ਹੈ:

1. (a) ਸਿੰਧ, ਨੈਰਥ ਵੇਸਟ ਫ੍ਰੰਟਿਅਰ ਪ੍ਰੋਵਿੰਸ, ਬ੍ਰਿਟਿਸ਼ ਬਲੁਚਿਸਤਾਨ ਅਤੇ ਪੰਜਾਬ ਦੀ ਰਾਵਲਪਿੰਡੀ, ਮੁਲਤਾਨ ਅਤੇ ਲਾਹੌਰ ਡਿਵੀਜਨਾਂ (ਅੱਮ੍ਰਿਤਸਰ ਅਤੇ ਗੁਰਦਾਸਪੁਰ ਜਿਲ੍ਹੇਆਂ ਨੂੰ ਛੜ ਕੇ).

(b) ਬੰਗਾਲ ਵਿੱਚ, ਚਿਟਾਗੌਂਗ ਅਤੇ ਢਾਕਾ ਡਿਵੀਜਨਾਂ, ਰਾਜਸ਼ਾਹੀ ਡਿਵੀਜ਼ਨ (ਜਲਪਾਈਗੁਰੀ ਅਤੇ ਦਾਰਜਿਲਿੰਗ ਨੂੰ ਛੜ ਕੇ), ਪ੍ਰੇਸਿਡੇਂਸੀ ਡਵਿਜਨ ਦੇ ਨਦਿਆ, ਮੁਰਸ਼ਿਦਾਬਾਦ ਅਤੇ ਜੇਸੌਰ ਜਿਲ੍ਹੇ; ਅਤੇ ਆਸਾਮ ਦਾ ਸਿਲਹੱਟ ਜਿਲ੍ਹਾ.

2. ਪੰਜਾਬ ਵਿੱਚ ਸਿਰਫ਼ ਇੱਕ ਮੁਸਲਿਮ ਮਜਾਰਿਟੀ ਜ਼ਿਲ੍ਹਾ ਜੋ ਪਾਕਿਸਤਾਨ ਦੇ ਅਧੀਨ ਨਹੀਂ ਜਾਵੇਗਾ ਉਹ ਹੈ ਗੁਰਦਾਸਪੁਰ (51 ਫੀਸਦੀ ਮੁਸਲਿਮ). ਗੁਰਦਾਸਪੁਰ ਨੂੰ ਜੁਗਰਾਫ਼ੀਏ ਦੀ ਵਜ੍ਹਾ ਕਰ ਕੇ ਅੱਮ੍ਰਿਤਸਰ ਦੇ ਨਾਲ ਜੁੜੇ ਰਹਿਣਾ ਪਵੇਗਾ ਅਤੇ ਅੱਮ੍ਰਿਤਸਰ ਸਿੱਖਾਂ ਦਾ ਇੱਕ ਪਵਿੱਤਰ ਸ਼ਹਿਰ ਵੀ ਹੈ, ਜਿਸ ਨੂੰ ਪਾਕਿਸਤਾਨ ਤੋਂ ਬਾਹਰ ਰਹਿਣਾ ਪਵੇਗਾ. ਅੱਮ੍ਰਿਤਸਰ ਦੀ ਇਸ ਅਹਿਮ ਵਜ੍ਹਾ ਦੇ ਇਲਾਵਾ, ਪੰਜਾਬ ਦੀ ਹੱਦਬੰਦੀ ਡਿਵੀਜਨਾਂ ਦੀ ਸਰਹੱਦਾਂ ਦੇ ਉਪਰ ਕੀਤੀ ਜਾ ਸਕਦੀ ਸੀ. ਇਹ ਇੱਕ ਅਜੀਬ ਸਚਾਈ ਹੈ ਕਿ ਲਾਹੌਰ ਜ਼ਿਲ੍ਹੇ ਦੀ ਆਬਪਾਸ਼ੀ ਅੱਪਰ ਬਾਰੀ ਦੋਆਬ ਨਹਿਰ ਨਾਲ ਹੁੰਦੀ ਹੈ, ਜਿਸ ਦਾ ਹੈਡਵਰਕਸ ਗੁਰਦਾਸਪੁਰ ਜ਼ਿਲ੍ਹੇ ਤੇ ਹੈ, ਮਗਰ ਐਸਾ ਕੋਈ ਹਲ ਨਹੀਂ ਹੈ ਜੋ ਹਰ ਇਸੇ ਤਰ੍ਹਾਂ ਦੀ ਮੁਸ਼ਕਲਾਂ ਤੋਂ ਪਰੇ ਹੋਵੇ.

3. ਸਭ ਤੋਂ ਜ਼ਿਆਦਾ ਮੁਸ਼ਕਲ ਹਾਲਤ ਸਿੱਖਾਂ ਦੀ ਹੈ ਜਿਨ੍ਹਾਂ ਦੇ ਘਰ-ਬਾਰ ਅਤੇ ਧਾਰਮਕ ਸਥਾਨ ਸਰਹੱਦ ਦੇ ਦੋਵੇਂ ਪਾਸੇ ਨੇ. ਇਸ ਮਸਲੇ ਦਾ ਹੱਲ, ਕਿਸੇ ਵੀ ਤਰ੍ਹਾਂ ਦਾ ਪਾਕਿਸਤਾਨ ਨਹੀਂ ਕਰ ਸਕਦਾ ਹੈ.

ਵੇਵੇਲ ਨੇ ਇਸ ਦੇ ਬਾਅਦ ਪੰਜਾਬ ਵਿੱਚ ਸਿੱਖਾਂ ਦੀ ਆਬਾਦੀ ਦੇ ਅੰਕੜੇ ਪੇਸ਼ ਕੀਤੇ, ਜਿਸ ਦੇ ਵਿੱਚ ਰਿਆਸਤਾਂ ਵੀ ਸ਼ਾਮਲ ਸਨ. ਉਹ ਅੰਕੜਾ ਸੀ 5,116,000 ਜਿਸ ਤੋਂ 1,461,000 ਪਾਕਿਸਤਾਨ ਅਤੇ ਇੰਡੀਆ ਦੇ ਦੂਜੇ ਹਿੱਸੇ ਤੇ ਹੋਣਗੇ. ਉਸ ਨੇ ਇਹ ਵੀ ਕਿਹਾ ਕਿ ਰਾਵਲਪਿੰਡੀ ਆਪਣੀ 64,000 ਸਿੱਖਾਂ ਦੀ ਇੱਕ ਵੱਡੀ ਆਬਾਦੀ

ਨਾਲ ਅਤੇ ਨਹਿਰੀ ਕਲੋਨਿਆਂ ਲਾਇਲਪੁਰ 263,000 ਨਾਲ ਅਤੇ ਮਿੰਟਗੋਮਰੀ 175,000 ਸਿੱਖਾਂ ਨਾਲ ਪਾਕਿਸਤਾਨ ਤੇ ਹੀ ਰਹਿਣਹੇ ਕਿਉਂਕਿ ਉਹ ਮੁਸਲਿਮ ਪ੍ਰਧਾਨ ਇਲਾਕੇਆਂ ਵਿੱਚ ਸਥਿਤ ਸਨ. ਬੰਗਾਲ ਦਾ ਕਲਕੱਤਾ (ਮੁਸਲਿਮ ਆਬਾਦੀ 23 ਫ਼ੀਸਦੀ) ਵੀ ਇੰਡੀਆ ਵਿੱਚ ਰਹੇ ਜਾਂ ਇਸ ਨੂੰ ਇੱਕ ਖੁਲ੍ਹਾ ਬੰਦਰਗਾਹ ਬਣਾ ਦਿੱਤਾ ਜਾਵੇ ਅਗਰ ਦੋਵੇਂ ਪਾਰਟੀਆਂ ਕਾਮਯਾਬੀ ਨਾਲ ਕੋਈ ਇੰਤਜਾਮ ਕਰ ਲੈਣ (Ibid: 913). ਵੇਵਲ ਦਾ ਇਹ ਮਨਸੂਬਾ, ਕਿ ਕਿਸੇ ਅਵਾਰਡ ਦੇ ਐਲਾਨ ਨਾਲ, ਮੁਸਲਿਮ ਲੀਗ ਨੂੰ ਤਕਸੀਮ ਦੀ ਮੰਗ ਤੋਂ ਉਤਸਾਹਹੀਣ ਕਰਨਾ ਹੋਰ ਗੱਲਬਾਤ ਕਰ ਕੇ ਕੋਈ ਫ਼ੈਸਲਾ ਨਾ ਲੈਣਾ, ਲੰਡਨ ਤੇ ਬੈਠੀ ਬ੍ਰਿਟਿਸ਼ ਸਰਕਾਰ ਨੇ ਨਜ਼ਰਅੰਦਾਜ਼ ਕਰ ਦਿੱਤਾ. ਇਹ ਕਿਉਂ ਹੋਇਆ, ਇਸ ਦੀ ਵਜ੍ਹਾ ਬਾਰੇ ਕਦੀ ਦੱਸਿਆ ਨਹੀਂ ਗਿਆ.

ਕੈਬੀਨੇਟ ਮਿਸ਼ਨ ਪਲਾਨ

ਕਾਂਗਰੇਸ ਅਤੇ ਮੁਸਲਿਮ ਲੀਗ ਦੇ ਦਰਮਿਆਨ ਇੱਕ ਬੰਦ ਗਲੀ ਦਾ ਹੱਲ ਲੱਭਣ ਲਈ, ਇੱਕ ਉੱਚੇ ਮਾਣ ਦਾ ਬ੍ਰਿਟਿਸ਼ ਪਾਰਲਾਮੇਂਟਰੀ ਵਫ਼ਦ, ਜਿਸ ਦੇ ਤਿੰਨ ਕੈਬਿਨੇਟ ਸਤਰ ਦੇ ਵਜ਼ੀਰ, *ਲੈਰਡ ਪੇਥਿਕ-ਲਾਉਰੇਂਸ, ਸਰ ਸਟੇਫੋਰਡ ਕ੍ਰੀਪਸ ਅਤੇ ਏ.ਵੀ.ਅਲੇਕਜੇਂਡਰ* ਸਨ, ਇੰਡੀਆ ਤੇ 23 ਮਾਰਚ 1946 ਨੂੰ ਆਇਆ. ਇੱਕ ਇਤਹਾਦੀ ਇੰਡੀਆ ਦੇ ਖ਼ਿਆਲ ਦੇ ਮੱਦੇ-ਨਜ਼ਰ, ਉਨ੍ਹਾਂ ਨੇ ਹਕੂਮਤ ਦੇ ਤਬਾਦਲੇ ਲਈ ਤਫ਼ਸੀਲੀ ਨਾਲ ਗੱਲਬਾਤ ਕੀਤੀ. ਹੈਰਾਨ ਹੋਣ ਦੀ ਗੱਲ ਨਹੀਂ ਹੈ ਕਿ ਕਾਂਗਰੇਸ ਆਪਣੇ ਇਤਹਾਦੀ ਇੰਡੀਆ ਅਤੇ ਇੱਕ ਮਜਬੂਤ ਕੇਂਦਰ ਦੇ ਮਕਸਦ ਬਾਰੇ ਕੋਈ ਵੀ ਰਿਆਇਤ ਦੇਣ ਨੂੰ ਤਿਆਰ ਨਹੀਂ ਸੀਂ ਅਤੇ ਮੁਸਲਿਮ ਲੀਗ ਇੱਕ ਅਲਗ ਮੁਲਕ ਪਾਕਿਸਤਾਨ ਲਈ ਅੜੀ ਸੀ, ਜਿਸ ਵਿੱਚ ਉਪ-ਮਹਾਦੀਪ ਦੇ ਦੋ ਹਿੱਸੇ ਹੋਣ; ਇੱਕ ਉੱਤਰ ਪਛਮ ਤੇ ਅਤੇ ਇੱਕ ਉੱਤਰ-ਪੂਰਬ ਤੇ. ਇਸ ਦੇ ਨਤੀਜੇ ਦੇ ਤੌਰ ਤੇ, ਕੇਬੀਨੇਟ ਮਿਸ਼ਨ ਨੇ ਆਪਣੇ ਖੁਦ ਦੇ ਮਨਸੂਬੇ ਦਾ 16 ਮਈ 1946 ਨੂੰ ਐਲਾਨ ਕੀਤਾ. ਇਸ ਨੇ ਪਾਕਿਸਤਾਨ ਦੀ ਮੰਗ ਨੂੰ ਖ਼ਾਰਜ ਕਰ ਦਿੱਤਾ ਕਿਉਂਕਿ ਇਸ ਵਰਗੇ ਮੁਲਕ ਵਿੱਚ ਗੈਰ-ਮੁਸਲਿਮਾਂ ਦੀ ਇੱਕ ਵੱਡੀ ਤਦਾਦ ਰਹਿ ਜਾਂਦੀ: ਉੱਤਰ ਪਛਮ ਤੇ 37.93 ਫ਼ੀਸਦੀ ਅਤੇ ਉੱਤਰ-ਪੂਰਬ ਤੇ 48.31 ਫ਼ੀਸਦੀ (Mansergh and Moon, 1977: 584). ਇਸ ਦੇ ਇਲਾਵਾ ਇੰਡੀਆ ਦੀ ਬਾਕੀ ਆਬਾਦੀ 188 ਮਿਲਿਅਨ ਵਿੱਚ 20 ਮਿਲਿਅਨ ਮੁਸਲਮਾਨ ਰਹਿ ਜਾਂਦੇ. ਮਿਸ਼ਨ ਨੇ, ਇਸ ਦੇ ਬਾਅਦ ਇੱਕ ਛੋਟੇ ਪਾਕਿਸਤਾਨ ਦੇ ਬਾਰੇ ਗੌਰ ਕੀਤਾ, ਜਿਸ ਤੋਂ ਪੂਰਬੀ ਪੰਜਾਬ ਅਤੇ ਪੱਛਮ ਬੰਗਾਲ ਦੇ ਗੈਰ-ਮੁਸਲਿਮ ਇਲਾਕੇਆਂ ਨੂੰ ਵੱਖ ਕਰ ਦਿੱਤਾ ਜਾਵੇ. ਇਸ ਨੂੰ ਵੀ ਖ਼ਾਰਜ ਕਰ ਦਿੱਤਾ ਗਿਆ ਅਤੇ ਇਹ ਟਿੱਪਣੀ ਕੀਤੀ ਗਈ.

> ਅਸੀਂ ਖੁਦ ਵੀ ਯਕੀਨ ਕਰਦੇ ਹਾਂ ਕਿ ਕੋਈ ਹੱਲ ਜੋ ਪੰਜਾਬ ਅਤੇ ਬੰਗਾਲ ਦੀ ਬੁਨਿਆਦੀ ਤਕਸੀਮ ਕਰਦਾ ਹੋਵੇ, ਜੋ ਇਹ ਕਰੇਗਾ, ਉਹ ਲੋਕਾਂ ਦੀ ਇੱਕ ਬਹੁਤ ਵੱਡੀ ਤਦਾਦ ਦੇ ਫ਼ਾਇਦੇ ਅਤੇ ਖਾਹਿਸ਼ਾਂ ਦੇ ਖ਼ਿਲਾਫ ਹੋਵੇਗਾ. ਪੰਜਾਬ ਅਤੇ ਬੰਗਾਲ ਦੋਵਾਂ ਦੀ ਆਪਣੀ ਆਮ ਜ਼ਬਾਨ ਅਤੇ ਇੱਕ ਲੰਬਾ ਇਤਿਹਾਸ ਅਤੇ ਰਵਾਇਤ ਹੈ. ਇਸ ਦੇ ਇਲਾਵਾ, ਪੰਜਾਬ ਦੀ ਤਕਸੀਮ ਸਿੱਖਾਂ ਨੂੰ ਵੀ ਤਕਸੀਮ ਕਰ ਦੇਗੀ ਜੋ ਸਰਹੱਦ ਦੇ ਦੋਨੋ ਪਾਸੇ ਇੱਕ ਵੱਡੀ ਤਦਾਦ ਵਿੱਚ ਵੰਡ ਜਾਣਗੇ. ਅਸੀਂ, ਇਸ ਫ਼ੈਸਲੇ ਲਈ ਮਜਬੂਰ ਹਾਂ ਕਿ ਨਾ ਤੇ ਵੱਡਾ ਹੋਰ ਨਾ ਹੀ ਛੋਟਾ ਆਜਾਦ ਮੁਲਕ ਪਾਕਿਸਤਾਨ, ਫਿਰਕੂ ਮਸਲੇ ਦਾ ਕੋਈ ਮੰਜ਼ੂਰ ਕਰਣ ਲਾਇੱਕ ਹੱਲ ਦੇ ਸਕਦਾ ਹੈ (Ibid:585).

ਰਿਪੋਰਟ ਇਸ ਸੋਚ ਨਾਲ ਅੱਗੇ ਵੀ ਲਿਖੀ ਗਈ, ਜਿਸ ਵਿੱਚ ਇੰਤਜਾਮੀਆ, ਮਾਲੀਆ ਅਤੇ ਫ਼ੌਜ਼ੀ ਵਜ੍ਹਾਂ ਦਾ ਜ਼ਿਕਰ ਕੀਤਾ ਗਿਆ, ਜਿਸ ਦੇ ਚਲਦਿਆਂ ਇੰਡੀਆ ਦੀ ਤਕਸੀਮ ਨੂੰ ਖ਼ਾਰਿਜ ਕਰ ਦਿੱਤਾ ਗਿਆ. ਪਾਕਿਸਤਾਨ ਦੇ ਦੋ ਹਿੱਸੇ 1500 ਕਿਲੋਮੀਟਰ ਦੂਰ ਹੋਣਗੇ, ਇੰਡੀਆ ਦੇ ਖ਼ਿਲਾਫ਼ ਜੰਗ ਦੇ ਦੌਰਾਣ, ਪਾਕਿਸਤਾਨ ਨੂੰ ਬੇਹਦ ਕਮਜੋਰ ਅਤੇ ਬੇਬਚਾਵ ਬਣਾ ਦੇਗਾ. ਇਸ ਦੇ ਇਲਾਵਾ ਰਿਪੋਰਟ ਨੇ ਇਸ ਬਾਰੇ ਵੀ ਜੋਰ ਪਾਇਆ ਇਸ ਤਰ੍ਹਾਂ ਦੀ ਤਕਸੀਮ ਦੇ ਚਲਦੇ, ਸ਼ਾਹੀ ਰਿਆਸਤਾਂ ਨੂੰ, ਤਕਸੀਮ ਕੀਤੇ ਹੋਏ ਬ੍ਰਿਟਿਸ਼ ਇੰਡੀਆ ਨਾਲ ਰਿਸ਼ਤਾ ਕਾਇਮ ਕਰਣ ਲਈ ਮੁਸ਼ਕਲ ਹੋਵੇਗੀ.

ਕੈਬੀਨੇਟ ਮਿਸ਼ਨ ਮਾਰਫ਼ਤ ਪੇਸ਼ ਕੀਤੇ ਗਏ ਹੱਲ ਵਿੱਚ ਦੂਜੀ ਚੀਜਾਂ ਦੇ ਸਿਵਾਏ ਇਹ ਖ਼ਾਸ ਪੇਸ਼ਬੀਨੀਆਂ ਵੀ ਸਨ:

1. ਇੱਕ ਇੰਡਿਅਨ ਯੂਨੀਅਨ ਹੋਣੀ ਚਾਹੀਦੀ ਹੈ ਜਿਸ ਦੇ ਵਿੱਚ ਬ੍ਰਿਟਿਸ਼ ਇੰਡੀਆ ਅਤੇ ਰਿਆਸਤਾਂ ਦੋਵੇਂ ਹੋਣ, ਅਤੇ ਜੋ ਵਿਦੇਸ਼ੀ ਮਾਮਲੇ, ਹਿਫਾਜ਼ਤ ਅਤੇ ਕਮਊਨੀਕੇਸ਼ਨ ਅਤੇ ਮਾਲਗੁਜ਼ਾਰੀ ਇਕੱਠਾ ਕਰਣ ਦੀ ਤਾਕਤ ਰੱਖੇ, ਜੋ ਉਣ ਤਿੰਨੋਂ ਸਰਕਾਰੀ ਕੱਮਾਂ ਨੂੰ ਕਰ ਸਕੇ.
2. ਦੂਜੇ ਸਾਰੇ ਪਾਲਿਸੀ ਦੇ ਖੇਤਰ, ਸੂਬਿਆਂ ਨੂੰ ਦੇ ਦਿੱਤੇ ਜਾਣਗੇ.
3. ਰਿਆਸਤਾਂ, ਯੂਨੀਅਨ ਦੇ ਸਪੁਰਦ ਤਾਕਤਾ ਨੂੰ ਛੱਡ ਕੇ ਸਾਰੀ ਤਾਕਤਾਂ ਬਰਕਰਾਰ ਰੱਖਣਗੀ
4. ਸੂਬੇ ਏਕਸੇਕਯੁਟੀਵ ਅਤੇ ਲੇਜੀਸਲੇਚਰਾਂ ਨਾਲ ਸਮੂਹ ਬਣਾਉਣ ਨੂੰ ਆਜਾਦ ਹੋਣਗੇ ਅਤੇ ਹਰ ਇੱਕ ਸਮੂਹ ਸੂਬਾਈ ਵਿਸ਼ੇ ਬਾਰੇ ਫ਼ੈਸਲਾ ਕਰ ਸਕੇਗਾ ਜੋ ਕਿ ਆਮ ਹੋਣਗੇ (Ibid: 587).
5. ਯੁਨਿਅਨ ਅਤੇ ਸਮੂਹਾਂ ਦੇ ਸੰਵਿਧਾਨ ਵਿੱਚ ਇੱਕ ਇੰਤਜ਼ਾਮ ਹੋਣਾ ਚਾਹੀਦਾ ਹੈ, ਜਿਸ ਦੇ ਨਾਲ ਕੋਈ ਸੂਬਾ ਆਪਣੀ ਲੇਜੀਸਲੇਟੀਵ ਅਸੈਮਬਲੀ ਵਿੱਚ ਮਜਾਰਿਟੀ ਵੋਟ ਨਾਲ, ਦਸ ਸਾਲਾਂ ਬਾਅਦ ਅਤੇ ਉਸ ਦੇ ਬਾਅਦ ਹਰ ਦਸ ਸਾਲਾਂ ਬਾਅਦ, ਸੰਵਿਧਾਨ ਦੀ ਸ਼ਰਤਾਂ ਉਪਰ ਦੋਬਾਰਾ ਖ਼ਿਆਲ ਕਰਣ ਦੀ ਮੰਗ ਕਰ ਸਕਦਾ ਹੈ (Ibid.).
6. ਤਿੰਨ ਸਮੂਹਾਂ ਦੀ ਨੁਮਾਇੰਦਗੀ ਹੋਣੀ ਚਾਹਿਦੀ ਹੈ: ਪ੍ਰੋਵਿੰਸਿਅਲ ਲੇਜੀਸਲੇਚਰ ਵਿੱਚ ਜਨਰਲ (ਹਿੰਦੂ ਅਤੇ ਦੂਜੇ), ਮੁਸਲਿਮ ਅਤੇ ਸਿੱਖ ਨੁਮਾਇੰਦੇ, ਹਰ ਸਮੂਹ ਆਪਣੇ ਸਦੱਸ ਦੀ ਚੁਣ ਕਰੇਗਾ.
7. ਸੂਬਿਆਂ ਨੂੰ ਲੈ ਕੇ ਤਿੰਨ ਅਨੁਭਾਗ ਜਾਂ ਸਮੂਹ ਬਣਾਉਣੇ ਚਾਹੀਦੇ ਨੇ. ਗਰੁਪ ਅ ਵਿੱਚ ਹਿੰਦੂ-ਪ੍ਰਧਾਨ ਸੂਬੇ ਮਦਰਾਸ, ਬੋਮਬੇ, ਯੁਨਾਇਟੇਡ ਪ੍ਰੋਵਿੰਸੇਸ, ਬਿਹਾਰ, ਸੇਨਟ੍ਰਲ ਪ੍ਰੋਵਿੰਸੇਸ ਅਤੇ ਉਰੀਸਾ ਹੋਣੇ ਚਾਹੀਦੇ ਨੇ. ਗਰੁਪ ਭ ਵਿੱਚ ਉਤਰ-ਪੱਛਮ ਦੇ ਮੁਸਲਿਮ-ਪ੍ਰਧਾਨ ਸੂਬੇ : ਪੰਜਾਬ, ਐਨ.ਡਬਲੁ.ਐਫ.ਪੀ ਅਤੇ ਸਿੰਧ ਹੋਣੇ ਚਾਹੀਦੇ ਨੇ. ਗਰੁਪ ਛ ਵਿੱਚ ਉਤਰ-ਪੁਰਬ ਦੇ ਮੁਸਲਿਮ-ਪ੍ਰਧਾਨ ਸੂਬੇ : ਬੰਗਾਲ ਅਤੇ ਆਸਾਮ ਹੋਣੇ ਚਾਹਿਦੇ ਨੇ.

ਇਸ ਦੇ ਬਾਅਦ *ਕਨਸਟੀਚਯੁਏਂਟ ਅਸੈਮਬਲੀ* ਉੱਪਰ, ਜੋ ਮਹਾਸੰਘ ਦੇ ਇੱਕ ਸੰਵਿਧਾਨ ਨੂੰ ਤਿਆਰ ਕਰ ਰਹੀ ਸੀ, ਕਈ ਸ਼ਰਤਾਂ ਸ਼ਾਮਲ ਕੀਤੀ ਗਈਆਂ. ਕਾਂਗਰੇਸ ਨੇ 24 ਮਈ 1946 ਦੇ ਇੱਕ ਮਤੇ ਵਿੱਚ ਇੱਕ ਬਿਆਨ ਦਿੱਤਾ ਕਿ ਉਸ ਨੂੰ ਇਹ ਪ੍ਰਸਤਾਵ ਮੰਜੂਰ ਨਹੀਂ ਨੇ, ਕਿਉਂਕਿ ਇਹ ਮੱਨਦੀ ਸੀ ਕਿ ਇੱਕ ਆਜਾਦ ਭਾਰਤ ਵਿੱਚ ਜ਼ਰੂਰੀ ਤੌਰ ਤੇ ਇੱਕ ਮਜਬੂਤ ਕੇਂਦਰੀ ਇਖ਼ਤਿਆਰ ਹੋਣਾ ਚਾਹਿਦਾ ਹੈ, ਜੋ ਤਾਕਤ ਅਤੇ ਇੰਜਤ

ਨਾਲ ਦੁਨੀਆ ਤੇ ਮੁਲਕ ਦੀ ਨੁਮਾਇੰਦਗੀ ਕਰ ਸਕਦਾ (Ibid: 679–80). ਮਾਸਟਰ ਤਾਰਾ ਸਿੰਘ ਨੇ ਇੰਡੀਆ ਦੇ ਸੇਕ੍ਰੇਟਰੀ ਔਫ ਸਟੇਟ, ਪੇਥਿਕ-ਲਾਉਰੇਂਸ ਨੂੰ 25 ਮਈ 1946 ਨੂੰ ਇੱਕ ਚਿੱਠੀ ਲਿਖੀ:

> ਸਿੱਖਾਂ ਨੂੰ ਪੂਰੀ ਤਰ੍ਹਾਂ ਮੁਸਲਿਮਾਂ ਦੇ ਰਹਿਮ ਉਪਰ ਛੱਡ ਦਿੱਤਾ ਗਿਆ ਹੈ. ਗਰੁਪ "ਬੀ" ਪੰਜਾਬ, ਐਨ.ਡਬਲੁ.ਐਫ.ਪੀ, ਸਿੰਧ ਅਤੇ ਬਲੁਚਿਸਤਾਨ...ਕੈਬੀਨਟ ਮਿਸ਼ਨ 'ਮੁਸਲਮਾਨਾਂ ਦੀ ਬੇਹਦ ਸੱਚੀ ਅਤੇ ਗੰਭੀਰ ਚਿੰਤਾ ਕਿ ਉਹ ਹਿੰਦੂ ਮਜਾਰਿਟੀ ਹਕੂਮਤ ਦੇ ਥਲੇ ਨਾ ਆ ਜਾਉਣ' ਦੀ ਪਛਾਣ ਕਰਦਾ ਹੈ. ਮਗਰ ਸਿੱਖਾਂ ਨੂੰ ਕੋਈ 'ਸੱਚੀ ਅਤੇ ਗੰਭੀਰ ਚਿੰਤਾ' ਨਹੀਂ ਹੈ ਕਿ ਉਹ ਆਪਣੇ ਆਪ ਨੂੰ ਇੱਕ ਸਥਾਈ ਮੁਸਲਿਮ ਹਕੂਮਤ ਦੇ ਥਲੇ ਵੇਖਣ? ਅਗਰ ਬ੍ਰਿਟਿਸ਼ ਹਕੂਮਤ ਸਿੱਖ ਜਜ਼ਬਾਤਾਂ ਨਾਲ ਵਾਕਫ਼ ਨਹੀਂ ਹੈ, ਤੇ ਸਿੱਖਾਂ ਨੂੰ ਹੋਰ ਕੋਈ ਕਦਮ ਉਠਾਣੇ ਪੈਣਗੇ ਤਾਕਿ ਸਭ ਨੂੰ ਸਿੱਖਾਂ ਦੇ ਫ਼ਿਕਰ ਬਾਰੇ ਪਤਾ ਲਗ ਸਕੇ, ਅਗਰ ਉਨ੍ਹਾਂ ਨੂੰ ਇੱਕ ਸਥਾਈ ਮੁਸਲਿਮ ਬੋਲਬਾਲੇ ਥਲੇ ਦਬਾਇਆ ਜਾਂਦਾ ਹੈ (Ibid: 696–7).

ਮੁਸਲਿਮ ਲੀਗ ਨੇ 6 ਜੂਨ 1946 ਨੂੰ ਇੱਕ ਮਤਾ ਪਾਸ ਕੀਤਾ ਜਿਸ ਵਿੱਚ, ਇਸ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਪਾਕਿਸਤਾਨ ਦੀ ਮੰਗ ਪੂਰੀ ਤਰ੍ਹਾਂ ਮੰਜ਼ੂਰ ਨਹੀਂ ਕੀਤੀ ਗਈ ਸੀ - ਮਗਰ ਫ਼ਿਰ ਵੀ ਇਣ ਪ੍ਰਸਤਾਵਾਂ ਨੂੰ ਮੱਨ ਲੀਤਾ ਗਿਆ ਕਿਉਂਕਿ ਪਾਕਿਸਤਾਨ ਦਾ ਵਿਚਾਰ 'ਸੇਕਸ਼ਨ ਬੀ ਅਤੇ ਸੀ ਵਿੱਚ ਮੁਸਲਿਮ ਸੂਬਿਆਂ ਦੀ ਜਬਰਣ ਵਰਗੀਕਰਣ ਦੇ ਚਲਦੇ' ਕੁਦਰਤੀ ਤੌਰ ਤੇ ਮੌਜੂਦ ਸੀ (Ibid: 837). ਲੀਗ ਸੰਵਿਧਾਨ ਬਣਾਉਣ ਦੇ ਮਾਮਲੇ ਤੇ ਵੀ ਹਿੱਸਾ ਲੈਣ ਨੂੰ ਤਿਆਰ ਹੋ ਗਈ. 16 ਜੂਨ ਨੂੰ ਕੈਬੀਨੇਟ ਮਿਸ਼ਨ ਨੇ ਪ੍ਰਸਤਾਵ ਰੱਖਿਆ ਕਿ ਇੱਕ ਆਰਜ਼ੀ ਸਰਕਾਰ ਬਣਾਈ ਜਾਵੇ. ਮੁਹੱਮਦ ਅਲੀ ਜਿਨਾਹ ਨੇ ਆਰਜ਼ੀ ਸਰਕਾਰ ਵਿੱਚ 50-50 ਦੀ ਨੁਮਾਇੰਦਗੀ ਦੀ ਮੰਗ ਕੀਤੀ (Moore, 1983: 556–7). ਪਰ, ਦੋਨੋ ਮੂਖ ਪਾਰਟਿਆਂ ਦੇ ਦਰਮਿਆਨ ਬਹੁਤ ਵੱਡੀ ਨਾਇਤਫ਼ਾਕੀ ਦੇ ਚਲਦਿਆਂ, ਉਹ ਇੱਕ ਆਰਜ਼ੀ ਸਰਕਾਰ ਬਣਾਉਣ ਲਈ ਰਜਾਮੰਦ ਨਹੀਂ ਹੋ ਸਕੇ. ਇਸ ਕਰ ਕੇ ਕੈਬੀਨੇਟ ਮਿਸ਼ਨ ਨੇ ਦੋਨੋਂ ਪਾਰਟੀਆਂ ਦੇ ਅਤੇ ਕੁੱਝ ਅਲਪਸੰਖਅਕਾਂ ਦੇ ਪ੍ਰਮੁਖ ਸਦੱਸਿਆਂ ਨੂੰ ਆਰਜ਼ੀ ਸਰਕਾਰ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ. ਇਸ ਨੇ ਜੋਰ ਦੇ ਕੇ ਦੱਸਿਆ: 'ਇਹ... ਆਰਜ਼ੀ ਸਰਕਾਰ ਨੂੰ ਕਿਸੇ ਵੀ ਸੂਰਤ ਤੇ ਕਿਸੇ ਵੀ ਦੂਜੇ ਫ਼ਿਰਕੂ ਮਸਲੇ ਦੇ ਹੱਲ ਦੇ ਲਈ ਇੱਕ ਮਿਸਾਲ ਨਹੀਂ ਲੀਤਾ ਜਾਵੇ. ਇਸ ਨੂੰ ਸਿਰਫ਼ ਮੌਜੂਦਾ ਪਰੇਸ਼ਾਨੀ ਦੇ ਹੱਲ ਵਾਸਤੇ, ਅਤੇ ਸਭ ਤੋਂ ਬਿਹਤਰ ਆਰਜ਼ੀ ਸਰਕਾਰ ਹਾਸਲ ਕਰਣ ਲਈ, ਪੇਸ਼ ਕੀਤਾ ਗਿਆ ਹੈ (Ibid: 954).

25 ਜੂਨ ਨੂੰ ਕਾਂਗਰੇਸ ਪਾਰਟੀ ਦੀ ਵਰਕਿੰਗ ਕਮੇਟੀ ਨੇ ਆਰਜ਼ੀ ਸਰਕਾਰ ਬਣਾਉਣ ਦੇ ਖ਼ਿਆਲ ਨੂੰ ਨਾਮੰਜੂਰ ਕਰ ਦਿੱਤਾ, ਪਰ ਸੰਵਿਧਾਨਕ ਪ੍ਰਸਤਾਵਾਂ ਨੂੰ ਮੰਜੂਰ ਕਰ ਲੀਤਾ ਅਤੇ ਮਸ਼ਵਰਾ ਦਿੱਤਾ ਕਿ ਉਹ *ਕੈਬੀਨੇਟ ਮਿਸ਼ਨ ਪਲਾਨ* ਦੇ ਉਪਰ ਆਪਣੀ ਤਸ਼ਰੀਹ ਪੇਸ਼ ਕਰੇਗੀ. ਉਸੇ ਦਿਨ ਮੁਸਲਿਮ ਲੀਗ ਨੇ ਆਰਜ਼ੀ ਸਰਕਾਰ ਦੇ ਪ੍ਰਸਤਾਵਾਂ ਨੂੰ ਮੰਜੂਰ ਕਰ ਲੀਤਾ ਪਰ ਬ੍ਰਿਟਿਸ਼ ਪਲਾਨ ਦੇ ਉਪਰ ਕਾਂਗਰੇਸ ਦੀ ਤਸ਼ਰੀਹ ਦੇ ਖ਼ਿਆਲ ਨੂੰ ਨਾਮੰਜੂਰ ਕਰ ਦਿੱਤਾ (Ibid: 1032–49). 10 ਜੂਲਾਈ ਨੂੰ ਨਹਿਰੂ ਨੇ ਇੱਕ ਪੱਤਰਕਾਰੀ-ਕਾਨਫਰੰਸ ਤੇ ਕਿਹਾ ਕਿ ਕਾਂਗਰੇਸ ਕਨਸਟੀਚਯੁਏਂਟ ਅਸੈਮਬਲੀ ਵਿੱਚ ਸ਼ਾਮਲ ਹੋਵੇਗੀ 'ਬਿਨਾ ਕਿਸੇ ਸਮਝੌਤੇ ਦੀ ਬੇੜਿਆਂ ਦੇ ਅਤੇ ਆਜਾਦੀ ਨਾਲ ਕਿਸੇ ਵੀ ਪੈਦਾ ਹੋਏ ਹਾਲਾਤ ਦਾ ਮੁਕਾਬਲਾ ਕਰਣ ਨੂੰ" (*Azad*, 1989: 164). ਸਰਕਾਰੀ ਦਸਤਾਵੇਜਾਂ ਵਿੱਚ ਦਿੱਤਾ ਗਿਆ ਮਜ਼ਮੁਨ ਥੋੜਾ ਅਲਗ ਹੈ (Mansergh and Moon, 1979: 25). 29 ਜੂਲਾਈ ਨੂੰ ਇੱਕ ਬਿਆਨ ਮਾਰਫ਼ਤ ਮੁਸਲਿਮ ਲੀਗ ਨੇ ਐਲਾਨ ਕੀਤਾ ਕਿ ਉਹ

ਨਹਿਰੁ ਦੇ ਬਿਆਨ ਨਾਲ ਬੇਹਦ ਪਰੇਸ਼ਾਨ ਨੇ ਕਿਉਂਕਿ ਇਹ ਇੰਡੀਆ ਤੇ ਮਾਇਨਾਰਿਟੀਆਂ ਦੇ ਭਵਿੱਖ ਨੂੰ ਗੈਰ-ਯਕੀਨੀ ਬਣਾ ਦੇਂਦਾ ਹੈ. ਕੁੱਝ ਦਿਨ ਬਾਅਦ, ਲੀਗ ਕੈਬੀਨੇਟ ਮਿਸ਼ਨ ਪਲਾਨ ਦਾ ਸਾਥ ਵਾਪਸ ਲੈਣ ਦਾ ਫ਼ੈਸਲਾ ਲੈਂਦੀ ਹੈ, ਅਤੇ ਧਮਕੀ ਦੇਂਦੀ ਹੈ, ਕਿ ਉਹ ਪਾਕਿਸਤਾਨ ਹਾਸਲ ਕਰਣ ਲਈ, ਡਾਇਰੇਕਟ ਐਕਸ਼ਨ (ਸਿੱਧੀ ਕਾਰਵਾਈ) ਕਰੇਗੀ (Ibid: 135–9). ਲੀਗ ਨੇ 16 ਅਗਸਤ 1946 ਨੂੰ ਬਤੌਰ ਸਿੱਧੀ ਕਾਰਵਾਈ ਦੀ ਤਾਰੀਖ ਮੁਕਰਰ ਕੀਤੀ.

ਮੁਸਲਿਮ ਲੀਗ ਨੂੰ ਹੈਰਾਨ ਅਤੇ ਮਾਯੂਸ ਕਰਦੇ ਹੋਏ, ਵੇਵੇਲ ਨੇ ਜਵਾਹਰਲਾਲ ਨਹਿਰੁ ਨੂੰ ਇੱਕ ਆਰਜ਼ੀ ਸਰਕਾਰ ਬਣਾਉਣ ਲਈ ਸੱੱਦਾ ਦਿੱਤਾ. 13 ਅਗਸਤ 1946 ਨੂੰ ਨਹਿਰੁ ਨੇ ਇੱਕ ਆਰਜ਼ੀ ਰਾਸ਼ਟਰੀ ਸਰਕਾਰ ਬਣਾਉਣ ਲਈ, ਮੋ.ਅ.ਜਿਨਾਹ ਨੂੰ ਸਹਿਯੋਗ ਵਾਸਤੇ ਸੱਦਾ ਦਿੱਤਾ. ਮਗਰ, ਸਿੱਧੀ ਕਾਰਵਾਈ ਦੀ ਪੂਕਾਰ ਦੇ ਨਤੀਜੇ ਦੇ ਤੌਰ ਤੇ ਬੇਮਿਸਾਲ ਬਰਬਰਤਾ ਵਾਲੇ ਫ਼ਿਰਕੂ ਦੰਗੇ ਹੋਏ. ਇਸ ਦੇ ਚਲਦਿਆਂ ਰਾਸ਼ਟਰਵਾਦੀ ਸਰਕਾਰ ਬਣਾਉਣ ਨੂੰ ਮੁਅੱਤਲ ਕਰ ਦਿੱਤਾ ਗਿਆ.

ਕਲਕੱਤੇ ਦਾ ਕਤਲੇਆਮ

ਹਾਲਾਂਕਿ ਕਾਂਗਰੇਸ ਅਤੇ ਮੁਸਲਿਮ ਲੀਗ ਦੇ ਆਪਸੀ ਮੁਕਾਬਲੇ ਉਪਰ ਇੰਡੀਆ ਦੀ ਤਕਸੀਮ ਕੇਂਦਰਿਤ ਸੀ, ਸਮਾਜਕ ਰਿਸ਼ਤੇਆਂ ਦੇ ਵਹਿਸ਼ੀਕਰਣ ਦੇ ਪੈਮਾਨੇ ਤੇ, ਅਵਾਮੀ ਮਨੋਵਿਗਿਆਨ ਉੱਪਰ, ਫ਼ਿਰਕੂ ਦੰਗੇਆਂ ਦਾ ਤਬਾਹ ਕਰਣ ਵਾਲਾ ਅਸਰ, ਅਤੇ ਉਸ ਦੀ ਅਹਿਮੀਅਤ, ਪੂਰੀ ਤਰ੍ਹਾਂ ਨਹੀਂ ਸਮਝੀ ਗਈ ਹੈ. ਹਿੰਦੂ-ਸਿੱਖ ਅਤੇ ਮੁਸਲਮਾਨਾਂ ਵਿੱਚ ਛਿੱਟ-ਪੁਟ ਝੜਪਾਂ 1946 ਦੇ ਇੰਤਖਾਬ ਤੋਂ ਬਾਅਦ ਹੁੰਦੀਆਂ ਸਨ ਮਗਰ ਫ਼ਿਰਕੂ ਅਮਨ ਇੱਕ ਵੱਡੀ ਹਦ ਤੱਕ ਕਾਇਮ ਸੀ. ਕਲਕੱਤਾ ਦੇ ਹਾਲਾਤ ਜਿਨਾਹ ਦੇ ਐਲਾਣ ਕੀਤੇ ਦਾਇਰੇਕਟ ਐਕਸ਼ਨ ਡੇ, 16 ਅਗਸਤ 1946, ਤੋਂ ਕੁੱਝ ਦਿਨ ਪਹਿਲਾਂ ਤੋਂ ਹੀ ਬਦ ਤੋਂ ਬਦਤਰ ਹੋ ਗਏ. ਕਾਫ਼ੀ ਸਬੂਤ ਮੌਜੂਦ ਨੇ, ਜੋ ਜਤਾਂਦੇ ਨੇ ਕਿ ਕਾਂਗਰੇਸ ਅਤੇ ਮੁਸਲਿਮ ਲੀਗ ਦੇ ਰਹਨੁਮਾਵਾਂ ਨੇ ਭੜਕਾਉ ਬਿਆਨ ਦਿੱਤੇ. ਬੰਗਾਲ ਦੇ ਪ੍ਰੀਮੀਅਰ ਅਤੇ ਮੁਸਲਿਮ ਲੀਗ ਦੇ ਆਗੂ ਹੁੱਸੈਨ ਸ਼ਹੀਦ ਸੁਹਰਾਵਰਦੀ ਨੇ 16 ਅਗਸਤ 1946 ਨੂੰ ਇੱਕ ਆਮ ਛੁਟੀ ਦਾ ਦਿਨ ਐਲਾਨ ਕੀਤਾ; ਉਸ ਦਿਨ ਉਹ ਅਤੇ ਦੂਜੇ ਆਗੂ ਸ਼ਹਿਰ ਦੇ ਕੇਂਦਰ ਤੇ ਇੱਕ ਅਵਾਮੀ ਜਮਾਵੜੇ ਨੂੰ ਸੰਬੋਧਨ ਕਰਣ ਵਾਲੇ ਸੀ; ਜਦ ਕਿ ਕਾਂਗਰੇਸ ਆਗੂ ਕੇ.ਚੱੱਾਯ ਨੇ ਹਿੰਦੂਆਂ ਨੂੰ ਆਪਣੀ ਦੁਕਾਨਾਂ ਖੁਲ੍ਹੀ ਰੱਖਣ ਨੂੰ ਕਿਹਾ. ਸਿੱਖ ਰਹਨੁਮਾਵਾਂ ਨੇ ਸਿੱਖ ਸਮੂਦਾਈ ਨੂੰ ਭੜਕਾਇਆ ਕਿ ਉਹ ਮੁਸਲਮਾਨਾਂ ਨੂੰ ਚੰਗੀ ਤਰ੍ਹਾਂ ਕੁਟਣ (Tuker, 1950: 154–56). ਹਾਲਾਤ ਅਸਥਿਰ ਅਤੇ ਵਿਸਫੋਟਕ ਸਨ.

16 ਅਗਸਤ ਦੀ ਸਵੇਰ ਨੂੰ, ਇੱਕ ਵੱਡੀ ਤਦਾਦ ਵਿੱਚ ਮੁਸਲਮਾਨ ਸ਼ਹਿਰ ਤੇ ਦਾਖਲ ਹੋਣ ਲਗੇ ਅਤੇ ਹਿੰਦੂਆ ਨੂੰ ਆੜੇ ਲਗਾ ਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ. ਕੁੱਝ ਛੋਟੀ ਝੜਪਾਂ ਹੋਈਆਂ. ਔਕਟਰਲੋਨੀ ਸਮਾਰਕ ਦੇ ਨਜਦੀਕ ਇੱਕ ਵੱਡੀ ਭੀੜ ਇਕੱਠਾ ਹੋਈ, ਜਿਥੋਂ ਸੁਹਰਾਵਰਦੀ ਅਤੇ ਦੂਜੇ ਮੁਸਲਿਮ ਲੀਗ ਦੇ ਆਗੂਵਾਂ ਨੇ ਉਸ ਨੂੰ ਸੰਬੋਧਤ ਕੀਤਾ. ਉਸ ਸਭਾ ਦੇ ਬਾਅਦ, ਮੁਸਲਮਾਨ ਹਿੰਦੂ ਦੁਕਾਨਾਂ ਨੂੰ ਲੁੱਟਣ ਲਗ ਗਏ ਅਤੇ ਹਿੰਦੂ ਬਸਤੀਆਂ ਉਪਰ ਹਮਲਾ ਕਰ ਦਿੱਤਾ. ਸ਼ੁਰੂ ਤੇ ਹਿੰਦੂਆਂ ਨੇ ਮੁਸਲਮਾਨਾਂ ਦਾ ਮੁਕਾਬਲਾ ਕੀਤਾ, ਪਰ ਮੁਸਲਮਾਨਾਂ ਨੇ ਬਦਨਾਮ ਗੁੰਡੇਆਂ ਦੀ ਅਗਵਾਈ ਤੇ ਹਿੰਦੂਆ ਦੇ ਵਿੱਚ ਭਗਦੜ ਮਚਾ ਦਿੱਤੀ. ਬਾਅਦ ਵਿੱਚ, ਹਿੰਦੂਆਂ ਅਤੇ ਸਿੱਖਾਂ ਨੇ ਬੇਹਦ ਕਰੂਰਤਾ ਨਾਲ ਬਦਲੇ ਦੀ ਕਾਰਵਾਈ ਕੀਤੀ. ਇਸ ਕਾਰਵਾਈ ਤੇ ਜ਼ਿਆਦਾ

ਮੁਸਲਮਾਨ ਹਲਾਕ ਹੋਏ. ਕੁੱਲ ਮਿਲਾ ਕੇ 2000-4000 ਲੋਕਾਂ ਦਾ ਕਤਲੇਆਮ ਹੋਇਆ, 15000 ਜਾਂ ਜ਼ਿਆਦਾ ਜ਼ਖਮੀ ਹੋਐ, ਅਤੇ 100000 ਬੇਘਰ ਹੋ ਗਿਐ. ਇਹ ਪਹਿਲਾ ਮੌਕਾ ਸੀ ਜਦ ਜੁਰਮ ਦੀ ਦੁਨੀਆ ਨਾਲ ਤਾਲੁੱਕ ਰੱਖਣ ਵਾਲੇ ਲੋਕਾਂ ਨੇ ਕਤਲੇਆਮ ਵਿੱਚ ਹਿੱਸਾ ਲੀਤਾ (Mansergh and Moon, 1979: 239–40;293–304). ਕਲਕੱਤੇ ਦਾ ਕਤਲੇਆਮ ਇੱਕ ਛੂਤ ਦੀ ਬੀਮਾਰੀ ਸਾਬਤ ਹੋਇਆ ਅਤੇ ਫ਼ਿਰਕੂ ਫ਼ਸਾਦ ਇੰਡੀਆ ਦੇ ਕਈ ਹਿੱਸੇਆਂ ਤੇ ਫ਼ੈਲ ਗਏ. ਬੌਮਬੇ ਤੇ ਮੁਸਲਮਾਨਾਂ ਅਤੇ ਹਿੰਦੂਆਂ ਵਿੱਚ ਝੜਪਾਂ ਹੋਇਆਂ ਅਤੇ ਦੋਨੇ ਕੌਮਾਂ ਵਿੱਚ ਸੈਕੜੈਂ ਮੌਤਾਂ ਹੋਇਆਂ. ਨੋਆਖਾਲੀ, ਪੂਰਬੀ ਬੰਗਾਲ ਤੇ, ਮੁਸਲਮਾਨਾਂ ਨੇ ਹਿੰਦੂਆਂ ਉਪਰ ਹਮਲਾ ਕਰ 400 ਲੋਕਾਂ ਨੂੰ ਹਲਾਕ ਕਰ ਦਿੱਤਾ.

ਬਿਹਾਰ ਵਿੱਚ ਮੁਸਲਮਾਨਾਂ ਦਾ ਖ਼ੂਨ-ਖ਼ਰਾਬਾ

ਫ਼ਿਰਕੂ ਜਨੂਨ ਹੁਣ ਬਿਹਾਰ ਦੀ ਤਰਫ਼ ਮੁੜਿਆ ਜਿੱਥੇ ਮਾਇਨਾਰਿਟੀ ਮੁਸਲਿਮਾਂ ਤੋਂ ਬਦਲਾ ਲੈਣ ਲਈ, ਉਨ੍ਹਾਂ ਦੇ ਉਪਰ 27 ਸਤੰਬਰ ਨੂੰ, ਅਤੇ ਇਸ ਦੇ ਬਾਅਦ 25 ਅਕਤੂਬਰ ਨੂੰ ਬਰਬਰਤਾ ਨਾਲ ਹਮਲੇ ਕੀਤੇ ਗਿਐ, ਜੋ ਨਵੰਬਰ ਦੇ ਪਹਿਲੇ ਹਫ਼ਤੇ ਤੱਕ ਚਲਦੇ ਰਹੇ. ਕੁੱਝ ਲੋਕਾਂ ਦੇ ਮੁਤਾਬਕ, ਜੇੜੇ ਹਿੰਦੂ ਮਜਦੂਰ ਕਲਕੱਤੇ ਤੇ ਮੁਸਲਮਾਨਾਂ ਦੇ ਇਨਤਹਾ ਗੁੱਸੇ ਤੋਂ ਬੱਚ ਕੇ ਬਿਹਾਰ ਆ ਪਹੁੰਚੇ ਸੀ, ਉਨ੍ਹਾਂ ਨੇ ਹੀ ਮੁਸਲਮਾਨਾਂ ਉਪਰ ਤਬਾਹੀ ਦਾ ਕਹਿਰ ਢਾਇਆ. ਬਿਹਾਰ ਦੇ ਗਵਰਨਰ ਸਰ ਐਚ.ਡੋ ਨੇ, ਹਾਲਾਂਕਿ, ਇਸ਼ਾਰਾ ਕੀਤਾ ਕਿ ਬਿਹਾਰ ਦੀ ਕਾਂਗਰੇਸ ਸਰਕਾਰ ਨੇ ਇਸ ਕਤਲੇਆਮ ਨੂੰ ਰੋਕਣ ਦੀ ਬਹੁਤ ਘੱਟ ਕੋਸ਼ਿਸ਼ ਕੀਤੀ, ਜਿਸ ਦੇ ਚਲਦਿਆਂ 9 ਨਵੰਬਰ 1946 ਤੱਕ 2000 ਲੋਕ ਹਲਾਕ ਹੋਏ (Mansergh and Moon, 1980: 38–9). ਬਾਅਦ ਵਿੱਚ ਪੇਥਿਕ-ਲਾਉਰੇਂਸ ਨੇ ਬਿਹਾਰ ਤੇ 5000 ਮੌਤਾਂ ਦਾ ਇੱਕ ਬਹੁਤ ਵੱਡਾ ਅੰਕੜਾ ਦਿੱਤਾ (Ibid: 188). ਇਸਟ੍ਰਨ ਕਮਾਂਡ ਦੇ ਰਹਨੁਮਾ ਸਰ ਫ੍ਰਾਂਸਿਸ ਟੁਕੇਰ ਨੇ ਬਿਹਾਰ ਦੇ ਹਮਲਿਆਂ ਦੀ ਇੱਕ ਮਰਮਭੇਦੀ ਤਫ਼ਸੀਲ ਦਿੱਤੀ ਹੈ. ਉਹ ਕਹਿੰਦਾ ਹੈ:

> 1946 ਦੀ ਸਭ ਤੋਂ ਭਿਅੰਕਰ ਕਰਤੂਤਾਂ ਵਿੱਚ, ਇਹ ਡਰਾਉਣਾ ਖ਼ੂਨ-ਖ਼ਰਾਬਾ ਸਭ ਤੋਂ ਜ਼ਿਆਦਾ ਸਦਮਾ ਪਹੁਚਾਣ ਵਾਲਾ ਹੈ. ਇਸ ਦਾ ਸਭ ਤੋਂ ਡਰਪੋਕ ਰੂਪ ਇਹ ਹੈ ਕਿ ਅਚਾਨਕ ਹਿੰਦੂਆਂ ਦਾ ਵੱਡਾ ਜਮਘਟਾ, ਇਸ ਕੱਮ ਦੀ ਪੂਰੀ ਤਿਆਰੀ ਨਾਲ, ਉਣ ਥੋੜੇ ਮੁਸਲਮਾਨਾਂ ਉਪਰ ਟੁੱਟ ਪਇੰਦਾ ਸੀ, ਜੋ ਸਾਰੀ ਜ਼ਿੰਦਗੀ, ਆਪਣੇ ਦਾਦਾ, ਪਰਦਾਦਾ ਦੀ ਤਰ੍ਹਾਂ, ਉਸੇ ਹਿੰਦੂਆਂ ਨਾਲ ਮਿੱਤਰਤਾ ਅਤੇ ਵਿਸ਼ਵਾਸ ਨਾਲ ਰਹਿੰਦੇ ਸੀ. ਇਸ ਦਾ ਕਦੀ ਪਤਾ ਨਹੀਂ ਚਲਿਆ ਕਿ ਇਸ ਨਾਸ਼ ਦੀ ਸੋੱਚੀ-ਸਮਝੇ ਸਾਜ਼ਸ਼ ਦੀ ਤੰਜ਼ੀਮ ਕਰਣ ਵਾਲਾ ਦਿਮਾਗ ਕਿਸ ਦਾ ਸੀ. ਸਾਨੂੰ ਸਿਰਫ਼ ਇਹ ਪਤਾ ਹੈ ਕਿ ਇਹ, ਇੱਕ ਯੋਜਨਾ ਅਤੇ ਕਾਰਜ-ਕ੍ਰਮ ਦੇ ਹਿਸਾਬ ਨਾਲ ਚਲਿਆ. ਅਗਰ ਇਹ ਨਹੀਂ ਹੁੰਦਾ ਤੇ, ਇੱਨੇ ਵੱਡੇ ਜਮਘਟੇ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਹੋ ਕੇ, ਕਦੇ ਵੀ ਇੱਕ ਵਕਤ ਤੇ ਇਕੱਠਾ ਨਹੀਂ ਹੋ ਸਕਦੇ ਅਤੇ ਇੱਕ ਸ਼ਿਕਾਰ ਤੋਂ ਦੂਜੇ ਸ਼ਿਕਾਰ ਤਕ, ਇੱਨੇ ਜ਼ਾਹਰ ਸ਼ੈਤਾਨੀ ਇਰਾਦੇ ਨਾਲ ਨਹੀਂ ਜਾਂਦੇ (1950: 181–2).

ਟੁਕੇਰ ਨੂੰ ਯਕੀਨ ਸੀ ਕਿ ਇਸ ਕਤਲੇਆਮ ਦੇ ਪਿੱਛੇ, ਹਿੰਦੂ ਮਹਾਸਭਾ ਦਾ ਹੱਥ ਸੀ ਅਤੇ ਮਾਰਵਾੜੀ ਹਿੰਦੂਆਂ ਨੇ, ਜਿਨ੍ਹਾਂ ਦੇ ਕਲਕੱਤੇ ਸਥਿਤ ਵਪਾਰ ਉਪਰ ਹਮਲੇ ਹੋਏ ਸੀ, ਉਨ੍ਹਾਂ ਨੇ ਇਸ ਦੀ ਮਾਲੀਆ ਮਦਦ ਕੀਤੀ (Ibid: 182). ਨਵੰਬਰ ਦੇ ਸ਼ੁਰੂ ਤੇ ਨਹਿਰੁ ਬਿਹਾਰ ਦੇ ਦੌਰੇ ਤੇ ਗਏ. ਟੁਕੇਰ ਦੇ ਮੁਤਾਬਕ, 'ਪੰਡਿਤ ਨਹਿਰੁ ਦਾ ਆਪਣਾ ਪ੍ਰਭਾਵ, ਉਸ ਦੀ ਸਰਵਵਿਆਪਕਤਾ ਅਤੇ ਭਾਸ਼ਣ ਨੇ ਦੰਗੇ ਤੇ ਇਲਾਕਿਆਂ ਦੀ ਇੱਕ ਵੱਡੀ

ਆਬਾਦੀ ਨੂੰ, ਜਿਸ ਨੂੰ ਉਸ ਨੇ ਸੰਬੋਧਤ ਕੀਤਾ, ਸ਼ਾਂਤ ਕਰ ਦਿੱਤਾ' (Ibid: 186). ਜਿੱਥੇ ਤੱਕ ਫ਼ੌਜ਼ੀ ਕਾਰਵਾਈ ਦਾ ਸਵਾਲ ਹੈ, ਟੁਕੇਰ ਟਿੱਪਣੀ ਕਰਦਾ ਹੈ ਕਿ ਜਿਣ ਲੋਕਾਂ ਨੇ ਕਰਨਲ ਵੇਨਿੰਗ ਦੇ ਅਧੀਨ ਕਾਰਵਾਈ ਕੀਤੀ, 'ਜ਼ਿਆਦਾਤਰ ਹਿੰਦੂ ਸਨ ਅਤੇ ਉਨ੍ਹਾਂ ਨੇ ਪੱਕੇ ਇਰਾਦੇ ਨਾਲ ਹਰ ਮੁਸ਼ਕਲ ਦਾ ਸਾਹਮਣਾ ਕਰਦੇ ਹੋਏ ਆਪਣੇ ਮਜ਼ੂਬ ਦੇ ਲੋਕਾਂ ਦੇ ਖ਼ਿਲਾਫ ਕੱਮ ਕੀਤਾ' (Ibid: 190).

ਗੜ੍ਹਮੁਕਤੇਸ਼ਵਰ ਤੇ ਮੁਸਲਮਾਨਾਂ ਦਾ ਕਤਲੇਆਮ

ਮੁਸਲਮਾਨਾਂ ਦਾ ਹੋਰ ਇੱਕ ਕਤਲੇਆਮ ਪੱਛਮ ਉੱਤਰ ਪ੍ਰਦੇਸ਼ ਤੇ ਗੜ੍ਹਮੁਕਤੇਸ਼ਵਰ ਤੇ ਇੱਕ ਮੇਲੇ ਦੇ ਦੌਰਾਣ, 6 ਨਵੰਬਰ ਨੂੰ ਹੋਇਆ. ਮੁਸਲਮਾਨ ਦੁਕਾਨਦਾਰਾਂ ਉਪਰ ਹਮਲਾ ਕਰ ਕੇ ਸਭ ਨੂੰ ਹਲਾਰ ਕਰ ਦਿੱਤਾ ਗਿਆ. 6 ਨਵੰਬਰ ਨੂੰ ਮੁਸਲਮਾਨਾਂ ਦਾ ਹੋਰ ਇੱਕ ਕਤਲੇਆਮ, ਹਿੰਦੂ ਜਾਟਾਂ ਨੇ ਪੰਜਾਬ ਦੇ ਰੋਹਤਕ ਅਤੇ ਹਿਸਾਰ ਤੇ ਕੀਤਾ. 15 ਨਵੰਬਰ ਤੱਕ ਲੋਕ ਹਲਾਕ ਹੁੰਦੇ ਰਹੇ. ਵਜ੍ਹਾ ਸਿਆਸੀ ਨਹੀਂ ਸੀ; ਬਲਕਿ ਉਸ ਵਕਤ ਇੱਦ-ਉਲ-ਜ਼ੁਹਾ ਦੇ ਦੌਰਾਣ ਮੁਸਲਮਾਨਾਂ ਦੁਆਰਾ ਕੀਤੀ ਗਊ ਹਤਿਆ ਕਰ ਕੇ ਹਿੰਦੂ ਜਾਟ ਨਾਰਾਜ਼ ਸਨ (Tuker, 1950: 195).

15 ਨਵੰਬਰ 1946 ਨੂੰ ਜਿਨਾਹ ਨੇ ਮੁਸਲਿਮ ਲੀਗ ਦੇ ਮੁੱਖ ਤਰਜਮਾਨ, ਅੰਗਰੇਜੀ ਅਖ਼ਬਾਰ ਡੱਾਅਨ ਤੇ ਟਿੱਪਣੀ ਕੀਤੀ ਕਿ ਬਦਤਰ ਹੁੰਦੇ ਹਾਲਾਤਾਂ ਦਾ ਇਕੱਲਾ ਹਲ ਇਹ ਹੈ ਕਿ, ਦੋ ਮੁਖ਼ਤਲਿਫ਼ ਮੁਲਕ ਪਾਕਿਸਤਾਨ ਅਤੇ ਹਿੰਦੂਸਤਾਨ ਇਜ਼ਾਦ ਕੀਤੇ ਜਾਣ. ਉਨ੍ਹਾਂ ਨੇ ਕਿਹਾ 'ਆਬਾਦੀ ਦੀ ਅਦਲਾ-ਬਦਲੀ ਬਾਰੇ, ਖ਼ਾਸ ਕਰ ਕੇ ਬਿਹਾਰ ਦੀ ਤ੍ਰਾਸਦੀ ਦੇ ਬਾਅਦ, ਗੰਭੀਰਤਾ ਨਾਲ ਸੋਚਣਾ ਪਏਗਾ' (Mansergh and Moon, 1980: 73–5).

ਆਰਜ਼ੀ ਸਰਕਾਰ

ਇਸੇ ਦੌਰਾਣ, ਇੱਕ ਆਰਜ਼ੀ ਸਰਕਾਰ ਬਣੀ ਜਿਸ ਦੇ ਉਪ-ਰਾਸ਼ਟਰਪਤੀ ਜਵਾਹਰਲਾਲ ਨਹਿਰੂ ਸਨ, ਜਦ ਕਿ ਵਾਇਸਰਾਏ ਚੀਫ ਏਕਸੇਕਯੁਟਿਵ ਸੀ. ਇਸ ਨੇ 24 ਅਗਸਤ 1946 ਨੂੰ ਦਫ਼ਤਰ ਸੰਭਾਲਿਆ. ਸ਼ਰਕਾਰ ਨੇ ਦੋਬਾਰਾ ਕੋਸ਼ਿਸ਼ ਕੀਤੀ ਕਿ ਮੁਸਲਿਮ ਲੀਗ ਨੂੰ ਸਰਕਾਰ ਵਿੱਚ ਦਾਖਲ ਹੋਣ ਲਈ ਮਣਾਇਆ ਜਾ ਸਕੇ. ਲੀਗ ਨੇ ਕੈਬਿਨੇਟ ਵਿੱਚ ਆਪਣੀ ਸਦੱਸਤਾ ਉਪਰ ਇੱਕ ਸ਼ਰਤ ਰੱਖੀ ਕਿ ਉਸ ਨੂੰ, ਇੰਡਿਅਨ ਮੁਸਲਮਾਨਾਂ ਦੇ ਇਕੱਲੇ ਨੁਮਾਇੰਦੇ ਦੀ ਮਾਨਤਾ ਦਿੱਤੀ ਜਾਵੇ. ਇਸ ਬਾਰੇ 15 ਅਕਤੂਬਰ ਨੂੰ ਰਜ਼ਾਮੰਦੀ ਹੋ ਗਈ ਅਤੇ ਮੁਸਲਿਮ ਲੀਗ ਨੇ ਕੈਬਿਨੇਟ ਤੇ ਸ਼ਾਮਲ ਹੋਣ ਦਾ ਫ਼ੈਸਲਾ ਲੀਤਾ. ਜੋ ਨਾਂਅ ਪੇਸ਼ ਕੀਤੇ ਗਿਐ, ਉਹ ਸਨ ਨਵਾਬਜ਼ਾਦਾ ਲਿਆਕਤ ਅਲੀ ਖ਼ਾਨ (ਜਿਨ੍ਹਾਂ ਦੀ ਜ਼ਾਇਦਾਦ ਇੰਡੀਆ-ਪਾਕਿਸਤਾਨ ਸਰਹੱਦ ਦੇ ਇੰਡੀਆ ਵੱਲ ਸੀ), ਆਈ.ਆਈ.ਚੁਨਦਰੀਗਰ (ਬੋਮਬੇ), ਅਬਦੁਰ ਰਾਬ ਨਿਸ਼ਤਰ (ਐਨ.ਡਬਲੂ.ਐਫ.ਪੀ), ਰਾਜਾ ਘਜ਼ਨਫ਼ਰ ਅਲੀ ਖ਼ਾਨ (ਪੰਜਾਬ) ਅਤੇ ਜੋਗੇਂਦ੍ਰ ਨਾਥ ਮੰਡਲ, (ਬੰਗਾਲ ਤੋਂ ਇੱਕ ਸੀਡਯੁਲਡ ਕਾਸਟ) (Ibid: 729–30). 25 ਅਕਤੂਬਰ ਨੂੰ, ਕੈਬਿਨੇਟ ਵਿੱਚ ਫੇਰ-ਬਦਲ ਕੀਤਾ ਗਿਆ ਅਤੇ ਕਾਂਗਰੇਸ, ਮੁਸਲਿਮ ਲੀਗ ਅਤੇ ਮਜ਼ੂਬੀ ਅਲਪਸੰਖਅਕਾਂ (ਸਿੱਖ ਸ਼ਾਮਲ) ਨੂੰ ਲੈ ਕੇ ਇੱਕ ਸਰਕਾਰ ਬਣੀ. ਇਹ ਲਗਿਆ ਕਿ ਇੰਡੀਆ ਨੂੰ

ਇਕੱਠਾ ਰੱਖਣ ਦਾ ਮੌਕਾ ਮਿਲ ਗਿਆ ਸੀ. ਮੁਸਲਿਮ ਲੀਗ ਨੂੰ ਪੰਜ ਕੈਬੀਨਟ ਸਤਰ ਦੇ ਮੰਤਰੀ ਪਦ ਮਿਲੇ ਅਤੇ ਅਹਿਮ ਵਿੱਤ ਵਜ਼ਾਰਤ ਲਿਆਕਤ ਅਲੀ ਖ਼ਾਨ ਨੂੰ ਮਿਲੀ.

ਪਰ, ਆਰਜ਼ੀ ਸਰਕਾਰ ਦੇ ਸਦੱਸਾਂ ਵਿੱਚ ਆਪਸੀ ਸ਼ੱਕ ਅਤੇ ਰੰਜਿਸ਼ ਬੇਹਦ ਢੂੰਗੇ ਸਾਬਤ ਹੋਏ. ਹਾਲਾਂਕਿ, ਕਾਂਗਰੇਸ ਅਤੇ ਮੁਸਲਿਮ ਲੀਗ ਦੇ ਵਜੀਰ ਇੱਕ ਹੀ ਵਜ਼ਾਰਤ ਦੇ ਸਦੱਸ ਸਨ, ਉਹ ਇੱਕ ਦੂਜੇ ਦੇ ਖ਼ਿਲਾਫ਼ ਕੱਮ ਕਰਦੇ ਸੀ. ਇਸ ਬਾਰੇ, ਬੱਜਟ ਪ੍ਰਸਤਾਵ ਦਾ ਇੱਕ ਖ਼ਾਸ ਜ਼ਿਕਰ ਕੀਤਾ ਜਾ ਸਕਦਾ ਹੈ. ਇਸ ਨੂੰ ਵਿੱਤ ਮੰਤਰੀ ਲਿਆਕਤ ਅਲੀ ਖ਼ਾਨ ਨੇ ਤਿਆਰ ਕੀਤਾ, ਜੋ ਮੁਸਲਿਮ ਲੀਗ ਵਿੱਚ ਜਿਨਾਹ ਦੇ ਬਾਅਦ ਦੂਜੇ ਸਭ ਤੋਂ ਵੱਡੇ ਆਗੂ ਸਨ. ਬੱਜਟ ਨੂੰ ਕੁੱਝ ਇਸ ਤਰ੍ਹਾਂ ਤਿਆਰ ਕੀਤਾ ਗਿਆ ਕਿ ਉਹ ਉਦਯੋਗਿਕ ਅਤੇ ਵਪਾਰਕ ਫ਼ਾਇਦੇ ਦੇ ਖ਼ਿਲਾਫ਼ ਹੋਣ ਕਿਉਂਕਿ ਇਸ ਦਰਜੇ ਦੇ ਲੋਕ ਕਾਂਗਰੇਸ ਦਾ ਸਾਥ ਦੇਂਦੇ ਸੀ (Azad, 1964–94). ਕੇਂਦਰ ਤੇ ਸੱਤਾ ਦੀ ਵੰਡ ਨੂੰ ਲੈ ਕੇ ਕਿਸੇ ਫਾਰਮੂਲੇ ਦੀ ਗੈਰਮੌਜੂਦਗੀ ਕਰ ਕੇ, ਇੰਡੀਆ ਦੀ ਤਕਸੀਮ ਹੋਣਾ ਲਾਜ਼ਮੀ ਹੋ ਗਿਆ, ਅਤੇ ਇਸ ਦੀ ਸਭ ਤੋਂ ਵੱਡੀ ਕੀਮਤ ਪੰਜਾਬ ਨੇ ਚੁੱਕਾਈ. ਇਸ ਪਿਛੋਕੜ ਨੂੰ ਖਿਆਲ ਵਿੱਚ ਰੱਖਦੇ ਹੋਏ ਪੰਜਾਬ ਤੇ ਹੋਏ ਘਟਨਾਕਰਮ ਨੂੰ ਵੇਖਣਾ ਪਏਗਾ.

ਪੰਜਾਬ

ਬ੍ਰਿਟਿਸ਼ ਹਕੂਮਤ ਦੇ ਇਸ ਐਲਾਨ ਨਾਲ ਕਿ ਪੰਜਾਬ ਤੇ 1946 ਦੇ ਸ਼ੁਰੂ ਤੇ ਇੰਤਖਾਬ ਹੋਣਗੇ, ਲੋਕਾਂ ਨੂੰ ਇੱਕ ਮਿਲਿਆ-ਜੁਲਿਆ ਇਹਸਾਸ ਹੋਇਆ. ਜਦ ਕਿ ਮੁਸਲਿਮ ਲੀਗ ਜੋਸ਼ ਵਿੱਚ ਸੀ, ਪੰਜਾਬ ਯੂਨੀਅਨੀਸਟ ਪਾਰਟੀ ਨਹੀਂ. ਉਸ ਵਕਤ ਪੰਜਾਬ ਦੇ ਪ੍ਰੀਮੀਅਰ ਸਰ ਖ਼ਿਜ਼ਰ ਯੂਰੋਪ ਤੇ ਸਨ; ਉਹ ਪੈਰੀਸ ਤੇ ਐਲਾਇਡ ਮੁਲਕਾਂ ਦੀ ਇੱਕ ਅਮਨੀ ਸੱਮੇਲਨ ਤੇ ਹਾਜ਼ਰੀ ਭਰ ਰਹੇ ਸੀ, ਜੋ 29 ਜੁਲਾਈ ਨੂੰ ਸ਼ੁਰੂ ਹੋਇਆ. ਪਰਦੇਸ ਤੇ ਕਈ ਹਫ਼ਤੇ ਰਹਿਣ ਤੋਂ ਬਾਅਦ, ਉਹ ਪੰਜਾਬ ਤੇ ਸਤੰਬਰ ਦੇ ਮੱਧ ਵਿੱਚ ਲੌਟੇ. ਕਾਂਗਰੇਸ ਦਾ ਇੱਕ ਜੋਸ਼ ਭਰੇ ਇੰਤਖਾਬ ਲਈ ਸੰਗਠਨ ਬੇਹਦ ਕਮਜੋਰ ਸੀ, ਕਿਉਂਕਿ ਉਸ ਦੇ ਜ਼ਿਆਦਾਤਰ ਆਗੂ ਕਵੀਟ ਇੰਡੀਆ (ਭਾਰਤ ਛੋੜੋ) ਅੰਦੋਲਨ ਦੇ ਚਲਦਿਆਂ ਅਗਸਤ 1942 ਤੋਂ, ਕੈਦ ਵਿੱਚ ਸਨ; ਇਸ ਦੇ ਇਲਾਵਾ ਇਹ ਦੱਖਣਪੰਥੀ ਅਤੇ ਵਾਮਫੰਥੀ ਗੁਟਬੰਦੀ ਦਾ ਸ਼ਿਕਾਰ ਸੀ. ਇੰਤਖਾਬ ਦੇ ਐਲਾਨ ਤੋਂ ਕੁੱਝ ਪਹਿਲਾਂ, ਕਾਂਗਰੇਸ ਦੇ ਉਪਰ ਲਗੀ ਬੰਦਸ਼ ਹੱਟਾ ਦਿੱਤੀ ਹਈ. ਸਿੱਖ ਕੁਦਰਤੀ ਤੌਰ ਤੇ, ਜੋਰਦਾਰ ਤਰੀਕੇ ਨਾਲ, ਪਾਕਿਸਤਾਨ ਦੀ ਮੰਗ ਦੀ ਨਿੰਦਾ ਕਰ ਰਹੇ ਸੀ. ਜਿੱਥੇ ਤੱਕ ਪੰਜਾਬ ਯੂਨੀਅਨੀਸਟ ਪਾਰਟੀ ਦਾ ਸਵਾਲ ਹੈ, ਇਸ ਨੂੰ ਛੱਡ ਕੇ, ਦਲ-ਬਦਲੂ ਜਾ ਰਹੇ ਸੀ ਮਗਰ ਇਸ ਨੂੰ ਸਭ ਤੋਂ ਭਾਰੀ ਝਟਕਾ ਤਦ ਲਗਿਆ, ਜਦ 9 ਜਨਵਰੀ 1945 ਨੂੰ ਸਰ ਛੋਟੂ ਰਾਮ ਦੀ ਮੌਤ ਹੋ ਗਈ. ਉਨ੍ਹਾਂ ਤੋਂ ਬਗੈਰ, ਜੋ ਮਜਬੂਤ ਸਹਾਰਾ ਅੰਬਾਲਾ ਡਿਵੀਜ਼ਨ ਦੇ ਹਿੰਦੀ ਬੋਲਣ ਵਾਲੇ ਹਿੰਦੂ ਜਾਟਾਂ ਤੋਂ ਮਿਲਦਾ ਸੀ, ਉਹ ਖ਼ਤਮ ਹੋ ਗਿਆ. ਸਿੱਖ ਪੰਥਿਕ ਪਾਰਟੀ, ਜੋ ਸਿੱਖ ਪਾਰਟੀਆਂ ਦਾ ਇੱਕ ਸਮੂਹ ਸੀ ਅਤੇ ਜਿਸ ਦੇ ਵਿੱਚ ਅਕਾਲੀ ਸਭ ਤੋਂ ਵੱਡਾ ਸਮੂਹ ਸੀ, ਇੰਤਖਾਬ ਤੇ ਮੁਕਾਬਿਲਾ, ਆਪਣੇ ਮਜ਼ੂਬ ਦੇ ਲੋਕਾਂ ਤੋਂ ਇਹ ਮੰਗ ਕਰਦੇ ਹੋਏ ਕੀਤਾ ਕਿ ਅਗਰ ਇੰਡੀਆ ਦੀ ਤਕਸੀਮ ਹੁੰਦੀ ਹੈ, ਤੇ ਸਿੱਖਾਂ ਦਾ ਵੀ ਇੱਕ ਸੂਬਾ ਬਣੇ.

ਪਾਸਾ ਮੁਸਲਿਮ ਲੀਗ ਦੇ ਵੱਲ ਪਲਟ ਗਿਆ

ਦੂਜੀ ਤਰਫ਼, ਪਾਸਾ ਮੁਸਲਿਮ ਲੀਗ ਵੱਲ ਪੂਰੀ ਤਰ੍ਹਾਂ ਪਲਟ ਗਿਆ ਸੀ, ਜੋ ਕਾਂਗਰੇਸ ਦੀ ਗੈਰ-ਮੌਜੂਦਗੀ ਅਤੇ ਯੂਨੀਅਨੀਸਟ ਪਾਰਟੀ ਦੇ ਇੱਕ ਜ਼ਿਆਦਾ ਤਦਾਦ ਜ਼ਿਮੀਦਾਰ ਅਤੇ ਰੂਹਾਨੀ ਲੋਕ ਨੂੰ ਆਪਣੇ ਅਧੀਨ ਲੈ ਕੇ, ਲੱਗਭਗ ਖਾਲੀ ਮੈਦਾਨ ਵਿੱਚ ਆਪਣਾ ਪੈਗਾਮ ਮੁਸਲਮਾਨਾਂ ਨੂੰ ਦੇਣ ਲਗਾ, ਕਿ ਪਾਕਿਸਤਾਨ ਦੀ ਇਜ਼ਾਦ ਉਨ੍ਹਾਂ ਨੂੰ ਹਰ ਕਿਸਮ ਦੇ ਸ਼ੋਸ਼ਣ ਅਤੇ ਵੱਖਰੇਵੇਂ ਤੋਂ ਆਜ਼ਾਦ ਕਰ ਦੇਗਾ. 16 ਅਗਸਤ 1945 ਦੀ ਆਪਣੀ ਫੋਰਟਨਾਇਟ (ਪੰਦਰਵਾੜੇ) ਰਿਪੋਰਟ ਤੇ ਪੰਜਾਬ ਦੇ ਗਵਰਨਰ ਗਲੈਂਸੀ ਨੇ ਗੌਰ ਕੀਤਾ:

> ਪੰਜਾਬ ਦੇ ਮੁਸਲਿਮ ਲੀਗ ਬਹੁਤ ਪ੍ਰਚਾਰ ਕਰ ਰਹੇ ਨੇ, ਪੰਜਾਬ ਵਿੱਚ ਯੂਨੀਅਨੀਸਟ ਪਾਰਟੀ ਅਤੇ ਕਾਂਗਰੇਸ ਨੂੰ ਪੂਰੀ ਤਰ੍ਹਾਂ ਬਦਨਾਮ ਕਰ ਰਹੇ ਨੇ. ਜਿਨਾਹ ਅਤੇ ਉਸ ਦੇ ਚੇਲੇ ਆਮ ਇੰਤਖਾਬ ਬਾਰੇ ਖੱਪ ਪਾ ਰਹੇ ਨੇ, ਜਿਸ ਮਾਮਲੇ ਬਾਰੇ ਕਾਂਗਰੇਸ ਨਿਘੀ ਲਗਦੀ ਹੈ..ਮੈਂ ਮੱਨਦਾ ਹਾਂ ਮੈਂ ਇਸ ਹਾਲਾਤ ਬਾਰੇ ਬੇਹਦ ਪਰੇਸ਼ਾਨ ਹਾਂ, ਕਿਉਂਕਿ ਜਿੱਥੇ ਤੱਕ ਮੁਸਲਮਾਨਾਂ ਦਾ ਸਵਾਲ ਹੈ, ਇੱਕ ਵੱਡਾ ਖ਼ਤਰਾ ਇਹ ਹੈ ਕਿ ਇੰਤਖਾਬ, ਇੱਕ ਬਿਲਕੁਲ ਝੂਠੇ ਮੁੱਦੇ ਉਪਰ ਲੜੇ ਜਾਣਗੇ. ਇੱਕ ਕੱਚਾ ਪਾਕਿਸਤਾਨ ਬੇਹਦ ਬੇਤੁਕਾ, ਸਪਸ਼ਟਹੀਣ ਅਤੇ ਇੰਡੀਆ ਨੂੰ ਅਤੇ ਖਾਸ ਕਰ ਕੇ ਮੁਸਲਮਾਨਾਂ ਨੂੰ ਤਬਾਹ ਕਰਣ ਵਾਲਾ ਹੋਵੇਗਾ, ਮਗਰ ਇਹ, ਇਸ ਦੇ ਇੱਕ ਸਿਆਸੀ ਨਾਅਰੇ ਦੇ ਤੌਰ ਤੇ, ਤਾਕਤ ਨੂੰ ਘੱਟ ਨਹੀਂ ਕਰਦਾ ਹੈ. ਗੈਰਜਾਣਕਾਰ ਮੁਸਲਮਾਨ ਨੂੰ ਦੱਸਿਆ ਜਾਵੇਗਾ ਕਿ ਉਸ ਨੂੰ ਇੰਤਖਾਬ ਤੇ ਜਿਸ ਸਵਾਲ ਦਾ ਜਵਾਬ ਦੇਣਾ ਹੈ ਉਹ ਇਹ ਹੈ-ਤੁਸੀ ਇੱਕ ਪੱਕੇ ਮੁਸਲਮਾਨ ਹੋ ਜਾਂ ਇੱਕ ਕਾਫ਼ਰ? ਇਸ ਨਾਅਰੇ ਦੇ ਖ਼ਿਲਾਫ਼ ਯੂਨੀਅਨੀਸਟਾਂ ਦਾ ਕੋਈ ਸ਼ਾਨਦਾਰ ਜਵਾਬ ਨਹੀਂ ਹੈ...ਅਗਰ ਪਾਕਿਸਤਾਨ ਜਲਦੀ ਬਣ ਜਾਂਦਾ ਹੈ, ਅਸੀਂ ਇੱਕ ਵੱਡੇ ਕਤਲੇਆਮ ਦੀ ਤਰਫ਼ ਜਾਵਾਂਗੇ; ਗੈਰ-ਮੁਸਲਿਮ, ਖ਼ਾਸ ਕਰ ਕੇ ਸਿੱਖ, ਝੂਠ ਨਹੀਂ ਬੋਲ ਰਹੇ ਨੇ ਕਿ ਉਹ 'ਮੁਸਲਮਾਨ ਰਾਜ' ਦੇ ਨਾਂਅ ਦੀ ਸਰਕਾਰ ਅੱਗੇ, ਅਮਨ ਨਾਲ ਨਹੀਂ ਝੁਕਣਗੇ. ਅਤੇ ਮੈਨੂੰ ਲਗਦਾ ਹੈ ਕਿ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਇਹ ਬਹੁਤ ਅਹਿਮ ਹੈ ਕਿ ਪਾਕਿਸਤਾਨ ਦੇ ਅਸੂਲ ਦੀ ਹਵਾ ਕੱਢ ਦਿੱਤੀ ਜਾਵੇ (Carter, 2006: 141–2).

ਗਲੈਂਸੀ ਬ੍ਰਿਟਿਸ਼ ਪ੍ਰਸ਼ਾਸਕਾਂ ਦੀ ਉਸ ਜਮਾਤ ਤੋਂ ਸਨ, ਜੋ ਪੱਕਾ ਯਕੀਨ ਕਰਦੇ ਸੀ ਕਿ ਪੰਜਾਬ ਨੂੰ ਕਾਂਗਰੇਸ ਅਤੇ ਮੁਸਲਿਮ ਲੀਗ ਦੀ ਸਿਆਸਤ ਤੋਂ ਦੂਰ ਰਹਿਣਾ ਚਾਹੀਦਾ ਹੈ, ਅਤੇ ਉਹ ਪੰਜਾਬ ਯੂਨੀਅਨਿਸਟ ਪਾਰਟੀ ਦੀ ਫ਼ਿਰਕੇਆਂ ਦੇ ਆਪਸੀ ਰਿਸ਼ਤੇ ਬਣਾਉਣ ਦੀ ਸੋਚ, ਨੂੰ ਸੂਬੇ ਦੀ ਸ਼ਾਂਤੀ ਅਤੇ ਵਿਵਸਥਾ ਹੋਰ ਇਤਹਾਦ ਲਈ, ਸਭ ਤੋਂ ਬਿਹਤਰ ਸਮਝਦੇ ਸੀ. ਉਨ੍ਹਾਂ ਨੇ ਮਸ਼ਵਰਾ ਦਿੱਤਾ ਕਿ ਸਰਕਾਰ ਨੂੰ ਇੱਕ ਹਕੂਮਤੀ ਬਿਆਨ ਦੇਣਾ ਚਾਹੀਦਾ ਹੈ ਕਿ ਅਗਰ ਇੰਡੀਆ ਦੀ ਤਕਸੀਮ ਜੁੜੇ ਹੋਏ ਫ਼ਿਰਕੂ ਇਲਾਕਿਆਂ ਦੀ ਬੁਨਿਆਦ ਉਪਰ ਹੁੰਦੀ ਹੈ, ਤੇ ਇਸੀ ਵਜ੍ਹਾ ਕਰ ਕੇ, ਪੰਜਾਬ ਦੀ ਤਕਸੀਮ ਵੀ ਹੋ ਸਕਦੀ ਹੈ. ਇਸੇ ਤਰ੍ਹਾਂ ਦਾ ਬਿਆਨ ਇੱਕ ਅਲਗ ਪਾਕਿਸਤਾਨ ਦੀ ਮੰਗ ਕਰਦੀ ਮੁਸਲਿਮ ਲੀਗ ਦਾ ਇਰਾਦਾ ਬਦਲ ਦੇਗਾ. ਉਹ ਹੋਰ ਕਹਿੰਦੇ ਨੇ:

> ਕਿਉਂਕਿ, ਪੰਜਾਬ ਵਿੱਚ ਸਾਡੀ ਪੰਜ ਡਿਵੀਜਨਾਂ ਵਿੱਚ, ਦੋ ਕਰੀਬੀ ਡਿਵੀਜਨਾਂ ਐਦਾਂ ਦੀ ਨੇ (ਅੰਬਾਲਾ ਅਤੇ ਜਲੰਦਰ) ਜਿਸ ਦੇ ਵਿੱਚ ਇੱਕ ਵੀ ਜ਼ਿਲ੍ਹਾ ਮੁਸਲਮਾਨ ਮਜਾਰਿਟੀ ਵਾਲਾ ਨਹੀਂ ਹੈ, ਅਤੇ ਇਸ ਫੈਲੇ ਹੋਏ ਇਲਾਕੇ ਤੇ ਅਸੀਂ ਅੱਮ੍ਰਿਤਸਰ, ਇੱਕ ਬਹੁਤ ਅਹਿਮ ਜਿਲ੍ਹੇ, ਦਾ ਇਜ਼ਾਫ਼ਾ ਕਰ ਸਕਦੇ ਹਾਂ. ਇਹ ਅਮਲੀ ਮਿਸਾਲ ਦਾ ਹਵਾਲਾ ਬਹੁਤ ਮਦਦਗਾਰ ਹੋ ਸਕਦਾ ਹੈ. ਇਸ ਦੇ ਉਪਰ ਅਮਲ ਕਰਣ ਨਾਲ, ਘੱਟ ਤੋਂ ਘੱਟ, ਯੂਨੀਅਨਿਸਟ ਪਾਰਟੀ ਨੂੰ, ਪਾਕਿਸਤਾਨ ਦੇ ਖ਼ਿਲਾਫ਼ ਇੱਕ ਜੁੱਟ ਹੋਣ ਨੂੰ ਮਦਦ ਕਰੇਗਾ - ਜਿਸ ਬਾਰੇ ਕੋਈ ਵੀ ਇੰਤਖਾਬੀ ਜ਼ਰੂਰ ਸੋਚੇਗਾ. ਕੋਈ ਪੰਜਾਬੀ, ਜਿਨਾ ਵੀ ਘੱਟ ਪੜ੍ਹਿਆ ਹੋਵੇ, ਸੂਬੇ ਦੀ ਟੋਟੇ ਟੋਟੇ ਕਰਣ ਵਾਲੀ ਤਬਾਹੀ ਦਾ

> ਸੁਕੂਨ ਨਾਲ ਤਸਵੂਰ ਨਹੀਂ ਕਰੇਗਾ, ਜਿਸ ਦੇ ਨਾਲ ਪੰਜਾਬ ਲਫ਼ਜ਼ ਹੀ ਗਾਇਬ ਹੋ ਜਾਵੇ...ਮੈਂ ਸਮੁੱਚੇ ਤੌਰ ਤੇ ਮੁਸਲਮਾਨਾਂ ਦੀ ਮੁਨਾਸਬ ਨੁਮਾਇੰਦਗੀ ਅਤੇ ਸਾਰੇ ਮੁਮਕਨ ਬਚਾਉ ਦੀ ਤਰਫ਼ਦਾਰੀ ਕਰਦਾਂ ਹਾਂ. ਮੇਰੇ ਖ਼ਿਆਲ ਤੇ ਇਹ ਸੱਚਾ ਪਾਕਿਸਤਾਨ ਹੋਵੇਗਾ ਅਤੇ ਜਿਨਾਹ ਹੋਰ ਉਨ੍ਹਾਂ ਦੇ ਮਦਦਗਾਰਾਂ ਦੇ ਭਾਵਹੀਨ ਅਤੇ ਬਦਕਿਸਮਤ ਪਾਕਿਸਤਾਨ ਦਾ ਬਿਲਕੁਲ ਮੁਖ਼ਾਲਫ਼ਤੀ (Ibid: 142).

ਉਸ ਵਕਤ, ਲੱਗਭਗ ਪੰਜਾਬ ਦੀ 11 ਫ਼ੀਸਦੀ ਆਬਾਦੀ ਨੂੰ ਵੋਟ ਦੇਣ ਦਾ ਹੱਕ ਸੀ. ਇਸ ਦੇ ਇਲਾਵਾ ਪੰਜਾਬੀ ਇੱਕ ਜੁਟ ਹੋ ਕੇ ਵੋਟ ਪਾਉਣ ਵਾਲੇ ਨਹੀਂ ਸੀ, ਮਗਰ ਮੁਖ਼ਤਲਿਫ਼ ਕੌਮਾਂ ਦੀ ਹੈਸੀਅਤ ਤੇ, ਕਿਉਂਕਿ ਮੁਸਲਮਾਨ ਅਤੇ ਸਿੱਖ ਦੋਵੇਂ ਰਿਜਰਵ ਸੀਟਾਂ ਦੇ ਹੱਕਦਾਰ ਸਨ, ਜਦ ਕਿ ਕਾਂਗਰੇਸ ਨੂੰ ਜਨਰਲ ਵੋਟਾਂ ਲਈ ਮੁਕਾਬਲਾ ਕਰਨਾ ਸੀ ਅਤੇ ਰਿਜਰਵ ਸੀਟਾਂ ਲਈ ਮੁਸਲਿਮ ਅਤੇ ਸਿੱਖ ਉਮੀਦਵਾਰ ਵੀ ਖੜੇ ਕਰਨੇ ਸੀ. ਸ਼ਾਇਦ ਇੱਕ ਗੱਲ ਉਪਰ ਸੋਚਨਾ ਜ਼ਿਆਦਾ ਜ਼ਰੂਰੀ ਹੈ ਕਿ ਪੰਜਾਬ ਦੀ ਤਕਸੀਮ ਦੀ ਮੁਮਕਿਨਾਤ ਵੋਟਰ ਨੂੰ ਕਦੀ ਵੀ, ਨਹੀਂ ਦੱਸੀ ਗਈ. ਅਤੇ ਇਹ ਕਿਸੇ ਵੀ ਪਾਰਟੀ ਦੇ ਇੰਤਖਾਬ ਦੇ ਮੈਨੀਫੇਸਟੋ ਦਾ ਹਿੱਸਾ ਨਹੀਂ ਸੀ, ਹਾਲਾਂਕਿ ਸਿੱਖ ਕਈ ਸਾਲਾਂ ਤੋਂ ਚੇਤਾਵਨੀ ਦੇ ਰਹੇ ਸੀ ਕਿ ਅਗਰ ਪਾਕਿਸਤਾਨ ਨੂੰ ਮੰਜ਼ੂਰੀ ਮਿਲ ਗਈ, ਤੇ ਉਹ ਪੰਜਾਬ ਦੀ ਤਕਸੀਮ ਦੀ ਮੰਗ ਕਰਣਗੇ. ਇਸ ਕਰ ਕੇ, ਇੰਡੀਆ ਦੀ ਤਕਸੀਮ ਦੇ ਸਭ ਤੋਂ ਨਾਜ਼ਕ ਪਹਿਲੂ ਬਾਰੇ, ਕੋਈ ਰਾਇ ਜਾਂ ਚਰਚਾ ਅਵਾਮ ਤੱਕ ਨਹੀਂ ਪਹੁੰਚੀ (ਕਿ)- ਪੰਜਾਬ ਦੀ ਵੀ ਤਕਸੀਮ ਹੋ ਸਕਦੀ ਸੀ.

ਇਸਲਾਮ ਇੱਕ ਇੰਤਖਾਬੀ ਨਾਅਰਾ

ਸਾਬਕਾ ਅਖ਼ਬਾਰਨਵੀਸ ਅਜ਼ੀਜ਼ ਮਜ਼ਹਰ ਦੇ ਮੁਤਾਬਕ, ਇੱਕ ਲੇਖਕ ਅਤੇ ਇਤਿਹਾਸਕਾਰ ਡਾ.ਮੁਹੱਮਦ ਬਾਕਿਰ ਨੇ ਜਿਨਾਹ ਨੂੰ ਇਸਲਾਮੀ ਨਾਅਰੇਆਂ ਦਾ ਇਸਤੇਮਾਲ ਕਰਣ ਨੂੰ ਕਿਹਾ, ਅਗਰ ਉਹ ਮੁਸਲਿਮ ਅਵਾਮ ਦੀ ਹਿਮਾਇਤ ਹੋਰ ਤੇਜ਼ ਕਰਨਾ ਚਾਹੁੰਦੇ ਸੀ. ਪ੍ਰੋਲੇਟੇਰਿਅਨ ਲੇਖਕ ਕਮਾਰ ਯੁਰੀਸ਼ ਦਾ ਇਹ ਖ਼ਿਆਲ ਸੀ ਕਿ ਡਾਕਟਰ ਐਮ.ਡੀ.ਤਾਸਿਰ ਉਹ ਸ਼ਕਸ ਸੀ, ਜਿਸ ਨੇ ਮਸ਼ਵਰਾ ਦਿੱਤਾ ਕਿ ਇਸਲਾਮੀ ਨਾਅਰੇ ਦਾ ਇਸੇਤਮਾਲ ਕਰ ਕੇ, ਮੁਸਲਮਾਨ ਅਵਾਮ ਨੂੰ ਮੁਸਲਿਮ ਲੀਗ ਦੇ ਇੱਰਦ-ਗਿਰਦ ਲੈ ਆਇਆ ਜਾਵੇ. ਸਿਆਲਕੋਟ, ਪੰਜਾਬ ਦੇ ਅਸਘਰ ਸੋਡਈ, ਇੱਕ ਸ਼ਾਇਰ ਅਤੇ ਇਲਮੀ ਨੇ, ਉਨ੍ਹ ਦਿਨਾਂ ਤੇ ਇਸਤੇਮਾਲ ਕੀਤਾ ਗਿਆ ਇੱਕ ਨਾਅਰਾ ਇਜਾਦ ਕੀਤਾ, *'ਪਾਕਿਸਤਾਨ ਕਾ ਨਾਰਾ ਕਿਆ? ਲ਼ਾ ਇਲ਼ਾਹਾ ਇਲ਼ਲ਼ਲ਼ਲ਼ਾਹ'*. 1970 ਦੇ ਦਹਾਕੇ ਤੇ ਇਸ ਨੂੰ ਫ਼ਿਰ ਜ਼ਿੰਦਾ ਕੀਤਾ ਗਿਆ ਮਗਰ ਥੋੜੇ ਦੂਜੇ ਲਫ਼ਜ਼ਾਂ ਵਿੱਚ, *'ਪਾਕਿਸਤਾਨ ਕਾ ਮਤਲਬ ਕਿਆ? ਲ਼ਾ ਇਲ਼ਾਹਾ ਇਲ਼ਲ਼ਲ਼ਲ਼ਾਹ'.*

ਇਹ ਮੁਮਕਿਨ ਹੈ ਕਿ ਪੰਜਾਬ ਦੇ ਕਈ ਅਕਲੀ ਮੁਸਲਮਾਨਾਂ ਨੇ ਜਿਨਾਹ ਨੂੰ ਇਹ ਸਲਾਹ ਦਿੱਤੀ. ਸ਼ਾਇਰ ਇਕਬਾਲ ਦਾ ਪੰਜਾਬ ਵਿੱਚ ਬਹੁਤ ਜ਼ਿਆਦਾ ਰਸੂਖ ਸੀ ਅਤੇ ਇੱਕ ਲੰਬੇ ਅਰਸੇ ਤੱਕ ਪੰਜਾਬੀ ਮੁਸਲਮਾਨਾਂ ਨੂੰ ਇੱਕ ਆਦਰਸ਼ ਇਸਲਾਮੀ ਅਤੀਤ ਬਾਰੇ, ਉਨ੍ਹਾਂ ਦੀ ਸ਼ਾਇਰੀ ਮੁਤਾਸਰ ਕਰ ਰਹੀ ਸੀ. ਇਹ ਸ਼ਾਇਰੀ, ਉਸ ਇਸਲਾਮ ਨੂੰ ਦੋਬਾਰਾ ਜ਼ਿੰਦਾ ਕਰ ਕੇ ਉਸ ਦੀ, ਪੁਰਾਣੀ ਤਾਕਤ ਅਤੇ ਸ਼ਾਨ ਦੀ ਵਾਪਸੀ, ਦੀ ਹਿਮਾਇਤੀ ਸੀ. ਨਤੀਜੇ ਦੇ ਤੌਰ ਤੇ, ਉਨ੍ਹਾਂ ਦੇ ਚੇਲੇਆਂ ਨੇ ਸ਼ਾਇਦ ਇਹ ਹਿਸਾਬ ਲਗਾਇਆ ਕਿ ਇੰਤਖਾਬ ਦੀ ਮੁਹਿੱਮ ਵਿੱਚ, ਇਸਲਾਮੀ ਨਾਅਰੇ ਦਾ ਇਸਤੇਮਾਲ ਕਰਣ ਨਾਲ, ਮੁਸਲਿਮ ਲੀਗ ਦੀ ਆਸ ਨੂੰ ਵਾਧਾ ਮਿਲੇਗਾ.

ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਜਿਨਾਹ ਜੋ, ਇੱਕ ਤੇਜ ਸਿਆਸੀ ਦਿਮਾਗ ਰੱਖਦੇ ਸੀ, ਅਤੇ ਜਿਨ੍ਹਾਂ ਨੇ ਹੁਣ ਤੱਕ ਪਾਕਿਸਤਾਨ ਲਈ ਆਪਣੀ ਸਿਆਸੀ ਮੁਹਿੰਮ ਨੂੰ ਸੰਵਿਧਾਨਿਕ ਦਲੀਲਾਂ ਤੱਕ ਸੀਮਤ ਰੱਖਿਆ ਸੀ, ਮਹਿਸੂਸ ਕਰਣ ਲਗੇ ਕਿ ਜਜ਼ਬਾਤੀ ਇਸਲਾਮੀ ਅਪੀਲਾਂ ਅਤੇ ਨਾਅਰੇ ਮੁਸਲਮਾਨ ਦੇ ਅਵਾਮ ਦਾ ਸਾਥ ਜਿੱਤਣ ਲਈ ਬਹੁਤ ਅਹਿਮ ਸਾਬਤ ਹੋਣਗੇ. ਅਜ਼ੀਜ਼ ਮਜ਼ਹਰ, ਹੁਕੁਮ ਕੁਰੇਸ਼ੀ, ਸਈਦ ਅਹਿਮਦ ਸਈਦ ਕਿਰਮਾਨੀ ਅਤੇ ਕਈ ਦੂਜੇ, ਜੋ ਉਸ ਵਕਤ ਨੈਜਵਾਨ ਸ਼ਾਗਿਰਦ ਸਨ ਅਤੇ ਮੁਸਲਿਮ ਲੀਗ ਨਾਲ ਦੀ ਮੁਸਲਿਮ ਸਟੂਡੈਂਟਸ ਫੇਡਰੇਸ਼ਨ ਦੀ ਸਰਗਰਮਿਆਂ ਨਾਲ ਜੁੜੇ ਸੀ, ਇਸ ਗੱਲ ਦੀ ਤਸਦੀਕ ਕਰਦੇ ਨੇ ਕਿ *ਪਾਕਿਸਤਾਨ ਕਾ ਨਾਰਾ ਕਿਆ? ਲ਼ਾ ਇਲ਼ਾਹਾ ਇਲ਼ਲ਼ਲ਼ਲ਼ਾਹ* ਵਰਗੇ ਨਾਅਰੇ, ਜੋਰ ਨਾਲ ਚੀਕ ਕੇ, ਇਕੱਠਾ ਹੋਏ ਲੋਕਾਂ ਵਿੱਚ ਅਤੇ ਰਵਾਨਗੀ ਤੇ ਵਕਤ, ਬੋਲੇ ਜਾਂਦੇ ਸੀ. ਅਤੇ ਜਦ ਇੰਤਖਾਬ ਦੀ ਰੈਲੀਆਂ ਸ਼ੁਰੂ ਹੋਈਆਂ, ਇਸਲਾਮੀ ਨਾਅਰੇ ਖੁਲ ਕੇ ਇਸਤੇਮਾਲ ਕੀਤੇ ਗਿਐ. ਆਪਣੀ 13 ਸਤੰਬਰ ਦੀ ਪੰਦਰਵਾੜੇ ਦੀ ਰਿਪੋਰਟ ਤੇ ਗਲੈਂਸੀ ਨੇ ਇਨ ਲਫ਼ਜ਼ਾਂ ਵਿੱਚ ਮੁਸਲਿਮ ਲੀਗ ਦੀ ਮੁਹਿੰਮ ਬਾਰੇ ਲਿਖਿਆ:

> ਮੁਸਲਿਮ ਲੀਗ ਦੇ ਆਗੂ ਉਹ ਕਰ ਰਹੇ ਨੇ ਜੋ ਇੱਕ ਪ੍ਰਚਾਰ ਨੂੰ ਕੋਈ ਫ਼ਿਰਕੂ ਅੰਦਾਜ਼ ਤੇ ਕਰ ਸਕਦਾ ਹੈ; ਕਈ ਜਗ੍ਹ ਮਜ਼ਬੂਬੀ ਆਗੂ ਅਤੇ ਮਜ਼ਬੂਬੀ ਇਮਾਰਤਾਂ ਦਾ ਇਸਤੇਮਾਲ, ਖੁਲ੍ਹੇ ਆਮ ਪਾਕਿਸਤਾਨ ਦੀ ਹਿਮਾਇਤ ਕਰਣ ਲਈ ਅਤੇ ਉਸ ਦੇ ਮੁਖਾਲਫ਼ਤੀ ਲੋਕਾਂ ਦੀ ਬਦਨਾਮੀ ਕਰਣ ਲਈ ਹੋ ਰਿਹਾ ਹੈ. ਫ਼ਿਰਕੂ ਇਹਸਾਸ, ਜ਼ਰੂਰੀ ਤੌਰ ਤੇ ਬਦਤਰ ਹੋ ਰਹੇ ਨੇ. ਸਿੱਖ, ਸਾਫ ਤੌਰ ਤੇ, ਪਾਕਿਸਤਾਨ ਦੀ ਸੰਭਾਵਨਾ ਦੇ ਚਲਦੇ, ਘਬਰਾਏ ਲਗ ਰਹੇ ਨੇ, ਅਤੇ ਮੈਨੂੰ ਕੋਈ ਸ਼ੱਕ ਨਹੀਂ ਹੈ ਕਿ, ਉਹ ਇੱਕ ਮੁਸਲਿਮ ਰਾਜ ਦੀ ਜਬਰਣ ਉਨ੍ਹਾਂ ਨੂੰ ਆਪਣੇ ਅਧੀਨ ਕਰਣ ਦੀ ਕੋਸ਼ਿਸ਼ ਦਾ ਤਾਕਤ ਨਾਲ ਟਾਕਰਾ ਕਰਣਗੇ (Ibid: 145).

ਆਪਣੀ 29 ਸਤੰਬਰ ਦੀ ਪੰਦਰਵਾੜੇ ਦੀ ਰਿਪੋਰਟ ਤੇ ਗਲੈਂਸੀ ਨੇ ਇੰਤਖਾਬ ਦੀ ਇੱਕ ਬੇਹਦ ਤਣਾਅ ਅਤੇ ਜੰਗੀ ਮੁਹਿੰਮ ਬਾਰੇ ਹੋਰ ਜ਼ਿਆਦਾ ਵੇਰਵਾ ਦਿੱਤਾ. ਮੁਸਲਿਮ ਲੀਗ ਨੇ ਗਠਬੰਧਨ ਸਰਕਾਰ ਉਪਰ ਇਲਜ਼ਾਮ ਲਗਾਇਆ ਕਿ ਉਹ ਮੁਸਲਮਾਨ ਵੋਟਰਾਂ ਨੂੰ ਰੋਕਣ ਲਈ ਇੰਤਖਾਬ ਦੀ ਮੁਹਿੰਮ ਦੀ ਮੁਖਾਲਫ਼ਤ ਕਰ ਰਹੇ ਨੇ, ਜਦ ਕਿ ਹਿੰਦੂਆਂ ਨੇ ਸ਼ਿਕਾਇਤ ਕੀਤੀ ਕਿ ਮੁਸਲਿਮ ਸਰਕਾਰੀ ਅਫ਼ਸਰ ਮੁਸਲਿਮ ਲੀਗ ਦੇ ਵੱਲ ਹੋ ਕੇ ਪ੍ਰਚਾਰ ਕਰ ਰਹੇ ਨੇ. ਗਵਰਨਰ ਨੇ ਦੋ ਮੁਸਲਿਮ ਸੰਗਠਨਾਂ ਦੇ ਬਾਰੇ, ਜੋ ਮੁਸਲਿਮ ਲੀਗ ਦੇ ਮੁਖ਼ਾਲਿਫ਼ ਸਨ - ਖ਼ਾਕਸਾਰ ਅਤੇ ਅਹਰਾਰ, ਕਿਹਾ: 'ਖ਼ਾਕਸਾਰ ਅਤੇ ਅਹੱਰਾਰ ਵੀ ਫ਼ਹਿਰਿਸਤ ਵਿੱਚ ਆ ਚੁਕੇ ਨੇ, ਅਤੇ ਖ਼ਾਸ ਕਰ ਕੇ ਅਹਰਾਰ ਜਿਸ ਦੇ ਕਈ ਸਦੱਸ ਬਹੁਤ ਅਸਰਦਾਰ ਤਕਰੀਰ ਕਰਣ ਵਾਲੇ ਨੇ, ਬੇਰੋਕਟੋਕ ਮੁਸਲਿਮ ਲੀਗ ਨੂੰ ਬਦਨਾਮ ਕਰ ਰਹੇ ਨੇ' (Ibid: 148).

ਆਪਣੀ 27 ਅਕਤੂਬਰ ਦੀ ਪੰਦਰਵਾੜੇ ਦੀ ਰਿਪੋਰਟ ਤੇ ਗਲੈਂਸੀ ਨੇ ਇੰਤਖਾਬ ਦੀ ਮੁਹਿੰਮ ਦੇ ਦੌਰਾਣ, ਮੁਸਲਿਮ ਲੀਗ ਦੁਆਰਾ ਗੈਰ-ਮੁਸਲਿਮਾਂ ਉਪਰ ਇਸਲਾਮੀ ਖ਼ਤਰੇ ਦੇ ਇਸਤੇਮਾਲ ਦੇ ਬਾਰੇ ਲਿਖਿਆ:

> ਫ਼ਿਰਕੂ ਰਿਸ਼ਤੇ ਲਗਾਤਾਰ ਬਦਤਰ ਹੁੰਦੇ ਜਾ ਰਹੇ ਨੇ. ਬਲਦੇਵ ਸਿੰਘ, ਸਾਡੇ ਤਰੱਕੀ ਵਜੀਰ ਨੇ ਕੁੱਝ ਦਿਨ ਪਹਿਲਾਂ ਮੇਰੇ ਨਾਲ ਗੱਲਬਾਤ ਕੀਤੀ, ਕਿ ਅੰਬਾਲਾ ਡਿਵੀਜ਼ਨ ਤੇ ਮੁਸਲਿਮ ਲੀਗ ਦੇ ਸਮਰਥਕਾਂ ਦੇ ਇਸ ਐਲਾਨ ਨੇ ਬੇਹਦ ਅਸਰ ਕੀਤਾ ਕਿ 'ਬਹੁਤ ਜਲਦ ਪਾਕਿਸਤਾਨ ਇੱਕ ਹਕੀਕਤ ਬਣ ਜਾਵੇਗਾ ਅਤੇ ਉਸ ਵਿੱਚ ਸਿਰਫ਼

ਸ਼ਰਿਆ ਦਾ ਕਾਨੂੰਨ ਚਲੇਗਾ ਅਤੇ ਗੈਰ-ਮੁਸਲਮਾਨਾਂ ਨੂੰ ਮਸੀਤਾਂ ਤੇ ਆ ਕੇ ਆਪਣੀ ਸ਼ਿਕਾਇਤਾਂ ਦੇ ਫ਼ੈਸਲੇ ਕਰਾਨੇ ਹੋਣਗੇ'(Ibid: 151).

ਗਲੈਂਸੀ ਨੇ ਆਪਣੇ ਪਹਿਲਾਂ ਦਿੱਤੇ ਮਸ਼ਵਰੇ ਨੂੰ ਦੁਹਰਾਇਆ ਕਿ ਸਰਕਾਰ ਨੂੰ ਐਲਾਨ ਕਰ ਦੇਨਾ ਚਾਹਿਦਾ ਹੈ ਕਿ ਪੰਜਾਬ ਨੂੰ ਸਮੀਪ ਫ਼ਿਰਕੂ ਇਲਾਕਿਆਂ ਦੇ ਤਹਿਤ ਤਕਸੀਮ ਕਰ ਦਿੱਤਾ ਜਾਵੇਗਾ, ਅਗਰ ਇੰਡੀਆ ਦੀ ਇਸ ਵਜ੍ਹਾ ਨਾਲ ਤਕਸੀਮ ਹੁੰਦੀ ਹੈ, ਕਿਉਂਕਿ 'ਇਹ ਬਿਲਕੁਲ ਇੱਕ ਸਹੀ ਵਕਤ ਦਾ ਅਤੇ ਜਰੂਰੀ ਤੌਰ ਤੇ, ਤਸੱਲੀਬਖ਼ਸ਼ ਠੀਕ ਕੱਮ ਹੈ, ਜੋ ਹਮੇਸ਼ਾ 'ਇਸਲਾਮ ਖ਼ਤਰੇ ਤੇ ਹੈ', ਦੀ ਦੁਹਾਈ ਦੇਣ ਵਾਲੇ ਜਨੂਨੀ ਅਤੇ ਲੀਗ ਦੀ ਵਕਾਲਤ ਕਰਣ ਵਾਲੇਆਂ ਦਾ ਸਹੀ ਜਵਾਬ ਹੈ' (Ibid). ਇਹ ਦਿਲਚਸਪ ਹੈ ਕਿ ਬ੍ਰਿਟਿਸ਼ ਸਰਕਾਰ ਨੇ ਕਦੀ ਇਸ ਦਾ ਜਵਾਬ ਨਹੀਂ ਦਿੱਤਾ. ਹੁਣ ਤੱਕ ਬ੍ਰਿਟਿਸ਼ਰਾਂ ਦੇ ਛਾਪੇ ਗਿਐ ਦਸਤਾਵੇਜਾਂ ਵਿੱਚ, ਵਾਇਸਰਾਏ ਵੇਵੇਲ ਜਾਂ ਲੈਰਡ ਪੇਥਿਕ-ਲਾਉਰੇਂਸ, ਇੰਡੀਆ ਅਤੇ ਬਰਮਾ ਦੇ ਸੇਕ੍ਰੇਟਰੀ ਔਫ਼ ਸਟੇਟ ਦਾ, ਗਲੈਂਸੀ ਨੂੰ ਕੋਈ ਜਵਾਬ ਨਹੀਂ ਲੱਭਾ ਹੈ.

ਜ਼ਾਹਰ ਤੌਰ ਤੇ, ਗਲੈਂਸੀ ਨੇ ਇਹ ਸਲਾਹ ਖੁਦ ਸਰ ਖਿਜ਼ਰ ਨੂੰ ਨਹੀਂ ਦਿੱਤੀ, ਜੋ ਇਸ ਗੱਲ ਨੂੰ ਦਰਸ਼ਾਉਂਦਾ ਹੈ ਕਿ ਬ੍ਰਿਟਿਸ਼ ਲੋਕਾਂ ਵਿੱਚ ਇੱਕ ਸਖ਼ਤ ਕਾਇਦਾ ਅਤੇ ਉਪਨਿਵੇਸ਼ੀ ਲੜੀ ਸੀ, ਜਿਸ ਦੇ ਤਹਿਤ ਆਪਣੇ ਤੋਂ ਵੱਡੇ ਅਫ਼ਸਰ ਦੀ ਇਜਾਜ਼ਤ ਲੈਣ ਤੋਂ ਬਾਅਦ ਹੀ ਆਪਣੇ ਖ਼ਿਆਲ ਇੰਡਿਅਨ ਸਾਥੀ ਨੂੰ ਦੱਸੇ ਜਾ ਸਕਦੇ ਸੀ. ਜਿੱਥੇ ਤੱਕ ਪੰਜਾਬ ਦਾ ਸਵਾਲ ਸੀ, ਗਲੈਨਸੀ ਨੇ ਵੇਖਿਆ ਕਿ ਇਸ ਦੇ ਭਾਸਣਕਾਰ, ਇੰਤਖਾਬ ਦੀ ਮੁਹਿੰਮ ਉਪਰ ਜੋਰ ਦੇਣ ਦੇ ਬਜਾਏ, ਦੂਜੇ ਮੁੱਦੇਆਂ ਉਪਰ ਵਕਤ ਬਰਬਾਦ ਕਰ ਰਹੇ ਸੀ. ਉਹ ਬਾਗ਼ੀ ਇੰਡਿਅਨ ਨੈਸ਼ਨਲ ਆਰਮੀ ਦੇ ਸਿਪਾਹੀਆਂ ਬਾਰੇ ਫ਼ਿਕਰਮੰਦ ਸਨ, ਜਿਨ੍ਹਾਂ ਨੂੰ ਜਾਪਾਨ ਨੇ ਬਰਮਾ ਵਿੱਚ ਕੈਦ ਕੀਤੇ ਇੰਡਿਅਨ ਸਿਪਾਹੀਆਂ ਨੂੰ ਲੈ ਕੇ ਬਣਾਇਆ ਸੀ. ਕਾਂਗਰੇਸ ਇੰਡੋਨੇਸ਼ੀਆ ਤੇ ਬ੍ਰਿਟਿਸ਼ ਦਖ਼ਲਅੰਦਾਜ਼ੀ ਦੀ ਵੀ ਨਿੰਦਾ ਕਰਣ ਤੇ ਮਸ਼ਗੂਲ ਸੀ. ਇੱਕ ਬੇਹਦ ਵੱਡੇ ਜਗੀਰੂ ਸਰਦਾਰ ਅਤੇ ਯੂਨੀਅਨਸਿਟ ਪਾਰਟੀ ਦੇ ਪੁਰਾਣੇ ਰਹਨੁਮਾ, ਸਰ ਫ਼ੀਰੋਜ਼ ਖ਼ਾਨ ਨੂਨ ਜੋ ਵਾਈਸਰਾਏ ਦੀ ਏਕਸੇਕਯੁਟੀਵ ਕਾਉਂਸਿਲ ਵਿੱਚ 15 ਸਤੰਬਰ ਤੱਕ ਡੀਫ਼ੇਂਸ ਵਜ਼ੀਰ ਸਨ, ਗਲੈਂਸੀ ਨਾਲ ਗੱਲ ਕੀਤੀ ਅਤੇ ਸਾਫ਼ ਦਿੱਲ ਨਾਲ ਕਿਹਾ ਕਿ ਉਹ 'ਉਸ ਪਾਕਿਸਤਾਨ ਵਿੱਚ ਯਕੀਨ ਨਹੀਂ ਕਰਦੇ ਨੇ, ਜਿਸ ਦੀ ਮੁਸਲਿਮ ਲੀਗ ਨਸੀਹਤ ਦੇ ਰਿਹਾ ਹੈ' (Ibid: 152). ਪਰ, ਉਸ ਨੇ ਜਨਤਕ ਤੌਰ ਤੇ ਇਹ ਕਹਿਣ ਤੋਂ, ਜਾਂ ਸਥਿਤੀ ਲੈਣ ਲਈ ਇਨਕਾਰ ਕਰ ਦਿੱਤਾ. ਪਰ 27 ਦਸੰਬਰ ਦੀ ਪੰਦਰਵਾੜੇ ਦੀ ਰਿਪੋਰਟ ਤੋਂ ਸਾਨੂੰ ਪਤਾ ਲਗਦਾ ਹੈ ਕਿ ਨੂਨ ਵੀ ਮੈਦਾਨ ਵਿੱਚ ਸ਼ਾਮਲ ਹੋ ਕੇ, ਇਸਲਾਮੀ ਲਹਜੇ ਤੇ ਲੀਗ ਦੀ ਹਿਮਾਇਤ ਕਰਣ ਲਗੇ:

> ਮੁਸਲਮਾਨਾਂ ਵਿੱਚ ਲੀਗੀਏ ਆਪਣੀ ਕੋਸ਼ਿਸ਼ ਵਧਾ ਕੇ ਵੋਟਰਾਂ ਦੀ ਕੱਟੜਤਾ ਨੂੰ ਮੁਤਾਸਰ ਕਰਨਾ ਚਾਹੁੰਦੇ ਨੇ. ਇੱਕ ਵੱਡੀ ਤਦਾਦ ਵਿੱਚ ਪੀਰਾਂ ਅਤੇ ਮੌਲਵੀਆਂ ਨੂੰ ਭਰਤੀ ਕੀਤਾ ਗਿਆ ਹੈ, ਤਾਂਕਿ ਉਹ ਸੂਬੇ ਦਾ ਦੌਰਾ ਕਰਣ ਅਤੇ ਲੀਗ ਦੀ ਮੁਖ਼ਾਲਫ਼ਤ ਕਰਣ ਵਾਲੇਆਂ ਨੂੰ ਕਾਫ਼ਰ ਕਰਾਰ ਕਰਣ. ਪਾਕ ਕੁਰਾਨ ਦੀ ਪ੍ਰਤਿਲਿਪਿਆਂ ਨੂੰ ਮੁਸਲਿਮ ਲੀਗ ਦੇ ਲੋਕ, ਇੱਕ ਨਿਸ਼ਾਨ ਦੇ ਤੌਰ ਤੇ ਆਲੇ ਦੁਆਲੇ ਲੈ ਜਾ ਰਹੇ ਹਨ. ਫ਼ੀਰੋਜ਼ (ਨੂਨ) ਅਤੇ ਦੂਜੇ ਖੁਲ੍ਹੀ ਤਰ੍ਹਾਂ ਉਪਦੇਸ਼ ਦੇ ਰਹੇ ਨੇ ਕਿ, ਲੀਗ ਨੂੰ ਦਿੱਤਾ ਗਿਆ ਹਰ ਇੱਕ ਵੋਟ ਪਵਿੱਤਰ ਪੈਗੰਬਰ ਲਈ ਹੋਵੇਗਾ. ਇਹ ਅਫ਼ਸੋਸਨਾਕ ਰਣਨੀਤੀਆਂ ਦੀ, ਜੋ ਕਿ ਮੈਂ ਬਾਰ ਬਾਰ ਕਿਹਾ ਹੈ, ਆਸ ਕੀਤੀ ਜਾ ਸਕਦੀ ਸੀ; ਉਹ ਇੰਡੀਆ ਦੇ

> ਭਵਿੱਖ ਦੇ ਅਮਨ ਦੀ ਇੱਕ ਸੰਜ਼ੀਦਾ ਤਸਵੀਰ ਪੇਸ਼ ਕਰਦੀ ਹੈ ਅਤੇ ਇਸ ਦਾ ਮੁਕਾਬਲਾ ਯੂਨੀਅਨਸਿਟ ਆਸਾਨੀ ਨਾਲ ਨਹੀਂ ਕਰ ਸਕਦੇ (Ibid: 160).

ਜਿੱਥੇ ਤੱਕ ਪਾਰਟੀਆਂ ਨਾਲ ਵਫ਼ਾਦਾਰੀ ਬਦਲਣ ਦਾ ਸਵਾਲ ਹੈ, ਗਲੈਂਸੀ ਕਹਿੰਦੇ ਨੇ:

> ਇੱਕ ਮਿਸਾਲ ਸਈਦ ਅਮਜਦ ਅਲੀ, ਜੋ ਇੱਕ ਮਸ਼ਹੂਰ ਫ਼ੌਜ਼ੀ ਠੇਕੇਦਾਰ ਸਰ ਮਰਾਤੀਬ ਅਲੀ ਦੇ ਬੇਟੇ ਸਨ, ਪੇਸ਼ ਹੈ. ਉਹ ਇੱਕ ਲੰਬੇ ਦੌਰ ਤੱਕ ਯੂਨੀਅਨਸਿਟ ਪਾਰਟੀ ਦੇ ਸੇਕ੍ਰੇਟਰੀ ਸਨ ਅਤੇ ਉਸ ਨੂੰ ਚੋਣ ਦੀ ਮੁਹਿੰਮ ਤੇ ਪਾਰਟੀ ਦਾ ਸਹਾਰਾ ਵੀ ਮਿਲਿਆ, ਮਗਰ ਕੁੱਝ ਹਫ਼ਤੇ ਪਹਿਲਾਂ ਉਹ ਮੁਸਲਿਮ ਲੀਗ ਤੇ ਸ਼ਾਮਲ ਹੋ ਗਿਐ, ਜਦ ਉਨ੍ਹਾ ਨੂੰ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਨੂੰ ਡੀਰੇਜ਼ਪੁਰ ਜ਼ਿਲ੍ਹੇ ਤੋਂ ਨਾਮਜਦ ਕੀਤਾ ਜਾਵੇਗਾ. ਇਸ ਵਾਇਦੇ ਨੂੰ ਮੁਸਲਿਮ ਲੀਗ ਦੀ ਸੇਨਟਰਲ ਪਾਰਲਿਆਮੇਂਟਰੀ ਬੋਰਡ ਨੇ ਨਾਮੰਜੂਰ ਕਰ ਦਿੱਤਾ ਅਤੇ ਇਸ ਦਾ ਨਤੀਜਾ ਇਹ ਹੋਇਆ ਕਿ ਉਸ ਨੇ ਯੂਨੀਅਨਸਿਟ ਪਾਰਟੀ ਤੇ ਵਾਪਸ ਆਉਣ ਦੀ ਨਾਕਾਮਯਾਬ ਕੋਸ਼ਿਸ਼ ਕੀਤੀ (Ibid.).

ਉਸੇ ਪੰਦਰਵਾੜੇ ਦੀ ਰਿਪੋਰਟ ਨੇ ਇਤਲਾਹ ਦਿੱਤੀ ਕਿ ਕਾਂਗਰੇਸ ਅਤੇ ਅਕਾਲਿਆਂ ਦੇ ਵਿੱਚ ਸਿੱਧੀ ਤੌਰ ਤੇ, ਫ਼ਾਇਦੇ ਦੇ ਟਕਰਾਅ ਨੂੰ ਰੋਕਣ ਲਈ ਗੱਲਬਾਤ, ਜ਼ਿਆਦਾ ਅੱਗੇ ਨਹੀਂ ਵਧੀ. ਕੁੱਝ ਸੀਟਾਂ ਲਈ ਸਿੱਖ ਮੱਨ ਗਿਐ ਕਿ ਕਾਂਗਰੇਸ ਜਾਂ ਅਕਾਲੀ ਉਮੀਦਵਾਰ ਕਮਊਨਿਸਟਾਂ ਦੇ ਖ਼ਿਲਾਫ਼ ਲੜਨ. ਇਸ ਦੇ ਨਾਲ, ਹਿੰਦੂ ਮਹਾਸਭਾ ਦਾ ਜਨਾਧਾਰ ਲੱਗਭਗ ਗਾਇਬ ਹੋ ਗਿਆ ਸੀ. ਕਾਂਗਰੇਸ ਨੂੰ ਲੱਗਭਗ ਸਾਰੇ ਹਿੰਦੂ ਸਮਰਥਨ ਦੇ ਰਹੇ ਸੀ. ਇਸ ਦੇ ਇਲਾਵਾ ਕਾਂਗਰੇਸ ਨੇ ਅੰਬਾਲਾ ਡਿਵੀਜ਼ਨ ਤੋਂ ਬਨਿਆ ਜਾਤ ਦੇ ਲੋਕਾਂ ਦੀ ਜਗ੍ਹ ਹਿੰਦੂ ਜੱਟਾਂ ਨੂੰ ਖੜੇ ਕਰਣ ਦਾ ਫ਼ੈਸਲਾ ਲੀਤਾ. ਇਸ ਦਾ ਮਤਲਬ ਸੀ ਕਿ ਇਹ ਸਰ ਛੋਟੂ ਰਾਮ ਦੀ ਸੀਟ ਤੋਂ ਸਮਰਥਨ ਜੁਟਾਣ ਦੀ ਕੋਸ਼ਿਸ਼ ਕਰ ਰਹੇ ਸੀ ਜੋ ਪਹਿਲਾਂ, ਪੰਜਾਬ ਯੂਨੀਅਨਸਿਟ ਪਾਰਟੀ ਦੀ ਬਰਕਰਾਰ ਰੱਖੀ ਜਗ੍ਹ ਸੀ.

ਪੰਜਾਬ ਵਿੱਚ ਮੁਸਲਿਮ ਲੀਗ ਦੀ ਮੁਹਿੰਮ ਦੇ ਕਾਰਕੁਨਾ ਦੇ ਤਿੰਨ ਖ਼ਾਸ ਸਮੂਹ ਸੀ. ਪਹਿਲੇ, ਯੁਨਾਇਟਡ ਪ੍ਰੋਵਿੰਸੇਸ ਦੇ ਅਲੀਗੜ ਮੁਸਲਿਮ ਯੂਨੀਵਰਸਿਟੀ ਦੇ ਮੁਸਲਿਮ ਸ਼ਾਗੀਰਦ ਸਨ, ਜੋ ਇੱਕ ਵੱਡੀ ਤਦਾਦ ਤੇ, ਰਜ਼ਾਕਾਰ ਦੀ ਹੈਸਿਅਤ ਤੇ ਸ਼ਹਿਰਾਂ ਅਤੇ ਪਿੰਡਾ ਦਾ ਦੌਰਾ ਕਰਣ ਆਉਂਦੇ ਸੀ, ਅਤੇ ਪਾਕਿਸਤਾਨ ਦੇ ਖ਼ਿਆਲ ਦੀ ਅਫ਼ਜ਼ਾਇਸ਼ ਕਰਦੇ ਸੀ ਤਾਂਕਿ ਮੁਸਲਮਾਨ ਜਾਤੀਗਤ ਹਿੰਦੂਆਂ ਦੀ ਘੁਲਾਮੀ ਤੋਂ ਆਜ਼ਾਦ ਹੋ ਸਕਣ. ਚੌਧਰੀ ਨਜ਼ੀਰ ਅਹਿਮਦ ਵਿਰਕ, ਜਿਸ ਦਾ ਇੰਟਰਵਿਊ ਅਸੀਂ 30 ਦਸੰਬਰ 2005 ਨੂੰ ਲੀਤਾ, ਉਨ੍ਹਾਂ ਨੂੰ ਠੀਕ ਠੀਕ ਯਾਦ ਨਹੀਂ ਹੈ ਕਿ ਕਿਸ ਦਿਨ ਜਾਂ ਮਹੀਨੇ ਤੇ ਅਲੀਗੜ ਦੇ ਸ਼ਾਗੀਰਦ ਪੱਛਮ ਪੰਜਾਬ ਦੇ ਸ਼ੇਖੁਪੁਰਾ ਸ਼ਹਿਰ ਆਏ, ਮਗਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਯਾਦ ਹੈ, ਕਿ ਉਸ ਦਿਨ ਕੀ ਕਿਹਾ ਗਿਆ ਸੀ:

'ਇੱਕ ਦਿਨ 200-250 ਸ਼ਾਗੀਰਦ ਪਾਜਾਮਾ ਅਤੇ ਸ਼ੇਰਵਾਨੀ ਪਹਿਣ ਕੇ, ਅਲੀਗੜ ਯੂਨੀਵਰਸਿਟੀ ਤੋਂ ਸ਼ੇਖੁਪੁਰਾ ਆਏ ਸੀ ਅਤੇ ਉਹ ਮੁੱਖ ਬਾਜ਼ਾਰ ਤੇ ਇਕੱਠਾ ਹੋਏ. ਉਨ੍ਹਾਂ ਨੇ ਇੱਕ ਬਿਗੁਲ ਵਜਾਇਆ ਅਤੇ ਆਪਣੇ ਕਪੜੇ ਬਦਲ ਕੇ ਮੁਸਲਿਮ ਲੀਗ ਨੈਸ਼ਨਲ ਗਾਰਡਸ ਦੀ ਪੋਸ਼ਾਕ ਪਹਿਣ ਲੀਤੀ. ਇਸ ਦੇ ਬਾਅਦ ਉਨ੍ਹਾਂ ਦੇ ਆਗੂ ਨੇ ਅਵਾਮ ਨੂੰ ਇੱਕ ਤਕਰੀਰ ਪੇਸ਼ ਕੀਤੀ ਅਤੇ ਕਿਹਾ: "ਦੋਸਤੋਂ, ਮੈਂ ਜਿਸ ਜਗ੍ਹ ਤੋਂ ਆਇਆ ਹਾਂ ਉਹ ਕਦੀ ਪਾਕਿਸਤਾਨ ਨਹੀਂ ਬਣੇਗਾ, ਮਗਰ ਸ਼ੇਖੁਪੁਰਾ ਜ਼ਰੂਰ ਪਾਕਿਸਤਾਨ ਬਣੇਗਾ. ਉ ਖਿਜ਼ਰ ਟਿਵਾਣਾ - ਮੇਰੀ ਗੱਲ ਸੁਣ. ਅਸੀਂ ਸਿਰ ਤੇ ਕਫ਼ਨ ਬਣ ਕੇ ਸ਼ੇਖੁਪੁਰਾ ਆਇਐ ਹਾਂ. ਅਸੀਂ ਪਾਕਿਸਤਾਨ ਹਾਸਲ ਕਰਾਂਗੇ. ਸਾਡੇ ਸਿਰ ਅਤੇ ਸੀਨੇ ਗੋਲੀ ਖਾਉਣ ਨੂੰ ਤਿਆਰ ਨੇ". ਇਸ ਦੇ ਬਾਅਦ ਉਹ ਦੋ ਦੋ ਕਰ ਕੇ ਚਲੇ ਗਿਐ ਕਿਉਂਕਿ ਉਸ ਵਕਤ

ਧਾਰਾ 144 ਲਗਾ ਦਿੱਤੀ ਗਈ ਸੀ. ਟ੍ਰੇਨ ਤੇ ਚੜ੍ਹਦੇ ਹੋਏ ਉਨ੍ਹਾਂ ਨੇ ਉੱਚੀ ਅਵਾਜ਼ ਤੇ ਕਿਹਾ, "ਲੇ ਕੇ ਰਹੇਂਗੇ ਪਾਕਿਸਤਾਨ, ਦੇਨਾ ਹੋਗਾ ਪਾਕਿਸਤਾਨ, ਪਾਕਿਸਤਾਨ ਜ਼ਿੰਦਾਬਾਦ". ਉਹ ਚੱਲੇ ਗਿਐ, ਪਰ ਅਸੀਂ ਸ਼ੇਖੁਪੁਰਾ ਦੇ ਸ਼ਾਗਿਰਦਾਂ ਦੀ ਅਦਾਕਾਰੀ ਨਾਲ ਉਤੇਜਤ ਹੋ ਕੇ ਉੱਚੀ ਅਵਾਜ਼ ਵਿੱਚ ਨਾਅਰੇਬਾਜੀ ਕੀਤੀ. ਸਾਡੇ ਕੁੱਝ ਲੜਕੇ ਗਰਿਫ਼ਤਾਰ ਵੀ ਹੋਏ.

ਦੂਜਾ ਸਮੂਹ ਮੁਸਲਿਮ ਕਮਊਨਿਸਟਾਂ ਦਾ ਸੀ ਜੋ ਲੀਗ ਵਿੱਚ ਤਦ ਸਾਮਲ ਹੋਏ ਜਦ ਕਮਊਨਿਸਟ ਪਾਰਟੀ ਔਫ਼ ਇੰਡੀਆ ਨੇ ਫ਼ੈਸਲਾ ਦਿੱਤਾ ਕਿ ਪਾਕਿਸਤਾਨ ਦੀ ਮੰਗ ਲੇਨਿਨਵਾਦ ਦੇ ਮੁਤਾਬਕ ਠੀਕ ਹੈ, ਕਿ ਇੱਕ ਸਤਾਇਆ ਹੋਇਆ ਮੁਲਕ ਆਪਣੀ ਕਿਸਮਤ ਦਾ ਫ਼ੈਸਲਾ ਖੁਦ ਕਰ ਸਕਦਾ ਹੈ, ਕਿਉਂਕਿ ਮੁਸਲਮਾਨ ਇੱਕ ਪਿਛੜੀ ਹੋਈ ਕੌਮ ਸਨ. ਪੰਜਾਬ ਪ੍ਰੋਵਿੰਸਿਅਲ ਕੌਂਗਰੇਸ ਕੌਮਿਟੀ ਦੇ ਗਤਿਸ਼ੀਲ ਪ੍ਰਧਾਨ, ਮਿਆਂ ਇਫ਼ਤਿਖ਼ਾਰੁੱਦੀਨ ਜੋ ਪੰਜਾਬ ਦੇ ਕਮਊਨਿਸਟਾਂ ਦੇ ਮੁੱਖ ਵਲੀ ਸਨ, 25 ਅਗਸਤ 1945 ਨੂੰ ਮੁਸਲਿਮ ਲੀਗ ਤੇ ਸ਼ਾਮਲ ਹੋ ਗਿਐ. ਪੰਜਾਬ ਦੇ ਸਾਬਕਾ ਕਮਊਨਿਸਟ ਆਗੂ ਅਬਦੁਲਾ ਮਲਿਕ ਨੇ ਮੇਰੇ ਨਾਲ ਇਸ ਮੁੱਦੇ ਉਪਰ 19 ਦਸੰਬਰ 2001 ਨੂੰ ਲਾਹੌਰ ਤੇ ਲੰਬੀ ਗੱਲਬਾਤ ਕੀਤੀ. ਉਨ੍ਹਾਂ ਨੇ ਸਾਫ਼ ਕੀਤਾ ਕਿ ਕਮਊਨਿਸਟ ਮੁਸਲਿਮ ਲੀਗ ਦੀ ਆਮ ਸਭਾਵਾਂ ਤੇ ਭਾਸ਼ਣ ਦੇਂਦੇ ਸੀ ਅਤੇ ਇਸ ਖ਼ਿਆਲ ਦੀ ਤਜਵੀਜ਼ ਕਰਦੇ ਸੀ ਕਿ, ਪਾਕਿਸਤਾਨ ਵਰਗੇ ਮੁਲਕ ਤੇ ਕੋਈ ਇੰਸਾਨ ਦੂਜੇ ਦਾ ਸ਼ੋਸ਼ਣ ਨਹੀਂ ਕਰੇਗਾ.

ਤੀਜਾ ਅਤੇ ਸ਼ਾਇਦ ਸਭ ਤੋਂ ਅਹਿਮ ਸਮੂਹ ਜਿਸ ਨੂੰ ਮੁਸਲਿਮ ਲੀਗ ਨੇ ਮੁਸਲਮਾਨਾਂ ਦਾ ਸਮਰਥਨ ਜਿੱਤਣ ਲਈ ਤਿਆਰ ਕੀਤਾ ਸੀ, ਉਹ ਉਲੇਮਾਵਾਂ ਅਤੇ ਪੀਰਾਂ ਦਾ ਸੀ. ਕੁੱਝ ਪ੍ਰਮੁਖ ਪੀਰਾਂ ਨੂੰ ਲੈ ਕੇ ਇੱਕ ਮਸ਼ੇਇਖ਼ ਕਮੇਟੀ ਦਾ ਗਠਨ ਕੀਤਾ ਗਿਆ ਤਾਂਕਿ ਪਾਕਿਸਤਾਨ ਦੀ ਹਿਮਾਇਤ ਲਈ, ਉਹ ਪ੍ਰਚਾਰ ਦੀ ਮੁਹਿੰਮ ਦੀ ਅਗਵਾਈ ਕਰਨ. ਉਨ੍ਹਾਂ ਦੇ ਵਿੱਚ ਸਨ: ਗੋਲਰਾ ਸ਼ਰੀਫ਼ ਦੇ ਪੀਰ ਮੇਹਰ ਅਲੀ ਸ਼ਾਹ, ਜਿਹਲਮ ਦੇ ਜਲਾਲਪੁਰ ਦੇ ਪੀਰ ਫ਼ਜ਼ਲ ਸ਼ਾਹ, ਟੌਂਸਾ ਸ਼ਰੀਫ਼ ਦੇ ਪੀਰ ਨਜ਼ੀਮੁੱਦੀਨ, ਮੁਲਤਾਨ ਦੇ ਮਖੱਦੁਮ ਰਜ਼ਾ ਸ਼ਾਹ ਅਤੇ ਹੋਰ ਦੂਜੇ. ਇਨ੍ਹਾਂ ਹੀ ਨਹੀਂ, ਕੁੱਝ ਸਿਆਸਤਦਾਨਾਂ ਅਤੇ ਦੂਜੇ ਲੋਕਾਂ ਨੇ ਆਪਣੇ ਨਾ ਦੇ ਪਿੱਛੇ ਪਾਕ ਲਫ਼ਜ਼ ਲਗਾ ਕੇ ਇੱਕ ਪਹੇਲੀ ਬਣਾ ਛੱਡੀ; ਮਿਸਾਲ ਦੇ ਤੌਰ ਤੇ, ਨਵਾਬ ਮਮਦੋਤ ਬਣ ਗਏ, ਪੀਰ ਮਮਦੋਤ ਸ਼ਰੀਫ਼ ਦੇ ਨਵਾਬ ਮਮਦੋਤ, ਸ਼ੌਕਤ ਹਯਾਤ ਬਣ ਗਿਐ ਵੱਹ ਸ਼ਰੀਫ਼ ਦੇ ਸਜਦਾ ਨਸ਼ੀਨ, ਫ਼ੀਰੋਜ਼ ਖ਼ਾਨ ਨੂਨ ਬਣੇ ਦਰਬਾਰ ਸਰਗੋਧਾ ਸ਼ਰੀਫ਼ ਦੇ ਫ਼ੀਰੋਜ਼ ਖ਼ਾਨ ਨੂਨ ਅਤੇ ਨਵਾਬ ਮੁਹੱਮਦ ਹਯਾਤ ਕੁਰੇਸ਼ੀ ਬਣੇ ਸਰਗੋਧਾ ਸ਼ਰੀਫ਼ ਦੇ ਸਜਦਾ ਨਸ਼ੀਨ (*Court of Inquiry*, 1954: 255).

ਇਸ ਦੇ ਇਲਾਵਾ ਸਭ ਤੋਂ ਵੱਡੇ ਬਰੇਲਵੀ ਸੁੱਨੀ ਉਪ-ਪੰਥ ਦੇ ਕੱਟੜ ਉਲੇਮਾ ਜਿਨ੍ਹਾਂ ਦਾ ਪੀਰਾਂ ਨਾਲ ਲਗਾਉ ਸੀ, ਉਹ ਵੀ ਇਸ ਮੈਦਾਨ ਤੇ ਆ ਗਿਐ (Gilmartin,1989; Talbot, 1996). ਪ੍ਰਚਾਰ ਅਤੇ ਮੁਹਿੰਮ ਦੀ ਕਿਸਮ ਹਰ ਜਗ੍ਹ ਤੇ ਮੁਖ਼ਤਲਿਫ਼ ਹੁੰਦੀ ਸੀ, ਹਾਲਾਂਕਿ ਜੋਰ ਇੱਕ ਇਸਲਾਮੀ ਮੁਲਕ ਇੱਜਾਦ ਕਰਣ ਉਪਰ ਹੀ ਸੀ. ਮੁਸਲਿਮ ਲੀਗ ਨੇ ਇੰਨੇ ਜ਼ਿਆਦਾ ਪੀਰ ਅਤੇ ਮੌਲਵੀ ਇਕੱਠਾ ਕਰ ਲੀਤੇ ਸੀ ਕਿ ਯੁਨੀਅਨਿਸਟ ਦੇ ਸਮਰਥਕਾਂ ਨੇ ਖ਼ਿਜ਼ਰ ਨੂੰ ਮਦਦ ਲਈ ਬਦਹਵਾਸੀ ਨਾਲ ਅਪੀਲ ਕੀਤੀ. ਇੱਕ ਮਾਯੂਸੀ ਭਰੀ ਦਲੀਲ ਤਾਰ ਦੇ ਜਰਿਐ ਮੁਲਤਾਨ ਤੋਂ ਯੁਨੀਅਨਿਸਟ ਦਫ਼ਤਰ ਭੇਜੀ ਗਈ: 'ਕੀਰਪਾ ਕਰ ਕੇ ਸਾਨੂ ਹੋਰ ਮੌਲਵੀ ਭੇਜੋ', ਉਸ ਵਕਤ ਦੇ ਹਾਲਾਤ ਦੀ ਇੱਕ ਮਿਸਾਲ ਹੈ (Gilmartin, 1979: 515). ਕਈ ਹਿੰਦੂਆਂ ਅਤੇ ਸਿੱਖਾਂ ਜਿਨ੍ਹਾਂ ਨਾਲ ਮੈਂ ਗੱਲ ਕੀਤੀ, ਦੱਸਦੇ ਨੇ ਕਿ ਉਨ੍ਹਾਂ ਨੂੰ ਕਿਹਾ ਗਿਆ ਕਿ ਗੈਰ-ਮੁਸਲਮਾਨਾਂ ਨੂੰ ਜਜ਼ਿਆ

ਅਦਾ ਕਰਨਾ ਪਵੇਗਾ ਅਤੇ ਉਨ੍ਹਾਂ ਨੂੰ ਇਸਲਾਮੀ ਅਦਾਲਤਾਂ ਵਿੱਚ ਕਾਨੂੰਨੀ ਅਤੇ ਜੁਰਮ ਦੇ ਕਸੂਰਾਂ ਲਈ ਪੇਸ਼ ਹੋਣਾ ਪਏਗਾ.

ਮਸ਼ਹੁਰ ਹਿੰਦੀ ਲੇਖਕ, ਭੀਸ਼ਮ ਸਾਹਨੀ ਨੇ ਮੇਰੇ ਨਾਲ 23 ਅਕਤੂਬਰ 2001 ਨੂੰ, ਰਾਵਲਪਿੰਡੀ ਸ਼ਹਿਰ ਅਤੇ ਨਜਦੀਕੀ ਇਲਾਕਿਆਂ ਤੇ ਇੰਤਖਾਬ ਦੀ ਮੁੱਹਿਮ, ਅਤੇ ਮੁਸਲਿਮ ਲੀਗ ਦੇ ਵੱਲੋਂ ਪੀਰ ਮੇਹਰ ਅਲੀ ਸ਼ਾਹ ਦੀ ਹਰਕਤਾਂ, ਦੇ ਬਾਰੇ ਦੱਸਿਆ. ਮੇਹਰ ਅਲੀ ਸ਼ਾਹ ਨੇ ਗੈਰ-ਮੁਸਲਿਮਾਂ ਨੂੰ ਕਿਹਾ ਕਿ ਪਾਕਿਸਤਾਨ ਇੱਕ ਇਸਲਾਮੀ ਮੁਲਕ ਹੋਵੇਗਾ ਮਗਰ ਗੈਰ-ਮੁਸਲਿਮ ਜਜ਼ਿਆ ਅਦਾ ਕਰ ਕੇ, ਅਮਨ ਹੋਰ ਹਿਫ਼ਾਜਤ ਨਾਲ ਰਹਿਣਗੇ. ਬਰੇਲਵੀ ਉਲੇਮਾਵਾਂ ਅਤੇ ਪੀਰਾਂ ਦੇ ਇਲਾਵਾ, ਕੁੱਝ ਪ੍ਰਮੁਖ ਦੇਵਬੰਦੀ ਮਤਭੇਦੀ, ਮਸਲਨ ਸ਼ੱਬੀਰ ਅਹਿਮਦ ਉਸਮਾਨੀ ਅਤੇ ਉਸ ਦੇ ਗੁਟ ਵੀ ਮੁਸਲਿਮ ਲੀਗ ਤੇ ਸ਼ਾਮਲ ਹੋ ਗਿਐ ਅਤੇ ਬੜੇ ਜਬਰਦਸਤ ਤਰੀਕੇ ਨਾਲ ਪਾਕਿਸਤਾਨ ਬਣਾਉਣ ਲਈ ਮੁਹਿੱਮ ਛੇੜੀ. ਮੁਸਲਿਮ ਲੀਗ ਨੇ ਲੋਕਾਂ ਨੂੰ ਸ਼ਾਮਲ ਕਰਣ ਦੀ ਰਣਨੀਤੀ ਇਸਤੇਮਾਲ ਕੀਤੀ, ਤਾਂਕਿ ਮੁਸਲਮਾਨਾਂ ਦਾ ਵਧ ਤੋਂ ਵਧ ਸਾਥ ਮਿਲ ਜਾਵੇ. ਇਸ ਲਈ ਜਿਨ੍ਹਾਂ ਨੇ ਵੀ ਆਪਣੇ ਆਪ ਨੂੰ ਮਰਦਮ ਸ਼ੁਮਾਰੀ ਵਿੱਚ ਮੁਸਲਮਾਨ ਦੱਸਿਆ ਸੀ, ਉਨ੍ਹਾ ਨੂੰ ਇਸ ਪ੍ਰਚਾਰ ਲਈ ਗਤਿਮਾਨ ਕੀਤਾ ਗਿਆ. ਇਥੇ ਤੱਕ ਕਿ ਅਹਿਮਦੀ ਵੀ ਸਾਮਲ ਸਨ, ਜਿਨ੍ਹਾਂ ਨੂੰ ਕੱਟੜ ਸੁੱਨੀ ਅਤੇ ਸ਼ਿਆ ਨਾਸਤਿਕ ਸਮਝਦੇ ਸੀ.

ਯੁਨੀਅਨਿਸਟਾਂ ਨੇ ਆਖਿਰੀ ਵਕਤ ਤੇ ਇਸ ਮਜ਼ਬੂਤੀ ਹਮਲੇ ਦਾ ਮੁਕਾਬਲਾ ਕਰਣ ਲਈ ਅਹਰਾਰਾਂ ਤੋਂ ਉਲੇਮਾ ਅਤੇ ਖ਼ਾਕਸਾਰ ਦੇ ਵਕਤਾ ਇੰਤਖਾਬ ਦੀ ਮੁਹਿੱਮ ਤੇ ਲਾਉਂਦੇ, ਹਾਲਾਂਕਿ ਇਹ ਦੋਵੇਂ ਹੀ, ਗੁਜ਼ਰੇ ਵਕਤ ਤੇ, ਇਸ ਦੇ ਖ਼ਿਲਾਫ ਸਨ. ਪ੍ਰੀਮੀਅਰ ਸਰ ਖ਼ਿਜ਼ਰ ਵੀ ਆਪਣੀ ਅਵਾਮੀ ਤਕਰੀਰਾਂ ਤੇ ਕੁਰਾਨ ਦਾ ਹਵਾਲਾ ਦੇਂਦੇ ਸੀ ਮਗਰ ਇਸ ਦਾ ਕੋਈ ਖ਼ਾਸ ਫ਼ਾਇਦਾ ਨਹੀਂ ਹੋਇਆ ਕਿਉਂਕਿ ਪਾਰਟੀ ਦੀ ਗੈਰ-ਫ਼ਿਰਕੂ ਸੋਚ, ਅਤੇ ਇੰਤਖਾਬ ਦੀ ਮੁਹਿੱਮ ਵਿੱਚ ਮਜ਼ਹਬ ਦਾ ਇਸਤੇਮਾਲ, ਮੇਲ ਨਹੀਂ ਖਾਂਦੇ ਸੀ (Talbot, 1996: 147).

2 ਫਰਵਰੀ 1946 ਦੀ ਆਪਣੀ ਪੰਦਰਵਾੜੇ ਦੀ ਰਿਪੋਰਟ ਤੇ, ਗਲੈਂਸੀ ਵਾਇਸਰਾਏ ਵੇਵੇਲ ਨੂੰ ਲਿਖਦੇ ਨੇ:

> ਮੁਸਲਿਮ ਲੀਗ ਦੇ ਵਕਤਾ ਆਪਣੇ ਭਾਸ਼ਣਾ ਤੇ ਹੋਰ ਜ਼ਿਆਦਾ ਜਨੂਨੀ ਹੁੰਦੇ ਜਾ ਰਹੇ ਨੇ. ਮੌਲਵੀ ਅਤੇ ਪੀਰ ਅਤੇ ਸ਼ਾਗਿਰਦ ਸਾਰੇ ਸੂਬੇ ਦਾ ਦੌਰਾ ਕਰਦੇ ਨੇ ਅਤੇ ਪ੍ਰਵਚਣ ਦੇਂਦੇ ਨੇ ਕਿ, ਜੋ ਲੀਗ ਦੇ ਉਮੀਦਵਾਰਾਂ ਨੂੰ ਵੋਟ ਨਹੀਂ ਪਾਉਣਗੇ, ਉਹ ਮੁਸਲਮਾਨ ਨਹੀਂ ਰਹਿਣਗੇ; ਉਨ੍ਹਾਂ ਦੇ ਨਿਕਾਹ ਨਕਾਰੇ ਜਾਣਗੇ ਅਤੇ ਉਨ੍ਹਾਂ ਦਾ ਪੂਰੀ ਤਰ੍ਹਾਂ ਬਹਿਸ਼ਕਾਰ ਕੀਤਾ ਜਾਵੇਗਾ. ਇੰਤਖਾਬ ਦਾ ਕੀ ਨਤੀਜਾ ਹੋਵੇਗਾ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ. ਪਰ, ਇਸ ਵਾਰ, ਬਹੁਤ ਥੋੜਾ ਸ਼ੱਕ ਹੈ ਕਿ ਮੁਸਲਿਮ ਲੀਗ, ਆਪਣੀ ਇਹ ਮੁਹਿੱਮ 'ਇਸਲਾਮ ਖ਼ਤਰੇ ਵਿੱਚ ਹੈ' ਦੇ ਦੁਆਲੇ, ਜਿਣ ਬੇਰਹਿਮ ਤਰੀਕੇਆਂ ਦਾ ਇਸਤੇਮਾਲ ਕਰ ਰਹੀ ਹੈ, ਆਪਣੀ ਸੀਟਾਂ ਨੂੰ ਬਹੁਤ ਜ਼ਿਆਦਾ ਵਧਾ ਲੇਗੀ ਅਤੇ ਯੁਨੀਅਨਿਸਟਾਂ ਦੀ ਨੁਮਾਇੰਦਗੀ, ਇਸ ਦੇ ਨਾਲ-ਨਾਲ ਘੱਟ ਜਾਵੇਗੀ (Carter, 2006, 171).

28 ਫਰਵਰੀ 1946 ਦੀ ਆਪਣੀ ਪੰਦਰਵਾੜੇ ਦੀ ਰਿਪੋਰਟ ਤੇ, ਗਲੈਂਸੀ ਜਿਹਲਮ ਤਹਸੀਲ ਦੇ ਇੱਕ ਮੁਸਲਿਮ ਲੀਗ ਉਮੀਦਵਾਰ, ਰਾਜਾ ਖ਼ੈਰ ਮੇਹਦੀ ਖ਼ਾਨ ਦੇ ਵੰਡੇ ਹੋਏ ਇੱਕ ਉਰਦੂ ਪੋਸਟਰ, ਜੋ ਬਗੈਰ ਕਿਸੇ ਸ਼ੱਕ ਦੇ, ਵੋਟਾਂ ਲਈ ਮਜ਼ਹਬੀ ਫ਼ਰਕ ਦਾ ਇਹਸਾਸ ਦਿਲਾਂਦਾ ਹੈ, ਉਸ ਦੇ ਤਰਜੁਮੇ ਨੂੰ ਦੁਬਾਰਾ ਪੇਸ਼ ਕਰਦੇ ਨੇ. ਇਸ ਨੂੰ

ਜਿਹਲਮ ਦੇ ਇੱਕ ਖ਼ਾਤੀਬ, ਅਬਾਸ ਅਲੀ ਸ਼ਾਹ, ਨੇ ਲਿਖਿਆ ਸੀ.

> *ਮੁਸਲਿਮ ਲੀਗ ਜ਼ਿੰਦਾਬਾਦ. ਪਾਕਿਸਤਾਨ ਜ਼ਿੰਦਾਬਾਦ*
> *ਉਸ ਦੇ (ਅੱਲ੍ਹਾ) ਨਾਂਅ ਤੇ, ਮੁਸਲਮਾਨੋਂ, ਤੁਹਾਡੇ ਇਮਤਿਹਾਨ ਦਾ ਵਕਤ ਆ ਗਿਆ ਹੈ.*
> *ਇਮਾਨਦਾਰੀ ਅਤੇ ਫ਼ਰੇਬ ਦੀ ਇਸ ਜੰਗ ਵਿੱਚ,*
> *ਤੁਹਾਨੂ ਦੀਨ ਜਾਂ ਦੁਨੀਆ ਨੂੰ ਚੁਣਨਾ ਹੈ.*

ਦੀਨ	***ਦੁਨੀਆ***
ਇੱਕ ਤਰਫ਼ ਤੁਹਾਡਾ ਆਪਣੇ ਜ਼ਮੀਰ ਅਤੇ ਸ਼ਰਬਸ਼ਕਤੀਮਾਨ ਵਿੱਚ ਭਰੋਸਾ ਹੈ	*ਦੂਜੀ ਤਰਫ਼ ਤੁਹਾਨੂ ਜਗੀਰਾਂ ਦਿੱਤੀ ਜਾ ਰਹੀ ਨੇ*
ਇੱਕ ਤਰਫ਼ ਇਮਾਨਦਾਰੀ ਅਤੇ ਵਫ਼ਾਦਾਰੀ ਹੈ	*ਦੂਜੀ ਤਰਫ਼ ਲੰਬਰਦਾਰੀ ਅਤੇ ਜ਼ੈਲਦਾਰੀ ਹੇ*
ਇੱਕ ਤਰਫ਼ ਜਾਇਜ਼ ਵਜ੍ਹਾ ਹੈ	*ਦੂਜੀ ਤਰਫ਼ ਸਫੇਦਪੋਸ਼ੀ ਹੇ*
ਇੱਕ ਤਰਫ਼ ਤੁਹਾਡਾ ਪਾਕਿਸਤਾਨ ਹੈ	*ਦੂਜੀ ਤਰਫ਼ ਕਾਫ਼ਿਰਿਸਤਾਨ ਹੇ*
ਇੱਕ ਤਰਫ਼ ਮੁਸਲਮਾਨਾਂ ਨੂੰ ਹਿੰਦੂਆਂ ਦੀ ਘੁਲਾਮੀ ਤੋਂ ਬਚਾਉਣ ਦਾ ਮਸਲਾ ਹੈ	*ਇਸ ਦੇ ਖ਼ਿਲਾਫ਼, ਸਿਰਫ਼ ਇੱਕ ਇੰਸਾਨ ਦੀ ਨਿੱਜੀ ਇੱਜ਼ਤ ਦਾ ਮਾਮਲਾ ਹੈ*
ਇੱਕ ਤਰਫ਼ ਤੁਹਾਨੂ ਕਲਿਮਾ ਪੜ੍ਹਣ ਵਾਲੇਆਂ ਨੂੰ ਇਕੱਠਾ ਕਰਨਾ ਹੈ	*ਦੂਜੀ ਤਰਫ਼ ਮੁਰਤੀ ਪੂਜਾ, ਬਰਾਦਰੀ ਅਤੇ ਜਾਤਾਂ ਨੇ*
ਇੱਕ ਤਰਫ਼ ਤੁਹਾਡੇ ਨਾਲ਼ ਪਾਕ ਮੁਹੱਮਦ ਅਤੇ ਅਲੀ ਨੇ	*ਦੂਜੀ ਤਰਫ਼ ਬਲਦੇਵ ਸਿੰਘ ਅਤੇ ਖ਼ਿਜ਼ਰ ਹਯਾਤ ਨੇ*
ਇੱਕ ਤਰਫ਼ ਸਾਰੇ ਮੁਸਲਮਾਨਾਂ ਦੇ ਭਾਈਚਾਰੇ ਅਤੇ ਇਤਹਾਦ ਦਾ ਸਵਾਲ ਹੈ	*ਦੂਜੀ ਤਰਫ਼ ਨੈਕਰਸ਼ਾਹੀ ਦਾ ਡੰਡਾ ਅਤੇ ਅਫਸਰਸ਼ਾਹੀ ਦਾ ਖ਼ੌਫ਼*
ਇੱਕ ਤਰਫ਼ ਮੁਸਲਿਮ ਲੀਗ ਅਤੇ ਪਾਕਿਸਤਾਨ ਦੇ ਆਸ਼ਕ ਨੇ	*ਦੂਜੀ ਤਰਫ਼ ਕਾਂਗਰੇਸ ਅਤੇ ਯੂਨੀਅਨਿਸਟਾਂ ਦੇ ਸਿਫ਼ਤ ਕਰਣ ਵਾਲੇ*
ਇੱਕ ਤਰਫ਼ ਹਰੇ ਝੰਡੇ ਦੀ ਇੱਜ਼ਤ ਦਾ ਸਵਾਲ ਹੈ	*ਦੂਜੀ ਤਰਫ਼ ਖ਼ਿਜ਼ਰ ਵਜ਼ਾਰਤ ਦੀ ਹਕੂਮਤ ਹੈ*

ਇਸ ਦੇ ਮੱਦੇ ਨਜ਼ਰ, ਆਪਣੇ ਮਜ਼ੂਬ ਦੀ ਭਲਾਈ ਲਈ, ਪਾਰਟੀ ਅਤੇ ਜਾਤੀ ਝਗੜੇ ਛੱਡ ਕੇ, ਤੁਹਾਨੂ ਆਪਣੇ ਇਮਾਨ ਦੀ ਮਜਬੂਤੀ ਦਾ ਖ਼ਿਆਲ ਰੱਖਦੇ ਹੋਐ, ਫ਼ੈਸਲਾ ਕਰਨਾ ਹੈ ਕਿ ਜਿਹਲਮ ਤਹਸੀਲ ਤੇ ਤੁਹਾਡੇ ਵੋਟ ਦਾ ਸਹੀ ਦਾਵੇਦਾਰ, ਮੁਸਲਿਮ ਲੀਗ ਦਾ ਨੁਮਾਇੰਦਾ ਹੈ, (ਜੇ ਕਿ) ਰਾਜਾ ਖੈਰ ਮੇਹਦੀ ਖ਼ਾਨ (Ibid: 174–5).

ਖੋਸਲਾ ਰਿਪੋਰਟ ਵਿੱਚ ਇੱਕ ਮਸ਼ਹੂਰ ਪਤਰਕਾਰ ਬ੍ਰੇਲਸਫੋਰਡ ਦਾ ਹਵਾਲਾ ਹੈ ਜੋ ਦੀ ਟ੍ਰਿਬਯੁਨ, ਲਾਹੌਰ ਤੇ ਫਰਵਰੀ 1946 ਨੂੰ ਛਪਿਆ ਸੀ. ਇਹ ਇਸ ਖ਼ਿਆਲ ਦੀ ਹਾਮੀ ਭਰਦਾ ਹੈ ਕਿ ਮੁਸਲਿਮ ਲੀਗ ਨੇ ਮਜ਼ੂਬੀ ਜਨੂਨ ਦਾ ਭਰਪੂਰ ਇਸਤੇਮਾਲ ਕੀਤਾ ਤਾਂਕਿ ਉਸ ਨੂੰ, ਜ਼ਿਆਦਾ ਤੋਂ ਜ਼ਿਆਦਾ, ਵੋਟਾਂ ਪੈਣ. ਬ੍ਰੇਲਸਫੋਰਡ ਨੇ ਲਿਖਿਆ:

> ਮੁਸਲਮਾਨ ਕਿਸਾਨ ਤਿੰਨ ਤਾਕਤਾਂ ਦਾ ਸਾਹਮਣਾ ਕਰਦਾ ਹੈ ਜਾਗੀਰੀ ਜ਼ਿਮੀਦਾਰ, ਸਰਕਾਰ ਅਤੇ ਲੀਗ. ਇਣ ਤਿੰਨਾਂ ਵਿੱਚ ਲੀਗ ਉਸ ਦੇ ਜਜ਼ਬਾਤ ਨੂੰ ਸਮਝ ਸਕਦਾ ਹੈ ਅਤੇ ਹਰ ਜਗ੍ਹ ਮੌਜੂਦ ਹੈ. ਇਸ ਨੇ ਇੱਕ ਖ਼ੌਫ਼ ਪੈਦਾ ਕੀਤਾ ਹੋਇਆ ਹੈ ਕਿ ਇਸਲਾਮ ਖ਼ਤਰੇ ਵਿੱਚ ਹੈ. ਮਜ਼ੂਬੀ ਲੋਕ ਕਿਸਾਨਾਂ ਨੂੰ ਦੱਸ ਰਹੇ ਨੇ ਕਿ ਉਨ੍ਹਾਂ ਦੇ ਨਜ਼ਾਤ ਦੀ ਉਮੀਦ, ਇਸ ਗੱਲ ਉਪਰ ਟਿਕੀ ਹੈ ਕਿ ਉਹ ਮਸੁਲਿਮ ਲੀਗ ਨੂੰ ਵੋਟ ਪਾਉਂਦੇ ਨੇ ਜਾਂ, ਨਹੀਂ ਅਤੇ ਕਈ ਵਾਰ ਇਸ ਅਪੀਲ ਉਪਰ ਅਮਲ ਕਰਾਉਣ ਲਈ, ਕੁਰਾਨ ਲੈ ਕੇ ਸੜਕਾਂ ਤੇ ਪਰੇਡ ਕਰਦੇ ਨੇ. ਉਨ੍ਹਾਂ ਦੀ ਗਡਿਆਂ ਤੇ ਲੱਗੇ ਲਾਉਡਸਪੀਕਰ ਇਸ ਨਾਅਰੇ ਦਾ ਰੌਲਾ ਪਾਉਂਦੇ ਨੇ ਕਿ 'ਕਾਫ਼ਰ ਹਿੰਦੂਆਂ ਦਾ ਧਿਰਕਾਰ ਕਰੋ'. ਇਸ ਦਾ ਅੰਜਾਮ ਇਹ ਹੈ ਕਿ ਸੂਬੇ ਦੇ ਮੁਸਲਮਾਨਾਂ ਵਿੱਚ ਇੱਕ ਫ਼ਿਰਕੂ ਇਹਸਾਸ ਹਾਵੀ ਹੋ ਗਿਆ ਹੈ, ਜੋ ਇਸ ਆਬਾਦੀ ਵਿੱਚ ਇੱਕ ਛੋਟੀ ਮਜਾਰਿਟੀ ਤੇ ਨੇ, ਅਤੇ ਕੁੱਝ ਵਰਜਨ ਛੱਡ ਕੇ, ਪਾਕਿਸਤਾਨ ਦੀ ਮੰਗ ਦੇ ਪਿੱਛੇ ਨੇ (1991: 94).

ਹੈਰਾਨ ਹੋਣ ਦੀ ਗੱਲ ਨਹੀਂ ਹੈ ਕਿ, ਇਸ ਮੁਹਿੰਮ ਨੇ ਹਿੰਦੂਆਂ ਅਤੇ ਸਿੱਖਾਂ ਵਿੱਚ, ਜੋ ਸਾਰੇ ਪੱਛਮ ਜ਼ਿਲ੍ਹੇਆਂ ਤੇ ਛੋਟੀ ਤਦਾਦ ਵਿੱਚ ਫੈਲੇ ਹੋਏ ਸੀ, ਦਹਿਸ਼ਤ ਪੈਦਾ ਕਰ ਦਿੱਤੀ. ਮੇਰੇ ਇੰਟਰਵਿਊ ਦੇ ਦੌਰਾਨ ਇੱਕ ਗੱਲ ਸਾਫ਼ ਤੌਰ ਤੇ ਉਭਰ ਕੇ ਆਉਂਦੀ ਹੈ ਕਿ ਪਹਿਲੀ ਵਾਰ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਨੂੰ ਖ਼ਤਰਾ, ਇੰਤਖਾਬ ਦੀ ਮੁਹਿੰਮ ਦੇ ਦੌਰਾਨ ਮਹਿਸੂਸ ਹੋਇਆ. 1945 ਦੇ ਦੂਜੇ ਅੱਧ ਤੋਂ ਜਿਹਲਮ, ਗੁਜਰਾਤ, ਮਿਆਂਵਾਲੀ, ਡੇਰਾ ਘਾਜ਼ੀ ਖ਼ਾਨ ਅਤੇ ਅਟੱਕ ਦੇ ਦਿਹਾਤੀ ਇਲਾਕਿਆਂ ਦੇ ਹਿੰਦੂ ਅਤੇ ਸਿੱਖ ਦੁਕਾਨਦਾਰ ਅਤੇ ਵਪਾਰੀ, ਆਪਣਾ ਵਪਾਰ ਵੇਚ ਕੇ ਜਾਣ ਲਗੇ ਜਾਂ ਆਪਣੇ ਪਰਵਾਰ ਨੂੰ ਪੂਰਬੀ ਪੰਜਾਬ ਤੇ ਰਿਸ਼ਤੇਦਾਰਾਂ ਕੋਲ ਭੇਜਣ ਲਗੇ. ਮਗਰ, ਜ਼ਿਆਦਾਤਰ ਇਨਸਾਨ ਇਸ ਆਸ ਉਪਰ ਟਿਕੇ ਰਹੇ ਕਿ, ਕਿਸੇ ਸੰਵਿਧਾਨਕ ਹੱਲ ਉਪਰ ਸਿਆਸਤਦਾਨ ਰਜਾਮੰਦ ਹੋ ਜਾਣਗੇ.

ਇੰਤਖ਼ਾਬ ਦੇ ਨਤੀਜੇ

ਗਹਰਨਰ ਦਾ ਡਰ ਸਹੀ ਸਾਬਤ ਹੋਇਆ ਜਦ 24 ਫਰਵਰੀ 1946 ਨੂੰ ਇੰਤਖ਼ਾਬ ਦੇ ਨਤੀਜੇ ਸਾਹਮਣੇ ਆਏ. 175 ਸਦੱਸਾਂ ਦੀ *ਪੰਜਾਬ ਲੇਜੀਸਲੇਟਿਵ ਅਸੇਂਬਲੀ* ਤੇ ਮੁਸਲਿਮ ਲੀਗ ਨੂੰ 86 ਮੁਸਲਿਮ ਰਿਜਰਵ ਸੀਟਾਂ ਤੋਂ 75 ਸੀਟਾਂ ਤੇ ਫ਼ਤਹਿ ਮਿਲੀ ਅਤੇ ਉਹ ਅਸੇਂਬਲੀ ਦੀ ਇਕੱਲੀ ਸਭ ਤੋਂ ਵੱਡੀ ਪਾਰਟੀ ਬਣੀ, ਹਾਲਾਂਕਿ ਸਮੁੱਚੇ ਤੌਰ ਤੇ, ਉਹ ਬਹੁ-ਮੱਤ ਤੋਂ 10 ਸੀਟਾਂ ਘੱਟ ਹਾਸਲ ਕਰ ਸਕੀ. ਬਾਅਦ ਵਿੱਚ, ਦੋ ਯੁਨੀਅਨਿਸਟ ਪਾਰਟੀ ਦੇ ਸਦੱਸ ਦਲ-ਬਦਲੂ ਬਣ ਮੁਸਲਿਮ ਲੀਗ ਤੇ ਸ਼ਾਮਲ ਹੋ ਗਿਐ, ਅਤੇ ਲੀਗ ਦੀ ਕੁੱਲ ਮਿਲਾ ਕੇ 77 ਸੀਟਾਂ ਹੋ ਗਈਆਂ. ਲੀਗ ਨੂੰ ਜਿਨ੍ਹਾਂ ਫ਼ਾਇਦਾ ਹੋਇਆ, ਯੁਨੀਅਨਿਸਟਾਂ ਨੂੰ ਉਨ੍ਹਾਂ ਹੀ ਨੁਕਸਾਨ, ਜਿਸ ਦੀ ਸੀਟਾਂ ਘੱਟ ਕੇ 18 ਹੋ ਗਈਆਂ. ਕਾਂਗਰੇਸ ਨੇ ਵੀ ਬਹੁਤ ਬਖ਼ੂਬ ਕਰ ਕੇ 50 ਸੀਟਾਂ ਜਿੱਤਿਆਂ ਜਦ ਕਿ ਪੰਥਿਕ ਸਿੱਖਾਂ ਨੇ 23 ਸੀਟਾਂ ਤੇ ਫ਼ਤਹਿ ਪਾਈ. ਨਿਰਦਲਾਂ ਨੇ 7 ਸੀਟਾਂ ਜਿੱਤਿਆਂ. ਕਮਊਨਿਸਟ ਆਪਣੀ ਪਿਛਲੀ 4 ਸੀਟਾਂ ਹਾਰ ਗਿਐ ਅਤੇ ਅਹਰਾਰ ਇੱਕ ਵੀ ਸੀਟ ਹਾਸਲ ਨਾ ਕਰ ਸਕੇ, ਜਦ ਕਿ ਉਸ ਨੂੰ ਰਿਜਰਵ ਸੀਟਾਂ ਲਈ ਕਾਂਗਰੇਸ

ਦਾ ਸਾਥ ਅਤੇ ਪੈਸਾ, ਦੋਨੋ, ਮਿਲਿਆ ਸੀ. ਇਸ ਤੋਂ ਸਾਫ ਹੋ ਗਿਆ ਸੀ ਕਿ ਮੁਸਲਮਾਨ ਵੋਟਰ ਮੁਸਲਿਮ ਲੀਗ ਦੇ ਪਿੱਛੇ ਸਨ, ਹਿੰਦੂ (ਜਾਟਾਂ ਨੂੰ ਲੈ ਕੇ, ਪਹਿਲਾਂ ਸਰ ਛੋਟੂ ਰਾਮ ਦੀ ਅਗਵਾਈ ਤੇ ਯੂਨੀਅਨਿਸਟਾਂ ਨੂੰ ਵੋਟ ਪਾਉਂਦੇ ਸੀ) ਕਾਂਗਰੇਸ ਦੇ ਪਿੱਛੇ ਸਨ ਅਤੇ ਸਿੱਖਾਂ ਨੇ ਪੰਥਿਕ ਪਾਰਟੀਆਂ ਨੂੰ ਵੋਟ ਦਿੱਤੇ, ਜਿਸ ਵਿੱਚ ਅਕਾਲੀ ਸਭ ਤੋਂ ਵੱਡਾ ਸਮੂਹ ਸੀ.

ਗਠਬੰਧਨ ਸਰਕਾਰ ਬਣੀ

ਪੰਜਾਬ ਦੇ ਮੁੱਖ ਸਚਿਵ ਐਚ.ਡੀ.ਭਨੋਤ (ਇੱਕ ਇੰਡਿਅਨ ਇਸਾਈ) ਨੇ ਆਪਣੀ 28 ਫਰਵਰੀ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਲਿਖਿਆ ਕਿ ਸਰਦਾਰ ਵੱਲਭਭਾਈ ਪਟੇਲ, ਕਾਂਗਰੇਸ ਦੀ ਕੇਂਦਰ ਤੇ ਇੱਕ ਮਜਬੂਤ ਸ਼ਕਸਿਅਤ ਬੇਹਦ ਬੇਚੈਨ ਸਨ ਅਤੇ ਉਨ੍ਹਾਂ ਨੇ ਟਿੱਪਣੀ ਕੀਤੀ, 'ਸਾਨੂ ਲੀਗ ਨਾਲ ਕੁੱਝ ਲੈਣਾ-ਦੇਨਾ ਨਹੀਂ ਹੈ' (L/P &J/5/249). ਕਿਸੇ ਵੀ ਸੁਰਤ ਤੇ, ਹਕੂਮਤ ਨੂੰ ਵੰਡਨ ਲਈ, ਮੁਸਲਿਮ ਲੀਗ, ਕਾਂਗਰੇਸ ਅਤੇ ਅਕਾਲੀ ਪਾਰਟੀ ਦੇ ਦਰਮਿਆਨ, ਜਲਦ ਹੀ ਗੱਲਬਾਤ ਸ਼ੁਰੂ ਹੋ ਗਈ ਪਰ ਬਗੈਰ ਕਿਸੇ ਹੈਰਾਨੀ ਦੇ, ਗਠਬੰਧਨ ਸਰਕਾਰ ਬਣਾਉਣ ਲਈ ਰਜਾਮੰਦੀ ਨਾ ਹੋ ਸਕੀ. 7 ਮਾਰਚ 1946 ਨੂੰ ਗਲੈਂਸੀ ਨੇ ਇੱਕ ਖ਼ੁਫ਼ੀਆ ਖ਼ਬਰ ਭੇਜੀ ਕਿ ਪੰਜਾਬ ਮੁਸਲਿਮ ਲੀਗ ਦੇ ਰਹਨੁਮਾ, ਨਵਾਬ ਮਮਦੋਤ, ਉਸ ਨੂੰ 6 ਮਾਰਚ ਨੂੰ ਸਰਕਾਰ ਬਣਾਉਣ ਦੀ ਉਮੀਦ ਲੈ ਕੇ ਮਿਲੇ, ਕਿਉਂਕਿ ਉਸ ਦੀ ਪਾਰਟੀ ਅਸੈਮਬਲੀ ਤੇ ਸਭ ਤੋਂ ਜ਼ਿਆਦਾ ਸੀਟਾਂ ਅਤੇ ਬਹੁ-ਮੱਤ ਹਾਸਲ ਕਰ ਚੁਕੀ ਸੀ. ਉਸ ਨੇ ਗਵਰਨਰ ਨੂੰ ਦੱਸਿਆ ਕਿ ਸਿੱਖਾਂ ਨਾਲ ਉਨ੍ਹਾਂ ਦੀ ਗੱਲਬਾਤ ਨਾਕਾਮਯਾਬ ਹੋਣ ਦੀ ਵਜ੍ਹਾ ਇਹ ਸੀ, ਕਿ ਪੰਥਿਕ ਪਾਰਟੀ 'ਉਸ ਇਲਾਕੇ ਦੀ ਸੀਮਾ-ਅੰਕਤ ਕਰਨਾ ਚਾਉਂਦੀ ਸੀ ਜਿਸ ਨੂੰ "ਖਾਲਿਸਤਾਨ" ਦੇ ਤੌਰ ਤੇ ਅਲਗ ਕੀਤਾ ਜਾ ਸਕੇ - ਇਸ ਮੰਗ ਨੂੰ ਮੰਜ਼ੂਰ ਕਰਨਾ ਮਮਦੋਤ ਲਈ ਨਾਮੁਮਕਿਨ ਸੀ' (Ibid: 176). ਮਮਦੋਤ ਨੇ ਦਾਅਵਾ ਕੀਤਾ ਉਸ ਨੂੰ ਪੰਜਾਬ ਅਸੈਮਬਲੀ ਦੇ 87 ਸਦੱਸਾਂ ਦਾ ਸਹਾਰਾ ਹਾਸਲ ਸੀ. ਇਸ ਦੇ ਵਿੱਚ 78 ਉਸ ਦੀ ਪਾਰਟੀ ਦੇ ਸਦੱਸ ਸੀ, ਉਣ ਤਿੰਨ ਸਦੱਸਾਂ ਨੂੰ ਲੈ ਕੇ ਜੇ ਲੀਗ ਤੇ ਹਾਲ ਵਿੱਚ ਸ਼ਾਮਲ ਹੋਏ ਸੀ, ਦੋ ਉੱਚੀ ਜਾਤ ਦੇ ਹਿੰਦੂ ਜੋ ਯੂਨੀਅਨਿਸਟ ਦੀ ਟਿਕਟਾਂ ਲੈ ਕੇ ਚੁਣੇ ਗਿਐ ਸੀ, ਚਾਰ ਸੀਡਯੂਲਡ ਕਾਸਟ ਦੇ ਨੁਮਾਇੰਦੇ, ਦੋ ਇੰਡਿਅਨ ਇਸਾਈ ਅਤੇ ਇੱਕ ਸਿੱਖ (75+3+2+4+2+1=87).

ਗਲੈਂਸੀ ਨੇ ਮਮਦੋਤ ਦੇ ਦਾਅਵੇ ਉਪਰ ਸ਼ੱਕ ਜ਼ਾਹਰ ਕੀਤਾ. ਉਸ ਨੇ ਮਮਦੋਤ ਨੂੰ ਇੱਕ ਖ਼ਤ ਦਿਖ਼ਾਇਆ ਜਿਸ ਦੇ ਉਪਰ ਦੋਵੇਂ ਉੱਚੀ ਜਾਤ ਦੇ ਹਿੰਦੂਆਂ ਨੇ ਲਿਖਿਆ ਸੀ ਕਿ ਉਹ ਹੁਣ ਵੀ ਯੂਨੀਅਨਿਸਟ ਪਾਰਟੀ ਦੇ ਨਾਲ ਸਨ. ਜਦ ਚਾਰ ਸੀਡਯੂਲਡ ਕਾਸਟ ਦੇ ਨੁਮਾਇੰਦੇ ਬਾਰੇ ਮਮਦੋਤ ਦਾ ਸਾਹਮਣਾ ਕੀਤਾ ਗਿਆ, ਤੇ ਉਹ ਮੱਨ ਗਿਐ ਕਿ ਇਸ ਬਾਰੇ ਉਹ ਪੱਕੇ ਨਹੀਂ ਸੀ. ਜਿੱਥੇ ਤੱਕ ਇਸਾਈਆਂ ਦਾ ਸਵਾਲ ਸੀ, ਉਨ੍ਹਾਂ ਨੇ ਦੱਸਿਆ ਕਿ, ਉਹ ਇੱਕ ਸਦੱਸ ਦੇ ਬਾਰੇ ਪੱਕੇ ਸੀ (Ibid: 176–7). ਗਵਰਨਰ ਨੇ ਹਿਸਾਬ ਲਗਾਇਆ ਕਿ ਮੁਸਲਿਮ ਲੀਗ ਨੂੰ ਸਿਰਫ਼ 80 ਲੇਜਿਸਲੇਟਰਾਂ ਦਾ ਸਾਥ ਹਾਸਲ ਸੀ. ਦੂਜੀ ਤਰਫ਼, ਜਦ ਉਹ ਸਰ ਖ਼ਿਜ਼ਰ, ਭੀਮ ਸੇਨ ਸੱਚਰ ਅਤੇ ਬਲਦੇਵ ਸਿੰਘ ਨਾਲ ਮਿਲੇ, ਉਨ੍ਹਾਂ ਨੇ 94 ਸੀਟਾਂ ਦੀ ਸਾਫ਼ ਮਜਾਰਿਟੀ ਦਾ ਦਾਅਵਾ ਪੇਸ਼ ਕੀਤਾ. ਗਲੈਂਸੀ ਨੂੰ ਲਗਿਆ ਕਿ ਇਹ ਇੱਕ ਵਧਾਇਆ ਹੋਇਆ ਹਿਸਾਬ ਸੀ, ਅਤੇ ਉਨ੍ਹਾਂ ਦੀ ਪੰਜਾਬ *ਅਸੈਮਬਲੀ* ਵਿੱਚ ਅਸਲ ਤਾਕਤ 90 ਸੀ, ਜੋ ਕਿਸੇ ਵੀ ਹਾਲ ਤੇ, ਮੁਸਲਿਮ ਲੀਗ ਤੋਂ 10 ਜ਼ਿਆਦਾ ਸੀ. ਇਸ ਦੇ ਚਲਦੇ, ਗਲੈਂਸੀ ਨੇ

ਖ਼ਿਜ਼ਰ ਨੂੰ ਸਰਕਾਰ ਬਣਾਉਣ ਲਈ ਬੁਲਾਇਆ ਅਤੇ 11 ਮਾਰਚ 1946 ਨੂੰ ਇੱਕ ਗਠਬੰਧਨ ਸਰਕਾਰ ਹਕੂਮਤ ਤੇ ਆਈ ਜਿਸ ਦੇ ਪ੍ਰੀਮੀਅਰ ਸਰ ਖ਼ਿਜ਼ਰ ਟਿਵਾਣਾ ਸਨ. ਇਸ ਦੇ ਅਧੀਨ ਤਿੰਨ ਮੁਸਲਮਾਨ ਯੂਨੀਅਨਿਸਟ ਸਨ (ਸਰ ਖ਼ਿਜ਼ਰ, ਮੁਜ਼ਫ਼ਰ ਅਲੀ ਕਿਜ਼ਿਲਬਾਸ਼, ਅਤੇ ਮੁਹੱਮਦ ਇਬਰਾਹਿਮ ਬਰਤ); ਦੋ ਕਾਂਗਰੇਸੀ (ਭੀਮ ਸੇਨ ਸੱਚਰ ਅਤੇ ਲਹਰੀ ਸਿੰਘ); ਅਤੇ ਇੱਕ ਪੰਥਿਕ ਸਿੱਖ (ਬਲਦੇਵ ਸਿੰਘ). ਮੁਸਲਿਮ ਲੀਗ ਨੇ ਇਸ ਦਾ ਜਵਾਬ, ਇੱਕ ਮੁਹਿੰਮ ਛੇੜ ਕੇ ਕੀਤਾ ਜੋ ਨਵੀਂ ਸਰਕਾਰ ਨੂੰ ਪੰਜਾਬ ਦੇ ਹਾਲਾਤ ਦਾ ਸਹੀ ਨੁਮਾਇੰਦਾ ਨਹੀਂ ਮੱਨਦੀ ਸੀ, ਕਿਉਂਕਿ ਸਭ ਤੋਂ ਜ਼ਿਆਦਾ ਸੀਟਾਂ ਲੈਣ ਵਾਲੀ ਪਾਰਟੀ ਕੋਈ ਹੋਰ ਸੀ. ਨਤੀਜਤਨ, ਸਰਕਾਰ ਨੇ ਧਾਰਾ 144 ਦਾ ਇਸਤੇਮਾਲ ਕੀਤਾ ਜੋ ਪੰਜ ਤੋਂ ਜ਼ਿਆਦਾ ਲੋਕਾਂ ਦਾ ਇੱਕਠਾ ਹੋਣਾ, ਆਮ ਸਭਾ ਕਰਨਾ ਜਾਂ ਬੰਦੂਕ ਰੱਖਣ ਦੀ ਇਜ਼ਾਜ਼ਤ ਨਹੀਂ ਦੇਂਦੀ ਸੀ.

8 ਅਪ੍ਰੈਲ 1946 ਨੂੰ ਸਰ ਇਵਾਨ ਜੇਨਕਿਨਸ, ਜੋ ਪੰਜਾਬ ਦੀ ਸਿਵਿਲ ਸੇਵਾ ਨਾਲ ਵਾਕਫ਼ ਸਨ, ਸਰ ਬਰਟਰੇਂਡ ਗਲੈਂਸੀ ਤੋਂ, ਪੰਜਾਬ ਦੇ ਗਵਰਨਰ ਦੀ ਜਿੱਮੇਵਾਰੀ ਆਪਣੇ ਹੱਥ ਲੀਤੀ. ਜੇਨਕਿਨਸ ਇੱਕ ਅਮਲੀ ਇਨਸਾਨ ਸੀ ਜੋ ਦੂਜੇ ਬ੍ਰਿਟਿਸ਼ ਵਿਵਸਥਾਪਕਾਂ ਦੀ ਤਰ੍ਹਾਂ, ਗਲੈਂਸੀ ਸਮੇਤ, ਕਾਂਗਰੇਸ ਨਾਲ ਨਫ਼ਰਤ ਕਰਦੇ ਸੀ. ਇਹ ਨਫ਼ਰਤ ਬਹੁਤ ਵਧ ਗਈ ਜਦ ਕਾਂਗਰੇਸ ਨੇ ਕਵੀਟ ਇੰਡੀਆ (ਭਾਰਤ ਛੋੜੋ) ਤੇਹਰੀਕ ਦਾ ਆਘਾਜ਼ ਕੀਤਾ. ਦੂਜੀ ਤਰਫ਼, ਮੁਸਲਿਮ ਲੀਗ ਬਾਰੇ ਜੇਨਕੀਨਸ ਦਾ ਖ਼ਿਆਲ ਕਾਨੂੰਨ ਅਤੇ ਵਿਵਸਥਾ ਹੋਰ ਫ਼ਿਰਕੂ ਅਮਨ ਨੂੰ ਲੈ ਕੇ ਸੀ, ਕਿਉਂਕਿ ਉਹ ਯਕੀਨ ਕਰਦੇ ਸੀ ਕਿ ਲੀਗ ਇਣ ਸਭ ਲਈ, ਇੱਕ ਖ਼ਤਰਾ ਪੈਦਾ ਕਰ ਰਹੀ ਸੀ. ਗਲੈਂਸੀ ਦੀ ਹੀ ਤਰ੍ਹਾਂ ਉਹ ਸੋਚਦੇ ਸੀ ਕਿ ਪੰਜਾਬ ਦਾ ਸਭ ਤੋਂ ਜ਼ਿਆਦਾ ਫ਼ਾਇਦਾ, ਇਕੱਠੇ ਰਹਿਣ ਨਾਲ ਅਤੇ ਇੱਕ ਗਠਬੰਧਨ ਹਕੂਮਤ ਨਾਲ ਸੀ ਜਿੱਥੇ ਤਿੰਨੇ ਕੌਮਾਂ ਦੀ ਨੁਮਾਇੰਦਗੀ ਹੋਵੇ. ਆਪਣੀ 15 ਅਪ੍ਰੈਲ ਦੀ ਪਹਿਲੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕਿਨਸ ਨੇ ਟਿੱਪਣੀ ਕੀਤੀ:

> ਦਿਹਾਤਾਂ ਤੇ, ਇੱਕ ਆਮ ਆਦਮੀ ਸ਼ਾਇਦ ਸਿਆਸਤ ਅਤੇ ਪੰਜਾਬ ਦੇ ਮੁਸਤਕਬਿਲ ਬਾਰੇ ਬਹੁਤ ਘੱਟ ਸੋਚਦਾ ਹੈ, ਮਗਰ ਅੱਮ੍ਰਿਤਸਰ ਜਾਂ ਲਾਹੌਰ ਤੇ ਸੱਚ-ਮੁੱਚ ਗੰਭੀਰ ਮੁਸੀਬਤ ਪੈਦਾ ਹੋ ਜਾਂਦੀ ਹੈ ਤੇ, ਕੋਈ ਨਹੀਂ ਕਹਿ ਸਕਦਾ ਹੈ ਕਿ ਇਹ ਕਿੱਨੀ ਜਲਦੀ ਜਾਂ ਕਿੱਨੀ ਦੂਰ ਪਹੁੰਚ ਜਾਵੇਗੀ. ਸਿੱਖ, ਖਾਸ ਕਰ ਕੇ, ਆਪਣੇ ਮਜ਼ੂਬੀ ਜਨਤਕ ਅੰਦੋਲਨ (ਜਿਸ ਦੇ ਵਿੱਚ ਪੂਰਾ ਪਿੰਡ ਸ਼ਾਮਲ ਹੋ ਜਾਂਦਾ ਹੈ), ਦੀ ਤਕਨੀਕ ਨੂੰ ਸਿਆਸੀ ਹਮਲੇ ਵਿੱਚ ਤਬਦੀਲ ਕਰ ਸਕਦੇ ਨੇ (Ibid: 182).

ਉਸੀ ਰਿਪੋਰਟ ਤੋਂ ਸਾਨੂੰ ਪਤਾ ਚਲਦਾ ਹੈ ਕਿ ਪੰਜਾਬ ਅਸੈਮਬਲੀ ਦੇ ਕਾਂਗਰੇਸੀ ਆਗੂ ਭੀਮ ਸੇਨ ਸੱਚਰ ਯੂਨੀਅਨਿਸਟਾਂ ਨੂੰ ਪਸੰਦ ਨਹੀਂ ਕਰਦੇ ਸੀ ਅਤੇ ਮੁਸਲਿਮ ਲੀਗ ਨਾਲ ਕੋਈ ਸਮਝੌਤਾ ਕਰਨਾ ਚਾਹੁੰਦੇ ਸੀ, ਮਗਰ ਉਨ੍ਹਾਂ ਨੂੰ ਅਫਸੋਸ ਸੀ ਕਿ ਇਹ ਨਹੀਂ ਹੋਇਆ (Ibid: 182). ਮੁਸਲਿਮ ਲੀਗ ਅਤੇ ਸਿੱਖਾਂ ਦੇ ਵਿੱਚ ਸੌਦੇ ਬਾਰੇ ਜੇਨਕੀਨਸ ਲਿਖਦੇ ਨੇ:

> ਮਾਸਟਰ ਤਾਰਾ ਸਿੰਘ...ਜਾਂ ਤੇ ਆਬਾਦੀ ਦਾ ਸ਼ਥਾਨਾਨਤਰਣ ਕਰ ਕੇ ਖਾਲਿਸਤਾਨ ਮੰਗਦੇ ਸੀ, ਜਾਂ ਇੱਕ ਨਵਾਂ ਸੂਬਾ ਜੋ ਜਮਨਾ ਦਰੀਆ ਤੋਂ ਲੈ ਕੇ ਚਨਾਬ ਦਰੀਆ ਤੱਕ ਹੋਵੇ ਅਤੇ ਜਿੱਥੇ ਸਿੱਖਾਂ ਉਪਰ ਕੋਈ ਜ਼ੁਲਮ ਨਾ ਹੋਵੇ: ਮੈਂ ਉਨ੍ਹਾਂ ਨੂੰ ਕਿਹਾ ਕਿ ਜ਼ਿਆਦਾ ਤੋਂ ਜ਼ਿਆਦਾ ਸ਼ਾਂਤ ਰਹਿਣ, ਅਤੇ ਇੱਕ ਸਵਾਲ ਕੀਤਾ ਜੋ ਮੈਂ ਸਭ ਨੂੰ ਕਰਨਾ ਹਾਂ ਕਿ

> ਉਹ ਸੱਚ-ਮੁਚ ਪੰਜਾਬ ਨੂੰ ਤੋੜ ਕੇ ਕਈ ਛੋਟੇ-ਛੋਟੇ ਸੂਬੇ ਬਣਾਉਣਾ ਚਾਹੁੰਦੇ ਨੇ - ਇਸ ਸਵਾਲ ਦਾ ਕੋਈ ਅਕੀਲ ਜਵਾਬ ਨਹੀਂ ਮਿਲਦਾ ਹੈ (Ibid).

ਉਸੇ ਪੰਦਰਵਾੜੇ ਦੀ ਰਿਪੋਰਟ ਤੇ ਉਹ ਜ਼ਿਕਰ ਕਰਦੇ ਨੇ ਕਿ ਹਾਲਾਂਕਿ ਉੱਚੇ ਅਹੁਦੇ ਦੇ ਲੋਕ ਤਰਫ਼ਦਾਰੀ ਨਹੀਂ ਕਰਦੇ ਨੇ, ਛੋਟੇ ਦਰਜੇ ਦੇ 80 ਫ਼ੀਸਦੀ ਮੁਸਲਿਮ ਮੁਲਾਜ਼ਿਮ ਮੁਸਲਿਮ ਲੀਗ ਦੀ ਖ਼ੁਫ਼ੀਆ ਤੌਰ ਤੇ ਮੁਹਿੰਮ ਵਿੱਚ ਹਿੱਸਾ ਲੈ ਚੁਕੇ ਨੇ. ਪਰ, ਆਈ.ਜੀ.ਪੁਲਿਸ, ਮਿ.ਬੇਨੇਟ ਆਪਣੇ ਲੋਕਾਂ ਦੇ ਹੌਸਲੇ ਨੂੰ ਲੈ ਕੇ ਸੰਤੁਸ਼ਟ ਸਨ ਪਰ ਉਨ੍ਹਾਂ ਨੇ ਕਿਹਾ 'ਪੁਲਿਸ ਬੱਲ 70 ਫ਼ੀਸਦੀ ਮੁਸਲਿਮ ਹੈ ਅਤੇ ਗੈਰ-ਅਫ਼ਸਰ ਅਹੁਦੇ ਤੇ 73 ਫ਼ੀਸਦੀ ਮੁਸਲਿਮ ਨੇ. ਅੰਦਾਜ਼ਾ ਲਗਾਨਾ ਆਸਾਨ ਹੈ' (Ibid: 186). ਦੂਜੇ ਲਫ਼ਜ਼ਾਂ ਵਿੱਚ, ਨਵੇਂ ਗਵਰਨਰ ਇਸ਼ਾਰਾ ਕਰ ਰਹੇ ਸੀ ਕਿ ਮੁਸਲਮਾਨਾਂ ਦੀ ਜ਼ਰੂਰਤ ਤੋਂ ਜ਼ਿਆਦਾ ਨੁਮਾਇੰਦਗੀ ਇੱਕ ਮਸਲਾ ਬਣ ਸਕਦੀ ਸੀ ਅਗਰ ਕਿਸੇ ਵਕਤ ਪੰਜਾਬ ਅਸਥਿਰ ਹੋ ਜਾਂਦਾ ਸੀ ਹੋਰ, ਕਾਨੂੰਨ ਅਤੇ ਵਿਵਸਥਾ ਵਿਗੜ ਜਾਂਦੀ ਸੀ. ਬਾਅਦ ਵਿੱਚ, ਹਿੰਦੂਆਂ ਅਤੇ ਸਿੱਖਾਂ ਨੇ ਸ਼ਿਕਾਇਤ ਕੀਤੀ ਕਿ ਮੁਸਲਿਮ ਪੁਲਿਸ ਨੇ ਫ਼ਸਾਦਾਂ ਅਤੇ ਖਲਬਲੀ ਦੇ ਦੌਰਾਣ, ਆਪਣੇ ਮਜ਼ੂਬ ਦੇ ਲੋਕਾਂ ਦਾ ਸ਼ਾਥ ਦਿੱਤਾ.

ਦੋ ਮਈ 1946 ਦੀ ਆਪਣੀ ਅਗਲੀ ਰਿਪੋਰਟ ਤੇ ਜੇਨਕੀਨਸ ਨੇ ਹਿੱਸਾਰ, ਕਰਤਾਰਪੁਰ (ਜ਼ਿਲ੍ਹਾ ਜਲੰਧਰ), ਅੱਮ੍ਰਿਤਸਰ ਅਤੇ ਮੁਲਤਾਨ ਦੀ ਫ਼ਿਰਕੂ ਘਟਣਾਵਾਂ ਤੇ ਧਿਆਨ ਖਿੱਚਿਆ. ਉਸ ਨੇ ਗੌਰ ਕੀਤਾ: "ਕਿਹਾ ਜਾ ਰਿਹਾ ਹੈ ਕਿ ਸਾਰੀ ਕੌਮਾਂ ਚਾਰੇ ਪਾਸੇ ਦੰਗਿਆਂ ਲਈ ਤਿਆਰ ਹੋ ਰਹਿਆਂ ਨੇ ਅਤੇ ਰਜ਼ਾਕਾਰਾਂ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ ਜੋ ਮੁਖ਼ਤਲਿਫ਼ ਕੌਮਾਂ ਦੀ ਨਿੱਜੀ ਫ਼ੌਜ਼ ਦਾ ਹਿੱਸਾ ਨੇ" (Ibid: 186). ਕੌਮਾਂ ਵਿੱਚ ਤਣਾਅ ਵਧਾਉਣ ਵਿੱਚ ਫ਼ਿਰਕੂ ਪ੍ਰੈਸ ਦਾ ਹੱਥ ਹੋਣ ਬਾਰੇ ਵੀ ਜ਼ਿਕਰ ਕੀਤਾ ਗਿਆ. ਜਿਥੋਂ ਤੱਕ ਖ਼ਿਜ਼ਰ ਦੀ ਵਜ਼ਾਰਤ ਤੇ ਕਾਂਗਰੇਸ ਦੇ ਵਜੀਰਾਂ ਦਾ ਸਵਾਲ ਸੀ, ਜੇਨਕੀਨਸ ਨੇ ਟਿੱਪਣੀ ਕੀਤੀ ਕਿ ਭੀਮ ਸੇਨ ਸੱਚਰ ਅਤੇ ਲਹਰੀ ਸਿੰਘ ਖੁਲ੍ਹੇ ਤੌਰ ਤੇ ਇੰਤਜ਼ਾਮਿਆ ਦੀ ਨੁਕਤਾਚੀਨੀ ਕਰਦੇ ਸੀ. ਉਸ ਨੇ ਲਿਖਿਆ:

> ਇਥੇ ਵੀ ਉਹ ਉਨ੍ਹਾਂ ਦੀ ਹਰਕਤਾਂ ਦੇ ਸਿਆਸੀ ਅੰਜ਼ਾਮ ਸਮਝਣ ਤੇ ਨਾਕਾਮਯਾਬ ਨੇ. ਇਥੇ ਮੁਸਲਿਮ ਅਧਿਕਾਰੀ ਅਤੇ ਪੁਲਿਸ ਦੇ ਜ਼ਿਆਦਾਤਰ ਮੁਲਾਜਿਮ, ਕਾਂਗਰੇਸ ਨੂੰ ਨਾਪਸੰਦ ਕਰਦੇ ਨੇ ਅਤੇ ਉਨ੍ਹਾਂ ਦੀ ਹਮਦਰਦੀ ਮੁਸਲਿਮ ਲੀਗ ਨਾਲ ਹੈ (Ibid.). ਕੁੱਲ ਮਿਲਾ ਕੇ, ਕਿਸੇ ਨੂੰ ਵੀ ਸਾਫ਼ ਤੌਰ ਤੇ, ਇੱਕ ਇਹਸਾਸ ਹੁੰਦਾ ਹੈ ਕਿ ਵਜ਼ੀਰਾਂ ਨੇ ਇੱਕ-ਜੁਟ ਹੋ ਕੇ ਕੱਮ ਨਹੀਂ ਕੀਤਾ.

27 ਮਈ 1946 ਨੂੰ, ਇੱਕ ਖ਼ਾਸ ਖ਼ਤ ਵਿੱਚ, ਜੇਨਕੀਨਸ ਨੇ ਵਾਇਸਰਾਏ ਵੇਵੇਲ ਨੂੰ ਖ਼ਬਰ ਦਿੱਤੀ ਕਿ ਸਿੱਖ 16 ਮਈ 1946 ਦੇ *ਕੈਬੀਨਟ ਮਿਸ਼ਨ ਪਲਾਨ* ਨਾਲ ਮਾਯੂਸ ਸਨ, ਕਿਉਂਕਿ ਇਸ ਇੰਤਜ਼ਾਮ ਦੇ ਤਹਿਤ ਉਹ *ਗਰੁਪ ਬੀ* ਦੇ ਸੂਬਿਆਂ ਵਿੱਚ ਮਜਾਰਿਟੀ ਵਾਲੇ ਮੁਸਲਮਾਨਾਂ ਨਾਲ ਰਹਿਣਗੇ ਮਗਰ, ਉਨ੍ਹਾਂ ਦੀ ਭਲਾਈ ਲਈ ਕੋਈ ਖ਼ਾਸ ਸਲਾਮਤੀ ਕਦਮ ਨਹੀਂ ਲੀਤੇ ਗਏ ਨੇ. ਸਿੱਖ ਆਗੂ ਸ.ਬਲਦੇਵ ਸਿੰਘ ਨੇ ਜੇਨਕੀਨਸ ਨੂੰ ਕਿਹਾ ਕਿ ਉਹ ਇੱਕ ਮਜਬੂਤ ਕੇਂਦਰ ਵਿੱਚ ਯਕੀਨ ਰੱਖਦੇ ਸੀ ਅਤੇ ਡਰਦੇ ਸੀ ਕਿ ਮੁਸਲਮਾਨ ਗਰੁਪ ਬੀ ਨੂੰ ਇੱਕ ਤਗੜੀ ਯੂਨੀਅਨ ਬਣਾਉਣ ਦੀ ਕੋਸ਼ਿਸ਼ ਕਰਣਗੇ, ਜੋ ਬਾਅਦ ਵਿੱਚ ਪਾਕਿਸਤਾਨ ਤੇ ਤਬਦੀਲ ਹੋ ਜਾਵੇਗੀ. ਮੋਹੱਮਦ ਅਲੀ ਜਿਨਾਹ ਨੇ ਉਨ੍ਹਾਂ ਨੂੰ ਸਨੇਹਾ ਭੇਜਿਆ ਅਤੇ ਸਿੱਖਾਂ ਦੇ ਸਹਿਯੋਗ ਨਾਲ ਇੱਕ ਮਜਬੂਤ ਸੰਵਿਧਾਨ ਲਿਖਣ ਉਪਰ ਜੋਰ ਦਿੱਤਾ, ਜਿਸ ਦੇ ਬਦਲੇ ਮੁਸਲਮਾਨ ਸਿੱਖਾਂ ਲਈ ਸਿਵਿਲ ਸੇਵਾਵਾਂ ਵਿੱਚ ਉਦਾਰਤਾ ਨਾਲ ਮੌਕਾ

ਦੇਂਦੇ. ਗ੍ਰੁਪ ਬੀ, ਇੰਡੀਆ ਦੀ ਤਮਾਮ ਫ਼ੌਜ਼ੀ ਅਤੇ ਇਸ ਦੀ ਸੇਵਾਵਾਂ ਦੀ 40 ਫ਼ੀਸਦੀ, ਆਪਣੇ ਅਧੀਨ ਕਰ ਲੈਂਦੀ ਅਤੇ ਜਿਨਾਹ ਨੇ ਵਾਅਦਾ ਕੀਤਾ ਸੀ ਕਿ ਸਿੱਖਾਂ ਨੂੰ ਇਸੇ ਤਰ੍ਹਾਂ ਦੇ ਇੰਤਜ਼ਾਮ ਵਿੱਚ, ਉਨ੍ਹਾਂ ਦਾ ਖ਼ੁਦ ਦਾ ਹਿੱਸਾ ਮਿਲ ਜਾਂਦਾ. ਸ.ਬਲਦੇਵ ਸਿੰਘ, ਮਗਰ, ਇਨ ਸ਼ਰਤਾਂ ਨੂੰ ਬਾਹਰੀ ਤੌਰ ਤੇ ਦਿਲਚਸਪ ਸਮਝ਼ਦੇ ਸੀ, ਅਤੇ ਸੋਚਿਆ ਕਿ ਉਸ ਵਕਤ ਸਿੱਖਾਂ ਨੂੰ ਇਸ ਨੂੰ ਮੱਨਣ ਲਈ ਸਮਝ਼ਾਉਣਾ ਨਾਮੁਮਕਿਨ ਸੀ, ਕਿਉਂਕਿ, ਉਨ੍ਹਾਂ ਨੂੰ, ਮੁਸਲਮਾਨਾਂ ਦੇ ਬੋਲਬਾਲੇ ਦਾ ਡਰ ਸੀ. ਗਵਰਨਰ ਨੇ ਦਾਅਵਾ ਕੀਤਾ ਕਿ ਅਗਰ ਸਿੱਖ ਸਹਿਯੋਗ ਨਹੀਂ ਕਰਦੇ ਸੀ, ਗ੍ਰੁਪ ਬੀ ਦੀ ਬਨਾਵਟ ਬਾਰੇ ਤੇ ਰਜਾਮੰਦੀ ਨਹੀਂ ਹੋ ਸਕਦੀ. ਸਿੱਖਾਂ ਅਤੇ ਮੁਸਲਮਾਨਾਂ ਵਿੱਚ ਕਿਸੇ ਨਿਪਟਾਰੇ ਦੀ ਆਸ ਹੋਰ ਜ਼ਿਆਦਾ ਘੱਟ ਹੋ ਜਾ ਰਹੀ ਸੀ ਕਿਉਂਕਿ ਸਿੱਖ ਆਗੂ ਬੇਝ਼ਿਜਕ ਬਿਆਨ ਦੇ ਰਹੇ ਸੀ ਹੋਰ ਇੱਕ ਦੂਜੇ ਤੋਂ ਅਗੇ ਵਧ ਕੇ ਆਪਣੀ ਕੌਮ ਦੀ ਨੁਮਾਇੰਦਗੀ ਦਾ ਦਾਅਵਾ ਕਰ ਰਹੇ ਸੀ (Ibid: 204–7).

ਆਪਣੀ 15 ਜੂਨ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਗਵਰਨਰ ਨੇ ਖ਼ਬਰ ਦਿੱਤੀ ਕਿ ਸਿੱਖ ਆਗੂਵਾਂ ਦੀ ਅੱਮ੍ਰਿਤਸਰ ਤੇ 9 ਅਤੇ 10 ਜੂਨ ਨੂੰ ਹੋਈ ਸਭਾਵਾਂ ਦੀ ਖ਼ੁਫ਼ੀਆ ਇਤਲਾਹ ਮਿਲੀ ਸੀ. ਅਕਾਲਿਆਂ ਵਿੱਚ ਦੋ ਗੁਟਾਂ ਦੀ ਪਛਾਣ ਹੋਈ ਹੈ: 'ਗਿਆਨੀ ਸਮੂਹ' ਗਿਆਨੀ ਕਰਤਾਰ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਤੇ ਅਤੇ 'ਨਗੋਕੇ ਸਮੂਹ' ਉਧਮ ਸਿੰਘ ਨਗੋਕੇ ਅਤੇ ਇਸ਼ਰ ਸਿੰਘ ਮਝ਼ੈਲ ਦੀ ਅਗਵਾਈ ਤੇ. ਇੱਕ ਤੀਜਾ ਸਮੁਜ ਰਾਸ਼ਟਰੀ ਜਾਂ ਕਾਂਗਰੇਸੀ ਸਿੱਖਾਂ ਦਾ ਸੀ. ਇਤਹਾਦ ਹਾਸਲ ਕਰਣ ਲਈ ਸਭਾਵਾਂ ਤੋਂ ਪਹਿਲਾਂ, ਸੰਜੀਦਾ ਕੋਸ਼ਿਸ਼ਾਂ ਕੀਤੀ ਗਈਆਂ ਮਗਰ ਉਹ ਸਿਰਫ਼ ਮਾਮੂਲੀ ਕਾਮਯਾਬੀ ਹਾਸਲ ਕਰ ਸਕੇ. ਬ੍ਰਿਟਿਸ਼ਰਾਂ ਦੇ ਖ਼ਿਲਾਫ਼ ਗੋਰਿੱਲਾ ਲੜਾਈ ਦੀ ਧਮਕੀ ਲਈ ਅਵਾਜ਼ ਉਠਾਈ ਗਈ. ਕੁੱਝ ਸਿੱਖ ਅਖ਼ਬਾਰ ਇਹ ਮਸ਼ਵਰਾ ਦੇ ਰਹੇ ਸੀ ਕਿ ਸਿੱਖਾਂ ਨੂੰ ਇੱਕ-ਦੋ ਜ਼ਿਲ੍ਹੇ ਆਪਣੇ ਕਾਬੂ ਕਰ ਲੈਣੇ ਚਾਹੀਦੇ ਨੇ. ਗਵਰਨਰ ਨੇ ਅਖੀਰ ਤੇ ਕਿਹਾ 'ਇਸੇ ਤਰ੍ਹਾਂ ਦੇ ਬੇਕਾਬੂ ਖ਼ਿਆਲ ਉਧਮ ਸਿੰਘ ਨਗੋਕੇ ਅਤੇ ਉਨ੍ਹਾਂ ਦੇ ਸਾਥਿਆਂ ਦੇ ਨੇ' (Ibid: 217).

ਜ਼ਿਆਦਾ ਸਮਝ਼ਦਾਰ ਸਿੱਖਾਂ ਨੇ ਮਹਿਸੂਸ ਕੀਤਾ ਕਿ ਇਹ ਅਕਲਮੰਦੀ ਦਾ ਕੱਮ ਹੋਵੇਗਾ ਕਿ ਇੰਤਜ਼ਾਰ ਕੀਤਾ ਜਾਵੇ ਅਤੇ ਵੇਖਿਆ ਜਾਵੇ ਕਿ ਹਾਲਾਤ ਕਿਹੜਾ ਰੁਖ ਲੈਂਦੇ ਸੀ ਅਤੇ ਬ੍ਰਿਟਿਸ਼ਰਾਂ ਦੇ ਖ਼ਿਲਾਫ ਸਿੱਧੀ ਕਾਰਵਾਈ, ਉਨ੍ਹਾਂ ਦੇ ਹੋਰ ਪੰਜਾਬ ਸਰਕਾਰ ਵਿੱਚ ਲੜਾਈ ਕਰਾ ਦੇਗਾ ਅਤੇ ਵੱਡੇ ਪੈਮਾਨੇ ਤੇ ਫ਼ਿਰਕੂ ਦੰਗੇ ਹੋਣਗੇ. ਅਖੀਰ ਵਿੱਚ ਇੱਕ ਸਲਾਹਕਾਰ ਕਮੇਟੀ ਬਣਾਈ ਗਈ ਜੋ ਕੈਬਿਨਟ ਮਿਸ਼ਨ, ਕਾਂਗਰੇਸ ਅਤੇ ਮੁਸਲਿਮ ਲੀਗ ਨਾਲ ਗੱਲਬਾਤ ਕਰ ਕੇ ਬ੍ਰਿਟਿਸ਼ ਦੇ ਖ਼ਿਲਾਫ਼ ਹਮਲੇ ਦੀ ਤਿਆਰੀ ਲਈ ਇੱਕ ਕਾਰਵਾਈ ਪਰਿਸ਼ਦ ਬਣਾਈ ਗਈ. ਇਹ ਤਦ ਤੱਕ ਹਰਕਤ ਵਿੱਚ ਨਹੀਂ ਆਉਂਦੀ ਜਦ ਤੱਕ ਸਲਾਹਕਾਰ ਕਮੇਟੀ, ਆਪਣੀ ਬਿਹਤਰੀਨ ਕੋਸ਼ਿਸ਼ ਨਾਲ ਸਿੱਖਾਂ ਦੇ ਫ਼ਾਇਦੇ ਲਈ, ਕਿਸੇ ਸਮਝ਼ੌਤੇ ਤੇ ਨਾ ਪਹੁੰਚੀ ਹੋਵੇ (Ibid).

ਆਪਣੀ 29 ਜੂਨ 1946 ਦੀ ਦੋਹਫ਼ਤਾ ਰਿਪੋਰਟ ਤੇ ਗਵਰਨਰ ਨੇ ਲਿਖਿਆ, 'ਸਿੱਖ ਆਪਣੀ ਨਿੱਜੀ ਫ਼ੌਜ਼ ਤਿਆਰ ਕਰਣ ਤੇ ਮਸਰੁਫ਼ ਨੇ, ਜਿਸ ਦੇ ਤਹਿਤ, ਰੰਗਰੁਟਾਂ ਨੂੰ ਆਪਣੇ ਲਹੂ ਨਾਲ ਇੱਕ ਮਿਆਰੀ ਇਕਰਾਰਨਾਮੇ ਉਪਰ ਦਸਤਖ਼ਤ ਕਰਨਾ ਜ਼ਰੂਰੀ ਹੈ' (Ibid: 226). ਦੂਜੀ ਤਰਫ਼, ਕਾਂਗਰੇਸ ਅਤੇ ਮੁਸਲਿਮ ਲੀਗ ਚੁੱਪ ਨੇ. ਗਵਰਨਰ ਨੇ ਗੌਰ ਕੀਤਾ ਹੈ ਕਿ ਨਵੀਂ ਨੌਕਰੀ ਨਾ ਮਿਲਣ ਕਰ ਕੇ, ਪੁਰਾਣੇ ਫ਼ੌਜ਼ੀਆਂ ਵਿੱਚ ਅਸੰਤੁਸ਼ਟੀ ਬਹੁਤ ਵਧ ਗਈ ਸੀ. 15 ਜੁਲਾਈ ਦੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਗੌਰ ਕੀਤਾ ਕਿ ਸਭ ਤੋਂ ਜ਼ਿਆਦਾ ਤਸ਼ੱਦਦੀ ਤਕਰੀਰ ਸਿੱਖ ਕਰ ਰਹੇ ਸੀ. ਪਰ, ਕਾਂਗਰੇਸੀ ਸਿੱਖਾਂ ਦੇ ਆਗੂ, ਨਿਰੰਜਨ ਸਿੰਘ ਗਿੱਲ ਅਤੇ ਪਰਤਾਪ ਸਿੰਘ ਕੈਰੋਂ ਇਹ ਪੱਕਾ ਕਰਣਾ ਚਾਹੁੰਦੇ ਸੀ ਕਿ, ਸਿੱਖ ਕਾਂਗਰੇਸ ਦੀ ਸੋਚ ਨਾਲ ਚਲਣ.

ਜਿੱਥੇ ਤੱਕ ਮੁਸਲਮਾਨਾਂ ਦਾ ਸਵਾਲ ਹੈ, ਉਹ ਬੇਹਦ ਗੁੱਸੇ ਤੇ ਸੀ ਕਿਉਂਕਿ ਕਾਂਗਰੇਸ ਅਤੇ ਲੀਗ ਦੀ ਗੱਲਬਾਤ ਟੁੱਟ ਚੁਕੀ ਸੀ ਅਤੇ ਉਹ ਮਹਿਸੂਸ ਕਰਦੇ ਸੀ ਕਿ ਚੁੰਕੀ ਮੁਸਲਿਮ ਲੀਗ ਨੇ ਕੈਬੀਨਟ ਮਿਸ਼ਨ ਪਲਾਨ ਨੂੰ ਮੰਜ਼ੂਰ ਕਰ ਲੀਤਾ ਸੀ, ਇਸ ਨੂੰ ਕਾਂਗਰੇਸ ਦੇ ਬਗੈਰ, ਸਰਕਾਰ ਬਣਾਉਣ ਲਈ ਬੁਲਾਇਆ ਜਾਣਾ ਚਾਹੀਦਾ ਸੀ. ਉਸ ਨੇ ਲਿਖਿਆ:

> ਇਸ ਬਾਰੇ ਉਨ੍ਹਾਂ ਨੂੰ ਕਈ ਬ੍ਰਿਟਿਸ਼ ਗੈਰ-ਫ਼ੌਜ਼ੀਆਂ ਦੀ ਅਤੇ ਫ਼ੌਜ਼ੀ ਅਫਸਰਾਂ ਅਤੇ ਕੁੱਝ ਪੜ੍ਹੇ-ਲਿੱਖੇ ਹਿੰਦੂਆਂ ਦੀ ਹਮਦਰਦੀ ਹੈ, ਜੋ ਸੋਚਦੇ ਨੇ ਕਿ ਮੁਸਲਿਮ ਲੀਗ ਨਾਲ ਬੇਇੰਸਾਫ਼ੀ ਹੋਈ ਹੈ, ਹਾਲਾਂਕਿ ਉਹ ਇਸ ਨਤੀਜੇ ਨਾਲ ਖੂਸ਼ ਸਨ. ਹਿੰਦੂ, ਆਮ ਤੌਰ ਤੇ, ਬੇਹਦ ਖੂਸ਼ ਸਨ ਅਤੇ ਮੱਨਦੇ ਸੀ ਕਿ ਜਿਨਾਹ ਨੂੰ ਇੱਕ ਜ਼ਬਰਦਸਤ ਸ਼ਿਕਸਤ ਮਿਲੀ ਸੀ (Ibid: 250).

29 ਜੁਲਾਈ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਗਵਰਨਰ ਨੇ ਪੰਜਾਬ ਅਸੈਮਬਲੀ ਦੀ ਮੁਖ਼ਤਲਿਫ਼ ਪਾਰਟੀਆਂ ਦੀ ਚਾਲਾਂ ਬਾਰੇ ਜ਼ਿਕਰ ਕੀਤਾ. ਕਾਂਗਰੇਸ ਨੇ ਗੁਜਰਾਂਵਾਲਾ ਤੇ ਇੱਕ ਤੇਹਰੀਕ ਸ਼ੁਰੂ ਕਰ ਦਿੱਤੀ ਸੀ, ਜਦ ਕਿ ਅੱਮ੍ਰਿਤਸਰ ਅਤੇ ਲਾਹੌਰ ਤੋਂ ਹੜਤਾਲਾਂ ਦੀ ਖ਼ਬਰ ਆ ਰਹੀ ਸੀ. ਪੰਜਾਬ ਦੇ ਮੁੱਖ ਸਚਿਵ ਭਨੇਤ ਨੇ ਆਪਣੀ 31 ਜੁਲਾਈ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਟਿੱਪਣੀ ਕੀਤੀ ਕਿ ਮੌਜੂਦਾ ਹਾਲਾਤ ਦੀ ਸਭ ਤੋਂ ਮਨਹੂਸ ਖ਼ਾਸੀਅਤ ਆਰ.ਐਸ.ਐਸ. ਅਤੇ ਮੁਸਲਿਮ ਲੀਗ ਨੈਸ਼ਨਲ ਗਾਰਡਸ ਦੀ ਹਰਕਤਾਂ ਵਿੱਚ ਖ਼ਾਸ ਵਾਧਾ ਸੀ. ਆਰ.ਐਸ.ਐਸ. ਦੀ ਸਦੱਸਤਾ ਨਵੰਬਰ ਦੇ ਮੁਕਾਬਲੇ ਦੁਗਨੀ ਹੋ ਗਈ ਸੀ ਅਤੇ ਤਕਰੀਬਨ 28000 ਸੀ. ਆਰ.ਐਸ.ਐਸ. ਦੇ ਸਦੱਸ ਫ਼ਿਰਕੂ ਤਸ਼ੱਦਦ ਤੇ ਸ਼ਾਮਲ ਸਨ, ਜਿਸ ਦੇ ਵਿੱਚ ਕਤਲ ਦੇ ਮਾਮਲੇ ਵੀ ਸਨ. ਆਰ.ਐਸ.ਐਸ. ਦੀ ਕੁੱਝ ਸ਼ਾਖਾਂਵਾਂ ਦਾ ਹਥਿਆਰਬੰਦ ਹੋਣਾ ਮੱਣਿਆ ਗਿਆ ਸੀ. ਮੁਸਲਿਮ ਲੀਗ ਨੈਸ਼ਨਲ ਗਾਰਡਸ ਦੀ ਸਦੱਸਤਾ 3000 ਤੋਂ ਵਧ ਕੇ 1945 ਦੇ ਆਖ਼ਰ ਤੱਕ 10000 ਤੋਂ ਜ਼ਿਆਦਾ ਤੱਕ ਪਹੁੰਚ ਗਈ. ਲੀਗ ਨੇ ਐਲਾਨ ਕੀਤਾ ਕਿ ਇਸ ਦਾ ਇਰਾਦਾ ਗਾਰਡਸ ਦੀ ਤਦਾਦ ਨੂੰ, ਸਾਲ ਦੇ ਬਾਕੀ ਵਕਤ ਤੇ, ਵਧਾ ਕੇ ਅੱਧ ਮਿਲਿਅਨ ਕਰਨਾ ਸੀ. ਇਣ ਦੋਵੇਂ ਸੰਗਠਨਾ ਦੇ ਕਈ ਜਗ੍ਹਾਂ ਤੇ ਸ਼ਾਖਾਵਾਂ ਸੀ, ਜਿਸ ਵਿੱਚ ਦਿਹਾਤੀ ਇਲਾਕੇ ਸ਼ਾਮਲ ਸਨ ਅਤੇ ਇਸ ਨੂੰ ਬੇਹਦ ਖ਼ਤਰਨਾਕ ਸਮਝਿਆ ਜਾਂਦਾ ਸੀ. ਭਨੇਤ ਨੇ ਇਹ ਵੀ ਗੌਰ ਕੀਤਾ ਕਿ ਇੱਕ ਰਾਸ਼ਟਰੀ ਮੁਸਲਮਾਨ, ਮੌਲਾਨਾ ਦਾਉਦ ਘਜ਼ਨਵੀ ਜੋ ਪ੍ਰੌਵਿੰਸਿਅਲ ਪੰਜਾਬ ਕਾਂਗਰੇਸ ਕਮੇਟੀ ਦੇ ਪ੍ਰਧਾਨ ਸਨ, ਦੱਲ ਬਦਲ ਕੇ ਮੁਸਲਿਮ ਲੀਗ ਤੇ ਸ਼ਾਮਲ ਹੋ ਚੁਕੇ ਸੀ (L/P & J/5/249).

ਵੇਵੇਲ ਨੂੰ ਭੇਜੀ 31 ਅਗਸਤ 1946 ਦੀ ਇੱਕ ਖਾਸ ਰਿਪੋਰਟ ਤੇ, ਜੇਨਕੀਨਸ, ਨਹਿਰੂ ਦੇ 10 ਜੁਲਾਈ ਦੇ ਬੋਮਬੇ ਦੇ ਭੜਕਾਉ ਭਾਸ਼ਣ ਦਾ ਜ਼ਿਕਰ ਕਰਦੇ ਨੇ, ਜਿਸ ਦੇ ਵਿੱਚ ਉਨ੍ਹਾਂ ਨੇ ਕਿਹਾ ਕਿ *ਕਨਸਟਿਚੁਐਨਟ ਅਸੈਮਬਲੀ* ਤੇ ਦਾਖਲ ਹੋਣ ਦੇ ਬਾਅਦ, ਕਾਂਗਰੇਸ ਕਿਸੇ ਵੀ ਵਚਨਬੱਧਤਾ ਨਾਲ ਬਨ੍ਹੀ ਨਹੀਂ ਹੋਵੇਗੀ; ਇਸ ਬਿਆਨ ਨੇ ਪੰਜਾਬੀ ਮੁਸਲਮਾਨਾਂ ਨੂੰ ਗੁੱਸੇ ਕਰ ਦਿੱਤਾ ਅਤੇ ਉਹ ਨਹਿਰੂ ਦੇ ਇਨਕਲਾਬੀ ਬਦਲਾਵਾਂ ਦੀ ਧਮਕੀ ਨਾਲ, ਫ਼ਿਕਰਮੰਦ ਹੋ ਗਿਐ. ਇਸ ਦੇ ਨਾਲ, ਉਨ੍ਹਾਂ ਤੋਂ ਕੁੱਝ ਮੁਸਲਿਮ ਲੀਗ ਦੀ ਕੇਂਦਰੀ ਕਮੇਟੀ ਦੇ 'ਸਿੱਧੀ ਕਾਰਵਾਈ' ਦੇ ਫ਼ੈਸਲੇ ਨਾਲ ਘਬਰਾ ਗਿਐ ਸੀ. ਜ਼ਿਆਦਾਤਰ ਲੋਕਾਂ ਨੇ 'ਸਿੱਧੀ ਕਾਰਵਾਈ ਦੇ ਦਿਨ' ਦੇ ਖਿਆਲ ਨੂੰ ਮੰਜ਼ੂਰ ਕਰ ਲੀਤਾ ਸੀ, ਅਤੇ ਕਾਨੂੰਨ ਨੂੰ ਤੋੜਣ ਲਈ ਵੀ ਤਿਆਰ ਸਨ, ਜਦ ਕਿ ਸੂਬਾਈ ਮੁਸਲਿਮ ਲੀਗ ਨੇ ਫ਼ੈਸਲਾ ਕੀਤਾ ਸੀ ਕਿ ਪ੍ਰਦਰਸ਼ਨ ਪੁਰੇ ਅਮਨ ਨਾਲ ਹੋਣ. ਖ਼ਿਆਲ ਇਹ ਸੀ ਕਿ ਇਹ ਦਿਨ

ਮਜ਼ੂਬੀ ਜਗ੍ਹਾਂ ਤੇ ਮਨਾਇਆ ਜਾਵੇ. ਇਸ ਵਿੱਚ ਖ਼ਤਰਾ ਸੀ. 'ਇਸਲਾਮ ਖ਼ਤਰੇ ਵਿੱਚ' ਦੇ ਨਾਅਰੇ ਬੋਲੇ ਜਾਣਗੇ ਅਤੇ ਅਵਾਮ ਨੂੰ ਭੜਕਾਉਣਗੇ. ਜਿੱਥੇ ਤੱਕ ਕਾਂਗਰੇਸ, ਫਾਰਵਰਡ ਬਲਾਕ ਅਤੇ ਸੋਸ਼ਲਿਸਟਾਂ ਦਾ ਸਵਾਲ ਹੈ, ਉਹ ਇੱਕ ਇਤਰਾਜਯੋਗ ਜ਼ਬਾਨ ਦਾ ਇਸਤੇਮਾਲ ਕਰਦੇ ਰਹੇ.

31 ਅਗਸਤ ਦੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਵਾਇਸਰਾਏ ਵੇਵੇਲ ਨੂੰ ਇਤਲ਼ਾਹ ਦਿੱਤੀ ਕਿ ਅਗਸਤ ਦੇ ਦੂਜੇ ਅੱਧ ਵਿੱਚ, ਕਾਨੂੰਨ ਅਤੇ ਵਿਵਸਥਾ ਦੇ ਮਸਲਿਆਂ ਨੇ ਉਸ ਦਾ ਜ਼ਿਆਦਾ ਤੋਂ ਜ਼ਿਆਦਾ ਵਕਤ ਲੈ ਲੀਤਾ. ਸਾਨੂ ਪਤਾ ਚਲਦਾ ਹੈ ਕਿ ਮੁਸਲਮਾਨਾਂ ਨੇ ਸ਼ਿਕਾਇਤ ਕੀਤੀ ਕਿ ਜਦ ਬਿਹਾਰ ਦੇ ਇੱਕ ਸੋਸ਼ਲਿਸਟ ਆਗੂ ਜੈਪ੍ਰਕਾਸ਼ ਨਰਾਇਨ ਨੇ ਪੰਜਾਬ ਆ ਕੇ ਬ੍ਰਿਟਿਸ਼ਰਾਂ ਦੇ ਖ਼ਿਲਾਫ ਭੜਕਾਊ ਭਾਸ਼ਣ ਦਿੱਤੇ, ਤਦ ਗਠਬੱਧਨ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ ਮਗਰ ਜਿਸ ਮੁਸਲਿਮ ਲੀਗ ਦੇ ਬੋਲਣ ਵਾਲੇ ਨੇ ਤਸ਼ੱਦਦ ਭਰੀ ਤਕਰੀਰ ਪੇਸ਼ ਕੀਤੀ ਉਨ੍ਹਾਂ ਨੂੰ, ਫ਼ੈਰਣ ਸਜ਼ਾ ਦਿੱਤੀ ਗਈ (Ibid: 268–9). ਉਸ ਨੂੰ ਡਰ ਸੀ ਕਿ ਮੁਸਲਮਾਨਾਂ ਵਿੱਚ ਨਾਰਾਜ਼ਗੀ ਵਧ ਜਾਵੇਗੀ ਅਗਰ ਸਰਕਾਰ ਤਰਫ਼ਦਾਰੀ ਕਰਦੀ ਸੀ. ਮੁਸਲਿਮ ਲੀਗ ਦੇ ਰਹਨੁਮਾਵਾਂ ਦੀ ਤਰਫ਼ ਇਸ਼ਾਰਾ ਕਰਦੇ ਹੋਏ ਉਹ ਲਿਖਦੇ ਨੇ: 'ਸਾਨੂ ਭੁਲਣਾ ਨਹੀਂ ਚਾਹੀਦਾ ਹੈ ਕਿ ਮੁਸਲਿਮ ਲੀਗ ਦੇ ਆਗੂ ਉਹ ਨੇ, ਜੋ ਕਈ ਪੁਸ਼ਤਾਂ ਤੋਂ ਇਸ ਸਰਕਾਰ ਅਤੇ ਬ੍ਰਿਟਿਸ਼ ਅਫਸਰਾਂ ਨਾਲ ਦੋਸਤਾਨਾ ਰਿਸ਼ਤਾ ਰੱਖਦੇ ਨੇ. ਅਗਰ ਉਹ ਕਾਂਗਰੇਸ ਦੀ ਤਰ੍ਹਾਂ ਪੇਸ਼ੇਵਰ ਅੰਦੋਲਨਕਾਰੀ ਹੁੰਦੇ ਤੇ, ਉਹ ਹੁਣ ਤੱਕ ਸਾਨੂ ਤਕਲੀਫ਼ ਪਹੁੰਚਾ ਚੁਕੇ ਹੁੰਦੇ' (Ibid: 270).

ਪੰਜਾਬ ਦੇ ਮੁੱਖ ਸਚਿਵ ਦੀ 31 ਅਗਸਤ ਦੀ ਪੰਦਰਵਾੜੇ ਦੀ ਰਿਪੋਰਟ ਜੋ ਅਗਸਤ ਦੇ ਦੂਜੇ ਅੱਧ ਬਾਰੇ ਸੀ, ਇਹ ਗੌਰ ਕੀਤਾ ਗਿਆ ਕਿ 16 ਅਗਸਤ ਨੂੰ ਮੁਸਲਿਮ ਲੀਗ ਦਾ 'ਡਾਇਰੇਕਟ ਐਕਸ਼ਨ ਡੇ' ਪੰਜਾਬ ਵਿੱਚ ਅਮਨ ਨਾਲ ਮਣਾਇਆ ਗਿਆ ਅਤੇ ਕੋਈ ਅਵਾਮੀ ਹੱਲਚਲ ਨਹੀਂ ਹੋਈ, ਪਰ ਮਸੀਤਾਂ ਤੋਂ ਜਹਾਦ ਦੀ ਪੁਕਾਰ ਦਿੱਤੀ ਗਈਆਂ. ਸਿੱਖ ਕਾਂਗਰੇਸ ਦੇ ਕਰੀਬ ਆ ਚੁਕੇ ਸੀ ਮਗਰ ਮਾਸਟਰ ਤਾਰਾ ਸਿੰਘ ਨੂੰ ਜਿਨਾਹ ਦੀ ਇੱਕ ਬੈਠਕ ਲਈ, ਬੁਲਾਵੇ ਨੂੰ ਲੈ ਕੇ ਦਿਲਚਸਪੀ ਪੈਦਾ ਹੋ ਗਈ. ਜਿਸ ਸ਼ਹਿਰਾਂ ਅਤੇ ਜਿਲ੍ਹੇਆਂ ਤੇ ਕੌਮਾਂ ਦੀ ਤਦਾਦ ਲੱਗਭਗ ਇੱਕ ਹੈ, ਉਥੇ ਤਣਾਅ ਮਹਿਸੂਸ ਕੀਤਾ ਜਾ ਸਕਦਾ ਸੀ. ਕਲਕੱਤੇ ਦੀ ਦੰਗੇ ਦੀ ਖ਼ਬਰਾਂ ਨੇ ਹਾਲਾਤ ਹੋਰ ਬਦਤਰ ਕਰ ਦਿੱਤੇ ਨੇ, ਕੌਮਾਂ ਇਹ ਨਹੀਂ ਸੋਚ ਰਹਿਆਂ ਦੇ ਕਿ ਝਗੜੇ ਦੇ ਨਤੀਜ਼ੇ ਖੁਨ-ਖਰਾਬਾ ਅਤੇ ਘਰੇਲੂ-ਜੁੱਧ ਹੀ ਹੁੰਦੇ ਨੇ (L/P & J/5/249).

ਪੰਜਾਬ ਦੇ ਹਾਲਾਤ ਉੱਪਰ, ਅਗਸਤ ਦੀ ਹੀ ਇੱਕ ਖਾਸ ਰਿਪੋਰਟ ਤੇ, ਗਵਰਨਰ ਨੇ ਸਮੁੱਚੇ ਹਾਲਾਤ ਦਾ ਜਾਇਜ਼ਾ ਲੀਤਾ ਅਤੇ ਹਿੰਦੂ-ਸਿੱਖ ਹੋਰ ਮੁਸਲਿਮ ਸਮੁਹਾਂ ਦੇ ਫ਼ਰਕ, ਬੜੀ ਤੇਜੀ ਨਾਲ ਵਧ ਰਹੇ ਸੀ ਅਤੇ ਜਿਸ ਨੇ ਉਨ੍ਹਾਂ ਦੇ ਵਿੱਚ ਫ਼ਿਕਰ ਅਤੇ ਡਰ ਪੈਦਾ ਕਰ ਦਿੱਤਾ ਸੀ. ਮੁੰਸਲਮਾਨ ਕੇਂਦਰ ਤੇ ਕਾਂਗਰੇਸ ਦੀ ਆਰਜ਼ੀ ਸਰਕਾਰ ਦੇ ਬਣਨ ਨੂੰ, ਹਿੰਦੂਆ ਦੇ ਅੱਗੇ ਬਗੈਰ ਸ਼ਰਤ ਸਮਰਪਣ ਸਮਝਦੇ ਸੀ, ਜੋ ਪਾਰਲਿਆਮੇਂਟ ਦੇ ਦਸਤੂਰ ਦੇ ਖ਼ਿਲਾਫ ਸੀ, ਕਿਉਂਕਿ ਜਦ ਕਿ ਕਾਂਗਰੇਸ ਨੇ ਕੈਬੀਨੇਟ ਮਿਸ਼ਨ ਪਲਾਨ ਨੂੰ ਇਨਕਾਰ ਅਤੇ ਮੁਸਲਿਮ ਲੀਗ ਨੇ ਸਵੀਕਾਰ ਕੀਤਾ ਸੀ, ਪਰ ਸਰਕਾਰ ਬਣਾਉਣ ਲਈ ਕਾਂਗਰੇਸ ਨੂੰ, ਨਾ ਕਿ ਲੀਗ ਨੂੰ, ਬੁਲਾਇਆ ਗਿਆ ਸੀ. ਉਹ ਡਰਦੇ ਸੀ ਕਿ ਹਿੰਦੂ, ਆਪਣੀ ਹਾਲ ਵਿੱਚ ਹਾਸਲ ਤਾਕਤ ਦਾ ਇਸਤੇਮਾਲ, ਮੁਸਲਮਾਨਾਂ ਨੂੰ ਬਾਕਾਇਦਾ ਦਬਾਉਣ ਲਈ ਕਰਣਗੇ. ਬ੍ਰਿਟਿਸ਼ ਹਕੂਮਤ ਦੇ ਇਸ ਰਵੱਈਐ ਨੇ ਇਸ ਸ਼ੱਕ ਨੂੰ ਪੈਦਾ ਕੀਤਾ ਸੀ ਕਿ ਬ੍ਰਿਟਿਸ਼ ਅਤੇ ਕਾਂਗਰੇਸ ਦੇ ਵਿੱਚ ਇੱਕ ਢੁੰਘੀ ਸਾਜ਼ਸ਼ ਸੀ (Ibid: 272–3). ਕਲੱਕਤੇ ਦੇ

ਕੌਮੀ ਖ਼ੂਨ ਖ਼ਰਾਬੇ ਨੇ ਉਨ੍ਹਾਂ ਦੇ ਰਿਸ਼ਤੇ ਦਾ ਤਣਾਅ ਹੋਰ ਵਿਗਾੜ ਦਿੱਤਾ. ਕਲਕੱਤੇ ਦੇ ਫ਼ਸਾਦਾਂ ਦੇ ਬਾਰੇ ਹਿੰਦੂਆਂ ਦੇ ਜਵਾਬੀ ਹਮਲੇ ਅਤੇ ਮੁਸਲਮਾਨਾਂ ਦੇ ਜਵਾਬ ਬਾਰੇ ਜੇਨਕਿਨਸ ਨੇ ਲਿਖਿਆ:

> ਕਲਕੱਤੇ ਦੇ ਫ਼ਸਾਦਾਂ ਉਪਰ ਹਿੰਦੂ ਪ੍ਰਚਾਰ ਅਸਾਧਾਰਣ ਤੌਰ ਤੇ ਤਤਪਰ ਅਤੇ ਅਸਰਦਾਰ ਸੀ ਅਤੇ ਇਸ ਨੂੰ ਅੰਗ੍ਰੇਜ਼ੀ ਅਖਬਾਰ ਦੀ ਸਟੇਟਸਮੈਨ ਦਾ ਵਜਨਦਾਰ ਸਮਰਥਨ ਮਿਲਿਆ. ਪੰਜਾਬੀ ਮੁਸਲਮਾਨਾਂ ਨੂੰ ਇਸ ਵਿੱਚ ਛਪੇ ਕਾਰਟੂਨ ਪਸੰਦ ਨਹੀਂ ਆਏ ਨੇ, ਜਿਸ ਵਿੱਚ ਮੁਸਲਿਮ ਲੀਗ ਦੇ ਰਹਨੁਮਾਵਾਂ ਨੂੰ ਲਹੂ ਨਾਲ ਧੁਆਈ ਕਰਦੇ, ਹਿੰਦੂ ਔਰਤਾਂ ਦੇ ਸੀਨੇ ਵੱਡ ਕੇ ਅਲਗ ਕਰਦੇ ਅਤੇ ਦੂਜੇ ਜ਼ੁਲਮ ਕਰਦੇ ਦਿਖਾਇਆ ਗਿਆ ਹੈ; ਹੋਰ ਨਾ ਹੀ ਪੰਜਾਬੀ ਮੁਸਲਿਮ ਯਕੀਨ ਕਰਣ ਨੂੰ ਤਿਆਰ ਨੇ ਕਿ ਕਲਕੱਤੇ ਦੇ ਮੁਸਲਮਾਨ ਫ਼ਸਾਦਾਂ ਲਈ ਪੂਰੀ ਤਰ੍ਹਾਂ ਜ਼ਿਮੇਵਾਰ ਨੇ, ਜੈਦਾਂ ਕਿ ਹਿੰਦੂ ਪ੍ਰੈਸ ਦੇ ਲੇਖ ਅਤੇ ਖਬਰਾਂ ਇਸ਼ਾਰਾ ਕਰਦੇ ਨੇ.
>
> ਹਿੰਦੂ ਖੁਸ਼ ਨੇ - ਉਹ ਇੱਕ ਬੁਰੇ ਜਿੱਤਣ ਵਾਲੇ ਨੇ ਅਤੇ ਮੁਸਲਮਾਨਾਂ ਨੂੰ ਜ਼ਲੀਲ ਕਰਣ ਅਤੇ ਤਾਨੇ ਮਾਰਣ ਲਈ, ਸਭ ਕੁੱਝ ਕਰਣਗੇ ਜੋ ਉਹ ਕਰ ਸਕਦੇ ਨੇ. ਉਹ ਇਸ ਹਦ ਤੱਕ ਬੇਵਕੂਫ ਨੇ ਕਿ, ਇਥੇ ਪੰਜਾਬ ਵਿੱਚ ਅੰਗ੍ਰੇਜਾਂ ਦੀ ਮਦਦ ਨਾਲ ਮੁਸਲਮਾਨਾਂ ਨੂੰ ਹਮੇਸ਼ਾ ਲਈ ਦਬਾਉਣ ਤੇ ਉਹ ਕਾਮਯਾਬ ਹੋ ਜਾਣ ਬਾਰੇ ਸੋਚਦੇ ਨੇ, ਅਤੇ ਇਸ ਬਾਰੇ ਕਾਂਗਰੇਸੀ ਆਗੂਵਾਂ ਦੇ ਦਰਮਿਆਨ ਹਲਕੀ-ਫੁਲਕੀ ਗੱਲਬਾਤ ਵੀ ਹੋ ਰਹੀ ਹੈ. ਕਾਂਗਰੇਸ ਦੇ ਸਿੱਖਾਂ ਨਾਲ ਸਮਝੌਤੇ ਦਾ, ਹਿੰਦੂਆਂ ਦੀ ਖ਼ਾਸ ਕਰ ਕੇ ਮੱਧ ਪੰਜਾਬ ਵਿੱਚ, ਹਿਫ਼ਾਜ਼ਤ ਦੇ ਲਈ ਸੁਆਗਤ ਕੀਤਾ ਜਾ ਰਿਹਾ ਹੈ. ਹਿੰਦੂ ਅਖਬਾਰ ਘਮੰਡੀ ਅਤੇ ਬੇਹਦ ਫ਼ਿਰਕੂ ਨੇ. ਇਸ ਗਰਜਣ ਦੇ ਥਲੇ ਇੱਕ ਗੁਪਤ ਖੌਫ਼ ਹੈ (ਜੋ ਹਮੇਸ਼ਾ ਇੱਕ ਸ਼ਹਿਰੀ ਹਿੰਦੂ ਨਾਲ ਹੁੰਦਾ ਹੈ); ਇਸ ਤੋਂ ਵਧ ਕੋਈ ਚੀਜ ਜਿਸਮਾਨੀ ਝਗੜਾ ਸ਼ੁਰੂ ਨਹੀਂ ਕਰ ਸਕਦੀ ਹੈ ਜਿਨ੍ਹਾਂ ਇਹ ਗੁਮਾਨ ਅਤੇ ਬੁਜ਼ਦਿਲੀ ਦਾ ਦਰਦਮੰਦ ਮੇਲ (Ibid: 273).

ਉਨ੍ਹਾਂ ਨੇ ਗੌਰ ਕੀਤਾ ਕਿ ਸਿੱਖ ਕੌਮ ਤਿੰਨ ਗੁਟਾਂ ਵਿੱਚ ਵੰਡੀ ਹੋਈ ਸੀ ਅਤੇ ਜਦ ਕਿ ਹੁਣ ਸਿੱਖ ਕਾਂਗਰੇਸ ਨਾਲ ਆਧਿਕਾਰਿਕ ਤੌਰ ਤੇ ਜੁੜੇ ਹੋਏ ਸੀ, ਕੁੱਝ ਪ੍ਰਭਾਵਸ਼ਾਲੀ ਸਿੱਖ ਮੁਸਲਮਾਨਾਂ ਤੋਂ ਅਲਗ ਹੋਣ ਤੇ ਨਾਰਾਜਮੰਦ ਹੋਣਗੇ. ਪਰ, ਸੰਭਾਵਨਾ ਇਹ ਸੀ ਕਿ ਕਿਸੇ ਗੰਭੀਰ ਝਗੜੇ ਦੇ ਦੌਰਾਣ, ਸਿੱਖ ਹਿੰਦੂਆਂ ਦਾ ਸਾਥ ਦੇਣਗੇ. ਸਿੱਖ ਪ੍ਰੈਸ ਦਾ ਲਹਜ਼ਾ ਅਤੇ ਇਸ ਦੇ ਵਕਤਾ ਬ੍ਰਿਟਿਸ਼ ਅਤੇ ਮੁਸਲਿਮ ਮੁਖ਼ਾਲਫ਼ਤੀ ਸਨ, ਅਤੇ ਸਿੱਖ ਪੰਜਾਬ ਦੇ ਸਭ ਤੋਂ ਤਸ਼ੱਦਦੀ ਤਕਰੀਰਾਂ ਕਰਣ ਵਾਲੇਆਂ ਵਿੱਚ ਸਨ. ਉਸ ਵਕਤ ਜੇਨਕੀਨਸ ਨੇ ਗੌਰ ਕੀਤਾ: 'ਅਸੀਂ ਇੱਕ ਵੱਡੇ ਫ਼ਿਰਕੂ ਉਥਲ ਪੁਥਲ ਦੇ ਹਾਲਾਤ ਵੇਖ ਰਹੇ ਹਾਂ. ਮੁਸਲਿਮ *ਕਾਂਗਰੇਸ ਹਾਈ ਕਮਾਂਡ* ਦੇ ਸਾਹਮਣੇ ਨਹੀਂ ਝੁਕਣ ਵਾਲਾ ਹੈ' (Ibid: 274).

ਗਵਰਨਰ ਨੇ ਸੁਝਾਅ ਦਿੱਤਾ ਕਿ ਪੰਝਾਬ ਨੂੰ ਇੱਕ ਇਸ ਕਿਸਮ ਦੀ ਹਕੂਮਤ ਦੀ ਜ਼ਰੂਰਤ ਹੈ ਜਿਸ ਵਿੱਚ ਤਿੰਨੇਂ ਕੌਮਾਂ ਦੀ ਨੁਮਾਇੰਦਗੀ ਹੋਵੇ, ਜਿਸ ਨੂੰ ਅਸੈਮਬਲੀ ਤੇ ਜ਼ੋਰਦਾਰ ਮਦਦ ਮਿਲੇ ਅਤੇ ਉਸ ਦੀ ਇੱਕ ਦਿਹਾਤੀ ਖ਼ਾਸੀਅਤ ਹੋਵੇ. ਇਸੇ ਤਰ੍ਹਾਂ ਦੀ ਸਰਕਾਰ ਨੂੰ ਇੱਕ ਸੱਚੀ ਆਮ ਭਲਾਈ ਲਈ, ਬਣੇ ਗਠਬੰਧਨ ਨਾਲ ਬਣਾਇਆ ਜਾ ਸਕਦਾ ਹੈ, ਜਾਂ ਇੱਕ ਦੋਬਾਰਾ ਜਨਮੀ ਅਤੇ ਮਜਬੂਤ ਕੀਤੀ ਯੁਨੀਅਨਿਸਟ ਪਾਰਟੀ ਨਾਲ. ਮੌਜੂਦਾ ਵਜ਼ਾਰਤ ਦਾ ਕੋਈ ਸੱਚਾ, ਆਮ ਹਿਤ ਦਾ ਮੁੱਦਾ ਨਹੀਂ ਸੀ, ਅਤੇ ਪੰਜਾਬ ਅਸੈਮਬਲੀ ਵਿੱਚ ਉਸ ਦੀ ਸਿਰਫ਼ ਇੱਕ ਮਾਮੁਲੀ ਮਜਾਰਿਟੀ ਸੀ (Ibid.). ਜੇਨਕੀਨਸ ਫਿਰ ਫ਼ਿਰਕੂ ਝਗੜੇ ਨਾਲ ਨਿਪਟਣ ਲਈ ਇੰਤਜਾਮਿਆ ਮਸ਼ੀਨਰੀ ਦਾ ਜਾਇਜ਼ਾ ਲੇਂਦੇ ਨੇ:

> ਮੁਸਲਮਾਨ ਅਧਿਕਾਰੀਆਂ ਦੀ ਹਮਦਰਦੀ (ਪੁਲਿਸ ਦੇ 70 ਫ਼ੀਸਦੀ ਮੁਲਾਜ਼ਿਮਾਂ ਨੂੰ ਲੈ ਕੇ) ਮੁੱਖ ਤੌਰ ਤੇ ਮੁਸਲਿਮ ਲੀਗ ਨਾਲ ਹੈ; ਅਤੇ ਬ੍ਰਿਟਿਸ਼ ਅਧਿਕਾਰੀ, ਕਾਂਗਰੇਸ ਦੇ ਲਈ ਇੱਕ ਆਮ ਜਦੋਜਹਿਦ ਤੇ ਸ਼ਾਮਲ ਹੋਣ ਬਾਰੇ ਬਿਲਕੁਲ ਰਜ਼ਾਮੰਦ ਨਹੀਂ ਨੇ. ਇਹ ਕਹਿਣਾ ਨਾਮੁਮਕਿਨ ਹੈ ਕਿ ਬੜੇ ਅਹਿਮ ਅਹੁਦੇ ਤੇ ਬੈਠੇ ਮੁਸਲਮਾਨ ਅਧਿਕਾਰਿਆਂ ਅਤੇ ਪੁਲਿਸ ਉਪਰ ਅਸੀਂ ਕਿਨਾ ਭਰੋਸਾ ਕਰ ਸਕਦੇ ਹਾਂ...ਇੰਡਿਅਨ ਸਿਵਿਲ ਸੇਵਾ ਦੇ ਇੱਕ ਆਮ ਬ੍ਰਿਟਿਸ਼ ਅਧਿਕਾਰੀ ਦੇ ਰਵੱਇਏ ਨੂੰ ਸਾਫ਼ ਤਰੀਕੇ ਨਾਲ ਸਮਝ੍ਹਣਾ ਚਾਹੀਦਾ ਹੈ. ਉਹ ਆਪਣਾ ਕੱਮ ਕਰੇਗਾ, ਅਤੇ ਅਗਰ ਉਸ ਨੂੰ ਸਮਰਥਨ ਦਾ ਭਰੋਸਾ ਮਿਲੇਗਾ ਤੇ ਕਿਸੇ ਵੀ ਸੰਕਟ ਨਾਲ ਨਿਪਟ ਲੈਗਾ, ਜਿਸ ਵਿੱਚ ਕੋਈ ਪੱਖ-ਪਾਤ ਨਾ ਕਰਨਾ ਹੋਵੇ. ਪਰ, ਉਹ ਕਿਸੇ ਐਦਾਂ ਦੀ ਨੀਤੀ ਨਾਲ ਨਹੀਂ ਜੁੜੇਗਾ ਜਿਸ ਨੂੰ, ਉਹ ਅਨੈਤਿਕ ਅਤੇ ਬੇਈਮਾਨ ਸਮਝ੍ਹਦਾ ਹੈ. ਅਗਰ ਪੰਜਾਬ ਨੂੰ ਆਪਣੇ ਉਪਰ ਛੱਡ ਦਿੱਤਾ ਜਾਵੇ ਅਤੇ ਕੋਈ ਬਾਹਰੀ ਹੁਕਮ ਦੇਣ ਵਾਲਾ ਨਹੀਂ ਹੈ ਤੇ, ਉਹ ਸਥਰ ਰਹਿ ਸਕਦਾ ਹੈ, ਪਰ ਜੇ ਹਰ ਮੇਜੇਸਟੀਸ ਗਵਰਨਮੇਨਟ ਸਾਡੀ ਇੱਕ ਵੱਡੀ ਮੁਸਲਿਮ ਆਬਾਦੀ ਦੇ ਯੋਜਨਾਬੱਧ ਦਮਨ ਨੂੰ, ਵਧਾਵਾ ਦੇਂਦੀ ਹੈ ਜਾਂ ਚੁਪਚਾਪ ਮਣ ਲੇਂਦੀ ਹੈ, ਉਹ ਸਥਰ ਨਹੀਂ ਰਹੇਗਾ...ਕਿਸੀ ਆਪਾਤ ਕਾਲ ਵਿੱਚ, ਇੰਡਿਅਨ ਫ਼ੌਜ ਦੇ ਮੁਸਲਿਮ ਸਿਪਾਹੀ ਇਸ ਹਕੂਮਤ ਦਾ ਕਿਨਾ ਸ਼ਾਥ ਦੇਨਗੇ, ਇਸ ਬਾਰੇ ਸ਼ੱਕ ਜ਼ਰੂਰ ਹੈ. ਮੁਸਲਿਮ ਲੀਗ ਦੀ ਹਿਮਾਇਤ ਕਰਣ ਵਾਲੇ ਅੰਬਾਲਾ ਸਥਿਤ ਰੱਾਯਲ ਇੰਡਿਅਨ ਏਅਰ ਫੋਰਸ ਦੇ ਮੁਸਲਿਮ ਏਅਰਮੇਨ ਦੇ ਇੱਕ ਪ੍ਰਸਤਾਵ ਨੂੰ ਸਰਕਾਰ ਨੇ ਨਾਲੋਨਾਲ ਨਕਾਰ ਦਿੱਤਾ, ਪਰ ਗੈਰ-ਫ਼ੌਜ਼ੀ ਖ਼ੁਫ਼ੀਆ ਸੰਸਥਾ ਦਾ ਮੱਨਣਾ ਸੀ ਕਿ ਇਹ ਮਨਾਹੀ, ਪੁਰੀ ਤਰ੍ਹਾਂ ਠੀਕ ਨਹੀਂ ਸੀ. ਇਹ ਪਤਾ ਹੈ ਕਿ ਛੁੱਟੀ ਤੇ ਗਏ ਮੁਸਲਮਾਨ ਸਿਪਾਹਿਆਂ ਨੂੰ ਘੱਟ ਤੋਂ ਘੱਟ ਇੱਕ ਜ਼ਿਲ੍ਹੇ ਤੇ, ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਸੀ, ਅਤੇ ਪਾਕ ਦਾਮਨ ਵਫ਼ਾਦਾਰ ਮੁਸਲਮਾਨ ਸਿਪਾਹੀ ਵੀ ਮੁਭਾਸਰ ਹੋ ਜਾ ਰਹੇ ਨੇ. ਮੁਸਲਿਮ ਫ਼ੌਜ਼ੀ ਅਤੇ ਆਬਾਦੀ ਦੇ ਬਾਕੀ ਮੁਸਲਿਮਾਂ ਨਾਲ ਮਜ਼ੂਬੀ ਅਪੀਲ ਦਾ ਖ਼ਤਰਾ ਹੈ; ਜੁਮੇ ਦੀ ਨਮਾਜ਼ ਅਤੇ ਪ੍ਰਭਾਵਸ਼ਾਲੀ ਪੀਰ ਲਾਜ਼ਮੀ ਤੌਰ ਤੇ, ਇਸਲਾਮ ਜਿਸ ਖ਼ਤਰੇ ਤੇ ਖੜਾ ਹੈ, ਉਸ ਦੇ ਉਪਰ ਹੋਰ ਦਬਾਅ ਪਾਣਗੇ, ਅਤੇ ਬਹੁਤ ਘੱਟ ਮੁਸਲਮਾਨ ਇਸੇ ਤਰ੍ਹਾਂ ਦੀ ਅਪੀਲ ਨੂੰ ਠੁਕਰਾ ਸਕਣਗੇ... (Ibid: 276–77).

ਜੇਨਕੀਨਸ ਦਾ ਮੱਤ ਸੀ ਕਿ, ਅਗਰ ਇੰਤਜ਼ਾਮੀ ਅਮਲ ਦੀ ਜ਼ਬਾਨ ਤੇ ਕਿਸੇ ਫ਼ਿਰਕੂ ਖੁਨ-ਖ਼ਰਾਬੇ ਨੂੰ ਰੋਕਣਾ ਸੀ, ਤੇ ਕਾਂਗਰੇਸ ਹਾਈ ਕਮਾਂਡ ਅਤੇ ਆਰਜ਼ੀ ਸਰਕਾਰ ਨੂੰ ਪੰਜਾਬ ਦੀ ਸਿਆਸਤ ਅਤੇ ਇੰਤਜ਼ਾਮਿਆ ਤੋਂ ਬਾਹਰ ਰਹਿਣਾ ਚਾਹੀਦਾ ਹੈ. ਖੁਦ ਪੰਜਾਬ ਦੇ ਸੰਦਰਭ ਤੇ, ਮੁਸੀਬਤ ਟਲ ਸਕਦੀ ਸੀ ਅਗਰ ਹਿੰਦੂ-ਸਿੱਖ ਅਤੇ ਮੁਸਲਿਮ ਅਖ਼ਬਾਰ ਅਤੇ ਰੋਜ਼ਨਾਮੇ, ਇੱਕ ਦੂਜੇ ਦੇ ਉਪਰ ਆਪਣੇ ਭੜਕਾਉ ਪ੍ਰਚਾਰ ਨੂੰ ਘੱਟ ਕਰ ਦੇਂਦੇ; ਤਸ਼ੱਦਦ ਭਰੀ ਤਕਰੀਰ ਕਰਣ ਵਾਲੇਆਂ ਉਪਰ ਕੜੀ ਕਾਰਵਾਈ ਕੀਤੀ ਜਾਂਦੀ ਭਾਂਵੇ ਉਨ੍ਹਾਂ ਦੀ ਕੋਈ ਵੀ ਪਾਰਟੀ ਹੁੰਦੀ; ਨਿਜੀ ਫ਼ੌਜ਼ਾਂ ਨੂੰ ਦਬਾ ਦਿੱਤਾ ਜਾਂਦਾ, ਜਿਸ ਦੇ ਮੁਸਲਿਮ ਲੀਗ ਨੈਸ਼ਨਲ ਗਾਰਡਸ ਅਤੇ ਰਾਸ਼ਟਰੀਯ ਸਵਯਮਸੇਵਕ ਸੰਘ ਸਭ ਤੋਂ ਅਹਿਮ ਸਨ; ਅਤੇ ਜ਼ਿਲ੍ਹੇ ਦੇ ਅਫਸਰਾਂ ਨੂੰ, ਕਾਨੂੰਨ ਅਤੇ ਵਿਵਸਥਾ ਬਣਾਉਣ ਲਈ, ਉਨ੍ਹਾਂ ਦੀ ਤਾਕਤ ਇਸਤੇਮਾਲ ਕਰਣ ਲਈ, ਉਨ੍ਹਾਂ ਦਾ ਸ਼ਾਥ ਦਿੱਤਾ ਜਾਂਦਾ (Ibid:278).

ਪਰ, ਇਹ ਕਦਮ ਅਗਰ ਨਹੀਂ ਉਠਾਏ ਜਾਂਦੇ ਨੇ ਤੇ ਹਾਲਾਤ ਬੇਕਾਬੂ ਹੋ ਜਾਣਗੇ. ਜੇਨਕੀਨਸ ਨੇ ਸੋਚ ਕੇ ਇਹ ਖ਼ਿਆਲ ਜ਼ਾਹਰ ਕੀਤਾ:

> ਅਗਰ ਕੋਈ ਉਥਲ-ਪੁਥਲ ਹੁੰਦੀ ਹੈ ਤੇ, ਮੈਨੂੰ ਯਕੀਨ ਹੈ, ਸ਼ਹਿਰਾਂ ਵਿੱਚ ਫ਼ਿਰਕੂ ਫ਼ਸਾਦ ਇੱਕ ਵੱਡੇ ਪੈਮਾਨੇ ਤੇ ਹੋਣਗੇ. ਮੱਧ ਪੰਜਾਬ ਦੇ ਸਿੱਖਾਂ ਦੇ ਪਿੰਡ ਅਤੇ ਪੂਰਬ ਦੇ ਜਾਟ, ਇਸ ਤੇ ਜਲਦ ਹਿੱਸਾ ਲੈਣਗੇ ਅਤੇ ਉੱਤਰ ਹੋਰ ਪੱਛਮ ਦੇ ਮੁਸਲਿਮ ਦਿਹਾਤੀ ਇਸ ਦੇ ਮਗਰ ਹੀ ਕਾਰਵਾਈ ਕਰਣਗੇ. ਇੱਕ ਬਹੁਤ ਤਜਰਬਾਕਾਰ ਖ਼ੁਫੀਆ

ਅਫ਼ਸਰ ਸੋਚਦਾ ਹੈ ਕਿ ਸਭ ਤੋਂ ਵੱਡੀ ਉਥਲ-ਪੁਥਲ ਕੁੱਝ ਸਿਆਸੀ ਸ਼ਕਸ਼ਿਅਤਾਂ ਦੇ ਕਤਲੇਆਮ ਤੋਂ ਬਾਅਦ ਹੋਵੇਗੀ, ਮਗਰ ਇਹ ਇੱਕ ਨਿੱਜੀ ਸੋਚ ਦਾ ਮਾਮਲਾ ਹੈ (Ibid: 279).

ਆਪਣੀ 14 ਸਤੰਬਰ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਗਵਰਨਰ ਨੇ ਖ਼ਬਰ ਦਿੱਤੀ ਕਿ ਮੁਲਤਾਨ ਅਤੇ ਜਲੰਧਰ ਤੇ ਛੋਟੇ-ਮੋਟੇ ਫ਼ਿਰਕੂ ਝਗੜੇ ਹੋਏ ਪਰ ਜਲਦ ਹੀ ਕਾਬੂ ਕਰ ਲੀਤੇ ਗਿਐ; ਦੂਜੀ ਜਗ੍ਹਾਂ ਤੇ ਤਸ਼ੱਦਦ ਦੀ ਕੋਈ ਘਟਨਾ ਨਹੀਂ ਹੋਈ ਹਾਲਾਂਕਿ ਤਣਾਅ ਬਹੁਤ ਜ਼ਿਆਦਾ ਸੀ. ਪੰਜਾਬ ਮੁਸਲਿਮ ਲੀਗ ਕਿਸੇ ਲੰਬੀ ਚਲਣ ਵਾਲੀ ਸਿੱਧੀ ਕਾਰਵਾਈ ਦੇ ਲਈ ਹਦਾਇਤ ਦਾ ਇੰਤਜ਼ਾਰ ਕਰ ਰਹੀ ਸੀ, ਹਾਲਾਂਕਿ ਉਨ੍ਹਾਂ ਦੇ ਆਪਣੇ ਖ਼ਿਆਲ ਕਾਂਗਰੇਸ ਦੇ ਨਾ-ਮਿਲਵਰਤਣ ਦੀ ਤਰ੍ਹਾਂ ਸੀ, ਜੋ ਸਰਕਾਰ ਦੇ ਖ਼ਿਲਾਫ਼ ਮਗਰ ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼ ਨਹੀਂ ਸੀ (Ibid: 280). ਮਗਰ ਭੀਮ ਸੇਨ ਸੱਚਰ ਨੇ ਗਵਰਨਰ ਦੇ ਸਾਹਮਣੇ 9,10 ਅਤੇ 11 ਸਤੰਬਰ ਨੂੰ ਹਿੰਦੂਆਂ ਨੂੰ ਮੁਸਲਮਾਨਾਂ ਦੀ ਮਾਰਣ ਦੀ ਸਾਜ਼ਸ਼ ਬਾਰੇ ਆਪਣਾ ਡਰ ਜ਼ਾਹਰ ਕੀਤਾ ਸੀ. ਲਾਹੌਰ ਦੀ ਕਾਂਗਰੇਸ ਉਸ ਨੂੰ ਇਸੇ ਤਰ੍ਹਾਂ ਦੀ ਭਿਆਨਕ ਅਫ਼ਵਾਹਾਂ ਦੱਸ ਰਹੀ ਸੀ (Ibid). ਸਚੱਰ ਚਾਹੁੰਦੇ ਸੀ ਕਿ ਇੰਡਿਅਨ ਨੈਸ਼ਨਲ ਆਰਮੀ ਦਾ ਕੌਮੀ ਅਮਨ ਉਪਰ ਨਾਟਕ ਸਾਰੇ ਜ਼ਿਲ੍ਹੇਆਂ ਨੂੰ ਭੇਜਿਆ ਜਾਵੇ, ਤਾਂਕਿ ਲੋਕ ਕੌਮੀ ਅਮਨ ਦੀ ਖੂਬਸੁਰਤੀ ਦੀ ਤਾਰੀਫ਼ ਕਰ ਸਕਣ. ਇਸ ਦੇ ਇਲਾਵਾ ਉਹ ਚਾਹੁੰਦੇ ਸੀ ਕਿ, ਹਰ ਸ਼ਹਿਰ ਦੇ ਹਰ ਮਹੱਲੇ ਤੇ ਇੱਕ ਸੁਰੱਖਿਆ ਕਮੇਟੀ ਸਥਾਪਤ ਹੋਵੇ, ਜਿਸ ਦੀ ਜ਼ਿਮੇਵਾਰੀ ਇੱਕ ਪੁਲਿਸ ਇੰਸਪੇਕਟਰ ਦੇ ਹੱਥ ਹੋਵੇ. ਦੂਜੀ ਤਰਫ਼ ਗਵਰਨਰ ਦਾ ਇਹ ਖ਼ਿਆਲ ਸੀ ਕਿ ਲੀਗ ਕਾਂਗਰੇਸ ਦੀ ਆਈ.ਐਨ.ਏ. ਲਈ ਨਰਮਦਿਲੀ ਨੂੰ ਇਸਤੇਮਾਲ ਕਰ ਕੇ, ਇੰਡਿਅਨ ਫ਼ੌਜ਼ ਦੇ ਵਫਾਦਾਰ ਮੁਸਲਿਮ ਸਿਪਾਹਿਆਂ ਨੂੰ, ਆਪਣੇ ਵੱਲ ਕਰ ਲੈਣਾ ਚਾਉਂਦੀ ਸੀ.

ਜੇਨਕੀਨਸ ਨੇ ਲਿਖਿਆ:

> ਮੈਂ ਭੀਮ ਸੇਨ ਸੱਚਰ ਨੂੰ ਤਸੱਲੀ ਕਰਾਈ ਕਿ ਸਾਡੀ ਗੈਰ-ਫ਼ੌਜ਼ੀ ਖ਼ੁਫ਼ੀਆ ਇਤਲਾਹ ਬਹੁਤ ਉਮਦਾ ਹੈ, ਅਤੇ ਹਾਲਾਂਕਿ ਕਿਸੇ ਵੀ ਵਕਤ ਭੈੜੀ ਮੁਸ਼ਕਲਾਂ ਪੈਦਾ ਹੋ ਸਕਦੀ ਨੇ, ਮੈਂ ਨਹੀਂ ਸੋਚਦਾ ਹਾਂ ਕਿ ਲੀਗ ਦੇ ਆਗੂ ਹੁਣ ਫ਼ਿਰਕੂ ਫ਼ਸਾਦ ਚਾਹੁੰਦੇ ਨੇ, ਅਤੇ ਸਾਨੂ ਗੜਬੜੀ ਦੀ ਵਿਸਤਰਤ ਤਰਤੀਬ ਬਾਰੇ, ਤਕਰੀਬਣ ਪੱਕਾ ਪਤਾ ਹੋਣਾ ਚਾਹੀਦਾ ਹੈ. ਪਰ, ਸਾਰਾ ਸੂਬਾ ਹੀ ਅਫ਼ਵਾਹਾਂ ਨਾਲ ਝੁਲਸ ਰਿਹਾ ਹੈ, ਅਤੇ ਹਿੰਦੂ ਆਪਣੇ ਆਪ ਨੂੰ ਡਰਾ ਕੇ ਬੇਹੋਸ਼ ਕਰ ਲੈਣ ਦੀ ਲਿਆਕਤ ਰਖਦੇ ਨੇ (Ibid: 3).

ਕਾਰਜਪਾਲਕ ਮੁੱਖ ਸਚਿਵ (ਜੋ ਕਿ ਦਰਅਸਲ ਪੰਜਾਬ ਗ੍ਰਹਿ ਸਚਿਵ ਸਨ), ਏ.ਏ.ਮੈਕਡੋਨੈਲਡ ਨੇ 14 ਸਤੰਬਰ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਲਿਖਿਆ ਕਿ ਸੁਬਾਈ ਮੁਸਲਿਮ ਲੀਗ ਦੀ ਕਾਰਜਕਾਰੀ ਕਮੇਟੀ 1 ਅਤੇ 2 ਸਤੰਬਰ ਨੂੰ ਮਿਲੀ, ਅਤੇ ਸਿਵਲ ਨਾਫ਼ਰਮਾਨੀ ਤੇਹਰੀਕ ਦੇ ਅਮਲੀ ਢਾਂਚੇ ਬਾਰੇ ਧਿਆਨ ਦਿੱਤਾ. ਟੈਕਸ ਅਤੇ ਲਗਾਨ ਦੀ ਅਦਾਇਗੀ ਨਾ ਕਰਣੀ, ਇਖ਼ਤਿਆਰ ਅਤੇ ਕਾਨੂੰਨ ਦਾ ਉਲੰਘਣ, ਸਮਾਜਕ ਹੋਰ ਗੈਰ-ਮੁਸਲਿਮ ਵਪਾਰ ਅਤੇ ਚੀਜਾਂ ਦੇ ਬਾਈਕਾਟ ਬਾਰੇ ਵੀ ਚਰਚਾ ਹੋਈ. ਇਸ ਨੇ ਹਲਾਕ ਅਤੇ ਕੱਢੇ ਗਿਐ ਲੋਕਾਂ ਦੇ ਖਰਚੇ ਅਤੇ ਘਾਇਲ ਜਾਂ ਗਰਿਫ਼ਤਾਰ ਹੋਏ ਲੋਕਾਂ ਦੇ ਰਿਸ਼ਤੇਦਾਰਾਂ ਲਈ ਰਕਮ ਇਕੱਠਾ ਕਰਣ ਬਾਰੇ ਵੀ ਸਲਾਹ ਕੀਤੀ. ਸੂਬਾਈ ਮੁਸਲਿਮ ਲੀਗ ਦੇ ਪ੍ਰਮੁੱਖ ਨੂੰ ਤਾਨਾਸ਼ਾਹੀ ਤਾਕਤਾਂ ਦੇ ਦਿੱਤੀ ਗਈਆਂ ਅਤੇ ਉਸ ਦੇ ਜਾਨਸ਼ੀਨਾਂ ਦੇ ਨਾਂਅ ਪੱਕੇ ਕੀਤੇ ਗਿਐ. ਇਸ ਨੇ ਇੱਕ ਮਤਾ ਮੰਜ਼ੂਰ ਕਰ ਕੇ ਕੇਂਦਰੀ ਮੁਸਲਿਮ ਲੀਗ ਨੂੰ

ਭਰੋਸਾ ਦਿੱਤਾ ਕਿ ਉਹ ਆਰਜ਼ੀ ਸਰਕਾਰ ਨੂੰ ਮਾਨਤਾ ਨਹੀਂ ਦੇਣਗੇ. ਹਰ ਜ਼ਿਲ੍ਹੇ ਅਤੇ ਮੁੱਖ ਸ਼ਹਿਰ ਤੇ ਸਭਾ ਕਰਣ ਦਾ ਪ੍ਰੋਗ੍ਰਾਮ ਤਿਆਰ ਕਰ ਲੀਤਾ ਗਿਆ ਸੀ (L/P & J/5/249). ਉਸ ਨੇ ਇਸ ਸਚਾਈ ਵੱਲ ਧਿਆਨ ਖਿੱਚਿਆ ਕਿ 'ਦਰਅਸਲ ਹਰ ਸ਼ਹਿਰ ਤੇ, ਮੁਸਲਿਮ ਲੀਗ ਦੇ ਪ੍ਰੋਪੇਗੇਂਡਾ (ਪ੍ਰਚਾਰ) ਜੋ ਮੁਸਲਿਮ ਲੀਗ ਦੀ ਅਖ਼ਬਾਰਾਂ, ਸਭਾਵਾਂ ਅਤੇ ਮਸੀਤਾਂ ਵਿੱਚ ਜਾਰੀ ਹੇ, ਮੁਸਲਿਮਾਂ ਦੇ ਬਹੁਤ ਜ਼ਿਆਦਾ ਲੋਕ, ਮੁਖ਼ਾਲਫ਼ਤੀ ਤੌਰ ਤੇ ਮੁਤਾਸਰ ਹੋਏ ਨੇ'. ਉਸ ਨੇ ਟਿੱਪਣੀ ਕੀਤੀ:

> ਜਹਾਦ ਦਾ ਖ਼ਤਰਾ ਵਧ ਰਿਹਾ ਹੈ ਅਤੇ ਮਜ਼ੂਬੀ ਹੌਸਲਾਅਫ਼ਜ਼ਾਹੀ ਵੀ...ਤੰਜ਼ੀਮ ਕੀਤੇ ਖੁਲ੍ਹੇ ਪ੍ਰਚਾਰ ਦੇ ਇਲਾਵਾ, ਚੁੱਪਚਾਪ ਮਣਾਉਣਾ ਵੀ ਚਲ ਰਿਹਾ ਹੈ, ਅਤੇ ਇਹ ਖ਼ਬਰ ਵੀ ਮਿਲੀ ਹੈ ਕਿ ਛੁੱਟੀ ਤੇ ਗਿਐ ਫ਼ੌਜ਼ੀਆਂ ਨੂੰ ਵੀ ਮੁਤਾਸਰ ਕਰਣ ਦੀ ਕੋਸ਼ਿਸ਼ ਹੋ ਰਹੀ ਹੈ. ਇਹ ਵੀ ਪਤਾ ਚਲਿਆ ਹੈ ਕਿ ਦਿਹਾਤੀ ਇਲਾਕਿਆਂ ਤੇ, ਇੱਕ ਘਰ ਤੋਂ ਦੂਜੇ ਘਰ ਸੁਨੇਹੇ ਭੇਜੇ ਜਾ ਰਹੇ ਨੇ ਕਿ, ਹਿੰਦੂ ਰਾਜ ਕਰ ਰਹੇ ਨੇ, ਮੁਸਲਮਾਨਾਂ ਨਾਲ ਦਗਾ ਹੋਇਆ ਹੈ, ਇਸਲਾਮ ਖ਼ਤਰੇ ਤੇ ਹੈ ਅਤੇ ਮੁਸਲਿਮਾਂ ਨੂੰ ਲੜਨਾ ਚਾਹੀਦਾ ਹੈ. ਇਸ ਦਾ ਨਤੀਜਾ ਇਹ ਹੈ ਕਿ ਮੁਸਲਿਮ ਇਰਾਦਾ ਹੋਰ ਮਜਬੂਤ ਹੋ ਗਿਆ ਹੈ, ਅੰਜਾਮ ਭਾਵੇਂ ਜੋ ਵੀ ਹੋਵੇ (Ibid.).

30 ਸਤੰਬਰ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਗਵਰਨਰ ਨੇ ਗੌਰ ਕੀਤਾ ਕਿ ਸਿੱਧੀ ਕਾਰਵਾਈ ਦੀ ਤਿਆਰੀ ਨੂੰ ਮੁਲਤਵੀ ਨਹੀਂ ਕੀਤਾ ਗਿਆ ਸੀ ਅਤੇ ਮੁਸਲਿਮ ਲੀਗ ਦੇ ਆਗੂ ਜੈਦਾਂ ਕਿ ਰਾਜਾ ਘਜ਼ਨਫ਼ਰ ਅਲੀ ਖ਼ਾਨ ਅਤੇ ਘੁਲਾਮ ਮੁਸਤਫ਼ਾ ਗਿਲਾਨੀ ਨੇ ਖ਼ਾਸ ਬਗ਼ਾਵਤੀ ਤਕਰੀਰ ਕੀਤੀ. ਰਾਜਾ ਘਜ਼ਨਫ਼ਰ ਅਲੀ ਖ਼ਾਨ ਬਾਰੇ ਉਨ੍ਹਾਂ ਨੇ ਲਿਖਿਆ:

> ਰਾਜਾ ਘਜ਼ਨਫ਼ਰ ਅਲੀ ਉਣ ਲੋਕਾਂ ਵਿੱਚ ਹੈ, ਜੋ ਇੰਡੀਆ ਤੇ, ਦੂਜੇ ਮੁਲਕਾਂ ਤੇ ਮੁਕਾਬਲੇ ਬਹੁਤ ਜ਼ਿਆਦਾ ਨੇ, ਜਿਨ੍ਹਾਂ ਦੀ ਜਨਤਕ ਜ਼ਿੰਦਗੀ ਤੇ ਟਿਕੇ ਰਹਿਣਾ ਹੀ, ਇੱਕ ਤਰ੍ਹਾਂ ਦੀ ਹੈਰਾਨੀ ਦੀ ਗੱਲ ਹੈ. ਕਿਸੇ ਵੀ ਸਮਝਦਾਰ ਇਨਸਾਨ ਲਈ ਉਸ ਨੂੰ ਨਿੱਜੀ ਜਾਂ ਜਨਤਕ ਜ਼ਿੰਦਗੀ ਤੇ ਇੱਜ਼ਤ ਦੇਨਾ ਜਾਂ ਯਕੀਨ ਕਰਨਾ ਨਾਮੁਮਕਿਨ ਹੈ; ਮਗਰ ਵਧਿਆ ਬੋਲਣ ਦੀ ਅਤੇ ਬੇਇੱਜਤੀ ਦੀ ਘਟਨਾਵਾਂ ਨੂੰ ਨਜ਼ਰਅੰਦਾਜ਼ ਕਰਣ ਦੀ ਕਾਬਲਿਅਤ ਨੇ ਉਸ ਨੂੰ ਬੱਚਾ ਕੇ ਰਖਿਆ ਸੀ, ਅਤੇ ਮੁਸਲਿਮ ਲੀਗ ਦੇ ਉਹ ਇੱਕ ਜ਼ਿਆਦਾ ਹੀ ਖ਼ਤਰਨਾਕ ਸਦੱਸ ਸਨ. ਉਸ ਦੀ ਬ੍ਰਿਟਿਸ਼ ਉਪਰ ਭੜਕੀਲੀ ਫ਼ਿਰਕੂ ਗਾਲਾਂ ਸਮੇਤ ਭੱਦੇ ਹਮਲੇ ਕਰਣ ਦੀ ਆਦਤ ਹੈ. ਉਸ ਦੀ ਹਾਲ ਦੇ ਭਾਸ਼ਣਕਾਰਵਾਈ ਕਰਣ ਲਾਇਕ ਨੇ, ਪਰ ਪ੍ਰੀਮੀਅਰ ਉਸ ਦੇ ਉਪਰ ਕੋਈ ਮੁਕੱਦਮਾ ਨਹੀਂ ਕਰਨਾ ਚਾਹੁੰਦੇ ਨੇ, ਜਦ ਤੱਕ ਇਹ ਸਾਫ ਨਾ ਹੋ ਜਾਵੇ ਕਿ ਲੀਗ ਅਤੇ ਕਾਂਗਰੇਸ ਵਿੱਚ ਨਿਪਟਾਰਾ ਮੁਮਕਿਨ ਹੈ ਜਾਂ ਨਹੀਂ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਘਜ਼ਨਫ਼ਰ ਅਲੀ ਅਤੇ ਉਸ ਦੇ ਵਰਗੇ ਲੋਕ ਚਾਹੁੰਦੇ ਸੀ ਕਿ ਸਿੱਧੀ ਕਾਰਵਾਈ ਨੂੰ, ਜਹਾਦ ਦੀ ਤਰ੍ਹਾਂ ਸੰਗਠਤ ਕੀਤਾ ਜਾਵੇ ਜਿਸ ਦਾ ਮੁਸਲਿਮ ਇਲਾਹੀ ਵੀ ਸਾਥ ਦੇਣ (Ibid: 284–285).

ਸਾਨੂੰ ਪਤਾ ਲਗਦਾ ਹੈ ਕਿ ਬੰਗਾਲ ਮੁਸਲਿਮ ਲੀਗ ਦੇ ਰਹਨੁਮਾ, ਖ਼ਵਾਜਾ ਨਜ਼ੀਮੁੱਦੀਨ ਲਾਹੌਰ ਗਿਐ ਸੀ ਅਤੇ ਸਥਾਨਕ ਰਹਨੁਮਾਵਾਂ ਨੂੰ ਸਿੱਧੀ ਕਾਰਵਾਈ ਲਈ, ਤਿਆਰ ਰਹਿਣ ਨੂੰ ਕਿਹਾ, ਜੋ ਜਿਨਾਹ ਦੇ ਆਦੇਸ਼ ਨਾਲ ਜ਼ਰੂਰ ਸ਼ੁਰੂ ਹੋ ਜਾਵੇ. ਖ਼ਿਜ਼ਰ ਯੁਰੋਪ ਤੋਂ ਵਾਪਸ ਆਏ ਅਤੇ 16 ਸਤੰਬਰ ਨੂੰ ਸ਼ਿਮਲਾ ਪਹੁੰਚੇ. ਜੇਨਕੀਨਸ ਨੇ ਟਿੱਪਣੀ ਕੀਤੀ:

> ਉਹ ਬੁਰੇ ਮੁਸਲਿਮ ਵਕਤਾਵਾਂ ਉਪਰ ਮੁਕੱਦਮਾ ਨਹੀਂ ਕਰਨਾ ਚਾਹੁੰਦੇ ਸੀ ਜਦ ਤੱਕ ਸਾਫ ਨਹੀਂ ਹੁੰਦਾ ਕਿ ਕਾਂਗਰੇਸ-ਲੀਗ ਦਾ ਕੋਈ ਸਮਝੌਤਾ ਨਹੀਂ ਹੋਵੇਗਾ. ਇਸੀ ਵਜ੍ਹਾ ਕਰ ਕੇ ਉਹ ਮੁਸਲਿਮ ਲੀਗ ਨੈਸ਼ਨਲ ਗਾਰਡਸ, ਰਾਸ਼ਟਰੀ ਸਵਯਮਸੇਵਕ ਨੂੰ ਦਬਾਉਣ ਦੀ ਕੋਸ਼ਿਸ਼ ਨਹੀਂ ਕਰਦੇ ਨੇ ਜਾਂ ਜਯਪ੍ਰਕਾਸ਼ ਨਰਾਅਿਨ ਅਤੇ ਉਸ ਦੇ ਨਜਦੀਕੀ ਸਾਥੀਆਂ ਦੀ ਪੰਜਾਬ ਵਿੱਚ ਦਾਖ਼ਲੇ ਉਪਰ ਕੋਈ ਰੋਕ ਲਗਾਉਂਦੇ ਨੇ (Ibid: 286).

ਗਵਰਨਰ ਦੀ 14 ਅਕਤੂਬਰ ਦੀ ਪੰਦਰਵਾੜੇ ਦੀ ਰਿਪੋਰਟ ਨੇ ਗੌਰ ਕੀਤਾ ਕਿ ਅਕਤੂਬਰ ਦਾ ਪਹਿਲਾ ਅੱਧ ਸ਼ਾਂਤ ਸੀ, ਸਿਵਾਏ ਹਿਸਾਰ ਜ਼ਿਲ੍ਹੇ ਦੇ ਹਾਂਸੀ ਦੀ ਗੜਬੜ ਨੂੰ ਛੱਡ ਕੇ. 30 ਲੋਕ ਜ਼ਖ਼ਮੀ ਹੋਏ ਅਤੇ ਇੱਕ ਹਲਾਕ ਹੋ ਗਿਆ. ਪੰਜਾਬ ਤੇ ਦੂਜੇ ਇਲਾਕਿਆਂ ਤੇ ਅਮਨ ਬਹਾਲ ਰਿਹਾ ਕਿਉਂਕਿ ਪੁਲਿਸ ਬਲ ਤੇ ਬੇਹਦ ਸਖ਼ਤ ਅਤੇ ਲਾਇਕ ਅਫ਼ਸਰਾਂ ਦੀ ਮੌਜੂਦਗੀ ਸੀ, ਅਤੇ ਫ਼ੌਜ਼ ਨਾਲ ਬਹੁਤ ਅਸਰਦਾਰ ਤਾਲ-ਮੇਲ ਸੀ. ਮੁਸਲਿਮ ਲੀਗ ਦੀ ਸਿੱਧੀ ਕਾਰਵਾਈ ਦੀ ਤਿਆਰੀ ਚਲਦੀ ਰਹੀ ਅਤੇ ਜ਼ਿਲ੍ਹੇ ਵਿੱਚ ਹੋਈ ਸਭਾਵਾਂ ਤੇ ਬਹੁਤ ਵੱਡੀ ਭੀੜ ਇਕੱਠਾ ਹੋਈ (Ibid: 289). ਕਿਸੇ ਦੰਗੇ ਦੇ ਭੜਕਣ ਦੇ ਲਈ ਕੀਤੀ ਤਿਆਰੀ ਬਾਰੇ ਜੇਨਕੀਨਸ ਨੇ ਇਹ ਇਤਲਾਹ ਦਿੱਤੀ:

> ਪ੍ਰੀਮੀਅਰ ਅਤੇ ਮੈਂ 14 ਅਕਤੂਬਰ ਨੂੰ ਉਤਰੀ ਕਮਾਂਡ ਦੇ ਜੀ.ਉ.ਸੀ-ਇਨ-ਚੀਫ ਨਾਲ ਇੱਕ ਮਸ਼ਵਰਾ ਕੀਤਾ ਜਿਸ ਦੇ ਵਿੱਚ ਪੰਜਾਬ ਵਿੱਚ ਬ੍ਰਿਟਿਸ਼ ਫ਼ੌਜ਼ ਦੇ ਸਥਾਪਣ ਬਾਰੇ ਇਤਲਾਹ ਲੀਤੀ ਗਈ. ਹੁਣ ਦੇ ਮਨਸੂਬੇ ਦੇ ਮੁਤਾਬਕ, ਚਾਰ ਬਟਾਲਿਅਨਾਂ ਹੋਣਿਆਂ ਨੇ ਜਿਸ ਨੂੰ ਸਿਆਲਕੋਟ, ਲਾਹੌਰ, ਫੀਰੋਜ਼ਪੁਰ ਅਤੇ ਜਲੰਧਰ ਤੇ ਰੱਖਣ ਦਾ ਇਰਾਦਾ ਹੈ. ਪੰਜਾਬ ਦੀ ਸਰਕਾਰ ਦਾ ਖ਼ਿਆਲ ਹੈ ਕਿ ਹੁਣ ਚਾਰ ਅਹਿਮ ਸਟੇਸ਼ਨ ਨੇ: ਰਾਵਲਪਿੰਡੀ, ਲਾਹੌਰ, ਜਲੰਧਰ ਅਤੇ ਅੰਬਾਲਾ. ਅੱਮ੍ਰਿਤਸਰ, ਲਾਹੌਰ ਦੀ ਇੱਕ ਟੁਕੜੀ ਦੀ ਨਿਗਰਾਨੀ ਤੇ ਸੀ ਅਤੇ ਮੁਲਤਾਨ, ਕਰਾਚੀ ਦੀ ਬ੍ਰਿਟਿਸ਼ ਫ਼ੌਜ ਨਾਲ, ਜਿਸ ਤੋਂ ਕੁਝ, ਇਤਫ਼ਾਕਿਆ ਲੋੜ ਦੇ ਦੌਰਾਨ, ਹਵਾਈ ਸਫਰ ਨਾਲ ਮੁਲਤਾਨ ਵੀ ਲੈ ਜਾਇਆ ਜਾ ਸਕਦਾ ਸੀ. ਜਨ.ਗਰੇਸੀ ਜੋ ਦਿੱਲੀ ਜਾ ਰਹੇ ਸੀ, ਸਾਡੇ ਵਿਚਾਰਾਂ ਤੇ ਗੌਰ ਕੀਤਾ ਅਤੇ ਕਿਹਾ ਕਿ ਉਹ ਤਾਮੀਲ ਕਰਣ ਦੀ ਕੋਸ਼ਿਸ਼ ਕਰਣਗੇ. ਖ਼ਿਜ਼ਰ ਨੇ ਕਿਹਾ ਕਿ ਉਹ ਘੱਟ ਤੋਂ ਘੱਟ ਹੋਰ ਦੋ ਬ੍ਰਿਟਿਸ਼ ਬਟਾਲਿਅਨਾਂ ਹਾਸਲ ਕਰਨਾ ਚਾਹੁੰਦੇ ਨੇ ਤਾਂਕਿ ਕੁੱਲ ਛੇ ਬਟਾਲਿਅਨਾਂ ਹੋ ਜਾਣ, ਪਰ ਇਸ ਬਾਰੇ ਬਹੁਤ ਸ਼ੱਕ ਹੈ ਕਿ ਵਾਧੂ ਬ੍ਰਿਟਿਸ਼ ਫ਼ੌਜ਼ ਮੌਜੂਦ ਹੈ ਜਾਂ ਨਹੀਂ (Ibid: 290).

ਇਸ ਦੇ ਇਲਾਵਾ, ਪ੍ਰੀਮੀਅਰ ਨੇ ਤਿੰਨ ਵਾਰ ਆਰਜ਼ੀ ਸਰਕਾਰ ਦੁਆਰਾ ਪੰਜਾਬ ਦੇ ਮਾਮਲੇ ਵਿੱਚ ਦਖ਼ਲਅੰਦਾਜ਼ੀ ਬਾਰੇ ਇਤਰਾਜ਼ ਕੀਤਾ ਸੀ. ਇੰਤਜ਼ਾਮਿਆ ਦੇ ਨਾਲ ਇੱਕ ਮਿਲਾਵੇ ਵਿੱਚ ਉਨ੍ਹਾਂ ਨੇ ਤਿੰਨ ਮਸ਼ਵਰੇ ਦਿੱਤੇ ਤਾਂਕਿ 'ਘਰੇਲੂ ਜੰਗ' ਬਾਰੇ ਝੂਠੇ ਬਿਆਨਾਂ ਨੂੰ ਰੋਕਿਆ ਜਾ ਸਕੇ. ਇੱਕ, ਅੰਗ੍ਰਜ਼ੀ ਹਕੂਮਤ ਜਾਂ ਵਾਇਸਰਾਏ ਨੂੰ ਇੱਕ ਬਿਆਨ ਦੇਣਾ ਚਾਹੀਦਾ ਹੈ ਕਿ ਬ੍ਰਿਟਿਸ਼ ਸਰਕਾਰ ਇੰਡੀਆ ਦੀ ਹਿਫਾਜਤ ਲਈ ਤਦ ਤੱਕ ਜ਼ਿਮੇਵਾਰ ਹੈ, ਜਦ ਤੱਕ ਕਿਸੇ ਪਾਰਲੀਆਮੇਂਟ ਦੁਆਰਾ ਪਾਰਿਤ ਕਿਸੇ ਪ੍ਰਸਤਾਵ ਨਾਲ ਇਸ ਨੂੰ ਖ਼ਤਮ ਨਹੀਂ ਕੀਤਾ ਜਾਂਦਾ ਹੈ, ਜਾਂ *ਕਨਸਟੀਚਯੁਏਂਟ* ਅਸੈਮਬਲੀ ਕੋਈ ਨਵਾ ਸੰਵਿਧਾਨ ਲਾਉਂਦੀ ਹੈ ਜਿਸ ਨੂੰ ਬ੍ਰਿਟਿਸ਼ ਸਰਕਾਰ ਮੱਨ ਲੇਂਦੀ ਹੈ. ਦੂਜਾ, ਉੱਚੇ ਅਹੁਦੇ ਦੇ ਬ੍ਰਿਟਿਸ਼ ਅਤੇ ਇੰਡਿਅਨ, ਦੋਨੋ ਲੋਕਾਂ ਦੀ ਬੇਚੈਨੀ ਨੂੰ ਘੱਟ ਕੀਤਾ ਜਾ ਸਕਦਾ ਹੈ, ਅਗਰ ਠੀਕ ਵਕਤ ਇਸ ਦਾ ਐਲਾਨ ਕਰ ਦਿੱਤਾ ਜਾਵੇ ਕਿ ਉਹ ਕਿਣ ਸ਼ਰਤਾਂ ਤੇ ਚਲੇ ਜਾਣਗੇ ਜਾਂ ਸੁਬਾਈ ਸਰਕਾਰ ਉਨ੍ਹਾਂ ਨੂੰ ਰੱਖਣ ਨੂੰ ਤਿਆਰ ਹੋਵੇਗੀ. ਪ੍ਰੀਮੀਅਰ ਨੇ ਬ੍ਰਿਟਿਸ਼ ਫ਼ੌਜ਼ੀ ਅਫਸਰਾਂ ਨੂੰ ਕਹਿੰਦੇ ਸੁਣਿਆ ਸੀ

ਕਿ ਉਹ ਜਲਦ ਚਲੇ ਜਾਣਗੇ ਅਗਰ 'ਨਹਿਰੁ ਰਾਜ' ਦੀ ਕਾਇਮੀ ਹੁੰਦੀ ਹੈ. ਗੈਰ-ਫ਼ੌਜ਼ੀ ਬ੍ਰਿਟਿਸ਼ ਅਫਸਰਾਂ ਦਾ ਵੀ ਇਸ ਤਰ੍ਹਾਂ ਦਾ ਰੁਝਾਣ ਸੀ (Ibid: 291).

ਮੁੱਖ ਸਚਿਵ ਨੇ ਆਪਣੀ 14 ਅਕਤੂਬਰ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਸੁਚਨਾ ਦਿੱਤੀ ਕਿ ਮੁਸਲਿਮ ਲੀਗ ਦੇ ਪ੍ਰੋਪੇਗੰਡਾ ਨੇ ਜਹਾਦ ਦੀ ਮੰਗ ਹੋਰ ਵਧਾ ਦਿੱਤੀ ਹੈ. ਆਰਜ਼ੀ ਸਰਕਾਰ ਨੂੰ ਨਕਾਰਾਤਮਕ ਤੌਰ ਤੇ, ਪੇਸ਼ ਕੀਤਾ ਜਾ ਰਿਹਾ ਸੀ. ਇਸ ਨੂੰ ਇੱਕ ਹਿੰਦੂ ਸਰਕਾਰ ਦੱਸਿਆ ਜਾ ਰਿਹਾ ਸੀ. ਗਰਮੀ ਦੀ ਛੁੱਟਿਆਂ ਦੇ ਬਾਅਦ, ਕਾਲਜਾਂ ਦੇ ਖੁਲ੍ਹਣ ਦੇ ਨਾਲ ਹੀ, ਗਾਰਡਾਂ ਦੀ ਇੱਕ ਪਲਟਨ ਲਈ ਮੁਸਲਿਮ ਫੇਡਰੇਸ਼ਨ ਅਸੂਲ ਲੈ ਕੇ ਆਈ ਹੈ, ਜੋ ਦੂਜੇ ਫ਼ਰਜ਼ਾਂ ਸਮੇਤ ਮੁਸਲਿਮ ਸ਼ਾਗਿਰਦਾਂ ਨੂੰ ਆਪਣੀ ਜ਼ਿੰਦਗੀ ਕੁਰਬਾਨ ਕਰਣ ਲਈ ਅਤੇ ਆਪਣੀ ਇੱਜ਼ਤ ਪਾਕਿਸਤਾਨ ਹਾਸਲ ਕਰ ਕੇ ਬਚਾਉਣ ਲਈ, ਤਿਆਰ ਕਰੇਗੀ. ਔਰਤਾਂ ਨੂੰ ਵੀ ਕਾਰਵਾਈ ਲਈ ਸੰਗਠਤ ਕੀਤਾ ਜਾ ਰਿਹਾ ਸੀ. ਨਰਸਾਂ ਅਤੇ ਸ਼ੁਰੂਆਤੀ ਇਲਾਜ਼ ਸਿਖਾਉਣ ਦੇ ਕੋਰਸ, ਦਾ ਇੰਤਜ਼ਾਮ ਕੀਤਾ ਜਾ ਰਿਹਾ ਸੀ. ਉਨ੍ਹਾਂ ਨੇ ਟਿੱਪਣੀ ਕੀਤੀ:

> ਜੋ ਰਿਪੋਰਟਾਂ ਮਿਲਿਆ ਨੇ, ਉਹ ਇਹ ਦਰਸ਼ਾਉਂਦਿਆਂ ਨੇ ਕਿ ਮਸਜਿਦਾਂ ਅਤੇ ਆਮ ਜਗ੍ਹਾਂ ਤੇ, ਮਜ਼ਬੀ ਜਜ਼ਬਾਤਾਂ ਉਪਰ ਤਗੜੀ ਅਪੀਲਾਂ ਕੀਤੀ ਗਈਆਂ. ਜਹਾਦ ਦੇ ਵਧੇ ਜ਼ਿਕਰ ਦੇ ਇਲਾਵਾ, ਇਹ ਸਮਝਿਆ ਜਾ ਰਿਹਾ ਹੈ ਕਿ ਕੁੱਝ ਮੁਸਲਿਮ ਪ੍ਰਚਾਰਕ ਹਿੰਦੂਆਂ ਦੀ ਪ੍ਰਬਲਤਾ ਦੇ ਖ਼ਤਰੇ ਬਾਰੇ ਐਲਾਨ ਕਰ ਰਹੇ ਨੇ, ਅਤੇ ਕਹਿੰਦੇ ਨੇ ਕਿ ਇਸ ਦੇ ਚਲਦਿਆਂ ਸਾਰੀ ਮਸੀਤਾਂ ਤਬਾਹ ਹੋ ਜਾਣਗੀਆਂ ਅਤੇ ਲਾਜ਼ਮੀ ਤੌਰ ਤੇ ਨਤੀਜਾ, ਮੁਸਲਮਾਨਾਂ ਦੀ ਜਬਰਨ ਮਜ਼ਬੀ ਤਬਦੀਲੀ ਹੋਵੇਗੀ (Ibid.).

ਮੁੱਖ ਸਚਿਵ ਨੇ ਇਹ ਵੀ ਗੌਰ ਕੀਤਾ ਕਿ ਸਿੱਖ ਆਗੂ ਮਾਸਟਰ ਤਾਰਾ ਸਿੰਘ ਨੇ ਇੱਕ ਬਿਆਨ ਦਿੱਤਾ ਸੀ ਕਿ ਜਿਨਾਹ ਬਾਰੇ ਬ੍ਰਿਟਿਸ਼ ਜਾਸੂਸ ਹੋਣ ਦਾ ਇਲਜ਼ਾਮ ਗਲਤ ਸੀ. ਇਸ ਨੂੰ ਇੱਕ ਇਸ਼ਾਰੇ ਦੇ ਤੌਰ ਤੇ ਸਮਝਿਆ ਗਿਆ ਹੈ ਕਿ ਅਕਾਲੀ ਮੁਸਲਿਮ ਲੀਗ ਨਾਲ ਕੋਈ ਸੌਦਾ ਕਰਨਾ ਚਾਹੁੰਦੇ ਨੇ. 'ਇਹ ਸਮਝਿਆ ਜਾ ਰਿਹਾ ਹੈ ਕਿ ਅਗਰ ਸੰਵਿਧਾਨਕ ਯੋਜਨਾ ਦੀ ਤਰ੍ਹਾਂ ਸਭ ਕੁੱਝ ਚਲਦਾ ਹੈ ਤੇ, ਆਪਣੀ ਭਲਾਈ ਲਈ ਅਤੇ ਦੋਨਾਂ ਦੇ ਜੰਗੀ ਹੋਣ ਕਰ ਕੇ, ਸਿੱਖ ਅਤੇ ਮੁਸਲਿਮ ਇਕੱਠੇ ਗਰੁਪ ਬੀ ਵਿੱਚ ਹੋਣਗੇ' (Ibid.). ਇਸ ਨਾਲ ਇਹ ਸਾਫ ਹੈ ਕਿ ਪੰਜਾਬ ਤੇ ਉਸ ਦੌਰਾਨ, ਸਿਆਸਤ ਇੱਕ ਅਨਿਸ਼ਚਤ ਹਾਲ ਵਿੱਚ ਸੀ ਅਤੇ ਕੋਈ ਟਿਕਾਊ ਗੱਠਜੋੜ ਨਹੀਂ ਸੀ.

ਗਵਰਨਰ ਦੀ 31 ਅਕਤੂਬਰ ਦੀ ਪੰਦਰਵਾੜੇ ਦੀ ਰਿਪੋਰਟ ਤੋਂ ਸਾਨੂ ਪਤਾ ਲਗਦਾ ਹੈ ਕਿ, ਆਰਜ਼ੀ ਸਰਕਾਰ ਵਿੱਚ ਸ਼ਾਮਲ ਹੋਣ ਦੀ ਮੁਸਲਿਮ ਲੀਗ ਦੀ ਮੰਜ਼ੂਰੀ ਦੇ ਸਕਾਰਾਤਮਕ ਨਤੀਜੇ ਨੂੰ ਨੋਆਖਾਲੀ, ਪੂਰਬੀ ਬੰਗਾਲ ਦੇ ਫ਼ਸਾਦਾਂ ਨੇ ਬੇਅਸਰ ਕਰ ਦਿੱਤਾ ਹੈ. ਇਸ ਦੇ ਇਲਾਵਾ, 24 ਅਕਤੂਬਰ ਨੂੰ ਦੀਵਾਲੀ ਦੀ ਰਾਤ, ਇੱਕ ਫ਼ਿਰਕੂ ਤਸ਼ੱਦਦ ਭਰੀ ਰਾਤ ਬਣ ਕੇ ਰਹਿ ਗਈ. ਉਸ ਰਾਤ, ਜੁਐ ਦੀ ਬਾਜ਼ੀ ਖੇਡਣ ਦਾ ਰਿਵਾਜ਼ ਹੈ ਅਤੇ ਇਸ ਤੋਂ ਪੈਦਾ ਹੋਏ ਇੱਕ ਮਾਮੁਲੀ ਝਗੜੇ ਨਾਲ, ਤਸ਼ੱਦਦ ਦਾ ਆਘਾਜ਼ ਹੋਈਆ. ਇੱਕ ਹਿੰਦੂ ਜਾਂ ਸਿੱਖ ਨੇ ਬਹੁਤ ਜ਼ਿਆਦਾ ਪੈਸੇ ਜਿੱਤ ਲੀਤੇ ਅਤੇ ਉਸ ਦੇ ਉਪਰ ਜਿਣ ਮੁਸਲਮਾਨਾਂ ਨੇ ਬਾਜ਼ੀ ਹਾਰੀ ਸੀ, ਉਨ੍ਹਾਂ ਨੇ ਹਮਲਾ ਕਰ ਦਿੱਤਾ. ਉਸ ਦਾ ਪਿਛਾ ਕਰ ਉਸ ਨੂੰ ਚਾਕੂ ਮਾਰ ਕੇ ਹਲਾਰ ਕਰ ਦਿੱਤਾ ਗਿਆ. 25, 26 ਅਤੇ 27 ਅਕਤੂਬਰ ਨੂੰ ਦੂਜੀ ਵਾਰਦਾਤਾਂ ਹੋਇਆਂ. ਇਸ ਦੇ ਚਲਦਿਆਂ 30 ਲੋਕ ਜ਼ਖਮੀ ਹੋਏ ਜਿਸ ਤੋਂ 7 ਮੌਤਾਂ ਹੋਇਆਂ (Carter, 2006: 292–3).

ਦੂਜੀ ਤਰਫ਼, ਲਾਹੌਰ ਦੇ ਡੀ.ਏ.ਵੀ. ਅਤੇ ਸਨਾਤਨ ਧਰਮ ਕਾਲਜਾਂ ਦੇ ਸ਼ਾਗੀਰਦਾਂ ਨੇ 29 ਅਕਤੂਬਰ ਨੂੰ 'ਨੇਆਖਾਲੀ ਦਿਵਸ' ਮਣਾਇਆ, ਅਤੇ ਲਾਹੌਰ ਵਿੱਚ ਇੱਕ ਜਲੂਸ ਨਿਕਾਲਿਆ, ਜਿਸ ਨੇ ਬੜੇ ਭੜਕਾਉ ਨਾਅਰੇਬਾਜੀ ਕੀਤੀ ਜਿਸ ਵਿੱਚ ਇੱਕ ਸੀ, 'ਖੁਨ ਕਾ ਬਦਲਾ ਖੂਨ ਹੈ'. ਸਰ ਗੋਕਲ ਚੰਦ ਨਾਰੰਗ, ਪੰਜਾਬ ਦੇ ਇੱਕ ਪੁਰਾਣੇ ਵਜ਼ੀਰ, ਮੁਸਲਮਾਨਾਂ ਦੇ ਖ਼ਿਲਾਫ ਜਜ਼ਬੇ ਨੂੰ ਵਧਾਵਾ ਦੇ ਰਹੇ ਸੀ. ਲਾਹੌਰ ਤੇ ਹਿੰਦੂ ਮਹਿਸੂਸ ਕਰਦੇ ਸੀ ਉਹ ਪੂਰੀ ਤਰ੍ਹਾਂ ਤਿਆਰ ਸਨ ਅਤੇ ਕਿਸੇ ਝਗੜੇ ਦੀ ਸ਼ੁਰੂਆਤ ਦੀ ਛੇੜ ਪਾਉਣਾ ਚਾਹੁੰਦੇ ਸੀ. ਉਹ ਲਿਖਦੇ ਨੇ 'ਮੈਂ ਮੁਸ਼ਕਲ ਨਾਲ ਯਕੀਨ ਕਰ ਸਕਦਾ ਹਾਂ ਕਿ ਇਹ ਇੱਕ ਸੱਚ ਹੈ; ਪਰ ਇਲਮੀ ਲੋਕਾਂ ਦੀ ਬਦ-ਮਿਜ਼ਾਜੀ ਅਤੇ ਗੈਰ-ਜ਼ਿਮੇਵਾਰ ਸੋਚ, ਜਿਸ ਦੇ ਵਿੱਚ ਕੁੱਝ ਯੂਨੀਵਰਸਿਟੀ ਦੇ ਇਲਮੀ ਸਟਾਫ਼ ਵੀ ਸ਼ਾਮਲ ਹਨ, ਲੱਗਭਗ ਗੈਰ-ਇਤਬਾਰੀ ਨੇ (Ibid: 293–4).

ਆਪਣੀ 13/14 ਨਵੰਬਰ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਲਾਹੌਰ ਦੀ ਬਜਾਏ ਸਿਆਲਕੋਟ ਤੋਂ ਲਿਖਿਆ:

> ਫ਼ਿਰਕੂ ਤਣਾਅ ਹੁਣ ਹਮੇਸ਼ਾ ਤੋਂ ਵੀ ਬਦਤਰ ਹੈ. ਮੈਂ, ਮਾਣਯੋਗ ਨਾਲ ਸਹਿਮਤ ਹਾਂ ਕਿ ਇਸ ਦੀ ਜ਼ਿਮੇਵਾਰੀ ਕਾਂਗਰੇਸ ਉਪਰ ਹੈ. ਕਈ ਸਾਲਾਂ ਤੋਂ ਉਨ੍ਹਾਂ ਨੇ ਹਕੂਮਤ ਦੀ ਜ਼ਿਲੱਤ ਅਤੇ ਇੱਕ ਤਸ਼ੱਦਦ ਵਾਲੇ ਦਿਮਾਗੀ ਰਵੱਇਏ ਨੂੰ ਵਾਧਾ ਦਿੱਤਾ ਹੈ ਅਤੇ ਦੇ ਰਹੇ ਨੇ...ਕਿਸੀ ਵੱਡੇ ਸ਼ਹਿਰ ਤੇ, ਇੱਕ ਛੋਟਾ ਵਾਕਿਆ ਵੀ ਬਹੁਤ ਗੰਭੀਰ ਗੜਬੜੀ ਨੂੰ ਸ਼ੁਰੂ ਕਰ ਸਕਦਾ ਹੈ, ਅਤੇ ਪੂਰਾ ਡਰ ਹੈ ਕਿ ਅਗਰ ਗੜਬੜੀ ਸ਼ੁਰੂ ਹੁੰਦੀ ਹੈ ਤੇ, ਦਿਹਾਤੀ ਲੋਕ, ਜੋ ਆਮ ਤੌਰ ਤੇ ਫ਼ਿਰਕੂ ਨਹੀਂ ਨੇ, ਉਹ ਵੀ ਇਸ ਵਿੱਚ ਹਿੱਸਾ ਲੇਣਗੇ (Ibid: 296).

ਇਸੀ ਰਿਪੋਰਟ ਤੇ, ਇੱਕ ਛੋਟੀ ਘਟਨਾ ਦਾ ਵੀ ਜ਼ਿਕਰ ਹੈ, ਜਿਸ ਵਿੱਚ ਲਾਹੌਰ ਦੇ ਇੱਕ ਕਸਾਈ ਨੂੰ, ਜੋ ਆਪਣੇ ਸਾਇਕਲ ਦੇ ਕੇਰਿਅਰ ਤੇ ਬਕਰੇ ਦਾ ਮੀਟ ਲੈ ਜਾ ਰਿਹਾ ਸੀ, ਉਸ ਨੂੰ ਕੁੱਝ ਹਿੰਦੂ ਵਿਦਿਆਰਥੀਆਂ ਨੇ ਕੂਟ ਦਿੱਤਾ. ਹੁਣ ਤਕ, ਇੱਕ ਗੰਭੀਰ ਆਫ਼ਤ ਦੀ ਖ਼ਬਰ, ਅੰਬਾਲਾ ਡਿਵੀਜ਼ਨ ਦੇ ਰੋਹਤਕ ਤੋਂ ਆਈ ਹੈ. ਘਟਨਾ ਇਹ ਹੋਈ ਕਿ, ਕੁੱਝ ਹਿੰਦੂਆਂ ਨੇ ਇੱਕ ਮੁਸਲਿਮ ਦਰਗਾਹ ਦੀ ਬੇਅਦਬੀ ਕੀਤੀ ਅਤੇ ਇਸ ਦੇ ਚਲਦਿਆਂ 11 ਨਵੰਬਰ ਨੂੰ ਛੁਰੇਬਾਜ਼ੀ ਹੋਈਆਂ. ਹਿੰਦੂ ਜਾਟ ਇੱਕ ਵੱਡੀ ਤਦਾਦ ਵਿੱਚ ਬਿਰਖੇ ਅਤੇ ਡੰਡੇ ਲੈ ਕੇ ਆਉਣ ਲਗੇ. 'ਉਨ੍ਹਾਂ ਨੇ ਇੱਕ ਛੋਟੇ ਰੇਲਵੇ ਸਟੇਸ਼ਨ ਤੇ ਹਮਲਾ ਕੀਤਾ ਅਤੇ ਮੁਸਲਿਮ ਸਹਾਇਕ ਸਟੇਸ਼ਨ ਮਾਸਟਰ ਨੂੰ ਹਲਾਕ ਕਰ ਦਿੱਤਾ ਅਤੇ ਹਿੰਦੂ ਸਟੇਸ਼ਨ ਮਾਸਟਰ ਨੂੰ ਉਸ ਦੇ ਸਾਰੇ ਪੈਸੇ ਦੇਣ ਨੂੰ ਕਿਹਾ (Ibid: 297).

ਜਿੱਥੇ ਤੱਕ ਵਜ਼ਾਰਤ ਦੇ ਕਾਂਗਰੇਸ ਸਦੱਸਾਂ ਦਾ ਸਵਾਲ ਹੈ, ਸੁਣਿਆ ਗਿਆ ਹੈ ਕਿ ਲਹਰੀ ਸਿੰਘ ਨੇ ਆਪਣੇ ਭਾਸਣ ਵਿੱਚ ਸ਼ੇਖੀ ਮਾਰੀ ਕਿ ਕਾਂਗਰੇਸ ਦੇ ਆਗੂ ਪੰਜਾਬ ਨੂੰ ਚਲਾ ਰਹੇ ਸੀ. ਪੰਜਾਬ ਤੇ ਮੁਖ਼ਤਲਿਫ਼ ਇਲਾਕਿਆਂ ਦੇ ਦੌਰੇ ਦੇ ਦੌਰਾਣ, ਗਵਰਨਰ ਨੇ ਗੌਰ ਕੀਤਾ ਕਿ ਸਰਕਾਰ ਦੇ ਪੁਰਾਣੇ ਸਾਥੀ ਖੁਸ਼ ਨਹੀਂ ਨੇ. ਉਹ ਸੋਚਦੇ ਸੀ ਕਿ ਪੰਜਾਬ ਦਾ ਭਵਿੱਖ ਉਣ ਸਿਆਸੀ ਪਾਰਟੀਆਂ ਦੇ ਹੱਥ ਵਿੱਚ ਸੀ ਜਿਨ੍ਹਾ ਨੂੰ ਉਹ ਪਸੰਦ ਨਹੀਂ ਕਰਦੇ ਸੀ, ਅਤੇ ਜਿਸ ਤੇ ਸ਼ਾਮਲ ਹੋਣ ਦੀ, ਉਨ੍ਹਾਂ ਦੀ ਦਿਲਚਸਪੀ ਵੀ ਨਹੀਂ ਸੀ (Ibid: 298).

ਨਵੰਬਰ ਦੇ ਅਖੀਰ ਤੇ ਵਾਇਸਰਾਏ ਵੇਵੇਲ ਇੰਗਲੈਂਡ ਚਲੇ ਗਿਐ ਸੀ, ਅਤੇ ਜੇਨਕੀਨਸ ਦੀ 30 ਨਵੰਬਰ ਦੀ ਅਧਿਕਾਰਿਕ ਰਿਪੋਰਟ, ਐਂਫਿਸਿਏਟਿੰਗ (ਕਾਰਜਵਾਹਕ) ਵਾਇਸਰਾਏ ਸਰ ਜੌਹਨ ਕੋਲਵਿਲ ਨੂੰ ਭੇਜੀ ਗਈ. ਉਸ ਵਕਤ ਦੀ ਸਭ ਤੋਂ ਅਹਿਮ ਘਟਨਾ 19 ਨਵੰਬਰ ਦੀ ਪੰਜਾਬ ਪਬਲਿਕ ਸੇਫਟੀ ਔਰਡਿਨੇਂਸ

ਦਾ ਐਲਾਨ ਸੀ. ਇਸ ਦਾ ਖ਼ਾਕਾ ਗਵਰਨਰ ਨੇ ਤਿਆਰ ਕੀਤਾ ਸੀ ਅਤੇ ਇਸ ਦਾ ਐਲਾਨ ਗੌਵਰਨਮੇਂਟ ਔਫ ਇੰਡੀਆ ਐਕਟ, 1935 ਦੀ ਧਾਰਾ 89 ਦੇ ਤਹਿਤ ਕੀਤਾ ਗਿਆ. ਪ੍ਰੀਮੀਅਰ ਨੇ ਗਵਰਨਰ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਖ਼ਾਸ ਤਾਕਤਾਂ ਦਾ ਇਸਤੇਮਾਲ ਕਰਣ ਅਤੇ ਪੰਜਾਬ ਅਸੈਮਬਲੀ ਨੂੰ ਇਸ ਦੀ ਮੰਜ਼ੂਰੀ ਲਈ ਨਾ ਭੇਜਣ, ਜਿੱਥੇ ਦੇਰ ਅਤੇ ਸੰਸ਼ੋਧਨ, ਇਸ ਦੇ ਅਸਰ ਨੂੰ ਖਰਾਬ ਕਰ ਪੂਰੀ ਤਰ੍ਹਾਂ ਬੇਅਸਰ ਕਰ ਸਕਦੀ ਸੀ (Ibid: 302). ਨਵੇਂ ਫ਼ਰਮਾਨ ਦੇ ਤਹਿਤ, ਹਕੂਮਤ ਨੇ ਡ੍ਰਿਲ ਅਤੇ ਹਥਿਆਰਬੰਦੀ ਅਤੇ ਦੂਜੇ ਕਿਸਮ ਦੀ ਦਹਿਸ਼ਤਗਰਦੀ ਉਪਰ ਰੋਕ ਲਗਾ ਦਿੱਤੀ. ਨਤੀਜਨ, ਕੁੱਝ ਮੁਸਲਿਮ ਲੀਗ ਨੈਸ਼ਨਲ ਗਾਰਡਸ ਨੂੰ ਘਰ ਜਾਣ ਅਤੇ ਆਪਣੀ ਵਰਦੀ ਨੂੰ ਉਤਾਰਣ ਦੀ ਹਦਾਇਤ ਦਿੱਤੀ ਗਈ ਅਤੇ ਲਾਹੌਰ ਵਿੱਚ ਆਰ.ਐਸ.ਐਸ. ਦੇ ਕੁੱਝ ਸਦੱਸਾਂ ਨੂੰ ਗਰਿਫ਼ਤਾਰ ਕਰ ਲੀਤਾ ਗਿਆ. ਜੇਨਕੀਨਸ ਨੇ ਲਿਖਿਆ, 'ਸ਼ਾਇਦ ਇਹ ਪਹਿਲਾ ਵੱਡਾ ਮਾਮਲਾ ਹੈ ਜਿਸ ਵਿੱਚ ਇੱਕ ਗਵਰਨਰ ਨੇ ਆਪਣੀ ਅਖਤਿਆਰੀ ਤਾਕਤ ਦਾ ਇਸਤੇਮਾਲ, ਆਪਣੇ ਵਜੀਰਾਂ ਦੇ ਸ਼ਾਥ ਅਤੇ ਹੌਸਲਾ-ਅਫਜ਼ਾਹੀ ਨਾਲ, ਕੀਤਾ ਹੈ (Ibid.).

ਸਾਨੂ ਇਹ ਵੀ ਪਤਾ ਚਲਿਆ ਹੈ ਕਿ ਆਪਣੇ ਦਿੱਲੀ ਦੌਰੇ ਦੇ ਦੌਰਾਨ, ਪੰਜਾਬ ਦੇ ਪ੍ਰੀਮੀਅਰ ਆਰਜ਼ੀ ਸਰਕਾਰ ਦੇ ਸਦੱਸਾਂ ਦੀ ਫ਼ਿਰਕੂ ਸੋਚ ਨਾਲ ਸਦਮੇ ਵਿੱਚ ਨੇ. ਉਨ੍ਹਾਂ ਨੇ ਸੋਚਿਆ ਕਿ ਇਸ ਦਾ ਸਿਰਫ਼ ਇਹ ਹੱਲ ਹੈ ਕਿ ਦਰਮਿਆਨੀ ਸਰਕਾਰ ਨੂੰ ਬਰਖ਼ਾਸਤ ਕਰ ਕੇ ਬ੍ਰਿਟਿਸ਼ ਇਖਤੀਆਰ ਤੇ ਇੱਕ ਮਜਬੂਤ ਸਰਕਾਰ ਨੂੰ ਵਾਪਸ ਲੈ ਆਉਦਾ ਜਾਵੇ. 'ਇੱਕ ਅਖੀਰੀ ਕਦਮ ਦੇ ਤੌਰ ਤੇ ਉਹ ਸੋਚਦੇ ਨੇ ਕਿ ਪੰਜਾਬ ਨੂੰ ਇੱਕ ਡੋਮਿਨਿਅਨ ਹੋਣ ਦਾ ਐਲਾਨ ਕਰ ਦਿੱਤਾ ਜਾਵੇ ਜੋ ਬ੍ਰਿਟਿਸ਼ ਕ੍ਰਾਉਨ ਨਾਲ ਸਿੱਧਾ ਸੰਪਰਕ ਰੱਖੇ' (Ibid: 303). ਸ਼ੌਕਤ ਹਯਾਤ ਦੀ ਬਦਪਰਹੇਜ਼ੀ ਬਾਰੇ ਜੇਨਕੀਨਸ ਨੇ ਗੌਰ ਕੀਤਾ ਕਿ ਹਾਲ ਵਿੱਚ ਉਸ ਨੇ ਪ੍ਰੀਮੀਅਰ ਦੇ ਕਤਲ ਦੀ ਮੁਖਤਾਰੀ ਕੀਤੀ. 'ਸ਼ੌਕਤ ਇੱਕ ਛੋਟਾ ਇਨਸਾਨ ਹੈ ਅਤੇ, ਮੇਰਾ ਖ਼ਿਆਲ ਹੈ ਬੇਇਮਾਨ ਵੀ; ਪਰ ਉਹ ਬੇਹਦ ਸ਼ਰਾਰਤੀ ਹੋ ਸਕਦਾ ਹੈ' (Ibid.).

ਨਵੇਂ ਮੁੱਖ ਸਚਿਵ, ਅਖਤਰ ਹੁੱਸੈਨ, ਪੰਜਾਬ ਦੇ ਹਾਲ ਬਾਰੇ 30 ਨਵੰਬਰ 1946 ਦੀ ਪਹਿਲੀ ਪੰਦਰਵਾੜੇ ਦੀ ਰਿਪੋਰਟ ਤੇ ਟਿੱਪਣੀ ਕੀਤੀ ਕਿ, ਫ਼ਿਰਕੂ ਹਾਲਾਤ ਹੋਰ ਬਦਤਰ ਹੋ ਗਿਐ ਨੇ. ਮਗਰ ਵਜ੍ਹਾ ਪੰਜਾਬ ਤੋਂ ਬਾਹਰ ਦੇ ਫ਼ਿਰਕੂ ਫ਼ਸਾਦ ਦੱਸੇ ਗਿਐ. ਹਿੰਦੂ, ਖਾਸ ਕਰ ਕੇ, ਜ਼ਿਆਦਾ ਭੜਕਾਉ ਮਿਜਾਜ਼ ਵਿੱਚ ਸਨ ਕਿਉਂਕਿ ਫ਼ਸਾਦ ਉਣ ਜ਼ਿਲ੍ਹਾਂ ਤੇ ਹੋਏ ਸੀ ਜਿਸ ਵਿੱਚ ਉਹ ਮਜਾਰਿਟੀ ਤੇ ਸਨ (ਰੋਹਤਕ). ਕੁੱਝ ਮੁਸਲਮਾਨਾਂ ਨੂੰ ਦਿਹਾਤੀ ਹਿੰਦੂਆਂ ਨੇ ਬੰਦੂਕ ਨਾਲ ਹਲਾਕ ਕੀਤਾ ਸੀ. ਮੁਸਲਮਾਨਾਂ ਨੂੰ ਜ਼ਬਰਣ ਹਿੰਦੂ ਬਣਾਉਣ ਦੀ ਖਬਰਾਂ ਵੀ ਮਿਲਿਆਂ ਸੀ. ਗੜਮੁਕਤੇਸ਼ਵਰ ਦੇ ਦੰਗੇ ਦੀ ਖ਼ਬਰ ਸਾਰੇ ਜ਼ਿਲ੍ਹਿਆਂ ਤੇ ਫੈਲ ਗਈ ਸੀ. ਪਰ, ਪੰਜਾਬ ਸੇਫ਼ਟੀ ਔਰਡੀਨੇਂਸ ਦਾ ਇੱਕ ਚੰਗਾ ਅਸਰ ਹੋਇਆ ਕਿਉਂਕਿ ਇਸ ਨੇ ਜਲੂਸ ਅਤੇ ਹਥਿਆਰਬੰਦੀ ਮਨ੍ਹਾਂ ਕਰ ਦਿੱਤੀ ਸੀ. ਰੋਹਤਕ ਤੇ ਫ਼ਿਰਕੂ ਗੜਬੜੀ ਕਾਇਮ ਰਹੀ. ਦੂਜੀ ਤਰਫ਼, ਸ਼ਿਆ ਮੁਸਲਮਾਨਾਂ ਦੀ ਮੁਹੱਰਮ ਦੀ ਰਸਮ ਬਗੈਰ ਕਿਸੇ ਗੰਭੀਰ ਵਾਕਿਐ ਦੇ ਅਦਾ ਕੀਤੀ ਗਈ ਅਤੇ ਸਿਰਫ਼ ਇੱਕ ਜਗ੍ਹ ਤੇ ਜਲੂਸ ਉੱਪਰ, ਮੁਸਲਮਾਨਾਂ ਦੀ ਆਪਸੀ ਨਾਇਤਫ਼ਾਕੀ ਅਤੇ ਫ਼ਿਰਕੂ ਵਜ੍ਹਾਂ ਦੇ ਚਲਦਿਆਂ, ਪਾਬੰਦੀ ਲਗਾ ਦਿੱਤੀ ਗਈ. ਮੁੱਖ ਸਚਿਵ ਲਿਖਦੇ ਨੇ 'ਮੁਹੱਰਮ ਦੀ ਇੱਕ ਤਸੱਲੀਬਖਸ਼ ਖ਼ਾਸੀਅਤ ਸੀ ਅਮਨ ਕਮੇਟਿਆਂ ਦਾ ਬੇਹਤਰੀਨ ਕੱਮ, ਅਤੇ ਕਈ ਜਗ੍ਹਾਂ ਤੇ ਹਿੰਦੂਆ ਨੇ ਮੁਸਲਿਮ ਜਲੂਸਾਂ ਦੀ ਨਾਸ਼ਤੇ ਦੀ ਸੇਵਾ ਕੀਤੀ' (L/P & J/5/249).

ਮੁੱਖ ਸਚਿਵ ਨੇ ਗੌਰ ਕੀਤਾ ਕਿ ਐਨ.ਡਬਲੁ.ਐਫ.ਪੀ. ਦੇ ਕੁੱਝ ਜ਼ਿਲ੍ਹਾਂ ਤੇ ਗੈਰ-ਮੁਸਲਿਮਾਂ ਦੇ ਖ਼ਿਲਾਫ ਹੋਏ ਫ਼ਸਾਦਾਂ ਦੇ ਬਾਅਦ, ਡਰੇ ਹੋਏ ਹਿੰਦੂ ਐਨ.ਡਬਲੁ.ਐਫ.ਪੀ. ਤੋਂ ਪੰਜਾਬ ਆ ਗਿਐ ਨੇ (Ibid.). ਦੂਜੀ ਤਰਫ਼, ਆਰ.ਐਸ.ਐਸ. ਨੇ ਪੰਜਾਬ ਦੇ ਜ਼ਿਲ੍ਹਿਆਂ ਤੇ ਆਪਣੀ ਮੌਜੂਦਗੀ ਦੀ ਪ੍ਰਭਾਵਸ਼ਾਲੀ ਨੁਮਾਇਸ਼ ਕੀਤੀ ਜਦ ਉਨ੍ਹਾਂ ਦੇ ਮੁੱਖ ਪ੍ਰਬੰਧਕ ਨੇ ਸੂਬੇ ਦਾ ਦੌਰਾ ਕੀਤਾ. ਖੁਫ਼ੀਆ ਸੰਸਥਾਵਾਂ ਦੀ ਵੇਰਵੇ ਸਹਿਤ ਰਿਪੋਰਟ, 1948 ਤੇ ਪਾਕਿਸਤਾਨ ਸਰਕਾਰ ਦੀ ਪ੍ਰਕਾਸ਼ਤ ਇੱਕ ਪੁਸਤਿਕਾ, ਆਰ.ਐਸ.ਐਸ.ਇਨ ਦੀ ਪੰਜਾਬ ਵਿੱਚ, ਦਿੱਤੀ ਗਈ ਹੈ. ਇਸ ਉਪਰ ਗੌਰ ਫ਼ਰਮਾਇਆ ਗਿਆ:

> ਰਾਸ਼ਟ੍ਰੀਯ ਸਵਯਮਸੇਵਕ ਸੰਘ ਦੀ ਮਜਬੂਤੀ ਨਵੰਬਰ 1946 ਨੂੰ ਵੇਖੀ ਗਈ ਜਦ ਇਸ ਦੇ ਮੁੱਖ ਪ੍ਰਬੰਧਕ ਅਤੇ ਆਲ-ਇੰਡੀਆ ਰਾਸ਼ਟ੍ਰੀਯ ਸਵਯਮਸੇਵਕ ਸੰਘ ਦੇ ਪ੍ਰਮੁਖ ਮਾਧੋ ਰਾਉ ਗੋਵਲਕਰ ਨੇ ਸੂਬੇ ਦਾ ਵੱਡਾ ਦੌਰਾ ਕੀਤਾ. ਉਹ ਮੁਲਤਾਨ, ਮਿੰਟਗੋਮਰੀ, ਰਾਵਲਪਿੰਡੀ, ਜਿਹਲਮ, ਧਰਮਸ਼ਾਲਾ, ਅੱਮ੍ਰਿਤਸਰ, ਹੁਸ਼ਿਆਰਪੁਰ, ਜਗਰਾਉਂ, ਲਾਇਲਪੁਰ, ਸ਼ੇਖੁਪੂਰਾ, ਸਿਆਲਕੋਟ ਅਤੇ ਲਾਹੌਰ ਗਏ. ਇਣ ਜਗ੍ਹਾਂ ਤੇ ਪਰੇਡਾਂ ਦੇ ਦੌਰਾਨ ਉਨ੍ਹਾਂ ਨੂੰ ਵਧਾਈ ਦੇਣ ਵਾਲੇ ਰਜ਼ਾਕਾਰਾਂ ਦੀ ਤਦਾਦ 25,000 ਦੇ ਲੱਗਭਗ ਸੀ. ਇਸ ਦੌਰੇ ਦੇ ਦੌਰਾਨ, ਜਿਣ ਹਿੰਦੂਆਂ ਅਤੇ ਸਿੱਖਾਂ ਜਿਨ੍ਹਾ ਨੂੰ ਜਮਾਵੜਾ ਵੇਖਣ ਲਈ, ਖ਼ਾਸ ਤੌਰ ਤੇ, ਸੱਦਾ ਦਿੱਤਾ ਗਿਆ ਸੀ, ਉਨ੍ਹਾਂ ਦੀ ਤਦਾਦ 40,000 ਤੋਂ ਜ਼ਿਆਦਾ ਹੋਣ ਦਾ ਅੰਦਾਜ਼ਾ ਹੈ. ਕੁੱਝ ਜਗ੍ਹਾਂ ਤੇ ਜ਼ਿਲਾ ਮੈਜਿਸਟਰੇਟ ਨੇ ਆਮ ਸਭਾ ਦੇ ਖ਼ਿਲਾਫ ਧਾਰਾ 144 ਲਗਾ ਦਿੱਤੀ ਸੀ, ਮਗਰ ਗੋਵਲਕਰ ਨੇ ਖੁਫ਼ੀਆ ਤੌਰ ਤੇ ਸਭਾਵਾਂ ਕੀਤੀਆਂ...ਬੰਗਾਲ ਅਤੇ ਦੂਜੇ ਇਲਾਕਿਆਂ ਦੇ ਹਿੰਦੂਆ ਦੀ ਪੀੜਾ ਲਈ ਕਾਂਗਰੇਸ ਨੂੰ ਜ਼ਿਮੇਵਾਰ ਦੱਸਿਆ, ਅਤੇ ਪੱਕੇ ਤੌਰ ਤੇ, ਕਿਹਾ ਗਿਆ ਕਿ ਅਗਰ ਹਿੰਦੂ ਬਚਣਾ ਚਾਹੁੰਦੇ ਨੇ ਤੇ, ਉਨ੍ਹਾਂ ਨੂੰ ਮੁਸਲਿਮਾਂ ਦਾ ਬੇਰਹਿਮੀ ਨਾਲ ਮੁਕਾਬਲਾ ਕਰਨਾ ਪਏਗਾ (1948: 5–6).

ਆਰ.ਐਸ.ਐਸ. ਦੀ ਪੁਰਾਣੀ ਹਰਕਤਾਂ ਬਾਰੇ ਜ਼ਿਕਰ ਕਰਦੇ ਹੋਏ ਇਹ ਰਿਪੋਰਟ ਇੱਕ ਦਿਲਚਸਪ ਟਿੱਪਣੀ ਕਰਦੀ ਹੈ ਕਿ 'ਇਸ ਦੀ ਤੇਹਰੀਕ ਸਰਕਾਰ ਦੇ ਖ਼ਿਲਾਫ ਨਹੀਂ ਸੀ ਅਤੇ ਇਸ ਦੇ ਸੇਵਕਾਂ ਨੇ ਕਾਂਗਰੇਸ ਦੀ 1942 ਦੀ ਸਿਵਲ ਨਾਫ਼ਰਮਾਨੀ ਦੀ ਤੇਹਰੀਕ ਵਿੱਚ ਹਿੱਸਾ ਨਹੀਂ ਲੀਤਾ' (Ibid: 5). 14 ਦਸੰਬਰ ਦੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਦਿੱਲੀ ਵਿੱਚ, ਸਿਆਸਤਦਾਨਾਂ ਦੀ ਲਗਾਤਾਰ ਤੂੰ-ਤੂੰ ਮੈਂ ਮੈਂ ਦੀ ਪੰਜਾਬ ਦੇ ਲੋਕਾਂ ਉਪਰ ਪ੍ਰਭਾਵ ਬਾਰੇ ਲਿਖਿਆ. ਉਸ ਨੇ ਜੋ ਜਜ਼ਬਾਤੀ ਤੌਰ ਤੇ ਲਿਖਿਆ, ਉਹ ਇੱਕ ਅਫ਼ਸਾਰਸ਼ਾਹ ਵਾਸਤੇ ਅਨੋਖਾ ਸੀ: 'ਇੱਕ ਆਮ ਆਦਮੀ, ਜੋ ਮੁਸਲਿਮ, ਹਿੰਦੂ ਜਾਂ ਸਿੱਖ ਹੋਵੇ ਭਵਿੱਖ ਨੂੰ ਲੈ ਕੇ ਬੇਹਦ ਫ਼ਿਕਰਮੰਦ ਹੈ - ਇਹ ਲਗਦਾ ਹੈ ਬਗੈਰ ਕਿਸੇ ਵਿਸਤਰਤ ਗੜਬੜ ਦੇ, ਕੋਈ ਫ਼ੈਸਲਾ ਨਹੀਂ ਹੋਣ ਵਾਲਾ ਹੈ, ਜਿਸ ਦਾ ਸਿਆਸਤੀ ਰਹਨੁਮਾਵਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ, ਮਗਰ ਆਬਾਦੀ ਦੇ ਸਮੂਹਾਂ ਦੇ ਲਈ ਮੰਦ ਭਾਗਾ ਹੋਵੇਗਾ (Carter, 2006: 307).

ਉਸ ਨੇ ਰਾਵਲਪਿੰਡੀ ਡਿਵੀਜ਼ਨ ਦਾ ਦੌਰਾ ਕੀਤਾ, ਅਤੇ ਰਾਵਲਪਿੰਡੀ, ਕੈਂਪਬੇਲਪੁਰ ਹੋਰ ਮਿਆਂਵਾਲੀ ਗਏ ਜਿਥੋਂ ਦੀ ਬ੍ਰਿਟਿਸ਼ ਇੰਡੀਆ ਫ਼ੌਜ਼ ਦੇ ਮੁਸਲਿਮ ਹਿੱਸੇ ਦੇ ਸਭ ਤੋਂ ਜ਼ਿਆਦਾ ਸਿਪਾਹੀ ਭਰਤੀ ਹੁੰਦੇ ਸੀ. ਇਕੱਲੇ ਰਾਵਲਪਿੰਡੀ ਜ਼ਿਲ੍ਹੇ ਤੋਂ 70,000 ਭਰਤਿਆਂ ਹੁੰਦੀ ਸਨ ਜਦ ਕਿ ਬਾਕੀ ਦੂਜੇ ਜ਼ਿਲ੍ਹਾਂ ਤੋਂ ਸਿਰਫ਼ 40,000. ਇਣ ਇਲਾਕਿਆਂ ਤੇ ਬ੍ਰਿਟਿਸ਼ ਹਕੂਮਤ ਦਾ ਸ਼ਾਥ ਹਲੀ ਹੀ ਮਜਬੂਤ ਸੀ, ਅਤੇ ਲੋਕ ਸੋਚਦੇ ਸੀ ਕਿ ਅੰਗ੍ਰੇਜਾਂ ਨੂੰ ਇੰਡੀਆ ਛੱਡ ਕੇ ਨਹੀਂ ਜਾਣਾ ਚਾਹੀਦਾ ਸੀ, 'ਇਹਸਾਸ ਵਧ ਰਿਹਾ ਸੀ ਕਿ ਇੰਡੀਆ ਅਫਰਾਤਫਰੀ ਦੀ ਤਰਫ਼ ਜਾ ਰਿਹਾ ਸੀ, ਅਤੇ ਬ੍ਰਿਟਿਸ਼ ਨੂੰ ਇਸ ਬਾਰੇ, ਜ਼ਰੂਰ ਕੁੱਝ ਕਰਨਾ ਚਾਹੀਦਾ ਹੈ' (Ibid: 308).

30 ਦਸੰਬਰ 1946 ਦੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਗੌਰ ਕੀਤਾ ਕਿ ਲਾਹੌਰ ਤੇ ਇੱਕ ਸਭਾ ਵਿੱਚ ਕਾਂਗਰੇਸ ਦੇ ਨਜਦੀਕੀ ਸਹਿਯੋਗੀ, ਅਹਰਾਰ ਦੇ ਰਾਸ਼ਟਰੀ ਮੁਸਲਿਮ ਆਪਣੇ ਭਵਿੱਖ ਦੇ ਮਨਸੂਬੇ ਬਾਰੇ ਗੱਲਬਾਤ ਕਰ ਰਹੇ ਸੀ ਅਤੇ ਖੁਫ਼ੀਆ ਰਿਪੋਰਟਾਂ ਦੇ ਮੁਤਾਬਕ ਬੇਹਦ ਪਰੇਸ਼ਾਨ ਸਨ:

> ਉਨ੍ਹਾਂ ਨੂੰ (ਰਾਸ਼ਟਰੀ ਮੁਸਲਿਮ) ਯਕੀਨ ਸੀ ਕਿ ਬਿਹਾਰ ਦੇ ਕਤਲੇਆਮ ਬਿਹਾਰ ਸਰਕਾਰ ਨੇ ਕਰਵਾਏ ਸੀ ਅਤੇ ਜੈਪਰਕਾਸ਼ ਨਰਾਇਨ ਇਸ ਦੇ ਇੱਕ ਪ੍ਰਬੰਧਕ ਸਨ. ਉਨ੍ਹਾਂ ਦਾ ਮੁਸਲਿਮ ਲੀਗ ਤੇ ਸ਼ਾਮਲ ਹੋਣ ਦਾ ਕੋਈ ਇਰਾਦਾ ਨਹੀਂ ਹੈ, ਮਗਰ ਉਹ ਇਹ ਨਹੀਂ ਵੇਖਦੇ ਨੇ ਕਿ ਕਾਂਗਰੇਸ ਨਾਲ ਉਹ ਬਹੁਤ ਦਿਨ ਤੱਕ ਸ਼ਾਥ ਰਹਿ ਸਕਣਗੇ (Ibid: 310).

ਜਿੱਥੇ ਤੱਕ ਪੰਜਾਬ ਮੁਸਲਿਮ ਲੀਗ ਦਾ ਸਆਲ ਹੈ, ਜੇਨਕੀਨਸ ਨੇ ਵੇਖਿਆ ਕਿ ਨਵਾਬ ਮਮਦੋਤ ਦੀ ਅਗਵਾਈ ਉਪਰ ਚੁਣੌਤੀ, ਉਸ ਦੇ ਰਕੀਬਾਂ ਸ਼ੌਕਤ ਹਯਾਤ ਖ਼ਾਨ ਅਤੇ ਫ਼ੀਰੋਜ਼ ਖ਼ਾਨ ਨੂਨ ਨੇ ਦੇ ਦਿੱਤੀ ਸੀ. ਉਹ ਮਮਦੋਤ ਨੂੰ ਬਾਹਰ ਕਰਣ ਦੀ ਸਾਜ਼ਸ਼ ਕਰ ਰਹੇ ਸੀ, ਪਰ ਹੁਣ ਤੱਕ ਕਾਮਯਾਬ ਨਹੀਂ ਹੋਏ ਸਨ, ਕਿਉਂਕਿ ਮਮਦੋਤ ਜ਼ਿਲ੍ਹੇ ਦੇ ਅਹੁਦੇਦਾਰਾਂ ਅਤੇ ਪ੍ਰਬੰਧਕਾਂ ਦਾ ਸਾਥ ਹਾਸਲ ਕਰ ਚੁਕੇ ਸੀ (Ibid.). ਸਿੱਖਾਂ ਦੇ ਵਿੱਚ ਵੀ ਇਸੇ ਤਰ੍ਹਾਂ ਦੇ, ਅਗਵਾਈ ਦੇ ਮੁਕਾਬਲੇ ਜਾਰੀ ਸੀ. ਗੁਰਦੁਵਾਰੇ ਦੇ ਇੰਤਖਾਬ ਤੇ, ਅਕਾਲੀਆਂ ਨੇ ਇੱਕ ਬੇਹਦ ਵੱਡਾ ਬਹੁ-ਮੱਤ ਹਾਸਲ ਕੀਤਾ ਸੀ ਅਤੇ ਕਰਤਾਰ ਸਿੰਘ ਹੋਰ ਨਗੋਕੇ ਗੁਟਾਂ ਵਿੱਚ ਜਦੋਜਹਿਦ ਚਲ ਰਹੀ ਸੀ (Ibid.). ਰਾਵਲਪਿੰਡੀ ਦੇ ਸ਼ਾਹਪੁਰ ਵਿੱਚ, ਜੋ ਖ਼ਿਜ਼ਰ ਦੇ ਟਿਵਾਣਾ ਬਰਾਦਰੀ ਦਾ ਗੜ ਸੀ, ਜੇਨਕੀਨਸ ਨੇ ਆਪਣੇ ਦੌਰੇ ਦੇ ਦੌਰਾਨ, ਕਈ ਲੋਕਾਂ ਨਾਲ ਗੁਫਤਗੂ ਕੀਤੀ ਅਤੇ ਰਿਟਾਇਰ ਹੋਏ ਫ਼ੌਜ਼ੀਆਂ ਦੇ ਇੱਕ ਵੱਡੇ ਸਮੂਹ ਨੂੰ ਸੰਬੋਧਤ ਕੀਤਾ. ਉਹ ਟਿੱਪਣੀ ਕਰਦੇ ਨੇ:

'ਉਹ ਕੇਂਦਰ ਦੇ ਹਿੰਦੂਆਂ ਦੀ ਪ੍ਰਬਲਤਾ ਬਰਦਾਸ਼ਤ ਨਹੀਂ ਕਰਣਗੇ; ਪਰ ਦਿਲ੍ਹੀ ਤੌਰ ਤੇ ਉਹ ਪਾਕਿਸਤਾਨ ਦੇ ਹਿਮਾਯਤੀ ਨਹੀਂ ਨੇ, ਨਾ ਹੀ ਉਹ ਬ੍ਰਿਟਿਸ਼ ਨਾਲ ਜਲਦ ਨਾਤਾ ਤੋੜਨਾ ਚਾਹੁੰਦੇ ਨੇ. ਲੋਕ, ਮੈਨੂੰ ਬਾਰ ਬਾਰ ਇਹ ਪੂੱਛਦੇ ਸੀ ਕਿ ਅਸੀਂ ਇੰਡੀਆ ਨੂੰ ਛੱਡਣ ਦਾ ਪੱਕਾ ਇਰਾਦਾ ਕਿਉਂ ਬਣਾ ਲੀਤਾ ਹੈ, ਅਤੇ ਪੁਰਾਣੀ ਹਕੂਮਤ ਤੇ ਕਿ ਖਰਾਬੀ ਆ ਗਈ ਸੀ ਕਿ ਸਾਨੂ ਉਨ੍ਹਾਂ ਦੇ ਨਾਲ ਰਿਸ਼ਤਾ ਅਚਾਨਕ ਖ਼ਤਮ ਕਰਨਾ ਪਵੇਗਾ' (Ibid: 311). ਉਨ੍ਹਾਂ ਨੇ ਗੌਰ ਕੀਤਾ ਕਿ ਰਾਵਲਪਿੰਡੀ ਸ਼ਹਿਰ ਹਮੇਸ਼ਾ ਇੱਕ ਖ਼ਤਰਨਾਕ ਜਗ੍ਹ ਸੀ. 'ਉਥੇ ਲੱਗਭਗ 1926 ਤੇ ਕਰੀਬ ਇੱਕ ਬੁਰਾ ਫ਼ਿਰਕੂ ਫ਼ਸਾਦ ਹੋਇਆ ਸੀ ਅਤੇ, ਜਿਥੋਂ ਤੱਕ ਮੈਨੂੰ ਯਾਦ ਹੈ, ਦਿਹਾਤੀ ਮੁਸਲਿਮਾਂ ਦੀ ਇੱਕ ਵੱਡੀ ਤਦਾਦ ਇਸ ਤੇ, ਉਸ ਵਕਤ, ਸ਼ਾਮਲ ਹੋ ਗਈ ਸੀ (Ibid: 311).

ਮੁੱਖ ਸਚਿਵ ਅਖਤਰ ਹੁਸੈਨ ਨੇ 30 ਦਸੰਬਰ ਦੀ ਪੰਦਰਵਾੜੇ ਦੀ ਰਿਪੋਰਟ ਤੇ ਲਿਖਿਆ ਕਿ ਨੈਸ਼ਨਲ ਗਾਰਡਸ ਅਤੇ ਆਰ.ਐਸ.ਐਸ. ਜ਼ਿਆਦਾ ਅਹਿਮ ਹੋ ਗਿਐ ਸੀ. ਨੈਸ਼ਨਲ ਗਾਰਡਸ ਦੀ ਦਸੰਬਰ 1945 ਦੀ ਤਦਾਦ 15,000 ਸੀ ਜੋ 1946 ਦੇ ਅਖੀਰ ਤੇ 22,000 ਹੋ ਗਈ ਸੀ. ਆਰ.ਐਸ.ਐਸ. ਦੀ ਦਸੰਬਰ 1945 ਦੀ ਤਦਾਦ 14,000 ਸੀ ਜੋ ਹੁਣ 46,000 ਹੋ ਗਈ ਸੀ (L/P & J/5/249).

ਐਨ.ਡਬਲੁ.ਐਫ.ਪੀ ਦੇ ਹਜ਼ਾਰਾ ਜ਼ਿਲ੍ਹੇ ਤੇ ਹਿੰਦੂਆਂ ਅਤੇ ਸਿੱਖਾਂ ਦਾ ਕਤਲੇਆਮ

ਗਵਰਨਰ ਦੀ 14 ਜਨਵਰੀ 1947 ਦੀ ਪੰਦਰਵਾੜੇ ਦੀ ਰਿਪੋਰਟ ਨੇ ਦਸੰਬਰ 1946 ਦੇ ਦੂਜੇ ਅੱਧ ਦੀ ਘਟਨਾਵਾਂ ਦਾ ਜ਼ਿਕਰ ਕਰਦੇ ਹੋਏ, ਐਨ.ਡਬਲੂ.ਐਫ.ਪੀ ਦੇ ਹਜ਼ਾਰਾ ਜ਼ਿਲ੍ਹੇ ਤੇ ਉਤਰੀ ਪੰਜਾਬ ਦੇ ਨਜਦੀਕ, ਹੋਈ ਗੜਬੜੀ ਬਾਰੇ ਲਿਖਿਆ. ਇਸ ਗੜਬੜੀ ਦੇ ਚਲਦੇ, ਹਜ਼ਾਰਾ ਤੋਂ ਰਾਵਲਪਿੰਡੀ ਤੇ, ਖ਼ਾਸ ਕਰ ਕੇ ਸਿੱਖਾਂ ਅਤੇ ਹਿੰਦੂ ਪਨਾਹਗੀਰਾਂ ਦਾ ਵੀ, ਇੱਕ ਵੱਡਾ ਪਰਵਾਸ ਹੋਇਆ. ਪਹਿਲਾਂ ਖ਼ਿਜ਼ਰ ਉਨ੍ਹਾਂ ਨੂੰ ਆਪਣੇ ਹਾਲ ਤੇ ਛੱਡ ਦੇਣਾ ਚਾਹੁੰਦੇ ਸੀ, ਕਿਉਂਕਿ ਉਸ ਨੇ ਸੋਚਿਆ ਕਿ ਅਗਰ ਕੋਈ ਇੰਤਜ਼ਾਮ ਕੀਤਾ ਜਾਂਦਾ ਹੈ ਤੇ, ਉਸ ਦੇ ਉਪਰ ਫਰੰਟਿਅਰ ਦੇ ਹਿੰਦੂਆਂ ਦੀ ਮਦਦ ਕਰਣ ਦਾ, ਅਤੇ ਉਣ ਬਿਹਾਰੀ ਮੁਸਲਮਾਨਾਂ ਨੂੰ, ਜੇ ਬਿਹਾਰ ਦੇ ਖ਼ੂਨੀ ਫ਼ਸਾਦਾਂ ਦੇ ਬਾਅਦ ਪਨਾਹ ਲੈਣ ਪੰਜਾਬ ਆਏ ਸੀ, ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਣ ਦਾ ਇਲਜ਼ਾਮ ਲਗੇਗਾ. ਮਗਰ, ਗਵਰਨਰ ਨੇ ਖ਼ਿਜ਼ਰ ਨੂੰ ਸਮਝਾਇਆ ਕਿ ਜੋ ਪੰਜਾਬ ਪੈਦਲ ਚੱਲ ਕੇ ਆਏ ਸੀ, ਅਤੇ ਉਹ ਬੇਸਹਾਰਾ ਸਨ, ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਸੀ. ਅਤੇ, ਖ਼ਿਜ਼ਰ ਪਨਾਹਗੀਰ ਕੈਂਪ ਲਗਾਉਣ ਨੂੰ ਤਿਆਰ ਹੋ ਗਏ (Ibid: 321).

ਖ਼ਿਜ਼ਰ ਬਾਰੇ ਜੇਨਕੀਨਸ ਨੇ ਮਾਯੂਸੀ ਜ਼ਾਹਰ ਕੀਤੀ ਕਿ ਪੰਜਾਬ ਦੇ ਪ੍ਰੀਮੀਅਰ ਨੇ ਇੱਕ ਵੀ ਆਮ ਸਭਾ ਨੂੰ ਸੰਬੋਧਤ ਨਹੀਂ ਕੀਤਾ ਸੀ ਜਦ ਤੋਂ ਜੇਨਕੀਨਸ (ਅਪ੍ਰੈਲ 1946 ਤੋਂ) ਪੰਜਾਬ ਦੇ ਗਵਰਨਰ ਬਨੇ ਨੇ. ਉਸ ਦੀ ਉਦਾਸੀਨਤਾ ਨੇ ਗਠਬੰਧਨ ਸਰਕਾਰ ਦੇ ਇਖ਼ਤਿਆਰ ਨੂੰ ਬੇਹਦ ਕਮਜੋਰ ਬਣਾ ਦਿੱਤਾ ਸੀ. ਦੂਜੀ ਤਰਫ਼ ਖ਼ਿਜ਼ਰ ਨੇ ਗਵਰਨਰ ਨੂੰ ਬ੍ਰਿਟਿਸ਼ਰਾਂ ਦੀ ਗੈਰ-ਹਾਜ਼ਰੀ ਵਾਲੇ ਪੰਜਾਬ ਦੀ ਇੱਕ ਬੇਰੰਇਕ ਤਸਵੀਰ ਪੇਸ਼ ਕੀਤੀ ਸੀ. ਜੇਨਕੀਨਸ ਨੇ ਪ੍ਰੀਮੀਅਰ ਦੇ ਖ਼ਿਆਲ ਇਣ ਲਫ਼ਜ਼ਾਂ ਵਿੱਚ ਬਿਆਨ ਕੀਤੇ:

> ਉਸ ਦਿਨ ਖ਼ਿਜ਼ਰ ਨੇ ਕਿਹਾ ਕਿ ਮੌਜੂਦਾ ਕੇਂਦਰੀ ਹਕੂਮਤ, ਉਸ ਦੇ ਖ਼ਿਆਲ ਵਿੱਚ ਨਾਲਾਇਕ ਹੈ ਅਤੇ ਮੁਲਕ ਨੂੰ ਚਲਾਉਣ ਲਈ ਨਾਕਾਬਲ : ਇੰਡੀਆ ਦੀ ਫ਼ੌਜ ਬਗੈਰ ਬ੍ਰਿਟਿਸ਼ ਅਫ਼ਸਰਾਂ ਦੇ ਬਹੁਤ ਜਲਦ ਇੱਕ ਹਜੂਮ ਵਿੱਚ ਤਬਦੀਲ ਹੋ ਜਾਵੇਗੀ...ਉਸ ਦੇ ਪੰਜਾਬ ਨੂੰ ਇੱਕ ਡੋਮਿਨਿਅਨ ਵਿੱਚ ਤਬਦੀਲ ਕਰਣ ਦੇ ਕੁੱਝ ਧੁੰਧਲੇ ਵਿਚਾਰ ਨੇ ਅਤੇ ਉਸ ਨੇ ਮੈਨੂੰ ਕਿਹਾ ਹੈ ਕਿ ਇਹ ਮੁਮਕਿਨ ਹੈ.

ਅਮਰ ਸਿੰਘ ਅਤੇ ਮਦਨਲਾਲ ਸਿੰਘ

15 ਮਾਰਚ 2004 ਨੂੰ, ਮੈਨੂੰ ਦੋ ਸਿੱਖ ਅਮਰ ਸਿੰਘ ਅਤੇ ਮਦਨਲਾਲ ਸਿੰਘ, ਜੋ ਪਹਿਲਾਂ ਰਾਵਲਪਿੰਡੀ ਤੇ ਸਨ ਅਤੇ ਹੁਣ ਦਿੱਲੀ ਆ ਕੇ ਬਸੇ ਨੇ, ਪਨਾਹਗੀਰਾਂ ਦੇ ਹਜ਼ਾਰਾ ਤੋਂ ਰਾਵਲਪਿੰਡੀ ਪਰਵਾਸ ਬਾਰੇ; ਚਸ਼ਮਦੀਦੀ ਬਿਆਨ ਦਿੱਤੇ. ਉਨ੍ਹਾਂ ਨੇ ਯਾਦ ਕੀਤਾ:

'ਸਿੱਖ ਅਤੇ ਹਿੰਦੂ ਰਾਵਲਪਿੰਡੀ ਆਏ ਅਤੇ ਉਨ੍ਹਾਂ ਨੇ ਮੁਸਲਮਾਨਾਂ ਦੇ ਬੇਹਦ ਗੈਰ-ਇਨਸਾਨੀ ਸਲੂਕ ਬਾਰੇ ਰੋਂਗਟੇ ਖੜ੍ਹੇ ਕਰ ਦੇਣ ਵਾਲੇ, ਕਿੱਸੇ ਦੱਸੇ. ਕਈ ਸਾਰੇ ਬੱਚੇ ਅਤੇ ਔਰਤਾਂ ਨੂੰ ਅਗਵਾ ਕਰ ਲੀਤਾ ਗਿਆ ਅਤੇ ਉਹ ਕਦੀ ਵਾਪਸ ਨਹੀਂ ਆਏ. ਕੁੱਝ ਔਰਤਾਂ ਦਾ ਜਬਰ ਜਨਾਹ ਕੀਤਾ ਗਿਆ. ਕੁੱਝ ਸੱਚ-ਮੁਚ ਬੇਹਦ ਸਦਮਾ ਪਹੁਚਾਣ ਵਾਲੀ ਘਟਨਾੜਾਂ ਹੋਇਆਂ; ਔਰਤਾਂ ਦੇ ਸੀਨੇ ਵੱਡ ਦਿੱਤੇ ਗਏ ਅਤੇ ਉਨ੍ਹਾਂ ਦੇ ਗੁਪਤ ਅੰਗਾਂ ਵਿੱਚ ਧਾਤ ਦੀ ਤਿੱਖੀ ਚੀਜ਼ਾਂ ਚੁੱਭਾ ਦਿੱਤੀ ਗਈਆਂ. ਅਸੀਂ ਉਨ੍ਹਾਂ ਨੂੰ ਰਾਵਲਪਿੰਡੀ ਦੇ ਗੁਰਦੁਵਾਰੇਆਂ ਅਤੇ ਮੰਦਰਾਂ ਤੇ ਲੈ ਜਾ ਕੇ ਮਦਦ ਕਰ ਸਕੇ, ਅਤੇ ਕੁੱਝ ਨੂੰ ਸਿੱਖ-ਹਿੰਦੂ ਮਹੱਲਿਆਂ ਤੇ ਲੈ ਜਾਇਆ ਗਿਆ, ਅਤੇ ਉਹ ਰਿਸ਼ਤੇਦਾਰਾਂ ਜਾਂ ਅਜਨਬੀ ਲੋਕਾਂ ਨਾਲ ਵੀ ਰਹਿਣ ਲਗੇ. ਕੁੱਝ ਪੂਰਬੀ ਪੰਜਾਬ, ਖ਼ਾਸ ਕਰ ਕੇ ਅੱਮ੍ਰਿਤਸਰ ਅਤੇ

ਪਟਿਆਲਾ, ਕਪੂਰਥਲਾ ਅਤੇ ਸਿੱਖ ਰਿਆਸਤਾਂ ਤੇ ਚਲੇ ਗਏ. ਬਾਅਦ ਤੇ, ਹੋਰ ਜ਼ਿਆਦਾ ਲੋਕਾਂ ਨੇ ਉਨ੍ਹਾਂ ਦਾ ਸ਼ਾਥ ਦਿੱਤਾ, ਜਦ ਮਾਰਚ 1947 ਤੋਂ ਮੁਸਲਿਮ ਹਮਲੇ ਸ਼ੁਰੂ ਹੋ ਗਿਅੇ. ਜਦ ਅਗਸਤ 1947 ਤੋਂ ਸਿੱਖਾਂ ਦੇ ਜਵਾਬੀ ਹਮਲੇ ਸ਼ੁਰੂ ਹੋਏ, ਤਦ ਹਜ਼ਾਰਾ ਦੇ ਪਨਾਹਗੀਰ ਸਿੱਖ, ਉਸ ਦੇ ਵਿੱਚ ਹਿੱਸਾ ਲੈਣ ਵਾਲੇ ਸਭ ਤੋਂ ਪਹਿਲਾਂ ਲੋਕਾਂ ਵਿੱਚ ਸ਼ਾਮਲ ਸਨ.'

ਹਵਾਲਾ

ਅੱਲਾਨਾ,ਜੀ.,ਪਾਕਿਸਤਾਨ ਮੁਵਮੇਂਟ:ਹਿਸਟੋਰਿਕ ਡੀਕਯੁਮੈਂਟਸ, ਲਾਹੌਰ:ਇਸਲਾਮਿਕ ਬੁਕ ਸਰਵਿਸ,(1977).

ਆਜ਼ਾਦ,ਐਮ.ਏ.ਕੇ., ਇੰਡੀਆ ਵਿਨਸ ਫਰੀਡਮ, ਲਾਹੌਰ, ਵੈਨਗਾਰਡ ਬੂਕਸ ਪ੍ਰਾ.ਲਿ.,(1989).

ਗਿਲਮਾਰਟਿਨ, ਡੇਵਿਡ, 'ਰਿਲਿਜਿਅਸ ਲੀਡਰਸ਼ੀਪ ਐਂਡ ਦੀ ਪਾਕਿਸਤਾਨ ਮੁਵਮੇਂਟ ਨਿ ਦ ਪੰਜਾਬ', ਮੇਡਰਨ ਸਾਉਥ ਐਸੀਅਨ ਸਟਡੀਸ, ਵੋਲ.13, ਨ.3, ਕੈਂਬਰਿਜ, ਕੈਂਬਰਿਜ ਯੁਨੀਵਰਸਿਟੀ ਪ੍ਰੈਸ.

ਗਿਲਮਾਰਟਿਨ, ਡੇਵਿਡ, ਏਮਪਾਇਰ ਐਂਡ ਇਸਲਾਮ : ਪੰਜਾਬ ਐਂਡ ਦੀ ਮੇਕਿੰਗ ਔਫ ਪਾਕਿਸਤਾਨ, ਦੇਲਹੀ: ਔਕਸਫੋਰਡ ਯੁਨੀਵਰਸਿਟੀ ਪ੍ਰੈਸ,(1989).

ਖੋਸਲਾ, ਜੀ.ਡੀ., ਸਟਰਨ ਰੇਕੋਨਿੰਗ: ਏ ਸਰਵੇ ਔਫ ਦੀ ਇਵੇਂਟਸ ਲੀਡੀਂਗ ਅਪ ਟੂ ਐਂਡ ਫੈਲੋਵਿੰਗ ਦ ਪਾਰਟਿਸ਼ਨ ਔਫ ਇੰਡੀਆ, ਨਿਊ ਦੇਲਹੀ: ਔਕਸਫੋਰਡ ਯੁਨੀਵਰਸਿਟੀ ਪ੍ਰੈਸ,(1991).

ਮੂਰ,ਆਰ.ਜੇ., 'ਜਿਨਾਹ ਐਂਡ ਦੀ ਪਾਕਿਸਤਾਨ ਡਿਮਾਂਡ',ਮੇਡਰਨ ਏਸੀਅਨ ਸਟਡੀਸ, ਵੋਲ.17,ਨ.4,ਸਫਾ 529-561, ਕੈਂਬਰਿਜ, ਕੈਂਬਰਿਜ ਯੁਨੀਵਰਸਿਟੀ ਪ੍ਰੈਸ, (1983).

ਟੈਲਬੱਟ, ਇਅਨ, ਖ਼ਿਜ਼ਰ ਟਿਵਾਣਾ: ਦੀ ਪੰਜਾਬ ਯੁਨੀਅਨਿਸਸਟ ਪਾਰਟੀ ਐਂਡ ਦ ਪਾਰਟੀਸ਼ਨ ਔਫ ਇੰਡੀਆ, ਰਿਚਮੰਡ, ਸਰੇ: ਕਰਜ਼ਨ,(1996).

ਟੁਕੇਰ, ਸਰ ਫ੍ਰਾਨਸਿਸ, ਵਹਾਇਲ ਮੇਮੋਰੀ ਸਰਵਸ, ਲੰਡਨ: ਕੇਸਲ ਐਂਡ ਕੰਪਨੀ ਲਿਮਿਟੇਡ.(1950).

ਸਰਕਾਰੀ ਦਸਤਾਵੇਜ

ਕਾਰਟਰ, ਲਿਅੋਨੇਲ (ਏਡ),ਪੰਜਾਬ ਪੋਲਿਟਿਕਸ,1 ਜਨਵਰੀ 1944-3 ਮਾਰਚ 1947,ਲਾਸਟ ਈਅਰਸ ਔਫ ਦ ਮਿਨਿਸਟਰੀਸ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੋਕਯੁਮੇਂਟਸ, ਦੇਲਹੀ:ਮਨੋਹਰ, (2006).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ, 1 ਅਗਸਤ 1945-22 ਅਪ੍ਰੈਲ 1946,ਵੋਲ. VI, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1976).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ, 23 ਮਾਰਚ-29 ਜੂਨ 1946, ਵੋਲ. VII, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1977).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ, 3 ਜੁਲਾਈ-1 ਨਵੰਬਰ 1946, ਵੋਲ. XIII, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1979).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ, 4 ਨਵੰਬਰ 1946-22 ਮਾਰਚ 1947, ਵੋਲ. IX, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1979).

ਆਰ.ਐਸ.ਐਸ (ਰਾਸ਼ਟਰੀਯ ਸਵਯਮ ਸੇਵਕ ਸੰਘ) ਇਨ ਦੀ ਪੰਜਾਬ, ਲਾਹੌਰ: ਗੌਵਰਨਮੇਂਟ ਪ੍ਰਿੰਟਿਗ ਪ੍ਰੈਸ, (1948).

ਮਾਇਕਰੋਫਿਲਮ

ਫੋਰਟਨਾਇਟਲੀ ਰਿਪੋਰਟਸ ਔਫ ਪੰਜਾਬ ਚੀਫ ਸੇਕ੍ਰੇਟਰੀ ਫੈਰ 1946 (ਵਹੀਚ ਆਲਸੋ ਇਨਕਲੁਡ ਰਿਪੋਰਟਸ ਔਫ ਦੀ ਪੰਜਾਬ ਗਵਰਨਰ) ਇਨ ਦ ਪੋਲਿਟਿਕਲ ਡਿਪਾਰਟਮੇਂਟ ਮਿਸੇਲਿਨਿਅਸ (ਪੋਲਿਟਿਕਲ ਐਂਡ ਜੁਡੀਸੀਅਲ ਰਿਕਾਰਡਸ) ਅੰਡਰ ਦ ਡੇਸੀਗਨੇਸ਼ਨ L/P & J/5/249. ਲੰਡਨ: ਬ੍ਰਿਟਿਸ਼ ਲਾਇਬ੍ਰੇਰੀ.

ਅਖ਼ਬਾਰ

ਦੀ ਪਾਕਿਸਤਾਨ ਟਾਇਮਸ, ਲਾਹੌਰ, 10 ਮਾਰਚ 1947

ਇੰਟਰਵਿਊ

ਭੀਸ਼ਮ ਸਾਹਨੀ, ਦਿੱਲੀ, 23 ਅਕਤੂਬਰ 2001

ਅਬਦੁਲਾ ਮਲਿਕ, ਲਾਹੌਰ, 9 ਅਕਤੂਬਰ 2001

ਅਜ਼ੀਜ਼ ਮਜ਼ਹਰ, ਲੰਡਨ / ਲਾਹੌਰ, 18-19 ਮਈ 2002

ਅਮਰ ਸਿੰਘ, ਦਿੱਲੀ, 15 ਮਾਰਚ 2004

ਮਦਨਲਾਲ ਸਿੰਘ, ਦਿੱਲੀ, 15 ਮਾਰਚ 2004

ਹੁਕੁਮ ਕੁਰੇਸ਼ੀ, ਲਾਹੌਰ 30 ਅਕਤੂਬਰ 2005

ਸਈਦ ਅਹਿਮਦ ਸਈਦ ਕਿਰਮਾਨੀ, ਲਾਹੌਰ, 31 ਅਕਤੂਬਰ 2005

ਚੌਧਰੀ ਨਜ਼ੀਰ ਅਹਿਮਦ ਵਿਰਕ, ਸ਼ੇਖੁਪੁਰਾ, 30 ਦਸੰਬਰ 2005

5

ਡਾਇਰੇਕਟ ਐਕਸ਼ਨ(ਸਿੱਧੀ ਕਾਰਵਾਈ)
24 ਜਨਵਰੀ-26 ਫਰਵਰੀ 1947

ਪੰਜਾਬ ਦੇ ਪ੍ਰੀਮੀਅਰ ਸਰ ਖ਼ਿਜ਼ਰ ਹਯਾਤ ਖ਼ਾਨ ਟਿਵਾਣਾ, ਆਪਣੀ ਹਕੂਮਤ ਨੂੰ ਮੁਸਲਿਮ ਲੀਗ ਦੀ ਚੁਨੌਤੀ ਦਾ ਸਖ਼ਤੀ ਨਾਲ ਸਾਹਮਣਾ ਕਰਣ ਤੇ ਝਿਜਕਦੇ ਸੀ ਅਤੇ ਗਵਰਨਰ ਜੇਨਕੀਨਸ ਨੇ ਉਸ ਦੇ ਰਵੱਇਏ ਨੂੰ ਨਾਫ਼ੈਸਲਾਕੁਨ ਅਤੇ ਸੁਸਤ ਦੱਸਿਆ, ਪਰ ਜਨਵਰੀ 1947 ਨੂੰ, ਉਸ ਦੀ ਸਰਕਾਰ ਨੂੰ ਗਿਰਾ ਦੇਣ ਦੀ ਮੁਸਲਿਮ ਲੀਗ ਦੀ ਅੱਟਲ ਧਮਕਿਆਂ ਨੇ ਉਸ ਦੀ ਸੋਚ ਵਿੱਚ ਇੱਕ ਨਾਟਕੀ ਤਬਦੀਲੀ ਲਾਈ. ਉਸ ਨੇ ਵਧਦੇ ਹੋਏ ਵਿਦਰੋਹ ਉਪਰ ਕਾਰਵਾਈ ਕਰਣ ਦਾ ਫ਼ੈਸਲਾ ਕੀਤਾ, ਕਿਉਂਕਿ ਇਹ ਸਿਣਆ ਜਾ ਰਿਹਾ ਸੀ ਕਿ ਸਿਆਸਤੀ ਪਾਰਟੀਆਂ ਦੇ ਹੁਕਮ ਦੇ ਚਲਦੇ, ਨਿੱਜੀ ਫ਼ੌਜ਼ਾਂ, ਹਥਿਆਰ ਇਕੱਠੇ ਕਰ ਰਹੀਆਂ ਸੀ. ਦੂਜੀ ਤਰਫ਼, ਪਾਰਲਿਆਮੇਂਟਰੀ ਤੌਰ ਤੇ ਕੁੱਝ ਨਹੀਂ ਹੋਇਆ ਸੀ ਜੋ ਇਸ਼ਾਰਾ ਕਰਦਾ ਕਿ ਮੁਸਲਿਮ ਲੀਗ ਨੇ ਕੋਈ ਮਜਾਰਿਟੀ ਹਾਸਲ ਕਰ ਲੀਤੀ ਸੀ, ਜਾਂ ਨਿਰਦਲੀ ਸਦੱਸ ਆਪਣੀ ਤਰਫ਼ ਕਰ ਲੀਤੇ ਸੀ, ਜਾਂ ਲੀਗ ਨੂੰ ਕੋਈ ਸਹਿਯੋਗੀ ਮਿਲ ਗਿਆ ਸੀ, ਜੋ ਇਸ ਨੂੰ ਮਜਾਰਿਟੀ ਹਾਸਲ ਕਰਾ ਦੇਂਦਾ. ਲੀਗ ਦੀਆਂ ਦਸੰਬਰ ਜਾਂ ਜਨਵਰੀ ਦੀ ਕਿਸੇ ਵੀ ਮਕਬੂਲ ਹਰਕਤਾਂ ਤੋਂ ਇਹ ਪਤਾ ਨਹੀਂ ਚਲਿਆ ਕਿ ਇਹ ਸਿੱਧੀ ਕਾਰਵਾਈ ਕਰਣ ਦਾ ਹੁਕਮ ਦੇਗੀ, ਜੋ ਉਹ ਪੰਜਾਬ ਸਰਕਾਰ ਨੂੰ ਤੋੜਣ ਲਈ, ਕਈ ਮਹੀਨੇ ਤੋਂ ਸ਼ੁਰੂ ਕਰਣ ਦੀ ਧਮਕੀ ਦੇ ਰਹੀ ਸੀ. ਤਾਂ ਵੀ, ਇਹ ਮੁਮਕਿਨ ਹੈ ਕਿ ਐਨ.ਡਬਲੁ,ਐਫ.ਪੀ. ਦੇ ਹਜ਼ਾਰਾ ਜ਼ਿਲ੍ਹੇ ਤੇ ਹੋਏ ਦੰਗਿਆਂ ਦੇ ਬਾਅਦ, ਖ਼ਿਜ਼ਰ ਨੇ ਸੋਚਿਆ ਕਿ ਪੰਜਾਬ ਵੀ ਉਸੇ ਦਿਸ਼ਾ ਤੇ ਜਾ ਰਹਾ ਹੈ. ਇਸ ਕਰ ਕੇ, ਇਸ ਤੋਂ ਪਹਿਲਾਂ ਕਿ ਕੁੱਝ ਗੰਭੀਰ ਹਾਲਾਤ ਪੈਦਾ ਹੁੰਦੇ, ਉਸ ਨੇ ਕਾਰਵਾਈ ਕਰਣ ਦਾ ਫ਼ੈਸਲਾ ਕੀਤਾ (Moon, 1998: 75).

24 ਜਨਵਰੀ 1947 ਨੂੰ ਸਰਕਾਰ ਨੇ ਇੱਕ ਹੁਕਮ ਜਾਰੀ ਕਰ ਕੇ ਮੁਸਲਿਮ ਲੀਗ ਨੈਸ਼ਨਲ ਗਾਰਡਸ ਅਤੇ ਆਰ.ਐਸ.ਐਸ. ਉਪਰ ਪਾਬੰਦੀ ਲਗਾ ਦਿੱਤੀ. ਇੱਕ ਪੁਲਿਸ ਦਾ ਦਸਤਾ ਮੁਸਲਿਮ ਲੀਗ ਨੈਸ਼ਨਲ ਗਾਰਡਸ ਦੇ ਲਾਹੌਰ ਸਥਿਤ ਮੁੱਖ ਦਫ਼ਤਰ ਤੇ, ਤਲਾਸ਼ੀ ਦੇ ਵਾਰੰਟ ਲੈ ਕੇ ਆਇਆ. ਉਥੇ ਮੌਜੂਦ ਆਗੂ ਚਾਬਿਆਂ ਦੇਣ ਹੀ ਵਾਲੇ ਸੀ, ਜਦ ਮਿਆਂ ਇਫ਼ਤਿਖ਼ਾਰੁਦੀਨ ਆ ਪਹੁੰਚੇ ਅਤੇ ਦਰਵਾਜ਼ੇ ਦੇ ਸਾਹਮਣੇ ਖੜ੍ਹੇ ਹੋ ਗਏ ਹੋਰ ਪੁਲਿਸ ਨੂੰ ਅੰਦਰ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ. ਦੂਜੇ ਆਗੂ ਵੀ ਆ ਪਹੁੰਚੇ ਅਤੇ ਪੁਲਿਸ ਨੂੰ ਰੋਕਿਆ (ਨਵਾਬ ਮਮਦੋਤ, ਸਰ ਫ਼ੀਰੋਜ਼ ਖ਼ਾਨ ਨੂਨ, ਸਈਦ ਅਮੀਰ ਹੁਸੈਨ ਸ਼ਾਹ, ਬੇਗਮ ਸ਼ਾਹਨਵਾਜ਼, ਸ਼ੌਕਤ ਹਯਾਤ ਖਾਨ ਅਤੇ ਮਿਆਂ ਮੁਮਤਾਜ਼ ਦੌਲਤਾਨਾ). ਉਨ੍ਹਾਂ ਨੂੰ ਗਰਿਫ਼ਤਾਰ ਕਰ ਲੀਤਾ ਗਿਆ (Carter, 2006: 328). ਨੈਸ਼ਨਲ ਗਾਰਡਸ ਦੇ ਮੁੱਖ ਦਫ਼ਤਰ ਤੇ ਪੁਲਿਸ ਨੂੰ 1,000 ਸਟੀਲ ਦੀ ਹੇਲਮੇਟਾਂ ਮਿਲਿਆਂ. ਪੰਜਾਬ ਦੇ ਸਚਿਵ ਗਰਿਫ਼ਤਾਰ ਹੋਏ ਰਹਨੁਮਾਵਾਂ ਨੂੰ ਸਿਵਿਲ ਲਾਇਨਸ ਸਥਿਤ ਪੁਲਿਸ ਸਟੇਸ਼ਨ ਤੇ ਮਿਲੇ ਅਤੇ ਉਨ੍ਹਾਂ

ਨੂੰ 'ਕੈੜੇ ਅਤੇ ਨਾਰਾਜ਼, ਅਤੇ ਕਿਸੇ ਵੀ ਕੀਮਤ ਤੇ ਖ਼ਿਜ਼ਰ ਦੀ ਸਰਕਾਰ ਦੀ ਪਲਟੀ ਕਰਣ ਲਈ ਤਹਸ਼ੁਦਾ' ਪਾਇਆ (Ibid.).

ਮੁਸਲਿਮ ਲੀਗ ਦੇ ਰਹਨੁਮਾਵਾਂ ਦੀ ਗਰਿਫ਼ਤਾਰੀ ਨੇ ਖੁਦ-ਬਖੁਦ ਸਾਰੇ ਸੂਬੇ ਵਿੱਚ ਇੱਕ ਜਨਤਕ ਸਿਵਿਲ ਨਾਫ਼ਰਮਾਨੀ ਤੇਹਰੀਕ ਦਾ ਆਘਾਜ਼ ਕੀਤਾ. ਸਿੱਧੀ ਕਾਰਵਾਈ ਹੁਣ ਇੱਕ ਹਕੀਕਤ ਸੀ. ਹਕੂਮਤ ਨੇ ਸਾਰੇ ਅਖ਼ਬਾਰਾਂ ਦੇ ਜਲੂਸਾਂ ਅਤੇ ਰੋਸ਼ਾਂ ਦੀ ਰਿਪੋਰਟਾਂ ਦੇ ਉਪਰ ਪਾਬੰਦੀ ਲਗਾ ਕੇ ਇਸ ਦਾ ਜਵਾਬ ਦਿੱਤਾ. ਵਿਰੋਧਾਂ ਨੂੰ ਠੰਡਾ ਕਰਣ ਲਈ, ਸਰਕਾਰ ਕੋਲ ਪਹਿਲਾਂ ਤੋਂ ਹੀ ਕ੍ਰਿਮਿਨਲ ਪ੍ਰੋਸਿਡਯੋਰ ਕੋਡ ਅਤੇ ਪੰਜਾਬ ਪਬਲਿਕ ਸੇਫਟੀ ਔਰਡਿਨੇਂਸ ਮੌਜੂਦ ਸੀ, ਮਗਰ ਆਉਣ ਵਾਲੇ ਦਿਨਾਂ ਅਤੇ ਹਫ਼ਤਿਆਂ ਤੇ ਇਹ ਕਦਮ, ਇਸ ਤੇਹਰੀਕ ਨੂੰ ਰੋਕਣ ਲਈ ਬੇਅਸਰ ਸਾਬਤ ਹੋਣ ਵਾਲੇ ਸੀ. ਸੂਬੇ ਦੀ ਰਾਜਧਾਨੀ ਲਾਹੌਰ, ਮੁਸਲਿਮ ਲੀਗ ਦੀ ਸਰਗਰਮੀਆਂ ਦਾ ਮਰਕਜ਼ੀ ਇਲਾਕਾ ਬਣ ਗਿਆ. ਸ਼ਹਿਰ ਦੇ ਮੁਖ਼ਤਲਿਫ਼ ਇਲਾਕਿਆਂ ਤੇ ਜਲੂਸ ਨਿਕਲਣ ਲਗੇ ਅਤੇ ਹਰਤਾਲਾਂ ਹੋਣ ਲਗਿਆਂ. ਉਸੇ ਦਿਨ, ਇਸਲਾਮਿਆ ਕੱਲੇਜ ਜੋ ਮੁਸਲਿਮ ਲੀਗ ਦਾ ਗੜ ਸੀ, ਉਸ ਦੇ ਮੁਸਲਿਮ ਸ਼ਾਗਿਰਦ, ਅਨਾਰਕਲੀ ਦੇ ਨਜਦੀਕ ਨੀਲਾ ਗੁੰਬਦ ਤੇ ਗਰਿਫ਼ਤਾਰ ਹੋਏ, ਜਦ ਉਨ੍ਹਾਂ ਨੇ ਇੱਕ ਜਲੂਸ ਦੀ ਅਗਵਾਈ ਕਰਣ ਦੀ ਕੋਸ਼ਿਸ਼ ਕੀਤੀ. (ਅਜ਼ੀਜ਼ ਮਜ਼ਹਰ ਅਤੇ ਹੁਕੁਮ ਕੁਰੇਸ਼ੀ ਦੇ ਇੰਟਰਵਿਊ). ਰਾਜਾ ਘਜ਼ਨਫ਼ਰ ਅਲੀ ਖ਼ਾਨ, ਜੋ ਦਿੱਲੀ ਦੀ ਆਰਜ਼ੀ ਸਰਕਾਰ ਦੇ ਸਦੱਸ ਸਨ, ਬੰਦਿਆਂ ਨੂੰ ਮਿਲੇ ਅਤੇ ਬਾਅਦ ਵਿੱਚ ਕਿਹਾ ਕਿ ਕੈਦ ਦਾ ਮਾਹੌਲ ਇੱਕ ਪਿਕਨਿਕ ਵਰਗਾ ਸੀ! ਆਰਜ਼ੀ ਸਰਕਾਰ ਦੇ ਹੋਰ ਇੱਕ ਸਦੱਸ ਸਰਦਾਰ ਅਬਦੁਲ ਰੱਬ ਨਿਸ਼ਤਰ, ਨੇ ਇੱਕ ਬਿਆਨ ਜਾਰੀ ਕੀਤਾ: 'ਇਹ, ਮੁਸਲਿਮ ਲੀਗ ਦੇ ਸੰਗਠਨ ਨੂੰ ਖ਼ਤਮ ਕਰਣ ਦੀ ਪੰਜਾਬ ਦੀ ਹਕੂਮਤ ਦੀ ਇੱਕ ਹੋਰ ਕੋਸ਼ਿਸ਼ ਹੈ, ਪਰ ਮੈਂ ਉਨ੍ਹਾਂ ਨੂੰ ਦੱਸਣਾ ਹਾਂ ਕਿ, ਖ਼ੁਦਾ ਦੀ ਮਿਹਰ ਨਾਲ, ਉਹ ਕਾਮਯਾਬ ਨਹੀਂ ਹੋਣਗੇ. ਮੁਸਲਿਮ ਇੰਡੀਆ ਇਸ ਨੂੰ ਕਦੀ ਬਰਦਾਸ਼ਤ ਨਹੀਂ ਕਰੇਗਾ' (Dawn, 26 January 1947). ਪੰਜਾਬ ਮੁਸਲਿਮ ਲੀਗ ਦੇ ਕਾਰਜਕਾਰੀ ਪ੍ਰਮੁਖ, ਸ਼ੇਖ਼ ਸਾਦਿਕ ਹਸਨ ਨੇ ਅਮਰੀਕਾ ਦੀ ਐਸੋਸਿਏਟੇਡ ਪ੍ਰੈਸ ਨੂੰ ਕਿਹਾ ਕਿ ਇਹ ਜਦੋਜਹਿਦ ਗੈਰ-ਤਸ਼ੱਦਦੀ ਅਤੇ ਗੈਰ-ਫ਼ਿਰਕੂ ਸੀ. ਉਸ ਨੇ ਦਾਵਾ ਕੀਤਾ ਕਿ ਉਸ ਨੂੰ ਜ਼ਰੂਰਤ ਦੇ ਮੁਤਾਬਕ, ਕਦੇ ਵੀ ਧਾਰਾ 144 ਤੋੜਣ ਦਾ ਹੁਕੁਮ ਉਸ ਦੇ ਰਹਨੁਮਾਵਾਂ ਨੇ ਦੇ ਦਿੱਤਾ ਹੈ: 'ਅਗਰ ਲੋਕਾਂ ਨੂੰ ਗੋਲੀ ਵੀ ਲਗ ਜਾਂਦੀ ਹੈ ਤਾਂ ਵੀ ਉਹ ਪਿੱਛੇ ਨਹੀਂ ਹਟਣਗੇ' (Ibid.).

ਦੂਜੇ ਪਾਸੇ, ਸਰਕਾਰ ਨੂੰ ਡਰ ਸੀ ਕਿ ਪ੍ਰਮੁਖ ਸਿਆਸਤਦਾਨਾਂ ਦੇ ਘਰਾਂ ਵਿੱਚ ਹਥਿਆਰ ਰੱਖੇ ਜਾ ਰਹੇ ਸਨ. ਇਸ ਕਰ ਕੇ, ਉਸੇ ਦਿਨ, ਪੁਲਿਸ ਨੇ ਪੰਜਾਬ ਮੁਸਲਿਮ ਲੀਗ ਨੈਸ਼ਨਲ ਗਾਰਡਸ ਦੇ ਸਲਾਰੇ-ਸੂਬਾ ਸਈਦ ਅਮੀਰ ਹੁਸੈਨ ਸ਼ਾਹ ਦੇ ਬਰਡਵੁਡ ਰੋਡ ਤੇ ਸ਼ਥਿਤ ਘਰ ਨੂੰ ਘੇਰ ਲੀਤਾ. ਉਹ ਘਰ ਦੀ ਤਲਾਸ਼ੀ ਲੈਣਾ ਚਾਹੁੰਦੇ ਸੀ. ਪੰਜਾਬ ਮੁਸਲਿਮ ਲੀਗ ਵੀਮੇਨਸ ਕਮੇਟੀ ਦੀਆਂ ਮਹਿਲਾ ਸਦੱਸ ਜੈਦਾਂ ਕਿ ਬਜੁਰਗ ਲੇਡੀ ਸ਼ਫ਼ੀ, ਫ਼ਾਤਿਮਾ ਬੇਗਮ, ਲੇਡੀ ਜ਼ੁਲਫ਼ਿਕਾਰ ਅਲੀ ਅਤੇ ਬੇਗਮ ਕਮਾਲੂਦੀਨ ਅੰਦਰ ਬੇਗਮ ਨਸੀਮ ਅਮੀਰ ਹੁਸੈਨ ਸ਼ਾਹ ਨਾਲ ਮੌਜੂਦ ਸਨ (Dawn, 26 January 1947). ਉਨ੍ਹਾਂ ਨੇ ਇਜਾਜ਼ਤ ਨਹੀਂ ਦਿੱਤੀ. ਲੰਬੇ ਇੰਟਰਵਿਊ ਦੁਆਰਾ ਬੇਗਮ ਨਸੀਮ ਅਮੀਰ ਹੁਸੈਨ ਸ਼ਾਹ ਅਤੇ ਰਾਜਾ ਤਜੱਮੁਲ ਹੁਸੈਨ, ਜੋ ਦੂਜੇ ਸ਼ਾਗਿਰਦਾਂ ਨਾਲ ਬਾਹਰ ਖੜੇ ਸੀ, ਮੈਨੂੰ ਦੱਸਿਆ ਕਿ ਉਣ ਖ਼ਵਾਤੀਨਾਂ ਨੇ ਕਈ ਘੰਟੇ ਤੱਕ ਪੁਲਿਸ ਨੂੰ ਰੋਕ ਕੇ ਰੱਖਿਆ ਪਰ ਅਖੀਰ ਤੇ ਉਨ੍ਹਾਂ ਨੂੰ ਮੁਸਲਿਮ ਲੀਗ ਦੇ ਕਾਰਜਕਾਰੀ ਪ੍ਰਮੁਖ, ਸ਼ੇਖ ਸਾਦਿਕ ਹਸਨ ਨੇ, ਪੁਲਿਸ ਨੂੰ ਅੰਦਰ ਆਉਣ ਦੇਣ

ਲਈ ਰਾਜ਼ੀ ਕਰ ਲੀਤਾ. ਇਸ ਵਿੱਚ, ਕੁੱਝ ਹਥਿਆਰਾਂ ਨੂੰ ਇੱਕ ਕਪੜੇ ਤੇ ਸਮੇਟ ਕੇ ਪਿਛਲੇ ਦਰਵਾਜ਼ੇ ਤੋਂ ਬਾਹਰ ਭੇਜ ਦਿੱਤਾ. ਤਜੱਮੁਲ ਹੁਸੈਨ ਅਤੇ ਹੋਰ ਇੱਕ ਸ਼ਾਗਿਰਦ ਗਰਿਫ਼ਤਾਰ ਹੋਏ.

ਉਸੇ ਦਿਨ ਰਾਵਲਪਿੰਡੀ, ਜਲੰਧਰ, ਲਾਇਲਪੁਰ, ਫ਼ੀਰੋਜ਼ਪੁਰ, ਸ਼ਿਮਲਾ ਅਤੇ ਰੋਹਤਕ ਤੇ ਨੈਸ਼ਨਲ ਗਾਰਡਸ ਅਤੇ ਆਰ.ਐਸ.ਐਸ. ਦੇ ਰਹਨੁਮਾਵਾਂ ਦੇ ਦਫ਼ਤਰਾਂ ਅਤੇ ਘਰਾਂ ਤੇ ਛਾਪੇ ਮਾਰੇ ਗਏ ਮਗਰ ਇਲਜ਼ਾਮ ਲਗਾਉਣ ਲਾਇਕ ਚੀਜ ਨਾ ਮਿਲੀ. ਅੱਮ੍ਰਿਤਸਰ ਤੇ ਮੁਸਲਿਮ ਲੀਗ ਦੇ ਦਫ਼ਤਰ ਤੋਂ ਭੜਕਾਉ ਸਾਹਿਤ ਅਤੇ ਕੁੱਝ ਛੁਰੇ ਅਤੇ ਵਰਦੀਆਂ ਬਰਾਮਦ ਕੀਤੇ ਗਏ. ਲੁਧਿਆਣਾ ਤੇ ਵੀ ਕੁੱਝ ਇਤਰਾਜ਼ਯੋਗ ਛਪੀ ਸਮਗਰੀ ਜ਼ਬਤ ਕੀਤੀ ਗਈ (Dawn, 26 January 1947). ਸਾਰੇ ਸੂਬੇ ਤੇ ਵਿਰੋਧ ਅਤੇ ਪ੍ਰਦਰਸ਼ਨ ਹੁੰਦੇ ਰਹੇ. ਜਲੰਧਰ ਤੇ ਮੁਸਲਿਮ ਸ਼ਾਗੀਰਦ, ਜਲੂਸ ਦੀ ਪਾਬੰਦੀ ਦੇ ਬਾਵਜੂਦ, ਇਸ ਨੂੰ ਨਿਕਾਲਣ ਅਤੇ ਲਾਊਡਸਪੀਕਰ ਦੇ ਇਸਤੇਮਾਲ ਕਰਣ ਦੇ ਇਲਜ਼ਾਮ ਵਿੱਚ ਗਰਿਫ਼ਤਾਰ ਹੋਏ (ਇੰਟਰਵਿਊ ਮਲਿਕ ਅਬਦੁਲ ਅਹਦ). ਮੁਲਤਾਨ ਤੇ, ਮੁਸਲਿਮ ਵਿਦਿਆਰਥਿਆਂ ਨੇ ਆਪਣੇ ਆਗੂਵਾਂ ਨੂੰ ਰਿਹਾ ਕਰਣ ਦੀ ਮੰਗ ਲੈ ਕੇ, ਪਰਦਰਸ਼ਨ ਕੀਤਾ ਅਤੇ ਦੁਕਾਨਾਂ ਬੰਦ ਰਹਿਆਂ. ਇਸੇ ਤਰ੍ਹਾਂ, ਫ਼ਿਰੋਜ਼ਪੁਰ ਤੇ ਮੁਸਲਮਾਨਾਂ ਨੇ ਹੜਤਾਲ ਦਾ ਪਾਲਨ ਕੀਤਾ. ਨਵਾਬਜ਼ਾਦਾ ਲਿਆਕਤ ਅਲੀ ਖ਼ਾਨ, ਆਰਜ਼ੀ ਸਰਕਾਰ ਦੇ ਇੱਕ ਸਦੱਸ, ਨੇ ਇੱਕ ਬਿਆਨ ਦਿੱਤਾ ਕਿ ਨੈਸ਼ਨਲ ਗਾਰਡ ਨੂੰ ਇੱਕ ਨਿੱਜੀ ਫ਼ੌਜ਼ ਕਹਿਣ ਵਾਲਾ ਕੋਈ ਵੀ ਵੇਰਵਾ ਬੇਹੂਦਾ ਹੈ ਅਤੇ ਆਰ.ਐਸ.ਐਸ. ਨਾਲ ਤੁਲਨਾ ਬਿਲਕੁਲ ਨਾਜਾਇਜ਼ ਹੈ (Dawn, 27 January; interviews Malik Abdullah, Khurshid Abbas Gardezi).

ਕਰਾਚੀ ਵਿੱਚ ਜਿਨਾਹ ਨੇ ਇਸ ਪਾਬੰਦੀ ਦੀ ਇੱਕ ਜਬਰਦਸਤ ਨਿੰਦਾ ਕੀਤੀ ਅਤੇ ਲਿਆਕਤ ਅਲੀ ਖ਼ਾਨ ਦੀ ਦਲੀਲ ਦਾ ਸਮਰਥਨ ਕੀਤਾ. ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਇਸ ਤਰ੍ਹਾਂ ਦੀ ਕਲਹ ਪੈਦਾ ਕਰਣ ਵਾਲੀ ਅਤੇ ਨਾਜਾਇਜ਼ ਕਾਰਵਾਈ ਦੇ ਅੰਜ਼ਾਮ, 'ਸਮੁੱਚੇ ਮੁਸਲਿਮ ਇੰਡੀਆ ਤੇ ਭਿਆਨਕ ਹੋਣਗੇ ਅਤੇ ਮੈਂ ਵਾਇਸਰਾਏ ਨੂੰ ਅਪੀਲ ਕਰਦਾ ਹਾਂ ਕਿ ਉਹ ਦਖ਼ਲ ਦੇਣ ਅਤੇ ਹਾਲਾਤ ਨੂੰ ਕਾਬੂ ਵਿੱਚ ਲਾਉਣ, ਨਹੀਂ ਤੇ, ਹਾਲਾਤ ਇੱਕ ਗੰਭੀਰ ਕਰਵਟ ਲੈ ਸਕਦੇ ਨੇ, ਅਤੇ ਇਸ ਦੀ ਪੂਰੀ ਜ਼ਿਮੇਵਾਰੀ ਵਾਇਸਰਾਏ ਅਤੇ ਹਰ ਮੇਜੇਸਟੀਸ ਸਰਵਿਸ ਦੀ ਹੋਵੇਗੀ' (Dawn, 28 January). ਬੇਸ਼ੱਕ, ਇੱਕ ਸੁਨੇਹਾ ਪੰਜਾਬ ਦੇ ਪ੍ਰੀਮੀਅਰ ਦੇ ਨਾਲ ਦਰਜ ਕੀਤਾ ਗਿਆ ਸੀ, ਜਿਸ ਨੇ 26 ਫਰਵਰੀ 1947 ਨੂੰ ਰਹਨੁਮਾਵਾਂ ਦੀ ਰਿਹਾਈ ਦੇ ਹੁਕਮ ਦੇ ਦਿੱਤੇ. ਪਰ, ਉਨ੍ਹਾਂ ਨੇ ਲਾਹੌਰ ਸੇਂਟ੍ਰਲ ਜੇਲ੍ਹ ਛੱਢਣ ਨੂੰ ਇਨਕਾਰ ਕਰ ਦਿੱਤਾ, ਜਦ ਤੱਕ ਉਸ ਮੁਹਿੱਮ ਦੇ ਦੌਰਾਨ ਗਰਿਫ਼ਤਾਰ ਹੋਏ ਦੂਜੇ ਲੋਕਾਂ ਨੂੰ ਵੀ ਨਹੀਂ ਰਿਹਾ ਕੀਤਾ ਜਾਂਦਾ ਸੀ. ਸਰਕਾਰ ਨੇ ਲੱਗਭਗ ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਸੁੱਟਿਆ. ਮਮਦੋਤ ਨੇ ਕਿਹਾ ਕਿ ਮੁਸਲਿਮ ਲੀਗ ਤਦ ਤੱਕ ਚੈਣ ਨਾਲ ਨਹੀਂ ਬੈਠੇਗੀ ਜਦ ਤੱਕ ਨੈਸ਼ਨਲ ਗਾਰਡਸ ਉਪਰ ਲਗੀ ਪਾਬੰਦੀ ਨੂੰ ਬਗੈਰ ਕਿਸੇ ਸ਼ਰਤ ਵਾਪਸ ਲੀਤਾ ਜਾਂਦਾ ਹੈ (Ibid.). ਮਹਿਲਾ ਆਗੂ ਵੀ ਰਿਹਾ ਕੀਤੇ ਗਏ ਮਗਰ ਉਨ੍ਹਾਂ ਨੇ ਵੀ ਵਿਰੋਧ ਕੀਤਾ ਕਿ ਦੂਜੇ ਸਾਰੇ ਲੋਕਾਂ ਨੂੰ ਰਿਹਾ ਕੀਤਾ ਜਾਵੇ. ਇਹ ਸਾਫ ਸੀ ਕਿ ਮੁਸਲਿਮ ਲੀਗ ਦਾ, ਬਗੈਰ ਕੋਈ ਵੱਡੀ ਕਾਮਯਾਬੀ ਹਾਸਲ ਕੀਤੇ, ਅੰਦੋਲਨ ਬੰਦ ਕਰਣ ਦਾ ਕੋਈ ਇਰਾਦਾ ਨਹੀਂ ਸੀ.

ਇਸ ਦੇ ਬਾਅਦ, 27-28 ਜਨਵਰੀ ਦੀ ਅੱਧੀ ਰਾਤ ਨੂੰ, ਮੁਸਲਿਮ ਲੀਗ ਦੇ ਵੱਡੇ ਰਹਨੁਮਾਵਾਂ ਨੂੰ ਦੋਬਾਰਾ ਗਰਿਫ਼ਤਾਰ ਕੀਤਾ ਗਿਆ. 28 ਜਨਵਰੀ ਨੂੰ ਨੈਸ਼ਨਲ ਗਾਰਡਸ ਉਪਰ ਪਾਬੰਦੀ ਹਟਾ ਲੀਤੀ ਗਈ. ਪਰ, ਮੁਸਲਿਮ ਲੀਗ ਦੀ ਐਕਸ਼ਨ ਕਮੇਟੀ ਨੇ 'ਪੰਜਾਬ ਦੀ ਪਿਛਾਖੜ ਹਕੂਮਤ ਦੇ ਖ਼ਿਲਾਫ ਗੈਰ-ਤਸ਼ੱਦਦੀ

ਅਵਾਮੀ ਜਦੋਜਹਿਦ' ਚਾਲੂ ਰੱਖਣ ਦਾ ਫ਼ੈਸਲਾ ਕੀਤਾ (Dawn, 30 January). ਹੋਰ ਲੋਕ ਗਰਿਫ਼ਤਾਰ ਹੋਣ ਲਈ ਆਪਣੀ ਪੇਸ਼ਕਸ਼ ਕਰਣ ਲਗੇ. ਫ਼ੀਰੋਜ਼ ਖ਼ਾਨ ਨੂਨ ਦੀ ਆਸਟ੍ਰੀਆਈ ਪਤਨੀ ਔਰਤਾਂ ਦੇ ਇੱਕ ਜਲੂਸ ਦੀ ਅਗਵਾਈ ਕਰਦੀ ਗਰਿਫ਼ਤਾਰ ਹੋ ਗਈ. ਪੰਜਾਬ ਦੇ ਗਵਰਨਰ ਸਰ ਇਵਨ ਜੇਨਕੀਨਸ ਨੇ 28 ਜਨਵਰੀ ਦੀ ਤਾਰ ਨਾਲ ਤਫ਼ਸੀਲੀ ਕੀਤੀ ਕਿ ਸਿਰਫ਼ ਮੁਸਲਿਮ ਲੀਗ ਨੈਸ਼ਨਲ ਗਾਰਡਸ ਅਤੇ ਆਰ.ਐਸ.ਐਸ. ਉਪਰ ਕਿਉਂ ਪਾਬੰਦੀ ਲਾਈ ਗਈ ਹੈ:

> ਕਾਂਗਰੇਸ ਦੇ ਰਜ਼ਾਕਾਰਾਂ ਦਾ ਪੰਜਾਬ ਤੇ ਕੋਈ ਸ਼ੰਗਠਤ ਵਜੂਦ ਨਹੀਂ ਹੈ ਅਤੇ ਪਾਬੰਦੀ ਲਗਾਣਾ ਠੀਕ ਨਹੀਂ ਹੈ...ਅਕਾਲੀ ਜੱਥੇ ਕਈ ਸਾਲਾਂ ਤੋਂ ਮੌਜੂਦ ਨੇ ਪਰ, ਉਹ ਉੱਚੇਚਾ ਤਿਆਰ ਹੁੰਦੇ ਨੇ ਅਤੇ ਹੁਣ ਹਰਕਤ ਵਿੱਚ ਨਹੀਂ ਨੇ. ਪਾਬੰਦੀ ਲਗਾਉਣ ਦਾ ਮਕਸਦ, ਇੱਕ ਸ਼ਾਥ ਦੋ ਸਰਗਰਮ ਫ਼ਿਰਕੂ ਨਿੱਜੀ ਫ਼ੌਜ਼ਾਂ ਨਾਲ ਨਿਬਟਨਾ ਸੀ (Carter, 2006: 331).

ਉਸ ਵਕਤ ਤਕ, ਪੰਜਾਬ ਇੰਤਜ਼ਾਮਿਆ ਦੇ ਮੁਤਾਬਕ, ਸਿਰਫ਼ ਦੋ 'ਨਿੱਜੀ ਫ਼ੌਜ਼ਾਂ' ਇਸ ਹਦ ਤੱਕ ਤਿਆਰ ਸੀ ਕਿ ਉਨ੍ਹਾਂ ਦੀ ਗਰਿਫ਼ਤਾਰੀ ਨੂੰ ਅਹਿਮ ਸਮਝਿਆ ਗਿਆ ਤਾਂਕਿ ਕਿਸੇ ਵੀ ਫ਼ਿਰਕੂ ਮੁਸੀਬਤ ਨੂੰ ਰੋਕਿਆ ਜਾ ਸਕੇ. ਫਿਰ ਵੀ, ਪੂਰਬੀ ਸ਼ਹਿਰ ਲੁਧਿਆਣਾ ਵਿੱਚ ਹੜਤਾਲਾਂ ਅਤੇ ਜਲੂਸ ਜਾਰੀ ਰਹੇ ਜਿੱਥੇ ਕਰੀਬ 1,000 ਔਰਤਾਂ ਨੇ ਬੁਰਕਾ ਪਹਿਣ ਕੇ ਜਲੂਸ ਤੇ ਹਿੱਸਾ ਲੀਤਾ. ਅੱਮ੍ਰਿਤਸਰ ਦੇ ਐਸ.ਐਸ.ਪੀ, ਐਸ.ਐਫ.ਰੌਬਿਨਸਨ 28 ਜਨਵਰੀ, ਮੰਗਲਵਾਰ ਨੂੰ ਮੁਸਲਿਮ ਲੀਗ ਦੇ ਇੱਕ ਜਲੂਸ ਨੂੰ ਕਾਬੂ ਕਰਣ ਦੇ ਦੌਰਾਨ, ਬੁਰੀ ਤਰ੍ਹਾਂ ਜ਼ਖ਼ਮੀ ਜੋ ਗਏ, ਜਦ ਇੱਕ ਅੰਦੋਲਨਕਾਰੀ ਨੇ ਉਸ ਦੇ ਉਪਰ ਝੰਡੇ ਦੇ ਡੰਡੇ ਨਾਲ ਹਮਲਾ ਕਰ ਦਿੱਤਾ (Carter, 2006: 334; Dawn, 30 January). ਇਸ ਵਾਰਦਾਤ ਦੇ ਬਾਅਦ ਅੱਮ੍ਰਿਤਸਰ ਤੇ ਕਈ ਗਰਿਫ਼ਤਾਰਿਆਂ ਹੋਇਆਂ. ਰਾਵਲਪਿੰਡੀ ਤੇ ਵੀ, ਕੁੱਝ ਸਥਾਨਕ ਆਗੂਵਾਂ ਨੂੰ ਗਰਿਫ਼ਤਾਰ ਕੀਤਾ ਗਿਆ ਅਤੇ ਫ਼ੀਰੋਜ਼ਪੁਰ ਤੇ 57 ਮੁਸਲਿਮ ਲੀਗ ਦੇ ਲੋਕ ਗਰਿਫ਼ਤਾਰ ਹੋਏ.

ਇੱਕ ਗੱਲ ਹੁਣ ਸਾਫ ਸੀ ਕਿ ਮੁਸਲਿਮ ਲੀਗ ਨੇ ਖ਼ਿਜ਼ਰ ਦੀ ਵਜ਼ਾਰਤ ਨੂੰ ਡੇਗਣ ਦਾ ਫ਼ੈਸਲਾ ਕਰ ਲੀਤਾ ਸੀ. 30 ਜਨਵਰੀ 1947 ਨੂੰ ਮੋਚੀ ਗੇਟ, ਜੋ ਲਾਹੌਰ ਤੇ ਇਕੱਠੇ ਹੋਣ ਦੀ ਖਾਸ ਜਗ੍ਹਾਂ ਵਿੱਚ ਹੈ, ਉਥੇ ਜਲੂਸ ਦੀ ਤਿਆਰੀ ਲਈ, ਕਈ ਹਜ਼ਾਰ ਲੋਕਾਂ ਦੀ ਭੀੜ ਇਕੱਠਾ ਹੋਈ. ਬੇਗਮ ਸ਼ਾਹਨਵਾਜ਼ ਲਿਖਦੀ ਨੇ ਕਿ, ਉਥੇ ਸਭਾ ਤੋਂ ਬਾਅਦ, ਉਹ ਅਤੇ ਦੂਜੇ ਆਗੂ ਸੂਬਾਈ ਸਿਵਲ ਸੇਕਰੇਟੇਰਿਅਟ ਪਹੁੰਚੇ. ਉਸ ਦੇ ਨਾਲ 100,000 ਲੋਕਾਂ ਦੀ ਭੀੜ ਸੀ. ਉਸ ਨੇ ਲੋਕਾਂ ਨੂੰ ਗੇਟ ਦੇ ਅੰਦਰ ਲੈ ਆਉਂਦਾ ਅਤੇ ਉਹ ਸਭਾ ਸ਼ੁਰੂ ਕਰਣ ਵਾਲੀ ਸੀ, ਜਦ ਯੂਰੋਪੀਅਨ ਪੁਲਿਸ ਨੇ ਭੀੜ ਉਪਰ ਡੰਡੇ ਬਰਸਾਨੇ ਸ਼ੁਰੂ ਕਰ ਦਿੱਤੇ. ਉਹ ਦਾਅਵਾ ਕਰਦੀ ਨੇ ਕਿ ਦੋਨੇ ਮੁਖ਼ਾਲਫ਼ਤੀਆਂ ਦੇ ਵਿੱਚ ਆ ਕੇ ਉਸ ਨੇ ਹਮਲੇ ਨੂੰ ਰੁਕਵਾਇਆ; ਅਤੇ ਅਧਿਕਾਰਿਆਂ ਨੂੰ ਭਰੋਸਾ ਦਿੱਤਾ ਕਿ ਲੋਕ ਸ਼ਾਂਤ ਰਹਿਣਗੇ ਅਤੇ ਉਸ ਦੇ ਭਾਸ਼ਣ ਤੋਂ ਬਾਅਦ ਚਲੇ ਜਾਣਗੇ. ਫਿਰ ਪੁਲਿਸ ਥੋੜੀ ਦੂਰ ਚਲੇ ਗਈ ਅਤੇ ਉਹ ਕਹਿੰਦੀ ਨੇ:

> ਮੈਂ ਕਰੀਬ ਚਾਲੀ ਮਿਨਟਾਂ ਤੱਕ ਬੋਲਦੀ ਰਹੀ ਅਤੇ ਸਰਕਾਰ, ਗਵਰਨਰ ਹੋਰ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੀ ਅੱਖਾ ਖੁਲ੍ਹੀ ਰੱਖ ਕੇ ਮੁਸਲਿਮ ਰਾਸ਼ਟਰ ਦੇ ਉੱਥਾਨ ਨੂੰ ਵੇਖਣ, ਅਤੇ ਮਹਿਸੂਸ ਕਰਣ ਕਿ ਅਸੀਂ ਸਭ ਮੁਸਲਿਮ ਲੀਗ ਦੇ ਝੰਡੇ ਦੇ ਥੱਲੇ ਇੱਕ-ਜੁੱਟ ਸੀ, ਅਤੇ ਸਾਨੂ ਪਾਕਿਸਤਾਨ ਦੇਨਾ ਹੀ ਪਏਗਾ. ਮੁਸਲਿਮ ਕਦੀ

> ਹਿੰਦੂ ਮਜਾਰਿਟੀ ਹਕੂਮਤ ਨੂੰ ਬਰਦਾਸ਼ਤ ਨਹੀਂ ਕਰਣਗੇ, ਕਿਉਂਕਿ ਉਹ ਦੱਬੀ ਹੋਈ ਜਾਤਾਂ ਦੀ ਫ਼ਹਿਰੀਸਤ ਵਿੱਚ ਸ਼ੁਮਾਰ ਨਹੀਂ ਹੋਣਾ ਚਾਹੁੰਦੇ ਸੀ (Shahnawaz, 2002:196).

ਬਾਅਦ ਤੇ ਜਮਘਟੇ ਦੇ 60 ਲੋਕਾਂ ਨੇ ਆਪਣੀ ਗਰਿਫ਼ਤਾਰੀ ਦੀ ਪੇਸ਼ਕਸ਼ ਕੀਤੀ, ਜਿਸ ਦੇ ਬਾਅਦ ਉਨ੍ਹਾਂ ਨੂੰ ਸਿਵਿਲ ਲਾਇਨਸ ਪੁਲਿਸ ਸਟੇਸ਼ਨ ਲੈ ਜਾਇਆ ਗਿਆ. ਗਰਿਫ਼ਤਾਰਿਆਂ ਵਧਦੀ ਗਈਆਂ ਜਿਸ ਦੇ ਵਿੱਚ ਪੰਜਾਬ ਪ੍ਰੀਮੀਅਰ ਦੇ ਚਾਚਾ ਮੇਜਰ ਨਵਾਬ ਮੁਮਤਾਜ਼ ਟਿਵਾਣਾ, ਅਤੇ ਪ੍ਰੀਮੀਅਰ ਦੇ ਮਜ਼ੂਬੀ ਰਹਨੁਮਾ, ਪੀਰ ਸਾਹਿਬ ਗੋਲਰਾ ਸ਼ਰੀਫ ਸ਼ਾਮਲ ਸਨ. ਮੁਸਲਿਮ ਲੀਗ ਦੇ ਵਜ਼ੀਰਾਬਾਦ ਦੇ ਪ੍ਰਧਾਨ ਵੀ ਗਰਿਫ਼ਤਾਰ ਹੋਏ. ਭਲਵਾਲ ਅਤੇ ਫ਼ੀਰੋਜ਼ਪੁਰ ਤੇ ਵੀ ਗਰਿਫ਼ਤਾਰਿਆਂ ਹੋਇਆਂ. ਲੋਕ ਕੁਦਰਤੀ ਤੌਰ ਤੇ, ਗਰਿਫ਼ਤਾਰੀ ਦੀ ਪੇਸ਼ਕਸ਼ ਕਰਣ ਲਗੇ.

29 ਜਨਵਰੀ ਨੂੰ, ਹਕੂਮਤ ਨੇ ਦਿੱਲੀ ਤੋਂ ਛੱਪੇ ਅੰਗ੍ਰੇਜ਼ੀ ਅਖ਼ਬਾਰ ਡੌਨ ਜੋ ਮੁਸਲਿਮ ਲੀਗ ਦਾ ਹਿਮਾਇਤੀ ਸੀ, ਉਸ ਦੀ ਵਿਕਰੀ ਉਪਰ 15 ਦਿਨ ਦੀ ਪਾਬੰਦੀ ਲਗਾ ਦਿੱਤੀ. 30 ਜਨਵਰੀ 1947 ਨੂੰ, ਟੌਂਸਾ ਸ਼ਰੀਫ਼ ਦੇ ਪੀਰ, ਖ਼ਵਾਜਾ ਸ਼ੁਜਾਉਦੀਨ ਨੂੰ ਗਰਿਫ਼ਤਾਰ ਕੀਤਾ ਗਿਆ. ਤਾਕਤਵਰ ਗਿਲਾਨੀ ਪੀਰਾਂ ਦੇ ਪਰਵਾਰ ਦੇ ਕੁੱਝ ਪ੍ਰਮੁਖ ਲੋਕਾਂ ਨੂੰ ਵੀ ਗਰਿਫ਼ਤਾਰ ਕੀਤਾ ਗਿਆ, ਜਿਸ ਦੇ ਵਿੱਚ ਸ਼ਾਇਰ ਇਸ਼ਕ ਲਹਿਰ ਵੀ ਸ਼ਾਮਲ ਸਨ, ਜੋ ਮੁਸਲਿਮ ਲੀਗ ਦੀ ਆਮ ਸਭਾਵਾਂ ਦਾ ਆਘਾਜ਼ ਆਪਣੀ ਭੜਕਾਉ ਸ਼ਾਇਰੀ ਨਾਲ ਕਰਦੇ ਸੀ. ਜਲੰਧਰ ਤੇ ਹੜਤਾਲ, ਅੱਠਵੇਂ ਦਿਨ ਚਲਦੀ ਰਹੀ. ਗੁਜਰਾਤ ਤੇ, ਜਹਾਨ ਖ਼ਾਨ ਭੁਸਲ ਅਤੇ ਨਵਾਬਜ਼ਾਦਾ ਅਸਘਰ ਅਲੀ ਖ਼ਾਨ ਗਰਿਫ਼ਤਾਰ ਹੋਏ. ਇਹ ਖ਼ਬਰ ਮਿਲੀ ਕਿ ਹਜਾਰਾਂ ਦੀ ਤਦਾਦ ਤੇ ਪਿੰਡਾ ਦੇ ਲੋਕ ਆਪਣੀ ਗਰਿਫ਼ਤਾਰੀ ਦੀ ਪੇਸ਼ਕਸ਼ ਦੇਣ ਗੁਜਰਾਤ ਦੀ ਤਰਫ਼ ਪੈਦਲ ਜਾ ਰਹੇ ਸੀ. ਸ਼ਿਮਲਾ ਤੋਂ ਪਹਿਲੀ ਮੌਤ ਦੀ ਖ਼ਬਰ ਆਈ, ਜੋ ਪੁਲਿਸ ਦੇ ਲਾਠੀ ਮਾਰਣ ਦੀ ਵਜ੍ਹਾ ਨਾਲ ਹੋਈ. ਅਧਿਕਾਰੀਆਂ ਦੇ ਬੁਰੇ ਵਰਤਾਅ ਦੇ ਖ਼ਿਲਾਫ਼, ਜਲੰਧਰ ਤੇ ਕੈਦੀ ਭੁੱਖ-ਹੜਤਾਲ ਤੇ ਚਲੇ ਗਏ.

ਸਭ ਤੋਂ ਨਾਟਕੀ ਘਟਨਾ 1 ਫਰਵਰੀ ਨੂੰ ਹੋਈ ਜਦ ਲਾਹੌਰ ਦੇ ਗਵਰਨਮੇਂਟ ਹਾਉਸ ਦੇ ਗੇਟਾਂ ਉਪਰ ਜ਼ਾਹਿਦਾ ਹਯਾਤ, ਜੋ ਮਰਹੂਮ ਸਰ ਸਿਕੰਦਰ ਹਯਾਤ ਖ਼ਾਨ ਦੀ ਬੇਟੀ ਸਨ, ਨੇ ਮੁਸਲਿਮ ਲੀਗ ਦਾ ਝੰਡਾ, 'ਖ਼ਿਜ਼ਰ ਸਰਕਾਰ ਮੁਰਦਾਬਾਦ' ਦੇ ਨਾਅਰੇ ਦੇ ਦੌਰਾਨ, ਲਹਿਰਾ ਦਿੱਤਾ (The Tribune, 3 February). ਮੁਲਤਾਨ ਤੇ ਗਰਦੇਜ਼ੀ ਪੀਰ ਅਤੇ ਗਿਲਾਨੀ ਪਰਵਾਰ ਦੇ ਦੂਜੇ ਲੋਕ ਵੀ ਗਰਿਫ਼ਤਾਰ ਹੋਏ. ਉਨ੍ਹਾਂ ਦੀ ਗਰਿਫ਼ਤਾਰੀ ਦੇ ਖ਼ਿਲਾਫ਼, ਮੁਲਤਾਨ ਵਿੱਚ ਘੱਟ ਤੋਂ ਘੱਟ 1 ਲੱਖ ਲੋਕਾਂ ਨੇ, ਵਿਰੋਧ ਜਤਾਉਣ ਲਈ ਮਾਰਚ ਕੀਤਾ. ਨਵਾਬ ਮੁਹੱਮਦ ਖ਼ਾਨ ਲੇਘਾਰੀ ਅਤੇ ਡੇਰਾ ਘਾਜ਼ੀ ਖ਼ਾਨ ਦੇ ਕਈ ਦੂਜੇ ਜ਼ਿਮੀਦਾਰਾਂ ਅਤੇ ਪ੍ਰਮੁਖ ਲੋਕਾਂ ਨੇ ਵੀ ਆਪਣੀ ਗਰਿਫ਼ਤਾਰੀ ਦਿੱਤੀ. ਇਸ ਬਾਰੇ ਬਹੁਤ ਘੱਟ ਸ਼ੱਕ ਸੀ ਕਿ ਅੰਦੋਲਨ ਵੱਡਾ ਹੋ ਰਿਹਾ ਸੀ ਅਤੇ ਮੁਸਲਿਮ ਪੱ੍ਰਮੁਖ, ਜਿਨ੍ਹਾਂ ਨੇ ਪਹਿਲਾਂ ਕਦੀ ਅੰਦੋਲਨ ਦੀ ਸਿਆਸਤ ਤੇ ਹਿੱਸਾ ਨਹੀਂ ਲੀਤਾ ਸੀ, ਹੁਣ ਗਰਿਫ਼ਤਾਰੀ ਦੇ ਰਹੇ ਸੀ. ਕਰਾਚੀ ਤੋਂ ਜਾਰੀ ਕੀਤੇ ਇੱਕ ਬਿਆਨ ਵਿੱਚ ਜਿਨਾਹ ਨੇ ਵਾਇਸਰਾਏ ਨੂੰ ਪੰਜਾਬ ਵਿੱਚ ਲੋਕਾਂ ਦੀ ਆਜ਼ਾਦੀ ਨੂੰ ਬਹਾਲ ਕਰਣ ਦੀ ਅਪੀਲ ਕੀਤੀ. ਉਨ੍ਹਾਂ ਨੇ ਪੰਜਾਬ ਤੇ ਮੁਸਲਿਮ ਨੈਜਵਾਨਾਂ ਨੂੰ 'ਫ਼ਿਰਕੂ ਝਗੜਿਆਂ ਤੋਂ ਦੂਰ ਰਹਿਣ ਨੂੰ ਅਤੇ ਅੰਦੋਲਨ ਨੂੰ ਪੂਰੀ ਤਰ੍ਹਾਂ ਸ਼ਾਂਤ ਰੱਖਣ ਦੀ ਹਦਾਇਤ ਦਿੱਤੀ' (*Dawn*, 4 February). ਮੁਸਲਿਮ ਲੀਗ ਦਾ ਸਭ ਤੋਂ ਅਹਿਮ ਨਾਅਰਾ ਸੀ 'ਨਾਗਰਿਕ ਆਜ਼ਾਦੀ ਨੂੰ ਬਹਾਲ ਕਰਨਾ'. ਪਰ, ਸਿੱਧੀ ਕਾਰਵਾਈ ਦਾ ਐਲਾਨ ਪਹਿਲਾਂ ਹੀ ਹੋ ਗਿਆ ਸੀ, ਸੰਵਿਧਾਨ ਦੇ ਬਾਹਰ ਦੇ ਨਵੇਂ ਤਰੀਕੇ

ਦਾ ਇਸਤੇਮਾਲ ਹੋਣ ਲਗਾ. ਲਾਹੌਰ ਤੇ ਪ੍ਰਦਰਸ਼ਨਕਾਰੀ, ਆਵਾਜਾਈ ਤੇ ਵਿਘਨ ਪਾਉਣ ਲਗੇ ਅਤੇ ਕੁੱਝ ਮਾਮਲੇਆਂ ਤੇ ਹਿੰਦੂ ਅਤੇ ਸ਼ਿੱਖ ਗੱਡੀ ਵਾਲੇਆਂ ਨੂੰ ਆਪਣੀ ਗੱਡੀ ਦੇ ਉਪਰ ਮੁਸਲਿਮ ਲੀਗ ਦੇ ਝੰਡੇ ਲਹਿਰਾਉਣ ਨੂੰ ਮਜਬੂਰ ਕੀਤਾ. ਕੁੱਝ ਗੈਰ-ਮੁਸਲਿਮ ਰਾਹਗੀਰਾਂ ਨੂੰ ਵੀ ਪਰੇਸ਼ਾਨ ਕੀਤਾ ਗਿਆ, ਪਰ ਪੂਰੇ ਤੌਰ ਤੇ ਅੰਦੋਲਨ ਸ਼ਾਂਤ ਰਿਹਾ (The Tribune, 5 February).

ਗੁਜਰਾਤ ਵਿੱਚ, ਸਈਦ ਅਮੀਰ ਹੁਸੈਨ ਸ਼ਾਹ, ਨੈਸ਼ਨਲ ਗਾਰਡਸ ਦੇ ਸਲਾਰ-ਏ-ਸੁਬਾ ਦੀ ਅਗਵਾਈ ਤੇ, ਪ੍ਰਦਰਸ਼ਨਕਾਰਿਆਂ ਦੇ ਗੁਟ, ਸ਼ਥਾਨਕ ਮੈਜਿਸਟਰੇਟ ਦੇ ਅਦਾਲਤੀ ਕਮਰੇਆਂ ਤੇ ਵੜ ਕੇ ਉਨਾਂ ਦਾ ਕੱਮ ਠੱਪ ਕਰ ਦੇਂਦੇ ਅਤੇ ਨਾਅਰੇਬਾਜ਼ੀ ਕਰਦੇ 'ਸਿਵਲ ਲਿਬਰਟਿਸ ਜ਼ਿੰਦਾਬਾਦ', 'ਮੁਸਲਿਮ ਲੀਗ ਜ਼ਿੰਦਾਬਾਦ', ਅਤੇ 'ਖ਼ਿਜ਼ਰ ਮਿਨਿਸਟਰੀ ਮੁਰਦਾਬਾਦ'. ਐਤਵਾਰ, 2 ਫਰਵਰੀ ਨੂੰ, ਇੱਕ ਡੀ.ਐਸ.ਪੀ ਦੀ ਅਗਵਾਈ ਤੇ ਇੱਕ ਵੱਡੇ ਪੁਲਿਸ ਦਸਤੇ ਨੇ ਸਈਦ ਅਮੀਰ ਹੁਸੈਨ ਸ਼ਾਹ ਦੇ ਪਿੰਡ, ਮੋਇਨੁਦੀਨਪੁਰ, ਤੇ ਉਸ ਨੂੰ ਗਰਿਫ਼ਤਾਰ ਕਰਣ ਲਈ ਹਮਲਾ ਕੀਤਾ ਮਗਰ ਉਸ ਦੀ ਸਈਦ ਬਰਦਾਰੀ ਦੇ ਹਜਾਰਾਂ ਸਮਰਥਕਾਂ ਨੇ ਪੁਲਿਸ ਨੂੰ ਵਾਪਸ ਜਾਣ ਨੂੰ ਮਜਬੂਰ ਕੀਤਾ. ਅਗਲੇ ਦਿਨ ਪੁਲਿਸ ਫਿਰ ਆਈ, ਮਗਰ ਹਜਾਰਾਂ ਦੀ ਤਦਾਦ ਤੇ ਬੰਦੇ ਅਤੇ ਔਰਤਾਂ ਨੇ ਰਾਹ ਬੰਦ ਕਰ ਦਿੱਤਾ. ਸਈਦ ਅਮੀਰ ਹੁਸੈਨ ਸ਼ਾਹ ਨੇ ਇਸ ਦੇ ਬਾਅਦ ਸਮਰਪਣ ਕਰ ਦਿੱਤਾ, ਅਤੇ ਆਪਣੇ ਚੇਲੇਆਂ ਨੂੰ ਉਨ੍ਹਾਂ ਦੀ ਜਦੋਜਹਿਦ ਨੂੰ ਗੈਰ-ਫ਼ਿਰਕੂ ਅਤੇ ਅਮਨ ਦੇ ਰਸਤੇ ਲੈ ਜਾਣ ਨੂੰ ਕਿਹਾ (Dawn, 6 February 5 ਅਪ੍ਰੈਲ 2003 ਨੂੰ ਮੋਇਨੁਦਿੱਨਪੁਰ ਪਿੰਡ ਦੇ ਬਜ਼ੁਰਗਾਂ ਲੀਤੇ ਇੰਟਰਵਿਊ).

ਡੇਰਾ ਘਾਜ਼ੀ ਖ਼ਾਨ ਦੇ ਬਲੂਚ ਆਗੂ ਸਰਦਾਰ ਹਾਜੀ ਜਮਾਲ ਖ਼ਾਨ ਲੇਘਾਰੀ, ਜਿਸ ਨੇ ਆਪਣੇ ਖ਼ਿਤਾਬ ਜੈਦਾਂ ਕਿ 'ਨਵਾਬ' ਅਤੇ 'ਸਰ' ਤਿਆਗ ਦਿੱਤੇ ਸਨ, 60,000 ਕਬਾਇਲੀ ਲੋਕਾਂ ਦੇ ਇੱਕ ਜਲੂਸ ਦੀ ਅਗਵਾਈ ਕੀਤੀ, ਜਿਸ ਦੇ ਵਿੱਚ 1,000 ਲੋਕ, ਰਾਇਫਲਾਂ ਅਤੇ ਪਿਸਟਲਾਂ ਨਾਲ ਹਥਿਆਰਬੰਦ ਸਨ. ਇਹ ਜਲੂਸ ਸਿਵਿਲ ਲਾਇਨਸ ਤੇ ਸਥਿਤ ਡਿਪਟੀ ਕਮਿਸਨਰ ਦੇ ਘਰ ਦੇ ਕਰੀਬ ਹੋ ਕੇ ਗੁਜਰੇ ਮਗਰ ਅਧਿਕਾਰੀਆਂ ਨੇ ਉਨ੍ਹਾਂ ਨੂੰ ਗਰਿਫ਼ਤਾਰ ਕਰਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ. ਇਹ ਖ਼ਬਰਾਂ ਵੀ ਆਇਆਂ ਕਿ ਮੁਸਲਿਮ ਪੁਲਿਸ ਔਰਤਾਂ ਦੇ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਲੈਣ ਤੋਂ ਮਨ੍ਹਾਂ ਕਰ ਰਹੀ ਸੀ. ਫਰਵਰੀ ਦੇ ਪਹਿਲੇ ਹਫ਼ਤੇ ਤੇ ਕੋਈ 13,000 ਲੋਕ ਗਰਿਫ਼ਤਾਰ ਹੋ ਚੁਕੇ ਸੀ (*Dawn*, 7 February). ਇਸ ਅੰਦੋਲਨ ਤੇ ਕਈ ਪੀਰ ਵੀ ਸ਼ਾਮਲ ਹੋ ਚੂਕੇ ਸੀ. ਪੀਰ ਸਾਹਿਬ ਸਿਆਲ ਸ਼ਰੀਫ਼ ਨੂੰ ਸਰਗੋਧਾ ਤੇ 6 ਫਰਵਰੀ ਨੂੰ ਗਰਿਫ਼ਤਾਰ ਕੀਤਾ ਗਿਆ. ਉਨ੍ਹ ਜ਼ਿਲ੍ਹਾਂ ਤੇ ਜਿੱਥੇ ਮੁਸਲਿਮ ਮਾਇਨਾਰਿਟੀ ਸੀ, ਉਥੋਂ ਤੋਂ ਵੀ ਉਹ ਅੰਦੋਲਨ ਤੇ ਸ਼ਾਮਲ ਹੋ ਕੇ ਗਰਿਫ਼ਤਾਰ ਲਈ ਖੁਦ ਨੂੰ ਪੇਸ਼ ਕੀਤਾ. ਅੰਬਾਲਾ ਅਤੇ ਗੁੜਗਾਂਉ ਤੇ ਮੁਸਲਿਮ ਲੀਗ ਦੇ ਅਹੁਦੇਦਾਰ ਅਤੇ ਇਥੋਂ ਤੱਕ ਕਿ ਐਮ.ਐਲ.ਏ. ਚੌਧਰੀ ਮਹਤਾਬ ਖ਼ਾਨ ਨੂੰ ਵੀ ਗਰਿਫ਼ਤਾਰ ਕੀਤਾ ਗਿਆ. 6 ਫਰਵਰੀ ਨੂੰ ਖ਼ਬਰ ਆਈ ਕਿ 79 ਤੋਂ 74 *ਐਮ ਐਲ ਏ* ਨੂੰ ਗਰਿਫ਼ਤਾਰ ਕੀਤਾ ਗਿਆ. ਸੋਨੀਪਤ, ਜਲੰਧਰ ਅਤੇ ਸ਼ਿਮਲਾ ਦੀ ਜੇਲਾਂ ਤੋਂ ਭੁੱਖ-ਹੜਤਾਲਾਂ ਦੀ ਖ਼ਬਰਾਂ ਆਇਆਂ. ਸ਼ਿਮਲਾ ਜੋ ਆਮ ਤੌਰ ਤੇ ਇੱਕ ਸ਼ਾਂਤ ਪਹਾੜੀ ਜਗ੍ਹ ਹੈ, ਉਥੇ ਇੱਕ ਮੁਸਲਮਾਨ ਦੀ ਪੁਲਿਸ ਦੀ ਲਾਠੀ ਦੀ ਸੱਟ ਨਾਲ ਮੌਤ ਹੋ ਗਈ, ਅਤੇ ਉਸ ਦੀ ਯਾਦ ਵਿੱਚ, ਸਿੱਧੀ ਕਾਰਵਾਈ ਦੇ ਪੰਦਰਵੇਂ ਦਿਨ 7 ਫਰਵਰੀ ਨੂੰ, ਪੂਰੇ ਪੰਜਾਬ ਵਿੱਚ 'ਸ਼ਿਮਲਾ ਸ਼ਹੀਦੀ ਦਿਨ' ਮਣਾਇਆ ਗਿਆ. 6 ਫਰਵਰੀ ਨੂੰ ਪੰਜਾਬ ਸਰਕਾਰ ਨੇ ਅੰਦੋਲਨ ਨਾਲ ਜੁੜੀ ਹਰ ਖ਼ਬਰ ਅਤੇ ਟਿੱਪਣੀ ਉਪਰ ਦਸ ਦਿਨ ਦੀ ਇੱਕ *ਪ੍ਰੀ-ਸੈਂਸੱਰਸ਼ਿਪ* ਲਗਾ ਦਿੱਤੀ. ਇਹ 27 ਜਨਵਰੀ ਦੇ ਪੰਦਰ੍ਹਾਂ ਦਿਨਾਂ ਦੀ ਸਰਕਾਰੀ ਐਲਾਨ ਛੱਡ ਕੇ

ਦੂਜੇ ਉਪਰ ਲਗੀ ਪਾਬੰਦੀ ਵਾਲੇ ਆਦੇਸ਼ ਦੇ ਬਦਲੇ ਆਈ. ਨਵਾਂ ਆਦੇਸ਼ ਲਾਹੌਰ ਦੇ ਹਰ ਅਖ਼ਬਾਰ ਦੇ ਛਪਿਆ ਜਿਸ ਵਿੱਚ ਬ੍ਰਿਟਿਸ਼ ਦਾ *ਸਿਵਿਲ ਐਂਡ ਮਿਲਿਟਰੀ ਗਜ਼ਟ* ਵੀ ਸ਼ਾਮਲ ਸੀ (Dawn, 9 February).

ਪੰਜਾਬ ਦੇ ਬਾਹਰ ਤੋਂ ਮੁਸਲਿਮ ਲੀਗ ਦੇ ਉੱਚੇ ਅਹੁਦੇ ਦੇ ਸਦੱਸਾਂ ਦਾ ਇੱਕ ਤਿੰਨ-ਲੋਕਾਂ ਵਾਲਾ ਵਫ਼ਦ ਜਿਸ ਵਿੱਚ, ਖ਼ਵਾਜਾ ਨਜ਼ੀਮੁਦੀਨ, ਮੁਹੱਮਦ ਇਸਮਾਇਲ ਖ਼ਾਨ ਅਤੇ ਸਿਦਿਕ ਅਲੀ ਖ਼ਾਨ ਸ਼ਾਮਲ ਸਨ, 7 ਫਰਵਰੀ ਨੂੰ ਲਾਹੌਰ ਆਏ. ਉਨ੍ਹਾਂ ਦੀ ਮੌਜੂਦਗੀ ਨੇ ਖ਼ਿਜ਼ਰ ਵਜ਼ਾਰਤ ਦੇ ਖ਼ਿਲਾਫ ਜਦੋਜਹਿਦ ਨੂੰ ਹੋਰ ਹੁਲਾਰਾ ਦਿੱਤਾ. ਬਾਦਸ਼ਾਹੀ ਮਸੀਤ ਤੇ ਉਨ੍ਹਾਂ ਨੇ 1 ਲੱਖ ਲੋਕਾਂ ਦੇ ਜਮਘਟੇ ਨੂੰ ਭਾਸ਼ਣ ਦਿੱਤਾ. ਮੁਸਲਿਮ ਲੀਗ ਦੀ ਤੇਹਰੀਕ ਦੇ ਨਾਲ ਹਮਦਰਦੀ ਦੇ ਚਲਦੇ, *ਲਾਹੌਰ ਬੁਚਰਸ ਏਸੋਸਿਏਸ਼ਨ, ਫਰੂਟ ਮਾਰਕੀਟ ਏਸੋਸਿਏਸ਼ਨ* ਅਤੇ *ਵੈਜਿਟੇਬਲ ਮਾਰਕੀਟ ਏਸੋਸਿਏਸ਼ਨ* ਨੇ ਆਪਣੇ ਵਪਾਰ ਨੂੰ ਸੋਮਵਾਰ, 10 ਫਰਵਰੀ ਤੋਂ, ਬੰਦ ਰੱਖਣ ਦਾ ਫ਼ੈਸਲਾ ਕੀਤਾ (Dawn, 9 February). 10 ਫਰਵਰੀ ਦੇ ਡੱਾਨ ਨੇ ਪੰਜਾਬ ਦੀ ਮੁਖ਼ਤਲਿਫ਼ ਜਗ੍ਹਾਂ ਤੇ ਔਰਤਾਂ, ਕੈਦਿਆਂ ਅਤੇ ਵਿਦਿਆਰਥਿਆਂ ਉਪਰ ਡੰਡੇ ਮਾਰਣ ਬਾਰੇ ਲਿਖਿਆ. ਜੇਨਕੀਨਸ ਨੇ 8 ਫ਼ਰਵਰੀ ਨੂੰ ਭੇਜੀ ਇੱਕ ਟੇਲੀਗ੍ਰਾਮ ਦੁਆਰਾ ਪੇਥੀਕ-ਲਾਉਰੇਂਸ ਨੂੰ ਲਿਖਿਆ ਕਿ ਲਾਹੌਰ ਤੇ ਭੀੜ ਹੋਰ ਜ਼ਿਆਦਾ ਹਮਲਾਵਰ ਹੋ ਰਹੀ ਸੀ. ਹਿੰਦੂ ਅਤੇ ਸਿੱਖ ਡਰੇ ਹੋਏ ਸੀ; ਉਨ੍ਹਾਂ ਨੂੰ ਲਗਦਾ ਸੀ ਕਿ ਮੁਸਲਿਮ ਇੱਕ ਮੁਸਲਿਮ ਰਾਜ ਸਥਾਪਤ ਕਰਨਾ ਚਾਹੁੰਦੇ ਸੀ. ਇਸ ਦੇ ਬਾਅਦ ਉਸ ਨੇ ਟਿੱਪਣੀ ਕੀਤੀ ਕਿ ਇਹ ਅੰਦੋਲਨ ਸਿੱਖਾਂ ਦੀ ਪੰਜਾਬ ਦੀ ਤਕਸੀਮ ਦੀ ਮੰਗ ਨੂੰ ਬਲ ਦੇਗਾ:

> ਕਿਸੀ ਇੱਕ ਕੌਮ ਲਈ ਪੰਜਾਬ ਦੀ ਮੌਜੂਦਾ ਸਰਹੱਦਾਂ ਨੂੰ ਕਾਇਮ ਰੱਖ ਕੇ ਇਸ ਦੇ ਉਪਰ ਹਕੂਮਤ ਚਲਾਉਣਾ, ਨਾਮੁਮਕਿਨ ਹੈ. ਲੰਬੀ ਮਿਆਦ ਦੇ ਵਿਕਲਪ, ਮੁਸਲਿਮ ਪ੍ਰਧਾਨਤਾ ਵਾਲੀ ਯੁਨੀਅਨਿਸਟ ਅਸੂਲਾਂ ਦੀ ਵਾਪਸੀ ਹੈ, ਜਾਂ ਤਕਸੀਮ ਹੈ ਜੋ ਬਰਦਾਸ਼ਤ ਨਾ ਹੋਣ ਵਾਲੇ ਮਾਇਨਰਾਟਿਆਂ ਦੇ ਮਸਲੇਆਂ ਨੂੰ ਪੈਦਾ ਕਰੇਗਾ. ਅੰਦੋਲਨ ਦਾ ਅਸਰ ਇਹ ਹੈ ਕਿ ਦੂਜੇ ਵਿਕਲਪ ਨੂੰ ਗੈਰ-ਮੁਸਲਿਮਾਂ ਉਪਰ ਥੋਪਣਾ ਹੈ, ਅਤੇ ਮੁਸਲਿਮ ਲੀਗ ਹੋਰ ਮੁਸਲਮਾਨਾਂ ਦੇ ਲੰਬੀ ਮਿਆਦ ਦੇ ਭਵਿੱਖ ਨੂੰ, ਬਹੁਤ ਹੀ ਗੰਭੀਰਤਾ ਨਾਲ ਖਰਾਬ ਕਰਨਾ ਹੈ. ਮੁਸਲਿਮ ਲੀਗ, ਦਰਅਸਲ, ਇਤਹਾਦੀ ਪੰਜਾਬ ਤੇ ਮੁਸਲਿਮ ਅਗਵਾਈ ਦੀ ਹਕੀਕਤ ਨੂੰ, ਤਕਸੀਮ ਦੇ ਅਨਿਸ਼ਚਿਤ ਫ਼ਾਇਦੇ ਲਈ, ਸਨਕੀ ਤੌਰ ਤੇ ਦੂਰ ਸੁੱਟ ਦੇ ਰਹੀ ਹੈ. ਸਿੱਖ ਹੁਣ ਇਸ ਤਕਸੀਮ ਦੀ ਮੰਗ ਹੌਲੀ ਹੌਲੀ ਕਰਨਗੇ. ਪਰ, ਇਸ ਨੂੰ ਸਮਝਣ ਲਾਇਕ ਕਿਸੇ ਨੂੰ ਅਕਲ ਨਹੀਂ ਹੈ (Carter,2006: 343).

ਪੰਜਾਬ ਦੇ ਹਾਲਾਤ ਸਾਫ਼ ਤੌਰ ਤੇ ਬੇਕਾਬੂ ਸਨ ਅਤੇ ਅਕਤੂਬਰ 1946 ਦੇ *ਪੰਜਾਬ ਸੇਫਟੀ ਔਰਡੀਨੇਂਸ* ਦੀ ਖੁਲ੍ਹੇ ਤੌਰ ਤੇ ਨਾਫ਼ਰਮਾਨੀ ਹੋ ਰਹੀ ਸੀ. ਸ਼ਾਗਿਰਦ ਮੱਾਲ ਤੇ ਬੈਠ ਗਿਐ ਅਤੇ 10 ਫਰਵਰੀ ਨੂੰ ਆਵਾਜਾਵੀ ਪੂਰੀ ਤਰ੍ਹਾਂ ਬੰਦ ਕਰਨੀ ਪਈ. ਉਸੇ ਦਿਨ ਲਾਹੌਰ ਹਾਈ ਕੋਰਟ ਤੋਂ ਯੁਨਿਅਨ ਜੈਕ ਹਟਾ ਦਿੱਤਾ ਗਿਆ ਅਤੇ ਦੋ ਘੰਟੇ ਤੱਕ ਇਸ ਦੀ ਜਗ੍ਹ, ਮੁਸਲਿਮ ਲੀਗ ਦਾ ਝੰਡਾ ਲਹਰਾਇਆ ਗਿਆ ਸੀ. ਇਸ ਵਾਕਿਏ ਦੇ ਚਲਦੇ, ਡਾ.ਉਮਰ ਹਯਾਤ, ਇਸਲਾਮਿਆ ਕਾਲਜ ਦੇ ਪ੍ਰਿਸਿੰਪਲ ਅਤੇ ਦੂਜੇ ਕਈ ਸ਼ਾਗੀਰਦਾਂ ਦੀ ਗਰਿਫ਼ਤਾਰੀ ਹੋਈ. ਇੱਕ ਮੁਸਲਿਮ ਵਿਦਿਆਰਥੀ, ਅਬਦੁਲ ਮਲਿਕ, ਇੱਕ ਦਿਨ ਪਹਿਲਾਂ ਬੀਡਨ ਰੋਡ ਦੇ ਇੱਕ ਘਰ ਤੋਂ ਸੁੱਟੇ ਇੱਕ ਰੋੜੇ ਨਾਲ ਹਲਾਕ ਹੋ ਗਿਆ ਸੀ, ਅਤੇ ਉਸ ਦੇ ਮਿਆਨੀ ਸਾਹਿਬ ਕਬਰਸਤਾਨ ਵੱਲ, ਜਨਾਜ਼ੇ ਤੇ ਹਜਾਰਾਂ ਦੀ ਤਦਾਦ ਤੇ ਕਾਲਜ ਸਟੂਡੇਂਟ, ਬੱਚੇ, ਔਰਤਾਂ ਅਤੇ ਤਾਂਗੇਵਾਲੇਆਂ ਨੇ ਸ਼ਿਰਕਤ ਕੀਤੀ. ਜਨਾਜ਼ੇ ਦੀ ਦੁਆ ਵਿੱਚ ਇੱਕ ਰਕਾਰਡ ਦੇ ਤੌਰ ਤੇ 2 ਲੱਖ ਲੋਕਾਂ ਨੇ ਹਿੱਸਾ ਲੀਤਾ (ਇੰਟਰਵਿਊ). ਇਹ ਖ਼ਬਰ ਵੀ ਆਈ ਕਿ ਇੱਕ

ਮੁਸਲਿਮ ਲੜਕਾ ਮੋਹੱਮਦ ਸ਼ਰੀਫ, ਜਿਹਲਮ ਤੇ ਪੁਲਿਸ ਦੀ ਲਾਠੀ ਮਾਰਣ ਦੀ ਵਜ੍ਹਾ ਨਾਲ ਹਲਾਕ ਹੋ ਗਿਆ ਸੀ. ਪੰਜਾਬ ਦੇ ਦੂਜੇ ਸਹਿਰਾਂ ਤੇ ਹੜਤਾਲਾਂ ਦਾ ਪਾਲਨ ਹੋਇਆ.

10 ਫਰਵਰੀ ਨੂੰ, ਪੁਲਿਸ ਕਾਂਸਟੇਬਲ ਨੰ.1751, ਨਸੀਰੁਦੀਨ ਨੇ ਅਤੇ ਉਸ ਦੇ ਪੰਜ ਦੂਜੇ ਸਾਥਿਆਂ ਨਾਲ ਪੂਰੀ ਵਰਦੀ ਵਿੱਚ, ਆਪਣੀ ਗਰਿਫ਼ਤਾਰੀ ਦੀ ਪੇਸ਼ਕਸ਼ ਕੀਤੀ. ਉਸ ਵਿੱਚ ਪੰਜ ਐਸ਼.ਸੀ. ਹਿੰਦੂ ਸਨ (Dawn, 13 Fenruary). ਪੱਛਮ ਪੰਜਾਬ ਦੇ ਝੰਗ ਤੋਂ ਖ਼ਬਰ ਆਈ ਕਿ ਇੱਕ ਮੁਸਲਿਮ ਨੌਜਵਾਨ ਦੀ, ਪੁਲਿਸ ਦੀ ਬੇਰਹਿਮੀ ਦੇ ਚਲਦਿਆਂ ਮੌਤ ਹੋ ਗਈ (Ibid.). ਪੰਜਾਬ ਮੁਸਲਿਮ ਲੀਗ ਦੇ ਕਾਰਜਕਾਰੀ ਪ੍ਰਮੁਖ ਮਲਿਕ ਸ਼ੌਕਤ ਅਲੀ ਨੂੰ 13 ਫਰਵਰੀ 1947 ਨੂੰ ਗਰਿਫ਼ਤਾਰ ਕਰ ਲੀਤਾ ਗਿਆ.

12 ਫਰਵਰੀ ਦੇ ਸਿਵਿਲ ਐਂਡ ਮਿਲਿਟਰੀ ਗੱਜ਼ਟ ਨੇ ਗੌਰ ਕੀਤਾ:

> ਅੰਦੋਲਨ (ਮੁਸਲਿਮ ਲੀਗ ਦਾ) ...ਖ਼ਤਰਨਾਕ ਹੈ...ਸੂਬੇ ਦੇ ਅਮਨ ਲਈ ਅਤੇ ਪੰਜਾਬ ਸਰਕਾਰ ਦੇ ਸੰਵਿਧਾਨ ਦੀ ਹਿਫ਼ਾਜਤ ਦੇ ਲਈ, ਜਿਥੋਂ ਤੱਕ ਕੋਈ ਭਵਿੱਖ ਤੇ ਵੇਖ ਸਕਦਾ ਹੈ. ਗੁੱਸਾ ਬੇਕਾਬੂ ਹੋਈ ਜਾ ਰਿਹਾ ਹੈ...ਅਤੇ ਉਹ ਦਿਨ ਜ਼ਿਆਦਾ ਦੂਰ ਨਹੀਂ, ਜਦ ਟੀਅਰ-ਗੈਸ ਦੀ ਜਗ੍ਹ ਗੋਲੀਆਂ ਚਲਣਗਿਆਂ...ਮੌਜੂਦਾ ਭਟਕਦੀ ਨੀਤੀ ਦਾ ਰੁਖ਼ ਅੰਦੋਲਨਕਾਰੀ ਦੇ ਹੱਥ ਵਿੱਚ ਖੇਡ ਰਿਹਾ ਹੈ ਅਤੇ ਇਹ ਗੁੰਡਾਗਿਰੀ ਦਾ ਰਾਹ ਤਿਆਰ ਕਰ ਰਿਹਾ ਹੈ.

ਪੰਜਾਬ ਦੀ ਮੁਹਿੱਮ ਨੂੰ ਹੁਣ ਨਵਾਬਜ਼ਾਦਾ ਲਿਆਕਤ ਅਲੀ ਖ਼ਾਨ, ਆਲ ਇੰਡੀਆ ਮੁਸਲਿਮ ਲੀਗ ਦੇ ਸਚਿਵ ਨੇ, ਇੱਕ ਮਿਸਾਲ ਦੇ ਤੌਰ ਤੇ ਪੇਸ਼ ਕੀਤਾ, ਕਿ ਸਮੁੱਚੇ ਇੰਡੀਆ ਦੇ ਪੈਮਾਨੇ ਤੇ ਲੀਗ ਕੀ ਕਰ ਸਕਦੀ ਸੀ. ਉਨ੍ਹਾਂ ਨੇ ਕਿਹਾ ਕਿ ਇਹ ਜਦੋਜਹਿਦ ਗੈਰ-ਤਸ਼ੱਦਦੀ ਹੋਵੇਗੀ. ਇਸ ਦੇ ਬਾਵਜੂਦ ਕਿ ਮੁਸਲਿਮ ਲੀਗ ਸੂਬੇ ਦੀ ਸਭ ਤੋਂ ਵੱਡੀ ਕੌਮ ਦੀ ਨੁਮਾਇੰਦਗੀ ਕਰ ਰਹੀ ਸੀ ਅਤੇ ਪੰਜਾਬ ਲੇਜੀਸਲੇਚਰ ਦੀ ਇਕੱਲੀ ਸਭ ਤੋਂ ਵੱਡੀ ਪਾਰਟੀ ਸੀ, ਖ਼ਿਜ਼ਰ ਦੀ ਵਜ਼ਾਰਤ ਤੋਂ ਮੁਸਲਿਮ ਲੀਗ ਦੀ ਬੇਦਖ਼ਲੀ ਨੂੰ ਉਨ੍ਹਾਂ ਨੇ ਸ਼ਰਮਨਾਕ ਦੱਸਿਆ. ਉਨ੍ਹਾਂ ਨੂੰ ਉਮੀਦ ਸੀ ਕਿ ਮੁਸਲਿਮ ਲੀਗ ਦੀ ਲਗਾਤਾਰ ਮੁਹਿੱਮ ਨਾਲ ਖ਼ਿਜ਼ਰ ਦੀ ਸਰਕਾਰ ਡਿਗ ਜਾਵੇਗੀ (Dawn, 14 February).

ਵੇਵੇਲ ਨੂੰ ਭੇਜੇ 12 ਫਰਵਰੀ ਦੇ ਇੱਕ ਟੈਲੀਗ੍ਰਾਮ ਤੇ ਪੰਜਾਬ ਦੇ ਗਵਰਨਰ ਨੇ ਜਾਇਜ਼ਾ ਲੀਤਾ:

> ਹਿੰਦੂ ਅਤੇ ਸਿੱਖ ਮੁਸਲਿਮ ਅੰਦੋਲਨ ਨੂੰ ਜ਼ਿਆਦਾ ਦੇਰ ਤੱਕ ਬਰਦਾਸ਼ਤ ਨਹੀਂ ਕਰਣਗੇ. ਡਾ.ਗੋਪੀ ਚੰਦ ਭਾਰਗਵ ਨੇ ਖੁਦ ਵਜ਼ੀਰ-ਏ-ਆਜ਼ਮ ਨੂੰ ਲਿਖਿਆ ਹੈ ਕਿ ਅਗਰ ਉਹ ਆਪਣੀ ਸਾਰੀ ਤਾਕਤ ਨਾਲ ਇਸ ਅੰਦੋਲਨ ਨੂੰ ਨਹੀਂ ਰੋਕ ਸਕਦੇ ਨੇ, ਤੇ ਹਿੰਦੂਆਂ ਨੂੰ ਖ਼ੁਦ ਕੋਈ ਕਾਰਵਾਈ ਕਰਨੀ ਪਏਗੀ. ਤਾਰਾ ਸਿੰਘ ਨੇ ਪ੍ਰੈਸ ਨੂੰ ਇੱਕ ਬਿਆਨ ਜਾਰੀ ਕੀਤਾ ਹੈ ਕਿ ਸਿੱਖ ਬਹੁਤ ਖ਼ਤਰੇ ਤੇ ਨੇ, ਅਤੇ ਉਨ੍ਹਾਂ ਨੇ ਆਪਣੀ ਫ਼ੌਜ਼ ਨੂੰ ਤੁਰੰਤ ਦੋਬਾਰਾ, ਉਨ੍ਹਾਂ ਦੀ ਅਗਵਾਈ ਤੇ, ਤਿਆਰ ਕਰਨੀ ਪਏਗੀ...ਅਸੀਂ ਤਾਰਾ ਸਿੰਘ ਦੇ ਬਿਆਨ ਨੂੰ ਦਬਾ ਰਹੇ ਹਾਂ. ਪਰ, ਅਸੀਂ ਗੈਰ-ਮੁਸਲਿਮ ਹਰਕਤਾਂ ਨੂੰ ਸਿਰਫ਼ ਥੋੜਾ ਪਿੱਛੇ ਕਰ ਸਕਦੇ ਹਾਂ, ਮਗਰ ਇਹ ਹੁਣ ਲਾਜ਼ਮੀ ਲਗ ਰਿਹਾ ਹੈ. ਲਹਰੀ ਸਿੰਘ, ਜੋ ਅੱਜ ਮੈਨੂੰ ਮਿਲੇ ਕਹਿ ਰਹੇ ਸੀ ਕਿ ਹਿੰਦੂਆਂ ਨੂੰ ਜ਼ਿਆਦਾ ਦੇਰ ਤੱਕ ਸ਼ਾਂਤ ਨਹੀਂ ਰੱਖਿਆ ਜਾ ਸਕੇਗਾ (Mansergh and Moon, 1980: 680).

ਅੱਮ੍ਰਿਤਸਰ ਤੇ 13 ਫਰਵਰੀ ਨੂੰ, ਡਾ.ਸੈਫ਼ੁਦੀਨ ਕਿਚਲੂ, ਪੰਜਾਬ ਪ੍ਰੋਵਿੰਸਿਅਲ ਕਾਗਰੇਸ ਕਮੇਟੀ ਦੇ ਪ੍ਰਧਾਨ ਨੇ ਐਲਾਨ ਕੀਤਾ: 'ਪਾਕਿਸਤਾਨ ਸਿਆਸੀ, ਆਰਥਕ ਅਤੇ ਸਮਾਜਕ ਤੌਰ ਤੇ, ਨਾਮੁਮਕਿਨ ਹੈ - ਇਹ

ਨਾਕਾਬਿਲ-ਏ-ਅਮਲ ਹੈ (Pakistan Times, 15 February). ਉਨ੍ਹਾਂ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਕਾਂਗਰੇਸ ਨੇ ਮੁਸਲਿਮ ਅਵਾਮ ਨਾਲ ਸੰਪਰਕ ਸਥਾਪਤ ਕਰਣ ਦੀ, ਜਵਾਹਰਲਾਲ ਨਹਿਰੂ ਦੀ ਤਰਤੀਬ ਦੇ ਤਹਿਤ, ਕੋਈ ਸੰਜੀਦਾ ਕੋਸ਼ਿਸ਼ ਨਹੀਂ ਕੀਤੀ. ਇਹ ਵਜ੍ਹਾ ਸੀ, ਉਨ੍ਹਾਂ ਨੇ ਜੋਰ ਦਿੱਤਾ, ਕਿ ਉਹ (ਮੁਸਲਿਮ) ਮੁਸਲਿਮ ਲੀਗ ਦੀ ਝੋਲੀ ਤੇ ਆ ਗਿਰੇ ਸੀ. ਬਤੌਰ ਮੁਸਲਿਮ ਉਸ ਨੂੰ ਲਗਿਆ ਕਿ ਇੱਕ ਇਤਹਾਦੀ ਇੰਡੀਆ ਵਿੱਚ ਉਸ ਦੀ ਕੌਮ ਨੂੰ ਜ਼ਿਆਦਾ ਫ਼ਾਇਦਾ ਹੋਵੇਗਾ. ਉਨ੍ਹਾਂ ਨੇ ਮੁਸਲਿਮਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਲੀਗ ਦੇ ਪ੍ਰਚਾਰ 'ਇਸਲਾਮ ਖ਼ਤਰੇ ਤੇ ਹੈ', ਦੇ ਸ਼ਿਕਾਰ ਨਾ ਹੋਣ. ਬਲਕਿ ਉਨ੍ਹਾਂ ਨੇ ਜ਼ੋਰ ਦਿੱਤਾ, 'ਅਗਰ ਇਸਲਾਮ ਆਪਣੀ ਖ਼ੂਬਿਆਂ ਅਤੇ ਪਾਕੀਜ਼ਗੀ ਦੇ ਚਲਦਿਆਂ ਹਰਿਆ ਭਰਿਆ ਹੋਇਆ ਹੈ ਤੇ, ਇਸ ਨੂੰ ਕਦੀ ਕਿਸੇ ਤੋਂ ਖ਼ਤਰਾ ਪੈਦਾ ਨਹੀਂ ਹੋ ਸਕਦਾ ਹੈ, ਹੋਰ ਆਪਣੇ ਮੁਲਕ ਤੇ ਲੋਕਾਂ ਤੋਂ ਹੋਰ ਵੀ ਘੱਟ. ਦਰਅਸਲ, ਸਾਡੇ ਮਜ਼ੂਬ ਨੂੰ ਸਭ ਤੋਂ ਵੱਡਾ ਖ਼ਤਰਾ ਘੁਲਾਮੀ ਹੋਰ ਸਾਮਰਾਜਵਾਦੀ ਚਰਚਿੱਲ ਸਮੂਹ ਤੋਂ ਹੈ' (Ibid.).

ਪੰਜਾਬ ਤੇ ਤਣਾਅ ਵਧਦਾ ਰਿਹਾ. ਅੱਮ੍ਰਿਤਸਰ ਤੇ 14 ਫਰਵਰੀ ਨੂੰ ਪੁਲਿਸ ਨੇ 1 ਲੱਖ ਲੋਕਾਂ ਦੇ ਇੱਕ ਜਲੂਸ ਉਪਰ ਗੋਲੀ ਚਲਾਈ. ਕੋਈ ਹਲਾਕ ਨਹੀਂ ਹੋਇਆ ਪਰ ਕੁੱਝ ਲੋਕ ਜ਼ਖ਼ਮੀ ਹੋਏ. ਪ੍ਰਦਰਸ਼ਨਕਾਰੀ ਸਿਵਲ ਲਾਇਨਸ ਦੀ ਤਰਫ਼ ਵਧ ਰਹੇ ਸੀ ਜਦ ਪੁਲਿਸ ਨੇ ਉਨ੍ਹਾਂ ਨੂੰ ਰੋਕਿਆ, ਪਰ ਕੋਈ ਫ਼ਾਇਦਾ ਨਹੀਂ ਹੋਇਆ. ਜਲੂਸ, ਸਹਾਇਕ ਕਮੀਸ਼ਨਰ ਦੇ ਅਦਾਲਤੀ ਕਮਰੇ ਅਤੇ ਜਨਰਲ ਪੋਸਟ ਆਫਿਸ ਦੇ ਉਪਰ ਮੁਸਲਿਮ ਲੀਗ ਦੇ ਝੰਡੇ ਲਹਰਾਉਣ ਲਈ ਅਗੇ ਵਧਿਆ. ਅਰਜ਼ੀ ਲਿਖਣ ਵਾਲਿਆਂ ਦੇ ਕਾਗਜ ਬਰਬਾਦ ਕਰ ਦਿੱਤੇ ਗਏ. ਪੁਲਿਸ ਦੇ ਲਾਠੀ ਮਾਰਣ ਨਾਲ ਕੁੱਝ ਲੋਕ ਜ਼ਖ਼ਮੀ ਹੋਏ.

16 ਫਰਵਰੀ ਨੂੰ ਸਿੱਖ ਪੰਥੀਕ ਬੋਰਡ ਵਰਕਿੰਗ ਕਮੇਟੀ ਮਿਲੀ ਅਤੇ ਅੰਦੋਲਨ ਦੀ ਮੁਖ਼ਾਲਫ਼ਤ ਕੀਤੀ ਕਿਉਂਕਿ ਇਸ ਨੂੰ ਡਰ ਸੀ ਕਿ ਇਹ ਅੰਦੋਲਨ ਸਿੱਖਾਂ ਦੇ ਖ਼ਿਲਾਫ਼ ਜਾ ਸਕਦਾ ਸੀ. ਇਸ ਨੇ ਮੰਗ ਕੀਤੀ ਕਿ ਹਕੂਮਤ ਸਖ਼ਤ ਕਾਰਵਾਈ ਕਰੇ. ਮੁਸਲਿਮ ਲੀਗ ਦੇ ਕਾਰਜਕਾਰੀ ਪ੍ਰਮੁਖ ਦਾਉਦ ਘਜ਼ਨਵੀ ਨੇ ਟਿੱਪਣੀ ਕੀਤੀ: 'ਅਗਰ ਸਰਕਾਰ ਅੰਦੋਲਨ ਅਤੇ ਸਭਾਵਾਂ ਉਪਰ ਪਾਬੰਦੀ ਹੱਟਾ ਲੈਂਦੀ ਹੈ ਤੇ ਅੰਦੋਲਨ ਰੁਕ ਜਾਵੇਗਾ, ਮੈਨੂੰ ਉਮੀਦ ਹੈ' (*Dawn*, 18 February). 17 ਫਰਵਰੀ ਨੂੰ ਪੁਲਿਸ ਨੇ ਨਾ ਸਿਰਫ਼ ਅੱਥਰੂ ਗੈਸ ਹੋਰ ਲਾਠੀ-ਚਾਰਜ ਦਾ ਇਸਤੇਮਾਲ ਕੀਤਾ ਮਗਰ ਗੋਲੀਆਂ ਵੀ ਦਾਗਿਆਂ. ਕਈ ਲੋਕ ਜ਼ਖ਼ਮੀ ਹੋਏ ਅਤੇ ਇੱਕ ਹਲਾਕ ਹੋਇਆ (*Dawn*, 19 February). ਉਸੇ ਦਿਨ ਮੁਸਲਿਮ ਲੀਗ ਦੇ ਤੋੜ-ਫੋੜ ਕਰਨ ਵਾਲਿਆਂ ਨੇ ਰਾਵਲਪਿੰਡੀ ਦੇ ਕਰੀਬ ਫ੍ਰੰਟਿਅਰ ਮੇਲ ਨੂੰ ਤਬਾਹ ਕਰਣ ਦੀ ਕੋਸ਼ਿਸ਼ ਕੀਤੀ (Civil and Military Gazette, 18 February). ਸਿਆਲਕੋਟ ਅਤੇ ਗੁਜਰਾਂਵਾਲਾਂ ਤੋਂ ਫ਼ਸਾਦਾ ਦੀ ਖ਼ਬਰਾਂ ਆਇਆਂ.

17 ਫਰਵਰੀ ਨੂੰ ਰਾਜਾ ਘਜ਼ਨਫ਼ਰ ਅਲੀ ਖ਼ਾਨ ਅਤੇ ਖ਼ਵਾਜਾ ਨਜ਼ੀਮੁਦੀਨ, ਨੇ ਲਾਹੌਰ ਵਿੱਚ ਇੱਕ ਸੰਜੁਕਤ ਪ੍ਰੈਸ ਸੱਮੇਲਨ ਤੇ ਮੁਸਲਿਮਾਂ ਨੂੰ ਚੇਤਾਵਨੀ ਦਿਤੀ ਕਿ 'ਉਹ ਆਪਣੇ ਅੰਦੋਲਨ ਨੂੰ ਇਹ ਰੂਪ ਨਾ ਦੇਣ ਜਿਸ ਨੂੰ ਉਨ੍ਹਾਂ ਦੇ ਰਹਨੁਮਾਵਾਂ ਨੇ ਇਖ਼ਤਿਆਰੀ ਜਾਂ ਮੰਜੂਰੀ, ਹੁਣ ਤੱਕ ਨਾ ਦਿੱਤੀ ਹੋਵੇ' (Dawn, 19 February). ਉਨ੍ਹਾਂ ਨੇ ਇਹ ਕਿਹਾ:

> ਇਹ ਲਗਦਾ ਹੈ ਕਿ ਪੰਜਾਬ ਦੇ ਕੁੱਝ ਹਿੱਸੇਆਂ ਤੇ, ਖ਼ਾਸ ਕਰ ਕੇ ਗੁਜਰਾਤ, ਜਿਹਲਮ, ਰਾਵਲਪਿੰਡੀ ਅਤੇ ਸਰਗੋਧਾ ਜ਼ਿਲ੍ਹਾਂ ਤੇ ਲੋਕਾਂ ਦੀ ਇੱਕ ਵੱਡੀ ਤਦਾਦ, ਰੇਲ-ਗੱਡਿਆਂ ਨੂੰ ਦੇਰ ਕਰਾਉਣ ਦੀ ਮੁਹਿੰਮ ਤੇ ਜੁਟੀ ਹੈ. ਇਹ ਕਿਹਾ ਜਾ ਰਿਹਾ ਹੈ ਕਿ ਇਸ ਨੂੰ ਨੈਸ਼ਨਲ ਗਾਰਡਸ ਅੰਜਾਮ ਦੇ ਰਹੇ ਨੇ ਅਤੇ ਇਹ ਸੋਚ ਇਸ ਰਾਇ ਤੋਂ

ਆਈ ਹੈ ਕਿ ਪ੍ਰੋਵਿੰਸਿਅਲ ਮੁਸਲਿਮ ਲੀਗ ਦੇ ਅਧਿਕਾਰਿਆਂ ਨੇ ਸਿਵਲ-ਨਾਫ਼ਰਮਾਨੀ ਦੇ ਇੱਕ ਹਿੱਸੇ ਦੇ ਤਹਿਤ, ਸੂਬੇ ਤੇ ਇਸ ਤਰ੍ਹਾਂ ਦੀ ਹਰਕਤਾਂ ਨੂੰ ਮੰਜ਼ੂਰੀ ਦੇ ਦਿੱਤੀ ਹੈ.

ਅਸੀਂ ਪੰਜਾਬ ਮੁਸਲਿਮ ਲੀਗ ਸੰਗਠਨ ਦੇ ਮੌਜੂਦਾ ਰਹਨੁਮਾਵਾਂ ਤੋਂ ਪਤਾ ਕੀਤਾ ਹੈ, ਅਤੇ ਅਸੀਂ ਇਹ ਗੱਲ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਰੇਲ-ਗਡਿਆਂ ਨੂੰ ਦੇਰ ਕਰਾਉਣਾ ਜਾਂ ਰੇਲ ਦੀ ਆਵਾ-ਜਾਵੀ ਵਿੱਚ ਕਿਸੇ ਕਿਸਮ ਦੀ ਦਖ਼ਲਅੰਦਾਜ਼ੀ ਨੂੰ, ਹੁਣ ਤੱਕ ਪ੍ਰੋਵਿੰਸਿਅਲ ਮੁਸਲਿਮ ਲੀਗ ਜਾਂ ਕਿਸੇ ਉੱਚੇ ਅਹੁਦੇਦਾਰ ਨੇ, ਮੰਜ਼ੂਰੀ ਨਹੀਂ ਦਿੱਤੀ ਹੈ (Dawn, 19 February)

ਇਸ ਦੌਰਾਨ, ਲਾਹੌਰ ਤੇ ਮੁਸਲਿਮ ਅਖ਼ਬਾਰਾਂ ਦੇ ਸੰਪਾਦਕਾਂ, ਫ਼ੈਜ਼ ਅਹਿਮਦ ਫ਼ੈਜ਼ (ਪਾਕਿਸਤਾਨ ਟਾਇਮਸ), ਅਖ਼ਤਰ ਅਲੀ ਖ਼ਾਨ (ਜ਼ਿਮੀਦਾਰ), ਹਮੀਦ ਨਿਜ਼ਾਮੀ (ਨਵਾ-ਇ-ਵਕਤ), ਨੂਰ ਇਲਾਹੀ (ਏਹਸਾਨ) ਅਤੇ ਅਬਦੁਲ ਹਮੀਦ (ਇਸਟੱਰਨ ਟਾਇਮਸ), ਨੇ ਇੱਕ ਬਿਆਨ ਜਾਰੀ ਕਰ ਵਿਰੋਧ ਜ਼ਾਹਰ ਕੀਤਾ ਕਿ 28 ਜਨਵਰੀ ਤੋਂ, ਲਾਹੌਰ ਦੇ ਹਰ ਅਖਬਾਰ ਨੂੰ ਹਦਾਇਤ ਦਿੱਤੀ ਗਈ ਹੈ ਕਿ, ਉਹ ਅੰਦੋਲਨ ਬਾਰੇ ਸਰਕਾਰ ਦੇ ਦਿੱਤੀ ਸਮਗਰੀ ਦੇ ਇਲਾਵਾ, ਹੋਰ ਕੁੱਝ ਨਾ ਛਾਪਣ...ਇਹ ਪਾਬੰਦੀ 16 ਫਰਵਰੀ ਨੂੰ ਖ਼ਤਮ ਹੋਣ ਵਾਲੀ ਸੀ ਮਗਰ 15 ਫਰਵਰੀ ਦੀ ਸ਼ਾਮ ਨੂੰ ਇੱਕ ਨਵਾਂ ਹੁਕਮ ਆ ਗਿਆ ਹੈ ਅਤੇ ਮੁਹ ਬੰਦ ਰੱਖਣ ਦਾ ਆਦੇਸ਼ ਜੋ ਦਸ ਦਿਨ ਤੱਕ ਕਾਇਮ ਰਹਿਣਾ ਸੀ, ਹੁਣ ਇੱਕ ਮਹੀਨੇ ਤੱਕ ਜਾਰੀ ਰਹੇਗਾ (Pakistan Times, 19 February).

20 ਫਰਵਰੀ ਨੂੰ ਬ੍ਰਿਟਿਸ਼ ਸਰਕਾਰ ਦਾ ਐਲਾਨ: ਹਕੂਮਤ ਦੀ ਤਬਦੀਲੀ

ਜਦ ਪੰਜਾਬ ਵਿੱਚ ਮੁਸਲਿਮ ਲੀਗ ਦੀ ਸਿੱਧੀ ਕਾਰਵਾਈ ਪੂਰੇ ਜੋਰ ਤੇ ਸੀ, ਬ੍ਰਿਟਿਸ਼ ਸਰਕਾਰ ਨੇ 20 ਫਰਵਰੀ ਨੂੰ ਲੰਡਨ ਤੇ, ਇੰਡਿਅਨਾਂ ਨੂੰ, ਵੱਧ ਤੋਂ ਵਧ 1948 ਦੇ ਅਖੀਰ ਤਕ, ਹਕੂਮਤ ਦੇ ਦੇਣ ਦੇ ਮਨਸੂਬੇ ਦਾ ਐਲਾਨ ਕੀਤਾ. ਇਸ ਬਿਆਨ ਨੇ ਜੋਰਦਾਰ ਤਰੀਕੇ ਨਾਲ ਅਫ਼ਸੋਸ ਜ਼ਾਹਰ ਕੀਤਾ ਕਿ, ਕੈਬੀਨੇਟ ਮਿਸ਼ਨ ਪਲਾਨ ਨੂੰ ਸਰਕਾਰ ਦੇ ਬਤੌਰ ਬੁਨਿਆਦ, ਕੱਮ ਕਰਣ ਲਈ ਮੰਜ਼ੂਰ ਨਹੀਂ ਕੀਤਾ ਗਿਆ ਅਤੇ *ਕਨਸਟੀਚੁਐਂਟ ਅਸੈਮਬਲੀ* ਕਿਸੇ ਇੱਕ ਸੰਵਿਧਾਨਕ ਫਾਰਮੁਲੇ ਉਪਰ ਰਾਜੀ ਹੋਣ ਤੇ ਨਾਕਾਮਯਾਬ ਰਹੀ ਹੈ. ਹੋਰ, 'ਹੀਜ ਮੇਜੇਸਟੀਸ ਗਵਰਨਮੇਂਟ ਇਸ ਗੱਲ ਨੂੰ ਸਾਫ ਕਰ ਦੇਣਾ ਚਾਉਂਦੀ ਹੈ ਕਿ ਉਸ ਦਾ ਜ਼ਰੂਰੀ ਕਦਮ ਲੈਣ ਦਾ ਪੱਕਾ ਇਰਾਦਾ ਹੈ ਤਾਂਕਿ ਹਕੂਮਤ ਜ਼ਿਮੇਵਾਰ ਇੰਡਿਅਨ ਹੱਥਾਂ ਤੇ, ਜੁਨ 1948 ਤੱਕ ਦਿੱਤੀ ਜਾ ਸਕੇ' (Mansergh and Moon, 1980: 774).

ਇਸ ਬਿਆਨ ਦਾ ਜਵਾਬੀ ਅਮਲ ਮੁਖ਼ਤਲਿਫ਼ ਸੀ. ਮੁਸਲਿਮ ਲੀਗ ਨੇ ਮਹਿਸੂਸ ਕੀਤਾ ਕਿ ਉਹ ਪਾਕਿਸਤਾਨ ਦੀ ਜੰਗ ਨੂੰ ਜਿੱਤ ਲੈਗੀ, ਜਦ ਕਿ ਕਾਂਗਰੇਸ ਨੇ ਮਹਿਸੂਸ ਕੀਤਾ ਕਿ ਇਹ ਬਿਆਨ ਜਿਨਾਹ ਅਤੇ ਮੁਸਲਿਮ ਲੀਗ ਨੂੰ ਜ਼ਿਆਦਾ ਹਕੀਕਤ ਦੇ ਮੁਤਾਬਕ ਅਤੇ ਲਚਕਦਾਰ ਬਣਨ ਨੂੰ ਮਜਬੂਰ ਕਰੇਗਾ. ਸਿੱਖ, ਖ਼ਾਸ ਕਰ ਕੇ, ਵਿਆਕੁਲ ਸਨ ਕਿਉਂਕਿ ਸੂਬੇ ਵਿੱਚ ਉਨ੍ਹਾਂ ਦੇ ਖ਼ਾਸ ਦਾਅਵੇਆਂ ਉਪਰ ਕੋਈ ਗਾਰੰਟੀ ਨਹੀਂ ਦਿੱਤੀ ਗਈ ਸੀ (The Tribune, 4 February). ਜਿਥੇ ਤੱਕ ਖ਼ਿਜ਼ਰ ਦਾ ਸਵਾਲ ਸੀ, ਉਨ੍ਹਾਂ ਨੇ ਆਪਣੀ ਮਾਯੂਸੀ ਸ਼ਾਫ ਲਫ਼ਜ਼ਾਂ ਤੇ ਜ਼ਾਹਰ ਕੀਤੀ, ਅਤੇ ਬਿਆਨ ਨੂੰ 'ਸਿਰਫ਼ਿਰੇ ਦਾ ਕੱਮ' ਦੱਸਿਆ. 21 ਫਰਵਰੀ 1947 ਨੂੰ ਉਹ ਆਪਣੇ ਬਿਆਨ ਤੋਂ ਮੁਕਰਣ ਲਗੇ, ਅਤੇ ਬਿਆਨ ਦਾ ਵੇਰਵਾ ਦੇਂਦੇ ਹੋਏ ਇਸ ਨੂੰ ਸਿਰਫ਼ ਇੱਕ ਧਮਕੀ ਦੱਸਿਆ,

ਜਿਸ ਨੂੰ ਬ੍ਰਿਟਿਸ਼ ਨੇ ਗੰਭੀਰਤਾ ਨਾਲ ਨਹੀਂ ਲੀਤਾ ਸੀ. ਜੇਨਕੀਨਸ ਨੇ, ਮਗਰ, ਖ਼ਿਜ਼ਰ ਨੂੰ ਸਲਾਹ ਦਿੱਤੀ ਕਿ ਉਹ ਇਸ ਨੂੰ ਫ਼ੈਸਲਾਕੁਨ ਸਮਝ਼ਣ, ਜਿਸ ਦੇ ਉਪਰ ਅਮਲ ਕੀਤਾ ਜਾਵੇਗਾ.

24 ਫਰਵਰੀ : ਅੱਮ੍ਰਿਤਸਰ ਤੇ ਤੇਹਰੀਕ ਤਸ਼ੱਦਦੀ ਹੋ ਜਾਂਦੀ ਹੈ

ਸਿਵਲ ਨਾਫ਼ਰਮਾਨੀ ਤੇਹਰੀਕ ਹਰ ਗੁਜਰਦੇ ਦਿਨ ਨਾਲ, ਹੋਰ ਜ਼ਿਆਦਾ ਬੇਲਗਾਮ ਹੋ ਰਹੀ ਸੀ. ਅੱਮ੍ਰਿਤਸਰ ਤੋਂ ਜ਼ਿਆਦਾ ਸ਼ੋਖ ਇਹ ਕਿਥੇ ਵੀ ਨਹੀਂ ਸੀ. ਖ਼ਵਾਜ਼ਾ ਇਫ਼ਤਿਖ਼ਾਰ ਨੇ ਆਪਣੀ ਕਿਤਾਬ, *ਜਬ ਅੱਮ੍ਰਿਤਸਰ ਜਲ ਰਹਾ ਥਾ* ਵਿੱਚ ਗੌਰ ਫ਼ਰਮਾਇਆ ਹੈ ਕਿ ਇਤਰਾਜ਼ ਕਰਣ ਵਾਲੇ ਮੁਸਲਿਮ, ਪਹਿਲਾਂ ਮੁਸਲਿਮ ਐਂਗਲੋ-ਉਰਿਏਂਟਲ (ਮਾਉ) ਕਾਲਜ ਦੇ ਅਹਾਤੇ ਤੇ ਇਕੱਠਾ ਹੁੰਦੇ ਸੀ. ਇਸ ਦੇ ਪਿੰ੍ਰਸਿਪਲ ਦਿਲਾਵਰ ਹੁਸੈਨ, ਉਨ੍ਹਾਂ ਦੀ ਹਰ ਕਿਸਮ ਦੀ ਮਦਦ ਅਤੇ ਹੌਸਲਾਅਫ਼ਜ਼ਾਈ ਕਰਦੇ ਸੀ. ਇੱਕ ਮੌਕੇ ਤੇ, ਇੱਕ ਬ੍ਰਿਟਿਸ਼ ਪੁਲਿਸ ਅਫਸਰ ਜੋ ਜਲੂਸ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ, ਉਸ ਨੂੰ ਗੁੱਸੇ ਨਾਲ ਇਤਰਾਜ਼ ਜਤਾਂਦੇ ਹੋਏ, ਕਾਲਜ ਤੋਂ ਬਾਹਰ ਜਾਣ ਨੂੰ ਕਿਹਾ. ਰੋਜਾਨਾ ਜਲੂਸ ਸਾਰੇ ਸ਼ਹਿਰ ਦਾ ਚਕੱਰ ਮਾਰਦੇ ਅਤੇ ਪੁਲਿਸ ਉਨ੍ਹਾਂ ਨੂੰ ਤਿੱਤਰ-ਬਿੱਤਰ ਕਰਣ ਲਈ ਅੱਥਰੂ-ਗੈਸ ਦਾ ਇਸਤੇਮਾਲ ਜਾਂ ਕਈ ਵਾਰ ਲਾਠੀਚਾਰਜ ਕਰਦੀ. ਇਤਰਾਜ਼ ਕਰਣ ਵਾਲੇਆਂ ਅਤੇ ਪੁਲਿਸ ਦੇ ਦਰਮਿਆਨ, ਤਣਾਅ ਹਰ ਰੋਜ ਵਧ ਰਿਹਾ ਸੀ ਅਤੇ ਇੱਕ ਦਿਨ, ਮੁਸਲਿਮ ਔਰਤਾਂ ਵੀ ਅੰਦੋਲਨ ਤੇ ਸ਼ਾਮਲ ਸਨ ਅਤੇ ਬ੍ਰਿਟਿਸ਼ ਦੇ ਖ਼ਿਲਾਫ਼ ਅਤੇ ਪਾਕਿਸਤਾਨ ਦੇ ਹਿਮਾਇਤੀ ਉੱਚੀ ਨਾਅਰੇ ਰੌਲਾ ਪਾ ਰਹੀਆਂ ਸਨ. ਪੁਲਿਸ ਸੁਪਰਿਨਟੇਂਡੇਟ ਰਾਬਿਨਸਨ ਨੇ ਜਲੂਸ ਉਪਰ ਆਪਣਾ ਗੁੱਸਾ ਕਢਦੇ ਹੋਏ ਕੁੱਝ ਮਹਿਲਾਵਾਂ ਉਪਰ, ਜੋ ਜਲੂਸ ਨਾਲ ਟਾਉਨ ਹਾਲ ਜਾ ਰਹਿਆਂ ਸਨ, ਉਪਰ ਕੋਰੜੇ ਨਾਲ ਬਾਰਸ਼ ਕਰ ਦਿੱਤੀ. ਇਹ ਵੇਖ ਕੇ ਇੱਕ ਨੌਜਵਾਨ, ਅਯਾਜ਼ ਮਹਮੁਦ ਨੇ ਇਸ ਜ਼ਿਲੱਤ ਦੇ ਖ਼ਿਲਾਫ਼, ਬਦਲੇ ਦੀ ਕਾਰਵਾਈ ਕੀਤੀ. ਉਸ ਨੇ ਇੱਕ ਪੁਲਿਸ ਵਾਲੇ ਤੋਂ ਲਾਠੀ ਖੋਹ ਕੇ, ਰਾਬਿਨਸਨ ਦੇ ਸਿਰ ਤੇ ਧਾਤ ਵਾਲਾ ਹਿੱਸਾ ਠੇਕ ਦਿੱਤਾ. ਰਾਬਿਨਸਨ ਜ਼ਮੀਨ ਦੇ ਗਿਰ ਗਿਆ. ਉਹ ਇੱਕ ਹਸਪਤਾਲ ਤੇ ਸੱਤ ਦਿਨਾਂ ਤੱਕ ਬੇਹੋਸ਼ੀ ਦੀ ਹਾਲਤ ਵਿੱਚ ਰਹਿਆ; ਉਸ ਦੀ ਖੋਪੜੀ ਦਾ ਇੱਕ ਹਿੱਸਾ ਟੁੱਟ ਗਿਆ ਸੀ. ਉਹ ਹੌਲੀ ਹੌਲੀ ਚੰਗਾ ਹੋ ਗਿਆ. ਅਯਾਜ਼ ਮਹਮੁਦ ਦੇ ਉਪਰ ਮੁਕਦਮਾ ਚਲਿਆ, ਪਰ ਉਸ ਨੂੰ 14 ਅਗਸਤ ਨੂੰ ਰਿਹਾ ਕਰ ਦਿੱਤਾ ਗਿਆ ਜਦ ਇੰਡੀਆ ਅਤੇ ਪਾਕਿਸਤਾਨ ਨੇ ਕੈਦਿਆਂ ਦੀ ਅਦਲਾ-ਬਦਲੀ ਕੀਤੀ (1991: 73–79).

ਹਰ ਹਾਲਤ ਵਿੱਚ, ਅੰਦੋਲਨ ਕਾਇਮ ਰਹੇ, ਵੱਡੇ ਹੁੰਦੇ ਗਏ ਅਤੇ ਹੋਰ ਅਕਸਰ ਹੋਣ ਲਗੇ. 24 ਫਰਵਰੀ 1947 ਨੂੰ, ਮੁਸਲਿਮ ਲੀਗ ਦੇ ਇਸ ਅੰਦੋਲਨ ਨੇ ਲਗਾਤਾਰ ਸਿਵਲ ਨਾਫ਼ਰਮਾਨੀ ਦਾ ਇੱਕ ਮਹੀਨਾ ਪੂਰਾ ਕੀਤਾ. ਇਸ ਨੂੰ ਜ਼ਿਆਦਾਤਰ ਸ਼ਹਿਰਾਂ ਤੇ ਹੜਤਾਲ ਦੇ ਨਾਲ ਮਣਾਇਆ ਗਿਆ ਅਤੇ ਅੱਮ੍ਰਿਤਸਰ, ਜਲੰਧਰ ਅਤੇ ਰਾਵਲਪਿੰਡੀ ਤੇ ਗੰਭੀਰ ਫ਼ਸਾਦ ਹੋਏ. ਅੱਮ੍ਰਿਤਸਰ ਤੇ ਉਸ ਦਿਣ ਤਸ਼ੱਦਦ ਵਧ ਗਿਆ. ਜੇਨਕੀਨਸ 28 ਫਰਵਰੀ 1947 ਦੀ ਪੰਦਰਵਾੜੇ ਦੀ ਰਿਪੋਰਟ ਤੇ ਟਿੱਪਣੀ ਕਰਦੇ ਨੇ:

> ਅੱਮ੍ਰਿਤਸਰ ਦੀ ਵਾਰਦਾਤਾਂ, ਖ਼ਾਸ ਜ਼ਿਕਰ ਕਰਣ ਲਾਇੱਕ ਨੇ. ਪ੍ਰਦਰਸ਼ਨਕਾਰਿਆਂ ਦੀ ਇੱਕ ਵੱਡੀ ਭੀੜ ਸਿਵਲ ਸਟੇਸ਼ਨ ਦੀ ਤਰਫ਼ ਚਲੇ ਗਈ ਅਤੇ ਪੁਲਿਸ ਉਪਰ ਕਾਤਿਲਾਨਾ ਹਮਲਾ ਕਰਣ ਲਗੀ. ਇੱਕ ਸਿੱਖ ਪੁਲਿਸ ਸਿਪਾਹੀ ਜੋ ਪਾਇੰਟ ਡਯੂਟੀ ਤੇ ਸੀ, ਅਤੇ ਦੰਗਾਈ ਦੇ ਖ਼ਿਲਾਫ਼ ਕਿਸੇ ਸਰਗਰਮੀ ਤੇ ਸੱਚ-ਮੁੱਚ ਸ਼ਾਮਲ ਨਹੀਂ ਸੀ, ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਅਤੇ ਉਸ ਦੀ ਮੌਤ ਹੋ ਗਈ, ਅਤੇ ਦੂਜੇ ਪੁਲਿਸ ਅਫ਼ਸਰਾਂ ਉਪਰ ਹਮਲਾ

> ਹੋਇਆ. ਪੁਲਿਸ ਦੇ ਉਪਰ 55 ਜਾਨੀ ਹਮਲੇ ਹੋਏ ਅਤੇ ਇੱਕ ਦੀ ਮੋਤ ਹੋਈ. ਉਨ੍ਹਾਂ ਨੂੰ ਮਜਬੁਰਨ ਗੋਲੀਆਂ ਚਲਾਈ ਪਈਆਂ. ਪ੍ਰਦਰਸ਼ਨਕਾਰੀਆਂ ਵਿੱਚ 110 ਲੋਕ ਜ਼ਖ਼ਮੀ ਹੋਏ ਅਤੇ 1 ਬੰਦਾ ਹਲਾਕ ਹੋਇਆ ਅਤੇ ਰਿਵਾਲਵਰ ਦੀ ਗੋਲੀਆਂ ਨਾਲ 11 ਜ਼ਖ਼ਮੀ ਹੋਏ. ਜੋ ਪ੍ਰਦਰਸ਼ਨਕਾਰੀ ਹਲਾਕ ਹੋਇਆ ਉਹ ਜ਼ਮੀਨ ਤੇ ਗਿਰੇ ਇੱਕ ਪੁਲਿਸ ਅਫ਼ਸਰ ਨੂੰ ਕਤਲ ਕਰਣ ਦੀ ਕੋਸ਼ਿਸ਼ ਕਰ ਰਿਹਾ ਸੀ, ਅਤੇ ਇਹ ਸਾਡੀ ਖ਼ੁਸ਼ਕਿਸਮਤੀ ਹੈ ਕਿ ਉਸ ਨੂੰ ਗੋਲੀ ਮਾਰ ਕੇ ਖ਼ਤਮ ਕੀਤਾ ਗਿਆ. ਵਧੀਕ ਜ਼ਿਲ੍ਹਾ ਮਜਿਸਟਰੇਟ ਦੀ ਖੋਪੜੀ ਟੁੱਟ ਗਈ. ਇਸ ਵਾਕਿਐ ਦੇ ਦੌਰਾਨ, ਫ਼ੌਜ਼ ਦੀ ਇੱਕ ਟੁਕੜੀ ਖੜੀ ਰਹੀ, ਪਰ ਮੈਨੂੰ ਲਗਦਾ ਹੈ, ਉਨ੍ਹਾਂ ਦਾ, ਕੋਈ ਇਸਤੇਮਾਲ ਨਹੀਂ ਕੀਤਾ ਗਿਆ (Carter, 2006: 365–6).

ਸਿੱਖ ਕਾਂਸਟੇਬਲ ਦੇ ਭਿਆਨਕ ਕਤਲ ਦੇ ਨਤੀਜਨ, ਮਾਸਟਰ ਤਾਰਾ ਸਿੰਘ, ਨੇ ਮੁਸਲਿਮ ਲੀਗ ਦੀ ਮੁਹਿੰਮ ਨੂੰ ਫ਼ਿਰਕੂ, ਨਾ ਕਿ ਸਿਆਸੀ, ਦੱਸਿਆ. ਤਿੰਨ ਦਿਨਾਂ ਬਾਅਦ, ਉਨ੍ਹਾਂ ਨੇ ਇੱਕ ਘਰੇਲੂ ਜੰਗ ਦੇ ਖ਼ਤਰੇ ਦੀ ਚੇਤਾਵਨੀ ਦਿੱਤੀ ਅਤੇ ਮੰਗ ਕੀਤੀ ਕਿ ਬ੍ਰਿਟਿਸ਼ ਪੰਜਾਬ ਨੂੰ ਸਿੱਖਾਂ ਦੇ ਹਵਾਲੇ ਵਾਪਸ ਕਰ ਦੇਣ. ਪਹਿਲਾਂ ਤੋਂ ਹੀ, ਖ਼ੁਫ਼ੀਆ ਰਿਪੋਰਟਾਂ ਤੋਂ ਚੇਤਾਵਨੀ ਮਿਲ ਰਹੀ ਸੀ ਕਿ ਨਿਜੀ ਫ਼ੌਜ਼ਾਂ ਵਿੱਚ ਤੇਜੀ ਨਾਲ ਭਰਤੀ ਚਲ ਰਹੀ ਸੀ (Talbot, 2004: 82). ਸਿੱਖ ਕਾਂਸਟੇਬਲ ਦੀ ਮੌਤ ਦੇ ਬਾਰੇ, ਖ਼ਵਾਜਾ ਇਫ਼ਤਿਖ਼ਾਰ ਵਾਰਦਾਤਾਂ ਦਾ ਇੱਕ ਅਲਗ ਸਿਲਸਿਲਾ ਬਿਆਨ ਕਰਦੇ ਨੇ, ਜਿਸ ਦੇ ਅਖੀਰ ਤੇ ਕਤਲ ਹੁੰਦਾ ਹੈ. ਉਹ ਜੋਰ ਦੇਂਦੇ ਨੇ ਕਿ ਮੁਸਲਿਮ ਭੀੜ ਦਿਨ ਭਰ ਵਧਦੀ ਰਹੀ ਅਤੇ ਜ਼ਿਆਦਾ ਪੱਕੇ ਇਰਾਦੇ ਵਾਲੀ ਅਤੇ ਦਲੇਰ ਬਣ ਗਈ. ਉਨ੍ਹਾਂ ਨੇ ਇੰਤਜਾਮਿਆ ਨੂੰ ਪਿੱਛੇ ਮੋੜ ਦਿੱਤਾ; ਕੁੱਝ ਸਰਕਾਰੀ ਕਾਰਜਕਰਤਾ ਨਾਲ ਪ੍ਰਦਰਸ਼ਨਕਾਰੀਆਂ ਨੇ ਹੱਥੋਪਾਈ ਵੀ ਕੀਤੀ. ਇਸ ਦੇ ਚਲਦਿਆਂ ਪੁਲਿਸਵਾਲੇ ਵਿਰੋਧਿਆਂ ਨੂੰ ਵੇਖ, ਘਬੜਾ ਕੇ ਨੱਸ ਜਾਂਦੇ ਸੀ. ਕੁੱਝ ਪੁਲਿਸਵਾਲੇ ਝਾੜਿਆਂ ਦੇ ਪਿੱਛੇ ਜਾ ਕੇ ਜਾਂ ਦਰਖ਼ਤਾਂ ਤੇ ਚੜ੍ਹ ਕੇ ਗੋਲੀਆਂ ਚਲਾਂਦੇ. ਮੁਸਲਿਮਾਂ ਦੀ ਹਿਮੱਤ ਵਧ ਗਈ ਸੀ ਅਤੇ ਉਹ ਯੂਨਿਅਨ ਜੈਕ ਨੂੰ ਉਤਾਰ ਕੇ ਉਸ ਦੇ ਬਦਲੇ, ਮੁਸਲਿਮ ਲੀਗ ਦਾ ਝੰਡਾ ਲਹਿਰਾ ਦੇਂਦੇ ਸੀ. ਐਦਾਂ ਦੀ ਇੱਕ ਕੋਸ਼ਿਸ਼ ਦੇ ਦੌਰਾਨ, ਇੱਕ ਨੌਜਵਾਨ, ਮੁਹੱਮਦ ਸ਼ਫ਼ੀ ਅੱਮ੍ਰਿਤਸਰ ਜੇਲ੍ਹ ਦੀ ਕੰਧ ਤੇ ਚੜ੍ਹ ਗਿਆ ਅਤੇ ਮੁਸਲਿਮ ਲੀਗ ਦੇ ਝੰਡੇ ਨੂੰ ਲਹਰਾਉਣ ਲਗਾ. ਉਸ ਦੀ ਗੋਲੀ ਲਗਣ ਨਾਲ ਮੌਤ ਹੋ ਗਈ (Iftikhar, 1991: 82–83). ਉਸ ਦੀ ਮੌਤ ਨੇ ਵਿਰੋਧਿਆਂ ਨੂੰ ਜਨੂਨੀ ਬਣਾ ਦਿੱਤਾ. ਉਨ੍ਹਾਂ ਨੇ ਚੀਕਣਾ ਸ਼ੁਰੂ ਕਰ ਦਿੱਤਾ *'ਲੈ ਕੇ ਰਹੇਂਗੇ ਪਾਕਿਸਤਾਨ, ਦੇਨਾ ਪੜੇਗਾ ਪਾਕਿਸਤਾਨ'* ਅਤੇ *'ਪਾਕਿਸਤਾਨ ਕਾ ਮਤਲਬ ਕਿਆ? ਲ਼ਾ ਇਲ਼ਾਹਾ ਇਲ਼ਲ਼ਲ਼ਲ਼ਾਹ'*. ਐਦਾਂ ਦੇ ਹਾਲਾਤ ਵਿੱਚ, ਇਫ਼ਤਿਖ਼ਾਰ ਜੋਰ ਦੇਂਦੇ ਨੇ ਕਿ ਇੱਕ ਸਿੱਖ ਕਾਂਸਟੇਬਲ ਨੇ ਆਪਣੇ ਆਪ ਨੂੰ ਇੱਕ ਜਮਘਟੇ ਨਾਲ ਘੇਰਿਆ ਹੋਇਆ ਪਾਇਆ, ਜਿਸ ਨੇ ਉਸ ਨੂੰ ਮਾਰ ਦਿੱਤਾ.

ਨਾ ਤੇ ਗਵਰਨਰ ਹੋਰ ਨਾ ਹੀ ਮੁੱਖ ਸਚਿਵ ਉਸ ਮੁਸਲਿਮ ਦਾ ਜ਼ਿਕਰ ਕਰਦੇ ਨੇ ਜੋ ਜੇਲ੍ਹ ਦੀ ਕੰਧ ਤੇ ਚੜ੍ਹਿਆ ਸੀ. ਪਰ ਕਈ ਇੰਟਰਵਿਊ ਦੇਣ ਵਾਲੇ ਹਿੰਦੂ, ਸਿੱਖ ਅਤੇ ਮੁਸਲਿਮਾਂ ਨੇ ਯਾਦ ਕੀਤਾ ਕਿ ਅੱਮ੍ਰਿਤਸਰ ਜੇਲ੍ਹ ਦੀ ਕੰਧ ਤੇ ਮੁਸਲਿਮ ਲੀਗ ਦਾ ਝੰਡਾ ਲਹਿਰਾਂਦੇ ਹੋਏ, ਇੱਕ ਮੁਸਲਿਮ ਨੌਜਵਾਨ ਦੀ ਮੌਤ ਹੋ ਗਈ ਮਗਰ ਇਸ ਨੂੰ ਕਿਸੇ ਨੇ ਸਿੱਖ ਕਾਂਸਟਬਲ ਦੀ ਮੌਤ ਨਾਲ ਨਹੀਂ ਜੋੜਿਆ; ਸਿਰਫ਼ ਇਫ਼ਤਿਖ਼ਾਰ ਦੀ ਕਿਤਾਬ ਤੇ ਇਸ ਦਾ ਜ਼ਿਕਰ ਹੈ. ਇਸ ਕਰ ਕੇ, ਇਸ ਨੂੰ ਪੱਕਾ ਕਰਨਾ ਮੁਸ਼ਕਲ ਹੈ ਕਿ ਦੋਨੇ ਮੌਤਾਂ ਇੱਕ ਦਿਨ ਤੇ ਹੋਇਆਂ ਅਤੇ ਦੂਜੀ ਮੌਤ, ਮੁਹੱਮਦ ਸ਼ਰੀਫ਼ ਦੀ ਮੌਤ ਦਾ ਬਦਲਾ ਸੀ. ਇਤਫ਼ਾਕਿਆ ਤੌਰ ਤੇ, 30 ਦਸੰਬਰ 2004 ਨੂੰ ਮੈਂ, ਅੰਦਰੁਨ ਸ਼ਹਿਰ ਲਾਹੌਰ ਦੇ ਰੰਗ ਮਹਲ ਤੇ, ਇੱਕ ਬਜ਼ੁਰਗ ਇਨਸਾਨ, ਅਲੀ ਬਖ਼ਸ਼ ਮੋਚੀ ਦਾ ਇੰਟਰਵਿਊ

ਲੀਤਾ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਸ਼ਰੀਫ਼ ਉਨ੍ਹਾਂ ਦੀ ਬਰਾਦਰੀ (*ਮੋਚੀ*) ਤੋਂ ਸੀ. ਉਨ੍ਹਾਂ ਨੇ ਸ਼ਰੀਫ਼ ਨੂੰ ਪਾਕਿਸਤਾਨ ਲਈ ਸ਼ਹੀਦ ਹੋਣ ਵਾਲੇ ਪਹਿਲੇ ਮੁਸਲਿਮ ਦਾ ਖ਼ਿਤਾਬ ਦਿੱਤਾ ਮਗਰ ਉਨ੍ਹਾਂ ਨੂੰ ਤਾਰੀਖ ਯਾਦ ਨਹੀਂ ਸੀ.

25 ਫਰਵਰੀ ਨੂੰ ਪੂਰਬੀ ਸ਼ਹਿਰ ਅੰਬਾਲਾ ਤੋਂ, ਗੰਭੀਰ ਗੜਬੜ ਦੀ ਖ਼ਬਰ ਆਈ, ਜਿੱਥੇ ਪਹਿਲਾਂ ਪੂਰੀ ਤਰ੍ਹਾਂ ਅਮਨ ਕਾਇਮ ਸੀ. ਸੈਕੜੇਂ ਔਰਤਾਂ ਅਤੇ ਹਜਾਰਾਂ ਬੰਦੇਆਂ ਦੀ ਇੱਕ ਭੀੜ ਨੇ, ਪੁਲਿਸ ਉਪਰ ਪੱਥਰਾਂ ਅਤੇ ਲਾਠਿਆਂ ਨਾਲ ਹਮਲਾ ਕਰ ਦਿੱਤਾ. ਪੁਲਿਸ ਨੇ ਗੋਲੀ ਚਲਾਈ ਅਤੇ ਕਈ ਪ੍ਰਦਰਸ਼ਨਕਾਰੀ ਜ਼ਖ਼ਮੀ ਹੋਏ. ਕਈ ਪੁਲਿਸਵਾਲੇ ਵੀ ਤਸ਼ੱਦਦ ਵਿੱਚ ਜ਼ਖਮੀ ਹੋਏ (Ibid.). 28 ਫਰਵਰੀ ਦੇ ਪਾਕਿਸਤਾਨ ਟਾਇਮਸ ਨੇ ਖ਼ਬਰ ਦਿੱਤੀ ਕਿ ਅੰਬਾਲਾ ਤੇ, ਦੋ ਔਰਤਾਂ ਦੀ ਲਾਠੀ-ਚਾਰਜ ਵਿੱਚ ਮੌਤ ਹੋ ਹਈ. ਲਾਹੌਰ ਤੇ ਉਸੇ ਦਿਨ, ਪ੍ਰਦਰਸ਼ਨਕਾਰੀਆਂ ਨੇ ਚਾਕੂ ਕੱਢ ਲੀਤੇ. ਇੱਕ ਨੇ ਪੁਲਿਸ ਦੇ ਐਸ.ਪੀ. ਨੂੰ ਚਾਕੂ ਮਾਰਣ ਦੀ ਕੋਸ਼ਿਸ਼ ਕੀਤੀ ਮਗਰ ਇੱਕ ਕਾਂਸਟੇਬਲ ਨੇ ਉਸ ਨੂੰ ਗਿਰਾ ਦਿੱਤਾ. ਉਸੇ ਦਿਨ, ਔਰਤਾਂ, ਬੱਚੇ ਅਤੇ ਨੌਜਵਾਨਾਂ ਦੀ ਇੱਕ ਭੀੜ ਨੇ ਸੇਕਰੇਟੇਰਿਅਟ (ਸਕੱਤਰੇਤ) ਉਪਰ ਹਮਲਾ ਕੀਤਾ. ਜਿਣ ਨੌਜਵਾਨਾਂ ਨੇ ਇਸ ਦੇ ਵਿੱਚ ਹਿੱਸਾ ਲੀਤਾ ਸੀ, ਉਨ੍ਹਾਂ ਦੇ ਵਿੱਚ ਮੁਜ਼ੰਗ, ਲਾਹੌਰ ਤੋਂ ਮਿਆਂ ਮੁਹੱਮਦ ਸਲੀਮ ਅਤੇ ਆਰਿਫ਼ ਖੋਖਰ ਸ਼ਾਮਲ ਹਨ (ਇੰਟਰਵਿਊ).

ਅੰਦੋਲਨ ਨੂੰ ਖ਼ਤਮ ਕਰਣ ਦੀ ਕੋਸ਼ਿਸ਼

ਪੰਜਾਬ ਵਿੱਚ ਸਿੱਧੀ ਕਾਰਵਾਈ, ਅਤੇ ਖ਼ਿਜ਼ਰ ਟਿਵਾਣਾ ਹੋਰ ਮੁਸਲਿਮ ਲੀਗ ਦੇ ਰਹਨੁਮਾਵਾਂ ਦੇ ਵਿੱਚ ਕਈ ਮਹੀਨੇ ਤੋਂ ਚਲੇ ਆ ਰਹੇ ਝਗੜੇ, ਦੇ ਬਾਵਜੂਦ ਦੋਵਾਂ ਵਿੱਚ ਸੰਪਰਕ ਪੂਰੀ ਤਰ੍ਹਾਂ ਟੁੱਟਾ ਨਹੀਂ ਸੀ. ਮੁਸਲਿਮ ਲੀਗ ਦੇ ਕਈ ਨਵੇਂ ਤਾਕਤਵਰ ਸਦੱਸ - ਮਲਿਕ ਸਰ ਫ਼ੀਰੋਜ਼ ਖ਼ਾਨ ਨੂਨ, ਸਰਦਾਰ ਸ਼ੌਕਤ ਹਯਾਤ, ਬੇਗਮ ਜਹਾਨਾਰਾ ਸ਼ਾਹਨਵਾਜ਼ ਵਗੈਰਹ - ਹਾਲ ਵਿੱਚ ਯੂਨੀਅਨਿਸਟ ਪਾਰਟੀ ਦੇ ਪ੍ਰਮੁੱਖ ਸਦੱਸ ਸਨ ਅਤੇ ਮੁਸਲਿਮ ਜ਼ਿਮੀਦਾਰ ਭਲੇਮਾਣਸ ਇੱਕ ਦੂਜੇ ਨਾਲ, ਜਾਤੀ ਤੌਰ ਤੇ, ਦੋਸਤਾਨਾ ਰਿਸ਼ਤੇ ਕਾਇਮ ਰਖਦੇ ਸੀ. ਪਰ ਇੱਕ ਸਿਆਸੀ ਉਲਝਣ ਪੈਦਾ ਹੋ ਗਈ ਸੀ. ਇਸ ਦੇ ਹੱਲ ਲਈ, ਬੰਗਾਲ ਦੇ ਮੁਸਲਿਗ ਲੀਗ ਆਗੂ ਖ਼ਵਾਜਾ ਨਜ਼ੀਮੁਦੀਨ, ਜੋ ਖ਼ਿਜ਼ਰ ਨਾਲ ਦੋਸਤਾਨਾ ਰਿਸ਼ਤੇ ਰਖਦੇ ਸੀ, ਦੀ ਮਦਦ ਲੀਤੀ ਗਈ. ਮਗਰ 18 ਅਤੇ 19 ਫਰਵਰੀ ਨੂੰ ਉਨ੍ਹਾਂ ਦੇ ਨਾਲ ਗਵਰਨਰ ਨਾ ਕਿ ਪ੍ਰੀਮੀਅਰ ਮਿਲੇ. ਉਨ੍ਹਾਂ ਨੇ ਮੁਖ਼ਤਲਿਫ਼ ਸੰਭਾਵਨਾਵਾਂ ਉਪਰ ਇੱਕ ਲੰਬੀ ਗੱਲਬਾਤ ਕੀਤੀ. ਗਵਰਨਰ ਨੇ ਆਪਣੀ 28 ਫਰਵਰੀ ਦੀ ਪੰਦਰਵਾੜੇ ਦੀ ਰਿਪੋਰਟ ਤੇ ਲਿਖਿਆ: 'ਸਾਡੀ ਪਹਿਲੀ ਗੱਲਬਾਤ ਤੇ ਖ਼ਵਾਜਾ ਨਜ਼ੀਮੁਦੀਨ ਨੇ ਖੁਲ੍ਹੇ-ਦਿਲ ਨਾਲ ਮੰਜ਼ੂਰ ਕੀਤਾ ਕਿ ਉਨ੍ਹਾਂ ਨੂੰ ਪਾਕਿਸਤਾਨ ਦਾ ਮਤਲਬ ਨਹੀਂ ਪਤਾ ਸੀ ਅਤੇ ਨਾ ਹੀ ਮੁਸਲਿਮ ਲੀਗ ਤੇ ਕਿਸੇ ਨੂੰ ਪਤਾ ਸੀ, ਹੋਰ ਇਸ ਦੇ ਚਲਦਿਆਂ ਮਾਇਨਾਰਿਟੀਆਂ ਦੇ ਨਾਲ, ਲੀਗ ਨੂੰ ਲੰਬੀ ਮਿਆਦ ਦੇ ਸਮਝੌਤੇ ਲਈ ਬੇਹਦ ਪਰੇਸ਼ਾਨੀ ਹੋ ਰਹੀ ਸੀ' (Carter, 2006:366–7). ਪਰ, ਦੋਨੋ ਮਣ ਗਏ ਕਿ ਇੱਕ ਫ਼ੈਸਲਾ ਮੁਮਕਿਨ ਹੈ ਅਗਰ *ਪੰਜਾਬ ਪਬਲਿਕ ਸੇਫਟੀ ਔਰਡੀਨੈਂਸ* ਨੂੰ ਕਿਸੇ ਦੂਜੇ *ਲੇਜੀਸਲੇਸ਼ਨ* (ਵਿਧਾਨ) ਨਾਲ ਬਦਲ ਦਿੱਤਾ ਜਾਂਦਾ ਸੀ ਅਤੇ ਸਭਾਵਾਂ ਉਪਰ ਲਗੀ ਮਨਾਹੀ ਹਟਾ ਲੀਤੀ ਜਾਂਦੀ ਸੀ (Ibid: 367). ਪਰ, ਪ੍ਰੀਮੀਅਰ ਇਸ ਦੇ ਪਾਲਣ ਲਈ ਝਿਜਕ ਰਹੇ ਸੀ ਅਤੇ ਗੱਲਬਾਤ ਬਗੈਰ ਕਿਸੇ ਫ਼ੈਸਲੇ ਦੇ ਖ਼ਤਮ ਹੋ ਗਈ.

ਇਸੇ ਦੌਰਾਨ, ਪੁਲਿਸ ਡੀ.ਆਈ.ਜੀ. ਜੇਨਕੀਨਸ ਨੂੰ ਫ਼ੀਰੋਜ਼ ਖ਼ਾਨ ਨੂਨ ਤੋਂ ਇੱਕ ਖ਼ਤ ਮਿਲਿਆ ਜਿਸ ਵਿੱਚ ਉਸ ਨੂੰ ਇਤਲਾਹ ਦਿੱਤੀ ਗਈ ਕਿ ਮਮਦੋਤ ਅਤੇ ਨੂਨ ਇਸ ਮਕਾਮ ਤੇ ਸਨ, ਕਿ ਉਹ ਮੁਸਲਿਮ ਲੀਗ ਦੀ ਤਰਫ਼ੋਂ ਬੰਦੋਬਸਤ ਕਰ ਸਕਨ. ਪ੍ਰੀਮੀਅਰ ਦੇ ਇਖ਼ਤਿਆਰ ਤੇ, ਜੇਨਕੀਨਸ ਕਸੂਰ ਸਬ-ਜੇਲ੍ਹ ਤੇ ਮਮਦੋਤ ਅਤੇ ਨੂਨ ਨੂੰ ਮਿਲੇ. ਉਹ ਵਾਜਬ ਲਗੇ ਮਗਰ ਦੌਲਤਾਨਾ ਦੀ ਹਾਜ਼ਰੀ ਚਾਹੁੰਦੇ ਸੀ. ਦੌਲਤਾਨਾ ਨੂੰ ਲਾਹੌਰ ਤੋਂ ਲੈ ਆਇਆ ਗਿਆ ਅਤੇ ਉਹ ਸਭ ਜੇਨਕੀਨਸ ਦੇ ਘਰ ਮਿਲੇ. ਦੌਲਤਾਨਾ ਨੇ ਇੱਕ ਹੋਰ ਕੱਟੜ ਰੂਖ ਅਖਤਿਆਰ ਕੀਤਾ ਅਤੇ ਨੂਨ ਹੋਰ ਮਮਦੋਤ ਨੂੰ ਆਪਣੇ ਨਾਲ ਲੈ ਕੇ ਸਮੁੱਚੇ ਮੁਸਲਿਮ ਲੀਗ ਦੀ ਸਭਾ ਦੇ ਨਾਲ ਬੈਠਕ ਦੀ ਮੰਗ ਕੀਤੀ. ਇਸ ਦਾ ਵੀ ਕਸੂਰ ਸਬ-ਜੇਲ੍ਹ ਵਿੱਚ ਇੰਤਜ਼ਾਮ ਕੀਤਾ ਗਿਆ ਅਤੇ ਮੋਲਾਨਾ ਦਾਉਦ ਘਜ਼ਨਵੀ ਨੂੰ, ਜੋ ਗਰਿਫ਼ਤਾਰ ਨਹੀਂ ਸਨ, ਜਿਨਾਹ ਤੋਂ ਹਦਾਇਤ ਲੈਣ ਲਈ, ਭੇਜਣ ਦਾ ਫ਼ੈਸਲਾ ਕੀਤਾ (Pakistan Times, 25 February).

24 ਫਰਵਰੀ ਨੂੰ ਜਾਰੀ ਕੀਤੇ ਇੱਕ ਜਨਤਕ ਬਿਆਨ ਤੇ, ਜਿਨਾਹ ਨੇ ਪੰਜਾਬ ਦੇ ਝਗੜੇ ਦੇ ਸਮਝੌਤੇ ਬਾਰੇ ਇੱਕ ਮਸ਼ਵਰਾ ਦਿੱਤਾ. ਪੰਜਾਬ ਮੁਸਲਿਮ ਲੀਗ ਦੀ ਮੰਗ ਕਿ ਜਨਤਕ ਸਭਾਵਾਂ ਅਤੇ ਜਲੂਸਾਂ ਉਪਰ ਲਗੀ ਪਾਬੰਦੀ ਖ਼ਤਮ ਹੋਵੇ, ਅਤੇ ਪੰਜਾਬ ਪਬਲਿਕ ਸੇਫਟੀ ਔਰਡੀਨੈਂਸ ਨੂੰ ਲੇਜੀਸਲੇਚਰ ਦੇ ਸਾਹਮਣੇ ਪੇਸ਼ ਕੀਤਾ ਜਾਵੇ; ਮੁਹਿੰਮ ਸ਼ੁਰੂ ਹੋਣ ਤੋਂ ਲੈ ਕੇ ਹੁਣ ਤਕ, ਸਾਰੇ ਗਰਿਫ਼ਤਾਰ, ਜੇਲ੍ਹ ਵਿੱਚ, ਹਿਰਾਸਤ ਤੇ ਜਾਂ ਮੁਜਰਿਮ ਕਰਾਰ ਲੋਕਾਂ ਨੂੰ ਰਿਹਾ ਕੀਤਾ ਜਾਵੇ, ਦਾ ਜਿਨਾਹ ਨੇ ਸ਼ਮਰਥਨ ਕੀਤਾ. ਉਨ੍ਹਾਂ ਨੇ ਗੌਰ ਕੀਤਾ ਕਿ ਮੁਸਲਿਮ ਲੀਗ, ਜਲੂਸਾਂ ਦੇ ਉਪਰ ਲਗੀ ਪਾਬੰਦੀ ਨੂੰ ਤੁਰੰਤ ਹਟਾਉਣ ਦੀ ਗੁਜ਼ਾਰਸ਼ ਨਹੀਂ ਕਰ ਰਹੀ ਸੀ, ਮਗਰ ਐਲਾਨ ਕੀਤਾ ਕਿ ਸਰਕਾਰ ਨੂੰ ਦੂਜੇ ਤਿੰਨ ਅਹਿਮ ਮੁੱਦੇ, ਮੰਜ਼ੂਰ ਕਰਣੇ ਹੋਣਗੇ ਅਗਰ ਪੰਜਾਬ ਵਿੱਚ ਹਾਲਾਤ ਬਾਕਾਇਦਾ ਕਰਣੇ ਸੀ. ਉਨ੍ਹਾਂ ਨੂੰ ਯਕੀਨ ਸੀ ਕਿ ਜਿਸ ਸਮਝੌਤਾ ਦੀ ਪੇਸ਼ਕਸ਼ ਉਹ ਕਰ ਰਹੇ ਸੀ, ਉਹ ਜਾਇਜ਼ ਸੀ (Pakistan Times, 26 February). ਜਿਨਾਹ ਨੇ ਵੀ ਉਸੇ ਸ਼ਰਤਾਂ ਨੂੰ ਰੱਖਿਆ ਜਿਸ ਬਾਰੇ, ਗਵਰਨਰ ਜੇਨਕੀਨਸ ਅਤੇ ਨਜ਼ੀਮੁਦੀਨ ਪਹਿਲਾਂ ਚਰਚਾ ਕਰ ਚੁਕੇ ਸੀ.

26 ਫਰਵਰੀ 1947 : ਅੰਦੋਲਨ ਵਾਪਸ ਲੀਤਾ ਗਿਆ

ਕਈ ਪੇਸ਼ਕਸ਼ਾਂ ਅਤੇ ਹਰਕਤਾਂ ਦੇ ਨਤੀਜੇ ਦੇ ਤੌਰ ਤੇ, 25 ਫਰਵਰੀ ਦੇ ਅਖੀਰ ਤੇ ਇੱਕ ਸਮਝੌਤਾ ਹੋਇਆ ਪਰ ਇਸ ਦਾ ਐਲਾਨ 26 ਫਰਵਰੀ ਦੀ ਸਵੇਰ ਨੂੰ ਕੀਤਾ ਗਿਆ. ਅੰਦੋਲਨ ਤੁਰੰਤ ਵਾਪਸ ਲੀਤਾ ਗਿਆ. ਇਸ ਦੇ ਭਾਅਦ, ਖ਼ਿਜ਼ਰ ਦੇ ਇੱਕ ਬਿਆਨ ਦੁਆਰਾ ਦੱਸਿਆ ਕਿ ਸਰਕਾਰ ਦੀ ਕਦੇ ਵੀ ਸਿਆਸੀ ਸਰਗਰਮਿਆਂ ਉਪਰ ਪਾਬੰਦੀ ਲਗਾਉਣ ਦੀ ਨੀਅਤ ਨਹੀਂ ਸੀ, ਪਰ ਉਹ ਚਾਹੁੰਦੇ ਸੀ ਕਿ ਇਸ ਦੇ ਚਲਦਿਆਂ ਫ਼ਿਰਕੂ ਤਣਾਅ ਨਾ ਵਧ ਜਾਵੇ ਜਾਂ ਝਗੜੇ ਨਾ ਹੋਣ. *ਪੰਜਾਬ ਪਬਲਿਕ ਸੇਫਟੀ ਔਰਡੀਨੈਂਸ* ਦਾ ਆਘਾਜ਼ ਫ਼ਿਰਕੂ ਤਸ਼ੱਦਦ ਤੋਂ ਬਚਣ ਲਈ ਕੀਤਾ ਗਿਆ ਸੀ ਕਿਉਂਕਿ ਇਸ ਦੇ ਚਲਦਿਆਂ ਕਲਕੱਤਾ, ਪੂਰਬੀ ਬੰਗਾਲ, ਬਿਹਾਰ, ਪਛੱਮ ਯੁਨਾਇਟੇਡ ਪ੍ਰੋਵਿੰਸੇਸ ਅਤੇ ਪੂਰਬੀ ਪੰਜਾਬ ਦੇ ਰੋਹਤਕ ਤੇ ਕਾਫ਼ੀ ਖ਼ੁਨ-ਖਰਾਬਾ ਹੋਇਆ ਸੀ. ਇਸ ਦੇ ਇਲਾਵਾ, ਬ੍ਰਿਟਿਸ਼ ਹਕੂਮਤ ਦੇ 20 ਫਰਵਰੀ ਦੇ ਐਲਾਨ ਨੇ, ਜੋ ਇਸ ਦੀ ਜੂਨ 1948 ਤੱਕ ਇੰਡੀਆ ਨੂੰ ਛੱਡ ਦੇਣ ਦੀ ਗੱਲ ਕਰਦਾ ਸੀ, ਬਿਲਕੁਲ ਨਵੇਂ ਹਾਲਾਤ ਪੈਦਾ ਕਰ ਦਿੱਤੇ ਸੀ 'ਜਿਸ ਦੇ ਵਿੱਚ ਸਾਰੀ ਪਾਰਟੀਆਂ ਦੇ ਆਗੂ ਅਤੇ

ਕੌਮਾਂ ਇਸ ਹਾਲਤ ਵਿੱਚ ਸਨ ਕਿ ਇੱਕ ਦੂਜੇ ਨਾਲ ਸਲਾਹ-ਮਸ਼ਵਰਾ ਅਤੇ ਪੰਜਾਬ ਦੇ ਭਵਿੱਖ ਦੀ ਤਸਵੀਰ ਬਾਰੇ ਫ਼ੈਸਲਾ ਕਰ ਸਕਣ (Pakistan Times, 27 February).

ਇਸ ਤਰ੍ਹਾਂ ਇਹ ਅੰਦੋਲਨ 24 ਜਨਵਰੀ ਤੋਂ ਲੈ ਕੇ 26 ਫਰਵਰੀ, 34 ਦਿਨ ਤੱਕ ਚੱਲਿਆ. 27 ਫਰਵਰੀ ਤੋਂ ਸਰਕਾਰ ਮੁਸਲਿਮ ਲੀਗ ਦੇ ਰਹਨੁਮਾਵਾਂ ਨੂੰ ਰਿਹਾ ਕਰਣ ਲਗੀ. ਤਿੱਤਰ-ਬਿਤਰ ਹੋਣ ਦੀ ਬਜਾਏ ਉਸੇ ਦਿਨ ਉਨ੍ਹਾਂ ਨੇ ਕਸੂਰ ਤੇ ਇੱਕ ਆਮ ਸਭਾ ਨੂੰ ਸੰਬੋਧਨ ਕਰਣ ਦਾ ਫ਼ੈਸਲਾ ਕੀਤਾ. ਇਹ ਉਨ੍ਹਾਂ ਦੇ, ਵਧਦੇ ਮੁਸਲਿਮ ਸਮਰਥਨ ਅਤੇ ਮਨਸੂਬੇ ਨੂੰ ਜ਼ਾਹਰ ਕਰਦਾ ਸੀ. ਇਹ ਐਲਾਨ ਕੀਤਾ ਗਿਆ ਕਿ ਸਮੁੱਚੇ ਪੰਜਾਬ ਤੇ 2 ਮਾਰਚ ਨੂੰ ਮੁਸਲਿਮ ਲੀਗ ਫ਼ਤਹਿ ਦਿਨ ਮਣਾਇਆ ਜਾਵੇਗਾ. 28 ਫਰਵਰੀ ਨੂੰ ਮਿਆਂ ਇਫ਼ਤਿਖ਼ਾਰੁਦੀਨ ਨੇ ਅੱਮ੍ਰਿਤਸਰ ਤੇ ਇੱਕ ਵੱਡੇ ਸਮੂਹ ਨੂੰ ਭਾਸ਼ਣ ਦਿੱਤਾ. ਉਨ੍ਹਾਂ ਨੇ ਮੰਗ ਕੀਤੀ ਕਿ ਖ਼ਿਜ਼ਰ ਅਸਤੀਫ਼ਾ ਦੇਣ ਅਤੇ ਨਵੇਂ ਸਿਰੇ ਤੋਂ, ਇੰਤਖ਼ਾਬ ਕੀਤੇ ਜਾਣ. ਦੂਜੇ ਲੋਕਾਂ ਨੇ ਵੀ ਉਨ੍ਹਾਂ ਦੀ ਤਰ੍ਹਾਂ, ਖ਼ਿਜ਼ਰ ਦੇ ਅਸਤੀਫ਼ੇ ਦੀ ਮੰਗ ਕੀਤੀ.

ਪ੍ਰੀਮੀਅਰ ਖ਼ਿਜ਼ਰ ਦਾ ਅਸਤੀਫ਼ਾ

ਮੁਸਲਿਮ ਲੀਗ ਦੇ ਅੰਦੋਲਨ ਨੇ ਪੰਜਾਬ ਦੇ ਪ੍ਰੀਮੀਅਰ ਦੇ ਸਬਰ ਅਤੇ ਜਹਨੀ ਤਾਕਤ ਦਾ ਸਖ਼ਤ ਇਮਤਿਹਾਨ ਲੀਤਾ ਸੀ. 2 ਮਾਰਚ ਨੂੰ ਅੱਧੀ ਰਾਤ ਤੋਂ ਪਹਿਲਾਂ, ਉਸ ਨੇ ਅਸਤੀਫ਼ਾ ਦੇ ਦਿੱਤਾ, ਅਤੇ ਗਵਰਨਰ ਸਰ ਇਵਨ ਜੇਨਕੀਨਸ ਨੇ ਪੰਜਾਬ ਮੁਸਲਿਮ ਲੀਗ ਦੇ ਆਗੂ, ਨਵਾਬ ਇਫ਼ਤਿਖ਼ਾਰ ਹੁਸੈਨ ਮਮਦੋਤ ਨੂੰ, ਪਾਰਲਿਆਮੇਂਟਰੀ ਮਜਾਰਿਟੀ ਸਾਬਤ ਕਰਣ ਲਈ ਸੱਦਾ ਦਿੱਤਾ, ਜੋ ਉਸ ਨੂੰ ਸਰਕਾਰ ਬਣਾਉਣ ਦਾ ਮੌਕਾ ਦੇਵੇ. ਮਮਦੋਤ ਨੇ ਕਾਂਗਰੇਸ ਅਤੇ ਪੰਜਾਬ ਅਸੈਮਬਲੀ ਦੇ ਸਿੱਖ ਸਦੱਸਾਂ ਨਾਲ ਗੱਲਬਾਤ ਸ਼ੁਰੂ ਕੀਤੀ ਮਗਰ ਉਨ੍ਹਾਂ ਦੇ ਖ਼ੇਂਫ਼ ਨੂੰ ਦੂਰ ਕਰਣ ਤੇ ਨਾਕਾਮਯਾਬ ਰਹੇ. ਉਨ੍ਹਾਂ ਦਾ ਮੁਸਲਿਮ ਲੀਗ ਨੂੰ ਹਕੂਮਤ ਨਹੀਂ ਬਣਾਉਣ ਦੇਣ ਦਾ, ਪੱਕਾ ਇਰਾਦਾ ਸੀ. 28 ਫਰਵਰੀ ਨੂੰ ਅੱਮ੍ਰਿਤਸਰ ਤੇ ਨਿਊ ਯਾਰਕ ਟਾਇਮਸ ਦੇ ਇੱਕ ਰਿਪੋਰਟਰ ਨੂੰ ਦਿੱਤੇ ਇੰਟਰਵਿਊ ਵਿੱਚ ਮਾਸਟਰ ਤਾਰਾ ਸਿੰਘ ਪੱਕੇ ਤੌਰ ਤੇ, ਜੁਝਾਰੂ ਲਗੇ. ਉਨ੍ਹਾਂ ਨੇ ਖ਼ੁਲਾਸਾ ਕੀਤਾ ਕਿ ਸਿੱਖ ਨਿੱਜੀ ਫ਼ੌਜ਼ ਤਿਆਰ ਕਰ ਰਹੇ ਨੇ ਅਤੇ ਕਿਹਾ:

> ਮੈਨੂੰ ਨਹੀਂ ਪਤਾ ਅਸੀਂ ਕਿਸ ਤਰ੍ਹਾਂ ਘਰੇਲੂ ਜੰਗ ਤੋਂ ਬਚ ਸਕਦੇ ਹਾਂ. ਕੋਈ ਸਮਝੌਤਾ ਨਹੀਂ ਹੋ ਸਕਦਾ ਹੈ, ਅਗਰ ਮੁਸਲਿਮ ਪੰਜਾਬ ਉਪਰ ਹਕੂਮਤ ਚਲਾਉਣਾ ਚਾਹੁੰਦੇ ਨੇ. ਅਸੀਂ ਮੁਸਲਿਮਾਂ ਉਪਰ ਕਿਸੇ ਵੀ ਹਾਲਾਤ ਤੇ ਭਰੋਸਾ ਨਹੀਂ ਕਰ ਸਕਦੇ ਹਾਂ. ਸਿੱਖ ਪੂਰਬੀ ਪੰਜਾਬ ਤੋਂ, ਮੁਸਲਮਾਨਾਂ ਨੂੰ ਬਾਹਰ ਰੱਖਣ ਦੀ ਕਾਬਲਿਅਤ ਰੱਖਦੇ ਨੇ ਪਰ ਅਸੀਂ ਉੱਥੇ ਤੱਕ ਹੀ ਕਿਉਂ ਰੁਕਿਏ? ਅਸੀਂ ਉਨ੍ਹਾਂ ਨੂੰ ਪੰਜਾਬ ਤੋਂ ਪੂਰੀ ਤਰ੍ਹਾਂ ਬਾਹਰ ਕੱਢ ਦਵਾਂਗੇ (Pakistan Times, 2 March).

ਮੁਸਲਿਮ ਲੀਗ ਦੀ ਸਿੱਧੀ ਕਾਰਵਾਈ ਬਾਰੇ ਸੋਚ

ਲਾਹੌਰ ਦੇ 27 ਫਰਵਰੀ ਦੇ *ਪਾਕਿਸਤਾਨ ਟਾਇਮਸ* ਵਿੱਚ ਛਪੇ ਸੰਪਾਦਕੀ ਨੇ, ਸਮਝੌਤੇ ਨੂੰ ਆਮ ਇਨਸਾਨ ਦੀ ਸਿਵਲ ਆਜ਼ਾਦੀ ਦੀ ਫਤਹਿ ਦੱਸਿਆ. ਦੂਜੀ ਤਰਫ਼, ਕਾਂਗਰੇਸ ਦੇ ਹਿਮਾਯਤੀ ਹਿੰਦੂ ਅਖ਼ਬਾਰ ਮਿਲਾਪ ਨੇ ਸਿਆਸੀ ਅੰਦੋਲਨ ਅਤੇ ਉਸ ਸਮਝੌਤੇ ਨੂੰ ਗੁੰਡੇਆਂ ਦੀ ਇੱਕ ਤੇਹਰੀਕ ਦਾ ਰੂਪ ਦਿੱਤਾ ਅਤੇ ਬੇਹਦ ਉੱਤੇਜਕ ਹੋਣ ਦੇ ਬਾਵਜੂਦ, ਹਿੰਦੂਆਂ ਅਤੇ ਸਿੱਖਾਂ ਤੋਂ ਇਸ ਦਾ ਕੋਈ ਮਾਕੂਲ ਜਵਾਬ ਨਹੀਂ ਦਿੱਤਾ (*ਪਾਕਿਸਤਾਨ*

ਟਾਇਮਸ, 1 ਮਾਰਚ ਦੀ ਰਿਪੋਰਟ). ਨਾ ਤੇ ਗਵਰਨਰ ਦੀ ਖ਼ੁਫ਼ੀਆ ਰਿਪੋਰਟਾਂ ਹੋਰ ਨਾ ਹੀ ਮੁਸਲਿਮ ਲੀਗ ਦੇ ਸਰੋਤ, ਅੰਦੋਲਨ ਦੇ ਦੌਰਾਨ ਉਠਾਐ ਨਾਅਰੇ ਬਾਰੇ ਕੋਈ ਜ਼ਿਕਰ ਕਰਦੇ ਨੇ. ਹਿੰਦੂਆਂ, ਸਿੱਖਾਂ ਅਤੇ ਮੁਸਲਿਮਾਂ ਨੇ ਮੈਨੂੰ ਦਿੱਤੇ ਇੰਟਰਵਿਊਆਂ ਤੇ ਇਹ ਨਾਅਰੇਆਂ ਨੂੰ ਯਾਦ ਕੀਤਾ:

'ਪਾਕਿਸਤਾਨ ਕਾ ਨਾਰਾ ਕਿਆ? ਲ਼ਾ ਇਲ਼ਲ਼ਲ਼ਲ਼ਾਹ ਇਲ਼ਲ਼ਲ਼ਲ਼ਾਹ'

('ਪਾਕਿਸਤਾਨ ਦਾ ਨਾਅਰਾ ਕੀ ਹੈ? ਇਹ ਹੈ: ਅਲੱਾਹ ਨੂੰ ਛੱਡ ਕੇ ਕੋਈ ਰੱਬ ਨਹੀਂ ਹੈ')

(ਜੈਦਾਂ ਕਿ ਪਹਿਲਾਂ ਜ਼ਿਕਰ ਕੀਤਾ ਹੈ, ਕਈ ਦਫ਼ਾ ਨਾਅਰੇ ਦੇ ਪਹਿਲਾ ਹਿੱਸੇ ਦੇ ਲਫ਼ਜ਼ ਬਦਲ ਕੇ ਹੋ ਜਾਂਦੇ ਸੀ 'ਪਾਕਿਸਤਾਨ ਕਾ ਮਤਲਬ ਕਿਆ?' 'ਪਾਕਿਸਤਾਨ ਦਾ ਮਤਲਬ ਕੀ ਹੈ?')

'ਸੀਨੇ ਪਰ ਗੋਲੀ ਖ਼ਾਏਂਗੇ, ਪਾਕਿਸਤਾਨ ਬਨਾਏਂਗੇ'

('ਅਸੀਂ ਪਾਕਿਸਤਾਨ ਬਣਾਵਾਂਗੇ ਭਾਂਵੇ ਸਾਡੇ ਸੀਨੇ ਤੇ ਗੋਲੀ ਵਜੇ')

'ਲੈ ਕੇ ਰਹੇਂਗੇ ਪਾਕਿਸਤਾਨ, ਜੈਸੇ ਲਿਆ ਥਾ ਹਿੰਦੂਸਤਾਨ'

('ਅਸੀਂ ਪਾਕਿਸਤਾਨ ਲੈ ਕੇ ਰਵਾਂਗੇ, ਜੈਦਾਂ ਅਸੀਂ ਲੀਤਾ ਸੀ ਹਿੰਦੂਸਤਾਨ')

'ਖ਼ੂਨ ਸੇ ਲੇਂਗੇ ਪਾਕਿਸਤਾਨ'

('ਅਸੀਂ ਲਹੂ ਦੇ ਕੇ ਪਾਕਿਸਤਾਨ ਲਵਾਂਗੇ')

'ਮਾਰੇਂਗੇ ਮਰ ਜਾਏਂਗੇ ਪਰ ਪਾਕਿਸਤਾਨ ਬਨਾਏਂਗੇ'

('ਮਾਰਾਂਗੇ ਮਰ ਜਾਵਾਂਗੇ ਪਰ ਪਾਕਿਸਤਾਨ ਬਣਾਵਾਂਗੇ')

ਪ੍ਰੀਮੀਅਰ ਖ਼ਿਜ਼ਰ ਦੇ ਖ਼ਿਲਾਫ਼ ਕੁੱਝ ਨਾਅਰੇ ਬੋਲ-ਚਾਲ ਦੀ ਪੰਜਾਬੀ ਵਿੱਚ ਬੇਹਦ ਘਿਰਣਾਜਨਕ ਸਨ:

'ਖ਼ਿਜ਼ਰ ਦੱਲਾ ! ਹਾਏ! ਹਾਏ!'

'ਖ਼ਿਜ਼ਰ ਕੰਜਰ! ਹਾਏ! ਹਾਏ!'

'ਖ਼ਿਜ਼ਰ ਕੁੱਤਾ! ਆਪਣੀ ਮਾਂ ਨਾਲ ਸੁੱਤਾ'

ਲੇ.ਕ.(ਰਿਟਾਯਰ) ਨਾਦਿਰ ਅਲੀ ਦੇ ਮੁਤਾਬਕ, ਗੁਜਰਾਤ ਦੇ ਉਠਾਏ ਨਾਅਰੇ ਖ਼ਿਜ਼ਰ ਨੂੰ ਜ਼ਲੀਲ ਕਰਣ ਲਈ, ਇਸ ਤੋਂ ਵੀ ਅਗੇ ਚਲੇ ਗਏ:

'ਚਲੋ ਭਈ ਚਲੋ, ਏਕ ਚੀਜ ਮਿਲੇਗੀ...ਕਿਆ ਭਾਈ ਕਿਆ?...ਖ਼ਿਜ਼ਰ ਕੀ ਬੇਟੀ...ਵਾਹ ਭਈ ਵਾਹ!'

ਮੁਸਲਿਮ ਔਰਤਾਂ, ਜੋ ਜ਼ਿਆਦਾਤਰ ਬੁਰਕੇ ਤੇ ਹੁੰਦੀਆਂ ਸਨ, ਉਹ ਵੀ ਪ੍ਰਦਰਸ਼ਨ ਤੇ ਸਾਮਲ ਹੋਇਆਂ. ਇੱਕ ਮੌਕੇ ਤੇ, ਲੇਡੀ ਸ਼ਫ਼ੀ ਅਤੇ ਕੁੱਝ ਦੂਜੀ ਔਰਤਾਂ ਪ੍ਰੀਮੀਅਰ ਦੇ ਘਰ ਪਹੁੰਚਿਆਂ ਅਤੇ ਉਸ ਦੀ ਝੂਠੀ ਮੌਤ ਦਾ ਸਿਆਪਾ ਕੀਤਾ. ਪਰ, ਮੁਸਲਿਮ ਲੀਗ ਦੇ ਅੰਦੋਲਨਕਾਰੀਆਂ ਦਾ ਮੂਡ 2 ਮਾਰਚ ਨੂੰ ਨਾਟਕੀ ਤੌਰ ਤੇ ਉਲਟਾ ਹੋ

ਗਿਆ ਜਦ ਖ਼ਿਜ਼ਰ ਨੇ 2 ਮਾਰਚ ਨੂੰ ਅਸਤੀਫ਼ਾ ਦੇ ਦਿੱਤਾ. ਹੁਣ, ਗਲਿਆਂ ਤੇ ਇਹ ਨਾਅਰਾ ਸੁਣਨ ਨੂੰ ਮਿਲਿਆ, 'ਤਾਜ਼ਾ ਖ਼ਬਰ ਆਈ ਹੈ, ਖ਼ਿਜ਼ਰ ਸਾਡਾ ਭਾਈ ਹੈ'.

ਮੈਨੂੰ ਇੰਟਰਵਿਊ ਦੇਣ ਵਾਲੇ ਮੁਸਲਿਮਾਂ ਦੇ ਦਿੱਲ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਮੁਸਲਿਮ ਲੀਗ, ਹਕੂਮਤ ਤੇ ਆਵੇਗੀ. ਆਮ ਲੋਕਾਂ ਦੇ ਜਹਨ ਵਿੱਚ ਪਾਕਿਸਤਾਨ ਬਣਨ ਦੇ ਨਾਲ ਹੀ ਇੱਕ ਜਾਦੂਈ ਪਲ ਆਉਣ ਵਾਲਾ ਸੀ, ਜਦ ਜਾਤ-ਪਾਤ ਦੇ ਜ਼ੁਲਮ ਅਤੇ ਆਰਥਿਕ ਸ਼ੋਸ਼ਣ ਤੋਂ ਆਜ਼ਾਦੀ ਮਿਲਦੀ ਅਤੇ, ਇੱਕ ਇਸਲਾਮੀ ਇਨਸਾਫ਼ ਅਤੇ ਇੱਕਜੁੱਟਤਾ ਦੇ ਦੌਰ ਦਾ ਆਘਾਜ਼ ਹੁੰਦਾ (ਇੰਟਰਵਿਊ ਦੇਣ ਵਾਲੇ: ਮਿਆਂ ਮੁਹੱਮਦ ਸਲੀਮ, ਆਰਿਫ਼ ਖੋਖਰ, ਸਲੀਮ ਸ਼ਾਹਿਦ, ਅਜ਼ੀਜ਼ ਮਜ਼ਹਰ, ਹੁਕੁਮ ਕੁਰੈਸ਼ੀ, ਸਈਦ ਅਹਿਮਦ ਸਈਦ ਕਿਰਮਾਨੀ). ਦੂਜੀ ਤਰਫ਼, ਹਿੰਦੂਆਂ ਅਤੇ ਸਿੱਖਾਂ ਨੇ ਮੁਸਲਿਮ ਲੀਗ ਦੇ ਅੰਦੋਲਨ ਨੂੰ, ਉਨ੍ਹਾਂ ਦੇ ਖ਼ਿਲਾਫ਼, ਮੁਸਲਿਮ ਲੀਗ ਥਲੇ ਪਾਕਿਸਤਾਨ ਦੇ ਜ਼ਨੂਨੀ ਲੋਕਾਂ ਦੀ ਦਹਿਸ਼ਤ ਦੇ ਰਾਜ਼ ਦੀ ਬਦਸ਼ਗੁਨੀ ਦੇ ਤੌਰ ਤੇ, ਯਾਦ ਕੀਤਾ (ਇੰਟਰਵਿਊ: ਅਜਮੇਰ ਸਿੰਘ, ਹਰਬੰਸ ਕੁਮਾਰ ਅਰੋੜਾ, ਯਸ਼ਦੇਵ ਕਪੂਰ, ਗੋਪੀਨਾਥ ਸ਼ਰਮਾ). ਐਸ.ਜੀ.ਪੀ.ਸੀ. ਰਿਪੋਰਟ ਤੇ, ਇਸ ਦੇ ਲੇਖਕ ਸਰਦਾਰ ਗੁਰਬਚਨ ਸਿੰਘ ਤਾਲਿਬ ਲਿਖਦੇ ਨੇ: 'ਜੈਦਾਂ ਕਿ ਸਿੱਖ ਆਗੂਆਂ ਨੇ ਠੀਕ ਫ਼ਰਮਾਇਆ ਹੈ, ਇਹ ਸਾਰੇ ਨਾਅਰੇ, ਦਰਅਸਲ ਹਿੰਦੂ ਅਤੇ ਸਿੱਖ ਮਾਇਨਾਰਿਟੀ ਦੇ ਖ਼ਿਲਾਫ਼ ਹਮਲਾ ਸੀ, ਜੋ ਆਖ਼ਿਰੀ ਇਨਸਾਨ ਤਕ, ਇਸਲਾਮੀ ਰਿਪਬਲਿਕ ਔਫ਼ ਪਾਕਿਸਤਾਨ, ਦੇ ਸਥਾਪਤ ਹੋਣ ਦੀ ਮੁਖਾਲਫ਼ਤ ਕਰਦਾ ਸੀ' (SGPC, 1991: 59).

ਖੋਸਲਾ ਟਿੱਪਣੀ ਕਰਦੇ ਨੇ: 'ਅੰਦੋਲਨ ਦਿਖਾਵਾ ਕਰਦਾ ਸੀ ਕਿ ਇਹ ਖ਼ਿਜ਼ਰ ਦੀ ਵਜ਼ਾਰਤ ਦੇ ਖ਼ਿਲਾਫ਼ ਹੈ, ਪਰ, ਚੁੰਕਿ ਇਹ ਵਜ਼ਾਰਤ ਨੂੰ ਕਾਂਗਰੇਸ ਅਤੇ ਅਕਾਲੀ ਪਾਰਟਿਆਂ ਦਾ ਵੀ ਸ਼ਾਥ ਸੀ, ਇਸ ਨੇ ਇੱਕ ਫ਼ਿਰਕੂ ਰੂਪ ਲੈ ਲੀਤਾ' (1989: 96). ਉਹ ਕੁੱਝ ਤਸ਼ੱਦਦੀ ਨਾਅਰੇਬਾਜ਼ੀ ਦਾ ਜ਼ਿਕਰ ਕਰਦੇ ਨੇ, ਜੋ ਭੀੜ ਨੇ ਬੋਲੇ. ਦੂਜੇ ਪਾਸੇ, ਉਹ ਇਲਜ਼ਾਮ ਲਗਾਉਂਦੇ ਨੇ ਕਿ ਇੰਤਜ਼ਾਮਿਆ ਵਿਰੋਧਿਆਂ ਵੱਲ ਉਦਾਰ ਸੀ; ਜ਼ਿਆਦਾਤਰ ਲੋਕਾ ਨੂੰ ਲਾਹੌਰ ਤੋਂ ਬਾਹਰ ਕੱਢਨ ਤੋਂ ਬਾਅਦ, ਰਿਹਾ ਕਰ ਦਿੱਤਾ ਜਾਂਦਾ ਸੀ. ਭਾਵੇਂ ਜੋ ਵੀ ਹੋਵੇ, ਮਾਸਟਰ ਤਾਰਾ ਸਿੰਘ ਨੇ ਮੁਸਲਿਮ ਲੀਗ ਦੇ ਅੰਦੋਲਨ ਨੂੰ ਫ਼ਿਰਕੂ ਦੱਸਿਆ ਨਾ ਕਿ ਸਿਆਸੀ, ਅਤੇ ਸ਼ਹਿਰ ਦੇ ਇੱਕ ਸੱਮੇਲਨ ਤੇ ਉਨ੍ਹਾਂ ਨੇ ਪੰਜਾਬ ਵਿੱਚ ਇੱਕ ਘਰੇਲੂ ਜੰਗ ਦੇ ਖ਼ਤਰੇ ਦੀ ਚੇਤਾਵਨੀ ਦਿੱਤੀ. ਉਨ੍ਹਾਂ ਨੇ ਮੰਗ ਕੀਤੀ ਕਿ ਪੰਜਾਬ ਨੂੰ ਸਿੱਖਾਂ ਨੂੰ ਵਾਪਸ ਕਰ ਦਿੱਤਾ ਜਾਵੇ, ਕਿਉਂਕਿ ਪਹਿਲਾਂ ਸਿੱਖ ਹਕੂਮਤ ਚਲਾ ਰਹੇ ਸਨ (1849 ਤਕ), ਜਿਨ੍ਹਾਂ ਤੋਂ, ਬ੍ਰਿਟਿਸ਼ ਨੇ ਪੰਜਾਬ ਉਪਰ ਕਬਜ਼ਾ ਕੀਤਾ ਸੀ (Talbot, 2004: 82). ਉਹ ਮੁਸਲਿਮਾਂ ਦੇ ਖ਼ਿਲਾਫ਼ 'ਸਿੱਧੀ ਕਾਰਵਾਈ' ਦਾ ਜਵਾਬ ਦੇਣ ਦੀ ਧਮਕੀ ਵੀ ਦੇਣ ਲਗੇ (Carter,2006: 350).

ਪਾਕਿਸਤਾਨ ਟਾਇਮਸ ਦੇ ਸਾਬਕਾ ਪੈ੍ਰਸ ਫੋਟੋਗ੍ਰਾਫਰ ਅਤੇ ਇੱਕ ਇਸਾਈ ਪੰਜਾਬੀ, ਐਫ.ਈ.ਚੌਧਰੀ ਨੇ ਇਨ ਲਫ਼ਜ਼ਾਂ ਤੇ ਮੁਸਲਿਮ ਲੀਗ ਦੀ ਸਿੱਧੀ ਕਾਰਵਾਈ ਨੂੰ ਯਾਦ ਕੀਤਾ:

'ਪਾਕਿਸਤਾਨ ਟਾਇਮਸ ਦਾ ਪਹਿਲਾ ਅੰਕ 5 ਫਰਵਰੀ 1947 ਨੂੰ ਪ੍ਰਕਾਸ਼ਤ ਹੋਇਆ, ਪਰ ਅਸੀਂ ਮੁਸਲਿਮ ਲੀਗ ਦੇ ਅੰਦੋਲਨ ਦੀ ਤਸਵੀਰਾਂ ਉਸ ਤੋਂ ਪਹਿਲਾਂ, ਬਿਲਕੁਲ ਸ਼ੁਰੂ ਤੋਂ, ਲੈ ਰਹੇ ਸੀ. 24 ਜਨਵਰੀ ਨੂੰ ਜਦ ਪੁਲਿਸ ਨੇ ਲਕਸ਼ਮੀ ਚੌਕ ਸਥਿਤ, ਮੁਸਲਿਮ ਲੀਗ ਦੇ ਦਫ਼ਤਰ ਦੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਮਿਆਂ ਇਫ਼ਤਿਖਾਰੁੱਦੀਨ ਅਗੇ ਆਏ ਅਤੇ ਰਸਤੇ ਤੇ ਰੁਕਾਵਟ ਪੈਦਾ ਕੀਤੀ. ਇਸ ਦੇ ਚਲਦਿਆਂ ਗਰਮਾ-ਗਰਮੀ ਹੋਈ ਅਤੇ ਮਿਆਂ ਇਫ਼ਤਿਖਾਰੁੱਦੀਨ ਨੇ ਐਸ.ਐਸ.ਪੀ ਨੂੰ ਥੱਪੜ ਮਾਰ ਦਿੱਤਾ. ਮੈਂ ਉਸ ਘਟਨਾ ਦੀ ਤਸਵੀਰ

ਲੀਤੀ ਜੋ 5 ਫਰਵਰੀ ਦੇ ਗਜ਼ਟ ਤੇ ਛਪੀ. ਅੰਦੋਲਨ ਆਮ ਤੌਰ ਤੇ ਸ਼ਾਂਤ ਸੀ. ਇਸ ਦੀ, ਹਰ ਦਿਨ ਤਦਾਦ ਵਧਦੀ ਜਾਂਦੀ ਸੀ ਅਤੇ ਲਗਦਾ ਸੀ ਕਿ ਪਾਕਿਸਤਾਨ ਬਣ ਕੇ ਰਹੇਗਾ. ਪੰਜਾਬ ਅਸੈਮਬਲੀ ਦੇ ਸਪੀਕਰ ਐਸ.ਪੀ.ਸ਼ੰਘਾ ਨੇ ਮੁਸਲਿਮ ਲੀਗ ਅਤੇ ਕਾਂਗਰੇਸ-ਸਿੱਖ ਸਿਆਸਤਦਾਨਾਂ ਦੇ ਵਿੱਚ ਵਿਚੋਲਗਿਰੀ ਕਰਣ ਦੀ ਬਹੁਤ ਕੋਸ਼ਿਸ਼ ਕੀਤੀ, ਮਗਰ 3 ਮਾਰਚ ਤੋਂ ਬਾਅਦ, ਜਦ ਮਾਸਟਰ ਤਾਰਾ ਸਿੰਘ ਨੇ ਆਪਣੀ ਕ੍ਰਿਪਾਨ ਲਹਰਾਈ, ਹਾਲਾਤ ਬੇਕਾਬੂ ਹੋ ਗਏ. ਸ਼ੁਰੂਆਤੀ ਦੌਰ ਤੇ, ਕੋਈ ਸੋਚ ਨਹੀਂ ਸਕਦਾ ਸੀ ਕਿ ਆਖ਼ਿਰ ਤੇ ਇੰਨੇ ਸਾਰੇ ਲੋਕ ਹਲਾਕ, ਲਾਹੇਵੰਦ ਅਤੇ ਬੇਘਰ ਹੋਣਗੇ. ਇੱਕ ਬ੍ਰਿਟਿਸ਼ ਸੀ.ਆਈ.ਡੀ ਅਫਸਰ ਸੀ, ਜੋ ਮੁਸਲਿਮਾਂ ਨੂੰ ਹਿੰਦੂਆਂ ਉਪਰ ਅਤੇ ਹਿੰਦੂਆਂ ਨੂੰ ਮੁਸਲਿਮਾਂ ਉਪਰ ਹਮਲਾ ਕਰਣ ਨੂੰ ਉਕਸਾਂਦਾ ਸੀ'.

ਅੰਦੋਲਨ ਬਾਰੇ ਗਵਰਨਰ ਦੇ ਖ਼ਿਆਲ

ਆਪਣੀ 15 ਫਰਵਰੀ 1947 ਦੀ ਪੰਦਰਵਾੜੇ ਦੀ ਰਿਪੋਰਟ ਤੇ, ਗਵਰਨਰ ਜੇਨਕੀਨਸ ਨੇ ਮੁਸਲਿਮ ਲੀਗ ਦੀ ਸਿੱਧੀ ਕਾਰਵਾਈ ਬਾਰੇ, ਇੱਕ ਢੁੰਘੇ ਜਾਇਜ਼ੇ ਅਤੇ ਨਿਖੇੜ, ਦਾ ਜ਼ਿਕਰ ਕੀਤਾ. ਕੁੱਝ ਮੁੱਦੇ ਉੱਪਰ, ਉਹ ਪਹਿਲਾਂ ਹੀ ਪੱਤਰ ਵਿਹਾਰ ਤੇ, ਗੌਰ ਫ਼ਰਮਾ ਚੁਕੇ ਸੀ. ਪੰਜਾਬ ਦੀ 1941 ਦੀ ਆਬਾਦੀ ਦੀ ਮਰਦਮ ਸ਼ੁਮਾਰੀ ਦੀ ਮਦਦ ਨਾਲ, ਉਨ੍ਹਾਂ ਨੇ ਇੱਕ ਆਸਾਨ ਡਾਟਾ ਟੇਬਲ ਪੇਸ਼ ਕੀਤਾ ਜੋ ਬ੍ਰਿਟਿਸ਼ ਅਧੀਨ ਪੰਜਾਬ ਦੇ ਪੰਜ ਡਿਵੀਜਨਾਂ ਦੀ ਕੌਮੀ ਆਬਾਦੀ ਨੂੰ ਦਰਸ਼ਾਉਂਦਾ ਸੀ.

ਪੰਜਾਬ ਦੀ 1941 ਦੀ ਆਬਾਦੀ (ਮਿਲਿਅਨ)		
ਡਿਵੀਜਨਾਂ	**ਮੁਸਲਿਮ**	**ਦੂਜੇ**
ਰਾਵਲਪਿੰਡੀ ਅਤੇ ਮੁਲਤਾਨ	9	2
ਲਾਹੌਰ (ਇਕੱਲਾ)	4	3
ਜਲ਼ੰਧਰ ਅਤੇ ਅੰਬਾਲਾ	3	7
ਕੁਲ (ਕੌਮ ਦੇ ਤੋਰ ਤੇ)	**16**	**12**
ਬ੍ਰਿਟਿਸ਼ ਪੰਜਾਬ ਦੀ ਕੁੱਲ ਆਬਾਦੀ: 28		

ਫਿਰ ਉਨ੍ਹਾਂ ਨੇ ਲਿਖਿਆ:

> ਇਸ ਅੰਕੜੇ ਤੋਂ ਇਹ ਸਾਫ਼ ਹੈ ਕਿ ਕੋਈ ਇੱਕ ਕੌਮ, ਪੰਜਾਬ ਉਪਰ ਇਸ ਦੀ ਮੌਜੂਦ ਸਰਹੱਦਾਂ ਨੂੰ ਲੈ ਕੇ, ਬਗੈਰ ਜਿੱਤੇ, ਹਕੂਮਤ ਨਹੀਂ ਕਰ ਸਕਦੀ ਹੈ. ਇਸ ਦਾ, ਦੂਜੇ ਸ਼ਾਂਤਮਈ ਉਪਾਉਆਂ ਵਿੱਚ, ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਦੀ ਨੁਮਾਇੰਦਗੀ ਕਰਦੀ ਇੱਕ ਸਰਕਾਰ ਦੇ ਥਲੇ ਇਤਹਾਦੀ ਪੰਜਾਬ ਕਾਇਮ ਰਖਣਾ ਜਾਂ ਅਗਰ ਮੁਮਕਿਨ ਹੋਏ ਤੇ, ਪੰਜਾਬ ਦੀ ਤਿੰਨ ਮੁਖ਼ਤਲਿਫ਼ ਸੂਬਿਆਂ ਵਿੱਚ ਤਕਸੀਮ ਕੀਤੀ ਜਾਵੇ...ਮੁਸਲਿਮ ਲੀਗ ਦਾ ਇਰਾਦਾ ਹੈ- ਜਿਥੋਂ ਤੱਕ ਉਨ੍ਹਾਂ ਦੀ ਪ੍ਰਕਾਸ਼ਤ ਨੀਤੀ ਦਾ ਸਵਾਲ ਹੈ - ਸਮੁੱਚੇ ਪੰਜਾਬ ਉਪਰ ਇੱਕ ਪੱਕੀ ਮੁਸਲਿਮ ਹਕੂਮਤ ਕਾਇਮ ਕਰਨੀ. ਇਹ ਰਜ਼ਾਮੰਦੀ ਨਾਲ ਨਹੀਂ ਕੀਤਾ ਜਾ ਸਕਦਾ ਹੈ ਅਤੇ ਮੈਨੂੰ ਗਹਿਰਾ ਸ਼ੱਕ ਹੈ ਕਿ, ਇਸ ਨੂੰ ਜਿੱਤ ਕੇ ਕੀਤਾ ਜਾ ਸਕਦਾ ਹੈ. ਮੁਸਲਿਮ ਲੀਗ ਦੇ ਆਗੂ ਨਿੱਜੀ ਤੌਰ ਤੇ ਗੱਲਬਾਤ ਦੇ ਵਕਤ, ਜ਼ਿਆਦਾ

ਆਜ਼ਾਦ ਖ਼ਿਆਲ ਨੇ, ਮਗਰ ਜਦ ਲੋਕਾਂ ਤੇ ਵਿੱਚ ਹੁੰਦੇ ਨੇ ਤਦ ਨਹੀਂ, ਅਤੇ ਉਹ ਆਪਣੀ ਅਧਿਕਾਰਿਕ ਨੀਤੀ ਦੀ ਜਨਮਜਾਤ ਮੁਸ਼ਕਲਾਂ ਨੂੰ ਸਮਝਦੇ ਨੇ. ਪਰ, ਇਹ ਸੱਚ ਹੈ ਕਿ ਲੀਗ ਨੇ 1946 ਦੇ ਇੰਤਖ਼ਾਬ, ਪਾਕਿਸਤਾਨ ਦੀ ਇੰਤਹਾ ਮੰਗ ਦੇ ਮੱਦੇ-ਨਜ਼ਰ ਲੜੇ, ਅਤੇ ਹਿੰਦੂਆਂ ਹੋਰ ਸਿੱਖਾਂ ਨੂੰ ਤਸੱਲੀ ਦੇਣ ਲਈ, ਹੁਣ ਤੱਕ ਇੱਕ ਲਫ਼ਜ਼ ਵੀ ਨਹੀਂ ਕਿਹਾ. ਇਥੇ ਤੱਕ ਕਿ ਉਨ੍ਹਾਂ ਦੇ ਆਜ਼ਾਦ ਖ਼ਿਆਲ ਲੋਕ ਵੀ ਪੰਜਾਬ ਵਿੱਚ ਇੱਕ ਪੱਕੀ ਮੁਸਲਿਮ ਹਕੂਮਤ ਕਾਇਮ ਕਰਣਾ ਚਾਹੁੰਦੇ ਨੇ, ਜਿਸ ਵਿੱਚ ਉਹ ਮਾਇਨਾਰਿਟੀਆਂ ਨਾਲ ਦਰਿਆਦਿਲੀ ਨਾਲ ਪੇਸ਼ ਆਉਣ ਬਾਰੇ ਸੋਚ ਰਹੇ ਸੀ.

ਆਮ ਇੰਤਖਾਬ ਤੋਂ ਬਾਅਦ, ਮੁਸਲਿਮ ਲੀਗ ਦੀ ਹਕੂਮਤ ਬਣਾਉਣ ਦੀ ਨਾਕਾਮਯਾਬੀ ਦੀ ਵਜ੍ਹਾ ਸੀ ਉਨ੍ਹਾਂ ਦੀ ਫ਼ਿਰਕੂ ਅਤੇ ਸਮਝੌਤਾ ਨਾ ਕਰਣ ਦੀ ਸੋਚ ਨਾ ਕਿ ਹੋਰ ਕੋਈ ਵਜ੍ਹਾ. ਮੈਂ ਯਕੀਨ ਕਰਦਾ ਹਾਂ ਕਿ ਸਥਾਨਕ ਕਾਂਗਰੇਸ ਨੇ ਇੱਕ ਰਾਸ਼ਟਰੀ ਮੁਸਲਿਮ ਦੀ ਨੁਮਾਇੰਦਗੀ ਦੇ ਪੁਰਾਣੇ ਸਵਾਲ ਨੂੰ ਲੈ ਕੇ, ਲੀਗ ਨਾਲ ਰਿਸ਼ਤਾ ਤੋੜਿਆ (ਜ਼ਿਕਰ ਹੈ ਕਾਗਰੇਸ ਪਾਰਟੀ ਦੀ ਇੱਕ ਰਾਸਟਰੀ ਮੁਸਲਿਮ ਨੂੰ ਆਰਜ਼ੀ ਸਰਕਾਰ ਤੇ ਨੁਮਾਇੰਦਗੀ ਦੀ ਇਜਾਜ਼ਤ ਦਾ, ਅਤੇ ਉਸ ਦੀ ਮੁਸਲਿਮ ਲੀਗ ਦੁਆਰਾ ਮੁਖਾਲਫ਼ਤ ਦਾ) (Carter, 2006: 345).

ਦੂਜੇ ਪਾਸੇ, ਜੇਨਕੀਨਸ ਦਾ ਖ਼ਿਆਲ ਸੀ ਕਿ ਮੁਸਲਿਮ ਲੀਗ ਅਤੇ ਸਿੱਖਾਂ ਦੇ ਦਰਮਿਆਨ ਗੱਲਬਾਤ ਦੇ ਦੌਰਾਨ, ਮੁਸਲਿਮ ਲੀਗ ਦੁਆਰਾ, ਉਸ ਵਕਤ, ਪੇਸ਼ ਕੀਤੀ ਸ਼ਰਤਾਂ ਮੰਜ਼ੂਰੀ ਦੇ ਕਾਬਲ ਸਨ, ਪਰ ਇਸ ਨੇ ਸਿੱਖਾਂ ਦੇ ਭੱਵਿਖ ਬਾਰੇ ਗੱਲ ਕਰਣ ਤੋਂ ਜਾਂ ਉਨ੍ਹਾਂ ਨੂੰ ਕੋਈ ਭਰੋਸਾ ਦੇਣ ਤੋਂ, ਸਾਫ ਮੱਨ੍ਹਾਂ ਕਰ ਦਿੱਤਾ. ਸਿੱਖਾ ਨੇ ਸੋਚਿਆ ਕਿ ਉਹ ਇੱਕ ਐਦਾਂ ਦੀ ਪਾਰਟੀ ਨੂੰ ਸਹਾਰਾ ਨਹੀਂ ਦੇ ਸਕਦੇ ਸੀ, ਜੋ ਉਨ੍ਹਾਂ ਨੂੰ ਇੱਕ ਮੁਸਲਿਮ ਮੁਲਕ ਵਿੱਚ ਬਤੌਰ ਘਟੀਆ ਇਨਸਾਨ ਵਰਤਾਅ ਕਰੇ (Ibid: 345–6). ਗਵਰਨਰ ਪੰਜਾਬ ਦੇ 29 ਜ਼ਿਲ੍ਹਾਂ ਤੋਂ 25 ਜ਼ਿਲ੍ਹਾਂ ਤੇ ਗਏ, ਅਤੇ ਮੁਸਲਿਮ ਲੀਗ ਦੇ ਜ਼ਿਲ੍ਹਾ ਹੋਰ ਸ਼ਥਾਨਕ ਰਹਨੁਮਾਵਾਂ ਤੋਂ ਸ਼ਿਕਾਇਤ ਸੁਨੀ ਕਿ ਖ਼ਿਜ਼ਰ ਸਰਕਾਰ ਨੇ ਉਨ੍ਹਾਂ ਨੂੰ ਇੰਤਖਾਬ ਦੀ ਮੁੱਹਿਮ ਦੇ ਦੌਰਾਨ ਸਤਾਇਆ ਸੀ. ਇਸ ਸ਼ਿਕਾਇਤ ਵਿੱਚ ਕੁੱਝ ਸੱਚਾਈ ਹੋ ਸਕਦੀ ਹੈ, ਪਰ ਮੁਸਲਿਮ ਅਧਿਕਾਰੀ, ਜ਼ਿਆਦਾ ਤਦਾਦ ਤੇ ਮੁਸਲਿਮ ਲੀਗ ਦੀ ਤਰਫ਼ਦਾਰੀ ਕਰਦੇ ਸੀ. ਇਹ ਸੱਚ ਹੈ ਕਿ ਲੀਗ ਨੇ ਇੱਨੀ ਸ਼ਾਨਦਾਰ ਜਿੱਤ ਹਾਸਲ ਕੀਤੀ, ਸਾਬਤ ਕਰਦਾ ਹੈ ਕਿ ਖ਼ਿਜ਼ਰ ਦੀ ਸਰਕਾਰ ਦੀ ਕਥਿਤ ਦਖ਼ਲਅੰਦਾਜ਼ੀ ਦਾ ਨਤੀਜੇ ਉਪਰ ਕੋਈ ਅਸਰ ਨਹੀਂ ਪਇਆ. ਇਸ ਕਰ ਕੇ, ਗਵਰਨਰ ਨੇ ਜੋਰ ਦਿੱਤਾ ਕਿ ਇਹ ਇਲਜ਼ਾਮ ਕਿ, ਮੁਸਲਿਮ ਲੀਗ ਦੀ ਘੱਟਦੀ ਸਿਵਲ ਆਜ਼ਾਦੀ ਨੇ, ਇਸ ਦੇ ਸਿਆਸੀ ਸਮਰਥਨ ਲਈ ਇੱਕ ਅਹਿਮ ਕਿਰਦਾਰ ਅਦਾ ਕੀਤਾ, ਗੈਰ-ਮੁਨਾਸਿਬ ਹੈ.

16 ਫਰਵਰੀ ਦੀ ਇੱਕ ਬੇਹਦ ਖ਼ੁਫ਼ਿਆ ਪੂਰਕ ਟਿੱਪਣੀ ਤੇ ਜੇਨਕੀਨਸ ਨੇ ਇਹ ਜਾਇਜ਼ਾ ਲੀਤਾ:

ਇਥੇ ਤਿੰਨ ਪਾਰਟੀਆਂ ਨੇ - ਮੁਸਲਿਮ ਲੀਗ ਜੋ ਮੁਸਲਿਮਾਂ ਦੀ ਵੱਡੀ ਮਜਾਰਿਟੀ ਦੀ ਨੁਮਾਇੰਦਗੀ ਕਰਦੀ ਹੈ, ਅਤੇ ਜਿਸ ਦਾ ਸਾਫ਼ ਮਕਸਦ ਇੱਕ ਪੱਕੀ ਮੁਸਲਿਮ ਹਕੂਮਤ ਕਾਇਮ ਕਰਨਾ ਹੈ; ਪੰਥਿਕ ਸਿੱਖ ਪੱਕੇ ਮੁਸਲਿਮ ਹਕੂਮਤ ਦੀ ਮਰਣ ਤੱਕ ਮੁਖ਼ਾਲਫ਼ਤ ਕਰਣਗੇ; ਅਤੇ ਕਾਂਗਰੇਸ ਜੋ ਮੁਸਲਿਮ ਲੀਗ ਦੀ ਤਰ੍ਹਾਂ, ਅੱਾਲ-ਇੰਡੀਆ ਸੰਗਠਨ ਦਾ ਹਿੱਸਾ ਨੇ, ਪਰ ਸੂਬੇ ਦੇ ਮਾਮਲੇ ਤੇ ਸਿੱਖਾਂ ਦਾ ਸ਼ਾਥ ਦੇਣਗੇ. ਪੰਜਾਬ ਦੀ ਮੌਜੂਦ ਸਰਹੱਦਾਂ ਕਾਇਮ ਰੱਖਦੇ ਹੋਏ, ਕੋਈ ਇੱਕ ਸਮੁਦਾਇ ਇਸ ਨੂੰ ਬਗੈਰ ਜਿੱਤੇ, ਇਸ ਦੇ ਉਪਰ ਹਕੂਮਤ ਨਹੀਂ ਚਲਾ ਸਕਦਾ ਹੈ, ਅਤੇ ਸ਼ਾਂਤਮਈ ਬਦਲਵੇਂ ਸਿਰਫ਼ ਇਹ ਹਨ: (a) ਸਾਰੀ ਪਾਰਟਿਆਂ ਦਾ ਇੱਕ ਗਠਬੰਧਨ ਜਾਂ ਇੱਕ ਗੈਰ-ਫ਼ਿਰਕੂ ਪਾਰਟੀ ਦੀ ਸਰਕਾਰ ਬਣੇ; ਜਾਂ (b) ਤਕਸੀਮ. ਅਗਰ ਪੰਜਾਬ ਦਾ ਮਸਲਾ ਵੱਖਰਤਾ ਨਾਲ ਵੇਖਿਆ ਜਾਵੇ

> ਤੇ, ਪਾਰਟਿਆਂ ਨੂੰ ਇੱਕ ਜਾਂ ਦੂਜੇ ਬਦਲਵੇਂ ਨੂੰ ਲੈਣ ਲਈ ਰਾਜੀ ਕਰਨਾ ਮੁਮਕਿਨ ਹੋ ਸਕਦਾ ਹੈ, ਅਤੇ ਇਹ ਰਜਾਮੰਦੀ ਹੋਵੇ ਕਿ, ਬਾਅਦ ਵਿੱਚ ਸਾਰੀ ਪਾਰਟਿਆਂ ਜਾਂ ਗੈਰ-ਫ਼ਿਰਕੂ ਸਰਕਾਰ, ਬ੍ਰਿਟਿਸ਼ ਤੋਂ ਸੱਤਾ ਆਪਣੇ ਹੱਥ ਲੈਣਗੀਆਂ ਜਾਂ ਤਕਸੀਮ ਕੀਤੇ ਸੂਬਿਆਂ ਦੀ ਸਰਕਾਰਾਂ, ਇਹ ਕੱਮ ਕਰਣਗੀ. ਮਗਰ ਇਹ ਬਿਆਨ (ਜੂਨ 1948 ਤੱਕ ਸੱਤਾ ਬਦਲ ਬਾਰੇ 20 ਫਰਵਰੀ ਦਾ ਐਲਾਨ) ਪੰਜਾਬ ਲਈ ਆਪਣੀ ਕਿਸਮਤ ਦਾ ਖ਼ੁਦ ਫ਼ੈਸਲਾ ਕਰਨਾ, ਨਾਮੁਮਕਿਨ ਬਣਾ ਦੇਂਦਾ ਹੈ, ਅਤੇ ਕਾਂਗਰੇਸ ਹੋਰ ਮੁਸਲਿਮ ਲੀਗ ਸਮੁੱਚੇ ਇੰਡੀਆ ਦੇ ਫ਼ਾਇਦੇ ਨੂੰ, ਸੂਬੇ ਦੇ ਫ਼ਾਇਦੇ ਤੋਂ ਜ਼ਿਆਦਾ ਅਹਿਮੀਅਤ ਦੇ ਰਹੇ ਨੇ. ਮੁਸਲਿਮ ਲੀਗ ਹਾਈ ਕਮਾਂਡ ਪੰਜਾਬ ਮੁਸਲਿਮ ਲੀਗ ਨੂੰ ਕਿਸੇ ਵੀ ਆਪਸੀ ਨਿਬਟਾਰੇ ਤੋਂ ਬਚਣ ਦਾ ਵਧਾਵਾ ਦੇਗਾ, ਤਾਂਕਿ ਮੁਸਲਿਮ ਮਾਇਨਾਰਿਟੀ ਵਾਲੇ ਸੂਬਿਆਂ ਤੇ ਇਸ ਦੀ ਸੌਦੇਬਾਜ਼ੀ ਦੀ ਤਾਕਤ ਵਧ ਜਾਵੇ; ਅਤੇ ਪੰਜਾਬ ਕਾਂਗਰੇਸ ਤੋਂ ਉਮੀਦ ਹੋਵੇਗੀ (ਜਿੱਥੇ ਤੱਕ ਮੁਮਕਿਨ ਹੈ), ਕਿ ਉਹ ਹਿੰਦੂਆ ਦੀ ਬੋਲਬਾਲੇ ਵਾਲੀ, ਯਥਾਰਥ ਵਿੱਚ ਕੇਂਦਰੀ ਸਰਕਾਰ ਲਈ ਕੱਮ ਕਰਣਗੇ (Ibid: 353).

ਬੇਸ਼ਕ, ਕੁੱਝ ਮਹੀਨੇ ਬਾਅਦ, ਇਹ ਜਾਇਜ਼ਾ ਪੰਜਾਬ ਦੀ ਤਕਸੀਮ ਨੂੰ, ਇੰਡੀਆ ਦੀ ਤਕਸੀਮ ਨਾਲ, ਇੱਕ ਨਾ ਸੁਲਝਣ ਵਾਲੀ ਉਲਝਣ, ਨਾਲ ਜੋੜੇਗਾ. ਪਰ, ਜੇਨਕੀਨਸ ਨੇ ਪਹਿਲਾਂ ਤੋਂ ਹੀ ਆਉਣ ਵਾਲੀ ਮੁਸ਼ਕਲਾਂ ਦਾ ਆਗਾਹ ਸੀ, ਜਦ ਜੂਨ ਵਿੱਚ ਇੰਡੀਆ ਦੀ ਤਕਸੀਮ ਦਾ ਫ਼ੈਸਲਾ ਕੀਤਾ ਗਿਆ; ਪੰਜਾਬ ਅਤੇ ਬੰਗਾਲ ਦੀ ਵੀ ਤਕਸੀਮ ਹੋਈ. ਉਨ੍ਹਾਂ ਨੇ ਲਿਖਿਆ:

> ਹਰ ਮੈਜੇਸਟੀਸ ਗਵਰਨਮੇਂਟ ਦਾ ਇੰਡੀਆ ਨੂੰ ਦਸੀ ਹੋਈ ਤਾਰੀਖ ਤੇ ਛੱਡਣ ਦਾ ਫ਼ੈਸਲਾ ਇੱਕ 'ਨਾਸ ਕਰਣ ਵਾਲਾ' ਫ਼ੈਸਲਾ ਹੈ, ਜੋ ਸਭ ਕੁੱਝ ਛੱਡਨ ਨੂੰ ਮਜਬੂਰ ਕਰਦਾ ਹੈ ਜਿਸ ਦੇ ਲਈ ਕਈ ਸਾਲਾਂ ਤੱਕ ਅਸੀਂ, ਕੱਮ ਕੀਤਾ ਹੈ. ਇਹ ਇੱਕ ਖ਼ਤਰਨਾਕ ਫ਼ੈਸਲਾ ਹੈ, ਜੋ ਝਗੜਦੇ ਗੂਟਾਂ ਨੂੰ, ਹਕੀਕਤ ਤੇ ਆਪਸੀ ਜੰਗ ਕਰਣ ਦਾ ਸੱਦਾ ਦੇਂਦਾ ਹੈ. ਇਹ ਇੱਕ ਨਾਮੁਮਕਿਨ ਫ਼ੈਸਲਾ ਹੈ ਅਗਰ ਹੁਣ ਹੀ, 1948 ਤੇ ਸਰਕਾਰ ਬਣਾਉਣ ਵਾਲੇ ਦਾ ਸਾਫ਼ ਤੌਰ ਤੇ ਨਿਰਧਾਰਨ ਨਹੀਂ ਹੁੰਦਾ ਹੈ ਅਤੇ ਇਸ ਕੱਮ ਲਈ ਉਨ੍ਹਾਂ ਨੂੰ ਤਿਆਰ ਕਰਣ ਲਈ ਮਦਦ ਨਹੀਂ ਕੀਤੀ ਜਾਂਦੀ ਹੈ (Ibid: 354).

ਦੂਜੇ ਲਫ਼ਜ਼ਾਂ ਤੇ, ਗਵਰਨਰ ਇਹ ਕਹਿ ਰਹੇ ਸੀ ਕਿ 1948 ਨੂੰ ਹਕੂਮਤ ਦੀ ਤਬਦੀਲੀ ਦੇ ਵਕਤ ਇਤਹਾਦੀ ਜਾਂ ਵੰਡੇ ਇੰਡੀਆ ਵਿੱਚ ਇੱਕ ਕਾਰਜਾਤਮਕ ਸਰਕਾਰ ਹੋਣਾ ਹੇਹਦ ਜ਼ਰੂਰੀ ਸੀ, ਤਾਂਕਿ ਪੰਜਾਬ ਵਿੱਚ ਕਤਲੇਆਮ ਤੋਂ ਬਚਿਆ ਜਾ ਸਕੇ. ਅਸੀਂ ਹੁਣ ਜਾਣਾਗੇ ਕਿ ਘਟਨਾਵਾਂ ਦਾ ਸਿਲਸਿਲਾ, ਇਸ ਇਮਕਾਨ ਨੂੰ ਨਾਮੁਮਕਿਨ ਬਣਾ ਦੇਂਦਾ ਹੈ. ਆਪਣੀ 28 ਫਰਵਰੀ ਦੀ ਪੰਦਰਵਾੜੇ ਦੀ ਰਿਪੋਰਟ ਤੇ, ਜੋ ਸਿੱਧੀ ਕਾਰਵਾਈ ਦੇ ਵਾਪਸ ਲੈਣ ਦੇ ਤੁਰੰਤ ਬਾਅਦ ਭੇਜੀ ਗਈ, ਜੇਨਕੀਨਸ ਨੇ ਗੌਰ ਕੀਤਾ ਕਿ ਇੱਕ ਤਰਫ਼ ਮੁਸਲਮਾਨ ਅਤੇ ਦੂਜੀ ਤਰਫ਼ ਹਿੰਦੂ ਅਤੇ ਸਿੱਖਾਂ ਵਿੱਚ ਦਰਾਰ ਜ਼ਿਆਦਾ ਚੌੜੀ ਹੋ ਗਈ ਸੀ. 27 ਫਰਵਰੀ ਨੂੰ ਸਰਦਾਰ ਸਵਰਨ ਸਿੰਘ ਨਾਲ ਗੱਲ ਕਰਣ ਤੋਂ ਬਾਅਦ, ਜੇਨਕੀਨਸ ਨੇ ਆਪਣੀ ਸੋਚ ਬਾਰੇ, ਇੱਕ ਟਿੱਪਣੀ ਕੀਤੀ:

> ਸਿੱਖ ਹਾਰਦਿਕ ਤੌਰ ਤੇ, ਮੁਸਲਿਮਾਂ ਦੀ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਲਾਉਣ ਦੀ ਜ਼ਾਹਰ ਖ਼ਾਹਿਸ਼ ਨਾਲ, ਹਿਲ ਗਏ ਨੇ ਅਤੇ ਉਹ ਇਹ ਹੋਣ ਨਹੀਂ ਦੇਣਗੇ. ਤੇਹਰੀਕ ਨੇ ਪਾਕਿਸਤਾਨ ਦੀ ਬੇਪਰਦਗੀ ਕਰ ਦਿੱਤੀ ਹੈ, ਅਤੇ ਇਹ ਇੱਕ ਵਾਜ਼ਬ ਮਿਸਾਲ ਸੀ ਕਿ ਮਾਇਨਾਰਿਟਿਜ (ਅਲਪਸ਼ੰਖਅਕ), ਸਿੱਖਾਂ ਸਮੇਤ ਮੁਸਲਿਮ ਅੱਤਵਾਦੀਆਂ ਤੋਂ, ਕਿਸ ਤਰ੍ਹਾਂ ਦੇ ਵਰਤਾਅ ਦੀ ਉਮੀਦ ਰਖਣ. ਉਨ੍ਹਾਂ (ਸ.ਸਵਰਨ ਸਿੰਘ) ਨੇ ਮੱਨਿਆ ਕਿ ਘਰੇਲੂ ਜੰਗ ਸਾਰੇ ਪਾਸੇ ਬਦਹਾਲੀ ਲਾਵੇਗੀ, ਪਰ ਇਹ ਵੀ ਨਹੀਂ ਵੇਖਦੇ ਨੇ ਕਿ ਸਿੱਖ ਮੁਸਲਮਾਨਾਂ ਨਾਲ ਕਿਸ ਤਰ੍ਹਾਂ, ਕਿਸੇ ਵੀ ਸ਼ਰਤ ਤੇ

> ਸਾਂਝੇਦਾਰੀ ਕਰਣਗੇ, ਜਦ ਤੱਕ ਕੋਈ ਅਸਰਦਾਰ ਪਾਬੰਦੀ ਨਾ ਹੋਵੇ. ਉਨ੍ਹਾਂ ਨੂੰ ਪੰਜਾਬ ਦੀ ਤਕਸੀਮ ਦਾ ਖ਼ਿਆਲ ਪਸੰਦ ਨਹੀਂ ਸੀ, ਪਰ ਮਹਿਸੂਸ ਕਰਦੇ ਸੀ ਕਿ ਆਪਣੀ ਤਮਾਮ ਔਖਿਆਈ ਦੇ ਬਾਵਜੂਦ, ਪੰਜਾਬ ਦੀ ਤਕਸੀਮ ਹੀ, ਇਕੱਲਾ ਹੱਲ ਹੋ ਸਕਦੀ ਸੀ (Ibid: 369).

ਜੇਨਕੀਨਸ ਦਾ ਖ਼ਿਆਲ ਸੀ ਕਿ ਖ਼ਿਜ਼ਰ ਅਤੇ ਮੁਸਲਿਮ ਲੀਗ ਵਿੱਚ ਕੋਈ ਫ਼ੈਸਲਾ ਹੋ ਜਾਣ ਨਾਲ, ਹਿੰਦੂਆਂ ਅਤੇ ਸਿੱਖਾਂ ਨੂੰ ਤਸੱਲੀ ਹੋ ਜਾਵੇਗੀ, ਕਿਉਂਕਿ ਤਿੰਨ ਕੌਮਾਂ ਨੂੰ ਲੈ ਕੇ ਬਣੀ ਕੋਈ ਵੀ ਵਜ਼ਾਰਤ, ਪੰਜਾਬ ਵਿੱਚ ਅਮਨ ਕਾਇਮ ਰਖ ਸਕੇਗੀ. ਦੂਜੀ ਤਰਫ਼, ਖ਼ਿਜ਼ਰ ਸੋਚਦੇ ਸੀ ਅਗਰ ਸਿੱਖਾਂ ਨੂੰ ਸ਼ਾਥ ਲੈ ਲੀਤਾ ਜਾਂਦਾ ਤੇ, ਕਾਂਗਰੇਸ ਦੇ ਆਗੂ ਕੋਈ ਪਰੇਸ਼ਾਨੀ ਪੇਸ਼ ਨਹੀਂ ਕਰਦੇ, ਪਰ ਮੁਸਲਿਮ ਲੀਗ ਕੁੱਝ ਸੀਡਯੁਲਡ ਕਾਸਟ ਦੇ ਸਦੱਸਾਂ ਨਾਲ ਮਿਲ ਕੇ ਇਕੱਲਾ ਰਹਿਣਾ ਚਾਉਂਦੀ ਸੀ. ਖ਼ਿਜ਼ਰ ਨੂੰ ਯਕੀਨ ਸੀ ਕਿ ਪੰਜਾਬ ਮੁਸਲਿਮ ਲੀਗ ਮੋ.ਅ.ਜਿਨਾਹ ਤੋਂ ਬਿਣਾ, ਕੋਈ ਫ਼ੈਸਲਾ ਨਹੀਂ ਲੈਗੀ; ਉਹ ਆਪਣੀ ਆਜ਼ਾਦ ਸੋਚ ਨਹੀਂ ਰੱਖਦੇ ਸੀ. ਖ਼ਿਜ਼ਰ ਨੇ ਮਮਦੋਤ ਨੂੰ ਇੱਕ ਆਪਸੀ ਦੋਸਤ ਦੁਆਰਾ ਸਲਾਹ ਦਿੱਤੀ ਸੀ ਕਿ ਉਹ ਸਿਖਾਂ ਨੂੰ ਭੜਕਾਉਣ ਤੋਂ ਬਾਜ਼ ਆਉਣ ਪਰ ਉਨ੍ਹਾਂ ਨੂੰ ਯਕੀਨ ਸੀ ਕਿ ਮੁਸਲਿਮ ਲੀਗ ਉਨ੍ਹਾਂ ਦੀ ਸਲਾਹ ਨਹੀਂ ਮੱਨੇਗੀ (Ibid: 370).

ਪਰ ਜੇਨਕੀਨਸ ਨੇ ਗੌਰ ਕੀਤਾ ਕਿ ਅੰਦੋਲਨ ਇੰਨਾ ਕਾਮਯਾਬ ਨਹੀਂ ਸੀ ਜੋ ਮੁਸਲਿਮ ਲੀਗ ਦਾਅਵਾ ਕਰ ਰਹੀ ਸੀ ਅਤੇ ਕਈ 'ਜ਼ਿਲ੍ਹਾਂ ਨੇ ਅਸਲ ਵਿੱਚ ਕੋਈ ਤਕਲੀਫ਼ ਨਹੀਂ ਦਿੱਤੀ, ਅਤੇ ਗੰਭੀਰ ਮਸਲੇ ਅੱਧ ਦਰਜਨ ਜ਼ਿਲ੍ਹਾਂ, ਖ਼ਾਸ ਕਰ ਕੇ, ਗੁਜਰਾਤ, ਲਾਹੌਰ, ਅੱਮ੍ਰਿਤਸਰ ਅਤੇ ਜਲੰਧਰ ਤੇ ਸੀਮਿਤ ਸੀ. ਤੇਹਰੀਕ ਫ਼ਿਰਕੂ ਸੀ - ਜ਼ਿਆਦਾਤਰ ਆਮ ਆਦਮੀ ਯਕੀਨ ਕਰਦੇ ਸੀ ਕਿ ਉਹ ਇੱਕ ਮੁਸਲਿਮ ਹਕੂਮਤ ਕਾਇਮ ਕਰਣ ਚਲੇ ਨੇ (Ibid: 368).

ਮੁੱਖ ਸਚਿਵ ਅਖ਼ਤਰ ਹੁਸੈਨ ਦੀ ਰਾਏ

ਆਪਣੀ 4 ਮਾਰਚ 1947 ਦੀ ਪੰਦਰਵਾੜੇ ਦੀ ਰਿਪੋਰਟ ਤੇ ਜੋ ਫਰਵਰੀ ਦੇ ਦੂਜੇ ਅੱਧ ਬਾਰੇ ਸੀ, ਮੁੱਖ ਸਚਿਵ ਅਖਤਰ ਹੁਸੈਨ ਨੇ ਲਿਖਿਆ ਕਿ ਤੇਹਰੀਕ ਨੇ ਸਾਰੇ ਜ਼ਿਲ੍ਹਾਂ ਉਪਰ ਅਸਰ ਕੀਤਾ ਸੀ, ਅਤੇ ਕੁੱਝ ਜਗ੍ਹਾਂ ਤੇ ਗੰਭੀਰ ਹਾਲਾਤ ਪੈਦਾ ਹੋ ਗਏ ਸੀ: 'ਇਹ ਮੁਹਿੱਮ ਸੋਚੀ-ਸਮਝੀ ਨਾਫ਼ਰਮਾਨੀ ਅਤੇ ਕਾਨੂੰਨ ਤੋੜਣ ਦੀ ਹੈ, ਜਿਸ ਦਾ ਪਾਲਣ ਇੱਕ ਪੱਕੇ ਗੈਰ-ਜਮਹੂਰੀਅਤੀ ਸਿਆਸੀ ਮਕਸਦ ਲਈ ਕੀਤਾ ਗਿਆ'(ਲ/ਫ ਫ ਝ/5/250). 24 ਮਾਰਚ ਦੀ ਰਿਪੋਰਟ (ਮਾਰਚ ਦੇ ਪਹਿਲੇ ਅੱਧ ਉੱਪਰ) ਤੇ ਉਨ੍ਹਾਂ ਨੇ ਟਿੱਪਣੀ ਕੀਤੀ: 'ਹਾਲਾਂਕਿ ਲੀਗ ਦੀ ਤਰਤੀਬ ਅਤੇ ਵਿਵਹਾਰ ਦੀ ਅਸ਼ਲੀਲਤਾ ਨਾਲ, ਕਈ ਲੋਕ ਸਦਮੇ ਤੇ ਆ ਗਿਐ, ਇਸ ਅੰਦੋਲਨ ਨੇ ਬੇਸ਼ਕ ਜ਼ਿਆਦਾਤਰ ਮੁਸਲਮਾਨਾਂ ਦੀ ਹਮਦਰਦੀ ਹਾਸਲ ਕੀਤੀ' (Ibid.). ਰਾਸ਼ਟਰੀ ਮੁਸਲਿਮ ਅਤੇ ਖ਼ਾਕਸਾਰ ਇਸ ਮੁਹਿੱਮ ਦੇ ਖ਼ਿਲਾਫ਼ ਰਹੇ ਜਦ ਕਿ ਕਾਂਗਰੇਸ ਸੋਸ਼ਲਿਸਟਾਂ ਨੇ ਇਸ ਨੂੰ ਬ੍ਰਿਟਿਸ਼ ਦੇ ਚਾਪਲੂਸਾਂ ਦੀ ਇੱਕ ਸਰਕਸ ਦੱਸ ਕੇ, ਖਿੱਲੀ ਉਡਾਈ. ਉਨ੍ਹਾਂ ਨੇ ਗੌਰ ਕੀਤਾ:

> ਸਾਰੀ ਪ੍ਰਤੀਕਿਰਿਆਂ ਤੋਂ, ਸਭ ਤੋਂ ਮੁਖ਼ਤਲਿਫ਼, ਅਤੇ ਸਭ ਤੋਂ ਖ਼ਤਰਨਾਕ, ਸਿਖਾਂ ਦੀ ਸੀ. ਉਨ੍ਹਾਂ ਦੀ ਨਾਰਾਜ਼ਗੀ ਦੁਖਾਵਾਂ ਸੀ ਅਤੇ ਉਨ੍ਹਾਂ ਦੇ ਜਜ਼ਬਾਤ, ਲੀਗ ਦੇ ਉਦੇਸ਼ ਨੂੰ ਸਮਝਦੇ ਹੋਏ ਅਤੇ ਸਿੱਖਾਂ ਨਾਲ ਹੋਈ ਘਟਨਾਵਾਂ ਕਰ

> ਕੇ, ਭੜਕਾਉ ਸੀ, ਅਤੇ ਉਨ੍ਹਾਂ ਨੇ ਆਪਣੀ ਪ੍ਰਤੀਕਿਰਿਆਂ, ਸਿੱਖ ਕੌਮ ਦੇ ਖ਼ਿਲਾਫ਼, ਮੁਸਲਿਮ ਅਵਾਮ ਦੀ ਦੁਸ਼ਮਣੀ ਦਾ ਸਬੂਤ ਮੱਨਦੇ ਹੋਏ, ਪੇਸ਼ ਕੀਤੀਆਂ (Ibid.).

ਅਖ਼ਤਰ ਹੁਸੈਨ ਨੇ ਅੱਮ੍ਰਿਤਸਰ ਦੇ ਮੁਸਲਿਮਾਂ ਉਪਰ ਇਲਜ਼ਾਮ ਲਗਾਇਆ, ਖ਼ਾਸ ਕਰ ਕੇ ਉਨ੍ਹਾਂ ਦੇ ਸਿੱਖਾਂ ਦੇ ਖ਼ਿਲਾਫ਼ ਇੱਕ ਬੇਹਯਾ ਲੜਾਕੇ ਰੁਖ ਲਈ. ਉਹ ਹੋਰ ਕਹਿੰਦੇ ਨੇ:

> ਮੁਸਲਿਮਾਂ ਨੇ ਆਪਣੀ ਬੇਵਕੂਫ਼ੀ ਨਾਲ ਸਿੱਖਾਂ ਦੀ ਬੇਇਜ਼ਤੀ ਕੀਤੀ, ਸਿੱਖ ਪੁਲਿਸਵਾਲਿਆਂ ਨੂੰ ਚੁਣ ਕੇ ਉਨ੍ਹਾਂ ਦੇ ਉਪਰ ਹਮਲੇ ਕੀਤੇ ਅਤੇ ਇੱਕ ਸਿੱਖ ਕਾਂਸਟਬਲ ਨੂੰ ਬੇਰਹਿਮੀ ਨਾਲ ਹਲਾਕ ਕੀਤਾ. ਇਸ ਦਾ ਅਸਰ ਇੰਤਹਾ ਗੰਭੀਰ ਸੀ, ਅਤੇ, ਜੈਦਾਂ ਕਿ ਪਹਿਲਾਂ ਦੱਸਿਆ ਗਿਆ ਹੈ, ਸਿੱਖਾਂ ਅਤੇ ਮੁਸਲਿਮਾਂ ਦੇ ਦਰਮਿਆਨ ਫ਼ਿਰਕੂ ਝਗੜੇ ਹੋਣਾ ਲੱਗਭਗ ਲਾਜ਼ਮੀ ਸੀ, ਅਗਰ ਲੀਗ ਦਾ ਗੁਸਤਾਖ਼ੀ ਅੰਦੋਲਨ ਜਾਰੀ ਰਹਿੰਦਾ (Ibid.).

ਇਣ ਮੁਖ਼ਤਲਿਫ਼ ਵਿਵਰਣਾ ਤੋਂ ਸਾਫ਼ ਹੈ ਕਿ ਪੰਜਾਬ ਦੇ ਹਾਲਾਤ ਬੜੇ ਅਸਥਰ ਸਨ, ਪਰ ਕਿਸੇ ਵੀ ਤਰੀਕੇ ਨਾਲ ਤਿੰਨ ਵੱਡੀ ਕੌਮਾਂ ਨੂੰ ਕਿਸੇ ਆਪਸੀ ਸਮਝੌਤੇ ਤੋਂ ਨਹੀਂ ਰੋਕਦੇ ਸੀ, ਅਗਰ ਉਨ੍ਹਾਂ ਦੇ ਆਗੂ ਨਿਪਟਾਰਾ ਹੋਰ ਵਿਵਸਥਾ ਕਰ ਸਕਦੇ. ਮੁਸਲਿਮ ਲੀਗ ਅਤੇ ਕਾਂਗਰੇਸ ਲਈ ਫ਼ੈਸਲਾ ਲੈਣ ਦੀ ਆਜ਼ਾਦੀ ਉਨ੍ਹਾਂ ਦੇ ਹਾਈ ਕਮਾਂਡ ਦੇ ਚਲਦੇ, ਬੇਹਦ ਮਾੜੀ ਸੀ. ਸਿੱਖ ਕਿਸੇ ਵੀ ਹਾਲਾਤ ਵਿੱਚ ਮੁਸਲਿਮ ਬੋਲਬਾਲਾ ਨਹੀਂ ਮੱਨਣ ਵਾਲੇ ਸੀ, ਅਤੇ ਇਸ ਕਰ ਕੇ, ਸਿੱਖਾਂ ਨੂੰ ਤਸੱਲੀ ਦੇਣ ਲਈ, ਮੁਸਲਿਮ ਲੀਗ ਨੂੰ ਇੱਕ ਰਣਨੀਤੀ ਤਿਆਰ ਕਰਣੀ ਸੀ.

ਹਵਾਲਾ

ਇਫ਼ਤਿਖ਼ਾਰ, ਖ਼ਵਾਜਾ, ਜਬ ਅਮ੍ਰਿਤਸe ਜਲ ਰਹਾ ਥਾ, ਲਾਹੌਰ: ਖ਼ਵਾਜਾ ਪਬਲਿਸ਼ਰਸ,(1991).

ਮੂਨ, ਪੇਂਡਰਲ, ਡਿਵਾਇਡ ਐਂਡ ਕਵੀਟ, ਨਿਊ ਦੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(1998).

ਸ਼ਾਹਨਵਾਜ਼, ਜਹਾਂ ਆਰਾ, 'ਫਾਦਰ ਐਂਡ ਡਾਹਟਰ: ਤੇ ਪੌਲਿਟਿਕਲ ਔਟੋਬਾਇਉਗ੍ਰਾਫੀ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(2002).

ਟੈਲਬੱਟ, ਇਅਨ, 'ਵਾਇਲੇਂਸ, ਮਾਇਗ੍ਰੇਸ਼ਨ ਐਂਡ ਰਿਸੇਟਲਮੇਂਟ: ਦੀ ਕੇਸ ਔਫ ਅੱਮ੍ਰਿਤਸਰ' ਵਿੱਚ ਇਅਨ ਟੇਲਬਟ ਅਤੇ ਸ਼ਿੰਡਰ ਠੰਡੀ (ਏਡ), ਪੀਪਲ ਔਨ ਦ ਮੂਵ: ਪੰਜਾਬ ਕੋਲੋਨਿਅਲਿਜਮ, ਐਂਡ ਪੋਸਟ-ਕੋਲੋਨੀਅਲ ਮਾਇਗ੍ਰੇਸ਼ਨ: ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(2006).

ਖੋਸਲਾ, ਜੀ.ਡੀ., ਸਟਰਨ ਰੇਕੋਨਿੰਗ, (1989).

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਐਟੇਕ ਔਨ ਸਿੱਖਸ ਐਂਡ ਹਿੰਦੂਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇਡਿੰਆ, (1991).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ,1 ਜਨਵਰੀ 1944-3 ਮਾਰਚ 1947,ਲਾਸਟ ਈਅਰਸ ਔਫ ਦ ਮਿਨਿਸਟਰੀਸ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ:ਮਨੋਹਰ, (2006).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ, 4 ਨਵੰਬਰ 1946-22 ਮਾਰਚ 1947, ਵੋਲ. ੀਯ, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1980).

ਮਾਇਕਰੋਫਿਲਮ

ਫੋਰਟਨਾਇਟਲੀ ਰਿਪੋਰਟਸ ਔਫ ਪੰਜਾਬ ਚੀਫ ਸੇਕ੍ਰੇਟਰੀ ਫੈਰ 1947 : IOR L/P & J/5/250 ਮਾਇਕਰੋਫਿਲਮ ਦੁਆਰਾ

ਅਖ਼ਬਾਰ

ਡਾਨ, ਦਿੱਲੀ, 1947
ਪਾਕਿਸਤਾਨ ਟਾਇਮਸ, ਲਾਹੌਰ, 1947
ਟੀ ਟ੍ਰੀਬਯੂਨ, ਲਾਹੌਰ, 1947
ਮਿਲਾਪ, ਲਾਹੌਰ, 1947
ਦਿ ਸਿਵਲ ਐਂਡ ਮਿਲਿਟਰੀ ਗਜ਼ਟ, ਲਾਹੌਰ, 1947

ਇੰਟਰਵਿਊ

ਅਜ਼ੀਜ਼ ਮਜ਼ਹਰ, ਲੰਡਨ, 18-19 ਮਈ 2002
ਮਿਆਂ ਮੁਹੱਮਦ ਸਲੀਮ, ਲਾਹੋਰ, 4 ਅਪ੍ਰੈਲ 2003
ਆਰਿਫ਼ ਖੋਖਰ, ਲਾਹੌਰ, 4 ਅਪ੍ਰੈਲ 2003
ਐਫ.ਇ.ਚੌਧਰੀ, ਲਾਹੌਰ, 4 ਅਪ੍ਰੈਲ 2003
ਭੇਗਮ ਨਸੀਮ ਅਮੀਰ ਹੁਸੈਨ ਸ਼ਾਹ, 25 ਅਪ੍ਰੈਲ 2003
ਰਾਜਾ ਤਜੱਮੁਲ ਹੁਸੈਨ, 27 ਅਪ੍ਰੈਲ 2003
ਹੁਕੁਮ ਕੂਰੇਸ਼ੀ, ਲਾਹੌਰ, 30 ਅਕਤੂਬਰ 2005
ਸਈਦ ਅਹਿਮਦ ਸਈਦ ਕਿਰਮਾਨੀ, 31 ਅਕਤੂਬਰ 2005
ਅਹਰ ਮਲਿਕ, ਸਟੋਕਹੋਮ, 13 ਜਨਵਰੀ 2006

6

ਮਾਰਚ 1947 ਦੇ ਦੰਗੇ : ਲਾਹੌਰ

ਲਾਹੌਰ ਹਮੇਸ਼ਾ ਤੋਂ ਹੀ ਪੰਜਾਬ ਦਾ ਇੱਕ ਅਹਿਮ ਸ਼ਹਿਰ ਹੋਇਆ ਕਰਦਾ ਸੀ, ਘੱਟ ਤੋਂ ਘੱਟ ਸੋਲਹਵੀਂ ਸਦੀ ਦੇ ਵਕਤ ਤੋਂ ਜਦ ਮੁਗ਼ਲਾਂ ਨੇ ਇਸ ਨੂੰ ਆਪਣੀ ਸੂਬਾਈ ਰਾਜਧਾਨੀ ਬਣਾਇਆ. ਇਸ ਦਾ ਆਘਾਜ਼ ਬਹੁਤ ਪੁਰਾਣੇ ਵਕਤ ਤੇ ਹੋਇਆ; ਇੱਕ ਅਫ਼ਸਾਨੇ ਦੇ ਮੁਤਾਬਕ ਇਸ ਦੀ ਬਿਨਆਦ, ਭਗਵਾਨ ਰਾਮ ਦੇ ਵੱਡੇ ਪੁਤਰ ਲੱਵ, ਨੇ ਰੱਖੀ ਸੀ. ਇਹ ਸਿੱਖ ਬਾਦਸ਼ਾਹੀ, ਜਿਸ ਦੀ ਕਾਇਮੀ ਮਹਾਰਾਜਾ ਰਣਜੀਤ ਸਿੰਘ ਨੇ 1799 ਨੂੰ ਕੀਤੀ ਸੀ, ਦੀ ਵੀ ਰਾਜਧਾਨੀ ਸੀ. ਲਾਹੌਰ ਸ਼ਹਿਰ 1857 ਤੋਂ ਬਾਅਦ, ਬੇਸ਼ਕ, ਬ੍ਰਿਟਿਸ਼ ਰਾਜ ਦੇ ਸ਼ਹਿਰੀ ਮਨਸੂਬੇ ਅਤੇ ਤਰੱਕੀ ਦੀ, ਸਭ ਤੋਂ ਸ਼ਾਨਦਾਰ ਕਾਮਯਾਬੀ ਸੀ. ਗਵਰਨਰ ਅਤੇ ਉੱਚੇ ਅਹੁਦੇ ਦੇ *ਸਿਵਲ* ਹੋਰ *ਮਿਲਿਟਰੀ* ਅਫ਼ਸਰ, ਲਾਹੌਰ ਤੇ ਤਇਨਾਤ ਸਨ. ਇਸ ਕਰ ਕੇ, ਇਹ ਬ੍ਰਿਟਿਸ਼ ਤਾਕਤ ਅਤੇ ਮਾਣ ਦਾ ਸ਼ਹਿਰ ਸੀ. ਬ੍ਰਿਟਿਸ਼ ਸਰਪਰਸਤੀ ਦੇ ਥਲੇ, ਲਾਹੌਰ ਪੁਰਾਣੇ ਅੰਦਰੂਨੀ ਸ਼ਹਿਰ ਤੋਂ ਬਾਹਰ, ਤੇਜੀ ਨਾਲ ਵੱਧਿਆ. ਪੁਰਾਣੇ ਜ਼ਮਾਨੇ ਤੋਂ ਇੱਕ ਖਾਈ ਨੇ ਸ਼ਹਿਰ ਨੂੰ ਘੇਰ ਕੇ ਰਖਿਆ ਸੀ, ਪਰ ਬ੍ਰਿਟਿਸ਼ ਸਰਕਾਰ ਨੇ ਇਸ ਦੇ ਬਾਹਰੀ ਹਿੱਸੇ ਤੇ, ਇੱਕ ਹਰੀ ਪੱਟੀ ਲਾਈ ਜਿਸ ਦੇ ਵਿੱਚ ਪਾਰਕ ਅਤੇ ਬਾਘ ਸ਼ਾਮਲ ਸਨ. ਜਦ ਲਾਹੌਰ ਸਹਿਰ ਫੈਲ ਗਿਆ, ਕਈ ਆਲੇ-ਦੁਆਲੇ ਦੇ ਪਿੰਡ ਅਤੇ ਖੇੜੇ, ਇਸ ਵਿੱਚ ਲੀਨ ਹੋ ਗਏ. ਸਿਵਲ ਲਾਇਨਸ ਸਭ ਤੋਂ ਨਵੀਂ ਅਤੇ ਐਸ਼-ਪਰਸਤ ਜਗ੍ਹ ਸੀ. ਅਗੂਆ-ਕਾਰੀ ਤਾਲੀਮ ਦੇ ਇਦਾਰਿਆਂ ਵਿੱਚ ਪੰਜਾਬ ਯੂਨੀਵਰਸਿਟੀ, ਅਤੇ ਕਈ *ਆਰਟਸ, ਸਾਇੰਸ, ਕਾਮਰਸ, ਇੰਜਿਨਿਅਰਿੰਗ* ਅਤੇ *ਮੇਡੀਕਲ* ਕਾਲਜ ਸ਼ਾਮਲ ਸਨ. ਮੱਲ ਅਤੇ ਅਨਾਰਕਲੀ ਬਾਜ਼ਾਰ ਅਤੇ ਵਪਾਰ ਦੇ, ਹਲਚਲ ਭਰੇ ਕੇਂਦਰ ਸਨ. ਇਸ ਦੇ ਇਲਾਵਾ, ਖਾਨ-ਪੀਣ, ਅਨਾਜ ਅਤੇ ਫਲ ਦੇ ਬਾਜ਼ਾਰ ਸਨ, ਅਤੇ ਮੁਗ਼ਲਪੁਰਾ ਤੇ ਰੇਲਵੇ ਵਰਕਸ਼ਾਪਾਂ ਸੀ. ਇੱਕ ਉਭਰਦਾ ਹੋਇਆ ਫ਼ਿਲਮ ਉਦਯੋਗ ਵੀ ਵਧ ਰਹਾ ਸੀ, ਅਤੇ ਇਸ ਨੂੰ ਕਲਕੱਤਾ ਹੋਰ ਬੋਮਬੇ ਦੇ ਸਟੁਡਿਉਸ ਦਾ ਪ੍ਰਤਿਦਵੰਦੀ ਮੱਨਿਆ ਜਾਂਦਾ ਸੀ (ਇੰਟਰਵਿਊ, ਬੀ.ਆਰ.ਚੋਪੜਾ, 4 ਜਨਵਰੀ 1997). ਬ੍ਰਿਟਿਸ਼ ਲਾਹੌਰ ਦਾ ਇੱਕ ਪ੍ਰੇਸੀਡੇਂਸੀ ਦੇ ਤੋਰ ਤੇ ਪੁਨਰਗਠਨ ਕਰਨਾ ਚਾਹੁੰਦੇ ਸੀ, ਜਿਸ ਤਰ੍ਹਾਂ ਕਲੱਕਤਾ, ਦੇਲਹੀ, ਬੰਬਈ ਅਤੇ ਮਦਰਾਸ ਦੇ ਆਧੁਨਿਕ ਕੇਂਦਰਾਂ ਨੂੰ ਕੀਤਾ ਗਿਆ ਸੀ (Daechsel, 2004: 26–27). ਸ਼ਮੁੱਚੇ ਪੰਜਾਬ ਦੇ ਕਾਮਯਾਬ ਲੋਕ ਵੱਸਣ ਲਈ ਲਾਹੌਰ ਆ ਗਏ. ਸ਼ਾਹੀ ਪਰਵਾਰਾਂ ਨੇ ਸੂਬਾਈ ਰਾਜਧਾਨੀ ਵਿੱਚ ਆਪਣੇ ਮਹਿਲਾਂ ਨੂੰ ਬਣਾਈ ਰੱਖਿਆ. ਕਈ ਰਿਟਾਇਰ ਹੋਏ ਅਫ਼ਸਰ, ਕਾਮਯਾਬ ਵਪਾਰੀ ਅਤੇ ਧੰਧੇ ਕਰਣ ਵਾਲੇ ਲੋਕਾ ਨੇ ਵੀ ਪੰਜਾਬ ਦੇ ਇਸ ਪ੍ਰਮੁਖ ਸ਼ਹਿਰ ਵਿੱਚ ਆਪਣੇ ਘਰ ਸਥਾਪਤ ਕੀਤੇ. ਲਾਹੌਰ ਸ਼ਹਿਰ ਅਤੇ ਜ਼ਿਲ੍ਹੇ ਦੀ ਆਬਾਦੀ ਦੀ ਫ਼ੀਸਦੀ, ਸਾਫ਼ ਤੌਰ ਤੇ, ਮੁਸਲਿਮ ਮਜਾਰਿਟੀ ਦਰਸ਼ਾਉਂਦੀ ਹੈ, ਮਗਰ ਲਾਹੌਰ ਤੇ ਆਉਣ ਵਾਲੇ ਕਿਸੇ ਆਮ ਮੁਲਾਕਾਤੀ ਨੂੰ ਲਗ ਸਕਦਾ ਸੀ ਕਿ ਲਾਹੌਰ ਤੇ ਹਿੰਦੂ ਮਜਾਰਿਟੀ ਸੀ, ਕਿਉਂਕਿ 75 ਫ਼ੀਸਦੀ ਜਾਇਦਾਦ: ਇਮਾਰਤਾਂ, ਵਪਾਰ ਅਤੇ ਨਵੀਂ ਤਰੱਕੀ ਦੀ ਤਰਤੀਬਾਂ ਉਪਰ ਹਿੰਦੂਆਂ ਦੀ ਮਲਕੀਅਤ ਸੀ. ਇਥੋਂ ਤੱਕ ਕਿ ਸ਼ਹਿਰ ਦੀ ਇੱਕ ਛੋਟੀ ਸਿੱਖ ਮਾਇਨਾਰਿਟੀ ਦੀ ਵੀ ਮਾਲੀ ਹਾਲਤ ਮੁਸਲਿਮਾਂ ਤੋਂ ਬਿਹਤਰ ਸੀ (Ahmed, 1999: 127). ਲਾਹੌਰ ਦੇ ਕਈ ਹਿੰਦੂ ਸਮਝਦੇ ਸੀ ਕਿ ਸ਼ਿੱਖਾਂ

ਨੂੰ ਲੈ ਕੇ, ਉਹ ਸ਼ਹਿਰ ਵਿੱਚ ਮਜਾਰਿਟੀ ਤੇ ਸਨ. ਲਾਹੌਰ ਜ਼ਿਲ੍ਹੇ ਤੇ ਵੀ ਮੁਸਲਿਮ ਸਾਫ਼ ਤੌਰ ਤੇ ਮਜਾਰਿਟੀ ਵਿੱਚ ਸਨ, ਹਾਲਾਂਕਿ ਪਿੰਡਾ ਵਿੱਚ ਸਿੱਖਾਂ ਦੀ ਚੰਗੀ ਤਦਾਦ ਸੀ. ਅਤੇ, ਜਦ ਕਿ ਹਿੰਦੂ ਇੱਕ ਸ਼ਹਿਰੀ ਫ਼ਿਰਕਾ ਸੀ, ਮੁਸਲਿਮ ਸ਼ਹਿਰਾਂ ਹੋਰ ਪਿੰਡਾ ਵਿੱਚ ਵੰਡੇ ਹੋਏ ਸੀ, ਅਤੇ ਸਿੱਖ ਆਮ ਤੋਰ ਤੇ ਪਿੰਡਾ ਵਿੱਚ ਰਹਿੰਦੇ ਸਨ. ਜ਼ਿਲ੍ਹੇ ਦੇ ਇੰਤਜ਼ਾਮ ਦਾ ਆਗੂ ਡਿਪਟੀ ਕਮੀਸ਼ਨਰ ਮਿ.ਜੇ.ਸੀ.ਡਬਲੁ.ਇਊਸਟੇਸ ਸੀ.

1941 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ ਆਬਾਦਿਅਤ ਦਾ ਖ਼ਾਕਾ		
ਲਾਹੌਰ ਸ਼ਹਿਰ ਦੀ ਕੁੱਲ ਆਬਾਦੀ (ਲਾਹੌਰ ਮਯੂਨਿਸਿਪੈਲਿਟੀ ਅਤੇ ਛਾਉਣੀ ਨੂੰ ਲੈ ਕੇ)	**ਤਦਾਦ**	**ਹਿੱਸਾ (%)**
ਸ਼ਾਰੇ ਸਮੁਦਾਇ	671,659	100.00
ਮੁਸਲਿਮ	433,170	64.50
ਹਿੰਦੂ ਅਤੇ ਸਿਡਯੂਲਡ ਕਾਸਟ	188,222	28.00
ਸਿੱਖ	34,021	5.00
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	14,245	2.50
ਲਾਹੌਰ ਜ਼ਿਲ੍ਹਾ	**ਤਦਾਦ**	**ਹਿੱਸਾ (%)**
ਸ਼ਾਰੇ ਸਮੁਦਾਇ	1,695,375	100.00
ਮੁਸਲਿਮ	1,027,772	61.00
ਹਿੰਦੂ ਅਤੇ ਸਿਡਯੂਲਡ ਕਾਸਟ	287,351	17.00
ਸਿੱਖ	310,646	18.00
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	69,606	4.00

2 ਮਾਰਚ 1947: ਫ਼ਤਹਿ ਦਾ ਦਿਨ ਅਤੇ ਖ਼ਿਜ਼ਰ ਦਾ ਅਸਤੀਫ਼ਾ

26 ਫਰਵਰੀ ਨੂੰ ਖ਼ਿਜ਼ਰ ਅਤੇ ਮੁਸਲਿਮ ਲੀਗ ਦੇ ਦਰਮਿਆਨ ਹੋਏ ਸਮਝੋਤੇ ਨੇ ਪੰਜਾਬ ਨੂੰ ਬਾਕਾਇਦਗੀ ਤੇ ਬਹਾਲ ਨਹੀਂ ਕੀਤਾ. ਹਿੰਦੂ ਅਤੇ ਸਿੱਖ ਆਗੂ ਬੁਰੀ ਤਰ੍ਹਾਂ ਹਿਲ ਗਏ ਸਨ, ਅਤੇ ਫ਼ਿਕਰ ਹੋਰ ਖ਼ੌਫ਼ ਪਿਛਲੇ ਕੁੱਝ ਹਫ਼ਤਿਆਂ ਤੇ ਵਧ ਗਿਆ ਸੀ, ਕਿਉਂਕਿ ਮੁਸਲਿਮ ਲੀਗ ਦੇ ਸਰਕਾਰ ਬਣਾਉਣ ਦਾ ਮੰਜ਼ਰ ਹੋਰ ਕਰੀਬ ਆ ਗਿਆ ਸੀ. ਦੂਜੀ ਤਰਫ਼, ਸ਼ਹਿਰੀ ਇਲਾਕਿਆਂ ਤੇ ਮੁਸਲਿਮਾਂ ਨੂੰ, ਜਿੱਥੇ ਸਿਵਲ ਨਾਫ਼ਰਮਾਨੀ ਦੀ ਤੇਹਰੀਕ ਕਈ ਹਫ਼ਤਿਆਂ ਤੋਂ ਚਲ ਰਹੀ ਸੀ, ਮਹਿਸੂਸ ਕਰਦੇ ਸੀ ਕਿ ਇਸ ਬਾਰੇ ਕੋਈ ਸ਼ੁਭਾ ਨਹੀਂ ਸੀ ਕਿ ਪਾਕਿਸਤਾਨ ਬਣੇਗਾ ਕਿ ਨਹੀਂ; ਇੱਕ '*ਕਦ*' ਦਾ ਸਵਾਲ ਸੀ ਨਾ ਕਿ '*ਅਗਰ*' ਦਾ. ਲੀਗ ਦੇ ਰਹਨੁਮਾ, ਜਦ ਕਿ ਕੁੱਝ ਘੱਟ ਪੱਕੇ ਸਨ, ਮਗਰ ਇੱਕ ਵੱਡੀ ਤਦਾਦ ਦੇ ਅਵਾਮ ਦੀ ਪਾਕਿਸਤਾਨ ਦੀ ਮੰਗ ਨੂੰ ਵੇਖ ਕੇ, ਉਹ ਮਗਨ ਹੋ ਗਏ ਅਤੇ ਖ਼ੁਦ, ਦਬਾਅ ਘੱਟ ਕਰਣ ਦੇ ਹਿਮਾਇਤੀ ਨਹੀਂ ਸਨ. ਹਰ ਹਾਲਤ ਵਿੱਚ, ਲਾਹੌਰ ਅਸਥਰ ਸੀ ਅਤੇ ਜੋਸ਼ ਭਰੀ ਸਿਆਸੀ ਸਰਗਰਮਿਆਂ ਜਾਰੀ ਰਹਿਆਂ. ਗਠਬੰਧਨ ਸਰਕਾਰ ਸੱਤਾ ਵਿੱਚ ਸੀ ਅਤੇ ਮੁਸਲਿਮ ਲੀਗ ਇਸ ਤੋਂ ਬਾਹਰ ਸੀ. ਇਸ ਕਰ ਕੇ ਸਿੱਧੀ ਕਾਰਵਾਈ ਦੇ ਆਘਾਜ਼ ਦੇ ਬਾਅਦ, ਜ਼ਿਆਦਾ ਕੁੱਝ ਨਹੀਂ

ਬਦਲਿਆਂ ਸੀ. 2 ਮਾਰਚ ਐਤਵਾਰ ਦਾ ਦਿਨ ਸੀ ਅਤੇ ਮੁਸਲਿਮ ਲੀਗ ਨੇ ਇਸ ਨੂੰ 'ਫ਼ਤਹਿ ਦਿਨ' ਦੀ ਤਰ੍ਹਾਂ ਮਣਾਇਆ. ਮਿਆਂ ਮਕਸੂਦ ਅਹਿਮਦ, ਮਿਆਂ ਮੁਹੱਮਹ ਸਲੀਮ ਅਤੇ ਆਰਿਫ਼ ਖੋਖਰ, ਉਸ ਵਕਤ ਨੌਜਵਾਨ ਸਨ, ਮੇਰੇ ਇੰਟਰਵਿਊ ਤੇ ਉਨ੍ਹਾਂ ਨੇ ਸਿੱਧੀ ਕਾਰਵਾਈ ਦੇ ਅਵਾਮੀ ਅੰਦੋਲਨ ਦੁਆਰਾ ਮੁਸਲਿਮਾਂ ਦੇ ਦਿਲ ਵਿੱਚ ਭਰੋਸਾ ਪੈਦਾ ਕਰਣ ਬਾਰੇ, ਇੱਕ ਸ਼ੋਖ ਵਰਣਨ ਦਿੱਤਾ. 1945-46 ਦੀ ਇੰਤਖਾਬ ਦੀ ਮੁਹਿੱਮ ਅਤੇ ਸਿੱਧੀ ਕਾਰਵਾਈ ਤੇ *ਮੁਸਲਿਮ ਸਟੂਡੇਂਟ ਫੇਡਰੇਸ਼ਨ* ਨੇ ਇੱਕ ਅਹਿਮ ਕਿਰਦਾਰ ਅਦਾ ਕੀਤਾ. ਮੈਂ ਉਸ ਸ਼ੰਗਠਨ ਦੇ ਇੱਕ ਪ੍ਰਮੁੱਖ ਇਨਸਾਨ, ਅਜ਼ੀਜ਼ ਮਜ਼ਹਰ ਦਾ ਇੰਟਰਵਿਊ ਲੀਤਾ. 1947 ਤੇ ਉਹ ਇਸਲਾਮਿਆ ਕਾਲਜ ਸਟੂਡੇਂਟ ਯੂਨੀਅਨ ਦਾ ਸੰਯੁਕਤ ਸਚਿਵ ਸੀ. ਬਾਅਦ ਤੇ, ਮੇਰੇ ਵੱਲੋਂ ਅਹਿਮਦ ਸਲੀਮ ਨੇ ਸਈਦ ਅਹਿਮਦ ਸਈਦ ਕਿਰਮਾਨੀ ਦਾ ਇੰਟਰਵਿਊ ਲੀਤਾ, ਜੋ 1947 ਵਿੱਚ ਮੁਸਲਿਮ ਸਟੂਡੇਂਟ ਫੇਡਰੇਸ਼ਨ ਦੇ ਸੰਗਠਨ ਸਚਿਵ ਸਨ. ਬਾਅਦ ਤੇ ਉਹ ਪਾਕਿਸਤਾਨ ਤੇ ਪੰਜਾਬ ਦੇ ਕਾਨੂੰਨ ਵਜ਼ੀਰ ਬਣੇ. ਦੋਨਾ ਨੇ ਤਸਦੀਕ ਕੀਤੀ ਕਿ ਪਾਕਿਸਤਾਨ ਦਾ ਇਜ਼ਾਦ ਹੋਣਾ, ਮੁਸਲਿਮ ਨੌਜਵਾਨਾਂ ਲਈ ਇੱਕ ਪ੍ਰਜਲਵਿਤ ਜਨੂਨ ਬਣ ਗਿਆ ਸੀ. ਪਰ, ਉਸ ਵਕਤ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਫ਼ਿਰਕੂ ਫ਼ਸਾਦਾਂ ਅਤੇ ਕਤਲੇਆਮ ਦੇ ਚਲਦੇ, ਲੱਖਾਂ ਲੋਕਾਂ ਦੀ ਮੌਤਾਂ ਹੋਣਗੀਆਂ ਅਤੇ ਲੋਕਾਂ ਨੂੰ ਹਿਫ਼ਾਜ਼ਤੀ ਜਗ੍ਹਾਂ ਤੇ ਪਨਾਹ ਲੈਣ ਲਈ ਭੱਜਨਾ ਪਏਗਾ. ਹੋਰ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਵਿਦਿਆਰਥਿਆਂ ਦੇ ਵਿਚ, ਕਦੀ ਵੀ, ਹਿੰਦੂਆਂ ਅਤੇ ਸਿੱਖਾਂ ਨੂੰ ਲਾਹੌਰ ਅਤੇ ਪਾਕਿਸਤਾਨ ਤੋਂ ਬਾਹਰ ਸੁਟੱਣ ਦੀ, ਗੱਲਬਾਤ ਨਹੀਂ ਹੁੰਦੀ ਸੀ. ਦੂਜੀ ਤਰਫ਼, ਉਨ੍ਹਾਂ ਨੇ ਮੱਨਿਆ ਕਿ ਇਸਲਾਮੀ ਨਾਅਰੇਬਾਜ਼ੀ ਉਨ੍ਹਾਂ ਦੇ ਜਲੂਸ ਦਾ ਇੱਕ ਬਾਕਾਇਦਾ ਹਿੱਸਾ ਸੀ.

ਬਹਰ ਹਾਲ, ਲੋਕ ਸਿੱਧੀ ਕਾਰਵਾਈ ਦੀ ਜ਼ਬਰਦਸਤ ਕਾਮਯਾਬੀ ਦਾ ਜਸ਼ਨ ਮਨਾਉਣ ਲਈ ਮੋਚੀ ਗੇਟ ਪਾਰਕ ਤੇ ਇਕੱਠਾ ਹੋਣ ਲਗੇ. ਇਹ ਐਤਵਾਰ ਦਾ ਦਿਨ ਸੀ. ਇੱਕ ਬਹੁਤ ਵੱਡਾ ਉਤੇਜਤ ਮੁਸਲਿਮਾਂ ਦਾ ਜਮਘੱਟ ਮੌਜੂਦ ਸੀ ਜਦ ਮੁਸਲਿਮ ਲੀਗ ਦੇ ਰਹਨੁਮਾਵਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਪਿਛਲੇ ਕੁੱਝ ਹਫਤਿਆਂ ਦੀ ਕਾਮਯਾਬ ਅਵਾਮੀ ਤੇਹਰੀਕ, ਪਾਕਿਸਤਾਨ ਹਾਸਲ ਕਰਣ ਦੇ ਰੁਖ਼ ਤੇ ਪਹਿਲਾ ਕਦਮ ਸੀ. ਜਿਨਾਹ ਨੇ ਭੀੜ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਦੇ ਵਿਚ, ਸਿਡਯੁਲਡ ਕਾਸਟ ਦੇ ਦੋ ਆਗੂ, ਸਰਦਾਰ ਹਰਿ ਸਿੰਘ ਨਿਰਭੈ ਅਤੇ ਚੌਧਰੀ ਸੁਖ ਲਾਲ ਵੀ ਸਨ, ਜਿਨ੍ਹਾਂ ਨੇ ਮੁਸਲਿਮਾਂ ਨੂੰ ਆਪਣੇ ਸਾਥ ਦੇਣ ਦਾ ਵਾਅਦਾ ਪੇਸ਼ ਕੀਤਾ. ਮਿਆਂ ਇਫ਼ਤਿਖਾਰੁਦੀਨ, ਸ਼ੌਕਤ ਹਯਾਤ, ਬੇਗਮ ਸ਼ਾਹਨਵਾਜ਼ ਅਤੇ ਇਥੋਂ ਤੱਕ ਕਿ ਆਰਜ਼ੀ ਸਰਕਾਰ ਦੇ ਸਵਾਸਥ ਵਜ਼ੀਰ, ਰਾਜਾ ਘਜ਼ਨਫ਼ਰ ਅਲੀ ਖ਼ਾਨ ਵੀ ਭੀੜ ਦੇ ਸਾਹਮਣੇ ਬੋਲੇ. ਘਜ਼ਨਫ਼ਰ ਨੇ ਕਿਹਾ ਕਿ ਜਿੱਥੇ ਤੱਕ ਮੁਸਲਿਮਾਂ ਦਾ ਸਵਾਲ ਸੀ, ਉਹ ਚਾਹੁੰਦੇ ਸੇ ਕਿ ਬ੍ਰਿਟਿਸ਼ ਜੂਨ 1948 ਦੀ ਬਜਾਏ ਜੂਨ 1947 ਨੂੰ ਇੰਡੀਆ ਛੱਡ ਕੇ ਚਲੇ ਜਾਣ (*ਪਾਕਿਸਤਾਨ ਟਾਇਮਸ, 4 ਮਾਰਚ*). ਵਕਤਾਵਾਂ ਨੇ ਮਾਇਨਾਰਿਟੀਆਂ ਨੂੰ ਮੁਸਤਕਬਿਲ ਦੇ ਪਾਕਿਸਤਾਨ ਵਿੱਚ ਮਾਕੂਲ ਹਿਫ਼ਾਜ਼ਤ ਦਾ ਭਰੋਸਾ ਦਿੱਤਾ. ਫ਼ਤਹਿ ਦਿਨ ਮਨਾਉਂਦੇ ਹੋਐ, ਉਸ ਸ਼ਾਮ ਨੂੰ ਮੁਸਲਿਮ ਘਰ, ਦੁਕਾਨਾ ਅਤੇ ਸੰਸਥਾਵਾਂ ਨੂੰ ਚਮਕਦਾਰ ਤਰੀਕੇ ਨਾਲ ਰੌਸ਼ਨ ਕੀਤਾ ਗਿਆ (*ਪਾਕਿਸਤਾਨ ਟਾਇਮਸ, 4 ਮਾਰਚ*).

ਖ਼ਿਜ਼ਰ 2 ਮਾਰਚ ਦੀ ਸਵੇਰ ਨੂੰ ਜੇਨਕੀਨਸ ਨਾਲ ਮਿਲੇ ਅਤੇ ਸਰ ਜ਼ਫ਼ਰੁੱਲਾ ਖ਼ਾਨ, ਜੋ ਅਹਿਮਦੀਆ ਬਰਾਦਰੀ ਦੇ ਇੱਕ ਪ੍ਰਮੁੱਖ ਸਦੱਸ ਸਨ ਅਤੇ ਉਸ ਵਕਤ ਲਾਹੌਰ ਤੇ ਮੌਜੂਦ ਸਨ, ਨਾਲ ਹੋਈ ਗੱਲਬਾਤ ਬਾਰੇ ਦੱਸਿਆ. ਦੋਨਾਂ ਨੇ ਮਹਿਸੂਸ ਕੀਤਾ ਕਿ ਮੁਸਲਿਮ ਲੀਗ ਨੂੰ ਹਾਲਾਤ ਦੀ ਗੰਭੀਰਤਾ ਦਾ ਇਹਸਾਸ ਕਰਾਉਣਾ

ਚਾਹੀਦਾ ਹੈ, ਜਿਸ ਨੂੰ ਸਿੱਧੀ ਕਾਰਵਾਈ ਨੇ ਪੈਦਾ ਕਰ ਦਿੱਤਾ ਸੀ. ਖ਼ਿਜ਼ਰ ਬਾਅਦ ਤੇ ਕਾਂਗਰੇਸ ਆਗੂ ਭੀਮ ਸੇਨ ਸਚੱਰ ਅਤੇ ਸਿੱਖ ਆਗੂ ਸ.ਸਵਰਨ ਸਿੰਘ ਨਾਲ ਮਿਲੇ ਅਤੇ ਅਸਤੀਫ਼ਾ ਦੇਣ ਦੀ ਆਪਣੀ ਖ਼ਾਹਿਸ਼ ਜ਼ਾਹਰ ਕੀਤੀ. ਉਹ ਦੋਨੇ ਹੈਰਾਣ ਅਤੇ ਨਿਰਾਸ਼ ਹੋਏ. ਸਚੱਰ ਨੇ ਜੇਨਕੀਨਸ ਨੂੰ ਕਿਹਾ ਕਿ 'ਕਾਂਗਰੇਸ ਮੁਸਲਿਮ ਲੀਗ ਨਾਲ ਸਹਿਯੋਗ ਨਹੀਂ ਕਰੇਗੀ ਜਦ ਤੱਕ ਇਹ ਸ਼ਾਫ਼ ਨਹੀਂ ਹੁੰਦਾ ਹੈ ਕਿ ਉਹ ਮਾਇਨਾਰਿਟੀਆਂ ਨਾਲ ਬਰਾਬਰੀ ਦਾ ਵਰਤਾਅ ਕਰਦੀ ਹੈ, ਨੀਵੇਂ ਦੀ ਤਰ੍ਹਾਂ ਨਹੀਂ'(Carter,2007a: 51). ਉਸੇ ਦਿਨ, ਰਾਤ ਦੇ 10:15 ਵਜੇ ਖ਼ਿਜ਼ਰ ਨੇ ਗਵਰਨਰ ਨਾਲ ਮੁਲਾਕਾਤ ਕੀਤੀ ਅਤੇ ਆਪਣੇ ਸਹਿਯੋਗਿਆਂ ਅਤੇ ਆਪਣਾ ਅਸਤੀਫ਼ਾ ਦੇ ਦਿੱਤਾ. ਉਨ੍ਹਾਂ ਨੇ ਇਹ ਗੱਲ ਦੁਹਰਾਈ ਕਿ 20 ਫਰਵਰੀ ਦੇ ਹਰ ਮੈਜੇਸਟੀਸ ਗਵਰਨਮੇਂਟ ਦੇ ਬਿਆਨ ਨੇ ਨਵੇਂ ਹਾਲਾਤ ਪੈਦਾ ਕੀਤੇ ਸੀ, ਅਤੇ ਇਸ ਕਰ ਕੇ, ਪੰਜਾਬ ਦੇ ਰਹਨੁਮਾਵਾਂ ਅਤੇ ਪਾਰਟਿਆਂ ਨੂੰ, ਇੱਕ ਨਵੇਂ ਸਿਰੇ ਤੋਂ, ਉਨ੍ਹਾਂ ਦੇ ਸੂਬੇ ਦੇ ਭਵਿੱਖ ਬਾਰੇ, ਗੱਲਬਾਤ ਕਰਣ ਦੀ ਜ਼ਰੂਰਤ ਹੈ (*ਪਾਕਿਸਤਾਨ ਟਾਇਮਸ, 4 ਮਾਰਚ*).

3 ਮਾਰਚ 1947 : ਮਾਸਟਰ ਤਾਰਾ ਸਿੰਘ ਦੁਆਰਾ ਬਹਾਦਰੀ ਦਾ ਮੁਜ਼ਾਹਿਰਾ

ਖ਼ਿਜ਼ਰ ਦੇ ਅਸਤੀਫ਼ੇ ਦੀ ਖ਼ਬਰ ਆਉਣ ਨਾਲ, ਅਗਲੇ ਦਿਨ ਲਾਹੌਰ ਦੇ ਮੁਸਲਮਾਨਾਂ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ. ਖ਼ਿਜ਼ਰ ਬਾਰੇ, ਪਿਛਲੇ ਕੁੱਝ ਦਿਨਾਂ ਦੀ ਭੈੜੀ ਗਾਲਾਂ ਨੂੰ ਛੱਡ ਕੇ, ਉਹ ਇੱਕ ਨਵਾਂ ਰਾਗ ਅਲਾਪਣ ਲਗੇ, *'ਤਾਜ਼ਾ ਖ਼ਬਰ ਆਈ ਏ, ਖ਼ਿਜ਼ਰ ਸਾਡਾ ਭਾਈ ਹੈ*. ਕਾਫ਼ੀ ਵਕਤ ਤੋਂ, ਮੁਸਲਿਮ ਲੀਗ ਪਾਰਟੀ ਦੀ ਇੱਕ ਅੰਦਰੂਨੀ ਜਦੋਜਹਿਦ ਚਲ ਰਹੀ ਸੀ, ਜਦ ਫ਼ੀਰੋਜ਼ ਖ਼ਾਨ ਨੂਨ ਅਤੇ ਸ਼ੌਕਤ ਹਯਾਤ, ਨਵਾਬ ਮਮਦੋਤ ਦੇ ਹੱਥਾਂ ਤੋਂ ਤਾਕਤ ਖਿੱਚ ਕੇ ਆਪਣੇ ਵੱਲ ਕਰਨਾ ਚਾਹੁੰਦੇ ਸੀ, ਪਰ ਮਮਦੋਤ ਨੂੰ ਦੂਜੇ ਰਹਨੁਮਾਵਾਂ ਅਤੇ ਪੰਜਾਬ ਦੇ ਮੁਸਲਿਮ ਲੀਗ ਦੇ ਦਫ਼ਤਰਾਂ ਦੇ ਅਹੁਦੇਦਾਰਾਂ ਦਾ ਸਹਾਰਾ ਹਾਸਲ ਸੀ. ਇਸ ਕਰ ਕੇ, ਉਹ ਦੁਬਾਰਾ, ਸਰਵ-ਸੱਮਤੀ ਨਾਲ, ਮੁਸਲਿਮ ਲੀਗ ਅਸੈਮਬਲੀ ਪਾਰਟੀ ਦੇ ਆਗੂ ਚੁਣੇ ਗਏ. ਸ਼ੌਕਤ ਹਯਾਤ ਅਤੇ ਮਿਆਂ ਨੁਰੁੱਲ੍ਹਾ, *ਡਿਪਟੀ ਲੀਡਰ* (ਉਪ ਆਗੂ) ਅਤੇ *ਸੇਕਰੇਟਰੀ* (ਸਚਿਵ), ਤਰਤੀਬਵਾਰ, ਚੁਣੇ ਗਏ. ਗਵਰਨਰ ਨੇ ਮਮਦੋਤ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ. ਮਮਦੋਤ ਸਰਦਾਰ ਸਵਰਨ ਸਿੰਘ, ਪੰਥਿਕ ਅਸੈਮਬਲੀ ਪਾਰਟੀ ਦੇ ਆਗੂ ਨੂੰ ਮਿਲੇ ਅਤੇ ਇੱਕ ਮੁਸਲਿਮ-ਸਿੱਖ ਗਠਬੰਧਨ ਬਣਾਉਣ ਲਈ, ਸਹਿਯੋਗ ਦੀ ਮੰਗ ਕੀਤੀ. ਉਨ੍ਹਾਂ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਮੁਸਲਿਮ ਲੀਗ ਗੈਰ-ਮੁਸਲਿਮਾਂ ਦੇ ਉਪਰ ਮੁਸਲਿਮ ਪ੍ਰਬਲਤਾ ਸਥਾਪਤ ਕਰਣ ਦੀ, ਕਦੇ ਵੀ ਹਿਮਾਇਤੀ ਨਹੀਂ ਸੀ, 'ਇਹ ਸਾਡੀ ਕੋਸ਼ਿਸ਼ ਹੋਵੇਗੀ ਕਿ ਇੱਕ ਰਾਜ਼ੀਬਾਜ਼ੀ ਅਤੇ ਖੁਸ਼ਹਾਲ ਪੰਜਾਬ ਬਣਾਉਣ ਦੇ ਮਕਸਦ ਲਈ, ਅਸੀਂ ਸਭ ਦੀ ਰਜ਼ਾਮੰਦੀ ਅਤੇ ਸਹਿਯੋਗ ਹਾਸਲ ਕਰ ਸਕਿਏ (*ਪਾਕਿਸਤਾਨ ਟਾਇਮਸ, 5 ਮਾਰਚ*).

ਗਵਰਨਰ ਜੇਨਕੀਨਸ ਨੇ ਵੇਵੇਲ ਨੂੰ ਭੇਜੀ 5 ਮਾਰਚ ਦੀ ਇੱਕ ਟੈਲੀਗ੍ਰਾਮ ਤੇ ਗੌਰ ਕੀਤਾ ਕਿ ਸਰਕਾਰ ਬਣਾਉਣ ਲਈ ਮਮਦੋਤ ਪੰਜਾਬ ਅਸੈਮਬਲੀ ਦੇ ਸਿਡਯੁਲਡ ਕਾਸਟ ਅਤੇ ਇਸਾਈ ਸਦੱਸਾਂ ਦੇ ਆਸਰੇ ਸੀ. ਇਸ ਤਰ੍ਹਾਂ ਦੀ ਸਰਕਾਰ, ਗਵਰਨਰ ਮਹਿਸੂਸ ਕਰਦੇ ਸੀ, ਕਾਂਗਰੇਸ ਅਤੇ ਸਿੱਖਾਂ ਤੋਂ, ਜ਼ਰੂਰ, ਇੱਕ ਸਖ਼ਤ ਮੁਖ਼ਾਲਫ਼ਤ ਦਾ ਸਾਹਮਣਾ ਕਰੇਗੀ, ਜੋ ਇੱਕ ਸਿਵਲ ਨਾਫ਼ਰਮਾਨੀ ਦੀ ਤੇਹਰੀਕ ਦਾ ਆਘਾਜ਼ ਕਰਣਗੇ, ਅਤੇ ਇਸ ਦਾ ਨਤੀਜਾ ਇਹ ਹੋਵੇਗਾ ਕਿ ਪੂਰੇ ਪੰਜਾਬ ਵਿੱਚ ਫ਼ਿਰਕੂ ਫ਼ਸਾਦ ਫੈਲ ਜਾਣਗੇ (Carter, 2007a: 57).

ਮੁਸਲਿਮ ਲੀਗ ਅਤੇ ਸਿੱਖਾਂ ਦੇ ਵਿੱਚ ਗੱਲਬਾਤ ਜ਼ਿਆਦਾ ਅਗੇ ਨਹੀਂ ਵਧੀ. ਪੰਜਾਬ ਕਾਂਗਰੇਸ ਨੇ ਇਤੱਹਾਦੀ ਇੰਡੀਆ ਬਾਰੇ ਆਪਣੇ ਭਰੋਸੇ ਨੂੰ ਫਿਰ ਪੱਕਾ ਕੀਤਾ, ਅਤੇ 'ਕਿਸੀ ਵੀ ਫ਼ਿਰਕੂ ਜਾਂ ਵਿਭਾਗੀ ਪ੍ਰਧਾਣਗੀ ਦੀ ਬੁਨਿਆਦ ਦੀ ਸਰਕਾਰ ਅਗੇ ਨਹੀਂ ਝੁਕਣ ਦੇ ਪੱਕੇ ਇਰਾਦੇ' ਦਾ ਐਲਾਨ ਕੀਤਾ (ਪਾਕਿਸਤਾਨ ਟਾਇਮਸ, 5 ਮਾਰਚ). ਸਿੱਖ ਐਮ.ਐਲ.ਏ ਵੀ ਮਿਲੇ ਅਤੇ ਮੁਸਲਿਮ ਲੀਗ ਨਾਲ ਸਹਿਯੋਗ ਨਾ ਕਰਣ ਦਾ ਫ਼ੈਸਲਾ ਕੀਤਾ. ਬਗੈਰ ਕਾਂਗਰੇਸ ਜਾਂ ਸਿੱਖਾਂ ਦੇ ਸਮਰਥਨ ਦੇ, ਮੁਸਲਿਮ ਲੀਗ ਕੋਈ ਗਠਬੰਧਨ ਨਹੀਂ ਬਣਾ ਸਕਦੀ ਸੀ, ਜੋ ਪੰਜਾਬ ਅਸੈਮਬਲੀ ਵਿਚ, ਇੱਕ ਟਿਕਾਉ ਮਜਾਰਿਟੀ ਹਾਸਲ ਕਰ ਸਕਦੀ.

ਬਾਹਰ, ਮੁਸਲਿਮ ਭੀੜ ਨੇ ਇਮਾਰਤ ਨੂੰ ਘੇਰ ਲੀਤਾ ਅਤੇ ਨਾਅਰੇਬਾਜ਼ੀ ਕਰਣ ਲਗੇ ਕਿ ਮੁਸਲਿਮ ਲੀਗ ਨੂੰ ਹਰ ਹਾਲ ਤੇ ਸਰਕਾਰ ਬਣਾਉਣੀ ਹੈ. ਹਾਲਾਤ ਬਦ ਤੋਂ ਬਦਤਰ ਹੋ ਗਏ ਜਦ ਸਿੱਖ ਆਗੂ ਮਾਸਟਰ ਤਾਰਾ ਸਿੰਘ ਬਾਹਰ ਅਸੈਮਬਲੀ ਦੀ ਸੀੜੀਆਂ ਤੇ, ਦੂਜੇ ਸਿੱਖ ਆਗੂਵਾਂ ਨਾਲ ਆਏ ਅਤੇ ਭੀੜ ਦੇ ਅਗਾੜੀ ਉਨ੍ਹਾਂ ਨੇ ਆਪਣੀ ਕਿਰਪਾਨ, ਮਿਆਨ ਤੋਂ ਕੱਢ ਕੇ ਹਵਾ ਤੇ ਲਹਰਾਈ. ਕਿਰਪਾਨ ਲਹਰਾਉਣ ਦੇ ਮਸ਼ਹੂਰ ਵਾਕਿਐ ਨੂੰ ਲੱਗਭਗ ਸਭ ਨੇ ਦੱਸਿਆ, ਜਿਨ੍ਹਾਂ ਦੇ ਮੈਂ ਇੰਟਰਵਿਊ ਲੀਤੇ ਅਤੇ ਜੋ ਉਸ ਦਿਨ ਉਥੇ ਮੌਜੂਦ ਸਨ. ਮਾਸਟਰ ਤਾਰਾ ਸਿੰਘ ਨੇ ਉਸ ਦਿਨ ਠੀਕ ਠੀਕ ਕਿ ਕਿਹਾ, ਇਸ ਦੇ ਕਈ ਸੰਸਕਰਣ ਨੇ, ਪਰ ਇਹ ਪਾਕਿਸਤਾਨ ਨੂੰ ਨਾਮੰਜ਼ੂਰ ਕਰਣ ਦਾ, ਬਿਲਕੁਲ ਸਾਫ ਪੈਗ਼ਾਮ ਸੀ. ਜਸਟਿਸ ਖੋਸਲਾ (1989:99) ਕਹਿੰਦੇ ਨੇ ਕਿ ਮਾਸਟਰ ਜ਼ੋਰ ਦੀ ਅਵਾਜ਼ ਮਾਰ ਕੇ ਬੋਲੇ, *'ਕਟ ਕੇ ਦੇਂਗੇ ਅਪਨੀ ਜਾਨ ਮਗਰ ਨਹੀਂ ਦੇਂਗੇ ਪਾਕਿਸਤਾਨ'*. 4 ਮਾਰਚ ਦੇ ਟ੍ਰੀਬਯੂਨ ਨੇ ਇਸ ਵਾਕਿਐ ਨੂੰ ਕੁੱਝ ਮੁਖ਼ਤਲਿਫ਼ ਅੰਦਾਜ਼ ਤੇ ਪੇਸ਼ ਕੀਤਾ:

> ਮਾਸਟਰ ਤਾਰਾ ਸਿੰਘ ਪਾਰਟੀ ਦੇ ਕਮਰੇ ਤੋਂ ਬਾਹਰ ਆਏ ਅਤੇ ਉੱਚੀ ਅਵਾਜ਼ ਦੇ ਚੀਕ ਕੇ 'ਪਾਕਿਸਤਾਨ ਮੁਰਦਾਬਾਦ' ਅਤੇ 'ਸਤ ਸ੍ਰੀ ਅਕਾਲ' ਕਹਿੰਦੇ ਹੋਏ ਪੰਜਾਬ ਅਸੈਮਬਲੀ ਦੀ ਇਮਾਰਤਾਂ ਦੇ ਮੁੱਖ ਦਾਖ਼ਲੇ ਤੋਂ ਬਾਹਰ ਗਏ ਜਿਥੋਂ ਉਨ੍ਹਾਂ ਨੇ ਆਪਣੇ ਰਸਤੇ ਜਾਣਾ ਸੀ. ਸਿੱਖ ਐੱਮ.ਐਲ.ਏਆਂ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਅਤੇ ਪੁਕਾਰ ਦੇ ਚਲਦਿਆਂ, ਜਵਾਬੀ ਨਾਅਰੇਬਾਜ਼ੀ ਕੀਤੀ, ਅਤੇ ਉਨ੍ਹਾਂ ਦੇ ਸਾਹਮਣੇ ਇੱਕ ਉਤੇਜਤ ਮੁਸਲਿਮ ਭੀੜ ਨੇ, ਜੋ ਅਸੈਮਬਲੀ ਦੀ ਇਮਾਰਤਾਂ ਦੇ ਸ਼ਾਹਮਣੇ ਖੜੇ ਸੀ, ਉਲਟੀ ਨਾਅਰੇਬਾਜ਼ੀ ਸੁਰੂ ਕਰ ਦਿੱਤੀ. ਭੀੜ ਦੀ ਇੱਕ ਵੱਡੀ ਤਦਾਦ ਨੇ ਸਿੱਖ ਰਹਨੁਮਾਵਾਂ ਦੇ ਖ਼ਿਲਾਫ਼ ਮੁਖ਼ਾਲਫ਼ਤੀ ਪ੍ਰਦਰਸ਼ਨ ਅਤੇ ਨਾਵਾਜਬ ਉਪਾਧਿਆਂ ਦਾ ਇਸਤੇਮਾਲ ਕੀਤਾ. ਪੁਲਿਸ ਨੇ ਦਖ਼ਲਅੰਦਾਜ਼ੀ ਕੀਤੀ ਅਤੇ ਮੁਖ਼ਤਲਿਫ਼ ਨਾਅਰੇਬਾਜ਼ੀ ਕਰਣਵਾਲੇਆਂ ਨੂੰ ਇੱਕ ਦੂਜੇ ਤੋਂ ਦੂਰ ਰੱਖਿਆ. ਇਸ ਦੌਰਾਨ ਮਿਆਂ ਇਫ਼ਤਿਖਾਰੁਦੀਨ ਅਤੇ ਮਿਆਂ ਮੁਮਤਾਜ਼ ਦੌਲਤਾਨਾ ਉਸ ਜਗ੍ਹ ਤੇ ਪਹੁੰਚੇ ਅਤੇ ਮੁਸਲਿਮ ਭੀੜ ਨੂੰ ਚਲੇ ਜਾਣ ਨੂੰ, ਅਤੇ ਕੋਈ ਜਵਾਬੀ ਪ੍ਰਦਰਸ਼ਨ ਨਾ ਕਰਣ ਨੂੰ, ਕਾਮਯਾਬੀ ਨਾਲ ਕਿਹਾ (ਦੀ ਟ੍ਰਿਬਯੂਨ, 4 ਮਾਰਚ).

ਪੰਜਾਬ ਦੀ ਤਕਸੀਮ ਦੇ ਮੁਕੱਮਲ ਸ਼ਾਹਨਾਮੇ ਤੇ, ਕਿਸੇ ਦੂਜੇ ਪਲ ਨੂੰ ਇਨੇ ਨਾਟਕੀ ਤਰੀਕੇ ਨਾਲ ਬਖਾਣ ਨਹੀਂ ਕੀਤਾ ਗਿਆ ਹੈ, ਜਿਨ੍ਹਾ ਮਾਸਟਰ ਤਾਰਾ ਸਿੰਘ ਦੀ ਪੰਜਾਬ ਅਸੇਂਮਬਲੀ ਦੇ ਬਾਹਰ, ਬਹਾਦਰੀ ਦੇ ਮੁਜ਼ਾਹਿਰੇ ਦਾ. ਮੁਸਲਿਮ, ਸਿਖ, ਹਿੰਦੂ, ਇਸਾਈ - ਜੋ ਉਸ ਵਾਕਿਐ ਦੇ ਚਸ਼ਮਦੀਦ ਸਨ, ਅਤੇ ਜਿਨ੍ਹਾਂ ਨੇ ਮੇਰੇ ਨਾਲ ਗੱਲ ਕੀਤੀ, ਇਹ ਗਵਾਹੀ ਦਿੱਤੀ ਕਿ ਸਿੱਖ ਆਗੂ ਦੇ ਨਾਟਕੀ ਜੁੱਧ ਨੇ ਇੱਕ ਚਿਣਗਾਰੀ ਦਾ ਕੱਮ ਕੀਤਾ, ਜਿਸ ਨੇ ਉਸ ਵਹਿਸ਼ੀ ਜੰਗਲੀ ਜੋਸ਼ ਨੂੰ ਬੇਕਾਬੂ ਕਰ ਦਿੱਤਾ, ਜਿਸ ਨੂੰ ਉਸ ਵਕਤ ਤੱਕ ਇੰਤਜ਼ਾਮਿਆ ਨੇ ਕਾਬੂ ਕਰ ਕੇ ਰੱਖਿਆ ਸੀ. ਨਾਨਕ ਸਿੰਘ ਬ੍ਰੋਕਾ ਕੁਦਰਤੀ ਤੌਰ ਤੇ ਉਸ ਜਗ੍ਹ ਤੇ ਮੌਜੂਦ ਸਨ. ਮੱ◌ਾਲ ਰੋਡ ਦੇ ਇੱਕ

ਵੱਡੇ ਮੁਸਲਿਮ ਭੀੜ ਦਾ ਜਮਘੱਟ ਲਗਿਆ ਸੀ. ਉਹ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਸੀ ਪਰ ਕਿਸੇ ਨੇ ਨਾਨਕ ਸਿੰਘ ਨੂੰ ਤੰਗ ਨਹੀਂ ਕੀਤਾ, ਹਾਲਾਂਕਿ ਉਨ੍ਹਾਂ ਦੀ ਬਤੌਰ ਸਿੱਖ, ਪਛਾਣ ਸਾਫ਼ ਸੀ.

ਹੈਰਾਨ ਹੋਣ ਦੀ ਗੱਲ ਨਹੀਂ ਹੈ ਕਿ ਐਸ.ਜੀ.ਪੀ.ਸੀ. ਦੀ ਰਿਪੋਰਟ ਇਸ ਬਾਰੇ, ਮੁੱਖ ਵਿਸ਼ਾ-ਵਸਤੂ ਦਾ ਕੋਈ ਜ਼ਿਕਰ ਨਹੀਂ ਕਰਦੀ ਹੈ, ਕਿਉਂਕਿ, ਇਸ ਦੇ ਸੰਕੜੇ ਸਫ਼ੇ, ਇੱਕ ਤਰਫ਼ਦਾਰੀ ਦੇ ਮਕਸਦ ਨਾਲ ਲਿਖੇ ਗਏ ਸੀ ਤਾਂਕਿ ਸਾਰਾ ਕਸੂਰ ਮੁਸਲਿਮਾਂ ਅਤੇ ਮੁਸਲਿਮ ਲੀਗ ਦੇ ਮਥੇ ਮਲ ਦਿੱਤਾ ਜਾਵੇ. ਪਰ, ਉਸ ਵਾਕਿਐ ਦੀ ਇਤਿਹਾਸਕ ਅਹਿਮੀਅਤ, ਪੰਜਾਬ ਦੀ ਤਕਸੀਮ ਨੂੰ ਅੰਜ਼ਾਮ ਦੇਣ ਵਾਲੀ ਪ੍ਰਕਿਰਿਆ ਵਿੱਚ ਬੇਹਦ ਜ਼ਿਆਦਾ ਹੈ ਅਤੇ ਲੇਖਕ ਇਸ ਦਾ ਜ਼ਿਕਰ ਇੱਕ ਅਤਿਰਿਕਤ ਅਧਿਆਇ, 'ਪੋਸਟਸਕਰੀਪਟ' ਤੇ ਕਰਦੇ ਨੇ; ਮਗਰ ਉਹ ਵੀ ਇੱਕ ਗਵਾਹੀ ਦੇ ਹਿੱਸੇ ਦੇ ਤਹਿਤ, ਜੋ ਜਿਰਹ ਦੇ ਦੌਰਾਨ ਹਾਸਲ ਹੋਏ, ਅਤੇ ਇਹ ਪਾਕਿਸਤਾਨੀ ਅਦਾਲਤ ਤੇ ਉਸ ਮਾਮਲੇ ਦੇ ਬਾਰੇ ਸੀ, ਜਿਸ ਦੇ ਵਿੱਚ ਮਮਦੋਤ ਉਪਰ ਪੰਜਾਬ ਮੁਸਲਿਮ ਲੀਗ ਦੀ ਰਕਮ ਦਾ ਗ਼ਲਤ ਇਸਤੇਮਾਲ ਅਤੇ ਰਿਸ਼ਵਤ ਖੋਰੀ ਦਾ ਇਲਜ਼ਾਮ ਲਗਿਆ ਸੀ (1991: 446).

ਦੀ ਟ੍ਰਿਬਯੂਨ ਨੇ, 3 ਮਾਰਚ ਦੀ ਘਟਨਾਵਾਂ ਬਾਰੇ ਬਿਆਨ ਕਰਦੇ ਹੋਏ, ਗੌਰ ਕੀਤਾ ਕਿ ਅਸੈਮਬਲੀ ਇਮਾਰਤਾਂ ਦੇ ਕਰੀਬ, ਖਲਬਲੀ ਦੇ ਤੁਰੰਤ ਬਾਅਦ ਐਡਵੋਕੇਟ ਸਰਦਾਰ ਦਲੀਪ ਸਿੰਘ, ਇੱਕ ਐਮ.ਐਲ.ਏ. ਨੇ ਇੱਕ ਪ੍ਰਸਤਾਵ ਦਾ ਐਲਾਨ ਕੀਤਾ ਜੋ ਉਨ੍ਹਾਂ ਦੀ ਪਾਰਟੀ ਨੇ ਅਪਣਾਇਆ ਸੀ, ਜਿਸ ਵਿੱਚ 'ਹਰ ਮੁਮਕਿਨ ਤਰੀਕੇ ਨਾਲ ਸੂਬੇ ਤੇ, ਮੁਸਲਿਮ ਲੀਗ ਦੀ ਹਕੂਮਤ ਦੀ ਕਾਇਮੀ ਦੀ ਪੱਕੇ ਇਰਾਦੇ ਨਾਲ ਮੁਖ਼ਾਲਫ਼ਤ ਕਰਨੀ ਸੀ, ਜਦ ਤੱਕ ਇਸ ਦਾ ਮਕਸਦ ਪਾਕਿਸਤਾਨ ਜਾਂ ਮੁਸਲਿਮ ਪ੍ਰਧਾਣਗੀ ਵਾਲਾ ਪੰਜਾਬ ਬਣਾਉਣਾ ਸੀ- ਜੋ ਕਿ ਸਿੱਖਾਂ ਦੀ ਮਾਤ-ਭੂਮੀ ਹੈ', (ਦੀ ਟ੍ਰਿਬਯੂਨ, 4 ਮਾਰਚ).

ਬਾਅਦ ਵਿੱਚ, ਹਿੰਦੂ ਅਤੇ ਸਿੱਖ ਪੁਰਾਣੀ ਅਨਾਰਕਲੀ ਦੇ ਕਰੀਬ, ਕਪੂਰਥਲਾ ਹਾਉਸ ਦੇ ਮੈਦਾਨ ਤੇ ਆਪਣੇ ਆਗੂਆਂ ਨੂੰ ਸੁਨਣ ਲਈ ਇਕੱਠਾ ਹੋਏ. ਮਾਸਟਰ ਤਾਰਾ ਸਿੰਘ ਨੇ ਕਿਹਾ:

> ਉ ਹਿੰਦੂਓ ਅਤੇ ਸਿੱਖੋ, ਤੁਵਾਡਾ ਇਮਤਿਹਾਨ ਤੁਹਾਨੂ ਉਢੀਕ ਰਿਹਾ ਹੈ. ਜਾਪਾਨਿਆਂ ਅਤੇ ਜਰਮਨਾਂ ਦੀ ਤਰ੍ਹਾਂ, ਆਪਣੀ ਤਬਾਹੀ ਦੇ ਲਈ ਤਿਆਰ ਰਹੋ. ਸਾਡੀ ਮਾਤ-ਭੂਮੀ ਲਹੂ ਮੰਗ ਰਹੀ ਹੈ, ਅਤੇ ਅਸੀਂ ਆਪਣੀ ਮਾਂ ਦੀ ਪਿਆਸ ਦੀ ਤ੍ਰਿਪਤੀ ਲਹੂ ਨਾਲ ਕਰਾਵਾਂਗੇ. ਅਸੀਂ ਮੁਗ਼ਲਿਸਤਾਨ ਮਸਲ ਦਿੱਤਾ ਸੀ ਅਤੇ ਪਾਕਿਸਤਾਨ ਨੂੰ ਕੁਚਲ ਦਵਾਂਗੇ...ਦੁਨੀਆ ਤੇ ਹਮੇਸ਼ਾ ਅਲਪਸੰਖਅਕਾਂ ਦਾ ਰਾਜ ਰਿਹਾ ਹੈ, ਮੁਸਲਿਮਾਂ ਨੇ ਹਿੰਦੂਆਂ ਤੋਂ ਬਾਦਸ਼ਾਹੀ ਖੋਹਈ ਅਤੇ ਸਿੱਖਾਂ ਨੇ ਮੁਸਲਿਮਾਂ ਦੇ ਹੱਥੋਂ ਹਕੂਮਤ ਆਪਣੇ ਕਬਜ਼ੇ ਕੀਤੀ, ਅਤੇ ਸਿੱਖਾਂ ਨੇ ਮੁਸਲਿਮਾਂ ਉਪਰ ਆਪਣੀ ਤਾਕਤ ਨਾਲ ਰਾਜ ਕੀਤਾ ਅਤੇ ਸਿੱਖ ਹੁਣ ਵੀ ਉਨ੍ਹਾਂ ਦੇ ਉਪਰ ਰਾਜ ਕਰਣਗੇ. ਅਸੀਂ ਉਨ੍ਹਾਂ ਦੇ ਉਪਰ ਹਕੂਮਤ ਚਲਾਵਾਂਗੇ ਅਤੇ ਲੜ ਕੇ ਸਰਕਾਰ ਲਵਾਂਗੇ. ਮੈਂ ਬਿਗਲ ਵਜਾ ਦਿੱਤਾ ਹੈ, ਮੁਸਲਿਮ ਲੀਗ ਨੂੰ ਖ਼ਤਮ ਕਰੋ (The Partition of the Punjab,Vol. II, 1993: 138).

ਇੱਕ ਹੋਰ ਸਿੱਖ ਆਗੂ, ਗਿਆਨੀ ਕਰਤਾਰ ਸਿੰਘ ਨੇ ਕਿਹਾ, 'ਅੱਜ ਦੇ ਦਿਨ, ਧਰਮ ਜੁੱਧ ਸ਼ੁਰੂ ਹੁੰਦਾ ਹੈ. ਇੱਕ ਸੌ ਸਾਲ ਪਹਿਲਾਂ, ਅੱਜ, ਲਾਹੌਰ ਦੇ ਕਿਲੇ ਤੇ ਕੇਸਰਿਆ ਝੰਡੇ ਲਹਰਾਉਂਦੇ ਸਨ. ਉਸੇ ਵਰਗਾ ਝੰਡਾ ਫਿਰ ਲਹਰਾਏਗਾ. ਮੁਸਲਿਮ ਹਕੂਮਤ ਤੇ ਆਣਗੇ ਜਾ ਨਹੀਂ, ਇਸ ਦਾ ਫ਼ੈਸਲਾ ਸਾਡਾ ਬਿਰਖਾ ਕਰੇਗਾ. ਸਿੱਖ ਕਦੇ ਵੀ ਗੁਰੂ ਗੋਬਿੰਦ ਸਿੰਘ ਦਾ ਨਾਂਅ ਬਦਨਾਮ ਨਹੀਂ ਕਰਣਗੇ' (Ibid: 351). ਇੱਕ ਹਿੰਦੂ ਆਗੂ, ਚੌਧਰੀ ਕ੍ਰਿਸ਼ਨ ਗੋਪਾਲ ਦੱਤ ਨੇ ਐਲ਼ਾਨ ਕੀਤਾ, 'ਕੋਈ ਇਨਸਾਨ ਹੈ ਜੋ ਸਾਨੂ ਆਪਣੀ ਮਾਂ ਤੋਂ ਖੋਹ ਕੇ ਮਮਦੋਤ ਦੀ ਗੋਦ ਤੇ

ਬਿਠਾਉਣ ਦੀ ਜੁਰੱਤ ਕਰੇਗਾ? ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰੋ ਕਿ ਮੁਸਲਿਮ ਲੀਗ ਲਈ ਸਰਕਾਰ ਬਣਾਉਣਾ ਨਾਮੁਮਕਿਨ ਹੋ ਜਾਵੇ'(Ibid: 35).

3 ਮਾਰਚ ਦੀ ਸ਼ਾਮ ਨੂੰ ਕਪੂਰਥਲਾ ਹਾਉਸ ਤੇ ਹੋਈ ਸਭਾ ਦੇ ਦੌਰਾਨ, ਕਾਂਗਰੇਸ ਦੇ ਆਗੂ ਵੀ ਮੌਜੂਦ ਸਨ. ਉਹ ਵੀ ਆਪਣੇ ਭਾਸ਼ਣਾਂ ਤੇ ਮੁਸਲਿਮ ਲੀਗ ਦੀ ਹਕੂਮਤ ਦੀ ਮੁਖ਼ਾਲਫ਼ਤ ਤੇ ਕੋਈ ਘੱਟ ਦ੍ਰਿੜ੍ਹ ਨਹੀਂ ਸਨ, ਹਾਲਾਂਕਿ ਉਨ੍ਹਾਂ ਨੇ ਕੋਈ ਫ਼ਿਰਕੂ ਬਦਜ਼ਬਾਨੀ ਦਾ ਸਹਾਰਾ ਨਹੀਂ ਲੀਤਾ. ਮਿਸਾਲ ਦੇ ਤੌਰ ਤੇ, ਕਾਂਗਰੇਸ ਦੇ ਸਾਬਕਾ ਆਗੂ ਡਾ.ਗੋਪੀਚੰਦ ਭਾਰਗਵ, ਐਮ ਐਲ ਏ, ਨੇ ਸਾਰੇ ਪੰਜਾਬਿਆਂ ਨੂੰ 'ਜੋ ਪਾਕਿਸਤਾਨ ਵਿੱਚ ਯਕੀਨ ਨਹੀਂ ਕਰਦੇ ਸੀ, ਉਨ੍ਹਾਂ ਨੂੰ ਆਪਣੀ ਦੁਕਾਨਾਂ ਅਤੇ ਵਪਾਰੀ ਜਗ੍ਹਾਂ ਤੇ ਹੜਤਾਲ ਕਰ ਕੇ, ਆਮ ਸਭਾਵਾਂ ਕਰ ਕੇ ਅਤੇ ਰਾਸ਼ਟਰੀ ਝੰਡਾ ਲਹਿਰਾ ਕੇ, ਪਾਕਿਸਤਾਨ ਮੁਖ਼ਾਲਿਫ਼ ਦਿਨ ਮਣਾਉਨ' ਦੀ ਹਦਾਇਤ ਦਿੱਤੀ (*ਪਾਕਿਸਤਾਨ ਟਾਇਮਸ, 5 ਮਾਰਚ*). ਇਸ ਦਾ ਵੀ ਐਲਾਨ ਹੋਇਆ ਕਿ 11 ਮਾਰਚ ਨੂੰ *ਪਾਕਿਸਤਾਨ ਮੁਖ਼ਾਲਿਫ਼* ਦਿਨ ਮਣਾਇਆ ਜਾਵੇਗਾ.

ਲਾਹੌਰ ਦੇ ਅੰਦਰੁਨੀ ਸ਼ਹਿਰ ਤੇ ਦੁਆਲੇ ਘੁਮਦੇ ਹੋਏ, ਅਹਿਮਦ ਸਲੀਮ ਅਤੇ ਮੈਨੂੰ ਇੱਕ ਬਜ਼ੁਰਗ ਨੇ ਹਾਜੀ ਅਬਦੁਲ ਰਹਿਮਾਨ ਗਿੱਲ ਨਾਲ ਮਿਲਣ ਦੀ ਇਤਲਾਹ ਦਿੱਤੀ, ਜੋ ਸ਼ਾਹਆਲਮੀ ਗੇਟ ਦੇ ਰਹਿਣ ਵਾਲੇ ਸੀ ਅਤੇ ਉਨ੍ਹਾਂ ਦਾ ਪਰਵਾਰ, ਤਕਸੀਮ ਤੋਂ ਪਹਿਲਾਂ, ਉਸੇ ਜਗ੍ਹ ਰਹਿੰਦਾ ਸੀ. ਅਸੀਂ ਗਿੱਲ ਨੂੰ 30 ਦਸੰਬਰ 2004 ਨੂੰ ਮਿਲੇ ਅਤੇ ਬਾਅਦ ਵਿੱਚ ਉਨ੍ਹਾਂ ਦੀ ਕੁੱਝ ਦਾਅਵੇਆਂ ਦੀ ਸਫਾਈ ਲਈ, ਮੇਰੀ ਤਰਫ਼ੋਂ ਅਹਿਮਦ ਸਲੀਮ ਉਨ੍ਹਾਂ ਨੂੰ 29 ਸਤੰਬਰ 2005 ਅਤੇ ਦੁਬਾਰਾ 15 ਅਕਤੂਬਰ 2005 ਨੂੰ ਮਿਲੇ. ਗਿੱਲ 1947 ਤੇ, ਲਾਹੌਰ ਵਿੱਚ ਹੋਇਆਂ ਘੱਟਨਾਵਾਂ ਦੇ ਇੱਕ ਅਹਿਮ ਗਵਾਹ ਨੇ. ਉਨ੍ਹਾਂ ਨੇ ਦਾਅਵਾ ਕੀਤਾ ਕਿ ਲਾਹੌਰ ਤੇ ਹੋਏ ਫ਼ਸਾਦਾਂ ਵਿੱਚ ਹਿੰਦੂ ਅਤੇ ਸਿੱਖ, ਹਮਲਾਵਰ ਸਨ. ਉਨ੍ਹਾਂ ਦੇ ਵਿਵਰਣ ਨੂੰ ਵਕਤ ਦੇ ਮੁਤਾਲਿਕ, ਕਈ ਅਧਿਆਇਆਂ ਤੇ ਪੇਸ਼ ਕੀਤਾ ਗਿਆ ਹੈ. ਗਿੱਲ ਖੁਦ, ਜੂਨ ਦੇ ਆਖ਼ਰ ਤੇ, ਹਿੰਦੂਆਂ ਅਤੇ ਸਿੱਖਾਂ ਨੂੰ ਲਾਹੌਰ ਤੋਂ ਬਾਹਰ ਕਢਣ ਲਈ, ਸ਼ਾਹਆਲਮੀ ਗੇਟ ਨੂੰ ਅੱਗ ਲਗਾਉਣ ਦੀ ਸਾਜ਼ਸ਼ ਤੇ ਸ਼ਾਮਲ ਸਨ.

ਹਾਜੀ ਅਬਦੁਲ ਰਹਿਮਾਨ ਗਿੱਲ

‘3 ਮਾਰਚ 1947 ਨੂੰ, ਮਾਸਟਰ ਤਾਰਾ ਸਿੰਘ ਨੇ *ਪੰਜਾਬ ਲੇਜੀਸਲੇਟਿਵ ਅਸੈਮਬਲੀ* ਦੀ ਪੌੜੀਆਂ ਤੇ ਆਪਣੀ ਕਿਰਪਾਨ ਲਹਰਾਈ, ਅਤੇ ਪਾਕਿਸਤਾਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ; ਉਸੇ ਦਿਨ ਬਾਅਦ ਤੇ ਉਨ੍ਹਾਂ ਨੇ ਇੱਕ ਆਮ ਸਭਾ ਕੀਤੀ ਜਿਸ ਵਿੱਚ ਹਿੰਦੂ ਅਤੇ ਸਿੱਖ ਰਹਨੁਮਾਵਾਂ ਨੇ ਭੜਕਾਉ ਤਕਰੀਰਾਂ ਕੀਤੀਆਂ. ਉਸ ਦੇ ਬਾਅਦ ਹਿੰਦੂਆ ਅਤੇ ਸਿੱਖਾਂ ਨੇ ਇੱਕ ਜਲੂਸ ਕਢਿਆ ਅਤੇ ਹਿੰਦੂ-ਸਿੱਖ ਗੜ ਸ਼ਾਹਆਲਮੀ ਦੀ ਤਰਫ਼ ਜਾਂਦੇ ਹੋਏ, ਭੜਕਾਉ ਨਾਅਰੇਬਾਜ਼ੀ ਕੀਤੀ. ਜਦ ਉਹ ਬਾਂਸਾਵਾਲਾ ਬਾਜ਼ਾਰ, ਸ਼ਾਹਆਲਮੀ ਤੋਂ ਥੋੜਾ ਬਾਹਰ ਪਹੁੰਚੇ, ਉਨ੍ਹਾਂ ਨੇ ਉਣ ਦੁਕਾਨਾਂ ਨੂੰ ਲੁੱਟ ਲੀਤਾ, ਜੋ ਬਾਂਸ ਦੇ ਖੰਭੇ ਅਤੇ ਦੂਜੇ ਲੰਬੇ ਡੰਡੇ ਵੇਚ ਰਹਿਆਂ ਸੀ. ਇਣ ਗੈਰ-ਪੁਖ਼ਤਾ ਹਥਿਆਰਾਂ ਨੂੰ ਲੈ ਕੇ ਉਨ੍ਹਾਂ ਨੇ ਮੁਸਲਿਮ ਕੁਮਹਾਰਾਂ ਅਤੇ ਸਬਜ਼ੀ ਵੇਚਣ ਵਾਲੇਆਂ ਉਪਰ ਹਮਲਾ ਕਰ ਦਿੱਤਾ, ਜਿਨ੍ਹਾਂ ਦੀ ਦੁਕਾਨਾਂ ਸ਼ਾਹਆਲਮੀ ਗੇਟ ਦੇ ਬਾਹਰ, ਪਾਰਕ ਵਿੱਚ ਸੀ. ਇਸ ਦੇ ਬਾਅਦ, ਉਹ ਗੇਟ ਦੇ ਅੰਦਰ ਦਾਖਲ ਹੋਏ ਅਤੇ ਪਾਪੜ ਮੰਡੀ ਦੀ ਤਰਫ਼ ਰੂਖ ਕੀਤਾ. ਇੱਕ ਰਾਸ਼ਨ-ਡਿਪੋ ਦਾ ਮਾਲਕ, ਨਵਾਬ ਬੱਟ ਅਤੇ ਕੁੱਝ

ਮਜ਼ਦੂਰ ਆਟੇ ਦੀ ਬੋਰਿਆਂ ਉਤਾਰਣ ਤੇ ਮਸ਼ਗੂਲ ਸਨ. ਦੰਗਾਇਆਂ ਨੇ ਨਵਾਬ ਬੱਟ ਉਪਰ ਹਮਲਾ ਕਰ ਕੇ ਉਸ ਨੂੰ ਹਲਾਕ ਕਰ ਦਿੱਤਾ. ਮਜ਼ਦੂਰ ਅਤੇ ਬੈਲਗੱਡੀ ਦੇ ਮਾਲਕ ਵੀ ਬੂਰੀ ਤਰ੍ਹਾਂ ਜ਼ਖ਼ਮੀ ਹੋ ਗਏ.

'ਬਲਵਾ ਕਰਣ ਵਾਲੇਆਂ ਨੇ ਫਿਰ ਨਵਾਂ ਬਾਜ਼ਾਰ ਤੇ, ਇੱਕ ਮੁਸਲਿਮ ਪਕੌੜੇਵਾਲੇ ਉਪਰ ਹਮਲਾ ਕੀਤਾ ਜੋ ਆਪਣੇ ਉਬਲਦੇ ਤੇਲ ਨੂੰ ਉਨ੍ਹਾਂ ਦੇ ਉਪਰ ਕਿਸੇ ਤਰ੍ਹਾਂ ਸੁੱਟ ਕੇ, ਬਚ ਨਿਕਲਣ ਨੂੰ ਕਾਮਯਾਬ ਹੋਇਆ. ਮੈਨੂੰ ਇਸ ਵਾਕਿਐ ਦੇ ਬਾਰੇ, ਕਈ ਲੋਕਾਂ ਨੇ ਦੱਸਿਆ ਜੋ ਉਸ ਜਗ੍ਹ ਤੇ ਮੌਜੂਦ ਸਨ. ਇੱਕ ਹੋਰ ਵਾਕਿਐ ਤੇ, ਮੈਂ ਇੱਕ ਮੁਸਲਿਮ ਤਾਂਗੇਵਾਲੇ ਉਪਰ ਹਮਲੇ ਦਾ ਚਸ਼ਮਦੀਦ ਹਾਂ. ਮੈਂ ਰੰਗ ਮਹਲ ਮਿਸ਼ਨ ਹਾਈ ਸਕੂਲ ਤੋਂ ਘਰ ਵਾਪਸ ਆ ਰਿਹਾ ਸੀ ਅਤੇ ਉਸੇ ਸਕੂਲ ਦੇ ਪੜ੍ਹਦੇ ਮੇਰੇ ਛੋਟੇ ਭਰਾਵਾਂ ਨੂੰ ਨਾਲ ਲੈ ਲੀਤਾ ਸੀ. ਤਾਂਗੇਵਾਲਾ ਮੱਛੀ-ਹੱਟਾ ਦੀ ਤਰਫ਼ ਜਾ ਰਿਹਾ ਸੀ, ਪਰ ਹਿੰਦੂਆਂ ਨੇ ਉਸ ਦੇ ਉਪਰ ਝਪਟ ਕੇ, ਉਸ ਨੂੰ ਕਈ ਵਾਰ ਚਾਕੂ ਮਾਰ ਦਿੱਤਾ. ਉਹ ਸੜਕ ਦੇ ਉਪਰ ਢਇ ਗਿਆ. ਮੈਂ ਉਸ ਨੂੰ ਹੁਣ ਵੀ ਆਪਣੇ ਦਿਲ ਦੀ ਅੱਖ ਵਿੱਚ, ਸੜਕ ਉਪਰ ਉਲਟਿਆ ਪਇਆ ਹੋਇਆ, ਵੇਖਦਾ ਹਾਂ. ਤੀਜਾ ਕਤਲ ਚੌੜਾ ਖੂਹ ਦੇ ਨਜਦੀਕ, ਇੱਕ ਮੌਸੀਕਾਰ ਦਾ ਸੀ ਜੋ ਗਾਮਾ ਵਜਾਨੇਵਾਲਾ (ਵਿਆਹ-ਸ਼ਾਦੀ ਤੇ ਮੌਕੇ ਲਈ ਇੱਕ ਪੇਸ਼ੇਵਰ ਬੈਂਡ) ਤੇ ਕੱਮ ਕਰਦਾ ਸੀ. ਇਸ ਲਈ, 3 ਮਾਰਚ ਨੂੰ ਤਿੰਨ ਮੁਸਲਿਮ ਸ਼ਹੀਦ ਹੋਏ. ਪੂਰਾ ਇਲਾਕਾ, ਹੁਣ ਅਸ਼ਾਂਤ ਹੋ ਗਿਆ ਸੀ. ਨਵਾਂ ਬਾਜ਼ਾਰ ਦੇ ਮੁਸਲਿਮ ਨੈਜਵਾਨਾਂ ਨੂੰ, ਨਵਾਬ ਬੱਟ ਅਤੇ ਮੌਸਿਕਾਰ ਦੀ ਲਾਸ਼ਾਂ ਨੂੰ ਮੇਯੋ ਹਸਪਤਾਲ ਲੈ ਜਾਂਦੇ, ਮੈਂ ਵੇਖਿਆ. ਉਨ੍ਹਾਂ ਨੇ ਜ਼ਖ਼ਮੀ ਮਜਦੂਰਾਂ ਨੂੰ ਵੀ ਐਮਰਜੇਂਸੀ ਵਾਰਡ ਤੱਕ ਪਹੁੰਚਾਣ ਤੇ ਮਦਦ ਕੀਤੀ. ਮੈਨੂੰ ਨਹੀਂ ਪਤਾ ਕਿ ਤਾਂਗੇਵਾਲੇ ਦੀ ਲਾਸ਼ ਦਾ ਕੀ ਹੋਇਆ.'

'ਮੇਰਾ ਪਿਉ, ਬਿੱਲਾ ਜੱਟ ਸ਼ਾਹਆਲਮੀ ਗੇਟ ਦੇ ਬਾਹਰ ਆਪਣੇ ਡੇਰੇ ਤੇ ਸੀ. ਉਹ ਪਹਿਲਾਂ ਕਈ ਫ਼ਿਰਕੂ ਫ਼ਸਾਦਾਂ ਵਿੱਚ ਸ਼ਾਮਲ ਸੀ, ਅਤੇ ਹਿੰਦੂ ਉਸ ਨੂੰ ਇੱਕ ਖ਼ਤਰਾ ਸਮਝ੍ਹਦੇ ਸੀ, ਹਾਲਾਂਕਿ ਉਨ੍ਹਾਂ ਦੇ ਕੁੱਝ ਬੇਹਦ ਨਜਦੀਕੀ ਦੋਸਤ ਹਿੰਦੂ ਵੀ ਸਨ. ਬਹਰ ਹਾਲ, ਕੁੱਝ ਹਿੰਦੂਆਂ ਨੇ ਪੈਦਾ ਹੋ ਰਹੇ ਫ਼ਿਰਕੂ ਗੜਬੜ ਦੀ ਸਰਗਰਮੀ ਦੇ ਦੌਰਾਨ, ਉਸ ਨੂੰ ਖ਼ਤਮ ਕਰ ਦੇਣ ਦਾ ਫ਼ੈਸਲਾ ਲੀਤਾ. ਉਨ੍ਹਾਂ ਵਿੱਚ ਇੱਕ ਨੇ ਕਿਸੇ ਛੱਤ ਤੋਂ ਚੀਕ ਕੇ ਕਿਹਾ, "ਬਿੱਲੇ ਪਹਲਵਾਨ, ਮੈਂ ਤੈਨੂ ਦੁਖ ਨਾਲ ਦਸਦਾਂ ਹਾਂ ਕਿ ਤੇਰੇ ਪਰਵਾਰ ਨੂੰ ਖ਼ਤਮ ਕਰ ਦਿੱਤਾ ਗਿਆ ਹੈ". ਮੇਰੇ ਪਿਉ ਨੇ ਉਲਟਾ ਚੀਕ ਕੇ ਕਿਹਾ "ਅਗਰ ਮੇਰੇ ਬੱਚੇ ਹਲਾਕ ਹੋਏ ਨੇ ਤੇ ਕੋਈ ਹਿੰਦੂ ਮਾਂ ਹੋਰ ਪਿਉ ਆਪਣੇ ਬੱਚੇ ਜਿੰਦਾ ਨਹੀਂ ਵੇਖੇਗਾ." ਉਸ ਵਕਤ ਤੱਕ ਮੇਰੇ ਚਾਚੇ ਅਤੇ ਮਾਮੇ ਸਾਡੇ ਡੇਰੇ ਤੇ ਆ ਪਹੁੰਚੇ ਸਨ.

'ਹਿੰਦੂ ਉਨ੍ਹਾਂ ਨੂੰ ਗੇਟ ਵਿੱਚ ਲਾਲਚ ਦੇ ਕੇ ਵਾਪਸ ਖਿੱਚਣਾ ਚਾਹੁੰਦੇ ਸੀ ਜਿੱਥੇ, ਉਨ੍ਹਾਂ ਨੂੰ ਮਾਰਣ ਲਈ ਇੱਕ ਹਥਿਆਰਬੰਦ ਪਾਰਟੀ ਇੰਤਜ਼ਾਰ ਕਰ ਰਹੀ ਸੀ. ਮੇਰੇ ਵਾਲਿਦ ਨੇ ਖ਼ਤਰਾ ਮਹਿਸੁਸ ਕੀਤਾ ਅਤੇ ਅੰਦਰ ਜਾਣ ਦੇ ਬਜਾਏ, ਮੋਚੀ ਗੇਟ ਦੀ ਇੱਕ ਨਜਦੀਕੀ ਚੌਕੀ ਦੇ ਉ.ਸੀ., ਦਿਲਦਾਰ ਅਲੀ ਸ਼ਾਹ ਨਾਲ ਗੱਲ ਕਰਣ ਚਲੇ ਗਏ. ਦਿਲਦਾਰ ਸ਼ਾਹ ਇੱਕ ਭਲਾ ਅਤੇ ਬਹਾਦਰ ਬੰਦਾ ਸੀ, ਜੋ ਹਮੇਸ਼ਾ ਤਕਲੀਫ ਵਿੱਚ ਲੋਕਾਂ ਦੀ ਮਦਦ ਕਰਦਾ ਸੀ. ਵਾਲਿਦ ਪਤਾ ਕਰਨਾ ਚਾਹੁੰਦੇ ਸੀ ਕਿ ਦਿਲਦਾਰ ਸ਼ਾਹ ਉਨ੍ਹਾਂ ਨੂੰ ਕੋਈ ਪੁਲਿਸ ਪਹਰੀ ਮੁਹੱਇਆ ਕਰਾ ਸਕੇਗਾ, ਜਦ ਉਹ ਸ਼ਾਹਆਲਮੀ ਗੇਟ ਅੰਦਰ ਦਾਖਲ ਹੋਣਗੇ. ਉਹ ਹਰ ਤਰ੍ਹਾਂ ਦੀ ਸਾਵਧਾਨੀ ਵਰਤਨਾ ਚਾਹੁੰਦੇ ਸੀ, ਕਿਉਂਕਿ ਉਹ ਕਈ ਤਰ੍ਹਾਂ ਦੇ ਜੁਰਮ ਦੇ ਮਾਮਲਿਆਂ ਵਿੱਚ, ਕਤਲ ਸਮੇਤ, ਸ਼ਾਮਲ ਸਨ; ਪਰ ਹੁਣ ਉਨ੍ਹਾਂ ਦਾ ਇੱਕ ਪਰਵਾਰ ਸੀ, ਛੋਟੇ ਛੋਟੇ ਬੱਚੇ ਸੀ ਅਤੇ ਉਹ ਕਾਨੂੰਨ ਦੇ ਨਾਲ ਲੜਾਈ ਵਾਲੀ ਹਰ ਹਰਕਤ ਤੋਂ ਦੂਰ ਰਹਿਣਾ ਚਾਹੁੰਦੇ ਸੀ. ਦਿਲਦਾਰ ਸ਼ਾਹ ਨੇ ਉਨ੍ਹਾਂ ਨੂੰ ਕਿਹਾ ਕਿ ਉਸ ਵਕਤ ਉਸ ਦੇ ਕੋਲ ਕਾਫ਼ੀ ਰਾਇਫਲ

ਪੁਲਿਸ ਵਾਲੇ ਮੌਜੂਦ ਨਹੀਂ ਸਨ. ਇਸ ਕਰ ਕੇ, ਮੇਰੇ ਵਾਲਿਦ ਡੇਰੇ ਤੇ ਵਾਪਸ ਲੈਟ ਆਏ. ਤਦ ਤਕ, ਮੋਚੀ ਗੇਟ ਦੇ ਤਗੜੇ ਮੁਸਲਿਮ ਨੌਜਵਾਨ ਪਾਰਕ ਤੇ ਜਮਾ ਹੋ ਗਏ. ਮੇਰੇ ਵਾਲਿਦ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਸ਼ਾਹਆਲਮੀ ਦੇ ਅੰਦਰ ਜਾ ਰਹੇ ਨੇ ਕਿਉਂਕਿ ਉਨ੍ਹਾਂ ਦਾ ਪਰਵਾਰ ਕਤਲ ਹੋ ਗਿਆ ਸੀ: ਕੋਈ ਉਨ੍ਹਾਂ ਦੇ ਨਾਲ ਜਾਣਗੇ? ਕੋਈ ਤਿਆਰ ਨਹੀਂ ਹੋਇਆ.

'ਅਤੇ ਮੇਰੇ ਵਾਲਿਦ ਹੋਰੇ ਚਾਚੇ ਸਭ ਤੋਂ ਬੁਰੇ ਅੰਜ਼ਾਮ ਲਈ ਤਿਆਰੀ ਕਰਣ ਲਗੇ. ਉਨ੍ਹਾਂ ਨੇ ਸਿਰ ਤੇ ਦਸਤਾਰਾਂ ਬਨ੍ਹ ਲੀਤੀਆਂ ਅਤੇ ਡੰਡੇ ਹੋਰ ਦੂਜੇ ਹਥਿਆਰ ਰੱਖ ਲੀਤੇ. ਉਸੇ ਵਕਤ, ਦੋ ਹਿੰਦੂ, ਜੋ ਮੇਰੇ ਵਾਲਿਦ ਦੇ ਜਿਗਰੀ ਦੋਸਤ ਸਨ, ਹੰਸਰਾਜ, ਸਿਗਰੇਟ ਵੇਚਣ ਵਾਲਾ, ਅਤੇ ਲਾਲਾ ਚੁੱਨੀ ਲਾਲ, ਇੱਕ ਅਚਾਰਫ਼ਰੋਸ਼, ਆਏ ਅਤੇ ਉਨ੍ਹਾਂ ਦੇ ਸਾਹਮਣੇ ਹੱਥ ਜੋੜੇ ਕਿ ਉਹ ਇਹ ਵੱਡੀ ਗਲਤੀ ਨਾ ਕਰਣ. ਕੁੱਝ ਹਿੰਦੂ ਉਨ੍ਹਾਂ ਨੂੰ ਮਾਰ ਸੁੱਟਨਾ ਚਾਹੁੰਦੇ ਸੀ. ਉਨ੍ਹਾਂ ਨੇ ਕਿਹਾ, "ਇਹ ਪਤਾ ਕਰਣਾ ਸਾਡਾ ਫ਼ਰਜ਼ ਹੈ ਕਿ ਤੁਹਾਡੇ ਪਰਵਾਰ ਅਤੇ ਰਿਸ਼ਤੇਦਾਰਾਂ ਨਾਲ ਕਿ ਹੋਇਆ ਹੈ, ਪਰ ਤੁਹਾਨੂ ਅੰਦਰ ਨਹੀਂ ਆਉਣਾ ਚਾਹੀਦਾ ਹੈ." ਮੇਰੇ ਵਾਲਿਦ ਨੇ ਉਣ ਦੋ ਹਿੰਦੂਆਂ ਨੂੰ ਕੋਸ਼ਿਸ਼ ਕਰਣ ਦਿੱਤੀ. ਉਹ ਸਾਡੇ ਘਰ ਆਏ ਅਤੇ ਜੋਰ ਦੀ ਚੀਕ ਕੇ ਕਿਹਾ, "ਕਾਕਾ, ਤੁਸੀ ਠੀਕ-ਠਾਕ ਹੋ?" ਮੈਂ ਜਵਾਬ ਦਿੱਤਾ, "ਹਾਂ, ਚਾਚਾਜੀ, ਪਰ ਸਾਡੇ ਵਾਲਿਦ ਕਿਥੇ ਨੇ?" ਉਨ੍ਹਾਂ ਨੇ ਜਵਾਬ ਦਿੱਤਾ ਕਿ ਉਹ ਵੀ ਠੀਕ-ਠਾਕ ਨੇ. ਇਸ ਵਿੱਚ, ਮੇਰੇ ਵਾਲਿਦ ਨੇ ਫ਼ੈਸਲਾ ਕੀਤਾ ਕਿ ਉਹ ਕਿਸੇ ਵੀ ਤਰ੍ਹਾਂ ਅੰਦਰ ਜਾਣਗੇ, ਪਰ ਉਹ ਜਦ ਗੇਟ ਦੇ ਅੰਦਰ ਜਾਣ ਵਾਲੇ ਸੀ, ਦਿਲਦਾਰ ਸ਼ਾਹ ਆ ਪਹੁੰਚੇ. ਉਨ੍ਹਾਂ ਨੇ ਹਵਾ ਤੇ ਗੋਲੀਆਂ ਚਲਾਇਆਂ ਅਤੇ ਲੋਕ ਆਪਣੀ ਹਿਫ਼ਾਜ਼ਤ ਲਈ, ਚਾਰੇ ਪਾਸੇ ਭੱਜਣ ਲਗੇ. ਮੇਰੇ ਵਾਲਿਦ ਅਤੇ ਚਾਚੇ ਸਾਡੇ ਘਰ ਪਹੁੰਚੇ ਅਤੇ ਸਾਨੂ ਜ਼ਿੰਦਾ ਵੇਖ ਕੇ ਠੰਡਾ ਸਾਹ ਲੀਤਾ.

'3 ਮਾਰਚ ਦੀ ਰਾਤ, 4 ਮਾਰਚ ਦੇ ਸਾਰੇ ਦਿਨ ਅਤੇ 5 ਮਾਰਚ ਦੀ ਸ਼ਾਮ ਤਕ, ਅਸੀ ਆਪਣੇ ਘਰ ਦੇ ਅੰਦਰ ਰਹੇ. 3 ਮਾਰਚ ਤੋਂ ਰਾਤ ਦਾ ਕਰਫਿਊ ਲਗਿਆ ਸੀ, ਪਰ 5 ਮਾਰਚ ਤੋਂ, ਇਸ ਨੂੰ ਦਿਨ ਵਿੱਚ ਵੀ ਲਗਾ ਦਿੱਤਾ ਗਿਆ. 5 ਮਾਰਚ ਨੂੰ ਉਹ ਦੋਵੇਂ ਹਿੰਦੂ ਦੁਪਹਿਰ ਨੂੰ ਆਏ ਅਤੇ ਵਾਲਿਦ ਨੂੰ ਕਿਹਾ ਕਿ ਸਾਡੇ ਮਹੱਲੇ ਕਟਰਾ ਸੁਸਿਆਂ ਉਪਰ ਹਮਲੇ ਦੀ ਅਤੇ ਸਾਰੇ ਮੁਸਲਿਮਾਂ ਨੂੰ ਮਾਰਣ ਦੀ, ਸਾਜ਼ਸ਼ ਹੋ ਰਹੀ ਸੀ; ਅਤੇ ਸਾਨੂ ਆਪਣੇ ਘਰ ਖਾਲੀ ਕਰ ਦੂਜੀ ਜਗ੍ਹ ਤੇ ਚਲੇ ਜਾਣਾ ਚਾਹੀਦਾ ਸੀ, ਜਦ ਤੱਕ ਹਾਲਾਤ ਕੁਦਰਤੀ ਨਹੀਂ ਹੋ ਜਾਂਦੇ. ਮੇਰੇ ਵਾਲਿਦ ਇੱਕ ਬੇਖ਼ੌਫ਼ ਅਤੇ ਜ਼ਿੱਦੀ ਇਨਸਾਨ ਸਨ, ਅਤੇ ਉਨ੍ਹਾਂ ਨੇ ਜਵਾਬ ਦਿੱਤਾ ਕਿ ਪਹਿਲਾਂ ਉਨ੍ਹਾਂ ਨੂੰ ਖ਼ਤਮ ਕਰਨਾ ਪਏਗਾ, ਅਤੇ ਉਸ ਦੇ ਬਾਦ ਹੀ ਉਨ੍ਹਾਂ ਦੇ ਬੱਚੇਆਂ ਨੂੰ. ਇਹ ਸਮਝਦੇ ਹੋਏ ਕਿ ਵਾਲਿਦ ਉਨ੍ਹਾਂ ਦੀ ਗੱਲ ਨਹੀਂ ਮਨਣਗੇ, ਉਹ ਮੇਰੇ ਦਾਦਾ ਚੌਧਰੀ ਫ਼ਜ਼ਲ ਦੀਨ ਕੋਲ ਗਏ, ਜੋ ਨਜਦੀਕੀ ਮਕਾਨ ਤੇ ਰਹਿੰਦੇ ਸੀ. ਉਨ੍ਹਾਂ ਨੇ ਆਪਣੀ ਟੋਪੀ ਦਾਦਾ ਦੇ ਕਦਮਾਂ ਤੇ ਰੱਖ ਦਿੱਤੀ ਕੇ ਮਿੱਨਤ ਕੀਤੀ, "ਬਿੱਲੇ ਨੂੰ ਕਿਹੋ ਕਿ ਘਰ ਖਾਲੀ ਕਰ ਕੇ, ਤੁਹਾਨੂ ਸਭ ਨੂੰ ਲੈ ਕੇ ਚਲਾ ਜਾਵੇ." ਮੇਰੇ ਵਾਲਿਦ ਦਾਦਾ ਦੀ ਗੱਲ ਹਮੇਸ਼ਾ ਮੱਨ ਲੇਂਦੇ ਸੀ, ਅਤੇ ਜਦ ਉਨ੍ਹਾਂ ਨੇ ਵਾਲਿਦ ਨੂੰ ਘਰ ਖਾਲੀ ਕਰਣ ਦੀ ਹਦਾਇਤ ਦਿੱਤੀ, ਉਹ ਮੱਨ ਗਏ. ਅਸ੍ਰ ਦੇ ਵਕਤ ਅਸੀਂ ਆਪਣੇ ਘਰਾਂ ਨੂੰ ਤਾਲੇ ਮਾਰ ਕੇ, ਨਜਦੀਕ ਤੇ ਮੁਸਲਿਮ ਪ੍ਰਧਾਨਗੀ ਵਾਲੇ ਨਵਾਂ ਬਾਜ਼ਾਰ ਤੇ ਆਪਣੇ ਰਿਸ਼ਤੇਦਾਰਾਂ ਨਾਲ ਰਹਿਣ ਲਈ, ਚਲੇ ਗਏ. ਅਸੀਂ ਉਣ ਪੁਸ਼ਾਕਾਂ ਤੇ ਚਲੇ ਗਏ, ਜੋ ਅਸੀਂ ਪਹਿਣ ਕੇ ਰੱਖੀ ਸੀ, ਅਤੇ ਸਾਨੂ ਉਮੀਦ ਸੀ ਕਿ ਇਕ-ਦੋ ਦਿਨ ਤੇ ਅਸੀਂ ਵਾਪਸ ਆ ਜਾਵਾਂਗੇ. ਪਰ ਸਾਡੀ ਵਾਪਸੀ ਪਾਕਿਸਤਾਨ ਬਣਨ ਦੇ ਕਈ ਮਹੀਨੇ ਬਾਅਦ ਤੱਕ ਮੁਮਕਿਨ ਨਹੀਂ ਹੋਈ. ਇਸ ਕਰ ਕੇ ਅਸੀਂ ਸ਼ਾਹਆਲਮੀ ਗੇਟ ਦੇ ਪਹਿਲੇ ਪਨਾਹਗੀਰ ਸੀ!'

ਮੈਂ ਗਿੱਲ ਨਾਲ ਇਹ ਗੱਲ ਕੀਤੀ ਕਿ ਸਰਕਾਰੀ ਸਰੋਤ ਅਤੇ ਲਾਹੌਰ ਦੇ ਅਖ਼ਬਾਰ 4 ਮਾਰਚ ਦਾ ਜ਼ਿਕਰ ਕਰਦੇ ਨੇ, ਜਿਸ ਦਿਨ ਝਗੜੇ ਹੋਏ. ਐਸ ਜੀ ਪੀ ਸੀ ਦੀ ਰਿਪੋਰਟ 3 ਮਾਰਚ ਦੇ ਵਾਕਿਐ ਦਾ ਕੋਈ ਜ਼ਿਕਰ ਨਹੀਂ ਕਰਦੀ ਹੈ ਅਤੇ ਨਾ ਹੀ ਖੋਸਲਾ ਰਿਪੋਰਟ. ਗਿੱਲ ਨੇ ਸਮਝਾਇਆ ਕਿ 4 ਮਾਰਚ ਨੂੰ ਦੋਨੋ ਤਰਫ਼ ਦੇ ਉਤੇਜਕ ਲੋਕਾਂ ਵਿੱਚ ਬਾਕਾਇਦਾ ਝਗੜੇ ਹੋਏ, ਮਗਰ 3 ਮਾਰਚ ਨੂੰ ਸਿਰਫ਼ ਹਿੰਦੂ ਅਤੇ ਸਿੱਖ ਮਜਮਾ, ਜੋ ਸ਼ਾਮ ਦੀ ਪੁਰਾਣੀ ਅਨਾਰਕਲੀ ਦੀ ਇੱਕ ਆਮ ਸਭਾ ਤੋਂ ਵਾਪਸ ਆ ਰਿਹਾ ਸੀ, ਉਸ ਨੇ ਕੁੱਝ ਮੁਸਲਿਮਾਂ ਉਪਰ ਹਮਲੇ ਕੀਤੇ ਅਤੇ ਕੁੱਝ ਲੋਕ ਹਲਾਕ ਅਤੇ ਜ਼ਖ਼ਮੀ ਹੋਏ. ਗਿੱਲ ਨੂੰ ਸ਼ੱਕ ਸੀ ਕਿ ਲੋਹਾਰੀ ਗੇਟ ਪੁਲਿਸ ਸਟੇਸ਼ਨ ਦੇ ਸਟੇਸ਼ਨ ਹਾਉਸ ਔਫ਼ਿਸਰ, ਪੰਡਿਤ ਦੇਵੀ ਦਾਸ, ਨੇ ਕੋਈ ਐਫ.ਆਈ.ਆਰ ਦਰਜ਼ ਨਹੀਂ ਕੀਤੀ, ਅਤੇ ਇਸ ਕਰ ਕੇ ਉਣ ਕਤਲਾਂ ਦੀ ਇਤਲਾਹ, ਉੱਚੇ ਅਫ਼ਸਰਾਂ ਤੱਕ ਨਹੀਂ ਪਹੁੰਚੀ. ਇਹ ਅਸੂਲੀ ਤੌਰ ਤੇ ਮੁਮਕਿਨ ਹੈ, ਕਿਉਂਕਿ ਪੰਜਾਬ ਦੇ ਫ਼ਸਾਦਾਂ ਦਾ ਡੇਟਾ (ਅੰਕੜਾ) ਇਕੱਠਾ ਕਰਦੇ ਵਕਤ, ਲੋਕਾਂ ਨੇ ਜੋ ਸੰਖਿਆ ਯਾਦ ਰੱਖੀ ਸੀ, ਉਹ ਪੁਲਿਸ ਅਤੇ ਪੰਦਰਵਾੜੇ ਦੀ ਰਿਪੋਰਟਾਂ ਦੀ ਸੰਖਿਆ ਦੇ ਮੁਕਾਬਲੇ, ਕਾਫ਼ੀ ਜ਼ਿਆਦਾ ਲਗਦੀ ਸੀ.

ਦੂਜੀ ਤਰਫ਼, ਪੰਜਾਬ ਗਵਰਨਰ ਦੁਆਰਾ ਵਾਇਸਰਾਏ ਵੇਵੇਲ ਨੂੰ ਭੇਜੀ, 5 ਮਾਰਚ ਦੀ ਟੈਲੀਗ੍ਰਾਮ ਜਤਾਉਂਦੀ ਹੈ ਕਿ ਕਰਫਿਊ 4 ਮਾਰਚ ਨੂੰ ਲਾਗੂ ਕੀਤਾ ਗਿਆ ਸੀ ਨਾ ਕਿ ਇੱਕ ਦਿਨ ਪਹਿਲਾਂ. ਮੈਨੂੰ ਅਖੀਰ ਤੇ ਨਿਰਵਿਵਾਦ ਸਬੂਤ ਮਿਲਿਆ ਕਿ ਗਿੱਲ ਜੋ ਵਾਕਿਐ ਬਾਰੇ ਬੋਲ ਰਹੇ ਸੀ, ਉਹ 4 ਮਾਰਚ ਨੇ ਹੋਇਆ. 4 ਮਾਰਚ ਤੇ ਜੇਨਕੀਨਸ ਨੇ ਮਮਦੋਤ ਨਾਲ ਆਪਣੇ ਇੰਟਰਵਿਊ ਬਾਰੇ ਇੱਕ ਟਿੱਪਣੀ ਦਰਜ ਕੀਤੀ:

> ਖ਼ਾਨ ਇਫ਼ਤਿਖ਼ਾਰ ਹੁਸੈਨ ਮਮਦੋਤ ਨੇ ਮੈਨੂੰ 6:05 ਸ਼ਾਮ ਨੂੰ, ਗੁਜ਼ਾਰਸ਼ ਕਰ ਕੇ ਮਿਲੇ. ਦੁਪਹਿਰ ਦੇ ਦੌਰਾਨ, ਫ਼ਿਰਕੂ ਫ਼ਸਾਦਾਂ ਦੀ ਖ਼ਬਰ ਲੋਹਾਰੀ ਗੇਟ ਅਤੇ ਸ਼ਾਹਆਲਮੀ ਗੇਟ ਤੋਂ ਆਇਆਂ ਸੀ. ਇਹ ਮੱਨਿਆ ਜਾਂਦਾ ਹੈ ਕਿ ਕਈ ਮੁਸਲਿਮ ਹਲਾਕ ਹੋ ਗਏ ਨੇ, ਪਰ ਹੁਣ ਤੱਕ ਸੱਚਾਈ ਦਾ ਪਤਾ ਨਹੀਂ ਲਗਾ ਹੈ. ਪੁਲਿਸ ਵੀ ਅੰਦਰ ਗਈ ਹੈ, ਫ਼ੌਜ਼ ਦੀ ਟੁਕੜੀ ਕੋਤਵਾਲੀ ਤੱਕ ਤਇਨਾਤ ਹੋ ਰਹੀ ਹੈ ਅਤੇ ਸ਼ਹਿਰ ਦੇ ਇਲਾਕੇ ਤੇ, ਸ਼ਾਮ 8 ਵਜੇ ਤੋਂ ਸਵੇਰ 7 ਵਜੇ ਤਕ, ਕਰਫਿਊ ਲਾਗੂ ਕੀਤਾ ਜਾ ਰਿਹਾ ਹੈ (Carter, 2007a: 232–3).

ਇਹ, ਹਾਲਾਂਕਿ, ਮੁਮਕਿਨ ਹੈ ਕਿ ਗਿੱਲ ਤਾਰੀਖ ਬਾਰੇ ਗਲਤੀ ਕਰ ਰਹੇ ਸੀ. ਇਹ ਆਸਾਨੀ ਨਾਲ ਹੋ ਸਕਦਾ ਹੈ, ਜਦ ਕੋਈ ਗੁਜ਼ਰੇ ਵਾਕਿਐ ਨੂੰ ਅੱਧੀ ਸ਼ਤਾਬਦੀ ਤੋਂ ਵੀ ਬਾਅਦ, ਯਾਦ ਕਰਦਾ ਹੈ. ਹੋਰ ਇੱਕ ਵਿਆਖਿਆ ਹੋ ਸਕਦੀ ਹੈ ਕਿ 3 ਮਾਰਚ ਨੂੰ ਫ਼ਸਾਦਾਂ ਦੀ ਤਾਰੀਖ ਦਸ ਕੇ, ਇੰਟਰਵਿਊ ਦੇਣ ਵਾਲਾ ਇਨਸਾਨ, ਹਿੰਦੂਆਂ ਅਤੇ ਸਿੱਖਾਂ ਉੱਪਰ, ਦੰਗੇ ਸ਼ੁਰੂ ਕਰਣ ਦਾ ਇਲਜ਼ਾਮ ਲਾਣਾ ਚਾਉਂਦਾ ਸੀ. ਇਸ ਤਰ੍ਹਾਂ ਦੇ ਇਰਾਦੇ ਨੂੰ ਅਸੀਂ ਖਾਰਜ਼ ਨਹੀਂ ਕਰ ਸਕਦੇ. ਬਹਰ ਹਾਲ, ਮੈਂ ਤਿੰਨ ਮਾਕੂਲ ਖ਼ੁਲਾਸੇ ਪੇਸ਼ ਕੀਤੇ ਨੇ. ਪਰ ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਤਾਰੀਖ ਨੂੰ ਛੱਡ ਕੇ, ਸਮੁੱਚੇ ਤੌਰ ਤੇ, ਗਿੱਲ ਦਾ ਤਜ਼ਾਕਰਾਹ ਭਰੋਸੇਯੋਗ ਹੈ ਕਿਉਂਕਿ ਅਸ਼ੀਂ ਉਨ੍ਹਾਂ ਨੂੰ ਕਈ ਦਫ਼ੇ ਅਲਗ ਵਕਤ ਤੇ, ਮਿਲ ਕੇ ਪੜਤਾਲ ਕੀਤੀ ਸੀ ਅਤੇ ਮੁੱਖ ਕਹਾਣੀ ਨੂੰ ਸਹੀ ਤੌਰ ਤੇ ਮੰਜ਼ੂਰ ਕੀਤਾ ਜਾ ਸਕਦਾ ਹੈ.

4 ਮਾਰਚ ਨੂੰ ਫ਼ਿਰਕੂ ਫ਼ਸਾਦ ਝਿੜ ਜਾਂਦੇ ਨੇ

4 ਮਾਰਚ 1947 ਦੀ ਸਵੇਰ, ਬਗੈਰ ਕਿਸੇ ਸ਼ੱਕ ਦੇ, ਜੋ ਮਾਯੂਸੀ ਅਤੇ ਗੁੱਸਾ, ਪੰਜਾਬ ਵਿੱਚ ਕਈ ਮਹੀਨੇ ਤੋਂ ਉਬਾਲ ਵਿੱਚ ਸੀ, ਖੁਲ੍ਹ ਕੇ ਬਾਹਰ ਆਇਆ. 3 ਮਾਰਚ ਦੀ ਸ਼ਾਮ ਤੇ ਹਿੰਦੂਆਂ ਅਤੇ ਸਿੱਖਾਂ ਦੀ ਸਭਾ ਵਿੱਚ ਇਸ ਗੱਲ ਦਾ ਐਲਾਨ ਕੀਤਾ ਗਿਆ ਸੀ ਅਗਲੇ ਦਿਨ, ਜ਼ਿਲ੍ਹਾ ਅਦਾਲਤ ਅਤੇ ਸਰਕਾਰੀ ਕਾਲਜ ਦੇ ਨਜ਼ਦੀਕ, ਗੋਲ ਬਾਘ ਤੇ, ਵਿਦਿਆਰਥੀ ਆਪਣੇ ਗਿਲੇ ਦਾ ਇਜ਼ਹਾਰ ਕਰਣ ਲਈ ਮਿਲਣਗੇ. ਜੇਨਕੀਨਸ ਨੇ ਲੈਰਡ ਪੇਥਿਕ-ਲਾਉਰੇਂਸ, ਸੇਕ੍ਰੇਟਰੀ ਔਫ ਸਟੇਟ ਫੌਰ ਇੰਡੀਆ ਐਂਡ ਬਰਮਾ, ਨੂੰ ਇੱਕ ਟੈਲੀਗ੍ਰਾਮ ਭੇਜੀ ਅਤੇ ਇੱਕ ਕਾਪੀ, ਵੇਵੇਲ ਨੂੰ:

> ਕਲ, 3 ਮਾਰਚ ਨੂੰ ਲਾਹੌਰ ਦੇ ਮੁਸਲਿਮ ਬਹੁਤ ਖੁਸ਼ ਸਨ ਅਤੇ ਰੈਲਾ ਪਾ ਰਹੇ ਸੀ. ਗੈਰ-ਮੁਸਲਿਮ, ਖ਼ਾਸ ਕਰ ਕੇ, ਸਿੱਖ ਇਸ ਕਰ ਕੇ ਭੜਕੇ ਹੋਏ ਸੀ ਅਤੇ ਰਾਤ ਨੂੰ (ਇਕ) ਬਹੁਤ ਵੱਡੀ ਗੈਰ-ਮੁਸਲਿਮ ਸਭਾ ਦਾ ਇੰਤਜ਼ਾਮ ਕੀਤਾ ਗਿਆ ਜਿਸ ਵਿੱਚ ਕਾਂਗਰੇਸ ਅਤੇ ਸਿੱਖ ਰਹਨੁਮਾਵਾਂ ਨੇ ਤਸ਼ੱਦਦੀ ਤਕਰੀਰ ਦਿੱਤੀ.
>
> ਅੱਜ 4 ਮਾਰਚ ਨੂੰ ਕਾਫ਼ੀ ਫ਼ਿਰਕੂ ਤਸ਼ੱਦਦ ਹੋਇਆ. ਸਵੇਰੇ, ਵਿਦਿਆਰਥਿਆਂ ਦਾ ਜਲੂਸ ਜਿਸ ਵਿੱਚ ਜ਼ਿਆਦਾਤਰ ਹਿੰਦੂ ਸਨ, ਪੁਲਿਸ ਨਾਲ ਭਿੜੇ ਅਤੇ ਬਾਅਦ ਤੇ ਉਨ੍ਹਾਂ ਨੇ ਪੁਲਿਸ ਦਫ਼ਤਰ ਉਪਰ ਹਮਲਾ ਕਰ ਦਿੱਤਾ, ਸੰਪਤੀ ਬਰਬਾਦ ਕੀਤੀ ਅਤੇ 30 ਪੁਲਿਸਵਾਲੇਆਂ ਨੂੰ ਜ਼ਖ਼ਮੀ ਕੀਤਾ ਜਿਨ੍ਹਾਂ ਤੋਂ, ਹੁਣ ਤਕ, ਦੋ ਦੀ ਮੌਤ ਹੋ ਗਈ ਹੈ. ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਤਿੰਨ ਪ੍ਰਦਰਸ਼ਨਕਾਰੀਆਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਮਿਲੀ ਹੈ.
>
> ਇਸ ਦੁਪਹਿਰ ਨੂੰ ਲਾਹੌਰ ਸ਼ਹਿਰ ਤੇ ਫ਼ਿਰਕੂ ਫ਼ਸਾਦ ਛਿੜ ਗਿਆ ਹੈ. ਹੁਣ ਤਕ, ਅਵਾਮ ਦੇ ਛੇ ਲੋਕਾਂ ਦੇ ਹਲਾਕ ਹੋਣ ਦੀ ਖ਼ਬਰ ਹੈ ਅਤੇ 59 ਲੋਕਾਂ ਦਾ ਹਸਪਤਾਲ ਤੇ ਇਲਾਜ ਹੋਇਆ ਹੈ, ਜਿਨ੍ਹਾਂ ਤੋਂ 20 ਗੰਭੀਰ ਤੌਰ ਤੇ ਜ਼ਖ਼ਮੀ ਨੇ. ਪੁਲਿਸ ਅਜੇ ਵੀ ਰੁਝੀ ਹੋਈ ਹੈ ਅਤੇ ਮੇਰੇ ਕੋਲ ਪੂਰੀ ਰਿਪੋਰਟ ਨਹੀਂ ਹੈ. ਫ਼ੌਜ ਦੀ ਟੁਕੜੀ ਤਿਆਰ ਖੜ੍ਹੀ ਹੈ. ਕਾਂਗਰੇਸ ਅਤੇ ਸਿੱਖ ਮੁਸਲਿਮ ਹਕੂਮਤ ਨੂੰ ਰੋਕਣ ਦਾ ਪੱਕਾ ਇਰਾਦਾ ਬਣਾ ਚੁਕੇ ਨੇ. ਮਮਦੋਤ ਗਠਬੰਧਨ ਬਣਾਉਣ ਲਈ ਇੱਕ ਕਦਮ ਵੀ ਅਗੇ ਨਹੀਂ ਵਧ ਸਕੇ ਨੇ, ਅਤੇ ਹੁਣ ਕੁੱਝ ਸਿਡਯੁਲ੍ਡ ਕਾਸਟ ਅਤੇ ਇੰਡਿਅਨ ਇਸਾਈ ਸਦੱਸਾਂ ਨੂੰ ਲੈ ਕੇ ਇੱਕ ਮੁਸਲਿਮ ਵਜ਼ਾਰਤ ਬਣਾਉਣਾ ਚਾਹੁੰਦੇ ਨੇ. ਹਾਲਾਤ ਗੰਭੀਰ ਨੇ ਅਤੇ ਬਗੈਰ ਗਠਬੰਧਨ ਦੇ, ਇੱਕ ਵੱਡੇ ਪੈਮਾਨੇ ਤੇ ਫ਼ਿਰਕੂ ਫ਼ਸਾਦ ਹੋਣਾ ਲ਼ਾਜ਼ਮੀ ਲਗਦਾ ਹੈ. ਮੈਂ ਮਮਦੋਤ ਨੂੰ ਕਿਹਾ ਹੈ ਕਿ, ਇਸ ਤੋਂ ਪਹਿਲਾ ਕਿ ਮੈਂ ਉਨ੍ਹਾਂ ਨੂੰ ਹਕੂਮਤ ਬਣਾਉਣ ਦਾ ਮੌਕਾ ਦੇਵਾਂ, ਉਨ੍ਹਾਂ ਨੂੰ ਮੈਨੂੰ ਇੱਕ ਪੱਕੇ ਪਾਰਲਿਆਮੇਂਟਰੀ ਮਜਾਰਿਟੀ ਬਾਰੇ ਯਕੀਨ ਦਿਵਾਉਣਾ ਪਏਗਾ, ਨਹੀਂ ਤੇ ਇਹ ਸਰਕਾਰ ਕੁੱਝ ਦਿਨਾਂ ਦੀ ਮਿਹਮਾਨ ਰਵੇਗੀ ਜਾਂ ਉਨ੍ਹਾਂ ਦੀ ਹਕੂਮਤ ਦੇਣਾ, ਬਿਲਕੁਲ ਨਾਮੁਮਕਿਨ ਵੀ ਹੋ ਸਕਦਾ ਹੈ. ਇਸ ਦੇ ਬਦਲੇ ਧਾਰਾ 93 ਹੈ, ਜੋ ਤਸੱਲੀਬਕਸ਼ ਨਾ ਹੋਵੇ, ਮਗਰ ਮੁਮਕਿਨ ਹੈ ਇਸ ਨੂੰ ਪੰਜਾਬੀ ਆਮ ਤੌਰ ਤੇ ਜ਼ਿਆਦਾ ਪਸੰਦ ਕਰਣ (Carter, 2007a: 55).

ਵਿਮਲ ਇਸੱਰ ਜੋ ਉਸ ਵਕਤ ਇੱਕ ਛਾਤ੍ਰਾ ਸਨ, ਯਾਦ ਕਰਦੀ ਹਨ ਕਿ ਉਹ ਅਤੇ ਅੰਦਰੂਨੀ ਸ਼ਹਿਰ ਦੀ ਦੂਜੀ ਹਿੰਦੂ ਕੁੜੀਆਂ, ਤਾਂਗੇ ਤੇ ਚੜ੍ਹ ਕੇ ਸਕੂਲ ਦੀ ਤਰਫ਼ ਨਿਕਲੀਆਂ ਮਗਰ ਉਨ੍ਹਾਂ ਨੂੰ ਵਾਪਸ ਮੋੜ ਦਿੱਤਾ ਗਿਆ ਕਿਉਂਕਿ ਤੇਹਰੀਕ ਸ਼ੁਰੂ ਹੋ ਗਈ ਸੀ. ਉਸੇ ਤਰ੍ਹਾਂ, ਇਕਬਾਲ ਸਿੰਘ ਦਿਆਲ ਸਿੰਘ ਕਾਲਜ ਦੀ ਤਰਫ਼ ਜਾਂਦੇ ਵਕਤ ਝੜਪਾਂ ਵਿੱਚ ਫਸ ਗਏ ਮਗਰ ਆਪਣੇ ਕਿਲਾ ਗੁਜੱਰ ਸਿੰਘ ਸਥਿਤ ਘਰ ਤੇ, ਸਹੀ ਸਲਾਮਤ ਵਾਪਸ ਪਹੁੰਚ ਗਏ. ਅਮਰਨਾਥ ਸਹਗਲ ਗੌਵਰਨਮੇਂਟ ਕਾਲਜ ਦੇ ਅੰਦਰ ਸਨ ਜਦ ਪੁਲਿਸ ਨੇ ਹਿੰਦੂ ਅਤੇ ਸਿੱਖ ਪ੍ਰਦਰਸ਼ਨਕਾਰੀਆਂ ਉਪਰ ਗੋਲੀ ਚਲਾਈ.

ਦੂਜੇ ਦਿਨ, ਵੇਵੇਲ ਨੂੰ ਭੇਜੇ ਇੱਕ ਟੈਲੀਗ੍ਰਾਮ ਤੇ ਜੇਨਕੀਨਸ ਨੇ ਖ਼ਬਰ ਦਿੱਤੀ ਕਿ ਲਾਹੌਰ ਵਿੱਚ ਰਾਤ 8 ਤੋਂ ਲੈ ਕੇ ਸਵੇਰ 7 ਵਜੇ ਤਕ, ਕਰਫਿਊ ਲਗਾ ਦਿੱਤਾ ਗਿਆ ਸੀ ਅਤੇ ਆਮ ਸਭਾਵਾਂ, ਜਲੂਸ ਅਤੇ ਪੰਜ ਜਾਂ ਜ਼ਿਆਦਾ ਲੋਕਾਂ ਦੇ ਇਕੱਠਾ ਹੋਣ ਦੀ ਮਨਾਹੀ ਕਰ ਦਿੱਤੀ ਗਈ. 4 ਅਤੇ 5 ਮਾਰਚ ਦੀ ਰਾਤਾਂ ਨੂੰ ਅਮਨ ਕਾਇਮ ਸੀ. ਮਗਰ 5 ਦੀ ਸਵੇਰ ਨੂੰ ਫਿਰ ਫ਼ਿਰਕੂ ਫ਼ਸਾਦ ਛਿੜ ਗਏ. ਲਾਹੌਰ ਦੇ ਬਾਹਰ, ਹਿੰਦੂ-ਸਿੱਖ ਉਪਦ੍ਰਵਿਆਂ ਨੇ ਕਮੋਕੇ, ਜ਼ਿਲ੍ਹਾ ਗੁਜਰਾਂਵਾਲਾ ਦੇ ਨਜਦੀਕ, ਇੱਕ ਗੱਡੀ ਨੂੰ ਰੋਕ ਕੇ ਇਸ ਦਾ ਸਿਗਨਲ ਕੇਬੀਨ ਸਾੜ ਦਿੱਤਾ. ਉਸੇ ਟੈਲੀਗ੍ਰਾਮ ਤੇ, ਉਨ੍ਹਾਂ ਨੇ ਵਾਇਸਰਾਏ ਨੂੰ ਖ਼ਬਰ ਦਿੱਤੀ ਕਿ ਅੱਮ੍ਰਿਤਸਰ ਤੇ 6 ਅਤੇ 7 ਤਾਰੀਖ ਨੂੰ ਕਲੇਸ਼ ਹੋਣ ਦਾ ਡਰ ਸੀ, ਜਿਸ ਦਿਨਾਂ ਲਈ ਸਿੱਖਾਂ ਦਾ, ਹੋਲੀ ਅਤੇ ਹੋਲਾ ਮੋਹਲਾ ਤਿਉਹਾਰ ਦੇ ਮੌਕੇ ਤੇ, ਜਰੇਹਾਨਾ ਤੌਰ ਤੇ ਪ੍ਰਦਰਸ਼ਨ ਦਾ ਮਨਸੂਬਾ ਸੀ. ਇਸ ਦੇ ਇਲਾਵਾ ਮੁਲਤਾਨ ਤੋਂ ਗੰਭੀਰ ਫ਼ਿਰਕੂ ਫ਼ਸਾਦਾਂ ਦੀ ਖ਼ਬਰ ਆ ਰਹੀ ਸੀ.

5 ਮਾਰਚ 1947 ਦੇ *ਦੀ ਟ੍ਰਿਬਯੂਨ* ਨੇ ਖ਼ਬਰ ਦਿੱਤੀ ਕਿ ਪਿਛਲੇ ਦਿਨ - ਪੰਜਾਬ ਤੇ ਮਜਾਰਿਟੀ ਦੀ ਥੋਪੀ ਫ਼ਿਰਕੂ ਹਕੂਮਤ ਨੂੰ ਮਹਿਸੁਸ ਕਰਦੇ ਹੋਏ, ਇਸ ਦੇ ਖ਼ਿਲਾਫ਼, ਮਾਇਨਾਰਿਟੀਆਂ ਦਾ ਜੋ ਇਕੱਦਮ ਪਹਿਲਾ ਪ੍ਰਦਰਸ਼ਨ ਸੀ - ਪੁਲਿਸ ਨੇ ਸੱਤ ਵਾਰ ਗੋਲੀ ਚਲਾਈ ਅਤੇ ਪ੍ਰਦਰਸ਼ਨਕਾਰਿਆਂ ਉਪਰ ਇੱਕ ਦਰਜਨ ਵਾਰ *ਲਾਠੀ-ਚਾਰਜ* ਕੀਤਾ. ਰਤਨ ਚੰਦ, ਚੌਥੇ ਸਾਲ ਦੀ ਕਲਾਸ ਦਾ ਇੱਕ ਵਿਦਿਆਰਥੀ, ਜੋ ਆਪਣੇ ਹੱਾਸਟਲ ਦੇ ਕਮਰੇ ਤੇ ਖੜ੍ਹਾ ਹੀ, ਗੋਲੀ ਲਗ ਕੇ ਹਲਾਕ ਹੋ ਗਿਆ. ਇੱਕ ਹੋਰ ਵਿਦਿਆਰਥੀ, ਗੋਲ ਬਾਘ ਇਲਾਕੇ ਤੇ, ਜਿੱਥੇ ਪੁਲਿਸ ਨੇ ਪੰਜ ਵਾਰ ਗੋਲੀਆਂ ਮਾਰੀ, ਗੋਲੀ ਦੇ ਜ਼ਖ਼ਮਾਂ ਤੋਂ, ਹਸਪਤਾਲ ਤੇ ਹਲਾਕ ਹੋਇਆ. ਤਕਰੀਬਨ 60 ਲੋਕ ਜ਼ਖ਼ਮੀ ਹੋਏ ਜਿਸ ਦੇ ਵਿੱਚ 27 ਮੇਯੋ ਅਤੇ ਸਰ ਗੰਗਾ ਰਾਮ ਹਸਪਤਾਲ ਤੇ ਦਾਖਲ ਹੋਏ. ਚੌਕ ਮੱਟੀ ਦੇ ਲਾਗੇ, ਹਿੰਦੂ ਅਤੇ ਸਿੱਖ ਪ੍ਰਦਰਸ਼ਨਕਾਰਿਆਂ ਦੇ ਇੱਕ ਜਲੂਸ ਉਪਰ ਹਮਲਾ ਹੋਇਆ; ਇੱਕ ਲੜਾਈ ਛਿੜ ਗਈ ਜਿਸ ਦੇ ਵਿੱਚ ਲਾਠੀ, ਕੁਲਹਾੜੀ, ਛੁਰੇ ਅਤੇ ਪਥਰਾਂ ਦਾ ਇਸਤੇਮਾਲ ਹੋਇਆ. 60 ਤੋਂ 70 ਲੋਕ ਜ਼ਖ਼ਮੀ ਹੋਏ ਜਿਸ ਦੇ ਵਿੱਚ, ਬਾਅਦ ਦੀ ਖ਼ਬਰ ਮੁਤਾਬਕ, ਹਸਪਤਾਲ ਤੇ 6 ਮਰ ਗਏ. ਦੋ ਕਾਂਸਟੇਬਲਾਂ ਦੇ ਮਰਣ ਦੀ ਵੀ ਖ਼ਬਰ ਆਈ. ਸ਼ਾਮ ਨੂੰ ਫ਼ਿਰਕੂ ਹਾਲਾਤ ਥੋੜੇ ਬਿਹਤਰ ਹੋਏ, ਜਦ ਜ਼ਿਲ੍ਹਾ ਮੈਜਿਸਟਰੇਟ ਮਿ.ਇਊਸਟੇਸ ਨੇ 8 ਤੋਂ ਲੈ ਕੇ ਸਵੇਰ 7 ਵਜੇ ਤਕ, ਅਗਲੇ ਦੱਸ ਦਿਨਾਂ ਲਈ ਕਰਫਿਊ ਦੇ ਆਦੇਸ਼ ਦਾ ਐਲਾਨ ਕੀਤਾ. ਮਿ.ਇਊਸਟੇਸ ਨੇ *ਦੀ ਟ੍ਰਿਬਯੂਨ* ਦੇ ਨੁਮਾਇੰਦੇ ਨੂੰ ਅੱਧੀ ਰਾਤ ਤੋਂ ਪਹਿਲਾਂ ਕਿਹਾ ਕਿ ਹਾਲਾਤ ਕਾਬੂ ਵਿੱਚ ਸਨ. ਫ਼ੌਜ਼ ਨੂੰ ਸ਼ਾਮ ਨੂੰ ਬੁਲਾ ਘਲਿਆ ਗਿਆ ਅਤੇ ਉਹ ਤਿਆਰ ਖੜ੍ਹੇ ਰਹੇ.

ਖੋਸਲਾ ਇਸ ਦਾ ਕੁੱਝ ਅਲਗ ਕਿੱਸਾ ਦੱਸਦੇ ਨੇ. ਉਨ੍ਹਾਂ ਨੇ ਲਿਖਿਆ ਕਿ 4 ਮਾਰਚ ਨੂੰ ਸਵੇਰੇ ਦੱਸ ਵਜੇ, ਹਿੰਦੂ ਅਤੇ ਸਿੱਖ ਵਿਦਿਆਰਥੀ ਨੇ ਅਨਾਰਕਲੀ ਬਾਜ਼ਾਰ ਤੋਂ ਗੋਲ ਬਾਘ ਤਕ, ਇੱਕ ਜਲੂਸ ਤੇ 'ਪਾਕਿਸਤਾਨ ਮੁਰਦਾਬਾਦ' ਚੀਕਦੇ ਹੋਏ ਜਾਣਾ ਸ਼ੁਰੂ ਕੀਤਾ ਸੀ. ਪੁਲਿਸ ਨੇ ਪਹਿਲਾਂ ਤੋਂ ਹੀ ਜ਼ਿਲ੍ਹਾ ਅਦਾਲਤ ਦੇ ਦਾਖ਼ਲੇ ਨੂੰ ਘੇਰ ਲੀਤਾ ਸੀ. ਜਦ ਉਹ ਅਦਾਲਤ ਤੇ ਦਾਖ਼ਲ ਨਾ ਹੋ ਸਕੇ, ਵਿਦਿਆਰਥੀ ਗੌਵਰਨਮੇਂਟ ਕਾਲਜ ਦੇ ਸਾਹਮਣੇ, ਚੌਰਾਹੇ ਤੇ ਇੱਕ ਹੜਤਾਲ ਕਰਣ ਲਈ, ਇਕੱਠਾ ਹੋਣ ਲਗੇ. ਕਾਲਜ ਦੇ ਪ੍ਰਿੰਸਿਪਲ ਨੇ ਪੁਲਿਸ ਬੁਲਾ ਲੀਤੀ, ਜਿਸ ਨੇ ਭੀੜ ਦੇ ਉਪਰ ਗੋਲੀਆਂ ਚਲਾ ਦਿੱਤੀ, ਅਤੇ ਕਈ ਲੋਕ ਹਲਾਕ ਹੋ ਗਏ. ਗੈਰ-ਮੁਸਲਿਮਾਂ ਦਾ ਇੱਕ ਹੋਰ ਜਲੂਸ, ਦੁਪਹਿਰ ਨੂੰ ਨੈਸ਼ਨਲ ਗਾਰਡਸ ਨਾਲ ਭਿੜ ਗਿਆ. ਬਾਅਦ ਵਿੱਚ ਗੈਰ-ਮੁਸਲਿਮਾਂ ਨੂੰ ਸ਼ਹਿਰ ਦੇ ਮੁਖ਼ਤਲਿਫ਼ ਜਗ੍ਹਾਂ ਤੇ ਚਾਕੂ ਮਾਰੇ ਗਏ ਅਤੇ ਦੰਗੇ ਭੜਕ ਉਠੇ. ਅੰਦਰੂਨੀ ਸ਼ਹਿਰ ਦੇ ਸੁਆ ਬਾਜ਼ਾਰ ਅਤੇ ਰੰਗ

ਮਹਲ ਤੇ, ਹਿੰਦੂਆਂ ਦੀ ਕਈ ਦੁਕਾਨਾਂ ਸਾੜ ਦਿੱਤੀ ਗਈਆਂ. ਸ਼ਾਮ ਤੱਕ ਮੇਯੋ ਹਸਪਤਾਲ ਨੇ ਗੈਰ-ਮੁਸਲਿਮਾਂ ਦੇ ਘਾਇਲ ਹੋਣ ਦੇ 37 ਮਾਮਲੇ ਦਰਜ ਕੀਤੇ ਗਏ (Khosla, 1989: 101).

5 ਮਾਰਚ ਨੂੰ ਗਵਰਨਰ ਦਾ ਸ਼ਾਸਨ ਕਾਇਮ

ਵੇਵੇਲ ਨਾਲ ਸਲਾਹ ਕਰਣ ਦੇ ਬਾਅਦ, ਜੇਨਕੀਨਸ ਨੇ, ਅਪਾਤਕਾਲ ਦੇ ਹਾਲਾਤਾਂ ਤੇ, ਜਿਸ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਢਹਿ-ਢੇਰੀ ਸ਼ਾਮਲ ਸੀ, *ਗੌਵਰਨਮੇਂਟ ਔਫ਼ ਇੰਡੀਆ ਐਕਟ, 1935* ਦੀ ਧਾਰਾ 93 ਦੇ ਤਹਿਤ, ਪੰਜਾਬ ਦੀ ਹਕੂਮਤ ਆਪਣੇ ਹੱਥ ਵਿੱਚ ਲੈ ਲੀਤੀ. ਪੰਜਾਬ ਤੇ, ਧਾਰਾ 93 ਦੇ ਤਹਿਤ, ਗਵਰਨਰ ਦੀ ਹਕੂਮਤ ਬ੍ਰਿਟਿਸ਼ ਹਕੂਮਤ ਦੇ ਆਖ਼ਰ ਤੱਕ ਰਹੀ. ਮੁਸਲਿਮ ਲੀਗ ਨੂੰ ਸਰਕਾਰ ਬਣਾਉਣ ਦੇਣ ਦੀ ਨਾਮੰਜ਼ੂਰੀ ਕਾਫ਼ੀ ਵਿਵਾਦਤ ਰਹੀ ਹੈ. ਗਵਰਨਰ ਦਾ ਨਜ਼ਰੀਆ ਸੀ ਕਿ ਮੁਸਲਿਮ ਆਗੂ ਨਵਾਬ ਮਮਦੋਤ ਉਨ੍ਹਾਂ ਨੂੰ ਮੱਨਾਉਣ ਤੇ ਨਾਕਾਮਯਾਬ ਰਹੇ ਕਿ ਪੰਜਾਬ ਅਸੈਮਬਲੀ ਵਿੱਚ ਉਸ ਨੂੰ ਸਥਾਈ ਮਜਾਰਿਟੀ ਹਾਸਲ ਸੀ. ਮਮਦੋਤ ਅਤੇ ਜੇਨਕੀਨਸ ਦੇ ਦਰਮਿਆਨ 5 ਨੂੰ ਤੇਜ਼ ਚਿੱਠੀ-ਚਪੱਠੀ ਹੋਈ, ਮਮਦੋਤ ਗਵਰਨਰ ਨੂੰ ਮੱਨਾਉਣ ਦੀ ਕੋਸ਼ਿਸ਼ ਕਰ ਰਹੇ ਸੀ ਕਿ ਉਨ੍ਹਾਂ ਨੂੰ 80 ਮੁਸਲਿਮ ਲੀਗ ਦੇ ਸਦੱਸਾਂ, 4 ਸਿਡਯੂਲਡ ਕਾਸਟ ਸਦੱਸਾਂ ਦਾ, 1 ਯੂਰੋਪਅਿਨ ਅਤੇ 2 ਇੰਡੀਅਨ ਇਸਾਈਆਂ ਦਾ ਸਮਰਥਨ ਹਾਸਲ ਸੀ. ਉਨ੍ਹਾਂ ਨੇ ਦਾਅਵਾ ਕੀਤਾ ਕਿ ਲੇਜੀਸਲੇਚਰ ਦੇ ਦੁਬਾਰਾ ਸ਼ੁਰੂ ਹੋਣ ਤਕ, ਸਮਰਥਨ 100 ਤੱਕ ਪਹੁੰਚ ਜਾਣ ਦੀ ਉਮੀਦ ਸੀ. ਜੇਨਕੀਨਸ ਨੇ ਜਵਾਬ ਦਿੱਤਾ ਕਿ ਸਰਕਾਰ ਚਲਾਉਣ ਲਈ, ਇੱਕ ਸਥਿਰ ਮਜਾਰਿਟੀ ਦਿਖਾਉਣੀ ਪਵੇਗੀ. ਜੇਨਕੀਨਸ ਨੇ ਮੰਗ ਕੀਤੀ ਕਿ ਮਮਦੋਤ ਆਪਣੇ ਸਮਰਥਕਾਂ ਦਾ ਨਾਂਅ ਲਿਖ ਕੇ ਦੇਣ; ਜੋ ਮਮਦੋਤ ਦੀ ਪਾਰਟੀ ਤੋਂ ਨਹੀਂ ਹਨ, ਅਤੇ ਉਹ ਇੱਕ ਲਿਖਿਤ ਇਕਰਾਰ ਦੇਣ ਕਿ ਉਹ ਮਮਦੋਤ ਦੀ ਸਰਕਾਰ ਨੂੰ ਹਾਉਸ ਵਿੱਚ, ਵਿਸ਼ਵਾਸ ਦੇ ਹਰ ਮਸਲੇ ਬਾਰੇ, ਸਮਰਥਨ ਦੇਣ ਨੂੰ ਤਿਆਰ ਨੇ (Carter, 2007a: 57). ਮੰਮਦੋਤ ਜ਼ਿੱਦ ਕਰ ਰਹੇ ਸੀ ਕਿ ਉਸ ਨੂੰ 90 ਤੋਂ ਜ਼ਿਆਦਾ ਸਦੱਸਾਂ ਦਾ ਸ਼ਾਥ ਹਾਸਲ ਸੀ, ਜੋ ਵਧ ਕੇ 100 ਤੱਕ ਜਾ ਸਕਦਾ ਸੀ. ਸਰਕਾਰ ਨੇ 5 ਮਾਰਚ ਨੂੰ ਜਵਾਬ ਦਿੱਤਾ:

> ਮੇਰਾ ਨਿੱਜੀ ਵਿਸ਼ਵਾਸ ਹੈ ਕਿ ਕੋਈ ਸਰਕਾਰ ਜਿਸ ਵਿੱਚ ਸਾਰੇ ਪੰਜਾਬਿਆਂ ਨੂੰ ਭਰੋਸਾ ਨਹੀਂ ਹੈ, ਉਹ ਹੁਣ ਦੇ ਮਸਲੇ ਹੱਲ ਨਹੀਂ ਕਰ ਸਕਦੀ ਹੈ, ਅਤੇ ਇਹ ਹੁਣ ਤੁਹਾਡੂ ਸੋਚਣਾ ਹੈ ਕਿ, ਜੇ ਵਕਤ ਹੁਣ ਤੁਹਾਨੂ ਮਿਲਿਆ ਹੈ, ਉਸ ਦੌਰਾਨ ਤੁਸੀ ਦੂਜੀ ਕੌਮਾਂ ਨਾਲ ਗੱਲਬਾਤ ਕਰ ਸਕਦੇ ਹੋ ਜਾਂ ਨਹੀਂ. ਮੈਂ ਤੁਹਾਨੂ ਇੱਕ ਮਸ਼ਵਰਾ ਦੇ ਸਕਦਾ ਹਾਂ ਕਿ ਅਗਰ ਤੁਸੀ ਅਤੇ ਹਿੰਦੂ ਹੋਰ ਸਿੱਖ ਆਗੂ ਮੌਜੂਦਾ ਫ਼ਿਰਕੂ ਫ਼ਸਾਦਾਂ ਦੀ ਨਿੰਦਾ ਕਰਦੇ ਹੋ, ਤੇ ਇਸ ਦਾ ਇੱਕ ਬੇਹਤਰੀਨ ਅਸਰ ਪਵੇਗਾ. ਮੈਂ ਯਕੀਨ ਕਰਦਾ ਹਾਂ ਕਿ ਤੁਹਾਡੇ ਤਰਫ਼ੋਂ ਜਾਰੀ ਕੀਤਾ ਬਿਆਨ ਸਾਰੇ ਬਹੁਤ ਚੰਗੀ ਤਰ੍ਹਾਂ, ਮੰਜ਼ੂਰ ਕਰਣਗੇ (Carter, 2007a: 238).

ਇਸ ਨੂੰ ਨਾਲੋ-ਨਾਲ ਮਮਦੋਤ ਨੇ ਮੱਨ ਲੀਤਾ ਅਤੇ ਅਮਨ ਦੀ ਅਪੀਲ ਕੀਤੀ. ਇਸ ਦੇ ਬਾਅਦ, ਮਿਆਂ ਇਫ਼ਤਿਖਾਰੁਦੀਨ ਅਤੇ ਮੁਮਤਾਜ਼ ਦੌਲਤਾਨਾ, ਭੀਮ ਸੇਨ ਸਚੱਰ ਅਤੇ ਸ.ਸਵਰਨ ਸਿੰਘ ਨੂੰ ਇੱਕ ਅਮਨ ਕਮੇਟੀ, ਜੋ ਅਵਾਮ ਦੀ ਸੋਚ ਦੇ ਹਰ ਵਰਗੇ ਦੀ ਨੁਮਾਇੰਦਗੀ ਕਰੇ, ਦੀ ਕਾਇਮੀ ਕਰਣ ਲਈ ਮਿਲੇ. ਉਹ ਮੱਨ ਗਏ. ਉਹ ਸਾਰੇ 6 ਮਾਰਚ ਨੂੰ, ਪੰਜਾਬ ਦੇ ਇਸਾਈ ਆਗੂ ਅਤੇ ਪੰਜਾਬ ਅਸੈਮਬਲੀ ਦੇ ਸਪੀਕਰ ਦੀਵਾਨ ਬਹਾਦੁਰ

ਐਸ.ਪੀ.ਸਿੰਘਾ ਦੇ ਘਰ ਤੇ ਮਿਲੇ. ਦੂਜੇ ਸਦੱਸ ਸਨ, ਮਾਸਟਰ ਤਾਰਾ ਸਿੰਘ ਅਤੇ ਡਾ.ਗੋਪੀ ਚੰਦ ਭਾਰਗਵ. ਸੀ.ਈ.ਗਿਬੱਨ (ਐਂਗਲੋ-ਯੂਰੋਪੀਅਨ ਐਮ ਐਲ ਏ) ਨੂੰ ਕਮੇਟੀ ਦੇ ਦੂਤ ਦੀ ਨੁਮਾਇੰਦਗੀ ਕਰਦੇ ਹੋਏ, ਅੱਮ੍ਰਿਤਸਰ ਜਾ ਕੇ ਤਾਰਾ ਸਿੰਘ ਨੂੰ ਮਿਲਣਾ ਸੀ. ਪੁਲਿਸ ਨੇ, ਹਾਲਾਂਕਿ, ਉਨ੍ਹਾਂ ਨੂੰ ਖ਼ਬਰ ਦਿੱਤੀ ਕਿ ਗੰਭੀਰ ਦੰਗੇ ਦੀ ਵਜ੍ਹਾ ਨਾਲ, ਮਾ.ਤਾਰਾ ਸਿੰਘ ਨੂੰ ਮਿਲਣਾ ਮੁਮਕਿਨ ਨਹੀਂ ਸੀ. ਬਾਅਦ ਵਿੱਚ ਮਾਸਟਰ ਤਾਰਾ ਸਿੰਘ ਲਾਹੌਰ ਆਏ ਅਤੇ ਅਮਨ ਕਮੇਟੀ ਨੂੰ ਮਿਲੇ ਮਗਰ ਮੁਸਲਿਮ ਲ਼ੀਗ ਅਤੇ ਕਾਂਗਰੇਸ ਹੋਰ ਸਿੱਖਾਂ ਦੇ ਵਿੱਚ ਬੇਮੁਖੀ ਨਹੀਂ ਘੱਟੀ. ਬਾਅਦ ਦੇ ਦਿਨਾਂ ਤੇ, ਜੇਨਕੀਨਸ ਦੁਆਰਾ ਵੇਵੇਲ ਨੂੰ ਭੇਜੀ ਟੇਲੇਗ੍ਰਾਮਾਂ ਤੇ ਹਾਲਾਤ ਕਾਬੂ ਵਿੱਚ ਲਾਉਣ ਦਾ ਜ਼ਿਕਰ ਸੀ. ਛੁਰੇਬਾਜ਼ੀ ਦੀ ਛਿਟ-ਪੁੱਟ ਘਟਨਾਵਾਂ ਹੋਇਆਂ. 6 ਤਾਰੀਖ ਨੂੰ ਲਾਹੌਰ ਦੇ ਏਰਿਆ ਕਮਾਂਡਰ ਨੇ ਦੋ ਬ੍ਰਿਟਿਸ਼ ਬਟਾਲਿਅਨਾਂ ਨੂੰ ਸ਼ਹਿਰ ਤੇ ਦੁਪਹਿਰ ਦੋ ਵਜੇ ਤਇਨਾਤ ਕਰ ਦਿੱਤਾ ਸੀ, ਤਾਂਕਿ ਉਹ ਵਿਵਸਥਾ ਨੂੰ ਬਹਾਲ ਅਤੇ ਦੰਗਾਇਆਂ ਨੂੰ ਨਿਹੱਥਾ ਕਰ ਸਕਣ. ਉਸ ਨੇ ਰਿਪੋਰਟ ਦਿੱਤੀ ਕਿ ਫ਼ੌਜ਼ ਨੂੰ ਵੇਖ ਕੇ ਬਦਮਾਸ਼ ਨੱਸ ਗਏ. ਕਰਫਿਊ ਨੂੰ ਖਿੱਚ ਕੇ ਲਗਾਤਾਰ 48 ਘੰਟੇ ਤੱਕ ਚਲਣ ਦਿੱਤਾ ਗਿਆ. ਹਿੰਦੂਆਂ ਅਤੇ ਸਿੱਖਾਂ ਨੇ ਆਪਣੇ ਦਰਜ ਕੀਤੇ ਕਈ ਇੰਟਰਵਿਊ ਦੇ ਦੌਰਾਨ, ਇੱਕ ਗੱਲ ਬਾਰੇ ਸਭ ਤੋਂ ਜ਼ਿਆਦਾ ਵਾਰ ਜ਼ਿਕਰ ਕੀਤਾ ਕਿ ਮੁਸਲਿਮ ਬੋਲਬਾਲੇ ਵਾਲੀ ਪੁਲਿਸ ਨੇ, ਲੀਗ ਦੇ 34 ਦਿਨ ਵਾਲੀ ਸਿੱਧੀ ਕਾਰਵਾਈ ਦੇ ਦੌਰਾਨ, ਇੱਕ ਵੀ ਗੋਲੀ ਨਹੀਂ ਦਾਗੀ, ਮਗਰ ਲਾਹੌਰ ਦੇ ਗੈਰ-ਮੁਸਲਿਮ ਵਿਦਿਆਰਥਿਆਂ ਨੂੰ ਪਹਿਲੇ ਦਿਨ ਹੀ ਗੋਲੀਆਂ ਮਾਰਿਆਂ ਗਈ, ਜਿਸ ਦੇ ਚਲਦਿਆਂ ਕਈ ਘਾਇਲ ਅਤੇ ਹਲਾਕ ਹੋਏ.

ਬਹਰ ਹਾਲ, 5 ਮਾਰਚ 1947 ਤੋਂ ਬਾਅਦ, ਲਾਹੌਰ ਦੇ ਅੰਦਰੁਨੀ ਸ਼ਹਿਰ ਦੀ ਕਈ ਜਗ੍ਹਾਂ ਤੇ ਤਸ਼ੱਦਦ ਫੈਲ ਗਿਆ. ਕਿਨਾਰੀ ਬਾਜ਼ਾਰ, ਕਸੇਰਾ ਬਾਜ਼ਾਰ ਅਤੇ ਰੰਗ ਮਹਲ ਦੀ ਦੁਕਾਨਾਂ ਨੂੰ ਲੁਟਣਾ ਅਤੇ ਸਾੜਨਾ ਸ਼ੁਰੂ ਹੋ ਗਿਆ. ਜਦ ਗੈਰ-ਮੁਸਲਿਮਾਂ ਨੇ ਟਾਕਰੇ ਦੀ ਕੋਸ਼ਿਸ਼ ਕੀਤੀ, ਇੱਕ ਮੁਸਲਿਮ ਸੱਬ-ਇੰਸਪੈਕਟਰ, ਪੁਲਿਸ ਪਾਰਟੀ ਸਮੇਤ ਆ ਗਿਆ ਅਤੇ ਉਨ੍ਹਾਂ ਨੇ ਗੋਲੀਆਂ ਚਲਾ ਦਿੱਤਿਆਂ. ਇੱਕ ਹਿੰਦੂ ਨੌਜਵਾਨ ਜਿਸ ਨੇ, ਉਸ ਇੰਸਪੈਕਟਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਇੰਸਪੈਕਟਰ ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ (Khosla, 1989: 102). ਇਸ ਦੇ ਚਲਦੇ, ਚਾਰੇ ਪਾਸੇ, ਤਣਾਅ ਅਤੇ ਫ਼ਿਕਰ ਵਧ ਗਿਆ. ਸਕੂਲ ਬੰਦ ਕੀਤੇ ਗਏ ਅਤੇ ਬੱਚੇਆਂ ਨੂੰ, ਮਾਂ-ਬਾਪ ਘਰਾਂ ਦੇ ਅੰਦਰ ਰੱਖਣ ਲਗੇ. 11 ਮਾਰਚ ਨੂੰ, ਇੱਕ ਵਿਰੋਧ ਦਿਨ ਦੇ ਤੌਰ ਤੇ, ਮਣਾਉਣ ਦਾ ਕਾਂਗਰੇਸ-ਸਿੱਖ ਫ਼ੈਸਲਾ ਸਾਕਾਰ ਨਹੀਂ ਹੋ ਸਕਿਆ, ਕਿਉਂਕਿ ਹਕੂਮਤ ਨੇ ਹਰ ਕਿਸਮ ਦੇ ਜਲੂਸ ਉੱਪਰ, ਪਾਬੰਦੀ ਲਾਈ ਸੀ. ਝਗੜੇ ਅਤੇ ਖੁਨ-ਖਰਾਬੇ ਦੇ ਬਾਵਜੂਦ, ਲਾਹੌਰ ਦੇ ਜ਼ਿਆਦਾ ਹਿੱਸੇਆਂ ਤੇ ਅਮਨ ਕਾਇਮ ਰਿਹਾ. ਮੁਖ਼ਤਲਿਫ ਰਿਹਾਇਸ਼ੀ ਇਲਾਕਿਆਂ ਤੇ ਬਜ਼ੁਰਗ ਮਿਲੇ ਅਤੇ ਕਿਸੇ ਕਿਸਮ ਦੇ ਤਸ਼ੱਦਦ ਨੂੰ ਨਾ ਹੋਣ ਦੇਣ ਲਈ ਰਾਜੀ ਹੋ ਗਏ. ਲਾਹੌਰ ਦੇ ਕੁੱਝ ਹਿੰਦੂਆਂ ਨੇ ਇੱਕ ਅਪੀਲ ਜਾਰੀ ਕੀਤੀ:

> ਅਸੀਂ, ਦਸਤਖ਼ਤ ਕਰਣ ਵਾਲੇ ਅਤੇ ਕੁਚਾ ਮੇਲਾਰਾਮ ਭੱਟੀ ਗੇਟ ਲਾਹੌਰ ਦੇ ਅੰਦਰ ਦੇ ਰਹਿਣ ਬਾਲੇ, ਪਿਛਲੀ ਵਜ਼ਾਰਤ ਦੇ ਅਸਤੀਫੇ ਦੇ ਬਾਅਦ, 4 ਮਾਰਚ 1947 ਤੋਂ ਹਿੰਦੂਆਂ, ਸਿੱਖਾਂ ਅਤੇ ਮੁਸਲਿਮਾਂ ਦੇ ਸਿਆਸੀ ਫ਼ਰਕ ਦੇ ਚਲਦੇ, ਬਦਤਰ ਹਾਲਾਤਾਂ, ਖੁਨ-ਖਰਾਬਾ ਅਤੇ ਸਾੜਫੂਕ ਦੀ ਨਿੰਦਾ ਕਰਦੇ ਹਾਂ. ਅਸੀਂ ਆਪਣੇ ਗੁਆਂਢੀਆਂ ਦੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸਾਡੀ ਹਿਫ਼ਾਜ਼ਤ ਕੀਤੀ ਅਤੇ ਸਾਨੂ ਆਪਣੇ ਘਰਾਂ ਤੇ ਮਹਿਫ਼ੂਜ਼ ਰੱਖਿਆ, ਹਾਲਾਂਕਿ ਅਸੀਂ ਮਾਇਨਾਰਿਟੀ ਹਾਂ. ਉਨ੍ਹਾਂ ਨੇ ਉਹ ਸਾਰੀ ਸਹੂਲਤਾਂ ਦਿੱਤੀਆਂ ਜਿਸ ਦੀ ਸਾਨੂ ਲੋੜ ਸੀ. ਸਾਨੂ ਉਮੀਦ ਹੈ ਕਿ ਮੁਸਤਕਬਿਲ ਵਕਤ ਵਿੱਚ ਵੀ, ਉਹ ਉਸੇ ਇਨਾਇਤ ਦਾ ਸਬੂਤ ਦੇਣਗੇ.

ਅਸੀਂ ਆਪਣੇ ਹਿੰਦੂ ਅਤੇ ਸਿੱਖ ਭਰਾਵਾਂ ਨੂੰ ਅਪੀਲ ਕਰਦੇ ਹਾਂ ਕਿ ਜਿਥੇ ਵੀ ਉਹ ਮਜਾਰਿਟੀ ਵਿੱਚ ਹਨ, ਮੁਸਲਿਮਾਂ ਨੂੰ ਇਸੀ ਤਰ੍ਹਾਂ ਦੀ ਹਿਫ਼ਾਜ਼ਤ ਦੇਣ. ਇਹ ਵਿਵਹਾਰ ਅਤੇ ਵਰਤਾਅ ਸਮਪ੍ਰਦਾਇ ਦਾ ਨਾ ਸਿਰਫ਼ ਭਲਾ ਕਰੇਗਾ, ਬਲਕਿ ਹਿੰਦੂ-ਸਿੱਖ-ਮੁਸਲਿਮ ਇਤਹਾਦ ਨੂੰ ਵਧਾਵਾ ਦੇਗਾ, ਅਤੇ ਸਾਡੇ ਸੂਬੇ ਦੀ ਤਰੱਕੀ ਹੋਏਗੀ.

(ਦਸਤਖ਼ਤ) ਮਨੋਹਰ ਲਾਲ, ਬਨਾਰਸੀ ਲਾਲ, ਰਾਮ ਰਤਨ ਆਨੰਦ, ਵਿਸ਼ਵਾ ਸੂਰੀ, ਮਦਨ ਗੋਪਾਲ, ਝੰਡੂ ਰਾਮ, ਸਰਦਾਰੀ ਲਾਲ ਚੱਢਾ, ਰਾਮ ਲੁਬਾਯਾ ਸੁਰੀ, ਮੂਲ ਚੰਦ ਅਤੇ ਦੂਜੇ (ਪਾਕਿਸਤਾਨ ਟਾਇਮਸ, ੪ ਮਾਰਚ)

ਮੁਸਲਿਮ ਲੀਗ ਦੇ ਆਗੂਆਂ ਨੇ ਅਮਨ ਦੀ ਜ਼ਰੂਰਤ ਬਾਰੇ, ਫ਼ਿਰ ਦੁਹਰਾਇਆ ਅਤੇ ਮਾਇਨਾਰਿਟੀ ਦੇ ਲੋਕਾਂ ਨੂੰ ਤਸੱਲੀ ਦਿੱਤੀ ਕਿ ਉਨ੍ਹਾਂ ਦੀ ਹਿਫ਼ਾਜ਼ਤ ਸਭ ਤੋਂ ਅਹਿਮ ਸੀ ਅਤੇ ਮੁਸਲਿਮ ਉਨ੍ਹਾਂ ਨੂੰ ਮਹਿਫ਼ੂਜ਼ ਰਖਣਗੇ. ੪ ਮਾਰਚ ਨੂੰ ਦਿੱਲੀ ਤੋਂ ਕਾਂਗਰੇਸ ਵਰਕੀਂਗ ਕਮੇਟੀ ਦੇ ਪੰਜਾਬ ਦੀ ਤਕਸੀਮ ਬਾਰੇ, ਸਿੱਖ ਮੰਗ ਦਾ ਸ਼ਾਥ ਦੇਣ ਦੇ ਫ਼ੈਸਲੇ ਦੀ ਖ਼ਬਰ ਦਾ ਪੰਜਾਬ ਦੇ ਰਹਨੁਮਾਵਾਂ ਨੇ ਕੁਦਰਤੀ ਤੌਰ ਤੇ ਮਿਲੇ-ਜੁਲੇ ਜਜ਼ਬਾਤ ਨਾਲ ਸੁਆਗਤ ਕੀਤਾ. ਪੰਜਾਬ ਮੁਸਲਿਮ ਲੀਗ ਨੇ ਇਸ ਨੂੰ ਦਬਾਅ ਦੀ ਇੱਕ ਚਾਲ ਅਤੇ ਚੁਨੌਤੀ ਮੰਨਿਆ. ਦੂਜੀ ਤਰਫ਼, ਲਾਹੌਰ ਤੇ, ਕਾਂਗਰੇਸ ਅਤੇ ਸਿੱਖ ਰਹਿਬਰਾਂ ਨੇ ਇੱਕ ਮਜ਼ਬੂਤ ਬਿਆਨ ਜਾਰੀ ਕੀਤਾ ਅਤੇ ਪਾਕਿਸਤਾਨ ਦੀ ਮੰਗ ਬਾਰੇ ਮੁਖ਼ਾਲਫ਼ਤ ਜ਼ਾਹਰ ਕੀਤੀ. ਇੱਕ ਮੁਤਾਹਿਦ ਬਿਆਨ ਤੇ ਉਨ੍ਹਾਂ ਨੇ ਕਿਹਾ ਲਿ ਉਹ 'ਕਿਸੀ ਵੀ ਹਾਲਾਤ ਵਿੱਚ ਮੁਸਲਿਮ ਲੀਗ ਨੂੰ ਵਜ਼ਾਰਤ ਬਣਾਉਣ ਲਈ, ਥੋੜਾ ਵੀ, ਸਹਾਰਾ ਜਾਂ ਭਰੋਸਾ ਦੇਣ ਦਾ ਖ਼ਿਆਲ ਨਹੀਂ ਰੱਖਦੇ ਨੇ', ਅਤੇ ਉਹ 'ਕਿਸੀ ਵੀ ਸ਼ਕਲ ਅਤੇ ਸੂਰਤ ਵਾਲੇ ਪਾਕਿਸਤਾਨ ਦੀ ਮੁਖ਼ਾਲਫ਼ਤ ਕਰਦੇ ਨੇ' (Carter 2007a: 71). 14 ਮਾਰਚ 1947 ਨੂੰ, ਨਹਿਰੂ ਅਤੇ ਬਲਦੇਵ ਸਿੰਘ ਲਾਹੌਰ ਦੇ ਪ੍ਰਭਾਵਤ ਇਲਾਕਿਆਂ ਦਾ ਦੌਰਾ ਕਰਣ ਆਏ. ਉਨ੍ਹਾਂ ਨੇ ਪੰਜਾਬ ਦੀ ਰਾਜਧਾਨੀ ਤੇ ਵਧਦੇ ਤਸ਼ੱਦਦ ਬਾਰੇ ਗੰਭੀਰ ਚਿੰਤਾ ਜ਼ਾਹਰ ਕੀਤੀ.

ਹਵਾਲਾ

ਅਹਿਮਦ, ਇਸ਼ਤਿਆਕ਼, 'ਦੀ 1947 ਪਾਰਟੀਸ਼ਨ ਔਫ ਪੰਜਾਬ: ਆਰਗੁਮੇਂਟਸ ਪੁਟ ਫੋਰਥ ਬੀਫੋਰ ਦ ਪੰਜਾਬ ਬਾਉਂਡਰੀ ਕਮੀਸ਼ਨ ਬਾਈ ਦ ਪਾਰਟੀਸ ਇਨਵੈਲਵਡ', ਇਅਨ ਟੈਲਬੱਟ ਅਤੇ ਗੁਰਹਰਪਾਲ ਸਿੰਘ (ਏਡੀ) ਰੀਜੀਅਨ ਐਂਡ ਪਾਰਟੀਸ਼ਨ: ਬੇਂਗੱਲ, ਪੰਜਾਬ ਐਂਡ ਦ ਪਾਰਟੀਸ਼ਨ ਔਫ ਦ ਸਬ-ਕੈਂਟੀਨੈਂਟ, (ਵਿੱਚ) ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1999).

ਢੇਕਸੇਲ, ਮਾਰਕੱਸ,'ਡੀਅਰਬੇਨਾਇਜਿੰਗ ਦੀ ਸਿਟੀ: ਕੋਲੋਨਿਉਲ ਕੈਂਗਨੀਸ਼ਨ ਐਂਡ ਦੀ ਪੀਪੁਲ ਔਫ ਲਾਹੌਰ', ਵਿੱਚ ਇਅਨ ਟੈਲਬੱਟ ਅਤੇ ਸ਼ਿਦਰ ਥੰਡੀ (ਏਡੀ), ਪੀਪੁਲ ਐਨ ਦੀ ਮੂਵ: ਪੰਜਾਬੀ ਕੋਲੋਨਿਅਲੀਜਮ, ਐਂਡ ਦ ਪੋਸਟ ਕੋਲੋਨਿਅਲ ਮਾਇਗ੍ਰੇਸ਼ਨ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (2004).

ਗੁਜਰਾਲ, ਐਸ., ਏ ਬ੍ਰਸ਼ ਵਿਥ ਲਾਇਫ: ਐਨ ਆਟੋਬਾਇਉਗ੍ਰਾਫੀ, ਦੇਲਹੀ: ਵਾਇਕਿੰਗ ਬੂਕਸ, (1997).

ਖੋਸਲਾ, ਜੀ.ਡੀ., ਸਟਰਨ ਰੇਕੋਨਿੰਗ, ਦੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1989).

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਐਟੇਕ ਐਨ ਸਿੱਖਸ ਐਂਡ ਹਿੰਦੁਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇੰਡਿਆ, (1991).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 3 ਮਾਰਚ 1947-31 ਮਈ 1947, ਐਟ ਦੀ ਏਬੀਸ ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007a).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ, 1942-47, ਵੋਲ. ੀਯ, 4 ਨਵੰਬਰ 1946 ਤੋਂ 22 ਮਾਰਚ 1947 ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1980).

ਸੈਂਸੱਸ ਔਫ ਇੰਡੀਆ, 1941, ਵੋਲ. ਯੀ,ਪੰਜਾਬ,ਸ਼ਿਮਲਾ:ਗੌਵਰਨਮੇਂਟ ਔਫ ਇੰਡੀਆ ਪ੍ਰੈਸ, (1941).

ਅਖ਼ਬਾਰ

ਪਾਕਿਸਤਾਨ ਟਾਇਮਸ, ਲਾਹੌਰ, 1947

ਟੀ ਟ੍ਰੀਬਯੂਨ, ਲਾਹੌਰ, 1947

ਇੰਟਰਵਿਊ

ਬੀ.ਆਰ.ਚੋਪੜਾ, ਮੁਮਬਈ, 4 ਜਨਵਰੀ 1997

ਅਮਰਨਾਥ ਸਹਗਲ, ਦੇਲਹੀ, 20 ਅਕਤੂਬਰ, 1999

ਨਾਨਕ ਸਿੰਘ ਬ੍ਰੋਕਾ, ਮੁਮਬਈ, 23 ਅਕਤੂਬਰ, 1999

ਅਜ਼ੀਜ਼ ਮਜ਼ਹਰ, ਲੰਡਨ, 18-19 ਮਈ 2002

ਮਿਆਂ ਮਕਸੂਦ ਅਹਿਮਦ, ਲਾਹੌਰ, 3 ਅਪ੍ਰੈਲ 2003

ਮਿਆਂ ਮੁਹੱਮਦ ਸਲੀਮ, ਲਾਹੌਰ, 4 ਅਪ੍ਰੈਲ 2003

ਆਰਿਫ਼ ਖੇਖਰ, ਲਾਹੌਰ, 4 ਅਪ੍ਰੈਲ 2003

ਹਾਜੀ ਅਬਦੁਲ ਰਹਮਾਨ ਗਿੱਲ, ਲਾਹੌਰ, 30 ਦਸੰਬਰ 2004; 29 ਸਤੰਬਰ 2005; 15 ਅਕਤੂਬਰ 2005

ਹੁਕੁਮ ਕੁਰੇਸ਼ੀ, ਲਾਹੌਰ, 20 ਮਾਰਚ 2005

ਸਈਦ ਅਹਿਮਦ ਸਈਦ ਕਿਰਮਾਨੀ, 21 ਮਾਰਚ 2005

ਵਿਮਲ ਇਸਰ, ਦੇਲਹੀ, 30 ਅਕਤੂਬਰ 2005

ਇਕਬਾਲ ਸਿੰਘ, ਦੇਲਹੀ, 31 ਅਕਤੂਬਰ 2005

7

ਮਾਰਚ 1947 ਦੇ ਦੰਗੇ : ਅੱਮ੍ਰਿਤਸਰ ਅਤੇ ਜਲੰਧਰ

ਤਕਸੀਮ ਤੋਂ ਪਹਿਲਾਂ, ਅੱਮ੍ਰਿਤਸਰ ਪੰਜਾਬ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਸੀ. ਇਹ ਲਾਹੌਰ ਦੇ ਬਾਅਦ ਇੱਕ ਵੱਡਾ ਵਪਾਰੀ ਕੇਂਦਰ ਵੀ ਸੀ. 100 ਸਾਲ ਪਹਿਲਾਂ ਇਸ ਦੇ ਲਾਹੌਰ ਤੋਂ ਜ਼ਿਆਦਾ ਵਾਸ਼ਿੰਦੇ ਸਨ. ਇਤਿਹਾਸਕ ਅਤੇ ਮਜ਼ਬੀ ਨਜ਼ਰ ਨਾਲ ਇਹ ਸਿੱਖ ਧਰਮ ਦਾ ਸਭ ਤੋਂ ਅਹਿਮ ਸ਼ਹਿਰ ਸੀ ਕਿਉਂਕਿ ਸਭ ਤੋਂ ਪਵਿੱਤਰ ਅਸਥਾਨ, ਹਰਿਮੰਦਰ ਸਾਹਿਬ ਇਥੇ ਸਥਿਤ ਹੈ.

ਸਿੱਖਾਂ ਦੀ ਜ਼ਿਆਦਾ ਤਦਾਦ ਸ਼ਹਿਰ ਦੇ ਚਾਰੇ ਪਾਸੇ ਪਿੰਡਾ ਤੇ ਸੀ. ਹਿੰਦੂਆਂ ਅਤੇ ਸਿੱਖਾਂ ਦਾ ਅੰਦਰੂਨੀ ਸ਼ਹਿਰ ਤੇ ਦਬਦਬਾ ਸੀ ਜਦ ਕਿ ਮੁਸਲਿਮ ਗੇਟਾਂ ਦੇ ਆਲੇ-ਦੁਆਲੇ ਅਤੇ, ਸ਼ਰੀਫ਼ਪੁਰਾ, ਰੇਲਵੇ ਲਾਈਨ ਦੇ ਲਾਗੂ, ਵਰਗੇ ਵੱਡੇ ਇਲਾਕੇ ਤੇ ਰਹਿੰਦੇ ਸੀ. ਹਾਲਾਂਕਿ, ਹਿੰਦੂ ਅਤੇ ਸਿੱਖ ਸਮੁਦਾਇ ਜ਼ਿਆਦਾ ਅਮੀਰ ਸਨ, ਮੁਸਲਿਮ ਵਪਾਰੀ ਵੀ ਉਭਰੇ ਹੋਏ ਸੀ, ਅਤੇ ਇਸ ਕਰ ਕੇ ਆਰਥਿਕ ਮਾਮਲੇ ਤੇ ਗੈਰ-ਮੁਸਲਿਮਾਂ ਦਾ ਪਲੜਾ ਪੂਰੀ ਤਰ੍ਹਾਂ ਭਾਰੀ ਨਹੀਂ ਸੀ. ਮੁਸਲਿਮ ਹੋਰ ਹਿੰਦੂ-ਸਿੱਖ ਗੁਟ ਲੱਗਭਗ ਸ਼ਹਿਰ ਤੇ ਇੱਕ ਵਰਗੀ ਤਦਾਦ ਤੇ ਸੀ, ਜਦ ਕਿ ਪੂਰੇ ਜ਼ਿਲ੍ਹੇ ਤੇ ਮੁਸਲਿਮ ਇੱਕ ਮਾਇਨਾਰਿਟੀ (ਅਲਪਸੰਖਅਕ) ਸਨ. ਅੱਮ੍ਰਿਤਸਰ, ਲਾਹੌਰ ਡਿਵੀਜ਼ਨ ਦਾ ਇਕੱਲਾ ਜ਼ਿਲ੍ਹਾ ਸੀ, ਜਿਸ ਵਿੱਚ ਗੈਰ-ਮੁਸਲਿਮਾਂ ਦੀ ਮਜਾਰਿਟੀ (ਬਹੁਸੰਖਅਕਤਾ) ਸੀ. ਅੱਮ੍ਰਿਤਸਰ ਅਤੇ ਲਾਹੌਰ ਵਿੱਚ ਦੀ ਦੂਰੀ 30 ਮੀਲ ਜਾਂ ਲੱਗਭਗ 48 ਮੀਲ ਤੋਂ ਥੋੜਾ ਜ਼ਿਆਦਾ ਸੀ. ਦੋਵੇਂ ਸ਼ਹਿਰਾਂ ਵਿੱਚ ਬਾਕਾਇਦਾ ਪਰਸਪਰ ਪ੍ਰਭਾਵ, ਵਪਾਰ ਅਤੇ ਕਾਰੋਬਾਰ ਅਤੇ ਤੇਜ ਸੜਕ ਹੋਰ ਰੇਲ ਦੁਆਰਾ ਆਵਾਜਾਈ ਨਾਲ ਹੁੰਦਾ ਸੀ. ਮਾਰਚ 1947 ਤੇ ਅੱਮ੍ਰਿਤਸਰ ਦੇ ਇੰਤਜਾਮਿਆ ਪ੍ਰਮੁਖ ਜੇ.ਡੀ.ਫ੍ਰੇਜਰ ਸਨ.

1941 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ ਆਬਾਦਿਅਤ ਦਾ ਖ਼ਾਕਾ		
ਅੱਮ੍ਰਿਤਸਰ ਸ਼ਹਿਰ ਦੀ ਕੁੱਲ ਆਬਾਦੀ (ਮਯੂਨਿਸਿਪੈਲਿਟੀ ਅਤੇ ਛਾਉਣੀ ਨੂੰ ਲੈ ਕੇ)	**ਤਦਾਦ**	**ਹਿੱਸਾ(%)**
ਸ਼ਾਰੇ ਸਮੁਦਾਇ	390,930	100.00
ਮੁਸਲਿਮ	183,850	47.00
ਹਿੰਦੂ ਅਤੇ ਸਿਡਯੂਲਡ ਕਾਸਟ	144,010	36.80
ਸਿੱਖ	58,769	15.00
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	4,319	1.10
ਅੱਮ੍ਰਿਤਸਰ ਜ਼ਿਲ੍ਹਾ	**ਤਦਾਦ**	**ਹਿੱਸਾ(%)**
ਸ਼ਾਰੇ ਸਮੁਦਾਇ	1,413,876	100.00
ਮੁਸਲਿਮ	657,695	46.50
ਹਿੰਦੂ ਅਤੇ ਸਿਡਯੂਲਡ ਕਾਸਟ	216,778	15.30

ਸਿੱਖ	510,845	36.10
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	28,540	2.00

ਪੰਜਾਬ ਦੀ ਵਜ਼ਾਰਤ ਦੇ 2 ਮਾਰਚ ਦੇ ਪਤਨ ਦੀ ਖ਼ਬਰ, ਅਤੇ ਇਸ ਦੇ ਬਾਅਦ ਦੂਜੇ ਦਿਨ ਇੱਕ ਬੇਹਦ ਨਾਟਕੀ ਦੂਜੀ ਖ਼ਬਰ, ਜਿਸ ਵਿੱਚ ਮਾਸਟਰ ਤਾਰਾ ਸਿੰਘ ਦੀ ਪੰਜਾਬ ਅਸੈਮਬਲੀ ਦੇ ਬਾਹਰ ਕਿਰਪਾਨ ਲਹਰਾਉਣ ਦਾ ਜ਼ਿਕਰ ਸੀ, ਉਸੇ ਦਿਨ ਅੱਮ੍ਰਿਤਸਰ ਪਹੁੰਚੀ ਕਿਉਂਕਿ ਇਥੇ ਰਹਿਣ ਵਾਲੇ ਦਿਹਾੜੀ ਦਾ ਕੱਮ ਕਰ ਕੇ ਲਾਹੌਰ ਤੋਂ ਵਾਪਸ ਆਏ. ਸਿੱਖ, ਜੋ ਮੁਸਲਿਮਾਂ ਦੀ ਤਰ੍ਹਾਂ ਇੱਕ ਬੇਹਦ ਜਜ਼ਬਾਤੀ ਅਤੇ ਭੜਕ ਜਾਣ ਵਾਲੇ ਇਨਸਾਨ ਨੇ, ਕਈ ਹਫ਼ਤੇਆਂ ਤੋਂ ਬਹੁਤ ਫ਼ਿਕਰਮੰਦ ਹੋ ਕੇ ਸੜਕਾਂ ਤੇ ਮੁਸਲਿਮ ਤਾਕਤ ਦਾ ਮੁਜਾਹਿਰਾ, ਵੇਖ ਰਹੇ ਸੀ. ਹੁਣ, ਮਾਸਟਰ ਤਾਰਾ ਸਿੰਘ ਨੇ ਪੁਕਾਰ ਦਿੱਤੀ ਕਿ ਮੁਸਲਿਮਾਂ ਦਾ ਸਿੱਧਾ ਮੁਕਾਬਲਾ ਕੀਤਾ ਜਾਵੇ, ਅਤੇ ਹਾਲਾਤ ਉਥਾਲੇ ਤੇ ਪਹੁੰਚ ਗਏ. ਸਿਰਫ਼, ਇੱਕ ਭੜਕਾਹਣ ਦੀ ਜ਼ਰੂਰਤ ਸੀ ਤਾਂਕਿ ਦੋਵੇ ਸਮੂਹ ਆਪਸ ਤੇ ਭਿੜ ਜਾਂਦੇ. ਇਸ ਦਾ ਮੌਕਾ 4 ਮਾਰਚ ਨੂੰ ਆਇਆ ਜਦ ਕੁੱਝ ਅਕਾਲੀ ਅੱਮ੍ਰਿਤਸਰ ਦੇ ਮੁੱਖ ਚੌਕਾਂ ਤੇ, ਤਾਂਗੇ ਤੇ ਨਗਾਰਾ ਵਜਾਂਦੇ ਹੋਏ ਘੁਮਦੇ ਰਹੇ. ਇਫ਼ਤਿਖ਼ਾਰ ਦੇ ਮੁਤਾਬਕ (1991:95), ਜਿਨ੍ਹਾਂ ਦੀ ਜਾਣ-ਪਛਾਣ, 1947 ਦੇ ਅੱਮ੍ਰਿਤਸਰ ਦੇ ਹਾਲਾਤ ਉਪਰ ਲਿਖੀ ਇੱਕ ਖ਼ਾਸ ਅਤੇ ਵੱਡੀ ਕਿਤਾਬ ਦੇ ਇੱਕ ਲੇਖਕ ਦੇ ਤੌਰ ਤੇ, ਮੈਂ ਸ਼ੁਰੂਆਤੀ ਅਧਿਆਇ ਤੇ ਕਰਾ ਦਿੱਤੀ ਹੈ, ਲਿਖਦੇ ਨੇ ਕਿ ਸਿੱਖ ਚੀਕ ਕੇ ਬੋਲ ਰਹੇ ਸੀ:

ਜੋ ਮਾਂਗੇ ਪਾਕਿਸਤਾਨ
ਉਸ ਕੋ ਦੇਂਗੇ ਕਬਰਿਸਤਾਨ
ਨਹੀਂ ਬਨੇਗਾ ਪਾਕਿਸਤਾਨ
ਬਨ ਕੇ ਰਹੇਗਾ ਸਿੱਖਿਸਤਾਨ

ਜਦ ਉਹ ਮੁੱਖ ਸ਼ਹਿਰ ਦੇ ਮੱਧ ਤੇ, ਹਾਲ ਬਾਜ਼ਾਰ ਦੀ ਗੋਲ ਹੱਟੀ ਪਹੁੰਚੇ, ਉਹ ਫਿਰ ਨਗਾਰਾ ਵਜਾਉਣ ਲਗੇ ਅਤੇ ਇੱਕ ਭੀੜ ਇਕੱਠਾ ਹੋ ਗਈ. ਇਸ ਦੇ ਬਾਅਦ ਇੱਕ ਬੰਦੇ ਨੇ ਮੁਸਲਿਮਾਂ ਦੇ ਖ਼ਿਲਾਫ਼ ਭਾਸ਼ਣ ਦਿੱਤਾ. ਇੱਕ ਦੁਕਾਨ ਦੇ ਮਾਲਕ ਜੋ ਕਿਰਪਾਨਾਂ ਬਣਾਉਣ ਤੇ ਮਾਹਿਰ ਸਨ, ਸਿੱਖਾਂ ਵਿੱਚ ਕ੍ਰਿਪਾਨਾਂ ਵੰਡਣ ਲਗੇ. ਮੁਸਲਿਮਾਂ ਨੇ ਜਵਾਬੀ ਚੀਕਾਂ ਮਾਰਿਆਂ:

ਬਣ ਕੇ ਰਹੇਗਾ ਪਾਕਿਸਤਾਨ
ਲੈ ਕੇ ਰਹੇਂਗੇ ਪਾਕਿਸਤਾਨ (Ibid: 96)

ਨਤੀਜਤਨ, ਗੋਲ ਹੱਟੀ ਦੇ ਚੌਕ ਤੇ, ਇਨ ਦੋ ਸਮੂਹਾਂ ਦੇ ਵਿੱਚ, ਕਈ ਤਸ਼ੱਦਦੀ ਝਗੜੇਆਂ ਦੀ ਲੜੀ ਦਾ ਪਹਿਲਾ ਝਗੜਾ ਹੋਇਆ. ਮੁਸਲਿਮਾਂ ਨੇ ਰੋੜੇ, ਇੱਟਾਂ ਅਤੇ ਸੋਡਾ ਪਾਣੀ ਦੀ ਬੋਤਲਾਂ ਸੁੱਟਿਆਂ, ਜਦ ਕਿ ਸਿੱਖਾਂ ਨੇ ਕਿਰਪਾਨਾਂ ਨਾਲ ਹਮਲੇ ਕੀਤੇ. ਪੁਲਿਸ ਪਹੁੰਚੀ ਅਤੇ ਬਾਜ਼ਾਰ ਬੰਦ ਕਰਣ ਦਾ ਹੁਕਮ ਦਿੱਤਾ. ਅਫ਼ਵਾਹ ਫੈਲ ਗਈ ਕਿ ਸਿੱਖਾਂ ਨੇ ਸੱਤ ਮੁਸਲਿਮਾਂ ਨੂੰ ਫਾਊਨਟੇਨ ਇਸਕਵਾਇਰ ਤੇ ਹਲਾਕ ਕਰ ਦਿੱਤਾ ਸੀ, ਅਤੇ ਦਰਬਾਰ

ਸਾਹਿਬ ਦੇ ਲਾਗੂ, ਇੱਕ ਤਾਂਗੇਵਾਲੇ ਦਾ ਹੱਥ ਵੱਡ ਦਿੱਤਾ ਗਿਆ ਸੀ. ਜਦ ਕਿ ਇਹ ਅਫ਼ਵਾਹ ਹਲੀ ਠਡੀ ਨਈਂ ਪਈ ਸੀ ਕਿ ਇੱਕ ਮੁਸਲਿਮ ਰਾਹਗੀਰ ਦਾ ਹਿੰਦੂ ਜਨੂਨੀਆਂ ਨੇ ਕਤਲ ਕਰ ਦਿੱਤਾ. ਇਸ ਖ਼ਬਰ ਨੂੰ ਸੁਣ ਕੇ ਮੁਸਲਿਮ ਬੇਹਦ ਗੁੱਸੇ ਹੋ ਗਏ. ਇਸ ਦੇ ਚਲਦਿਆਂ *ਮੇਹਰਾਜ ਦੀਨ ਉਰਫ਼ ਭੋਲਾ, ਅਨਵਰ ਮਿੰਟੋ, ਮੁਸ ਪਹਿਲਵਾਨ, ਨਸੀਰ ਖ਼ਾਨ, ਬਸ਼ੀਰ ਪਹਾੜਿਆ, ਮੌਲਵੀ ਹਸਨ, ਰਫ਼ੀਕ ਗੋਟੇਵਾਲਾ, ਜਾਵਾ, ਗੋਗੀ* ਅਤੇ *ਗਾਮੀ* ਬਦਲਾ ਲੈਣ ਨਿਕਲੇ. ਇੱਕ ਖੁੱਲ੍ਹੇ-ਆਮ ਲੜਾਈ ਸ਼ੁਰੂ ਹੋ ਗਈ ਜਿਸ ਵਿੱਚ ਰੋੜੇ, ਇੱਟਾਂ, ਚਾਕੂਆਂ, ਤਲਵਾਰਾਂ ਅਤੇ ਸੋਡਾ ਪਾਣੀ ਦੀ ਬੋਤਲਾਂ ਦਾ ਇਸਤੇਮਾਲ ਕੀਤਾ ਗਿਆ. ਇਫ਼ਤਿਖ਼ਾਰ ਦੇ ਮੁਤਾਬਕ, ਗੈਰ-ਮੁਸਲਿਮ ਨੱਸ ਗਏ. ਮੁਸਲਿਮ ਦਬੰਗ ਸਿੱਖਾਂ ਦੁਆਰਾ ਹਲਾਕ ਕੀਤੇ ਆਪਣੇ ਮਜ਼ਬੀ ਸਾਥਿਆਂ ਦੀ ਲਾਸ਼ਾਂ ਨੂੰ ਲੈ ਕੇ ਵਾਪਸ ਆ ਰਹੇ ਸੀ; ਤਦ ਉਨਾਂ ਦਾ ਟਾਕਰਾ ਸਿੱਖ ਅਤੇ ਹਿੰਦੂ ਹਮਰੁਤਬਾਵਾਂ ਨਾਲ ਹੋਇਆ ਅਤੇ ਇੱਕ ਹੋਰ ਫ਼ਸਾਦ ਸ਼ੁਰੂ ਹੋ ਗਿਆ. ਇਸ ਵਾਰ, ਮੁਸਲਿਮਾਂ ਨੇ ਆਪਣੇ ਸਹ-ਧਰਮਿਆਂ ਦੀ ਮੌਤਾਂ ਅਤੇ ਜ਼ਖ਼ਮਾਂ ਦਾ ਬਦਲਾ ਲੀਤਾ. ਗੈਰ-ਮੁਸਲਿਮਾਂ ਦੀ ਲਾਸ਼ਾਂ ਨੂੰ ਖੂਹਾਂ ਵਿੱਚ ਸੁੱਟ ਦਿੱਤਾ ਗਿਆ, ਜਾਂ ਰੇੜੇਆਂ ਤੇ ਪਾ ਕੇ ਬੈਜਨਾਥ ਹਾਈ ਸਕੂਲ ਦੇ ਨਜਦੀਕ, ਇੱਕ ਪਾਨੀ ਦੇ ਧਾਰੇ ਵਿੱਚ ਸੁੱਟ ਦਿੱਤੀ ਗਈਆਂ (Ibid:97).

ਮਹਾਨ ਸਿੰਘ ਗੇਟ ਅਤੇ ਚੌਕ ਫ਼ਰੀਦ ਤੇ ਮੁਕਾਬਲਾ

ਅੱਮ੍ਰਿਤਸਰ ਹੁਣ ਮੁਸਲਿਮ ਅਤੇ ਹਿੰਦੂ-ਸਿੱਖ ਹਥਿਆਰਬੰਦ ਗੁਟਾਂ ਦੇ ਵਿੱਚ ਤਾਕਤ ਦੀ ਅਜਮਾਇਸ਼ ਲਈ ਤਿਆਰ ਸੀ. ਫੂਲਾ ਸਿੰਘ ਬੁਰਜ ਦੇ ਅਕਾਲੀਆਂ ਨੇ, ਬੰਦੂਕਾਂ ਅਤੇ ਛੁਰੇ ਲੈ ਕੇ ਮਹਾਨ ਸਿੰਘ ਗੇਟ ਦੇ ਮੁਸਲਿਮਾਂ ਉਪਰ 5 ਮਾਰਚ ਨੂੰ ਹਮਲਾ ਕੀਤਾ ਮਗਰ ਕਟਰਾ ਮਹਾਨ ਸਿੰਘ, ਕੂਚਾ ਦਬਗਰਾਂ ਅਤੇ ਛੀਲ ਮੰਡੀ ਦੇ ਮੁਸਲਿਮਾਂ ਦੀ ਮੁਤਾਹਦ ਕੋਸ਼ਿਸ਼ ਨਾਲ ਉਨ੍ਹਾਂ ਨੂੰ ਪਿਛੇ ਹਟਾ ਦਿੱਤਾ ਗਿਆ. ਦੋਨੋ ਤਰਫ਼ ਲੋਕ ਜ਼ਖ਼ਮੀ ਅਤੇ ਹਲਾਕ ਹੋਏ, ਪਰ ਇਫ਼ਤਿਖ਼ਾਰ ਦੇ ਮੁਤਾਬਕ, ਸਿੱਖਾਂ ਦਾ ਜ਼ਿਆਦਾ ਨੁਕਸਾਨ ਹੋਇਆ. ਅਗਲੇ ਦਿਨ, ਸਿੱਖਾਂ ਨੇ ਚੌਕ ਫ਼ਰੀਦ ਦੇ ਮੁਸਲਿਮਾਂ ਉਪਰ ਹਮਲਾ ਕੀਤਾ. ਦਰਬਾਰ ਸਾਹਿਬ ਤੋਂ ਮਸ਼ਹੂਰ ਅਕਾਲੀ ਆਗੂ ਉਧਮ ਸਿੰਘ ਨਗੋਕੇ ਅਤੇ ਇੱਕ ਬਦਨਾਮ ਹਿੰਦੂ ਗੁੰਡਾ ਬਿਜਲੀ ਪਹਿਲਵਾਨ ਦੇ ਬੇਟੇ ਮਦਨ ਨੇ ਬੰਦੂਕਾਂ ਬਰਛੀ ਅਤੇ ਦੂਜੇ ਹਥਿਆਰਾਂ ਸਮੇਤ, ਹਮਲੇ ਦੀ ਅਗਵਾਈ ਕੀਤੀ. ਮੁਸਲਿਮਾਂ ਨੇ ਵੀ ਪੂਰਾ ਮੁਕਾਬਲਾ ਕੀਤਾ ਜਿਸ ਵਿੱਚ ਔਰਤਾਂ ਵੀ ਸ਼ਾਮਲ ਹੋਇਆਂ. ਦੋਨੋ ਤਰਫ਼ ਲੋਕ ਜ਼ਖ਼ਮੀ ਅਤੇ ਹਲਾਕ ਹੋਏ. ਚੌਕ ਫ਼ਰੀਦ ਦੇ ਮੁਕਾਬਲੇ ਤੋਂ ਵਾਪਸ ਆਉਂਦੇ ਵਕਤ, ਸਿੱਖਾਂ ਅਤੇ ਹਿੰਦੂਆਂ ਨੇ ਕਟਰਾ ਜੈਮਲ ਸਿੰਘ ਤੇ ਮੁਸਲਿਮਾਂ ਦੀ ਦੁਕਾਨਾਂ ਅਤੇ ਦੂਜੀ ਇਮਾਰਤਾਂ ਨੂੰ ਅੱਗ ਲਗਾ ਦਿੱਤੀ. ਕਈ ਮਿਲਿਅਨ ਰੁਪਏ ਦਾ ਨੁਕਸਾਨ ਹੋਇਆ (Iftikhar, 1991:100–107). ਇਅਨ ਟੈਲਬੱਟ ਜਿਨ੍ਹਾਂ ਨੇ ਅੱਮ੍ਰਿਤਸਰ ਤੇ ਕੁੱਝ ਸਾਲ ਪਹਿਲਾਂ ਸ਼ੋਧ ਕੀਤਾ ਸੀ, ਉਸ ਨੇ ਵਾਕਿਆਵਾਂ ਦਾ ਸਾਫ਼ ਵੇਰਵਾ ਦਿੱਤਾ ਹੈ. ਇਫ਼ਤਿਖ਼ਾਰ ਅਤੇ ਦੂਜੇ ਲੇਖਕ, ਚੌਧਰੀ ਮੋਹਮਦ ਸੈਦ ਦਾ ਹਵਾਲਾ ਦੇਂਦੇ ਹੋਏ, ਟੈਲਬੱਟ ਨੇ ਜ਼ਿਕਰ ਕੀਤਾ ਕਿ 6 ਮਾਰਚ ਨੂੰ ਅੱਮ੍ਰਿਤਸਰ ਸ਼ਹਿਰ ਜਲ ਰਿਹਾ ਸੀ (2004:83–4).

ਐਸ.ਜੀ.ਪੀ.ਸੀ. ਦੀ ਰਿਪੋਰਟ

ਐਸ.ਜੀ.ਪੀ.ਸੀ. ਦੀ ਰਿਪੋਰਟ ਨੇ ਵਾਕਿਆਵਾਂ ਦਾ ਇੱਕ ਅਲਗ ਕਾਲ-ਕ੍ਰਮ ਪੇਸ਼ ਕੀਤਾ ਹੈ. ਇਹ ਦਾਅਵਾ ਕੀਤਾ ਗਿਆ ਕਿ ਅੱਮ੍ਰਿਤਸਰ ਮੁਸਲਿਮ ਲੀਗ ਦੇ ਮੁਸਲਿਮਾਂ ਨੇ 3 ਮਾਰਚ ਨੂੰ ਇੱਕ ਕਮੇਟੀ ਤਿਆਰ ਕੀਤੀ, ਜਿਸ ਦਾ

ਮਕਸਦ, ਜ਼ਖ਼ਮੀ ਲੋਕਾਂ ਦਾ ਸ਼ੁਰੂਆਤੀ ਇਲਾਜ਼ ਕਰਾਉਣਾ ਸੀ. ਇਹ ਇੱਕ ਲੰਬੇ ਚਲਣ ਵਾਲੇ ਮੁਕਾਬਲੇ ਦੇ ਮਨਸੂਬੇ ਦਾ ਸੂਚਕ ਸੀ. ਇਸ ਦੇ ਇਲਾਵਾ, ਰਿਪੋਰਟ ਨੇ ਲਿਖਿਆ ਕਿ ਮੁਸਲਿਮ ਹਥਿਆਰ ਅਤੇ ਪੇਟ੍ਰੋਲ ਇਕੱਠਾ ਕਰ ਰਹੇ ਸੀ ਅਤੇ ਪੁਲਿਸ ਹੋਰ ਦੂਜੇ ਹਕੂਮਤੀ ਅਧਿਕਾਰੀ ਉਨ੍ਹਾਂ ਦਾ ਸਾਥ ਦੇ ਰਹੇ ਸੀ. ਮੁਸਲਿਮ ਸਿੱਖਾਂ ਦੇ ਸਭ ਤੋਂ ਅਹਿਮ ਸ਼ਹਿਰ ਤੇ, ਉਨਾਂ ਦਾ ਹੌਸਲਾ, ਪਸਤ ਕਰ ਦੇਨਾ ਚਾਹੁੰਦੇ ਸੀ. ਅਗਰ ਇਹ ਹੋ ਜਾਉਂਦਾ, ਤੇ ਪਾਕਿਸਤਾਨ ਨੂੰ ਜ਼ਬਰਨ ਬਣਾਉਣ ਦੇ ਵੱਡੇ ਮਨਸੂਬੇ, ਦਾ ਵਿਰੋਧ ਕਮਜੋਰ ਹੋ ਕੇ ਨਾਕਾਮਯਾਬ ਹੋ ਜਾਂਦਾ. ਇਸ ਰਿਪੋਰਟ ਨੇ ਇਲਜ਼ਾਮ ਲਗਾਇਆ ਕਿ 4 ਮਾਰਚ ਨੂੰ ਮੁਸਲਿਮ ਲੀਗ ਨੇ ਹਮਲੇ ਦੀ ਤਿਆਰੀ ਕਰ ਲੀਤੀ ਸੀ ਅਤੇ 5 ਮਾਰਚ ਨੂੰ ਤਸ਼ੱਦਦ (ਹਿੰਸਾ) ਸ਼ੁਰੂ ਹੋ ਗਿਆ. ਰਿਪੋਰਟ ਜੋਰ ਦੇਂਦੀ ਹੈ ਕਿ ਤਿੰਨ ਜਾਂ ਚਾਰ ਸਿੱਖ, ਸ਼ਿਰੋਮਣੀ ਅਕਾਲੀ ਦੱਲ ਦੇ ਵੱਲੋਂ, ਇੱਕ ਐਲਾਨ ਕਰਦੇ ਹੋਏ ਘੁਮ ਰਹੇ ਸੀ ਕਿ ਸ਼ਾਮ ਨੂੰ, ਮੁਸਲਿਮ ਲੀਗ ਦੀ ਪਾਕਿਸਤਾਨ ਕਾਇਮੀ ਕਰਣ ਦੀ ਮੁਹਿੱਮ ਬਾਰੇ ਗੱਲਬਾਤ ਕਰਣ ਲਈ, ਇੱਕ ਆਮ ਸਭਾ ਦਾ ਆਯੋਜਨ ਕੀਤਾ ਜਾਵੇਗਾ. ਉਨ੍ਹਾਂ ਦੇ ਉਪਰ ਚੌਕ ਮੋਨੀ ਤੇ ਮੁਸਲਿਮਾਂ ਨੇ ਪੱਥਰਾਂ ਨਾਲ ਹਮਲਾ ਅਤੇ ਇੱਕ ਸਿੱਖ, ਭਾਈ ਮੰਗਲ ਸਿੰਘ ਦੀ ਮੌਤ ਹੋ ਗਈ (1991: 144–6). ਰਿਪੋਰਟ ਨੇ ਇਹ ਤਿਲਜ਼ਾਮ ਵੀ ਲਗਾਇਆ ਕਿ ਹਜ਼ਾਰਾਂ ਦੀ ਤਦਾਦ ਦੇ ਮੁਸਲਿਮ ਪੂਰੇ ਸ਼ਹਿਰ ਤੇ, ਛੋਟੇ ਛੋਟੇ ਦਸਤੇ ਬਣਾਉਣ ਲਗੇ ਅਤੇ ਸ਼ਹਿਰ ਤੇ ਦਾਖ਼ਲ ਹੋਣ ਵਾਲੇ ਸਾਰੇ ਰਾਹ ਬੰਦ ਕਰ ਦਿੱਤੇ.

4 ਵਜੇ (ਸ਼ਾਹਿਦ ਦੁਪਹਿਰ), ਬੇਖੌਫ਼ ਘੁਮਦੇ ਹਿੰਦੂਆਂ ਅਤੇ ਸਿੱਖਾਂ ਉਪਰ ਮੁਸਲਿਮਾਂ ਨੇ ਹਮਲਾ ਕਰ ਦਿੱਤਾ, ਅਤੇ ਕਈਆਂ ਨੂੰ ਮੁੱਖ ਵਪਾਰੀ ਕੇਂਦਰ, ਹਾਲ ਬਾਜ਼ਾਰ ਤੇ ਹਲਾਕ ਕਰ ਦਿੱਤਾ ਗਿਆ. ਇਸ ਦੇ ਬਾਅਦ, ਮੁਸਲਿਮ ਹਰ ਤਰਫ਼ ਲੁਟ-ਮਾਰ ਕਰਣ ਲਗੇ. ਪੁਲਿਸ ਚੁੱਪ-ਚਾਪ ਖੜ੍ਹੀ ਰਹੀ, ਹਾਲਾਂਕਿ ਇਹ ਵਾਰਦਾਤ ਸ਼ਹਿਰ ਦੀ ਕੋਤਵਾਲੀ ਪੁਲਿਸ ਸਟੇਸ਼ਨ ਦੇ ਨਜਦੀਕ ਹੋਈ. ਬਾਅਦ ਤੇ ਸ਼ਾਮ 5 ਵਜੇ ਕਈ ਸਿੱਖ ਮਜਦੂਰਾਂ ਨੂੰ ਮਾਰ ਦਿੱਤਾ ਗਿਆ ਜਦ ਉਹ ਕਾਰਖਾਨੇ ਤੋਂ ਬਾਹਰ ਆਏ (Ibid: 147–8).

ਐਸ.ਜੀ.ਪੀ.ਸੀ. ਦੀ ਰਿਪੋਰਟ ਤੇ ਜੋਰ ਦਿੱਤਾ ਗਿਆ ਹੈ ਕਿ, ਚੂੰਕਿ ਹਿੰਦੂ ਅਤੇ ਸਿੱਖ ਸ਼ਹਿਰ ਦੇ ਕੇਂਦਰ ਤੇ ਰਹਿੰਦੇ ਸੀ, ਉਨ੍ਹਾਂ ਨੂੰ, ਸ਼ਹਿਰ ਦੇ ਬਾਹਰੀ ਮਹੱਲਿਆਂ ਤੇ ਰਹਿਣ ਵਾਲੇ ਮੁਸਲਿਮਾਂ ਨੇ ਘੇਰ ਕੇ ਰੱਖਿਆ ਸੀ. ਅਤੇ ਜਦ ਗੜਬੜੀ ਸ਼ੁਰੂ ਹੋਈ, ਮੁਸਲਿਮ ਘਿਰੇ ਹੋਏ ਹਿੰਦੂਆਂ ਅਤੇ ਸਿੱਖਾਂ ਉੱਪਰ, ਹਮਲਾ ਕਰਣ ਲਈ, ਸਾਫ਼ ਤੌਰ ਤੇ, ਬਿਹਤਰ ਹਾਲਤ ਤੇ ਸਨ. ਇਸ ਦੇ ਇਲਾਵਾ, ਹਮਲਿਆਂ ਵਿੱਚ ਹਿੱਸਾ ਲੈਣ ਵਾਲੇ ਕਈ ਲੋਕਾਂ ਨੇ, ਮੁਸਲਿਮ ਲੀਗ ਨੈਸ਼ਨਲ ਗਰਡਾਂ ਦੀ ਵਰਦੀ ਅਤੇ ਸਟੀਲ ਹੇਲਮੇਟਾਂ ਪਾਈ ਹੋਈ ਸੀ. ਹੋਰ, ਅੱਮ੍ਰਿਤਸਰ ਦਾ ਮੁਸਲਿਮ ਇੰਤਜ਼ਾਮਿਆ, ਜਿਸ ਵਿੱਚ ਡਾਕਟਰ ਅਤੇ ਦੂਜਾ ਸਟਾਫ਼ ਸ਼ਾਮਲ ਸੀ, ਉਨ੍ਹਾਂ ਦੇ ਕੋਲ ਲਾਏ ਜ਼ਖ਼ਮੀ ਗੈਰ-ਮੁਸਲਿਮਾਂ ਦਾ ਇਲਾਜ਼ ਕਰਣ ਤੋਂ ਉਨ੍ਹਾਂ ਨੇ ਮਨ੍ਹਾਂ ਕਰ ਦਿੱਤਾ.

ਰੇਲਗੱਡੀ ਉਪਰ ਹਮਲਾ

ਅੱਮ੍ਰਿਤਸਰ ਆਉਣ ਵਾਲੀ ਇੱਕ ਗੱਡੀ ਤੇ, ਅਮਿਰ੍ਤਸਰ ਦੇ ਬਾਹਰ ਪਰ ਬਿਲਕੁਲ ਨਜਦੀਕ, ਇੱਕ ਮੁਸਲਿਮ ਮਹੱਲੇ ਸ਼ਰੀਫ਼ਪੁਰਾ ਤੇ ਇੱਕ ਬਦਕਾਰੀ ਹਮਲਾ ਹੋਇਆ, ਜਿਸ ਵਿੱਚ ਹਿੰਦੂਆਂ ਅਤੇ ਸਿੱਖਾਂ ਦੇ ਟੋਟੇ ਟੋਟੇ ਕਰ ਦਿੱਤੇ ਗਏ. ਮਾਰਚ 1947 ਦੇ ਸ਼ੁਰੂਆਤੀ ਦੌਰ ਤੇ ਅੱਮ੍ਰਿਤਸਰ ਤੇ ਹੋਏ ਫ਼ਿਰਕੂ ਤਸ਼ੱਦਦ ਦੇ ਬਾਰੂਦ ਲਈ, ਇਸ ਵਾਰਦਾਤ ਨੇ ਇੱਕ ਹੋਰ ਚਿਣਗਾਰੀ ਦਾ ਕੱਮ ਕੀਤਾ. ਗੱਡੀ ਦੇ ਕਤਲੇਆਮ ਬਾਰੇ, ਅੱਮ੍ਰਿਤਸਰ ਅਤੇ

ਲਾਹੌਰ ਤੇ ਮੈਂ ਕਈ ਲੋਕਾਂ ਨਾਲ ਗੱਲ ਕੀਤੀ. ਉਨ੍ਹਾਂ ਨੂੰ ਯਾਦ ਸੀ ਕਿ ਇਹ ਵਾਰਦਾਤ ਸ਼ਰੀਫਪੁਰਾ ਤੇ ਹੋਈ ਸੀ, ਜੋ ਅੱਮ੍ਰਿਤਸਰ ਸ਼ਹਿਰ ਦੇ ਬਾਹਰੀ ਹਿੱਸੇ ਦਾ ਇੱਕ ਮੁਸਲਿਮ ਮਹੱਲਾ ਸੀ, ਅਤੇ ਇਸ ਨੇ ਬਾਅਦ ਦੇ ਦਿਨਾਂ ਤੇ, ਤਸ਼ੱਦਦ ਤੇ ਇਜ਼ਾਫ਼ਾ ਕੀਤਾ, ਹਾਲਾਂਕਿ ਹੈਰਾਨੀ ਦੀ ਗੱਲ ਹੈ ਕਿ ਸਰਕਾਰੀ ਜਾਂ ਮੁੱਖ ਸਚਿਵ ਦੀ ਰਿਪੋਰਟਾਂ ਤੇ, ਇਸ ਦਾ ਕੋਈ ਜ਼ਿਕਰ ਨਹੀਂ ਹੈ. ਐਸ.ਜੀ.ਪੀ.ਸੀ. ਦੀ ਰਿਪੋਰਟ ਨੇ ਟ੍ਰੇਨ ਤੇ ਹਮਲੇ ਦੀ ਤਾਰੀਖ 6 ਮਾਰਚ ਦਿੱਤੀ ਹੈ. ਰਿਪੋਰਟ ਨੇ ਇਹ ਇਲਜ਼ਾਮ ਲਗਾਇਆ ਕਿ ਮੁਸਲਿਮਾਂ ਨੇ ਨਾ ਸਿਰਫ਼ ਹਿੰਦੂ ਅਤੇ ਸਿੱਖ ਬੰਦੇਆਂ ਨੂੰ ਹਲਾਕ ਕੀਤਾ, ਪਰ ਔਰਤਾਂ ਅਤੇ ਬੱਚੇਆਂ ਨੂੰ ਵੀ ਮਾਰ ਦਿੱਤਾ (ਪ.151). ਜਸਟਿਸ ਖੋਸਲਾ (ਪ. 102) ਅਤੇ ਲਾਹੌਰ ਦਾ *ਦੀ ਟ੍ਰਿਬਯੂਨ* (8 ਮਾਰਚ 1947) ਵੀ ਜ਼ਿਕਰ ਕਰਦਾ ਹੈ ਕਿ ਇਹ ਜ਼ੁਲਮ 6 ਮਾਰਚ ਨੂੰ ਹੋਇਆ.

ਇਫ਼ਤਿਖ਼ਾਰ ਨੇ ਇਸ ਟ੍ਰੇਨ ਦੀ ਵਾਰਦਾਤ ਦਾ ਤਫ਼ਸੀਲੀ ਨਾਲ ਵੇਰਵਾ ਦਿੱਤਾ ਹੈ. ਉਨ੍ਹਾਂ ਦੇ ਮੁਤਾਬਕ, ਇਹ ਹਮਲਾ, ਚੌਕ ਪ੍ਰਾਗਦਾਸ ਤੇ 6–7 ਮਾਰਚ ਦੀ ਰਾਤ ਨੂੰ, ਮੁਸਲਿਮਾਂ ਉਪਰ ਹੋਏ ਜ਼ਬਰਦਸਤ ਹਮਲੇ ਦਾ ਬਦਲਾ ਸੀ (Iftikhar, 1991: 110). ਪਰ, ਜਦ ਉਹ ਇਸ ਹਮਲੇ ਤੋਂ ਪਹਿਲਾਂ ਦੀ ਘਟਨਾਵਾਂ ਦਾ ਵੇਰਵਾ ਦੇਂਦੇ ਨੇ, ਉਹ ਗੈਰ-ਮੁਸਲਿਮਾਂ ਉਪਰ ਕਿਸੇ ਹੋਰ ਜ਼ੁਲਮ ਦੀ ਵਾਰਦਾਤ ਦੀ ਤਰਫ਼ ਇਸ਼ਾਰਾ ਕਰਦੇ ਨੇ, ਨਾ ਕਿ ਚੌਕ ਪ੍ਰਾਗਦਾਸ ਦਾ. ਉਹ ਜ਼ੋਰ ਪਾ ਕੇ ਕਹਿੰਦੇ ਨੇ ਕਿ ਸ਼ਰੀਫਪੁਰਾ ਦੇ ਮੁਸਲਿਮ, ਰੇਲਵੇ ਲਾਈਨ ਦੇ ਨਜਦੀਕ, ਫ਼ੌਜੀ ਕਸਰਤਾਂ ਅਤੇ ਲੜਾਈ ਦੀ ਤਕਨੀਕ ਦੇ ਅਭਿਆਸ ਕਰਦੇ ਸੀ ਤਾਂਕਿ ਉਹ ਸ਼ਰੀਫਪੁਰਾ ਦੀ ਹਿਫ਼ਾਜ਼ਤ ਕਰ ਸਕਣ. ਉਨ੍ਹਾਂ ਨੇ ਲਿਖਿਆ ਕਿ ਜਦ ਟ੍ਰੇਨ, ਡੇਰਾ ਬਾਬਾ ਨਾਨਕ ਤੋਂ ਸ਼ਰੀਫ਼ਪੁਰਾ ਦੇ ਨਜਦੀਕ ਪੰਹੁਚੀ, ਹਮੀਦ ਨੇ, ਜੋ ਟ੍ਰੇਨ ਤੇ ਮੌਜੂਦ ਸੀ, *ਇਮਰਜੇਂਸੀ* ਬ੍ਰੇਕ ਮਾਰ ਕੇ ਗੱਡੀ ਨੂੰ ਰੋਕ ਦਿੱਤਾ. ਫਿਰ, ਕਸਰਤ ਕਰ ਰਹੇ ਲੋਕਾਂ ਨੂੰ ਚੀਕ ਕੇ ਕਿਹਾ ਕਿ ਕੁੱਝ ਡੱਬੇਆਂ ਤੇ ਉਹ ਲੋਕ ਮੌਜੂਦ ਨੇ, ਜਿਨ੍ਹਾਂ ਨੇ ਡੇਰਾ ਬਾਬਾ ਨਾਨਕ ਤੇ ਮੁਸਲਿਮਾਂ ਨਾਲ ਤਸ਼ੱਦਦ ਕੀਤਾ ਸੀ. ਇਹ ਸੁਣਦੇ ਹੀ, ਉਹ ਛਾਲ ਮਾਰ ਕੇ ਗੱਡੀ ਦੇ ਅੰਦਰ ਦਾਖ਼ਲ ਹੋ ਗਏ ਅਤੇ ਡ੍ਰਾਇਵਰ ਦੇ ਜਿਸਮ ਵਿੱਚ ਇੱਕ ਬਰਛਾ ਘੁਸੇੜ ਦਿੱਤਾ, ਅਤੇ ਦੂਜੇ ਡੇਰਾ ਬਾਬਾ ਨਾਨਕ ਦੇ ਮੁਜਰਿਮਾਂ ਨੂੰ ਹਲਾਕ ਕਰਣ ਲਗੇ. ਇਫ਼ਤਿਖ਼ਾਰ ਅਗੇ ਲਿਖਦੇ ਨੇ ਕਿ ਇਸਲਾਮ ਦੀ ਦਲੇਰੀ ਦੀ ਸਭ ਤੋਂ ਉਮਦਾ ਰਵਾਇਤਾਂ ਦੇ ਮੁਤਾਬਕ, ਖ਼ਵਾਤੀਨਾਂ ਅਤੇ ਬੱਚੇਆਂ ਨੂੰ ਛੱਡ ਦਿੱਤਾ ਗਿਆ! (1991: 135–6).

ਡੇਰਾ ਬਾਬਾ ਨਾਨਕ ਤੇ ਮੁਸਲਿਮਾਂ ਉਪਰ ਹੋਏ ਹਮਲੇ ਬਾਰੇ ਕਿਸੇ ਜ਼ਿਕਰ ਬਾਰੇ ਮੇਰੀ ਤਲਾਸ਼ ਫ਼ਜ਼ੂਲ ਰਹੀ, ਨਾ ਹੀ ਮੈਨੂੰ ਇੰਟਰਵਿਊ ਦੇਣ ਵਾਲੇ ਕਿਸੇ ਵੀ ਇਨਸਾਨ ਨੂੰ ਇਸ ਤਰ੍ਹਾਂ ਦਾ ਕੋਈ ਵਾਕਿਆ ਯਾਦ ਹੈ. ਉਪਰ ਦਿੱਤੇ ਵੇਰਵੇ ਦੇ ਮੁਤਾਬਕ, ਇਸ ਪੱਕੇ ਨਤੀਜੇ ਤੇ ਅਸੀਂ ਪਹੁੰਚ ਸਕਦੇ ਹਾਂ ਕਿ, ਟ੍ਰੇਨ ਉਪਰ ਹਮਲਾ ਚੌਕ ਪ੍ਰਾਗਦਾਸ ਦੇ ਵਾਕਿਐ ਤੋਂ ਪਹਿਲਾਂ, 6 ਮਾਰਚ ਨੂੰ ਹੋਇਆ. ਇਹ ਮੁਮਕਿਨ ਹੈ ਕਿ ਤਾਰੀਖਾਂ ਨੂੰ ਲੈ ਕੇ, ਇਫ਼ਤਿਖ਼ਾਰ ਦੀ ਮੱਤ ਮਾਰੀ ਗਈ ਸੀ. ਇਹ ਤਸ਼ੱਦਦ ਦੇ ਭੜਕਣ ਲਈ, ਹਿੰਦੂਆਂ ਅਤੇ ਸਿੱਖਾਂ ਉਪਰ ਇਲਜ਼ਾਮ ਦੇਣ ਦੀ ਕੋਸ਼ਿਸ਼ ਵੀ ਹੋ ਸਕਦੀ ਹੈ.

ਚੌਕ ਪ੍ਰਾਗਦਾਸ ਤੇ ਮੁਸਲਿਮਾਂ ਦਾ ਖ਼ੂਨ ਖ਼ਰਾਬਾ

ਬਹਰ ਹਾਲ, ਅੱਮ੍ਰਿਤਸਰ ਦੇ ਤੇਜ਼ੀ ਨਾਲ ਵਿਗੜਦੇ ਹਾਲਾਤ ਵਿੱਚ, ਅਗਲੀ ਵਾਰਦਾਤ ਜਿਸ ਨੇ ਤਸ਼ੱਦਦ ਨੂੰ ਵਧਾ ਦਿੱਤਾ, ਉਹ ਸੀ, ਚੌਕ ਪ੍ਰਾਗਦਾਸ ਤੇ ਮੁਸਲਿਮਾਂ ਦਾ ਖ਼ੂਨ ਖ਼ਰਾਬਾ. ਇਫ਼ਤਿਖ਼ਾਰ ਲਿਖਦੇ ਨੇ ਕਿ 5 ਮਾਰਚ ਨੂੰ ਅੱਮ੍ਰਿਤਸਰ ਦੇ ਮੁਸਲਿਮ ਲੀਗ ਦੇ ਪ੍ਰਮੁਖ ਸ਼ੇਖ਼ ਸਾਦਿਕ ਹਸਨ ਦੀ ਪ੍ਰਧਾਨਗੀ ਤੇ ਮੇਉ ਕਾਲਜ ਤੇ, ਇੱਕ

ਇੰਮਰਜੇਂਸੀ (ਅਪਾਤਕਾਲ) ਸਭਾ ਕੀਤੀ ਗਈ. ਇਸ ਲਈ, ਸ਼ਹਿਰ ਦੇ ਸਾਰੇ ਪ੍ਰਮੁਖ ਮੁਸਲਿਮ ਹਾਜ਼ਰ ਹੋਏ. ਇਹ ਫ਼ੈਸਲਾ ਕੀਤਾ ਗਿਆ ਕਿ ਹਿੰਦੂ ਅਤੇ ਸਿੱਖ ਮਜਾਰਿਟੀ ਵਾਲੇ ਇਲਾਕਿਆਂ ਤੇ ਰਹਿਣ ਵਾਲੇ ਮੁਸਲਿਮਾਂ ਨੂੰ, ਜ਼ਿਆਦਾ ਹਿਫ਼ਾਜਤੀ ਇਲਾਕਿਆਂ ਤੇ ਲੈ ਆਇਆ ਜਾਵੇ. ਕਈ ਪਰਵਾਰ ਰਾਜੀ ਹੋ ਕੇ ਸ਼ਰੀਫ਼ਪੁਰੇ ਚਲੇ ਗਏ. ਪਰ, ਮੌਲਵੀ ਮੁਹੱਮਦ ਯੂਸਫ਼, ਉੱਚੀ ਮਸਜਿਦ ਦੇ ਇਮਾਮ, ਅਤੇ ਕੁੱਝ ਮੁਸਲਿਮਾਂ ਨੇ ਜਾਣ ਤੋਂ ਮਨ੍ਹਾਂ ਕਰ ਦਿੱਤਾ ਕਿਉਂਕਿ ਅਮਨ ਕਾਇਮ ਰੱਖਣ ਲਈ, ਉਣ ਇਲਾਕਿਆ ਦੇ ਹਿੰਦੂਆਂ ਅਤੇ ਸਿੱਖਾਂ ਨਾਲ, ਇੱਕ ਸਮਝੌਤਾ ਕਰ ਲੀਤਾ ਗਿਆ ਸੀ. ਇਹ ਲੋਕ ਨੈਸ਼ਨਲਿਸਟ ਸਨ ਜੋ ਮਜਲਿਸ-e-ਅਹਰਾਰ ਨਾਲ ਤਾਲੁੱਕ ਰੱਖਦੇ ਸੀ ਅਤੇ ਉਨ੍ਹਾਂ ਦੇ ਗੈਰ-ਮੁਸਲਿਮਾਂ ਨਾਲ ਚੰਗੇ ਰਿਸ਼ਤੇ ਸੀ (1991: 105–6).

ਇਫ਼ਤਿਖ਼ਾਰ ਇਲਜ਼ਾਮ ਲਗਾਉਂਦੇ ਨੇ ਕਿ ਸ਼ਥਾਨਕ ਅਮਨ ਕਮੇਟੀ ਦੇ ਦੋ ਸਿੱਖਾਂ, ਮਹਿੰਦਰ ਸਿੰਘ ਅਤੇ ਧਿਆਨ ਸਿੰਘ, ਨੇ ਭਰੋਸੇ ਦੀ ਬੇਵਸਾਹੀ ਕੀਤੀ. ਉਹ ਮੁਸਲਿਮਾਂ ਨੂੰ ਹਥਿਆਰ ਤਿਆਗਣ ਲਈ ਤਿਆਰ ਕਰਣ ਤੇ, ਕਾਮਯਾਬ ਹੋ ਗਏ. ਸਿੱਖਾਂ ਨੇ ਉਣ ਮੁਸਲਿਮਾਂ ਦੇ ਘਰਾਂ ਦੀ ਤਲਾਸ਼ੀ ਲੀਤੀ, ਜਿਨ੍ਹਾਂ ਨੂੰ ਉਹ ਗੈਰ-ਭਰੋਸੇਮੰਦ ਸਮਝਦੇ ਸੀ. ਇਸ ਦਾ ਨਤੀਜਾ ਇਹ ਹੋਇਆ ਕਿ ਚੌਕ ਪ੍ਰਾਗਦਾਸ ਦੇ ਮੁਸਲਿਮਾਂ ਕੋਲ ਆਪਣੀ ਹਿਫ਼ਾਜ਼ਤ ਲਈ, ਕੋਈ ਹਥਿਆਰ ਨਹੀਂ ਸੀ. ਬਾਅਦ ਤੇ, ਹਿੰਦੂਆਂ ਅਤੇ ਸਿੱਖਾਂ ਨੇ ਇੱਕ ਸਭਾ ਕੀਤੀ ਅਤੇ ਪਿਛਲੇ ਦੋ ਦਿਨਾਂ ਤੇ ਮੁਸਲਿਮਾਂ ਨਾਲ ਹੋਈ ਮੁਠਭੇੜਾਂ ਤੇ ਹੋਏ ਉਲਟੇ ਨੁਕਸਾਨ ਬਾਰੇ ਗੱਲਬਾਤ ਕੀਤੀ ਅਤੇ ਕੁੱਝ ਵਕਤਾਵਾਂ ਨੇ ਪੁਰਾਨੇ ਜ਼ਮਾਨੇ ਦੀ ਮੁਸਲਿਮ ਹਕੂਮਤ ਦੇ ਦੌਰਾਨ, ਹਿੰਦੂਆਂ ਅਤੇ ਸਿੱਖਾਂ ਉਪਰ ਹੋਏ ਜ਼ੁਲਮਾਂ ਦਾ ਵਰਣਨ ਕੀਤਾ. ਅਤੇ ਉਜੜ ਜਜ਼ਬਾਤਾਂ ਨੂੰ ਵਧਾ ਕੇ, ਇੱਕ ਭਿਅੰਕਰ ਗੁੱਸਾਈ ਭੀੜ ਵਿੱਚ ਤਬਦੀਲ ਕਰ ਦਿੱਤਾ ਗਿਆ. 7 ਮਾਰਚ ਨੂੰ ਤੜਕੇ, ਹਿੰਦੂਆਂ ਅਤੇ ਸਿੱਖਾਂ ਨੇ, ਜਿਨ੍ਹਾਂ ਨਾਲ ਸਿੱਖ ਰਿਆਸਤਾਂ ਦੇ ਰਜ਼ਾਕਾਰ ਅਤੇ ਰਿਟਾਇਰ ਫ਼ੌਜ਼ੀ ਵੀ ਮੌਜੂਦ ਸਨ, ਚੌਕ ਪ੍ਰਾਗਦਾਸ ਦੇ ਮੁਸਲਿਮਾਂ ਉੱਪਰ, ਇੱਕ ਵੱਡਾ ਹਮਲਾ ਕੀਤਾ (Iftikhar,1991: 110). ਬੰਦੂਕਾਂ, ਖ਼ੰਜਰ, ਬਰਛੇ ਅਤੇ ਕਿਰਪਾਨਾਂ ਦਾ ਇਸਤੇਮਾਲ ਕੀਤਾ ਗਿਆ ਅਤੇ ਮੁਸਲਿਮ ਘਰਾਂ ਨੂੰ ਅੱਗ ਲਗਾ ਦਿੱਤੀ ਗਈ. ਕਈ ਮੁਸਲਿਮਾਂ ਨੂੰ ਗੋਲੀ ਮਾਰੀ ਗਈ ਜਾਂ ਚਾਕੂ ਮਾਰਿਆ ਗਿਆ ਜਦ ਕਿ ਦੂਜੇਆਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ. ਇਥੇ ਤੱਕ ਕਿ ਬਜੁਰਗ ਔਰਤਾਂ ਨੂੰ ਵੀ ਨਹੀਂ ਛੱਡਿਆ ਗਿਆ. ਕੁੱਝ ਮੁਸਲਿਮ ਔਰਤਾਂ ਦੀ ਵਸਤਰਹੀਣ ਨੁਮਾਇਸ਼ ਕੀਤੀ ਗਈ ਅਤੇ ਬਾਅਦ ਤੇ ਉਨ੍ਹਾਂ ਦੇ ਟੋਟੇ ਕਰ ਦਿੱਤੇ ਗਏ. ਦੂਜੀ ਔਰਤਾਂ ਨੇ ਖ਼ੁਦਕੁਸ਼ੀ ਕਰ ਲੀਤੀ ਤਾਂਕਿ ਸਿੱਖ ਉਨ੍ਹਾਂ ਨੂੰ ਛੂਹ ਨਾ ਸਕਣ. ਹਿੰਦੂ ਅਤੇ ਸਿੱਖ, ਚੌਕ ਮਾਣਾ ਸਿੰਘ ਦੇ ਮੁਸਲਿਮਾਂ ਨਾਲ ਵੀ ਇੰਤਿਹਾ ਵਹਿਸ਼ੀਪੁਣੇ ਨਾਲ, ਪੇਸ਼ ਆਏ. ਕੁੱਲ ਮਿਲਾ ਕੇ 55 ਸੜੀਆਂ ਲਾਸ਼ਾਂ ਨੂੰ, ਮੁਖ਼ਤਲਿਫ਼ ਕਬਰਸਤਾਨਾਂ ਤੇ ਦਫ਼ਨਾਇਆ ਗਿਆ (Ibid: 120).

ਇਨਸਾਨੀਅਤ ਦੀ ਕੁੱਝ ਮਿਸਾਲਾਂ

ਪਰ, ਇਫ਼ਤਿਖ਼ਾਰ ਦੇ ਮੁਤਾਬਕ, ਕੁੱਝ ਗੈਰ-ਮੁਸਲਿਮਾਂ ਨੇ ਆਪਣੀ ਇਨਸਾਨੀਅਤ ਕਾਇਮ ਰੱਖੀ ਅਤੇ ਵੱਡਾ ਖ਼ਤਰਾ ਮੋਲ ਲੈ ਕੇ ਮੁਸਲਿਮ ਜ਼ਿੰਦਗੀਆਂ ਬਚਾਈਆਂ. ਉਨ੍ਹਾਂ ਦੇ ਵਿੱਚ ਸਨ, ਬਾਵਾ ਘਨਸ਼ਾਮ ਸਿੰਘ, ਇੱਕ ਸਿੱਖ ਜੋ ਕਮਿਊਨਿਸਟ ਪਾਰਟੀ ਔਫ਼ ਇੰਡੀਆ ਦੇ ਸਦੱਸ ਸਨ. ਉਨ੍ਹਾਂ ਨੇ ਆਪਣੇ ਘਰ ਤੇ ਛੁਪਾ ਕੇ, ਸੈਕੜੇ ਮੁਸਲਿਮਾਂ ਦੀ ਜ਼ਾਣ ਬਚਾਈ. ਹੋਰ ਇੱਕ ਦਿਆਲੂ ਇਨਸਾਨ ਸਨ ਬੇਬੇ ਡਾਕਟਰਾਨੀ, ਜੋ ਇੱਕ ਸਿੱਖ ਡਾਕਟਰ ਦੀ ਬਜ਼ੁਰਗ ਪਤਨੀ ਸੀ, ਅਤੇ ਜਿਨ੍ਹਾਂ ਨੇ ਕਈ ਜਾਣਾ ਬਚਾਇਆਂ (Ibid: 118–9). ਹਾਲਾਂਕਿ, ਇਫ਼ਤਿਖ਼ਾਰ,

ਮੁਖ਼ਤਲਿਫ਼ ਹਸਪਤਾਲਾਂ ਦੇ ਹਿੰਦੂ ਅਤੇ ਸਿੱਖ ਸਟਾਫ ਉਪਰ ਬੇਰਹਿਮ ਅਤੇ ਜ਼ਖ਼ਮੀ ਮੁਸਲਿਮਾਂ ਦੇ ਦਰਦ ਉਪਰ ਬੇਰੁਖ਼ੀ ਦਿਖਾਉਣ ਦਾ ਇਲਜ਼ਾਮ ਲਗਾਉਂਦੇ ਨੇ, ਉਹ ਦੋ ਡਾਕਟਰ ਭਰਾਵਾਂ, ਡਾ.ਪੁਰਸ਼ੋਤਮ ਦੱਤ ਅਤੇ ਡ.ਨਰਾਇਨ ਦਾਸ, ਦੇ ਵਿਵਹਾਰ ਨੂੰ ਇੱਜ਼ਤ ਅਤੇ ਅਹਸਾਨਮੰਦੀ ਨਾਲ ਦਰਜ ਕਰਦੇ ਨੇ. ਦੋਨਾਂ ਨੇ ਆਪਣੀ ਬੰਦੂਕਾਂ ਉਠਾਇਆਂ ਅਤੇ ਹਿੰਦੂ-ਸਿੱਖ ਮਜਮੇ ਨੂੰ ਮੁਸਲਿਮਾਂ ਉਪਰ ਹਮਲਾ ਕਰਣ ਤੋਂ ਰੋਕਿਆ, ਜਿਨ੍ਹਾਂ ਦਾ ਹਸਪਤਾਲ ਤੇ ਇਲਾਜ਼ ਚੱਲ ਰਿਹਾ ਸੀ. ਡਾ.ਦੱਤ ਨੇ ਸ਼ਰਾਰਤੀ ਲੋਕਾਂ ਨੂੰ ਇਹ ਕਿਹਾ:

> ਤੁਹਾਡਾ ਵਿਵਹਾਰ ਬੇਹਦ ਬੁਜ਼ਦਿਲਾਨਾ ਹੈ. ਫ਼ਿਰਕੂ ਪੱਖਪਾਤ ਅਤੇ ਸਿਆਸੀ ਦੁਸ਼ਮਨੀ ਨੇ ਤੁਹਾਨੂ ਪਾਗਲ ਬਣਾ ਦਿੱਤਾ ਹੈ. ਤੁਸੀਂ ਭੁੱਲ ਚੁਕੇ ਹੋ ਕਿ ਇਸ ਦੁਨੀਆ ਤੇ ਇਨਸਾਨੀਅਤ ਨਾਂਅ ਦੀ ਵੀ ਕੋਈ ਚੀਜ ਹੁੰਦੀ ਹੈ. ਤੁਸੀਂ ਇੰਨਾ ਗਿਰ ਚੂਕੇ ਹੋ ਕਿ ਤੁਸੀਂ ਬੀਮਾਰ ਅਤੇ ਦਰਦਮੰਦ ਲੋਕਾਂ ਉਪਰ ਹਮਲਾ ਕਰਨਾ ਵੀ, ਆਪਣੀ ਮਰਦਾਨਗੀ ਲਈ ਘਟਿਆ ਕੱਮ ਨਹੀਂ ਸਮਝ੍ਹਦੇ. ਤੁਹਾਨੂ ਆਪਣੇ ਜ਼ਿਲੱਤ ਭਰੇ ਵਿਵਹਾਰ ਉਪਰ ਸ਼ਰਮ ਆਣੀ ਚਾਹੀਦੀ ਹੈ. ਇੱਕ ਦਿਨ ਤੁਹਾਨੂ ਆਪਣੇ ਵਿਵਹਾਰ ਉਪਰ ਅਫ਼ਸੋਸ ਹੋਵੇਗਾ ਪਰ ਇਨਸਾਨੀਅਤ ਤੁਹਾਨੂ ਕਦੀ ਮਾਫ਼ ਨਹੀਂ ਕਰੇਗੀ. ਤੁਸੀਂ ਹੁਣ ਵੀ ਤੋਬਾ ਕਰ ਕੇ ਜਾ ਸਕਦੇ ਹੋ ਨਹੀਂ ਤੇ ਜਦ ਤੱਕ ਅਸੀਂ ਦੋ ਭਰਾ ਜਿਉਂਦੇ ਹਾਂ, ਅਤੇ ਸਾਡੀ ਰਾਇਫਲਾਂ ਵਿੱਚ ਗੋਲਿਆਂ ਮੌਜੂਦ ਨੇ, ਅਸ਼ੀਂ ਕਦੀ, ਤੁਹਾਨੂ ਇਸ ਹਸਪਤਾਲ ਦੇ ਕਿਸੇ ਮਰੀਜ਼ ਨੂੰ ਛੂਹਣ ਨਹੀਂ ਦਵਾਂਗੇ (1991: 140–41).

ਇਫ਼ਤਿਖ਼ਾਰ ਦੋ ਸਿੱਖ ਕੁੜਿਆਂ ਦਾ ਜ਼ਿਕਰ ਕਰਦੇ ਨੇ ਜੋ ਹਾਥੀ ਗੇਟ ਤੇ ਮੁਸਲਿਮਾਂ ਦੇ ਹੱਥ ਆ ਗਈਆਂ ਸੀ ਅਤੇ ਉਨ੍ਹਾਂ ਨੂੰ ਅੱਮ੍ਰਿਤਸਰ ਮੁਸਲਿਮ ਲੀਗ ਦੇ ਮਹਾਸਚਿਵ, ਮੀਰ ਅਨਵਰ ਸਈਦ ਨੇ ਬਚਾਇਆ ਸੀ. ਅੱਮ੍ਰਿਤਸਰ ਦੇ ਅਧਿਕਾਰੀ ਵਧਦੇ ਤਸ਼ੱਦਦ ਅਤੇ ਇਸ ਦੇ ਫ਼ੈਲਦੇ ਪੈਮਾਨੇ ਨੂੰ ਵੇਖ ਕੇ ਬੇਹਦ ਘਬਰਾਇਏ ਹੋਏ ਸਨ. ਅਤੇ, ਅਗਲੇ ਦਿਨ ਸਾਰੇ ਸਮਪ੍ਰਦਾਇ ਦੇ ਲੋਕਾਂ ਨੂੰ, ਹਾਲਾਤ ਬਾਰੇ ਗੱਲਬਾਤ ਕਰਣ ਲਈ, ਇੱਕ ਸਭਾ ਤੇ ਹਾਜਰ ਹੋਣ ਲਈ ਸੱਦਾ ਦਿੱਤਾ ਗਿਆ. ਇੱਕ ਹੋਰ ਵਾਕਿਆ ਜੋ ਇਫ਼ਤਿਖ਼ਾਰ ਦੱਸਦੇ ਨੇ, ਉਸ ਦਾ ਤਾਲੁੱਕ ਕਟਰਾ ਕਰਮ ਸਿੰਘ ਦੇ ਇੱਕ ਮੁਸਲਿਮ ਡਾਕਟਰ, ਅਬਦੁਰ ਰਾਉਫ਼ ਬਾਰੇ ਹੈ, ਜਿਨ੍ਹਾਂ ਨੇ ਗੈਰ-ਮੁਸਲਿਮਾਂ ਦੀ ਜਾਣ ਬਚਾਉਣ ਤੇ, ਕਾਬਿਲ਼-ਏ-ਤਾਰੀਫ਼ ਕਿਰਦਾਰ ਅਦਾ ਕੀਤਾ. ਇਫ਼ਤਿਖ਼ਾਰ ਲਿਖਦੇ ਨੇ:

> ਡਾ.ਸਾਹਿਬ ਨੇ ਉਸ ਇਲਾਕੇ ਦੇ ਮੁਸਲਿਮਾਂ ਨੂੰ ਫ਼ੌਜ਼ੀ ਟ੍ਰੇਨਿੰਗ ਦੇਣ ਤੇ ਇੱਕ ਅਹਿਮ ਕਿਰਦਾਰ ਨਿਭਾਇਆ ਸੀ. ਉਨ੍ਹਾਂ ਦਾ ਘਰ ਮੁਜ਼ਾਹਿਦੀਨ ਸੰਗਠਨ ਦਾ ਇੱਕ ਕੇਂਦਰ ਸੀ. ਇੱਕ ਦਿਨ, ਉਨ੍ਹਾਂ ਦੇ ਘਰ ਦੇ ਸਾਹਮਣੇ, ਮੁਜ਼ਾਹਿਦੀਨਾਂ ਨੇ ਲੱਗਭਗ 200 ਗੈਰ-ਮੁਸਲਿਮ ਬੰਦੇ, ਔਰਤਾਂ ਅਤੇ ਬੱਚੇਆਂ ਨੂੰ ਘੇਰ ਲੀਤਾ. ਉਸ ਮਹੱਲੇ ਦੇ ਰਹਿਣ ਵਾਲਿਆਂ ਵਿੱਚ ਝਗੜੇ ਹੋਣ ਲਗੇ ਕਿ ਗਰਿਫ਼ਤ ਵਿੱਚ ਆਏ ਇਣ ਲੋਕਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ਜਾਵੇ. ਇਸ ਮਸਲੇ ਨੂੰ ਡਾ.ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਗਿਆ. ਉਨ੍ਹਾਂ ਨੇ ਫ਼ੈਸਲਾ ਦਿੱਤਾ ਕਿ ਉਨ੍ਹਾਂ ਨੂੰ ਨਿਹੱਥਾ ਕੀਤਾ ਜਾਵੇ, ਉਨ੍ਹਾਂ ਦੇ ਦੂਜੇ ਸਾਮਾਨ, ਪੈਸੇ ਨੂੰ ਕੋਈ ਹੱਥ ਨਾ ਲਾਵੇ ਅਤੇ ਔਰਤਾਂ ਹੋਰ ਬੱਚੇਆਂ ਨੂੰ ਪਰੇਸ਼ਾਨ ਨਾ ਕੀਤਾ ਜਾਵੇ. ਮੁਜ਼ਾਹਿਦੀਨ ਬਹਿਸ ਕਰਣ ਲਗੇ ਕਿ ਗੈਰ-ਮੁਸਲਿਮਾਂ ਦੀ ਗਰਿਫ਼ਤ ਤੇ ਆਏ ਮੁਸਲਿਮਾਂ ਨਾਲ ਬੇਹਦ ਵਹਿਸ਼ੀ ਵਰਤਾਅ ਕੀਤਾ ਗਿਆ ਹੈ; ਅਤੇ ਉਨ੍ਹਾਂ ਨੂੰ ਵੀ, ਆਕਰਸ਼ਕ ਗੈਰ-ਮੁਸਲਿਮ ਔਰਤਾਂ ਨੂੰ ਜਬਰ ਜਨਾਹ ਕਰਣ ਦੀ ਇਜਾਜ਼ਤ ਦਿੱਤੀ ਜਾਵੇ. ਡਾ.ਸਾਹਿਬ ਨੇ ਉਨ੍ਹਾਂ ਨੂੰ ਮਿਸਾਲ ਦੇਣ ਲਾਇਕ, ਇਸਲਾਮੀ ਸਦਾਚਾਰੀ ਰਵੱਇਏ ਦਾ ਅਭਿਆਸ ਕਰਣ ਨੂੰ ਕਿਹਾ. ਇਸ ਦੇ ਚਲਦੇ, ਬੇਹਦ ਨਾਰਾਜ਼ ਹੋਣ ਦੇ ਬਾਵਜੂਦ, ਉਨ੍ਹਾਂ ਨੇ ਗੈਰ-ਮੁਸਲਿਮਾਂ ਦਾ ਕੋਈ ਨੁਕਸਾਨ ਨਹੀਂ ਕੀਤਾ (1991: 141–2).

ਮਾਸਟਰ ਤਾਰਾ ਸਿੰਘ ਕਤਲ ਦੀ ਸਾਜ਼ਸ਼ ਤੋਂ ਬਚ ਜਾਂਦੇ ਨੇ

ਇਫ਼ਤਿਖ਼ਾਰ ਨੇ ਲਿਖਿਆ ਕਿ ਮੀਰ ਅਨਵਰ ਸਈਦ ਨੇ ਦੋ ਸਿੱਖ ਕੁੜਿਆਂ ਨੂੰ ਆਪਣੇ ਨਾਲ ਸਭਾ ਤੇ ਲਾਉਂਦਾ ਜਿੱਥੇ ਉਨ੍ਹਾਂ ਦੇ ਪਿਤਾ ਠਾਕਰ ਗਿਆਨ ਸਿੰਘ ਵੀ ਮੌਜੂਦ ਸਨ. ਉਹ ਆਪਣੀ ਬੇਟਿਆਂ ਨੂੰ ਵੇਖ ਕੇ ਹੈਰਾਨ ਹੋ ਗਏ ਅਤੇ, ਉਨਾਂ ਨੂੰ ਬਚਾਉਣ ਲਈ ਸਈਦ ਦਾ ਸ਼ੁਕ੍ਰਿਆ ਅਦਾ ਕੀਤਾ. ਪਰ, ਉਸੇ ਵਕਤ ਸਭਾ ਤੇ ਮਾਸਟਰ ਤਾਰਾ ਸਿੰਘ ਪਹੁੰਚ ਗਏ ਅਤੇ ਹਾਲਾਤ ਦਾ ਫ਼ਾਇਦਾ ਚੁਕਣ ਦੀ ਕੋਸ਼ਿਸ਼ ਕੀਤੀ, ਮਗਰ ਕੁੜਿਆਂ ਨੇ ਬਾਰ ਬਾਰ ਕਿਹਾ ਕਿ ਉਨ੍ਹਾਂ ਦੇ ਨਾਲ ਕੋਈ ਬੁਰਾ ਵਰਤਾਅ ਨਹੀਂ ਕੀਤਾ ਗਿਆ ਸੀ. ਹੋਰ ਵੀ ਕਈ ਮੁਸਲਿਮ ਆਗੂ ਆ ਗਏ. ਇੱਕ ਜ਼ਿੰਦਾਦਿਲੀ ਚਰਚਾ ਹੋਈ, ਅਤੇ ਦੋਨੇ ਸਮੂਹਾਂ ਨੇ ਅਗਵਾ ਕੀਤੀ ਔਰਤਾਂ ਅਤੇ ਕੁੜਿਆਂ ਦੀ ਹਿਫ਼ਾਜਤੀ ਵਾਪਸੀ ਉਪਰ ਗੱਲਬਾਤ ਕੀਤੀ. ਇਸ ਨੂੰ ਕਾਮਯਾਬੀ ਨਾਲ ਹਾਸਲ ਕੀਤਾ ਗਿਆ ਅਤੇ ਦੋਂਵੇ ਸਮਪ੍ਰਦਾਇ ਦੀ ਬੀਬੀਆਂ, ਰਾਜੀ-ਖੁਸ਼ੀ ਆਪਣੇ ਆਪਣੇ ਘਰਾਂ ਤੇ ਲੌਟ ਆਇਆਂ.

ਜਦ ਸਭਾ ਖ਼ਤਮ ਹੋ ਗਈ ਅਤੇ ਤਾਰਾ ਸਿੰਘ ਬਾਹਰ ਜਾਣ ਲਈ ਤਿਆਰ ਹੋ ਰਹੇ ਸੀ, ਅਬਦੁਲਾ ਖ਼ਾਨ ਨੇ ਬੜੀ ਚਾਲਾਕੀ ਨਾਲ ਮੀਰ ਅਨਵਰ ਸਈਦ ਨੂੰ ਮਸ਼ਵਰਾ ਦਿੱਤਾ ਕਿ ਉਹ ਮਾ.ਤਾਰਾ ਸਿੰਘ ਨੂੰ ਉਸ ਦੀ ਗੱਡੀ ਵਿੱਚ ਲਿਫਟ ਲੈਣ ਨੂੰ ਮੱਨਾ ਲੈਣ. ਪਰ ਮਛੀ ਘੀਵਾਲਾ ਨੇ ਜਵਾਬ ਦਿੱਤਾ ਕਿ ਉਹ ਕਿਸੇ ਵੀ ਹਾਲਤ ਤੇ ਆਪਣੇ 'ਪਿਆਰੇ ਆਗੂ' ਨੂੰ ਮੁਸਲਿਮਾਂ ਦੇ ਹੱਥਾਂ ਤੇ ਨਹੀਂ ਪੈਣ ਦੇਣਗੇ. ਇਫ਼ਤਿਖ਼ਾਰ ਟਿੱਪਣੀ ਕਰਦੇ ਨੇ, 'ਇਸ ਦੇ ਚਲਦੇ, ਅਬਦੁਲਾ ਖ਼ਾਨ ਦਾ ਮਨਸੂਬਾ ਨਾਕਾਮਯਾਬ ਹੋ ਗਿਆ; ਨਹੀਂ ਤੇ ਮੁਸਲਿਮਾਂ ਦਾ ਮੁੱਖ ਕਾਤਿਲ ਉਸ ਦਿਨ ਹਲਾਕ ਕਰ ਦਿੱਤਾ ਜਾਉਂਦਾ' (Ibid:122).

ਇਸ ਤਰ੍ਹਾਂ ਦੀ ਦਗਾਬਾਜ਼ੀ ਦੀ ਹਰਕਤਾਂ ਬਾਰੇ ਇਫ਼ਤਿਖ਼ਾਰ ਕੋਈ ਟਿੱਪਣੀ ਨਹੀਂ ਕਰਦੇ ਨੇ, ਅਤੇ ਪੂਰੀ ਕਿਤਾਬ ਉਣ ਸਦਮੇ ਵਾਲੀ ਘਟਨਾਵਾਂ ਨਾਲ ਭਰੀ ਹੈ, ਜਿਸ ਵਿੱਚ ਮੁਸਲਿਮਾਂ ਦੇ ਭਿਆਨਕ ਵਿਵਹਾਰ ਨੂੰ ਇੱਕ ਮਨੋਰੰਜਕ ਜ਼ਬਾਨ ਤੇ ਪੇਸ਼ ਕੀਤਾ ਗਿਆ ਹੈ. ਉਹ ਜਵਾਹਰਲਾਲ ਨਹਿਰੂ ਦੀ ਵੀ ਨਿੰਦਾ ਕਰਦੇ ਨੇ, ਕਿਉਂਕਿ ਉਹ ਫ਼ਸਾਦਾਂ ਦੇ ਤੁਰੰਤ ਬਾਅਦ ਅੱਮ੍ਰਿਤਸਰ ਆਏ ਅਤੇ ਖ਼ੁਦ ਚੌਕ ਪ੍ਰਾਗਦਾਸ ਦੀ ਦਹਿਸ਼ਤ ਨੂੰ ਵੇਖਿਆ, ਪਰ ਹਮਦਰਦੀ ਦਿਖਾਉਣ ਦੀ ਬਜਾਏ, ਇਲਜ਼ਾਮ ਹੈ ਕਿ ਉਨ੍ਹਾਂ ਨੇ ਕਿਹਾ ਕਿ ਸਾਰੇ ਲੋਕ ਜਘੰਨਿ ਜੁਰਮ ਦੇ ਮੁਜਰਿਮ ਸਨ. ਉਨ੍ਹਾਂ ਨੇ ਅੱਮ੍ਰਿਤਸਰ ਤੇ ਇੰਤਜ਼ਾਮਿਆ ਉਪਰ ਇਲਜ਼ਾਮ ਲਗਾਇਆ ਕਿ ਪੱਖਪਾਤੀ ਅਤੇ ਜਾਨਿਬਦਾਰ ਅਧਿਕਾਰਿਆਂ ਨੂੰ ਸਜ਼ਾ ਦੇਣ ਲਈ, ਉਨ੍ਹਾਂ ਨੇ ਕੁੱਝ ਨਹੀਂ ਕੀਤਾ (Ibid: 144–46).

ਚੌਕ ਪ੍ਰਾਗਦਾਸ ਦੀ ਜ਼ਿਆਦਤੀ ਦੀ ਤਰਫ਼ ਐਸ.ਜੀ.ਪੀ.ਸੀ ਰਿਪੋਰਟ ਦਾ ਇਸ਼ਾਰਾ

ਇਸ ਬਾਰੇ ਪਹਿਲਾਂ ਵੀ ਗੌਰ ਕੀਤਾ ਗਿਆ ਹੈ ਕਿ ਐਸ.ਜੀ.ਪੀ.ਸੀ ਰਿਪੋਰਟ ਅੱਮ੍ਰਿਤਸਰ ਤੇ ਮੁਸਲਿਮਾਂ ਦੀ ਕਰੂਰਤਾ ਉਪਰ ਕਾਫ਼ੀ ਧਿਆਨ ਦੇਂਦੀ ਹੈ ਜਦ ਕਿ ਮੁਸਲਿਮਾਂ ਉਪਰ ਕੀਤੇ ਇਸੇ ਤਰ੍ਹਾਂ ਦੇ ਬੇਰਹਿਮ ਹਮਲਿਆਂ ਬਾਰੇ, ਹੁਲਿਆ ਬਿਗਾੜ ਕੇ ਜਾਂ ਛੁਪਾਉਣ ਦੀ ਕੋਸ਼ਿਸ਼ ਕਰਦੀ ਹੈ. ਅਤੇ, ਰਿਪੋਰਟ ਚੌਕ ਪ੍ਰਾਗਦਾਸ ਦੀ ਵਾਰਦਾਤ ਨੂੰ ਇਣ ਲਫ਼ਜ਼ਾ ਤੇ ਬਿਆਨ ਕਰਦੀ ਹੈ:

> ਮੁਸਲਿਮ ਅਤੇ ਗੈਰ-ਮੁਸਲਿਮ ਇਲਾਕਿਆਂ ਦੇ ਮੇੜ ਵਾਲੇ ਇੱਕ ਇਲਾਕੇ ਤੇ, ਜੋ ਸ਼ਿੱਖ ਪ੍ਰਭਾਵ ਦੇ ਕੇਂਦਰ ਤੋਂ ਜ਼ਿਆਦਾ ਦੂਰ ਨਹੀਂ ਸੀ, ਹਮਲੇ ਦੇ ਪਹਿਲੇ ਦਿਨ, ਕਈ ਮੁਸਲਿਮ, ਇੱਕ ਕਰੁਧ ਸਿੱਖ ਸਮੂਹ ਦੁਆਰਾ ਹਲਾਕ ਹੋਏ. ਸੌ ਤੋਂ ਵੀ ਜ਼ਿਆਦਾ ਮੁਸਲਿਮ ਖ਼ਵਾਤੀਨ ਅਤੇ ਬੱਚੇ, ਜਿਨ੍ਹਾਂ ਦੇ ਮਰਦ ਰਿਸ਼ਤੇਦਾਰ ਹਲਾਕ ਕਰ ਦਿੱਤੇ ਗਏ ਜਾਂ ਆਪਣੀ ਹਿਫ਼ਾਜ਼ਤ ਲਈ ਨੱਸ ਗਏ, ਸਿੱਖਾਂ ਦੇ ਹੱਥ ਲੱਗ ਗਏ. ਸਿੱਖਾ ਨੇ ਉਨ੍ਹਾਂ ਨੂੰ ਆਪਣੀ ਹਿਫ਼ਾਜ਼ਤ ਤੇ ਦੋ-ਤਿੰਨ ਦਿਨ ਰਖਿਆ, ਜਦ ਲੜਾਈ ਚੱਲ ਰਹੀ ਸੀ ਅਤੇ ਸ਼ਹਿਰ ਦੀ ਪੂਰੀ ਸੰਚਾਰ ਵਿਵਸਥਾ ਠੱਪ ਹੋ ਗਈ ਸੀ. ਇਸ ਦੇ ਬਾਅਦ ਉਨ੍ਹਾਂ ਨੂੰ ਸ਼ਹਿਰ ਦੇ ਪੁਲਿਸ ਥਾਨੇ, ਨਿਗ਼ਹਬਾਨਾਂ ਦੇ ਨਾਲ, ਭੇਜ ਦਿੱਤਾ ਗਿਆ. ਇਣ ਖ਼ਵਾਤੀਨਾਂ ਨੇ, ਉਨ੍ਹਾਂ ਦੇ ਨਾਲ, ਸਿੱਖਾਂ ਦੇ ਬਹਾਦਰੀ ਅਤੇ ਨਿਮਰਤਾ ਭਰੇ ਵਿਵਹਾਰ ਦਾ ਇਕਰਾਰ ਕੀਤਾ (1991: 156).

ਇਹ 'ਪਹਿਲੇ ਦਿਨ ਦੇ ਹਮਲੇ' ਦਾ ਜ਼ਿਕਰ ਹੈ. ਐਸ.ਜੀ.ਪੀ.ਸੀ ਦੇ ਨਜ਼ਰਿਏ ਤੋਂ, ਇਸ ਬਾਰੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ, ਇਹ ਉਸ ਪਹਿਲੇ ਮੋਕੇ ਨੂੰ ਜਤਾਂਦਾ ਹੈ, ਜਦ ਮੁਸਲਿਮਾਂ ਉਪਰ ਇੱਕ ਪੱਕਾ ਸਿੱਖ-ਹਿੰਦੂ ਹਮਲਾ ਹੋਇਆ.

ਮਾਰਚ ਦੇ ਫ਼ਸਾਦਾਂ ਦੀ ਚਸ਼ਮਦੀਦ ਗਵਾਹੀ

ਪ੍ਰੋਫੇਸਰ ਵੀ.ਐਨ.ਦੱਤਾ

'ਮੈਂ ਤਦ ਗਵਰਨਮੇਂਟ ਕਾਲਜ ਦੇ ਨਵੇਂ ਹੋਸਟਲ ਤੇ ਸੀ, ਜਦ ਮਾਸਟਰ ਤਾਰਾ ਸਿੰਘ ਨੇ ਪੰਜਾਬ ਅਸੈਮਬਲੀ ਦੇ ਬਾਹਰ *ਕਿਰਪਾਨ* ਕੱਢ ਲੀਤੀ. ਮੇਰੇ ਮੁਸਲਿਮ ਦੋਸਤਾਂ ਨੇ ਮੈਨੂੰ ਕਿਹਾ ਕਿ ਹੁਣ ਆਫ਼ਤ ਆਵੇਗੀ. ਮੁਜ਼ੰਗ ਤੇ ਇੱਕ ਸ਼ਕਸ ਦੇ ਜ਼ਿਸਮ ਤੇ ਖ਼ੰਜ਼ਰ ਘੁਸੇੜ ਕੇ, ਉਸ ਨੂੰ ਹਲਾਕ ਕਰ ਦਿੱਤਾ ਗਿਆ ਸੀ. ਮੈਂ ਪ੍ਰੋਫੇਸਰ ਸਿਰਾਜੁਦੀਨ ਕੋਲ ਗਿਆ, ਜਿਨ੍ਹਾਂ ਦੇ ਵਾਲਿਦ ਮੇਰਾਜ ਦੀਨ, ਮੇਰੇ ਅੱਮ੍ਰਿਤਸਰ ਦੇ ਪਰਵਾਰ ਨਾਲ ਨਜਦੀਕੀ ਤੌਰ ਤੇ ਵਾਕਫ਼ ਸਨ. ਉਹ ਇੱਕ ਬਿਸਤਰ ਤੇ ਲੇਟੇ ਸੀ ਅਤੇ ਇੱਕ ਪਠਾਨ ਉਨ੍ਹਾਂ ਦੇ ਕਰੀਬ ਖੜ੍ਹਾ ਸੀ. ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਮੈਂ ਕਿਉਂ ਆਇਆ ਸੀ. ਉਨ੍ਹਾਂ ਨੂੰ ਮੈਂ ਦੱਸਿਆ ਕਿ ਦੀ ਟ੍ਰਿਬਊਨ ਵਿੱਚ ਇੱਕ ਖ਼ਬਰ ਛਪੀ ਸੀ ਕਿ ਹਾਲ ਬਾਜ਼ਾਰ ਅਤੇ ਨਾਲ ਦੇ ਇਲਾਕੇ ਸਾੜ ਦਿੱਤੇ ਗਏ ਨੇ ਅਤੇ ਮੈਂ ਅੱਮ੍ਰਿਤਸਰ ਜਾਣਾ ਚਾਹੁੰਦਾ ਹਾਂ ਕਿਉਂਕਿ ਮੇਰਾ ਘਰ ਇਸ ਦੇ ਮਿਲਕੁਲ ਨਜਦੀਕ ਹੈ, ਪਰ ਧਾਰਾ 144 ਲਗਾ ਦਿੱਤੀ ਗਈ ਹੈ. 'ਮੈਨੂੰ ਕੀ ਕਰਨਾ ਚਾਹੀਦਾ ਹੈ? ਜੇਕਰ ਤੁਸੀਂ ਮੇਰੀ ਮਦਦ ਕਰ ਸਕਦੇ ਹੋ? ਮੈਂ ਪੁੱਛਿਆ.'

'ਉਹ ਕੁੱਝ ਦੇਰ ਤੱਕ ਚੁਪ ਰਹੇ ਅਤੇ ਕਿਹਾ, "ਅਸ਼ੀਂ ਸਿੱਖਾਂ ਨੂੰ ਕਦੀ ਮਾਫ਼ ਨਹੀਂ ਕਰਾਂਗੇ, ਜੋ ਉਨ੍ਹਾਂ ਨੇ ਕੀਤਾ ਹੈ. ਜਦ ਮੈਂ ਤੈਨੂ ਵੇਖਿਆ *ਵਿਸ਼ਵਾ*, ਮੈਨੂੰ ਬੜਾ ਗੁੱਸਾ ਆਇਆ. ਅਗਰ ਆਪਣੀ ਜ਼ਿੰਦਗੀ ਖ਼ਤਰੇ ਤੇ ਪਾਉਣੀ ਹੈ.. ਤੇ ਜਾ."

'ਪਠਾਨ ਦੀ ਅੱਖਾਂ ਤੇ ਨਫ਼ਰਤ ਭਰੀ ਹੋਈ ਸੀ ਅਤੇ ਇਸ ਨੇ ਮੈਨੂੰ ਬੇਹਦ ਡਰਾ ਦਿੱਤਾ. ਮੈਂ ਉਦਾਸ ਹੋ ਗਿਆ. ਫਿਰ, ਮੈਂ ਆਪਣੇ ਇੱਕ ਮੁਸਲਿਮ ਦੋਸਤ ਯਾਕੂਬ ਕੋਲ ਗਿਆ. ਉਹ ਮੈਨੂੰ *ਸਟੂਡੇਂਟ ਫੇਡਰੇਸ਼ਨ* ਲੈ ਗਿਆ ਜਿੱਥੇ ਮੈਨੂੰ ਇੱਕ ਰੇਡ ਕਰਾਸ ਦਾ ਬੈਜ ਦਿੱਤਾ ਗਿਆ. ਇਸ ਨੂੰ ਸੀਨੇ ਤੇ ਲਗਾ ਕੇ ਮੈਂ ਲਾਹੌਰ ਸਟੇਸ਼ਨ ਗਿਆ ਅਤੇ ਫਰੰਟਿਆਰ ਮੇਲ ਪਕੜੀ ਜੋ ਸਵੇਰੇ 9:15 ਤੇ ਚਲਦੀ ਸੀ. ਮੈਂ ਅੱਮ੍ਰਿਤਸਰ ਗਿਆ ਅਤੇ ਵੇਖਿਆ ਕਿ ਸਾਡੇ ਘਰ ਦੇ ਨਾਲ ਵਾਲੇ ਘਰ ਨੂੰ, ਬੁਰੀ ਤਰ੍ਹਾਂ ਸਾੜ ਦਿੱਤਾ ਗਿਆ ਸੀ. ਮੈਨੂੰ ਆਪਣੇ ਪਿਤਾ ਨਹੀਂ ਮਿਲੇ. ਮੈਂ ਇੱਕ

ਵਕੀਲ ਗਿਆਨ ਚੰਦ ਕਪੂਰ ਨੂੰ ਮਿਲਿਆ ਜਿਨ੍ਹਾਂ ਨੇ ਦੱਸਿਆ ਕਿ ਮੇਰੇ ਪਿਤਾ ਮਹਿਫ਼ੂਜ਼ ਸਨ. ਮੈਂ ਆਪਣੀ ਭੈਣ ਦੇ ਘਰ ਗਿਆ ਅਤੇ ਵੇਖਿਆ ਕਿ ਉਹ ਉਥੇ ਮੌਜੂਦ ਸਨ. ਉਨ੍ਹਾਂ ਨੇ ਮੈਨੂੰ ਦਸਿਆ ਕਿ ਉਨ੍ਹਾਂ ਦੇ ਇੱਕ ਮੁਸਲਿਮ ਦੋਸਤ ਬੱਬੂ, ਜੋ ਇੱਕ ਜੁਤੀ ਦੀ ਦੁਕਾਨ ਦਾ ਮਾਲਕ ਸੀ, ਸਾਡੇ ਘਰ, ਕਈ ਇਮਾਰਤਾਂ ਦੀ ਛਤਾਂ ਲੰਘਦੇ ਹੋਏ ਆਇਆ. ਉਸ ਨੇ ਮੇਰੇ ਪਿਤਾ ਨੂੰ ਦੱਸਿਆ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਸੀ ਅਤੇ ਉਨ੍ਹਾਂ ਨੂੰ ਚਲੇ ਜਾਣਾ ਚਾਹੀਦਾ ਸੀ, ਪਰ ਮੇਰੇ ਪਿਤਾ ਨੇ ਮਨ੍ਹਾਂ ਕਰ ਦਿੱਤਾ. ਬਾਅਦ ਤੇ, ਦਿਲਾਵਰ ਹੁਸੈਨ, (ਜੋ ਤਕਸੀਮ ਤੋਂ ਬਾਅਦ ਮੇਉ ਕਾਲੇਜ, ਲਾਹੌਰ ਦੇ ਪ੍ਰਿਸਿੰਪਲ ਬਣੇ) ਮੇਰੇ ਪਿਤਾ ਕੋਲ ਆਏ. ਉਨ੍ਹਾਂ ਨੇ ਸਲਾਹ ਦਿੱਤੀ, "ਕਿਰਪਾ ਕਰ ਕੇ ਇਥੋਂ ਚਲੇ ਜਾਉ ਨਹੀਂ ਤੇ ਮੰਟੋ ਅਤੇ ਮੁਟੋ, ਦੋ ਮੁਸਲਿਮ ਗੁੰਡੇ ਤੁਹਾਨੂ ਜ਼ਿਉਂਦਾ ਨਹੀਂ ਛਡਣਗੇ". ਹਿੰਦੂਆ ਦੀ ਤਰਫ਼ੋਂ ਬਿਜਲੀ ਪਹਿਲਵਾਨ, ਸਰਗਨਾ ਸੀ. ਮੇਰੀ ਭੈਨ ਜੋ ਮਜੀਠਾ ਰੋਡ ਤੇ ਰਹਿੰਦੀ ਸੀ, ਉਸ ਨੇ ਆਪਣੇ ਪਤੀ ਨੂੰ, ਸਾਡੇ ਪਿਤਾ ਨੂੰ ਲੈ ਆਉਣ ਲਈ ਭੇਜਿਆ. ਰਾਏ ਬਹਾਦੁਰ ਬਦਰੀ ਨਾਥ, ਪੁਲਿਸ ਦੇ ਐਸ.ਪੀ. ਨੇ ਕੁੱਝ ਪੁਲਿਸਵਾਲੇ ਮੇਰੇ ਪਿਤਾ ਲਈ ਭੇਜੇ, ਤਾਂਕਿ ਉਹ ਆ ਸਕਣ. ਕਟਰਾ ਸ਼ੇਰ ਸਿੰਘ ਅਤੇ ਹਾਲ ਬਾਜ਼ਾਰ ਦੇ ਇਲਾਕੇ ਸਾੜ ਦਿੱਤੇ ਗਏ ਸੀ. ਕੁੱਝ ਬਹੁਤ ਪ੍ਰਮੁੱਖ ਵਕੀਲ ਉਥੇ ਰਹਿੰਦੇ ਸੀ. ਮੇਰੇ ਪਿਤਾ ਦਾ ਵਪਾਰ ਹਾਲ ਰੋਡ ਤੇ ਸੀ.'

ਰਿਪੁਦਮਨ ਸਿੰਘ

'ਅੱਮ੍ਰਿਤਸਰ ਤੇ ਗੜਬੜੀ ਤਦ ਸ਼ੁਰੂ ਹੋਈ, ਜਦ 4 ਮਾਰਚ ਨੂੰ ਕੁੱਝ ਸਿੱਖ ਢੋਲ ਵਜਾਂਦੇ ਹੋਏ ਚਾਰੇ ਪਾਸੇ ਘੁਮਨ ਲਗੇ, ਅਤੇ ਸਿੱਖਾਂ ਨੂੰ ਪਾਕਿਸਤਾਨ ਦੀ ਮੰਗ ਨੂੰ ਰੋਕਣ ਦੀ ਤਾਕੀਦ ਕਰਣ ਲਗੇ. ਉਸ ਦਿਨ ਪਹਿਲਾਂ ਤੋਂ ਹੀ ਕੁੱਝ ਲੋਕ ਹਲਾਕ ਹੋ ਚੁਕੇ ਸੀ ਅਤੇ ਪੂਰੇ ਸ਼ਹਿਰ ਤੇ ਖ਼ੌਫ਼ ਫ਼ੈਲ ਗਿਆ ਸੀ. ਤਸ਼ੱਦਦ ਹਰ ਘੰਟੇ ਵਧ ਰਿਹਾ ਸੀ ਅਤੇ ਕਤਲੇਆਮ, ਖ਼ੂਨ-ਖ਼ਰਾਬੇ ਦੀ ਖ਼ਬਰਾਂ ਚਾਰੇ ਪਾਸੇਆਂ ਤੋਂ ਆ ਰਹੀਆਂ ਸੀ. ਸ਼ਰਤੀਆ ਤੌਰ ਤੇ, ਹਰ ਸਮੁਦਾਇ ਦੇ ਲੋਕ, ਇੱਕ ਦੂਜੇ ਉਪਰ ਬੇਰਹਿਮੀ ਦੀ ਵਾਰਦਾਤਾਂ ਨੂੰ ਵਧਾ ਚੜ੍ਹਾ ਕੇ ਦੱਸ ਰਹੇ ਸੀ. ਪਰ, ਮੈਂ ਚੌਕ ਪ੍ਰਾਗਦਾਸ ਦੇ ਕਤਲੇਆਮ ਦਾ ਚਸ਼ਮਦੀਦ ਗਵਾਹ ਸੀ. ਇਹ ਸੱਚ ਹੈ ਕਿ ਮੁਸਲਿਮਾਂ ਨੂੰ ਵੱਡ ਦਿੱਤਾ ਗਿਆ ਅਤੇ ਉਮਰਦਾਰ, ਖ਼ਵਾਤੀਨ ਜਾਂ ਬੱਚੇਆਂ ਉਪਰ ਕੋਈ ਰਹਿਮ ਨਹੀਂ ਕੀਤਾ ਗਿਆ. ਬਦਨਾਮ ਅਕਾਲੀ ਆਗੂ ਜੈਦਾਂ ਕਿ ਉਧਮ ਸਿੰਘ ਨਗੋਕੇ ਅਤੇ ਹਿੰਦੂ-ਸਿੱਖ ਗੁਨਹਗਾਰ ਗਿਰੋਹ, ਇਨ ਕਰੂਰਤਾਵਾਂ ਵਿੱਚ ਸ਼ਾਮਲ ਸਨ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਅੱਮ੍ਰਿਤਸਰ ਹਰ ਸਮਪ੍ਰਦਾਇ ਦੇ ਗੁਨਹਗਾਰ ਗਿਰੋਹਾਂ ਦਾ ਗੜ ਸੀ. ਗੁਜ਼ਰੇ ਹੋਏ ਵਕਤ ਤੇ ਉਹ ਇੱਕ ਦੂਜੇ ਨਾਲ ਸਹਿਯੋਗ ਕਰਦੇ ਸੀ ਅਤੇ ਝਗੜੇ ਤੋਂ ਦੂਰ ਰਹਿੰਦੇ ਸੀ. ਇਹ ਲਗਦਾ ਸੀ ਕਿ ਉਨ੍ਹਾਂ ਦੇ ਵਿੱਚ, ਹਰਕਤਾਂ ਕਰਣ ਲਈ, ਮੁਖ਼ਤਲਿਫ਼ ਇਲਾਕਿਆਂ ਨੂੰ ਵੰਡਣ ਦੀ ਕੋਈ ਨਿਹਿਤ ਸਮਝ ਸੀ. ਅਤੇ ਜਦ ਉਨ੍ਹਾਂ ਨੂੰ ਆਪਣੇ ਮਜ਼ੂਬ ਅਤੇ ਸਮੁਦਾਇ ਦੀ ਹਿਫ਼ਾਜ਼ਤ ਲਈ ਹਰਕਤ ਵਿੱਚ ਲਾਇਆ ਗਿਆ, ਉਹ ਸਭ ਤੋਂ ਬਦਤਰ ਤਰ੍ਹਾਂ ਦੇ ਵਹਿਸ਼ੀ ਸਾਬਤ ਹੋਏ, ਅਤੇ ਇੱਕ ਦੂਜੇ ਨੂੰ ਨੀਚਾ ਦਿਖਾਉਣ ਲਈ, ਉਹ 'ਦੁਸ਼ਮਨ' ਕੌਮ ਦੇ ਬਿਲਕੁਲ ਬੇਕਸੂਰ ਅਤੇ ਬੇਕਸ ਲੋਕਾਂ ਉੱਪਰ, ਜੋ ਉਨ੍ਹਾਂ ਦੇ ਹੱਥ ਲਗ ਗਏ ਸੀ, ਇੰਤਹਾ ਬੇਰਹਿਮੀ ਦਿਖਾਈ. 5 ਅਤੇ 6 ਮਾਰਚ ਨੂੰ ਮੈਂ ਕੁੱਝ ਹਿੰਦੂਆਂ ਅਤੇ ਸਿਖਾਂ ਦੀ ਲਾਸ਼ਾਂ ਵੇਖਿਆਂ. ਪਰ, ਮੁਸਲਿਮਾਂ ਉਪਰ ਚੌਕ ਪ੍ਰਾਗਦਾਸ ਦਾ ਹਮਲਾ ਪੂਰੀ ਤਰ੍ਹਾਂ ਤੁਲਨਾ ਤੋਂ ਪਰੇ ਸੀ. ਇਹ ਪੱਕੇ ਤੋਰ ਤੇ ਇੱਕ ਖ਼ੂਨ ਖ਼ਰਾਬਾ ਸੀ. ਇਸ ਦੀ ਵਿਸਤਰਤ ਤਰਤੀਬ ਕੀਤੀ ਗਈ ਸੀ. ਮੈਂ ਪੱਕਾ ਨਹੀਂ ਹਾਂ, ਪਰ ਮੈਂ ਸੁਣਿਆ ਹੈ ਕਿ ਕੁੱਝ ਰਿਆਸਤਾਂ ਦੇ ਸਿੱਖ ਫ਼ੌਜ਼ੀਆਂ ਨੇ ਚੌਕ ਪ੍ਰਾਗਦਾਸ ਦੇ ਹਮਲੇ ਤੇ ਹਿੱਸਾ ਲੀਤਾ ਸੀ.

'ਅਕਾਲੀਆਂ ਨੇ ਕਿਸੇ ਮੁਸਲਿਮ ਕੁੜਿਆਂ ਜਾਂ ਖ਼ਵਾਤੀਨ ਨੂੰ ਨਹੀਂ ਬਚਾਇਆ. ਬਲਕਿ ਉਹ ਉਸ ਕਾਰਵਾਈ ਦੀ ਅਗਵਾਈ ਕਰ ਰਹੇ ਸੀ. ਇਹ ਕਮਊਨਿਸਟ ਪਾਰਟੀ ਦੇ ਆਗੂ ਬਾਵਾ ਘਨਸ਼ਾਮ ਸਿੰਘ ਸਨ, ਜੋ ਕਈ ਮੁਸਲਿਮ ਬੰਦੇਆਂ, ਖ਼ਵਾਤੀਨਾਂ ਅਤੇ ਬੱਚੇਆਂ ਦੀ ਜਾਨਾਂ ਬਚਾਉਣ ਤੇ ਕਾਮਯਾਬ ਹੋਏ. ਇੱਕ ਗਲੀ ਤੇ 300 ਮੁਸਲਿਮਾਂ ਨੂੰ ਬਚਾਇਆ ਜਾ ਸਕਿਆ.

'ਮੈਂ ਉਣ ਦਿਨੀ ਇੱਕ ਛੋਟਾ ਲੜਕਾ ਸੀ. ਚੌਕ ਪ੍ਰਾਗਦਾਸ ਦੀ ਵਾਰਦਾਤ ਨਾਲ ਮੈਨੂੰ ਢੂੰਘਾ ਸਦਮਾ ਪਹੁੰਚਿਆ ਜਦ ਮੈਂ ਇੰਸਾਨਿਅਤ ਨੂੰ ਸਭ ਤੋਂ ਬਦਤਰ ਤਰੀਕੇ ਨਾਲ ਬੇਕਦਰ ਹੁੰਦੇ ਵੇਖਿਆ. ਜੋ ਮੈਂ ਵੇਖਿਆ ਸੀ, ਉਸ ਦੇ ਬਾਅਦ, ਕਈ ਮਹੀਨੇਆਂ ਤਕ, ਮੈਂ ਖ਼ੁਦ ਨੂੰ ਸੰਭਾਲ ਨਹੀਂ ਸਕ ਰਿਹਾ ਸੀ. ਆਖ਼ਰ ਤੇ, ਮੈਨੂੰ ਮਾਰਕਸਵਾਦ ਦੁਆਰਾ ਪੇਸ਼ ਇੰਸਾਨਿਅਤ ਦੇ ਇੱਕ ਲਾਮਜ਼ਹਬੀ ਨਜ਼ਰਿਏ ਵਿੱਚ, ਇੱਕ ਰੁਹਾਨੀ ਪਨਾਹ ਮਿਲੀ. ਮੈਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ ਅਤੇ ਹੁਣ ਤੱਕ ਇਸ ਦਾ ਸੱਦਸ ਹਾਂ. ਬੇਕਸੂਰ ਇਨਸਾਨਾਂ ਦੇ ਕਤਲ ਨੂੰ ਕਿਸੇ ਵੀ ਹਾਲਾਤ ਤੇ ਮਾਫ਼ ਨਹੀਂ ਕੀਤਾ ਜਾ ਸਕਦਾ ਹੈ.

'ਮੈਂ ਤੁਹਾਨੂ ਇਹ ਵੀ ਦੱਸ ਸਕਦਾ ਹਾਂ ਕਿ ਅੱਮ੍ਰਿਤਸਰ ਤੇ ਬੰਬ ਬਣਾਉਣ ਦੇ ਕਾਰਖਾਨੇ ਕਾਇਮ ਕੀਤੇ ਗਏ ਸੀ ਅਤੇ ਇਸ ਲਈ ਖ਼ੁਫ਼ੀਆ ਮਾਲੀਆ ਮਦਦ, ਸਰਦਾਰ ਪਟੇਲ ਨੇ ਕੀਤੀ ਸੀ. ਮੈਂ ਪੱਕੇ ਤੌਰ ਤੇ ਨਹੀਂ ਕਹਿ ਸਕਦਾ ਕਿ ਦੂਜੇ ਕਾਂਗਰੇਸ ਆਗੂ ਇਸ ਬਾਰੇ ਵਾਕਫ਼ ਸਨ ਜਾਂ ਨਹੀਂ, ਪਰ ਸਰਦਾਰ ਪਟੇਲ ਦੀ ਸ਼ਮੂਲੀਅਤ ਬਾਰੇ ਕੋਈ ਸ਼ੱਕ ਨਹੀਂ ਹੈ. ਮੈਂ ਕਈ ਲੋਕਾਂ ਨੂੰ ਮਿਲਿਆਂ ਹਾਂ ਜਿਨ੍ਹਾਂ ਨੇ ਪੱਕੇ ਤੌਰ ਤੇ ਕਿਹਾ ਕਿ ਪਟੇਲ ਉਹ ਬੰਬ ਬਣਾਉਣ ਦੇ ਕਾਰਖਾਨੇ ਦੀ ਮਾਲੀਆ ਮਦਦ ਕਰਦੇ ਸੀ. ਮੈਂ ਹਮੇਸ਼ਾ ਸੋਚਦਾ ਹਾਂ ਕਿ ਬ੍ਰਿਟਿਸ਼ ਤਕਸੀਮ ਦੇ ਫ਼ਸਾਦਾਂ ਨੂੰ ਨਜਿੱਠਣ ਲਈ, ਇੰਨੀ ਮਾੜੀ ਤਰ੍ਹਾਂ ਤਿਆਰ ਕਿਉਂ ਸਨ. ਇਸ ਬਾਰੇ ਕੋਈ ਸ਼ੁਭਾ ਨਹੀਂ ਹੈ ਕਿ ਇੰਤਜ਼ਾਮਿਆ ਦੇ ਇੰਡੀਅਨ ਸਦੱਸ ਤਰਫ਼ਦਾਰੀ ਕਰਣ ਲਗੇ ਸੀ; ਮੁਸ਼ਕਲ ਵਿੱਚ ਲੋਕਾਂ ਦੀ ਮਦਦ ਕਰਣ ਦੀ ਬਜਾਏ, ਉਨ੍ਹਾਂ ਨੇ ਦੂਜੀ ਕੌਮ ਦੇ ਲੋਕਾ ਦੇ ਖ਼ਿਲਾਫ਼ ਜੁਰਮ ਵਿੱਚ ਹਿੱਸਾ ਲੀਤਾ.'

ਦੇਵੀ ਦਾਸ ਮੰਗਤ

'4 ਮਾਰਚ ਦੀ ਸ਼ਾਮ ਨੂੰ ਮੁਸਲਿਮ ਜੋ ਕੁੱਝ ਕਰ ਰਹੇ ਸੀ, ਬਦਲੇ ਦੀ ਕਾਰਵਾਈ ਦੇ ਤਹਿਤ, ਚੌਕ ਪ੍ਰਾਗਦਾਸ ਦੇ ਮੁਸਲਿਮਾਂ ਉਪਰ ਹਮਲਾ ਹੋਇਆ. ਸਭ ਤੋਂ ਬਦਤਰੀਨ ਵਾਰਦਾਤ ਅੱਮ੍ਰਿਤਸਰ ਸਟੇਸ਼ਨ ਤੇ ਟ੍ਰੇਨ ਉਪਰ ਹਮਲੇ ਦੀ ਸੀ. ਆਦਮੀ, ਔਰਤ ਅਤੇ ਬੱਚੇ ਜੋ ਮਹਜ਼ ਮੁਸਫ਼ਿਰ ਸਨ, ਉਨਾਂ ਨੂੰ ਅੱਤਵਾਦੀ ਮੁਸਲਿਮਾਂ ਨੇ ਵੱਡ ਕੇ ਰੱਖ ਦਿੱਤਾ. ਜਦ ਇਹ ਖ਼ਬਰ ਸਾਨੂ ਮਿਲੀ, ਹਿੰਦੂਆ ਅਤੇ ਸਿੱਖਾਂ ਨੂੰ ਬੇਹਦ ਜ਼ਿਆਦਾ ਗੁੱਸਾ ਆ ਗਿਆ. ਸਾਡੇ ਬਜ਼ੁਰਗਾਂ ਨੂੰ ਯਕੀਨ ਸੀ ਕਿ ਅਗਰ, ਉਹ ਤਦ ਕੋਈ ਕਾਰਵਾਈ ਨਹੀਂ ਕਰਦੇ, ਤਾਂ ਉਨ੍ਹਾਂ ਦੇ ਲੋਕਾਂ ਉਪਰ ਕਰੂਰਤਾ ਕਈ ਗੁਨਾ ਵਧ ਜਾਂਦੀ. ਮੁਸਲਿਮ ਬੜੇ ਹਮਲਾਵਰ ਮਿਜਾਜ ਵਿੱਚ ਸਨ. ਮੈਂ ਇਸ ਬਾਰੇ ਵਾਕਫ਼ ਨਹੀਂ ਹਾਂ ਕਿ ਰਾਸ਼ਟਰੀ ਮੁਸਲਿਮਾਂ ਦੇ ਨਾਲ ਕੀਤੀ ਕਿਸੇ ਰਾਜੀਨਾਮੇ ਨਾਲ, ਮਹਿੰਦਰ ਸਿੰਘ ਅਤੇ ਧਿਆਨ ਸਿੰਘ ਨੇ ਕੋਈ ਦਗਾ ਕੀਤਾ; ਪਰ ਇਹ ਸੱਚ ਹੈ ਕਿ ਇਹ ਲੜਾਈ ਇੱਕ ਤਰਫ਼ਾ ਸੀ. ਜੋ ਮੁਸਲਿਮ ਆਪਣੇ ਮਹੱਲੇਆਂ ਤੇ ਰਹਿ ਗਿਐ ਸੀ ਅਤੇ ਹੋਰ ਕਿਥੇ ਨਹੀਂ ਜਾ ਸਕੇ, ਇੱਕ ਆਸਾਨ ਨਿਸ਼ਾਨਾ ਬਣ ਗਏ. ਔਰਤਾਂ, ਬੱਚੇ ਅਤੇ ਬਜ਼ੁਰਗਾਂ ਨਾਲ ਜੋ ਕੀਤਾ ਗਿਆ, ਉਸ ਬਾਰੇ ਮੈਂ ਬੇਹਦ ਸ਼ਰਮਿੰਦਾ ਹਾਂ. ਤੁਸੀਂ ਜਾਣਦੇ ਹੋ, ਪਹਿਲਾਂ ਅਸੀਂ ਮੁਸਲਿਮ ਸਮਪ੍ਰਦਾਇ ਦੇ ਬਜ਼ੁਰਗਾਂ ਨੂੰ ਚਾਚਾ, ਚਾਚੀ ਕਹਿ ਕੇ ਬੁਲਾਂਦੇ ਸੀ, ਜੈਦਾਂ ਅਸੀਂ ਆਪਣੇ ਬਜ਼ੁਰਗਾਂ ਦਾ

ਸਤਕਾਰ ਕਰਦੇ ਸੀ. ਸਮੁੱਚੇ ਤੌਰ ਤੇ, ਅੱਮ੍ਰਿਤਸਰ ਦੇ ਲੋਕ ਇੱਕ ਦੂਜੇ ਨਾਲ ਦੋਸਤਾਨਾ ਰਿਸ਼ਤਾ ਰੱਖਦੇ ਸੀ, ਅਤੇ ਬਦਮਾਸ਼ ਵੀ ਬਜ਼ੁਰਗਾਂ ਦੀ ਇੱਜ਼ਤ ਕਰਦੇ ਸੀ ਅਤੇ ਔਰਤਾਂ ਨਾਲ ਛੇੜ-ਛਾੜ ਕਰਣ ਵਾਲਿਆਂ ਨੂੰ ਉਹ ਸਖ਼ਤ ਸਜ਼ਾ ਦੇਂਦੇ ਸੀ. ਪਰ, ਜ਼ਦ ਇੱਕ ਵਾਰ, ਫ਼ਿਰਕੂ ਜੰਗ ਛਿੜ ਗਈ, ਤਦ ਇਨਸਾਨ ਜੰਗਲੀ ਜਾਨਵਰਾਂ ਵਿੱਚ ਤਬਦੀਲ ਹੋ ਗਏ.'

ਮੋਹਨ ਸਿੰਘ ਰਾਹੀ

'ਉਪਦ੍ਰਵ 4 ਮਾਰਚ 1947 ਨੂੰ ਸ਼ੁਰੂ ਹੋਇਆ, ਜਦ ਸਿੱਖ ਨਗਾੜਾ ਲੈ ਕੇ ਆਲੇ-ਦੁਆਲੇ, ਪਾਕਿਸਤਾਨ ਦੀ ਮੰਗ ਦਾ ਮੁਕਾਬਲਾ ਕਰਣ ਲਈ ਲੋਕਾ ਨੂੰ ਪੁਕਾਰਨ ਲਗੇ. 6 ਮਾਰਚ ਹੋਲੀ ਦਾ ਦਿਨ ਸੀ ਅਤੇ ਜਦ ਕਿ ਹਿੰਦੂ ਅਤੇ ਸਿੱਖ ਆਪਣੇ ਤਿਉਹਾਰ ਦੀ ਤਿਆਰੀ ਤੇ ਜੁਟੇ ਸੀ, ਰੇਲਵੇ ਵਰਕਸ਼ੌਪ ਤੇ, ਸਿੱਖ ਮਜਦੂਰਾਂ ਉਪਰ ਮੁਸਲਿਮਾਂ ਨੇ ਹਮਲਾ ਕਰ ਦਿੱਤਾ ਅਤੇ ਕੁੱਝ ਸਿੱਖ ਹਲਾਕ ਹੋ ਗਏ. ਇੱਕ ਟ੍ਰੇਨ ਉਪਰ ਵੀ ਹਮਲਾ ਕੀਤਾ ਗਿਆ ਜਿਸ ਵਿੱਚ ਅੱਮ੍ਰਿਤਸਰੀ ਮੁਸਲਿਮਾਂ ਨੇ ਬੇਰਹਿਮੀ ਨਾਲ ਬੇਕਸੁਰ ਹਿੰਦੂਆਂ ਅਤੇ ਸਿਖਾਂ ਨੂੰ ਹਲਾਕ ਕਰ ਦਿੱਤਾ. ਬਾਅਦ ਤੇ, ਮੁਸਲਿਮਾਂ ਨੇ ਹਿੰਦੂ ਅਤੇ ਸਿੱਖ ਇਮਾਰਤਾਂ ਨੂੰ ਅੱਗ ਲਗਾ ਦਿੱਤੀ, ਅਤੇ ਇਸ ਦੇ ਬਦਲੇ ਸਿੱਖਾਂ ਅਤੇ ਕੁੱਝ ਹਿੰਦੂਆਂ ਨੇ ਚੌਕ ਪ੍ਰਾਗਦਾਸ ਦੇ ਮੁਸਲਿਮਾਂ ਉਪਰ ਹਮਲਾ ਕਰ ਦਿੱਤਾ. ਇੱਕ ਦਿਨ ਪਹਿਲਾਂ, ਮੁਸਲਿਮਾ ਨੇ ਗੁਜ਼ਰਦੇ ਹੋਏ ਹਿੰਦੂਆਂ ਅਤੇ ਸਿੱਖਾਂ ਉਪਰ ਲੋਟੇ (ਛੋਟੇ ਘੜੇ) ਸੁੱਟੇ ਸੀ. ਸਿੱਖਾਂ ਨੇ ਮੁਸਲਿਮਾਂ ਉਪਰ ਕਿਰਪਾਨਾਂ ਅਤੇ ਖੰਜ਼ਰਾਂ ਨਾਲ ਹਮਲਾ ਕੀਤਾ ਅਤੇ, ਸੱਚ-ਮੁੱਚ ਚੌਕ ਪ੍ਰਾਗਦਾਸ ਦੇ ਮੁਸਲਿਮਾਂ ਨਾਲ ਬੇਰਹਿਮੀ ਨਾਲ ਪੇਸ਼ ਆਏ.'

ਗੁਰਚਰਨ ਦਾਸ ਅਰੋੜਾ

'ਮੁਸਲਿਮ ਲੀਗ ਦਾ ਪੰਜਾਬ ਤੋਂ, ਹਿੰਦੂਆਂ ਅਤੇ ਸਿੱਖਾਂ ਨੂੰ ਮਿਟਾ ਦੇਣ ਦਾ ਪੱਕਾ ਇਰਾਦਾ ਸੀ, ਪਰ ਅੱਮ੍ਰਿਤਸਰ ਤੇ ਉਨ੍ਹਾਂ ਨੂੰ ਬਹੁਤ ਮਜਬੂਤ ਟਾਕਰਾ ਮਿਲਿਆ. ਇਹ ਸੱਚ ਹੈ ਕਿ 4 ਮਾਰਚ 1947 ਨੂੰ ਦੁਸ਼ਮਣੀ ਕਾਰਵਾਈ ਸੁਰੂ ਹੋਈ, ਜਦ ਉਤੇਜਤ ਸਿੱਖ ਨਗਾੜਾ ਲੈ ਕੇ ਆਲੇ-ਦੁਆਲੇ, ਮੁਸਲਿਮ ਲੀਗ ਦਾ ਮੁਕਾਬਲਾ ਕਰਣ ਲਈ ਲੋਕਾ ਨੂੰ ਪੁਕਾਰਨ ਲਗੇ, ਪਰ ਇਸ ਬਦਲੇ ਦੀ ਕਾਰਵਾਈ ਦੀ ਉਮੀਦ ਰਖਣੀ ਚਾਹੀਦੀ ਸੀ. 1946 ਦੇ ਇੰਤਖਾਬ ਤੋਂ ਮਿਲੀ ਸ਼ਾਨਦਾਰ ਜਿੱਤ ਤੋਂ ਬਾਅਦ, ਮੁਸਲਿਮ ਲੀਗ ਦੇ ਲਾਹੌਰੀ ਆਗੂ ਅੱਮ੍ਰਿਤਸਰ ਅਤੇ ਲਾਹੌਰ ਦੇ ਦਰਮਿਆਨ, ਲਗਾਤਾਰ ਆ ਅਤੇ ਜਾ ਰਹੇ ਸੀ. ਉਹ ਇਸ ਤਰ੍ਹਾਂ ਦੇ ਹਾਲਾਤ ਬਣਾਉਣ ਲਈ ਜ਼ਿਮੇਵਾਰ ਸਨ, ਜੋ ਅੱਗਜਣੀ ਅਤੇ ਕਤਲੇਆਮ ਵਿੱਚ ਫੁੱਟ ਗਈ. ਅੱਮ੍ਰਿਤਸਰ ਦੇ ਬਾਹਰ, ਮੁਸਲਿਮਾਂ ਨੇ ਇੱਕ ਟ੍ਰੇਨ ਦੇ ਹਿੰਦੂਆਂ ਅਤੇ ਸਿਖਾਂ ਨੂੰ ਹਲਾਕ ਕਰ ਦਿੱਤਾ ਸੀ ਅਤੇ ਚੌਕ ਪ੍ਰਾਗਦਾਸ ਦਾ ਹਮਲਾ ਇਸ ਦੇ ਬਾਅਦ ਹੀ ਹੋਇਆ. ਮੁਸਲਿਮ ਬਦਮਾਸ਼ਾਂ ਨੇ ਘਾਤ ਲਗਾ ਕੇ, ਬੇਕਸੁਰ ਲੋਕਾਂ ਨੂੰ ਬੇਰਹਿਮੀ ਨਾਲ ਵੱਡ ਦਿੱਤਾ. ਇਸ ਦੀ ਉਨ੍ਹਾਂ ਨੂੰ ਅਖੀਰ ਤੇ, ਇੱਕ ਭਾਰੀ ਕੀਮਤ ਚੁਕਾਣੀ ਪਈ ਪਰ ਮਾਰਚ ਵਿੱਚ ਮੁਕਾਬਲਾ ਬਰਾਬਰੀ ਦਾ ਸੀ.

ਅਫਤਾਰ ਸਿੰਘ ਜੱਜ

'ਮੈਂ ਅੱਮ੍ਰਿਤਸਰ ਤੇ ਪੈਦਾ ਹੋਇਆ ਮਗਰ ਮੇਰੀ ਤਾਲੀਮ ਗੌਵਰਨਮੇਂਟ ਕਾਲਜ, ਲਾਹੌਰ ਤੇ ਹੋਈ. ਅੱਮਿਤਸਰ ਤੇ ਸਾਡਾ ਘਰ ਮੋਹਲਾ ਪ੍ਰਾਗਦਾਸ ਤੇ ਸੀ. ਅਸੀਂ ਕਸ਼ਮੀਰੀ ਮੁਸਲਿਮਾਂ ਦੇ ਗੁਆਂਢੀ ਸੀ, ਜਿਨ੍ਹਾਂ ਨੂੰ ਲਖੜਾ (ਜਿਸ ਦੇ ਕੋਲ 100,000 ਤੋਂ ਜ਼ਿਆਦਾ ਰੁਪਏ ਹੋਣ) ਕਿਹਾ ਜਾਂਦਾ ਸੀ. ਉਨ੍ਹਾਂ ਨੇ ਸ਼ਾਲਾਂ ਦਾ ਵਪਾਰ ਕਰ ਕੇ, ਬਹੁਤ ਪੈਸਾ ਬਣਾਇਆ ਸੀ. ਅੱਮ੍ਰਿਤਸਰ ਦੇ ਕਈ ਮੁਸਲਿਮ ਬੇਹਦ ਅਮੀਰ ਸਨ. ਦੰਗਾਈ ਲੱਖਰਾਂ ਦੇ ਬਹੁਤ ਵੱਡੇ ਘਰ ਨੂੰ ਅੱਗ ਲਗਾਉਣ ਨੂੰ ਆਏ. ਮੇਰੇ ਦਾਦਾ ਜੋ ਇੱਕ ਬੇਹਦ ਧਾਰਮਿਕ ਇਨਸਾਨ ਸਨ, ਇਸ ਦੀ ਮੁਖ਼ਾਲਫ਼ਤ ਕੀਤੀ ਅਤੇ ਉਨ੍ਹਾਂ ਨੂੰ ਕਿਹਾ, "ਤੁਸੀਂ ਅਗਰ ਉਨ੍ਹਾਂ ਦੇ ਘਰ ਸਾੜੋਗੇ ਤੇ ਸਾਡੇ ਘਰ ਨੂੰ ਵੀ ਅੱਗ ਲਗੇਗੀ, ਅਤੇ ਮੈਂ ਸੋਚਦਾਂ ਹਾਂ ਕਿ ਤੁਹਾਨੂ ਕੁੱਝ ਨਹੀਂ ਕਰਨਾ ਚਾਹੀਦਾ ਹੈ. ਉਨ੍ਹਾਂ ਨੂੰ ਜਾਣ ਦੋ."

ਦੰਗਾਈ ਦੁਬਾਰਾ ਨੁਕੀਲੇ ਛੜੇ, ਕੁਹਾੜੇ, ਬਰਛੇ ਵਰਗੇ ਹਥਿਆਰ ਲੈ ਕੇ ਆਏ, ਪਰ ਮੇਰੇ ਚਾਚਾ ਸੁਜੱਨ ਸਿੰਘ ਨੇ ਮੁਸਲਿਮਾਂ ਨੂੰ ਆਪਣੇ ਘਰ ਲੈ ਆਉਂਦਾ ਸੀ ਅਤੇ, ਮੁਸਲਿਮਾਂ ਦਾ ਘਰ ਸਾੜ ਦਿੱਤਾ ਗਿਆ ਮਗਰ ਉਨ੍ਹਾਂ ਦੀ ਜਾਣ ਬੱਚ ਗਈ.'

ਖ਼ਵਾਜਾ ਇਫ਼ਤਿਖ਼ਾਰ ਦੀ ਕਿਤਾਬ ਦੀ ਬੁਨਿਆਦ, ਲਾਹੌਰ ਅਤੇ ਪਾਕਿਸਤਾਨ ਦੇ ਦੂਜੇ ਇਲਾਕਿਆਂ ਤੇ ਸਥਾਨਾਂਤਰਣ ਹੋਏ ਲੋਕਾਂ ਦੇ ਵਿਸਤਰਤ ਇੰਟਰਵਿਊ ਨੇ. ਇਸ ਨੂੰ ਕੋਈ, ਮੁਸਲਿਮ ਲੀਗ ਦਾ ਹਿਮਾਅਤੀ ਨਜ਼ਰਿਆ ਸਮਝ ਸਕਦਾ ਹੈ. ਮੈਂ ਕਿਤਾਬ ਵਿੱਚ ਜ਼ਿਕਰ ਕੀਤੇ, ਕਈ ਲੋਕਾਂ ਨਾਲ ਗੱਲ ਕੀਤੀ. ਉਹ ਉਣ ਵਾਰਦਾਤਾਂ ਬਾਰੇ ਇਫ਼ਤਿਖ਼ਾਰ ਦੇ ਬਿਰਤਾਂਤ ਨਾਲ ਰਜਾਮੰਦ ਸਨ. ਉਨ੍ਹਾਂ ਦੀ ਤਫ਼ਸੀਲ ਦਾ ਕੁੱਝ ਮੁਖਤਲਿਫ਼ ਹੋ ਜਾਣਾ ਜ਼ਿਆਦਾ ਅਹਿਮ ਨਹੀਂ ਹੈ ਅਤੇ ਇਹ ਕੁੱਝ ਖ਼ਾਸ ਵਾਕਿਐ ਦੇ, ਮਹਿਜ਼ ਵੇਰਵੇ ਬਾਰੇ ਨੇ.

ਹੇਠਾਂ ਪੇਸ਼ ਨੇ ਦੋ ਹੋਰ ਇੰਟਰਵਿਊ, ਪਹਿਲਾਂ ਅਹਰਾਰ ਪਾਰਟੀ ਦੇ ਇੱਕ ਮੁਸਲਿਮ ਨਾਲ ਜੋ ਪਾਕਿਸਤਾਨ ਦੇ ਖ਼ਿਆਲ ਨਾਲ ਹਮਦਰਦੀ ਨਹੀਂ ਰੱਖਦੇ ਸੀ, ਅਤੇ ਦੂਜਾ ਇੱਕ ਗੈਰ-ਸਿਆਸੀ ਇਨਸਾਨ ਨਾਲ.

ਕਮਾਰ ਊਰੀਸ਼

'ਇਹ ਸੱਚ ਹੈ ਕਿ ਸਿੱਖਾਂ ਨੇ 4 ਮਾਰਚ ਦੇ ਝਗੜੇ ਨੂੰ ਭੜਕਾਇਆ, ਪਰ ਭੜਕਾਉਣ ਦਾ ਕੱਮ ਮੁਸਲਿਮ ਲੀਗ ਦੀ ਤਰਫ਼ੋਂ ਬੜੀ ਦੇਰ ਤੋਂ ਚਲ ਰਿਹਾ ਸੀ, ਜਿਸ ਨੇ ਮੁਸਲਿਮ ਬਦਮਾਸ਼ਾਂ ਨੂੰ ਆਪਣੀ ਇੰਤਖਾਬ ਦੀ ਮੁਹਿੱਮ ਤੇ ਸ਼ਾਮਲ ਕਰ ਲੀਤਾ ਸੀ. ਜਨਵਰੀ ਤੋਂ ਸੁਰੂ ਹੋਏ ਗੈਰ-ਮੁਸਲਿਮਾਂ ਦੇ ਖ਼ਿਲਾਫ਼ ਹਮਲੇ, ਹਰ ਦਿਨ ਵਧਦੇ ਰਹੇ ਅਤੇ ਹੋਰ ਵਾਰਦਾਤਾਂ ਹੁੰਦਿਆ ਰਹਿਆਂ, ਜਿਸ ਦੇ ਚਲਦਿਆਂ ਉਹ ਖ਼ਤਰਾ ਮਹਿਸੂਸ ਕਰਣ ਲਗੇ. ਅਸੀਂ ਇੱਕ ਗੈਰ-ਮੁਸਲਿਮ ਇਲਾਕੇ ਤੇ ਰਹਿੰਦੇ ਸੀ, ਪਰ ਸਾਨੂ ਕਦੀ ਕੋਈ ਧਮਕੀ ਨਹੀਂ ਦਿੱਤੀ ਗਈ ਨਾ ਹੀ ਸਾਡੀ ਕੋਈ ਬੇਇੱਜ਼ਤੀ ਕੀਤੀ ਗਈ. 4 ਮਾਰਚ ਦੇ ਬਾਅਦ, ਪੁਰਾਣੇ ਸ਼ਾਨਦਾਰ ਅੱਮ੍ਰਿਤਸਰ ਦੀ ਆਪਣੀ ਮਜਬੂਤ ਗੈਰ-ਉਪਨਿਵੇਸ਼ੀ ਰਵਾਇਤਾਂ ਦੀ ਜਗ੍ਹ, ਫ਼ਿਰਕਾਪਰਸਤੀ ਨੇ ਲੈ ਲੀਤੀ. ਹਿੰਦੂਆਂ, ਸਿੱਖਾਂ ਹੋਰ ਮੁਸਲਿਮਾਂ ਦਾ ਕਤਲੇਆਮ, ਕਈ ਮਹੀਨੇ ਤਕ, ਮੁਸਲਿਮ ਲੀਗ ਦੁਆਰਾ ਉਤੇਜਨਾ ਨੂੰ ਵਧਾਵਾ ਦੇਣ ਦਾ ਨਤੀਜਾ ਸੀ. ਅਕਸਰ, ਲਾਹੌਰ ਤੋਂ ਅੱਮ੍ਰਿਤਸਰ, ਆ ਕੇ ਮੁਸਲਿਮ ਲੀਗ ਦੇ ਰਹਨੁਮਾ, ਅੱਮ੍ਰਿਤਸਰ ਦੇ ਮੁਸਲਿਮਾਂ ਨੂੰ ਸਿਰਫ਼ ਇੱਕ ਪੈਗ਼ਾਮ ਦੇਂਦੇ ਸੀ: ਹਿੰਦੂਆਂ ਅਤੇ ਸਿੱਖਾਂ ਨੂੰ ਚੁਨੈਤੀ ਦੋ ਕੇ, ਉਨ੍ਹਾਂ ਨੂੰ ਸ਼ਿਕਤਤ ਦੇ ਦੋ.'

ਸ਼ੇਖ਼ ਅਬਦੁਲ ਵਹਾਬ

'ਅਸੀਂ ਇੱਕ ਮਿਲੇ-ਜੁਲੇ ਲੋਕਾਂ ਦੇ ਇਲਾਕੇ ਤੇ ਰਹਿੰਦੇ ਸੀ, ਜਿੱਥੇ ਸਾਰੇ ਬਜ਼ੁਰਗ ਰਜਾਮੰਦ ਸਨ ਕਿ ਕਿਸੇ ਵੀ ਹਾਲਤ ਤੇ, ਉਹ ਇੱਕ ਦੂਜੇ ਦਾ ਸਾਥ ਦੇਣਗੇ ਅਤੇ ਕਿਸੇ ਘੁਸਪੈਠਿਐ ਨੂੰ ਉਨ੍ਹਾਂ ਦੇ ਦਰਮਿਆਨ ਤਸ਼ੱਦਦ ਫ਼ੈਲਾਉਣ ਨਹੀਂ ਦੇਣਗੇ. ਮਾਰਚ ਦੇ ਫ਼ਸਾਦਾਂ ਦੇ ਦੌਰਾਨ, ਸਾਰੀ ਕੌਮਾਂ ਨੇ ਬਦਮਾਸ਼ ਹਰਕਤ ਵਿੱਚ ਆ ਗਏ. ਉਹ ਅਕਸਰ ਬਿਲਕੁਲ ਬੇਕਸੁਰ ਲੋਕਾਂ ਉਪਰ ਹਮਲਾ ਕਰਦੇ ਸੀ; ਕੁੱਝ ਨੇੜੇ ਦੇ ਪਿੰਡਾ ਅਤੇ ਕਸਬੇ ਦੇ ਮਜਦੂਰ ਸਨ, ਜੋ ਇਸ ਬਾਰੇ ਬਿਲਕੁਲ ਅਨਜਾਨ ਸਨ. ਮੇਰਾ ਇੱਕ ਇਸਾਈ ਦੋਸਤ ਆਰਥਰ ਸੀ ਜੋ ਮੈਨੂੰ ਤਕਰੀਬਨ ਰੋਜ ਮਿਲਿਆ ਕਰਦਾ ਸੀ. ਉਸ ਨੂੰ ਮੁਸਲਿਮ ਗੁਨਾਹਗਾਰਾਂ ਨੇ ਮਾਰ ਦਿੱਤਾ, ਹਾਲਾਂਕਿ ਉਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਇੱਕ ਇਸਾਈ ਸੀ ਅਤੇ ਉਸ ਦੀ ਜਾਨ ਬਕਸ਼ ਦਿੱਤੀ ਜਾਵੇ. ਕਿਸੇ ਵੀ ਕੌਮ ਨੇ ਕੋਈ ਬਹਾਦਰੀ ਨਹੀਂ ਦਿਖਾਈ. ਸਾਡੇ ਮਹੱਲੇ ਤੇ ਕੋਈ ਹਲਾਕ ਨਹੀਂ ਹੋਇਆ, ਮਗਰ ਆਰਥਰ ਦਾ ਕਤਲ ਉਸ ਗਲੀ ਤੇ ਹੋਇਆ, ਜੋ ਸਾਨੂ ਹਿੰਦੂ ਮਹੱਲੇ ਨਾਲ ਜੋੜਦੀ ਸੀ. ਉਸ ਦਾ ਵਾਲਿਦ ਇੱਕ ਮਿਸ਼ਨ ਸਕੂਲ ਤੇ ਕੱਮ ਕਰਦਾ ਸੀ. ਮੈਨੂੰ ਹੁਣ ਤੱਕ ਯਾਦ ਹੈ ਕਿ ਆਰਥਰ ਦੇ ਮਾਂ-ਬਾਪ ਬਿਲਕੁਲ ਸੁੰਨ ਹੋ ਗਏ ਸੀ. ਉਨ੍ਹਾਂ ਨੂੰ ਸੁਝ ਨਹੀਂ ਰਿਹਾ ਸੀ ਕਿ ਉਹ ਕੀ ਕਰਣ. ਉਹ ਗੁਰਦਾਸਪੁਰ ਤੋਂ ਅੱਮ੍ਰਿਤਸਰ ਆਏ ਸੀ ਅਤੇ ਉਸ ਦੀ ਮੌਤ ਦੇ ਬਾਅਦ, ਵਾਪਸ ਚਲੇ ਗਏ. ਉਹ 6 ਜਾਂ 7 ਮਾਰਚ ਨੂੰ ਮਾਰ ਦਿੱਤਾ ਗਿਆ ਸੀ. ਮੈਂ ਆਪਣੇ ਆਪ ਨੂੰ ਬੇਹਦ ਕਸੂਰਵਾਰ ਮਹਿਸੂਸ ਕੀਤਾ ਅਤੇ ਅੱਜ ਤੱਕ ਉਸ ਸਦਮੇ ਤੋਂ ਉਭਰ ਨਹੀਂ ਸਕਿਆ ਹਾਂ. ਮੁਸਲਿਮ ਲੀਗ 1946 ਦੀ ਇੰਤਖਾਬ ਤੋਂ ਬਾਅਦ, ਹਿੰਦੂਆਂ ਅਤੇ ਸਿੱਖਾਂ ਨੂੰ ਭੜਕਾ ਰਹੀ ਸੀ. ਇਹ ਹੈਰਾਨ ਹੋਣ ਦੀ ਗੱਲ ਨਹੀਂ ਹੈ ਕਿ ਮਾਰਚ ਵਿੱਚ ਖ਼ੂਨ ਖ਼ਰਾਬਾ ਹੋਇਆ. ਸ਼ਾਡਾ ਪਰਵਾਰ ਪਹਿਲਾਂ ਗੁਜਰਾਂਵਾਲਾ ਰਹਿੰਦਾ ਸੀ; ਅਤੇ ਜੁਨ ਦੇ ਅਖੀਰ ਤੇ ਅਸੀਂ ਆਪਣੇ ਸ਼ਹਿਰ ਵਾਪਸ ਚਲੇ ਗਏ.'

ਅੱਮ੍ਰਿਤਸਰ ਉਪਰ ਜੇਨਕੀਨਸ ਦਾ ਵੇਰਵਾ

6 ਮਾਰਚ ਦੀ ਇੱਕ ਟੈਲੀਗ੍ਰਾਮ ਦੁਆਰਾ ਜੇਨਕੀਨਸ ਨੇ ਵੇਵੇਲ ਨੂੰ ਪੰਜਾਬ ਦੇ ਮੁਖ਼ਤਲਿਫ਼ ਇਲਾਕਿਆਂ ਦੇ ਤਸ਼ੱਦਦੀ ਵਾਰਦਾਤਾਂ ਬਾਰੇ ਖ਼ਬਰ ਦਿੱਤੀ. ਅੱਮ੍ਰਿਤਸਰ ਬਾਰੇ ਉਨ੍ਹਾਂ ਨੇ ਗੌਰ ਫ਼ਰਮਾਇਆ ਕਿ ਹਾਲਾਤ 'ਬੇਹਦ ਸੰਜੀਦਾ ਸਨ ਅਤੇ ਮੁੱਖ ਵਪਾਰ ਦੀ ਗਲਿਆਂ ਤੋਂ ਅੱਗ ਦੀ ਲਪਟਾਂ ਉਠ ਰਹੀਆਂ ਸੀ; ਦੰਗਾਈ ਬੰਦੂਕਾਂ ਦਾ ਇਸਤੇਮਾਲ ਕਰ ਰਹੇ ਸੀ ਅਤੇ ਲੁੱਟ-ਪਾਟ ਹੋ ਰਹੀ ਸੀ. ਸਾਡੀ ਇਤਲਾਹ ਦੇ ਮੁਤਾਬਕ, 10:30 ਵਜੇ ਤੱਕ (ਸ਼ਾਇਦ ਸ਼ਾਮ ਦੇ) ਹਾਦਸਿਆਂ ਵਿੱਚ ਸ਼ਾਮਲ 65 ਲੋਕਾਂ ਤੋਂ 10 ਦੀ ਮੌਤ ਹੋ ਚੁਕੀ ਹੇ'(Carter, 2007a: 59). 8 ਮਾਰਚ ਨੂੰ, ਉਨ੍ਹਾਂ ਨੇ ਦੁਬਾਰਾ ਵੇਵੇਲ ਨੂੰ ਟੈਲੀਗ੍ਰਾਮ ਕੀਤਾ ਕਿ ਅੱਮ੍ਰਿਤਸਰ ਹੁਣ ਵੀ ਅਸ਼ਾਂਤ ਅਤੇ ਗੈਰ-ਜ਼ਬੇਬੰਦ ਸੀ. ਦੋ ਬ੍ਰਿਟਿਸ ਬਟਾਲਿਅਨਾਂ ਜੋ ਦੰਗੇ ਭੜਕਣ ਤੋਂ ਬਾਅਦ ਭੇਜਿਆਂ ਗਈ ਸੀ, ਹੁਣ ਵੀ ਉਥੇ ਹੀ ਸੀ (Ibid: 68–9). 9 ਮਾਰਚ ਦੀ ਇੱਕ ਲੰਬੀ ਰਿਪੋਰਟ ਤੇ ਉਸ ਨੇ ਖ਼ਬਰ ਦਿੱਤੀ ਕਿ *ਸਿਵਲ ਸਰਜਨ* ਨੇ ਅੱਮ੍ਰਿਤਸਰ ਤੇ ਹਲਾਕ ਹੋਏ 100 ਲੋਕਾਂ ਦੀ ਗਿਣਤੀ ਦੱਸੀ: ਮੁਸਲਿਮ 64, ਸਿੱਖ 31, ਹਿੰਦੂ 4 ਅਤੇ ਇਸਾਈ 1 (Ibid: 73). 13 ਮਾਰਚ ਨੂੰ ਜੇਨਕੀਨਸ ਨੇ ਅੱਮ੍ਰਿਤਸਰ ਦਾ ਦੌਰਾ ਕੀਤਾ. ਉਨ੍ਹਾਂ ਨੇ ਦੱਸਿਆ: 'ਮੈਂ ਅੱਜ ਦੁਪਹਿਰ ਨੂੰ ਅੱਮ੍ਰਿਤਸਰ ਗਿਆ ਸੀ. ਸ਼ਹਿਰ ਤੇ ਕਰਫਿਊ ਦੇ ਚਲਦੇ ਅਮਨ ਕਾਇਮ ਸੀ. ਬੇਤਹਾਸ਼ਾ ਤਬਾਹੀ ਹੋਈ ਅਤੇ ਖ਼ਾਸ ਇੰਤਜ਼ਾਮ ਕਰਨਾ ਪਵੇਗਾ ਤਾਂਕਿ ਗੈਰ-ਹਿਫ਼ਾਜ਼ਤੀ ਇਮਾਰਤਾਂ ਨੂੰ ਢਾਹ ਦਿੱਤਾ ਜਾਵੇ ਅਤੇ ਗੈਰ-

ਮਾਲਕਾਨੇ ਵਾਲੀ ਜ਼ਾਇਦਾਦਾਂ ਦੀ ਸੰਭਾਲ ਕੀਤੀ ਜਾਵੇ. ਅੱਮ੍ਰਿਤਸਰ ਤੇ ਹੁਣ ਹਾਦਸਿਆਂ ਵਿੱਚ ਸ਼ਾਮਲ ਲੋਕਾਂ ਤੋਂ 127 ਹਲਾਕ ਅਤੇ 175 ਗੰਭੀਰ ਤੌਰ ਤੇ ਜ਼ਖ਼ਮੀ ਨੇ' (Ibid: 78).

ਚੌਕ ਪ੍ਰਾਗਦਾਸ ਦਾ ਕੋਈ ਜ਼ਿਕਰ, ਬਹੁਤ ਬਾਅਦ, 30 ਅਪ੍ਰੈਲ ਤੱਕ ਨਹੀਂ ਹੈ: 'ਪਹਿਲਾਂ ਹੋਏ ਇੱਕ ਫ਼ਸਾਦ ਵਿੱਚ, ਇੱਕ ਚੌਕ ਪ੍ਰਾਗਦਾਸ ਦੇ ਨਾਂਅ ਦੇ ਚੌਰਾਹੇ ਤੇ ਇੱਕ ਮਸੀਤ ਨੂੰ ਸਾੜ ਦਿੱਤਾ ਗਿਆ ਸੀ, ਅਤੇ ਕਈ ਮੁਸਲਿਮਾਂ ਨੂੰ ਹਲਾਕ ਕਰ ਦਿੱਤਾ ਗਿਆ ਸੀ (Carter, 2007a: 152).

ਜਲੰਧਰ

ਮੇਰੀ *ਰਿਸਰਚ* (ਸ਼ੋਧ) ਦੇ ਦੌਰਾਨ ਮੈਨੂੰ ਮਾਰਚ ਤੇ, ਜਲੰਧਰ ਦੇ ਕਈ ਵੱਡੀ ਵਾਰਦਾਤਾਂ ਬਾਰੇ ਇਤਲਾਹ ਹਾਸਲ ਹੋਈ. ਜਲੰਧਰ ਸ਼ਹਿਰ ਅਤੇ ਛਾਉਣੀ ਤੇ ਮੁਸਲਿਮਾਂ ਦੀ 59 ਫ਼ੀਸਦੀ ਦੀ *ਮਜਾਰਿਟੀ* ਸੀ. 1991 ਦੀ ਐਸ.ਜੀ.ਪੀ.ਸੀ. ਰਿਪੋਰਟ 20-21 ਸਫ਼ੇ ਤੇ, ਇੱਕ *ਸਰਟਿਫਿਕੇਟ* ਦੀ ਕਾਪੀ ਬਾਰੇ ਦਸਦੀ ਹੈ, ਜਿਸ ਵਿੱਚ ਇੱਕ ਮੁਸਲਿਮ ਔਰਤ ਦਾ ਨੈਸ਼ਨਲ ਗਾਰਡ ਰਜ਼ਾਕਾਰ ਦੀ ਟ੍ਰੇਨਿੰਗ ਲੈਣ ਦਾ ਜ਼ਿਕਰ ਹੈ, ਅਤੇ ਟ੍ਰੇਨਿੰਗ ਨਾ ਸਿਰਫ਼ ਫ਼ੌਜ਼ੀ ਅਭਿਆਸ ਬਲਕਿ ਲੜਾਈ ਕਰਣ, ਅਤੇ ਹਥਿਆਰ ਇਸਤੇਮਾਲ ਕਰਣ ਦੀ ਸੀ, ਜਿਸ ਦੇ ਵਿੱਚ ਬੰਦੂਕ ਚਲਾਉਣਾ ਵੀ ਸ਼ਾਮਲ ਸੀ. ਜਲੰਧਰ ਮੁਸਲਿਮ ਲੀਗ ਦਾ ਇੱਕ ਗੜ ਸੀ, ਹਾਲਾਂਕਿ ਕਾਂਗਰੇਸ ਅਤੇ *ਆਰ.ਐਸ.ਐਸ* ਵੀ ਸੁਸੰਗਠਤ ਅਤੇ ਹਰਕਤਅੰਗੇਜ਼ ਸਨ. ਮੁਹੱਮਦ ਅਯੂਬ ਖ਼ਾਨ, ਜੋ ਉਸ ਸ਼ਹਿਰ ਦੇ ਰਹਿਣ ਵਾਲੇ ਸਨ, ਜਲੰਧਰ ਤੇ ਹੋਣ ਵਾਲੇ ਵਾਕਿਆਂ ਨੂੰ ਆਪਣੀ ਕਿਤਾਬ, *ਤਾਰੀਖ਼-ਏ-ਪਾਕਿਸਤਾਨ ਔਰ ਜਲੰਧਰ*, ਵਿੱਚ ਦਰਜ਼ ਕੀਤਾ ਹੈ. ਅਯੂਬ ਖ਼ਾਨ ਦੇ ਮੁਤਾਬਕ, ਮਾਸਟਰ ਤਾਰਾ ਸਿੰਘ ਦੀ 3 ਮਾਰਚ ਦੀ ਤਕਰੀਰ ਦੇ ਫੌਰਨ ਬਾਅਦ, ਜਲੰਧਰ ਦੇ ਹਾਲਾਤ ਵਿਗੜ ਗਿਐ. 4 ਮਾਰਚ ਦੀ ਰਾਤ ਨੂੰ, ਹਿੰਦੂਆਂ ਅਤੇ ਸਿੱਖਾਂ ਨੇ ਜਲੰਧਰ ਤੇ ਇੱਕ ਜਲੂਸ ਨਿਕਾਲਿਆ. ਉਹ ਮੁਸਲਿਮ ਇਲਾਕਿਆਂ ਤੋਂ ਹੋ ਕੇ ਗੁਜ਼ਰੇ ਅਤੇ ਮੁਸਲਿਮਾਂ ਹੋਰ ਉਨ੍ਹਾਂ ਨੇ ਮੁਸਲਿਮ ਲੀਗ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਜੈਦਾਂ ਕਿ *'ਜੋ ਕੋਈ ਮੰਗੇਗਾ ਪਾਕਿਤਸਾਨ ਉਸ ਕੋ ਮਿਲੇਗਾ ਕਬਰਿਸਤਾਨ'* ਅਤੇ *'ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਈ'* (Khan, 2002: 258).

ਉਹ ਆਪਣਾ ਕਿੱਸਾ ਜਾਰੀ ਰੱਖਦੇ ਹੋਏ ਕਹਿੰਦੇ ਨੇ ਕਿ ਉਸ ਵਕਤ ਮੁਸਲਿਮ ਸੌ ਰਹੇ ਸੀ ਅਤੇ ਉਨ੍ਹਾਂ ਨੇ ਆਪਣੇ ਉਪਰ ਕਾਬੂ ਰੱਖਿਆ. ਅਗਲੇ ਦਿਨ ਵੀ ਭੜਕਾਹਟ ਕਾਇਮ ਰਹੀ. ਇਸਲਾਮੀਆ ਕਾਲਜ ਦੀ ਇੱਕ ਬਸ ਨੂੰ, ਜਿਸ ਵਿੱਚ ਮੁਸਲਿਮ ਛਾਤ੍ਰਾਵਾਂ ਸਫ਼ਰ ਕਰ ਰਹਿਆਂ ਸਨ, ਹਿੰਦੂ ਅਤੇ ਸਿੱਖ ਸ਼ਾਗੀਰਦਾਂ ਨੇ ਘੇਰ ਲੀਤਾ ਅਤੇ ਬਸ ਉਪਰ ਪੱਥਰਬਾਜ਼ੀ ਕੀਤੀ ਗਈ ਅਤੇ ਬਦਜ਼ਬਾਨੀ ਦਾ ਇਸਤੇਮਾਲ ਕੀਤਾ ਗਿਆ. ਕਈ ਕੁੜੀਆਂ ਅਤੇ ਡ੍ਰਾਇਵਰ ਜ਼ਖ਼ਮੀ ਹੋਏ ਪਰ ਸਿਵਲ ਹਸਪਤਾਲ ਕਿਸੇ ਤਰ੍ਹਾਂ ਪਹੁੰਚ ਗਏ. ਹਿੰਦੂ ਡਾਕਟਰ ਜ਼ਿਆਦਾ ਮਦਦਗਾਰ ਨਹੀਂ ਸੀ, ਪਰ ਜਲਦ ਹੀ ਸਾਰੇ ਸ਼ਹਿਰ ਤੋਂ ਮੁਸਲਿਮ ਡਾਕਟਰ ਆ ਗਿਐ ਅਤੇ ਜ਼ਖ਼ਮੀ ਲੋਕਾਂ ਦੀ ਮਦਦ ਕੀਤੀ. ਕੁੜਿਆਂ ਨੂੰ ਕਈ ਤਰ੍ਹਾਂ ਦੀ ਸੱਟਾ ਲਗਿਆਂ ਸੀ. ਜਲੰਧਰ ਦੇ ਮੁਸਲਿਮ ਜਵਾਨ ਇਸ ਦਾ ਬਦਲਾ ਲੈਣਾ ਚਾਹੁੰਦੇ ਸੀ, ਮਗਰ ਇਹ ਕਦਮ ਨਾ ਲੈਣ ਲਈ, ਉਨ੍ਹਾਂ ਦੇ ਬਜ਼ੁਰਗਾਂ ਨੇ ਉਨ੍ਹਾਂ ਨੂੰ ਹਦਾਇਤ ਦਿੱਤੀ. ਬਾਅਦ ਤੇ, ਉਸੇ ਦਿਨ ਬਦਮਾਸ਼ਾਂ ਨੇ ਕਈ ਮੁਸਲਿਮਾਂ ਨੂੰ ਹਲਾਕ ਕਰ ਦਿੱਤਾ (Ibid:259–60).

ਲਾਭ ਸਿੰਘ ਦਾ ਕਤਲ

ਅਕਾਲੀ ਸਿੱਖ ਰਹਨੁਮਾ, ਸਰਦਾਰ ਲਾਭ ਸਿੰਘ ਨੇ, ਇੱਕ ਹੋਰ ਅਕਾਲੀ ਆਗੂ ਦਰਬਾਰਾ ਸਿੰਘ ਨਾਲ, ਮੁਸਲਿਮ ਇਲਾਕਿਆਂ ਦਾ ਦੌਰਾ ਕੀਤਾ. ਉਹ ਆਲੇ-ਦੁਆਲੇ ਮੁਸਲਿਮਾਂ ਕੋਲ ਜਾ ਕੇ, ਸਿੱਖਾਂ ਦੇ ਸ਼ਰਮਨਾਕ ਸਲੂਕ ਲਈ ਮਾਫ਼ੀ ਮੰਗਦੇ ਰਹੇ. ਉਨ੍ਹਾਂ ਨੇ, ਕਈ ਮੁਸਲਿਮ ਇਲਾਕਿਆਂ ਤੇ ਜਾ ਕੇ ਅਫ਼ਸੋਸ ਜ਼ਾਹਰ ਕੀਤਾ ਅਤੇ ਸਿੱਖਾਂ ਦੇ ਬੁਰੇ ਵਿਵਹਾਰ ਨੂੰ ਬਖ਼ਸ਼ਣ ਲਈ ਮਿੰਨਤ ਕੀਤੀ. ਪੁਲਿਸ ਨੂੰ ਸ.ਲਾਭ ਸਿੰਘ ਦੇ ਕਤਲ ਦੀ ਸਾਜ਼ਸ਼ ਦੀ ਖ਼ੂਫ਼ੀਆ ਖ਼ਬਰ ਮਿਲੀ ਸੀ, ਪਰ ਉਹ ਠੀਕ ਵਕਤ ਤੇ ਕਾਰਵਾਈ ਨਾ ਕਰ ਸਕੀ. 9 ਮਾਰਚ ਦੇ ਦਿਨ, ਸ਼.ਲਾਭ ਸਿੰਘ ਨੂੰ ਇੱਕ ਮੁਸਲਿਮ ਨੌਜਵਾਨ, ਬਸ਼ੀਰ ਜੁਲਾਹਾ, ਨੇ ਕਤਲ ਕਰ ਦਿੱਤਾ. ਪੁਲਿਸ ਨੇ ਕਈ ਮੁਸਲਿਮਾਂ ਨੂੰ ਗਰਿਫ਼ਤਾਰ ਕੀਤਾ, ਜਿਨ੍ਹਾਂ ਦੇ ਉਪਰ ਮੁਕਦਮਾ ਚਲਿਆ, ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ. ਹਾਈ ਕੋਰਟ ਤੇ ਇੱਕ ਅਪੀਲ ਦਾਇਰ ਕੀਤੀ ਗਈ ਪਰ ਫ਼ੈਸਲਾ ਆਉਣ ਤੋਂ ਪਹਿਲਾਂ ਹੀ, ਇੰਡੀਆ ਅਤੇ ਪੰਜਾਬ ਦੀ ਤਕਸੀਮ ਹੋ ਗਈ. ਉਣ ਸਾਰੇ ਲੋਕਾਂ ਨੂੰ ਬਾਅਦ ਤੇ, ਸਰਕਾਰਾਂ ਦੁਆਰਾ ਕੈਦਿਆਂ ਦੀ ਅਦਲਾ-ਬਦਲੀ ਦੇ ਚਲਦੇ, ਰਿਹਾ ਕਰ ਦਿੱਤਾ ਗਿਆ.

ਸ.ਲਾਭ ਸਿੰਘ ਦੇ ਕਤਲ ਦਾ ਜ਼ਿਕਰ, 10 ਮਾਰਚ ਨੂੰ ਜੇਨਕੀਨਸ ਦੁਆਰਾ ਵੇਵੇਲ ਨੂੰ ਭੇਜੀ ਇੱਕ ਟੈਲੀਗ੍ਰਾਮ ਵਿੱਚ ਹੈ. ਉਨ੍ਹਾਂ ਨੇ ਲਿਖਿਆ ਕਿ, ਦੋ ਪੁਲਿਸ ਅਫ਼ਸਰ ਜੋ ਮਾਸਟਰ ਤਾਰਾ ਸਿੰਘ ਨੂੰ ਮਿਲਣ ਗਏ, ਉਨ੍ਹਾਂ ਨੇ, ਐਸ ਜੀ ਪੀ ਸੀ, ਜਲੰਧਰ ਦੇ ਪ੍ਰਧਾਨ ਰਹ ਚੁਕੇ ਸ.ਲਾਭ ਸਿੰਘ ਦੇ ਕਤਲ ਦੇ ਬਾਅਦ, ਮਾਸਟਰ ਨੂੰ ਇੱਕ ਬੇਹਦ ਭੜਕਾਉ ਹਾਲਤ ਵਿੱਚ ਵੇਖਿਆ. ਮਾਸਟਰ ਤਾਰਾ ਸਿੰਘ ਨੇ ਜੋਸ਼ ਨਾਲ ਕਿਹਾ ਕਿ 'ਸਿਵਲ ਵਾਰ (ਘਰੇਲੂ ਜੰਗ)' ਦਾ ਆਘਾਜ਼ ਹੋ ਚੁਕਿਆ ਸੀ. ਉਨ੍ਹਾਂ ਨੇ ਪੁਲਿਸ ਚੌਕਿਆਂ ਉਪਰ ਹਮਲੇ ਅਤੇ ਇੱਕ ਸਿੱਖ ਵਿਦਰੋਹ ਬਾਰੇ ਧਮਕੀ ਦਿੱਤੀ (Carter, 2007a: 76).

ਹਵਾਲਾ

ਖ਼ਵਾਜ਼ਾ, ਇਫ਼ਤਿਖ਼ਾਰ, 'ਜਬ ਅੱਮ੍ਰਿਤਸਰ ਜਲ ਰਹਾ ਥਾ, ਲਾਹੌਰ: ਖ਼ਵਾਜ਼ਾ ਪਬਲਿਸ਼ਰਸ.

ਖ਼ਾਨ, ਮੁਹੱਮਦ ਅਯੂਬ, ਤਾਰੀਖ਼-ਏ-ਪਾਕਿਸਤਾਨ ਔਰ ਜਲੰਧਰ, ਲਾਹੌਰ: ਅਸਤੈਰ, (2002).

ਖੋਸਲਾ, ਜੀ.ਡੀ., ਸਟਰਨ ਰੇਕੋਨਿੰਗ, ਦੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1989).

ਟੇਲਬਟ, ਇਅਨ, 'ਵਾਇਲੇਂਸ, ਮਾਇਗ੍ਰੇਸ਼ਨ ਐਂਡ ਰਿਸੇਟਲਮੇਂਟ: ਦੀ ਕੇਸ ਔਫ ਅੱਮ੍ਰਿਤਸਰ', ਇਅਨ ਟੈਲਬੱਟ ਅਤੇ ਸ਼ਿੰਦਰ ਠੰਡੀ (ਏਡ.) ਪਪਿਲ ਔਨ ਦ ਮੂਵ

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਐਟੇਕ ਔਨ ਸਿੱਖਸ ਐਂਡ ਹਿੰਦੂਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇੰਡਿਆ, (1991).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 3 ਮਾਰਚ 1947-31 ਮਈ 1947, ਐਟ ਦੀ ਏਬੀਸ ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007a).

ਸੈਂਸੱਸ ਔਫ ਇੰਡੀਆ, 1941, ਵੋਲ. ੜੀ,ਪੰਜਾਬ, ਸ਼ਿਮਲਾ:ਗੌਵਰਨਮੇਂਟ ਔਫ ਇੰਡੀਆ ਪ੍ਰੈਸ, (1941).

ਅਖ਼ਬਾਰ

ਪਾਕਿਸਤਾਨ ਟਾਇਮਸ, ਲਾਹੌਰ, 1947

ਟੀ ਟ੍ਰੀਬਯੂਨ, ਲਾਹੌਰ, 1947

ਇੰਟਰਵਿਊ

ਖ਼ਵਾਜ਼ਾ ਇਫ਼ਤਿਖ਼ਾਰ, ਲਾਹੌਰ,17 ਅਪ੍ਰੈਲ 2003
ਗੁਰਚਰਨ ਦਾਸ ਅਰੋੜਾ,ਅੱਮ੍ਰਿਤਸਰ,24 ਮਾਰਚ 2004
ਮੋਹਨ ਸਿੰਘ ਰਾਹੀ, ਅੱਮ੍ਰਿਤਸਰ,25 ਮਾਰਚ 2004
ਦੇਵੀ ਦਾਸ ਮੰਗਤ, ਅੱਮ੍ਰਿਤਸਰ,25 ਮਾਰਚ 2004
ਰਿਪੁਦਮਨ ਸਿੰਘ, ਅੱਮ੍ਰਿਤਸਰ,26 ਮਾਰਚ 2004
ਸ਼ੇਖ਼ ਅਬਦੁਲ ਵਹਾਬ, ਲਾਹੌਰ,24 ਦਸੰਬਰ 2004
ਕਮਾਰ ਊਰੀਸ਼, ਲਾਹੌਰ,26 ਦਸੰਬਰ 2004
ਅਫਤਾਰ ਸਿੰਘ ਜੱਜ, ਦਿੱਲੀ, 10 ਜਨਵਰੀ 2005
ਪ੍ਰੋਫ਼ੈਸਰ ਵੀ.ਐਨ.ਦੱਤਾ, ਦਿੱਲੀ, 10 ਜਨਵਰੀ 2005

8

ਮਾਰਚ 1947 ਦੇ ਦੰਗੇ : ਮੁਲਤਾਨ

ਤੀਜਾ ਸਭ ਤੋਂ ਪ੍ਰਮੁੱਖ ਕੇਂਦਰ ਜਿਸ ਨੇ ਫ਼ਿਰਕੂ ਫ਼ਸਾਦ ਦਾ ਸਾਹਮਣਾ ਕੀਤਾ ਉਹ ਮੁਲਤਾਨ ਸੀ. ਦੱਖਣ ਪੰਜਾਬ ਤੇ ਸਥਿਤ ਮੁਲਤਾਨ ਸ਼ਹਿਰ ਦੀ ਕੁਦਰਤੀ ਰੁਪ-ਰੇਖਾ, ਇੱਕ ਬੰਜਰ ਰੇਗਿਸਤਾਨੀ ਇਲਾਕੇ ਦਾ ਹਿੱਸਾ ਹੈ ਜੋ ਸਿੰਧ, ਅਤੇ ਇਸ ਦੇ ਉਲਟੇ ਪਾਸੇ ਇੰਡੀਆ ਦੇ ਸੂਬੇ ਰਾਜਸਥਾਨ ਤੱਕ ਫੈਲਿਆ ਹੋਇਆ ਹੈ. ਮੁਲਤਾਨ ਦਾ ਮੌਸਮ, ਆਮ ਤੌਰ ਤੇ, ਖੁਸ਼ਕ ਅਤੇ ਗਰਮ ਹੈ. ਇਹ ਕਿਹਾ ਜਾਂਦਾ ਹੈ ਕਿ ਮੁਲਤਾਨ ਪ੍ਰਾਚੀਨ ਕਾਲ ਤੇ, ਮਹਾਭਾਰਤ ਦੇ ਵਕਤ, ਇੱਕ ਬਾਦਸ਼ਾਹੀ ਦੀ ਰਾਜਧਾਨੀ ਸੀ. ਪੰਜਾਬ ਦੇ ਦੂਜੇ ਛੋਟੇ-ਵੱਡੇ ਸ਼ਹਿਰਾਂ ਦੀ ਤਰ੍ਹਾਂ ਮੁਲਤਾਨ ਨੇ ਵੀ ਕਾਫ਼ੀ ਲੜਾਇਆਂ ਵੇਖਿਆ ਨੇ, ਜਦ ਇਸ ਦੇ ਉੱਪਰ, ਗੁਜਰੇ ਵਕਤ ਤੇ, ਗ੍ਰੀਸ, ਅਰਬਿਆ ਅਤੇ ਮੱਧ ਐਸੀਆ ਤੋਂ ਆਏ, ਹਮਲਾਵਰਾਂ ਨੇ ਹਮਲਾ ਕੀਤਾ. ਕਿਹਾ ਜਾਂਦਾ ਹੈ ਕਿ ਹਿੰਦੂਆਂ ਦੇ ਤਿਉਹਾਰ "ਹੋਲੀ" ਦੀ ਸ਼ੁਰੂਆਤ ਮੁਲਤਾਨ ਤੋਂ ਹੋਈ. ਅਠਵੀਂ ਸਦੀ ਦੇ ਸ਼ੁਰੂ ਤੇ, ਮੁਲਤਾਨ ਉਪਰ ਸਿੰਧ ਦੇ ਨਾਲ, ਅਰਬਾਂ ਨੇ ਮੁਹੱਮਦ ਬਿਨ ਕਾਸਿਮ ਦੀ ਅਗਵਾਈ ਤੇ ਕਬਜ਼ਾ ਕਰ ਲੀਤਾ ਸੀ.

ਕੁੱਝ ਵਕਤ ਤਕ, ਇਹ ਸ਼ਿਆ ਦੇ ਇਸਮਾeਲੀ ਫ਼ਿਰਕੇ ਦੀ ਹਕੂਮਤ ਦਾ ਟਿਕਾਣਾ ਸੀ. ਗਯਾਰਵੀਂ ਸਦੀ ਤੇ, ਇੱਕ ਸੁੱਨੀ ਤੁਰਕੀ-ਅਫ਼ਗਾਨ, ਮਹੱਮੁਦ ਘਜ਼ਨੀ ਨੇ ਮੁਲਤਾਨ ਉਪਰ ਕਬਜ਼ਾ ਕਰ ਲੀਤਾ. ਬਾਅਦ ਤੇ, ਕਈ ਅਫ਼ਗਾਨ ਅਤੇ ਬਲੂਚ ਕਬਾਇਲੀ ਲੋਕਾਂ ਨੇ ਮੁਲਤਾਨ ਉਪਰ ਆਪਣੀ ਮੌਜੂਦਗੀ ਕਾਇਮ ਕੀਤੀ. ਮੁਲਤਾਨ ਇਸ ਕਰ ਕੇ ਵੀ ਬੇਹਦ ਮਸ਼ਹੂਰ ਹੋਇਆ, ਕਿਉਂਕਿ ਇਥੇ ਇੱਕ ਵੱਡੀ ਤਦਾਦ ਤੇ ਸੁਫ਼ੀ ਵੱਸਣ ਲਈ ਆ ਗਏ, ਅਤੇ ਉਨ੍ਹਾਂ ਨੇ ਆਪਣੀ ਰਿਹਾਹਿਸ਼ਾਂ ਕਾਇਮ ਕੀਤੀਆਂ. ਮੁਲਤਾਨ ਤੇ ਕਈ ਸੁਫ਼ੀ ਦਰਗਾਹਾਂ ਮੌਜੂਦ ਨੇ. ਮੁਗ਼ਲ ਹਕੂਮਤ ਦੇ ਦੌਰਾਨ ਮੁਲਤਾਨ ਵਿੱਚ ਅਮਨ ਅਤੇ ਖ਼ੁਸ਼ਹਾਲੀ ਕਾਇਮ ਸੀ. ਮਹਾਰਾਜਾ ਰਣਜੀਤ ਸਿੰਘ (1799-1839) ਦੇ ਅਤੇ ਬ੍ਰਿਟਿਸ਼ ਦੌਰ ਤੇ ਵੀ ਮੁਲਤਾਨ ਖੁਸ਼ਹਾਲ ਰਿਹਾ.

ਬ੍ਰਿਟਿਸ਼ ਹਕੂਮਤ ਨੇ ਦੱਖਣ ਪੰਜਾਬ ਤੇ ਆਬਪਾਸ਼ੀ ਲਈ ਕਈ ਨਹਿਰਾਂ, *ਵਾਟਰਵਰਕਸ* ਤਿਆਰ ਕਰਵਾਏ. ਇਸ ਦੇ ਚਲਦੇ, ਮੁਲਤਾਨ ਜ਼ਿਲ੍ਹੇ ਤੇ ਖੇਤੀ-ਬਾੜੀ ਦੀ ਤਰੱਕੀ ਹੋ ਗਈ. ਇੱਕ ਵੱਡੀ ਤਦਾਦ ਤੇ, ਜ਼ਿਆਦਾ ਆਬਾਦੀ ਵਾਲੇ ਪੂਰਬੀ ਜ਼ਿਲ੍ਹਾਂ ਅਤੇ ਕੁੱਝ ਉਤੱਰੀ ਜ਼ਿਲ੍ਹਾਂ ਦੇ ਲੋਕਾਂ ਨੂੰ ਜ਼ਿਲ੍ਹੇ ਦੇ *ਕੈਨੇਲ ਕੋਲੋਨਿਆਂ*, ਜਿਸ ਦੇ ਵਿੱਚ ਸਭ ਤੋਂ ਮਸ਼ਹੁਰ ਮਿੰਟਗੋਮਰੀ (ਸਾਹਿਵਾਲ) ਸੀ, ਤੇ ਜਮੀਨਾਂ ਦਿੱਤੀ ਗਈਆਂ. ਸਥਾਨੀ ਲੋਕ ਸਰਾਇਕੀ ਜ਼ਬਾਨ ਬੋਲਦੇ ਸੀ, ਜਿਸ ਬਾਰੇ ਕਈ ਲੋਕਾਂ ਦੀ ਸੋਚ ਹੈ ਕਿ ਇਹ ਇੱਕ ਮੁਖ਼ਤਲਿਫ਼ ਜ਼ਬਾਨ ਹੈ, ਅਤੇ ਕਈ ਇਸ ਨੂੰ ਪੰਜਾਬੀ ਦੀ ਇੱਕ ਬੋਲੀ ਸਮਝਦੇ ਨੇ, ਪਰ ਮੁਲਤਾਨ ਤੇ, ਪੰਜਾਬੀ ਬੋਲਣ ਵਾਲੇ ਬ੍ਰਿਟਿਸ਼ ਹਕੂਮਤ ਦੇ ਦੌਰਾਨ ਅਤੇ ਪੰਜਾਬ ਦੀ ਤਕਸੀਮ ਤੋਂ ਬਾਅਦ, ਵੱਸਣ ਲਈ ਆਏ, ਜਦ ਹਿੰਦੂ ਅਤੇ ਸਿੱਖ ਇੰਡੀਆ ਚਲੇ ਗਏ ਅਤੇ ਮੁਸਲਿਮ ਸਰਹੱਦ ਪਾਰ ਕਰ ਕੇ ਪਾਕਿਸਤਾਨ ਆ ਗਏ. ਮੁਲਤਾਨ ਡਿਵੀਜਨ, ਰਾਵਲਪਿੰਡੀ ਡਿਵੀਜ਼ਨ ਦੀ ਤਰ੍ਹਾਂ ਮਜ਼ੂਬੀ ਤੌਰ ਤੇ, ਮੁਸਲਿਮ ਪ੍ਰਬਲ ਡਿਵੀਜ਼ਨ ਸੀ. ਮੁਲਤਾਨ ਤੇ 5 ਮਾਰਚ ਨੂੰ ਦੰਗੇ ਸ਼ੁਰੂ ਹੋਏ. ਖ਼ਾਸ ਕਰ ਕੇ, ਮੁਸਲਿਮਾਂ ਨੇ ਹਿੰਦੂਆਂ ਅਤੇ ਸਿੱਖਾਂ ਉਪਰ ਹਮਲੇ ਕੀਤੇ. ਜ਼ਿਆਦਾਤਰ ਹਮਲੇ ਸ਼ਹਿਰ ਤੇ ਹੋਏ,

ਹਾਲਾਂਕਿ ਇੱਕ ਬਾਹਰੀ ਇਲਾਕੇ *ਬਸਤੀ ਨਾਉ* ਤੇ ਹਮਲਾ ਹੋਇਆ. ਹਿੰਦੂਆਂ ਦਾ ਬਹੁਤ ਜਾਨੀ ਅਤੇ ਮਾਲੀ ਨੁਕਸਾਨ ਹੋਇਆ. ਸ਼ਹਿਰ ਤੇ ਬਹੁਤ ਘੱਟ ਸਿੱਖ ਸਨ. ਜ਼ਿਲ੍ਹੇ ਦੇ ਪ੍ਰਸ਼ਾਸਨ ਦਾ ਪ੍ਰਮੁੱਖ, ਇੱਕ ਡਿਪਟੀ ਕਮੀਸ਼ਨਰ ਏ.ਜੇ.ਬੀ.ਆਰਥਰ, ਆਈ.ਸੀ.ਐਸ. ਸੀ.

1941 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ ਆਬਾਦਿਅਤ ਦਾ ਖ਼ਾਕਾ		
ਮੁਲਤਾਨ ਸ਼ਹਿਰ ਦੀ ਕੁੱਲ ਆਬਾਦੀ (ਮਯੂਨਿਸਿਪੈਲਿਟੀ ਅਤੇ ਛਾਉਣੀ ਨੂੰ ਲੈ ਕੇ)	**ਤਦਾਦ**	**ਹਿੱਸਾ(%)**
ਸ਼ਾਰੇ ਸਮੁਦਾਇ	142,768	100.00
ਮੁਸਲਿਮ	81,383	57.00
ਹਿੰਦੂ ਅਤੇ ਸਿਡਯੂਲਡ ਕਾਸਟ	56,258	39.41
ਸਿੱਖ	2,665	1.87
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	2,462	1.72
ਮੁਲਤਾਨ ਜ਼ਿਲ੍ਹਾ	**ਤਦਾਦ**	**ਹਿੱਸਾ(%)**
ਸ਼ਾਰੇ ਸਮੁਦਾਇ	1,484,333	100.00
ਮੁਸਲਿਮ	1,157,911	78.00
ਹਿੰਦੂ ਅਤੇ ਸਿਡਯੂਲਡ ਕਾਸਟ	242,987	16.37
ਸਿੱਖ	61,628	4.15
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	21,727	1.46

ਮੁਲਤਾਨ ਦੇ ਹਿੰਦੂ ਇੱਕ ਅਮਨਪਸੰਦ ਇਨਸਾਨ ਸਨ, ਅਤੇ ਉਨ੍ਹਾਂ ਦੀ ਕੋਈ ਖਾੜਕੂ ਬਣਨ ਦੀ ਰਵਾਇਤ ਨਹੀਂ ਸੀ. ਆਰ.ਐਸ.ਐਸ, ਉਨ੍ਹਾਂ ਦੇ ਵਿੱਚ ਹਰਕਤਅੰਗੇਜ਼ ਸੀ ਮਗਰ ਇਸ ਦੇ ਬਹੁਤ ਘੱਟ ਸੇਵਕ ਸਨ. ਇਸ ਕਰ ਕੇ, ਮਾਰਚ ਦੇ ਫ਼ਸਾਦ ਇੱਕ ਤਰਫ਼ਾ ਸਨ. ਨਾ ਤੇ ਪਾਕਿਸਤਾਨ ਟਾਇਮਸ ਹੋਰ ਨਾ ਹੀ ਦੀ ਟ੍ਰਿਬਊਨ ਨੇ ਮੁਲਤਾਨ ਦੀ ਵਾਰਦਾਤਾਂ ਦਾ ਕੋਈ ਵਿਸਤਰਤ ਵੇਰਵਾ ਦਿੱਤਾ ਹੈ. ਖੋਸਲਾ ਅਤੇ ਐਸ.ਜੀ.ਪੀ.ਸੀ. ਰਿਪੋਰਟ ਅਤੇ ਗੌਵਰਨਮੇਂਟ ਰਿਪੋਰਟਾਂ ਬਾਅਦ ਵਿੱਚ ਦਿੱਤੀ ਗਈਆਂ ਨੇ. ਘਟਨਾਵਾਂ ਨੂੰ ਇੰਟਰਵਿਊ ਦੀ ਮਦਦ ਨਾਲ ਪੇਸ਼ ਕੀਤਾ ਗਿਆ ਹੈ. ਪਹਿਲਾਂ, ਮੌਜੂਦਾ ਮੁਲਤਾਨ ਦੇ ਮੁਸਲਿਮ ਵਸਣ ਵਾਲੇ ਅਤੇ ਬਾਅਦ ਵਿੱਚ ਮੁਲਤਾਨ ਤੋਂ ਭੱਜ ਜਾਣ ਵਾਲੇ ਹਿੰਦੂਆਂ ਦੇ ਇੰਟਰਵਿਊ ਪੇਸ਼ ਨੇ.

ਮੁਸਲਿਮਾਂ ਦੇ ਇੰਟਰਵਿਊ

ਸਈਦ ਖ਼ੁਰਸ਼ੀਦ ਅਬੱਸ ਗਰਦੇਜ਼ੀ

'1947 ਦੇ ਫ਼ਸਾਦਾਂ ਤੋਂ ਪਹਿਲਾਂ ਮੁਲਤਾਨ ਤੇ ਹਾਲਾਤ ਬਿਲਕੁਲ ਸ਼ਾਂਤ ਸਨ. ਮੁਲਤਾਨ ਦੀ ਕੁੱਲ ਆਬਾਦੀ ਸਿਰਫ਼ 90000 ਸੀ (ਜਨਾਬ ਗਰਦੇਜ਼ੀ ਸ਼ਾਇਦ ਇੱਕ ਕੱਚਾ-ਪੱਕਾ ਅੰਦਾਜ਼ਾ ਲਗਾ ਰਹੇ ਸਨ). ਮੁਲਤਾਨ ਤੇ ਬਹੁਤ ਘੱਟ ਸਿੱਖ ਸਨ. ਹਾਲਾਂਕਿ, ਹਿੰਦੂ ਵਪਾਰ ਅਤੇ ਵਣਜ ਤੇ ਕੇਂਦਰਤ ਅਤੇ ਖੁਸ਼ਹਾਲ ਸਨ, ਮੁਸਲਿਮ ਜੋ *ਮਜਾਰਿਟੀ* (ਬਹੁਸੰਖਅਕ) ਸਨ, ਸ਼ਹਿਰ ਦੀ ਸਿਆਸੀ ਅਤੇ ਤਹਿਜ਼ੀਬੀ ਜ਼ਿੰਦਗੀ ਤੇ ਹਾਵੀ ਸਨ. ਸਥਾਨਕ ਤਹਿਜੀਬ ਦੀ ਮਜਬੁਤ ਸੂਫ਼ੀ ਰਵਾਇਤਾਂ, ਅਮਨ ਨਾਲ ਇਕੱਠਾ ਰਹਿਣ ਅਤੇ ਆਪਸੀ ਇੱਜ਼ਤ ਨੂੰ ਵਧਾਵਾ ਦੇਂਦੀ ਸੀ. ਹਿੰਦੂ ਮੁਸਲਿਮ ਦਰਗਾਹਾਂ ਤੇ ਜਾਂਦੇ ਸੀ, ਜਿੱਨੀ ਵਾਰ ਮੁਸਲਿਮ ਜਾਂਦੇ ਸੀ. ਮੁਸਲਿਮ ਜ਼ਿਮੀਦਾਰ ਦੇ ਹਿੰਦੂ ਮੁਨੀਮ ਹੁੰਦੇ ਸਨ, ਜਿਨ੍ਹਾਂ ਨੂੰ ਦੁਮਬਿਰ ਕਹਿੰਦੇ ਸੀ. ਪੁਨੂ ਰਾਮ ਸਾਡਾ ਦੁਮਬਿਰ ਸੀ. ਉਹ ਸਾਨੂ ਬਹੁਤ ਇਜ਼ੱਤ ਨਾਲ ਬੁਲਾਂਦੇ ਸੀ, ਅਤੇ ਉਪਾਧੀ ਦੇ ਕੇ ਕਹਿੰਦੇ, "*ਪੀਰ ਜੀ*" ਵਗੈਰਾ. ਕੁੱਝ ਬਹੁਤ ਵੱਡੇ ਹਿੰਦੂ ਜ਼ਿਮੀਦਾਰ ਅਤੇ ਕੁੱਝ ਪੱਟੇਦਾਰੀ ਨਾਲ ਖੇਤੀ-ਬਾੜੀ ਕਰਣ ਵਾਲੇ ਹਿੰਦੂ ਵੀ ਸੀ. ਮੁਸਲਿਮ ਜ਼ਿਮੀਦਾਰ ਹਿੰਦੂ ਸਾਹੂਕਾਰਾਂ ਦੇ ਕਰਜ਼ਈ ਸਨ. ਹਿੰਦੂ ਵੱਡੇ ਘਰ ਬਣਾਉਣ ਤੇ ਅਤੇ ਵਿਆਹਾਂ ਤੇ ਪੈਸਾ ਪਾਨੀ ਵਾਂਗ ਰੋੜ੍ਹਦੇ ਸੀ. ਮੁਸਲਿਮ ਇਸ ਦਸਤੂਰ ਦਾ ਸਾਂਗ ਲਾਉਂਦੇ ਸੀ ਅਤੇ ਆਪਣੇ ਆਪ ਨੂੰ ਇਸ ਫ਼ਜੂਲੀਅਤ ਨਾਲ ਬਰਬਾਦ ਕਰ ਲੇਂਦੇ ਸੀ. ਪਰ, ਬਹੁਤ ਕਾਮਯਾਬ ਮੁਸਲਿਮ ਵਪਾਰੀ ਵੀ ਮੌਜੂਦ ਸਨ. ਅਤੇ ਮੁਲਤਾਨ ਤੇ, ਨਾ ਸਿਰਫ਼ ਵੱਡੇ ਜ਼ਿਮੀਦਾਰ ਅਤੇ ਮਜ਼ੂਬੀ ਦਰਹਾਹਾਂ ਦੇ ਰੱਖਵਾਲੇ ਰਸੂਖ਼ਦਾਰ ਸਨ, ਮੁਸਲਿਮਾਂ ਦਾ ਇੱਕ ਪ੍ਰਭਾਵਸ਼ਾਲੀ ਵਪਾਰੀ ਸਮੁਦਾਇ ਵੀ ਸੀ.

ਮੁਲਤਾਨ ਤੇ ਸਿਆਸੀ ਸਰਗਰਮੀ ਦਾ ਆਘਾਜ਼ ਅਸੀਂ 1946 ਦੇ ਇੰਤਖਾਬ ਤੋਂ ਲੈ ਸਕਦੇ ਹਾਂ. ਇਸ ਤੋਂ ਪਹਿਲਾਂ ਮੁਸਲਿਮ ਜ਼ਿਮੀਦਾਰ ਪੰਜਾਬ ਯੂਨੀਅਨਿਸਟ ਪਾਰਟੀ ਦੇ ਸਦੱਸ ਅਤੇ ਬ੍ਰਿਟਿਸ਼ ਦੇ ਵਫ਼ਾਦਾਰ ਸਨ. ਫਿਰ, 1945 ਦੇ ਲੱਗਭਗ, ਇਸ ਦੇ ਸਦੱਸ ਤੇਜੀ ਨਾਲ ਮੁਸਲਿਮ ਲੀਗ ਤੇ ਸ਼ਾਮਲ ਹੋਣ ਲਗੇ ਅਤੇ 1947 ਤੱਕ ਸ਼ਾਇਦ ਹੀ ਕੋਈ ਵੱਡਾ ਜ਼ਿਮੀਦਾਰ ਲੀਗ ਤੋਂ ਬਾਹਰ ਸੀ. ਸਾਡੀ ਗਰਦੇਜ਼ੀ ਬਰਾਦਰੀ ਸ਼ਿਆ ਪੰਥ ਨੂੰ ਮੱਨਦੀ ਹੈ ਮਗਰ ਸਾਡੀ ਜੜ੍ਹਾਂ ਸੂਫ਼ੀਵਾਦ ਤੇ ਨੇ. ਦੂਜੇ ਸ਼ਿਆ ਲੋਕਾਂ ਦੀ ਤਰ੍ਹਾਂ ਅਸੀਂ ਵੀ ਮੁਸਲਿਮ ਲੀਗ ਤੇ ਸ਼ਾਮਲ ਹੋ ਗਏ, ਕਿਉਂਕਿ ਜਿਨਾਹ ਵੀ ਇੱਕ ਸ਼ਿਆ ਸਨ ਅਤੇ ਸਾਨੂ ਯਕੀਨ ਸੀ ਕਿ ਪਾਕਿਸਤਾਨ ਇੱਕ ਗੈਰ-ਫ਼ਿਰਕੂ ਮੁਲਕ ਹੋਵੇਗਾ. ਮੁਲਤਾਨ ਦੀ ਮੁਸਲਿਮ ਆਬਾਦੀ ਦੇ 25 ਫ਼ੀਸਦੀ ਲੋਕ ਸ਼ਿਆ ਸੀ. ਮੁਲਤਾਨ ਤੇ ਕਾਂਗਰੇਸ ਦੀ ਪਕੜ ਮਜਬੂਤ ਨਹੀਂ ਸੀ.

'ਮਾਰਚ 1947 ਤੇ, ਮੈਂ ਇਮਰਸਨ ਕਾਲਜ ਤੇ ਪੜ੍ਹ ਰਿਹਾ ਸੀ. ਪ੍ਰਿਆ ਵਰਾਟ ਅਤੇ ਅਸ਼ੋਕ ਕੁਮਾਰ ਖੰਨਾ ਮੇਰੇ ਦੋ ਹਿੰਦੂ ਜਮਾਤੀ ਸਨ, ਜਿਨ੍ਹਾਂ ਦੇ ਨਾਲ ਮੇਰੇ ਕਰੀਬੀ ਰਿਸ਼ਤੇ ਸੀ. ਉਹ ਚੰਗੇ, ਸ਼ਰੀਫ਼ ਇਨਸਾਨ ਸਨ. ਉਨ੍ਹਾਂ ਦੇ ਕੁੱਝ ਲੋਕ ਹਲਾਲ ਕੀਤਾ ਮੀਟ ਖਾਉਂਦੇ ਸੀ. ਇੱਕ ਖ਼ਾਸ ਹਿੰਦੂ ਦੁਕਾਨਦਾਰ ਇਸਲਾਮੀ ਰਸਮ ਨਾਲ ਬਕਰੇ ਜ਼ਿਬਾਹ ਕਰਾਉਂਦਾ ਸੀ, ਅਤੇ ਉਸ ਦੇ ਬਾਅਦ ਹੀ ਉਸ ਨੂੰ ਪਕਾ ਕੇ ਖਾਉਂਦਾ ਸੀ. ਉਸ ਵਕਤ, ਡਿਪਟੀ ਕਮੀਸ਼ਨਰ, ਆਰਥਰ ਨਾਂਅ ਦਾ ਇੱਕ ਅੰਗ੍ਰੇਜ਼ ਸੀ. ਮੁਲਤਾਨ ਦੀ ਪੁਲਿਸ ਵਿੱਚ ਜਿਆਦਾਤਰ ਪੰਜਾਬੀ ਮੁਸਲਿਮ ਸਨ ਜੋ ਪੰਜਾਬ ਦੇ ਮੁਖਤਲਿਫ਼ ਇਲਾਕਿਆਂ ਤੋਂ ਆਏ ਸੀ. ਸਾਡੀ ਸ਼ਥਾਨਕ ਜ਼ਬਾਨ ਅਤੇ ਤਹਿਜ਼ੀਬ ਸਰਾਇਕੀ ਤੋਂ ਉਭਰ ਕੇ ਆਉਂਦੀ ਹੈ, ਜਿਸ ਨੂੰ ਮੁਲਤਾਨੀ ਵੀ ਕਿਹਾ ਜਾਉਂਦਾ ਹੈ. ਪੁਲਿਸ ਵਿੱਚ ਬਹੁਤ ਘੱਟ ਸਰਾਇਕੀ ਬੋਲਣ ਵਾਲੇ ਸ਼ੀ.

'ਲਾਹੌਰ ਤੇ ਪੰਜਾਬ ਅਸੈਮਬਲੀ ਦੇ ਬਾਹਰ ਜਦ ਮਾ.ਤਾਰਾ ਸਿੰਘ ਨੇ ਆਪਣੀ ਕਿਰਪਾਨ ਲਹਰਾਈ, ਉਸ ਦੇ ਬਾਅਦ, ਮੁਲਤਾਨ ਵਿੱਚ ਬੇਚੈਨੀ ਵਧ ਗਈ. ਪਹਿਲਾ ਝਗੜਾ ਬੋੜ ਗੇਟ ਤੇ ਹੋਇਆ, ਜਿੱਥੇ ਗਰਦੇਜ਼ੀ

ਬਰਾਦਰੀ ਰਹਿੰਦੀ ਸੀ. ਹਿੰਦੂਆਂ ਦਾ ਇੱਕ ਜਲੂਸ ਪਾਕਿਸਤਾਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਦਾ ਹੋਇਆ ਚਲਿਆ ਆ ਰਿਹਾ ਸੀ. ਅਬਦੁਲ ਕਰੀਮ, ਬਰਫ ਦੀ ਸਿਲੀਆਂ ਵੇਚਣਵਾਲਾ, ਮੁਸਤਕੀਨ ਦੇ ਨਾਂਅ ਵਾਲਾ ਇੱਕ ਸ਼ਕਸ ਅਤੇ ਅਲ੍ਹਾ ਦੀਵਾ ਕੁਮਹਾਰ, ਇਨ ਤਿੰਨਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਲਲਕਾਰਿਆ. ਮੁਹੱਮਦ ਰਮਜ਼ਾਨ ਨਾਂਅ ਦਾ ਇੱਕ ਕਸਾਈ, ਉਥੇ ਛੁਰੇ ਲੈ ਕੇ ਆ ਗਿਆ ਅਤੇ ਉਸ ਦੇ ਬਾਅਦ ਇੱਕ ਖ਼ੂਨੀ ਟਾਕਰਾ ਹੋਇਆ, ਜਿਸ ਦੇ ਵਿੱਚ ਦੋ ਪ੍ਰਦਰਸ਼ਨਕਾਰੀ ਹਲਾਕ ਹੋ ਗਏ. ਇੱਕ ਸਿੱਖ, ਇੱਕ ਮੁਰਦਾ ਲਾਸ਼ ਨੂੰ ਇਸ਼ਾਰਾ ਕਰ ਕੇ, ਪਾਗਲਾਂ ਦੀ ਤਰ੍ਹਾਂ ਚੀਕ ਕੇ ਕਹਿਣ ਲਗਾ, "ਤੂ ਜ਼ਿੰਦਾ ਹੈ, ਜ਼ਿੰਦਾ ਹੈ!" ਇਸ ਤਰ੍ਹਾਂ ਦੇ ਪ੍ਰਤੀਕਰਮ ਨੇ ਫ਼ਸਾਦ ਨੂੰ ਹੋਰ ਤੇਜ਼ ਕਰ ਦਿੱਤਾ. ਚੂੰਕਿ ਹਿੰਦੂਆਂ ਦੇ ਘਰ ਬਹੁਤ ਵੱਡੇ ਸੀ ਅਤੇ ਉਨ੍ਹਾਂ ਨੇ ਅੰਦਰ ਤੋਂ ਕਿਲਾਬੰਦੀ ਕਰ ਲੀਤੀ ਸੀ, ਮੁਸਲਿਮ ਸਾੜਫੂਕ ਕਰਣ ਲਗੇ ਅਤੇ ਹਿੰਦੂ ਸੰਪਤੀ ਨੂੰ ਅੱਗ ਲਗਾ ਦਿੱਤੀ. ਨਤੀਜਤਨ, ਕਈ ਲੋਕ ਮਰ ਗਏ. ਹਿੰਦੂਆਂ ਨੇ ਵੀ ਕੁੱਝ ਮੁਸਲਿਮ ਸੰਪਤੀ ਨੂੰ ਅੱਗ ਲਗਾ ਦਿੱਤੀ. ਮਿਸਾਲ ਦੇ ਤੌਰ ਤੇ, ਮੁਸਲਿਮ ਖ਼ਵਾਜ਼ਗਨ, ਜੋ ਇੱਕ ਪ੍ਰਮੁੱਖ ਵਪਾਰੀ ਪਰਵਾਰ ਸੀ ਅਤੇ ਚਮੜੇ ਦਾ ਕਾਰੋਬਾਰ ਕਰਦੇ ਸੀ, ਉਨ੍ਹਾਂ ਦੀ ਇਮਾਰਤ ਨੂੰ ਹਿੰਦੂ ਗਿਰੋਹਾਂ ਨੇ ਅੱਗ ਲਗਾ ਦਿੱਤੀ. ਉਨ੍ਹਾਂ ਨੇ, ਮੁਸਲਿਮਾਂ ਉਪਰ ਉਨ੍ਹਾਂ ਦੇ ਹੀ ਗੜ ਤੇ ਜਾ ਕੇ ਹਮਲਾ ਕੀਤਾ, ਜਿਸ ਵਿੱਚ ਕਈ ਮੁਸਲਿਮ ਹਲਾਕ ਹੋ ਗਏ. ਦੂਜੀ ਤਰਫ਼, ਹਿੰਦੂਆਂ ਅਤੇ ਮੁਸਲਿਮਾਂ ਨੇ ਇੱਕ ਦੂਜੇ ਦੀ ਮਦਦ ਵੀ ਕੀਤੀ, ਪਰ ਹਾਲਾਤ ਦੁਬਾਰਾ ਠੀਕ ਨਹੀਂ ਹੋਏ. ਮੈਨੂੰ ਕਹਿਣਾ ਚਾਹੀਦਾ ਹੈ ਕਿ ਸਥਾਨਕ ਮੁਲਤਾਨੀਆਂ ਨੂੰ ਸਮਝ ਨਹੀਂ ਸੀ ਕਿ ਕੌਨ ਫ਼ਸਾਦਾਂ ਦੀ ਸਾਜ਼-ਬਾਜ਼ ਅਤੇ ਰਹਨੁਮਾਈ ਕਰ ਰਿਹਾ ਸੀ. ਲਗਦਾ ਸੀ ਕਿ ਕੋਈ "ਲੁਕਿਆ ਹੋਇਆ ਹੱਥ " ਹਰਕਤ ਤੇ ਸੀ, ਅਤੇ ਜਿਸ ਦੇ ਚਲਦਿਆਂ ਹਾਲਾਤ ਬਦਤਰ ਹੋ ਗਏ. ਮਾਰਚ ਦੀ ਅੱਗਜਨੀ ਅਤੇ ਫ਼ਸਾਦਾਂ ਤੇ, ਹਿੰਦੂਆਂ ਨੇ ਸੱਚ-ਮੁੱਚ ਕਾਫ਼ੀ ਸੰਪਤੀ ਦਾ ਨੁਕਸਾਨ ਝੇਲਿਆ. ਕੁੱਝ ਹਿੰਦੂ ਮੁਸਲਮਾਨ ਬਣ ਗਏ. ਉਨ੍ਹਾਂ ਨੂੰ ਦੀਨਦਾਰ ਮੁਸਲਿਮ ਕਿਹਾ ਜਾਦਾ ਹੈ.'

ਅਤਾਉਲ੍ਹਾ ਮਲਿਕ

'ਮੁਲਤਾਨ ਤੇ 1940 ਦੇ ਦਹਾਕੇ ਤੋਂ ਪਹਿਲਾਂ ਕੋਈ ਮਸਲਾ ਨਹੀਂ ਸੀ. ਹਿੰਦੂ ਮੁਲਤਾਨ ਸ਼ਹਿਰ ਤੇ ਕੇਂਦਰਤ ਸਨ ਅਤੇ ਸਮੁੱਚੇ ਮੁਲਤਾਨ ਤੇ ਮਜਾਰਿਟੀ ਆਬਾਦੀ ਮੁਸਲਿਮਾਂ ਦੀ ਸੀ. ਅਸੀਂ ਅਮਨ ਅਤੇ ਸਦਭਾਵ ਨਾਲ ਰਹਿੰਦੇ ਸੀ. ਦੀਵਾਲੀ ਅਤੇ ਦੂਜੇ ਤਿਉਹਾਰਾਂ ਦੇ ਵਕਤ, ਹਿੰਦੂ ਮਿਠਾਇਆਂ ਵੰਡਦੇ ਸੀ ਅਤੇ ਅਸੀਂ ਵੀ ਮੁਸਲਿਮ ਜਸਨਾਂ ਦੇ ਦੌਰਾਨ, ਇਸ ਦਾ ਦੋਸਤਾਨਾ ਜਵਾਬ ਦੇਂਦੇ ਸੀ. ਮੁਸਲਿਮ ਜਗੀਰਦਾਰ, ਬ੍ਰਿਟਿਸ਼ ਦੇ ਵਫ਼ਾਦਾਰ ਸਨ ਅਤੇ ਰਾਜ ਨੂੰ ਚੁਣੌਤੀ ਦੇਣ ਵਾਲੇ, ਕਿਸੇ ਵੀ ਅੰਦੋਲਨ ਦੀ ਮੁਖ਼ਾਲਫ਼ਤ ਕਰਦੇ ਸੀ. ਇਥੇ ਕਾਂਗਰੇਸ ਦੀ ਮੌਜੂਦਗੀ ਸੀ, ਪਰ ਬ੍ਰਿਟਿਸ਼ ਦੇ ਖ਼ਿਲਾਫ਼ ਸਭ ਤੋਂ ਸਰਗਰਮ ਸੰਗਠਨ ਮਜਲਿਸ-ਏ-ਅਹਰਾਰ ਸੀ ਜਿਸ ਨਾਲ, ਸਾਰੇ ਨੈਸ਼ਨਲਿਸਟ (ਰਾਸ਼ਟਰੀ) ਮੁਸਲਿਮ ਤਾਲੁੱਕ ਰਖਦੇ ਸੀ. ਸਾਨੂ ਯਕੀਨ ਸੀ ਕਿ ਕਾਂਗਰੇਸ ਅਤੇ ਮਜਲਿਸ-ਏ-ਅਹਰਾਰ ਦਾ ਬਸਤੀਵਾਦੀ ਹਕੂਮਤ ਦੇ ਖ਼ਿਲਾਫ਼, ਇੱਕ ਆਮ ਸਬਬ ਸੀ. ਜਗੀਰਦਾਰ ਆਮ ਤੌਰ ਤੇ ਹਿੰਦੂ ਸਾਹੂਕਾਰਾਂ ਦੇ ਕਰਜ਼ਈ ਸਨ ਅਤੇ ਕਈ ਮਾਮਲੇਆਂ ਤੇ ਉਨ੍ਹਾਂ ਦੀ ਜਾਇਦਾਦ ਹਿੰਦੂ ਇਖ਼ਤਿਆਰ ਤੇ ਸੀ. ਸਰ ਛੋਟੂ ਰਾਮ ਦੇ ਸੁਧਾਰਾਂ ਨੇ ਸਾਹੂਕਾਰਾਂ ਦੀ ਪਕੜ ਕਮਜੋਰ ਕਰ ਦਿੱਤੀ ਸੀ, ਪਰ ਉਹ ਅਪਣਾ ਕਾਰੋਬਾਰ ਮੁਸਲਿਮ ਦਲਾਲਾਂ ਨੂੰ ਸਾਹਮਣੇ ਰੱਖ ਕੇ ਕਰ ਰਹੇ ਸੀ. 1945-46 ਦੇ ਇੰਤਖ਼ਾਬ ਦੀ ਮੁਹਿੰਮ ਤੇ ਲੀਗ ਨੇ ਬਰੇਲਵੀ ਮੌਲਵਿਆਂ ਨੂੰ ਮੁਹਿੰਮ ਵਿੱਚ ਸਾਮਲ ਕਰ ਲੀਤਾ. ਉਨ੍ਹਾਂ ਨੇ ਕੁੱਝ ਨਾਅਰੇ ਮਕਬੂਲ ਕੀਤੇ,

ਜੈਦਾਂ ਕਿ "*ਪਾਕਿਸਤਾਨ ਕਾ ਨਾਰਾ ਕਿਆ? ਲਾ ਇਲਾਹਾ ਇਲਲਲਲਲਾਹ*"; ਢੋਲ ਪਿਟ ਕੇ ਪੁਕਾਰਦੇ "*ਅੱਲ੍ਹਾ-ਹੋ-ਅਕਬਰ*" ਅਤੇ ਇਸ ਤਰ੍ਹਾਂ ਲੋਕ ਇਕੱਠਾ ਹੋ ਜਾਂਦੇ ਸੀ, ਅਤੇ ਉਨ੍ਹਾਂ ਨੂੰ ਮੌਲਵੀ, ਪਾਕਿਸਤਾਨ ਦੇ ਵਜ਼ੂਦ ਬਾਰੇ ਨਸੀਹਤ ਦੇਂਦੇ. ਇਹ ਬਿਲਕੁਲ ਨਵਾਂ ਸੀ. ਬਰੇਲਵੀ ਹਮੇਸ਼ਾ ਹੀ ਸਿਆਸਤ ਤੋਂ ਦੂਰ ਰਹੇ ਸੀ, ਅਤੇ ਉਹ ਪੀਰਾਂ ਅਤੇ ਜਗੀਰਦਾਰਾਂ ਤੋਂ, ਤਨਖ਼ਾਹਾਂ ਲੈਣ ਲਈ ਜਾਣੇ ਜਾਂਦੇ ਸੀ. ਹੁਣ ਉਹ ਮੁਸਲਿਮ ਵੋਟਰਾਂ ਨੂੰ ਜਨੱਤ ਅਤੇ ਸਾਰੀ ਦੁਨੀਆ ਹਾਸਲ ਕਰਾਣ ਦੇ, ਸੁਪਨੇ ਦਿਖਾ ਰਹੇ ਸੀ ਅਤੇ ਹਿੰਦੂਆਂ ਹੋਰ ਸਿੱਖਾਂ ਨੂੰ ਕਾਫ਼ਿਰ ਦੱਸ ਕੇ, ਮਰਦੁਦ ਠਹਿਰਾ ਰਹੇ ਸੀ. ਉਹ ਮੁਸਤਕਬਿਲ ਮੁਲਕ ਪਾਕਿਸਤਾਨ ਨੂੰ ਇਸਲਾਮ ਦਾ ਗੜ ਦੱਸ ਰਹੇ ਸੀ, ਜੋ ਜਹਾਦ ਦਾ ਆਘਾਜ਼ ਕਰ ਕੇ, ਦੁਨੀਆ ਤੇ ਸੱਚੇ ਇਸਲਾਮ ਦੀ ਕਾਇਮੀ ਕਰਦਾ. ਇਹ ਸਭ ਝੂਠ ਸੀ, ਕਿਉਂਕਿ ਮਾਜ਼ੀ ਵਕਤ ਤੇ, ਉਹ ਬ੍ਰਿਟਿਸ਼ ਅਤੇ ਜ਼ਿਮੀਦਾਰ ਜਾਤ ਦੀ ਤਰਫ਼ ਸਿਰਫ਼ ਨਿਮਰਤਾ ਨਾਲ ਪੇਸ਼ ਆਉਂਦੇ ਸੀ. 'ਕਈ ਜਗੀਰਦਾਰ ਜੈਦਾਂ ਕਿ ਅਲੀ ਹੁਸੈਨ ਗਰਦੇਜ਼ੀ, ਮੁਮਤਾਜ਼ ਦੌਲਤਾਨਾ ਅਤੇ ਆਲਮਦਾਰ ਹੁਸੈਨ ਗਿਲਾਨੀ (ਬਾਅਦ ਵਿੱਚ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਯੂਸਫ਼ ਰਜ਼ਾ ਗਿਲਾਨੀ ਦੇ ਵਾਲਿਦ) ਮੁਸਲਿਮ ਲੀਗ ਤੇ ਸ਼ਾਮਲ ਹੋ ਗਏ, ਪਰ ਕੁੱਝ ਯੂਨੀਅਨਿਸਟ ਪਾਰਟੀ ਤੇ ਰਹਿ ਗਏ. ਸਿਰਫ਼ ਇਬ੍ਰਾਹਿਮ ਬਰਕ, ਇੱਕ ਛੋਟੇ ਜ਼ਿਮੀਦਾਰ, ਯੂਨੀਅਨਿਸਟ ਪਾਰਟੀ ਦੀ ਟਿਕਟ ਨਾਲ, ਚੁਣੇ ਗਏ, ਮਗਰ ਉਹ ਮੁਲਤਾਨ ਜ਼ਿਲ੍ਹੇ ਦੀ ਇੱਕ ਰਿਜਰਵ ਮੁਸਲਿਮ ਸੀਟ ਤੋਂ ਲੜੇ, ਸ਼ਹਿਰ ਤੋਂ ਨਹੀਂ. ਦੂਜੀ ਸਾਰੀ ਸੀਟਾਂ ਮੁਸਲਿਮ ਲੀਗ ਦੇ ਉਮੀਦਵਾਰਾਂ ਨੇ ਜਿੱਤ ਲਿਤੀਆਂ. ਮੁਸਲਿਮ ਲੀਗ ਨੇ ਗੁੰਡਾਗਰਦੀ ਕਰ ਕੇ, ਰਾਸ਼ਟਰੀ ਮੁਸਲਿਮਾਂ ਦੇ ਰੁਕਾਉ ਨੂੰ ਕੁਚਲ ਦਿੱਤਾ. ਇਹ ਸੱਚ ਹੈ ਕਿ ਅਹਰਾਰ ਦੇ ਵਕਤਾਵਾਂ ਨੇ, ਮੁਸਲਿਮ ਲੀਗ ਦੇ ਇਸਲਾਮ ਦੇ ਨੁਮਾਇੰਦੇ ਹੋਣ ਦੀ ਕਾਬਲਿਅਤ ਬਾਰੇ ਚੁਨੈਤੀ ਦਿੱਤੀ. ਸਾਡੀ ਸੋਚ ਸੀ ਕਿ ਜਗੀਰਦਾਰਾਂ ਨੇ ਬਸਤੀਵਾਦ ਦੇ ਖ਼ਿਲਾਫ਼ ਜ਼ਦੋਜ਼ਹਿਦ ਤੇ, ਕਦੇ ਵੀ ਹਿੱਸਾ ਨਹੀਂ ਲੀਤਾ ਸੀ ਅਤੇ ਹੁਣ ਉਹ ਮੈਦਾਨ ਤੇ ਆ ਕੇ, ਇਸਲਾਮੀ ਤਾਲੀਮ ਦੇ ਮੁਤਾਬਕ ਇੱਕ ਸਮਾਨਤਾਵਾਦੀ ਸਮਾਜ ਤਿਆਰ ਕਰਣ ਦੀ ਕੋਸ਼ਿਸ਼ ਦੀ ਬਜਾਏ, ਰਾਜ ਦੇ ਖ਼ਿਲਾਫ਼ ਹਿੰਦੂ-ਮੁਸਲਿਮ ਏਕਤਾ ਨੂੰ ਤੋੜ ਰਹੇ ਸੀ.

'ਮੈਂ 1947 ਤੇ ਇਮਰਸਨ ਕਾਲਜ ਤੇ ਪੜ੍ਹਦਾ ਸੀ. ਇਹ ਇੱਕ ਕੋ-ਏਜੁਕੇਸ਼ਨਲ (ਸਹਿ-ਵਿਦਿਅਕ) ਸੰਸਥਾਨ ਸੀ. 5 ਮਾਰਚ ਨੂੰ ਬੋੜ ਗੇਟ ਤੇ, ਗੈਰ-ਮੁਸਲਿਮ ਪ੍ਰਦਰਸ਼ਨਕਾਰੀਆਂ ਉਪਰ ਪਹਿਲੇ ਹਮਲੇ ਤੇ, ਇੱਕ ਸਿੱਖ ਨਾਨਕ ਸਿੰਘ ਨੂੰ ਮੁਸਲਿਮਾਂ ਨੇ ਮਾਰ ਦਿੱਤਾ. ਪ੍ਰਦਰਸ਼ਨਕਾਰੀਆਂ ਨੇ ਪਾਕਿਸਤਾਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਮਗਰ ਜਨਵਰੀ 1947 ਤੇ ਸਿਵਲ ਨਾਫ਼ਰਮਾਨੀ ਅੰਦੋਲਨ ਦੇ ਦੌਰਾਨ, ਮੁਸਲਿਮ ਲੀਗ ਨੇ, ਬਗੈਰ ਕਿਸੇ ਝਿਝਕ ਦੇ ਕਾਂਗਰੇਸ ਦੇ ਖ਼ਿਲਾਫ਼ ਫ਼ਿਰਕੂ ਨਾਅਰੇਬਾਜ਼ੀ ਕੀਤੀ ਸੀ, ਪਰ ਤਦ ਕਿਸੇ ਹਿੰਦੂ ਜਾ ਸਿੱਖ ਦੀ ਜੋਰ ਅਵਾਜ਼ ਕਢਣ ਦੀ ਜੁਰਅਤ ਨਹੀਂ ਸੀ. ਹੁਣ, ਜਦ ਗੈਰ-ਮੁਸਲਿਮ ਸੜਕਾਂ ਤੇ ਆ ਕੇ ਖ਼ਿਜ਼ਰ ਦੀ ਵਜ਼ਾਰਤ ਦੇ ਗਿਰਣ ਦੀ ਮੁਖ਼ਾਲਫ਼ਤ ਕਰ ਰਹੇ ਸੀ, ਮੁਸਲਿਮ ਲੀਗ ਦੇ ਹਿਮਾਇਤੀ ਨਾਲੋਨਾਲ ਤਸ਼ੱਦਦ ਕਰਣ ਲਗੇ.'

ਸੇਠ ਕਲਿਆਣ ਦਾਸ ਦਾ ਕਤਲ

ਅਤਾਉਲ੍ਹਾ ਮਲਿਕ ਨੇ ਆਪਣਾ ਬਿਆਨ ਜਾਰੀ ਰੱਖਿਆ, 'ਮਾਰਚ 1947 ਦਾ ਸਭ ਤੋਂ ਅਫ਼ਸੋਸਨਾਕ ਅਤੇ ਸ਼ਰਮਨਾਕ ਕਤਲ ਸੇਠ ਕਲਿਆਣ ਦਾਸ ਦਾ ਸੀ, ਜੋ ਇੱਕ ਪ੍ਰਮੁੱਖ ਹਿੰਦੂ, ਅਤੇ ਇੱਕ ਜ਼ਿਮੀਦਾਰ ਸਨ. ਉਹ

ਰੇਲਵੇ ਸਟੇਸ਼ਨ ਦੇ ਨਜਦੀਕ ਰਹਿੰਦੇ ਸੀ. ਮੁਸਲਿਮਾਂ ਨਾਲ ਉਨ੍ਹਾਂ ਦੇ ਬੇਹਦ ਉਮਦਾ ਰਿਸ਼ਤੇ ਸੀ. ਸਾਰੇ ਸਮਪ੍ਰਦਾਇ ਦੇ ਲੋਕ ਉਨ੍ਹਾਂ ਦੀ ਇਜ਼ੱਤ ਕਰਦੇ ਸੀ. ਕਈ ਵਾਰ, ਮੁਸਲਿਮ ਉਨ੍ਹਾਂ ਨੂੰ ਮੁਸਲਿਮ ਸਮੁਦਾਇ ਦੇ ਝਗੜਦੇ ਲੋਕਾਂ ਵਿੱਚ ਸੁਲਹ ਕਰਾਉਣ ਲਈ ਬੁਲਾਂਦੇ ਸੀ. ਪਰ, ਮਾਰਚ ਵਿੱਚ ਮੁਸਲਿਮ ਲੀਗ ਨੈਸ਼ਨਲ ਗਾਰਡਸ, ਜਿਨ੍ਹਾਂ ਦੇ ਵਿੱਚ ਕਈ ਪੁਲਿਸ ਦੇ ਪੁਰਾਣੇ ਦਲਾਲ ਅਤੇ ਗੁਨਹਗਾਰ ਸ਼ਾਮਲ ਸਨ, ਉਣ ਸਾਰੇ ਰਿਸ਼ਤੇਆਂ ਉਪਰ ਪਾਨੀ ਫੇਰ ਦਿੱਤਾ. ਉਨ੍ਹਾਂ ਨੇ ਸੇਠ ਦਾ ਘਰ ਘੇਰ ਲੀਤਾ ਅਤੇ ਉਨ੍ਹਾਂ ਦਾ ਪੂਰੇ ਪਰਵਾਰ ਸਮੇਤ, ਬੇਰਹਿਮੀ ਨਾਲ ਕਤਲ ਕਰ ਦਿੱਤਾ.

ਉਸ ਵਕਤ, ਪੰਜਾਬ ਕਾਂਗਰੇਸ ਦੇ ਪ੍ਰਮੁੱਖ, ਡਾ.ਸੈਫ਼ੁਦੀਨ ਕਿਚਲੂ, ਸ਼ਹਿਰ ਤੇ ਸੀ ਅਤੇ ਸੇਠ ਦੇ ਘਰ ਠਹਿਰੇ ਹੋਏ ਸੀ. ਕਿਸੇ ਨੇ ਉਨ੍ਹਾਂ ਨੂੰ ਪਛਾਣ ਲੀਤਾ ਅਤੇ ਕਿਹਾ ਕਿ ਉਹ ਇੱਕ ਮੁਸਲਿਮ ਹੈ. ਉਹ ਉਨ੍ਹਾਂ ਨੂੰ ਗਾਲਾ ਕਢਣ ਲਗੇ, ਮਗਰ ਕਤਲ ਕਰਣ ਤੋਂ ਝਿਜਕ ਰਹੇ ਸੀ. ਲੀਗ ਦੇ ਲੋਕਾਂ ਨੇ ਕਿਚਲੂ ਨੂੰ ਆਪਣੇ ਕਪੜੇ ਲਾਉਣ ਨੂੰ ਕਿਹਾ, ਇਹ ਵੇਖਣ ਲਈ ਕਿ ਉਹ ਸੁੰਨਤ ਹੈ ਜਾਂ ਨਹੀਂ. ਉਨ੍ਹਾਂ ਨੂੰ ਕਿਹਾ ਗਿਆ ਕਿ ਅਗਰ ਉਹ ਉਸੇ ਵਕਤ ਮੁਸਲਿਮ ਲੀਗ ਦੇ ਦਾਖ਼ਲੇ ਦਾ ਫਾਰਮ ਭਰ ਦੇਂਦੇ ਨੇ ਤੇ, ਉਨ੍ਹਾਂ ਨੂੰ ਛੱਡ ਦਿਤਾ ਜਾਵੇਗਾ ਨਹੀਂ ਤੇ ਉਨ੍ਹਾਂ ਨੂੰ ਹਲਾਕ ਕਰ ਦਿੱਤਾ ਜਾਵੇਗਾ. ਉਸੇ ਵਕਤ, ਅਸੀਂ ਨੈਸ਼ਨਲਿਸਟ, ਉਥੇ ਪਹੁੰਚ ਗਏ ਸੀ. ਸੇਠ ਕਲਿਆਣ ਦਾਸ ਅਤੇ ਉਸ ਦੇ ਪਰਵਾਰ ਦੀ ਲਾਸ਼ਾਂ, ਖੂਨ ਵਿੱਚ ਲਥਪਥ ਪਇਆਂ ਸੀ. ਇਹ ਸੱਚ-ਮੁੱਚ ਇੱਕ ਭਿਆਨਕ ਨਜ਼ਾਰਾ ਸੀ. ਅਸੀਂ ਵੇਖਿਆ ਕਿ ਲੀਗ ਦੇ ਠਗ ਡਾ.ਕਿਚਲੂ ਦੇ ਜਿਸਮ ਦੀ ਪੜਤਾਲ ਕਰ ਰਹੇ ਸੀ. ਉਹ ਬਿਲਕੁਲ ਨੰਗੇ ਸੀ ਅਤੇ ਉਣ ਬਦਮਾਸ਼ਾ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਸੀ. ਅਸੀਂ ਆ ਕੇ ਉਨ੍ਹਾਂ ਦੀ ਜਾਨ ਬਚਾਈ. ਅਸੀਂ, ਨੈਸ਼ਨਲਿਸਟ ਅਤੇ ਲੀਗ ਦੇ ਬੰਦੇ, ਇੱਕ ਦੂਜੇ ਨੂੰ ਜਾਣਦੇ ਸੀ, ਕਿਉਂਕਿ, ਮੁਲਤਾਨ ਉਣ ਦਿਨੀ, ਅਖੀਰਕਾਰ ਇੱਕ ਛੋਟਾ ਸਹਿਰ ਸੀ. ਲੀਗ ਦੇ ਕੁੱਝ ਸਦੱਸ ਪਹਿਲਾਂ ਅਹਰਾਰ ਪਾਰਟੀ ਤੇ ਸੀ, ਅਤੇ ਬਾਅਦ ਵਿੱਚ ਲੀਗ ਤੇ ਆਏ. ਸਾਡੇ ਕੁੱਝ ਬਜ਼ੁਰਗ, ਨੈਸ਼ਨਲ ਗਾਰਡਸ ਨੂੰ ਸਮਝਾਣ ਤੇ ਕਾਮਯਾਬ ਹੋਏ ਕਿ ਇੱਕ ਮੁਸਲਿਮ ਨੂੰ ਮਾਰਣਾ ਇਸਲਾਮ ਦੇ ਖ਼ਿਲਾਫ਼ ਸੀ. ਇਸ ਤਰ੍ਹਾਂ ਡਾ. ਕਿਚਲੂ ਦੀ ਜ਼ਿੰਦਗੀ ਕਾਇਮ ਰਹੀ. (ਇਹ ਵਾਕਿਆ ਲੇਖਕ ਨੂੰ ਡਾ.ਕਿਚਲੂ ਦੇ ਬੇਟੇ ਤੈਫ਼ੀਕ ਕਿਚਲੂ ਨੇ ਵੀ, 2005 ਤੇ ਦੱਸਿਆ. ਉਹ ਦਿੱਲੀ ਦੇ ਬਾਹਰੀ ਇਲਾਕੇ ਤੇ ਰਹਿੰਦੇ ਸੀ. ਡਾ.ਸੈਫ਼ੁਦੀਨ ਕਿਚਲੂ ਇੰਡੀਆ ਵਿੱਚ ਰਹੇ ਅਤੇ 1963 ਤੇ ਉਨ੍ਹਾਂ ਦਾ ਇੰਤਕਾਲ ਹੋਇਆ).

'ਮੁਲਤਾਨ ਸ਼ਹਿਰ ਤੋਂ ਬਾਹਰ, ਬਸਤੀ ਨਾਉ ਤੇ, ਇੱਕ ਵੱਡੀ ਤਦਾਦ ਤੇ ਹਿੰਦੂ ਮਾਰੇ ਗਏ. ਉਨ੍ਹਾਂ ਦੇ ਕੋਲ ਕਾਫ਼ੀ ਜ਼ਮੀਨ ਸੀ. ਘੱਟ ਤੋਂ ਘੱਟ 10-20 ਮਾਰੇ ਗਏ. ਹਿੰਦੂਆਂ ਨੇ ਵੀ ਜਵਾਬੀ ਹਮਲਾ ਕੀਤਾ. ਆਰ.ਐਸ.ਐਸ. ਹਿੰਦੂ ਇਲਾਕਿਆਂ ਤੇ ਫ਼ੌਜ਼ੀ ਡ੍ਰਿੱਲ ਕਰਾਂਦੀ ਸੀ. ਕੁੱਝ ਮੁਸਲਿਮਾਂ ਨੂੰ ਆਰ.ਐਸ.ਐਸ. ਨੇ ਹਲਾਕ ਕੀਤਾ. ਮੁਸਲਿਮ ਲੀਗ ਦੀ ਤਰਫ਼ੋਂ, ਮਿਆਂ ਅਬਦੁਲ੍ਹਾ ਅਰਾਇਨ ਅਤੇ ਜ਼ਾਨੂ ਸ਼ਾਹ ਨੇ ਹਿੰਦੂਆਂ ਅਤੇ ਸਿੱਖਾਂ ਉੱਪਰ, ਜ਼ਿਆਦਾਤਰ ਹਮਲੇਆਂ ਦੀ ਅਗਵਾਈ ਕੀਤੀ. ਜਲਦ ਹੀ ਨਹਿਰੁ ਮੁਲਤਾਨ, ਦੌਰੇ ਤੇ ਆਏ. ਉਹ ਪਹਿਲਾਂ ਇੱਕ ਮੁਸਲਿਮ ਕੈਂਪ ਤੇ ਗਏ, ਜਿੱਥੇ ਇੱਕ ਮੁਸਲਿਮ ਨੌਜਵਾਨ ਨੇ ਉਨ੍ਹਾਂ ਨੂੰ ਬਦਦੁਆ ਦਿਤੀ. ਉਹ ਸਬਰ ਨਾਲ ਸੁਣਦੇ ਰਹੇ ਅਤੇ ਆਪਣੇ ਮੇਡੀਕਲ ਸਟਾਫ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਨੂੰ ਕਿਹਾ. ਇਸ ਦੇ ਬਾਅਦ, ਨਹਿਰੁ ਮੁਸਲਿਮ ਭੀੜ ਦੇ ਖੂਨੀ ਹਮਲੇ ਤੋਂ ਬਚੇ ਹਿੰਦੂਆਂ ਲਈ ਸਥਾਪਤ ਇੱਕ ਕੈਂਪ ਤੇ ਗਏ. ਇੱਕ ਹਿੰਦੂ ਲਵਕੀ ਨੇ ਚੀਕ ਕੇ ਕਿਹਾ ਕਿ

ਉਹ (ਨਹਿਰੂ) ਉਸ ਦੀ ਕੌਮ ਉਪਰ ਕਰੂਰਤਾ ਅਤੇ ਬੇਇਜ਼ੱਤੀ ਨੂੰ ਰੋਕਣ ਲਈ ਕੁੱਝ ਨਹੀਂ ਕਰ ਸਕੇ. ਨਹਿਰੂ ਨੇ ਸਿਰ ਝੁਕਾ ਕੇ ਸੁਣਿਆ ਅਤੇ ਇਸ ਦੇ ਬਾਅਦ ਚੁੱਪ-ਚਾਪ ਚਲੇ ਗਏ.

ਅਰਸ਼ਦ ਮੁਲਤਾਨੀ

'ਤਕਸੀਮ ਤੋਂ ਪਹਿਲਾਂ, ਮੁਖ਼ਤਲਿਫ਼ ਕੌਮਾਂ ਵਿੱਚ ਕੋਈ ਖ਼ਾਸ ਮੁਸ਼ਕਲਾਂ ਨਹੀਂ ਸਨ. ਮੁਲਤਾਨ ਤੇ ਕਈ ਹਿੰਦੂ ਸਮਾਜ-ਸੇਵਕ ਸਨ ਜਦ ਕਿ ਮੁਸਲਿਮ ਜਾਗੀਰੀ ਸਰਦਾਰ ਆਪਣੀ ਰਿਆਸਤਾਂ ਨੂੰ ਕਾਇਮ ਰਖਣਾ ਚਾਹੁੰਦੇ ਸੀ. ਮਾਰਚ 1947 ਤੇ ਮੁਸ਼ਕਲਾਂ ਸ਼ੁਰੂ ਹੋਇਆਂ. ਮੈਨੂੰ ਯਾਦ ਹੈ ਕਿ ਪਹਿਲਾ ਬੰਦਾ ਜੋ ਹਲਾਕ ਹੋਇਆ, ਉਹ ਇੱਕ ਸਿੱਖ ਸੀ, ਹਾਲਾਂਕਿ ਸਾਡੇ ਸ਼ਹਿਰ ਤੇ ਬਹੁਤ ਜ਼ਿਆਦਾ ਸਿੱਖ ਨਹੀਂ ਸਨ. ਹਿੰਦੂ ਜ਼ਿਆਦਾ ਸਨ ਅਤੇ ਜ਼ਿਆਦਾਤਰ ਹਿੰਦੂ ਸੂਫ਼ੀਆਂ ਦੇ ਸਰਧਾਲੂ ਸਨ ਅਤੇ ਸੂਫ਼ੀ ਦਰਗਾਹਾਂ ਤੇ ਦਰਸ਼ਨ ਲਈ ਜਾਂਦੇ ਸੀ. ਇਹ ਸੱਚ ਹੈ ਕਿ ਜ਼ਿਆਦਾਤਰ ਸੰਪਤੀ ਹਿੰਦੂਆਂ ਦੇ ਕੋਲ ਸੀ. ਉਨ੍ਹਾਂ ਦੇ ਉਪਰ ਹਮਲਾ ਕਰਣ ਦੀ, ਇਹ ਇੱਕ ਬੇਹਦ ਮਜਬੂਤ ਵਜ੍ਹਾ ਸੀ. ਮੈਨੂੰ ਲਗਦਾ ਹੈ ਕਿ, ਹਿੰਦੂਆਂ ਉਪਰ ਹਮਲੇ ਕਰਾਉਣ ਵਿੱਚ ਪੁਲਿਸ ਵੀ ਸ਼ਾਮਲ ਸੀ. ਉਹ ਲੁਟੇ ਹੋਏ ਮਾਲ ਦਾ ਹਿੱਸਾ ਲੈਂਦੇ ਸੀ. ਚੁੰਕਿ ਹਿੰਦੂ ਮੁਲਤਾਨ ਤੇ ਇੱਕ *ਮਾਇਨਾਰਿਟੀ* (ਅਲਪਸੰਖਅਕ) ਸਨ, ਉਹ ਬਹੁਤ ਜ਼ਿਆਦਾ ਸਖ਼ਤੀ ਨਾਲ ਆਪਣੇ ਰਿਵਾਜ਼ਾਂ ਨੂੰ ਨਹੀਂ ਮੱਨਦੇ ਸੀ, ਜੈਦਾਂ ਕਿ ਖੁਦ ਨੂੰ ਅਪਵਿੱਤਰ ਨਾ ਹੋਣ ਦੇਣਾ ਵਗੈਰਾ, ਪਰ ਇਹ ਸੱਚ ਹੈ ਕਿ ਅਸੀਂ ਇਕੱਠੇ ਬੈਠ ਕੇ ਖਾਣਾ-ਪੀਣਾ ਨਹੀਂ ਕਰਦੇ ਸੀ. 1947 ਦੇ ਫ਼ਸਾਦਾਂ ਤੋਂ ਪਹਿਲਾਂ, ਮੁਲਤਾਨ ਇੱਕ ਬੇਹਤਰੀਨ ਜਗ੍ਹ ਸੀ.'

ਮੁਲਤਾਨ ਦੇ ਪੁਰਵਲੇ ਹਿੰਦੂ ਵਾਸਿੰਦੇ

ਪ੍ਰੇਮਚੰਦ ਖੰਨਾ

'ਮੁਲਤਾਨ ਇੱਕ ਸ਼ਾਂਤ ਸ਼ਹਿਰ ਸੀ, ਜਿੱਥੇ ਭਲੇ ਲੋਕ ਸਦਭਾਵਨਾ ਨਾਲ ਰਹਿੰਦੇ ਸੀ. ਸਰਾਇਕੀ ਜ਼ਬਾਨ ਅਤੇ ਤਹਿਜ਼ੀਬ ਸੋਹਣੇ ਨੇ. ਸ਼ਾਨੂ, ਕਦੀ, ਕਿਸੇ ਵੀ ਪਲ ਮਹਿਸੁਸ ਨਹੀਂ ਹੋਇਆ, ਕਿ ਇੱਕ ਦਿਨ ਇਸ ਸੂਫ਼ੀ ਨਿਸ਼ਠਾ ਦੇ ਸ਼ਹਿਰ ਤੋਂ, ਸਾਨੂ ਵਿਦਾ ਹੋਣਾ ਪਏਗਾ. ਸਾਡੇ ਵਡ-ਵਡੇਰੇ ਮੁਲਤਾਨ ਦੇ ਵਾਸਿੰਦੇ ਸੀ, ਅਤੇ ਕਈ ਸਦਿਆਂ ਤੋਂ ਮੁਸਲਿਮ ਹਕੂਮਤਾਂ ਦੇ ਅਧੀਨ ਰਹਿ ਚੁਕੇ ਸੀ, ਪਰ 1947 ਤੇ ਜੋ ਹੋਇਆ, ਇਤਿਹਾਸਕ ਤੌਰ ਤੇ, ਸਿਰਫ਼ ਕੁੱਝ ਮੁਸਲਿਮ ਹਮਲਾਵਰਾਂ ਦੀ ਕੀਤੀ ਜਿਆਦਤੀਆਂ ਨੂੰ ਛੱਡ ਕੇ, ਇਸ ਦੀ ਕੋਈ ਮਿਸਾਲ ਨਹੀਂ ਹੈ. ਸਾਡੇ ਮੁਸਲਿਮ ਗੁਆਂਢੀਆਂ ਨਾਲ ਚੰਗੇ ਰਿਸ਼ਤੇ ਸੀ. ਅਸੀਂ ਇਕੱਠਾ ਖਾਣਾ-ਪੀਣਾ ਵੀ ਕਰਦੇ ਸੀ. ਮੇਰੇ ਪਿਤਾ ਨੂੰ ਮੁਸਲਿਮ ਪੀਰਾਂ ਤੇ ਬਹੁਤ ਭਰੋਸਾ ਸੀ ਅਤੇ ਉਹ ਅਕਸਰ ਸੂਫ਼ੀ ਦਰਗਾਹਾਂ ਤੇ ਜਾਂਦੇ ਸੀ. ਮੈਂ ਉਸ ਵਕਤ ਕਾਂਗਰੇਸ ਦਾ ਇੱਕ ਕਾਰਕੁਨ ਸੀ. 1946 ਦੀ ਇੰਤਖ਼ਾਬੀ ਮੁਹਿੱਮ ਤੋਂ ਪਹਿਲਾਂ ਤਕ, ਮੁਲਤਾਨ ਦੇ ਮਾਹੌਲ ਤੇ ਤਣਾਅ ਨਹੀਂ ਸੀ, ਪਰ ਮੁਸਲਿਮ ਯੂਨੀਅਨਿਸਟਾਂ ਦੇ ਖ਼ਿਲਾਫ਼ ਬਦਜ਼ਬਾਨੀ ਕਰਦੇ ਸੀ. ਉਹ ਆਮ ਸਭਾਵਾਂ ਵਿੱਚ ਮੁਲ੍ਹਾਵਾਂ ਦਾ ਇਸਤੇਮਾਲ, ਮੁਸਲਿਮ ਭੀੜ ਨੂੰ ਗੈਰ-ਮੁਸਲਿਮਾਂ ਦੇ ਖ਼ਿਲਾਫ਼ ਭੜਕਾਉਣ ਲਈ ਕਰਦੇ ਸੀ. 5 ਮਾਰਚ ਦੇ ਮੁਲਤਾਨ ਵਿੱਚ ਨਿਕਲੇ ਜਲੂਸ ਤੇ ਮੈਂ ਹਿੱਸਾ ਲੀਤਾ ਸੀ. ਇਸ ਦੇ ਵਿੱਚ ਸਭ ਤੋਂ ਵਧ ਹਿੰਦੂ ਵਿਦਿਆਰਥੀਆਂ ਨੇ ਹਿੱਸਾ ਲੀਤਾ. ਇਹ ਸੱਚ ਹੈ ਕਿ "ਕਾਇਦ-ਏ-ਆਜ਼ਮ ਮੁਰਦਾਬਾਦ" ਵਰਗੇ ਨਾਅਰੇ, ਸਾਡੇ ਕੁੱਝ ਸਾਥਿਆਂ ਨੇ

ਬੋਲੇ. ਬੋੜ ਗੇਟ ਤੇ, ਇੱਕ ਤਸ਼ੱਦਦੀ ਟਾਕਰਾ ਹੋਇਆ ਜਿਸ ਦੇ ਵਿੱਚ ਮੁਸਲਿਮਾਂ ਨੇ ਛੁਰੇ ਅਤੇ ਕੁਹਾੜੀ ਇਸਤੇਮਾਲ ਕੀਤੀਆਂ. ਕੁੱਝ ਲੋਕ ਜ਼ਖ਼ਮੀ ਹੋ ਗਏ ਅਤੇ ਕੁੱਝ ਲੋਕ ਹਲਾਕ ਹੋਏ. ਸ਼ਾਰਾ ਨੁਕਸਾਨ ਹਿੰਦੂਆਂ ਦਾ ਹੋਇਆ. ਇਸ ਦੇ ਬਾਅਦ, ਮੁਸਲਿਮ ਭੜਕ ਕੇ ਤਬਾਹੀ ਕਰਨ ਲਗੇ, ਹਿੰਦੂਆਂ ਦੀ ਦੁਕਾਨਾਂ ਨੂੰ ਅੱਗ ਲਗਾ ਦਿੱਤੀ ਜਿਸ ਵਿੱਚ ਕਈ ਜਲ ਕੇ ਸੁਵਾਹ ਹੋ ਗਈਆਂ. ਕਲਿਆਣ ਦਾਸ ਦੇ ਕਤਲ ਨੇ ਇੱਕ ਹਲਚਲ ਪੈਦਾ ਕਰ ਦਿੱਤੀ ਅਤੇ ਅੱਛੇ ਘਰਾਂ ਦੇ ਕੁੱਝ ਹਿੰਦੂਆਂ ਨੇ ਆਪਣੇ ਪਰਵਾਰ ਨੂੰ ਪੂਰਬੀ ਪੰਜਾਬ ਭੇਜਣ ਦਾ ਫ਼ੈਸਲਾ ਲੀਤਾ. ਅਸੀਂ, ਅਪ੍ਰੈਲ ਨੂੰ ਮੁਲਤਾਨ ਛੱਡ ਕੇ, ਜਲ਼ੰਧਰ ਆ ਕੇ, ਇਥੇ ਵਸ ਗਏ. ਮੈਂ ਹਮੇਸ਼ਾ ਵਾਪਸ ਜਾ ਕੇ ਮੁਲਤਾਨ ਵੇਖਣਾ ਚਾਹੁੰਦਾ ਹਾਂ, ਪਰ ਮਾਰਚ 1947 ਦਾ ਖ਼ੌਫ਼, ਮੈਨੂੰ ਹੁਣ ਵੀ ਪਰੇਸ਼ਾਨ ਕਰਦਾ ਹੈ.'

ਗਿਰਧਾਰੀ ਲਾਲ ਕਪੂਰ

'ਮੈਂ ਅੱਜ ਵੀ, ਆਪਣੀ ਅੱਖਾਂ ਦੇ ਸਾਹਮਣੇ ਨਾਨਕ ਸਿੰਘ ਅਤੇ ਕੁੱਝ ਹਿੰਦੂ ਵਿਦਿਆਰਥਿਆਂ ਦੀ ਲਾਸ਼ਾਂ ਵੇਖਦਾ ਹਾਂ, ਜਿਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਬੋੜ ਚੌਕ ਤੇ ਕਤਲ ਕਰ ਦਿੱਤਾ ਗਿਆ ਸੀ. ਮੇਰੇ ਪਿਤਾ ਦੀ ਉਸ ਇਲਾਕੇ ਤੇ ਇੱਕ ਦੁਕਾਨ ਸੀ ਅਤੇ ਅਸੀਂ ਦੁਕਾਨ ਦੀ ਪਿਛਲੀ ਗਲੀ ਤੇ ਰਹਿੰਦੇ ਸੀ. ਹਿੰਦੂ ਅਤੇ ਸਿੱਖ, ਲਾਹੌਰ ਤੇ ਸਰਕਾਰ ਦੇ ਡਿਗਣ ਦੇ ਖ਼ਿਲਾਫ਼, ਇੱਕ ਸ਼ਾਂਤ ਤਰੀਕੇ ਨਾਲ ਇਸ ਦੀ ਮੁਖ਼ਾਲਫ਼ਤ ਕਰ ਰਹੇ ਸੀ, ਜਦ ਕਈ ਮਣੇ ਹੋਏ ਗੁਨਾਹਗਾਰਾਂ ਸਮੇਤ ਦੁਜੇ ਮੁਸਲਿਮ ਉਨ੍ਹਾਂ ਦੇ ਉਪਰ ਛਪਟ ਪਏ. ਮੈਂ 5 ਮਾਰਚ ਦੇ ਜਲੁਸ ਵਿੱਚ ਸ਼ਾਮਲ ਨਹੀਂ ਸੀ, ਜਦ ਹਮਲਾ ਹੋਇਆ, ਅਤੇ ਹਿੰਦੂ ਹੋਰ ਸਿੱਖ ਘਬੜਾ ਕੇ ਆਲੇ-ਦੁਆਲੇ ਦੀ ਗਲੀਆਂ ਦੀ ਤਰਫ਼ ਭੱਜਣ ਲਗੇ. ਮੈਂ ਅਤੇ ਮੇਰਾ ਚਚੇਰਾ ਭਰਾ ਅਮ੍ਰਿਤ ਲਾਲ ਵੀ, ਉਨ੍ਹਾਂ ਦੇ ਨਾਲ ਭੱਜਣ ਲਗੇ ਕਿਉਂਕਿ ਮੁਸਲਿਮ ਸਾਰੇ ਹਿੰਦੂਆਂ ਦਾ ਪਿੱਛਾ ਕਰ ਰਹੇ ਸੀ. ਇਹ ਬੇਹਦ ਭਿਆਨਕ ਸੀ, ਪਰ ਕੁੱਝ ਮੁਸਲਿਮਾਂ ਨੇ ਲੁੱਕਣ ਕੇ ਸਾਡੀ ਮਦਦ ਕੀਤੀ. ਬੇਸ਼ਕ, ਪੁਲਿਸ ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼ ਸੀ, ਅਤੇ ਹਮਲਾਵਰਾਂ ਨੂੰ ਰੋਕਣ ਲਈ ਕੁੱਝ ਨਹੀਂ ਕਰ ਰਹੀ ਸੀ.

'ਫਿਰ ਮਾਰਚ ਦੇ ਮੱਧ ਤੋਂ ਹਾਲਾਤ ਬਿਹਤਰ ਹੋ ਗਏ, ਜਦ ਸਾਰੇ ਸਮਪ੍ਰਦਾਇ ਦੇ ਬਜ਼ੁਰਗ ਇਕੱਠਾ ਬੈਠੇ ਅਤੇ ਅਮਨ ਕਾਇਮ ਰਖਣ ਲਈ ਇੱਕ ਸਮਝੌਤਾ ਕੀਤਾ ਗਿਆ. ਪਰ, ਸ਼ੁਰੂਆਤੀ ਹਮਲੇ ਦੇ ਬਾਅਦ, ਹਿੰਦੂ ਅਤੇ ਸਿੱਖ *ਮਾਇਨਾਰਿਟੀਆਂ* (ਅਲਪਸੰਖਅਕ) ਹਮੇਸ਼ਾ ਫ਼ਿਕਰ ਕਰਦੀਆਂ ਸੀ ਕਿ ਪਾਕਿਸਤਾਨ ਬਣਨ ਦੇ ਬਾਅਦ ਕੀ ਹੋਵੇਗਾ. ਉਨ੍ਹਾਂ ਨੂੰ ਪਤਾ ਸੀ ਕਿ ਮੁਲਤਾਨ ਡਿਵੀਜ਼ਨ ਅਤੇ ਮੁਲਤਾਨ ਜ਼ਿਲ੍ਹਾ ਮੁਸਲਿਮ ਪ੍ਰਧਾਨ ਸਨ ਅਤੇ ਅਗਰ ਪੰਜਾਬ ਦੀ ਤਕਸੀਮ ਹੁੰਦੀ ਸੀ ਤੇ, ਉਹ ਸਰਹੱਦ ਦੇ ਗਲਤ ਪਾਸੇ ਹੋਣਗੇ. ਕੁੱਝ ਹਿੰਦੂ ਅਤੇ ਸਿੱਖ ਆਪਣੇ ਪਰਵਾਰਾਂ ਨੂੰ ਪੂਰਬੀ ਪੰਜਾਬ ਦੀ ਜ਼ਿਆਦਾ ਮਹਿਫ਼ੂਜ਼ ਜਗ੍ਹਾਂ ਤੇ ਭੇਜਣ ਲਗੇ. ਮੇਰੀ ਮਾਂ, ਦੋ ਭੈਣਾਂ ਅਤੇ ਮੈਨੂੰ ਅਪ੍ਰੈਲ ਦੇ ਸ਼ੁਰੂ ਤੇ, ਸਹਾਰਨਪੁਰ, ਪੰਜਾਬ ਦੀ ਸਰਹੱਦ ਤੋਂ ਥੋੜਾ ਬਾਹਰ, ਭੇਜ ਦਿੱਤਾ ਗਿਆ. ਮੇਰੇ ਪਿਤਾ ਅਤੇ ਚਾਚੇ, ਮੁਲਤਾਨ ਤੇ ਰਹੇ ਅਤੇ ਜੁਲਾਈ ਦੇ ਅਖੀਰ ਤੇ ਇਧਰ ਆ ਗਏ. ਪਰ, ਸਾਡੇ ਕੁੱਝ ਰਿਸ਼ਤੇਦਾਰ ਅਗਸਤ ਤੇ ਮਾਰ ਦਿੱਤੇ ਗਏ.'

ਭੋਲਾ ਨਾਥ ਗੁਲਾਟੀ

'ਬੋੜ ਬਾਜ਼ਾਰ ਦੇ ਨਜ਼ਦੀਕ, ਸਾਡੀ ਇੱਕ ਪਰਚੂਨ ਦੀ ਦੁਕਾਨ ਸੀ. ਸਾਡੇ ਜ਼ਿਆਦਾਤਰ ਖ਼ਰੀਦਦਾਰ ਮੁਸਲਿਮ ਸਨ. ਔਰਤਾਂ ਪੂਰੇ ਪਰਦੇ ਤੇ ਆਉਂਦੀ, ਪਰ ਦੁਕਾਨ ਦੇ ਅੰਦਰ ਆਉਣ ਤੋਂ ਬਾਅਦ, ਆਪਣਾ ਚਿਹਰਾ ਦਿਖਾਉਣ ਤੋਂ ਨਹੀਂ ਹਿਚਕਿਚਾਉਂਦਿਆਂ ਸਨ. ਅਸੀਂ ਉਨ੍ਹਾਂ ਨੂੰ ਬੀਬੀਜੀ ਕਿਹ ਕੇ ਪੁਕਾਰਦੇ ਸੀ. ਇੱਕ ਮੁਸਲਿਮ ਔਰਤ ਨੇ ਮੇਰੇ ਪਿਤਾ ਨੂੰ ਰਖੜੀ ਬੰਨ੍ਹੀ ਸੀ. ਉਸ ਦੀ ਕੋਈ ਔਲਾਦ ਨਹੀਂ ਸੀ, ਅਤੇ ਉਸ ਨੇ ਮੇਰੇ ਪਿਤਾ ਨੂੰ ਕਿਹਾ ਕਿ ਉਹ ਮੈਨੂੰ ਅਪਣਾਉਣਾ ਚਾਹੁੰਦੀ ਸੀ. ਮੇਰੇ ਪਿਤਾ ਨੇ ਜਵਾਬ ਤੇ ਕਿਹਾ ਕਿ, "ਉਹ ਤੁਹਾਡਾ ਹੀ ਮੁੰਡਾ ਹੈ, ਬੀਬੀਜੀ". 5 ਮਾਰਚ ਨੂੰ, ਅਚਾਨਕ ਖਲਬਲੀ ਮਚ ਹਈ. ਮੈਂ ਉਸ ਵਕਤ ਦੁਕਾਨ ਤੇ ਸੀ. ਥੋੜੀ ਦੇਰ ਬਾਅਦ, ਮੈਂ ਚੀਕਾਂ ਅਤੇ ਚੰਘਿਆੜਾਂ ਸੁਣਿਆਂ. ਮੈਨੂੰ ਪਤਾ ਨਹੀਂ ਸੀ ਕਿ ਉਹ ਮੇਰੀ ਜ਼ਿੰਦਗੀ ਦਾ ਸਭ ਤੋਂ ਗ਼ਮਗੀਨ ਦਿਨ ਹੋਵੇਗਾ. ਮੇਰੀ ਮਾਂ ਮਰ ਗਈ ਸੀ, ਜਦ ਮੈਂ ਨਿਆਨਾ ਸੀ ਅਤੇ ਮੈਂ ਆਪਣੇ ਮਾਂ-ਬਾਪ ਦੀ ਇਕੱਲੀ ਔਲਾਦ ਸੀ. ਕਿਸੇ ਨੇ ਮੇਰੇ ਪਿਤਾ ਦਾ ਕਤਲ ਕਰ ਦਿੱਤਾ ਸੀ, ਹਾਲਾਂਕਿ, ਉਸ ਜਲੂਸ ਤੇ ਉਹ ਸ਼ਾਮਲ ਨਹੀਂ ਹੋਏ ਸੀ. ਉਹ ਸਿਰਫ਼ ਬਾਹਰ ਦਾ ਮਾਜਰਾ ਵੇਖਣ ਗਏ ਸੀ. ਮੇਰਾ ਇੱਕ ਮੁਸਲਿਮ ਦੋਸਤ, ਫਰਿਸ਼ਤਾ ਬਣ ਕੇ ਆਇਆ. ਉਹ ਮੈਨੂੰ ਆਪਣੇ ਘਰ ਲੈ ਗਿਆ. ਉਸ ਦੇ ਪਿਤਾ ਮੇਰੇ ਪਿਤਾ ਨੂੰ ਜਾਣਦੇ ਸੀ, ਅਤੇ ਉਨ੍ਹਾਂ ਨੇ ਮੇਰੀ ਦੇਖ-ਭਾਲ ਕੀਤੀ, ਪਰ ਮੇਰੇ ਕਿਸ਼ਨ ਚਾਚਾਜੀ, ਜੋ ਰੇਲਵੇ ਦੇ ਮੁਲਾਜਿਮ ਸਨ ਅਤੇ ਜਿਨ੍ਹਾਂ ਦੀ *ਪੋਸਟਿੰਗ* ਲੁਧਿਆਣਾ ਤੇ ਸੀ, ਮੁਲਤਾਨ ਆਏ ਜਦ ਉਨ੍ਹਾਂ ਨੇ ਗੜਬੜ ਦੇ ਬਾਰੇ ਸੁਣਿਆ. ਅਸੀਂ ਆਪਣੀ ਦੁਕਾਨ ਵੇਚ ਕੇ ਮੁਲਤਾਨ ਨੂੰ ਅਪ੍ਰੈਲ ਦੇ ਸ਼ੁਰੂਆਤੀ ਦਿਨਾਂ ਤੇ ਛੱਡ ਦਿੱਤਾ. ਮੈਂ ਮੁਸਲਿਮਾਂ ਉਪਰ ਹਮਲੇ ਤੇ ਕਦੀ ਹਿੱਸਾ ਨਹੀਂ ਲੀਤਾ ਪਰ ਮੈਂ ਕਈ ਹਿੰਦੂ ਅਤੇ ਸਿਖਾਂ ਨੂੰ ਜਾਣਦਾ ਹਾਂ, ਜਿਨ੍ਹਾਂ ਨੇ ਬੇਘਰ ਹੋਣ ਦੇ ਬਾਅਦ, ਲੁਧਿਆਣਾ ਤੇ ਪਨਾਹ ਲੀਤੀ ਸੀ, ਅਤੇ ਉਨ੍ਹਾਂ ਨੇ ਮੁਸਲਿਮ ਮਹੱਲਿਆਂ ਉਪਰ ਕਈ ਹਮਲਿਆਂ ਤੇ ਹਿੱਸਾ ਲੀਤਾ. ਉਨ੍ਹਾਂ ਨੇ ਕਿਹਾ ਕਿ, ਉਹ ਆਪਣੇ ਪਰਵਾਰ ਦੇ ਨਾਲ ਹੋਈ ਬਦਸਲੂਕੀ ਦਾ ਬਦਲਾ ਲੈਣਾ ਚਾਹੁੰਦੇ ਸੀ. ਮੈਂ ਇਸ ਕਰ ਕੇ ਹਿੱਸਾ ਨਹੀਂ ਲੀਤਾ ਕਿਉਂਕਿ ਮੈਂ ਖ਼ੂਨ ਖਰਾਬੇ ਤੋਂ ਡਰਦਾ ਹਾਂ. ਕਦੀ ਕਦੀ, ਮੈਂ ਮੁਲਤਾਨ ਦੇ ਬਾਰੇ ਸੁਪਨਾ ਵੇਖਦਾਂ ਹਾਂ ਅਤੇ, ਖ਼ਾਸ ਕਰ ਕੇ ਆਪਣੇ ਪਿਤਾ ਦੇ ਬਾਰੇ. ਉਹ ਇੱਕ ਪਗੜੀ ਬੱਨ੍ਹਦੇ ਸੀ ਅਤੇ ਮੈਨੂੰ ਇੰਤਹਾ ਪਿਆਰ ਕਰਦੇ ਸੀ. ਮੈਂ ਹੁਣ ਵੀ ਸਰਾਇਕੀ ਬੋਲ ਸਕਦਾ ਹਾਂ ਕਿਉਂਕਿ ਮੇਰੇ ਚਾਚਾਜੀ ਉਸ ਜ਼ਬਾਨ ਤੇ ਮੇਰੇ ਨਾਲ ਬੋਲਦੇ ਸੀ.'

ਖੋਸਲਾ ਅਤੇ ਐਸ.ਜੀ.ਪੀ.ਸੀ. ਰਿਪੋਰਟਾਂ

ਖੋਸਲਾ ਰਿਪੋਰਟ ਵੀ ਮੁਲਤਾਨ ਤੇ ਗੈਰ-ਮੁਸਲਿਮਾਂ ਉਪਰ ਹੋਏ ਹਮਲਿਆਂ ਉਪਰ ਸਾਫ਼ ਤਰੀਕੇ ਨਾਲ ਰੌਸ਼ਨੀ ਪਾਉਂਦੀ ਹੈ, ਅਤੇ ਜੋਰ ਦੇ ਕੇ ਕਹਿੰਦੀ ਹੈ ਕਿ ਹਿੰਦੂ ਅਤੇ ਸਿੱਖ ਵਿਦਿਆਰਥੀਆਂ ਨੇ 5 ਮਾਰਚ ਨੂੰ ਇੱਕ ਸ਼ਾਂਤ ਜਲੂਸ ਕੱਢਿਆ ਸੀ, ਜਿਸ ਦਾ ਮਕਸਦ ਇੱਕ ਦਿਨ ਪਹਿਲਾਂ ਲਾਹੌਰ ਤੇ ਹਿੰਦੂ-ਸਿੱਖ ਵਿਦਿਆਰਥੀਆਂ ਦੇ ਉਪਰ ਚਲੀ ਗੋਲੀਆਂ ਦੀ ਮੁਖ਼ਾਲਫ਼ਤ ਕਰਣਾ ਸੀ. ਜਿੱਥੇ ਤੱਕ ਮੁਲਤਾਨ ਤੇ ਹੋਏ ਖ਼ਾਸ ਵਾਕਿਆਵਾਂ ਦਾ ਸਵਾਲ ਹੈ, ਹਿੰਦੂ ਪਰੋਪਕਾਰੀ ਸੇਠ ਕਲਿਆਣ ਦਾਸ ਦਾ ਬੇਰਹਿਮ ਕਤਲ, ਅਤੇ ਉਸ ਦੇ ਮਹਿਮਾਨ, ਪੰਜਾਬ ਕਾਂਗਰੇਸ ਕਮੇਟੀ ਦੇ ਮੁਸਲਿਮ ਪ੍ਰਧਾਨ, ਡਾ. ਕਿਚਲੂ ਦੀ ਜ਼ਿਲੱਤ ਦਾ ਖਾਸ ਜ਼ਿਕਰ ਹੈ (1989: 104–5). ਐਸ.ਜੀ.ਪੀ.ਸੀ. ਮੁਲਤਾਨ ਦੇ ਵਾਕਿਆਵਾਂ ਬਾਰੇ, ਜ਼ਿਆਦਾ ਕੁੱਝ ਨਹੀਂ ਲਿਖਦੀ ਹੈ (ਸ਼ਾਇਦ, ਇਸ ਕਰ ਕੇ ਕਿ, ਉਸ ਜ਼ਿਲ੍ਹੇ ਤੇ ਜ਼ਿਆਦਾ ਸਿੱਖ ਨਹੀਂ ਰਹਿੰਦੇ ਸੀ) ਪਰ ਉਨ੍ਹਾਂ ਦਾ ਜ਼ਿਕਰ ਉਣ ਇਲਾਕਿਆਂ ਦੇ ਤੌਰ ਤੇ ਕਰਦੀ ਹੈ, ਜਿੱਥੇ ਮੁਸਲਿਮਾਂ ਨੇ ਤਸ਼ੱਦਦ ਕੀਤਾ.

ਗਵਰਨਰ ਜੇਨਕੀਨਸ

ਵੇਵੇਲ ਨੂੰ ਭੇਜੇ 6 ਮਾਰਚ ਦੇ ਇੱਕ ਟੈਲੀਗ੍ਰਾਮ ਤੇ, ਜੇਨਕੀਨਸ ਨੇ 100 ਮੌਤਾਂ ਅਤੇ ਇੱਕ ਵਡੀ ਤਦਾਦ ਤੇ ਜ਼ਖ਼ਮੀ ਹੋਏ ਲੋਕਾਂ ਬਾਰੇ ਜ਼ਿਕਰ ਕੀਤਾ. ਦੋ ਦਿਨ ਬਾਦ, 8 ਮਾਰਚ ਨੂੰ, ਉਹ ਮੁਲਤਾਨ ਤੋਂ 140 ਲਾਸ਼ਾਂ ਬਰਾਮਦ ਹੋਣ ਦੇ ਬਾਰੇ ਜ਼ਿਕਰ ਕਰਦੇ ਨੇ ਪਰ *ਡਿਪਟੀ ਕਮੀਸ਼ਨਰ* ਅੰਦਾਜ਼ਾ ਲਗਾਉਂਦੇ ਨੇ ਕਿ 200 ਦੇ ਕਰੀਬ ਲੋਕ ਹਲਾਕ ਅਤੇ 500 ਜ਼ਖ਼ਮੀ ਹੋਏ (Carter, 2007a: 69). 10 ਮਾਰਚ ਨੂੰ ਗਵਰਨਰ ਨੇ ਮੁਲਤਾਨ ਦਾ ਦੌਰਾ ਕੀਤਾ ਅਤੇ ਖ਼ਬਰ ਦਿੱਤੀ ਕਿ ਅਮਨ ਕਾਇਮ ਸੀ. ਮੁਲਤਾਨ ਦੇ ਆਲੇ-ਦੁਆਲੇ ਪਿੰਡਾ ਤੋਂ ਕੁੱਝ ਵਾਕਿਆਵਾਂ ਦੀ ਖਬਰ ਆਈ. ਕੁੱਝ ਦਿਨਾਂ ਬਾਅਦ, ਉਨ੍ਹਾਂ ਨੇ ਖ਼ਬਰ ਭੇਜੀ ਕਿ ਮੁਲਤਾਨ ਤੇ ਮੁਸੀਬਤ ਫਿਰ ਵਧ ਰਹੀ ਸੀ. 14 ਮਾਰਚ ਦੀ ਪੰਦਰਵਾੜੇ ਦੀ ਰਿਪੋਰਟ ਤੇ ਉਨ੍ਹਾਂ ਨੇ ਮੁਲਤਾਨ ਬਾਰੇ ਲਿਖਿਆ, 'ਮੁਲਤਾਨ ਦੇ ਹਾਲਾਤ ਬਦਤਰ ਨੇ, ਪਰ ਪਿੰਡਾਂ ਤੇ ਹਾਲਾਤ ਬਿਹਤਰ ਨੇ ਅਤੇ ਕਲ, ਇੰਡੀਅਨ ਫ਼ੌਜ਼ ਦੀ ਇੱਕ ਛੋਟੀ ਟੁਕੜੀ ਨੂੰ ਇੱਕ ਦੰਗਾਈ ਭੀੜ ਨੇ ਘੇਰ ਲੀਤਾ ਸੀ, ਅਤੇ ਉਨ੍ਹਾਂ ਨੂੰ ਮਜਬੁਰਨ ਗੋਲੀ ਚਲਾਣੀ ਪਈ, ਅਤੇ ਇਸ ਦਾ ਚੰਗਾ ਅਸਰ ਹੋਣਾ ਚਾਹੀਦਾ ਹੈ' (Carter, 2007a: 81). 17 ਮਾਰਚ ਨੂੰ ਉਨ੍ਹਾਂ ਨੇ ਵੇਵੇਲ ਨੂੰ ਲਿਖਿਆ, 'ਮੁਲਤਾਨ ਤੇ ਹੰਗਾਮਾ ਤਦ ਸ਼ੁਰੂ ਹੋਇਆ, ਜਦ ਗੈਰ-ਮੁਸਲਿਮ ਵਿਦਿਆਰਥਿਆਂ ਨੇ ਅਚਾਨਕ ਇੱਕ ਜਲੁਸ ਕੱਢਿਆ ਜਿਸ ਵਿੱਚ ਉਹ "ਕਾਇਦ-ਏ-ਆਜ਼ਮ ਮੁਰਦਾਬਾਦ" ਦੇ ਨਾਅਰੇ ਲਗਾ ਰਹੇ ਸੀ. ਦੁਪਹਿਰ 12 ਤੋਂ ਲੈ ਕੇ 3:15 ਤਕ, ਅੰਦਾਜ਼ਨ 150 ਲੋਕ - ਲੱਗਭਗ ਸਾਰੇ ਹਿੰਦੂ, ਹਲਾਕ ਹੋਏ. ਕਾਫ਼ੀ ਅੱਗਜਨੀ ਹੋਈ, ਪਰ ਅੱਮ੍ਰਿਤਸਰ ਦੇ ਮੁਕਾਬਲੇ, ਨੁਕਸਾਨ ਘੱਟ ਹੈ'(Ibid: 85). ਇਸ ਦੇ ਬਾਅਦ, ਗਵਰਨਰ ਲਗਾਤਾਰ ਹਾਲਾਤ ਦੀ ਬਿਹਤਰੀ ਦੇ ਬਾਰੇ ਖ਼ਬਰਾਂ ਭੇਜਦੇ ਰਹੇ. 31 ਮਾਰਚ ਦੀ ਆਪਣੀ ਪੰਦਰਵਾੜੇ ਦੀ ਰਿਪੋਰਟ ਤੇ ਉਨ੍ਹਾਂ ਨੇ ਮਾਉਂਟਬੈਟਨ ਨੂੰ ਲਿਖਿਆ ਕਿ ਸੂਬਾ ਹੁਣ ਕਾਬੂ ਤੇ ਸੀ.

ਹਵਾਲਾ

ਖੋਸਲਾ, ਜੀ.ਡੀ., ਸਟਰਨ ਰੇਕੋਨਿੰਗ, ਦੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1989).

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਐਟੇਕ ਔਨ ਸਿੱਖਸ ਐਂਡ ਹਿੰਦੂਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇਡਿੰਆ, (1991).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 3 ਮਾਰਚ 1947-31 ਮਈ 1947, ਐਟ ਦੀ ਏਬੀਸ, ਗਵਰਨਰਸ'

ਫੋਰਟਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007a).

ਸੈਂਸੱਸ ਔਫ ਇੰਡੀਆ, 1941, ਵੋਲ. ੜੀ,ਪੰਜਾਬ, ਸ਼ਿਮਲਾ:ਗੌਵਰਨਮੇਂਟ ਔਫ ਇੰਡੀਆ ਪ੍ਰੈਸ, (1941).

ਇੰਟਰਵਿਊ

ਸਈਦ ਖ਼ੁਰਸ਼ੀਦ ਅਬੱਾਸ ਗਰਦੇਜ਼ੀ, ਮੁਲਤਾਨ, 21 ਦਸੰਬਰ 2004

ਅਰਸ਼ਦ ਮੁਲਤਾਨੀ, ਮੁਲਤਾਨ, 22 ਦਸੰਬਰ 2004

ਅਤਾਉਲ੍ਹਾ ਮਲਿਕ, ਮੁਲਤਾਨ, 22 ਦਸੰਬਰ 2004

ਪ੍ਰੇਮਚੰਦ ਖੰਨਾ, ਦਿੱਲੀ, 9 ਜਨਵਰੀ 2005
ਗਿਰਧਾਰੀ ਲਾਲ ਕਪੂਰ, ਦਿੱਲੀ, 9 ਜਨਵਰੀ 2005
ਭੋਲਾ ਨਾਥ ਗੁਲਾਟੀ, ਦਿੱਲੀ, 9 ਜਨਵਰੀ 2005

9

ਮਾਰਚ 1947 ਦੇ ਦੰਗੇ : ਰਾਵਲਪਿੰਡੀ ਅਤੇ ਇਸ ਦੇ ਨਾਲ ਲੱਗਦੇ ਦਿਹਾਤੀ ਇਲਾਕੇ

ਪੋਟੋਹਰ *ਪਲੇਟੂ* (ਪਠਾਰ) ਤੇ ਸਥਿਤ, ਰਾਵਲਪਿੰਡੀ ਉੱਤਰ-ਪਛੱਮ ਦੇ ਖੈਬਰ ਦਰ੍ਹੇ ਤੋਂ ਇੰਡੀਅਨ ਉਪ-ਮਹਾਦੇਸ਼ ਦੇ ਸਿੱਧੇ ਰਸਤੇ ਤੇ ਪਇੰਦਾ ਹੈ. ਇਤਿਹਾਸਕ ਤੌਰ ਤੇ, ਮੱਧ ਏਸ਼ੀਆ ਤੋਂ ਜ਼ਿਆਦਾਤਰ ਹਮਲਾਵਰ, ਇਸੀ ਰਾਹ ਤੋਂ, ਪੂਰਬ ਜਾਂ ਦੱਖਣ ਦੀ ਤਰਫ਼ ਗਏ ਸੀ. ਪੁਰਾਤੱਤਵ ਖ਼ੁਲਾਸੇ ਸਾਨੂ ਦੱਸਦੇ ਨੇ ਕਿ ਵੈਦਿਕ ਅਤੇ ਬੋਧੀ ਸਭਿਅਤਾਵਾਂ ਪੋਟੋਹਰ ਖੇਤਰ ਵਿੱਚ ਫੱਲੀ-ਫੁੱਲੀ ਸਨ. ਤਕਸ਼ਿਲਾ ਤੇ ਬੋਧੀ ਗਿਆਨ ਦੇ ਮਸ਼ਹੂਰ ਕੇਂਦਰ, ਰਾਵਲਪਿੰਡੀ ਤੋਂ ਸਿਰਫ਼ 20 ਕਿਲੋਮੀਟਰ ਦੁਰ ਨੇ. ਰਾਵਲਪਿੰਡੀ, ਇਸ ਕਰ ਕੇ, ਇਤਿਹਾਸ ਤੇ ਲਗਾਤਾਰ, ਤਹਿਜੀਬੀ, ਰਣਨੀਤਕ ਅਤੇ ਫ਼ੌਜੀ ਤੌਰ ਤੇ ਅਹਿਮੀਅਤ ਰੱਖਦਾ ਹੈ, ਹਾਲਾਂਕਿ, ਲਗਦਾ ਹੈ ਕਿ ਇਹ ਹਮੇਸ਼ਾ ਇੱਕ ਛੋਟਾ ਸ਼ਹਿਰ ਰਿਹਾ ਹੈ.

ਪਰ, ਇਸ ਦੀ ਅਹਿਮੀਅਤ ਕਾਫ਼ੀ ਵਧ ਗਈ ਜਦ ਬ੍ਰਿਟਿਸ਼ ਲੋਕਾਂ ਨੇ ਇਸ ਨੂੰ ਉੱਤਰ-ਪਛੱਮ ਇੰਡੀਆ ਦਾ ਖ਼ਾਸ *ਗੈਰੀਸਨ* (ਫ਼ੌਜੀ ਗੜ) ਬਣਾ ਲੀਤਾ, ਅਤੇ ਉੱਤਰੀ ਕਮਾਂਡ ਦੇ ਸਦੱਰ ਦਫ਼ਤਰ ਨੂੰ ਇਥੇ ਕਾਇਮ ਕੀਤਾ. ਕਬਾਇਲੀ ਇਲਾਕਿਆਂ, ਅਫਗਾਨਿਸਤਾਨ ਅਤੇ ਮੱਧ ਏਸ਼ੀਆ ਉਪਰ ਪ੍ਰਭਾਵ ਲਈ, ਬ੍ਰਿਟੇਨ ਨੇ ਰੂਸ ਅਤੇ ਦੁਜੀ ਵੱਡੀ ਤਾਕਤਾਂ ਦੇ ਦਰਮਿਆਨ ਬਦਨਾਮ *ਗ੍ਰੇਟ ਗੇਮ* (ਵੱਡੀ ਖੇਡ) ਦੇ ਦੌਰਾਨ, ਖ਼ੁਫ਼ੀਆ ਇਤਲਾਹ ਹਾਸਲ ਕਰਣ ਲਈ ਰਾਵਲਪਿੰਡੀ ਦਾ ਇੱਕ ਕੇਂਦਰ ਦੀ ਤਰ੍ਹਾਂ ਇਸਤੇਮਾਲ ਕੀਤਾ. 1947 ਤੇ ਬ੍ਰਿਟਿਸ਼ ਇੰਡੀਅਨ ਫ਼ੌਜ਼ ਦੀ ਇੱਕ ਵੱਡੀ ਟੁਕੜੀ, ਕਈ ਸੌ ਬ੍ਰਿਟਿਸ਼ ਫ਼ੌਜ਼ਿਆਂ ਨੂੰ ਲੈ ਕੇ, ਰਾਵਲਪਿੰਡੀ ਤੇ ਮੌਜੂਦ ਸੀ. 1941 ਦੀ ਸੈਂਸੱਸ ਦੇ ਮੁਤਾਬਕ, ਰਾਵਲਪਿੰਡੀ ਦੀ ਕੁੱਲ 185,042 ਆਬਾਦੀ ਤੋਂ, 49000 ਤੋਂ ਜ਼ਿਆਦਾ, ਦੋ ਛਾਉਣੀਆਂ, ਰਾਵਲਪਿੰਡੀ ਛਾਉਣੀ ਅਤੇ ਚਕਲਾਲਾ ਛਾਉਣੀ, ਤੇ ਕੇਂਦਰਤ ਸਨ. ਇਹ ਸਾਫ ਨਹੀਂ ਹੈ ਕਿ ਮਾਰਚ 1947 ਤੇ, ਜ਼ਾਹਰੀ ਤੌਰ ਤੇ, ਕੋਈ ਫ਼ੈਸਲਾ ਲੈ ਲੀਤਾ ਗਿਆ ਸੀ ਕਿ, ਕਿਸੇ ਫ਼ਿਰਕੂ ਦੰਗੇ ਨੂੰ ਰੋਕਣ ਲਈ ਬ੍ਰਿਟਿਸ਼ ਫ਼ੌਜ਼ ਵਚਨਬੱਧ ਨਹੀਂ ਹੋਵੇਗੀ. ਇਸ ਬਾਰੇ ਪਹਿਲਾ ਪੱਕਾ ਫ਼ੈਸਲਾ ਤਦ ਲੀਤਾ ਗਿਆ, ਜਦ ਫੀਲਡ ਮਾਰਸ਼ਲ ਔਚਿਨਲੇਕ ਨੇ ਇਸ ਬਾਰੇ, ਮਾਉਂਟਬੈਟਨ ਨੂੰ 26 ਜੂਨ 1947 ਨੂੰ ਇੱਕ ਟਿੱਪਣੀ ਲਿਖੀ. ਉਨ੍ਹਾਂ ਨੇ, ਜਿਨਾਹ ਦੀ ਇਹ ਚਾਹਤ ਕਿ ਬ੍ਰਿਟਿਸ਼ ਫ਼ੌਜ਼ ਨੂੰ ਬਹੁਤ ਜਲਦ ਨਹੀਂ ਹਟਾਉਣਾ ਚਾਹੀਦਾ ਹੈ, ਬਾਰੇ ਜ਼ਿਕਰ ਕਰਦੇ ਹੋਏ, ਸਰਕਾਰ ਨੂੰ ਇੱਕ ਗੱਲ ਬਿਲਕੁਲ ਸਾਫ ਤੌਰ ਤੇ, ਮੁਸਲਿਮ ਲੀਗ ਦੇ ਆਗੂ ਨੂੰ ਦੱਸ ਦੇਣ ਨੂੰ ਕਿਹਾ ਕਿ 'ਫ਼ਿਰਕੂ ਫ਼ਸਾਦਾਂ ਦੇ ਦੌਰਾਨ ਬ੍ਰਿਟਿਸ਼ ਫ਼ੌਜ਼ੀ ਮੁਹੱਇਆ ਨਹੀਂ ਹੋਣਗੇ'(Mansergh and Moon, 1982: 660–61). ਇਹ ਮੁਮਕਿਨ ਹੈ ਕਿ ਮਾਰਚ 1947 ਤੇ ਹੀ, ਕੋਈ ਖ਼ੁਫ਼ੀਆ ਫ਼ੈਸਲਾ ਜਾਂ ਖ਼ਾਮੋਸ਼ ਸਮਝ ਮੌਜੂਦ ਸੀ ਕਿ, ਉਨ੍ਹਾਂ ਦਾ ਸਭ ਤੋਂ ਅਹਿਮ ਮਕਸਦ ਬ੍ਰਿਟਿਸ਼ ਅਤੇ ਦੂਜੀ ਯੂਰਪੀ ਜ਼ਿੰਦਗੀਆਂ ਨੂੰ ਬਚਾਉਣਾ ਸੀ, ਅਗਰ ਕੋਈ ਵੱਡਾ ਤਸ਼ੱਦਦ ਹੋ ਜਾਂਦਾ ਸੀ. ਉਸ ਵਕਤ ਰਾਵਲਪਿੰਡੀ ਤੇ ਕਈ ਸੌ ਬ੍ਰਿਟਿਸ਼ ਅਤੇ ਯੂਰਪੀ ਪਰਵਾਰ ਮੌਜੂਦ ਸਨ.

ਰਾਵਲਪਿੰਡੀ ਸ਼ਹਿਰ ਤੇ, ਗੈਰ-ਫ਼ੌਜ਼ੀ ਇੰਤਜ਼ਾਮਿਆ ਦੇ ਮੰਡਲ ਅਤੇ ਜ਼ਿਲ੍ਹਾ ਸਦੱਰ ਦਖ਼ਤਰ ਦੀ ਸੇਵਾਵਾਂ ਵੀ ਮੌਜੂਦ ਸਨ. ਰਾਵਲਪਿੰਡੀ ਡਿਵੀਜ਼ਨ ਦੀ ਫ਼ਿਰਕੂ ਰਚਨਾ ਤੇ, ਜ਼ਿਆਦਾ ਮੁਸਲਿਮ ਸਨ ਅਤੇ ਰਾਵਲਪਿੰਡੀ ਜ਼ਿਲ੍ਹੇ ਦੇ ਬਾਰੇ ਵੀ, ਇਹ ਗੱਲ ਸੱਚ ਸੀ. ਪਰ, ਰਾਵਲਪਿੰਡੀ ਸ਼ਹਿਰ ਤੇ ਹਿੰਦੂ ਅਤੇ ਸਿੱਖ *ਮਜਾਰਿਟੀ* ਤੇ ਸਨ. ਸਿੱਖ ਸਮੁਦਾਇ ਸਭ ਤੋਂ ਅਮੀਰ ਸੀ. ਜ਼ਿਆਦਾਤਰ ਵਪਾਰ, ਵਣਿਜ ਅਤੇ ਸਾਹੂਕਾਰਾ ਉਨ੍ਹਾਂ ਦੇ ਹੱਥ ਵਿੱਚ ਸੀ. ਜ਼ਿਆਦਾਤਰ ਦੁਕਾਨਾਂ, ਵਪਾਰੀ ਇਮਾਰਤਾਂ ਅਤੇ ਰਿਹਾਇਸ਼ੀ ਇਲਾਕੇ ਸਿਖਾਂ ਦੇ ਕਾਬੂ ਸੀ. ਉਨ੍ਹਾਂ ਨੇ ਸਿੱਖ ਧਰਮ ਨੂੰ ਕੁੱਝ ਪੁਸ਼ਤਾਂ ਪਹਿਲਾਂ ਅਪਣਾਇਆ ਸੀ ਅਤੇ ਉਹ ਪਹਿਲਾਂ ਖਤਰੀ ਜਾਤ ਦੇ ਜਾਂ ਅਰੋੜਾ ਉਪਜਾਤ ਦੇ ਹਿੰਦੂ ਸਨ. ਪੂਰਬੀ ਪੰਜਾਬ ਦੇ ਸਿੱਖ ਉਨ੍ਹਾਂ ਨੂੰ ਭਾਪੇ ਕਹਿੰਦੇ ਸੀ. ਹਿੰਦੂ, ਜਿਆਦਾਤਰ ਛੋਟੇ ਵਪਾਰੀ ਹੁੰਦੇ ਸੀ, ਹਾਲਾਂਕਿ, ਉਨ੍ਹਾਂ ਤੋਂ, ਕਈ ਸੁਨਿਆਰ ਵੀ ਹੁੰਦੇ ਸਨ. ਰਾਵਲਪਿੰਡੀ ਸ਼ਹਿਰ ਤੇ ਮੁਸਲਮਾਨ ਗਰੀਬ ਸਨ; ਜ਼ਿਆਦਾਤਰ ਕਾਰੀਗਰ ਅਤੇ ਘੱਟ ਭੁਗਤਾਨ ਕੀਤੇ ਮਜਦੂਰ ਹੁੰਦੇ ਸਨ.

ਇਹ ਗੌਰ ਕਰਨਾ ਦਿਲਚਸਪ ਹੋਵੇਗਾ ਕਿ ਬ੍ਰਿਟਿਸ਼ ਇੰਡੀਅਨ ਫ਼ੌਜ਼ ਵਿੱਚ ਭਰਤੀ ਕੀਤੇ ਗਏ 'ਮਾਰਸ਼ਿਅਲ ਰੇਸੇਸ (ਜੰਗੀ ਕੌਮ)' ਦੇ ਮੁਸਲਿਮ ਹਿੱਸੇ ਤੇ, ਰਾਵਲਪਿੰਡੀ ਡਿਵੀਜਨ, ਖਾਸ ਕਰ ਕੇ ਰਾਵਲਪਿੰਡੀ ਜ਼ਿਲ੍ਹੇ ਦੇ ਰਾਜਪੁਤ, ਘਕੱਰ ਅਤੇ ਅਵਾਨ ਕਬੀਲੇ ਸ਼ਾਮਲ ਸਨ (Tan, 2005). ਰਾਵਲਪਿੰਡੀ ਸ਼ਹਿਰ ਅਤੇ ਜ਼ਿਲ੍ਹੇ ਤੇ ਲੀਤੇ ਇੰਟਰਵਿਊਆਂ ਦੇ ਦੌਰਾਨ ਮੈਨੂੰ ਪਤਾ ਲਗਾ ਕਿ ਫ਼ੌਜ਼ ਵਿੱਚ ਭਰਤੀ ਹੋਣ ਦੇ ਸਿਵਾਏ ਹੋਰ ਕੋਈ ਉਪਾਉ ਨਹੀਂ ਸੀ, ਕਿਉਂਕਿ ਖੇਤੀਬਾੜੀ, ਰੋਜੀ ਕਮਾਉਣ ਲਾਈਕ ਵਿਕਸਤ ਨਹੀਂ ਸੀ. ਪੋਟੋਹਰ ਦੀ ਬੰਜਰ, ਪੱਥਰੀਲੀ ਅਤੇ ਸਖ਼ਤ ਜ਼ਮੀਨ ਦੀ ਆਬਪਾਸ਼ੀ ਦੀ ਸਰੋਤ ਸਿਰਫ਼ ਬਾਰਿਸ਼ ਸੀ, ਜੋ ਇੱਕ ਵੱਡੀ ਪੈਦਾਵਾਰ ਕਰਣ ਲਈ, ਕਦੀ ਕਦੀ ਹੀ ਕਾਫ਼ੀ ਹੁੰਦੀ ਸੀ. ਇਸ ਦੇ ਇਲਾਵਾ, ਜਮੀਨਾਂ ਦੇ ਟੁਕੜੇ ਛੋਟੇ ਸੀ. ਮੈਨੂੰ ਕੁੱਝ ਲੋਕਾਂ ਨੇ ਕਿਹਾ ਕਿ ਬ੍ਰਿਟਿਸ਼ ਦਿਹਾਤੀ ਇਲਾਕਿਆਂ ਦੀ ਆਰਥਿਕ ਤਰੱਕੀ ਨਹੀਂ ਕਰਾਉਣਾ ਚਾਹੁੰਦੇ ਸੀ, ਤਾਂਕਿ ਬ੍ਰਿਟਿਸ਼ ਫ਼ੌਜ਼ ਨੂੰ ਸਿਪਾਹੀ ਲਗਾਤਾਰ ਮੁਹਇੱਆ ਹੁੰਦੇ ਰਹਿਣ. ਕੁੱਝ ਮੌਕਿਆਂ ਤੇ, ਜਦ ਨਵੇਂ ਡੈਮ ਨੂੰ ਬਣਾਉਣ ਦਾ ਜਾਂ ਆਬਪਾਸ਼ੀ ਦੀ ਸਹੂਲਤਾਂ ਨੂੰ ਵਧਾਉਣ ਉਪਰ ਬਹਿਸ ਹੋਈ, ਬ੍ਰਿਟਿਸ਼ ਫ਼ੌਜ਼ ਦੇ ਦਬਾਅ ਥਲੇ, ਉਣ ਮਨਸੂਬਿਆਂ ਨੂੰ ਖਾਰਿਜ਼ ਕਰ ਦਿੱਤਾ ਗਿਆ. ਦਿਹਾਤੀ ਇਲਾਕਿਆਂ ਤੇ ਵਪਾਰ ਅਤੇ ਦੁਕਾਨਾਂ ਦੇ ਮਾਲਕ, ਜ਼ਿਆਦਾਤਰ ਸਿੱਖ ਅਤੇ ਕੁੱਝ ਹਿੰਦੂ ਹੁੰਦੇ ਸਨ. ਰਾਵਲਪਿੰਡੀ ਸ਼ਹਿਰ ਅਤੇ ਜ਼ਿਲ੍ਹੇ ਦੇ ਮੁਸਲਿਮ, ਸਿੱਖ ਸਾਹੁਕਾਰਾਂ ਦੇ ਬੜੇ ਭਾਰੀ ਕਰਜ਼ਈ ਸਨ.

1947 ਤਕ, ਰਾਵਲਪਿੰਡੀ ਡਿਵੀਜ਼ਨ ਦੇ ਫ਼ੌਜ਼ ਤੋਂ ਮੁਅੱਤਲ ਹੋਏ ਫ਼ੌਜ਼ੀ, ਹਜਾਰਾਂ ਦੀ ਤਦਾਦ ਤੇ ਦੱਖਣ-ਪੂਰਬ ਏਸ਼ੀਆ, ਮੱਧ-ਪੁਰਬ ਅਤੇ ਦੁਜੀ ਜਗ੍ਹਾਂ ਤੋਂ ਵਾਪਸ ਆਉਣ ਲਗੇ. ਜੋ ਆਪਣੇ ਪਿਡਾਂ ਤੇ ਵਾਪਸ ਆਏ, ਉਨ੍ਹਾਂ ਨੇ ਵੇਖਿਆ ਕਿ ਮਾਲੀਆ ਮੁਸ਼ਕਲਾਂ ਘੱਟਣ ਦੀ ਜਗ੍ਹ ਵਧ ਗਈਆਂ ਸਨ. ਅਤੇ ਕਈ ਪੁਰਾਣੇ ਫ਼ੌਜ਼ੀ, ਕੱਮ ਦੀ ਤਲਾਸ਼ ਤੇ ਅਤੇ ਰੋਜੀ ਕਮਾਉਣ ਦੇ ਦੁਜੇ ਤਰੀਕੇ ਲਈ, ਰਾਵਲਪਿੰਡੀ ਸ਼ਹਿਰ ਤੇ ਆਲੇ-ਦੁਆਲੇ ਘੁਮਦੇ ਰਹਿੰਦੇ (ਇੰਟਰਵਿਊ: ਫ਼ੀਰੋਜ਼ ਦਰ). ਉਨ੍ਹਾਂ ਤੋਂ ਕਈ ਰਾਵਲਪਿੰਡੀ ਜ਼ਿਲ੍ਹੇ ਅਤੇ ਨਾਲ ਲਗੇ ਕੈਂਪਬੇਲਪੁਰ (ਹੁਣ ਅਟੱਕ) ਅਤੇ ਜਿਹਲਮ ਜ਼ਿਲ੍ਹਾਂ ਦੇ ਸਿੱਖ ਪਿੰਡਾ ਤੇ ਹਮਲੇ ਵਿੱਚ ਸ਼ਾਮਲ ਹੋਏ.

1941 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ ਆਬਾਦਿਅਤ ਦਾ ਖ਼ਾਕਾ		
ਰਾਵਲਪਿੰਡੀ ਸ਼ਹਿਰ ਦੀ ਕੁੱਲ ਆਬਾਦੀ (ਰਾਵਲਪਿੰਡੀ	ਤਦਾਦ	ਹਿੱਸਾ (%)

ਮਯੂਨਿਸਿਪੈਲਿਟੀ ਅਤੇ ਛਾਉਣੀ ਅਤੇ ਚਕਲਾਲਾ ਛਾਉਣੀ ਨੂੰ ਲੈ ਕੇ)		
ਸਾਰੇ ਸਮੁਦਾਇ	185,042	100.00
ਮੁਸਲਿਮ	81,038	43.79
ਹਿੰਦੂ ਅਤੇ ਸਿਡਯੂਲਡ ਕਾਸਟ	62,397	33.72
ਸਿੱਖ	32,054	17.32
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	9,957	5.38
ਰਾਵਲਪਿੰਡੀ ਜ਼ਿਲ੍ਹਾ	ਤਦਾਦ	ਹਿੱਸਾ (%)
ਸਾਰੇ ਸਮੁਦਾਇ	785,231	100.00
ਮੁਸਲਿਮ	628,193	80.00
ਹਿੰਦੂ ਅਤੇ ਸਿਡਯੂਲਡ ਕਾਸਟ	82,453	10.50
ਸਿੱਖ	64,127	8.17
ਦੂਜੇ: ਇਸਾਈ, ਜੈਨ, ਅਧਰਮੀ ਅਤੇ ਪਾਰਸੀ	10,448	1.33

ਪੰਜਾਬ ਦੇ ਦੂਜੇ ਇਲਾਕਿਆਂ ਤੋਂ ਅਲਗ, ਰਾਵਲਪਿੰਡੀ ਨੇ ਪਹਿਲਾਂ ਹੀ ਪਨਾਹਗੀਰਾਂ ਦਾ ਪ੍ਰਵਾਹ ਵੇਖ ਲੀਤਾ ਸੀ, ਜਦ ਦਸੰਬਰ 1946 ਨੂੰ ਨਜਦੀਕ ਦੇ *ਐਨ ਡਬਲੁ ਐਫ ਪੀ* ਦੇ ਹਜ਼ਾਰਾ ਜ਼ਿਲ੍ਹੇ ਤੋਂ ਹਿੰਦੂ ਅਤੇ ਸਿੱਖ, ਇੱਕ ਵੱਡੀ ਤਦਾਦ ਤੇ ਆਏ ਸੀ. ਲਾਹੌਰ ਤੇ ਮਾਸਟਰ ਤਾਰਾ ਸਿੰਘ ਦੀ ਦਿੱਤੀ ਹਥਿਆਰਬੰਦੀ ਦੀ ਪੁਕਾਰ, ਰਾਵਲਪਿੰਡੀ ਤੇ 3 ਮਾਰਚ ਦੀ ਸ਼ਾਮ ਨੂੰ ਪਹੁੰਚੀ ਅਤੇ ਮੁਸਲਿਮ, ਹਿੰਦੂ ਅਤੇ ਸਿੱਖ ਮਹੱਲਿਆਂ ਤੇ ਸਰਗਰਮਿਆਂ ਨੂੰ ਤੇਜ ਕਰਣ ਲਈ ਉਕਸਾਇਆ. 4 ਮਾਰਚ ਨੂੰ ਆਸ-ਪੜੋਸ ਤੇ ਕੁੱਝ ਝੜਪਾਂ ਹੋਇਆਂ ਪਰ ਪਹਿਲੀ ਲੜਾਈ, ਸਹਿਰ ਦੇ ਮੱਧ ਤੇ 5 ਮਾਰਚ ਨੂੰ ਹੋਈ. 10 ਮਾਰਚ ਦੇ ਪਾਕਿਸਤਾਨ ਟਾਇਮਸ ਨੇ ਰਿਪੋਰਟ ਦਿੱਤੀ ਕਿ, ਹਜ਼ਾਰਾ ਤੋਂ ਆਈ ਇੱਕ ਹਮਲਾਵਰ ਭੀੜ ਨੇ *ਮਰੀ ਪਹਾੜਿਆਂ* ਅਤੇ *ਝਿੱਕਾ ਗਲੀ*, *ਖੋੜਾ ਗਲੀ* ਅਤੇ *ਲੋਅਰ ਟੋਪਾ* ਦੇ ਬਾਜ਼ਾਰਾਂ ਉਪਰ ਹਮਲਾ ਕੀਤਾ. 12 ਮਾਰਚ ਨੂੰ ਇਸ ਨੇ ਖ਼ਬਰ ਛਾਪੀ ਕਿ ਕਹੁਤਾ, ਗੁਜੱਰ ਖ਼ਾਨ ਅਤੇ ਮੰਦਰਾ ਇਲਾਕਿਆਂ ਤੇ ਅੱਗਜਨੀ ਹੋਈ, ਇਸ ਦੇ ਇਲਾਵਾ ਫ਼ਤੇਹਜੰਗ, ਹਸੱਨਅਬਦਾਲ ਅਤੇ ਕੈਂਪਬੇਲਪੁਰ ਤੇ ਵੀ ਗੜਬੜੀ ਫੈਲ ਗਈ. 7 ਮਾਰਚ ਤੋਂ *ਦੀ ਟ੍ਰਿਬਊਨ* ਨੇ ਰਾਵਲਪਿੰਡੀ ਦੀ ਝੜਪਾਂ ਬਾਰੇ ਖ਼ਬਰ ਦੇਣਾ ਸ਼ੁਰੂ ਕੀਤਾ ਅਤੇ ਲੱਗਭਗ ਰੋਜਾਨਾ, 14 ਮਾਰਚ ਤੱਕ ਖ਼ਬਰਾਂ ਦੇਂਦਾ ਰਿਹਾ, ਕਿ ਹਮਲਾਵਰ ਭੀੜ ਦੇ ਹਮਲੇ ਨੇ ਰਾਵਲਪਿੰਡੀ ਸ਼ਹਿਰ ਦੇ ਬਾਹਰ ਦੇ ਅਤੇ ਆਸ ਪਾਸ ਦੇ ਇਲਾਕਿਆਂ ਨੂੰ ਲਪੇਟ ਲੀਤਾ ਸੀ. ਮਾਰਚ 1947 ਤੇ ਜ਼ਿਲ੍ਹਾ ਇੰਤਜ਼ਾਮਿਆ, ਡਿਪਟੀ ਕਮੀਸ਼ਨਰ ਸੀ.ਐਲ.ਕੋਅਟਸ (OBE) ਦੇ ਅਧੀਨ ਸੀ. ਅਹਿਮਦ ਸਲੀਮ ਅਤੇ ਮੈਂ ਦਸੰਬਰ 2004 ਨੂੰ, ਰਾਵਲਪਿੰਡੀ ਸ਼ਹਿਰ ਅਤੇ ਜ਼ਿਲ੍ਹੇ ਤੇ ਕਈ ਦਿਨ ਗੁਜਾਰੇ ਅਤੇ ਮੁਖ਼ਤਲਿਫ਼ ਪੇਸ਼ੇ ਦੇ ਉਣ ਲੋਕਾਂ ਨਾਲ ਗੱਲ-ਬਾਤ ਕੀਤੀ, ਜੋ ਮਾਰਚ 1947 ਦੇ ਵਾਕਿਆਂ ਦੇ ਚਸ਼ਮਦੀਦ ਗਵਾਹ ਸਨ. ਉਨਾਂ ਦੇ ਵਿੱਚ ਸਾਬਕਾ ਸਿੱਖਿਆਵਿਦ ਖ਼ਵਾਜ਼ਾ ਸਮੁਦ ਅਹਿਮਦ, ਇੱਕ ਤਾਂਗੇਵਾਲਾ, ਦੋ ਦੁਕਾਨਦਾਰ ਅਤੇ ਦੋ ਸਿੱਖ ਸਨ ਜਿਨ੍ਹਾਂ ਨੂੰ ਮੈਂ ਪਹਿਲਾਂ ਮਾਰਚ 2004 ਤੇ ਦਿੱਲੀ ਤੇ ਮਿਲਿਆ ਸੀ. ਇੰਟਰਵਿਊ ਦੇਣ ਵਾਲੇ ਇੱਕ

ਜਨਾਬ ਮਾਰਚ 1947 ਨੂੰ ਖ਼ਾਕਸਾਰ ਦੇ ਇੱਕ ਕਾਰਕੁਨ ਸਨ. ਮੈਂ ਉਨ੍ਹਾਂ ਨੂੰ ਮਈ 2002 ਤੇ, *ਵੱਰਲਡ ਪੰਜਾਬੀ ਕਨਫੇਰੇਂਸ* ਤੇ ਮਿਲਿਆ.

ਖ਼ਵਾਜ਼ਾ ਮਸੁਦ ਅਹਿਮਦ

'1947 ਨੂੰ, ਮੈਂ ਇੱਕ ਨੌਜਵਾਨ ਅਤੇ ਨਵਾਂ ਸ਼ਾਦੀ-ਸ਼ੁਦਾ, ਗੌਰਡਨ ਕਾਲਜ ਤੇ *ਮੈਥਮੈਟੀਕਸ* ਦਾ *ਲੇਕਚਰਾਰ* ਸੀ. 5 ਮਾਰਚ ਨੂੰ ਹਿੰਦੂ-ਸਿੱਖ ਅਤੇ ਮੁਸਲਿਮ ਮਜਮੇ, ਇੱਕ ਦੁਜੇ ਨਾਲ, ਸ਼ਹਿਰ ਦੇ ਮੱਧ ਵਿੱਚ ਲੜੇ. ਕਾਲੇਜ ਦੇ ਪਿੰਸਿਪਲ, *ਡਾ.ਸਟੂਵਰਟ* (ਇੱਕ ਅਮਰੀਕਨ), ਡਿਪਟੀ ਕਮੀਸ਼ਨਰ ਸੀ.ਐਲ.ਕੋਅਟਸ ਨੂੰ ਮਿਲਣ ਗਏ, ਪਰ ਉਨ੍ਹਾਂ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ. ਡਾ.ਸਟੂਵਰਟ ਬੇਹਦ ਫ਼ਿਕਰਮੰਦ ਹੋ ਕੇ ਵਾਪਸ ਆਏ ਅਤੇ ਆਪਣੇ ਸਟਾਫ ਨੂੰ ਦੱਸਿਆ ਕਿ ਸਰਕਾਰ ਮਦਦ ਨਹੀਂ ਕਰਨਾ ਚਾਹੁੰਦੀ ਸੀ. ਅਗਲੇ ਦਿਨ ਇੱਕ ਆਰ.ਐਸ.ਐਸ. ਕਾਰਕੁਨ ਚੀਕਦੇ ਹੋਏ, ਚਾਰੋਂ ਪਾਸੇ ਕਹਿ ਰਹਾ ਸੀ ਕਿ ਇਸ ਵਾਰ ਹੋਲੀ, ਇੱਕ ਖ਼ੂਨੀ ਹੋਲੀ ਹੋਵੇਗੀ. ਮੈਂ ਜਦ ਕਾਲੇਜ ਤੋਂ ਬਾਹਰ ਆਇਆ ਤਦ ਵੇਖਿਆ ਕਿ *ਮਰੀ ਰੋਡ* ਦੇ ਇੱਕ ਪਾਸੇ ਮੁਸਲਿਮ ਅਤੇ ਦੁਜੇ ਪਾਸੇ ਹਿੰਦੂ-ਸਿੱਖ ਖੜ੍ਹੇ ਸੀ. ਦੋਵਾਂ ਨੇ ਬਰਛੇ ਅਤੇ ਲੰਬੇ ਛੁਰੇ ਫੜੇ ਹੋਏ ਸੀ. ਦੋਵੇਂ ਭੜਕਾਉ ਨਾਅਰੇਬਾਜ਼ੀ ਕਰ ਰਹੇ ਸੀ, ਪਰ ਚੁੰਕਿ ਮੈਂ ਇੱਕ ਕਾਲਜ ਦਾ ਅਧਿਆਪਕ ਸੀ, ਅਤੇ ਉਹ ਮੈਨੂੰ ਜਾਣਦੇ ਸੀ, ਹੋਰ ਕਿਸੇ ਨੇ ਪਰੇਸ਼ਾਨ ਨਹੀਂ ਕੀਤਾ. ਮੈਂ ਉਨ੍ਹਾਂ ਦੇ ਵਿੱਚੋਂ ਤੁਰ ਕੇ ਨਿਕਲ ਕੇ, ਕਮਊਨਿਸਟ ਪਾਰਟੀ ਦੇ ਦਫ਼ਤਰ ਆ ਗਿਆ. ਕਾਮਰੇਡ ਗੁਰਬਕਸ਼ ਸਿੰਘ ਅਤੇ ਦੁਜੇਆਂ ਨੇ ਮੈਨੂੰ ਸਾਵਧਾਨੀ ਨਾ ਬਰਤਨ ਲਈ, ਫਿਟਕਾਰਿਆ. ਬਾਅਦ ਤੇ, ਗੁਰਬਕਸ਼ ਮੈਨੂੰ ਘਰ ਛੱਡ ਕੇ ਗਏ. ਕਈ ਦਿਨਾਂ ਤਕ, ਸਾਡੇ ਘਰ ਤੇ ਖਾਣ ਦਾ ਸਾਮਾਣ ਨਹੀਂ ਸੀ ਕਿਉਂਕਿ ਦੁਕਾਨਾਂ ਬੰਦ ਸੀ ਅਤੇ ਲੋਕ ਘਰ ਦੇ ਅੰਦਰ ਰਹਿਣਾ ਅਕਲਮੰਦੀ ਦਾ ਕੱਮ ਸਮਝ ਰਹੇ ਸੀ. ਕਾਮਰੇਡ ਵਿਸ਼ਵਨਾਥ ਸਹਗਲ, ਜੋ ਰਾਵਲਪਿੰਡੀ ਦੇ ਇੱਕ ਸਭ ਤੋਂ ਅਮੀਰ ਹਿੰਦੂ ਪਰਵਾਰਾਂ ਤੋਂ ਸਨ, ਸਾਡੇ ਦੋਵੇਂ ਲਈ, ਆਪਣੇ ਘਰੋਂ ਖਾਣਾ ਲੈ ਕੇ ਆਉਂਦੇ ਸੀ.

'5-6 ਮਾਰਚ ਨੂੰ ਕੁਰਾਨ ਦੇ ਕੁੱਝ ਖੁੱਲ੍ਹੇ ਹੋਏ ਸਫ਼ੇ, ਸਾਰੇ ਸ਼ਹਿਰ ਤੇ ਬਿਖਰੇ ਹੋਏ ਮਿਲੇ. ਇੱਕ ਖ਼ਾਕਸਾਰ ਨੇ ਉਨ੍ਹਾਂ ਨੂੰ ਇਕੱਠਾ ਕਰ ਕੇ, ਇੱਕ ਖੂਹ ਤੇ ਡਾਲ ਦਿੱਤੇ. ਇਹ, ਕਾਲਜ ਦੇ ਬਿਲਕੁਲ ਸ਼ਾਹਮਣੇ ਹੋਇਆ. ਉਹ ਹਿੰਦੂਆਂ ਅਤੇ ਸਿੱਖਾਂ ਦਾ ਪੱਕਾ ਦੋਸਤ ਸੀ. ਅਤੇ, ਉਹ ਇੱਕ ਹਿੰਦੂ-ਸਿੱਖ ਮਹੱਲੇ ਤੇ ਗਿਆ. ਇੱਕ ਜੋਰਦਾਰ ਚੀਕ ਸੁਣੀ ਗਈ. ਕਿਸੇ ਨੇ ਉਸ ਨੂੰ ਚਾਕੂ ਮਾਰ ਦਿੱਤਾ ਸੀ. ਉਸ ਦੀ ਖੁਨ ਤੇ ਲਥਪਥ, ਲਾਸ਼ ਵੇਖੀ ਗਈ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਆਰ.ਐਸ.ਐਸ. ਇਸ ਨਫ਼ਰਤਯੋਗ ਜੁਰਮ ਦੇ ਪਿੱਛੇ ਸੀ. ਇਸ ਦੇ ਚਲਦਿਆਂ ਸ਼ਹਿਰ ਦੇ ਕਈ ਹਿੱਸੇਆਂ ਤੇ ਫ਼ਸਾਦ, ਅੱਗਜਨੀ, ਲੁੱਟ ਅਤੇ ਛੁਰੇਬਾਜ਼ੀ ਦੇ ਵਾਕਿਐ ਹੋਏ. ਪਰ ਛਾਉਣੀ ਦੇ ਇਲਾਕੇ ਤੇ, ਜਿੱਥੇ ਉੱਚੇ ਦਰਜੇ ਦੇ ਲੋਕ ਰਹਿੰਦੇ ਸੀ, ਕੋਈ ਅਸਰ ਨਹੀਂ ਹੋਇਆ.

'ਹਾਲਾਂਕਿ ਰਾਵਲਪਿੰਡੀ ਤੇ ਸਿਆਸੀ ਸਰਗਰਮੀਆਂ ਮੌਜੂਦ ਸਨ, ਕੌਮੀ ਤਸ਼ੱਦਦ ਸ਼ਾਇਦ ਹੀ ਕਦੀ ਹੁੰਦਾ ਸੀ. ਸਾਰੇ ਫ਼ਿਰਕੇ ਦੇ ਬਜ਼ੁਰਗ ਆਪਸ ਵਿੱਚ ਉਮਦਾ ਰਿਸ਼ਤਾ ਰੱਖਦੇ ਸੀ, ਅਤੇ ਉਨ੍ਹਾਂ ਦੀ ਸਦਭਾਵਨਾ ਅਤੇ ਉਨ੍ਹਾਂ ਦਾ ਪ੍ਰਭਾਵ, ਲੋਕਾਂ ਦੇ ਵਿੱਚ, ਕੁਦਰਤੀ ਰਿਸ਼ਤਾ ਕਾਇਮ ਰਖਣ ਲਈ ਕਾਫ਼ੀ ਸੀ. ਗੌਰਡਨ ਕਾਲਜ ਤਹਿਜੀਬੀ ਅਤੇ ਅਕਲੀ ਵਿਵਧਤਾ ਦਾ ਇੱਕ ਸ਼ੰਗਮ ਸਥਾਨ ਸੀ. ਅਕਲੀ, ਸਿੱਖਿਆਵਿਦ, ਪਤਰਕਾਰ ਅਤੇ ਦੁਜੇ ਸਮਾਜਕ ਤੌਰ ਤੇ ਜਾਣਕਾਰ ਲੋਕ, ਰੋਜਾਨਾ ਕਾਲੇਜ ਦੀ ਕੈਨਟੀਨ ਤੇ ਇਕੱਠਾ ਹੁੰਦੇ ਸੀ ਅਤੇ ਜ਼ਿੰਦਾ-ਦਿਲ੍ਹੀ ਨਾਲ ਗੱਲਬਾਤ ਹੁੰਦੀ ਸੀ. ਮੁੱਖ ਸਿਆਸੀ ਪਾਰਟੀਆਂ ਦੇ ਸਮਰਥਕ ਮੌਜੂਦ ਰਹਿੰਦੇ ਸੀ, ਪਰ ਚੁੰਕਿ ਉਹ ਇੱਕ

ਦੁਜੇ ਨੂੰ ਚੰਗੀ ਤਰ੍ਹਾਂ ਜਾਣਦੇ ਸੀ, ਖ਼ਿਆਲਾਂ ਦੇ ਲੈਣ-ਦੇਣ ਦੇ ਦੌਰਾਨ ਕੋਈ ਤਲਖ-ਮਿਜ਼ਾਜੀ ਨਹੀਂ ਹੁੰਦੀ ਸੀ. ਇਸ ਦੇ ਇਲਾਵਾ, ਕਾਲਜ ਸੱਚੇ ਤੌਰ ਤੇ, ਬਹੁ-ਮਜ਼ਹਬੀ ਸੀ. ਗੁਰੂ ਅਤੇ ਮੁਰੀਦ, ਮੁਖ਼ਤਲਿਫ਼ ਮਜ਼ਹਬਾਂ ਨਾਲ ਤਾਲੁੱਕ ਰਖਦੇ ਸੀ. ਕਾਲਜ ਹੋਸਟਲ ਤੇ ਕਈ ਹਿੰਦੂ, ਸਿੱਖ ਅਤੇ ਮੁਸਲਿਮ ਵਿਦਿਆਰਥੀ ਰਹਿੰਦੇ ਸੀ. ਮੈਂ ਕਮਊਨਿਸਟ ਪਾਰਟੀ ਦਾ ਸਦੱਸ ਸੀ. 1946 ਤੇ, ਮਸ਼ਹੂਰ ਇੰਡੀਅਨ ਅਭਿਨੇਤਾ, ਬਲਰਾਜ ਸਾਹਨੀ, ਜੋ ਰਾਵਲਪਿੰਡੀ ਤੋਂ ਸਨ, ਪਰ ਬੰਬਈ ਤੇ ਰਹਿੰਦੇ ਸੀ, ਆਪਣੇ ਸ਼ਹਿਰ ਦੇ ਘਰ ਆਏ. ਉਹ ਸਾਡੇ ਕੱਮ ਨੂੰ ਵੇਖ ਕੇ ਕਾਫ਼ੀ ਮੁਤਾਸਰ ਹੋਏ. ਉਹ ਖੁਦ ਵੀ ਇੱਕ ਮਾਰਕਸੀਸਟ ਸਨ. ਸਾਨੂ ਯਕੀਨ ਸੀ ਕਿ ਇੰਡੀਆ ਬਹੁਤ ਜਲਦ ਆਜ਼ਾਦ ਹੋ ਜਾਵੇਗਾ ਅਤੇ ਅਸੀਂ ਆਪਣੇ ਲੋਕਾਂ ਲਈ ਇੱਕ ਤਰੱਕੀ-ਪਸੰਦ ਮੁਸਤਕਬਿਲ ਤਿਆਰ ਕਰਾਂਗੇ. ਮਾਰਚ 1947 ਦੇ ਦੰਗੇਆਂ ਦੇ ਬਾਅਦ ਵੀ, ਸਾਨੂ ਯਕੀਨ ਨਹੀਂ ਸੀ ਕਿ ਇੰਡੀਆ ਦੀ ਤਕਸੀਮ ਹੋਵੇਗੀ.'

ਸ਼ੇਖ ਨੂਰ ਦੀਨ

'ਮੈਂ ਸਾਰੀ ਜ਼ਿੰਦਗੀ, ਇੱਕ ਤਾਂਗੇਵਾਲਾ ਰਿਹਾ ਹਾਂ. ਤਸ਼ੱਦਦ ਦਾ ਆਘਾਜ਼ ਤਦ ਹੋਇਆ ਜਦ ਸਿੱਖਾਂ ਨੇ ਇੱਕ ਜਲੂਸ ਕੱਢਿਆ ਜਿਸ ਵਿੱਚ ਉਹ ਪਾਕਿਸਤਾਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਸੀ. ਰਾਵਲਪਿੰਡੀ ਦੇ ਬਾਹੁਬਲੀ ਚੌਧਰੀ ਮੌਲਾ ਦੇ ਲੜਕੇ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਭੜਕਾਊ ਜ਼ਬਾਨ ਦਾ ਇਸਤੇਮਾਲ ਨਾ ਕਰਣ, ਪਰ ਸਿੱਖਾਂ ਨੇ ਉਸ ਦੀ ਗੱਲ ਨਹੀਂ ਸੁਣੀ. ਇੱਕ ਹੱਥ-ਪਾਈ ਹੋ ਗਈ, ਜਿਸ ਵਿੱਚ ਇੱਕ ਸਿੱਖ ਨੇ ਉਸ ਦੇ ਉਪਰ ਕਿਰਪਾਨ ਨਾਲ ਹਮਲਾ ਕਰ, ਉਸ ਦੇ ਪੱਟ ਤੇ ਇੱਕ ਗਹਿਰਾ ਜ਼ਖਮ ਕਰ ਦਿੱਤਾ. ਜਦ ਚੌਧਰੀ ਮੌਲਾ ਨੂੰ ਇਸ ਵਾਕਿਐ ਬਾਰੇ ਪਤਾ ਚਲਿਆ, ਉਹ ਬਹੁਤ ਜਲਦ ਆਪਣੇ ਸਾਥੀਆਂ ਨੂੰ ਲੈ ਕੇ, ਉਸ ਜਗ੍ਹ ਤੇ ਆ ਗਿਆ. ਇਸ ਦੇ ਬਾਅਦ ਕਈ ਦਿਨਾਂ ਤਕ, ਫ਼ਸਾਦ ਚਲਦਾ ਰਿਹਾ. ਕਈ ਲੋਕ ਹਲਾਕ ਹੋਏ ਜਾਂ ਜ਼ਖ਼ਮੀ ਹੋ ਗਏ. ਸੰਪਤੀ ਦਾ ਬੇਹਦ ਨੁਕਸਾਨ ਹੋਇਆ ਅਤੇ ਅੱਗਜਨੀ ਹੋਰ ਲੁੱਟਣ ਦੀ ਵਾਰਦਾਤਾਂ ਵੀ ਹੋਇਆਂ. ਮੈਨੂੰ ਪਤਾ ਨਹੀਂ ਹੈ ਕਿ ਕਿਸ ਤਰਫ਼ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ ਮਗਰ ਸਿੱਖਾਂ ਨੇ ਬਿਹਤਰ ਹਥਿਆਰਬੰਦੀ ਕੀਤੀ ਸੀ ਅਤੇ ਉਹ ਗੋਲੀਆਂ ਚਲਾ ਰਹੇ ਸੀ.

'ਬਾਅਦ ਤੇ, ਹਾਲਾਂਕਿ, ਗੈਰ-ਮੁਸਲਿਮਾਂ ਨੂੰ ਇਥੋਂ ਭੱਜਣਾ ਪਇਆ, ਪਰ ਸ਼ੁਰੂ ਤੇ ਮੁਕਾਬਲਾ ਬਰਾਬਰੀ ਦਾ ਸੀ. ਮੈਂ ਆਪਣੀ ਸਾਰੀ ਜ਼ਿੰਦਗੀ ਰਾਵਲਪਿੰਡੀ ਤੇ, ਇੱਕ ਤਾਂਗੇਵਾਲੇ ਦੀ ਹੈਸੀਅਤ ਤੇ ਗੁਜਾਰੀ ਹੈ. 1947 ਦੇ ਫ਼ਸਾਦਾਂ ਤੋਂ ਪਹਿਲਾਂ, ਇਸ ਜਗ੍ਹ ਤੇ ਇੱਕ ਵੱਡੀ ਹਿੰਦੂ ਅਤੇ ਸਿੱਖ ਅਬਾਦੀ ਸੀ. ਆਮ ਤੌਰ ਤੇ, ਉਹ ਨੇਕ ਅਤੇ ਰਹਿਮਦਿਲ ਲੋਕ ਸਨ. ਦੱਤ ਬ੍ਰਾਹਮਣਾ ਦਾ ਇੱਕ ਪਰਵਾਰ ਹਮੇਸ਼ਾ ਮੇਰੇ ਤਾਂਗੇ ਤੇ ਸਵਾਰੀ ਕਰਦਾ ਸੀ ਅਤੇ ਉਸ ਘਰ ਦੀ ਮਾਲਕਿਨ ਮੈਨੂੰ ਆਪਣਾ ਭਰਾ ਕਹਿ ਕੇ ਪੁਕਾਰਦੀ ਸੀ. ਉਹ ਹਮੇਸ਼ਾਂ ਮੈਨੂੰ ਹਿੰਦੂ ਜਾਂ ਮੁਸਲਿਮ ਤਿਉਹਾਰਾਂ ਦੇ ਮੌਕੇ ਤੇ ਤੋਹਫ਼ੇ ਦੇਂਦੇ ਸੀ.'

ਸ਼ੇਖ਼ ਮੁਹੱਮਦ ਇਸ਼ਾਕ

'ਪਹਿਲਾਂ ਮੇਰੇ ਪੁਰਖੇ ਥਾਪਰ ਉਪ-ਜਾਤ ਦੇ ਅਰੋੜਾ ਸਨ ਅਤੇ ਉਨ੍ਹਾਂ ਨੇ ਇਸਲਾਮ ਕਬੂਲ ਕਰ ਲੀਤਾ ਸੀ. ਸ਼ਹਿਰ ਦੇ ਮਰਕਜ਼ੀ ਇਲਾਕੇ ਤੇ ਸਾਡੀ ਇੱਕ ਦੁਕਾਨ ਸੀ. ਪੁਰੇ ਪੰਜਾਬ ਤੇ, ਸਾਡੇ ਵਪਾਰੀ ਰਿਸ਼ਤੇ ਫੈਲੇ ਹੋਏ ਸੀ ਅਤੇ ਮੈਂ ਹੋਰ ਮੇਰੇ ਪਿਤਾ ਪੂਰਬੀ ਜ਼ਿਲ੍ਹਾਂ ਤੇ ਆਪਣੀ ਪਰਚੂਨ ਦੀ ਦੁਕਾਨ ਲਈ ਸਾਮਾਨ ਖਰੀਦਣ ਲਈ ਜਾਉਂਦੇ

ਸੀ. 1946 ਦੇ ਇੰਤਖ਼ਾਬ ਤਕ ਸ਼ਹਿਰ ਤੇ ਕੋਈ ਸਿਆਸੀ ਸਰਗਰਮੀ ਨਹੀਂ ਸੀ. ਯੂਨੀਅਨਿਸਟ ਪਾਰਟੀ ਹੀ ਮੁੱਖ ਪਾਰਟੀ ਸੀ, ਜਦ ਕਿ ਕਾਂਗਰੇਸ ਪਾਰਟੀ ਬ੍ਰਿਟਿਸ਼ ਦੀ ਮੁਖ਼ਾਲਫ਼ਤ ਦਾ ਗੜ ਸੀ. ਖ਼ਾਕਸਾਰ ਅਤੇ ਅਹਰਾਰ ਵੀ ਹਰਕਤ ਵਿੱਚ ਸਨ. ਕਮਊਨਿਸਟ ਇੱਕ ਛੋਟੇ ਸਮੂਹ ਤੇ ਸਨ. ਆਰ.ਐਸ.ਐਸ. ਦੀ ਵੀ ਥੋੜੀ ਬਹੁਤ ਮੌਜੁਦਗੀ ਸੀ. ਮੁਸਲਿਮ ਲੀਗ ਨੇ 1945-46 ਦੇ ਕਿਸੇ ਵਕਤ, ਇੰਤਖ਼ਾਬ ਦੇ ਦੌਰਾਨ, ਆਪਣੇ ਪੈਰ ਜਮਾ ਲੀਤੇ ਸਨ.

'4 ਮਾਰਚ ਦੀ ਸ਼ਾਮ ਨੂੰ ਗੜਬੜ ਸ਼ੁਰੂ ਹੋਈ ਹਾਲਾਂਕਿ ਇਹ ਜ਼ਿਆਦਾਤਰ ਨਾਅਰੇਬਾਜ਼ੀ ਤੱਕ ਸੀਮਿਤ ਸੀ. ਪਹਿਲੀ ਝੜਪ ਤਦ ਹੋਈ, ਜਦ 5 ਮਾਰਚ ਨੂੰ ਇੱਕ ਸਿੱਖ-ਹਿੰਦੂ ਜਲੂਸ ਦਾ ਮੁਸਲਿਮ ਲੀਗ ਦੇ ਸਮਰਥਕਾਂ ਨਾਲ ਟਾਕਰਾ ਹੋਇਆ. ਵੀਰਵਾਰ, 6 ਮਾਰਚ ਹੋਲੀ ਦਾ ਦਿਨ ਸੀ. ਆਮ ਤਿਉਹਾਰ ਦੀ ਰੌਣਕ ਦੀ ਬਜਾਏ, ਪਿਛਲੇ ਦਿਨ ਦੀ ਗੜਬੜ ਕਾਇਮ ਰਹੀ ਅਤੇ ਨਹਿਰੂ ਰੋਡ (ਹੁਣ ਘਜ਼ਨਵੀ ਰੋਡ) ਉਪਰ ਗੋਲੀਆਂ ਚਲੀਂ. ਦੋਵੇਂ ਤਰਫ਼ੋਂ ਇੱਕ ਦੂਜੇ ਉਪਰ ਗੋਲੀਆਂ ਦਾਗੀ ਗਈਆਂ. ਦੂਜੀ ਜਗ੍ਹਾਂ ਤੇ ਵੀ ਵਾਕਿਐ ਹੋਏ. ਸਿੱਖਾਂ ਅਤੇ ਹਿੰਦੂਆਂ ਨੇ ਕਰਤਾਰਪੁਰਾ ਤੇ ਮੁਸਲਿਮਾਂ ਉਪਰ ਗੋਲੀਆਂ ਚਲਾਇਆਂ. ਇਸ ਵਿੱਚ ਕਈ ਲੋਕ ਹਲਾਕ ਹੋ ਗਏ. ਦੂਜੀ ਤਰਫ਼ ਰੱਤਾ (ਰੱਟਾ) ਤੇ ਕੁੱਝ ਸਿੱਖ ਹਲਾਕ ਹੋਏ ਅਤੇ ਢੋਕ ਤੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਣ ਲਈ ਮਹਬੂਰ ਕੀਤਾ ਗਿਆ ਅਤੇ ਉਨ੍ਹਾਂ ਦੇ ਕੇਸ਼ ਅਤੇ ਦਾੜ੍ਹੀ ਮੁਨ ਦਿੱਤੇ ਗਏ. ਉਨ੍ਹਾਂ ਦੇ ਵਿੱਚ ਜਿਣ ਕੁੱਝ ਲੋਕਾਂ ਨੇ ਇਸ ਦਾ ਵਿਰੋਧ ਕੀਤਾ, ਮੁਸਲਿਮ ਭੀੜ ਨੇ ਉਨ੍ਹਾਂ ਨੂੰ ਮਾਰ ਦਿੱਤਾ. ਦੂਜੀ ਤਰਫ਼, ਬਾਘ ਸਰਦਾਰਾਂ ਤੇ, ਜੋ ਸਿੱਖਾਂ ਦਾ ਗੜ ਸੀ, ਮੁਸਲਿਮਾਂ ਉਪਰ ਭਿਅੰਕਰ ਜ਼ੁਲਮ ਕੀਤਾ ਗਿਆ. ਸਿੱਖਾਂ ਨੇ ਬੰਦੂਕਾਂ ਅਤੇ ਕਿਰਪਾਨਾਂ ਦਾ ਇਸਤੇਮਾਲ ਕੀਤਾ. ਰਾਵਲਪਿੰਡੀ ਤੇ ਲੜਾਈ ਸਿੱਖਾਂ ਅਤੇ ਮੁਸਲਿਮਾ ਤੇ ਦਰਮਿਆਨ ਸੀ. ਪਰ, ਰਾਵਲਪਿੰਡੀ ਦੇ ਇਰਦ-ਗਿਰਦ ਦੇ ਪਿੰਡਾ ਤੇ ਗੈਰ-ਮੁਸਲਿਮਾਂ ਦੇ ਨਾਲ, ਬੇਹਦ ਬੇਰਹਿਮ ਤਰੀਕੇ ਨਾਲ ਸਲੂਕ ਕੀਤਾ ਗਿਆ. ਉਨ੍ਹਾਂ ਤੋਂ ਕੁੱਝ ਬੱਚ ਕੇ ਰਾਵਲਪਿੰਡੀ ਆ ਗਏ, ਅਤੇ ਤਦ ਸਾਨੂ ਉਨ੍ਹਾਂ ਦੀ ਕਰੜੀ ਅਜ਼ਮਾਇਸ਼ ਬਾਰੇ ਪਤਾ ਲਗਾ.'

ਹਾਜੀ ਸ਼ੇਰ ਅਹਿਮਦ

'5 ਮਾਰਚ ਨੂੰ ਸਾਡੇ ਸਿੱਖ ਗੁਆਂਢੀਆਂ ਨੇ ਸਾਨੂ, ਇਥੇ ਰਾਜ਼ਾਬਾਜ਼ਾਰ ਦੀ ਸਾਡੀ ਦੁਕਾਨ ਨੂੰ ਨਾ ਖੋਲਣ ਲਈ ਆਗਾਹ ਕੀਤਾ ਕਿਉਂਕਿ ਗੜਬੜ ਹੋਣ ਦਾ ਡਰ ਸੀ, ਚੁੰਕਿ ਉਨ੍ਹਾਂ ਦੀ ਬਰਾਦਰੀ ਦੇ ਕੁੱਝ ਸਦੱਸ ਬਦਲਾ ਲੈਣ ਦਾ ਮਨਸੂਬਾ ਰਖਦੇ ਸੀ, ਅਗਰ ਮੁਸਲਿਮ ਤਸ਼ੱਦਦ ਦਾ ਸਹਾਰਾ ਲੇਂਦੇ ਸੀ. 6 ਮਾਰਚ ਨੂੰ ਝੜਪਾਂ ਹੋਰ ਬਦਤਰ ਹੋ ਗਈਆਂ. ਮੁਸਲਿਮਾਂ ਨੇ ਜਾਮਾ-ਇ-ਮਸਜਿਦ ਦੇ ਅੰਦਰ ਤੋਂ ਗੋਲੀਆਂ ਚਲਾਇਆਂ ਅਤੇ ਸਿੱਖਾਂ ਨੇ ਸੜਕ ਦੇ ਦੂਜੀ ਤਰਫ਼ੋਂ. ਕੁੱਝ ਮੌਤਾਂ ਹੋਇਆਂ. ਇਹ ਸੱਚ ਹੈ ਕਿ ਕੁੱਝ ਇਲਾਕਿਆਂ ਤੇ, ਜੈਦਾਂ ਕਿ ਢੋਕ ਤੇ, ਹਿੰਦੂਆਂ ਅਤੇ ਸਿੱਖਾਂ ਨੂੰ ਇਸਲਾਮ ਕਬੂਲ ਕਰਣ ਲਈ ਮਜਬੂਰ ਕੀਤਾ ਗਿਆ. ਉਨ੍ਹਾਂ ਦੇ ਕੇਸ਼ ਅਤੇ ਦਾੜ੍ਹੀ, ਜਬਰਨ, ਮੁਨ ਦਿੱਤੇ ਗਏ. ਆਪਣੇ ਮਜ਼ੂਬ ਦੀ ਬੇਅਦਬੀ, ਕੁੱਝ ਸਿੱਖਾਂ ਨੂੰ ਬਰਦਾਸ਼ਤ ਨਹੀਂ ਹੋਈ ਅਤੇ ਉਨ੍ਹਾਂ ਨੇ ਖੁਦਕਸ਼ੀ ਕਰ ਲੀਤੀ. ਜ਼ਿਆਦਾਤਰ ਦੰਗੇ, ਜਲਦ ਹੀ ਘੱਟ ਹੋ ਗਏ, ਪਰ ਰਾਵਲਪਿੰਡੀ ਤੋਂ ਬਾਹਰ ਪਿੰਡਾ ਤੇ, ਤਸ਼ੱਦਦ ਦਾ ਸਤਰ ਬੇਹਦ ਜ਼ਿਆਦਾ ਸੀ. ਕਈ ਹਿੰਦੂ ਅਤੇ ਸਿੱਖ, ਪਿੰਡਾ ਤੋਂ ਭੱਜ ਗਏ ਅਤੇ ਰਾਵਲਪਿੰਡੀ ਆ ਗਏ. ਉਨ੍ਹਾਂ ਦੀ ਹਾਲਾਤ, ਯਕੀਨੀ ਤੌਰ ਤੇ, ਤਰਸਯੋਗ ਸੀ. ਉਨਾਂ ਦੇ ਨਾਲ ਇਸ ਤਰ੍ਹਾਂ ਦਾ ਸਲੂਕ, ਪੱਕੇ ਇਸਲਾਮ ਦੀ ਤਾਲੀਮ ਦੇ ਖ਼ਿਲਾਫ਼ ਸੀ.

ਰਸ਼ੀਦ ਨਿਸਾਰ

'ਰਾਵਲਪਿੰਡੀ ਤੇ ਗਵਬੜ ਦੋਵੇ ਤਰਫ਼ੋਂ ਨਾਅਰੇਬਾਜ਼ੀ ਦੇ ਚਲਦਿਆਂ ਸ਼ੁਰੂ ਹੋਈ. 6 ਮਾਰਚ ਨੂੰ, ਰਾਵਲਪਿੰਡੀ ਦੇ ਇੱਕ ਮਹੱਲੇ, ਲਾਲ ਕੁਰਤੀ ਤੇ, ਬਜ਼ੁਰਗਾਂ ਦੀ ਅਗਵਾਈ ਤੇ, ਇੱਕ ਅਮਨ ਕਮੇਟੀ ਬਣਾਈ ਗਈ. ਪਰ, ਇਸ ਅਮਨ ਕਮੇਟੀ ਦਾ ਇੱਕ ਮੁਸਲਿਮ ਸਦੱਸ, ਸ਼ੇਖ ਬਰਕਤ, ਗੱਦਾਰ ਸਾਬਤ ਹੋਇਆ. ਸ਼ੇਖ ਬਰਕਤ ਦੀ ਬੈਠਕ ਤੇ 7 ਮਾਰਚ ਨੂੰ ਅਮਨ ਕਮੇਟੀ ਦੀ ਗੱਲਬਾਤ ਹੋਣੀ ਸੀ. ਜਦ, ਹਿੰਦੂ ਅਤੇ ਸਿੱਖ ਸਦੱਸ ਪਹੁੰਚੇ, ਉਨ੍ਹਾਂ ਦੇ ਉਪਰ ਇੱਕ ਬਦਕਾਰੀ ਹਮਲਾ ਕਰ ਦਿੱਤਾ ਗਿਆ ਅਤੇ ਸੁੰਦਰ ਸਿੰਘ ਹਲਵਾਈ ਨੇ ਬੱਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ ਮਗਰ ਕੁਹਾੜਿਆਂ ਅਤੇ ਘੰਡਾਸੇ ਲੈ ਕੇ ਇੱਕ ਭੀੜ ਨੇ ਉਸ ਦਾ ਪਿੱਛਾ ਕੀਤਾ. ਉਸ ਹਲਵਾਈ ਨੇ ਇੱਕ ਮਸੀਤ ਤੇ ਪਨਾਹ ਮੰਗੀ ਅਤੇ ਇੱਕ ਮੁਸਲਿਮ ਬਣਨ ਦੀ ਅਤੇ ਕਲਮਾ ਪੜ੍ਹਨ ਦੀ ਖ਼ਾਹਿਸ਼ ਜ਼ਾਹਰ ਕੀਤੀ. ਪਰ ਉਸ ਭੀੜ ਨੇ ਉਸ ਨੂੰ ਜਮੀਨ ਤੇ ਉਸ ਜਗ੍ਹ ਤੇ ਸੁਟ ਦਿੱਤਾ ਜਿੱਥੇ ਇਬਾਦਤ ਕਰਣ ਵਾਲੇ ਦੁਆ ਕਰਣ ਤੋਂ ਪਹਿਲਾਂ ਨਹਾਉਣ-ਧੋਣ ਕਰਦੇ ਨੇ. ਉਸ ਭੀੜ ਨੇ ਕੁਹਾੜੀ ਅਤੇ ਲੰਬੇ ਛੁਰੇਆਂ ਨਾਲ, ਸੁੰਦਰ ਸਿੰਘ ਦੇ ਟੋਟੇ ਟੋਟੇ ਕਰ ਦਿੱਤੇ. ਉਨ੍ਹਾਂ ਨੇ ਉਸ ਦੀ ਜ਼ਬਾਨ ਬਾਹਰ ਕੱਢ ਦਿੱਤੀ, ਦਾੜ੍ਹੀ ਮੁਨ ਦਿੱਤੀ ਅਤੇ ਉਸ ਦੇ ਮੁਰਦਾ ਜਿਸਮ ਨੂੰ ਘਸੀਟ ਕੇ ਮਸੀਤ ਤੋਂ ਬਾਹਰ ਕੱਢਿਆ. ਉਸ ਦਾ ਲਹੂ, ਨਹਾਉਣ-ਧੋਣ ਦੇ ਤਾਲਾਬ ਦੇ ਲਾਗੂ ਪਾਨੀ ਨਾਲ ਘੁਲਮਿਲ ਗਿਆ. ਜਦ ਉਸ ਦੀ ਲਾਸ਼ ਨੂੰ ਇੱਕ ਗਲੀ ਤੇ ਘਸੀਟ ਕੇ ਲੈ ਜਾਇਆ ਗਿਆ, ਧੂੜ-ਘੱਟੇ ਨਾਲ ਲਹੂ ਮਿਲ ਕੇ, ਇੱਕ ਗਾੜਾ ਭੂਰਾ ਗਾਰਾ ਬਣ ਗਿਆ. ਇਹ ਇੱਕ ਭਿਆਨਕ ਨਜ਼ਾਰਾ ਸੀ. ਮੈਨੂੰ ਅੱਜ ਤਕ, ਉਹ ਜ਼ੁਲਮ ਯਾਦ ਹੈ. ਪੁਲਿਸ ਨੂੰ ਇਸ ਬੈਠਕ ਦੇ ਬਾਰੇ ਇਤਲਾਹ ਸੀ ਅਤੇ ਇਹ ਲਗਦਾ ਹੈ ਕਿ ਉਨ੍ਹਾਂ ਨੂੰ ਗੈਰ-ਮੁਸਲਿਮਾਂ ਨੂੰ ਹਲਾਕ ਕਰਣ ਦੇ ਮਨਸੂਬੇ ਬਾਰੇ ਪਤਾ ਸੀ. ਇਸ ਕਰ ਕੇ, ਸ਼ਿਕਾਰ ਹੋਏ ਲੋਕਾ ਨੂੰ ਬਚਾਉਣ ਦੀ ਬਜਾਏ ਉਨ੍ਹਾਂ ਨੇ ਇਹ ਪੱਕਾ ਕੀਤਾ ਕਿ ਕਾਤਲ ਆਪਣਾ ਕੱਮ ਬੇਰੋਕਟੋਕ ਕਰ ਲੈਣ.

'ਇੱਕ ਸਿੱਖ ਟੱਬਰ ਨੇ, ਜੋ ਸਾਡਾ ਗੁਆਂਢੀ ਸੀ, ਸਾਡੇ ਘਰ ਤੇ ਪਨਾਹ ਲੀਤੀ. ਬਾਹਰ ਭੀੜ ਇਕੱਠਾ ਹੋ ਗਈ ਅਤੇ ਸਾਨੂ ਸਿੱਖਾਂ ਨੂੰ ਉਨ੍ਹਾਂ ਦੇ ਹਵਾਲੇ ਕਰਣ ਨੂੰ ਕਿਹਾ. ਸ਼ਾਡਾ ਪਰਵਾਰ ਖਾਕਸਾਰ ਤੇਹਰੀਕ ਨਾਲ ਜੁੜਿਆ ਸੀ. ਸਾਡੇ ਆਗੂ ਅਸ਼ਰਫ਼ ਖ਼ਾਨ ਨੇ ਸਾਨੂ ਸਹੁੰ ਦਿੱਤੀ ਸੀ ਕਿ ਕਿਸੇ ਵੀ ਪੀੜਤ ਦੀ ਹਿਫ਼ਾਜ਼ਤ ਲਈ, ਅਸ਼ੀਂ ਉਹ ਸਭ ਕੁੱਝ ਕਰਾਂਗੇ, ਜੋ ਮੁਨਾਸਬ ਹੋਵੇਗਾ. ਇਸ ਕਰ ਕੇ ਖ਼ਾਕਸਾਰ ਹਮੇਸ਼ਾ ਅਗੇ ਰਹਿੰਦੇ ਸੀ ਅਤੇ ਉਨ੍ਹਾਂ ਨੇ ਕਈ ਗੈਰ-ਮੁਸਲਿਮਾਂ ਦੀ ਜਾਨਾਂ ਬਚਾਇਆ. ਅਸੀਂ ਇਹ ਕੱਮ ਕੀਤਾ, ਇਸ ਦੇ ਬਾਵਜੂਦ, ਕਿ ਇੱਕ ਖ਼ਾਕਸਾਰ ਦਾ ਇੱਕ ਹਿੰਦੂ ਮਹੱਲੇ ਤੇ 5 ਮਾਰਚ ਨੂੰ ਕਤਲ ਕਰ ਦਿੱਤਾ ਗਿਆ ਸੀ. ਸ਼ਾਇਦ ਆਰ.ਐਸ.ਐਸ ਉਸ ਭਿਆਨਕ ਕਤਲ ਦੇ ਪਿੱਛੇ ਸੀ, ਪਰ ਅਸੀਂ ਆਪਣੇ ਆਗੂ ਨੂੰ ਦਿੱਤੇ ਵਾਅਦੇ ਉਪਰ ਕਾਇਮ ਰਹੇ ਅਤੇ ਪੀੜਤ ਲੋਕਾਂ ਨੂੰ ਬਚਾਉਣ ਲਈ ਆਪਣੀ ਜਾਨ ਨੂੰ ਖ਼ਤਰੇ ਤੇ ਪਾ ਦਿੱਤਾ. ਪੰਜਾਬ ਦੀ ਤਕਸੀਮ ਤੋਂ ਬਾਅਦ ਵੀ ਅਸੀਂ ਇਸ ਤਰ੍ਹਾਂ ਦੀ ਸੇਵਾ ਕਰਦੇ ਰਹੇ. ਤਕਸੀਮ ਤੋਂ ਬਾਅਦ ਵੀ ਕੁੱਝ ਹਿੰਦੂ ਅਤੇ ਸਿੱਖ ਰਾਵਲਪਿੰਡੀ ਤੇ ਮੌਜੂਦ ਸਨ. ਅਸੀਂ ਉਨ੍ਹਾਂ ਨੂੰ ਹਿਫ਼ਾਜ਼ਤ ਨਾਲ, ਸ਼ਰਨਾਰਥੀ ਕੈਂਪ ਛੱਡ ਕੇ ਆਏ. ਸਾਡੀ ਸੇਵਾਵਾਂ ਸ਼ਹਿਰ ਤੱਕ ਸੀਮਤ ਸਨ. ਪਿੰਡਾ ਤੇ ਜੋ ਵੀ ਹੋਇਆ, ਉਹ ਸਾਡੀ ਪਹੁੰਚ ਤੋਂ ਬਾਹਰ ਸੀ.'

ਹਰਕਿਸ਼ਨ ਸਿੰਘ ਮੇਹਤਾ

'ਅਸੀਂ ਪਿੰਡ ਕੋਨਟ੍ਰਿਲਾ, ਤਹਸੀਲ ਗੁੱਜਰ ਖ਼ਾਨ ਤੋਂ ਹਾਂ, ਪਰ, ਜਦ ਮੈਂ ਛੋਟਾ ਸੀ, ਅਸੀਂ ਰਾਵਲਪਿੰਡੀ ਆ ਗਏ ਸੀ. ਅਸੀਂ *ਮਾਈ ਵੀਰੋ ਦੀ ਬੱਨੀ* (ਨਿਵਾਸ) ਦੀ ਨਾਂਅ ਦੀ ਗਲੀ ਤੇ ਰਹਿੰਦੇ ਸੀ, ਜੋ ਖਾਲਸਾ ਹਾਈ ਸਕੂਲ ਦੇ ਨਜਦੀਕ ਸੀ. ਦਰਅਸਲ, ਸਾਡਾ ਘਰ ਮਾਰਚ 1947 ਨੂੰ ਬਣ ਕੇ ਤਿਆਰ ਹੋਇਆ ਸੀ. ਇਹ ਪੂਰੀ ਤਰ੍ਹਾਂ ਇੱਕ ਹਿੰਦੂ-ਸਿੱਖ ਇਲਾਕਾ ਸੀ. ਮੈਨੂੰ ਯਾਦ ਹੈ ਕਿ ਮਾਰਚ ਦੇ ਦੰਗੇ ਦੇ ਦੌਰਾਨ, ਦੋਨੋਂ ਤਰਫ਼ੋਂ ਬੰਦੂਕਾਂ ਦਾ ਇਸਤੇਮਾਲ ਕੀਤਾ ਗਿਆ ਸੀ. ਰਾਵਲਪਿੰਡੀ ਦੇ ਨਜਦੀਕ ਪਿੰਡਾ ਤੇ ਅਸਲੀ ਕਤਲੇਆਮ ਹੋਇਆ. ਮੈਨੂੰ ਯਾਦ ਹੈ ਕਿ ਹਜ਼ਾਰਾ ਤੋਂ ਆਏ ਪਨਾਹਗੀਰਾਂ ਨੂੰ ਸਾਡੇ ਇਲਾਕੇ ਤੇ ਪਨਾਹ ਦਿੱਤੀ ਗਈ ਸੀ. ਮੇਰੇ ਪਿਤਾ ਰੇਲਵੇ ਤੇ ਇੱਕ ਟੀ.ਟੀ.ਈ. ਸਨ. ਇੱਕ ਮੁਸਲਿਮ ਕਬੀਲੇ ਦੇ ਪ੍ਰਧਾਨ, ਗੁਲੂ ਨੇ ਉਨ੍ਹਾਂ ਦੀ ਜਾਨ ਬਚਾਈ, ਜਦ ਉਨ੍ਹਾਂ ਨੂੰ ਇੱਕ ਭੀੜ ਘੇਰ ਕੇ, ਉਨ੍ਹਾਂ ਦੇ ਕੇਸ਼ ਮੁੱਨਣਾ ਚਾਹੁੰਦੀ ਸੀ. ਗੁਲੂ ਨੇ ਉਨ੍ਹਾਂ ਨੂੰ ਰਾਵਲਪਿੰਡੀ ਲੈ ਆਉਂਦਾ. ਉਹ ਮਿਆਂਵਾਲੀ ਦੀ ਇੱਕ ਹਥਿਆਰ ਬੰਦ ਕਬੀਲੇ ਦਾ ਸਰਦਾਰ ਸੀ. ਅਸੀਂ ਜੂਨ ਨੂੰ ਦਿੱਲੀ ਆ ਗਏ.'

ਅਮਰ ਸਿੰਘ

'ਮਾਸਟਰ ਤਾਰਾ ਸਿੰਘ ਦੀ ਪੰਜਾਬ ਅਸੈਮਬਲੀ ਦੇ ਬਾਹਰ ਦਿੱਤੇ ਭਾਸ਼ਣ ਦੀ ਖ਼ਬਰ, ਰਾਵਲਪਿੰਡੀ ਤੇ ਉਸੇ ਦਿਨ ਪਹੁੰਚ ਗਈ ਅਤੇ ਸ਼ਾਮ ਤੋਂ ਤਣਾਅ ਵੱਧਣ ਲਗਾ. 5 ਮਾਰਚ ਇੱਕ ਤਰਫ਼ ਹਿੰਦੂ-ਸਿੱਖ ਪ੍ਰਦਰਸ਼ਨਕਾਰੀਆਂ ਅਤੇ ਦੁਜੀ ਤਰਫ਼ ਮੁਸਲਿਮਾਂ ਵਿੱਚ ਝੜਪਾਂ ਦਾ, ਪਹਿਲਾ ਦਿਨ ਸੀ. ਹਿੰਦੂ-ਸਿੱਖ ਪ੍ਰਦਰਸ਼ਨਕਾਰੀ ਜੋ ਪੰਜਾਬ ਵਿੱਚ ਮੁਸਲਿਮ ਲੀਗ ਦੀ ਸਰਕਾਰ ਬਣਣ ਦੇ ਖ਼ਿਲਾਫ਼ ਚੀਕ ਕੇ ਨਾਅਰੇਬਾਜ਼ੀ ਕਰ ਰਹੇ ਸੀ, ਉਨ੍ਹਾਂ ਨੂੰ ਚੌਧਰੀ ਮੋਲਾ ਦੇ ਲੜਕੇ ਨੇ ਚੁਨੋਤੀ ਦਿੱਤੀ. ਪਹਿਲੀ ਝੜਪ ਤੇ, ਹਿੰਦੂ ਅਤੇ ਸਿੱਖਾਂ ਨੂੰ ਬਹੁਤ ਭਾਰੀ ਨੁਕਸਾਨ ਹੋਇਆ, ਪਰ 6 ਮਾਰਚ ਦੀ ਸ਼ਾਮ ਤੋਂ ਅਸ਼ੀਂ ਮੁਸਲਿਮਾਂ ਨੂੰ ਭੱਜਾ ਦਿੱਤਾ. ਅਸੀਂ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ. ਇੱਕ ਵਾਕਿਐ ਤੇ, ਈਰੋਸ ਸਿਨੇਮਾ ਦੇ ਸਿੱਖ ਮਾਲਕਾਂ ਨੇ 30 ਤੋਂ ਵੀ ਜ਼ਿਆਦਾ ਮੁਸਲਿਮਾਂ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ. ਦੁਜੀ ਜਗ੍ਹਾਂ ਤੋਂ ਵੀ, ਮੁਸਲਿਮਾਂ ਨੂੰ ਖਦੇੜ ਦਿੱਤਾ ਗਿਆ. ਸ਼ਹਿਰ ਵਿੱਚ ਸਾਡੀ ਕਾਫ਼ੀ ਮਜਬੂਤ ਮੌਜੁਦਗੀ ਸੀ.

'ਇੱਕ ਹਿੰਦੂ ਜੋ ਪੁਲਿਸ ਤੇ ਕੱਮ ਕਰਦਾ ਸੀ, ਮੈਨੂੰ ਦੱਸਿਆ ਕਿ ਕੁੱਝ ਮੁਸਲਿਮ ਪੁਲਿਸਵਾਲੇ ਗੱਲ ਕਰ ਰਹੇ ਸੀ ਕਿ ਬ੍ਰਿਟਿਸ਼ਾਂ ਨੇ ਉਨ੍ਹਾਂ ਨੂੰ ਤਿੰਨ ਦਿਨ ਦਿੱਤੇ ਸੀ, ਜਿਸ ਵਿੱਚ ਉਹ ਗੈਰ-ਮੁਸਲਿਮਾਂ ਦੇ ਖ਼ਿਲਾਫ਼ ਕੁੱਝ ਵੀ ਕਰ ਸਕਦੇ ਸੀ, ਜੋ ਉਹ ਕਰਨਾ ਚਾਹੁੰਦੇ ਸੀ. ਪਰ ਸਾਡੇ ਕੋਲ ਬੰਦੂਕਾਂ ਸੀ, ਅਸਲਾ ਸੀ ਅਤੇ ਫ਼ਸਾਦ ਕਰਣ ਦੀ, ਮੁਸਲਿਮਾਂ ਨੂੰ ਆਪਣੀ ਜਾਨਾਂ ਦੇ ਕੇ ਇੱਕ ਭਾਰੀ ਕੀਮਤ ਚੁਕਾਣੀ ਪਈ. ਜਦ ਉਹ ਸ਼ਹਿਰ ਦੀ ਜੰਗ ਨਹੀਂ ਜਿੱਤ ਸਕੇ, 'ਤੇ ਉਨ੍ਹਾਂ ਨੇ ਆਪਣਾ ਗੁੱਸਾ ਪਿੰਡਾ ਦੇ ਵੱਲ ਕਰ ਦਿੱਤਾ. ਦਿਹਾਤੀ ਇਲਾਕਿਆਂ ਤੇ, ਹਿੰਦੂਆਂ ਅਤੇ ਸਿੱਖਾਂ ਦੀ ਤਦਾਦ ਬੇਹਦ ਘੱਟ ਸੀ. ਅਤੇ, ਉਣ ਹਮਲੇਆਂ ਤੇ, ਹਿੰਦੂਆਂ ਅਤੇ ਸਿੱਖਾਂ ਦਾ ਖ਼ੂਨ-ਖ਼ਰਾਬਾ ਹੋਇਆ. ਪਰ ਮੈਨੂੰ ਖ਼ਾਸ ਕਰ ਕੇ ਖਾਕਸਾਰਾਂ ਨੂੰ ਅਤੇ ਉਨ੍ਹਾਂ ਦੇ ਆਗੂ ਅਸ਼ਰਫ਼ ਖ਼ਾਨ ਨੂੰ ਸ਼ਰਧਾਂਜਲੀ ਦੇਣੀ ਚਾਹੀਦੀ ਹੈ. ਉਹ ਅਤੇ ਉਨ੍ਹਾਂ ਦੇ ਕਾਮਰੇਡਾਂ ਨੇ ਕਈ ਹਿੰਦੂਆਂ ਅਤੇ ਸਿੱਖਾਂ ਦੀ ਜਾਨਾਂ ਬਚਾਇਆਂ. ਪਰ, ਉਹ ਇੱਕ ਵਰਜਨ ਸਨ. ਮੁਸਲਿਮ ਲੀਗ ਦੇ ਗੁੰਡੇਆਂ ਨੇ, ਪਿੰਡਾ ਦੇ ਬਿਲਕੁਲ ਮਜਬੂਰ ਲੋਕਾਂ ਉਪਰ ਕੋਈ ਰਹਿਮ ਨਹੀਂ ਦਿਖਾਇਆ.

'ਮੈਂ ਇਹ ਮੱਨਦਾ ਹਾਂ ਕਿ ਮੁਸਲਿਮਾਂ ਨੇ ਅਖੀਰਕਾਰ, ਰਾਵਲਪਿੰਡੀ ਦੇ ਸਿੱਖਾਂ ਉਪਰ ਕੀਤੇ ਜ਼ੁਲਮਾਂ ਦੀ ਇੱਕ ਬੇਹਦ ਭਾਰੀ ਕੀਮਤ ਚੁਕਾਈ. ਮੈਂ ਖੁਦ, ਸਮੁੱਚੇ ਪੂਰਬੀ ਪੰਜਾਬ ਤੇ, ਅਗਸਤ 1947 ਦੇ ਮੱਧ ਤੋਂ ਬਾਅਦ,

ਮੁਸਲਿਮਾਂ ਦੇ ਖ਼ਿਲਾਫ਼ ਹਮਲੇਆਂ ਤੇ ਹਿੱਸਾ ਲੀਤਾ. ਕਿਰਪਾ ਕਰ ਕੇ ਮੈਨੂੰ ਇਸ ਦੇ ਵੇਰਵੇ ਬਾਰੇ ਨਾ ਪੁੱਛੋ, ਪਰ ਅਸੀਂ ਬਦਲਾ ਲੈਣਾ ਮਾਕੂਲ ਸਮਝਦੇ ਸੀ, ਕਿਉਂਕਿ ਮੁਸਲਿਮਾਂ ਨੇ ਸਾਡੇ ਲੋਕਾਂ ਦੇ ਖ਼ਿਲਾਫ਼ ਵਹਿਸ਼ੀਆਂ ਦੀ ਤਰ੍ਹਾਂ ਸਲੂਕ ਕੀਤਾ ਸੀ.'

ਮਦਨਲਾਲ ਸਿੰਘ

'6 ਮਾਰਚ ਪੱਕੇ ਤੌਰ ਤੇ ਉਹ ਦਿਨ ਸੀ, ਜਦ ਰਾਵਲਪਿੰਡੀ ਇੱਕ ਖ਼ੂਨੀ ਫ਼ਸਾਦ ਦੀ ਜਗ੍ਹ ਬਣ ਗਿਆ. ਕਲਿਆਣ ਦਾਸ ਮੰਦਰ ਦੇ ਨਜਦੀਕ, ਸਿੱਖਾਂ ਅਤੇ ਮੁਸਲਿਮਾਂ ਦੇ ਵਿੱਚ ਚਲੀ ਗੋਲਾਬਾਰੀ ਤੇ, ਦੋਵਾਂ ਦਾ ਭਾਰੀ ਨੁਕਸਾਨ ਹੋਇਆ. ਸਿੱਖ ਸ਼ਹਿਰ ਵਿੱਚ ਆਪਣਾ ਬਚਾਉ ਕਰਣ ਲਈ, ਇੱਕ ਬਿਹਤਰ ਹਾਲਤ ਵਿੱਚ ਸਨ, ਅਤੇ ਸੱਚਮੁੱਚ ਸਾਬਤ ਵੀ ਕੀਤਾ ਕਿ ਉਹ ਬਿਹਤਰ ਜੋਧਾ ਸਨ. ਮੁਸਲਿਮ ਬਦਮਾਸ਼ਾਂ ਦੇ ਆਗੂ ਚੌਧਰੀ ਮੇਲਾ ਅਤੇ ਚੌਧਰੀ ਹੱਕਾ ਸਨ. ਸਿੱਖਾਂ ਨੇ ਉਨ੍ਹਾਂ ਦੇ ਸਿਰ ਦੀ ਕੀਮਤ 50000 ਰੁਪਏ ਰੱਖੀ ਸੀ, ਅਤੇ ਉਨ੍ਹਾਂ ਨੇ ਵੀ ਇੱਕ ਰਕਮ ਕਿਸੇ ਸਿੱਖ ਆਗੂ ਦੇ ਸਿਰ ਲਈ ਰੱਖੀ ਸੀ. ਇਹ ਸੱਚ ਹੈ ਕਿ ਖ਼ਾਕਸਾਰਾਂ ਨੇ ਜਾਨਾਂ ਬਚਾਉਣ ਲਈ ਜੋ ਵੀ ਉਹ ਕਰ ਸਕਦੇ ਸੀ, ਉਨ੍ਹਾਂ ਨੇ ਕੀਤਾ, ਪਰ ਮੁਸਲਿਮ ਪੁਲਿਸ ਤਮਾਸ਼ਬੀਨ ਬਣੀ ਰਹੀ, ਅਤੇ ਸਿਰਫ਼ ਜਦ ਫ਼ੌਜ਼ ਨੂੰ ਤਇਨਾਤ ਕੀਤਾ ਗਿਆ, ਹਾਲਾਤ ਕਾਬੂ ਵਿੱਚ ਆਏ.

'ਜਦ ਰਾਵਲਪਿੰਡੀ ਤੇ ਗੜਬੜ ਸੁਰੂ ਹੋਈ, ਸਿੱਖਾਂ ਨੇ ਇੱਕ ਮੁਸਲਿਮ ਦਰਗਾਹ ਦੇ ਨਜਦੀਕ ਬੰਬ ਬਣਾਉਣੇ ਸ਼ੁਰੂ ਕਰ ਦਿੱਤੇ. ਬਾਬਾ ਗੁਰਬਕਸ਼ ਸਿੰਘ, ਜੋ ਮਸ਼ਹੂਰ ਆਜ਼ਾਦੀ ਦੇ ਲੜਾਕੂ ਭਗਤ ਸਿੰਗ ਦੇ ਸਾਥੀ ਸਨ, ਇਸ ਕੱਮ ਵਿੱਚ ਮਸ਼ਗੂਲ ਸਨ. ਇੱਕ ਦਿਨ, ਜਦ ਗੁਰਬਕਸ਼ ਸਿੰਘ ਕੱਮ ਕਰ ਰਹੇ ਸਨ, ਇੱਕ ਜੰਤਰ ਤੇ ਧਮਾਕਾ ਹੋ ਗਿਆ. ਉਨ੍ਹਾਂ ਦਾ ਪੇਟ ਫੱਟ ਗਿਆ ਅਤੇ ਆਂਤਾ ਬਾਹਰ ਆ ਗਈਆਂ. ਉਹ ਬਹੁਤ ਜ਼ਿਆਦਾ ਦਰਦ ਮਹਿਸੂਸ ਕਰ ਰਹੇ ਸਨ, ਪਰ ਨਹੀਂ ਚਾਹੁੰਦੇ ਸਨ ਕਿ ਪੁਲਿਸ ਉਨ੍ਹਾਂ ਨੂੰ ਗਰਿਫ਼ਤਾਰ ਕਰੇ. ਉਨ੍ਹਾਂ ਨੇ ਮੇਰੇ ਪਿਤਾ ਰਾਮ ਸਿੰਘ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਮਾਰ ਦੇਣ, ਪਰ ਪਿਤਾ ਇਹ ਕੱਮ ਕਰਣ ਦੀ ਹਿਮੱਤ ਨਹੀਂ ਰਖਦੇ ਸੀ. ਤਦ, ਗੁਰਬਕਸ਼ ਸਿੰਘ ਨੇ ਆਪਣੀ ਕਿਰਪਾਨ ਆਪਣੇ ਸੀਨੇ ਤੇ ਘੁਸੇੜ ਲਈ ਅਤੇ ਉਨ੍ਹਾਂ ਦੀ ਮੌਤ ਹੋ ਗਈ.' ਐਸ਼.ਜੀ.ਪੀ.ਸੀ ਦੀ ਰਿਪੋਰਟ ਦਾ ਹੇਠਾਂ ਦਿੱਤਾ ਅੰਸ਼ ਇੱਕ ਸੱਚਾਈ, ਸਾਫ਼ ਤੌਰ ਤੇ ਦੱਰਸ਼ਾਉਂਦਾ ਹੈ ਕਿ ਰਾਵਲਪਿੰਡੀ ਸ਼ਹਿਰ ਦੇ ਤਸ਼ੱਦਦੀ ਮੁਕਾਬਲੇ ਦੇ ਸ਼ੁਰੂਆਤੀ ਦੌਰ ਤੇ, ਸਿੱਖ ਮੁਸਲਿਮਾਂ ਉਪਰ ਹਾਵੀ ਰਹੇ:

> 5 ਮਾਰਚ ਨੂੰ, ਲਾਹੌਰ ਦੇ ਹਿੰਦੂ ਅਤੇ ਸਿੱਖ ਛਾਤਰਾਂ ਉਪਰ ਗੋਲੀ ਮਾਰੀ ਜਾਨ ਦੇ ਵਾਕਿਐ ਨੂੰ ਸੁਣਣ ਤੋਂ ਬਾਅਦ, ਰਾਵਲਪਿੰਡੀ ਦੇ ਹਿੰਦੂ ਅਤੇ ਸਿੱਖ ਛਾਤਰਾਂ ਨੇ ਇੱਕ ਜਲੂਸ ਨਿਕਾਲਿਆ ਜਿਸ ਦਾ ਮਕਸਦ, ਪੰਜਾਬ ਵਿੱਚ ਫ਼ਿਰਕੂ ਸਰਕਾਰ ਕਾਇਮ ਕਰਣ ਦੀ ਮੁਸਲਿਮ ਕੋਸ਼ਿਸ਼ (ਮੁਸਲਿਮ ਲੀਗ) ਅਤੇ ਹਿੰਦੂ ਹੋਰ ਸਿੱਖ ਛਾਤਰਾਂ ਦੇ ਗੈਰ-ਤਸ਼ੱਦਦੀ ਜਲੂਸ ਉਪਰ ਪੁਲਿਸ ਦੀ ਗੋਲੀ ਚਲਾਉਣ ਦੀ ਖ਼ਿਲਾਖ਼ਤ ਕਰਨਾ ਸੀ. ਇਸ ਜਲੂਸ ਉਪਰ ਮੁਸਲਿਮ ਲੀਗੀਆਂ ਨੇ ਹਮਲਾ ਕਰ ਦਿੱਤਾ. ਇੱਕ ਖੁਲ੍ਹੀ ਲੜਾਈ ਹੋਈ, ਜਿਸ ਵਿੱਚ ਮੁਸਲਿਮਾਂ ਦੀ ਬੁਰੀ ਤਰ੍ਹਾਂ ਸ਼ਿਕਸਤ ਹੋਈ. ਇਸ ਦੇ ਬਾਅਦ, ਪਿੰਡਾਂ ਦੀ ਇੱਕ ਬਹੁਤ ਵੱਡੀ ਮੁਸਲਿਮ ਭੀੜ, ਜਿਸ ਨੂੰ ਗੋਲਰਾ ਦੇ ਪੀਰ ਨੇ ਭੜਕਾਇਆ ਸੀ, ਸ਼ਹਿਰ ਤੇ ਟੁੱਟ ਕੇ ਪੈ ਗਏ. ਪਰ, ਹਿੰਦੂਆਂ ਅਤੇ ਸਿੱਖਾਂ ਨੇ ਆਪਣੇ ਮਹੱਲਿਆਂ ਦੇ ਮੋਰਚੇ ਤੋਂ, ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ, ਅਤੇ ਮੁਸਲਿਮ ਦੁਬਾਰਾ ਇਹ ਲੜਾਈ ਹਾਰ ਗਏ (ਪ. 78).

ਪਿੰਡਾਂ ਉਪਰ ਹਮਲੇ

ਰਾਵਲਪਿੰਡੀ ਸ਼ਹਿਰ ਤੋਂ ਬਾਹਰ, ਹਾਲਾਤ ਲੱਗਭਗ ਪੂਰੀ ਤਰ੍ਹਾਂ ਮੁਸਲਿਮਾਂ ਦੇ ਪੱਖ ਵਿੱਚ ਸਨ. ਅਤੇ, ਮਿਸਾਲ ਦੇ ਤੌਰ ਤੇ, 9 ਮਾਰਚ ਦੇ *ਦੀ ਟ੍ਰਿਬਊਨ* ਨੇ ਖ਼ਬਰ ਦਿੱਤੀ ਕਿ 7 ਮਾਰਚ ਨੂੰ ਤਕਸ਼ਿਲਾ ਰੇਲਵੇ ਸਟੇਸ਼ਨ ਤੇ ਮੁਸਲਿਮ ਦੰਗਾਇਆਂ ਨੇ ਇੱਕ ਗੱਡੀ ਨੂੰ ਰੋਕਿਆ. ਉਨ੍ਹਾਂ ਨੇ 22 ਹਿੰਦੂਆਂ ਅਤੇ ਸਿੱਖਾਂ ਨੂੰ ਹਲਾਕ ਕਰ ਦਿੱਤਾ. ਇਸ ਵਾਕਿਐ ਦਾ ਜ਼ਿਕਰ ਐਸ਼.ਜੀ.ਪੀ.ਸੀ ਦੀ ਰਿਪੋਰਟ ਤੇ ਵੀ ਹੈ (1991:86). ਇੱਕ ਪੁਲਿਸ ਰਿਪੋਰਟ ਵੀ ਇਸ ਹਮਲੇ ਦਾ ਜ਼ਿਕਰ ਕਰਦੀ ਹੈ (1995: 87). ਅਤੇ, ਰਾਵਲਪਿੰਡੀ ਸ਼ਹਿਰ ਦਾ ਇੱਕ 'ਬਰਾਬਰੀ ਦਾ ਮੁਕਾਬਲਾ' ਰਾਵਲਪਿੰਡੀ, ਕੈਂਪਬੇਲਪੁਰ (ਹੁਣ ਅਟੱਕ) ਅਤੇ ਜਿਹਲਮ ਜ਼ਿਲ੍ਹਾਂ ਦੇ ਪਿੰਡਾ ਤੇ, ਹਿੰਦੂਆਂ ਅਤੇ ਸਿੱਖਾਂ ਉਪਰ ਇੱਕ ਤਰਫ਼ਾ ਹਮਲਾ ਬਣ ਗਿਆ. ਇਹ, ਆਮ ਤੌਰ ਤੇ ਮੱਨਿਆ ਜਾਂਦਾ ਹੈ ਕਿ ਸਿੱਖ ਪਿੰਡਾ ਤੇ ਕੀਤੇ ਗਏ ਹਮਲਆਂ ਨੇ, ਮੁਸਲਿਮਾਂ ਅਤੇ ਸਿਖਾਂ ਦੇ ਵਿੱਚ ਦੂਰੀ ਅਤੇ ਇੱਕ ਦਰਾਰ ਪੈਦਾ ਕਰ ਦਿੱਤੀ, ਜਿਸ ਨੂੰ ਕਦੀ ਖ਼ਤਮ ਨਹੀਂ ਕੀਤਾ ਜਾ ਸਕਿਆ; ਆਉਣ ਵਾਲੇ ਹਫ਼ਤੇਆਂ ਅਤੇ ਮਹੀਨੇਆਂ ਦੇ ਉਲਟਫ਼ੇਰ ਦੇ ਬਾਵਜੂਦ.

ਰਾਵਲਪਿੰਡੀ ਦੇ ਫ਼ਸਾਦਾਂ ਉਪਰ ਜਸਟਿਸ ਮੁਨੀਰ ਦੀ ਟਿੱਪਣੀ

ਜਸਟਿਸ ਮੁਹੱਮਦ ਮੁਨੀਰ ਜਿਨ੍ਹਾਂ ਨੇ ਪੰਜਾਬ ਬਾਉਂਡਰੀ ਕਮੀਸ਼ਨ ਤੇ ਮੁਸਲਿਮ ਲੀਗ ਦੀ ਨੁਮਾਇੰਦਗੀ ਕੀਤੀ ਅਤੇ ਪਾਕਿਸਤਾਨ ਸੁਪ੍ਰੀਮ ਕੋਰਟ ਦੇ ਚੀਫ ਜਸਟਿਸ ਬਣੇ, ਆਪਣੀ ਕਿਤਾਬ ਫ੍ਰੇਮ ਜਿਨਾਹ ਟੂ ਜ਼ਿਆ ਤੇ ਰਾਵਲਪਿੰਡੀ ਦੇ ਫ਼ਸਾਦਾਂ ਬਾਰੇ ਇਹ ਲਿਖਿਆ:

> ਰਾਵਲਪਿੰਡੀ ਅਤੇ ਇਸ ਦੇ ਨਾਲ ਲਗਦੇ ਇਲਾਕਿਆਂ ਤੇ ਮਾਰਚ 1947 ਨੂੰ ਗੜਬੜ ਫੈਲ ਗਈ ਅਤੇ ਹਮਲਾਵਰ ਮੁਸਲਿਮ ਸਨ. ਮੈਂ ਇਸ ਬਾਰੇ ਕਾਇਦ-ਏ-ਆਜ਼ਮ (ਜਿਨਾਹ) ਨਾਲ ਗੱਲ ਕੀਤੀ ਅਤੇ ਕਿਹਾ ਕਿ ਇਹ ਇੱਕ ਬਦਸ਼ਗਨ ਹੈ ਅਤੇ ਉਨ੍ਹਾਂ ਨੂੰ ਖੁਦ ਇੱਕ ਵਾਰ ਪਿੰਡੀ ਜਾਣਾ ਚਾਹੀਦਾ ਹੈ ਜਾਂ ਮੁਸਲਿਮ ਲੀਗ ਦੇ ਕਿਸੇ ਜ਼ਿਮੇਵਾਰ ਸਦੱਸ ਨੂੰ ਭੇਜਨਾ ਚਾਹੀਦਾ ਹੈ ਤਾਂਕਿ ਉਹ *ਮਾਇਨਾਰਿਟੀਆਂ* ਨੂੰ ਭਰੋਸਾ ਦੇਣ, ਕਿ ਪਾਕਿਸਤਾਨ ਤੇ, ਅਗਰ ਇਹ ਕਦੀ ਬਣਦਾ ਹੈ, ਮੁਸਲਿਮਾਂ ਦੀ ਤਰ੍ਹਾਂ ਉਨ੍ਹਾਂ ਦੇ ਵੀ, ਨਵੇਂ ਮੁਲਕ ਤੇ ਬਤੌਰ ਆਜ਼ਾਦ ਨਾਗਰਿਕ, ਸਮਾਨ ਹੱਕ ਹੋਣਗੇ. ਉਹ ਮੇਰੇ ਨਾਲ ਰਜਾਮੰਦ ਹੋਏ ਅਤੇ ਹਾਲਾਂਕਿ ਇਹ 5 ਜੂਨ 1947 ਦੇ ਮਨਸੂਬੇ ।3 ਜੂਨ ਹੋਣਾ ਚਾਹੀਦਾ ਸੀ- ਲੇਖਕ॥ ਦੇ ਐਲਾਨ ਤੋਂ ਪਹਿਲਾਂ ਸੀ ਜਾਂ ਤਕਸੀਮ ਦੇ ਫ਼ੈਸਲੇ ਤੋਂ ਪਹਿਲਾਂ ਸੀ, ਉਨ੍ਹਾਂ ਨੇ ਦਲੇਰੀ ਅਤੇ ਯਕੀਨ ਨਾਲ ਕਿਹਾ, 'ਮੈਨੂੰ ਇੱਕ ਵਾਰ ਗੱਦੀ ਤੇ ਬੈਠਣ ਦੋ; ਫਿਰ ਤੁਸੀਂ ਇਸ ਤਰ੍ਹਾਂ ਦੀ ਬੇਹੂਦਾ ਹਰਕਤ ਬਾਰੇ ਕੋਈ ਗੱਲ ਨਹੀਂ ਸੁਣੋਗੇ'. ਪਰ, ਉਨ੍ਹਾਂ ਨੇ ਮਮਦੋਤ ਨੂੰ ਇਸ ਕੱਮ ਲਈ, ਖੁਦ ਜਾਣ ਨੂੰ ਕਿਹਾ. ਰਾਵਲਪਿੰਡੀ ਦੀ ਗੜਬੜੀ ਦੇ ਬਾਅਦ, ਸਿੱਖ, ਹਿੰਦੂਆਂ ਦੇ ਸਹਿਯੋਗ ਨਾਲ, ਇੱਕ ਤਰਤੀਬ ਤਿਆਰ ਕਰਣ ਲਗੇ ਜਿਸ ਨੂੰ *"ਸਿੱਖ ਪਲਾਨ"* ਕਿਹਾ ਜਾਂਦਾ ਸੀ ਅਤੇ, ਜਿਸ ਦਾ ਮਕਸਦ, ਪੰਜਾਬ ਵਿੱਚ ਮੁਸਲਿਮਾਂ ਨੂੰ ਖ਼ਤਮ ਕਰਨਾ ਸੀ (1980: 17).

ਇੱਕ ਗੱਲ ਉਪਰ ਗੌਰ ਕਰਨਾ ਚਾਹੀਦਾ ਹੈ ਕਿ ਨਾ ਤੇ ਜਿਨਾਹ ਨੇ ਅਤੇ ਨਾ ਹੀ ਕਿਸੇ ਪ੍ਰਮੁੱਖ ਮੁਸਲਿਮ ਲੀਗ ਦੇ ਆਗੂ ਨੇ, ਰਾਵਲਪਿੰਡੀ ਤੇ ਹੋਏ ਜ਼ੁਲਮ ਦੀ ਨਿੰਦਾ ਬਾਰੇ, ਕੋਈ ਜਨਤਕ ਬਿਆਨ ਜਾਰੀ ਕੀਤਾ. ਮੈਂ ਅੰਗ੍ਰੇਜ਼ੀ ਦੇ ਮੁੱਖ ਅਖ਼ਬਾਰ *ਪਾਕਿਸਤਾਨ ਟਾਇਮਸ* ਅਤੇ *ਦੀ ਟ੍ਰਿਬਊਨ* ਨੂੰ ਵੇਖਿਆ ਅਤੇ ਰਾਵਲਿਪਿੰਡੀ ਬਾਰੇ ਕਿਸੇ ਮੁਸਲਿਮ ਆਗੂ ਦਾ ਕੋਈ ਵੀ ਬਿਆਨ, ਮੈਨੂੰ ਨਹੀਂ ਮਿਲਿਆ. ਜਿਨਾਹ ਪੇਪਰਸ ਤੇ ਵੀ ਰਾਵਲਪਿੰਦੀ ਦੇ ਫ਼ਸਾਦਾਂ

ਦਾ ਕੋਈ ਜ਼ਿਕਰ ਨਹੀਂ ਹੈ; ਨਾ ਹੀ ਕਿਸੇ ਪੰਜਾਬ ਸਤਰ ਦੇ ਮੁਸਲਿਮ ਲੀਗ ਦੇ ਆਗੂ ਨੇ, ਇਸ ਬਾਰੇ ਕੋਈ ਨਿੰਦਾ ਜ਼ਾਹਰ ਕੀਤੀ ਸੀ. ਬਾਅਦ ਵਿੱਚ, ਇਸ ਤਰ੍ਹਾਂ ਦੀ ਮੁਰਦਾਦਿਲੀ, ਸਿੱਖ ਕਦੀ ਨਹੀਂ ਭੁਲੇ ਅਤੇ ਬਾਅਦ ਤੇ, ਦੋਨੋ ਕੌਮਾਂ ਦੇ ਦਰਮਿਆਨ, ਦੋਸਤਾਨਾ ਰਿਸ਼ਤੇ ਕਾਇਮ ਕਰਣ ਦੀ ਪਹਿਲ ਨਾਕਾਮਯਾਬ ਰਹੀ - ਇੱਕ ਬੁਨਿਆਦੀ ਸ਼ੱਕ ਦੀ ਜੜਾਂ ਬਹੁਤ ਡੂੰਘੀ ਹੋ ਗਈਆਂ ਸਨ. ਮੇ.ਜ. (ਰਿਟ.) ਸ਼ਾਹਿਦ ਹਮੀਦ ਨੇ, ਕਈ ਮਹੀਨੇ ਬਾਅਦ, ਇਸ ਸੱਚਾਈ ਨੂੰ ਸ਼ਰਮਨਾਕ ਦੱਸਿਆ. 13 ਸਤੰਬਰ 1947 ਨੂੰ, ਜਦ ਪੂਰਬੀ ਪੰਜਾਬ ਤੇ ਮੁਸਲਮਾਨਾਂ ਦਾ ਕਤਲ ਸਭ ਤੋਂ ਬਦਤਰ ਹਾਲ ਤੇ ਸੀ, ਉਨ੍ਹਾਂ ਨੇ ਕਿਹਾ, 'ਸ਼ਿੱਖਾਂ ਨੇ ਰਾਵਲਪਿੰਡੀ ਦਾ ਬਦਲਾ ਲੈਣ ਲਈ, ਇੰਡੀਆ ਦੇ ਹਰ ਮੁਸਲਿਮ ਨੂੰ ਮਾਰ ਦੇਣ ਦੀ ਸਹੁੰ ਖਾਦੀ ਹੈ' (Hamid, 1986: 248).

ਖੋਸਲਾ, ਐਸ.ਜੀ.ਪੀ.ਸੀ ਅਤੇ ਦੁਜੀ ਰਿਪੋਰਟਾਂ

ਸਿੱਖਾਂ ਦਾ ਰਾਵਲਪਿੰਡੀ ਜ਼ਿਲ੍ਹੇ ਅਤੇ ਨਾਲ ਦੇ ਇਲਾਕਿਆਂ ਤੇ ਹੋਏ ਭਾਰੀ ਜਾਨੀ ਨੁਕਸਾਨ ਨੂੰ ਐਸ.ਜੀ.ਪੀ.ਸੀ ਅਤੇ ਖੋਸਲਾ *ਰਿਪੋਰਟਾਂ* ਤੇ ਬੇਹਤਰੀਨ ਤਰੀਕੇ ਨਾਲ ਦਰਜ ਕੀਤਾ ਗਿਆ ਹੈ. ਐਸ.ਜੀ.ਪੀ.ਸੀ ਰਿਪੋਰਟ ਹਲਾਕ ਹੋਏ ਲੋਕਾਂ ਦੀ ਤਦਾਦ 7,000 ਦੱਸਦੀ ਹੈ ਜਦ ਕਿ ਖੋਸਲਾ 2,000 ਦਾ ਜ਼ਿਕਰ ਕਰਦੇ ਨੇ, ਜੋ ਕਿ ਸਰਕਾਰੀ ਅੰਕੜਾ ਵੀ ਹੈ. ਗਿਆਨੇਂਦਰ ਪਾਂਡੇ ਜ਼ਿਕਰ ਕਰਦੇ ਨੇ ਕਿ ਅਪ੍ਰੈਲ ਦੇ ਅਖਿਰ ਤਕ, 80,000 ਹਿੰਦੂ ਅਤੇ ਸਿੱਖ ਪਨਾਹਗੀਰ, ਖ਼ਾਸ ਕਰ ਕੇ ਰਾਵਲਪਿੰਡੀ ਡਿਵੀਜ਼ਨ ਤੋਂ, ਮੱਧ ਅਤੇ ਪੂਰਬੀ ਪੰਜਾਬ ਅਤੇ ਇਥੋਂ ਤੱਕ ਕਿ ਦਿੱਲੀ ਹੋਰ ਯੂ.ਪੀ ਤੋਂ ਵੀ ਦੂਰ, ਪਨਾਹ ਮੰਗ ਚੁਕੇ ਸੀ (2001: 24). ਉਹ ਇਹ ਵੀ ਦੱਸਦੇ ਨੇ ਕਿ ਉਨ੍ਹਾਂ ਨੇ, ਮੁਸਲਿਮਾਂ ਦੇ ਹਿੰਸਕ ਹਮਲੇ ਬਾਰੇ, ਪੁਲਿਸ ਨਾਲ ਦਰਜ ਤਿੰਨ *ਐਫ.ਆਈ.ਆਰ.* ਦੀ ਕਾਪੀਆਂ, ਹਿੰਦੂ ਮਹਾਸਭਾ ਦੇ ਕਾਗਜਾਂ ਵਿੱਚ ਵੇਖੀ. ਇਹ ਰਿਪੋਰਟਾਂ ਰਾਵਲਪਿੰਡੀ ਜ਼ਿਲ੍ਹੇ ਦੇ ਮੁਘਲ, ਬੇਵਲ ਅਤੇ ਬਸਾਲੀ ਪਿੰਡਾ ਤੇ ਹੋਏ ਜ਼ੁਲਮਾਂ ਦਾ ਜ਼ਿਕਰ ਕਰਦੀ ਹੈ. ਕਈ ਸੌ ਲੋਕ ਮਾਰੇ ਗਏ, ਜਿਸ ਵਿੱਚ ਬਜ਼ੁਰਗ, ਬੀਮਾਰ ਅਤੇ ਬੱਚੇ ਸ਼ਾਮਲ ਸਨ. ਪੀੜਤ ਲੋਕਾ ਦੇ ਨਾਂਅ ਦਿੱਤੇ ਹੋਏ ਨੇ ਅਤੇ, ਕੁੱਝ ਮਾਮਲੇ ਤੇ, ਸ਼ਥਾਨਕ ਲੋਕਾਂ ਦਾ ਵੀ ਜ਼ਿਕਰ ਹੈ ਜੋ ਹਮਲਾਵਰਾਂ ਨਾਲ ਮਿਲ ਗਏ (Ibid: 74–9). ਤਸਵੀਰਾਂ ਦੇ ਇੱਕ ਸੰਕਲਨ ਨੂੰ ਹਿੰਦੂਆਂ ਅਤੇ ਸਿੱਖਾਂ ਦੀ ਇੱਕ ਕਮੇਟੀ ਨੇ ਪੁਸਤਿਕਾ ਵਿੱਚ ਛਾਪੀਆ, ਜਿਸ ਦਾ ਨਾਂਅ ਸੀ ਦੀ *ਰੇਪ ਔਫ ਰਾਵਲਪਿੰਡੀ*, ਜਿਸ ਦੇ ਵਿੱਚ ਕਰੂਰਤਾ ਨੂੰ ਪੁਰੀ ਤਰ੍ਹਾਂ ਦਿਖਾਇਆ ਗਿਆ ਹੈ. ਸਰਕਾਰ ਨੇ ਨਾਲੋਨਾਲ ਇਸ ਦਾ ਪ੍ਰਚਾਰ ਬੰਦ ਕਰ ਦਿੱਤਾ ਕਿਉਂਕਿ ਇਸ ਨੂੰ ਡਰ ਸੀ ਕਿ ਇਹ ਪੂਰਬੀ ਪੰਜਾਬ ਤੇ ਮੁਸਲਿਮਾਂ ਦੇ ਖ਼ਿਲਾਫ਼ ਬਦਲੇ ਲਈ ਲੋਕਾਂ ਨੂੰ ਭੜਕਾਵੇਗੀ.

ਐਸ.ਜੀ.ਪੀ.ਸੀ ਦੀ ਅਤੇ ਖੋਸਲਾ *ਰਿਪੋਰਟਾਂ* ਇੱਕ ਸੱਚਾਈ ਨਹੀਂ ਦੱਸਦੀ ਹੈ ਕਿ ਸਿੱਖਾਂ ਨੇ ਖੁਦ ਹੀ, ਆਪਣੇ ਪਰਵਾਰਾਂ ਦੀ ਔਰਤਾਂ ਅਤੇ ਬੱਚੇਆਂ ਨੂੰ, ਇੱਕ ਵੱਡੀ ਤਦਾਦ ਤੇ, ਗੋਲੀ ਮਾਰ ਕੇ ਮਾਰ ਦਿੱਤਾ, ਸਿਰ ਵਢ ਦਿੱਤੇ ਜਾਂ ਇਕੱਠਾ ਸਾੜ ਦਿੱਤਾ. ਸਵਾਲ ਤੇ ਇਹ ਹੈ ਮੁਸਲਿਮ ਉਨ੍ਹਾਂ ਨੂੰ ਛੱਡ ਦੇਂਦੇ, ਅਗਰ ਉਹ ਉਨ੍ਹਾਂ ਦੇ ਹੱਥ ਲਗ ਜਾਂਦੇ? ਇਹ ਇੱਕ ਬਹਿਸ ਦਾ ਮੁੱਦਾ ਹੈ. ਬਹਰਹਾਲ, ਇੱਕ ਸਚਾਈ ਕਿ 5 ਮਾਰਚ 1947 ਨੂੰ ਹਿੰਦੂ-ਸਿੱਖ ਪ੍ਰਦਰਸ਼ਨਕਾਰੀਆਂ ਨੇ ਸ਼ੁਰੁਆਤੀ ਝੜਪ ਨੂੰ ਭੜਕਾਇਆ ਸੀ, ਇਸ ਦਾ ਕੋਈ ਜ਼ਿਕਰ ਇਨ ਦੋ *ਰਿਪੋਰਟਾਂ* ਤੇ ਨਹੀਂ ਹੈ. ਆਲ-ਇੰਡੀਆ ਕਾਂਗਰੇਸ ਕਮੇਟੀ ਦੀ ਇੱਕ ਟੀਮ ਪ੍ਰਭਾਵਿਤ ਇਲਾਕਿਆ ਤੇ ਪਹੁੰਚੀ ਅਤੇ ਇਤਲਾਹ ਹਾਸਲ ਕੀਤੀ. ਇਸ ਨੇ ਜੋ ਕਿਹਾ ਉਹ ਪੇਸ਼ ਹੈ:

ਇਹ ਦੰਗੇ ਨਹੀਂ ਬਲਕਿ ਜਾਨ ਬੂਝ ਕੇ ਤਿਆਰ ਕੀਤੀ ਗਈ ਫ਼ੌਜ਼ੀ ਮੁਹਿੱਮ ਸਨ. ਗੜਬੜ ਹੋਣ ਤੋਂ ਬਹੁਤ ਪਹਿਲਾਂ, ਮਸੀਤਾਂ ਤੇ ਖ਼ੁਫ਼ੀਆ ਬੈਠਕਾਂ ਹੋਇਆਂ ਜਿਸ ਦੇ ਆਗੂ ਸਈਦ ਅਕਬਰ ਖ਼ਾਨ (ਸ਼ਾਹ?) ਐਮ.ਐਲ.ਏ(ਪੁਰਵਲੇ), ਕਹੁਤਾ ਦੇ ਕੈਪਟਨ ਲਾਲ ਖ਼ਾਨ, ਤਹਸੀਲਦਾਰ ਅਤੇ ਕਹੁਤਾ ਦਾ ਪੁਲਿਸ ਐਸ.ਆਈ, ਮੌਲਵੀ ਅਬਦੁਲ ਰਹਿਮਾਨ ਅਤੇ ਕਾਲਾ ਖ਼ਾਨ, ਐਮ.ਐਲ.ਏ ਸਨ ਅਤੇ ਉਸ ਬੈਠਕ ਤੇ ਮਾਇਨਾਰਿਟੀਆਂ ਦੇ ਖ਼ਿਲਾਫ਼ ਜਹਾਦ ਦਾ ਐਲਾਨ ਕੀਤਾ ਗਿਆ ਅਤੇ ਦਿਹਾਤੀ ਇਲਾਕਿਆਂ ਤੋਂ ਰਜ਼ਾਕਾਰਾਂ ਨੂੰ ਇਕੱਠਾ ਕਰਣ ਲਈ, ਦੂਤ ਭੇਜੇ...ਹਥਿਆਰਬੰਦ ਭੀੜ ਜਿਸ ਨੇ ਕਹੁਤਾ, ਥੋਆ ਖਾਲਸਾ ਅਤੇ ਨਾਰਾ ਵਗੈਰਾ ਤੇ ਹਮਲਾ ਕੀਤਾ, ਉਨ੍ਹਾਂ ਦੀ ਅਗਵਾਈ ਘੋੜੇਆ ਤੇ ਸਵਾਰ, ਪੁਰਾਣੇ ਫ਼ੌਜ਼ੀਆਂ ਨੇ ਕੀਤੀ.....ਜੋ ਟੈਮੀ ਗੱਨ, ਪਿਸਟਲ, ਰਾਇਫਲ, ਗ੍ਰੇਨੇਡ, ਕੁਹਾੜੀ, ਪੇਟ੍ਰੋਲ ਦੇ ਕਨਸਤਰ ਅਤੇ ਇਥੋਂ ਤੱਕ ਕਿ ਬਾਈਨੇਕਊਲਰ ਨਾਲ ਲੈਸ ਸਨ.....

ਹਮਲਾਵਰ ਭੀੜ (ਇਣ ਚਾਰ ਹਿੱਸੇਆਂ ਤੇ) ਵੰਡੀ ਹੁੰਦੀ ਸੀ: 1. ਬੰਦੂਕਧਾਰੀ; 2. ਤਾਲੇ ਤੋੜਣ ਵਾਲੇ; 3. ਪੇਟ੍ਰੋਲ ਅਤੇ ਕਿਰਾਸਿਨ ਤੇਲ ਨਾਲ ਤਿਆਰ 4. ਭਾਰ ਚੁਕਣ ਵਾਲੇ ਜਾਨਵਰਾਂ ਦੇ ਰਖਵਾਲੇ; ਜੋ ਲੁੱਟੇ ਹੋਏ ਸਾਮਾਣ ਨੂੰ ਲੈ ਜਾਂਦੇ ਸੀ...

ਸਭ ਤੋਂ ਪਹਿਲਾਂ, ਪੁਲਿਸ ਦੀ ਮਦਦ ਨਾਲ ਅਤੇ ਪਵਿਤੱਰ ਕੁਰਾਨ ਦੀ ਕਸਮਾਂ ਖਾ ਕੇ, ਅਮਨ ਦੀ ਖ਼ਵਾਇਸ਼ ਜਤਾ ਕੇ, ਅਤੇ ਭਰੋਸਾ ਦੇ ਕੇ, ਮਾਇਨਾਰਿਟੀਆਂ ਨੂੰ ਨਿਹੱਥਾ ਕਰ ਦਿੱਤਾ ਜਾਂਦਾ ਸੀ. ਇਸ ਦੇ ਬਾਅਦ, ਮਜਬੂਰ ਅਤੇ ਨਿਹੱਥੇ ਮਾਇਨਾਰਿਟੀਆਂ ਉਪਰ ਹਮਲਾ ਕਰ ਦਿੱਤਾ ਜਾਂਦਾ ਸੀ. ਜਦ ਉਨ੍ਹਾਂ ਦੀ ਟਾਕਰੇ ਦੀ ਹਿਮੱਤ ਖ਼ਤਮ ਹੋ ਜਾਂਦੀ ਸੀ, ਤਦ ਤਾਲੇ ਤੋੜਨ ਵਾਲੇ ਅਤੇ ਲੁੱਟੇਰੇ ਆਪਣੇ ਖੱਚਰਾਂ, ਗਧੇਆਂ ਅਤੇ ਊਠਾਂ ਦਾ ਦਸਤਾ ਲੈ ਕੇ, ਹਰਕਤ ਵਿੱਚ ਆ ਜਾਉਂਦੇ ਸੀ. ਇਸ ਦੇ ਬਾਅਦ ਮੁਜਾਹਿਦੀਨ ਪੇਟ੍ਰੋਲ ਅਤੇ ਕਿਰਾਸਿਨ ਦੇ ਕਨਸਤਰ ਲੈ ਕੇ ਆਉਂਦੇ ਸੀ ਅਤੇ ਲੁੱਟਿਆਂ ਹੋਈ ਦੁਕਾਨਾਂ ਅਤੇ ਘਰਾਂ ਨੂੰ ਅੱਗ ਲਗਾ ਦੇਂਦੇ ਸੀ. ਫਿਰ ਮੌਲਵੀ ਹਜਾਮਾਂ ਨੂੰ ਲੈ ਕੇ ਆਉਂਦੇ ਸੀ, ਤਾਂਕਿ ਜੋ ਕਤਲੇਆਮ ਜਾਂ ਜਬਰ ਜਨਾਹ ਤੋਂ ਕਿਸੇ ਤਰ੍ਹਾਂ ਬੱਚ ਗਏ ਸਨ, ਉਨ੍ਹਾਂ ਦਾ ਮਜ਼ੂਬ ਤਬਦੀਲ ਕੀਤਾ ਜਾਵੇ. ਹਜਾਮ ਸ਼ਿਕਾਰ ਲੋਕਾਂ ਦੇ ਕੇਸ਼ ਅਤੇ ਦਾੜ੍ਹੀ ਮੁੱਨ ਦੇਂਦੇ, ਹੋਰ ਉਨ੍ਹਾਂ ਨੂੰ ਜਿਸਮਾਨੀ ਤੌਰ ਤੇ ਵੀ ਮੁਸਲਿਮ ਬਣਾ ਦੇਂਦੇ. ਮੌਲਵੀ ਕਲਮਾ ਪੜ੍ਹਦੇ ਅਤੇ ਜਬਰਦਸਤੀ ਨਿਕਾਹ ਕਰਾ ਦੇਂਦੇ. ਇਸ ਦੇ ਬਾਅਦ ਲੁੱਟੇਰੇ ਆਉਂਦੇ, ਜਿਸ ਵਿੱਚ ਮਰਦ ਅਤੇ ਖ਼ਵਾਤੀਨ, ਦੋਵੇਂ ਸ਼ਿਰਕਤ ਕਰਦੇ (Talbot, 2008: 425).

ਹਮਲੇ 6 ਮਾਰਚ ਦੀ ਸ਼ਾਮ ਤੋਂ ਸ਼ੁਰੂ ਹੋ ਗਏ, ਜਦ ਮੁਸਲਿਮ ਸ਼ਹਿਰ ਤੋਂ ਮੁੜ ਗਏ ਕਿਉਂਕਿ ਸਿੱਖ ਬਹੁਤ ਮਜਬੁਤੀ ਨਾਲ ਹਥਿਆਰਬੰਦ ਸਨ ਅਤੇ ਇਸ ਦੇ ਬਜਾਏ ਉਨ੍ਹਾਂ ਨੇ ਨਜਦੀਕ ਦੇ ਪਿੰਡਾ ਦੀ ਤਰਫ਼ ਰੁਖ ਕਰ ਲੀਤਾ. 11-14 ਦਸੰਬਰ 2004 ਦੇ ਵਿੱਚ, ਅਹਿਮਦ ਸਲੀਮ ਅਤੇ ਮੈਂ ਰਾਵਲਪਿੰਡੀ ਜ਼ਿਲ੍ਹੇ ਦੇ ਕੁੱਝ ਪਿੰਡਾ ਤੇ ਗਏ, ਜਿੱਥੇ 1947 ਤੇ ਹਮਲੇ ਹੋਏ ਸੀ. ਅਸੀਂ ਥੋਆ ਖਾਲਸਾ ਨਹੀਂ ਜਾਣ ਦਾ ਫ਼ੈਸਲਾ ਕੀਤਾ, ਜਿਸ ਦੀ ਦਾਸਤਾਨ ਨੂੰ ਉਰਵਸ਼ੀ ਬੁਟਾਲਿਆ ਨੇ ਆਪਣੀ ਉੱਤਮ ਕਿਤਾਬ, *ਦੀ ਅਦਰ ਸਾਇਡ ਔਫ਼ ਦ ਸਾਇਲੇਂਸ (2000)* ਤੇ ਕਦੀ ਨਾ ਭੁੱਲਣ ਯੋਗ ਬਣਾ ਦਿੱਤਾ ਹੈ. ਥੋਆ ਖਾਲਸਾ ਕਹੁਤਾ ਦੇ ਨਜਦੀਕ ਹੈ, ਜਿੱਥੇ ਪਾਕਿਸਤਾਨ ਦਾ ਪ੍ਰਮੁੱਖ *ਨਯੂਕਲੀਅਰ ਏਨਰਿਚਮੇਂਟ ਪਲਾਂਟ* ਸਥਿਤ ਹੈ. *ਫ੍ਰੀਡਮ ਇਨ ਮਿਡਨਾਈਟ* ਤੇ *ਲੈਰੀ ਕੌਲੀਨਸ* ਅਤੇ *ਡੋਮਿਨਿਕ ਲੇਪੀਅਰ* ਨੇ ਕਹੁਤਾ ਦੇ ਤਸੀਹੇ ਬਾਰੇ, ਜੋ ਕਿ 2000 ਹਿੰਦੂ ਅਤੇ ਸਿੱਖ ਹੋਰ 1500 ਮੁਸਲਿਮਾਂ ਦਾ ਇੱਕ ਵਡਾ ਪਿੰਡ ਸੀ, ਇਨ ਲਫ਼ਜ਼ਾਂ ਤੇ ਲਿਖਿਆ:

ਇੱਕ ਮੁਸਲਿਮ ਝੁੰਡ, ਕਹੁਤਾ ਤੇ ਭਖਿਆੜਾਂ ਦੇ ਇੱਕ ਸਮੂਹ ਦੀ ਤਰ੍ਹਾਂ ਆ ਪਹੁੰਚਾ, ਅਤੇ ਸਿੱਖਾਂ ਹੋਰ ਹਿੰਦੂਆਂ ਦੇ ਘਰਾਂ ਤੇ ਗੈਸੋਲੀਨ ਦੇ ਪੀਪੇਆਂ ਨਾਲ ਅੱਗ ਲਗਾ ਦਿੱਤੀ. ਮਿਨਟਾਂ ਵਿੱਚ ਸਾਰਾ ਇਲਾਕਾ ਅੱਗ ਦੀ ਗਰਿਫ਼ਤ ਤੇ ਆ

> ਗਿਆ ਅਤੇ ਸਮੁੱਚੇ ਪਰਵਾਰ, ਮਦਦ ਲਈ, ਤਰਸਯੋਗ ਤਰੀਕੇ ਨਾਲ ਚੀਕਦੇ ਹੋਏ, ਅੱਗ ਦੀ ਲਪਟਾ ਵਿੱਚ ਭਸਮ ਹੋ ਹਏ. ਜੋ ਬੱਚ ਹਏ, ਉਨ੍ਹਾਂ ਨੂੰ ਫੱੜ ਕੇ ਇੱਕ ਸ਼ਾਥ ਬੱਣ੍ਹ ਕੇ ਅਤੇ ਗੈਸੋਲੀਨ ਨਾਲ ਭਿੱਜੋ ਕੇ ਜ਼ਿੰਦਾ, ਮਸ਼ਾਲਾਂ ਵਾਂਗਣ ਸਾੜ ਦਿੱਤ ਗਿਆ. ਬੇਕਾਬੂ ਹੋਈ ਅੱਗ ਫੈਲ ਕੇ ਮੁਸਲਿਮ ਰਿਹਾਇਸ਼ੀ ਇਲਾਕੇ ਤੇ ਚਲੀ ਗਈ ਅਤੇ ਕਹੁਤਾ ਦੀ ਤਬਾਹੀ ਪੂਰੀ ਹੋ ਗਈ. ਕੁੱਝ ਹਿੰਦੂ (ਅਤੇ ਸਿੱਖ) ਔਰਤਾਂ, ਜਿਨ੍ਹਾਂ ਨੂੰ, ਉਨ੍ਹਾਂ ਦੇ ਮੰਜੇ ਤੋਂ ਝਟਕੇ ਨਾਲ ਖਿੱਚ ਕੇ ਜਬਰ ਜਨਾਹ ਕਰ ਕੇ, ਇਸਲਾਮ ਕਬੂਲ ਕਰਨ ਨੂੰ ਮਜਬੁਰ ਕੀਤਾ ਗਿਆ, ਸਿਰਫ਼ ਉਹ ਬੱਚ ਗਈਆਂ; ਦੁਜੀਆਂ ਨੇ ਆਪਣੇ ਬੰਦੀਕਾਰਾਂ ਤੋਂ ਛੁਟ ਕੇ, ਆਪਣੇ ਆਪ ਨੂੰ ਉਸੇ ਅੱਗ ਤੇ, ਆਪਣੇ ਜ਼ਿੰਦਾ ਭਸਮ ਹੋ ਰਹੇ ਪਰਵਾਰ ਦੇ ਨਾਲ ਮਿਲਣ ਲਈ, ਛਾਲ ਮਾਰ ਦਿੱਤੀ (1975: 139).

ਇਸ ਇਲਾਕੇ ਤੇ ਪਰਦੇਸੀਆਂ ਉਪਰ ਰੋਕ ਹੈ ਹੋਰ, ਪੁਲਿਸ ਅਤੇ ਖ਼ੁਫੀਆ ਸੰਸਥਾਵਾਂ ਦੀ ਮਜਬੂਤ ਮੌਜੂਦਗੀ ਹੈ. ਮੇਰੀ ਪਾਕਿਸਤਾਨੀ ਪੈਦਾਇਸ਼ ਦੇ ਬਾਵਜੂਦ, ਇੱਕ ਸਵੀਡਨੀ ਨਾਗਰਿਕ ਦੇ ਤੌਰ ਤੇ, ਇਸ ਤਰ੍ਹਾਂ ਦੇ ਸੰਵੇਦਨਸ਼ੀਲ ਇਲੱਾਕੇ ਤੇ ਦਾਖਲ ਨਾ ਹੋਣਾ ਹੀ ਮੈਨੂੰ ਅਕਲਮੰਦੀ ਦਾ ਕੱਮ ਲਗਿਆ. ਪਰ, ਅਸੀਂ ਜਦ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੀ ਸਰਹੱਦ ਦੇ ਨਜਦੀਕ, ਇੱਕ ਦੂਜੇ ਪਿੰਡ ਡੁਬੇਰਾਨ ਦਾ ਦੌਰਾ ਕੀਤਾ, ਜਿੱਥੇ ਸਿੱਖ ਆਬਾਦੀ ਦੀ ਪੂਰੀ ਤਬਾਹੀ ਹੋ ਗਈ ਸੀ, ਅਸੀਂ ਵੇਖਿਆ ਕਿ ਇਥੇ ਵੀ ਹਿਫ਼ਾਜ਼ਤ ਕਰਣ ਵਾਲੇ ਅਤੇ ਪੁਲਿਸ ਦੀ ਇੱਕ ਬਹੁਤ ਵੱਡੀ ਮੌਜੁਦਗੀ ਸੀ. ਇਸ ਕਰ ਕੇ, ਅਸੀਂ ਉਥੇ ਕੋਈ ਇੰਟਰਵਿਊ ਨਾ ਲੈਣ ਦਾ ਫ਼ੈਸਲਾ ਕੀਤਾ.

ਥਮਾਲੀ (ਧਮਾਲੀ) ਤੇ ਕਤਲੇਆਮ

ਪਰ, ਮੈਂ ਥਮਾਲੀ (ਧਮਾਲੀ, ਤਕਸੀਮ ਤੋਂ ਪਹਿਲਾ ਦੇ ਪੰਜਾਬ ਦੀ ਕਹੁਤਾ ਤਹਸੀਲ ਦਾ ਇੱਕ ਪਿੰਡ) ਜਾਣ ਨੂੰ, ਬੇਹਦ ਆਰਜ਼ੂਮੰਦ ਸੀ. ਮੈਂ ਖੋਸਲਾ ਅਤੇ ਤਾਲਿਬ ਦੀ ਰਿਪੋਰਟਾਂ ਤੇ ਇਥੇ ਹੋਏ ਕਤਲੇਆਮ ਬਾਰੇ ਸੁਣਿਆ ਸੀ. ਮਾਰਚ 2004 ਨੂੰ, ਮੈਂ ਮੋਨੀ ਚੱਡ੍ਹਾ, ਇੱਕ ਰਿਟਾਇਰ ਰਾਜਦੂਤ, ਨੂੰ ਦਿੱਲੀ ਦੇ ਇੰਡੀਆ ਇੰਟਰਨੇਸ਼ਨਲ ਸੇਂਟਰ ਤੇ ਮਿਲਿਆ. ਮੋਨੀ ਨੇ ਉਨ੍ਹਾਂ ਦੀ ਰਾਵਲਪਿੰਡੀ ਅਤੇ ਥਮਾਲੀ ਦੇ ਦੌਰੇ ਦੀ ਇਹ ਦਾਸਤਾਨ ਦੱਸੀ:

'1983 ਤੇ ਸਾਰਕ (ਸ਼ਅਅਾਛ) ਦੀ ਇਸਲਾਮਾਬਾਦ ਤੇ ਇੱਕ ਸਭਾ ਤੇ, ਮੈਂ ਇੱਕ ਇੰਡੀਅਨ ਵਫ਼ਦ ਦੀ ਅਗਵਾਈ ਕੀਤੀ. ਇਸ ਦੌਰੇ ਨੇ ਮੈਨੂੰ ਉਣ ਜਗ੍ਹਾਂ ਤੇ ਵਾਪਸ ਲੈ ਆਉਂਦਾ ਜਿਥੋਂ ਮੇਰਾ ਨਜਦੀਕੀ ਪਰਵਾਰ, 1947 ਤੇ ਬੱਚ ਕੇ ਆ ਗਿਆ ਸੀ. ਮੇਰੇ ਕਈ ਰਿਸ਼ਤੇਦਾਰਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ, ਪਰ ਮੈਂ ਉਣ ਜਗ੍ਹਾਂ ਨੂੰ ਕਦੀ ਨਹੀਂ ਭੁੱਲ ਸਕਿਆ ਜਿੱਥੇ ਅਸੀਂ ਕਿਸੇ ਵਕਤ, ਮੁਸਲਿਮਾਂ ਨਾਲ ਅਮਨ ਅਤੇ ਭਾਈਚਾਰੇ ਨਾਲ ਰਹਿੰਦੇ ਸੀ. ਖੁਸ਼ਕਿਸਮਤੀ ਨਾਲ, ਜਨਾਬ ਰਿਆਜ਼ ਖੋਖਰ, ਤਦ ਇੰਡੀਆ ਤੇ *ਪਾਕਿਸਤਾਨ ਹਾਈ ਕਮੀਸ਼ਨ* ਦੇ ਸਲਾਹਕਾਰ ਸਨ ਅਤੇ ਉਨ੍ਹਾ ਨੇ ਮੈਨੂੰ ਆਪਣੇ ਪੂਸ਼ਤੈਨੀ ਪਿੰਡਾਂ - ਕੂਲੱਰ, ਥਮਾਲੀ ਅਤੇ ਗੁੱਜਰ ਖ਼ਾਨ, ਜਾਣ ਦੀ ਇਜਾਜ਼ਤ ਲਈ ਮਦਦ ਕੀਤੀ. 1947 ਤੇ ਮੈਂ ਇੱਕ ਛੋਟਾ ਲਵਕਾ ਸੀ, ਪਰ ਉਸੇ ਜ਼ਮੀਨ ਤੇ ਪੈਰ ਰੱਖਦੇ ਹੀ, ਕਈ ਪੁਰਾਣੀ ਯਾਦਾਂ ਤਾਜਾ ਹੋ ਗਈਆਂ.

'ਮੈਂ ਜਿੱਥੇ ਵੀ ਗਿਆ, ਲੋਕ ਜ਼ਰੂਰਤ ਤੋਂ ਜ਼ਿਆਦਾ ਮਦਦ ਕਰਦੇ ਸੀ. ਉਨ੍ਹਾਂ ਦੀ ਗਰਮਜੋਸ਼ੀ, ਸੱਚੀ ਅਤੇ ਫ਼ਿਤਰਤੀ ਸੀ. ਪਰ ਆਈ.ਐਸ.ਆਈ ਦੀ ਇੱਕ ਗੱਡੀ ਮੇਰਾ ਪਿੱਛਾ ਕਰਦੀ ਰਹੀ, ਜਿੱਥੇ ਵੀ ਮੈਂ ਜਾਂਦਾ, ਅਤੇ ਰੁਕ ਜਾਂਦੀ, ਜਿੱਥੇ ਵੀ ਮੈਂ ਰੁਕਦਾ. ਜਦ ਇੱਕ ਜਗ੍ਹ, ਦੇ ਨਜਦੀਕ, ਮੈਂ ਰੁਕ ਗਿਆ ਅਤੇ ਨਾਂਅ ਦੀ ਇੱਕ ਤਖਤੀ ਦੀ

ਤਸਵੀਰ ਲੈਣੀ ਚਾਹੀ, ਜਿੱਥੇ 'ਥਮਾਲੀ' ਲਿਖਿਆ ਸੀ, ਉਹ ਨਰਾਜ਼ ਹੋ ਗਏ ਅਤੇ ਇਤਰਾਜ਼ ਜਤਾਇਆ, ਅਤੇ ਸਵਾਲ ਕੀਤਾ ਕਿ ਮੈਨੂੰ ਇਸ ਜਗ੍ਹ ਤੇ ਦੌਰਾ ਕਰਣ ਦੀ, ਇਜਾਜ਼ਤ ਹੈ ਜਾ ਨਹੀਂ. ਮੈਂ ਉਨ੍ਹਾਂ ਨੂੰ ਜਨਾਬ ਖੋਖਰ ਦੁਆਰਾ ਜਾਰੀ, ਉਹ ਕਾਗਜ਼ ਦਿਖਾਇਆ, ਜਿਸ ਵਿੱਚ ਉਸ ਜਗ੍ਹ ਤੇ ਘੁਮਣ ਦੀ ਇਜਾਜ਼ਤ ਮੌਜੁਦ ਸੀ. ਉਹ ਨਿਰਾਸ਼ ਹੋਏ, ਪਰ ਉਸ ਦੇ ਬਾਅਦ, ਉਨ੍ਹਾਂ ਨੇ ਮੈਨੂੰ ਪਰੇਸ਼ਾਨ ਨਹੀਂ ਕੀਤਾ, ਹਾਲਾਂਕਿ ਉਹ ਮੇਰਾ ਪਿੱਛਾ ਕਰਦੇ ਰਹੇ. ਮੈਨੂੰ ਜੋ, ਸਭ ਤੋਂ ਜ਼ਿਆਦਾ ਖਟਕਣ ਵਾਲੀ ਗੱਲ ਲਗੀ ਉਹ ਸੀ, ਆਮ ਲੋਕਾਂ ਦੇ ਅਤੇ ਮੁਲਕ ਦੇ ਅਧਿਕਾਰੀਆਂ ਦੇ ਰਵੱਈਏ ਦਾ ਫ਼ਰਕ.

'ਕਲੱਰ ਸਈਦਾਂ ਤੇ ਮੈਂ ਇੱਕ ਬਜ਼ੁਰਗ ਨਾਲ ਖ਼ੁਸ਼ਕਿਸਮਤੀ ਨਾਲ ਮਿਲਿਆ (ਉਹ 90 ਸਾਲ ਦੇ ਸਨ) ਜੋ ਸਾਡੇ ਪਰਵਾਰ ਨੂੰ ਜਾਣਦੇ ਸੀ; ਉਨ੍ਹਾਂ ਦੇ ਨਾਂਅ ਉਨ੍ਹਾਂ ਨੂੰ ਯਾਦ ਸੀ ਅਤੇ ਮੈਨੂੰ ਉਨ੍ਹਾਂ ਦੇ ਮਕਾਨ ਦਿਖਾਏ. ਉਸ ਬਜ਼ੁਰਗ ਨੇ ਮੈਨੂੰ ਦੱਸਿਆ ਕਿ, ਲੁੱਟੇਰੇ ਜਿਨ੍ਹਾਂ ਨੇ ਸਿੱਖਾਂ ਉਪਰ ਹਮਲਾ ਕੀਤਾ, ਉਹ ਬਾਹਰੋਂ ਆਏ ਸੀ. ਜਦ ਥੋੜੀ ਦੇਰ ਬਾਅਦ, ਮੈਂ ਜਾਣ ਲਗਾ; ਉਨ੍ਹਾ ਦੀ ਅੱਖਾਂ ਤੇ ਅਥਰੂ ਸਨ ਅਤੇ ਉਨ੍ਹਾਂ ਨੇ ਮੈਨੂੰ ਗਲੇ ਲਗਾ ਲੀਤਾ.'

ਬਾਅਦ ਤੇ, ਸਾਡੇ ਨਾਲ ਗੱਲਬਾਤ ਦੇ ਦੌਰਾਨ, ਮੋਨੀ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦੇ ਇੱਕ ਰਿਸ਼ਤੇਦਾਰ, ਰਣਜੀਤ ਸਿੰਘ ਭਸੀਨ, ਥਮਾਲੀ ਦੇ ਕਤਲੇਆਮ ਤੋਂ ਬੱਚ ਗਏ ਸਨ. ਉਨ੍ਹਾਂ ਨੇ ਪੇਸ਼ਕਸ਼ ਕੀਤੀ ਕਿ ਉਹ ਉਨ੍ਹਾਂ ਦੇ ਨਾਲ ਗੱਲਬਾਤ ਕਰਣ ਦਾ ਇੰਤੇਜ਼ਾਮ ਕਰਾ ਦੇਣਗੇ, ਬਸ਼ਰਤੇ, ਮੈਂ ਕਪੂਰਥਲਾ, ਹੁਣ ਇੰਡੀਅਨ ਪੰਜਾਬ ਦਾ ਇੱਕ ਹਿੱਸਾ ਅਤੇ ਪਹਿਲਾਂ, ਕਪੂਰਥਲਾ ਰਿਆਸਤ ਦੀ ਰਾਜਧਾਨੀ, ਜਾਣ ਨੂੰ ਤਿਆਰ ਹੋ ਜਾਵਾਂ, ਜਿੱਥੇ ਉਹ ਬਜ਼ੁਰਗ ਸਿੱਖ ਸੱਜਣ ਰਹਿੰਦੇ ਸਨ. ਮੈਂ ਅਗਲੇ ਦਿਨ ਸਟਾਕਹੋਮ ਜਾ ਰਿਹਾ ਸੀ, ਪਰ ਉਨ੍ਹਾਂ ਨੂੰ, ਅਗਲੇ ਦੌਰੇ ਤੇ ਮਿਲਣ ਦੀ ਇੱਕ ਡੂੰਘੀ ਖ਼ਵਾਇਸ਼ ਜ਼ਾਹਰ ਕੀਤੀ. ਬਾਅਦ ਤੇ, ਦਸੰਬਰ 2004 ਤੇ ਮੈਂ ਪਾਕਿਸਤਾਨ ਤੇ ਸੀ ਅਤੇ ਕੋਈ ਦੋ ਹਫ਼ਤੇ ਦੇ ਅੰਦਰ, ਮੈਂ ਇੰਡੀਆ ਦਾ ਵੀ ਦੌਰਾ ਕੀਤਾ. ਮੈਂ ਕਪੂਰਥਲੇ ਤੇ ਸ.ਰਣਜੀਤ ਸਿੰਗ ਭਸੀਨ ਨੂੰ ਮਿਲਣ ਤੋਂ ਪਹਿਲਾਂ, ਥਮਾਲੀ ਜਾਣ ਦਾ ਫ਼ੈਸਲਾ ਕੀਤਾ.

ਅਸੀਂ 14 ਦਸੰਬਰ 2004 ਦੀ ਦੁਪਹਿਰ ਨੂੰ ਦੇਰੀ ਨਾਲ ਪਹੁੰਚੇ. ਇਹ ਇੱਕ ਵੱਡਾ ਪਿੱਡ ਸੀ ਜਿਸ ਦੇ ਵਿੱਚੋਂ ਹੋ ਕੇ, ਪੱਕੀ ਪਰ ਤੰਗ ਗਲਿਆਂ ਮੌਜੂਦ ਸਨ. ਗਲੀਆਂ ਦੇ ਦੋਨੋ ਤਰਫ਼, ਇੱਟਾਂ ਦੇ ਪੱਕੇ ਮਕਾਨ ਸੀ, ਜੋ ਲਗਦਾ ਹੈ, ਬਹੁਤ ਪਹਿਲਾਂ ਬਣੇ ਸੀ. ਅਸੀਂ ਪਿੰਡ ਦੇ ਸਕੂਲ ਦੇ ਹੇਡ-ਮਾਸਟਰ ਨੂੰ ਮਿਲਣ ਗਏ, ਜਿਨ੍ਹਾਂ ਨੂੰ ਪਹਿਲਾਂ ਤੋਂ ਡਾ.ਜ਼ੁਲਫ਼ਿਕਾਰ, ਸਰਕਾਰੀ ਡਾਕਟਰ, ਜੋ ਅਲੀ ਸਫ਼ਦਰ, ਸਾਡੇ ਰਾਵਲਪਿੰਡੀ ਦੇ ਖ਼ਾਸ ਵਾਕਫ਼ੀ ਦੇ ਰਿਸ਼ਤੇਦਾਰ ਸਨ, ਨੇ ਇਤਲਾਹ ਦੇ ਦਿੱਤੀ ਸੀ. ਥਮਾਲੀ ਦੇ ਜ਼ਿਆਦਾਤਰ ਮੌਜੂਦਾ ਵਾਸ਼ਿੰਦੇ, ਕਸ਼ਮੀਰ ਤੋਂ ਆਏ ਸੀ, ਜਿਨ੍ਹਾਂ ਨੂੰ ਹਿੰਦੂ ਅਤੇ ਸਿੱਖਾਂ ਦੀ ਛੱਡੀ ਜਾਇਦਾਦ ਵੰਡੀ ਗਈ ਸੀ. ਪਰ, ਤਕਸੀਮ ਤੋਂ ਪਹਿਲਾਂ ਦੇ ਕੁੱਝ ਪਰਵਾਰ ਹੁਣ ਵੀ ਉਥੇ ਰਹਿੰਦੇ ਸੀ. ਹੇਡ-ਮਾਸਟਰ ਨੇ ਬਹੁਤ ਮਿਹਰਬਾਨੀ ਨਾਲ, ਸਾਨੂ ਤਕਸੀਮ ਤੋਂ ਪਹਿਲਾਂ ਤੋਂ ਥਮਾਲੀ ਤੇ ਰਹਿੰਦੇ ਮੁਸਲਿਮ ਪਰਵਾਰਾਂ ਦੇ, ਦੋ ਸੱਜਣਾ ਨਾਲ ਗੱਲਬਾਤ ਕਰਣ ਦਾ ਇੰਤਜ਼ਾਮ ਕਰ ਦਿੱਤਾ.

ਹਾਜੀ ਸ਼ੇਰ ਖ਼ਾਨ

'ਮੈਂ ਥਮਾਲੀ ਤੇ 1931 ਤੇ ਪੈਦਾ ਹੋਇਆ ਅਤੇ ਇਸੀ ਸਕੂਲ ਤੇ ਪੜ੍ਹਾਈ ਕੀਤੀ. ਜੈਨਰਲ ਟਿੱਕਾ ਖ਼ਾਨ ਵੀ ਇਸੀ ਸਕੂਲ ਤੇ ਪੜ੍ਹੇ. 1947 ਤੇ ਥਮਾਲੀ ਤੇ ਬਹੁਤ ਘੱਟ ਮੁਸਲਿਮ ਰਹਿੰਦੇ ਸੀ, ਬਸ 3 ਜਾਂ 4, ਪਰ ਸਾਡੀ ਇੱਕ ਵੱਡੀ ਮਸੀਤ ਸੀ. ਇਹ ਇੱਕ ਵੱਡਾ ਅਤੇ ਖ਼ੁਸ਼ਹਾਲ ਪਿੰਡ ਸੀ ਜਿਸ ਵਿੱਚ ਕਰੀਬ ਦੋ ਹਜ਼ਾਰ ਲੋਕ,

ਜ਼ਿਆਦਾਤਰ ਸਿੱਖ ਰਹਿੰਦੇ ਸੀ. ਇਥੇ, ਉੱਚੀ ਕਈ ਮੰਜ਼ਿਲਾਂ ਪੱਕੀ ਇਮਾਰਤਾਂ ਸੀ ਅਤੇ ਪਿੰਡ ਦੇ ਮੱਧ ਦੇ ਇੱਕ ਵੱਡਾ ਗੁਰਦੁਆਰਾ ਸੀ. ਸਾਡੇ ਸਿੱਖਾਂ ਨਾਲ ਅਤੇ ਇਥੇ ਰਹਿਣ ਵਾਲੇ ਥੋੜੇ ਬਹੁਤ ਹਿੰਦੂਆ ਨਾਲ ਕਾਫ਼ੀ ਦੋਸਤਾਨਾ ਰਿਸ਼ਤੇ ਸੀ. ਅਸੀਂ ਗਰੀਬ ਅਤੇ ਕਰਜ਼ਈ ਸੀ. ਸਿੱਖ ਬਹੁਤ ਅਮੀਰ ਸਨ. ਮੁੱਖ ਗਲੀ ਤੇ ਬਾਜ਼ਾਰ ਵਿੱਚ, ਸੁਨਿਆਰਾਂ ਦੀ ਦੁਕਾਨਾਂ ਸਮੇਤ ਕਈ ਦੁਕਾਨਾਂ ਸੀ. ਆਲੇ-ਦੁਆਲੇ ਦੀ ਜਗ੍ਹਾਂ ਤੋਂ ਲੋਕ ਇਸ ਜਗ੍ਹ ਤੇ ਆ ਕੇ ਸਾਮਾਨ ਖਰੀਦਦੇ ਸੀ.

'ਬਾਹਰ ਦੇ ਲੋਕ ਪਿੰਡ ਦੇ ਚਾਰੋਂ ਤਰਫ਼ ਕਈ ਦਿਨ ਪਹਿਲਾਂ ਤੋਂ ਇਕੱਠਾ ਹੋ ਰਹੇ ਸੀ, ਪਰ ਬਹੁਤ ਵੱਡਾ ਹਮਲਾ 12 ਜਾਂ 13 ਮਾਰਚ ਨੂੰ ਹੋਇਆ. ਤਦ ਤਕ, ਕਈ ਹਜ਼ਾਰ ਲੋਕਾਂ ਨੇ ਪਿੰਡ ਨੂੰ ਘੇਰ ਲੀਤਾ ਸੀ. ਹਮਲਾਵਰਾਂ ਕੋਲ ਕਈ ਹਥਿਆਰ ਸਨ ਪਰ ਜ਼ਿਆਦਾਤਰ ਲੋਕ ਲੰਬੇ ਡੰਡੇ ਅਤੇ ਬਰਛੇ ਲੈ ਕੇ ਆਏ ਸੀ. ਸਿੱਖਾ ਕੋਲ ਜ਼ਿਆਦਾ ਹਥਿਆਰ ਨਹੀਂ ਸੀ. ਉਹ ਹਮਲਾਵਰਾਂ ਨਾਲ ਅਮਨ ਲਈ ਇੱਕ ਸਮਝੌਤਾ ਕਰਨਾ ਚਾਹੁੰਦੇ ਸੀ. ਅਮਨ ਦੇ ਸਮਝੌਤੇ ਦੀ ਵਿਚੌਲਾਗਿਰੀ ਰਾਜਾ ਮੁਹੱਮਦ ਇਕਬਾਲ, ਜੈਨਰਲ ਟਿੱਕਾ ਖ਼ਾਨ ਦੇ ਵਾਲਿਦ ਨੇ ਕੀਤੀ. ਇਸ ਨੂੰ ਲਿਖਿਆ ਗਿਆ ਅਤੇ ਦਸਤਖ਼ਤ ਕੀਤੇ ਗਏ. ਇਸ ਦੀ ਸ਼ਰਤ ਸੀ ਕਿ ਗੈਰ-ਮੁਸਲਿਮਾਂ ਨੂੰ ਆਪਣੇ ਸਾਰੇ ਹਥਿਆਰ ਸੌਂਪ ਦੋਣੇ ਹੋਣਗੇ ਅਤੇ ਇਸ ਦੇ ਬਦਲੇ ਉਨ੍ਹਾਂ ਨੂੰ ਪਿੰਡ ਤੋਂ ਸਹੀ ਸਲਾਮਤ ਬਾਹਰ ਜਾਣ ਦਿੱਤਾ ਜਾਵੇਗਾ. ਕੁੱਝ ਹਿੰਦੂਆਂ ਅਤੇ ਸਿੱਖਾਂ ਨੇ ਪੈਸੇ ਵੀ ਦਿੱਤੇ ਅਤੇ ਉਨ੍ਹਾਂ ਨੂੰ ਪਿੰਡ ਛੱਡਣ ਦੀ ਇਜਾਜ਼ਤ ਦੇ ਦਿੱਤੀ ਗਈ. ਪਰ, ਜ਼ਿਆਦਾਤਰ ਸਿੱਖ ਪਿੰਡ ਤੇ ਕਾਇਮ ਰਹੇ, ਇਸ ਆਸ ਨਾਲ ਕਿ ਸਰਕਾਰ ਉਨ੍ਹਾਂ ਦੇ ਲਈ ਮਦਦ ਭੇਜੇਗੀ.

'ਸਮਝੌਤੇ ਦੇ ਬਾਵਜੂਦ, 12 ਦੀ ਸ਼ਾਮ ਨੂੰ, ਇੱਕ ਮੁਸਲਿਮ ਭੀੜ ਨੇ ਪਿੰਡ ਉਪਰ ਹਮਲਾ ਕੀਤਾ. ਅਤੇ, ਇਹ ਉਸ ਸਮਝੌਤੇ ਦੀ ਵਾਅਦਾਖ਼ਿਲਾਫ਼ੀ ਸੀ. ਸਾਡਾ ਘਰ ਇੱਕ ਪਾਸੇ ਦੀ ਗਲੀ ਤੇ ਸੀ. ਅਸੀਂ ਪਿੰਡ ਤੇ ਰਹੇ ਕਿਉਂਕਿ ਸਿੱਖਾਂ ਨਾਲ ਸਾਡੇ ਬਹੁਤ ਅੱਛੇ ਰਿਸ਼ਤੇ ਸੀ. ਉਹ ਸਾਰੇ ਮੇਰੇ ਪਿਤਾ ਦੀ ਇਜੱਤ ਕਰਦੇ ਸੀ. ਬੰਦੂਕ ਦੀ ਗੋਲੀਆਂ ਦੀ ਅਵਾਜ਼ ਆ ਰਹੀ ਸੀ ਅਤੇ ਲੋਕ ਨਾਅਰੇਬਾਜ਼ੀ ਕਰ ਰਹੇ ਸੀ, ਜਦ ਕਿ ਬੱਚੇ ਅਤੇ ਔਰਤਾਂ ਬਹੁਤ ਉੱਚੀ ਰੋ ਰਹੇ ਸੀ. ਸਿੱਖਾਂ ਨੇ ਕੁੱਝ ਵਕਤ ਤਕ, ਆਪਣੇ ਆਪ ਦੀ ਹਿਫ਼ਾਜ਼ਤ ਕੀਤੀ, ਪਰ ਮੁਸਲਿਮਾਂ ਦੀ ਨਿਰੀ ਤਦਾਦ ਅਗੇ ਟਿਕ ਨਾ ਸਕੇ. ਜ਼ਿਆਦਾਤਰ ਸਿੱਖਾਂ ਨੇ ਆਪਣੀ ਜਾਨ ਗੁਆ ਦਿੱਤੀ. ਦੋ ਸਿੱਖ ਲੜਕੇ ਦੌੜ ਕੇ ਸਾਡੇ ਘੱਰ ਦੀ ਤਰਫ਼ ਆਏ ਅਤੇ ਪਨਾਹ ਮੰਗੀ. ਇਸੇ ਦੌਰਾਨ, ਪਿੰਡ ਦੇ ਕੁੱਝ ਹਿੱਸੇ ਤੇ ਅਤੇ ਗੁਰਦੁਆਰੇ ਤੇ ਵੀ ਅੱਗ ਲਗ ਗਈ. ਕਈ ਜੋਰ ਧਮਾਕੇ ਸੁਣੇ ਗਏ, ਜੈਦਾਂ ਕਿ ਬੰਬ ਦੇ ਧਮਾਕੇ ਹੋ ਰਹੇ ਹੋਣ. 12 ਮਾਰਚ ਦੇ ਪੁਰੇ ਦਿਨ ਲੜਾਈ ਚਲਦੀ ਰਹੀ.

'ਜਦ ਅਗਲੇ ਦਿਨ ਫ਼ੌਜ਼ ਆਈ, ਅਸੀਂ ਉਣ ਦੋ ਲੜਕੇਆਂ ਨੂੰ ਸਿਪਾਹੀਆਂ ਦੇ ਸੁਪੁਰਦ ਕਰ ਦਿੱਤਾ. ਜ਼ਿਆਦਾਤਰ ਸਿਪਾਹੀ ਹਿੰਦੂ ਗੋਰਖਾ ਸਨ. ਉਹ ਸਾਨੂ ਮਾਰ ਦੇਣਾ ਚਾਹੁੰਦੇ ਸੀ ਪਰ ਸਿੱਖ ਲੜਕੇਆਂ ਨੇ ਕਿਹਾ, "ਇਨ੍ਹਾਂ ਨੂੰ ਨਾ ਮਾਰੋ; ਇਨ੍ਹਾਂ ਨੇ ਸਾਡੀ ਜਾਨ ਬਚਾਈ ਹੈ." ਜਦ ਤੱਕ ਫ਼ੌਜ ਪਹੁੰਚੀ, ਹਰ ਚੀਜ ਤਬਾਹ ਹੋ ਚੁਕੀ ਸੀ. ਸਿੱਖਾ ਨੇ ਆਪਣੀ ਜ਼ਿਆਦਾਤਰ ਔਰਤਾਂ ਅਤੇ ਬੱਚੇਆਂ ਨੂੰ ਖੁਦ ਮਾਰ ਦਿੱਤਾ ਸੀ. ਇੱਕ ਸਿੱਖ ਸੁਰਤ ਸਿੰਘ ਸੀ, ਜਿਸ ਦੀ ਵੋਟੀ ਬੇਹਦ ਸੋਹਣੀ ਸੀ. ਇਸ ਇਲਾਕੇ ਦਾ ਇੱਕ ਗੁੰਡਾ, ਮੁਹੱਮਦ ਸ਼ਰੀਫ਼ ਉਸ ਨੂੰ ਆਪਣੇ ਕਬਜ਼ੇ ਤੇ ਕਰ ਚੁਕਾ ਸੀ. ਉਸ ਨੇ ਉਸ ਔਰਤ ਨੂੰ ਮੁਸਲਿਮ ਬਣਨ ਲਈ ਕਿਹਾ ਤਾਂਕਿ ਉਹ ਉਸ ਦੇ ਨਾਲ ਨਿਕਾਹ ਕਰ ਸਕੇ, ਪਰ ਉਸ ਔਰਤ ਨੇ ਸਾਫ਼ ਮਨ੍ਹਾਂ ਕਰ ਦਿੱਤਾ ਅਤੇ ਕਿਹਾ ਕਿ ਉਹ ਮਰਣ ਨੂੰ ਤਿਆਰ ਸੀ, ਮਗਰ ਉਸ ਦੇ ਨਾਲ ਵਿਆਹ ਨਹੀਂ ਕਰੇਗੀ. ਪਰ, ਸ਼ਰੀਫ਼ ਨੇ ਉਸ ਨੂੰ ਨਹੀਂ ਮਾਰਿਆ, ਸ਼ਾਇਦ ਇਸ ਵਜ੍ਹਾ ਨਾਲ, ਕਿ

ਉਹ ਬੇਹਦ ਖੂਬਸੁਰਤ ਸੀ. ਜਦ ਫ਼ੌਜ਼ ਆਈ, ਉਹ ਦੂਜੇ ਲੋਕਾਂ ਨਾਲ ਚਲੀ ਗਈ. ਕੁੱਝ ਹਿੰਦੂਆਂ ਅਤੇ ਸਿੱਖਾਂ ਨੇ ਇਸਲਾਮ ਕਬੂਲ ਕਰ ਲੀਤਾ ਅਤੇ ਰਹਿ ਗਏ, ਪਰ ਜ਼ਿਆਦਾਤਰ ਇੰਡੀਆ ਚਲੇ ਗਏ. ਮਾਰਚ 1947 ਦੇ ਬਾਅਦ ਕੋਈ ਗੈਰ-ਮੁਸਲਿਮ ਥਮਾਲੀ ਤੇ ਨਹੀਂ ਰਿਹਾ. ਮੈਨੂੰ ਲਗਦਾ ਹੈ ਸਭ ਤੋਂ ਬੁਰਾ ਹਮਲਾ ਥਮਾਲੀ ਤੇ ਹੋਇਆ. ਕਲੱਰ ਸਈਦਾਂ, ਜੋ ਇਥੋਂ ਸਿਰਫ਼ 2-3 ਕਿਲੋਮੀਟਰ ਦੁਰ ਹੈ, ਉਥੇ ਸ਼ਾਇਦ 1 ਜਾਂ 2 ਸਿੱਖ ਹਲਾਕ ਹੋਏ. ਕਈ ਸਾਲਾਂ ਬਾਅਦ, 1962 ਤੇ, ਦੋ ਸਿੱਖ ਲੜਕੇ, ਜਿਨ੍ਹਾਂ ਨੂੰ ਮੇਰੇ ਵਾਲਿਦ ਵਜੀਰ ਖ਼ਾਨ ਨੇ ਬਚਾਇਆ ਸੀ, ਪਿੰਡ ਘੂਮਣ ਆਏ ਅਤੇ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸੀ, ਪਰ ਕੁੱਝ ਸਾਲ ਪਹਿਲਾਂ ਉਨ੍ਹਾਂ ਦਾ ਇੰਤਕਾਲ ਹੋ ਗਿਆ ਸੀ. ਮੈਂ ਉਸ ਵਕਤ, ਫ਼ੌਜ਼ ਦੀ ਸੇਵਾ ਤੇ ਦੂਰ ਸੀ. ਉਨ੍ਹਾਂ ਨੇ ਸਾਡੇ ਘੱਰ ਤੇ, ਉਸ ਵਕਤ ਰਹਿਣ ਵਾਲੇ ਲੋਕਾਂ ਨੂੰ ਪੈਸੇ ਦਿੱਤੇ. ਇਹ ਮੇਰੇ ਵਾਲਿਦ ਦੀ ਰਹਿਮਦਿਲੀ ਨੂੰ ਮਾਣ ਦੇਣ ਦੀ ਇੱਕ ਕੋਸ਼ਿਸ਼ ਸੀ.

ਜਾਨ ਦਾਦ ਖ਼ਾਨ

'ਮੈਂ ਥਮਾਲੀ ਤੇ 1933 ਤੇ ਪੈਦਾ ਹੋਇਆ. ਇਹ 2,500 ਤੋਂ 3,000 ਲੋਕਾਂ ਦਾ ਇੱਕ ਵੱਡਾ ਪਿੰਡ ਸੀ. ਗੈਰ-ਮੁਸਲਿਮ, ਖ਼ਾਸ ਕਰ ਕੇ ਸ਼ਿੱਖ ਅਤੇ ਹਿੰਦੂ ਮਜਾਰਿਟੀ ਤੇ ਸੀ; ਇਥੇ ਸਿਰਫ਼ 4 ਮੁਸਲਿਮ ਘਰ ਸੀ. ਮੇਰਾ ਪਰਵਾਰ ਜਮੀਨ ਦਾ ਮਾਲਕ ਸੀ ਅਤੇ ਅਸੀਂ ਕਰਜ਼ਈ ਨਹੀਂ ਸੀ. ਥਮਾਲੀ ਦੇ ਆਲੇ-ਦੁਆਲੇ ਦੇ ਪਿੰਡਾਂ ਤੇ ਜ਼ਿਆਦਾਤਰ ਮੁਸਲਿਮ ਸਨ. ਸਾਡੇ ਅਤੇ ਗੈਰ-ਮੁਸਲਿਮਾਂ ਦੇ ਦੋਸਤਾਨਾ ਰਿਸ਼ਤੇ ਸੀ. ਗੈਰ-ਮੁਸਲਿਮਾਂ ਨਾ ਸਿਰਫ਼ ਦੁਕਾਨਾਂ ਦੇ ਮਾਲਕ ਸਨ, ਉਹ ਘੋੜਾਗੱਡੀ ਅਤੇ ਸਾਇਕਲਾਂ ਤੇ, ਨਾਲ ਦੇ ਪਿੰਡਾ ਤੇ ਸਾਮਾਨ ਵੇਚਣ ਜਾਂਦੇ ਸੀ. ਕੁੱਝ ਸਿੱਖ ਫ਼ੌਜ਼ ਤੇ ਅਫ਼ਸਰ ਦੇ ਅਹੁਦੇ ਤੇ ਸਨ, ਦੂਜੇ ਪੁਲਿਸ ਤੇ ਡੀ.ਐਸ.ਪੀ ਅਤੇ ਐਸ਼.ਪੀ. ਸਨ. ਉਹ ਦੋ ਅਤੇ ਤਿੰਨ ਮੰਜ਼ਲਾ ਇੱਟਾਂ ਦੇ ਪੱਕੇ ਘਰਾਂ ਤੇ ਰਹਿੰਦੇ ਸੀ. ਸੁਦਖੋਰੀ ਦਾ ਕੱਮ ਬਹੁਤ ਵੱਡੇ ਪੈਮਾਨੇ ਤੇ ਚਲਦਾ ਸੀ. ਕਈ ਲੋਕ ਉਨ੍ਹਾਂ ਤੋਂ ਉਧਾਰੀ ਤੇ ਸਾਮਾਨ ਲੇਂਦੇ ਸੀ. ਇਸ ਕਰ ਕੇ, ਕਈ ਮੁਸਲਿਮ ਉਨ੍ਹਾਂ ਦੇ ਕਰਜ਼ਈ ਸਨ.

'ਮੈਂ ਇਸੇ ਸਕੂਲ ਤੇ ਪੜ੍ਹਿਆ, ਜੋ 1947 ਤੇ ਇੱਕ ਪ੍ਰਾeਮਰੀ ਸਕੂਲ ਸੀ. ਮੈਂ ਇਹ ਦਾਅਵਾ ਨਹੀਂ ਕਰਦਾ ਹਾਂ ਕਿ ਅਸੀਂ ਬੇਹਦ ਕਰੀਬੀ ਦੋਸਤ ਸੀ, ਮਗਰ ਸਿੱਖ ਮੁੰਡੇਆਂ ਨਾਲ ਸਾਡੇ ਚੰਗੇ ਰਿਸ਼ਤੇ ਸੀ. ਉਹ ਅਮੀਰ ਸਨ, ਜਦ ਕਿ ਅਸੀਂ ਗਰੀਬ ਸੀ. ਕੱਲਰ ਸਈਦਾਂ ਤੇ, ਉਹ ਖਾਲਸਾ ਹਾਈ ਸਕੂਲ ਤੇ ਜਾਂਦੇ ਸੀ, ਜਦ ਕਿ ਅਸੀਂ ਸਰਕਾਰੀ ਹਾਈ ਸਕੂਲ ਤੇ ਪੜ੍ਹੇ. ਸਾਡੇ ਸਕੂਲ ਤੇ ਕੁੱਝ ਹਿੰਦੂ ਵੀ ਸਨ. ਮੈਂ 8ਵੀਂ ਜਮਾਤ ਤੇ ਸੀ ਜਦ ਗੜਬੜ ਸੁਰੂ ਹੋਈ. ਸਾਨੂ ਕੁਝ ਨਹੀਂ ਪਤਾ ਸੀ ਕਿ ਮਾਜਰਾ ਕੀ ਸੀ. ਸਾਡੇ ਜ਼ਿਆਦਾਤਰ ਅਧਿਆਪਕ ਹਿੰਦੂ ਸਨ. ਉਹ ਕਲਾਸਾਂ ਤੇ ਪਾਕਿਸਤਾਨ ਦੀ ਤੇਹਰੀਕ ਬਾਰੇ ਕੋਈ ਗੱਲ ਨਹੀਂ ਕਰਦੇ ਸੀ. ਉਹ ਭਲੇ ਲੋਕ ਸਨ. 'ਜਦ ਗੜਬੜ ਸ਼ੁਰੂ ਹੋਈ, ਅਸੀਂ ਦੌੜ ਕੇ ਮੈਦਾਨ ਤੇ ਚਲੇ ਗਏ. ਜਿਣ ਲੋਕਾ ਨੇ ਹਮਲਾ ਕੀਤਾ, ਉਹ ਬਾਹਰ ਦੇ ਲੋਕ ਸੀ. ਅਸੀਂ ਹਮਲਾਵਰਾਂ ਅਤੇ ਗੈਰ-ਮੁਸਲਿਮਾਂ, ਦੋਨਾਂ ਤੋਂ ਹੀ ਡਰਦੇ ਸੀ. ਅਸੀਂ ਕੁੱਝ ਨਾਅਰੇ ਸੁਣੇ, ਜੈਦਾਂ ਕਿ "ਅਲ੍ਹਾ-ਹੋ-ਅਕਬਰ". ਸਿੱਖਾ ਦੇ ਕੋਲ ਕੋਈ ਹਥਿਹਾਰ ਮੌਜੂਦ ਨਹੀਂ ਸੀ. ਉਨ੍ਹਾਂ ਨੇ ਆਪਣੀ ਸਮਪਤੀ ਨੂੰ ਅੱਗ ਲਗਾ ਦਿੱਤੀ ਅਤੇ ਔਰਤਾਂ ਹੋਰ ਬੱਚੇ ਮਾਰ ਦਿੱਤੇ. ਇਸ ਇਲਾਕੇ ਦਾ ਅਖੀਰੀ ਹਮਲਾ, ਸਾਡੇ ਪਿੰਡ ਤੇ ਹੋਇਆ. ਕਿਸ ਦਿਨ ਹਮਲਾਵਰ ਆਏ, ਮੈਨੂੰ ਉਹ ਤਾਰੀਖ ਯਾਦ ਨਹੀਂ ਹੈ.'

ਰਣਜੀਤ ਸਿੰਘ ਭਸੀਨ

ਮੈਂ ਰਣਜੀਤ ਸਿੰਘ ਭਸੀਨ ਦਾ, ਉਨ੍ਹਾਂ ਦੇ ਕਪੂਰਥਲੇ ਸ਼ਤਿਤ ਘਰ ਤੇ, 3 ਜਨਵਰੀ 2005 ਦੀ ਦੇਰ ਦੁਪਹਿਰ ਨੂੰ ਇੰਟਰਵਿਊ ਲੀਤਾ. ਸ਼੍ਰੀ ਭਸੀਨ ਮੋਟਰ ਪਾਰਟਸ ਦਾ ਇੱਕ ਮਾਮੂਲੀ ਵਪਾਰ ਕਰ ਰਹੇ ਸੀ. ਉਨ੍ਹਾਂ ਦੀ ਇੱਕ ਲੰਬੀ ਖੁਲ੍ਹੀ ਦਾੜ੍ਹੀ ਸੀ ਅਤੇ ਉਨ੍ਹਾ ਨੇ ਸਿੱਖੀ ਦੇ ਦੂਜੇ ਨਿਸ਼ਾਨ ਧਾਰਣ ਕੀਤੇ ਹੋਏ ਸੀ. ਉਨ੍ਹਾਂ ਦਾ ਇੰਟਰਵਿਊ ਲੈਣ ਤੋਂ ਪਹਿਲਾਂ ਅਸੀਂ ਸੁਲਤਾਨਪੁਰ ਲੋਧੀ ਗਏ, ਜੋ ਕਪੂਰਥਲਾ ਤੋਂ 30 ਕਿਲੋਮੀਟਰ ਦੂਰ ਇੱਕ ਸਹਿਰ ਹੈ, ਕਿਉਂਕਿ ਮੈਂ ਇਥੇ ਕਦੀ ਰਹਿਣ ਵਾਲੇ, ਮੌਲਾਨਾ ਮੁਜਾਹਿਦ ਅਲ-ਹੁਸੈਨੀ ਨੂੰ ਉਥੇ ਜਾਣ ਦਾ ਅਤੇ ਤਸਵੀਰਾਂ ਲੈਣ ਦਾ ਵਾਅਦਾ ਕੀਤਾ ਸੀ. ਅਸੀਂ ਦੇ ਘੰਟੇਆਂ ਬਾਅਦ ਲੈਟੇ, ਜਦ ਕਾਫ਼ੀ ਹਨੇਰਾ ਹੋ ਚੁਕਿਆ ਸੀ. ਸ਼੍ਰੀ ਭਸੀਨ ਨੇ ਆਪਣੀ ਕਹਾਣੀ ਆਪਣੀ ਪੈਦਾਇਸ਼ੀ ਪੋਟੋਹਰੀ-ਪੰਜਾਬੀ ਤੇ ਦੱਸੀ:

'ਥਮਾਲੀ ਇੱਕ ਵੱਡਾ, 500 ਪਰਵਾਰਾਂ ਦਾ ਸ਼ਾਂਤ ਪਿੰਡ ਸੀ. ਇਥੇ, ਖ਼ਾਸ ਕਰ ਕੇ ਸਿੱਖ ਖਤਰੀ ਜਾਤਾਂ ਦੇ, ਜੈਦਾਂ ਕਿ ਕੰਧਾਰੀ, ਗਾਂਧੀ, ਗੁਜਰਾਲ, ਭਸੀਨ, ਸਾਹਨੀ ਅਤੇ ਕੁੱਝ ਦੂਜੇ, ਲੋਕ ਰਹਿੰਦੇ ਸੀ. ਕੁੱਝ ਹਿੰਦੂ ਬ੍ਰਾਹਮਣ ਅਤੇ ਮੁਸਲਿਮ ਪਰਵਾਰ ਵੀ ਰਹਿੰਦੇ ਸੀ. ਪਿੰਡ ਦੇ ਮੱਧ ਤੇ ਗੁਰਦੁਆਰਾ ਸੀ ਜਿੱਥੇ ਅਸੀਂ ਇਕੱਠਾ ਹੁੰਦੇ ਸੀ. ਥਮਾਲੀ ਪ੍ਰਾeਮਰੀ ਸਕੂਲ ਪਿੰਡ ਦੇ ਬਾਹਰੀ ਤਰਫ਼, ਪੁਰਬ ਤੇ ਸੀ. ਮੈਂ ਉਥੇ 6ਵੀਂ ਕਲਾਸ ਤੱਕ ਪੜ੍ਹਿਆ. ਬਾਅਦ ਦੇ, ਮੈਂ ਕੱਲਰ (ਹੁਣ ਇਸ ਨੂੰ ਕੱਲਰ ਸਈਦਾਂ ਕਿਹਾ ਜਾਂਦਾ ਹੈ) ਦੇ ਇੱਕ ਸਕੂਲ ਤੇ ਜਾਂਦਾ ਸੀ, ਜੋ ਕਰੀਬ 1-2 ਕਿਲੋਮੀਟਰ ਦੂਰ ਹੈ. ਮੈਂ ਸਕੂਲ ਪੈਦਲ ਚਲਾ ਜਾਦਾ ਜਾਂ ਕਦੀ, ਇੱਕ ਗਧੇ ਦੀ ਸਵਾਰੀ ਕਰਦਾ. ਕੋਈ ਆਪਣੇ ਆਪ ਨੂੰ ਕਦੀ ਗੈਰਮਹਿਫ਼ੂਜ਼ ਮਹਿਸੁਸ ਨਹੀਂ ਕਰਦਾ ਸੀ. ਮੇਰਾ ਇੱਕ ਮੁਸਲਿਮ ਸਹਪਾਠੀ ਸੀ ਜਿਸ ਦਾ ਨਾਂਅ ਨਸੀਰੁਦੀਨ ਹੈਦਰ ਸੀ. ਮੈਨੂੰ ਹੋਰ ਕਿਸੇ ਵਿਦਿਆਰਥੀ ਦਾ ਨਾਂਅ ਯਾਦ ਨਹੀਂ ਹੈ. 'ਅਸੀਂ ਅਮਨ ਤੇ ਰਹਿੰਦੇ ਸੀ ਅਤੇ ਮੁਸਲਿਮਾਂ ਨਾਲ ਸਾਡੇ ਰਿਸਤੇ ਬਹੁਤ ਉਮਦਾ ਸੀ. ਮੇਰੇ ਦਾਦਾ ਦੀ ਕਾਫ਼ੀ ਪੂਸ਼ਤੈਨੀ ਜਮੀਨ ਸੀ. ਇਹ ਕੋਈ ਮੁਸਲਿਮਾਂ ਦੀ ਬੰਧਕ ਕੀਤੀ ਜਮੀਨ ਨਹੀਂ ਸੀ. ਅਸੀਂ ਸੂਦਖੋਰੀ ਦਾ ਕੱਮ ਨਹੀਂ ਕਰਦੇ ਸੀ. ਸਾਡੇ ਪਰਵਾਰ ਦੇ ਸਦੱਸ ਫ਼ੌਜ਼ ਵਿੱਚ ਸੇਵਾ ਕਰਦੇ ਸੀ ਅਤੇ ਇਸ ਸੇਵਾ ਦੇ ਬਦਲੇ ਉਨ੍ਹਾਂ ਨੂੰ ਜਮੀਨ ਮਿਲੀ ਸੀ. ਇਸ ਇਲਾਕੇ ਦੇ ਮੁਸਲਿਮ ਬਕਰੀਆਂ ਅਤੇ ਮੱਝਾ ਵੇਚਦੇ ਸੀ. ਸਾਡਾ ਇੱਕ ਫਲਾਂ ਦਾ ਬਾਗ ਸੀ ਜਿਸ ਵਿੱਚ ਮੁਸਲਿਮ ਮੁਲਾਜ਼ਿਮ ਸਨ.

'ਹਮਲਾਵਰਾਂ ਦਾ ਪਹਿਲਾ ਦਸਤਾ ਪਿੰਡ ਦੇ ਨਜਦੀਕ 6 ਮਾਰਚ ਦੀ ਸਾਮ ਨੂੰ ਪਹੁੰਚਾ. ਕੋਈ ਚੇਤਾਵਨੀ ਨਹੀਂ ਸੀ, ਹਾਲਾਂਕਿ ਅਸੀਂ ਸੁਣਿਆ ਸੀ ਕਿ ਰਾਵਲਪਿੰਡੀ ਤੇ ਇੱਕ ਜਾਂ ਦੋ ਦਿਨ ਪਹਿਲਾਂ ਗੜਬੜ ਹੋਈ ਸੀ. ਪਿੰਡ ਉਪਰ ਪਹਿਲਾ ਹਮਲਾ ਪਿਛੇ ਦੀ ਤਰਫ਼ੋਂ, ਉੱਤਰ ਤੋਂ ਹੋਇਆ, ਨਾ ਕਿ ਦੱਖਨ ਦੀ ਸੜਕ ਤੋਂ. ਸ਼ੁਰੂ ਤੇ, ਸਿਰਫ਼ ਕਈ ਸੌ ਮੁਸਲਿਮਾਂ ਨੇ ਇਸ ਹਮਲੇ ਤੇ ਹਿੱਸਾ ਲੀਤਾ ਪਰ ਜਲਦ ਹੀ ਹੋਰ ਲੋਕ ਉਨ੍ਹ ਹਮਲਾਵਰਾਂ ਦਾ ਸਾਥ ਦੇਣ ਆ ਗਏ. ਉਨ੍ਹਾਂ ਦੀ ਤਦਾਦ, ਲਗਾਤਾਰ ਵਧਦੀ ਗਈ. ਉਹ ਢੋਲ ਪਿੱਟਦੇ ਹੋਏ, ਚੀਕ ਕੇ ਕਿਹ ਰਹੇ ਸੀ "*ਅਲ੍ਹਾ ਹੋ ਅਕਬਰ*". ਕੁੱਝ ਘੋੜੇਆਂ ਤੇ ਸੀ ਪਰ ਜ਼ਿਆਦਾ ਪੈਦਲ ਸਨ. ਸਾਡੇ ਵੱਡੇਆਂ ਨੇ ਛੱਤਾਂ ਤੇ ਮੋਰਚਾ ਸੰਭਾਲ ਕੇ, ਇਹ ਜਤਾਉਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਪੂਰੀ ਤਰ੍ਹਾਂ ਤਿਆਰ ਸੀ. ਪਰ, ਸਾਡੇ ਕੋਲ ਸਿਰਫ਼ ਤਿੰਨ ਦੁਨਾਲੀ ਬੰਦੂਕਾਂ ਸੀ ਅਤੇ ਨਾ ਦੇ ਬਰਾਬਰ ਕਾਰਤੂਸ. ਸ਼ੁਰੂਆਤੀ ਹਮਲੇ ਤੇ ਪੱਥਰਬਾਜ਼ੀ ਹੋਈ, ਜੋ ਰੁਕ ਰੁਕ ਕੇ 12 ਮਾਰਚ ਤੱਕ ਚਲਦੀ ਰਹੀ ਜਦ ਕਈ ਹਜ਼ਾਰ ਲੋਕਾਂ ਨੇ ਥਮਾਲੀ ਨੂੰ ਘੇਰ ਲੀਤਾ.

'ਇਸ ਵਿੱਚ, ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਕੋਈ ਸਮਝੌਤਾ ਕਰ ਕੇ, ਲੜਾਈ-ਝਗੜਾ ਖ਼ਤਮ ਕੀਤਾ ਜਾ ਸਕੇ. 12 ਮਾਰਚ ਨੂੰ, ਅਖੀਰਕਾਰ, ਇੱਕ ਸਮਝੌਤਾ ਹੋ ਗਿਆ. ਫ਼ਸਾਦਾਂ ਤੋਂ ਮਹਿਜ਼ 6 ਮਹੀਨੇ ਪਹਿਲਾਂ, ਮੇਰੇ

ਪਿਤਾ ਸੁਬੇਦਾਰ ਦੀਵਾਨ ਪਾਲ ਸਿੰਘ, ਰਿਟਾਇਰ ਹੋਏ ਸੀ. ਉਹ ਅਤੇ ਰਿਟਾਇਰ ਪੁਲਿਸ ਐਸ.ਪੀ., ਬਾਲ ਮੁਕੰਦ, ਇੱਕ ਬ੍ਰਾਹਮਣ, ਨੇ ਸਾਡੀ ਨੁਮਾਇੰਦਗੀ ਕੀਤੀ. ਮੁਸਲਿਮਾਂ ਦੀ ਤਰਫ਼ੋਂ ਸੁਬੇਦਾਰ ਲਾਲ ਖ਼ਾਨ ਅਤੇ ਕੁੱਝ ਪ੍ਰਮੁਖ ਲੋਕਾਂ ਨੇ ਉਨ੍ਹਾਂ ਦੀ ਨੁਮਾਇੰਦਗੀ ਕੀਤੀ. ਸਮਝੌਤਾ ਇਹ ਸੀ ਕਿ ਅਗਰ ਅਸੀਂ ਆਪਣੇ ਹਥਿਆਰ ਉਨ੍ਹਾਂ ਦੇ ਕੋਲ, ਜਮਾ ਕਰ ਦੇਨੇ ਹਾਂ ਤੇ ਉਹ ਸਾਨੂ ਹਿਫਾਜ਼ਤ ਨਾਲ, ਪਿੰਡ ਫਰਾਵਾਂ ਤੱਕ ਲੈ ਜਾਣਗੇ, ਜਿਥੋਂ ਅਸੀਂ ਕਸ਼ਮੀਰ ਦੇ ਪੂੰਛ ਜਾਣ ਵਾਲੀ ਸੜਕ ਲੈ ਲਾਂਗੇ. ਗੱਲਬਾਤ ਤੋਂ ਹਮਲਾਵਰਾਂ ਨੂੰ ਪਤਾ ਚਲ ਗਿਆ ਕਿ ਸਾਡੇ ਕੋਲ ਜ਼ਿਆਦਾ ਹਥਿਹਾਰ ਨਹੀਂ ਹਨ. ਅਤੇ, ਸਾਰੇ ਅਖ਼ਲਾਕੀ ਅਤੇ ਮਜ਼ੂਬੀ ਅਸੂਲ ਦੇ ਖ਼ਿਲਾਫ਼, ਉਸੇ ਸ਼ਾਮ ਨੂੰ ਇੱਕ ਬਹੁਤ ਵੱਡਾ ਹਮਲਾ ਹੋਇਆ. ਬਾਲ ਮੁਕੰਦ ਅਤੇ ਕੁੱਝ ਦੁਜੇ ਬ੍ਰਾਹਮਣ, ਇੱਕ ਖ਼ੁਫ਼ੀਆ ਸਮਝੌਤਾ ਕਰ ਕੇ, ਪਹਿਲਾਂ ਹੀ ਲਾਲ ਖ਼ਾਨ ਦੇ ਪਿੰਡ ਚਲੇ ਗਏ ਸੀ. ਇੱਕ ਬ੍ਰਾਹਮਣ ਜਗਨ ਨਾਥ ਨੂੰ ਹਲਾਕ ਕਰ ਦਿੱਤਾ ਗਿਆ ਕਿਉਂਕਿ ਉਨ੍ਹਾਂ ਦੇ ਕੋਲ ਇੱਕ ਰਾਇਫਲ ਸੀ ਅਤੇ ਮੁਸਲਿਮਾਂ ਨੇ ਉਨ੍ਹਾਂ ਨੂੰ ਗੋਲੀ ਚਲਾਉਂਦੇ ਵੇਖਿਆ ਸੀ. 10-12 ਸਿੱਖ ਸਾਡੇ ਪਿੰਡ ਤੋਂ ਕਲੋਹਾ ਪਿੰਡ ਗਏ ਸੀ ਅਤੇ ਉਹ ਬਚ ਗਏ.

'ਸਿੱਖਾਂ ਨੇ ਆਤਮ-ਸਮਰਪਣ ਨਾ ਕਰਣ ਦਾ ਫ਼ੈਸਲਾ ਕੀਤਾ. ਇਥੇ ਤੱਕ ਕਿ, ਕੁੱਝ ਬਾਹਰ ਆ ਗਏ ਅਤੇ ਮੈਦਾਨਾਂ ਤੇ ਲੜਾਈ ਕੀਤੀ, ਪਰ ਇਹ ਸਾਫ਼ ਸੀ ਕਿ ਅਸੀਂ ਇੱਕ ਹਾਰੀ ਹੋਈ ਲੜਾਈ ਲੜ ਰਹੇ ਸੀ. ਔਰਤਾਂ ਨੂੰ ਗੁਰਦੁਆਰੇ ਤੇ ਲੈ ਜਾਇਆ ਗਿਆ. ਉਹ ਆਪਣਾ ਕੀਮਤੀ ਸਾਮਾਨ ਵੀ ਲੈ ਆਈਆਂ. ਫਿਰ, ਇੱਕ ਅੱਗ ਜਲਾਈ ਗਈ. ਇਹ ਫ਼ੈਸਲਾ ਲੈ ਲੀਤਾ ਗਿਆ ਸੀ ਮੁਸਲਿਮਾਂ ਨੂੰ, ਸਾਡੀ ਔਰਤਾਂ ਨੂੰ ਨਹੀਂ ਛੂਹਣ ਦਿੱਤਾ ਜਾਵੇਗਾ. ਮੇਰੀ ਦਾਦੀ, ਮਾਂ ਅਤੇ ਇੱਕ ਭੈਣ ਉਸ ਅੱਗ ਦੇ ਜਲ ਕੇ ਮਰ ਗਈਆਂ. ਮੇਰੇ ਭਰਾ ਦੀ ਵੋਟੀ, ਉਨ੍ਹਾਂ ਦੇ ਪਿਤਾ, ਉਨ੍ਹਾਂ ਦਾ ਛੋਟਾ ਬੇਟਾ ਅਤੇ ਬੇਟੀ ਵੀ ਜਲ ਕੇ ਮਰ ਗਏ. ਮੇਰੇ ਪਿਤਾ ਦੇ ਚਾਚੇ, ਉਨ੍ਹਾਂ ਦੇ ਦੋ ਬੇਟੇ, ਉਨ੍ਹਾਂ ਦੀ ਪਤਨੀਆਂ ਅਤੇ ਸਾਡੇ ਵੱਡੇ ਪਰਵਾਰ ਦੇ ਇੱਕ ਦਰਜਨ ਬੱਚੇ ਵੀ ਮਰ ਗਏ. ਕਿਸੇ ਵਜ੍ਹਾ ਨਾਲ, ਮੇਰੀ ਭਾਭੀ ਨੇ ਮੈਨੂੰ ਗੁਰਦੁਆਰੇ ਤੋਂ ਬਾਹਰ ਭੇਜ ਦਿੱਤਾ.

'ਮੇਰੇ ਪਿਤਾ ਲੜਦੇ ਹੋਏ ਬਾਹਰ ਮੈਦਾਨ ਤੇ ਮਾਰੇ ਗਏ. ਤਸ਼ੱਦਦ ਫੈਲਣ ਤੋਂ ਪਹਿਲਾਂ ਕੁੱਝ ਮੁਸਲਿਮਾਂ ਨੇ ਸਾਡੇ ਪਿਤਾ ਅਤੇ ਪਰਵਾਰ ਨੂੰ ਬਚਾਉਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾਂ ਨੇ ਮਨ੍ਹਾਂ ਕਰ ਦਿੱਤਾ ਅਤੇ ਕਿਹਾ ਕਿ ਅਗਰ ਉਹ ਸਾਨੂ ਬਚਾਉਣਾ ਚਾਹੁੰਦੇ ਨੇ ਤੇ, ਸਮੁੱਚੇ ਪਿੰਡ ਨੂੰ ਬਚਾਉਣ. ਕੁੱਝ ਲੋਕ ਘਰਾਂ ਤੇ ਰਹੇ ਅਤੇ ਗੁਰਦੁਆਰੇ ਨਹੀਂ ਗਏ. ਜ਼ਿਆਦਾਤਰ ਨੂੰ ਹਮਲਾਵਰਾਂ ਨੇ ਲੱਭ ਲੀਤਾ ਅਤੇ ਇੱਕ ਖੁਲ੍ਹੇ ਮੈਦਾਨ ਤੇ ਲੈ ਆਏ. ਮੈਂ ਅਤੇ ਦੁਜੇ ਕੁੱਝ ਬੱਚੇਆਂ ਨੂੰ ਵੀ ਉਥੇ ਲੈ ਆਇਆ ਗਿਆ. ਤਦ ਤਕ, 13 ਮਾਰਚ ਦੀ ਸਵੇਰ ਹੋਣ ਵਾਲੀ ਸੀ. ਹੁਣ, ਅਸੀਂ 15-20, ਇੱਕ ਖੁਲ੍ਹੇ ਮੈਦਾਨ ਦੇ ਇਕੱਠਾ ਕੀਤੇ ਗਏ ਸੀ. ਅਸ਼ੀਂ ਨੈਜਵਾਨ ਮੁੰਡੇ ਸੀ, ਪਰ ਕੁੱਝ ਬਜ਼ੁਰਗਾਂ ਨੂੰ ਵੀ ਫੜ ਕੇ ਲਾਇਆ ਗਿਆ ਸੀ.

'ਮੁਸਲਿਮਾਂ ਨੇ ਸਾਨੂ ਜੋਰ ਦੀ "ਅੱਲ੍ਹਾ, ਅੱਲ੍ਹਾ" ਬੋਲਣ ਦਾ ਹੁਕਮ ਦਿੱਤਾ. ਸਾਡੇ ਵਿੱਚ ਇੱਕ ਰਿਟਾਇਰ ਪੁਲਿਸਵਾਲੇ ਰਾਮ ਸਿੰਘ ਵੀ ਸਨ. ਉਨ੍ਹਾਂ ਦੀ ਉਮਰ, ਤਦ ਕੋਈ 70 ਸਾਲ ਹੋਵੇਗੀ. ਉਹ ਜੋਰ ਦੀ "ਅੱਲ੍ਹਾ, ਅੱਲ੍ਹਾ" ਕਹਿ ਰਹੇ ਸੀ, ਪਰ ਇੱਕ ਮੁਸਲਿਮ ਨੇ ਉਨ੍ਹਾਂ ਦੇ ਸਿਰ ਤੇ ਇੱਕ ਕੁਹਾੜੀ ਮਾਰੀ. ਉਹ ਜਮੀਨ ਦੇ ਗਿਰ ਗਏ. ਇਸ ਦੇ ਬਾਅਦ, ਉਸ ਆਦਮੀ ਨੇ ਮੈਨੂੰ ਮਾਰਿਆ. ਮੈਨੂੰ ਉਹ ਸੱਟ ਮੋਢੇ ਤੇ ਲਗੀ. ਮੈਨੂੰ ਫਿਰ ਸੱਜੇ ਪਾਸੇ, ਬਾਂਹ ਦੇ ਥੱਲੇ ਮਾਰਿਆ ਗਿਆ (ਸ਼੍ਰੀ ਭਸੀਨ ਨੇ ਆਪਣੀ ਕਮੀਜ ਚੁਕ ਕੇ ਆਪਣੇ ਭਿਆਨਕ ਜ਼ਖ਼ਮ, ਮੈਨੂੰ ਦਿਖਾਏ). ਮੈਂ ਲਹੂ-ਲੂਹਾਨ ਹੋ ਕੇ ਜਮੀਨ ਤੇ ਗਿਰ ਗਿਆ. ਮੈਨੂੰ ਬੇਹਦ ਦਰਦ ਹੋ ਰਿਹਾ ਸੀ, ਪਰ ਆਪਣਾ ਸਾਹ

ਰੋਕ ਕੇ ਚੁਪ ਰਿਹਾ. ਹਮਲਾਵਰਾਂ ਨੇ ਕੀਕਰਾਂ ਦੇ ਕੰਡੇ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਮੈਦਾਨ ਤੇ ਪਇਆਂ ਲਾਸ਼ਾਂ ਉਪਰ ਪਾ ਦਿੱਤੇ ਅਤੇ ਇੱਕ ਅੱਗ ਜਲਾਈ. ਤਦ, ਕਿਸੇ ਨੇ ਕਿਹਾ, "ਤੁਸੀ ਉਨ੍ਹਾਂ ਨੂੰ ਸਾੜ ਕਿਉਂ ਰਹੇ ਹੋ? ਉਹ "ਅੱਲ੍ਹਾ ਅੱਲ੍ਹਾ" ਬੋਲ ਰਹੇ ਸੀ. ਅਤੇ, ਉਨ੍ਹਾਂ ਨੇ ਆਪਣਾ ਮਜ਼ੁਬ ਬਦਲ ਲੀਤਾ ਸੀ! ਕਿਸੇ ਵਜ੍ਹਾ ਨਾਲ, ਇਹ ਸੋਚ ਹਾਵੀ ਹੋ ਗਈ, ਅਤੇ ਅੱਗ ਨੂੰ ਬੁਝਾ ਦਿੱਤਾ ਗਿਆ. ਇਸ ਦੇ ਚਲਦਿਆਂ ਮੈਂ ਹੋਰ ਦੁਜੇ, ਜੋ ਮਰੇ ਹੋਣ ਦਾ ਬਹਾਨਾ ਕਰ ਰਹੇ ਸੀ, ਬੱਚ ਗਏ.

'ਫ਼ੌਜ਼ 13 ਮਾਰਚ ਨੂੰ ਕਰੀਬ 11:30 ਸਵੇਰੇ ਆਈ. ਉਹ ਉਸ ਇਲਾਕੇ ਤੇ ਬਹੁਤ ਦੇਰ ਤੋਂ ਸੀ, ਮਗਰ ਚੁਪਚਾਪ ਸੀ. ਫ਼ੌਜੀ ਚੀਕ ਕੇ ਪੁਛਣ ਲਗੇ ਕਿ ਕੋਈ ਜ਼ਿੰਦਾ ਹੈ ਜਾਂ ਨਹੀਂ. ਤਦ ਕਿਸੇ ਨੇ ਕਿਹਾ ਕਿ ਤੁਸੀ ਅਗਰ ਕੰਡੇ ਨਹੀਂ ਹਟਾਉਗੇ ਤੇ ਅਸੀਂ ਕੈਦਾਂ ਉਠਾਂਗੇ?". ਫਿਰ ਉਨ੍ਹਾਂ ਨੇ ਕੰਡੇ ਹਟਾਏ. ਕੁਲ ਮਿਲਾ ਕੇ ਸਾਡੇ ਤੋਂ 12-15 ਬੱਚ ਗਏ. ਫ਼ੌਜੀ ਹਿੰਦੂ ਸਨ; ਮੈਨੂੰ ਯਾਦ ਨਹੀਂ ਮੈਂ ਕਿਸੇ ਸਿੱਖ ਫ਼ੌਜੀ ਨੂੰ ਵੇਖਿਆ ਅਤੇ ਨਾ ਹੀ ਕੋਈ ਬ੍ਰਿਟਿਸ਼ ਫ਼ੌਜੀ ਉਨ੍ਹਾ ਦੇ ਵਿੱਚ ਸੀ. ਮੈਂ ਅਤੇ ਮੇਰੀ ਤਿੰਨ ਭੈਣਾਂ ਬੱਚ ਗਈਆਂ. ਇੱਕ ਪੂਰੀ ਤਰ੍ਹਾਂ ਸਦਮੇ ਨਾਲ ਪਾਗਲ ਹੋ ਗਈ. ਇੱਕ ਜਲ ਗਈ ਸੀ ਮਗਰ ਬੱਚ ਗਈ, ਜਦ ਕਿ ਤੀਜੀ ਨੂੰ ਇੱਕ ਮੁਸਲਿਮ ਨੇ ਬਚਾ ਲੀਤਾ ਸੀ ਅਤੇ ਇੱਕ ਦਿਨ ਬਾਅਦ ਮੇਰੇ ਮਾਸੜ ਨੂੰ ਵਾਪਸ ਕਰ ਦਿੱਤਾ. ਇੱਕ ਸਿੱਖ ਪਰਵਾਰ ਜੋ ਆਪਣੇ ਘਰ ਰਿਹਾ ਅਤੇ ਗੁਰਦੁਆਰੇ ਨਹੀਂ ਗਿਆ, ਕਿਸੇ ਨੂੰ ਉਨ੍ਹਾਂ ਦੇ ਬਾਰੇ ਪਤਾ ਨਹੀਂ ਲਗਾ ਅਤੇ ਉਹ ਬੱਚ ਗਿਆ. ਇੱਕ ਨੌਜਵਾਨ ਔਰਤ ਜਿਸ ਨੂੰ ਇੱਕ ਮੁਸਲਿਮ ਅਗਵਾ ਕਰਨਾ ਚਾਹੁੰਦਾ ਸੀ, ਉਸ ਦੇ ਨਾਲ ਜਾਣ ਤੋਂ ਮਨ੍ਹਾਂ ਕਰ ਦਿੱਤਾ (ਸ਼ਾਇਦ ਇਹ ਉਸੇ ਔਰਤ ਦਾ ਜ਼ਿਕਰ ਹੈ ਜਿਸ ਨੂੰ, ਮੁਹੱਮਦ ਸ਼ਰੀਫ ਨਾਂਅ ਦਾ ਇੱਕ ਗੁੰਡਾ, ਮੁਸਲਿਮ ਬਣਾ ਕੇ ਨਿਕਾਹ ਕਰਨਾ ਚਾਹੁੰਦਾ ਸੀ). ਜਦ ਫ਼ੌਜ਼ ਆਈ, ਤਦ ਉਹ ਵੀ ਹਿਫ਼ਾਜ਼ਤ ਨਾਲ ਥਮਾਲੀ ਨੂੰ ਹਮੇਸ਼ਾ ਲਈ ਛੱਡ ਕੇ, ਚਲੇ ਗਈ. ਬਾਅਦ ਵਿੱਚ ਉਹ ਲਖਨਉ ਤੇ ਵਸ ਗਈ. ਮੈਂ ਉਨ੍ਹਾਂ ਨੂੰ ਮਿਲਿਆ ਹਾਂ. ਮੈਨੂੰ ਪਤਾ ਨਹੀਂ ਹੈ, ਉਹ ਜ਼ਿੰਦਾ ਹੈ ਜਾਂ ਨਹੀਂ.

‘ਮੈਨੂੰ ਰਾਵਲਪਿੰਡੀ ਤੇ, ਛਾਉਣੀ ਦੇ ਹਸਪਤਾਲ ਤੇ ਭਰਤੀ ਕੀਤਾ ਗਿਆ ਜਿੱਥੇ ਮੇਰੇ ਜ਼ਖ਼ਮ ਸਿਲਾਈ ਕੀਤੇ ਗਏ ਅਤੇ ਪੱਟੀਆਂ ਕੀਤੀਆਂ ਗਈਆਂ. ਚਾਲੀ ਦਿਨਾਂ ਬਾਅਦ, ਫ਼ੌਜ਼ ਦੀ ਹਿਫ਼ਾਜ਼ਤ ਨਾਲ, ਅੰਤਮ ਸੰਸਕਾਰ ਦੇ ਬਾਅਦ ਦੇ ਧਾਰਮਿਕ ਕੱਮਾਂ ਨੂੰ ਪੂਰਾ ਕਰਣ ਲਈ, ਅਸੀਂ ਥਮਾਲੀ ਵਾਪਸ ਆਏ. ਅਸੀਂ ਅਸਥਿਆਂ ਅਤੇ ਸ਼ਰੀਰ ਦੇ ਦੁਜੇ ਹਿੱਸੇ, ਜੋ ਤਦ ਵੀ ਇਧਰ-ਉਧਰ ਪਏ ਹੋਏ ਸੀ, ਇਕੱਠਾ ਕੀਤੇ ਅਤੇ ਉਨ੍ਹਾਂ ਦਾ ਹਿੰਦੂ ਅਤੇ ਸਿੱਖ ਰੀਤਾਂ ਦੇ ਮੁਤਾਬਕ, ਅੰਤਮ ਸੰਸਕਾਰ ਕੀਤਾ. ਕਿਸੇ ਸ਼ਥਾਨੀ ਬੰਦੇ ਨੂੰ ਸਾਡੇ ਨਜਦੀਕ ਆਉਣ ਤੋਂ ਮਨਾਹੀ ਸੀ. ਸਾਡੀ ਵੀ, ਪਿੰਡ ਵਿੱਚ ਜਾਣ ਦੀ ਕੋਈ ਮਰਜੀ ਨਹੀਂ ਸੀ. ਸਭ ਕੁੱਝ ਤਬਾਹ ਹੋ ਗਿਆ ਸੀ.

...'ਸਾਡੇ ਮਵੇਸ਼ੀਆਂ ਨੂੰ ਛੱਡ ਕੇ, ਥਮਾਲੀ ਇੱਕ ਪਰਦੇਸ ਬਣ ਗਿਆ'

ਸ਼੍ਰੀ ਭਸੀਨ ਕਹਿੰਦੇ ਰਹੇ, 'ਅਚਾਨਕ, ਥਮਾਲੀ ਇੱਕ ਪਰਦੇਸ ਅਤੇ ਦੁਸ਼ਮਣ ਦੀ ਜਗ੍ਹ ਬਣ ਗਿਆ, ਸਿਰਫ਼ ਸਾਡੇ ਮਵੇਸ਼ੀਆਂ ਨੂੰ ਛੱਡ ਕੇ. ਜ਼ਾਹਰ ਹੈ, ਉਹ ਇਧਰ-ਉਧਰ ਘੁਮ ਰਹੇ ਸੀ ਅਤੇ ਉਨ੍ਹਾਂ ਦੀ ਦੇਖ-ਭਾਲ ਕਰਣ ਵਾਲਾ ਕੋਈ ਨਹੀਂ ਸੀ. ਉਨ੍ਹਾਂ ਨੇ ਸਾਨੂ ਪਛਾਣ ਲੀਤਾ ਅਤੇ ਉਹ ਸਾਡਾ ਪਿੱਛਾ ਨਾ ਛੱਡਣ, ਜਦ ਕਿ ਫ਼ੌਜੀ ਉਨ੍ਹਾਂ ਨੂੰ ਦੂਰ ਹਟਾਉਣ ਦੀ ਕੋਸ਼ਿਸ਼ ਕਰ ਰਹੇ ਸੀ. ਥੋੜੀ ਦੇਰ ਬਾਅਦ, ਫ਼ੌਜੀਆਂ ਨੇ ਸਾਨੂ ਟ੍ਰਕਾਂ ਉਪਰ ਚੜ੍ਹਣ ਨੂੰ ਕਿਹਾ. ਜਦ ਗੱਡੀਆਂ ਚਲਣ ਲਗੀਆਂ, ਗਾਵਾਂ ਅਤੇ ਮੱਝਾਂ ਸਾਡੇ ਨਾਲੋਨਾਲ ਦੌੜਣ ਲਗੀਆਂ ਅਤੇ ਸਾਨੂ ਛੱਡਣਾ ਨਹੀਂ ਚਾਹੁੰਦੀ

ਸਨ. ਪਰ, ਟ੍ਰਕਾਂ ਨੇ ਤੇਜੀ ਨਾਲ ਦੌੜਨਾ ਸ਼ੁਰੂ ਕਰ ਦਿੱਤਾ ਅਤੇ ਕੁੱਝ ਮਿਨਟਾਂ ਤੇ, ਉਹ ਬਹੁਤ ਪਿੱਛੇ ਰਹਿ ਗਏ. ਉਹ ਥਮਾਲੀ ਬਾਰੇ ਮੇਰੀ ਆਖਰੀ ਯਾਦ ਹੈ.'

ਇਸ ਦੇ ਬਾਅਦ, ਸ਼੍ਰੀ ਭਸੀਨ, ਇੱਕ ਬੱਚੇ ਦੀ ਤਰ੍ਹਾਂ ਰੋਣ ਲਗੇ. ਕੁੱਝ ਦੇਰ ਬਾਅਦ, ਜਦ ਮੈਂ ਪੁਛਿਆ ਕਿ ਥਮਾਲੀ ਹਲੀ ਵੀ ਉਨ੍ਹਾਂ ਦੇ ਖਿਆਲਾਂ ਵਿੱਚ ਹੈ ਜਾਂ ਨਹੀਂ. ਉਨ੍ਹਾਂ ਨੇ ਆਪਣੇ ਉਪਰ ਕਾਬੂ ਕਰ ਲੀਤਾ ਅਤੇ ਕਿਹਾ:

'ਮੈਂ ਕਦੀ ਵਾਪਸ ਨਹੀਂ ਜਾਣਾ ਚਾਹੁੰਦਾ ਸੀ. ਸਾਡਾ ਪਰਵਾਰ, ਲੱਗਭਗ, ਮਿਟ ਗਿਆ ਸੀ; ਜੋ ਬੱਚ ਗਏ, ਉਹ ਉਣ ਦਿਨਾਂ ਦੇ ਸਦਮੇ ਅਤੇ ਦਰਦ ਉਪਰ ਕਦੀ ਵਾਹੀ ਨਹੀਂ ਹੋ ਸਕੇ. ਪਰ ਸੁਪਨੇ ਤੇ, ਥਮਾਲੀ ਬਾਰ ਬਾਰ ਆਉਂਦਾ ਹੈ, ਜੈਦਾਂ ਕਿ ਕੋਈ ਭੂਤ ਮੈਨੂੰ ਇਕੱਲਾ ਛੱਡਨਾ ਨਹੀਂ ਚਾਹੁੰਦਾ ਹੈ, ਜਦ ਤੱਕ ਮੈਂ ਜ਼ਿੰਦਾ ਹਾਂ. ਹਰ ਸਾਲ, ਮਾਰਚ ਤੇ, ਮੈਂ ਆਪਣੇ ਪਰਵਾਰ ਦੇ ਸਦੱਸਾਂ ਦੀ ਯਾਦ ਵਿੱਚ ਵਰੀਨਾ ਪਾਠ ਕਰਾਨਾ ਹਾਂ. ਜੋ ਥੋੜੇ ਬਹੁਤ ਲੋਕ, ਥਮਾਲੀ ਤੇ ਬੱਚ ਗਏ ਸੀ, ਦਿੱਲੀ ਚਲੇ ਗਏ ਅਤੇ ਭੋਗਲ ਤੇ ਵਸ ਗਏ. ਮੇਰਾ ਉਨ੍ਹਾਂ ਦੇ ਨਾਲ ਕੋਈ ਸੰਪਰਕ ਨਹੀਂ ਹੈ. ਇੱਕ ਹੋਰ ਗੱਲ ਮੈਂ ਦੱਸਣਾ ਚੁਹੰਗਾ. ਲੋਕ ਅਕਸਰ ਹੈਰਾਨ ਹੁੰਦੇ ਨੇ ਕਿ ਪਿੰਡ ਕੱਲਰ ਦੇ ਸਿੱਖ ਅਤੇ ਹਿੰਦੂ ਕਿਸ ਤਰ੍ਹਾਂ ਬੱਚ ਗਏ. ਮੈਨੂੰ ਕੁੱਝ ਬਜ਼ੁਰਗਾਂ ਤੋਂ ਪਤਾ ਚਲਿਆ ਕਿ ਕੱਲਰ ਦਾ ਪੁਲਿਮ ਐ.ਸੀ. ਡਿਊਟੀ ਤੇ ਨਹੀਂ ਸੀ. ਉਸ ਦਾ ਹਵਿਲਦਾਰ ਕਿਸੇ ਸਾਜ਼ਸ਼ ਵਿੱਚ ਸ਼ਾਮਲ ਨਹੀਂ ਸੀ. ਉਸ ਨੇ ਉਣ ਹਮਲਾਵਰਾਂ ਦੇ ਸਿਰ ਉਪਰ ਕੁੱਝ ਗੋਲੀਆਂ ਚਲਾਈਆਂ ਅਤੇ ਉਹ ਸਭ ਨੱਸ ਗਏ. ਸਿਰਫ਼ ਇੱਕ ਕੋਲਹੂ ਨੂੰ ਅੱਗ ਲਗਾਈ ਗਈ. 'ਮੈਂ ਇੰਡੀਆ ਦੀ ਫ਼ੌਜ਼ ਦੀ ਬੀ.ਐਸ.ਐਫ.ਤੇ 28 ਸਾਲ ਸੇਵਾ ਕੀਤੀ. ਰਿਟਾਇਰ ਹੋ ਕੇ ਮੈਂ ਕਪੂਰਥਲੇ ਵੱਸ ਗਿਆ. ਮੇਰੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਸੀ. ਇੱਕ ਬੇਟੇ ਦੀ ਮੌਤ ਤਦ ਹੋਈ, ਜਦ ਉਹ ਸਿਰਫ਼ 21 ਸਾਲ ਦਾ ਸੀ. ਤੁਸੀਂ ਅਗਰ ਮੈਨੂੰ ਵਜ੍ਹਾ ਪੁਛਦੇ ਹੋ ਕਿ ਕਿਉਂ, ਸਿੱਖਾਂ ਦੇ ਪਿੰਡਾ ਉਪਰ ਪੂਰੇ ਇੱਕ ਹਫ਼ਤੇ ਤਕ, ਹਮਲੇ ਹੋਣ ਦਿੱਤੇ ਗਏ, ਅਤੇ ਫਿਰ ਫ਼ੌਜ਼ ਨੇ ਆ ਕੇ ਕਤਲੇਆਮ ਰੋਕਿਆ. ਮੈਨੂੰ ਯਕੀਨ ਹੈ ਕਿ 1947 ਦਾ ਪੁਰਾ ਮਸਲਾ, ਬ੍ਰਿਟਿਸ਼ ਨੇ ਤਿਆਰ ਕੀਤਾ ਸੀ. ਨਹੀਂ ਤੇ, ਤੁਸੀਂ ਇਸ ਗੱਲ ਦੀ ਕੀ ਵਿਆਖਿਆ ਕਰੋਗੇ ਕਿ ਪ੍ਰਭਾਵਤ ਪਿੰਡਾਂ ਤੇ ਫ਼ੌਜ਼ ਨੂੰ ਆਉਂਣ ਤੇ ਇੰਨਾ ਵਕਤ ਲਗ ਗਿਆ, ਜਦ ਕਿ ਉਹ ਰਾਵਲਪਿੰਡੀ ਦੇ ਮੁੱਖ ਦਫ਼ਤਰ ਤੋਂ ਸਿਰਫ਼ ਇੱਕ ਜਾਂ ਦੋ ਘੰਟੇ ਦੀ ਦੂਰੀ ਤੇ ਸਨ?'

'ਅੱਲ੍ਹਾ, ਅੱਲ੍ਹਾ ਜਾਂ ਪੂਰਾ ਕਲਮਾ?

ਇੰਟਰਵਿਊ ਦੇ ਬਾਅਦ, ਮੈਂ ਸ਼੍ਰੀ ਭਸੀਨ ਤੋਂ ਇੱਕ ਸਪਸ਼ਟੀਕਰਣ ਮੰਗਿਆ ਕਿ ਉਨ੍ਹਾਂ ਨੂੰ ਅਤੇ ਦੂਜੇ ਬੱਚੇ ਹੋਏ ਲੋਕਾਂ ਨੂੰ 'ਅੱਲ੍ਹਾ' ਉਚਾਰਣ ਕਰਣ ਨੂੰ ਕਿਹਾ ਗਿਆ ਜਾਂ ਪੁਰਾ ਸਲੋਕ, 'ਲਾ ਇਲਾਹਾ ਇਲਲਲਲਾਹ ਮੁਹੱਮਦ ਉਰ ਰਸੁਲ ਅੱਲ੍ਹਾ', ਜੋ ਉਨ੍ਹਾਂ ਦੇ ਇਸਲਾਮ ਕਬੂਲ ਕਰਣ ਦਾ ਐਲਾਨ ਸੀ. ਉਨ੍ਹਾਂ ਨੇ ਪੂਰੀ ਤਰ੍ਹਾਂ ਯਕੀਨੀ ਤੌਰ ਤੇ ਕਿਹਾ ਉਹ ਸ਼ਿਕਾਰ ਬਣੇ ਲੋਕਾਂ ਨੂੰ ਲਗਾਤਾਰ 'ਅੱਲ੍ਹਾ' ਬੋਲਣ ਨੂੰ ਕਹਿ ਰਹੇ ਸੀ. ਕਈ ਰਿਸਰਚਰਾਂ (ਸ਼ੋਧਕਰਤਾਵਾਂ) ਨੇ ਗੌਰ ਕੀਤਾ ਹੈ ਕਿ ਦਿਹਾਤੀ ਇਲਾਕਿਆਂ ਤੇ, ਇਸਲਾਮ ਦੇ ਦੀਨ ਦੇ ਅਭਿਆਸ ਵਿੱਚ, ਬੁਨਿਆਦੀ ਇਸਲਾਮ ਦਾ ਵੀ ਸਹੀ ਗਿਆਨ ਨਹੀਂ ਹੁੰਦਾ ਹੈ, ਅਤੇ ਇਹ ਸੱਚ ਕਿ ਹਮਾਲਾਵਰਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਲਾਸ਼ਾਂ ਨੂੰ ਜਲਾ ਦਿੱਤਾ ਜਾਵੇ ਕਿ ਨਹੀਂ, ਇਸ ਸ਼ੱਕ ਨੂੰ ਪੁਖ਼ਤਾ ਕਰਦਾ ਹੈ ਕਿ, ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਣ ਹਾਲਾਤਾਂ ਨੂੰ ਇਸਲਾਮੀ ਤਰੀਕੇ ਨਾਲ ਕੈਦਾਂ ਸੰਭਾਲਿਆ ਜਾਵੇ.

ਚੋਆ ਖਾਲਸਾ ਦੇ ਫ਼ਸਾਦ

ਦੂਜਾ ਪਿੰਡ ਜਿੱਥੇ ਅਸੀਂ ਗਏ, ਉਹ ਚੋਆ ਖਾਲਸਾ ਸੀ ਅਤੇ ਉਣ ਮੁਸਲਿਮਾ ਦੇ ਇੰਟਰਵਿਊ ਰਿਕਾਰਡ ਕੀਤੇ, ਜੋ 1947 ਤੋਂ ਪਹਿਲਾਂ ਉਥੇ ਰਹਿੰਦੇ ਸੀ.

ਸਈਦ ਨਜ਼ੀਰ ਹੁਸੈਨ ਸ਼ਾਹ

'ਚੋਆ ਖਾਲਸਾ ਇੱਕ ਵੱਡਾ ਅਤੇ ਖੁਸ਼ਹਾਲ ਪਿੰਡ ਸੀ ਜਿੱਥੇ ਤਕਰੀਬਨ 3,000 ਲੋਕ ਰਹਿੰਦੇ ਸੀ. ਰਾਵਲਪਿੰਡੀ ਦੀ ਦੂਜੀ ਜਗ੍ਹਾਂ ਦੀ ਤਰ੍ਹਾਂ, ਮੁਸਲਿਮ ਗਰੀਬ ਸਨ ਜਦ ਕਿ ਸਿੱਖ ਹੋਰ ਹਿੰਦੂ, ਰਈਸ ਸਨ ਅਤੇ ਵਪਾਰ ਉਨ੍ਹਾਂ ਦੇ ਕਾਬੂ ਸੀ. ਉਨ੍ਹਾਂ ਦੇ ਕੁੱਝ ਲੋਕ ਪ੍ਰਮੁੱਖ ਸੀ ਜੋ ਫ਼ੌਜ਼ ਅਤੇ ਸਿਵਲ ਇੰਤਜਾਮੀਆ ਤੇ ਉੱਚੇ ਅਹੁਦੇ ਤੇ ਸਨ. ਹਾਲਾਂਕਿ, ਅਸੀਂ ਇੱਕ ਦੂਜੇ ਦੇ ਘਰ ਨਹੀਂ ਜਾਦੇ ਸੀ, ਕੁੱਝ ਪਰਵਾਰ ਇੱਕ ਦੂਜੇ ਦੇ ਬੇਹਦ ਨਜਦੀਕੀ ਸਨ. ਗੈਰ-ਮੁਸਲਿਮ, ਖ਼ਾਸ ਕਰ ਕੇ, ਹਿੰਦੂ, ਮੁਹੱਰਮ ਦੀ ਬਹੁਤ ਇਜ਼ੱਤ ਕਰਦੇ ਸੀ. ਹਿੰਦੂ ਅਤੇ ਸਿੱਖ, ਆਪਣੀ ਹੋਲੀ, ਬੜੇ ਜੋਸ ਨਾਲ ਮਣਾਉਂਦੇ ਸੀ. ਮੈਨੂੰ ਖਾਸ ਕਰ ਕੇ ਰਾਮ ਲੀਲਾ ਯਾਦ ਹੈ, ਜਿਸ ਵਿੱਚ ਅਸੀਂ ਵੀ ਹਿੱਸਾ ਲੀਤਾ. ਚੋਆ ਖਾਲਸਾ ਇੱਕ ਬੇਹਦ ਸ਼ਾਂਤ ਜਗ੍ਹ ਸੀ.

'ਮਾਰਚ 1947 ਤੇ, ਮੈਂ ਇੰਡੀਅਨ ਫ਼ੌਜ਼ ਤੇ ਸੀ. ਮੈਂ ਤੁਹਾਨੂ ਜੋ ਦੱਸ ਰਿਹਾ ਹਾ, ਇਹ ਮੈਨੂੰ ਮੇਰੀ ਵੋਟੀ ਅਤੇ ਭਰਾਵਾਂ ਨੇ ਦੱਸਿਆ. ਹਮਲਾ ਕਰਣ ਵਾਲੇ ਚੋਆ ਖਾਲਸਾ ਦੇ ਆਲੇ-ਦੁਆਲੇ ਦੇ ਪਿੰਡਾ ਦੇ ਮੁਸਲਿਮ ਸਨ. ਪਿੰਡ ਦੇ ਸਕੂਲ ਦਾ ਹੇਡਮਾਸਟਰ, ਠਾਕੁਰ ਦਾਸ ਪੁਰੀ ਇੱਕ ਸੰਤ ਕਿਸਮ ਦੇ ਇਨਸਾਨ ਸਨ. ਸ਼ਾਇਦ ਹੀ ਕੋਈ ਮੁਸਲਿਮ ਸੀ, ਜੋ ਉਨ੍ਹਾਂ ਦੀ ਬੇਹਦ ਇਜ਼ੱਤ ਨਾ ਕਰਦਾ ਹੋਵੇ. ਉਹ ਸਾਰੇ ਸ਼ਾਗੀਰਦਾਂ ਨੂੰ ਬੇਹਦ ਪਿਆਰ ਕਰਦੇ ਸੀ. ਉਹ ਸਾਰੇ ਹਿੰਦੂਆਂ, ਸਿੱਖਾਂ ਅਤੇ ਮੁਸਲਿਮ ਸ਼ਾਗੀਰਦਾਂ ਨਾਲ ਕੋਈ ਪੱਖਪਾਤ ਨਹੀਂ ਕਰਦੇ ਸੀ. ਬਦਕਿਸਮਤੀ ਨਾਲ, ਉਨ੍ਹਾਂ ਨਾਲ ਹਮਲਾਵਰਾ ਨੇ ਬੇਰਹਿਮ ਵਿਵਹਾਰ ਕੀਤਾ, ਪਰ ਉਨ੍ਹਾਂ ਨੂੰ ਇੱਕ ਮੁਸਲਿਮ ਅਧਿਆਪਕ ਸ਼ੇਰ ਜ਼ਮਾਨ ਨੇ ਬਚਾ ਲੀਤਾ, ਅਤੇ ਬਾਅਦ ਵਿੱਚ ਹਿਫ਼ਾਜ਼ਤ ਨਾਲ ਇੰਡੀਆ ਚਲੇ ਗਏ. ਜਦ ਗੜਬੜ ਸ਼ੁਰੂ ਹੋਈ, ਤਦ ਸਿੱਖ ਦੁਕਾਨਦਾਰਾਂ ਨੇ ਆਪਣੇ ਪਰਵਾਰਾ ਨੂੰ ਉੱਚੀ ਇਮਾਰਤਾਂ ਤੇ ਇਕੱਠਾ ਕਰ ਲੀਤਾ. ਔਰਤਾਂ ਅਤੇ ਬੱਚੇਆ ਨੂੰ ਮਾਰ ਦਿੱਤਾ ਗਿਆ ਜਾਂ ਅੱਗ ਵਿੱਚ ਸੁੱਟ ਦਿੱਤਾ ਗਿਆ. ਜਿਨ੍ਹਾਂ ਨੇ ਅਜਿਹਾ ਨਾ ਕੀਤਾ, ਉਨ੍ਹਾਂ ਨੂੰ ਹਮਲਾਵਰਾਂ ਨੇ ਮਾਰ ਦਿੱਤਾ. ਇੱਕ ਜਾਂ ਦੋ ਹਿੰਦੂ ਅਤੇ ਸਿੱਖ ਪਰਵਾਰ ਮੁਸਲਿਮ ਬਣ ਗਏ. ਉਹ ਖਨਾਡਾ ਪਿੰਡ ਰਹਿੰਦੇ ਨੇ, ਜੋ ਨਜਦੀਕ ਹੈ. ਜਿਣ ਮੁਸਲਿਮਾ ਨੇ ਹਮਲੇ ਤੇ ਹਿੱਸਾ ਲੀਤਾ, ਉਹ ਜੰਗਲੀ ਕਿਸਮ ਤੇ ਲੋਕ ਸੀ. ਉਹ ਸਿਰਫ਼, ਗੈਰ-ਮੁਸਲਿਮਾਂ ਦੀ ਸੰਪਤੀ ਲੁੱਟਣਾ ਚਾਹੁੰਦੇ ਸੀ. ਉਨ੍ਹਾਂ ਦੇ ਸਲੂਕ ਵਿੱਚ ਕੁੱਝ ਨਹੀਂ ਸੀ ਜਿਸ ਵਿੱਚ ਇਸਲਾਮੀ ਰੱਬੀ ਅਤੇ ਦਿਆਲਤਾ ਝਲਕਦੀ ਹੋਵੇ.'

ਰਾਜਾ ਮੁਹੱਮਦ ਰਿਆਸਤ

'ਮੈਂ ਚੋਆ ਖਾਲਸਾ ਦੀ ਯੂਨੀਅਨ ਪ੍ਰੀਸ਼ਦ ਦਾ ਨਾਜ਼ਿਮ ਹਾਂ. ਮਾਰਚ 1947 ਤੇ, ਚੋਆ ਖਾਲਸਾ ਦੇ ਹਿੰਦੂ ਅਤੇ ਸਿੱਖਾਂ ਦੀ ਆਬਾਦੀ ਮੁਸਲਿਮਾਂ ਦੀ ਆਬਾਦੀ ਤੋਂ ਜ਼ਿਆਦਾ ਸੀ, ਪਰ ਨਾਲ ਦੇ ਪਿੰਡਾਂ ਤੇ ਮੁਸਲਿਮ ਰਹਿੰਦੇ ਸੀ. ਹਿੰਦੂ-ਸਿੱਖ ਮਹੱਲੇ ਮੁਸਲਿਮ ਮਹੱਲੇ ਤੋਂ ਮੁਖਤਲਿਫ਼ ਸਨ. ਤਿੰਨੇਂ ਕੌਮਾ ਦੇ ਬਜ਼ੁਰਗਾਂ ਦੀ ਹਰ ਕੋਈ ਇਜ਼ੱਤ

ਕਰਦਾ ਸੀ ਅਤੇ ਲੋਕ ਉਨ੍ਹਾਂ ਦੀ ਸਲਾਹ ਅਤੇ ਉਨ੍ਹਾਂ ਦੀ ਦਿੱਤੀ ਹਦਾਇਤ ਮੱਨਦੇ ਸੀ. ਤਿੰਨ ਜਾਂ ਚਾਰ ਮੰਦਰ ਸਨ ਅਤੇ ਉਨ੍ਹੇ ਹੀ ਗੁਰਦੁਆਰੇ ਅਤੇ ਮਸੀਤਾਂ ਸਨ. ਸ਼ਹਿਰ ਤੇ ਲੱਗਭਗ ਤਿੰਨ-ਚਾਰ ਹਜ਼ਾਰ ਵਾਸ਼ਿੰਦੇ ਸਨ. ਵਿਆਹ-ਸ਼ਾਦੀ ਅਤੇ ਮਾਤਮ ਵੇਲੇ, ਸਾਰੀ ਕੌਮਾਂ ਇਕੱਠਾ ਹੁੰਦੀਆਂ ਸਨ, ਹਾਲਾਂਕਿ ਸਿੱਖ ਅਤੇ ਹਿੰਦੂ, ਸਾਡੇ ਨਾਲ ਨਹੀਂ ਖਾਣਦੇ ਸੀ. ਮੁਸਲਿਮ ਗਰੀਬ ਸਨ. ਵਿਆਹਾਂ ਅਤੇ ਦੂਜੇ ਤਿਉਹਾਰਾਂ ਤੇ ਬੇਤਹਾਸ਼ਾ ਖ਼ਰਚ ਕਰਨ ਦੀ ਵਜ੍ਹਾ ਨਾਲ, ਮੁਸਲਿਮ ਅਕਸਰ ਹਿੰਦੂਆਂ ਅਤੇ ਸਿੱਖਾ ਦੇ ਕਰਜ਼ਈ ਹੋ ਜਾਂਦੇ ਸੀ, ਜੋ ਸੂਦ-ਦਰ-ਸੂਦ ਲੈਂਦੇ ਸੀ. ਇਸ ਤਰ੍ਹਾਂ, ਗੈਰ-ਮੁਸਲਿਮ ਮੁਸਲਿਮਾਂ ਦੀ ਜਮੀਨ ਹਾਸਲ ਕਰਣ ਲਗੇ. ਯੂਨੀਅਨੀਸਟ ਵਜ਼ੀਰ ਸਰ ਛੋਟੂ ਰਾਮ ਨੇ ਸੁਧਾਰਾਂ ਨੂੰ ਲਾਗੂ ਕੀਤਾ, ਜਿਸ ਦੇ ਚਲਦਿਆਂ ਜਮੀਨ ਦੀ ਮਲਕੀਅਤ ਦੀ ਬਦਲੀ ਬੰਦ ਹੋ ਗਈ, ਪਰ ਹਿੰਦੂ ਅਤੇ ਸਿੱਖ, ਜਮੀਨ ਖਰੀਦਣ ਲਈ, ਨਕਲੀ ਮੁਸਲਿਮ ਮਾਲਕਾਂ ਦਾ ਇਸਤੇਮਾਲ ਕਰਣ ਲਗੇ. ਤਕਸੀਮ ਦੇ ਬਾਅਦ, ਸਾਡੀ ਜਮੀਨ ਸਾਨੂ ਨਹੀਂ ਮਿਲੀ, ਮਗਰ ਕਸ਼ਮੀਰ ਤੋਂ ਆਏ ਪਨਾਹਗੀਰਾਂ ਨੂੰ ਦੇ ਦਿੱਤੀ ਗਈ.

'6 ਜਾਂ 7 ਮਾਰਚ ਨੂੰ, ਮੁਸਲਿਮਾਂ ਦੇ ਪਹਿਲੇ ਦਸਤੇ ਨੇ ਚੋਆ ਖਾਲਸਾ ਉਪਰ ਹਮਲਾ ਸ਼ੁਰੂ ਕਰ ਦਿੱਤਾ. ਕੁੱਝ ਹਿੰਦੂ ਅਤੇ ਸਿੱਖ ਮਾਰੇ ਗਏ, ਪਰ ਹਮਲਾਵਰ, ਖ਼ਾਸ ਕਰ ਕੇ, ਦੁਕਾਨਾ ਨੂੰ ਲੁੱਟਨਾ ਚਾਹੁੰਦੇ ਸੀ. ਇਸ ਦੇ ਨਤੀਜੇ ਦੇ ਤੌਰ ਤੇ, ਸਾਰੇ ਸਮਪ੍ਰਦਾਇ ਦੇ ਆਗੂ ਮੁੱਖ ਮਸੀਤ ਤੇ ਮਿਲੇ ਅਤੇ ਰਜਾਮੰਦ ਹੋਏ ਕਿ ਕੋਈ ਇੱਕ ਦੂਜੇ ਉਪਰ ਹਮਲਾ ਨਹੀਂ ਕਰੇਗਾ. ਪਰ, 12 ਜਾਂ 13 ਨੂੰ , ਇੱਕ ਹੋਰ ਮੁਸਲਿਮ ਭੀੜ ਆਈ. ਉਹ ਇੰਨੀ ਵੱਡੀ ਤਦਾਦ ਤੇ ਸਨ ਕਿ ਉਹ ਸਾਡੇ ਉਪਰ ਹਾਵੀ ਹੋ ਗਏ. ਗੈਰ-ਮੁਸਲਿਮਾ ਨੂੰ ਇਸਲਾਮ ਜਾਂ ਮੌਤ ਪਸੰਦ ਕਰਣ ਨੂੰ ਕਿਹਾ ਗਿਆ. ਸਿੱਖਾਂ ਨੇ, ਖ਼ਾਸ ਕਰ ਕੇ, ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ. ਦੋ ਸਿੱਖ ਭਰਾਵਾਂ ਨੇ, ਜੋ ਆਪਣੀ ਕੌਮ ਦੇ ਪ੍ਰਮੁੱਖ ਸਨ, ਆਪਣੀ ਔਰਤਾਂ ਅਤੇ ਬੱਚੇਆ ਨੂੰ ਮਾਰ ਕੇ ਅੱਗ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ. ਇੱਕ ਭਰਾ ਦਾ ਨਾਂਅ ਬਲਵੰਤ ਸਿੰਘ ਸੀ. ਆਖ਼ਰ ਤੇ, ਦੋਨੋ ਭਰਾਵਾਂ ਦੀ ਮੌਤ ਹੋ ਗਈ, ਪਰ ਬਲਵੰਤ ਸਿੰਘ ਦਾ ਬੇਟਾ, ਬਾਅਦ ਤੇ ਸਹੀ ਸਲਾਮਤ ਜਾਣ ਤੇ ਕਾਮਯਾਬ ਹੋਇਆ. ਮੈਨੂੰ ਲਗਦਾ ਹੈ, ਕਰੀਬ 150 ਸਿੱਖ ਮਾਰੇ ਗਏ. ਮੈਨੂੰ ਯਾਦ ਹੈ ਮੈਂ ਕਈ ਜਲਦੇ ਸ਼ਰੀਰ ਵੇਖੇ ਜਿਨ੍ਹਾਂ ਦੇ ਸਿਰ ਅਲਗ ਕੀਤੇ ਹੋਏ ਸੀ.

'ਮੈਂ, ਮੇਰੇ ਪਿਤਾ, ਦਾਦਾ ਅਤੇ ਕੁੱਝ ਦੂਜੇ, ਪਿੰਡ ਦੇ ਮੱਧ ਦੇ ਮਾਜਰਾ ਵੇਖਣ ਗਏ. ਅਸੀਂ ਇੱਕ ਘਰ ਤੇ ਇੱਕ ਸਿੱਖ ਅਧਿਆਪਕ ਦੀ ਜਲੀ ਲਾਸ਼ ਵੇਖੀ. ਉਨ੍ਹਾਂ ਦਾ ਨਾਂਅ ਸ਼ਾਇਦ ਰਣਜੀਤ ਸਿੰਘ ਸੀ. ਮੈਂ ਹੋਰ ਕਈ ਲਾਸ਼ਾਂ ਵੇਖਿਆਂ. ਮੇਰੇ ਦਾਦਾ ਜੋ ਇੱਕ ਜ਼ੈਲਦਾਰ ਸਨ ਅਤੇ ਚਾਚਾ ਗੜਬੜ ਦੀ ਮੁੱਖ ਜਗ੍ਹਾਂ ਤੇ ਫ਼ਸਾਦ ਰੋਕਣ ਲਈ ਗਏ, ਪਰ ਗੋਰਖਾ ਰੇਜੀਮੇਂਟ ਦੇ ਸਿਪਾਹੀਆਂ ਨੇ ਉਨ੍ਹਾਂ ਦੇ ਉਪਰ ਗੋਲੀ ਚਲਾ ਦਿੱਤੀ. ਦਾਦਾ ਦੀ ਬਾਂਹ ਉਡ ਗਈ ਅਤੇ ਚਾਚਾ ਹਲਾਕ ਹੋ ਗਏ. ਹਿੰਦੂਆਂ ਵਿੱਚ ਸਿਰਫ਼ 10 ਮੌਤਾਂ ਹੋਇਆਂ. ਦੋ ਸੌ ਜਾਂ ਜ਼ਿਆਦਾ, ਨਾਲ ਦੇ ਇਲਾਕੇ ਮੋਹਰਾ ਹੀਰਾ ਤੇ ਚਲੇ ਗਏ. ਉਨ੍ਹਾਂ ਨੇ ਮੁਸਲਿਮ ਬਣਨ ਦੀ ਖਾਹਿਸ਼ ਜ਼ਾਹਰ ਕੀਤੀ. ਪਰ, ਜਦ ਫ਼ੌਜ ਆਈ, ਉਨ੍ਹਾਂ ਨੇ ਜਾਣ ਦਾ ਫ਼ੈਸਲਾ ਕੀਤਾ. ਕੁੱਝ ਦੂਜੇ ਮੁਸਲਿਮਾਂ ਦੀ ਹਿਫ਼ਾਜ਼ਤ ਤੇ ਸਨ.

'ਜੋ ਲੋਕ ਪੀੜਤ ਹੋਏ, ਉਨ੍ਹਾ ਦੇ ਵਿੱਚ ਮੇਰੇ ਪਿਆਰੇ ਅਧਿਆਪਕ ਠਾਕੁਰ ਦਾਸ ਪੁਰੀ ਦੀ ਬੇਇੱਜ਼ਤੀ, ਸਭ ਤੋਂ ਸ਼ਰਮਨਾਕ ਹੈ. ਹਮਲਾਵਰਾਂ ਨੇ ਉਨ੍ਹਾਂ ਨੂੰ ਜਮੀਨ ਤੇ ਸੁੱਟ ਦਿੱਤਾ ਅਤੇ ਲੱਤਾਂ ਮਾਰੀਆਂ, ਪਰ ਮਾਸਟਰ ਸ਼ੇਰ ਜ਼ਮਾਨ ਨੇ ਉਨ੍ਹਾਂ ਨੂੰ ਬਚਾਇਆ. ਮਾਸਟਰ ਠਾਕੁਰ ਦਾਸ ਸਾਹਿਬ ਇੱਕ ਰਹਿਮ ਦਿਲ ਅਤੇ ਨੇਕ ਆਤਮਾ ਸੀ. ਸ਼ਾਇਦ ਹੀ ਕੋਈ ਮੁਸਲਿਮ ਸ਼ਾਗਿਰਦ ਹੋਏ, ਜਿਸ ਦੀ ਉਨ੍ਹਾਂ ਨੇ ਮਦਦ ਨਾ ਕੀਤੀ ਹੋਵੇ. ਮੈਂ ਅਜੇ ਵੀ ਕਈ ਵਾਰ ਉਨ੍ਹਾਂ ਦੇ ਬਾਰੇ ਸੋਚਦਾ ਹਾਂ. ਮੈਨੂੰ ਪਤਾ ਹੈ, ਉਹ ਇੰਡੀਆ ਸਹੀ ਸਲਾਮਤ ਪਹੁੰਚ ਗਏ.'

ਇਸ ਵਕਤ, ਅੱਥਰੂ ਨਿਕਲ ਕੇ ਰਾਜਾ ਮੁਹੱਮਦ ਰਿਆਸਤ ਦੇ ਗੱਲ੍ਹਾਂ ਤੇ ਆ ਗਏ. ਉਹ ਕਹਿੰਦੇ ਰਹੇ:

'ਮੈਂ ਇੱਕ ਸਕੂਲ ਅਧਿਆਪਕ ਬਣ ਗਿਆ ਅਤੇ ਉਸੇ ਸਕੂਲ ਤੇ, ਬਾਅਦ ਵਿੱਚ ਪੰਜੀ ਸਾਲਾਂ ਤੱਕ ਤਾਲੀਮ ਦਿੱਤੀ. ਕੁੱਝ ਹਿੰਦੂ ਅਤੇ ਸਿੱਖ ਬਾਅਦ ਵਿੱਚ ਚੋਆ ਖਾਲਸਾ ਘੂਮਣ ਆਏ. ਕੁੱਝ ਮੇਰੇ ਪਿਤਾ ਨੂੰ ਖ਼ਤ ਲਿਖਦੇ ਸੀ. ਇੱਕ ਹਿੰਦੂ ਡਾਕਟਰ ਜੋ 1947 ਤੇ ਇੱਕ ਛੋਟਾ ਬੱਚਾ ਸੀ, ਕੁੱਝ ਸਾਲ ਪਹਿਲਾਂ ਇਸ ਪਿੰਡ ਦਾ ਦੌਰਾ ਕੀਤਾ ਅਤੇ ਮੇਰੇ ਪਿਤਾ ਨੂੰ ਮਿਲਿਆ. ਮੈਂ ਵੀ ਉਨ੍ਹਾਂ ਨੂੰ ਮਿਲਿਆ. ਉਹ ਚੋਆ ਖਾਲਸਾ ਰਿਫਯੂਜੀ ਐਸੋਸੀਐਸ਼ਨ, ਦਿੱਲੀ ਦਾ ਪ੍ਰਮੁਖ ਸੀ. ਉਨਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦੇ ਬਜ਼ੁਰਗ ਆਪਣੇ ਪੁਰਾਣੇ ਵਤਨ ਅਤੇ ਅਕਸਰ ਪੁਰਾਣੇ ਵਕਤ ਨੂੰ ਯਾਦ ਕਰਦੇ ਹੋਏ ਗੱਲਬਾਤ ਕਰਦੇ ਸੀ.'

ਅਹਿਮਦ ਸਲੀਮ ਅਤੇ ਮੈਂ 11 ਦਸੰਬਰ 2004 ਨੂੰ, ਮੁਸਲਿਮ ਰਾਜਪੁਤਾਂ ਦੇ ਇੱਕ ਪਿੰਡ ਚਕ ਬੇਲੀ ਖ਼ਾਨ ਦਾ ਦੌਰਾ ਕੀਤਾ. ਦੋ ਦਿਨਾਂ ਬਾਅਦ, ਅਸੀਂ ਅਟੱਕ ਜ਼ਿਲ੍ਹੇ ਦੇ ਪਰਿਆਲ ਪਿੰਡ ਵੀ ਗਏ.

ਅਮੀਰ ਖ਼ਾਨ

‘ਮਾਰਚ 1947 ਤੇ ਪਿੰਡ ਵਿੱਚ ਮੁਸਲਿਮ ਅਤੇ ਸਿੱਖਾਂ ਦੀ ਤਦਾਦ ਬਰਾਬਰ ਸੀ. ਸਾਰੇ ਮੁਸਲਿਮ ਵਾਹੀ ਕਰਦੇ ਸੀ. ਚਕ ਬੇਲੀ ਖ਼ਾਨ ਦੇ ਕੁੱਝ ਹਿੰਦੂ ਜੌਹਰੀ ਸਨ. ਕੁੱਝ ਸਿੱਖ ਛੋਟੇ ਕਿਸਾਨ ਸਨ ਪਰ ਉਨ੍ਹਾਂ ਦੇ ਜ਼ਿਆਦਾ ਲੋਕ ਵਪਾਰੀ ਅਤੇ ਸਾਹੂਕਾਰ ਸਨ. ਜ਼ਿਆਦਾਤਰ ਦੁਕਾਨਾਂ ਸਿੱਖਾਂ ਦੀ ਸੀ. ਉਨ੍ਹਾਂ ਦੀ ਬਹੁਤ ਵੱਡੀ ਦੁਕਾਨਾਂ ਸੀ. ਮੁਸਲਿਮਾਂ ਦੀ ਜਮੀਨ ਸਿੱਖਾਂ ਕੋਲ ਗਿਰਵੀ ਸੀ. ਵਜ੍ਹਾ ਇਹ ਸੀ ਕਿ ਕਿਸਾਨਾਂ ਦੇ ਖਰਚੇ ਆਮਦਨੀ ਤੋਂ ਹਮੇਸ਼ਾ ਜ਼ਿਆਦਾ ਹੁੰਦੇ ਸੀ. ਸਿੱਖ ਦੂਜੀ ਤਰਫ਼, ਕਿਫ਼ਾਇਤਸਾਰ ਸਨ. ਮੁਸਲਿਮ ਜ਼ਿਮੀਦਾਰ ਜਿਨ੍ਹਾਂ ਵੱਡਾ ਹੁੰਦਾ ਸੀ, ਸਿੱਖਾਂ ਦਾ ਉਹ, ਉਨ੍ਹਾਂ ਹੀ ਵੱਡਾ ਕਰਜ਼ਈ ਹੁੰਦਾ ਸੀ. ਸਾਡੇ ਵਾਲਿਦ ਨੇ ਤਕਰੀਬਨ 8 ਕਨਾਲ ਜ਼ਮੀਨ ਸਿੱਖਾਂ ਨੂੰ ਗਿਰਵੀ ਦੇ ਤੀ ਸੀ, ਪਰ ਸਰ ਛੋਟੂ ਰਾਮ ਨੇ ਇੱਕ ਕਾਨੂੰਨ ਲੈ ਆਉਂਦਾ, ਜਿਸ ਦੇ ਤਹਿਤ, ਅਗਰ ਕੋਈ ਜਮੀਨ ਇੱਕ ਖਾਸ ਵਕਤ ਤੱਕ ਗਿਰਵੀ ਲੀਤੀ ਹੋਵੇ, ਉਸ ਨੂੰ ਮੂਲ ਮਾਲਕਾਂ ਨੂੰ ਲੈਟਾ ਦੇਨਾ ਹੋਵੇਗਾ. ਇਸ ਤਰ੍ਹਾਂ, ਸਾਨੂ ਆਪਣੀ ਜ਼ਮੀਨ ਵਾਪਸ ਮਿਲ ਗਈ. ਸਾਡੇ ਪਿੰਡ ਦੇ ਹਿੰਦੂ ਗਰੀਬ ਸਨ; ਸਾਰੇ ਸੇਠ ਸਿੱਖ ਸਨ. ਸਾਡੀ ਉਨ੍ਹਾਂ ਦੇ ਨਾਲ ਕੋਈ ਦੁਸ਼ਮਨੀ ਨਹੀਂ ਸੀ, ਬਲਕਿ ਸਦਭਾਵਨਾ ਅਤੇ ਭਾਈਚਾਰਾ ਸੀ. ਜੋ ਸਿੱਖ ਮੁਸਲਿਮਾਂ ਦੀ ਜਮੀਨ ਗਿਰਵੀ ਰੱਖਦੇ ਸੀ, ਉਹ ਉਨ੍ਹਾਂ ਦੀ ਸੇਵਾ ਅਤੇ ਕਈ ਤਰ੍ਹਾਂ ਦੀ ਖ਼ਿਦਮਤ ਕਰਦੇ ਸੀ, ਤਾਂਕਿ ਉਹ ਉਨ੍ਹਾਂ ਦੇ ਖ਼ਿਲਾਫ਼ ਨਾ ਹੋ ਜਾਣ. ਮਜ਼ਬੀ ਫ਼ਰਕ ਦੇ ਚਲਦੇ, ਅਸੀਂ ਇੱਕ ਸਾਥ ਨਹੀਂ ਖਾਂਦੇ ਸੀ, ਪਰ ਉਹ ਮੁਸਲਿਮਾਂ ਨੂੰ ਕੱਚਾ ਖਾਣਾ ਭੇਜਦੇ ਸੀ. ਸਿੱਖ ਅਤੇ ਹਿੰਦੂ, ਇੱਕ ਖੂਹ ਤੋਂ ਪਾਨੀ ਲੈਂਦੇ ਸੀ ਅਤੇ ਮੁਸਲਿਮ ਦੂਜੇ ਤੋਂ. ਪਿੰਡ ਵਿੱਚ ਸਿਰਫ਼ ਦੋ ਹੀ ਖੁਹ ਸਨ. ਅਸੀਂ ਇਸ ਦਾ ਕੋਈ ਬੁਰਾ ਨਹੀਂ ਮਣਾਉਂਦੇ ਸੀ. ਇਥੋਂ ਜਿਆਦਤਰ ਲੋਕ ਫ਼ੌਜ਼ ਦੀ ਨੌਕਰੀ ਕਰਨਾ ਚਾਹੁੰਦੇ ਸੀ, ਕੁੱਝ ਸਿੱਖ ਅਤੇ ਹੋਰ ਵੀ ਘੱਟ ਹਿੰਦੂ ਫ਼ੌਜ਼ ਵਿੱਚ ਸਨ. ਮੈਂ ਫ਼ੌਜ਼ ਦੀ *ਵਾਇਰਲੈਸ* ਸੇਵਾ ਤੇ ਸੀ. ਸਾਡੀ ਯੂਨੀਟ ਦੇ ਹਿੰਦੂ, ਸਿੱਖ ਅਤੇ ਮੁਸਲਿਮ, ਸਾਰੇ ਸਨ.

‘ਸਭ ਕੁੱਝ ਇੱਕ ਅਫ਼ਵਾਹ ਤੋਂ ਸ਼ੁਰੂ ਹੋਇਆ. ਅਜੇ ਤਕ, ਮੈਨੂੰ ਨਹੀਂ ਪਤਾ ਕਿ ਅਫ਼ਵਾਹ ਫੈਲਾਉਣ ਵਾਲਾ ਕੌਣ ਸੀ. ਅਫ਼ਵਾਹ ਫੈਲ ਗਈ ਸੀ ਕਿ ਸਿੱਖ ਇੱਕ ਜਗ੍ਹ ਇਕੱਠਾ ਹੋ ਗਏ ਨੇ ਅਤੇ ਮੁਸਲਿਮਾਂ ਉਪਰ ਹਮਲਾ ਕਰ ਰਹੇ ਨੇ. ਜਦ ਇਹ ਅਫ਼ਵਾਹ ਸਾਡੇ ਪਿੰਡ ਪਹੁੰਚੀ, ਮੁਸਲਿਮਾਂ ਨੇ ਹਿੰਦੂਆਂ ਅਤੇ ਸਿੱਖਾਂ ਉਪਰ ਹਮਲਾ ਕਰਨਾ ਸ਼ੁਰੂ ਕਰ ਦਿੱਤਾ. ਕੁੱਝ ਮੁਸਲਿਮਾਂ ਨੇ ਉਨ੍ਹਾਂ ਦੀ ਹਿਫ਼ਾਜ਼ਤ ਕੀਤੀ. ਸਿੱਖ ਅਤੇ ਹਿੰਦੂ ਬੰਦੇ ਚਲੇ ਗਏ ਅਤੇ ਆਪਣੀ

ਖ਼ਵਾਤੀਨਾਂ ਨੂੰ ਭਰੋਸੇਮੰਦ ਦੋਸਤਾਂ ਦੇ ਹਵਾਲੇ ਰੱਖ ਗਏ. ਪਾਕਿਸਤਾਨ ਬਣਨ ਦੇ ਬਾਅਦ, ਉਹ ਪਾਕਿਸਤਾਨੀ ਅਤੇ ਇੰਡੀਆ ਦੀ ਫ਼ੌਜ਼ ਦੇ ਨਾਲ ਆਏ ਅਤੇ ਉਨ੍ਹਾਂ ਨੂੰ ਵਾਪਸ ਲੈ ਗਏ. ਇਨ ਔਰਤਾਂ ਨਾਲ ਕੋਈ ਜਬਰਦਸਤੀ ਨਹੀਂ ਕੀਤੀ ਗਈ. ਇਥੇ ਕੋਈ ਹਲਾਕ ਨਹੀਂ ਹੋਇਆ. ਮੇਰੇ ਵਾਲਿਦ ਚੌਧਰੀ ਬੇਲੀ ਖ਼ਾਨ ਅਤੇ ਚਾਚਾ ਚੌਧਰੀ ਮਹਬੂਬ ਖ਼ਾਨ, ਅਲੀ ਸਫ਼ਦਰ ਦੇ ਵਾਲਿਦ (ਪਿੰਡ ਵਿੱਚ ਸਾਡਾ ਵਾਕਫ਼ - ਲੇਖਕ) ਨੇ ਕਈ ਹਿੰਦੂ ਅਤੇ ਸਿੱਖ ਜਾਨਾਂ ਬਚਾਇਆਂ. ਉਨ੍ਹਾਂ ਨੇ ਕਿਸੇ ਘਰ ਨੂੰ ਤਬਾਹ ਨਹੀਂ ਹੋਣ ਦਿੱਤਾ. ਅਤੇ, ਕੋਈ ਹਮਲਾ ਨਹੀਂ ਹੋਇਆ, ਪਰ ਰਾਤ ਨੂੰ ਸਿੱਖਾਂ ਦੀ ਦੁਕਾਨਾਂ ਲੁੱਟਿਆਂ ਗਈਆਂ.'

ਹਾਜੀ ਮੁਹੱਮਦ ਹਨੀਫ਼

'ਮੈਂ ਚੌਥੀ ਕਲਾਸ ਤੇ ਸੀ. ਮੈਂ ਅਤੇ ਮੇਰੇ ਚਾਚਾ, ਜੋ ਇੱਕ ਸਕੂਲ ਅਧਿਆਪਕ ਸਨ, ਇੱਕ ਸਕਾਲਰਸ਼ਿਪ ਦੇ ਇਮਤਿਹਾਨ ਲਈ, ਫ਼ਤੇਹਜੰਗ, ਜ਼ਿਲ੍ਹਾ ਅੱਟਕ ਗਿਆ ਸੀ. ਇਮਤਿਹਾਨ ਦੇ ਬਾਅਦ, ਅਸੀਂ ਦੁਪਹਿਰ ਨੂੰ ਰਾਵਲਪਿੰਡੀ ਵਾਪਸ ਆਏ, ਸ਼ਾਇਦ ਮਾਰਚ ਦੀ ਸ਼ੁਰੂਆਤ ਸੀ. ਉਣ ਦਿਨਾਂ ਤੇ, ਦੁਪਹਿਰ ਬਾਰਾਂ ਵਜੇ, ਸਿਰਫ਼ ਇੱਕ ਬਸ ਲਿਆਕਤ ਬਾਘ ਤੋਂ ਸਾਡੇ ਪਿੰਡ ਆਉਂਦੀ ਸੀ. ਜਦ ਸਾਡੇ ਪਿੰਡ ਗੜਬੜ ਸ਼ੁਰੂ ਹੋਈ, ਤਦ ਸਿੱਖ ਅਤੇ ਹਿੰਦੂ ਇੱਕ ਵੱਡੀ ਇਮਾਰਤ ਤੇ ਇਕੱਠਾ ਹੋ ਗਏ. ਲੋਕਾਂ ਨੇ ਬਰਛੇ, ਛੁਰੇ ਅਤੇ ਲੰਬੇ ਡੰਡੇ ਫੜੇ ਹੋਏ ਸੀ ਅਤੇ ਗੈਰ-ਮੁਸਲਿਮਾਂ ਦੀ ਦੁਕਾਨਾਂ ਲੁੱਟੀ ਜਾ ਰਹਿਆਂ ਸਨ. ਇਹ ਸਭ ਕੁੱਝ ਇਥੇ ਚਕ ਬੇਲੀ ਖ਼ਾਨ ਤੇ ਹੋਇਆ, ਪਰ ਕੋਈ ਹਲਾਕ ਨਹੀਂ ਹੋਇਆ. ਫ਼ੌਜ਼ ਆਉਣ ਤੋਂ ਪਹਿਲਾਂ, ਦੁਕਾਨਾਂ ਨੂੰ ਲੁੱਟ ਲੀਤਾ ਗਿਆ. ਹਿੰਦੂਆਂ ਅਤੇ ਸਿੱਖਾਂ ਨੂੰ ਇਸਲਾਮ ਕਬੂਲ ਕਰਣ ਨੂੰ ਕਿਹਾ ਗਿਆ. ਮੈਨੂੰ ਯਾਦ ਹੈ, ਉਹ ਇੱਕ ਕਤਾਰ ਤੇ ਖੜ੍ਹੇ ਸੀ ਅਤੇ ਉਨ੍ਹਾਂ ਨੂੰ ਛੋਟੇ ਛੋਟੇ ਸਮੂਹਾਂ ਵਿੱਚ ਮਸੀਤ ਤੇ ਲੈ ਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਕਲਿਮਾ ਪੜ੍ਹਾਇਆ ਗਿਆ. ਉਨ੍ਹਾਂ ਦੇ ਕੇਸ਼ ਅਤੇ ਦਾੜ੍ਹੀਆਂ ਮੁੱਨ ਦਿੱਤੀ ਗਈਆਂ. ਜਦ ਫ਼ੌਜ਼ ਆਈ, ਉਹ ਚਲੇ ਗਏ. ਇਹ ਸਭ ਕੁੱਝ ਅਫ਼ਵਾਹਾਂ ਦੇ ਚਲਦਿਆਂ ਹੋਇਆ. ਇਸ ਇਲਾਕੇ ਤੇ ਮੁਸਲਿਮ ਲੀਗ ਮੌਜੂਦ ਸੀ. ਸ਼ਾਇਦ ਉਨ੍ਹਾਂ ਨੇ ਹੀ ਅਫ਼ਵਾਹਾਂ ਫੈਲਾਇਆਂ. ਇੱਕ ਪਿੰਡ ਤੋਂ ਸਾਨੂ ਦੋ ਅਲਗ ਅਲਗ ਵਰਣਨ ਮਿਲੇ ਕਿ ਮਾਰਚ 1947 ਨੂੰ ਚਕ ਬੇਲੀ ਖ਼ਾਨ ਤੇ ਕਿ ਹੋਇਆ ਸੀ. ਪਰ ਦੋਵ਼ੇ ਇੰਟਰਵਿਊ ਦੇਣ ਵਾਲੇਆਂ ਨੇ ਕਿਹਾ ਕਿ ਕੋਈ ਹਲਾਕ ਨਹੀਂ ਹੋਇਆ ਸੀ.

ਪਰਿਆਲ

ਹਾਜੀ ਮੁਹੱਮਦ ਸ਼ਰੀਫ਼

'ਪਰਿਆਲ ਤੇ ਫ਼ਸਾਦ ਤਦ ਹੋਏ ਜਦ ਅਸੀਂ ਸੁਣਿਆ ਕਿ ਪੂਰਬੀ ਪੰਜਾਬ ਤੇ ਮੁਸਲਿਮਾਂ ਨੂੰ ਹਜ਼ਾਰਾਂ ਦੀ ਤਦਾਦ ਤੇ ਮਾਰੀਆਂ ਜਾ ਰਿਹਾ ਸੀ (ਸ਼ਾਇਦ ਨਵੰਬਰ 1946 ਤੇ ਬਿਹਾਰ ਦੇ ਕਤਲੇਆਮ ਦਾ ਭਰਮ ਸੀ- ਲੇਖਕ). ਬਾਬੂ ਕਰਮ ਸਿੰਘ ਸਾਡੇ ਅਧਿਆਪਕ ਸਨ. ਸਿਰਫ਼, ਉਹ ਅੰਗ੍ਰੇਜ਼ੀ ਪਢ਼ ਸਕਦੇ ਸੀ. ਉਹ ਇੱਕ ਮਹਾਨ ਇਨਸਾਨ ਸਨ. ਇੱਕ ਦਿਨ, ਰਮਜ਼ਾਨ ਦੇ ਮਹੀਨੇ ਤੇ, ਬਹਾਦਰ ਖ਼ਾਨ ਨਾਂਅ ਦੇ ਇੱਕ ਸ਼ਕਸ ਨੇ ਉਨ੍ਹਾਂ ਨੂੰ ਪੁੱਛਿਆ, "ਤੁਸੀਂ ਪਾਣੀ ਜਾਂ ਹੋਰ ਕੁੱਝ ਪੀਉਗੇ?" ਬਾਬੂ ਕਰਮ ਸਿੰਘ ਨੇ ਕਿਹਾ, " ਉ ਬਹਾਦਰ ਖ਼ਾਨ, ਤੁਸੀਂ ਮੇਰੀ ਬੇਅਦਬੀ ਕਰ ਰਹੇ ਹੋ. ਮੈਂ ਕਦੀ ਰਮਜ਼ਾਨ ਦੇ ਮਹੀਨੇ, ਆਪਣੇ ਘਰ ਵਿੱਚ ਵੀ ਪਾਣੀ ਨਹੀਂ ਪੀਂਦਾ ਹਾਂ."

'ਪਿੰਡ ਦੇ ਬਜ਼ੁਰਗਾਂ ਨੇ ਇੱਕ ਸਮਝੌਤਾ ਕਰ ਲੀਤਾ ਸੀ ਕਿ ਅਗਰ ਪਿੰਡ ਉਪਰ ਕੋਈ ਹਮਲਾ ਹੁੰਦਾ ਸੀ ਤੇ ਉਹ ਸਬ, ਮਿਲ ਕੇ ਮੁਕਾਬਲਾ ਕਰਣਗੇ. ਪੜੋਸ ਦੇ ਪਿੰਡ ਤੋਂ ਮੁਸਲਿਮ ਨਗਾੜਾ ਵਜਾਂਦੇ ਹੋਏ ਅਤੇ ਤਲਵਾਰਾਂ ਹੋਰ ਬਰਛੇ ਨਾਲ ਲੈਸ ਹੋ ਕੇ ਆ ਗਏ. ਉਹ ਸਾਡੇ ਹਿੰਦੂਆਂ ਅਤੇ ਸਿਖਾਂ ਉਪਰ ਹਮਲਾ ਕਰਨਾ ਚਾਹੁੰਦੇ ਸੀ, ਪਰ ਅਸੀਂ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ. ਹਾਲਾਤ ਬੇਕਾਬੂ ਹੋ ਗਏ, ਜਦ ਪੂਰਬੀ ਪੰਜਾਬ ਤੋਂ ਮੁਸਲਿਮ ਆਏ ਅਤੇ ਸ਼ਥਾਨਕ ਲੋਕਾਂ ਨੂੰ ਆਪਣੇ ਦਰਦ ਬਾਰੇ ਦੱਸਿਆ. ਸਾਡੇ ਪਿੰਡ ਦੇ ਕੁੱਝ ਲੋਕ ਜੋ ਪਹਿਲਾਂ ਫ਼ੌਜ਼ ਤੇ ਸਨ, ਹਾਲ ਤੇ ਉਨ੍ਹਾਂ ਨੂੰ ਘਰ ਵਾਪਸ ਭੇਜ ਦਿੱਤਾ ਗਿਆ ਸੀ. ਇਸ ਤੋਂ ਪਹਿਲਾਂ ਉਨ੍ਹਾਂ ਦੀ ਪਟਨਾ ਬਿਹਾਰ ਤੇ ਤਇਨਾਤੀ ਸੀ. ਫ਼ਜਲ ਬੇਗ, ਖ਼ਾਨ ਮੁਹੱਮਦ, ਅਤੇ ਲਾਲਾ ਸ਼ਾਨ ਮੁਹੱਮਦ ਨੇ ਇਸ ਹਮਲੇ ਦੀ ਤਰਤੀਬ ਤਿਆਰ ਕੀਤੀ. ਉਨ੍ਹਾਂ ਦੇ ਕੋਲ ਗ੍ਰੇਨੇਡ ਅਤੇ ਦੂਜਾ ਅਸਲਾ ਸੀ. ਸਿੱਖਾਂ ਨੇ ਆਪਣਾ ਅਸਲਾ ਗੁਰਦੁਆਰੇਆਂ ਤੇ ਰੱਖਿਆ ਸੀ. ਮੁਸਲਿਮਾਂ ਨੇ ਫ਼ੈਸਲਾ ਕੀਤਾ ਕਿ ਉਹ ਮਸੀਤ ਦੀ ਇਮਾਰਤ ਦੇ ਉਪਰ ਚੜ੍ਹ ਕੇ, ਗੁਰਦੁਆਰੇ ਉੱਪਰ, ਜੋ ਮਸੀਤ ਦੇ ਬਿਲਕੁਲ ਕਰੀਬ ਸੀ, ਗ੍ਰੇਨੇਡ ਸੁੱਟ ਦੇਣਗੇ. ਸਾਰੇ ਹਮਲਾਵਰ ਸਾਡੇ ਪਿੰਡ ਦੇ ਸੀ.

'ਸਰਕਾਰੀ ਸੇਵਾ ਤੋਂ ਰਿਟਾਇਰ ਹੋਣ ਤੋਂ ਪਹਿਲਾਂ ਮੈਂ ਸਿੰਧ ਤੇ ਕੱਮ ਕੀਤਾ ਅਤੇ ਗੌਰ ਕੀਤਾ ਕਿ ਜਿੱਥੇ ਹਿੰਦੂ ਮਜਾਰਿਟੀ ਤੇ ਸਨ, ਛੋਟੀ ਜਾਤਾਂ ਦੇ ਲੋਕਾਂ ਨਾਲ ਉਹ ਬੇਹਦ ਖ਼ਰਾਬ ਸਲੂਕ ਕਰਦੇ ਸੀ. ਅਗਰ ਕਿਸੇ ਭੀਲ ਨੂੰ ਅਸੀਂ ਚਾਹ ਜਾਂ ਹੋਰ ਕੋਈ ਚੀਜ ਦੇਂਦੇ, ਉਹ ਆਪਣੇ ਛੋਟੇ ਦਰਜੇ ਤੇ ਚਲਦੇ, ਝਿਜਕਦਾ. ਪਾਕਿਸਤਾਨ ਬਣਨ ਦੀ ਅਸਲੀ ਵਜ੍ਹਾ ਇਹ ਹੈ ਕਿ ਹਿੰਦੂ ਜਾਤੀ ਪ੍ਰਥਾ ਇਨਸਾਨਾ ਦੀ ਬੇਇੱਜ਼ਤੀ ਸੀ, ਜਦ ਕਿ ਇਸਲਾਮ ਸਭ ਨੂੰ ਬਰਾਬਰ ਸਮਝਦਾ ਹੈ. ਮੁਸਲਿਮ ਅਤੇ ਗੈਰ-ਮੁਸਲਿਮ ਦੋ ਮੁਖ਼ਤਲਿਫ਼ ਲੋਕ ਨੇ. ਸਿੱਖਾਂ ਨੇ ਹਿੰਦੂਆਂ ਨਾਲ ਮਿਲ ਕੇ ਮੁਸਲਿਮਾਂ ਨੂੰ ਬੇਹਦ ਪੀੜਤ ਕੀਤਾ. ਇਹ ਅਹਿਮ ਨਹੀਂ ਹੈ ਕਿ ਮੇਰੇ ਵੱਡ-ਵਡੇਰੇ ਹਿੰਦੂ ਰਾਜਪੂਤ ਸਨ; ਅਸਲ ਫ਼ਰਕ ਮਜ਼ੂਬ ਦਾ ਹੈ.

ਫ਼ੈਜ਼ ਜ਼ਮਾਨ

'ਮੇਰਾ ਜਨਮ 1929 ਤੇ ਹੋਇਆ. ਮੈਂ ਸਾਰੀ ਜ਼ਿੰਦਗੀ ਪਾਕਿਸਤਾਨੀ ਫ਼ੌਜ਼ ਦੀ ਮੁਲਾਜ਼ਮਤ ਕੀਤੀ ਅਤੇ ਰਿਟਾਇਰ ਹੋ ਕੇ ਵਾਪਸ ਪਰਿਆਲ ਆ ਗਿਆ. ਜਿਸ ਸ਼ਕਸ ਨੇ ਗੁਰਦੁਆਰੇ ਦੇ ਅੰਦਰ ਗ੍ਰੇਨੇਡ ਸੁੱਟਿਆ, ਉਸ ਦਾ ਨਾਂਅ ਅਕਬਰ ਖ਼ਾਨ ਸੀ, ਜੋ ਫ਼ੌਜ਼ ਛੱਡ ਕੇ ਆ ਗਿਆ ਸੀ. ਅਕਬਰ ਖ਼ਾਨ ਨੇ ਚੀਕ ਕੇ ਕਿਹਾ, "*ਨਾਅਰਾ-ਏ-ਤਕਬੀਰ, ਅੱਲ੍ਹਾ ਹੋ ਅਕਬਰ.*" ਇਸ ਦੇ ਬਾਅਦ, ਕਈ ਦੂਜੇ ਵੀ ਨਾਅਰੇਬਾਜ਼ੀ ਕਰਣ ਲਗੇ. ਫ਼ਿਰ ਲੋਕ ਗੈਰ-ਮੁਸਲਿਮਾਂ ਦੀ ਸੰਪਤੀ ਲੁੱਟਣ ਲਗੇ. ਬਾਬੂ ਕਰਮ ਸਿੰਘ ਮੈਨੂੰ ਆਪਣੇ ਘਰ ਲੈ ਗਏ. ਮੇਰੇ ਮਾਮਾ ਅਤੇ ਬਾਬੂ ਕਰਮ ਸਿੰਘ ਸਗੇ ਭਰਾਵਾਂ ਦੀ ਤਰ੍ਹਾਂ ਸਨ. ਉਹ ਸਾਡੇ ਘਰ ਖਾਂਦੇ ਸੀ ਅਤੇ ਅਸੀਂ ਉਨ੍ਹਾਂ ਦੇ. ਉਨ੍ਹਾਂ ਨੇ ਆਪਣੀ ਬੇਟਿਆਂ ਨੂੰ ਕਿਹਾ ਕਿ ਉਹ ਮੇਰੇ ਨਾਲ ਮੇਰੇ ਮਾਮੇ ਦੇ ਘਰ ਚਲੀ ਜਾਣ. ਉਹ ਲੜਕੀਆਂ ਛੋਟਿਆਂ ਸਨ. ਮੈਂ ਵੇਖਿਆ ਲੋਕ ਅੱਗ ਲਗਾ ਰਹੇ ਸੀ. ਅੱਗਜਨੀ ਕਰਣ ਵਾਲੇ ਬਾਹਰ ਦੇ ਨਹੀਂ ਸੀ. ਉਹ ਪਰਿਆਲ ਤੋਂ ਸਨ. ਦੋ ਦਿਨ ਤੱਕ ਅੱਗ ਜਲਦੀ ਰਹੀ. ਮੈਂ ਇੱਕ ਕੁੜੀ ਨੂੰ ਵੇਖਿਆ ਜੋ ਇੱਕ ਟੋਅ ਤੇ ਲੁਕੀ ਹੋਈ ਸੀ. ਅਸੀਂ ਉਸ ਨੂੰ ਬਾਹਰ ਆ ਕੇ ਕਲਿਮਾ ਪੜ੍ਹਣ ਨੂੰ ਕਿਹਾ, ਪਰ ਉਸ ਨੇ ਮਨ੍ਹਾਂ ਕਰ ਦਿੱਤਾ. ਉਸ ਨੇ ਆਪਣੇ ਆਪ ਨੂੰ ਅੱਗ ਲਗਾ ਲੀਤੀ. ਬਾਬੂ ਕਰਮ ਸਿੰਘ ਬੱਚ ਗਏ; ਉਨ੍ਹਾਂ ਦੀ ਪਤਨੀ ਅਤੇ ਬੇਟੀਆਂ ਵੀ ਬੱਚ ਗਈਆਂ. ਉਹ ਸਾਡੇ ਮਾਮੇ ਦੇ ਘਰ ਰਹੇ. ਕਿਸੇ ਨੇ ਉਨ੍ਹਾਂ ਦੇ ਉਪਰ ਹਮਲਾ ਨਹੀਂ ਕੀਤਾ. ਫ਼ੌਜ਼ ਚੌਥੇ ਦਿਨ ਆਈ. ਜਾਣ ਲਗੇ, ਬਾਬੂ ਕਰਮ

ਸਿੰਘ ਨੇ ਮੇਰੇ ਮਾਮੇ ਨੂੰ ਕਿਹਾ, "ਤੁਸੀ ਮੇਰੇ ਸਾਰੇ ਪੈਸੇ ਲੈ ਸਕਦੇ ਹੋ", ਪਰ ਮੇਰੇ ਮਾਮੇ ਨੇ ਕਿਹਾ, "ਮੈਂ ਤੁਹਾਨੂ ਆਪਣਾ ਭਰਾ ਕਿਹਾ ਹੈ, ਅਤੇ ਤੁਹਾਡੇ ਪੈਸੈ ਮੈਂ ਕੈਦਾਂ ਲੈ ਸਕਦਾ ਹਾਂ?" ਉਨ੍ਹਾਂ ਨੇ ਕਰਮ ਸਿੰਘ ਨੂੰ ਕਿਹਾ, "ਤੁਸੀ ਇੱਕ ਮੁਸਲਿਮ ਬਣ ਜਾਉ ਅਤੇ ਮੈਂ ਤੁਹਾਨੂ ਯਕੀਨ ਦੇ ਸਕਦਾ ਹਾਂ ਕਿ ਤੁਹਾਡਾ ਕੋਈ ਨੁਕਸਾਨ ਨਹੀਂ ਕਰ ਸਕੇਗਾ." ਪਰ ਉਨ੍ਹਾਂ ਨੇ ਮੱਨ੍ਹਾ ਕਰ ਦਿੱਤਾ ਅਤੇ ਚਲੇ ਗਏ. ਉਨ੍ਹਾਂ ਦੀ ਪਤਨੀ ਅਤੇ ਤਿੰਨ ਬੇਟੀਆਂ ਵੀ ਬੱਚ ਗਈਆਂ.

'ਇੱਕ ਸਿੱਖ ਇਥੇ ਰਹਿ ਗਿਆ. ਉਸ ਨੇ ਇਸਲਾਮ ਕਬੂਲ ਕਰ ਲੀਤਾ. ਬਾਅਦ ਵਿੱਚ ਉਹ ਕਾਫ਼ੀ ਬਜ਼ੁਰਗ ਹੋ ਕੇ ਗੁਜਰ ਗਿਆ. ਉਹ ਬੜੀ ਜੋਰ ਦੀ ਕਲਿਮਾ ਪੜ੍ਹਦਾ ਸੀ. ਕੁੱਝ ਸਿੱਖ ਬਹੁਤ ਅਮੀਰ ਸਨ. ਸੇਵਾ ਸਿੰਘ ਉਨ੍ਹਾਂ ਦੇ ਵਿੱਚ ਇੱਕ ਸੀ. ਜਦ ਉਨ੍ਹਾਂ ਦੀ ਬੇਟੀ ਦਾ ਵਿਆਹ ਹੋਇਆ, ਮੇਰੇ ਵਾਲਿਦ ਨੇ ਉਸ ਨੂੰ 100 ਰੁਪਏ ਦਿੱਤੇ. ਸਿੱਖ ਸਾਨੂ ਕਪੜੇ ਦੇਂਦੇ ਸੀ. ਇਸ ਪਿੰਡ ਅਤੇ ਆਲੇ-ਦੁਆਲੇ ਦੇ ਪਿੰਡਾ ਦੇ ਕੁੱਝ ਸਿੱਖ, ਇਥੇ ਇੱਕ ਜਾਂ ਦੋ ਬਾਰ, ਬਾਅਦ ਤੇ ਆਏ, ਜਦ ਉਹ ਹਸਨ ਅਬਦਾਲ ਸਥਿਤ ਪੰਜਾ ਸਾਹਿਬ ਦੇ ਦਰਸ਼ਨ ਕਰਣ ਆਏ ਸੀ.

'ਲੱਗਭਗ 300 ਪਰਵਾਰਾਂ ਦਾ ਸਫਾਇਆ ਹੋ ਗਿਆ. ਕੁੱਝ ਲੋਕ ਹੀ ਬੱਚ ਪਾਏ. ਮੁਸਲਿਮ ਗਰੀਬ ਸਨ. ਉਨ੍ਹਾਂ ਨੇ ਸਭ ਕੁੱਝ ਲੁੱਟ ਲੀਤਾ. ਕੁੱਲ ਮਿਲਾ ਕੇ ਕੋਈ 1,000 ਬੰਦੇ ਮਾਰੇ ਗਏ. ਅਸੀਂ ਕਦੀ ਨਹੀਂ ਸੋਚਿਆ ਕਿ ਅਸੀਂ ਕੁੱਝ ਗਲਤ ਕੱਮ ਕੀਤਾ ਹੈ. ਸਾਡੇ ਪਿੰਡ ਤੇ ਉਨ੍ਹਾਂ ਦੇ 300 ਪਰਵਾਰ ਸਨ, ਪਰ ਤਾਂ ਵੀ ਉਹ ਇੱਕ ਮਾਇਨਾਰਿਟੀ ਤੇ ਸਨ. ਹਮਲੇ ਤੋਂ ਪਹਿਲਾ ਪੀਰ ਮੁਕੀਮ ਪਰਿਆਲ ਆਏ. ਉਹ ਆਏ ਅਤੇ ਸਾਡੇ ਲੋਕਾਂ ਨੂੰ ਕਿਹਾ, "ਤੁਸੀਂ ਕੁਝ ਕਰ ਨਹੀਂ ਰਹੇ ਹੋ ਜਦ ਕਿ ਪੂਰਬੀ ਪੰਜਾਬ ਤੇ ਮੁਸਲਿਮਾਂ ਨੂੰ ਸਿੱਖ ਅਤੇ ਹਿੰਦੂ ਹਲਾਕ ਕਰ ਰਹੇ ਨੇ." ਇਸ ਨੇ ਪੱਕੇ ਤੌਰ ਤੇ ਸਾਡੇ ਲੋਕਾ ਨੂੰ ਉਤੇਜਤ ਕਰ ਦਿੱਤਾ. ਉਨ੍ਹਾਂ ਦਾ ਬੇਟਾ ਪੀਰ ਕਰਮ ਸ਼ਾਹ, ਬਾਅਦ ਤੇ, ਇਸਲਾਮੀਕ ਇਡਿਉਲੈਜੀ ਔਫ ਪਾਕਿਸਤਾਨ ਦਾ ਸਦੱਸ ਸੀ.'

ਇਹ ਗੌਰ ਕਰਨ ਦੀ ਗੱਲ ਹੈ ਕਿ ਪਰਿਆਲ ਦੇ ਕਤਲੇਆਮ ਦੇ ਵਕਤ ਨੂੰ ਲੈ ਕੇ ਥੋੜੀ ਉਲਝਣ ਹੈ. ਇਹ ਮੁਮਕਿਨ ਹੈ ਕਿ ਇਹ ਅਗਸਤ ਤੇ ਹੋਇeਾ ਨਾ ਕਿ ਮਾਰਚ ਤੇ. ਮੈਨੂੰ ਇਹ ਲਗਿਆ, ਜਦ ਇੰਟਰਵਿਊ ਦੇਣ ਵਾਲੇ ਦੋਨੋ ਲੋਕਾ ਨੂੰ ਅਤੇ ਨਾਲ ਬੈਠੇ ਬਜ਼ੁਰਗਾਂ ਨੂੰ, ਮੈਂ ਸੁਣਿਆ.

ਇੱਕ ਹਿੰਦੂ ਵਾਲੰਟੀਅਰ ਜਿਹਲਮ ਤੇ ਇੱਕ ਕੈਂਪ ਵਿੱਚ ਹੋਈ ਕਰੂਰਤਾ ਨੂੰ ਯਾਦ ਕਰਦਾ ਹੈ

ਡਾ.ਜਗਦੀਸ਼ ਚੰਦਰ ਸਰੀਨ, ਜਿਨ੍ਹਾਂ ਦਾ ਮੈਂ 24 ਅਕਤੂਬਰ 1999 ਨੂੰ ਇੰਟਰਵਿਊ ਲੀਤਾ ਸੀ, ਜਦ ਮੈਂ ਪੰਜਾਬ ਦੀ ਤਕਸੀਮ ਉਪਰ ਜ਼ਬਾਨੀ ਇਤਿਹਾਸ ਇਕੱਠਾ ਕਰਨਾ ਸ਼ੁਰੂ ਕੀਤਾ ਸੀ, ਜਿਹਲਮ ਤੇ ਇੱਕ ਕੈਂਪ ਵਿੱਚ ਵਾਲੰਟੀਅਰ ਸਨ, ਜੋ ਰਾਵਲਪਿੰਡੀ ਦੇ ਪਿੰਡਾ ਤੋਂ ਕਢੇ ਗਏ ਲੋਕਾ ਦੀ ਦੇਖ-ਭਾਲ ਕਰ ਰਹੇ ਸੀ. ਉਨ੍ਹਾਂ ਨੇ ਮੈਨੂੰ ਕਿਹਾ: 'ਮਾਰਚ 1947 ਤੇ ਮੈਂ ਲਾਹੌਰ ਤੇ ਸੀ. ਮੈਂ ਦੂਜੇ ਦੋ ਡਾਕਟਰਾਂ ਨਾਲ ਅੱਗੇ ਆ ਕੇ, ਜਿਹਲਮ ਦੇ ਬਾਹਰ ਸਥਾਪਤ ਕੈਂਪਾਂ ਤੇ ਜਾਣ ਦਾ ਫ਼ੈਸਲਾ ਕੀਤਾ, ਜਿੱਥੇ ਫ਼ਸਾਦਾਂ ਤੋਂ ਬਚੇ ਲੋਕ ਇਕੱਠਾ ਹੋਏ ਸੀ. ਇਹ ਇੱਕ ਬੇਹਦ ਤਰਸਯੋਗ ਨਜ਼ਾਰਾ ਸੀ. ਮੈਂ ਕਈ ਲੂਲ੍ਹੇ ਕੀਤੇ ਅਤੇ ਸ਼ਕਲ ਵਿਗਾੜੇ ਲੋਕਾਂ ਨੂੰ ਵੇਖਿਆ. ਕੁੱਝ ਮਾਮਲੇਆਂ ਤੇ, ਬੇਮਿਸਾਲ ਬਰਬਰਤਾ ਨਾਲ ਵਿਕ੍ਰਿਤੀਆਂ ਕੀਤੀ ਗਈਆਂ ਸਨ. ਮੈਂ ਇੱਕ ਪੈਥੋਲੋਜਿਸਟ ਹੋਣ ਦੇ ਬਾਵਜੂਦ, ਬੂਰੀ ਤਰ੍ਹਾਂ ਹਿਲ ਗਿਆ ਸੀ. ਹਮਲਾਵਰਾਂ ਨੇ ਔਰਤਾਂ ਦੇ ਸੀਨੇ ਵੱਡ ਦਿੱਤੇ ਸੀ ਅਤੇ ਉਨ੍ਹਾਂ ਨੂੰ ਕਈ ਵਾਰ ਜਬਰ

ਜਨਾਹ ਕੀਤਾ ਸੀ. ਬੰਦੇਆਂ ਨੂੰ ਵੀ ਚਿਹਰੇ ਖਰਾਬ ਕਰ ਦੇਣ ਵਰਗੇ ਵਹਿਸ਼ੀਪਨ ਦਾ ਸ਼ਿਕਾਰ ਬਣਾਇਆ ਗਿਆ. ਕੁੱਝ ਬੱਚੇਆਂ ਨੂੰ, ਜਿਣ ਵਿੱਚ ਦੁੱਧ ਪੀਂਦੇ ਬੱਚੇ ਵੀ ਸਾਮਲ ਸਨ, ਉਨ੍ਹਾਂ ਨੂੰ ਤਿੱਖੀ ਬਰਛੀ-ਵਰਗੇ ਹਥਿਆਰਾਂ ਨਾਲ ਵਿੰਨ੍ਹਿਆ ਗਿਆ ਅਤੇ ਫਿਰ, ਉਨ੍ਹਾਂ ਦੇ ਸ਼ਰੀਰ ਨੂੰ ਹਵਾ ਵਿੱਚ ਘੁਮਾਇਆ ਗਿਆ ਸੀ. ਉਨ੍ਹਾਂ ਦੇ ਵਿੱਚ ਸਿਰਫ਼ ਕੁੱਝ ਹੀ ਬੱਚ ਪਾਏ. ਜਦ ਅਸ਼ੀਂ ਜ਼ਿੰਦਾ ਬਚੇ ਲੋਕਾ ਨਾਲ ਗੱਲ ਕੀਤੀ ਤਦ ਪਤਾ ਚਲਿਆ ਕਿ ਹਮਲਾਵਰਾਂ ਨੂੰ ਉਣ ਲੋਕਾ ਨੇ ਤਾਲੀਮ ਦਿੱਤੀ ਸੀ, ਜੋ ਯੂ.ਪੀ. ਅਤੇ ਬਿਹਾਰ ਤੋਂ ਆਏ ਸੀ. ਮੁਅੱਤਲ ਕੀਤੇ ਮੁਸਲਿਮ ਫ਼ੌਜੀ ਜੋ ਦੂਜੇ ਆਲਮੀ ਜੰਗ ਤੇ, ਅਲਗ ਮੁਲਕਾਂ ਵਿੱਚ ਸੇਵਾ ਕਰ ਕੇ ਲੈਟੇ ਸੀ, ਸਾਰੀ ਤਰਤੀਬ ਉਨ੍ਹਾਂ ਦੀ ਲਗਦੀ ਸੀ.'

ਉੱਤਰੀ ਪੰਜਾਬ ਦੇ ਹਮਲੇਆਂ ਉਪਰ ਸਰਕਾਰੀ ਰਿਪੋਰਟਾਂ

ਨੰ.560 ਦਾ ਇਨਕਲੋਜਰ
ਜਨਰਲ ਮੇਸੇਰਵੀ ਦਾ ਨੋਟ

ਉੱਤਰੀ ਪੰਜਾਬ ਦੀ ਗੜਬੜ ਬਾਰੇ ਕੁੱਝ ਟਿੱਪਣੀਆਂ

1. ਵਜ੍ਹਾਂ

ਪਹਿਲੀ ਵਜ੍ਹਾ ਸਿਆਸੀ-ਮਜ਼ੂਬੀ ਸੀ. ਹਾਲਾਂਕਿ ਮੁਸਲਿਮ ਲੀਗ ਇੱਕ ਸਿਆਸੀ ਪਾਰਟੀ ਸੀ, ਪਰ ਉਹ ਆਪਣਾ ਮੁੱਖ ਸਿਆਸੀ ਪ੍ਰਚਾਰ, ਕੁੱਝ ਵਕਤ ਤੋਂ, ਮਜ਼ੂਬੀ ਤੌਰ ਤੇ ਕਰ ਰਹੇ ਸੀ. ਇਸ ਨੇ ਪੰਜਾਬ ਦੇ ਮੁਸਲਿਮਾ ਨੂੰ ਬੇਹਦ ਮੁਤਾਸਰ ਕੀਤਾ. ਪਾਕਿਸਤਾਨ ਅਤੇ ਇਸਲਾਮ ਦੇ ਮੇਲ ਨੇ ਘੱਟ ਪੜ੍ਹੇ ਲਿਖੇ ਮੁਸਲਿਮਾਂ ਦੇ ਜੇਹਨ ਤੇ, ਇੱਕ ਲੱਗਭਗ ਅਟੱਲ ਤਾਕਤ ਮੁਹੱਈਆ ਕਰਾਈ. ਮੁਸਲਿਮ ਲੀਗ ਦੀ ਤੀਬਰ ਮੁੱਹਿਮ ਯੂਨੀਅਨਿਸਟ ਪੰਜਾਬ ਸਰਕਾਰ ਨੂੰ ਅਸਤੀਫਾ ਦੇਣ ਨੂੰ ਮਜਬੂਰ ਕਰਣ ਤੇ ਕਾਮਯਾਬ ਹੋ ਗਈ, ਅਤੇ ਇਸ ਦੇ ਬਾਅਦ, ਮਾਸਟਰ ਤਾਰਾ ਸਿੰਘ ਅਤੇ ਦੂਜੇ ਸਿੱਖ ਆਗੂਆਂ ਦੇ ਪਾਕਿਸਤਾਨ ਦੇ ਖ਼ਿਲਾਫ਼ ਭੜਕਾਉ ਬਿਆਨਾਂ ਨੇ, ਮੁਸਲਿਮ ਜਜ਼ਬੇ ਨੂੰ ਮਜ਼ੂਬੀ ਤੌਰ ਤੇ ਜਨੂਨੀ ਬਣਾ ਦਿੱਤਾ. ਮਜ਼ੂਬੀ ਜੋਸ਼ ਨੂੰ ਅੱਗ ਲਗਾਉਣ ਲਈ, ਸਿਰਫ਼ ਇੱਕ ਚਿਣਗਾਰੀ ਦੀ ਲੋੜ ਸੀ. ਇਹ ਚਿਣਗਾਰੀ, ਪਾਕਿਸਤਾਨ ਦੀ ਮੁਖ਼ਾਲਫ਼ਤ ਕਰਦੀ ਸਭਾਵਾਂ ਅਤੇ ਲਾਹੌਰ, ਅੱਮ੍ਰਿਤਸਰ, ਮੁਲਤਾਨ ਅਤੇ ਰਾਵਲਪਿੰਡੀ ਦੇ ਜਲੂਸਾਂ ਨੇ ਮੁਹੱਇਆ ਕਰਾਈ. ਮੁਲਤਾਨ ਵਿੱਚ ਹਿੰਦੂ ਅਤੇ ਸਿੱਖ ਪ੍ਰਦਰਸ਼ਨਕਾਰੀਆਂ ਨੇ ਪਾਗਲ ਵਰਗੀ ਮੂਰਖਤਾ ਕੀਤੀ ਜਦ ਉਨ੍ਹਾਂ ਨੇ 'ਕਾਇਦ-ਏ-ਆਜ਼ਮ ਮੁਰਦਾਬਾਦ' ਦੇ ਨਾਅਰੇ ਲਗਾਏ. ਮੁਸਲਿਮ ਪ੍ਰਧਾਨ ਰਾਵਲਪਿੰਡੀ ਅਤੇ ਮੁਲਤਾਨ ਡਿਵੀਜਨਾਂ ਦੇ ਦਿਹਾਤੀ ਇਲਾਕਿਆਂ ਤੇ ਅੱਗ ਤੇਜੀ ਨਾਲ ਫੈਲ ਗਈ. ਦੋ ਛੋਟੀ ਵਜ੍ਹਾਂ ਵੀ ਸਨ. ਪਹਿਲੀ ਆਰਥਿਕ ਮੁੱਦਾ ਨਾਲ ਤਾਲੁੱਕ ਰੱਖਦੀ ਹੈ. ਕਪੜੇ, ਅਤੇ ਕੁੱਝ ਖਾਣ ਦਾ ਸਾਮਾਨ ਜੈਦਾਂ ਕਿ ਚੀਨੀ ਦੀ ਕਮੀ ਦਾ, ਬੇਸ਼ਕ ਹਿੰਦੂ-ਸਿੱਖ ਵਪਾਰੀ ਕੌਮ ਨੇ ਨਫ਼ਾਖ਼ੋਰੀ ਅਤੇ ਕਾਲਾਬਾਜ਼ਾਰੀ ਕਰ ਕੇ, ਫ਼ਾਇਦਾ ਉਠਾਇਆ. ਸਰਕਾਰੀ ਇਖਤਿਆਰ ਵੀ ਜ਼ਿਆਦਾਤਰ, ਹਿੰਦੂ ਅਤੇ ਸਿੱਖ ਮੁਖ਼ਤਾਰਾਂ ਅਤੇ ਕਲਰਕਾਂ ਦੇ ਕਾਬੂ ਸੀ. ਮੁਸਲਿਮ ਕਿਸਾਨ ਅਤੇ ਮਜਦੂਰ ਆਪਣਾ ਹੱਕ ਵਾਪਸ ਲੈਣ ਲਈ, ਬਿਲਕੁਲ ਤਿਆਰ ਸੀ. ਦੂਜੀ ਵਜ੍ਹਾ ਸੀ ਹਰ ਕੌਮ ਵਿੱਚ ਗੁੰਡੇ ਲੋਕਾਂ ਦਾ ਹੋਣਾ, ਜੋ ਇਸ ਤਰ੍ਹਾਂ ਦੀ ਗੜਬੜੀ ਦਾ ਫ਼ਾਇਦਾ ਲੈਣ ਲਈ ਬਿਲਕੁਲ ਤਿਆਰ ਰਹਿੰਦਾ ਹੈ, ਤਾਂਕਿ ਉਹ ਅੱਗਜਨੀ, ਲੁੱਟ ਅਤੇ ਡਕੈਤੀਆਂ ਕਰ ਸਕੇ.

2. ਗੜਬੜੀਆਂ ਦਾ ਸਿਲਸਿਲਾ

ਸ਼ਹਿਰਾਂ ਤੇ, ਘਟਨਾਵਾਂ ਦੇ ਆਮ ਸਿਲਸਿਲੇ ਬਾਰੇ ਸਾਨੂ ਸਾਲਾਂ ਤੋਂ ਪਤਾ ਹੈ, ਪਰ ਹਮਲੇ ਹਮੇਸ਼ਾ ਤੋਂ, ਜ਼ਿਆਦਾ ਕਰੂਰ, ਜ਼ਿਆਦਾ ਅਚਾਨਕ ਅਤੇ ਜ਼ਿਆਦਾ ਜੰਗਲੀ ਸਨ. ਦਿਹਾਤੀ ਇਲਾਕਿਆਂ ਤੇ, ਕਈ ਛੋਟੇ ਵਡੇ ਪਿੰਡਾਂ ਤੋਂ ਮੁਸਲਿਮ ਕਿਸਾਨਾਂ ਦੀ ਵਡੀ ਭੀੜ ਨੇ, ਇਕੱਠਾ ਹੋ ਕੇ ਹਮਲੇ ਕੀਤੇ ਜਿਸ ਦਾ ਮਕਸਦ, ਉਨ੍ਹਾਂ ਦੇ ਇਲਾਕੇ ਦੇ ਹਿੰਦੂ ਅਤੇ ਸਿੱਖ ਦੁਕਾਨਾਂ ਅਤੇ ਘਰਾਂ ਨੂੰ ਲੁੱਟਣਾ ਅਤੇ ਤਬਾਹ ਕਰਨਾ ਸੀ. ਕੁੱਝ ਇਲਾਕਿਆਂ ਤੇ, ਅੱਗਜਨੀ ਅਤੇ ਲੁੱਟ ਖਾਸ ਮਕਸਦ ਸੀ ਅਤੇ ਹਿੰਦੂ ਹੋਰ ਸਿੱਖਾਂ ਦੀ ਮੌਤਾਂ ਅਤੇ ਜ਼ਖ਼ਮੀ ਲੋਕਾਂ ਦੀ ਤਦਾਦ, ਬਹੁਤ ਜ਼ਿਆਦਾ ਨਹੀਂ ਸੀ. ਦੂਜੀ ਜਗ੍ਹਾਂ ਤੇ ਵਹਿਸ਼ੀਪਣ ਦੀ ਸਾਰੀ ਹਦ ਪਾਰ ਕਰ ਦਿੱਤੀ ਗਈ, ਅਤੇ ਬੰਦੇਆਂ, ਔਰਤਾਂ ਅਤੇ ਬੱਚੇਆਂ ਨੂੰ ਪ੍ਰਹਾਰ ਕਰ ਕੇ ਜਾਂ ਕੁੱਟ ਕੇ ਮਾਰ ਦਿੱਤਾ ਗਿਆ, ਅਗਰ ਉਹ ਆਪਣੇ ਘਰਾਂ ਤੇ ਸਾੜ ਕੇ ਨਾ ਮਾਰੇ ਗਏ ਹੁੰਦੇ. ਕਈ ਮਾਮਲੇ ਜਬਰਨ ਮਜ਼ਬ ਬਦਲਣ ਦੇ ਅਤੇ ਔਰਤਾ ਨੂੰ ਅਗਵਾ ਕਰਣ ਦੇ ਸੀ. ਆਪਣੀ ਸੇਵਾ ਦੇ 34 ਸਾਲ ਬਾਅਦ, ਜੋ ਮੈਂ ਜ਼ਿਆਦਾਤਰ ਪੰਜਾਬ ਅਤੇ ਪੰਜਾਬੀ ਸਿਪਾਹੀਆਂ ਨਾਲ ਗੁਜਾਰੇ ਨੇ, ਮੈਂ ਕਦੀ ਯਕੀਨ ਨਹੀਂ ਕਰ ਸਕਦਾ ਸੀ ਕਿ ਅੰਦੋਲਨ, ਆਮ ਤੌਰ ਤੇ ਬਹਾਦਰ ਅਤੇ ਭਲੇ ਪੰਜਾਬੀ ਮੁਸਲਿਮਾਂ ਵਿੱਚ, ਇੱਕ ਜਨੂਨੀ ਜੰਗਲੀਪਨ ਜਗਾ ਦੇਗਾ, ਜੋ ਚਾਰੇ ਪਾਸੇ ਫ਼ੈਲ ਗਿਆ ਸੀ. ਇਸ ਜੰਗਲੀਪਨ ਨੂੰ, ਬੇਸ਼ਕ, ਜਾਨ ਬੂਝ ਕੇ, ਬੇ-ਲਗਾਮ ਅਫ਼ਵਾਹਾਂ ਨੇ ਤੀਬਰ ਕਰ ਦਿੱਤਾ, ਜਿਸ ਦੇ ਵਿੱਚ ਸਭ ਤੋਂ ਵੱਡੀ ਅਫ਼ਵਾਹ ਇਹ ਸੀ ਕਿ, ਬਹੁਤ ਜਲਦ, ਇੱਕ ਵੱਡੀ ਸਿੱਖ ਫ਼ੌਜ਼ ਦਾ ਹਮਲਾ ਹੋਣ ਵਾਲਾ ਹੈ. ਇਹ ਇੱਕ ਦਿਲਚਸਪ ਗੱਲ ਹੈ ਕਿ, ਜਿਥੋਂ ਤੱਕ ਪਤਾ ਹੈ, ਕਿਸੇ ਵੀ ਮੌਕੇ ਤੇ ਕਿਸੇ ਪਿੰਡ ਜਾਂ ਇਲਾਕੇ ਤੇ ਦੂਜਾ ਹਮਲਾ ਨਹੀਂ ਹੋਇਆ. ਭੀੜ ਦਾ ਜਨੂਨ ਆਪਣੇ ਆਪ ਭਸਮ ਹੋ ਜਾਂਦਾ ਹੈ ਅਤੇ ਜ਼ਿੰਦਾ ਬਚੇ ਲੋਕਾਂ ਉਪਰ ਹੋਰ ਕੋਈ ਜਬਰਦਸਤੀ ਨਹੀਂ ਕੀਤੀ ਜਾਂਦੀ ਹੈ. ਕਈ ਇਲਾਕਿਆਂ ਤੋਂ ਸਿਖਾਂ ਅਤੇ ਹਿੰਦੂਆਂ ਨੂੰ ਹਮੇਸ਼ਾ ਲਈ ਅਤੇ ਪੂਰੀ ਤਰ੍ਹਾਂ ਹਟਾਉਣ ਦੀ, ਵਿਆਪਕ ਖਾਹਿਸ਼ ਹੈ. ਕੁੱਝ ਤਬਾਹ ਘਰਾਂ ਦੀ ਬੁਨਿਆਦ ਤੱਕ ਨੂੰ, ਪੁਟ ਸੁੱਟਿਆ ਗਿਆ ਹੈ.

3. ਰਾਵਲਪਿੰਡੀ ਡਿਵੀਜ਼ਨ ਦੇ ਪਨਾਹਗੀਰ

ਰਾਵਲਪਿੰਡੀ ਡਿਵੀਜ਼ਨ ਤੋਂ ਪਨਾਹਗੀਰਾਂ ਵਿੱਚ ਕਰੀਬ 40,000 ਬੇਘਰ ਅਤੇ ਵੱਡੇ ਪੈਮਾਨੇ ਤੇ ਸਾਧਨਹੀਣ ਲੋਕ ਨੇ. ਇਹ ਇੱਕ ਵੱਡਾ ਮਸਲਾ ਹੈ. ਅਸੀਂ ਆਖ਼ਰ ਤੇ ਕੈਂਪ ਕਾਇਮ ਕਰ ਕੇ ਸਾਰੀ ਤਦਾਦ ਨੂੰ ਵਹ ਅਤੇ ਕਾਲਾ (ਜਿਹਲਮ ਦੇ ਨਜਦੀਕ) ਤੇ ਲੈਣਾ ਚਾਹੁੰਦੇ ਹਾਂ. ਦੂਜੇ ਪਨਾਹਗੀਰ, ਜਿਨ੍ਹਾਂ ਦੀ ਤਦਾਦ ਇਸ ਦੇ ਬਰਾਬਰ ਹੈ, ਉਨ੍ਹਾਂ ਨੂੰ ਆਪਣੇ ਘਰਾਂ ਤੇ ਵਾਪਸ ਜਾਣ ਨੂੰ ਰਾਜੀ ਕੀਤਾ ਜਾਵੇਗਾ ਜਾਂ ਜਿਣ ਸ਼ਹਿਰਾਂ ਅਤੇ ਪਿੰਡਾਂ ਤੇ ਜ਼ਿਆਦਾ ਤਦਾਦ ਤੇ ਹਿੰਦੂ ਅਤੇ ਸਿੱਖ ਰਹਿੰਦੇ ਨੇ, ਉਨ੍ਹਾਂ ਨੂੰ ਉਥੇ ਭੇਜ ਦਿੱਤਾ ਜਾਵੇਗਾ. ਕੋਈ 4,000 ਲੋਕ ਪਹਿਲਾਂ ਤੋਂ ਹੀ ਰਾਵਲਪਿੰਡੀ ਸ਼ਹਿਰ ਤੇ ਵੱਸ ਗਏ ਨੇ.

4. ਪੰਜਾਬ ਦੇ ਦੂਜੇ ਜ਼ਿਲ੍ਹਾਂ ਤੇ ਫ਼ਸਾਦਾਂ ਦੀ ਰੋਕ

ਮੈਂ ਪੰਜਾਬ ਵਿੱਚ ਸਾਰੀ ਉਪਲੱਬਧ ਫ਼ੌਜ਼ ਇਕੱਠਾ ਕਰ ਲੀਤੀ ਹੈ. ਜਿੱਥੇ ਵੀ ਤਣਾਅ ਸਭ ਤੋਂ ਜ਼ਿਆਦਾ ਹੈ, ਉਥੇ ਫਲੈਗ ਮਾਰਚ ਅਤੇ ਗਸ਼ਤ ਚਲ ਰਹੀ ਹੈ. ਪਰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ, ਅਜਿਹੇ ਰੋਕਥਾਮ ਦੀ ਕਾਰਵਾਈ ਸਿਰਫ਼ ਦਰਦਨਾਸ਼ਕ ਹੈ. ਅਸੀਂ ਇੱਕ ਬੀਮਾਰੀ ਦੇ ਲੱਛਣ ਨਾਲ ਵਰਤ ਰਹੇ ਹਾਂ, ਅਤੇ ਇਸ ਨੂੰ ਫ਼ੌਜ਼ੀ ਕਾਰਵਾਈ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ ਹੈ. ਇਸ ਦੇ ਪੂਰੇ ਇਲਾਜ਼ ਲਈ, ਸਾਰੀ ਕੌਮਾਂ ਨੂੰ ਕਿਸੇ ਸਮਝੌਤੇ ਉਪਰ ਰਜਾਮੰਦ ਹੋਣਾ ਪਏਗਾ. ਹੁਣ, ਸਿੱਖ ਅਤੇ ਮੁਸਲਿਮ ਰਹਨੁਮਾਵਾਂ ਵਿੱਚ ਸਮਝੌਤੇ ਨਾਲ, ਪੰਜਾਬ ਵਿੱਚ ਜਲਦ ਹੀ ਅਮਨ ਕਾਇਮ ਹੋ ਜਾਵੇਗਾ. ਅਗਰ ਇਸ ਤਰ੍ਹਾਂ ਦਾ ਕੋਈ ਸਮਝੌਤਾ ਨਹੀਂ ਹੁੰਦਾ ਹੈ, ਰਹਨੁਮਾਵਾਂ ਨੂੰ ਭੜਕਾਉ ਭਾਸ਼ਣਾਂ ਤੋਂ ਦੂਰ ਰਹਿਣਾ ਪਏਗਾ ਅਤੇ ਆਪਣੇ ਚੇਲੇਆਂ ਨੂੰ ਖੂਨ-ਖਰਾਬਾ ਰੋਕਣ ਅਤੇ ਮਾਇਨਾਰਿਟੀ ਦੀ ਹਿਫ਼ਾਜ਼ਤ ਕਰਣ ਉਪਰ ਜੋਰ ਦੇਣਾ ਪਏਗਾ.

ਐਫ.ਡਬਲੂ.ਮੇਸੇਰਵੀ (ਲੇ.ਜ.)
ਜੈਨਰਲ ਔਫੀਸਰ ਕਮਾਂਡਰ-ਇਨ ਚੀਫ, ਨੈਰਦਰਨ ਕਮਾਂਡ

ਇਸ ਬਾਰੇ ਗੌਰ ਕੀਤਾ ਜਾਵੇ ਕਿ ਜੈਨਰਲ ਮੇਸੇਰਵੀ ਬਾਅਦ ਵਿੱਚ ਪਾਕਿਸਤਾਨੀ ਫ਼ੌਜ਼ ਦੇ ਪਹਿਲੇ ਕਮਾਂਡਰ-ਇਨ ਚੀਫ ਬਣੇ.

ਗਵਰਨਰ ਜੇਨਕੀਨਸ ਦੀ ਰਿਪੋਰਟਾਂ

ਪੰਜਾਬ ਦੇ ਗਵਰਨਰ ਨੇ ਲੱਗਭਗ ਰੋਜਾਨਾ ਵਾਇਰਸਾਏ ਵੇਵੇਲ ਨੂੰ ਟੈਲੀਗ੍ਰਾਮਾਂ ਭੇਜੀਆਂ, ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਦਿਹਾਤਾਂ ਦੇ ਫ਼ਸਾਦਾਂ ਦੀ ਆਪਣੀ ਇੱਕ ਅਲਗ ਮਿਸਾਲ ਸੀ, ਜਿਸ ਦੀ ਪੰਜਾਬ ਤੇ ਮਾਰਚ 1947 ਤੇ ਹੋਏ ਕਿਸੇ ਵੀ ਜਗ੍ਹ ਤੇ ਕਿਸੇ ਵੀ ਵਾਕਿਐ ਨਾਲ, ਕੋਈ ਨਜ਼ੀਰ ਨਹੀਂ ਮਿਲਦੀ ਸੀ. ਕਿਉਂਕਿ, ਪੰਜਾਬ ਦੇ ਫ਼ਸਾਦਾਂ ਉੱਪਰ, ਉਨ੍ਹਾਂ ਦੀ ਰਿਪੋਰਟ ਜ਼ਿਆਦਾਤਰ ਰਾਵਲਪਿੰਡੀ ਬਾਰੇ ਅਤੇ ਲੇ.ਜੈ.ਮੇਸੇਰਵੀ ਦੀ ਖ਼ਾਸ ਰਿਪੋਰਟ ਦੀ ਬੁਨਿਆਦ ਤੇ ਅਧਾਰਿਤ ਹੈ, ਜੋ ਅਸ਼ੀਂ ਉਪਰ ਬਿਆਨ ਕੀਤੀ ਹੈ, ਇਥੇ ਇਸ ਦੇ ਦੁਬਾਰਾ ਜ਼ਿਕਰ ਕਰਨ ਦੀ ਜ਼ਰੂਰਤ ਨਹੀਂ ਹੈ. ਲੇ.ਜੈ.ਮੇਸੇਰਵੀ ਦੇ ਇਲਾਵਾ, ਜੋ ਜੈਨਰਲ ਔਫੀਸਰ ਕਮਾਂਡਰ-ਇਨ ਚੀਫ, ਨੈਰਦਰਨ ਕਮਾਂਡ ਸਨ, ਰਾਵਲਪਿੰਡੀ ਡਿਵੀਜ਼ਨ ਦਾ ਕਮੀਸ਼ਨਰ ਸੀ.ਕਿੰਗ ਸੀ, ਅਤੇ ਪੁਲਿਸ ਦਾ ਡੀ.ਆਈ.ਜੀ. ਜੇ.ਏ.ਸਕੱਾਟ ਸੀ. ਅਤੇ ਡਿਪਟੀ ਕਮੀਸ਼ਨਰ ਸੀ.ਐਲ.ਕੋਟਸ ਸੀ. ਜੇਨਕੀਨਸ ਦੇ ਨਾਲ, ਪੁਲਿਸ ਦਾ ਆਈ.ਜੀ. ਮਿ.ਬੇਨੇਟ ਸੀ, ਜਦ ਉਹ ਇਨ ਅਫਸਰਾਂ ਨਾਲ 9 ਮਾਰਚ ਨੂੰ ਰਾਵਲਪਿੰਡੀ ਤੇ ਮਿਲੇ (Carter, 2007a: 69–70). 16 ਅਪ੍ਰੈਲ ਨੂੰ ਮਾaਂਟਬੇਟਨ ਨੂੰ ਭੇਜੀ, ਇੱਕ ਖ਼ਾਸ ਰਿਪੋਰਟ ਤੇ, ਜੇਨਕੀਨਸ ਨੇ ਲਿਖਿਆ ਕਿ ਰਾਵਲਪਿੰਡੀ ਦੇ ਇੱਕ ਪੁਲਿਸ ਥਾਨੇ ਤੇ ਮਾਰਚ ਦੇ ਫ਼ਸਾਦਾਂ ਦੇ ਦੌਰਾਨ, 500 ਕਤਲ ਦੇ ਮਾਮਲੇ ਦਰਜ ਹੋਏ ਸੀ. ਇਸੇ ਰਿਪੋਰਟ ਤੇ, ਉਨ੍ਹਾਂ ਨੇ 3,500 ਲੋਕਾਂ ਦੇ ਹਲਾਕ ਹੋਣ ਬਾਰੇ ਅੰਦਾਜ਼ਾ ਲਗਾਇਆ, ਹਾਲਾਂਕਿ ਅਪ੍ਰੈਲ ਦੇ ਮੱਧ ਤੇ, ਇਹ ਗਿਣਤੀ 3,000 ਤੋਂ ਘੱਟ ਸੀ. ਉਨ੍ਹਾਂ ਨੇ ਟਿੱਪਣੀ ਕੀਤੀ:

> ਹਲਾਕ ਹੋਏ ਲੋਕਾਂ ਦੇ ਮਜ਼ੂਬੀ ਨਿਸਬਤ ਨੂੰ ਸਹੀ ਤਰੀਕੇ ਨਾਲ, ਪੇਸ਼ ਨਹੀਂ ਕੀਤਾ ਗਿਆ ਹੈ, ਪਰ ਮੈਂ ਹਿਸਾਬ ਨਾਲ, ਹਰ 6 ਗੈਰ-ਮੁਸਲਿਮਾਂ ਦੀ ਮੌਤ ਦੇ ਮੁਕਾਬਲੇ ਇੱਕ ਮੁਸਲਿਮ ਹਲਾਕ ਹੋਇਆ ਹੈ. ਸ਼੍ਰੀ ਲਿਆਕਤ ਅਲੀ ਖ਼ਾਨ, ਦਿਹਾਤੀ ਕਤਲੇਆਮ ਦੇ ਭਿਆਨਕ ਰੂਪ ਦਾ, ਸ਼ਾਇਦ ਹੀ ਇਹਸਾਸ ਕਰ ਰਹੇ ਨੇ. ਮੇਰੀ ਇੱਕ ਮੁਸ਼ਕਲ ਇਹ ਹੈ ਕਿ ਪੰਜਾਬ ਦੇ ਮੁਸਲਿਮ ਲੀਗ ਦੇ ਰਹਨੁਮਾ, ਬੇਹਦ ਲਾਪਰਵਾਹ ਨੇ, ਅਤੇ ਉਹ ਇਸ ਕਤਲੇਆਮ ਬਾਰੇ ਕਹਿੰਦੇ ਨੇ ਕਿ 'ਮੁੰਡੇ ਤੇ ਮੁੰਡੇ ਹੀ ਹਨ'. ਮੈਨੂੰ ਕੋਈ ਸ਼ੱਕ ਨਹੀਂ ਹੈ ਕਿ ਗੈਰ-ਮੁਸਲਿਮ, ਸ਼ਹਿਰਾਂ ਤੇ ਭੜਕਾਉ ਬਿਆਨਬਾਜ਼ੀ ਕਰਦੇ ਸੀ, ਪਰ ਮੁਸਲਿਮ ਵੀ ਆਪਣੇ ਅੰਦੋਲਨ ਤੇ ਬਰਾਬਰ ਉਤੇਜਤ ਸਨ ਅਤੇ ਅੱਮ੍ਰਿਤਸਰ ਤੇ ਉਨ੍ਹਾਂ ਨੇ ਇੱਕ ਸਿੱਖ ਕਾਂਸਟਬਲ ਹਲਾਕ ਕਰ ਦਿੱਤਾ ਸੀ (Ibid: 137).

ਜੇਨਕੀਨਸ ਨੇ ਇਹ ਵੀ ਜ਼ਿਕਰ ਕੀਤਾ ਕਿ ਰਾਵਲਪਿੰਡੀ ਪੁਲਿਚ ਮੁੱਖ, ਸ਼੍ਰੀ ਜੇ.ਐ.ਸਕੱਾਟ, ਨੇ ਜਨਤਕ ਤੌਰ ਤੇ, ਆਪਣੇ ਜ਼ਿਲ੍ਹੇ ਤੇ ਹੋਏ ਫ਼ਸਾਦਾਂ ਉਪਰ ਦਿੱਤੀ ਇੱਕ ਪ੍ਰੈਸ਼ ਕਨਫਰੰਸ ਤੇ, ਆਪਣੀ ਨਫ਼ਰਤ ਜ਼ਾਹਰ ਕੀਤੀ (Ibid: 138). ਜੇਨਕੀਨਸ ਦੀ 17 ਮਾਰਚ ਦੀ ਪੰਦਰਵਾੜੇ ਦੀ ਰਿਪੋਰਟ ਨੇ ਮਾਰਚ ਦੇ ਫ਼ਸਾਦਾ ਬਾਰੇ ਹੋਰ

ਜ਼ਿਆਦਾ ਇਤਲਾਹ ਦਿੱਤੀ, ਪਰ ਜਿਆਦਾ ਜ਼ੋਰ ਉੱਤਰੀ ਪੰਜਾਬ ਦੇ ਰਾਵਲਪਿੰਡੀ ਡਿਵੀਜ਼ਨ ਤੇ ਹੋਈ ਘਟਨਾਵਾਂ ਉਪਰ ਹੈ. ਕੁੱਝ ਅੰਸ਼ ਪੇਸ਼ ਨੇ:

ਰਾਵਲਪਿੰਡੀ ਤੇ, ਲਾਹੌਰ ਦੀ ਤਰ੍ਹਾਂ, ਫ਼ਸਾਦਾਂ ਦਾ ਨਮੂਨਾ ਪਹਿਲਾਂ ਦੇ ਫ਼ਿਰਕੂ ਫ਼ਸਾਦਾਂ ਦੀ ਤਰ੍ਹਾਂ ਹੀ ਸੀ. ਮੈਂ ਰਾਵਲਪਿੰਡੀ ਸ਼ਹਿਰ ਦੇ ਅੰਦਰ ਤੇ ਨਹੀਂ ਗਿਆ ਸੀ, ਪਰ ਹਵਾਈ ਦੌਰੇ ਤੋਂ ਲਗਦਾ ਹੈ ਕਿ ਜ਼ਿਆਦਾ ਇਮਾਰਤਾਂ ਨਹੀਂ ਸਾੜੀਆਂ ਗਈਆਂ ਨੇ. ਬੇਹਦ ਜ਼ਿਆਦਾ ਲੋਕ ਹਲਾਕ ਅਤੇ ਜ਼ਖ਼ਮੀ ਹੋਏ ਨੇ.

ਗੰਭੀਰ ਤੌਰ ਤੇ ਪ੍ਰਭਾਵਿਤ ਦਿਹਾਤੀ ਇਲਾਕਿਆਂ ਤੇ, ਇੰਤਹਾ ਵਹਸ਼ੀਪੁਣਾ ਕੀਤਾ ਗਿਆ ਹੈ. ਤਕਸ਼ੀਲਾ-ਮਰੀ-ਗੁਜਰ ਖ਼ਾਨ ਦੇ ਤਿਕੋਣ ਤੇ, ਗੈਰ-ਮੁਸਲਿਮਾਂ ਦਾ, ਖ਼ਾਸ ਕਰ ਕੇ ਸਿੱਖਾਂ ਦਾ, ਬਾਕਾਇਦਾ ਖ਼ੂਨ-ਖਰਾਬਾ ਕੀਤਾ ਗਿਆ ਹੈ. ਕਰੂਰਤਾ ਅਤੇ ਦਗਾਬਾਜ਼ੀ, ਇੱਕ ਆਮ ਗਲ ਸੀ. ਜੈਨਰਲ ਮੇਸੇਰਵੀ ਨੇ ਮੈਨੂੰ ਦੱਸਿਆ ਕਿ ਉਸ ਨੇ ਹਸਪਤਾਲ ਤੇ ਇੱਕ ਬੱਚਾ ਵੇਖਿਆ ਸੀ, ਜਿਸ ਦੇ ਦੋਨੋ ਹੱਥ ਵੱਡ ਦਿੱਤੇ ਗਏ ਸੀ; ਘੱਟ ਤੋਂ ਘੱਟ ਦੋ ਵਾਕਿਐ ਦੇ ਦਸਤਾਵੇਜ਼ ਮੌਜੂਦ ਨੇ, ਜਿਥੋਂ ਸਾਨੂ ਪਤਾ ਚਲਦਾ ਹੈ ਕਿ ਗੈਰ-ਮੁਸਲਿਮਾ ਨੂੰ ਅਮਨ-ਕਮੇਟੀ ਤੇ ਸ਼ਾਮਲ ਕਰ ਕੇ, ਮਾਰ ਦਿੱਤਾ ਗਿਆ; ਇੱਕ ਪਿੰਡ ਸਸਾਲੀ ਤੇ, ਸਿੱਖਾਂ ਦੇ ਇੱਕ ਸਮੂਹ ਨੂੰ, ਜਿਨ੍ਹਾਂ ਨੇ ਮੁਸਲਿਮਾਂ ਦੇ ਅਗੇ, ਇਸ ਵਾਅਦੇ ਨਾਲ ਕਿ ਉਨ੍ਹਾਂ ਦੀ ਜਾਨਾਂ ਬਕਸ਼ ਦਿੱਤੀ ਜਾਣਗੀਆਂ, ਸਮਰਪਨ ਕਰ ਦਿੱਤਾ ਸੀ, ਸਰੇਆਮ ਕਤਲ ਕਰ ਦਿੱਤਾ ਗਿਆ. ਸਭ ਤੋਂ ਬੇਰਹਿਮ ਕਤਲ ਉਸ ਤਿਕੋਣ ਤੇ ਹੋਏ, ਜਿਸ ਦਾ ਮੈਂ ਜ਼ਿਕਰ ਕੀਤਾ ਹੈ, ਪਰ ਇਸ ਦੇ ਬਾਹਰ ਵੀ ਭਿਆਨਕ ਬੇਰਹਿਮੀ ਹੋਈ ਹੈ, ਅਤੇ ਜ਼ਿਲ੍ਹੇ ਦੇ ਹਰ ਇਲਾਕੇ ਤੇ, ਲੁੱਟ ਅਤੇ ਅੱਗਜਨੀ ਇੱਕ ਆਮ ਗੱਲ ਹੈ. ਅੱਟਕ ਤੇ, ਚੌਂਟਰਾ ਦਾ ਇਲਾਕਾ, ਜੋ ਰਾਵਲਪਿੰਡੀ ਦੇ ਕਰੀਬ ਹੈ, ਉਸ ਦਾ ਹਾਲ ਵੀ ਇਸ ਵਰਗਾ ਹੀ ਹੈ. ਅਟੱਕ ਜ਼ਿਲ੍ਹੇ ਦੇ ਬਾਕੀ ਹਿੱਸੇਆਂ ਤੇ, ਰਾਵਲਪਿੰਡੀ ਦੇ ਮੁਕਾਬਲੇ ਘੱਟ ਮੋਤਾ ਹੋਇਆਂ ਨੇ, ਪਰ ਲੁੱਟ ਅਤੇ ਅੱਗਜਨੀ ਰਾਵਲਪਿੰਡੀ ਵਰਗੀ ਹੈ. ਇੱਕ ਆਮ ਤਰੀਕਾ ਸੀ ਕਿ ਮੁਸਲਿਮ ਆਪਣੇ ਘਰਾਂ ਉਪਰ ਸਫੇਦ ਝੰਡੇ ਲਗਾ ਕੇ ਨਜਦੀਕ ਦੇ ਪਿੰਡਾ ਦੇ ਲੋਕਾਂ ਨੂੰ, ਬਗੈਰ ਝੰਡੇ ਲਗੇ ਘਰਾਂ ਨੂੰ ਲੁਟਣ ਦਾ ਸੱਦਾ ਦੇ ਦੇਂਦੇ ਸੀ.

ਜਿਹਲਮ ਜ਼ਿਲ੍ਹੇ ਦੇ ਨਜਦੀਕ ਚੱਕਵਾਲ ਦੇ ਇੱਕ ਵੱਡੇ ਪਿੰਡ ਧੁਦਿਆਲ ਨੂੰ ਤਬਾਹ ਕਰ ਦਿੱਤਾ ਗਿਆ, ਪਰ ਪੁਲਿਸ ਅਤੇ ਫ਼ੌਜ ਨੇ, ਹਮਲਾਵਰਾਂ ਉਪਰ ਹਮਲਾ ਕਰ ਕੇ ਕਾਫ਼ੀ ਜਾਣੀ ਨੁਕਸਾਨ ਪਹੁੰਚਾਇਆ.

ਮੁਲਤਾਨ ਤੇ ਕਤਲ, ਅੱਗਜਨੀ ਅਤੇ ਲੁੱਟ, ਰਾਵਲਪਿੰਡੀ ਦੇ ਜ਼ਿਲ੍ਹੇਆਂ ਦੀ ਤਰ੍ਹਾਂ ਸੀ, ਪਰ ਪ੍ਰਭਾਵਿਤ ਇਲਾਕਾ (ਸਦਰ ਪੁਲਿਸ ਥਾਨਾ ਅਤੇ ਸ਼ੁਜਾਬਾਦ ਤਹਸੀਲ ਦਾ ਹਿੱਸਾ) ਸਮਤਲ ਹੋਣ ਕਰ ਕੇ, ਕਾਬੂ ਕਰਨਾ ਆਸਾਨ ਸੀ. ਲਗਦਾ ਹੈ, ਫ਼ੌਜ ਨੇ ਸ਼ੁਰੁਆਤੀ ਦੌਰ ਤੇ, ਭੀੜ ਉਪਰ ਹਮਲਾ ਕਰ ਕੇ ਕਾਫ਼ੀ ਜਾਣੀ ਨੁਕਸਾਨ ਪਹੁੰਚਾਇਆ, ਅਤੇ ਕਾਫ਼ੀ ਜਾਨੀ ਅਤੇ ਸੰਪਤੀ ਦਾ ਭਾਰੀ ਨੁਕਸਾਨ ਹੋਇਆ ਹੋਵੇਗਾ, ਪਰ ਇਹ ਯਕੀਨੀ ਤੌਰ ਤੇ, ਰਾਵਲਪਿੰਡੀ ਜ਼ਿਲ੍ਹੇ ਤੋਂ ਘੱਟ ਹੋਵੇਗਾ.

ਰਾਵਲਪਿੰਡੀ ਡਿਵੀਜ਼ਨ ਦੇ ਪ੍ਰਭਾਵਿਤ ਜ਼ਿਲ੍ਹੇ ਹੁਣ 7ਵੀਂ ਇੰਡੀਅਨ ਡਿਵੀਜ਼ਨ (ਮੇ.ਜੈ.ਲਵੇਟ) ਦੇ ਅਮਲੀ ਇਖ਼ਤਿਆਰ ਤੇ ਹੈ. ਕੱਮ ਚਲਾਉਣ ਲਈ, ਡਿਵੀਜ਼ਨ ਦੀ ਹੁਣ ਛੇ ਬ੍ਰਿਗੇਡਾਂ ਨੇ, ਜਿਸ ਵਿੱਚ ਦੋ ਆਜ਼ਾਦ ਨੇ. ਇਹ ਉੱਤਰ ਦੇ ਕੈਂਪਬੇਲਪੁਰ ਅਤੇ ਰਾਵਲਪਿੰਡੀ ਤੋਂ ਲੈ ਕੇ ਦੱਖਣ ਦੇ ਜਿਹਲਮ-ਚਕਵਾਲ-ਤਲਾਗੰਗ ਤੱਕ ਹਰਕਤ ਕਰ ਰਹੀ ਹੈ, ਅਤੇ ਆਪਣਾ ਸੰਚਾਲਨ ਦਾ ਵਿਸਤਾਰ ਕਰ ਕੇ ਦੱਖਣ ਦੇ ਸ਼ਾਹਪੁਰ ਅਤੇ ਪੱਛਮ ਤੇ ਮਿਆਂਵਾਲੀ ਤੱਕ ਦੀ ਦੇਖ-ਭਾਲ ਕਰ ਰਹੀ ਹੈ.

ਇਸ ਅਸਧਾਰਨ ਤਸ਼ੱਦਦੀ ਦਿਹਾਤੀ ਤੇਹਰੀਕ ਨੂੰ ਸਮਝਨਾ ਬੇਹਦ ਮੁਸ਼ਕਲ ਹੈ. ਜੈਨਰਲ ਮੇਸੇਰਵੀ ਦਾ ਖ਼ਿਆਲ ਹੈ ਕਿ ਤੰਜ਼ੀਮ ਅਤੇ ਸਾਜ਼ਸ਼ ਦੇ ਕੁੱਝ ਨਿਸ਼ਾਨ ਮੌਜੂਦ ਨੇ - ਰਾਵਲਪਿੰਡੀ ਦੇ ਹਿੱਸੇਆਂ ਤੇ ਇੱਕ ਸਾਥ ਕਈ ਜਗ੍ਹਾਂ ਤੇ ਗੜਬੜ ਫੈਲੀ, ਅਤੇ ਮਰੀ ਦਾ ਹਮਲਾ, ਜਿਸ ਬਾਰੇ ਮੈਂ 9 ਮਾਰਚ ਨੂੰ ਜ਼ਿਕਰ ਕੀਤਾ ਸੀ, ਲਗਦਾ ਹੈ ਬੜੀ ਹੋਸ਼ੀਆਰੀ ਨਾਲ ਤਰਤੀਬ ਬਣਾ ਕੇ ਕੀਤਾ ਗਿਆ. ਸਾਰੇ ਪ੍ਰਭਾਵਿਤ ਜ਼ਿਲ੍ਹਾਂ ਦੇ ਮੁਸਲਿਮ ਇਸ ਤੇਹਰੀਕ

ਨਾਲ ਹਮਦਰਦੀ ਰਖਦੇ ਸੀ. 7ਵੀਂ ਡਿਵੀਜ਼ਨ ਦੇ ਕਮਾਂਡਰ ਨੇ ਮੈਨੂੰ ਕਿਹਾ ਕਿ, ਗੈਰ-ਮੁਸਲਿਮਾਂ ਦੇ ਉਪਰ ਹਮਲੇ ਦੀ ਅਗਵਾਈ, ਕੁੱਝ ਮਾਮਲੇਆਂ ਤੇ, ਰਿਟਾਇਰ ਹੋ ਚੁਕੇ ਫ਼ੌਜੀ ਅਫ਼ਸਰਾ ਨੇ ਕੀਤੀ - ਕੁੱਝ *ਹਾਨਰੱਰੀ ਕਮੀਸ਼ਨ* ਰੈਂਕ ਦੇ ਪੈਂਸਨ ਲੈਣ ਵਾਲੇ ਅਫ਼ਸਰ ਸਨ. ਸਥਾਨਕ ਮੁਸਲਿਮ ਪ੍ਰਮੁੱਖ ਜਿਨ੍ਹਾਂ ਦੇ ਨਾਲ ਮੈਂ ਕਲ ਗੱਲ ਕੀਤੀ, ਬੇਹਦ ਰੁਸੇ ਹੋਏ ਸਨ, ਅਤੇ ਹਾਲਾਂਕਿ ਉਨ੍ਹਾਂ ਦੇ ਵਿੱਚ ਕੁਛ, ਹੁਣ ਡਰਣ ਲਗੇ ਨੇ, ਇਸ ਬਾਰੇ ਬਹੁਤ ਘੱਟ ਸ਼ੱਕ ਹੈ ਕਿ ਉਹ ਯਕੀਨ ਕਰਦੇ ਸੀ ਕਿ, ਇਹ ਤੇਹਰੀਕ ਲਾਜ਼ਮੀ ਸੀ, ਅਤੇ ਇਸ ਦੇ ਖ਼ਿਲਾਫ਼ ਜਾਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਸੀ. ਸਭ ਤੋਂ ਸੰਭਾਵਿਤ *ਥਿਊਰੀ* (ਉਸੂਲ) ਇਹ ਹੈ ਕਿ 1943 ਦੇ ਬਾਅਦ ਪਾਕਿਸਤਾਨ ਬਣਾਉਣ ਦੇ ਖ਼ਿਆਲ ਦਾ ਇੱਜ਼ਾਫ਼ਾ, 1945-46 ਦੇ ਚੋਣ ਦੀ ਮੁਹਿੰਮ ਦੀ ਇੰਤਹਾ ਫ਼ਿਰਕਾਪ੍ਰਸਤੀ, ਇਸ ਦੇ ਬਾਅਦ ਦੀ ਮਾਯੂਸੀ, ਗਠਬੰਧਨ ਸਰਕਾਰ ਦੇ ਖ਼ਿਲਾਫ਼ ਪ੍ਰਚਾਰ, ਮੁਸਲਿਮ ਲੀਗ ਦਾ ਅੰਦੋਲਨ, ਹਰ ਮੈਜੇਸਟੀਸ ਗਵਰਨਮੇਨਟ ਦਾ 20 ਫਰਵਰੀ ਦਾ ਐਲਾਨ, ਅਤੇ ਖ਼ਿਜ਼ਰ ਦੇ ਅਸਤੀਫ਼ੇ ਨੇ ਮਿਲ ਕੇ, ਬਹੁਤ ਦੇਰ ਤੋਂ ਤਿਆਰ ਹੁੰਦੇ ਇੱਕ ਬਾਰੂਦੀ ਮਿਸ਼ਰਣ, ਨੂੰ ਚਿਣਹਾਰੀ ਦੇਣ ਦਾ ਕੱਮ ਕੀਤਾ. ਮੁਸਲਿਮ ਕਹਿੰਦੇ ਨੇ ਕਿ ਉਨ੍ਹਾਂ ਦੇ ਉੱਪਰ, ਉੱਤਰ ਤੋਂ ਆਉਂਣ ਵਾਲੀ ਇੱਕ ਵੱਡੀ ਸਿੱਖ ਫ਼ੌਜ ਦੀ ਅਫ਼ਵਾਹ ਦਾ ਅਸਰ ਹੋਇਆ; ਅਤੇ ਇਹ ਤੇਹਰੀਕ, ਗੈਰ-ਮੁਸਲਿਮਾਂ ਦੁਆਰਾ ਕੀਤੀ ਜਾ ਰਹੀ ਕਾਲਾਬਾਜ਼ਾਰੀ ਦੇ ਖ਼ਿਲਾਫ਼ ਇੱਕ ਕੁਦਰਤੀ ਭੜਾਕਾ ਸੀ. ਇਹ ਜਿਆਦਾ ਮੁਮਕਿਨ ਹੈ ਕਿ ਉਹ ਯਕੀਨ ਕਰਦੇ ਸੀ ਕਿ ਗੈਰ-ਮੁਸਲਿਮਾਂ ਨੂੰ ਹੁਣ ਖ਼ਤਮ ਕਰ ਕੇ, ਉਹ ਆਪਣੇ ਜ਼ਿਲ੍ਹਾਂ ਨੂੰ ਆਉਣ ਵਾਲੇ ਵਕਤ ਤੇ, ਦੂਜੀ ਕੌਮਾਂ ਦੇ ਖ਼ਿਲਾਫ਼, ਆਸਾਨੀ ਨਾਲ ਕਾਰਵਾਈ ਕਰ ਸਕਣਗੇ. ਕੋਈ ਪੜ੍ਹਿਆ-ਲਿਖਿਆ ਇਨਸਾਨ, ਸਿੱਖ ਫ਼ੌਜ਼ ਵਾਲੀ ਦਾਸਤਾਨ ਉਪਰ ਭਰੋਸਾ ਨਹੀਂ ਕਰ ਸਕਦਾ ਸੀ, ਅਤੇ ਹਾਲਾਂਕਿ ਇਕਤੀਸਾਦੀ ਫ਼ਰਕ ਨੂੰ ਖ਼ਤਮ ਕਰਣ ਦਾ ਮੌਕਾ ਉਠਾਇਆ ਗਿਆ ਹੈ, ਗੈਰ-ਮੁਸਲਿਮਾਂ ਦੇ ਇਖ਼ਤਿਆਰ ਉਪਰ ਨਰਾਜ਼ਗੀ ਅਤੇ ਜਿਸ ਤਰੀਕੇ ਨਾਲ ਗੈਰ-ਮੁਸਲਿਮਾਂ ਨੇ ਇਸ ਤੋਂ ਪੈਸੇ ਕਮਾਏ ਸੀ, ਮੇਰੇ ਖ਼ਿਆਲ ਤੇ ਤੁਰੰਤ ਹੋਈ ਗੜਬੜ ਦੀ ਵਜ੍ਹਾ ਨਹੀਂ ਸੀ.

ਗੈਰ-ਮੁਸਲਿਮ ਸਿਵਲ ਸੇਵਾਵਾਂ ਅਤੇ ਖ਼ਾਸ ਕਰ ਕੇ, ਪੁਲਿਸ ਦੇ ਖ਼ਿਲਾਫ਼ ਤੀਬਰ ਤੌਰ ਤੇ ਕੈੜੇ ਨੇ...ਫ਼ੌਜ਼ ਦੇ ਖ਼ਿਲਾਫ਼ ਤਰਫ਼ਦਾਰੀ ਕਰਣ ਦੀ ਵੀ ਸ਼ਿਕਾਇਤ ਹੈ - 7ਵੀਂ ਇੰਡੀਅਨ ਡਿਵੀਜ਼ਨ ਦੇ ਕਮਾਂਡਰ ਨੇ ਗਵਰਨਰ ਨੂੰ ਦੱਸਿਆ ਕਿ ਇੱਕ ਸ਼ਿਕਾਇਤ ਸਹੀ ਸੀ. ਹੁਣ ਮੰਗ ਕੀਤੀ ਜਾਵੇਗੀ ਕਿ ਦੰਗੇ ਤੋਂ ਪ੍ਰਭਾਵਿਤ ਇਲਾਕਿਆਂ ਤੋਂ ਮੁਸਲਿਮ ਅਫਸਰਾਂ ਦਾ ਤਬਾਦਲਾ ਕੀਤਾ ਜਾਵੇ. ਅੱਮ੍ਰਿਤਸਰ ਅਤੇ ਮੁਲਤਾਨ ਤੇ ਸੰਪਤੀ ਦੀ ਬੇਹਦ ਜ਼ਿਆਦਾ ਬਰਬਾਦੀ ਹੋਈ ਹੈ...ਕਾਨੂੰਨੀ ਤੌਰ ਤੇ, ਮੇਰਾ ਮੱਨਣਾ ਹੈ ਕਿ ਸਰਕਾਰ ਸਿਵਲ ਹੰਗਾਮੇ ਦੇ ਦੋਰਾਨ ਹੋਏ ਨੁਕਸਾਨ ਦੀ ਭਰਪਾਈ ਕਰਣ ਲਈ ਜ਼ਿਮੇਵਾਰ ਨਹੀਂ ਹੈ, ਅਤੇ ਮੈਂ ਨਹੀਂ ਸੋਚਦਾ ਹਾਂ ਕਿ ਧਾਰਾ 93 ਵਿੱਚ ਮੈਂ ਜ਼ਿਆਦਾ ਕੁੱਝ ਕਰ ਸਕਦਾ ਹਾਂ, ਸਿਵਾਏ ਵੇਖਣ ਦੇ ਕਿ ਬਰਬਾਦੀ ਠੀਕ ਤਰ੍ਹਾਂ ਦਰਜ਼ ਕੀਤੀ ਗਈ ਹੈ ਜਾਂ ਨਹੀਂ, ਅਤੇ ਬਾਕੀ ਉਸ ਵਜ਼ਾਰਤ ਉਪਰ ਛੱਡ ਦੇਂਦਾ ਹਾਂ, ਜੋ ਫ਼ੈਸਲਾ ਕਰੇਗੀ ਕਿ ਅਗਰ ਦੇਣਾ ਹੈ ਤੇ, ਕਿੱਨਾ ਮੁਆਵਜਾ ਦੇਣਾ ਹੈ.

ਕਲ ਜਦ ਮੈਂ ਰਾਵਲਪਿੰਡੀ ਤੇ ਸੀ, ਕੁੱਲ ਪਨਾਹਗੀਰਾਂ ਦੀ ਤਦਾਦ ਅੰਦਾਜ਼ਨ 30,000 ਸੀ, ਅਤੇ ਰਾਵਲਪਿੰਡੀ ਡਿਵੀਜ਼ਨ ਤੋਂ, ਸਾਨੂ ਹੋਰ ਘੱਟ ਤੋਂ ਘੱਟ 35,000 ਜਾਂ ਹੋਰ ਨੂੰ ਲੈਣ ਲਈ ਤਿਆਰ ਰਹਿਣਾ ਪਏਗਾ (Ibid: 85–90).

ਆਪਣੀ 31 ਮਾਰਚ ਦੀ ਪੰਦਰਵਾੜੇ ਦੀ ਰਿਪੋਰਟ ਤੇ, ਜੋ ਪਹਿਲਾਂ ਮਾਉਂਟਬੈਟਨ ਨੂੰ ਭੇਜੀ ਗਈ, ਗਵਰਨਰ ਨੇ ਦੂਜੀ ਗੱਲਾਂ ਦੇ ਸਿਵਾਏ ਇਹ ਕਿਹਾ:

ਸਤਹ ਥਲੇ ਕਈ ਗੜਗੜਾਹਟਾਂ ਮੌਜੂਦ ਨੇ, ਅਤੇ ਕਿਸੇ ਵੀ ਵਕਤ ਗੰਭੀਰ ਗੜਬੜ ਦੁਬਾਰਾ ਭੜਕ ਸਕਦੀ ਹੈ. ਮੁਸਲਿਮ ਪੂਰੇ ਬੇਪਰਵਾਹ ਹਨ. ਉਹ ਕਹਿੰਦੇ ਹਨ ਕਿ ਉਹ ਹਮਲਾਵਰ ਨਹੀਂ ਸਨ; ਮਾਸਟਰ ਤਾਰਾ ਸਿੰਘ ਨੇ ਆਪਣੇ ਤਸ਼ੱਦਦੀ ਬਿਆਨਾਂ ਨਾਲ ਗੜਬੜ ਦਾ ਆਘਾਜ਼ ਕੀਤਾ ਸੀ; ਅਤੇ ਹੁਣ ਵੀ ਸਿੱਖ ਆਪਣੀ ਕਿਰਪਾਨਾ ਦੀ

ਖੁਲ੍ਹੇ ਆਮ ਨੁੰਮਾਇਸ਼ ਕਰ ਰਹੇ ਨੇ, ਜਿਸ ਉਪਰ ਮਜ਼ੂਬੀ ਵਜ੍ਹਾਂ ਨਾਲ ਉਨ੍ਹਾਂ ਨੂੰ ਛੋਟ ਮਿਲੀ ਹੋਈ ਹੈ. ਮਸਜਿਦਾਂ ਤੇ ਕੁੱਝ ਬੂਰੇ ਭਾਸ਼ਣ ਦਿੱਤੇ ਜਾ ਰਹੇ ਨੇ, ਅਤੇ ਖ਼ੁਫ਼ੀਆਂ ਰਿਪੋਰਟਾ ਦੇ ਮੁਤਾਬਕ, ਮੁਸਲਿਮ ਲੀਗ ਦੇ ਕੁੱਝ ਸਦੱਸ, ਚਾਹੁੰਦੇ ਨੇ ਕਿ ਹੋਰ ਗਵਬੜ ਹੋਵੇ.

ਹਿੰਦੂ ਅਤੇ ਸਿੱਖ ਪਹਿਲੀ ਵਾਰ ਇੱਕ ਸ਼ਾਥ ਮਿਲ ਕੇ ਕੱਮ ਕਰ ਰਹੇ ਨੇ. ਮੇਰੇ ਖ਼ਿਆਲ ਵਿੱਚ, ਉਹ ਮਹਿਸੂਸ ਕਰਦੇ ਨੇ ਕਿ 3 ਮਾਰਚ ਦੇ ਉਨ੍ਹਾਂ ਦੀ ਤਕਰੀਰ ਨਾਮਾਕੂਲ ਸੀ; ਪਰ ਉਨ੍ਹਾਂ ਦਾ ਇਹ ਵਿਚਾਰ ਠੀਕ ਹੈ ਕਿ ਰਾਵਲਪਿੰਡੀ ਦੇ ਆਮ ਕਤਲੇਆਮ ਦੀ ਕੋਈ ਵਾਜ਼ਬ ਵਜ੍ਹਾ ਨਹੀਂ ਸੀ. ਉਹ ਪੰਜਾਬ ਦੀ ਤਕਸੀਮ ਦਾ ਇਰਾਦਾ ਰੱਖਦੇ ਨੇ, ਅਤੇ ਮੁਸਲਿਮਾਂ ਨਾਲ ਕਿਸੇ ਵੀ ਸੁਲ੍ਹਾ ਦੀ ਖਾਹਿਸ਼ ਨਹੀਂ ਰਖਦੇ ਹਨ (Ibid: 102).

ਹਵਾਲਾ

ਚੰਦ੍ਰਾ, ਪ੍ਰਬੋਧ (ਰਚਅਿਤਾ), ਰੇਪ ਅੰਫ ਰਾਵਲਪਿੰਡੀ, ਲਾਹੌਰ: 'ਦੀ ਪੰਜਾਬ ਰਾਯੋਟਸ ਸਫਰਰਸ' ਰਿਲੀਫ ਕਮੇਟੀ, (1947).

ਕੋਲਿਨਸ, ਲੈਰੀ ਅਤੇ ਲੇਪੀਅਰ ਡੋਮੀਨਿਕ, ਫ੍ਰੀਡਮ ਅੈਟ ਮਿਡਨਾਇਟ, ਨਿਊ ਯੋਰਕ: ਏਵੇਨ ਬੂਕਸ, (1975).

ਖੋਸਲਾ, ਜੀ.ਡੀ., ਸਟਰਨ ਰੇਕੋਨਿੰਗ: ਏ ਸਰਵੇ ਅੰਫ ਦੀ ਇਵੇਂਟਸ ਲੀਡੀਂਗ ਅਪ ਟੂ ਅੈਂਡ ਫੈਲੈਇੰਗ ਦ ਪਾਰਟੀਸ਼ਨ ਅੰਫ ਇੰਡੀਆ, ਨਿਊ ਦੇਲਹੀ: ਅੈਕਸਫੋਰਡ ਯੂਨੀਵਰਸਿਟੀ ਪ੍ਰੈਸ, (1989).

ਮੁਨੀ੍ਰਰ, ਮੁਹੱਮਦ, ਫ੍ਰੈਂਮ ਜਿਨਾਹ ਟੂ ਜ਼ਿਆ, ਲਾਹੌਰ: ਵੈਨਗਾਰਦ ਬੂਕਸ ਪ੍ਰਾਇਵੇਟ ਲਿਮਿਟੇਡ, (1980).

ਪਾਂਡੇ, ਗਿਆਨੇਨਦ੍ਰ, ਰਿਮੇਮਬਰੀਂਗ ਪਾਰਟੀਸ਼ਨ, ਕੈਂਬਰਿਜ, ਕੈਮਬੀ੍ਰਗ ਯੂਨੀਵਰਸਿਟੀ ਪ੍ਰੈਸ, (2001).

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਅੈਟੇਕ ਅੋਨ ਸਿੱਖਸ ਅੈਂਡ ਹਿੰਦੂਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਅੰਫ ਇਡਿੰਆ, (1991).

ਟੈਲਬੱਟ, ਇਅਨ, 'ਦੀ 1947 ਪਾਰਟੀਸ਼ਨ ਅੰਫ ਇੰਡੀਆ, ਡੈਨ ਸਟੇਨ (ਏਡ), ਦੀ ਹਿਸਟੋਰਿਉਗ੍ਰਾਫੀ ਅੰਫ ਜੈਨੋਸਾਇਡ, ਹਾਉਂਡਸਮਿਲ, ਬੇਸਿੰਗਸਟੋਕ, ਹੈਂਪਸ਼ਾਇਰ: ਪੈਲਗ੍ਰੇਵ ਮੈਕਮੀਲਨ, (2008).

ਸਰਕਾਰੀ ਦਸਤਾਵੇਜ

ਕਾਰਟਰ, ਲਿਅੋਨੇਲ (ਏਡ),ਪੰਜਾਬ ਪੋਲਿਟਿਕਸ, 3 ਮਾਰਚ 1947-31 ਮਈ 1947, ਅੈਟ ਦੀ ਏਬੀਸ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਅੈਂਡ ਅਦਰ ਕੀ ਡੋਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007a).

ਸੈਂਸੱਸ ਅੰਫ ਇੰਡੀਆ, 1941, ਵੋਲ. ੜੀ,ਪੰਜਾਬ, ਸ਼ਿਮਲਾ:ਗੌਵਰਨਮੇਂਟ ਅੰਫ ਇੰਡੀਆ ਪ੍ਰੈਸ, (1941).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਅੰਫ ਪਾਵਰ 1942–7, ਵੋਲ. ਯੀ, ਦੀ ਮਾਉਂਟਬੇਟਨ ਵਾਇਸਰਾਇਲਟੀ, ਅੈਨਾਉਂਸਮੇਂਟ ਅੈਂਡ ਰਿਸੇਪਸ਼ਨ ਅੰਫ ਦ 3 ਜੂਨ ਪਲਾਨ, 31 ਮਈ-7 ਜੁਲਾਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਅੰਫਿਸ (1982).

ਅਖ਼ਬਾਰਾਂ

ਦੀ ਪਾਕਿਸਤਾਨ ਟਾਇਮਸ, ਲਾਹੌਰ, 1947

ਦੀ ਟ੍ਰਿਬਊਨ, ਲਾਹੌਰ, 1947

ਇੰਟਰਵਿਊ

ਜਗਦੀਸ਼ ਚੰਦਰ ਸਰੀਨ, ਦੇਲਹੀ, 24 ਅਕਤੂਬਰ 1999

ਰਸ਼ੀਦ ਨਿਸਾਰ, ਲੰਡਨ, 18-19 ਮਈ 2002

ਅਮਰ ਸਿੰਘ, ਦੇਲਹੀ, 14 ਮਾਰਚ 2004

ਮਦਨਲਾਲ ਸਿੰਘ, ਦੇਲਹੀ, 14 ਮਾਰਚ 2004

ਹਰਕਿਸ਼ਨ ਸਿੰਘ ਮੇਹਤਾ, ਚੰਡੀਗੜ, 20 ਮਾਰਚ 2004

ਮੋਨੀ ਚੜ੍ਹਾ, ਨਿਊ ਦੇਲਹੀ, 28 ਮਾਰਚ 2004
ਅਮੀਰ ਖ਼ਾਨ, ਚਕ ਬੇਲੀ ਖ਼ਾਨ, ਰਾਵਲਪਿੰਡੀ ਜ਼ਿਲ੍ਹਾ, 11 ਦਸੰਬਰ 2004
ਹਾਜੀ ਮੁਹੱਮਦ ਹਨੀਫ਼, ਚਕ ਬੇਲੀ ਖ਼ਾਨ, ਰਾਵਲਪਿੰਡੀ ਜ਼ਿਲ੍ਹਾ, 11 ਦਸੰਬਰ 2004
ਖ਼ਵਾਜ਼ਾ ਮਸੁਦ ਅਹਿਮਦ, ਰਾਵਲਪਿੰਡੀ, 12 ਦਸੰਬਰ 2004
ਸ਼ੇਖ਼ ਨੂਰ ਦੀਨ, ਰਾਵਲਪਿੰਡੀ, 12 ਦਸੰਬਰ 2004
ਹਾਜੀ ਮੁਹੱਮਦ ਸ਼ਰੀਫ਼, ਪਰਿਆਲ, ਅਟੱਕ (ਕੈਂਪਬੇਲਪੁਰ) ਜ਼ਿਲ੍ਹਾ, 13 ਦਸੰਬਰ 2004
ਫ਼ੈਜ਼ ਜ਼ਮਾਨ, ਪਰਿਆਲ, ਅਟੱਕ (ਕੈਂਪਬੇਲਪੁਰ) ਜ਼ਿਲ੍ਹਾ, 13 ਦਸੰਬਰ 2004
ਸਈਦ ਨਜ਼ੀਰ ਹੁਸੈਨ ਸ਼ਾਹ, ਚੇਆ ਖ਼ਾਲਸਾ, 14 ਦਸੰਬਰ 2004
ਰਾਜਾ ਮੁਹੱਮਦ ਰਿਆਸਤ, ਚੇਆ ਖ਼ਾਲਸਾ, 14 ਦਸੰਬਰ 2004
ਹਾਜੀ ਸ਼ੇਰ ਖ਼ਾਨ, ਥਮਾਲੀ, 14 ਦਸੰਬਰ 2004
ਜਾਨ ਦਾਦ ਖ਼ਾਨ, ਥਮਾਲੀ, 14 ਦਸੰਬਰ 2004
ਹਾਜੀ ਸ਼ੇਰ ਅਹਿਮਦ, ਰਾਵਲਪਿੰਡੀ, 15 ਦਸੰਬਰ 2004
ਖ ਮੁਹੱਮਦ ਇਸ਼ਾਕ, ਰਾਵਲਪਿੰਡੀ, 15 ਦਸੰਬਰ 2004
ਰਣਜੀਤ ਸਿੰਘ ਭਸੀਨ, ਕਪੂਰਥਲਾ, 3 ਜਨਵਰੀ 2005

ਦੂਜਾ ਚਰਣ: ਆਖਰੀ ਸਿਆਸੀ ਖੇਡ ਦਾ ਖ਼ੁਲਾਸਾ

ਮਾਰਚ 1947 - 14 ਅਗਸਤ 1947

ਪਰਿਚੇ

ਪੰਜਾਬ ਦੀ ਤਕਸੀਮ ਦਾ ਦੂਜਾ ਚਰਣ ਦਿੱਲੀ ਦੇ ਵਾਇਸਰਾਏ ਬਦਲਣ ਦੇ ਨਾਲ ਸ਼ੁਰੂ ਹੋਇਆ ਅਤੇ ਇੰਡੀਆ ਅਤੇ ਪਾਕਿਸਤਾਨ ਸਰਕਾਰਾਂ ਦੇ ਹੱਥ ਸੱਤਾ ਦੇਣ ਦੇ ਨਾਲ, 15 ਅਗਸਤ 1947 ਨੂੰ ਖ਼ਤਮ ਹੋਇਆ. ਜਿਥੋਂ ਤੱਕ ਪੰਜਾਬ ਦਾ ਸਵਾਲ ਹੈ, ਇਸ ਦਾ ਮਤਲਬ ਸੀ ਕਿ ਇਸ ਦੀ ਵੀ ਤਕਸੀਮ ਹੋਈ; ਦੋ ਮੁਖਤਲਿਫ਼ ਸੂਬੇ ਜਿਨ੍ਹਾਂ ਦੇ ਅਲਗ ਇੰਤਜਾਮਿਆ ਸੀ, ਤਿਆਰ ਹੋਏ. ਇਸ ਦੌਰਾਨ, ਤਸ਼ੱਦਦ ਹੌਲੀ ਹੌਲੀ ਲਾਹੌਰ ਅਤੇ ਅੱਮ੍ਰਿਤਸਰ ਤੋਂ ਦੂਜੇ ਸ਼ਹਿਰਾਂ ਤੇ ਅਤੇ ਅਖੀਰ ਤੇ ਦਿਹਾਤੀ ਇਲਾਕਿਆਂ ਤੇ ਫੈਲ ਗਿਆ.

ਮਾਉਂਟਬੈਟਨ ਦੇ ਵਾਇਸਰਾਏ ਰਹਿੰਦੇ, ਕੇਂਦਰ ਨੇ ਕੁੱਝ ਕਾਰਵਾਈਆਂ ਸ਼ੁਰੂ ਕੀਤੀਆਂ, ਜਿਸ ਦੇ ਚਲਦਿਆਂ ਇੰਡੀਆ, ਅਤੇ ਪੰਜਾਬ ਹੋਰ ਬੰਗਾਲ ਦੀ ਵੀ ਤਕਸੀਮ ਹੋ ਗਈ. ਉਪਨਿਵੇਸ਼ੀ ਸਰਕਾਰ ਦੁਆਰਾ ਘਟਨਾਵਾਂ ਦੀ ਕੜੀ ਵਿੱਚ, ਪੰਜਾਬ ਗਵਰਨਰ ਸਰ ਇਵਨ ਜੇਨਕੀਨਸ ਅਤੇ ਵਾਇਸਰਾਏ ਮਾਉਂਟਬੈਟਨ, ਆਲ-ਇੰਡੀਆ ਅਤੇ ਪੰਜਾਬ ਦੇ ਸਤਰ ਦੇ ਸਿਆਸਤਦਾਨਾਂ ਹੋਰ ਤਕਸੀਮ ਦੇ ਫ਼ੈਸਲੇ ਨੂੰ ਲਾਗੂ ਕਰਣ ਲਈ ਗਠੇ, ਸਰਕਾਰੀ ਕਮੀਸ਼ਨਾਂ, ਦੇ ਵਿੱਚ ਗੱਲਬਾਤ, ਸ਼ਾਮਲ ਸੀ. ਜਮੀਨੀ ਸਤਰ ਤੇ, ਤਸ਼ੱਦਦ ਦੀ ਵਾਪਸੀ ਅਤੇ ਇਸ ਦਾ ਵੱਧਣਾ ਅਤੇ ਜ਼ਿਆਦਾ ਤੀਬਰ ਹੋ ਜਾਣਾ, ਆਪਣੀ ਇੱਕ ਅਲਗ ਹੀ ਗਤਿਸ਼ੀਲਤਾ ਰੱਖਦੇ ਸੀ, ਹਾਲਾਂਕਿ ਦੋਨੋ ਕਾਰਵਾਈਆਂ ਇੱਕ ਦੂਜੇ ਉਪਰ ਅਸਰ ਪਾਉਂਦੀਆਂ ਸਨ ਅਤੇ ਇਸ ਦੇ ਚਾਹੇ ਅਤੇ ਅਣਚਾਹੇ ਅੰਜ਼ਾਮ ਹੁੰਦੇ ਸੀ.

ਵਾਇਸਰਾਏ ਅਤੇ ਗਵਰਨਰ-ਜੈਨਰਲ ਬਣਣ ਦੇ ਤੁਰੰਤ ਬਾਅਦ, ਮਾਉਂਟਬੈਟਨ ਨੂੰ ਯਕੀਨ ਸੀ ਕਿ ਇੰਡੀਆ ਦੀ ਤਕਸੀਮ ਕਰਨੀ ਪਏਗੀ. ਉਸ ਦੀ ਇੰਡੀਅਨ ਰਹਨੁਮਾਵਾਂ ਨਾਲ ਮਸਵਰੇ ਅਤੇ ਗੱਲਬਾਤ ਇੱਕ ਕੋਸ਼ਿਸ਼ ਕਰਦੇ ਸੀ ਕਿ ਦੱਖਨ ਏਸ਼ੀਆ ਵਿੱਚ ਬ੍ਰਿਟਿਸ਼ ਰਣਨੀਤਕ ਹਿੱਤਾਂ ਉਪਰ ਬੁਰਾ ਅਸਰ ਨਾ ਪਵੇ ਜਾਂ ਜ਼ਿਆਦਾ ਬੁਰਾ ਅਸਰ ਨਾ ਪਵੇ. ਗੱਲਬਾਤ ਦੇ ਕਈ ਚਰਣਾ ਬਾਅਦ ਮਾਉਂਟਬੈਟਨ ਨੇ ਇੱਕ ਵਿਸਫੋਟਕ ਐਲਾਨ ਕੀਤਾ ਕਿ ਸੱਤਾ ਦੀ ਤਬਦੀਲੀ ਅਗਸਤ 1947 ਦੇ ਮੱਧ ਤੇ ਹੋਵੇਗੀ, ਨਾ ਕਿ ਜੂਨ 1948 ਤੇ, ਜੈਦਾਂ ਕਿ ਪਹਿਲਾਂ ਉਨ੍ਹਾਂ ਦਾ ਮਨਸੂਬਾ ਸੀ. ਉਸ ਦਾ ਇਹ ਫ਼ੈਸਲਾ ਅਜੇ ਵੀ, ਸਭ ਤੋਂ ਵਿਵਾਦਪੁਰਨ ਫ਼ੈਸਲਾ ਮੱਨਿਆ ਜਾਂਦਾ ਹੈ, ਪਰ ਇਹ ਇਕੱਲਾ ਵਿਵਾਦਪੁਰਨ ਫ਼ੈਸਲਾ ਨਹੀਂ ਸੀ, ਉਸ ਦੇ ਕਹਿਣ ਤੇ, ਬਾਊਂਡਰੀ ਅਵਾਰਡ, ਇੰਡੀਆ ਅਤੇ ਪਾਕਿਸਤਾਨ ਦੀ ਆਜ਼ਾਦੀ ਦੇ ਐਲਾਨ ਦੇ ਕੁੱਝ ਦਿਨ ਬਾਅਦ, ਨਾ ਕਿ ਪਹਿਲਾਂ ਕੀਤਾ ਗਿਆ.

ਇਹ ਮੱਨਣਾ ਕਿ ਪੰਜਾਬ ਦੀ ਤਕਸੀਮ ਦੇ ਬਾਅਦ ਆਬਾਦੀ ਅਦਲਾ-ਬਦਲੀ ਨਹੀਂ ਹੋਵੇਗੀ, ਬਿਲਕੁਲ ਗਲਤ ਸੀ - ਪੰਜਾਬ ਦੇ ਗਵਰਨਰ ਚੇਤਾਵਨੀ ਦੇ ਰਹੇ ਸੀ ਕਿ ਇਹ ਤਸ਼ੱਦਦੀ ਹੋਵੇਗਾ. ਅਪ੍ਰੈਲ ਤੋਂ ਬਾਅਦ, ਤਸ਼ੱਦਦ ਫ਼ਿਰ ਸ਼ੁਰੂ ਹੋ ਗਿਆ ਅਤੇ ਮਈ ਦੇ ਦੂਜੇ ਹਫ਼ਤੇ ਤੋਂ ਲੱਗਭਗ ਹਰ ਦਿਨ ਬਦਤਰ ਹੁੰਦਾ ਗਿਆ. ਖੁਫ਼ੀਆ ਏਜੰਸੀਆਂ ਇਸ ਬਾਰੇ ਦੱਸ ਰਹਿਆਂ ਸੀ, ਅਤੇ ਪੰਜਾਬ ਦਾ ਗਵਰਨਰ ਇਸ ਨੂੰ ਟੈਲੀਗ੍ਰਾਮ ਅਤੇ ਲੰਬੀ ਰਿਪੋਰਟਾਂ ਦੇ ਜਰਿਏ ਦਿੱਲੀ ਭੇਜ ਰਹੇ ਸੀ. ਪਰ ਲਗਦਾ ਹੈ, ਮਾਉਂਟਬੈਟਨ ਨੂੰ ਇਸ ਦਾ ਕੋਈ ਫ਼ਿਕਰ ਨਹੀਂ ਸੀ. ਜੋ ਵੀ ਪ੍ਰਸ਼ਾਸਨਿਕ ਕਦਮ ਉਠਾਏ ਗਏ, ਪੰਜਾਬ ਬਾਊਂਡਰੀ ਫੋਰਸ ਦੀ ਕਾਇਮੀ ਸਮੇਤ, ਬਿਲਕੁਲ ਨਾਕਾਫ਼ੀ ਸਾਬਤ ਹੋਏ. ਸਿੱਖ ਚੇਤਾਵਨੀ ਦੇ ਰਹੇ ਸੀ ਕਿ ਉਹ ਤਕਸੀਮ ਦਾ ਕੋਈ ਮਨਸੂਬਾ ਕਬੂਲ ਨਹੀਂ ਕਰਣਗੇ, ਜੋ ਉਨ੍ਹਾਂ ਦੀ ਮੰਗਾਂ ਨੂੰ ਪੂਰਾ ਨਾ ਕਰਦਾ ਹੋਵੇ. ਮੁਸਲਿਮ ਆਗੂ ਤਿਰਪਤ ਰਹੇ ਕਿਉਂਕਿ ਜਿਆਦਾਤਰ ਝੜਪਾਂ ਵਿੱਚ, ਉਨ੍ਹਾਂ ਦੇ ਨਸਲੀ ਕਾਰਕੁਨ ਅਤੇ ਜੁਰਮ ਕਰਣ ਵਾਲੇਆਂ ਦਾ ਪਲੜਾ ਭਾਰੀ ਸੀ.

ਹਿੰਦੂ, ਆਮ ਤੌਰ ਤੇ, ਦੁਕਾਨਦਾਰ ਅਤੇ ਵਪਾਰੀ ਸਨ, ਜੋ ਤਸ਼ੱਦਦ ਤੋਂ ਦੂਰ ਰਹਿੰਦੇ ਸੀ. ਇਸ ਦਾ ਵਰਜਨ ਆਰ.ਐਸ. ਐਸ. ਅਤੇ ਪੂਰਬੀ ਪੰਜਾਬ ਦੇ ਹਿੰਦੀ ਬੋਲਣ ਵਾਲੇ ਇਲਾਕੇ ਸੀ, ਜਿੱਥੇ ਹਿੰਦੂ ਉਸ ਕਿਸਾਨ-ਵਰਗ ਦਾ ਹਿੱਸਾ ਸਨ, ਜੋ ਤਸ਼ੱਦਦ ਚਿੰਤ ਸਨ ਅਤੇ ਇਸ ਦਾ ਇਸਤੇਮਾਲ ਵੀ ਕਰਦੇ ਸੀ.

ਜਿਥੋਂ ਤੱਕ ਪੰਜਾਬ ਦਾ ਸਵਾਲ ਹੈ, ਅਪ੍ਰੈਲ ਤੋਂ ਜੂਨ ਦੇ ਅਖੀਰ ਤਕ, ਖ਼ਾਸ ਕਰ ਕੇ ਲਾਹੌਰ ਅਤੇ ਅੱਮ੍ਰਿਤਸਰ ਤੇ, ਤਸ਼ੱਦਦ ਅਤੇ ਅੱਤਵਾਦ ਲਗਾਤਾਰ ਕਾਇਮ ਰਿਹਾ. ਸਮੁੱਚੇ ਤੌਰ ਤੇ, ਹਾਲਾਤ ਅਸਥਿਰ ਅਤੇ ਵਿਸਫੋਟਕ ਰਹੇ, ਪਰ ਇੱਕ ਬੇਆਰਾਮ ਅਮਨ, ਸੂਬੇ ਦੇ ਜ਼ਿਆਦਾਤਰ ਹਿੱਸੇਆਂ ਤੇ ਕਾਇਮ ਰਿਹਾ. ਪਰ, ਜਦ ਤੱਕ ਜੇਨਕੀਨਸ ਹਕੂਮਤ ਚਲਾ ਰਹੇ ਸੀ, ਇਖ਼ਤਿਆਰ ਦੇ ਢਾਂਚੇ ਦਾ ਪਾਲਣ ਕੀਤਾ ਜਾਦਾਂ ਸੀ. ਇਹ ਤਰਫ਼ਦਾਰੀ ਕਰਦੇ ਅਫ਼ਸਰਾਂ ਅਤੇ ਹਥਿਬਾਰਬੰਦ ਲੋਕ ਜੋ ਹਮਲੇ ਲਈ, ਸ਼ਿਕਾਰ ਦੀ ਤਲਾਸ਼ ਵਿੱਚ ਘੁਮਦੇ ਰਹਿੰਦੇ ਸੀ, ਉਸ ਦੇ ਉਪਰ ਲਗਾਮ ਲਗਾਉਂਦਾ ਸੀ. ਇਸ ਕਰ ਕੇ, ਹਲਾਕ ਹੋਣ ਵਾਲੇ ਲੋਕਾਂ ਦੀ ਤਦਾਦ ਘੱਟ ਸੀ, ਸਰਕਾਰੀ ਅੰਕੜੇ ਦੇ ਮੁਤਾਬਕ ਕੁੱਝ ਹਜ਼ਾਰ, ਪਰ ਇਹ ਤਦਾਦ ਹਕੀਕਤ ਤੇ, ਸੰਭਵਤ, ਸਰਕਾਰੀ ਮੌਤਾਂ ਦੇ ਅੰਕੜੇ ਤੋਂ ਜ਼ਿਆਦਾ ਸੀ. ਹਿੰਦੂਆਂ ਅਤੇ ਸਿੱਖਾਂ ਦੀ, ਮੁਸਲਿਮ ਮਜਾਰਟੀ ਵਾਲੇ ਉੱਤਰ ਅਤੇ ਪਛੱਮ ਦੇ ਜ਼ਿਲ੍ਹਾਂ ਤੋਂ, ਪੂਰਬ ਦੀ ਤਰਫ਼ ਕੂਚ, ਅਪ੍ਰੈਲ ਤੋਂ ਲੈ ਕੇ ਅਗਸਤ ਦੇ ਮੱਧ ਤੱਕ ਚਲਦੀ ਰਹੀ ਅਤੇ ਲੱਖਾਂ ਦੀ ਤਦਾਦ ਤੇ ਲੋਕ, ਸਰੱਹਦ ਪਾਰ ਕਰ, ਮਹਿਫ਼ੂਜ ਹਿੰਦੂ-ਸਿੱਖ ਇਲਾਕਿਆਂ ਤੇ ਆ ਗਏ. ਦੂਜੀ ਤਰਫ਼, ਸਿਰਫ਼ ਅਗਸਤ ਦੇ ਦੂਜੇ ਹਫ਼ਤੇ ਤੇ ਜਾ ਕੇ, ਪੂਰਬੀ ਪੰਜਾਬ ਤੋਂ ਮੁਸਲਿਮਾਂ ਦੀ ਉਲਟੀ ਤਰਫ਼, ਗੌਰ ਕਰਣ ਲਾਈਕ, ਕੁੱਝ ਸ਼ੁਰੂਆਤ ਹੋਈ. ਵਜ੍ਹਾ ਇਹ ਸੀ ਕਿ ਹੁਣ ਤੱਕ ਜ਼ਿਆਦਾਤਰ ਹਮਲੇ, ਮੁਸਲਿਮ ਮਜਾਰਿਟੀ ਵਾਲੇ ਇਲਾਕਿਆ ਤੇ ਹੋ ਰਹੇ ਸੀ. ਇਹ ਵੀ ਗੌਰ ਕਰਣ ਯੋਗ ਹੈ ਕਿ ਪੰਜਾਬ ਦਾ ਦਿਹਾਤੀ ਇਲਾਕਾ ਜ਼ਿਆਦਾਤਰ, ਪਰਭਾਵਤ ਨਹੀਂ ਹੋਇਆ ਸੀ, ਅਤੇ ਜ਼ਿਆਦਾਤਰ ਜੁਰਮ ਸ਼ਹਿਰਾਂ ਅਤੇ ਕਸਬੇਆਂ ਤੇ ਹੋਏ ਸੀ. ਪਰ, ਆਬਾਦੀ ਦਾ ਵੱਡਾ ਹਿੱਸਾ ਆਪਣੀ ਜਗ੍ਹ ਤੇ ਕਾਇਮ ਰਹਿਆ.

ਅਤੇ, ਹਾਲਾਂਕਿ ਡਰ ਅਤੇ ਫ਼ਿਕਰ ਕਈ ਗੁਣਾ ਵਧ ਰਿਹਾ ਸੀ, ਜਦ ਤੱਕ ਸਰਕਾਰੀ ਇਖ਼ਤਿਆਰ ਪੂਰੀ ਤਰ੍ਹਾਂ ਤਰਫ਼ਦਾਰੀ ਕਰਣ ਵਾਲਾ ਅਤੇ ਮੁਖ਼ਾਲਫ਼ਤੀ ਨਹੀਂ ਲਗ ਰਿਹਾ ਸੀ, ਲੋਕ ਆਪਣੇ ਘਰ ਛੱਡ ਕੇ, ਨਹੀਂ ਜਾਣਾ ਚਾਹੁੰਦੇ ਸੀ.

10

ਪੰਜਾਬ ਵਿੱਚ ਬ੍ਰਿਟਿਸ਼ ਪਾਲਿਸੀ (ਨੀਤੀ), 24 ਮਾਰਚ - 30 ਜੂਨ 1947

24 ਮਾਰਚ ਨੂੰ, ਲੈਰਡ ਲੂਈਸ ਮਾਉਂਟਬੈਟਨ ਨੇ ਇੰਡੀਆ ਦੇ ਵਾਇਸਰਾਏ ਅਤੇ ਗਵਰਨਰ ਜੈਨਰਲ ਦੀ ਹੈਸੀਅਤ ਤੇ ਸ਼ਪਥ ਲੀਤੀ. ਉਸ ਨੂੰ ਪੱਕੇ ਤੌਰ ਤੇ ਕਿਹਾ ਗਿਆ ਸੀ ਕਿ ਉਹ ਬ੍ਰਿਟਿਸ਼ ਹਥਾਂ ਤੋਂ ਇੰਡੀਅਨਾਂ ਤੇ ਹਥਾਂ ਤੇ, ਇਤਹਾਦੀ ਜਾਂ ਤਕਸੀਮ ਕੀਤੇ ਇੰਡੀਆ ਨੂੰ ਜੂਨ 1948 ਤਕ, ਹਕੂਮਤ ਦੇ ਦੇਵੇ. ਬੇਸ਼ਕ, ਸਭ ਤੋਂ ਮੁਸ਼ਕਲ ਅਤੇ ਨਾਜ਼ੁਕ ਕੱਮ ਬਾਕੀ ਸੀ, ਉਹ ਸੀ ਪੰਜਾਬ ਦੇ ਮਸਲੇ ਦਾ ਹਲ ਕੱਢਣਾ, ਜਿੱਥੇ ਸਿੱਖ, ਭਾਂਵੇ 13.2 ਫ਼ੀਸਦੀ ਸਨ, ਪਰ ਉਹ ਇੱਕ ਅਹਿਮ ਅਤੇ ਤਾਕਤਵਰ ਕੌਮ ਸਨ. ਉਹ ਇੰਡੀਅਨ ਫ਼ੌਜ਼ ਵਿੱਚ ਇੱਕ ਵੱਡੀ ਤਦਾਦ ਤੇ ਸਨ ਅਤੇ ਖੇਤੀ-ਬਾੜੀ ਵਿੱਚ ਮਜਬੂਤੀ ਨਾਲ ਜੁੜੇ ਹੋਏ ਸਨ (ਖ਼ਾਸ ਕਰ ਕੇ ਪਛੱਮ ਪੰਜਾਬ ਦੀ ਨਹਿਰੀ ਕਲੋਨਿਆਂ ਤੇ). ਇਸ ਦੇ ਇਲਾਵਾ, ਰਾਵਲਪਿੰਡੀ ਸ਼ਹਿਰ ਅਤੇ ਜ਼ਿਲ੍ਹੇ ਤੇ ਉਹ, ਸਾਹੂਕਾਰਾਂ ਦੇ ਤੌਰ ਤੇ, ਸਭ ਤੋਂ ਪ੍ਰਬਲ ਸਨ ਅਤੇ ਉਨ੍ਹਾਂ ਦੀ ਕਾਫ਼ੀ ਜ਼ਿਆਦਾ ਜਾਇਦਾਦ ਸੀ.

ਪੰਜਾਬ ਬਾਰੇ ਜੇਨਕੀਨਸ

ਇੱਕ ਬੇਹਦ ਖ਼ੁਫ਼ੀਆ ਟਿੱਪਣੀ (ਸ਼ਾਇਦ ਅਪ੍ਰੈਲ ਦੇ ਸ਼ੁਰੂ ਤੇ ਲਿਖੀ) ਜੋ ਵਾਇਸਰਾਏ ਨੂੰ ਭੇਜੀ ਗਈ ਸੀ, ਪੰਜਾਬ ਦੇ ਗਵਰਨਰ ਜੇਨਕੀਨਸ ਨੇ ਪੰਜਾਬ ਦੇ ਸਿੱਖਾਂ ਦਾ ਤਾਰੀਖੀ ਖ਼ਾਕਾ ਤਿਆਰ ਕੀਤਾ, ਜਿਸ ਵਿੱਚ ਐਸ.ਜੀ.ਪੀ.ਸੀ. ਦਾ ਗਠਨ ਸ਼ਾਮਲ ਸੀ, ਜੋ ਸਾਰੇ ਗੁਰਦੁਵਾਰੇਆਂ ਨੂੰ ਕਟੱੜ ਸਿੱਖਾਂ ਦੇ ਅਧੀਨ ਲਾਉਣ ਲਈ, ਇੱਕ ਤੇਹਰੀਕ ਦਾ ਨਤੀਜਾ ਸੀ. ਸ਼ਿਰੋਮਣੀ ਅਕਾਲੀ ਦਲ, ਜਿਸ ਦੀ ਕਾਇਮੀ, ਇੱਕ ਫ਼ੌਜ਼ੀ ਸਮੂਹ ਦੀ ਤਰ੍ਹਾਂ ਹੋਈ ਸੀ, ਵਕਤ ਦੇ ਨਾਲ, ਇੱਕ ਮਕਬੂਲ ਸਿਆਸੀ ਪਾਰਟੀ ਬਣ ਗਈ. ਜੇਨਕੀਨਸ ਨੇ ਸਿੱਖਾਂ ਦੀ ਤਿਆਰੀ ਦਾ ਵਰਣਨ ਮੁਸਲਿਮਾਂ ਦੇ ਨਾਲ ਇੱਕ ਅਖ਼ੀਰੀ ਟਾਕਰੇ ਦੇ ਤੌਰ ਤੇ ਕੀਤਾ. ਅਜਿਹੇ ਉਪਾਆਂ ਵਿੱਚ ਜਥੇਆਂ ਦੀ ਕਾਇਮੀ ਸ਼ਾਮਲ ਸੀ. ਸਿੱਖ, ਬ੍ਰਿਟਿਸ਼ ਦੇ ਇੰਡੀਆ ਛੱਡਣ ਦੇ ਬਾਅਦ, ਆਪਣੇ ਮੁਲਕ ਦੀ ਕਾਇਮੀ ਬਾਰੇ ਸੋਚ ਰਹੇ ਸੀ. ਮਾਸਟਰ ਤਾਰਾ ਸਿੰਘ ਉਪਰ 3 ਮਾਰਚ ਨੂੰ ਲਾਹੌਰ ਤੇ ਭੜਕਾਉ ਭਾਸ਼ਣ ਦੇਣ ਲਈ ਇਲਜ਼ਾਮ ਲਗਾਂਦੇ ਹੋਏ, ਗਵਰਨਰ ਨੇ ਇੱਕ ਗੱਲ ਬਾਰੇ ਦੁਬਾਰਾ ਜ਼ਿਕਰ ਕੀਤਾ, ਜੋ ਸਿੱਖਾਂ ਅਤੇ ਮੁਸਲਿਮਾਂ ਦੇ ਵਿੱਚ ਸੁਲ੍ਹਾ ਦੀ ਰੁਕਾਵਟ ਲਈ ਨਿਰਣਾਇੱਕ ਹੋਈ:

> ਇਹ ਇੱਕ ਬਦਕਿਸਮਤੀ ਹੈ ਕਿ ਮੁਸਲਿਮਾਂ ਨੇ, ਖਾਸ ਕਰ ਕੇ ਰਾਵਲਪਿੰਡੀ ਡਿਵੀਜ਼ਨ ਤੇ, ਲਗਦਾ ਹੈ ਸਿੱਖਾਂ ਦੇ ਇਰਾਦੇ ਪੱਕੇ ਕਰ ਦਿੱਤੇ ਨੇ, ਅਤੇ ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਸਿੱਖ ਆਗੂ ਬਦਲੇ ਦੀ ਤਿਆਰੀ ਕਰ ਰਹੇ ਨੇ. ਇਹ ਪਤਾ ਲਗਾ ਹੈ ਕਿ ਉਹ ਸਿੱਖ ਰਿਆਸਤਾਂ ਦੇ ਸ਼ਾਸਕਾਂ ਨਾਲ ਸੰਪਰਕ ਵਿੱਚ ਨੇ, ਅਤੇ ਕੁੱਝ ਦਿਨ ਪਹਿਲਾਂ

> ਗਿਆਨੀ ਕਰਤਾਰ ਸਿੰਘ ਨੇ 300 ਜਥੇਦਾਰਾਂ ਦੀ ਇੱਕ ਸਭਾ ਨੂੰ ਸੰਬੋਧਤ ਕੀਤਾ ਅਤੇ ਆਪਣੀ ਕੌਮ ਦੀ ਹਿਫ਼ਾਜ਼ਤ ਲਈ ਤਿਆਰ ਹੋਣ ਨੂੰ ਕਿਹਾ (Carter, 2007a: 111).

ਜੇਨਕੀਨਸ ਨੇ ਗੌਰ ਕੀਤਾ ਕਿ ਸਿੱਖਾ ਵਿੱਚ ਗੁਟਬਾਜ਼ੀ ਬਹੁਤ ਜ਼ਿਆਦਾ ਸੀ. ਹਾਲਾਂਕਿ ਮਾਸਟਰ ਤਾਰਾ ਸਿੰਘ ਅਤੇ ਬਲਦੇਵ ਸਿੰਘ (ਕੇਂਦਰੀ ਆਰਜ਼ੀ ਸਰਕਾਰ ਵਿੱਚ ਰੱਖਿਆ ਮੰਤਰੀ) ਉਨ੍ਹਾਂ ਦੇ ਵਿੱਚ ਸਭ ਤੋਂ ਅਹਿਮ ਸਨ, ਗਵਰਨਰ ਨੇ ਇਣ ਮੁੱਖ ਸਮੂਹਾਂ ਦੀ ਪਛਾਣ ਕੀਤੀ: ਮੁੱਖ ਧਾਰਾ ਦੇ ਅਕਾਲੀ ਜਿਸ ਦੇ ਆਗੂ ਮਾਸਟਰ ਤਾਰਾ ਸਿੰਘ ਸਨ (ਖੇਤੀਬਾੜੀ ਨਾ ਕਰਣ ਵਾਲੇ) ਅਤੇ ਗਿਆਨੀ ਕਰਤਾਰ ਸਿੰਘ (ਖੇਤੀਬਾੜੀ ਕਰਣ ਵਾਲੇ). ਗਵਰਨਰ ਨੇ ਗੌਰ ਕੀਤਾ, 'ਹਾਲ ਦੀ ਗੜਬੜੀਆਂ ਤੋਂ ਪਹਿਲਾਂ, ਕਰਤਾਰ ਸਿੰਘ ਸਿੱਖਾਂ ਅਤੇ ਮੁਸਲਿਮਾਂ ਦੇ ਵਿੱਚ ਕੋਈ ਸਮਝੌਤੇ ਦੇ ਹੱਕ ਵਿੱਚ ਸਨ' (Carter. 2007a:111). ਇੱਕ ਹੋਰ ਛੋਟਾ ਅਕਾਲੀ ਗੁਟ ਵੀ ਸੀ, ਜਿਸ ਦੀ ਅਗਵਾਈ ਉਧਮ ਸਿੰਘ ਨਗੋਕੇ ਅਤੇ ਇਸ਼ਰ ਸਿੰਘ ਮਝੈਲ ਕਰਦੇ ਸੀ, ਜੋ ਦੋਨੇ ਅੱਮ੍ਰਿਤਸਰ ਜ਼ਿਲ੍ਹੇ ਦੇ ਕਿਸਾਨ ਸਨ. ਤੀਜਾ ਗੁਟ ਕਾਂਗਰੇਸ ਹਿਮਾਇਤੀ ਸੀ ਜਿਸ ਦੀ ਅਗਵਾਈ ਪਰਤਾਪ ਸਿੰਘ ਕੈਰੋਂ (ਖੇਤੀਬਾੜੀ ਕਰਣ ਵਾਲੇ) ਅਤੇ ਸੁਰਜੀਤ ਸਿੰਘ ਮਜੀਠੀਆ, ਇੱਕ ਰਈਸ ਜਿੱਮੀਦਾਰ ਕਰ ਰਹੇ ਸੀ. ਚੌਥਾ ਗੁਟ ਕਮਿਊਨਿਸਟ ਸਿੱਖਾਂ ਦਾ ਸੀ, ਜਿਨ੍ਹਾ ਨੂੰ ਅਕਾਲੀ ਤੁੱਛ ਸਮਝਦੇ ਸੀ. ਉਨ੍ਹਾਂ ਨੇ ਇਹ ਵੀ ਗੌਰ ਕੀਤਾ ਕਿ ਸਿੱਖ ਸਿਆਸਤ ਵਿੱਚ ਜਾਤਾਂ ਦੇ ਗੁਟ ਵੀ ਅਹਿਮ ਸਨ. ਖੇਤੀਬਾੜੀ ਕਰਣ ਵਾਲੇ ਜੱਟਾਂ ਦੀ ਤਦਾਦ ਸਭ ਤੋਂ ਜ਼ਿਆਦਾ ਸੀ, ਪਰ ਅਗਵਾਈ ਖੇਤੀਬਾੜੀ ਨਾ ਕਰਣ ਵਾਲੇ ਕਰਦੇ ਸੀ. ਦੂਜੇ ਸਿੱਖ ਆਗੂ ਸਨ, ਸਰਦਾਰ ਸਵਰਨ ਸਿੰਘ ਅਤੇ ਸਰਦਾਰ ਉਜੱਲ ਸਿੰਘ. ਸਿੱਖਾਂ ਦੀ ਅਗਵਾਈ ਦੀ ਗੁਣਵੱਤਾ ਬਾਰੇ ਜੇਨਕੀਨਸ ਨੇ ਲਿਖਿਆ:

> ਮੇਰੀ ਸਿੱਖ ਕੌਮ ਦੇ ਨਾਲ ਗੱਲਬਾਤ ਦੇ ਤਜੁਰਬੇ ਤੋਂ ਮੈਨੂੰ ਲਗਦਾ ਹੈ ਕਿ ਜੋ ਆਗੂ ਅਹਿਮ ਨੇ, ਉਹ ਹਣ; ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਬਲਦੇਵ ਸਿੰਘ, ਜੋ ਇੱਕ ਵੱਡੇ ਰਈਸ ਅਤੇ ਗਵਰਨਰ ਗੈਨਰਲ ਦੀ ਕਾਉਂਸਿਲ ਦੇ ਸਦੱਸ ਹਨ. ਕਦੀ-ਕਦਾਰ ਹੀ ਸਿੱਖਾਂ ਦੇ ਫ਼ੈਸਲੇ ਬਾਰੇ ਕੋਈ ਸਾਫ਼ ਤੌਰ ਤੇ ਖ਼ਬਰ ਮਿਲਦੀ ਹੈ-ਕਿਸੀ ਹੱਦ ਤੱਕ ਸਿੱਖ ਆਗੂ ਚਾਲਾਕ ਸ਼ੰਗਠਨ ਕਰਣ ਵਾਲੇ ਨੇ; ਪਰ ਉਹ ਵੱਡੇ ਮੁੱਦੇਆਂ ਬਾਰੇ ਕਮਜੋਰ ਸਾਬਤ ਹੁੰਦੇ ਨੇ ਅਤੇ ਉਨ੍ਹਾਂ ਦੀ ਸੋਚ ਬੇਹਦ ਤੰਗ ਹੈ (Ibid: 112).

9 ਅਪ੍ਰੈਲ ਨੂੰ ਮਾਉਂਟਬੈਟਨ ਨੂੰ ਲਿਖੇ ਇੱਕ ਅਲਗ ਖ਼ਤ ਵਿੱਚ, ਜੇਨਕੀਨਸ ਨੇ ਇੱਕ ਬਗੈਰ ਦਸਤਖ਼ਤ ਕੀਤੇ ਜਾਰੀ ਪਰਚੇ ਉਪਰ ਫ਼ਿਕਰ ਜ਼ਾਹਰ ਕੀਤਾ, ਜਿਸ ਵਿੱਚ ਰਾਵਲਪਿੰਦੀ ਤੇ, ਸਿੱਖਾਂ ਦੇ ਖ਼ਿਲਾਫ ਹੋਏ ਜ਼ੁਲਮਾਂ ਨੂੰ ਵਧਾ-ਚੜ੍ਹਾ ਕੇ ਦੱਸਿਆ ਗਿਆ ਸੀ, ਅਤੇ ਸਿੱਖਾਂ ਨੂੰ ਮੁਸਲਿਮਾਂ ਦੇ ਨਾਲ ਲੜਾਈ ਲਈ ਤਿਆਰ ਹੋਣ ਨੂੰ ਕਿਹਾ ਗਿਆ ਸੀ. ਇਸ ਦੇ ਇਲਾਵਾ, ਇੱਕ ਅਪੀਲ ਵਿੱਚ, ਜਿਸ ਉਪਰ ਕਿਥਤ ਤੌਰ ਤੇ 18 ਪ੍ਰਮੁਖ ਸਿੱਖਾਂ ਨੇ ਦਸਤਖ਼ਤ ਕੀਤੇ ਸੀ ਅਤੇ ਜਿਸ ਵਿੱਚ ਸਰਦਾਰ ਬਲਦੇਵ ਸਿੰਘ ਅਤੇ ਕਈ ਦੂਜੇ ਸਿੱਖ ਐਮ.ਐਲ.ਏ ਸ਼ਾਮਲ ਸਨ, ਸਿੱਖ 'ਜੰਗ ਪੁੰਜੀ' ਲਈ 50 ਲੱਖ ਰੁਪਏ ਦੇ ਦਾਨ ਦੀ ਮੰਗ ਕੀਤੀ ਗਈ (Ibid: 117).

ਇਹ ਗੌਰ ਕਰਣ ਲਾਇੱਕ ਅਹਿਮ ਗੱਲਾਂ ਨੇ. ਇੱਕ ਅਪੀਲ ਵਿੱਚ, ਅਗਰ ਰੱਖਿਆ ਮੰਤਰੀ ਅਪਣਾ ਨਾਂਅ ਦੇਂਦੇ ਨੇ ਜੋ ਜੰਗ ਬਾਰੇ ਗੱਲ ਕਰੇ ਅਤੇ ਪੈਸੇ ਮੰਗੇ, ਇਸ ਦਾ ਮਤਲਬ ਹੈ ਕਿ, ਕਿਸੇ ਜਾਇਜ਼ ਸਰਕਾਰ ਦੀ ਆਮ ਕਾਰਵਾਈ ਅਤੇ ਅਭਿਆਸ ਉਪਰ ਕੋਈ ਅਮਲ ਨਹੀਂ ਹੋ ਰਿਹਾ ਸੀ, ਅਤੇ ਬ੍ਰਿਟਸ਼ ਸਰਕਾਰ ਦੀ ਗਰਿਫ਼ਤ ਢਿੱਲੀ ਹੋ ਰਹੀ ਸੀ, ਭਾਵੇਂ ਹੀ ਸਰਕਾਰੀ ਰਸਮਾਂ ਹੁਣ ਵੀ ਲਾਗੂ ਸਨ. ਕਈ ਦੂਜੀ ਰਿਪੋਰਟਾਂ ਤੋਂ ਵੀ

ਸਾਨੂ ਪਤਾ ਚਲਦਾ ਸੀ ਕਿ ਆਰਜ਼ੀ ਸਰਕਾਰ ਦੇ ਵਜੀਰ ਪੰਜਾਬ ਆ ਕੇ, ਖੁਲ੍ਹੇ ਆਮ ਆਪਣੇ ਮਜ਼ੂਬ ਦੇ ਲੋਕਾਂ ਨਾਲ ਹਮਦਰਦੀ ਦਿਖਾਉਂਦੇ ਸੀ. ਉਪਨਿਵੇਸ਼ੀ ਸਰਕਾਰ ਦਾ ਪ੍ਰਸ਼ਾਸਨ ਬਿਖਰਣ ਲਗ ਗਿਆ ਸੀ.

12 ਅਪ੍ਰੈਲ ਨੂੰ ਹੋਈ ਵਾਇਸਰਾਏ ਦੇ ਸਟਾਫ ਦੀ ਇੱਕ ਬੈਠਕ ਦੀ ਜਾਰੀ ਨਾ ਕੀਤੀ ਹੋਈ ਇੱਕ ਰਿਪੋਰਟ ਵਿੱਚ, ਮਾਉਂਟਬੈਟਨ ਨੇ ਜ਼ਾਹਰ ਕੀਤਾ ਕਿ ਸੱਤਾ ਦੇ ਬਦਲਣ ਬਾਰੇ ਉਹ ਦੋ ਮਨਸੂਬੇ ਬਾਰੇ ਸੋਚ ਰਹੇ ਸੀ. 'ਯੂਨੀਅਨ' ਮਨਸੂਬਾ ਇੱਕ ਇੱਤਹਾਦੀ ਇੰਡੀਆ ਬਾਰੇ ਸੀ ਜੋ ਕੈਬੀਨੇਟ ਮਿਸ਼ਨ ਪਲਾਨ ਦਾ ਇੱਕ ਤਬਦੀਲ ਕੀਤਾ ਰੂਪ ਸੀ, ਅਤੇ 'ਬੈਲਕਨ' ਮਨਸੂਬਾ ਜੋ ਹਰ ਸੂਬੇ ਨੂੰ ਆਪਣੇ ਭਵਿੱਖ ਦਾ ਖੁਦ ਫ਼ੈਸਲਾ ਕਰਣ ਦੀ ਇਜਾਜ਼ਤ ਦੇਂਦਾ, ਜਿਸ ਦੇ ਚਲਦਿਆਂ ਇੱਕ ਖੰਡਿਤ ਪਾਕਿਸਤਾਨ ਇਜ਼ਾਦ ਹੁੰਦਾ. ਪਰ, ਇਸ ਦੇ ਲਈ ਦਿੱਲੀ ਤੇ ਜੂਨ 1948 ਤੱਕ ਇੱਕ ਕੇਂਦਰ ਦੀ ਜ਼ਰੂਰਤ ਹੁੰਦੀ ਜੋ ਰੱਖਿਆ ਅਤੇ ਫ਼ੌਜ਼ੀ ਮਾਮਲੇ ਵੇਖਦਾ (Mansergh and Moon, 1981: 207–9).

14 ਅਪ੍ਰੈਲ ਦੀ ਇੱਕ ਬੈਠਕ ਵਿੱਚ ਜੇਨਕੀਨਸ ਨੇ ਮਾਉਂਟਬੈਟਨ ਅਤੇ ਦੂਜੇ ਵੱਡੇ ਬ੍ਰਿਟਿਸ਼ ਅਫਸਰਾਂ ਨੂੰ ਕਿਹਾ ਕਿ ਮੁਸਲਿਮਾਂ ਦਾ ਮਨਸੂਬਾ ਪੂਰੇ ਪੰਜਾਬ ਉਪਰ ਹਾਵੀ ਹੋਣਾ ਸੀ, ਜਦ ਕਿ ਸਿੱਖ ਉਸ ਮਨਸੂਬੇ ਉਪਰ ਪਾਣੀ ਫੇਰਨਾ ਚਾਹੁੰਦੇ ਸੀ, ਜਿਸ ਲਈ ਉਹ ਲੜਾਈ ਕਰਣ ਨੂੰ ਵੀ ਤਿਆਰ ਸਨ. ਊਨ੍ਹਾਂ ਨੇ ਦੱਸਿਆ ਕਿ ਪੰਜਾਬ ਵਿੱਚ ਤਿੰਨ ਫੇਰਵਾਂ ਸਨ: (a) ਯੂਨੀਅਨੀਸਟ ਪਾਰਟੀ ਦੀ ਕਈ ਕੈਮਾਂ ਵਾਲੀ ਸਰਕਾਰ ਨੂੰ ਦੁਬਾਰਾ ਕਾਇਮ ਕਰਨਾ (b) ਤਕਸੀਮ (c) ਗ੍ਰਹ-ਜੁਧ. ਅਗਰ ਸਰਕਾਰ (a) ਜਾਂ (b) ਨੂੰ ਮੰਜੂਰ ਨਹੀਂ ਕਰਾ ਸਕਦੀ ਸੀ, ਤੇ ਬ੍ਰਿਟਿਸ਼ ਨੂੰ ਸਿੱਖਾਂ ਅਤੇ ਮੁਸਲਿਮਾਂ ਨੂੰ ਲੜ ਕੇ ਫ਼ੈਸਲਾ ਕਰਣ ਲਈ ਛੱਡ ਕੇ, ਚਲੇ ਜਾਣਾ ਚਾਹੀਦਾ ਸੀ (Ibid: 231–2).

15 ਅਪ੍ਰੈਲ ਦੀ ਗਾਂਧੀ-ਜਿਨਾਹ ਅਪੀਲ

ਮਾਉਂਟਬੈਟਨ ਨੇ ਆਪਣੇ ਰਸੂਖ ਦਾ ਇਸਤੇਮਾਲ ਕਰ ਕੇ ਗਾਂਧੀ ਅਤੇ ਜਿਨਾਹ ਉਪਰ ਤਸ਼ੱਦਦ ਨੂੰ ਛੱਡਣ ਲਈ, ਇੱਕ ਸਾਂਝਾ ਬਿਆਨ ਜਾਰੀ ਕਰਣ ਲਈ ਰਾਜੀ ਕੀਤਾ, ਅਤੇ ਉਸ ਨੂੰ ਉਮੀਦ ਸੀ ਕਿ ਤਣਾਅ ਘੱਟ ਹੋ ਜਾਵੇਗਾ. ਉਨ੍ਹਾਂ ਨੇ ਗੌਰ ਕੀਤਾ ਕਿ ਜਿਨਾਹ ਨੂੰ ਮੱਨਾਉਣ ਲਈ ਦੋ ਦਿਨ ਲਗ ਗਏ, ਜਦ ਕਿ ਗਾਂਧੀ ਨੇ ਇਸ ਸੁਝਾਉ ਨੂੰ ਤੁਰੰਤ ਮੱਨ ਲੀਤਾ. ਇੱਕ ਮਸਲਾ ਇਹ ਪੈਦਾ ਹੋ ਗਿਆ ਕਿ ਕਾਂਗਰੇਸ ਚਾਹੁੰਦੀ ਸੀ ਕਿ ਉਸ ਦਾ ਪ੍ਰਧਾਨ ਆਚਾਰਿਆ ਕ੍ਰਿਪਲਾਨੀ, ਉਨ੍ਹਾਂ ਦੀ ਤਰਫ਼ੋਂ ਦਸਤਖ਼ਤ ਕਰੇ; ਪਰ ਜਿਨਾਹ ਨੂੰ ਇਹ ਮੰਜੂਰ ਨਹੀਂ ਸੀ. ਉਹ ਤਦ ਹੀ ਦਸਤਖ਼ਤ ਕਰਣਗੇ, ਜਦ ਗਾਂਧੀ ਕਰਣਗੇ. ਹੋਰ 3 ਦਿਨ ਗੱਲਬਾਤ ਚਲਦੀ ਰਹੀ. ਅਖੀਰ ਤੇ, ਸਿਰਫ਼ ਗਾਂਧੀ ਅਤੇ ਜਿਨਾਹ ਨੇ ਅਪੀਲ ਉਪਰ ਆਪਣੇ ਨਾਂਅ ਦਿੱਤੇ. 15 ਅਪ੍ਰੈਲ ਨੂੰ ਜਾਰੀ ਕੀਤੇ ਬਿਆਨ ਤੇ ਇਹ ਲਿਖਿਆ ਗਿਆ:

> ਅਸੀਂ ਹਾਲ ਦੀ ਗੈਰਕਾਨੂੰਨੀ ਹਰਕਤਾਂ ਅਤੇ ਤਸ਼ੱਦਦ, ਜਿਸ ਨੇ ਇੰਡੀਆ ਦੇ ਸਾਫ ਨਾਂਅ ਦੀ ਬੇਇੱਜ਼ਤੀ ਕੀਤੀ ਹੈ ਅਤੇ ਬੇਕਸੂਰ ਲੋਕਾਂ ਉਪਰ ਸਭ ਤੋਂ ਜ਼ਿਆਦਾ ਆਫ਼ਤ ਲਾਉਂਦੀ ਹੈ, ਤੀਬਰ ਨਿੰਦਾ ਕਰਦੇ ਹਾਂ, ਭਾਵੇਂ ਜੋ ਵੀ ਹਮਲਾਵਰ ਸਨ ਅਤੇ ਜੋ ਵੀ ਸ਼ਿਕਾਰ ਹੋਏ. ਅਸੀਂ ਹਰ ਵਕਤ ਲਈ, ਸਿਆਸੀ ਫ਼ਾਇਦੇ ਲਈ ਤਾਕਤ ਦੇ ਇਸਤੇਮਾਲ ਦੀ ਬੁਰਾਈ ਕਰਦੇ ਹਾਂ, ਅਤੇ ਇੰਡੀਆ ਦੇ ਸਾਰੇ ਸਮਪ੍ਰਦਾਇਆਂ ਨੂੰ, ਉਹ ਜਿਸ ਵੀ ਫ਼ਿਰਕੇ ਦੇ ਹੋਣ, ਨਾ ਸਿਰਫ਼ ਤਸ਼ੱਦਦ ਦੀ ਹਰ ਤਰ੍ਹਾਂ ਦੀ ਹਰਕਤਾਂ ਅਤੇ ਗੜਬੜੀ ਤੋਂ ਦੂਰ ਰਹਿਣ, ਪਰ ਬੋਲਣ ਅਤੇ ਲਿਖਣ ਤੇ

ਵੀ ਇਨ ਹਰਕਤਾਂ ਤੋਂ ਪਰਹੇਜ ਕਰਣ, ਤਾਂਕਿ ਇਣ ਹਰਕਤਾ ਨੂੰ ਕੋਈ ਉਕਸਾਹਟ ਨਾ ਮਿਲੇ (Carter, 2003: 85–6).

ਅਪੀਲ ਸਮੁੱਚੇ ਇੰਡੀਆ ਲਈ ਸੀ ਪਰ, ਸਭ ਤੋਂ ਜ਼ਿਆਦਾ, ਪੱਕੇ ਤੌਰ ਤੇ, ਪੰਜਾਬ ਦੇ ਹਾਲਾਤਾਂ ਉਪਰ ਫ਼ਿਕਰ ਨੂੰ ਦਰਸ਼ਾਉਂਦੀ ਸੀ, ਜਿੱਥੇ ਮਾਰਚ ਦੇ ਫ਼ਸਾਦਾਂ ਨੇ ਚੇਤਾਵਨੀ ਦੀ ਘੰਟੀ ਵਜਾ ਦਿੱਤੀ ਸੀ, ਜਿਸ ਨੂੰ ਇੰਤਜਾਮਿਆ ਨਜ਼ਰਅੰਦਾਜ ਨਹੀਂ ਕਰ ਸਕਦਾ ਸੀ. ਅਪੀਲ ਦਾ ਜਮੀਨੀ ਸਤਰ ਤੇ ਕੋਈ ਅਸਰ ਨਹੀਂ ਹੋਇਆ ਅਤੇ ਪੰਜਾਬ ਵਿੱਚ, ਖਾਸ ਕਰ ਕੇ ਲਾਹੌਰ ਅਤੇ ਅੱਮ੍ਰਿਤਸਰ ਤੇ ਤਸ਼ੱਦਦ ਦੇ ਭੜਾਕੇ ਹੁੰਦੇ ਰਹੇ.

ਮਾਉਂਟਬੈਟਨ ਨੂੰ ਲਿਆਕਤ ਅਲੀ ਖ਼ਾਨ ਦਾ ਖ਼ਤ

15 ਅਪ੍ਰੈਲ 1947 ਨੂੰ ਮਾਉਂਟਬੈਟਨ ਨੂੰ ਇੱਕ ਖ਼ਤ ਲਿਖ ਕੇ, ਆਰਜ਼ੀ ਸਰਕਾਰ ਦੇ ਫਾਇਨੇਂਸ ਮਿਨਿਸਟਰ (ਵਿੱਤ ਮੰਤ੍ਰੀ), ਲਿਆਕਤ ਅਲੀ ਖ਼ਾਨ ਨੇ, ਸ਼ਿਕਾਇਤ ਕੀਤੀ ਕਿ ਸਰ ਇਵਨ ਜੇਨਕੀਨਸ ਮੁਸਲਿਮ ਲੀਗ ਨੂੰ ਪੰਜਾਬ ਵਿੱਚ ਨਾਵਾਜਬ ਤਰੀਕੇ ਨਾਲ, ਸਰਕਾਰ ਨਹੀਂ ਬਣਾਉਣ ਦੇਣ ਰਹੇ ਨੇ. ਮੁਸਲਿਮ ਲੀਗ ਪੰਜਾਬ ਅਸੈਮਬਲੀ ਦੀ ਸਭ ਤੋਂ ਵੱਡੀ ਪਾਰਟੀ ਸੀ ਅਤੇ 57 ਫ਼ੀਸਦੀ ਲੋਕਾਂ ਦੀ ਨੁਮਾਇੰਦਗੀ ਕਰਦੀ ਸੀ. ਲਿਆਕਤ ਦੇ ਖ਼ਿਆਲ ਵਿੱਚ:

> ਪੰਜਾਬ ਦੇ ਗੜਬੜ ਹਾਲਾਤ ਨੂੰ ਵਜ੍ਹਾ ਦੱਸ ਕੇ ਗਵਰਨਰ ਨੇ ਸੂਬੇ ਤੇ ਧਾਰਾ 93 ਲਗਾ ਦਿੱਤੀ ਸੀ, ਇਸ ਹਕੀਕਤ ਦੇ ਬਾਵਜੂਦ ਕਿ ਮੁਸਲਿਮ ਲੀਗ ਦੇ ਆਗੂ ਨੇ ਗਵਰਨਰ ਦੇ ਉਸ ਨੂੰ ਸਰਕਾਰ ਬਣਾਉਣ ਲਈ ਸੱਦੇ ਦੇ ਬਾਅਦ, ਹਾਉਸ ਦਾ ਸਾਹਮਣਾ ਕਰਣ ਬਾਰੇ, ਆਪਣੇ ਸੰਵਿਧਾਨਕ ਹੱਕ ਦਾ ਦਾਅਵਾ ਕੀਤਾ.
>
> ਧਾਰਾ 93 ਲਾਗੂ ਹੋਣ ਦੇ ਬਾਅਦ, ਪੰਜਾਬ ਦੀ ਘਟਨਾਵਾਂ ਨੇ ਸਾਫ ਕਰ ਦਿੱਤਾ ਹੈ ਕਿ ਮੌਜੂਦਾ ਇੰਤਜਾਮਿਆ ਨੇ ਇੱਕ ਪਾਲਿਸੀ ਬਣਾ ਲੀਤੀ ਹੈ ਕਿ ਉਹ ਮੁਸਲਿਮਾਂ ਨੂੰ ਦਬਾ ਸਕੇ, ਡਰਾ ਸਕੇ ਅਤੇ ਲਗਦਾ ਹੈ ਕਿ ਗਵਰਨਰ ਇਸ ਨੂੰ ਆਪਣਾ ਨਿੱਜੀ ਮਾਮਲਾ ਸਮਝਦੇ ਨੇ ਕਿ, ਉਹ ਸਭ ਕੁੱਝ ਕਰ ਕੇ ਜੋ ਉਹ ਕਰ ਸਕਦੇ ਨੇ, ਪੰਜਾਬ ਦੀ ਮਜਾਰਿਟੀ ਕੌਮ ਨੂੰ, ਸੂਬੇ ਤੇ ਇੰਤਜਾਮਿਐ ਵਿੱਚ ਇਸ ਦੇ ਮਾਕੂਲ ਹਿੱਸੇ ਤੋਂ ਰੋਕਣ ਹੋਰ ਦੂਰ ਰਖਣ (Ibid: 256–7).

ਮਾਉਂਟਬੈਟਨ ਨੇ ਇਸ ਖ਼ਤ ਦੀ ਇੱਕ ਕਾਪੀ ਜੇਨਕੀਨਸ ਨੂੰ ਭੇਜੀ, ਜਿਸ ਨੇ ਇੱਕ ਲੰਬਾ ਜਵਾਬ ਵਾਇਸਰਾਏ ਨੂੰ ਲਿਖਿਆ ਅਤੇ ਉਸ ਦੇ ਅਤੇ ਪ੍ਰਸ਼ਾਸਨ ਦੇ ਖ਼ਿਲਾਫ਼ ਲਗਾਏ ਸਾਰੇ ਇਲਜ਼ਾਮਾਂ ਦੀ ਤਰਦੀਦ ਕੀਤੀ. ਉਸ ਨੇ ਪੰਜਾਬ ਵਿੱਚ ਗੜਬੜ ਦੀ ਉਤਪਤ ਨੂੰ ਮੁਸਲਿਮ ਲੀਗ ਦੇ 'ਡਾਇਰੇਕਟ ਐਕਸ਼ਨ (ਸਿੱਧੀ ਕਾਰਵਾਈ)' ਤੇ ਲੱਭਿਆ, ਜੋ ਇੱਕ ਸਰਕਾਰ ਨੂੰ ਗਿਰਾਣਾ ਚਾਹੁੰਦੀ ਸੀ, ਜਿਸ ਨੂੰ ਪੰਜਾਬ ਤੇ ਮਜਾਰਟੀ ਹਾਸਲ ਸੀ. ਇਸ ਦੇ ਬਾਅਦ ਭੀੜ ਅਤੇ ਹਲਚਲ ਕਰਣ ਵਾਲੇ ਲੋਕਾਂ ਦੁਆਰਾ, ਕਾਨੂੰਨ ਅਤੇ ਵਿਵਸਥਾ ਦਾ ਉਲੰਘਣ ਹੋਣ ਲਗਾ, ਜਿਸ ਦੇ ਨਤੀਜੇ ਦੇ ਤੌਰ ਤੇ ਅੱਤਵਾਦ ਅਤੇ ਤਸ਼ੱਦਦ ਹੋਇਆ. ਰਾਵਲਪਿੰਡੀ ਡਿਵੀਜ਼ਨ ਦੇ ਤਸ਼ੱਦਦ ਬਾਰੇ ਉਨ੍ਹਾਂ ਨੇ ਲਿਖਿਆ:

ਰਾਵਲਪਿੰਡੀ ਅਤੇ ਅਟੱਕ ਜ਼ਿਲ੍ਹਾਂ ਤੇ ਅਤੇ ਬਾਅਦ ਵਿੱਚ ਜਿਹਲਮ ਜ਼ਿਲ੍ਹੇ ਤੇ, ਗੈਰ-ਮੁਸਲਿਮਾਂ ਦਾ ਬਰਬਰ ਕਤਲੇਆਮ ਹੋਇਆ. ਕਈ ਪਿੰਡਾਂ ਤੇ, ਉਨ੍ਹਾਂ ਨੂੰ ਘਰਾਂ ਵਿੱਚ ਇਕੱਠਾ ਕਰ ਕੇ ਜ਼ਿੰਦਾ ਸਾੜ ਦਿੱਤਾ ਗਿਆ. ਕਈ ਸਿੱਖਾਂ ਦੇ ਕੇਸ਼ ਅਤੇ ਦਾੜ੍ਹੀ ਮੁੱਨ ਦਿੱਤੇ ਗਏ, ਅਤੇ ਕਈ ਜਬਰਨ ਸੁੰਨਤ ਕਰਣ ਦੇ ਮਾਮਲੇ ਸਾਹਮਣੇ ਆਏ. ਕਈ ਸਿੱਖ ਔਰਤਾਂ ਜੋ ਕਤਲੇਆਮ ਤੋਂ ਬਚ ਗਈਆਂ, ਉਨ੍ਹਾਂ ਨੂੰ ਅਗਵਾ ਕਰ ਲੀਤਾ ਗਿਆ.

ਮੁਸਲਿਮ ਲੀਗ ਨੇ ਅਮਨ ਕਾਇਮ ਰੱਖਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਮਮਦੋਤ ਨੇ ਵੀ ਸਰਕਾਰ ਬਣਾਉਣ ਦੀ ਕੋਈ ਗੰਭੀਰ ਕੋਸ਼ਿਸ਼ ਨਹੀਂ ਕੀਤੀ. ਉਸ ਵਕਤ, ਉਸ ਦੀ ਕੋਈ ਮਜਾਰਟੀ ਨਹੀਂ ਸੀ ਅਤੇ ਮੈਨੂੰ ਉਸ ਨੇ ਇਹ ਇਸ਼ਾਰਾ ਕੀਤਾ, ਕਿ ਉਹ ਇੱਕ ਬੇਹਦ ਗੰਭੀਰ ਅਤੇ ਫੈਲੇ ਤਸ਼ੱਦਦ ਨੂੰ ਖ਼ਤਮ ਕਰਣ ਦੀ ਜ਼ਿਮੇਵਾਰੀ ਲੈਣ ਨੂੰ ਤਿਆਰ ਨਹੀਂ ਸਨ...ਕੁਲ ਕਿੱਨੇ ਲੋਕ ਮਰੇ, ਕਿਸੇ ਨੂੰ ਨਹੀਂ ਪਤਾ. ਸਭ ਤੋਂ ਹਾਲ ਦੇ ਅੰਕੜੇ ਦੇ ਮੁਤਾਬਕ, ਇਹ ਅੰਕੜਾ 3,000 ਤੋਂ ਥੋੜਾ ਘੱਟ ਹੈ ਅਤੇ ਮੈਨੂੰ ਯਕੀਨ ਹੈ ਕਿ ਆਖਰੀ ਅੰਕੜਾ 3,500 ਹੋ ਸਕਦਾ ਹੈ. ਫ਼ਿਰਕੂ ਨਿਸਬਤ ਬਾਰੇ ਸਾਨੂ ਇਤਲਾਹ ਨਹੀਂ ਹੈ, ਪਰ ਮੈਂ ਕਿਹ ਸਕਦਾ ਹਾਂ ਕਿ ਮਰੇ ਲੋਕਾਂ ਵਿੱਚ, ਹਰ 6 ਗੈਰ-ਮੁਸਲਿਮ ਦੇ ਮੁਕਾਬਲੇ 1 ਮੁਸਲਿਮ ਹਲਾਕ ਹੋਇਆ ਹੈ (Carter, 2007a: 137).

ਜੇਨਕੀਨਸ ਨੇ ਇਹ ਵੀ ਕਿਹਾ ਕਿ ਪੰਜਾਬ ਦੀ ਸੇਵਾਵਾਂ ਦੇ ਕਾਡਰ ਰਲੇ-ਮਿਲੇ ਸਨ ਅਤੇ ਇਸ ਨੂੰ ਪੱਕਾ ਕਰਨਾ ਨਾਮੁਮਕਿਨ ਸੀ ਕਿ ਉੱਚੇ ਅਹੁਦੇ ਤੇ ਸਾਰੇ ਮੁਸਲਿਮ ਹੀ ਹੋਣ; ਉਹ ਬ੍ਰਿਟਿਸ਼ ਜਾਂ ਗੈਰ-ਮੁਸਲਿਮ ਅਫ਼ਸਰਾਂ ਨੂੰ ਨਜ਼ਰਅੰਦਾਜ ਨਹੀਂ ਕਰ ਸਕਦੇ ਸੀ. 29 ਜ਼ਿਲ੍ਹਾਂ ਤੋ, 10 ਦੀ ਜ਼ਿਮੇਵਾਰੀ ਬ੍ਰਿਟਿਸ਼ ਅਫਸਰਾਂ ਦੇ ਹੱਥ ਸੀ, 9 ਮੁਸਲਿਮਾਂ ਦੇ ਅਤੇ 10 ਤੇ ਹਿੰਦੂ ਜਾਂ ਸਿੱਖਾਂ ਦੇ. ਇਸ ਦੇ ਇਲਾਵਾ, ਇੱਕ ਮੁਸਲਿਮ ਕਮੀਸ਼ਨਰ ਵੀ ਸੀ, ਜੋ ਛੁੱਟੀ ਤੇ ਗਿਆ ਸੀ. ਦੂਜੀ ਤਰਫ਼, ਚੀਫ ਸੇਕ੍ਰੇਟਰੀ (ਮੁੱਖ ਸਚਿਵ) ਇੱਕ ਮੁਸਲਿਮ ਸੀ. ਹੋਰ, ਜੇਨਕੀਨਸ ਨੇ ਕਿਹਾ, ਇਹ ਵੀ ਗਲਤ ਸੀ ਕਿ ਬ੍ਰਿਟਿਸ਼ ਅਧਿਕਾਰੀ ਮੁਸਲਿਮਾਂ ਦੇ ਖ਼ਿਲਾਫ਼ ਸਨ. ਉਨ੍ਹਾਂ ਨੇ ਟਿੱਪਣੀ ਕੀਤੀ:

ਉਹ ਦਿਹਾਤੀ ਇਲਾਕਿਆਂ ਤੇ ਕੀਤੇ ਜ਼ੁਲਮ ਅਤੇ ਮੁਸਲਿਮ ਲੀਗ ਦੀ ਲਾਪਰਵਾਹੀ ਨੂੰ ਵੇਖ ਕੇ ਕਾਫ਼ੀ ਸਦਮੇ ਵਿੱਚ ਨੇ. ਸਕੱਾਟ, ਡੀ.ਆਈ.ਜੀ. ਰਾਵਲਪਿੰਡੀ, ਜੋ ਇੱਕ ਉਮਦਾ ਜੋਧਾ ਹੈ, ਪਰ ਸਿਆਸਤਦਾਨ ਨਹੀਂ, ਉਸ ਨੇ ਇੱਕ ਅਖ਼ਬਾਰਨਵੀਸ ਨੂੰ ਇੰਟਰਵਿਊ ਦਿੱਤਾ ਜਿਸ ਵਿੱਚ, ਉਸ ਨੇ ਬੇਵਕੂਫ਼ੀ ਨਾਲ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ (Ibid: 138).

ਜੇਨਕੀਨਸ ਨੇ ਇਹ ਵੀ ਇਨਕਾਰ ਕੀਤਾ ਕਿ ਕਿਸੇ ਤਰਫ਼ਦਾਰੀ ਦੀ ਚਾਹਤ ਦੇ ਚਲਦੇ ਸੈਂਸੱਰਸ਼ਿਪ ਲਾਗੂ ਕੀਤੀ ਗਈ ਸੀ. ਉਸ ਨੇ ਜੋਰ ਦੇ ਕੇ ਕਿਹਾ:

ਪੰਜਾਬ ਵਿੱਚ 'ਅਰਾਜਕਤਾ ਫੈਲਾ' ਕੇ ਸਾਨੂ ਕੀ ਫ਼ਾਇਦਾ ਹੋਣਾ ਹੈ, ਮੈਨੂੰ ਨਹੀਂ ਪਤਾ. ਪੰਜਾਬ ਵਿੱਚ, ਆਈ.ਸੀ.ਐਸ ਅਤੇ ਆਈ.ਪੀ ਦਾ ਹਰ ਅਧਿਕਾਰੀ, ਮੈਨੂੰ ਲੈ ਕੇ, ਕਲ ਹੀ ਇਹ ਸੇਵਾ ਛੱਡ ਕੇ ਬੇਹਦ ਖੁਸ਼ ਹੋਵੇਗਾ. ਦੋ ਜਾ ਤਿੰਨ ਲੋਕਾ ਨੂੰ ਛੱਡ ਕੇ, ਕੋਈ ਬ੍ਰਿਟਿਸ਼ ਅਧਿਕਾਰੀ, ਹਕੂਮਤ ਤਬਦੀਲ ਹੋਣ ਦੇ ਬਾਅਦ, ਪੰਜਾਬ ਤੇ ਨਹੀਂ ਰਹਿਣਾ ਚਾਹੁੰਦਾ ਹੈ. ਛੇ ਮਹੀਨੇ ਪਹਿਲਾਂ, ਹਾਲਾਤ ਬਿਲਕੁਲ ਮੁਖ਼ਤਲਿਫ਼ ਸਨ; ਪਰ ਹੁਣ ਅਸੀਂ ਮਹਿਸੁਸ ਕਰਦੇ ਹਾਂ ਕਿ ਸਾਡਾ ਵਾਹ ਉਣ ਲੋਕਾਂ ਨਾਲ ਪਿਆ ਹੈ ਜੋ ਖੁਦ ਨੂੰ ਤਬਾਹ ਕਰ ਲੈਣਾ ਚਾਹੁੰਦੇ ਹਨ, ਅਤੇ ਉਨ੍ਹਾਂ ਦੇ ਦਰਮਿਆਨ, ਕਿਸੇ ਵਾਜਬ ਰਜਾਮੰਦੀ ਦੇ ਬਗੈਰ, ਕਿਸੇ ਵੀ ਆਮ ਅਧਿਕਾਰੀ ਨੂੰ ਆਪਣੀ ਜ਼ਿੰਦਗੀ, ਇੱਕ ਫ਼ਿਰਕੂ ਗ੍ਰਹ-ਜੁਧ ਵਿੱਚ ਗੁਜਾਰਨੀ ਪਵੇਗੀ (Ibid: 138).

16 ਅਪ੍ਰੈਲ ਨੂੰ ਵਾਇਸਰਾਏ ਨੂੰ ਭੇਜੇ, ਇੱਕ ਬੇਹਦ ਖ਼ੁਫ਼ੀਆ ਖ਼ਤ ਵਿੱਚ ਜੇਨਕੀਨਸ ਨੇ ਤਰਕ ਪੇਸ਼ ਕੀਤਾ ਕਿ ਅਗਰ ਪੰਜਾਬ ਦੀ ਤਕਸੀਮ ਲਾਜ਼ਮੀ ਹੋ ਜਾਦੀਂ ਹੈ ਤੇ, ਹੇਠ ਦਿੱਤੇ ਕਦਮਾਂ ਨੂੰ ਦੂਜੇ ਕਦਮਾ ਸਮੇਤ, ਲੈਣਾ ਚਾਹੀਦਾ ਹੈ. ਪਹਿਲਾ, ਇਸ ਗੱਲ ਦਾ ਐਲਾਨ ਕਰ ਦੇਣਾ ਚਾਹੀਦਾ ਹੈ ਕਿ ਪੰਜਾਬ ਦੇ ਦੋ ਹਿੱਸੇ ਹੋਣਗੇ-ਇੱਕ ਮੁਸਲਿਮ ਮਜਾਰਿਟੀ ਵਾਲਾ ਅਤੇ ਦੂਜਾ ਗੈਰ-ਮੁਸਲਿਮਾਂ ਦੀ ਮਜਾਰਿਟੀ ਵਾਲਾ. ਉਨ੍ਹਾਂ ਨੇ ਹੋਰ ਕਿਹਾ, 'ਜਿਥੋਂ ਤੱਕ ਹੋ ਸਕੇ, ਤਹਸੀਲਾਂ ਨੂੰ ਮੁਸਲਿਮ ਹੋਰ ਗੈਰ-ਮੁਸਲਿਮ ਇਲਾਕਿਆਂ ਵਿੱਚ ਮੁਸਲਿਮ ਜਾਂ ਗੈਰ-ਮੁਸਲਿਮ ਮਜਾਰਿਟੀ ਦੇ ਹਿਸਾਬ ਨਾਲ, ਇੱਧਰ-ਉੱਧਰ, ਰਜਾਮੰਦੀ ਨਾਲ, ਕੀਤਾ ਜਾ ਸਕਦਾ ਹੈ (Ibid: 134). ਦੂਜੇ, ਇੱਕ ਬਾਉਂਡਰੀ ਕਮੀਸ਼ਨ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ ਜੋ ਇਣ ਤਹਸੀਲਾ ਨੂੰ ਇੱਧਰ-ਉੱਧਰ ਕਰ ਸਕੇ ਅਤੇ ਫ਼ੈਸਲਾ ਕਰੇ ਕਿ ਗੈਰ-ਮੁਸਲਿਮ ਸੂਬੇ ਤੋਂ ਕਿਣ ਇਲਾਕਿਆਂ ਨੂੰ 'ਅਲਗ ਕਰ ਕੇ, ਇੱਕ ਮੁਖ਼ਤਲਿਫ਼ ਜੱਟ ਸੂਬੇ ਦਾ ਗਠਨ' ਕੀਤਾ ਜਾ ਸਕੇ (ਹਿੰਦੀ ਬੋਲਣ ਵਾਲੇ ਅੰਬਾਲਾ ਡਿਵੀਜ਼ਨ ਜਿੱਥੇ ਜ਼ਿਆਦਾਤਰ ਹਿੰਦੂ ਜੱਟ ਰਹਿੰਦੇ ਨੇ) (Ibid.).

ਕਾਂਗਰੇਸ ਕੁੱਝ ਗਵਰਨਰਾਂ ਦੀ ਗੈਰ-ਤਰਫ਼ਦਾਰੀ ਉਪਰ ਸ਼ੱਕ ਜ਼ਾਹਰ ਕਰਦੀ ਹੈ

17 ਅਪ੍ਰੈਲ ਨੂੰ ਮਾਉਂਟਬੈਟਨ ਕਾਂਗਰੇਸ ਪਾਰਟੀ ਦੇ ਕ੍ਰਿਸ਼ਨਾ ਮੇਨਨ ਨੂੰ ਮਿਲੇ, ਜਿਸ ਨੇ ਆਪਣਾ ਖ਼ਿਆਲ ਜ਼ਾਹਰ ਕੀਤਾ ਕਿ ਉਸ ਦੀ ਪਾਰਟੀ 'ਐਨ.ਡਬਲੁ.ਐਫ.ਪੀ., ਪੰਜਾਬ, ਬਿਹਾਰ ਅਤੇ ਸਿੰਧ ਦੇ ਗਵਰਨਰਾਂ ਨੂੰ ਬਹੁਤ ਦੀਰਘ ਸ਼ੱਕ ਨਾਲ ਵੇਖਦੀ ਹੈ". ਹਾਲਾਂਕਿ ਜੇਨਕੀਨਸ ਉਪਰ ਕਾਂਗਰੇਸ ਦੇ ਖ਼ਿਲਾਫ਼ ਪੱਖਪਾਤੀ ਹੋਣ ਦਾ ਇਲਜ਼ਾਮ ਨਹੀਂ ਲਗਾਇਆ ਗਿਆ, ਮੇਨਨ ਨੇ 'ਹਾਲਾਤ ਦੇ ਨਾਜ਼ੁਕ ਬਨਣ ਲਈ ਜੇਨਕੀਨਸ ਨੂੰ ਹਿੱਸੇਦਾਰ ਦੱਸਿਆ, ਜਿਸ ਦੇ ਚਲਦਿਆਂ ਧਾਰਾ 93 ਦਾ ਇਸਤੇਮਾਲ ਕਰਨਾ ਪਇਆ' (Mansergh and Moon, 1981: 310). 30 ਅਪ੍ਰੈਲ ਨੂੰ, ਸਿੱਖ ਆਗੂ, ਕਰਤਾਰ ਸਿੰਘ, ਹਰਨਾਮ ਸਿੰਘ ਅਤੇ ਉਜੱਲ ਸਿੰਘ ਲੋਰਡ ਇਸਮੇ ਨੂੰ, ਜੋ ਵਾਇਸਰਾਏ ਦੇ ਸਟਾਫ ਦਾ ਪ੍ਰਧਾਨ ਸੀ, ਪੰਜਾਬ ਦੇ ਹਾਲਾਤ ਬਾਰੇ ਗੱਲਬਾਤ ਕਰਣ ਲਈ ਮਿਲੇ. ਇਸਮੇ ਨੇ ਉਨ੍ਹਾਂ ਦੇ ਖਿਆਲ ਦਾ ਨਿਚੋੜ ਕੁੱਝ ਇਸ ਤਰ੍ਹਾਂ ਬਿਆਨ ਕੀਤਾ:

> ਉਨ੍ਹਾਂ ਦੀ ਨੁਮਾਇੰਦਗੀ ਦਾ ਸਭ ਤੋਂ ਅਹਿਮ ਮਸਲਾ ਲਾਹੌਰ ਡਿਵੀਜ਼ਨ ਅਤੇ ਲਾਹੌਰ ਸ਼ਹਿਰ ਸੀ. ਉਹ ਇਸ ਗਾਲ ਨੂੰ ਮੱਨਦੇ ਸੀ ਕਿ ਮੁਸਲਿਮ ਮਜਾਰਿਟੀ ਤੇ ਸਨ, ਪਰ ਇਹ ਮੁੱਦਾ ਸਿੱਖਾਂ ਲਈ ਜ਼ਿੰਦਗੀ ਹੋਰ ਮੌਤ ਦਾ ਸੀ ਕਿ ਲਾਹੌਰ ਡਿਵੀਜ਼ਨ ਨੂੰ ਮੁਸਲਿਮਾਂ ਦੇ ਹੱਥਾਂ ਤੇ, ਆਰਜ਼ੀ ਇੰਤਜਾਮ ਦੇ ਤਹਿਤ ਵੀ, ਨਾ ਦਿੱਤਾ ਜਾਵੇ. ਸਿੱਖ ਇਸ ਦੇ ਲਈ, ਲੜਦੇ ਹੋਏ ਸ਼ਹੀਦ ਹੋ ਜਾਣਗੇ (Ibid: 490).

1 ਮਈ ਨੂੰ ਜੇਨਕੀਨਸ ਨੇ ਮਾਉਂਟਬੈਟਨ ਨੂੰ ਇੱਕ ਲੰਬਾ ਖ਼ਤ ਲਿਖਿਆ ਜਿਸ ਵਿੱਚ ਉਸ ਨੇ ਦੱਸਿਆ ਕਿ ਉਹ ਅਖੀਰ ਤੇ, ਪੰਜਾਬ ਦੀ ਤਕਸੀਮ ਲਈ ਹਿਫ਼ਾਜ਼ਤੀ ਇੰਤਜ਼ਾਮ ਬਾਰੇ, ਫ਼ੌਜ਼ੀ ਕਮਾਂਡਰ, ਲਾਹੌਰ ਏਰੀਆ ਕਮਾਂਡਰ ਅਤੇ ਪੁਲਿਸ ਦੇ ਆਈ.ਜੀ. ਨਾਲ ਗੱਲਬਾਤ ਕਰਣਗੇ. ਉਸ ਨੇ ਵਾਇਸਰਾਏ ਨੂੰ ਮਸ਼ਵਰਾ ਦਿੱਤਾ ਕਿ ਉਹ ਇੰਡੀਅਨ ਰਹਨੁਮਾਵਾਂ ਨੂੰ ਕੈਬੀਨੇਟ ਮਿਸ਼ਨ ਪਲਾਨ ਨੂੰ ਮੰਜੁਰ ਕਰ ਲੈਣ ਲਈ ਰਾਜੀ ਕਰਾਉਣ, ਪਰ ਅਗਰ ਇਹ ਨਾਕਾਮਯਾਬ ਹੋ ਜਾਂਦਾ ਹੈ ਤੇ, ਉਹ ਅਤੇ ਹਰ ਮੇਜੇਸਟੀਸ ਗਵਰਨਮੇਂਟ ਇੰਡੀਆ ਦੇ ਅਵਾਮ ਨੂੰ ਪ੍ਰਸਾਰਣ ਕਰ ਕੇ ਦੱਸਣ ਕਿ ਅਗਰ ਇੰਡੀਆ ਦੀ ਤਕਸੀਮ ਹੁੰਦੀ ਹੈ ਤੇ, ਪੰਜਾਬ ਅਤੇ ਬੰਗਾਲ ਦੀ ਵੀ, ਮੁਸਲਿਮ ਅਤੇ

ਗੈਰ-ਮੁਸਲਿਮ ਇਲਾਕਿਆਂ ਤੇ ਤਕਸੀਮ ਹੋਵੇਗੀ. ਇਹ ਐਲਾਨ 15 ਮਈ ਤੋਂ ਪਹਿਲਾਂ ਨਾ ਕੀਤਾ ਜਾਵੇ, ਪਰ ਉਸ ਦੇ ਬਾਅਦ ਕਦੇ ਵੀ ਕੀਤਾ ਜਾ ਸਕਦਾ ਹੈ. ਉਨ੍ਹਾਂ ਨੂੰ, ਸ਼ਾਇਦ 48 ਘੰਟੇ ਤੋਂ ਪਹਿਲਾਂ ਪਤਾ ਨਹੀਂ ਲਗੇਗਾ ਕਿ ਇਸ ਤਰ੍ਹਾਂ ਦਾ ਕੋਈ ਐਲਾਨ ਹੋਵੇਗਾ. ਇਸ ਦੇ ਬਾਅਦ, ਉਹ ਪੰਜਾਬ ਦੇ ਆਗੂਆਂ ਨੂੰ ਮਿਲਣਗੇ ਅਤੇ ਇੱਕ ਗਠਬੰਧਨ ਸਰਕਾਰ ਬਣਾਉਣ ਲਈ ਰਾਜੀ ਕਰਵਾਣਗੇ, ਜਦ ਕਿ ਤਕਸੀਮ ਦੇ ਵੇਰਵੇ ਅਤੇ ਬਾਰੀਕੀ ਨੂੰ ਤਿਆਰ ਕੀਤਾ ਜਾ ਰਿਹਾ ਹੋਵੇਗਾ. ਪਰ, ਪੰਜਾਬ ਦੇ ਗਵਰਨਰ ਨੂੰ ਆਸ ਨਹੀਂ ਸੀ ਕਿ ਪੰਜਾਬ ਦੀ ਤਕਸੀਮ ਸ਼ਾਂਤ ਹੋਵੇਗੀ. ਦੂਜੀ ਗੱਲਾਂ ਦੇ ਇਲਾਵਾ ਉਹ ਲਿਖਦੇ ਨੇ:

(a) ਪੰਜਾਬ ਦੀ ਪੁਰਅਮਨ ਤਕਸੀਮ ਦੀ ਉਮੀਦ ਬੇਹਦ ਘੱਟ ਹੈ. ਮੁਸਲਿਮ ਲੱਗਭਗ ਸਮੁਚਾ ਪੰਜਾਬ ਚਾਹੁੰਦੇ ਨੇ; ਸਿੱਖ ਜਮਨਾ ਤੋਂ ਰਾਵੀ ਦਰਿਆ ਤੱਕ ਸਾਰੇ ਜ਼ਿਲ੍ਹੇ ਚਾਹੁੰਦੇ ਨੇ, ਅਤੇ ਅਗਰ ਮੁਮਕਿਨ ਹੋ ਸਕੇ ਤੇ ਚਨਾਬ ਤਕ; ਹਿੰਦੂ ਸਿੱਖਾਂ ਦੇ ਪਿੱਛੇ ਚਲਣਗੇ

(b) ਸ਼ੁਰੂਆਤੀ ਸੀਮਾ, ਗੈਰ-ਮੁਸਲਿਮਾਂ ਨੂੰ ਅੰਬਾਲਾ ਅਤੇ ਜਲੰਧਰ ਡਿਵੀਜਨਾਂ ਅਤੇ ਅੱਮ੍ਰਿਤਸਰ ਦੇਵੇਗੀ, ਅਤੇ ਮੁਸਲਿਮਾਂ ਨੂੰ ਰਾਵਲਪਿੰਡੀ, ਮੁਲਤਾਨ ਡਿਵੀਜਨਾਂ ਅਤੇ ਬਗੈਰ ਅੱਮ੍ਰਿਤਸਰ ਦੇ ਲਾਹੋਰ ਡਿਵੀਜ਼ਨ ਦੇਵੇਗੀ.

(c) ਇਸ ਬਿਆਨ ਦੇ ਚਲਦੇ, ਮੁਸਲਿਮਾਂ ਅਤੇ ਸਿੱਖਾਂ ਦਾ ਗੁੱਸਾ ਭੜਕੇਗਾ, ਅਤੇ ਉਨ੍ਹਾਂ ਦੇ ਹੋਰ ਹਿੰਦੂਆਂ ਵਿੱਚ ਖੌਫ਼ ਪੈਦਾ ਹੋਵੇਗਾ ਜੋ ਸਰਹੱਦ ਦੇ ਗਲਤ ਤਰਫ਼ ਹੋਣਗੇ. ਅਸੀਂ ਇਸ ਬਿਆਨ ਦੀ ਕੋਈ ਤਰਕਸ਼ੀਲ ਪ੍ਰੀਖਿਆ ਦੀ ਆਸ ਨਹੀਂ ਕਰ ਸਕਦੇ; ਨਾ ਹੀ ਤਕਸੀਮ ਦੇ ਖ਼ਿਲਾਫ਼ ਕੋਈ ਇੱਤਹਾਦੀ ਪ੍ਰਤਿਕਰਮ (Carter, 2007a:160).

ਬੰਗਾਲ ਅਤੇ ਪੰਜਾਬ ਬਾਰੇ ਜਿਨਾਹ ਦਾ ਰੁਖ

1 ਮਈ 1947 ਨੂੰ ਅਖਬਾਰ ਵਿੱਚ ਜਿਨਾਹ ਦੇ ਇੱਕ ਬਿਆਨ ਜਾਰੀ ਕਰ ਕੇ, ਸਮੁੱਚੇ ਪੰਜਾਬ ਅਤੇ ਬੰਗਾਲ, ਐਨ.ਡਬਲੁ.ਐਫ.ਪੀ., ਸਿੰਧ, ਬਲੁਚਿਸਤਾਨ ਹੋਰ ਆਸਾਮ ਦੀ ਮੰਗ ਕੀਤੀ. ਇਸ ਮੰਗ ਦੀ ਬੁਨਿਆਦ ਜਾਣੇ-ਪਛਾਣੇ ਦੋ ਕੌਮਾਂ ਦੇ ਅਸੂਲ ਉਪਰ ਸੀ, ਪਰ ਬੰਗਾਲ ਅਤੇ ਪੰਜਾਬ ਬਾਰੇ ਉਸ ਦਾ ਖ਼ਿਆਲ ਸੀ ਕਿ ਇਣ ਸੂਬਿਆਂ ਦੀ ਤਕਸੀਮ ਦੀ ਮੰਗ ਦੀ ਬੁਨਿਆਦ 'ਕਿਸੀ ਮਜਬੁਤ ਅਸੂਲ ਉੱਪਰ ਨਹੀਂ ਸੀ ਸਿਵਾਏ ਇਸ ਦੇ ਕਿ, ਪੰਜਾਬ ਅਤੇ ਬੰਗਾਲ ਦੀ ਮਾਇਨਾਰਿਟੀਆਂ ਇਣ ਸੂਬਿਆਂ ਨੂੰ ਅਤੇ ਆਪਣੇ ਲੋਕਾਂ ਨੂੰ ਦੋ ਹਿੱਸੇਆਂ ਤੇ ਤਕਸੀਮ ਕਰ ਲੈਣਾ ਚਾਹੁੰਦੀ ਸਨ' (Mansergh and Moon, 1981: 543). ਜਿਨਾਹ ਨੇ ਤਰਕ ਪੇਸ਼ ਕੀਤਾ ਕਿ ਕਿਸੇ ਮੁਸਤਕਬਿਲ ਵਕਤ ਤੇ, ਆਬਾਦੀ ਦੀ ਅਦਲਾ-ਬਦਲੀ ਕਰਨੀ ਪਵੇਗੀ:

> ਜ਼ਾਹਰ ਹੈ ਕਿ ਅਗਰ ਪਾਕਿਸਤਾਨ ਦੀ ਹਿੰਦੂ ਮਾਇਨਾਰਿਟੀਆਂ ਇਸ ਮੁਲਕ ਨੂੰ ਛੱਡ ਕੇ ਆਪਣੇ ਵਤਨ ਹਿੰਦੂਸਤਾਨ ਜਾਣਾਂ ਚਾਹੁੰਦੀ ਨੇ ਤੇ, ਉਨ੍ਹਾ ਨੂੰ ਇਸ ਦੀ ਆਜ਼ਾਦੀ ਹੈ ਅਤੇ ਦੂਜੇ ਪਾਸੇ ਜੋ ਮੁਸਲਿਮ ਹਿੰਦੂਸਤਾਨ ਨੂੰ ਛੱਡ ਕੇ ਪਾਕਿਸਤਾਨ ਆਉਣਾ ਚਾਹੁੰਦੇ ਨੇ, ਉਹ ਇਹ ਕਰ ਕੇ ਪਾਕਿਸਤਾਨ ਜਾ ਸਕਦੇ ਨੇ; ਅਤੇ ਹੁਣ ਜਾ ਬਾਅਦ ਵਿੱਚ ਆਬਾਦੀ ਦੀ ਅਦਲਾ-ਬਦਲੀ ਕਰਨੀ ਪਏਗੀ ਅਤੇ ਹਿੰਦੂਸਤਾਨ ਹੋਰ ਪਾਕਿਸਤਾਨ ਦੀ ਕਨਸਟਿਚਯੁਏਂਟ ਅਸੇਮਬਲੀਆਂ ਇਹ ਮੁੱਦਾ ਉਪਰ ਗੱਲਬਾਤ ਕਰ ਸਕਦੀਆਂ ਨੇ, ਅਤੇ ਬਾਅਦ ਵਿੱਚ ਹਿੰਦੂਸਤਾਨ ਹੋਰ

ਪਾਕਿਸਤਾਨ ਦੀ ਸਰਕਾਰਾਂ ਕਾਫ਼ੀ ਅਸਰਦਾਰ ਤਰੀਕੇ ਨਾਲ, ਆਬਾਦੀ ਦੀ ਅਦਲਾ-ਬਦਲੀ ਕਰ ਸਕਦੀਆਂ ਨੇ, ਜਿੱਥੇ ਇਹ ਜ਼ਰੂਰੀ ਅਤੇ ਮੁਮਕਿਨ ਹੋ ਸਕੈ.

ਕਾਂਗਰੇਸ ਦੇ ਪ੍ਰਚਾਰ ਦਾ ਮਕਸਦ ਇੱਕ ਦੋਸਤਾਨਾ ਹੱਲ ਨੂੰ ਵਿਘਨ ਪਾਉਣਾ ਅਤੇ ਮੁਸ਼ਕਲਾਂ ਖੜ੍ਹੀ ਕਰਨਾ ਹੈ. ਇਹ ਸਾਫ ਹੈ ਕਿ ਬੰਗਾਲ ਵਿੱਚ ਉਨ੍ਹਾਂ ਨੇ ਹਿੰਦੂ ਮਹਾਸਭਾ ਨੂੰ ਖੜਾ ਕੀਤਾ ਹੈ ਅਤੇ ਪੰਜਾਬ ਤੇ ਸਿੱਖਾ ਨੂੰ ਅਤੇ ਕਾਂਗਰੇਸ ਪ੍ਰੈਸ ਉਨ੍ਹਾਂ ਨੂੰ ਭੜਕਾ ਰਹੀ ਹੈ ਅਤੇ ਗੁਮਰਾਹ ਕਰ ਰਹੀ ਹੈ. ਸਿੱਖਾਂ ਨੂੰ ਪੰਜਾਬ ਦੀ ਤਕਸੀਮ ਨਾਲ ਕੋਈ ਫ਼ਾਇਦਾ ਨਹੀਂ ਹੋਵੇਗਾ ਪਰ ਉਹ ਦੋ ਤਰਫ਼ ਤਕਸੀਮ ਹੋ ਜਾਣਗੇ, ਅਗਰ ਉਨ੍ਹਾਂ ਦੀ ਸੋਚ ਦੇ ਮੁਤਾਬਕ ਵੀ ਪੰਜਾਬ ਦੀ ਤਕਸੀਮ ਹੁੰਦੀ ਹੈ, ਤਾਂ ਵੀ ਉਨ੍ਹਾਂ ਦੀ ਅੱਧੀ ਤੋ ਜ਼ਿਆਦਾ ਆਬਾਦੀ ਪਾਕਿਸਤਾਨ ਵਿੱਚ ਰਹਿ ਜਾਵੇਗੀ, ਜਦ ਕਿ ਪਾਕਿਸਤਾਨ ਵਿੱਚ, ਜੈਦਾਂ ਕਿ ਮੁਸਲਿਮ ਲੀਗ ਚਾਹੁੰਦੀ ਹੈ, ਉਹ ਇੱਕ ਮਜਬੂਤ ਮਾਇਨਾਰਿਟੀ ਬਣ ਕੇ ਇੱਕ ਬਹੁਤ ਵੱਡਾ ਕਿਰਦਾਰ ਅਦਾ ਕਰਣਗੇ. ਅਸੀਂ, ਉਨ੍ਹਾਂ ਦੇ ਨਾਲ ਹਰ ਵਾਜਬ ਤਰੀਕੇ ਨਾਲ ਮਿਲਣ ਲਈ ਰਜਾਮੰਦ ਹਾਂ (Ibid: 544).

ਜਿਨਾਹ ਦੇ ਖ਼ਿਆਲ ਨੂੰ ਕਿ ਇੰਡੀਆ ਦੀ ਦੋ ਮੁਲਕਾਂ ਵਿੱਚ ਤਕਸੀਮ ਨੂੰ, ਬੰਗਾਲ ਅਤੇ ਪੰਜਾਬ ਦੇ ਗੈਰ-ਮੁਸਲਿਮਾਂ ਦੀ ਉਨ੍ਹਾਂ ਦੇ ਸੂਬਿਆਂ ਦੀ ਤਕਸੀਮ ਦੀ ਮੰਗ ਨਾਲ, ਜੋੜ ਕੇ ਨਹੀਂ ਵੇਖਨਾ ਚਾਹੀਦਾ ਹੈ, ਪੰਜਾਬ ਦੇ ਗੈਰ-ਮੁਸਲਿਮ ਆਗੂਵਾਂ ਨੇ ਨਹੀਂ ਮੱਨਿਆ. ਇਸ ਖ਼ਿਆਲ ਨੇ ਪੰਜਾਬ ਦੇ ਗਵਰਨਰ ਅਤੇ ਵਾਇਸਰਾਏ ਨੂੰ ਵੀ ਮੁਤਾਸਰ ਨਹੀਂ ਕੀਤਾ. 1 ਮਈ 1947 ਨੂੰ ਲਿਖੀ ਆਪਣੀ ਇੱਕ ਨਿੱਜੀ ਰਿਪੋਰਟ ਤੇ ਮਾਉਂਟਬੈਟਨ ਨੇ ਟਿੱਪਣੀ ਕੀਤੀ:

ਜੇਨਕੀਨਸ ਨਾਲ, ਪੰਜਾਬ ਦੀ ਤਕਸੀਮ ਬਾਰੇ, ਮੇਰੀ ਕਾਫ਼ੀ ਦੇਰ ਤੱਕ ਗੱਲਬਾਤ ਹੁੰਦੀ ਰਹੀ. ਪਵਾੜੇ ਦੀ ਜੜ ਰਾਵੀ ਅਤੇ ਸਤਲੱਜ ਦੇ ਦਰਮਿਆਨ ਦੋਆਬ ਹੈ (ਬਾਰੀ ਦੋਆਬ), ਅਤੇ ਇਸ ਦੀ ਤਕਸੀਮ ਕਰਨਾ, ਜੇ ਦੋਵੇਂ ਪਾਰਟੀਆਂ ਨੂੰ ਮੰਜੂਰ ਹੋਵੇ, ਇੱਕ ਬੇਹਦ ਮੁਸ਼ਕਲ ਕੱਮ ਹੈ. ਇੱਕ ਸੱਚ-ਮੁੱਚ ਦਾ 'ਸਿੱਖਿਸਤਾਨ' ਹਾਸਲ ਕਰਣ ਲਈ, ਸਿੱਖ ਆਪਣੀ ਕੋਸ਼ਿਸ਼ ਦੇ ਦੌਰਾਨ ਬੇਹਦ ਬੇਤਾਬ ਨੇ, ਕਿਉਂਕਿ, ਉਹ ਇੱਕ ਵੱਡੇ ਹਿੱਸੇ ਉਪਰ ਕਬਜ਼ਾ ਕਰਨਾ ਚਾਹੁੰਦੇ ਨੇ, ਜਿਸ ਵਿੱਚ ਜ਼ਿਆਦਾਤਰ ਜਮੀਨ ਉਨ੍ਹਾਂ ਦੀ ਹੈ, ਪਰ ਜਿੱਥੇ ਮੁਸਲਿਮ ਆਬਾਦੀ ਹਾਵੀ ਹੈ. ਮੈਂ ਇਸ ਦੇ ਬਿਲਕੁਲ ਖ਼ਿਲਾਫ਼ ਹਾਂ (ਬਲ ਦੇ ਕੇ). ਸਿੱਖ ਆਪਣੇ ਪੱਵਿਤਰ ਸ਼ਥਾਨ ਵੀ ਮਹਿਫ਼ੂਜ਼ ਚਾਹੁੰਦੇ ਨੇ, ਜਿਸ ਵਿੱਚ ਲਾਹੌਰ ਵੀ ਸ਼ਾਮਲ ਹੈ, ਜਿਸ ਨੂੰ ਪਾਕਿਸਤਾਨ ਦੀ ਰਾਜਧਾਨੀ ਨਾਮਜ਼ਦ ਕੀਤਾ ਗਿਆ ਹੈ! ਇਹ ਅਹਿਮ ਹੈ ਕਿ ਜਦ ਸਿੱਖ ਵਫ਼ਦ ਮੈਨੂੰ ਮਿਲਣ ਆਇਆ, ਖ਼ਾਸ ਕਰ ਕੇ ਉਨ੍ਹਾਂ ਨੇ ਮੈਨੂੰ ਅਰਜੇਈ ਕੀਤੀ ਕਿ ਮੈਂ ਇੱਕ ਫ਼ੈਸਲਾ ਨਹੀਂ ਕਰਾਂ ਕਿ ਸਿੱਖ ਪਾਕਿਸਤਾਨ ਜਾਂ ਹਿੰਦੂਸਤਾਨ ਤੇ ਸ਼ਾਮਲ ਹੋਣਗੇ, ਕਿਉਂਕਿ ਉਨ੍ਹਾਂ ਨੇ ਅਜੇ ਤੱਕ ਅਪਣਾ ਇਰਾਦਾ ਪੱਕਾ ਨਹੀਂ ਕੀਤਾ ਹੈ ਕਿ ਉਹ ਕਿਸ ਪਾਸੇ ਜਾਣਗੇ (Ibid: 537).

ਮਾਉਂਟਬੈਟਨ ਦੀ ਟਿੱਪਣੀ ਅਹਿਮ ਹੈ, ਕਿਉਂਕਿ, ਆਮ ਤੌਰ ਤੇ ਉਸ ਦੇ ਉਪਰ ਇਲਜ਼ਾਮ ਲਗਦਾ ਹੈ ਕਿ ਉਹ, ਕਾਂਗਰੇਸ ਦੇ ਵੱਲ ਅਤੇ ਮੁਸਲਿਮ ਲੀਗ ਦੇ ਖ਼ਿਲਾਫ਼ ਸੀ. ਉਪਰ ਕੀਤੀ ਟਿੱਪਣੀ ਦੱਸਦੀ ਹੈ ਕਿ, ਉਸ ਦੀ ਸਿੱਖਾ ਦੇ ਹਿਤਾਂ ਨੂੰ ਅਹਿਮੀਅਤ ਨਾ ਦੇਣਾ, ਕੁੱਝ ਘੱਟ ਜ਼ਾਹਰ ਨਹੀਂ ਸੀ. ਇਸ ਦੇ ਇਲਾਵਾ, ਉਨ੍ਹਾਂ ਨੇ ਲਾਹੌਰ ਨੂੰ ਪਾਕਿਸਤਾਨ ਦੀ ਨਾਮਜ਼ਦ ਰਾਜਧਾਨੀ ਕਹਿਣਾ ਸ਼ੁਰੂ ਕਰ ਦਿੱਤਾ. ਇਹ ਵੀ ਬਰਾਬਰ ਅਹਿਮ ਹੈ ਕਿ ਉਸ ਵਕਤ, ਸਿੱਖ ਇੰਡੀਆ ਜਾਂ ਪਾਕਿਸਤਾਨ ਤੇ ਸ਼ਾਮਲ ਬਾਰੇ ਪੱਕਾ ਫ਼ੈਸਲਾ ਨਹੀਂ ਲੈ ਪਾ ਰਹੇ ਸੀ. ਜੈਦਾਂ ਕਿ ਬਾਅਦ ਦੀ ਘਟਨਾਵਾਂ ਤੋਂ ਪਤਾ ਚਲੇਗਾ ਕਿ ਹਿੰਦੂ ਅਤੇ ਸਿੱਖ, ਆਖ਼ਰ ਤੱਕ ਸੋਚਦੇ ਰਹੇ ਕਿ ਲਾਹੌਰ ਇੰਡੀਆ ਨੂੰ ਮਿਲੇਗਾ.

ਸਿੱਖ ਜੇਨਕੀਨਸ ਨੂੰ ਮਿਲਦੇ ਨੇ

ਇੱਕ ਵਫ਼ਦ ਜਿਸ ਵਿੱਚ ਸ.ਸਵਰਨ ਸਿੰਘ, ਹਰਬੰਸ ਸਿੰਘ ਅਤੇ ਭੀਮ ਸੇਨ ਸਚੱਰ ਸ਼ਾਮਲ ਸਨ, 2 ਮਈ ਨੂੰ ਜੇਨਕੀਨਸ ਨੂੰ ਮਿਲੇ ਅਤੇ ਇਹ ਗੱਲ ਦੁਹਰਾਈ ਕਿ ਪੰਜਾਬ ਦੀ ਤਕਸੀਮ ਲਈ ਚਨਾਬ ਦਰਿਆ ਨੂੰ ਇੰਡੀਆ ਅਤੇ ਪਾਕਿਸਤਾਨ ਦੀ ਸਰਹੱਦ ਲਈ ਚੁਣ ਲੀਤਾ ਜਾਵੇ. ਉਨ੍ਹਾਂ ਨੇ ਸਿਰਫ਼ ਆਬਾਦੀਅਤ ਨੂੰ ਪੰਜਾਬ ਦੀ ਜਮੀਨ ਦੀ ਤਕਸੀਮ ਦੀ ਬੁਨਿਆਦ ਬਣਾਉਣ ਉੱਪਰ, ਕਈ ਇਤਰਾਜ਼ ਜ਼ਾਹਰ ਕੀਤੇ. ਗਵਰਨਰ ਨੇ ਟਿੱਪਣੀ ਕੀਤੀ: 'ਇਹ ਤਕਸੀਮ ਦਾ ਕੱਮ ਬੇਕਾਬੂ ਹੁੰਦਾ ਜਾ ਰਿਹਾ ਹੈ (Carter, 2007a: 162). ਜਦ ਤਕ, ਸਾਰੀ ਕੌਮਾਂ ਤਕਸੀਮ ਦੇ ਫਾਰਮੂਲੇ ਉਪਰ ਰਜਾਮੰਦ ਨਹੀਂ ਹੁੰਦੀਆਂ ਨੇ, ਗੜਬੜ ਹੋਣੀ ਹੀ ਹੈ. ਅਗਰ ਸੂਬੇ ਦੀ ਵੰਡ, ਤਾਕਤ ਨਾਲ ਕਿਸੇ ਸਰਕਾਰੀ ਫ਼ੈਸਲੇ ਦੁਆਰਾ ਕੀਤੀ ਜਾਂਦੀ ਹੈ ਤੇ, ਇਸ ਨੂੰ ਲਾਗੂ ਕਰਣ ਲਈ, ਇੱਕ ਬਹੁਤ ਵੱਡੀ ਫ਼ੌਜ਼ ਦੀ ਜ਼ਰੂਰਤ ਪਏਗੀ. ਕਿਉਂਕਿ ਇੱਕ ਵੱਡੀ ਫ਼ੌਜ਼ ਮੌਜੂਦ ਨਹੀਂ ਸੀ, ਇਹ ਗੈਰ-ਅਮਲੀ ਸੀ. ਅਗਰ ਇਸ ਤਰ੍ਹਾਂ ਦਾ ਜਬਰਨ ਹੱਲ ਮਿਲ ਵੀ ਜਾਂਦਾ: 'ਕਿਸੀ ਵੀ ਸੁਰਤ ਤੇ, 'ਇਹ ਇੱਕ ਮੁਸ਼ਕਲ ਅਤੇ ਨਾਗਵਾਰ ਰਾਹ ਹੁੰਦੀ, ਜਿਸ ਦੇ ਚਲਦਿਆਂ ਦੋ ਸਰਕਾਰਾਂ ਸਥਾਪਤ ਹੁੰਦੀਆਂ, ਜੋ ਕਤਲੇਆਮ ਕਰ ਕੇ ਹਕੂਮਤ ਚਲਾਉਣ ਨੂੰ ਮਜਬੂਰ ਹੁੰਦੀਆਂ'. 2 ਮਈ ਦੀ ਇੱਕ ਅਲਗ ਟਿੱਪਣੀ ਤੇ ਜੇਨਕੀਨਸ ਨੇ ਗੌਰ ਕੀਤਾ ਕਿ ਸਿੱਖ ਆਗੂ ਸੈਂਸੱਸ ਦੇ ਰਿਕਾਰਡਾਂ ਨੂੰ ਭਰੋਸੇਯੋਗ ਨਹੀਂ ਮੱਨਦੇ. ਉਨ੍ਹਾਂ ਦੇ ਲਈ ਲਾਹੌਰ ਡਿਵੀਜ਼ਨ ਇੱਕ ਬਹੁਤ ਅਹਿਮ ਮੁੱਦਾ ਸੀ; ਉਨ੍ਹਾਂ ਨੇ ਜੋਰਦਾਰ ਬਹਿਸ ਕੀਤੀ:

> ਕਿ ਗੁਰਦਾਸਪੁਰ ਇੱਕ ਗੈਰ-ਮੁਸਲਿਮ ਜ਼ਿਲ੍ਹਾ ਹੈ; ਕਿ ਅੱਮ੍ਰਿਤਸਰ ਨੂੰ ਨਿਸ਼ਚਤ ਤੌਰ ਤੇ ਗੈਰ-ਮੁਸਲਿਮਾਂ ਦੇ ਅਧੀਨ ਹੋਣਾ ਚਾਹੀਦਾ ਹੈ...; ਕਿ ਲਾਹੌਰ ਸ਼ਹਿਰ ਨੂੰ ਛੱਡ ਕੇ ਲਾਹੌਰ ਜ਼ਿਲ੍ਹੇ ਤੇ ਕਾਫ਼ੀ ਸਿੱਖ ਸਨ, ਅਤੇ ਲਾਹੌਰ ਸ਼ਹਿਰ ਦੀ ਤਰੱਕੀ ਵਿੱਚ, ਮੁਸਲਿਮਾਂ ਦੀ ਬਹੁਤ ਘੱਟ ਹਿੱਸੇਦਾਰੀ ਸੀ...; ਉਨ੍ਹਾਂ ਨੂੰ ਉਮੀਦ ਸੀ ਕਿ ਸਿੱਖਾਂ ਨੂੰ ਮੁਸਲਿਮਾਂ ਦੇ ਹਕੂਮਤ ਅਤੇ ਦਾਬੇ ਤੇ ਦੇਣ ਲਈ, ਕੁੱਝ ਨਹੀਂ ਕੀਤਾ ਜਾਵੇਗਾ' (Ibid: 165).

ਤਕਸੀਮ ਦੇ ਮਨਸੂਬੇ ਦਾ ਐਲਾਨ ਕਰਣ ਲਈ, ਤਿਆਰ ਬਿਆਨ ਜਿਸ ਨੂੰ ਵਾਇਸਰਾਏ ਨੇ ਪੜ੍ਹਨਾ ਸੀ, ਉਸ ਦੀ ਇੱਕ ਕਾਪੀ (ਮਈ ਦੇ ਸ਼ੁਰੂ ਤੇ ਤਿਆਰ ਕੀਤੀ) ਵਿੱਚ ਬ੍ਰਿਟਿਸ਼ ਦੇ ਇੰਡੀਆ ਨੂੰ ਛੱਡਣ ਦੀ ਤਾਰੀਖ ਜੂਨ 1948 ਦਿੱਤੀ ਸੀ (Mansergh and Moon, 1981: 545). ਅਤੇ, ਮਈ ਦੇ ਸ਼ੁਰੂ ਤੇ, ਬ੍ਰਿਟਿਸ਼ ਨੇ ਇੰਡੀਆ ਛੱਡ ਕੇ ਚਲੇ ਜਾਣ ਦੀ ਤਾਰੀਖ, ਅਗਸਤ ਦੇ ਮੱਧ ਤਕ, ਅਗੇ ਲੈ ਆਉਣ ਦਾ ਫ਼ੈਸਲਾ, ਨਹੀਂ ਕੀਤਾ ਸੀ. ਸਾਨੂ ਹੁਣ ਪਤਾ ਚਲੇਗਾ ਕਿ 9 ਮਈ ਦੇ ਲੱਗਭਗ, ਮਾਉਂਟਬੈਟਨ ਨੇ ਆਪਣੇ ਸਟਾਫ ਨਾਲ, ਸੱਤਾ ਬਦਲ ਦੀ ਤਾਰੀਖ, 1947 ਤੇ ਕਰਣ ਬਾਰੇ, ਆਪਣਾ ਖ਼ਿਆਲ ਜ਼ਾਹਰ ਕੀਤਾ.

ਪੰਜਾਬ ਬਾਰੇ ਜਨਮਤ

ਪੰਜਾਬ ਦੇ ਯੂਨੀਅਨੀਸਟ ਆਗੂ ਅਤੇ ਪ੍ਰੀਮੀਅਰ ਰਹਿ ਚੁਕੇ, ਸਰ ਖ਼ਿਜ਼ਰ ਟਿਵਾਣਾ, ਵਾਇਸਰਾਏ ਨੂੰ 3 ਮਈ ਨੂੰ ਮਿਲੇ. ਵਾਇਸਰਾਏ ਨੇ ਖ਼ਿਜ਼ਰ ਨੂੰ ਪੰਜਾਬ ਵਿੱਚ ਇੱਕ ਜਨਮਤ ਕਰਣ ਬਾਰੇ ਆਪਣਾ ਖ਼ਿਆਲ ਦੱਸਿਆ. ਖ਼ਿਜ਼ਰ ਨੇ ਸਲਾਹ ਦਿੱਤੀ ਕਿ ਵੋਟਰਾਂ ਨੂੰ 4 ਵਿਕਲਪ ਦਿੱਤੇ ਜਾਣ:

1. ਇੱਕ ਆਜ਼ਾਦ ਪੰਜਾਬ, ਜਿਸ ਦੀ ਹਿੰਦੂਸਤਾਨ ਅਤੇ ਪਾਕਿਸਤਾਨ ਨਾਲ ਰੱਖਿਆ ਬਾਰੇ ਸਮਝੌਤਾ ਹੋਵੇ;
2. ਪੰਜਾਬ ਪਾਕਿਸਤਾਨ ਤੇ ਸ਼ਾਮਲ ਹੋਵੇ;
3. ਪੰਜਾਬ ਹਿੰਦੂਸਤਾਨ ਤੇ ਸ਼ਾਮਲ ਹੋਵੇ;
4. ਪੰਜਾਬ ਦੀ ਤਕਸੀਮ ਕਰ ਦਿੱਤੀ ਜਾਵੇ.

ਖ਼ਿਜ਼ਰ ਨੇ ਆਪਣੇ ਮਜਬੂਤ ਯਕੀਨ ਉਪਰ ਜੋਰ ਦੇ ਕਿ ਕਿਹਾ ਕਿ, ਪੰਜਾਬ ਦੀ ਤਕਸੀਮ ਦੇ ਫ਼ੈਸਲਾ ਦਾ ਮਤਲਬ, ਇੱਕ ਗ੍ਰਿਹ-ਜੁਧ ਸੀ (Ibid: 590).

ਇਸ ਦੇ ਬਾਅਦ, ਮਾਉਂਟਬੈਟਨ ਨੇ ਜਨਮਤ ਬਾਰੇ ਜੇਨਕੀਨਸ ਦੇ ਵਿਚਾਰ ਮੰਗੇ; ਅਤੇ ਜੇਨਕੀਨਸ ਨੇ ਜਨਮਤ ਨੂੰ ਗੈਰ-ਮਦਦਗਾਰ ਦੱਸਿਆ. ਉਨ੍ਹਾਂ ਦਾ ਤਰਕ ਸੀ, ਜਦ ਕਿ ਮੁਸਲਿਮ ਸਾਰੇ ਸੂਬੇ ਨੂੰ, ਪਾਕਿਸਤਾਨ ਵਿੱਚ ਸਾਮਲ ਕਰਣ ਲਈ ਵੋਟ ਕਰਣਗੇ, ਹਿੰਦੂ ਅਤੇ ਸਿੱਖ ਇਸ ਦੀ, ਜੀ ਜਾਨ ਨਾਲ ਮੁਖ਼ਾਲਫ਼ਤ ਕਰਣਗੇ; ਅਤੇ ਮਜ਼ੂਬੀ ਵਜ੍ਹਾਂ ਨਾਲ ਇਸ ਦੀ ਤਕਸੀਮ ਦੀ ਮੰਗ ਕਰਣਗੇ. ਇਣ ਹਾਲਾਤਾਂ ਵਿੱਚ, ਉਨ੍ਹਾਂ ਨੇ ਤਰਕ ਦਿੱਤਾ, ਜਨਮਤ ਦਾ ਕੋਈ ਰਜਾਮੰਦੀ ਵਾਲਾ ਹੱਲ ਨਹੀਂ ਨਿਕਲੇਗਾ (Ibid: 605-6).

ਜਿਨਾਹ ਅਤੇ ਲਿਆਕਤ ਅਲੀ ਖ਼ਾਨ ਨਾਲ ਕੀਤੀ 4 ਮਈ ਦੀ ਇੱਕ ਬੈਠਕ ਤੇ, ਮਾਉਂਟਬੈਟਨ ਨੇ ਮੁਸਲਿਮ ਰਹਨੁਮਾਵਾਂ ਨੂੰ ਕਿਹਾ ਕਿ ਸਿੱਖ ਇੱਕ 'ਲੜਾਕੂ ਸੋਚ' ਰਖਦੇ ਸੀ, ਜੋ ਉਨ੍ਹਾਂ ਨੂੰ ਮਹਾਰਾਜਾ ਪਟਿਆਲਾ ਨਾਲ ਬੈਠਕ ਕਰ ਕੇ ਲਗਿਆ. ਵਾਇਸਰਾਏ ਨੇ ਇਸ ਗੱਲ ਦੀ ਤਾਰੀਫ਼ ਕੀਤੀ ਕਿ ਜਿਨਾਹ ਮਹਾਰਾਜਾ ਪਟਿਆਲਾ ਨਾਲ ਮਿਲਣ ਵਾਲੇ ਸੀ (Ibid: 613).

ਪੰਜਾਬ ਦੀ 'ਕਾਲਪਨਿਕ ਤਕਸੀਮ' ਬਾਰੇ ਸਿੱਖਾਂ ਦਾ ਖ਼ੌਫ਼

ਜਦ ਸਿੱਖਾਂ ਨੂੰ ਪਤਾ ਲਗਾ ਕਿ ਸਰਕਾਰ, ਪੰਜਾਬ ਦੀ ਕਾਲਪਨਿਕ ਤੌਰ ਤੇ, ਜ਼ਿਲ੍ਹਾਂ ਤੇ, ਮਜਾਰਿਟੀ ਅਤੇ ਮਾਇਨਾਰਿਟੀ ਦੀ ਬੁਨਿਆਦ ਉਪਰ, ਤਕਸੀਮ ਦੇ ਬਾਰੇ ਸੋਚ ਰਹੀ ਸੀ (ਇਸ ਦਾ ਮਤਲਬ ਗੁਰਦਾਸਪੁਰ ਸਮੇਤ 17 ਜ਼ਿਲ੍ਹੇ ਪਛਮ ਪੰਜਾਬ ਜਾਂਦੇ ਅਤੇ ਪੂਰਬ ਤੇ 12), ਉਹ ਫ਼ਿਕਰਮੰਦ ਹੋਣ ਲਗੇ ਕਿ ਇਹ ਕਾਲਪਨਿਕ ਤਕਸੀਮ ਅਖੀਰ ਤੇ ਹੋਣ ਵਾਲੀ ਤਕਸੀਮ ਦੀ ਬੁਨਿਆਦ ਨਾ ਬਣ ਜਾਵੇ. 5 ਮਈ ਨੂੰ ਬਲਦੇਵ ਸਿੰਘ ਨੂੰ ਲਿਖੇ, ਇੱਕ ਖ਼ਤ ਵਿੱਚ ਮਾਉਂਟਬੈਟਨ ਨੇ ਭਰੋਸਾ ਦਿੱਤਾ ਕਿ 'ਕਾਲਪਨਿਕ ਵੰਡ' ਜ਼ਰੂਰੀ ਸੀ:

> ਸਿਰਫ਼ ਦੋ ਅਸੇਮਬਲੀਆਂ ਨੂੰ ਬਣਾਉਣ ਲਈ ਤਾਂਕਿ ਇੱਤਹਾਦ ਜਾਂ ਤਕਸੀਮ ਦੇ ਵੱਡੇ ਸਵਾਲ ਉਪਰ ਵੋਟਿੰਗ ਕੀਤੀ ਜਾ ਸਕੇ. ਇਹ ਕਿਸੇ ਵੀ ਤਰ੍ਹਾਂ, ਬਾਅਦ ਦੇ ਬਾਉਂਡਰੀ ਕਮੀਸ਼ਨ ਦੇ ਕੱਮ ਦਾ ਕੋਈ ਨੁਕਸਾਨ ਨਹੀਂ ਕਰੇਗਾ, ਅਤੇ ਇਸ ਬਾਉਂਡਰੀ ਕਮੀਸ਼ਨ ਨੂੰ ਤਿਆਰ ਕਰਣਾ ਪਵੇਗਾ, ਤਾਂਕਿ ਪੰਜਾਬ ਦੇ ਦੋ ਹਿੱਸੇਆਂ ਦੀ ਸਰਹੱਦਾਂ ਦੀ ਹਦਬੰਦੀ ਕੀਤੀ ਜਾ ਸਕੇ (Ibid: 619-20).

6 ਮਈ ਨੂੰ ਦਿੱਤੇ ਇੱਕ ਇੰਟਰਵਿਊ ਤੇ ਮਾਉਂਟਬੈਟਨ ਨੇ ਬਲਦੇਵ ਸਿੰਘ ਨੂੰ ਚੇਤਾਵਨੀ ਦਿੱਤੀ ਕਿ ਅਗਰ ਸਿੱਖ ਗੰਭੀਰ ਗੜਬੜ ਜਾਂ ਕੋਈ ਫ਼ਿਰਕੂ ਜੰਗ ਕਰਦੇ ਨੇ, ਤੇ 'ਮੈਂ ਆਪਣੀ ਸਾਰੀ ਤਾਕਤਾਂ ਨਾਲ, ਜੋ ਮੌਜੂਦ ਨੇ, ਉਨ੍ਹਾਂ ਨੂੰ ਕੁਚਲ ਦਵਾਂਗਾ, ਅਤੇ ਉਸ ਨੂੰ ਰੱਖਿਆ ਵਜੀਰ ਦੀ ਹੈਸੀਅਤ ਤੇ, ਹੁਕਮ ਦੇਵਾਂਗਾ ਕਿ ਉਹ ਫ਼ੌਜ਼ ਅਤੇ ਹਵਾਈ ਤਾਕਤਾਂ ਦਾ ਉਨ੍ਹਾਂ ਦੇ ਖ਼ਿਲਾਫ਼ ਇਸਤੇਮਾਲ ਕਰਣ (Ibid: 632). ਇਸ ਦੇ ਇਲਾਵਾ ਬਲਦੇਵ ਸਿੰਘ ਨੇ ਮੰਗ ਕੀਤੀ ਸੀ ਕਿ ਗੁਰਦਾਸਪੁਰ, ਅੱਮ੍ਰਿਤਸਰ ਅਤੇ ਲਾਹੌਰ ਜ਼ਿਲ੍ਹਾਂ ਨੂੰ, ਪੂਰਬੀ ਪੰਜਾਬ ਵਿੱਚ ਸਾਮਲ ਕੀਤਾ ਜਾਵੇ. ਮਾਉਂਟਬੈਟਨ ਨੇ ਇਸ ਬਾਰੇ ਜੇਨਕੀਨਸ ਨਾਲ ਸਲਾਹ ਕੀਤੀ, ਅਤੇ ਜੇਨਕੀਨਸ ਨੇ 7 ਮਈ ਨੂੰ ਜਵਾਬ ਦਿੱਤਾ: 'ਬਲਦੇਵ ਸਿੰਘ, ਦੂਜੇ ਸਿੱਖਾਂ ਦੀ ਤਰ੍ਹਾਂ, ਲਗਦਾ ਹੈ ਇਹ ਬਿਲਕੁਲ ਸਮਝ ਨਹੀਂ ਰਹੇ ਨੇ ਕਿ ਸਿੱਖ ਇਕੱਲੇ ਨਹੀਂ ਹਨ, ਜਿਨ੍ਹਾਂ ਦੇ ਬਾਰੇ ਸਾਨੂ ਸੋਚਣਾ ਹੈ. ਉਨ੍ਹਾਂ ਦੀ ਕਿਸੇ ਵੀ ਜ਼ਿਲ੍ਹੇ ਤੇ ਆਪਣੀ ਮਜਾਰਿਟੀ ਨਹੀਂ ਹੈ, ਅਤੇ ਜਿਸ ਨਵੇਂ ਸੂਬੇ ਬਾਰੇ ਉਹ ਸੋਚ ਰਹੇ ਨੇ, ਉਹ ਇੱਕ ਗੈਰ-ਮੁਸਲਿਮ ਸੂਬਾ ਹੋਵੇਗਾ, ਨਾ ਕਿ ਇੱਕ ਸਿੱਖ ਸੂਬਾ'(Ibid: 643).

ਬਰਤਾਨਿਆ ਹਕੂਮਤ ਦੀ ਮੁਸ਼ਕਲਾਂ

ਉਪਰ ਦਿੱਤੇ ਮੁਸਲਿਮ ਲੀਗ, ਸਿੱਖ ਅਤੇ ਕਾਂਗਰੇਸ ਦੇ ਉਸੂਲਾਂ ਦੇ ਮੁਆਇਨੇ ਨਾਲ ਇਹ ਸਾਫ਼ ਹੈ ਕਿ ਬਰਤਾਨਿਆ ਹਕੂਮਤ ਦੀ ਗੈਰ-ਮੁਤਾਸਬੀ ਉੱਪਰ, ਸਭ ਤੋਂ ਉੱਚੇ ਸਤਰ ਤੇ, ਸ਼ੱਕ ਜ਼ਾਹਰ ਕੀਤੇ ਜਾ ਰਹੇ ਸੀ. ਮਾਉਂਟਬੈਟਨ ਦੀ ਇੰਡੀਅਨ ਰਹਨੁਮਾਵਾਂ ਨਾਲ ਬੇਹਦ ਨਿੱਜੀ ਸਤਰ ਦੇ ਗੱਲਬਾਤ ਨੇ, ਸ਼ਾਇਦ ਉਨ੍ਹਾਂ ਦੀ, ਉਪਨਿਵੇਸ਼ੀ ਤਾਕਤ ਦੀ ਪਰਸਪਰ ਮੁਖ਼ਾਲਫ਼ਤੀ ਹਿੱਤਾਂ ਦੇ ਇੱਕ ਇਮਾਨਦਾਰ ਫ਼ੈਸਲੇ ਕਰਣ ਦੀ ਕਾਬਲੀਅਤ ਬਾਰੇ, ਉਨ੍ਹਾਂ ਦੀ ਚਿੰਤਾ ਨੂੰ ਧੁੰਧਲਾ ਕਰ ਦਿੱਤਾ. ਪਰ, ਇਸ ਤਰ੍ਹਾਂ ਦੇ ਆਗੂ, ਸੂਬੇ ਦੇ ਗਵਰਨਰਾਂ ਦੇ ਕਿਰਦਾਰ ਬਾਰੇ, ਉਹ ਹੋਰ ਆਵਾਜ਼ਦਾਰ ਹੋ ਰਹੇ ਸੀ. ਜਿੱਥੇ ਤੱਕ ਪੰਜਾਬ ਦਾ ਸਵਾਲ ਸੀ, ਜੇਨਕੀਨਸ ਨੇ ਮੁਸਲਿਮ ਲੀਗ ਦੇ ਇਲਜ਼ਾਮਾਂ ਨੂੰ ਝੂਠਾ ਦੱਸਿਆ ਅਤੇ, ਸ਼ਾਇਦ ਉਹ ਸਿੱਖ ਹੋਰ ਕਾਂਗਰੇਸ ਦੇ ਅੰਦੇਸ਼ੇ ਨਾਲ ਵੀ, ਇਹ ਹੀ ਕਰਦੇ; ਅਹਿਮ ਮੁੱਦਾ ਇਹ ਸੀ ਕਿ ਉਪਨਿਵੇਸ਼ੀ ਇੰਤਜਾਮਿਏ ਦੀ ਇੱਜ਼ਤ ਅਤੇ ਇਖਤਿਆਰ ਹੁਣ ਘੱਟ ਹੋ ਰਹੇ ਸੀ, ਅਤੇ ਹੋਰ ਘੱਟਦੇ ਗਏ, ਜਦ ਸੱਤਾ ਬਦਲਣ ਦੀ ਤਾਰੀਖ ਨੇੜੇ ਆਉਂਦੀ ਗਈ.

ਕਾਮਨਵੇਲਥ (ਰਾਸ਼ਟਰਮਮਡਲ) ਵਿੱਚ ਇੰਡੀਆ ਨੂੰ ਰੱਖਣਾ

ਇੱਤਹਾਦੀ ਜਾਂ ਤਕਸੀਮ ਕੀਤੇ ਇੰਡੀਆ ਨੂੰ ਬ੍ਰਿਟਿਸ਼ ਕਾਮਨਵੇਲਥ ਵਿੱਚ ਰਖਣ ਲਈ ਮਾਉਂਟਬੈਟਨ ਨੂੰ ਇਤਲਾਹ ਦਿੱਤੀ ਗਈ. ਉਸ ਨੇ ਇਸ ਮਕਸਦ ਨੂੰ ਹਾਸਲ ਕਰਣ ਲਈ, ਆਪਣੀ ਹਰ ਕਿਸਮ ਦੀ ਮੁਹਾਰਤ ਦਾ ਇਸਤੇਮਾਲ ਕੀਤਾ ਅਤੇ ਲਗਦਾ ਹੈ ਉਹ ਇਸ ਨੂੰ, ਇੱਕ ਐਦਾਂ ਦਾ ਮਕਸਦ ਸਮਝ੍ਹਦੇ ਸੀ, ਜਿਸ ਨੂੰ, ਖ਼ਾਸ ਕਰ ਕੇ, ਹਾਸਲ ਕਰਨਾ ਅਹਿਮ ਸੀ. ਬ੍ਰਿਟਿਸ਼ਰਾਂ ਨੂੰ ਆਸ ਨਹੀਂ ਸੀ ਕਿ ਜਿਨਾਹ ਬ੍ਰਿਟਿਸ਼ ਕਾਮਨਵੇਲਥ ਵਿੱਚ ਪਾਕਿਸਤਾਨ ਦੀ ਸਦੱਸਤਾ ਦੀ ਮੁਖ਼ਾਲਫ਼ਤ ਕਰਣਗੇ. ਦੂਜੀ ਤਰਫ਼, ਜਿਨਾਹ ਨੇ ਚੁਨੌਤੀ ਦਿੱਤੀ ਕਿ ਪਾਕਿਸਤਾਨ ਨੂੰ ਕਿਸ ਤਰ੍ਹਾਂ ਕਾਮਨਵੇਲਥ ਤੋਂ ਬਾਹਰ ਰੱਖਿਆ ਜਾ ਸਕਦਾ ਸੀ. ਮਾਉਂਟਬੈਟਨ ਨੇ ਜਿਨਾਹ ਦੀ ਗੱਲ ਨੂੰ ਕਿਹਾ:

> ਸਾਰੇ ਮੁਸਲਿਮ ਸ਼ੁਰੂ ਤੋਂ ਹੀ ਬ੍ਰਿਟਿਸ਼ ਹਕੂਮਤ ਦੇ ਵਫ਼ਾਦਾਰ ਰਹੇ ਹਨ. ਦੋਨੋ ਆਲਮੀ ਜੰਗਾ ਤੇ, ਅਸੀਂ ਬਹੁਤ ਜ਼ਿਆਦਾ ਸਿਪਾਹੀ ਭੇਜੇ. ਸ਼ਾਡਾ ਕੋਈ ਆਗੂ ਕਦੀ ਬੇਵਫ਼ਾਈ ਲਈ ਜੇਲ੍ਹ ਨਹੀਂ ਗਿਆ. ਜਦ ਕਨਸਟੀਚੁਏਂਟ ਅਸੈਮਬਲੀ ਵਿੱਚ ਇੱਕ ਆਜਾਦ ਰਿਪਬਲਿਕ ਲਈ ਮਤਾ ਪਾਰਿਤ ਕੀਤਾ ਗਿਆ, ਮੁਸਲਿਮ ਲੀਗ ਦਾ ਇੱਕ ਵੀ ਸਦੱਸ ਹਾਜ਼ਰ ਨਹੀਂ ਸੀ ।22 ਜਨਵਰੀ 1947 ਨੂੰ ਪਾਰਿਤ ਹੋਇਆ॥. ਸਾਡੇ ਤੋਂ ਕਿਸੇ ਨੇ ਵੀ ਇਸ ਕਿਸਮ ਦਾ ਕੋਈ ਕੱਮ ਨਹੀਂ ਕੀਤਾ ਹੈ ਕਿ ਸਾਨੂ ਕਾਮਨਵੇਲਥ ਤੋਂ ਕਢ ਦਿੱਤਾ ਜਾਵੇ. ਦੂਜੀ ਡਾਮਿਨਿਅਨਾਂ ਰਾਜੀ ਹੋਣਗੀ ਕਿ ਸਾਨੂ ਸਾਡੀ ਮਰਜੀ ਦੇ ਖ਼ਿਲਾਫ਼ ਕੱਢ ਦਿੱਤਾ ਜਾਵੇ? ਵੇਸਟਮਿਨਸਟਰ ਦੇ ਅਧਿਨਿਯਮ ਵਿੱਚ ਕੋਈ ਪ੍ਰਾਵਧਾਨ ਹੈ ਕਿ ਅਗਰ ਇੱਕ ਪੜੋਸੀ ਮੁਲਕ, ਜੋ ਪਹਿਲਾਂ ਕਦੀ ਸਦੱਸ ਸੀ, ਮਗਰ ਹੁਣ ਨਹੀਂ ਰਹਿਣਾ ਚਾਹੁੰਦਾ ਹੈ, ਤੇ ਤੁਸੀ ਕਾਮਨਵੇਲਥ ਦੇ ਦੂਜੇ ਹਿੱਸੇ ਨੂੰ ਲਤ ਮਾਰ ਕੇ ਕਢ ਦੋ? ਜਨਾਬ ਚਰਚਿੱਲ ਨੇ ਮੈਨੂੰ ਭਰੋਸਾ ਦਿੱਤਾ ਹੈ ਕਿ ਬ੍ਰਿਟਿਸ਼ ਅਵਾਮ ਕਦੀ ਨਹੀਂ ਚਾਹੇਗੀ ਕਿ ਸਾਨੂ ਕਾਮਨਵੇਲਥ ਤੋਂ ਕੱਢ ਸਿੱਤਾ ਜਾਵੇ (Carter, 2003: 127).

ਮਾਉਂਟਬੈਟਨ ਨੇ ਜਵਾਬ ਦਿੱਤਾ ਕਿ ਹਾਲਾਂਕਿ ਉਹ ਜਜ਼ਬਾਤੀ ਤੌਰ ਤੇ ਉਨ੍ਹਾਂ ਦੇ ਨਾਲ ਰਜਾਮੰਦ ਨੇ, ਪਰ ਅਗਰ ਸਿਰਫ਼ ਇੱਕ ਹਿੱਸਾ ਕਾਮਨਵੇਲਥ ਤੇ ਰਿਹਾ ਅਤੇ ਉਸ ਬੁਨਿਆਦ ਉਪਰ ਬ੍ਰਿਟਿਸ਼ ਅਫ਼ਸਰਾਂ ਦੀ ਬਹਾਲੀ ਕਾਇਮ ਰੱਖੀ ਅਤੇ ਬ੍ਰਿਟਿਸ਼ ਮਦਦ ਲੀਤੀ ਗਈ ਤੇ ਇਹ ਇੱਕ ਬੇਜੋੜ ਹਾਲਾਤ ਪੈਦਾ ਕਰ ਦੇਂਦੀ. ਇਸ ਤਰ੍ਹਾਂ ਦੇ ਹਾਲਾਤ ਨਾਮੁਮਕਿਨ ਬਣ ਜਾਂਦੇ, ਅਗਰ ਉਹ ਕਾਮਨਵੇਲਥ ਤੋਂ ਬਾਹਰ ਰਹਿਣ ਵਾਲੇ ਹਿੱਸੇ ਦੇ ਖ਼ਿਲਾਫ਼ ਜੰਗ ਦਾ ਆਘਾਜ਼ ਕਰ ਦੇਂਦੇ. ਉਨ੍ਹਾਂ ਨੇ ਜਿਨਾਹ ਨੂੰ ਸਾਵਧਾਨ ਕੀਤਾ ਕਿ ਉਹ 'ਨਹੀਂ' ਸੁਣਣ ਲਈ ਤਿਆਰ ਰਹਿਣ, ਅਗਰ ਇੰਡੀਆ ਕਾਮਨਵੇਲਥ ਤੇ ਸ਼ਾਮਲ ਨਹੀਂ ਹੁੰਦਾ ਸੀ. ਮਾਉਂਟਬੈਟਨ ਦੇ ਮੁਤਾਬਕ, ਜਿਨਾਹ ਨੇ ਇਸ ਦਾ ਜਵਾਬ ਦਿੱਤਾ ਕਿ ਉਹ, ਕਾਮਨਵੇਲਥ ਦੀ ਅਪੀਲ ਕਰਣ ਦੀ ਤਾਕਤ ਜੋ ਹੀਜ ਮੈਜੇਸਟੀਸ ਗਵਰਨਮੇਂਟ ਦੇ ਪ੍ਰਧਾਨਾਂ ਤੋਂ ਉਪਰ ਹੈ, ਭਰੋਸਾ ਕਰਣਗੇ; ਅਤੇ ਜਿਨਾਹ ਨੂੰ ਭਰੋਸਾ ਸੀ ਕਿ ਉਨ੍ਹਾਂ ਨੂੰ ਬ੍ਰਿਟਿਸ਼ ਲੋਕਾਂ ਦਾ ਸਮਰਥਨ ਮਿਲੇਗਾ.

ਦੂਜੀ ਤਰਫ਼, ਕਾਂਗਰੇਸ ਕਾਮਨਵੇਲਥ ਦੇ ਖ਼ਿਆਲ ਤੋਂ ਦੂਰ ਸੀ, ਹੋਰ ਪੂਰੀ ਹਕੂਮਤ ਅਤੇ ਆਜ਼ਾਦੀ ਦੇ ਹੱਕ ਦਾ ਦਾਅਵਾ ਕਰ ਰਹੀ ਸੀ. ਪਰ, ਉਨ੍ਹਾਂ ਦੇ ਉਪਰ ਇੰਤਹਾ ਦਬਾਅ ਕਾਮਯਾਬ ਰਿਹਾ ਅਤੇ ਮਈ 1947 ਤੱਕ ਕਾਂਗਰੇਸ ਆਗੂ, ਇੱਕ ਦੇ ਬਾਅਦ ਇੱਕ ਆਉਣ ਲਗੇ. 7 ਮਈ ਨੂੰ ਵਾਇਸਰਾਏ ਸਟਾਫ ਦੀ 27ਵੀਂ ਬੈਠਕ ਦੀ ਮਿਨਟਸ ਤੇ, ਇਹ ਦਰਜ ਕੀਤਾ ਗਿਆ ਕਿ ਸਰਦਾਰ ਪਟੇਲ ਨੂੰ ਇਸ ਖ਼ਿਆਲ ਬਾਰੇ ਜਿੱਤ ਲੀਤਾ ਗਿਆ ਸੀ ਅਤੇ ਨਹਿਰੂ ਵੀ ਮੱਨ ਜਾਣਗੇ (Mansergh and Moon, 1981: 659).

1947 ਤੇ ਹਕੂਮਤ ਦੀ ਤਬਦੀਲੀ

ਵਾਇਸਰਾਏ ਦੀ 29ਵੀਂ ਸਟਾਫ ਬੈਠਕ ਦੀ ਮਿਨਟਸ ਦੀ ਇੱਕ ਬਗੈਰ ਤਾਰੀਖ ਦੀ ਰਿਪੋਰਟ ਤੇ (ਸ਼ਾਇਦ ਮਈ ਦੇ ਸ਼ੁਰੂ ਤੇ) ਦਰਜ ਕੀਤਾ ਗਿਆ, 'ਮਾਣਯੋਗ ਵਾਇਸਰਾਏ ਨੇ ਕਿਹਾ ਕਿ ਉਹ ਇਸ ਨੂੰ ਸਭ ਤੋਂ ਅਹਿਮ ਮੱਨਦੇ ਨੇ ਕਿ, ਅਗਰ ਇੰਡੀਆ ਨੂੰ ਜੂਨ 1948 ਤੋਂ ਪਹਿਲਾਂ ਡੋਮਿਨਿਅਨ ਦਾ ਦਰਜਾ ਦੇਣਾ ਹੈ ਤੇ, ਇਹ ਦਰਜਾ 1947 ਤੇ ਹੀ ਦੇ ਦੇਣਾ ਚਾਹੀਦਾ ਹੈ' (Ibid: 702–3). ਲਗਦਾ ਹੈ ਕਿ ਮਾਉਂਟਬੈਟਨ ਨੇ ਹਿਸਾਬ ਲਗਾਇਆ ਕਿ ਅਗਰ ਕਾਂਗਰੇਸ ਪਾਰਟੀ ਵੀ ਕਾਮਵੇਲਥ ਵਿੱਚ ਰਹਿਣ ਲਈ ਮੱਨ ਜਾਂਦੀ ਸੀ, ਇਸ ਵਿੱਚ ਬ੍ਰਿਟਿਸ਼ਰਾਂ ਦੀ

ਭਲਾਈ ਸੀ ਕਿ ਉਹ, ਹਕੂਮਤ ਦੀ ਤਬਦੀਲੀ ਜਲਦ ਕਰਣ, ਹਕੀਕਤ ਤੇ 1947 ਵਿੱਚ, ਅਤੇ ਹੋਰ ਹਿਚਕੋਲੇਆਂ ਤੋਂ ਬਚਣ.

ਡੋਮਿਨਿਅਨ ਦਾ ਦਰਜਾ ਜਲਦ ਦੇਣ ਦਾ ਅਮਲੀ ਫ਼ਾਇਦਾ ਇਹ ਸੀ ਕਿ ਸਾਰੀ ਬ੍ਰਿਟਿਸ਼ ਫ਼ੌਜ਼ ਜਲਦ ਤੋਂ ਜਲਦ ਇੰਡੀਆ ਛੱਡ ਕੇ ਜਾ ਸਕਦੀ ਸੀ; ਪਰ ਫ਼ੌਜ਼ ਦੇ ਕੁੱਝ ਲੋਕਾਂ ਦੀ, ਆਰਜ਼ੀ ਵਕਤ ਦੇ ਲਈ ਜਰਰੁਤ ਹੁੰਦੀ (Ibid: 703). ਇਸੇ ਸੋਚ ਨੂੰ ਅਗੇ ਜਾਰੀ ਰਖਦੇ ਹੋਏ, ਰਿਪੋਰਟ ਦੱਸਦੀ ਹੈ: ਮਾਣਯੋਗ ਵਾਇਸਰਾਏ ਨੇ ਕਿਹਾ ਕਿ ਉਨ੍ਹਾਂ ਦੇ ਖ਼ਿਆਲ ਤੇ, ਯੂਨਾਇਟੇਡ ਕਿੰਗਡਮ ਨੂੰ ਹੋਣ ਵਾਲੇ ਜਬਰਦਸਤ ਫ਼ਾਇਦੇ ਹੇਠਾਂ ਦਿੱਤੇ ਨੇ:

i. ਜਲਦ ਹਕੂਮਤ ਦੀ ਤਬਦੀਲੀ ਨਾਲ, ਯੂ.ਕੇ. ਉਪਰ ਬੇਹਦ ਜ਼ਿਆਦਾ ਇਤਬਾਰ ਬਣੇਗਾ
ii. ਇਸ ਤਬਦੀਲੀ ਨਾਲ ਮੌਜੂਦਾ ਜ਼ਿਮੇਵਾਰੀਆਂ ਖ਼ਤਮ ਹੋਣ ਗਿਆਂ.
iii. ਕਾਮਨਵੇਲਥ ਵਿੱਚ ਕਾਇਮ ਰਹਿਣ ਦੀ ਇੰਡੀਆ ਦੀ ਅਰਜ਼ੋਈ ਨਾਲ ਦੁਨੀਆ ਦੀ ਨਜ਼ਰਾਂ ਤੇ ਬ੍ਰਿਟਿਸ਼ ਸਰਕਾਰ ਦੀ ਇੱਜਤ ਤੇ ਬੇਹਦ ਇੱਜ਼ਾਫ਼ਾ ਹੋਵੇਗਾ. ਇਕੱਲਾ ਇਹ ਮੁੱਦਾ ਹੀ ਬੇਹਦ ਅਹਿਮ ਸੀ.
iv. ਇਸ ਤਰ੍ਹਾਂ ਦੀ ਅਰਜ਼ੋਈ, ਇਸ ਮੁਲਕ ਦੇ ਲੋਕਾਂ ਦੀ ਅੱਖਾਂ ਵਿੱਚ, ਮੌਜੂਦਾ ਬ੍ਰਿਟਿਸ਼ ਸਰਕਾਰ ਦੀ ਇੱਜ਼ਤ ਲਈ ਸਭ ਤੋਂ ਜ਼ਿਆਦਾ ਫ਼ਾਇਦੇਮੰਦ ਹੋਵੇਗੀ.
v. ਸਾਮਰਾਜ ਦੀ ਰੱਖਿਆ ਦੇ ਨਜ਼ਰਿਐ ਤੋਂ, ਕਾਮਨਵੇਲਥ ਵਿੱਚ ਇੰਡੀਆ ਦੀ ਮੌਜੂਦਗੀ ਸਾਡੀ ਦੁਨੀਆ ਬਾਰੇ ਰਣਨੀਤੀ ਦੇ ਢਾਂਚੇ ਤੇ ਬਿਲਕੁਲ ਸਹੀ ਬੈਠਦੀ ਹੈ; ਇੱਕ ਬੇਲਾਗ ਇੰਡੀਆ ਇੱਕ ਖਾਲੀ ਜਗਹ ਛੱਡ ਦੇਗਾ ਜਿਸ ਨੂੰ ਭਰਣਾ ਬੇਹਦ ਮੁਸ਼ਕਲ ਹੈ; ਇੱਕ ਮੁਖ਼ਾਲਫ਼ਤੀ ਇੰਡੀਆ ਦਾ ਮਤਲਬ ਹੋਵੇਗਾ ਕਿ ਆਸਟ੍ਰੇਲੀਆ ਅਤੇ ਨਿਊਜੀਲੈਂਡ ਬਿਲਕੁਲ ਵੱਖ ਹੋ ਜਾਣਗੇ (Ibid: 703-4).

ਤਦ ਤਕ, ਬ੍ਰਿਟਿਸ਼ ਸਰਕਾਰ ਦਾ ਵੀ ਇਰਾਦਾ ਬਣ ਗਿਆ ਸੀ ਕਿ ਤਕਸੀਮ ਲਾਜ਼ਮੀ ਸੀ. ਰਿਪੋਰਟ ਹੋਰ ਕਹਿੰਦੀ ਹੈ:

> ਮਾਣਯੋਗ ਵਾਇਸਰਾਏ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ, 1947 ਵਿੱਚ ਹਕੂਮਤ ਦੀ, ਡੋਮਿਨਿਅਨ ਦੀ ਹੈਸੀਅਤ ਤੇ ਤਬਦੀਲੀ, ਕਰਣ ਦੀ ਮੁਸ਼ਕਲਾਂ ਨੂੰ ਮਹਿਸੂਸ ਕਰਦੇ ਨੇ. ਪਰ ਉਨ੍ਹਾਂ ਨੂੰ ਕੋਈ ਸ਼ੱਕ ਨਹੀਂ ਸੀ, ਕਿ ਇਣ ਮੁਸ਼ਕਲਾਂ ਉਪਰ ਕਾਬੂ ਕਰਣਾ ਪਏਗਾ, ਜੈਦਾਂ ਕਿ ਜੰਗ ਦੇ ਦੌਰਾਨ, ਇੰਤਹਾ ਮੁਸ਼ਕਲਾਂ ਦੇ ਬਾਵਜੂਦ ਜਿੱਤ ਹਾਸਲ ਕੀਤੀ ਗਈ ਸੀ. ਖ਼ਾਸ ਮੁਸ਼ਕਲਾਂ ਵਿੱਚ ਬੇਸ਼ਕ, ਇੱਕ ਸੀ ਪਾਕਿਸਤਾਨ ਚਲਾਉਣ ਲਈ ਇੰਤਜ਼ਾਮਿਆ ਮਸ਼ੀਨਰੀ, ਅਤੇ ਸੰਵਿਧਾਨਕ ਮਸ਼ੀਨਰੀ ਦੀ, ਜੋ ਹਕੂਮਤ ਨੂੰ ਆਪਣੇ ਹੱਥਾਂ ਤੇ ਲੈ ਸਕੇ. ਪਰ, ਇਨ ਮੁਸ਼ਕਲਾਂ ਨੂੰ ਦੂਰ ਕਰਣ ਦੇ, ਬਗੈਰ ਕੋਈ ਸਵਾਲ, ਉਪਾਉ ਮੌਜੂਦ ਸਨ.

ਨਹਿਰੁ ਨੂੰ ਹਕੂਮਤ ਦੀ ਛੇਤੀ ਤਬਦੀਲੀ ਬਾਰੇ ਇਤਲਾਹ ਦਿੱਤੀ ਗਈ

10 ਮਈ ਨੂੰ ਵਾਇਸਰਾਏ ਅਤੇ ਉਸ ਦੇ ਸਟਾਫ ਦੀ ਇੱਕ ਫ਼ੁਟਕਲ ਬੈਠਕ ਵਿੱਚ ਜਿਸ ਵਿੱਚ ਨਹਿਰੁ ਵੀ ਮੌਜੂਦ ਸਨ, ਉਸ ਦੇ ਬੇਹਦ ਖ਼ੁਫ਼ਿਆ ਦਸਤਾਵੇਜ਼ ਤੇ ਦਰਜ ਹੋਇਆ ਕਿ ਸੁਧਾਰਾਂ ਦੇ ਕਮੀਸ਼ਨਰ, ਵੀ.ਪੀ.ਮੇਨਨ ਹਕੂਮਤ ਦੀ ਛੇਤੀ ਤਬਦੀਲੀ ਉੱਪਰ, ਮਾਉਂਟਬੈਟਨ ਦੇ ਇੰਡੀਆ ਆਉਣ ਤੋਂ ਬਹੁਤ ਪਹਿਲਾਂ ਕੱਮ ਕਰ ਰਹੇ ਸੀ. ਲਗਦਾ ਹੈ ਵੀ.ਪੀ.ਮੇਨਨ ਨੇ ਇਸ ਮਨਸੂਬੇ ਬਾਰੇ ਨਹਿਰੁ ਨੂੰ ਇੱਕ ਦਿਨ ਪਹਿਲਾ ਦੱਸਿਆ ਸੀ ਅਤੇ ਪਟੇਲ

ਨੂੰ ਚਾਰ ਮਹੀਨੇ ਪਹਿਲਾਂ (Ibid:731). ਇਸ ਬਾਰੇ ਕੋਈ ਹੋਰ ਜ਼ਿਕਰ ਨਹੀਂ ਹੈ, ਅਤੇ ਸਾਡੇ ਲਈ ਜਾਣਣ ਦਾ ਕੋਈ ਤਰੀਕਾ ਨਹੀਂ ਹੈ ਕਿ ਵੀ.ਪੀ.ਮੇਨਨ ਕਿਸ ਦੇ ਵੱਲ ਹੋ ਕੇ, ਇਸ ਕਿਸਮ ਦੇ ਖ਼ਿਆਲ ਉਪਰ ਕੱਮ ਕਰ ਰਹੇ ਸੀ. ਉਸੇ ਰਿਪੋਰਟ ਤੇ ਜ਼ਿਕਰ ਹੈ ਕਿ ਨਹਿਰੁ, ਹੁਣ ਖ਼ੁਲੇ ਆਮ ਇੰਡੀਆ ਦੀ ਕਾਮਨਵੇਲਥ ਵਿੱਚ ਰਹਿਣ ਦੀ ਹਿਮਾਇਤ ਕਰ ਰਹੇ ਸੀ.

ਬ੍ਰਿਟਿਸ਼ ਫ਼ੌਜ਼ ਪਾਕਿਸਤਾਨ ਉਪਰ ਇੱਕ ਮੇਮੋਰੇਨਡਮ (ਗਿਆਪਨ) ਤਿਆਰ ਕਰਦੀ ਹੈ

12 ਮਈ 1947 ਨੂੰ ਲੰਡਨ ਤੇ ਹੋਈ ਇੱਕ ਬੈਠਕ ਤੇ, ਫ਼ੌਜੀ ਤਾਕਤਾਂ ਦੇ ਮੁਖਤਲਿਫ਼ ਸ਼ਾਖਾਵਾਂ ਦੇ ਪ੍ਰਧਾਨ, ਆਰ.ਏ.ਐਫ ਮਾਰਸ਼ਲ ਲੈਰਡ ਟੇਡਰ ਅਤੇ ਫੀਲਡ ਮਾਰਸ਼ਲ ਮਿੰਟਗੋਮਰੀ ਅਤੇ ਲੈਰਡ ਇਸਮੇ ਦੀ ਮੌਜੂਦਗੀ ਵਿੱਚ, ਇੰਡੀਆ ਦੀ ਤਕਸੀਮ ਦੀ ਆਖਰੀ ਤਜਵੀਜ਼ਾਂ ਬਾਰੇ ਗੱਲਬਾਤ ਹੋਈ. ਤਕਸੀਮ ਨੂੰ ਹੁਣ, ਸਿਆਸੀ ਹੱਲ ਦਾ ਆਧਾਰ ਮੱਨਿਆ ਹਾ ਰਿਹਾ ਸੀ. ਇਹ ਉਮੀਦ ਸੀ ਕਿ ਪਾਕਿਸਤਾਨ ਵਿੱਚ ਸਿੰਧ, ਬਲੁਚਿਸਤਾਨ, ਐਨ.ਡਬਲੁ.ਐਫ.ਪੀ., ਪਛੱਮ ਪੰਜਾਬ ਅਤੇ ਆਸਾਮ, ਅਤੇ ਬੰਗਾਲ ਦਾ ਇੱਕ ਹਿੱਸਾ ਸ਼ਾਮਲ ਹੋਣਗੇ. ਇਹ ਵੀ ਉਮੀਦ ਸੀ ਕਿ ਜਿਨਾਹ ਇਹ ਪੇਸ਼ ਕਰਣਗੇ:

> ਇੱਕ ਮੁਸਲਿਮ ਅਰਜ਼ੀ ਕਿ ਉਹ ਕਾਮਨਵੇਲਥ ਤੇ ਰਹਿਣਗੇ. ਕਈ ਰਿਆਸਤੀ ਰਾਜਾ ਵੀ ਐਦਾਂ ਹੀ ਕਰ ਸਕਦੇ ਨੇ. ਦੂਜੀ ਤਰਫ਼, ਹਿੰਦੂਸਤਾਨ ਕਾਂਗਰੇਸ ਦੀ ਇੱਕ ਆਜ਼ਾਦ ਸਰਬ-ਸੱਤਾਧਾਰੀ ਮੁਲਕ ਬਣਾਉਣ ਦੀ ਐਲਾਨ ਕੀਤੀ ਖਾਹਿਸ਼ ਨਾਲ ਚਲੇਗਾ, ਹਾਲਾਂਕਿ ਕੁੱਝ ਲੱਛਣ ਮੌਜੂਦ ਸਨ ਕਿ ਕੁੱਝ ਕਾਂਗਰੇਸੀ ਆਗੂਆਂ ਨੂੰ ਬਗੈਰ ਬ੍ਰਿਟਿਸ਼ ਸਲਾਹਕਾਰਾਂ ਅਤੇ ਇੰਤਜਾਮ ਦੇ, ਸਭ ਕੁੱਝ ਜਾਰੀ ਰਖਣ ਬਾਰੇ, ਆਪਣੀ ਕਾਬਲੀਅਤ ਉਪਰ ਸ਼ੱਕ ਸੀ (Ibid:788).

ਇਸ ਦਸਤਾਵੇਜ਼ ਤੋਂ ਸਾਨੂ ਪਤਾ ਚਲਦਾ ਹੈ ਕਿ ਬ੍ਰਿਟਿਸ਼ ਫ਼ੌਜ਼ ਦੇ ਪ੍ਰਮੁੱਖਾਂ ਨੂੰ ਵੀ ਪੂਰੀ ਇਤਲਾਹ ਨਹੀਂ ਸੀ ਕਿ ਕਾਂਗਰੇਸ ਨੂੰ ਪਹਿਲਾਂ ਹੀ ਇੰਡੀਆ ਦੀ ਕਾਮਨਵੇਲਥ ਦੀ ਸਦੱਸਤਾਂ ਬਾਰੇ ਮੁਤਾਸਰ ਕਰ ਲੀਤਾ ਗਿਆ ਸੀ. ਮਿੰਟਗੋਮਰੀ ਨੇ ਜੋਰ ਦੇ ਕੇ ਕਿਹਾ ਕਿ ਇਹ 'ਇਹ ਇੱਕ ਬੜੀ ਵੱਡੀ ਚੰਗਿਆਈ ਵੋਵੇਗੀ, ਅਗਰ ਪਾਕਿਸਤਾਨ, ਖਾਸ ਕਰ ਕੇ ਉੱਤਰ-ਪਛੱਮ, ਕਾਮਨਵੇਲਥ ਦੇ ਅਧੀਨ ਰਹਿੰਦਾ ਹੈ' (Ibid:791). ਫ਼ੌਜ਼ ਦੇ ਪ੍ਰਮੁੱਖ ਰਾਜੀ ਹੋ ਗਏ ਕਿ ਉਨ੍ਹਾਂ ਦੇ ਵਿਚਾਰ ਬ੍ਰਿਟਿਸ਼ ਪ੍ਰਾਈਮ ਮਿਨਿਸਟਰ ਨੂੰ ਪੇਸ਼ ਕੀਤੇ ਜਾਣ. ਉਹ ਰਜਾਮੰਦ ਹੋਏ ਕਿ:

> ਰਣਨੀਤਕ ਨਜ਼ਰਿਐ ਤੋਂ, ਪਛੱਮ ਪਾਕਿਸਤਾਨ ਦੇ ਕਾਮਨਵੇਲਥ ਵਿੱਚ ਰਹਿਣ ਬਾਰੇ ਬੇਹਦ ਅਹਿਮ ਵਜ੍ਹਾਂ ਸੀ, ਜੈਦਾਂ ਕਿ, ਸਾਨੂ ਅਹਿਮ ਰਣਨੀਤਕ ਸਹੂਲਤਾਂ ਹਾਸਲ ਕਰਣ ਬਾਰੇ, ਕਰਾਚੀ ਦਾ ਬੰਦਰਗਾਹ, ਹਵਾਈ ਅੱਡੇ ਅਤੇ ਮੁਸਤਕਬਿਲ ਤੇ ਮੁਸਲਿਮ ਲੋਕਾਂ ਦਾ ਸਮਰਥਨ...ਅਤੇ ਪਛੱਮ ਪਾਕਿਸਤਾਨ ਨੂੰ ਕਾਮਨਵੇਲਥ ਤੇ ਭਰਤੀ ਕਰਣ ਨਾਲ ਫ਼ਾਇਦਾ ਹੀ ਫ਼ਾਇਦਾ ਸੀ. ਉਨ੍ਹਾਂ ਦੀ, ਇਸ ਬਾਰੇ, ਅਰਜ਼ੀ ਨੂੰ ਨਾਮੰਜ਼ੂਰ ਕਰਣ ਦਾ ਮਤਲਬ ਬ੍ਰਿਟਿਸ਼ ਕਾਮਨਵੇਲਥ ਤੋਂ ਵਫ਼ਾਦਾਰ ਲੋਕਾਂ ਨੂੰ ਬਾਹਰ ਕੱਢ ਦੇਨਾ ਹੈ, ਅਤੇ ਸ਼ਾਹਿe ਇੰਡੀਆ ਤੇ ਕਿਥੇ ਵੀ ਰਣਨੀਤਕ ਸਹੂਲਤਾਂ ਮਿਲਣ ਦੇ ਸਾਰੇ ਮੌਕੇ, ਸਾਡੇ ਹੱਥ ਤੋਂ ਨਿਕਲ ਜਾਣਗੇ, ਅਤੇ ਇਸ ਦੇ ਨਾਲ, ਬਾਕੀ ਮੁਸਲਿਮ ਦੁਨੀਆ ਤੇ ਸਾਡੀ ਮਸ਼ਹੂਰੀ ਬਰਬਾਦ ਹੋ ਜਾਵੇਗੀ. ਇੱਕ ਫ਼ੌਜੀ ਨਜ਼ਰਿਐ ਤੋਂ, ਇਸ ਕਿਸਮ ਦਾ ਨਤੀਜਾ ਉਥਲ-ਪੁਥਲ ਮਚਾ ਦੇਗਾ (Ibid:791-2).

ਇਸ ਬਾਰੇ ਵੀ ਜੋਰ ਦਿੱਤਾ ਗਿਆ ਕਿ ਰਿਆਸਤਾਂ ਅਤੇ ਬੰਗਾਲ ਨੂੰ ਵੀ ਕਾਮਨਵੇਲਥ ਦੀ ਸਦੱਸਤਾ ਲੈਣ ਲਈ, ਉਨ੍ਹਾਂ ਦੀ ਹੌਸਲਾਅਫ਼ਜ਼ਾਈ ਕੀਤੀ ਜਾਵੇ. ਅਤੇ ਇਹ ਸਾਫ਼ ਸੀ ਕਿ ਉਹ ਸਾਰੇ ਇਲਾਕੇ ਜੋ ਸ਼ਾਮਲ ਹੋਣਾ ਚਾਹੁੰਦੇ ਸੀ, ਉਨ੍ਹਾਂ ਨੂੰ ਸਦੱਸਤਾ ਦੀ ਅਰਜ਼ੀ ਦੇਣ ਲਈ ਸਲਾਹ ਦਿੱਤੀ ਜਾਵੇ.

ਪੰਜਾਬ ਨੂੰ ਵੋਟਾਂ ਪਾਉਣ ਲਈ ਤਸਵਰੀ ਤੌਰ ਤੇ ਤਕਸੀਮ ਕੀਤਾ ਜਾਵੇ

11 ਮਈ ਦੀ ਇੱਕ ਬੈਠਕ ਤੇ, ਜਿਸ ਵਿੱਚ ਨਹਿਰੂ ਅਤੇ ਜੇਨਕੀਨਸ ਮੌਜੂਦ ਸਨ ਅਤੇ ਮਾਉਂਟਬੈਟਨ ਪ੍ਰਧਾਨਗੀ ਕਰ ਰਹੇ ਸੀ, ਵਾਇਸਰਾਏ ਨੇ ਕਿਹਾ ਕਿ ਬ੍ਰਿਟਿਸ਼ ਇੰਤਜ਼ਾਮ 'ਨੂੰ ਮੁਸਲਿਮ ਅਤੇ ਗੈਰ-ਮੁਸਲਿਮ ਜ਼ਿਲ੍ਹਾਂ ਦੀ ਬੁਨਿਆਦ ਉਪਰ, ਕਾਲਪਨਿਕ ਤਕਸੀਮ ਦਾ ਕੱਮ ਕਰਨਾ ਪਵੇਗਾ. ਪਰ ਇਸ ਨੂੰ ਬਾਅਦ ਦੇ ਬਾਉਂਡਰੀ ਕਮੀਸ਼ਨ ਦੇ ਕੱਮ ਨੂੰ ਵਿਗਾੜਣਾ ਨਹੀਂ ਚਾਹੀਦਾ ਹੈ (Ibid:759). ਨਹਿਰੂ ਮੱਨ ਗਏ ਕਿ ਜਾਇਦਾਦਾਂ ਦੀ ਮਲਕੀਅਤ ਨੂੰ, ਜਿਸ ਉਪਰ ਸਿੱਖ ਜ਼ੋਰ ਦੇ ਰਹੇ ਸੀ, ਉਸ ਨੂੰ ਇਲਾਕਿਆਂ ਦੇ ਵੰਡਣ ਦਾ ਵਾਜਬ ਆਧਾਰ ਨਹੀਂ ਬਣਾਇਆ ਜਾ ਸਕਦਾ ਸੀ, 'ਪਰ ਮੁਸਲਿਮ ਪ੍ਰਧਾਨ ਇਲਾਕਿਆਂ ਤੇ ਸਿੱਖਾਂ ਦੇ ਪਵਿੱਤਰ ਸਥਾਨ ਮੌਜੂਦ ਸਨ. ਇਸ ਨੂੰ ਜੇਹਨ ਤੇ ਰਖਣਾ ਚਾਹੀਦਾ ਹੈ' (Ibid.).

ਪਰ, ਜੇਨਕੀਨਸ ਦਾ, ਖ਼ਿਆਲ ਸੀ ਕਿ, ਹਾਲਾਂਕਿ ਪੱਛਮ ਪੰਜਾਬ ਤੇ ਕਈ ਸਿੱਖ ਪਵਿੱਤਰ ਸਥਾਨ ਸਨ, 'ਸੱਚਾ ਸਿੱਖ ਪਵਿੱਤਰ ਸਥਾਨ ਅੱਮ੍ਰਿਤਸਰ ਤੇ ਸੀ, ਜੋ ਕਿਸੇ ਵੀ ਹਾਲ ਤੇ ਸਿੱਖਾਂ ਨੂੰ ਮਿਲਣਾ ਸੀ' (Ibid.). ਜੇਨਕੀਨਸ ਇਹ ਵੀ ਵੇਖ ਸਕਦੇ ਸੀ ਕਿ ਗੁਰਦਾਸਪੁਰ ਅਤੇ ਲਾਹੌਰ ਜ਼ਿਲ੍ਹਾਂ ਨੂੰ ਬਾਉਂਡਰੀ ਕਮੀਸ਼ਨ, ਦੋ ਟੁਕੜੇਆਂ ਵਿੱਚ ਤਕਸੀਮ ਕਰ ਦੇਗਾ. ਉਸ ਬੈਠਕ ਤੇ, ਨਹਿਰੂ ਨੇ ਇੱਕ ਅਫ਼ਵਾਹ ਦਾ ਜ਼ਿਕਰ ਕੀਤਾ ਕਿ ਪੰਜਾਬ ਵਿੱਚ ਬਾਹਰ ਦੇ ਮੁਲਕਾ ਤੋਂ ਹਥਿਆਰ ਲੈ ਆਉਂਦੇ ਜਾ ਰਹੇ ਸੀ. ਜੇਨਕੀਨਸ ਨੇ ਇਸ ਬਾਰੇ ਇਨਕਾਰ ਕੀਤਾ ਪਰ ਇਹ ਮੱਨਿਆ ਕਿ 'ਕੁੱਝ ਹਥਿਆਰ ਐਨ.ਡਬਲੁ.ਐਫ.ਪੀ. ਤੋਂ ਲਾਇਐ ਗਏ ਸੀ. ਸਰਕਾਰ ਇਸ ਬਾਰੇ ਇਤਲਾਹ ਲੈ ਰਹੀ ਸੀ' (Ibid.).

ਇਸ ਦੌਰਾਨ, ਪੰਜਾਬ ਦੀ ਤਕਸੀਮ ਦੇ ਤਰੀਕੇ ਉਪਰ ਗੱਲਬਾਤ ਸ਼ੁਰੂ ਹੋ ਗਈ. 'ਕਾਲਪਨਿਕ ਵੰਡ' ਦਾ ਖ਼ਿਆਲ ਇੱਕ ਢਾਂਚੇ ਨੂੰ ਕਾਇਮ ਕਰ ਕੇ ਪਤਾ ਲਗਾਉਣਾ ਸੀ, ਕਿ ਪੰਜਾਬੀਆਂ ਦੇ ਨੁਮਾਇੰਦੇ, ਜੋ ਸਾਰੇ ਲੋਕਾਂ ਦੇ ਸਮੂਹ ਦੇ ਬਜਾਏ, ਪੰਜਾਬ ਲੇਜੀਸਲੇਟੀਵ ਅਸੈਮਬਲੀ ਤੇ ਚੁਣੇ ਗਏ ਲੋਕ ਸਨ, ਅਤੇ ਆਪਣੇ ਸੂਬੇ ਦੀ ਤਕਸੀਮ ਬਾਰੇ ਉਹ ਕੀ ਸੋਚਦੇ ਸਨ. ਸੂਬੇ ਤੇ 29 ਜ਼ਿਲ੍ਹਾਂ ਨੂੰ ਮੁਸਲਿਮ ਅਤੇ ਗੈਰ-ਮੁਸਲਿਮ ਪ੍ਰਧਾਨ ਸੂਬਿਆਂ ਵਿੱਚ ਵੰਡਣ ਲਈ, ਜ਼ਿਲ੍ਹੇ ਨੂੰ ਇੱਕ ਇਕਾਈ ਦਾ ਕੱਮ ਕਰਨਾ ਸੀ. ਇਨ ਖ਼ਿਆਲਾਂ ਨੂੰ 13 ਮਈ ਦੇ ਉਸ ਡ੍ਰਾਫਟ (ਮਸੌਦੇ) ਵਿੱਚ ਹੋਰ ਵਿਕਸਿਤ ਕੀਤਾ ਗਿਆ, ਜਿਸ ਦੁਆਰਾ ਇੰਡੀਆ ਦੇ ਲੋਕਾ ਨੂੰ ਇੰਡੀਆ ਦੀ ਤਕਸੀਮ ਦੇ ਫ਼ੈਸਲੇ ਬਾਰੇ, ਦੱਸਣਾ ਸੀ. ਡ੍ਰਾਫਟ ਬਿਆਨ ਉਪਰ ਟਿੱਪਣੀ ਕਰਦੇ ਹੋਏ, ਜਿਨਾਹ ਨੇ ਐਲਾਨ ਕੀਤਾ ਕਿ ਮੁਸਲਿਮ ਲੀਗ ਨੇ ਪੱਕੇ ਤੌਰ ਤੇ ਫ਼ੈਸਲਾ ਕੀਤਾ ਸੀ ਕਿ ਉਹ ਕੈਬੀਨੇਟ ਮਿਸ਼ਨ ਪਲਾਨ ਨੂੰ ਕਿਸੇ ਵੀ ਰੁਪ ਵਿੱਚ ਮੰਜ਼ੂਰ ਨਹੀਂ ਕਰਣਗੇ, ਪਰ ਦੁਹਰਾਇਆ ਕਿ ਪੰਜਾਬ ਅਤੇ ਬੰਗਾਲ ਦੀ ਤਕਸੀਮ ਬਿਲਕੁਲ ਨਾਮੰਜ਼ੂਰ ਸੀ (Ibid:852). ਮਾਉਂਟਬੈਟਨ ਨੇ ਹਾਲਾਂਕਿ ਜਿਨਾਹ ਨੂੰ ਕਈ ਬੈਠਕਾਂ ਦੇ ਦੌਰਾਨ, ਜ਼ੋਰ ਦੇ ਕੇ ਦੱਸਿਆ ਕਿ ਇਹ ਸੂਬਿਆਂ ਉਪਰ ਉਹ ਹੀ ਅਸੂਲ ਲਾਗੂ ਹੋਣਗੇ ਜੋ ਸਮੁੱਚੇ ਇੰਡੀਆ ਦੀ ਤਕਸੀਮ ਉਪਰ ਲਾਗੂ ਹੁੰਦੇ. 17 ਮਈ ਦੇ ਇੱਕ ਹੋਰ ਸੋਧੇ ਡ੍ਰਾਫਟ ਬਿਆਨ ਤੇ, ਇੱਕ ਅਪੇਨਡਿਕਸ ਸ਼ਾਮਲ ਕੀਤਾ ਗਿਆ, ਜਿਸ ਵਿੱਚ ਪੰਜਾਬ ਨੂੰ 'ਕਾਲਪਨਿਕ' ਤੌਰ ਤੇ

17 ਮੁਸਲਿਮ ਮਜਾਰਿਟੀ ਅਤੇ 12 ਹਿੰਦੂ-ਸਿੱਖ ਮਜਾਰਿਟੀ ਜ਼ਿਲ੍ਹਾਂ ਤੇ ਤਕਸੀਮ ਕੀਤਾ ਗਿਆ, ਜਿਸ ਦੀ ਬੁਨਿਆਦ 1941 ਦੀ ਸਰਦਮਸ਼ੁਮਾਰੀ ਉਪਰ ਸੀ (Ibid: 887).

ਜਿਨਾਹ ਅਤੇ ਪਟਿਆਲਾ ਦੇ ਮਹਾਰਾਜਾ ਦੀ ਬੈਠਕ

ਮਾਉਂਟਬੈਟਨ ਨੇ ਜਿਨਾਹ ਨੂੰ ਰਾਜੀ ਕੀਤਾ ਕਿ ਉਹ ਪਟਿਆਲਾ ਦੇ ਮਹਾਰਾਜਾ ਨੂੰ ਮਿਲ ਕੇ ਪਤਾ ਕਰਣ ਕਿ, ਮੁਸਲਿਮ ਹੋਰ ਸਿੱਖ ਕਿਸੇ ਫਾਰਮੂਲੇ ਉਪਰ ਰਜਾਮੰਦ ਹੋ ਕੇ ਪੰਜਾਬ ਨੂੰ ਇੱਤਹਾਦੀ ਰੱਖ ਸਕਦੇ ਸੀ ਜਾਂ ਨਹੀਂ. ਇਹ ਬੈਠਕਾਂ 15-16 ਮਈ ਨੂੰ ਦਿੱਲੀ ਤੇ ਹੋਇਆਂ. 18 ਮਈ ਦੇ ਪਾਕਿਸਤਾਨ ਟਾਇਮਸ ਅਤੇ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ ਮਹਾਰਾਹਾ ਨੇ ਇੱਸ ਸਚਾਈ ਉਪਰ ਜ਼ੋਰ ਦਿੱਤਾ ਕਿ ਜਿਨਾਹ ਨੇ ਭਰੋਸਾ ਦਿੱਤਾ ਸੀ ਕਿ ਪਾਕਿਸਤਾਨ ਵਿੱਚ ਮਾਇਨਾਰਿਟੀਆਂ ਦੀ ਹਿਫ਼ਾਜ਼ਤ ਕੀਤੀ ਜਾਵੇਗੀ, ਹਾਲਾਂਕਿ ਉਹ ਕੋਈ ਸਹੀ ਤਜਵੀਜ਼ ਜਾਂ ਫਾਰਮੂਲਾ ਪੇਸ਼ ਨਹੀਂ ਕਰ ਰਹੇ ਸੀ. ਜਿੱਥੇ ਤਕ, ਸਰਹੱਦ ਦਾ ਸਵਾਲ ਸੀ, ਮਹਾਰਾਜਾ ਨੇ ਸਿੱਖ ਤਜਵੀਜ਼ ਦੁਹਰਾਈ ਕਿ ਇਹ ਚਨਾਬ ਦਰਿਆ ਤੱਕ ਹੋਵੇ, ਹਾਲਾਂਕਿ ਜਿਨਾਹ ਇਸ ਨੂੰ ਸਤਲਜ ਤੱਕ ਚਾਹੁੰਦੇ ਸੀ. ਪਰ, ਸਭ ਨੂੰ ਇਹ ਇਹਸਾਸ ਸੀ ਕਿ ਇੱਕ ਸਮਝੌਤੇ ਦੇ ਬਾਅਦ, ਰਾਵੀ ਦਰਿਆ ਦੀ ਸਰਹੱਦ, ਹੋਣ ਦੇ ਆਸਾਰ ਜ਼ਿਆਦਾ ਸਨ.

ਵਾਇਸਰਾਏ ਦੇ ਮੁੱਖ ਸਕੱਤਰ, ਸਰ ਏਰਿਕ ਮੀeਵੀਲ ਨੇ 20 ਮਈ ਦੀ ਇੱਕ ਟੈਲੀਗ੍ਰਾਮ ਨਾਲ ਮਾਉਂਟਬੈਟਨ ਨੂੰ ਦੱਸਿਆ ਕਿ ਜਿਨਾਹ ਅਤੇ ਪਟਿਆਲਾ ਦੇ ਮਹਾਰਾਜਾ ਮਿਲੇ ਸਨ, ਅਤੇ ਮਹਾਰਾਜਾ ਦੇ ਮੁਤਾਬਕ, 'ਉਨ੍ਹਾਂ ।ਮਹਾਰਾਜਾ॥ ਨੇ ਜਿਨਾਹ ਨਾਲ ਲੰਬੀ ਗੱਲਬਾਤ ਕੀਤੀ ਅਤੇ ਜਿਨਾਹ ਨੂੰ ਇੰਡੀਆ ਦੀ ਤਕਸੀਮ ਦੇ ਤਬਾਹਕੁਨ ਨਤੀਜੇ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਪਾਇਆ ਕਿ ਜਿਨਾਹ ਅੜੀਅਲ ਅਤੇ ਦ੍ਰਿੜ ਸਨ' (Ibid: 915). ਉਸੇ ਟੈਲੀਗ੍ਰਾਮ ਤੇ ਮੀeਵੀਲ ਨੇ ਗੌਰ ਕੀਤਾ:

> ਸਿੱਖ ਪੰਜਾਬ ਦੀ ਤਕਸੀਮ ਨੂੰ ਜ਼ਰੂਰੀ ਸਮਝਦੇ ਨੇ, ਅਤੇ ਸੂਬੇ ਦੀ ਕੋਈ ਤਕਸੀਮ ਜੋ ਸਿੱਖਾਂ ਦੇ ਹੱਕ ਬਾਰੇ, ਉਨ੍ਹਾਂ ਦੀ ਜਾਇਦਾਦ, ਦੂਜੀ ਸੰਪਤੀਆਂ, ਉਨ੍ਹਾਂ ਦੇ ਪਵਿੱਤਰ ਸਥਾਨ ਬਾਰੇ ਨਹੀਂ ਸੋਚਦੀ ਹੈ ਅਤੇ ਸਿੱਖ ਸਮੁਦਾਏ ਦੇ ਵੱਡੇ ਹਿੱਸੇ ਲਈ, ਕੋਈ ਕੌਮੀ ਦੇਸ਼ ਮੁਹੱਇਆ ਨਹੀਂ ਕਰਾਉਂਦੀ ਹੈ ਤੇ, ਉਸ ਦੀ ਕੜੀ ਮੁਖ਼ਾਲਫ਼ਤ ਕੀਤੀ ਜਾਵੇਗੀ... ਇਹ ਸਿੱਖਾਂ ਅਤੇ ਹਿੰਦੂਆਂ ਨਾਲ ਬੇਹਦ ਜਿਆਦਤੀ ਹੋਵੇਗੀ, ਅਗਰ ਪੰਜਾਬ ਦੀ ਤਕਸੀਮ ਨੂੰ ਮਹਿਜ਼ ਆਬਾਦੀ ਦੇ ਅਧਾਰ ਦੇ ਕੀਤਾ ਜਾਂਦਾ ਹੈ ਅਤੇ ਦੂਜੀ ਤਮਾਮ ਵਜ੍ਹਾਂ, ਜੈਦਾਂ ਕਿ, ਕੌਮੀ ਜਾਇਦਾਦ ਵਿੱਚ ਸਮੁਦਾਵਾਂ ਦਾ ਤੁਲਨਾਤਮਕ ਹਿੱਸਾ, ਉਨ੍ਹਾਂ ਦਾ ਸੂਬੇ ਦੀ ਖੁਸ਼ਹਾਲੀ ਵਿੱਚ ਤੁਲਨਾਤਮਕ ਯੋਗਦਾਨ ਅਤੇ ਤਕਸੀਮ ਕੀਤੀ ਇਕਾਈਆਂ ਨੂੰ ਸਵੈ-ਰੱਖਦਾ ਬਣਾਉਣ ਦੇ ਪ੍ਰਣ, ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ (Ibid.).
>
> ਇਸ ਦੇ ਇਲਾਵਾ, ਮਹਾਰਾਜਾ ਨੇ ਮਹਿਸੂਸ ਕੀਤਾ ਕਿ ਅਧਿਕਾਰੀ ਦਰਜੇ ਨੇ, ਖ਼ਾਸ ਕਰ ਕੇ ਪੁਲਿਸ ਦੇ ਮਹਕਮੇ ਨੇ, ਇੱਕ ਮੁਸਲਿਮ ਹਿਮਾਇਤੀ ਪਾਲਿਸੀ (ਨੀਤੀ) ਅਪਣਾਈ ਸੀ. ਉਨ੍ਹਾਂ ਨੇ ਬੇਨਤੀ ਕੀਤੀ ਕਿ ਅਗਰ ਤਕਸੀਮ ਕੀਤੇ ਹੋਏ ਇੰਡੀਆ ਨੂੰ ਹਕੂਮਤ ਦਿੱਤੀ ਜਾਂਦੀ ਹੈ, ਤੇ ◌ਹੰਘ ਅਤੇ ਵਾਇਸਰਾਏ 'ਪੰਜਾਬ ਦੀ ਤਕਸੀਮ, ਉਸ ਬੁਨਿਆਦ ਉਪਰ ਕਰਣ ਦਾ ਇੰਤੇਜ਼ਾਮ ਕਰਣ, ਤਾਂਕਿ ਉਹ ਸਿੱਖਾਂ ਲਈ ਨਿਰਪੱਖ ਅਤੇ ਸਹੀ ਹੋਵੇ' (Ibid.).

ਸਿੱਖਾਂ ਨੂੰ ਜਿਨਾਹ ਦੀ ਪੇਸ਼ਕਸ਼

ਉਪਰ ਦਿੱਤੀ ਦਾਸਤਾਨ, ਜਿਨਾਹ ਅਤੇ ਪਟਿਆਲਾ ਦੇ ਮਹਾਰਾਜਾ ਦੇ ਦਰਮਿਆਨ ਹੋਇਆਂ ਬੈਠਕਾਂ ਦੇ ਪੂਰੇ ਵੇਰਵੇ ਨੂੰ ਸਾਹਮਣੇ ਨਹੀਂ ਲਾਉਂਦੀ ਹੈ. ਪਾਕਿਸਤਾਨ ਦੇ ਕਈ ਜਾਣਕਾਰਾਂ ਨਾਲ ਇੰਟਰਵਿਊ ਦੇ ਦੌਰਾਨ, ਮੈਨੂੰ ਦੱਸਿਆ ਗਿਆ ਕਿ ਜਿਨਾਹ ਨੇ ਸ਼ਿਖਾਂ ਦੇ ਸਾਹਮਣੇ ਬੜੀ ਦਰਿਆਦਿਲੀ ਸ਼ਰਤਾਂ ਦੀ ਪੇਸ਼ਕਸ਼ ਕੀਤੀ ਤਾਂਕਿ, ਅਗਰ ਇੰਡੀਆ ਦੀ ਤਕਸੀਮ ਹੁੰਦੀ ਸੀ ਤੇ, ਉਹ ਪੰਜਾਬ ਦੀ ਤਕਸੀਮ ਦੀ ਮੰਗ ਨਾ ਕਰਣ. ਇਸ ਦਾਅਵੇ ਦੀ ਭਰਪੂਰ ਤਸਦੀਕ ਇਸ ਲੇਖ ਵਿੱਚ ਕੀਤੀ ਗਈ ਹੈ 'ਆਈ ਰਿਮੇਮਬਰ ਜਿਨਾਹਸ ਔਫਰ ਔਫ ਸਿੱਖ ਸਟੇਟ' ਜੋ ਪਟਿਆਲਾ ਦੇ ਸਵਰਗਵਾਸੀ ਮਹਾਰਾਜਾ ਨੇ ਲਿਖਿਆ ਸੀ, ਅਤੇ 19 ਜੂਲਾਈ 1959 ਨੂੰ ਦੀ ਟ੍ਰਿਬਯੂਨ ਤੇ ਛੱਪਿਆ ਸੀ. ਜ਼ਾਹਰ ਤੌਰ ਤੇ, ਲੈਰਡ ਮਾਉਂਟਬੈਟਨ ਵੀ ਮੌਜੂਦ ਸਨ ਅਤੇ ਲਿਆਕਤ ਅਲੀ ਖ਼ਾਨ ਆਪਣੀ ਪਤਨੀ ਨਾਲ ਮੌਜੂਦ ਸਨ. ਕੁੱਝ ਹਿੱਸੇ ਹੇਠਾਂ ਪੇਸ਼ ਹਨ:

> ਅਸੀਂ ਇੱਕ ਜਾਮ ਲੀਤਾ ਅਤੇ ਖਾਣ ਨੂੰ ਚਲੇ ਗਏ. ਗੱਲਬਾਤ ਸ਼ੁਰੂ ਹੋਈ, ਅਤੇ ਜਨਾਬ ਜਿਨਾਹ ਨੇ ਸਭ ਕੁੱਝ ਦੇਣ ਦੀ ਪੇਸ਼ਕਸ਼ ਕੀਤੀ, ਸਿਰਫ਼ ਮੈਨੂੰ ਉਨ੍ਹਾਂ ਦੇ ਮਨਸੂਬੇ ਨੂੰ ਮਣਣਾ ਸੀ. ਇਸ ਦੇ ਦੋ ਪਹਲੂ ਸਨ. ਇੱਕ ਰਾਜਸਥਾਨ ਦੇ ਬਾਰੇ ਅਤੇ ਦੂਜਾ ਇੱਕ ਆਜ਼ਾਦ ਸਿੱਖ ਸੂਬੇ ਦਾ-ਪੰਜਾਬ, ਦੱਖਣ ਦੇ ਇੱਕ ਜਾਂ ਦੋ ਜ਼ਿਲ੍ਹੇ ਛੱਡ ਕੇ. ਮੇਰੀ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਦੂਜੇ ਸਿੱਖ ਆਗੂਵਾਂ ਨਾਲ ਲੰਬੀ ਗੱਲਬਾਤ ਹੋਈ, ਅਤੇ ਸਿੱਖਾਂ ਨਾਲ ਹੋਈ ਸਾਰੀ ਗੱਲਬਾਤ ਬਾਰੇ ਮੈਨੂੰ ਪਤਾ ਸੀ. ਦਰਅਸਲ, ਕੁੱਝ ਮਾਇਨੇ ਤੇ, ਮੈਨੂੰ ਉਨ੍ਹਾਂ ਦੇ ਨਾਲ ਇੱਕ ਬੇਹਦ ਅਹਿਮ ਸੌਦਾ ਕਰਨਾ ਸੀ. ਮੈਂ ਜਨਾਬ ਜਿਨਾਹ ਨੂੰ ਕਿਹਾ ਕਿ ਮੈਂ ਉਨ੍ਹਾਂ ਦੇ ਦੋਨੋ ਪ੍ਰਸਤਾਵਾਂ ਵਿੱਚ ਕੋਈ ਸਾ ਵੀ ਮੰਜ਼ੂਰ ਨਹੀਂ ਕਰ ਸਕਦਾ ਸੀ, ਅਤੇ ਉਨ੍ਹਾਂ ਨੂੰ ਬਹੁਤ ਕੁੱਝ ਕਿਹਾ ਜੋ ਮੇਰੇ ਜੇਹਨ ਤੇ ਸੀ. ਲਿਆਕਤ ਅਲੀ ਅਤੇ ਬੇਗਮ ਲਿਆਕਤ ਅਲੀ ਮੇਰੇ ਨਾਲ ਬੇਹਦ ਦਿਲਕਸ਼ ਸਨ, ਅਤੇ ਸਾਰੀ ਹੱਦਾਂ ਪਾਰ ਕਰ ਕੇ ਮੁਸਲਿਮ ਲੀਗ ਦੀ ਤਰਫ਼ੋਂ, ਸਭ ਕੁੱਝ ਦੇਨ ਨੂੰ ਤਿਆਰ ਸਨ, ਜਿਸ ਬਾਰੇ ਸੋਚਿਆ ਜਾ ਸਕਦਾ ਸੀ. ਮੈਨੂੰ ਪਟਿਆਲਾ ਦੀ ਤਰ੍ਹਾਂ, ਨਵੇਂ ਸੂਬੇ ਦਾ ਪ੍ਰਮੁੱਖ ਬਣਨਾ ਸੀ. ਸਿੱਖਾਂ ਦੀ ਆਪਣੀ ਫ਼ੌਜ਼ ਹੋਵੇਗੀ..ਵਗੈਰਾ.
>
> ਇਹ ਸਭ ਕੁੱਝ ਬੇਹਦ ਆਕਰਸ਼ਕ ਲਗ ਰਹੇ ਸੀ, ਪਰ ਮੈਂ ਉਨ੍ਹਾਂ ਨੂੰ ਅਮਲੀ ਤੌਰ ਤੇ, ਮੰਜ਼ੂਰ ਨਹੀਂ ਕਰ ਸਕਦਾ ਸੀ, ਅਤੇ ਨਾ ਹੀ ਮੈਂ, ਜਿਸ ਮਿਜਾਜ ਵਿੱਚ ਸੀ, ਆਪਣੀ ਯਕੀਨੀ ਸੋਚ ਨੂੰ ਬਦਲ ਸਕਦਾ ਸੀ. ਗੱਲਬਾਤ ਅੱਧੀ ਰਾਤ ਤੱਕ ਚਲਦੀ ਰਹੀ. ਲੈਰਡ ਮਾਉਂਟਬੈਟਨ ਸਭ ਕੁੱਝ ਧੀਰਜ ਨਾਲ ਸੁਣਦੇ ਰਹੇ, ਅਤੇ ਕਦੀ ਕਦਾਰ ਹਿੱਸਾ ਲੀਤਾ. ਅਖੀਰ ਤੇ ਉਸ ਨੇ ਕਿਹਾ ਕਿ ਸ਼ਾਇਦ ਮੈਨੂੰ ਅਤੇ ਜਿਨਾਹ ਨੂੰ, ਇੱਕ ਮਾਕੂਲ ਤਾਰੀਖ ਨੂੰ ਫਿਰ ਮਿਲਣਾ ਚਾਹੀਦਾ ਹੈ (Quoted in Singh 1991: 86).

ਮਹਾਰਾਜਾ ਫਿਰ ਔਰੰਗਜ਼ੇਬ ਰੋਡ, ਦਿੱਲੀ ਤੇ ਜਿਨਾਹ ਦੀ ਰਿਹਾਇਸ਼ ਤੇ ਚਾਹ ਦੇ ਸੱਦੇ ਬਾਰੇ ਦੱਸਦੇ ਨੇ. ਉਨ੍ਹਾਂ ਦਾ ਬੜੀ ਗਰਮਜੋਸ਼ੀ ਨਾਲ ਇਸਤਕਬਾਲ ਕੀਤਾ ਗਿਆ. ਕੁਮਾਰੀ ਫਾਤਿਮਾ ਜਿਨਾਹ ਵੀ ਮੌਜੂਦ ਸੀ ਅਤੇ ਬਾਅਦ ਵਿੱਚ ਲਿਆਕਤ ਅਲੀ ਖ਼ਾਨ ਵੀ ਆਏ. ਉਨ੍ਹਾਂ ਨੇ ਦੁਬਾਰਾ ਉਹੀ ਮੁੱਦੇਆਂ ਬਾਰੇ ਗੱਲਾਂ ਕੀਤੀਆ ਜੋ ਅਸੀਂ ਦੋ ਦਿਨ ਪਹਿਲਾਂ ਕਰ ਚੁਕੇ ਸੀ, ਪਰ ਕੋਈ ਹੱਲ ਸਾਹਮਣੇ ਨਹੀਂ ਆਇਆ.

ਪਟਿਆਲਾ ਦੇ ਪੂਰਵਲੇ ਪ੍ਰਧਾਨ ਮੰਤ੍ਰੀ, ਹਰਦਿਤ ਸਿੰਘ ਮਲਿਕ, ਵੀ ਮੁਸਲਿਮ ਲੀਗ ਅਤੇ ਸਿੱਖ ਰਹਨੁਮਾਵਾਂ ਦੀ ਗੱਲ-ਬਾਤ ਵਿੱਚ ਸ਼ਾਮਲ ਸਨ. ਹੇਠਾਂ ਦਿੱਤੇ ਗਿਏ ਬਿਰਤਾਂਤ ਵਿੱਚ, ਇੱਕ ਦੂਜੀ ਬੈਠਕ ਦਾ ਜ਼ਿਕਰ ਕੀਤਾ ਗਿਆ ਹੈ. ਪੰਜਾਬ ਦੀ ਤਕਸੀਮ ਦੇ ਸਾਬਕਾ ਇਤਿਹਾਸਕਾਰ ਕਿਰਪਾਲ ਸਿੰਘ ਨੇ ਹਰਦਿਤ ਸਿੰਘ ਦਾ ਸਿੱਖਾਂ ਦੀ ਬੈਠਕਾਂ ਬਾਰੇ, ਇੰਟਰਵਿਊ ਲੀਤਾ. ਉਨ੍ਹਾਂ ਨੇ ਹਰਦਿਤ ਸਿੰਘ ਨੂੰ ਇਹ ਸਵਾਲ ਪੁੱਛੇ:

ਸਵਾਲ: "ਤੁਸੀਂ ਸਿੱਖ ਰਹਨੁਮਾਵਾਂ ਨਾਲ ਜਨਾਬ ਜਿਨਾਹ ਅਤੇ ਲਿਆਕਤ ਅਲੀ ਖ਼ਾਨ ਨਾਲ ਗੱਲਬਾਤ ਕਰਣ ਗਏ ਸੀ. ਤੁਸੀ ਇਸ ਉਪਰ ਰੌਸ਼ਨੀ ਪਾਉਣਾ ਚਾਹੋਗੇ ।?॥ ਇਹ ਨਾਕਾਮਯਾਬ ਕਿਉਂ ਹੋ ਗਈ?"

ਜਵਾਬ:"ਤੁਹਾਨੂ ਪਤਾ ਹੈ ਕਿ ਉਸ ਵਕਤ ਤਕ, ਪਾਕਿਸਤਾਨ ਦਾ ਬਣਨਾ ਮੰਜ਼ੂਰ ਨਹੀਂ ਕੀਤਾ ਗਿਆ ਸੀ. ਜਿਨਾਹ ਸਿੱਖਾਂ ਨੂੰ ਆਪਣੇ ਵੱਲ ਕਰਣ ਲਈ ਬੇਹਦ ਬੇਤਾਬ ਸਨ ਅਤੇ ਉਨ੍ਹਾਂ ਨੇ ਪਟਿਆਲਾ ਦੇ ਮਹਾਰਾਜਾ ਨੂੰ ਇੱਕ ਬੈਠਕ ਲਈ, ਸੁਨੇਹਾ ਭੇਜਿਆ. ਮਹਾਰਾਜਾ ਨੇ ਮੇਰੇ ਨਾਲ ਸਲਾਹ ਕੀਤੀ ਅਤੇ ਮੈਂ ਕਿਹਾ "ਕਿਸੀ ਵੀ ਤਰ੍ਹਾਂ ਇੱਕ ਬੈਠਕ ਕਰੋ, ਪਰ ਉਨ੍ਹਾਂ ਨੂੰ ਤੁਹਾਨੂ ਮਿਲਣ ਲਈ ਆਉਣ ਦੋ. ਅਸੀਂ ਉਨ੍ਹਾਂ ਨੂੰ ਮਿਲਣ ਕਿਉਂ ਜਾਈਏ. ਉਨ੍ਹਾਂ ਨੂੰ ਤੁਹਾਡੇ ਤੋਂ ਕੁੱਝ ਪੁੱਛਣਾ ਹੈ. ਉਨ੍ਹਾਂ ਨੂੰ ਤੁਹਾਨੂ ਮਿਲਣ ਆਉਣਾ ਚਾਹੀਦਾ ਹੈ"

"ਅਤੇ ਅਸੀਂ ਉਸ ਸੰਦੇਸ਼ੇ ਨੂੰ ਜਿਨਾਹ ਨੂੰ ਭੇਜ ਦਿੱਤਾ ਅਤੇ ਜਵਾਬ ਆਇਆ ਕਿ ਜਨਾਬ ਜਿਨਾਹ ਇਹ ਨਹੀਂ ਕਰ ਸਕਦੇ ਸੀ, ਪਰ ਅਸੀਂ ਉਨ੍ਹਾਂ ਨੂੰ ਕਿਸੇ ਨਿਰਪੱਖ ਜਗ੍ਹ ਤੇ ਮਿਲ ਸਕਦੇ ਸੀ. ਅਸੀ ਮੱਨ ਗਏ ਅਤੇ ਆਖ਼ਰ ਤੇ ਮੇਰੇ ਭਰਾ ਦੇ ੪, ਭਗਵਾਨਦਾਸ ਰੋਡ, ਨਵੀਂ ਦਿੱਲੀ ਸਥਿਤ, ਘਰ ਤੇ ਮਿਲੇ. ਉਸ ਬੈਠਕ ਤੇ ਖੁਦ ਜਿਨਾਹ, ਮਹਾਰਾਜਾ ਪਟਿਆਲਾ, ਮੈਂ, ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਮੌਜੂਦ ਸਨ. ਮੈਂ ਸਿੱਖਾ ਦਾ ਨੁਮਾਇੰਦਾ ਸੀ.

"ਜਿਨਾਹ ਨੇ ਸ਼ੁਰੂ ਤੇ ਇਹ ਕਿਹਾ ਕਿ ਉਹ ਬੇਹਦ ਬੇਤਾਬ ਸਨ ਕਿ ਸਿੱਖ ਪਾਕਿਸਤਾਨ ਬਾਰੇ ਰਜਾਮੰਦ ਹੋ ਜਾਣ ਅਤੇ ਉਹ ਉਨ੍ਹਾ ਨੂੰ ਉਹ ਸਭ ਕੁੱਝ ਦੇ ਸਕਦੇ ਸੀ ਜੋ ਉਹ ਚਾਹੁੰਦੇ ਸੀ, ਅਗਰ ਉਹ ਪਾਕਿਸਤਾਨ ਨੂੰ ਮੰਜ਼ੂਰ ਕਰ ਲੇਂਦੇ ਸੀ. ਮੈਂ ਜਿਨਾਹ ਨੂੰ ਕਿਹਾ, "ਜਨਾਬ ਜਿਨਾਹ, ਤੁਸੀਂ ਬਹੁਤ ਦਰਿਆਦਿਲ ਹੋ, ਪਰ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਸਹੀ ਮਾਇਨੇ ਤੇ ਸਾਡੀ ਕਿ ਹੈਸੀਅਤ ਹੋਵੇਗੀ. ਸ਼ਰਕਾਰ ਤੁਹਾਡੀ ਬਣੇਗੀ, ਪਾਰਲਿਆਮੇਂਟ ਤੁਹਾਡੀ ਬਣੇਗੀ, ਰੱਖਿਆਂ ਤਾਕਤਾਂ ਤੁਹਾਡੀ ਹੋਣਗਿਆਂ, ਸਿੱਖਾਂ ਦਾ ਇਣ ਸਭ ਵਿੱਚ ਕਿ ਹਿੱਸਾ ਹੋਵੇਗਾ. ਉਨ੍ਹਾਂ ਦਾ ਜਵਾਬ ਸੀ "ਸ਼੍ਰੀ ਮਲਿਕ, ਤੁਸੀ ਕਿ ਵਾਕਿਫ ਹੋ ਕਿ ਇਜ਼ੀਪਟ (ਮਿਸ੍ਰ) ਤੇ ਕਿ ਹੋਇਆ? ਮੈਂ ਸਿੱਖਾਂ ਨਾਲ ਉਹ ਸਲੂਕ ਕਰਾਂਗਾ ਜੋ ਜ਼ਘਲੁਲ ਪਾਸ਼ਾ ਨੇ ਕੋਪਟਸ (ਇਸਾਈ ਮਾਇਨਾਰਿਟੀ) ਨਾਲ ਕੀਤਾ ਸੀ ਜਦ ਇਜੀਪਟ ਆਜ਼ਾਦ ਹੋਇਆ. "ਉਹ ਫਿਰ ਇੱਕ ਕਹਾਣੀ ਦੱਸਣ ਲਗੇ. ਜਿਨਾਹ ਦੇ ਮੁਤਾਬਕ, ਜਦ ਕੋਪਟਸ ਪਹਿਲੀ ਵਾਰ ਜ਼ਘਲੁਲ ਪਾਸ਼ਾ ਨਾਲ ਮਿਲੇ, ਉਨ੍ਹਾ ਨੇ ਕੁੱਝ ਮੰਗਾਂ ਪੇਸ਼ ਕੀਤੀਆਂ. ਉਨ੍ਹਾ ਨੂੰ ਸੁਣਨ ਦੇ ਬਾਅਦ, ਪਾਸ਼ਾ ਨੇ ਉਨ੍ਹਾਂ ਨੂੰ ਵਾਪਸ ਜਾਣ ਲਈ ਕਿਹਾ ਅਤੇ ਸਲਾਹ ਦਿੱਤੀ ਕਿ ਉਹ ਇੱਕ ਵਾਰ ਫਿਰ ਸੋਚਣ ਅਤੇ ਇੱਕ ਕਾਗਜ਼ ਵਿੱਚ ਆਪਣੀ ਸਾਰੀ ਮੰਗਾਂ ਨੂੰ ਲਿਖ ਕੇ ਲੈ ਆਉਣ. ਉਨ੍ਹਾਂ ਨੇ ਐਦਾਂ ਹੀ ਕੀਤਾ. ਜ਼ਘਲੁਲ ਪਾਸ਼ਾ ਨੇ ਉਨ੍ਹਾਂ ਦੇ ਹੱਥ ਤੋਂ ਕਾਗਜ਼ ਲੈ ਲੀਤਾ ਅਤੇ ਬਗੈਰ ਪੜ੍ਹੇ, ਉਸ ਉਪਰ ਲਿਖ ਦਿੱਤਾ "ਮੈਨੂੰ ਮੰਜ਼ੂਰ ਹੈ." ਸ਼੍ਰੀ ਜਿਨਾਹ ਨੇ ਕਿਹਾ "ਮੈਂ ਸਿੱਖਾਂ ਨਾਲ ਵੀ ਇਹ ਹੀ ਕਰਾਂਗਾ."

"ਇਸ ਨੇ ਸਾਨੂ ਇੱਕ ਪਰੇਸ਼ਾਨੀ ਦੀ ਹਾਲਤ ਤੇ ਲੈ ਆਉਂਦਾ. ਸਾਡਾ ਪੱਕਾ ਇਰਾਦਾ ਸੀ ਕਿ ਅਸੀਂ ਕਿਸੇ ਵੀ ਹਾਲਤ ਤੇ ਪਾਕਿਸਤਾਨ ਨੂੰ ਮੰਜ਼ੂਰ ਨਹੀਂ ਕਰਾਂਗੇ ਅਤੇ ਇਥੇ, ਇੱਕ ਮੁਸਲਿਮ ਆਗੂ ਸਾਨੂ ਸਭ ਕੁੱਝ ਦੇ ਰਿਹਾ ਸੀ. ਹੁਣ ਕਿ ਕਰਿਐ?

"ਤਦ ਮੇਰੇ ਵਿੱਚ ਇੱਕ ਪਰੇਰਣਾ ਜਾਗੀ, ਅਤੇ ਮੈਂ ਕਿਹਾ, "ਜਨਾਬ ਜਿਨਾਹ, ਤੁਸੀਂ ਤੇ ਬਹੁਤ ਦਰਿਆਦਿਲ ਹੋ. ਪਰ, ਅਗਰ, ਖ਼ੁਦਾ ਨਾ ਕਰੇ, ਤੁਸੀਂ ਅਗਰ ਇਸ ਦੁਨੀਆ ਤੇ ਨਹੀਂ ਰਹਿੰਦੇ ਹੋ, ਜਦ ਇਣ ਇਕਰਾਰਾਂ ਨੂੰ ਨਿਭਾਉਣ ਦਾ ਵਕਤ ਆਉਂਦਾ ਹੈ?"

"ਉਨ੍ਹਾਂ ਦਾ ਜਵਾਬ ਹੈਰਾਣ ਕਰਣ ਵਾਲਾ ਸੀ...ਉਨ੍ਹਾਂ ਨੇ ਕਿਹਾ, "ਮੇਰੇ ਦੋਸਤ, ਪਾਕਿਸਤਾਨ ਵਿੱਚ ਮੇਰਾ ਹਰ ਲਫ਼ਜ਼, ਰੱਬ ਦੇ ਲਫ਼ਜ਼ ਦੀ ਤਰ੍ਹਾਂ ਹੋਵੇਗਾ. ਕੋਈ ਇਸ ਤੋਂ ਵਾਪਸ ਨਹੀਂ ਹਟੇਗਾ."

"ਇਸ ਦੇ ਬਾਅਦ ਕਹਿਣ ਲਾਇੱਕ ਕੁੱਝ ਨਹੀਂ ਸੀ, ਅਤੇ ਬੈਠਕ ਖ਼ਤਮ ਹੋ ਗਈ" (Ibid:87).

ਜਿਨਾਹ ਪਾਕਿਸਤਾਨ ਲਈ ਇੱਕ ਕੋਰੀਡੋਰ ਦੀ ਮੰਗ ਕਰਦੇ ਨੇ

21 ਮਈ ਨੂੰ ਰੌਅਟਰਸ ਨੇ ਖ਼ਬਰ ਦਿੱਤੀ ਕਿ ਜਿਨਾਹ ਨੇ ਕਿਹਾ:

> ਪਹਿਲਾਂ, ਮੁਸਲਿਮ ਲੀਗ ਹਿੰਦੂਸਤਾਨ ਤੋਂ ਹੋ ਕੇ ਪਾਕਿਸਤਾਨ ਦੇ ਉੱਤਰ-ਪਛੱਮ ਅਤੇ ਉੱਤਰ-ਪੂਰਬ ਦੇ ਸੂਬਿਆਂ ਨੂੰ ਨਾਲ ਜੋੜਨ ਲਈ, ਇੱਕ ਕੋਰੀਡੋਰ ਦੀ ਮੰਗ ਕਰੇਗੀ. ਦੂਜਾ, ਲੀਗ ਪੰਜਾਬ ਅਤੇ ਬੰਗਾਲ ਦੀ ਤਕਸੀਮ ਦੇ ਖ਼ਿਲਾਫ਼, 'ਹਰ ਇੰਚ ਜਮੀਨ ਲਈ ਲੜਾਈ' ਕਰੇਗੀ. ਤੀਜਾ, ਪਾਕਿਸਤਾਨ ਅਤੇ ਬ੍ਰਿਟੇਨ ਦੇ ਵਿੱਚ, ਇੱਕ 'ਸੱਚ-ਮੁੱਚ ਫ਼ਾਇਦੇਮੰਦ' ਰਿਸ਼ਤਾ ਕਾਇਮ ਕੀਤਾ ਜਾ ਸਕਦਾ ਹੈ. ਚੌਥਾ, ਪਾਕਿਸਤਾਨ ਅਤੇ ਹਿੰਦੂਸਤਾਨ ਦੇ ਵਿੱਚ ਰਿਸ਼ਤੇ 'ਦੋਸਤਾਨਾ ਅਤੇ ਦੋਤਰਫ਼ਾ ਹੋਨੇ ਚਾਹੀਦੇ ਨੇ...ਸਮੁਚੀ ਫ਼ੌਜ਼ ਨੂੰ ਪੂਰੀ ਤਰ੍ਹਾਂ ਤਕਸੀਮ ਕਰ ਲੈਣਾ ਜ਼ਰੂਰੀ ਹੈ. ਮੈਂ ਪਾਕਿਸਤਾਨ ਅਤੇ ਹਿੰਦੂਸਤਾਨ ਦੇ ਦਰਮਿਆਨ ਇੱਕ ਗੱਠਜੋੜ, ਸਮਝੌਤੇ ਜਾ ਸੰਧੀ ਦੀ ਕਲਪਨਾ ਕਰਦਾਂ ਹਾਂ ਜੋ ਦੋਨਾਂ ਦੇ ਆਪਸੀ ਭਲਾਈ, ਅਤੇ ਕਿਸੇ ਬਾਹਰੀ ਹਮਲਾਵਰ ਦੇ ਖ਼ਿਲਾਫ਼, ਲਈ ਹੋਵੇਗੀ' (Ibid: 929-30).

ਬ੍ਰਿਟਿਸ਼ ਸਰਕਾਰ ਨੂੰ ਯਕੀਨ ਹੋ ਗਿਆ ਕਿ ਕੈਬੀਨੇਟ ਮਿਸ਼ਨ ਪਲਾਨ ਨਾਲ ਕੱਮ ਨਹੀਂ ਬਣੇਗਾ

22 ਮਈ ਨੂੰ, ਬ੍ਰਿਟਿਸ਼ ਵਜੀਰ-ਏ-ਆਜ਼ਮ ਕਲੀਮੇਂਟ ਐਟਲੀ ਨੇ ਇੰਡੀਆ ਉਪਰ ਪਾਲਿਸੀ (ਨੀਤੀ) ਬਾਰੇ ਇੱਕ ਗਿਆਪਨ ਦਿੱਤਾ, ਅਤੇ ਅਫ਼ਸੋਸ ਜ਼ਾਹਰ ਕੀਤਾ ਕਿ ਹਾਲਾਂਕਿ ਮਾਉਂਟਬੈਟਨ ਨੂੰ ਕੈਬੀਨੇਟ ਮਿਸ਼ਨ ਪਲਾਨ ਦੇ ਤਹਿਤ, ਹਕੂਮਤ ਦੀ ਤਬਦੀਲੀ ਲਈ ਗੱਲਬਾਤ ਕਰਣ ਲਈ ਜਾਨਕਾਰੀ ਦਿੱਤੀ ਗਈ ਸੀ, ਵਾਇਸਰਾਏ ਨੂੰ ਯਕੀਨ ਸੀ ਕਿ ਇਸ ਨਾਲ ਕੱਮ ਨਹੀਂ ਚਲੇਗਾ. ਲੰਡਨ ਦੀ ਬ੍ਰਿਟਿਸ਼ ਸਰਕਾਰ, ਹੁਣ ਵੀ ਜੂਨ 1948 ਨੂੰ ਹਕੂਮਤ ਦੀ ਦਬਦੀਲੀ ਦੀ ਤਾਰੀਖ ਮੱਨ ਕੇ ਚਲ ਰਹੀ ਸੀ (Ibid: 949).

ਜਿੱਥੇ ਤੱਕ ਇੰਡੀਆ ਦੀ ਹਥਿਆਰਬੰਦ ਫ਼ੌਜ਼ ਦਾ ਸਵਾਲ ਸੀ, ਇੱਕ ਵਿਸਤਰਤ ਨੋਟ (ਟਿੱਪਣੀ) ਦੁਆਰਾ, ਇੰਡੀਆ ਵਿੱਚ ਬ੍ਰਿਟਿਸ਼ ਸੀ-ਆਈ-ਸੀ, ਫੀਲਡ ਮਾਰਸ਼ਲ ਕਲਾਉਡ ਔਚਿਨਲੇਕ-ਜੋ ਤਕਸੀਮ ਦੇ ਖ਼ਿਆਲ ਦੀ ਖ਼ੁਲ੍ਹੇ-ਆਮ ਮੁਖਾਲਫ਼ਤ ਕਰਦੇ ਸੀ-ਫ਼ੌਜ਼ ਦੀ ਤਕਸੀਮ ਦੀ ਇੰਤਹਾ ਮੁਸ਼ਕਲਾਂ ਉਪਰ ਰੌਸ਼ਨੀ ਪਾਈ (Ibid: 1004–8). ਉਸੇ ਦਿਨ ਗਾਂਧੀ ਨੇ ਚੇਤਾਵਨੀ ਦਿੱਤੀ ਕਿ ਸਭ ਤੋਂ ਬਦਤਰ ਤਸ਼ੱਦਦ ਦਾ ਵਿਸਫੋਟ ਇੰਡੀਆ ਦੀ ਤਕਸੀਮ ਦੇ ਵਕਤ ਹੋਣ ਵਾਲਾ ਸੀ ਅਤੇ ਸਭ ਤੋਂ ਬਿਹਤਰ, ਇਹ ਹੋਵੇਗਾ ਕਿ ਉਹ ਕੈਬੀਨੇਟ ਮਿਸ਼ਨ ਪਲਾਨ ਦੇ ਤਹਿਤ ਹਕੂਮਤ ਦੀ ਤਬਦੀਲੀ 16 ਮਈ ਨੂੰ ਕਰ ਕੇ ਚਲੇ ਜਾਣ. ਕਾਂਗਰੇਸ ਦੇ ਪ੍ਰਮੁੱਖ, ਆਚਾਰਿਆ ਕ੍ਰਿਪਲਾਨੀ ਨੇ 28 ਮਈ ਨੂੰ, ਪੰਜਾਬ ਦੇ ਦੌਰੇ ਦੇ ਬਾਅਦ, ਇੱਕ ਬਿਆਨ ਜਾਰੀ ਕੀਤਾ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਕਾਂਗਰੇਸ ਇੰਡੀਆ ਦੀ ਤਕਸੀਮ ਦੀ ਮੁਖਾਲਫ਼ਤ ਕਰਦੀ ਹੈ, ਪਰ ਤਕਸੀਮ ਹੋਵੇਗੀ:

> ਮੁਲਕ ਦੀ, ਇਸ ਤਰ੍ਹਾਂ ਦੀ ਤਕਸੀਮ ਦੀ ਮੁੱਖ ਤੌਰ ਤੇ ਜ਼ਿਮੇਵਾਰੀ, ਮੁਸਲਿਮ ਲੀਗ ਅਤੇ ਉਸ ਦੇ ਬਾਅਦ ਬ੍ਰਿਟਿਸ਼ ਸਰਕਾਰ ਦੀ ਹੈ. ਅਤੇ, ਅਗਰ ਤਕਸੀਮ ਹੋਣੀ ਹੀ ਹੈ, ਤੇ ਇਹ ਨਿਰਪੱਖ ਹੋਣੀ ਚਾਹੀਦੀ ਹੈ. ਕਿਸੇ ਵੀ ਹਾਲ ਤੇ, ਕਾਂਗਰੇਸ, ਪਾਕਿਸਤਾਨ ਵਿੱਚ ਗੈਰ-ਮੁਸਲਿਮ ਇਲਾਕੇ ਸ਼ਾਮਲ ਨਹੀਂ ਹੋਣ ਦੇਗੀ (Ibid: 1038).

3 ਜੂਨ 1947 ਦੀ ਤਕਸੀਮ ਦਾ ਮਨਸੂਬਾ

19 ਮਈ ਤੋਂ, ਮਾਉਂਟਬੈਟਨ ਯੂਨਾਇਟੇਡ ਕਿੰਗਡਮ ਤੇ ਬ੍ਰਿਟਿਸ਼ ਮੰਤਰੀਮੰਡਲ ਅਤੇ ਇੰਡੀਆ ਔਫੀਸ ਨਾਲ ਸਲਾਹ ਮਸ਼ਵਰਾ ਕਰਣ ਗਏ ਸੀ ਅਤੇ 30 ਮਈ ਤਕ, ਇੰਡੀਆ ਵਾਪਸ ਨਹੀਂ ਆਏ. 31 ਮਈ ਨੂੰ ਇੱਕ ਟੈਲੀਗ੍ਰਾਮ ਨਾਲ ਸਾਰੇ ਸੁਬਾਈ ਗਵਰਨਰਾਂ ਨੂੰ ਇੱਤਲਾਹ ਦਿੱਤੀ ਕਿ ਉਨ੍ਹਾਂ ਨੇ ਕੈਬਿਨੇਟ ਨੂੰ ਕੀ ਦੱਸਿਆ ਸੀ:

> ਮੈਨੂੰ ਇਹ ਸਾਫ ਸੀ ਕਿ ਅਗਰ ਅਸ਼ੀਂ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਸੰਵਿਧਾਨ ਤਿਆਰ ਹੋਣ ਤੱਕ ਅਤੇ ਤਕਸੀਮ ਬਾਰੇ ਗੱਲਬਾਤ ਕਰ ਕੇ ਫ਼ੈਸਲਾ ਹੋਣ ਤੱਕ ਇੰਤਜ਼ਾਰ ਕਰਦੇ, ਤੇ ਸਾਨੂ ਬਹੁਤ ਦੇਰ ਹੋ ਜਾਂਦੀ, ਅਤੇ ਹਾਲਾਤ ਆਸਾਨ ਹੋਣ ਦੇ ਬਜਾਏ ਹੋਰ ਮੁਸ਼ਕਲ ਹੋ ਜਾਂਦੇ. ਜੂਨ 1948 ਤੱਕ ਮੁਮਕਿਨ ਸੀ ਕਿ ਗੜਬੜ ਹੋਵੇ....ਇਸ ਕਰ ਕੇ, ਮੈਂ ਦਬਾਅ ਪਾਇਆ ਕਿ ਹਰ ਮੈਜੇਸਟੀਸ ਗਵਰਨਮੇਂਟ ਇੱਕ ਵਾਰ ਤੇ, ਕਾਨੂੰਨਸਾਜ਼ੀ ਕਰ ਕੇ, ਦੋ ਡੋਮਿਨਿਅਨ ਸਰਕਾਰਾ ਨੂੰ ਕਾਇਮ ਕਰ ਦੇਵੇ, ਅਗਰ ਲੋਕ ਤਕਸੀਮ ਦੇ ਹੱਕ ਵਿੱਚ ਵੋਟਾਂ ਪਾਉਂਦੇ ਨੇ, ਹੋਰ ਦੋਨਾਂ ਦੇ ਸੰਵਿਧਾਨ ਗੌਵਰਨਮੇਂਟ ਔਫ ਇੰਡੀਆ ਐਕਟ 1935 ਦੀ ਬੁਨਿਆਦ ਉਪਰ ਨੇ, ਪਰ ਕਿਸੇ ਵੀ ਵਕਤ ਇੱਕ ਨਵਾਂ ਸੰਵਿਧਾਨ ਤਿਆਰ ਕਰ ਸਕਦੇ ਨੇ (Mansergh and Moon, 1982: 29).

ਮਾਉਂਟਬੈਟਨ ਇਸ ਦੇ ਬਾਅਦ 2 ਜੂਨ ਨੂੰ ਇੰਡੀਆ ਦੇ ਆਗਾਵਾਂ ਨਾਲ ਮਿਲੇ. ਉਨ੍ਹਾਂ ਨੂੰ ਇਸ ਬਿਆਨ ਦੀ ਕਾਪੀ ਅਗਲੇ ਦਿਨ ਸਵੇਰੇ 10 ਵਜੇ ਦਿੱਤੀ ਗਈਆਂ, ਅਤੇ ਇਹ ਗੁਜ਼ਾਰਸ਼ ਕੀਤੀ ਗਈ ਕਿ ਉਹ ਇਸ ਦਾ ਜਵਾਬ ਅੱਧੀ ਰਾਤ ਤੱਕ ਦੇ ਦੇਣ, ਪਰ ਇਹ ਬਿਆਨ ਪੱਕਾ ਸੀ. ਇਸ ਬਿਆਨ ਦਾ ਜ਼ਿਆਦਾਤਰ ਵੇਰਵਾ ਇੰਡੀਆ ਦੇ ਰਹਨੁਮਾਵਾਂ ਨੂੰ, ਮੁਖ਼ਤਲਿਫ਼ ਸੋਧੇ ਰੂਪਾਂ ਵਿੱਚ, ਪਹਿਲਾਂ ਹੀ ਪਤਾ ਸੀ, ਪਰ ਹਕੂਮਤ ਦੀ ਤਬਦੀਲੀ ਦੀ ਤਾਰੀਖ ਨੂੰ ਅਗੇ ਲੈ ਆਉਣ ਬਾਰੇ, ਉਨ੍ਹਾ ਨੂੰ ਪਤਾ ਨਹੀਂ ਸੀ. ਪਰ, ਮਾਉਂਟਬੈਟਨ ਇੱਕ ਦਸਤਾਵੇਜ ਜਿਸ ਦਾ ਸਿਰਲੇਖ ਸੀ 'ਦੀ ਐਡਮਿਨਿਸਟ੍ਰੇਟਿਵ ਕਨਸੀਕਵੇਂਸੇਸ ਔਫ ਪਾਰਟੀਸ਼ਨ' ਜਿਸ ਵਿੱਚ, ਅਗਰ ਤਕਸੀਮ ਬਾਰੇ ਰਹਾਮੰਦੀ ਹੋ ਜਾਂਦੀ ਸੀ ਤੇ, ਉਨ੍ਹਾਂ ਨੇ ਪਹਿਲੀ ਵਾਰ ਇੰਡੀਆ ਤੋਂ ਬਹੁਤ ਜਲਦ ਵਾਪਸੀ ਦੇ ਮਨਸੂਬੇ ਬਾਰੇ ਜ਼ਿਕਰ ਕੀਤਾ. ਉਨ੍ਹਾ ਨੇ ਲਿਖਿਆ: 'ਇਹ ਮੇਰਾ ਇਰਾਦਾ ਹੈ ਕਿ ਕਾਨੂੰਨ ਬਣਨ ਦੇ ਬਾਅਦ ਸਭ ਤੋਂ ਜਲਦ ਮੁਮਕਿਨ ਤਾਰੀਖ ਤੇ ਇਸ ਅਧਿਨਿਯਮ ਨੂੰ ਅਮਲ ਵਿੱਚ ਲੈ ਆਇਆ ਜਾਵੇ, ਕਿਸੇ ਵੀ ਹਾਲ ਤੇ 15 ਅਗਸਤ, 1947 ਤੋਂ ਬਾਅਦ ਨਹੀਂ' (Ibid: 53). ਇੰਡੀਆ ਅਤੇ ਪਾਕਿਸਤਾਨ ਦੋਨਾਂ ਨੂੰ ਡੋਮਿਨਿਅਨ ਦਾ ਦਰਜਾ ਦੇਣ ਦੀ ਪੇਸ਼ਕਸ਼ ਸੀ. ਉਸ ਦਸਤਾਵੇਜ ਵਿੱਚ ਤਕਸੀਮ ਨੂੰ ਅਮਲ ਵਿੱਚ ਲਾਉਣ ਲਈ, ਇੱਕ ਵਿਆਪਕ ਮਨਸੂਬਾ ਤਿਆਰ ਕੀਤਾ ਗਿਆ.

ਜੋ ਮੁੱਦੇ ਉਨ੍ਹਾਂ ਦੇ ਵਿੱਚ ਸ਼ਾਮਲ ਸਨ: ਸਰਹੱਦਾਂ ਦੀ ਹਦਬੰਦੀ, ਇੰਡੀਆ ਦੀ ਫ਼ੌਜ਼ ਦੀ ਬਨਾਵਟਾਂ, ਯੂਨੀਟਾਂ (ਇਕਾਇਆਂ) ਅਤੇ ਫ਼ੌਜ਼ੀਆਂ ਦੀ ਵੰਡ; ਅਤੇ ਕੇਂਦਰ ਦੇ ਗੈਰ-ਫ਼ੌਜ਼ੀ ਵਿਭਾਗਾਂ ਦੇ ਸਟਾਫ, ਸੰਗਠਨਾਂ ਅਤੇ ਦਸਤਾਵੇਜਾਂ ਦੀ ਤਕਸੀਮ ਅਤੇ ਇੰਡੀਆ ਸਰਕਾਰ ਦੀ ਸੰਪਤੀ ਅਤੇ ਦੇਨਦਾਰੀ (Ibid: 53–4). ਹਕੂਮਤ ਦੀ ਤਬਦੀਲੀ ਦੀ ਹਾਲ ਦੀ ਤਾਰੀਖ 15 ਅਗਸਤ ਤੇ ਬਾਰੇ ਵਾਇਸਰਾਏ ਨੇ ਟਿੱਪਣੀ ਕੀਤੀ: 'ਜੋ ਜਬਰਦਸਤ ਝਟਕਾ ਜੋ ਇਸ ਨੇ ਮੌਜੂਦ ਸਾਰੇ ਲੋਕਾਂ ਨੂੰ ਦਿੱਤਾ, ਦਿਲਚਸਪ ਹੁੰਦਾ, ਅਗਰ ਇਹ ਦੁਖਦਾਈ ਨਾ ਹੁੰਦਾ' (Ibid: 163).

ਇਸ ਤਰ੍ਹਾਂ ਦੀ ਟਿੱਪਣੀ ਕਾਫ਼ੀ ਕੁੱਝ ਖ਼ੁਲਾਸਾ ਕਰਦੀ ਹੈ ਅਤੇ ਇੰਡੀਆ ਦੇ ਰਹਨੁਮਾਵਾਂ ਉਪਰ ਇਸ ਦੇ ਅਸਰ ਦੀ ਤਸਵੀਰ ਝਲਕਦੀ ਹੈ. ਜੈਦਾਂ ਕਿ ਉਪਰ ਦੱਸਿਆ ਗਿਆ ਹੈ, ਨਹਿਰੁ ਅਤੇ ਪਟੇਲ ਨੂੰ ਪਹਿਲਾਂ ਹੀ,

ਬ੍ਰਿਟਿਸ਼ਰਾਂ ਦੇ ਉਪ-ਮਹਾਦੀਪ ਨੂੰ ਜਲਦੀ ਛੱਡਣ ਬਾਰੇ ਭਰੋਸੇ ਵਿੱਚ ਲੀਤਾ ਸੀ ਅਤੇ ਉਹ ਖੁਦ ਇਸ ਦੇ ਹਿਮਾਇਤੀ ਸਨ. ਪਰ, ਉਨ੍ਹਾਂ ਦੇ ਵਾਪਸ ਜਾਣ ਦੀ ਪੱਕੀ ਤਾਰੀਖ ਨੂੰ ਇੰਨਾ ਜ਼ਿਆਦਾ ਅਗੇ ਲਾਉਣ ਦੇ ਬਾਰੇ, ਹੋ ਸਕਦਾ ਹੈ ਉਨ੍ਹਾ ਨੂੰ ਨਹੀਂ ਦੱਸਿਆ ਗਿਆ ਹੋਵੇ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਮੁਸਲਿਮ ਲੀਗ, ਸਿੱਖਾਂ ਅਤੇ ਸ਼ਾਇਦ ਦੂਜੇ ਕਾਂਗਰੇਸੀ ਆਗਾਵਾਂ ਨੂੰ ਇਸ ਬਾਰੇ 2 ਜੂਨ ਨੂੰ ਪਤਾ ਚਲਿਆ ਹੋਵੇ ਅਤੇ ਇਹ ਉਨ੍ਹਾਂ ਲਈ, ਇੱਕ ਹੋਰ ਵੀ ਵੱਡਾ ਝਟਕਾ ਹੋਵੇ. ਉਪ-ਮਹਾਦੀਪ ਦੀ ਤਕਸੀਮ ਕਰਣਾ ਕਦੇ ਵੀ ਆਸਾਨ ਨਹੀਂ ਹੋਣ ਵਾਲਾ ਸੀ: 11 ਹਫ਼ਤੇ ਤੋਂ ਵੀ ਘੱਟ ਵਕਤ ਵਿੱਚ ਇਸ ਨੂੰ ਕਰਨਾ ਇੰਤਹਾ ਮੁਸ਼ਕਲ ਸੀ ਕਿਉਂਕਿ ਇੱਤਜਾਮੀਆ ਮਸ਼ੀਨਰੀ ਇਸ ਲਈ ਤਿਆਰ ਨਹੀਂ ਸੀ.

ਤਕਸੀਮ ਦੇ ਮਨਸੂਬੇ ਦਾ ਐਲਾਨ

ਕਈ ਮਹੀਨੇ ਦੀ ਮਸ਼ਗੂਲ ਅਤੇ ਤੀਬਰ ਗੱਲਬਾਤ, ਅਤੇ ਉਸੇ ਦੌਰਾਨ ਦੇ ਸਲਾਹ ਮਸ਼ਵਰੇ, ਜਿਸ ਵਿੱਚ ਲੰਡਨ ਦੀ ਬ੍ਰਿਟਿਸ਼ ਹਕੂਮਤ, ਇੰਡੀਆ ਦੀ ਸਰਕਾਰ, ਅਤੇ ਇੰਡੀਆ ਦੇ ਵਿਆਪਕ ਰਾਏ ਵਾਲੇ-ਮੁਸਲਿਮ ਲੀਗ, ਕਾਂਗਰੇਸ ਅਤੇ ਸਿੱਖ ਨੁਮਾਇੰਦੇ ਜੋ ਅਹਿਮ ਕਿਰਦਾਰ ਨਿਭਾ ਰਹੇ ਸੀ- 3 ਜੂਨ ਦੀ ਇੱਕ ਸ਼ਾਮ ਨੂੰ ਆਲ-ਇੰਡੀਆ ਰੇਡੀਉ ਉਪਰ ਮਾਉਂਟਬੈਟਨ ਦੇ ਇੱਕ ਐਲਾਨ ਨਾਲ, ਖ਼ਤਮ ਹੋਏ. ਲੰਡਨ ਵਿੱਚ, ਵਜ਼ੀਰ-ਏ-ਆਲਮ ਐਟਲੀ ਨੇ ਹਾਉਸ ਔਫ਼ ਕਾਮਨਸ ਤੇ ਦੁਪਹਿਰ 3:30 ਤੇ ਇੱਕ ਬਿਆਨ ਜਾਰੀ ਕੀਤਾ. ਇਸ ਦਾ ਇੰਡੀਆ ਤੇ, ਰੇਡੀਉ ਉਪਰ ਪ੍ਰਸਾਰਣ ਕੀਤਾ ਗਿਆ. ਆਪਣੇ ਭਾਸ਼ਣ ਵਿੱਚ ਮਾਉਂਟਬੈਟਨ ਨੇ ਕਿਹਾ:

> ਸੌ ਸਾਲਾਂ ਦੇ ਜ਼ਿਆਦਾ ਵਕਤ ਤੋਂ, ਤੁਸੀਂ 400 ਮਿਲਿਅਨ ਲੋਕ ਇੱਕ ਸਾਥ ਰਹਿੰਦੇ ਆਏ ਹੋ ਅਤੇ ਇਸ ਮੁਲਕ ਨੂੰ ਇੱਕ ਇਕਾਈ ਦੀ ਤਰ੍ਹਾਂ ਪ੍ਰਸ਼ਾਸਿਤ ਕੀਤਾ ਗਿਆ ਹੈ. ਇਸ ਦੇ ਚਲਦੇ, ਇੱਤਹਾਦੀ ਸੰਚਾਰ ਵਿਵਸਥਾ, ਰੱਖਿਆ, ਡਾਕ ਸੇਵਾ ਅਤੇ ਮੁਦਰਾ; ਚੁੰਗੀ ਅਤੇ ਸੀਮਾ ਸ਼ੁਲਕ ਦੀ ਗੈਰ-ਹਾਜ਼ਰੀ, ਅਤੇ ਏਕੀਕ੍ਰਤ ਸਿਆਸੀ ਆਰਥਿਕਤਾ ਦੀ ਬੁਨਿਆਦ, ਬਣੇ ਨੇ. ਮੈਨੂੰ ਇੱਕ ਬਹੁਤ ਵੱਡੀ ਆਸ ਸੀ ਕਿ ਫ਼ਿਰਕੂ ਫ਼ਰਕ ਇਣ ਸਭ ਨੂੰ ਤਬਾਹ ਨਹੀਂ ਕਰਣਗੇ.
>
> ਮੇਰੀ ਸਾਰੀ ਚਰਚਾਵਾਂ ਵਿੱਚ, ਇਸ ਕਰ ਕੇ, ਪਹਿਲੀ ਕੋਸ਼ਿਸ਼ ਇਹ ਹੁੰਦੀ ਸੀ ਕਿ, ਮੈਂ ਸਿਆਸੀ ਰਹਨੁਮਾਵਾਂ ਦੀ ਤਾਕੀਦ ਕਰਦਾ ਸੀ ਕਿ ਉਹ ਬਗੈਰ ਕਿਸੇ ਝਿਜਕ ਦੇ 16 ਮਈ 1946 ਦੇ ਕੈਬੀਨੇਟ ਮਿਸ਼ਨ ਪਲਾਨ ਨੂੰ ਮੰਜ਼ੂਰ ਕਰ ਲੈਣ. ਮੇਰੇ ਖ਼ਿਆਲ ਤੇ, ਉਹ ਮਨਸੂਬਾ ਸਭ ਤੋਂ ਚੰਗਾ ਪ੍ਰਬੰਧ ਮੁਹਇੱਆ ਕਰਾਂਦਾ ਸੀ, ਜਿਸ ਨੂੰ ਤਿਆਰ ਕਰ ਕੇ ਹਰ ਕੌਮ ਦੀ ਭਲਾਈ ਹਾਸਲ ਕੀਤੀ ਜਾ ਸਕਦੀ ਸੀ. ਮੈਨੂੰ ਬੇਹਦ ਅਫ਼ਸੋਸ ਹੈ ਕਿ, ਇੱਤਹਾਦੀ ਇੰਡੀਆ ਕਾਇਮ ਰਖਣ ਲਈ, ਕੈਬੀਨੇਟ ਮਿਸ਼ਨ ਪਲਾਨ ਜਾਂ ਹੋਰ ਕਿਸੇ ਮਨਸੂਬੇ ਉਪਰ ਰਜਾਮੰਦੀ ਹਾਸਲ ਕਰਣੀ, ਨਾਮੁਮਕਿਨ ਸਾਬਤ ਹੋਈ ਹੈ. ਪਰ, ਕਿਸੇ ਵੱਡੇ ਇਲਾਕੇ ਦੇ ਲੋਕਾਂ ਨੂੰ ਜੋ ਮਜਾਰਿਟੀ ਵਿੱਚ ਹਨ, ਇੱਕ ਦੂਜੇ ਸਮਪ੍ਰਦਾਇ ਦੀ ਸਰਕਾਰ ਵਿੱਚ ਜ਼ਬਰਦਸਤੀ ਰਹਿਣ ਲਈ ਮਜਬੂਰ ਕਰਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ ਹੈ ਅਤੇ ਜ਼ਬਰਦਸਤੀ ਦਾ ਦੂਜਾ ਉਪਾਉ ਤਕਸੀਮ ਹੈ.
>
> ਪਰ, ਜਦ ਮੁਸਲਿਮ ਲੀਗ ਨੇ ਇੰਡੀਆ ਦੀ ਤਕਸੀਮ ਦੀ ਮੰਗ ਕੀਤੀ, ਕਾਂਗਰੇਸ ਨੇ ਵੀ ਇਹ ਦਲੀਲ ਪੇਸ਼ ਕੀਤੀ ਕਿ ਕੁੱਝ ਸੂਬੇਆਂ ਦੀ ਤਕਸੀਮ ਕੀਤੀ ਜਾਵੇ. ਮੇਰੇ ਖ਼ਿਆਲ ਵਿੱਚ, ਇਹ ਦਲੀਲ ਅਜੇਤੂ ਹੈ. ਦਰਅਸਲ, ਕੋਈ ਵੀ ਦਲ, ਆਪਣੇ ਲੋਕਾਂ ਦੇ ਮਜਾਰਿਟੀ ਵਾਲੇ ਇਲਾਕਿਆਂ ਨੂੰ, ਦੂਜੇ ਸਮਪ੍ਰਦਾਇ ਦੀ ਸਰਕਾਰ ਦੇ ਅਧੀਨ, ਨਹੀਂ ਜਾਣ ਦੇਣਾ ਚਾਹੁੰਦੇ ਨੇ. ਮੈਂ, ਜ਼ਾਹਰ ਤੌਰ ਤੇ, ਸੂਬਿਆਂ ਦੀ ਤਕਸੀਮ ਦੇ ਖ਼ਿਲਾਫ਼ ਹਾਂ, ਜੈਦਾਂ ਕਿ ਮੈਂ ਇੰਡੀਆ ਦੀ ਤਕਸੀਮ ਬਾਰੇ ਉਸੇ ਹੀ ਬੁਨਿਆਦੀ ਵਜ੍ਹਾਂ ਕਰ ਕੇ, ਖ਼ਿਲਾਫ਼ ਹਾਂ.

ਮੈਨੂੰ ਲਗਿਆ ਕਿ ਇੰਡੀਆ ਵਿੱਚ ਇੱਕ ਚੇਤਨਾ ਹੈ ਜਿਸ ਨੂੰ ਫ਼ਿਰਕੂ ਫ਼ਰਕ ਦਾ ਅਤਿਕ੍ਰਮਣ ਕਰਨਾ ਚਾਹੀਦਾ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਅਤੇ ਬੰਗਾਲ ਦੇ ਵਿੱਚ ਵੀ ਇੱਕ ਚੇਤਨਾ ਹੈ ਜਿਸ ਦੇ ਚਲਦੇ, ਲੋਕ ਆਪਣੇ ਸੂਬੇ ਦੇ ਵੱਲ, ਵਫਾਦਾਰ ਨੇ.

ਅਤੇ ਮੈਂ ਸੋਚਿਆ ਕਿ ਇਹ ਜ਼ਰੂਰੀ ਹੈ ਕਿ ਇੰਡੀਆ ਦੇ ਲੋਕ, ਖੁਦ ਤਕਸੀਮ ਦੇ ਸਵਾਲ ਬਾਰੇ ਫ਼ੈਸਲਾ ਕਰਣ...

ਇਹ ਜ਼ਰੂਰੀ ਸੀ ਤਾਂਕਿ ਪੰਜਾਬ, ਬੰਗਾਲ ਅਤੇ ਆਸਾਮ ਦੇ ਹਿੱਸੇ ਤੇ ਵੱਸੇ ਲੋਕਾਂ ਦੀ ਮਰਜ਼ੀ ਦੇ ਬਾਰੇ ਇਤਲਾਹ ਹਾਸਲ ਕੀਤੀ ਜਾ ਸਕੇ, ਹੋਰ ਮੁਸਲਿਮ ਪ੍ਰਧਾਨ ਇਲਾਕਿਆਂ ਅਤੇ ਬਾਕੀ ਇਲਾਕਿਆਂ ਦੀ ਹੱਦਬੰਦੀ ਕੀਤੀ ਜਾ ਸਕੇ, ਪਰ ਮੈਂ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਆਖਰੀ ਸਰਹੱਦਾ ਬਾਰੇ ਫ਼ੈਸਲਾ, ਬਾਉਂਡਰੀ ਕਮੀਸ਼ਨ ਕਰੇਗਾ ਅਤੇ ਲੱਗਭਗ ਨਿਸ਼ਚਤ ਤੌਰ ਤੇ, ਪਹਿਲਾਂ ਦੀ ਸਾਮਇੱਕ ਤੋਰ ਤੇ ਗ੍ਰਹਿਣ ਕੀਤੀ ਹਦਬੰਦੀ ਨਾਲ ਮੇਲ ਨਹੀਂ ਖਾਵੇਗਾ.

ਸਿੱਖਾਂ ਦੀ ਹਾਲਤ ਉਪਰ ਅਸੀਂ ਸਾਵਧਾਨੀ ਨਾਲ ਗੌਰ ਕੀਤਾ ਹੈ. ਇਹ ਬਹਾਦਰ ਕੌਮ, ਪੰਜਾਬ ਦੀ ਆਬਾਦੀ ਦਾ ਅਠਵਾਂ ਹਿੱਸਾ ਹਨ, ਪਰ ਉਹ ਇਸ ਤਰ੍ਹਾਂ ਵੰਡੇ ਹੋਏ ਨੇ ਕਿ ਸੂਬੇ ਦੀ ਕਿਸੇ ਕਿਸਮ ਦੀ ਵੰਡ, ਉਨ੍ਹਾਂ ਨੂੰ ਤਕਸੀਮ ਦੇਗੀ. ਅਸੀਂ ਸਬ, ਜੋ ਸਿੱਖ ਕੌਮ ਦੀ ਦਿਲੀ ਭਲਾਈ ਚਾਹੁੰਦੇ ਹਾਂ, ਇਹ ਸੋਚ ਕੇ ਬੇਹਦ ਦੁਖੀ ਹਾਂ ਕਿ, ਪੰਜਾਬ ਦੀ ਤਕਸੀਮ ਜੋ ਉਹ ਖੁਦ ਚਾਹੁੰਦੇ ਨੇ, ਉਨ੍ਹਾਂ ਨੂੰ ਘੱਟ ਜਾਂ ਵਧ ਹੱਦ ਤਕ, ਵੰਡਣ ਤੋਂ ਰੋਕ ਨਹੀਂ ਸਕਦੇ. ਤਕਸੀਮ ਦੀ ਹੱਦ ਦਾ ਫ਼ੈਸਲਾ ਬਾਉਂਡਰੀ ਕਮੀਸਨ ਉਪਰ ਛੱਡ ਦਿੱਤਾ ਜਾਵੇਗਾ, ਜਿਸ ਵਿੱਚ ਉਨ੍ਹਾਂ ਦੀ, ਨੁਮਾਇੰਦਗੀ ਹੋਵੇਗੀ (Ibid:86-7).

ਬ੍ਰਿਟਿਸ ਸਰਕਾਰ ਦੇ 3 ਜੂਨ ਨੂੰ ਛੱਪੇ ਬਿਆਨ ਵਿੱਚ ਇਹ ਸ਼ਰਤਾਂ ਸ਼ਾਮਲ ਸਨ:

5. ਬੰਗਾਲ ਅਤੇ ਪੰਜਾਬ ਦੀ ਪ੍ਰੋਵਿੰਸਿਅਲ ਲੇਜੀਸਲੇਟਿਵ ਅਸੇਮਬਲੀਆਂ (ਯੂਰੋਪੀ ਸਦੱਸਾਂ ਨੂੰ ਛੱਡ ਕੇ) ਨੂੰ...ਦੋਨਾਂ ਨੂੰ ਦੋ ਵਾਰ ਮਿਲਣ ਨੂੰ ਕਿਹਾ ਜਾਵੇਗਾ, ਇੱਕ ਮੁਸਲਿਮ ਮਜਾਰਿਟੀ ਵਾਲੇ ਜ਼ਿਲ੍ਹਾਂ ਦੀ ਨੁਮਾਇੰਦਗੀ ਕਰੇਗਾ ਅਤੇ ਦੂਜਾ ਬਾਕੀ ਸੂਬੇ ਦੀ. ਜ਼ਿਲ੍ਹਾਂ ਦੀ ਆਬਾਦੀ ਦਾ ਫ਼ੈਸਲਾ ਕਰਣ ਲਈ, 1941 ਦੀ ਮਰਦਮਸ਼ੁਮਾਰੀ ਦੇ ਅੰਕੜੇ ਨੂੰ ਪੱਕਾ ਮੱਨਿਆ ਜਾਵੇਗਾ. ਇਣ ਸੂਬਿਆਂ ਦੇ ਮੁਸਲਿਮ ਮਜਾਰਿਟੀ ਵਾਲੇ ਜ਼ਿਲ੍ਹਾਂ ਨੂੰ ਇਸ ਐਲਾਨ ਦੇ ਸਹਾਇੱਕ ਭਾਗ ਤੇ ਦਿੱਤਾ ਗਿਆ ਹੈ.

6. ਲੇਜੀਸਲੇਟਿਵ ਅਸੈਮਬਲੀ ਦੇ ਦੋ ਹਿੱਸੇ ਕੀਤੇ ਅਤੇ ਅਲਗ ਬੈਠੇ ਸਦੱਸਾਂ ਨੂੰ, ਸੂਬੇ ਦੀ ਤਕਸੀਮ ਕੀਤੀ ਜਾਵੇ ਜਾਂ ਨਾ ਕੀਤੀ ਜਾਵੇ, ਇਸ ਲਈ ਵੋਟ ਪਾਉਂਣ ਦੀ ਤਾਕਤ ਦਿੱਤੀ ਜਾਵੇਗੀ.. ਅਗਰ ਕਿਸੇ ਵੀ ਹਿੱਸੇ ਤੇ, ਤਕਸੀਮ ਦੇ ਹੱਕ ਵਿੱਚ ਇੱਕ ਆਸਾਨ ਮਜਾਰਿਟੀ ਹੁੰਦੀ ਹੈ ਤੇ, ਸੂਬੇ ਦੀ ਤਕਸੀਮ ਹੋਵੇਗੀ, ਅਤੇ ਇਸ ਦੇ ਮੁਤਾਬਕ ਇੰਤਜ਼ਾਮ ਕੀਤੇ ਜਾਣਗੇ.

9. ਤਕਸੀਮ ਦੇ ਮੁੱਦੇ ਬਾਰੇ ਜਲਦ ਫ਼ੈਸਲਾ ਕਰਣ ਲਈ, ਬੰਗਾਲ ਅਤੇ ਪੰਜਾਬ ਦੀ ਲੇਜੀਸਲੇਟੀਵ ਅਸੇਮਬਲੀਆਂ ਦੇ ਸਦੱਸ ਦੋ ਹਿੱਸੇਆਂ ਦੇ ਬੈਠਣਗੇ ਜੋ ਮੁਸਲਿਮ ਮਜਾਰਿਟੀ ਦੇ ਜ਼ਿਲ੍ਹਾਂ (ਜੋ ਸਹਾਇੱਕ ਹਿੱਸੇ ਤੇ ਦਿੱਤਾ ਗਿਆ ਹੈ) ਅਤੇ ਗੈਰ-ਮੁਸਲਿਮ ਜ਼ਿਲ੍ਹਾਂ ਦੇ ਮੁਤਾਬਕ ਹੋਵੇਗਾ. ਇਹ ਸਿਰਫ਼ ਇੱਕ ਸ਼ੁਰੂਆਤੀ ਅਤੇ ਪੂਰੀ ਤਰ੍ਹਾਂ, ਵਕਤੀ ਕਦਮ ਹੈ, ਜੈਦਾਂ ਕਿ ਜ਼ਾਹਰ ਹੈ ਕਿ, ਇਣ ਸੂਬਿਆਂ ਦੇ ਆਖਰੀ ਤਕਸੀਮ ਦੇ ਮਕਸਦ ਲਈ, ਸਰਹੱਦ ਦੇ ਸਵਾਲ ਬਾਰੇ ਇੱਕ ਵਿਸਤਰਤ ਛਾਣ-ਬੀਨ ਹੋਵੇਗੀ ਅਤੇ ਜਉਂ ਹੀ ਕਿਸੇ ਵੀ ਸੂਬੇ ਦੀ ਤਕਸੀਮ ਦਾ ਕੋਈ ਫ਼ੈਸਲਾ ਲੀਤਾ ਜਾਂਦਾ ਹੈ ਤੇ, ਇੱਕ ਬਾਉਂਡਰੀ ਕਮੀਸ਼ਨ ਦਾ ਗਠਨ, ਗਵਰਨਰ ਜੈਨਰਲ ਦੁਆਰਾ ਕੀਤਾ ਜਾਵੇਗਾ, ਜਿਸ ਦੀ ਸਦੱਸਤਾ ਅਤੇ ਹਵਾਲੇ ਦੀ ਸ਼ਰਤਾਂ ਨੂੰ ਸਾਰੀ ਪਾਰਟੀਆਂ ਮਿਲ ਕੇ ਪੱਕਾ ਕਰਣਗੀ. ਇਸ ਨੂੰ ਹੁਕਮ ਦਿੱਤਾ ਜਾਵੇਗਾ ਕਿ ਉਹ

ਪੰਜਾਬ ਦੇ ਦੋ ਹਿੱਸੇਆਂ ਦੀ ਹਦਬੰਦੀ ਕਰੇ, ਜਿਸ ਦੀ ਬੁਨਿਆਦ ਜੁੜੇ ਹੋਏ ਮੁਸਲਿਮ ਮਜਾਰਿਟੀ ਵਾਲੇ ਇਲਾਕੇ ਜਾਂ ਜੁੜੇ ਹੋਏ ਗੈਰ-ਮੁਸਲਿਮ ਮਜਾਰਿਟੀ ਵਾਲੇ ਇਲਾਕੇ, ਹੋਵੇਗੀ. ਇਸ ਨੂੰ ਦੂਜੀ ਵਜ੍ਹਾਂ ਬਾਰੇ ਵੀ ਧਿਆਨ ਦੇਨਾ ਪਵੇਗਾ. ਇਸੇ ਤਰ੍ਹਾਂ ਦੀ ਹਦਾਇਤ ਬੰਗਾਲ ਬਾਉਂਡਰੀ ਕਮੀਸ਼ਨ ਨੂੰ ਦਿੱਤੀ ਜਾਵੇਗੀ. ਜਦ ਤੱਕ ਬਾਉਂਡਰੀ ਕਮੀਸ਼ਨ ਦੀ ਰਿਪੋਰਟ ਨੂੰ ਤਿਆਰ ਕੀਤਾ ਜਾਂਦਾ ਹੈ, ਐਪੇਨਡਿਕਸ (ਸਹਾਇੱਕ ਹਿੱਸੇ) ਤੇ ਦਿੱਤੀ ਸਾਮਿਅਕ ਸਰਹੱਦਾਂ ਦਾ ਇਸਤੇਮਾਲ ਕੀਤਾ ਜਾਵੇਗਾ (Ibid: 90-1).

ਐਪੇਨਡਿਕਸ 1941 ਦੀ ਮਰਦਮਸ਼ੁਮਾਰੀ ਤੇ ਜ਼ਿਲ੍ਹਾਂ ਦੇ ਤੌਰ ਤੇ ਦਰਜ ਕੀਤੀਆਂ ਮਜਾਰਿਟੀ ਉਪਰ ਆਧਾਰਿਤ ਸੀ. ਇਸ ਦੇ ਮੁਤਾਬਕ, ਪੰਜਾਬ ਦੀ ਪੰਜ ਪ੍ਰਸ਼ਾਸਨਿਕ ਡਿਵੀਜਨਾਂ ਤੋਂ ਤਿੰਨ ਤੇ ਮੁਸਲਿਮਾਂ ਦੀ ਮਜਾਰਿਟੀ ਸੀ:

1. ਰਾਵਲਪਿੰਡੀ ਡਿਵੀਜਨ: ਅਟੱਕ, ਰਾਵਲਪਿੰਡੀ, ਜਿਹਲਮ, ਗੁਜਰਾਤ, ਮਿਆਂਵਾਲੀ ਅਤੇ ਸ਼ਾਹਪੂਰ ਜ਼ਿਲ੍ਹੇ
2. ਮੁਲਤਾਨ ਡਿਵੀਜਨ: ਮਿੰਟਗੋਮਰੀ (ਹੁਣ ਸਾਹੀਵਾਲ), ਲਾਇਲਪੁਰ (ਹੁਣ ਫ਼ੈਸਲਾਬਾਦ), ਮੁਲਤਾਨ, ਝੰਗ, ਮੁਜ਼ਫ਼ਰਗੜ ਅਤੇ ਡੇਰਾ ਘਾਜ਼ੀ ਖ਼ਾਨ ਜ਼ਿਲ੍ਹੇ
3. ਲਾਹੌਰ ਡਿਵੀਜਨ: ਗੁਜਰਾਂਵਾਲਾ, ਲਾਹੌਰ, ਸ਼ੇਖੁਪੂਰਾ, ਸਿਆਲਕੋਟ, ਅੱਮ੍ਰਿਤਸਰ ਅਤੇ ਗੁਰਦਾਸਪੂਰ ਜ਼ਿਲ੍ਹੇ (Ibid:94)

ਅੱਮ੍ਰਿਤਸਰ, ਜੋ ਲਾਹੌਰ ਡਿਵੀਜ਼ਨ ਤੇ ਸੀ ਅਤੇ ਜਿਸ ਦੀ ਗੈਰ-ਮੁਸਲਿਮ ਮਜਾਰਿਟੀ ਸੀ ਅਤੇ ਇਸ ਕਰ ਕੇ ਇਸ ਨੂੰ ਮੁਸਲਿਮ ਮਜਾਰਿਟੀ ਇਲਾਕਿਆਂ ਦੇ ਨਾਲ ਸ਼ਾਮਲ ਨਹੀਂ ਕੀਤਾ ਗਿਆ (ਐਪੇਨਡਿਕਸ ਵਿੱਚ). ਅੱਮ੍ਰਿਤਸਰ ਦੇ ਇਲਾਵਾ, ਇਣ ਜ਼ਿਲ੍ਹਾਂ ਤੇ ਹਿੰਦੂਆਂ ਅਤੇ ਸਿੱਖਾਂ ਦੀ ਮਜਾਰਿਟੀ ਸੀ:

3. ਜਲੰਧਰ ਡਿਵੀਜਨ: ਫੀਰੋਜਪੁਰ, ਜਲੰਧਰ, ਲੁਧਿਆਨਾ, ਹੋਸ਼ੀਆਰਪੁਰ ਅਤੇ ਕਾਂਗੜਾ ਜ਼ਿਲ੍ਹੇ
4. ਅੰਬਾਲਾ ਡਿਵੀਜਨ: ਅੰਬਾਲਾ, ਹਿੱਸ਼ਾਰ, ਰੋਹਤਕ, ਕਰਨਾਲ, ਗੁੜਗਾਂਉ ਅਤੇ ਸ਼ਿਮਲਾ ਜ਼ਿਲ੍ਹੇ

ਮਾਉਂਟਬੈਟਨ ਦੇ ਬਿਆਨ ਦੇ ਬਾਅਦ, ਨਹਿਰੁ, ਜਿਨਾਹ ਅਤੇ ਬਲਦੇਵ ਸਿੰਘ ਨੇ ਤਕਰੀਰ ਕਰਦੇ ਹੋਏ, 3 ਜੂਨ ਦੇ ਬਿਆਨ ਦੀ ਤਸਦੀਕ ਕਰਦੇ ਹੋਏ, ਇਸ ਨੂੰ ਇੰਡੀਆ ਦੀ ਸਿਆਸੀ ਮਸਲੇ ਦੱਾ ਹੱਲ ਦੱਸਿਆ. 4 ਜੂਨ ਨੂੰ ਮਾਉਂਟਬੈਟਨ ਨੇ ਦਿੱਲੀ ਵਿੱਚ ਇੱਕ ਪ੍ਰੈਸ ਕਨਫੇਰੇਂਸ (ਸੰਵਾਦਦਾਤਾ ਸੱਮੇਲਨ) ਕੀਤੀ ਜਿਸ ਵਿੱਚ ਉਨ੍ਹਾਂ ਨੇ, ਕਈ ਚੀਜਾਂ ਸਮੇਤ, ਇਹ ਗੱਲਾ ਕੀਤੀਆਂ:

ਇਸ ਤਰਤੀਬ ਤੇ ਵਿੱਚ ਦੋ ਪਾਰਟੀਆਂ ਸ਼ਾਮਲ ਹਨ, ਕਾਂਗਰੇਸ ਅਤੇ ਮੁਸਲਿਮ ਲੀਗ, ਪਰ ਇੱਕ ਹੋਰ ਸਮੁਦਾਇ ਜਿਨ੍ਹਾਂ ਦੀ ਤਦਾਦ ਘੱਟ ਹੈ, ਪਰ ਜੋ ਬਹੁਤ ਅਹਿਮ ਹਨ- ਸਿੱਖ ਸਮੁਦਾਇ-ਉਨ੍ਹਾਂ ਦੇ ਬਾਰੇ ਵੀ ਸੋਚਨਾ ਹੈ. ਮੈਂ ਪਤਾ ਕੀਤਾ ਹੈ ਕਿ, ਖਾਸ ਕਰ ਕੇ ਸਿੱਖ ਸਮੁਦਾਇ ਦੀ ਗੁਜ਼ਾਰਸ਼ ਦੇ ਚਲਦੇ, ਕਾਂਗਰੇਸ ਨੇ ਪੰਜਾਬ ਦੀ ਤਕਸੀਮ ਦੇ ਪ੍ਰਸਤਾਵ ਨੂੰ ਅਗੇ ਕੀਤਾ ਸੀ, ਅਤੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ, ਉਸ ਪ੍ਰਸਤਾਵ ਦੇ ਤਹਿਤ, ਉਹ ਪੰਜਾਬ ਦੀ, ਜ਼ਿਆਦਾ ਮੁਸਲਿਮ ਅਤੇ ਗੈਰ-ਮੁਸਲਿਮ ਇਲਾਕਿਆਂ ਵਿੱਚ ਤਕਸੀਮ ਕਰਨਾ ਚਾਹੁੰਦੇ ਸੀ. ਇਸ ਕਰ ਕੇ, ਉਸ ਪ੍ਰਸਤਾਵ ਦੇ ਤਹਿਤ, ਜੋ ਸਿੱਖਾਂ ਨੇ ਖੁਦ ਪ੍ਰਾਯੋਜਿਤ ਕੀਤਾ ਸੀ, ਇਹ ਤਕਸੀਮ ਹੋ ਰਹੀ ਹੈ. ਜਦ ਇਹ ਮਸ਼ਵਰਾ ਦਿੱਤਾ ਗਿਆ ਸੀ ਤਦ ਮੈਂ ਸਾਰੇ ਵੇਰਵੇ ਨਾਲ ਵਾਕਫ਼ ਨਹੀਂ ਸੀ, ਪਰ ਜਦ ਮੈਂ ਸੂਬੇ ਦੇ ਨਕਸ਼ੇ ਮੰਗਾ ਕੇ ਸਿੱਖਾ ਦੀ ਆਬਾਦੀ ਦੇ ਫੈਲਾਉ ਉਪਰ ਮੁਤਾਲਿਆ ਕੀਤਾ, ਮੈਨੂ ਕਹਿਣਾ ਚਾਹੀਦਾ ਹੈ ਕਿ ਮੈਂ ਹੈਰਾਨ ਹੋ ਗਿਆ, ਜਦ ਮੈਂ ਵੇਖਿਆ ਕਿ ਉਨ੍ਹਾਂ ਦੇ ਖੁਦ ਦੇ ਮਨਸੂਬੇ ਦੇ ਮੁਤਾਬਕ, ਉਨ੍ਹਾਂ ਨੇ ਆਪਣੇ ਸਮੁਦਾਇ ਨੂੰ ਬਿਲਕੁਲ ਦੋ ਬਰਾਬਰ

> ਹਿੱਸੇਆ ਤੇ ਤਕਸੀਮ ਕਰ ਲੀਤਾ ਸੀ. ਮੈਂ ਇਥੇ ਅਤੇ ਇੰਗਲੈਂਡ ਤੇ ਇਸ ਮੁੱਦੇ ਉਪਰ ਕਾਫ਼ੀ ਵਕਤ ਦਿੱਤਾ ਹੈ ਅਤੇ ਸੋਚਿਆ ਹੈ ਕਿ ਕੋਈ ਹੱਲ ਅਗਰ, ਨਿਕਲ ਕੇ ਆ ਜਾਵੇ, ਜੋ ਸਿੱਖ ਸਮੁਦਾਇ ਨੂੰ ਜ਼ਿਆਦਾ ਇਕੱਠਾ ਰਖ ਸਕੇ, ਅਤੇ ਜੋ ਇੱਕ ਵੱਡੇ ਅਤੇ ਆਸਾਨੀ ਨਾਲ ਸਮਝੇ ਗਏ ਅਸੂਲ ਤੋਂ ਜ਼ਿਆਦਾ ਪਰੇ ਨਾ ਹੋਵੇ, ਉਹ ਅਸੂਲ ਜਿਸ ਦੇ ਵਿੱਚ, ਇੱਕ ਤਰਫ਼ ਮੰਗ ਕੀਤੀ ਗਈ ਅਤੇ ਦੂਜੀ ਤਰਫ਼ ਢੀਲ ਦੇ ਦਿੱਤੀ ਗਈ. ਮੈਂ ਕੋਈ ਕਰਿਸ਼ਮਾਈ ਇਨਸਾਨ ਨਹੀਂ ਹਾਂ ਅਤੇ ਮੈਨੂੰ ਇਸ ਤਰ੍ਹਾਂ ਦਾ ਕੋਈ ਹੱਲ ਹਾਸਲ ਨਹੀਂ ਹੋਇਆ ਹੈ (Ibid: 112).

ਅਗਲਾ ਅਹਿਮ ਕਦਮ 12 ਜੂਨ ਨੂੰ ਪਾਰਟੀਸ਼ਨ ਕਮੇਟੀ ਦੀ ਕਾਇਮੀ ਸੀ. ਇੱਸ ਸੰਸਥਾ, ਜਿਸ ਸੀ ਪ੍ਰਧਾਨਗੀ ਮਾਉਂਟਬੈਟਨ ਕਰ ਰਹੇ ਸੀ, ਉਸ ਦੇ ਦੂਜੇ ਸਦੱਸ ਸਨ, ਕਾਂਗਰੇਸ ਦੇ ਨੁਮਾਇੰਦੇ ਸਰਦਾਰ ਪਟੇਲ ਅਤੇ ਡਾ.ਰਾਜੇਂਦ੍ਰ ਪ੍ਰਸਾਦ ਅਤੇ ਮੁਸਲਿਮ ਲੀਗ ਦੇ ਨੁਮਾਇੰਦੇ ਨਵਾਬਜ਼ਾਦਾ ਲਿਆਕਤ ਅਲੀ ਖਾਨ ਅਤੇ ਸਰਦਾਰ ਅਬਦੁਲ ਰੱਬ ਨਿਸ਼ਤਰ (Ibid:284).

ਤਕਸੀਮ ਦੇ ਮਨਸੂਬੇ ਬਾਰੇ ਜੇਨਕੀਨਸ ਦੀ ਟਿੱਪਣੀ

ਪੰਜਾਬ ਦੇ ਗਵਰਨਰ ਜੇਨਕੀਨਸ ਨੇ 15 ਜੂਨ ਦੀ ਆਪਣੀ ਪੰਦਰਵਾੜੇ ਦੀ ਰਿਪੋਰਟ ਤੇ ਗੌਰ ਕੀਤਾ ਕਿ ਤਕਸੀਮ ਦਾ ਮਨਸੂਬਾ, ਆਮ ਤੌਰ ਤੇ, ਪੰਜਾਬੀਆਂ ਦੀ ਖ਼ਾਹਿਸ਼ ਦੇ ਮੁਤਾਬਕ ਨਹੀਂ ਹੋਇਆ, ਜਦ ਕਿ ਸਿਆਸਤਦਾਨਾਂ ਨੇ ਇਸ ਐਲਾਨ ਨਾਲ ਆਪਣੀ ਚੱਕਰਬਾਜ਼ੀ ਚਲਾਈ:

> ਤਕਸੀਮ ਦੇ ਮਨਸੂਬੇ ਬਾਰੇ ਕੋਈ ਜੋਸ਼ ਨਹੀਂ ਹੈ-ਕੋਈ ਖੁਸ਼ ਨਹੀਂ ਲਗਦਾ ਹੈ, ਅਤੇ ਇਸ ਕੱਮ ਨੂੰ ਅਗੇ ਲੈ ਜਾਣ ਬਾਰੇ ਕੋਈ ਨਹੀਂ ਸੋਚ ਰਿਹਾ ਹੈ. ਇਸ ਮਨਸੂਬੇ ਦਾ ਫ਼ਿਰਕੂ ਰਿਸ਼ਤੇ ਉਪਰ ਕੋਈ ਫ਼ਰਕ ਨਹੀਂ ਦਿਖਦਾ ਹੈ, ਜੋ ਪਹਿਲਾਂ ਵਰਗੇ ਨੇ. ਨਾ ਹੀ ਡੋਮਿਨਿਅਨ ਦਰਜੇ ਲਈ, ਕੋਈ ਖ਼ਾਸ ਫ਼ਿਕਰ ਜਾਂ ਵੈਰ ਨਹੀਂ ਹੈ (Carter, 2008b: 74).

ਉਨ੍ਹਾਂ ਨੇ ਇਹ ਵੀ ਗੌਰ ਕੀਤਾ ਕਿ ਸਿਆਸੀ ਪਾਰਟਿਆਂ ਤਕਸੀਮ ਬਾਰੇ ਰਾਜੀ ਤੇ ਹੋ ਗਈਆਂ ਸਨ, ਪਰ ਵਜ੍ਹਾਂ ਮੁਖ਼ਤਲਿਫ਼ ਸਨ. ਮੁਸਲਿਮ ਲੀਗੀਏ ਸੋਚਦੇ ਸੀ ਕਿ ਤਕਸੀਮ ਨੂੰ ਮੰਜ਼ੂਰ ਕਰਨਾ, ਜਿਨਾਹ ਦੀ ਇੱਕ ਉਸਤਾਦੀ ਮਾਰ ਸੀ, ਜਦ ਕਿ ਕਾਂਗਰੇਸ ਆਗੂ ਸੋਚਦੇ ਸੀ ਪੰਜਾਬ ਅਤੇ ਬੰਗਾਲ ਦੀ ਤਕਸੀਮ ਦੀ ਜ਼ਿੱਦ ਨਾਲ, ਪਾਕਿਸਤਾਨ ਨੂੰ ਰੌਸ਼ਨੀ ਤੋਂ ਦੂਰ ਹੱਟਾ ਦਿੱਤਾ ਗਿਆ ਸੀ. ਮਿਆਂ ਇਬਰਾਹਿਮ ਬਰਕ (ਖ਼ਿਜ਼ਰ ਦੀ ਪੁਰਵਲੀ ਵਜ਼ਾਰਤ ਵਿੱਚ ਇੱਕ ਵਜ਼ੀਰ) ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਸਰਦਾਰ ਪਟੇਲ ਨੂੰ ਇਹ ਕਹਿੰਦੇ ਸੁਣਿਆ ਕਿ ਅਗਰ ਪਾਕਿਸਤਾਨ ਇੰਡੀਆ ਨਾਲ ਕੋਈ ਗੜਬੜ ਕਰਦਾ ਹੈ ਤੇ, ਇੰਡੀਆ ਪਾਕਿਸਤਾਨ ਦੇ ਵਾਸ਼ਿੰਦੇਆਂ ਦਾ ਆਸਾਨੀ ਨਾਲ ਖ਼ਾਤਮਾ ਕਰ ਸਕਦਾ ਹੈ. ਜੇਨਕੀਨਸ ਨੇ ਲਿਖਿਆ: 'ਇਹ ਬੇਹਦ ਝੂਠ ਹੋ ਸਕਦਾ ਹੈ, ਪਰ ਇਹ ਕਹਾਣੀ ਉਸ ਰੁਖ ਨੂੰ ਦੱਸਦਾ ਹੈ, ਜੋ ਹਿੰਦੂ ਉਮੀਦ ਕਰਦੇ ਸੀ ਅਤੇ ਮੁਸਲਿਮ ਡਰਦੇ ਸੀ, ਕਿ ਪਟੇਲ ਅਖਤਿਆਰ ਕਰਣਗੇ.' ਜਿੱਥੇ ਤੱਕ ਸਿੱਖਾਂ ਦਾ ਸਵਾਲ ਹੈ, ਉਨ੍ਹਾਂ ਦੀ ਉਮੀਦ ਬਾਉਂਡਰੀ ਕਮੀਸ਼ਨ ਉਪਰ ਟਿਕੀ ਸੀ. ਜਿਣ ਜ਼ਿਲ੍ਹਾਂ ਨੂੰ ਉਹ ਨਾਜ਼ਕ ਸਮਝਦੇ ਸੀ, ਉਥੇ ਉਹ ਚੰਗੀ ਤਰ੍ਹਾਂ ਸੰਗਠਤ ਸੀ, ਅਤੇ ਇਹ ਆਸ ਸੀ ਕਿ ਉਹ ਤਕਸੀਮ ਦੇ ਇਰਾਦੇ ਨੂੰ ਬਹੁਤ ਦੂਰ ਲੈ ਕੇ ਨਹੀਂ ਜਾਣਗੇ, ਜਦ ਤੱਕ ਉਨ੍ਹਾਂ ਨੂੰ ਸਰਹੱਦ ਦਾ ਪਤਾ ਨਹੀਂ ਲਗਦਾ ਹੈ. ਉਹ ਆਬਾਦੀ ਅਤੇ ਸੰਪਤੀ ਦੋਨਾਂ ਦੀ ਅਦਲਾ-ਬਦਲੀ ਦੀ ਮੰਗ ਕਰ ਰਹੇ ਸੀ (Ibid.).

ਗਵਰਨਰ ਨੇ ਇਹ ਵੀ ਜ਼ਿਕਰ ਕੀਤਾ ਕਿ ਬ੍ਰਿਟਿਸ਼ ਸਿਵਲ ਸੇਵਕ ਪੰਜਾਬ ਤੇ ਸੇਵਾ ਕਰਣ ਬਾਰੇ ਜੋਸ਼ੀਲੇ ਨਹੀਂ ਸਨ, ਭਾਵੇਂ ਇਹ ਇੱਕ ਡੋਮਿਨਿਅਨ ਕਿਉਂ ਨਾ ਹੋਵੇ. ਦੂਜੀ ਤਰਫ਼, ਮੁਸਲਿਮ ਸਿਵਲ ਸੇਵਕ ਪਾਕਿਸਤਾਨ ਦੀ ਜ਼ਿਆਦਾ ਫ਼ਾਇਦੇਮੰਦ ਨਿਯੁਕਤੀਆਂ ਨੂੰ ਚੁਣ ਰਹੇ ਸਨ, ਜਦ ਕਿ ਗੈਰ-ਮੁਸਲਿਮ ਸੋਚ ਰਹੇ ਸੀ ਕਿ ਉਹ ਪਛੱਮ ਪੰਜਾਬ ਤੇ ਮਹਿਫ਼ੂਜ਼ ਨਹੀਂ ਰਹਿਣਗੇ ਅਤੇ ਉਮੀਦ ਕਰਦੇ ਸੀ ਕਿ ਉਨ੍ਹਾਂ ਨੂੰ 'ਹਿੰਦੂਸਤਾਨ' ਤੇ ਜਗ੍ਹ ਮਿਲ ਜਾਵੇਗੀ.

ਪੰਜਾਬ ਅਸੈਮਬਲੀ ਦੇ ਸਦੱਸ ਪੰਜਾਬ ਦੀ ਤਕਸੀਮ ਉਪਰ ਵੋਟ ਪਾਉਂਦੇ ਨੇ

ਤਕਸੀਮ ਦੇ ਮਨਸੂਬੇ ਦੀ ਸ਼ਰਤ ਸੀ ਕਿ ਪੰਜਾਬ ਲੇਜੀਸਲੇਟੀਵ ਅਸੈਮਬਲੀ ਦੇ ਸਦੱਸਾਂ ਨੂੰ ਪੂਰਬੀ ਅਤੇ ਪਛੱਮ ਹਿੱਸੇ ਤੇ ਸੰਗਠਤ ਕਰ ਕੇ, ਪੰਜਾਬ ਦੀ ਤਕਸੀਮ ਦੇ ਮੁੱਦੇ ਉਪਰ ਵੋਟਾਂ ਪਾਉਣੀ ਨੇ. ਇਸ ਦੇ ਮੁਤਾਬਕ, ਅਸੈਮਬਲੀ ਦੇ ਪਛੱਮ ਹਿੱਸੇ ਦੇ ਸੱਦਸਾਂ (ਜਿਸ ਦੀ ਪ੍ਰਧਾਨਗੀ ਸਪੀਕਰ ਦੀਵਾਨ ਬਹਾਦੁਰ ਐਸ.ਪੀ.ਸੰਘਾ ਨੇ ਕੀਤੀ) ਅਤੇ ਪੂਰਬੀ ਹਿੱਸੇ ਦੇ ਸਦੱਸਾਂ (ਜਿਸ ਦੀ ਪ੍ਰਧਾਨਗੀ ਉਪ-ਸਪੀਕਰ ਸਰਦਾਰ ਕਪੂਰ ਸਿੰਘ ਕਰ ਰਹੇ ਸੀ) ਨੇ 23 ਜੂਨ 1947 ਨੂੰ ਵੋਟਾਂ ਪਾਇਆਂ.

ਜਿੱਥੇ ਤੱਕ ਵੋਟਿੰਗ ਦਾ ਸਵਾਲ ਹੈ, ਪੂਰਬੀ ਪੰਜਾਬ ਦੇ 72 ਸਦੱਸ ਇੱਕ ਅਲਗ ਸੈਸ਼ਨ ਤੇ ਮਿਲੇ. ਉਨ੍ਹਾਂ ਨੇ ਮੁਸਲਿਮ ਲੀਗ ਦੇ ਰਹਨੁਮਾ, ਮਮਦੋਤ ਦੇ ਖ਼ਾਨ ਦੇ ਉਸ ਪ੍ਰਸਤਾਵ ਨੂੰ ਕਿ ਪੰਜਾਬ ਇੱਤਹਾਦੀ ਰਹੇ, 50-22 ਵੋਟਾਂ ਨਾਲ ਖ਼ਾਰਿਜ਼ ਕਰ ਦਿੱਤਾ. ਦੂਜੀ ਤਰਫ਼, ਪਛੱਮ ਪੰਜਾਬ ਦੇ ਹਿੱਸੇ ਤੇ, ਪੰਜਾਬ ਨੂੰ ਵੰਡਣ ਦੇ ਪ੍ਰਸਤਾਵ ਨੂੰ 69-27 ਵੋਟਾਂ ਨਾਲ ਖ਼ਾਰਿਜ਼ ਕਰ ਦਿੱਤਾ ਗਿਆ. ਫ਼ਿਰਕੂ ਤੌਰ ਤੇ, 88 ਮੁਸਲਿਮ ਜਿਸ ਵਿੱਚ ਖ਼ਿਜ਼ਰ ਟਿਵਾਣਾ ਅਤੇ ਯੂਨੀਅਨਿਸਟ ਪਾਰਟੀ ਦੇ 7 ਦੂਜੇ ਸਦੱਸ, 2 ਇਸਾਈ ਅਤੇ 1 ਐਂਗਲੋ-ਇੰਡੀਅਨ, ਸ਼ਾਮਲ ਸਨ, ਉਨ੍ਹਾਂ ਨੇ ਇੱਕ ਇੱਤਹਾਦੀ ਪੰਜਾਬ ਲਈ ਵੋਟਾਂ ਪਾਈਆਂ; ਹਿੰਦੂਆਂ, ਸਿੱਖਾਂ ਅਤੇ ਸਿਡਯੂਲਡ ਕਾਸਟਾਂ ਦੇ ਨੁਮਾਇੰਦੇਆਂ, ਜੋ ਕੁੱਲ 77 ਸਨ, ਪੰਜਾਬ ਦੀ ਤਕਸੀਮ ਲਈ ਵੋਟਾਂ ਪਾਈਆਂ (Ibid:567). ਇਸ ਬਾਰੇ ਜ਼ਿਕਰ ਕਰਨਾ ਠੀਕ ਹੋਵੇਗਾ ਕਿ ਰਿਪੋਰਟਾਂ ਦੇ ਮੁਤਾਬਕ, ਅਸੈਮਬਲੀ ਦਾ ਸ਼ਿਸ਼ਟ ਮਾਹੌਲ, ਲਾਹੌਰ ਅਤੇ ਦੂਜੇ ਪ੍ਰਭਾਵਿਤ ਇਲਾਕਿਆਂ ਦੀ ਤ੍ਰਾਸਦੀ ਭਰੀ ਤਬਾਹੀ ਅਤੇ ਕਤਲੇਆਮ ਨੂੰ ਝੁਠਲਾਉਂਦਾ ਸੀ, ਜਿਸ ਨੂੰ ਫ਼ਿਰਕੂ ਤਸ਼ੱਦਦ ਜ਼ਾਹਰ ਕਰ ਚੁਕਿਆ ਸੀ.

ਪੰਜਾਬ ਬਾਉਂਡਰੀ ਕਮੀਸ਼ਨ

ਪੰਜਾਬ ਬਾਉਂਡਰੀ ਕਮੀਸ਼ਨ ਦੀ ਰਚਨਾ ਲਈ ਮਾਉਂਟਬੈਟਨ ਨੇ ਇੰਡੀਅਨ ਆਗਾਵਾਂ ਨਾਲ ਗੱਲਬਾਤ ਸ਼ੁਰੂ ਕੀਤੀ. ਇਸ ਬਾਰੇ ਰਜਾਮੰਦੀ ਹੋ ਗਈ ਕਿ ਕਮੀਸ਼ਨ ਦਾ ਇੱਕ ਨਿਰਪੱਖ ਚੇਅਰਮੈਨ ਹੋਵੇ ਅਤੇ ਚਾਰ ਦੂਜੇ ਸ਼ਕਸ ਹੋਣ. ਦੋ ਨੂੰ ਕਾਂਗਰੇਸ ਨੇ ਨਾਮਜ਼ਦ ਕਰਨਾ ਸੀ (ਜਿਸ ਵਿੱਚ ਇੱਕ ਸਿੱਖ ਹੋਣਾ ਸੀ) ਅਤੇ ਮੁਸਲਿਮ ਲੀਗ ਦੁਆਰਾ, ਬਾਕੀ ਦੋ. ਅਗਰ ਮੁਮਕਿਨ ਹੁੰਦਾ ਤੇ, ਚਾਰੋਂ ਨਾਮਜ਼ਦ ਸਦੱਸ ਇੱਕ ਉੱਚੇ ਅਦਾਲਤੀ ਸਤਰ ਦੇ ਹੋਣੇ ਚਾਹੀਦੇ ਸੀ. ਕਾਂਗਰੇਸ ਨੇ ਜਸਟਿਸ ਮੇਹਰ ਚੰਦ ਮਹਾਜਨ ਅਤੇ ਜਸਟਿਸ ਤੇਜਾ ਸਿੰਘ ਨੂੰ ਨਾਮਜ਼ਦ ਕੀਤਾ, ਜਦ ਕਿ ਮੁਸਲਿਮ ਲੀਗ ਨੇ ਜਸਟਿਸ ਦੀਨ ਮੁਹੱਮਦ ਅਤੇ ਜਸਟਿਸ ਮੁਹੱਮਦ ਮੁਨੀਰ ਨੂੰ. ਜਸਟਿਸ ਮੇਹਰ ਚੰਦ ਮਹਾਜਨ ਦਾ ਪ੍ਰਸਤਾਵ ਕਿ ਜਸਟਿਸ ਦੀਨ ਮੁਹੱਮਦ, ਜੋ ਉਨ੍ਹਾਂ ਦੇ ਵਿੱਚ ਸਭ ਤੋਂ ਵੱਡੇ ਸਨ ਅਤੇ ਉਨ੍ਹਾ ਨੂੰ

ਕਮੀਸ਼ਨ ਦੀ ਸਭਾਵਾਂ ਦੀ ਪ੍ਰਧਾਨਗੀ ਕਰਣ, ਬਾਕੀ ਸਦੱਸਾਂ ਨੇ ਮੱਨ ਲੀਤਾ. 27 ਜੂਨ ਨੂੰ ਇਹ ਮੱਨ ਲੀਤਾ ਗਿਆ ਕਿ ਸਰ ਸਾਇਰਿਲ ਰੈਡਕਲੀਫ਼, ਇੰਗਲਿਸ਼ ਬਾਰ ਦੇ ਇੱਕ ਸਦੱਸ, ਇਸ ਕਮੀਸ਼ਨ ਦੇ ਪਰਧਾਨ ਹੋਣਗੇ. ਰੈਡਕਲੀਫ਼ ਦਿੱਲੀ ਵਿੱਚ ਠਹਿਰਣ ਵਾਲੇ ਸੀ ਅਤੇ ਸਿੱਧੀ ਤੌਰ ਤੇ ਪੰਜਾਬ ਬਾਉਂਡਰੀ ਕਮੀਸ਼ਨ ਦੀ ਸਭਾਵਾਂ ਤੇ ਹਿੱਸਾ ਨਹੀਂ ਲੈਣ ਵਾਲੇ ਸੀ. ਕਾਰਵਾਈ ਦੇ ਦਸਤਾਵੇਜਾਂ ਨੂੰ ਉਨ੍ਹਾ ਦੇ ਕੋਲ ਹਵਾਈ ਰਸਤੇ ਤੇ ਲੈ ਕੇ ਜਾਣਾ ਸੀ.

ਹਵਾਲਾ

ਸਿੰਘ, ਕਿਰਪਾਲ (ਏਡ), ਸੇਲੇਕਟ ਡੌਕਯੂਮੇਂਟਸ ਔਨ ਪਾਰਟੀਸ਼ਨ ਔਫ਼ ਪੰਜਾਬ-1947:ਇੰਡੀਅਨ ਐਂਡ ਪਾਕਿਸਤਾਨ, ਪੰਜਾਬ, ਹਰਿਆਨਾ ਅਤੇ ਹਿਮਾਚਲ, ਇੰਡੀਆ ਐਂਡ ਪੰਜਾਬ-ਪਾਕਿਸਤਾਨ, ਦੇਲਹੀ: ਨੈਸ਼ਨਲ ਬੁਕ ਸ਼ੋਪ, (1991).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ),ਮਾਉਂਟਬੈਟਨਸ ਰਿਪੋਰਟ ਔਨ ਦੀ ਲਾਸਟ ਵਾਇਸਰੌਅਿਲਟੀ (23 ਮਾਰਚ-15 ਅਗਸਟ 1947), ਦੇਲਹੀ: ਮਨੋਹਰ, (2003)

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 1 ਜੂਨ -14 ਅਗਸਤ 1947, ਟ੍ਰੇਜੇਡੀ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007a).

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 3 ਮਾਰਚ 1947-31 ਮਈ 1947, ਐਟ ਦੀ ਏਬੀਸ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007b).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ੜੋਲ. ਯ, ਦੀ ਮਾਉਂਟਬੇਟਨ ਵਾਇਸਰਾਇਲਟੀ, ਅਫੈਰਮੂਲੇਸ਼ਨ ਔਫ ਏ ਪਲਾਨ, 22 ਮਾਰਚ-30 ਮਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1981).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ੜੋਲ. ਯੀ, ਦੀ ਮਾਉਂਟਬੇਟਨ ਵਾਇਸਰਾਇਲਟੀ, ਐਨਾਉਂਸਮੇਂਟ ਰਿਸੇਪਸ਼ਨ ਔਫ ਦ 3 ਜੂਨ ਪਲਾਨ, 31 ਮਈ-7 ਜੁਲਾਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1982).

ਸਦੁਲ੍ਹਾ, ਮਿਆਂ ਮੁਹੱਮਦ (ਕਮਪਾਇਲਰ), ਦੀ ਪਾਰਟੀਸ਼ਨ ਔਫ ਦ ਪੰਜਾਬ 1947, ਚਾਰ ਵੌਲੂਯਮ, (ਨੈਸ਼ਨਲ ਡੌਕਯੁਮੇਂਟੇਸ਼ਨ ਸੇਂਟਰ, ਲਾਹੌਰ ਲਈ ਸੰਗ੍ਰਿਹ ਕੀਤੇ ਸਰਕਾਰੀ ਦਸਤਾਵੇਜ), ਲਾਹੌਰ: ਸੰਗ-ਏ-ਮੀਲ ਪਬਲਿਕੇਸ਼ਨਸ.

11

ਲਾਹੌਰ ਅਤੇ ਅੱਮ੍ਰਿਤਸਰ ਲਈ ਜੰਗ

1 ਅਪ੍ਰੈਲ-30 ਜੂਨ 1947

ਜਦ ਕਿ ਤਕਸੀਮ ਦਾ ਡਰਾਮਾ ਦਿੱਲੀ ਦੀ ਉੱਚੇ ਸਤਰ ਦੀ ਸਿਆਸਤ ਤੇ ਤਿਆਰ ਹੋ ਰਿਹਾ ਸੀ, ਪੰਜਾਬ ਦੇ ਜਮੀਨੀ ਹਾਲਾਤ ਖਰਾਬ ਸਨ, ਹਾਲਾਂਕਿ ਮਾਰਚ 1947 ਤੇ ਹੋਏ ਜ਼ੁਲਮ, ਉਸ ਮਹੀਨੇ ਦੇ ਮੱਧ ਤੋਂ ਘੱਟ ਹੋ ਗਏ, ਪਰ ਹਾਲਾਤ ਪੂਰੀ ਤਰ੍ਹਾਂ, ਕਦੀ ਨਹੀਂ ਸੁਧਰੇ. ਅਪ੍ਰੈਲ ਦੇ ਪਹਿਲੇ ਹਫ਼ਤੇ ਤੇ, ਪਾਕਿਸਤਾਨ ਟਾਇਮਸ ਅਤੇ ਦੀ ਟ੍ਰਿਬਯੂਨ ਨੇ ਸੂਬੇ ਤੇ, ਇੱਕਾ-ਦੁਕਾ ਘਾਤ ਲਗਾਉਣ ਦੇ ਅਤੇ ਲੋਕਾਂ ਉਪਰ ਹਮਲੇ ਦੇ ਬਾਰੇ ਖ਼ਬਰਾਂ ਛਾਪੀਆਂ. 11 ਅਪ੍ਰੈਲ ਨੂੰ ਅੱਮ੍ਰਿਸਤਰ ਤੇ ਫ਼ਿਰਕੂ ਭੀੜ ਦੇ ਚਲਦਿਆਂ ਫਿਰ ਗੜਬੜ ਫੈਲ ਗਈ, ਜਦ ਇੱਕ ਵੱਡੀ ਤਦਾਦ ਤੇ ਮੁਸਲਿਮ ਜੁਮਾ ਨਮਾਜ਼ ਅਦਾ ਕਰਣ ਲਈ ਚੌਕ ਪ੍ਰਾਗਦਾਸ ਦੀ ਮਸੀਤ ਤੇ ਇਕੱਠਾ ਹੋਏ, ਜਿੱਥੇ ਮਾਰਚ ਤੇ ਮੁਸਲਿਮਾਂ ਦਾ ਕਤਲੇਆਮ ਹੋਇਆ ਸੀ. ਗੜਬੜ ਗਲੀਆਂ ਤੇ ਫੈਲ ਗਈ. ਨਮਾਜ ਅਦਾ ਕਰਣ ਦੇ ਬਾਅਦ, ਮੁਸਲਿਮ ਇੱਕ ਗੈਰ-ਮੁਸਲਿਮ ਪ੍ਰਬਲ ਇਲਾਕੇ ਤੋਂ ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼, ਨਾਅਰੇਬਾਜ਼ੀ ਕਰਦੇ ਹੋਏ ਗੁਜਰੇ. ਇਸ ਦੇ ਜਵਾਬ ਤੇ, ਹਿੰਦੂਆਂ ਅਤੇ ਸਿੱਖਾਂ ਨੇ ਆਪਣੇ ਘਰਾਂ ਦੀ ਛੱਤਾਂ ਤੋਂ, ਉਨ੍ਹਾਂ ਦੇ ਉਪਰ ਪੱਥਰਬਾਜ਼ੀ ਕੀਤੀ. ਮੁਸਲਿਮਾਂ ਨੇ ਬਦਲੇ ਦੀ ਕਾਰਵਾਈ ਕੀਤੀ ਅਤੇ ਇਸ ਫ਼ਸਾਦ ਵਿੱਚ, ਜੇਨਕੀਨਸ ਦੁਆਰਾ 30 ਅਪ੍ਰੈਲ ਨੂੰ ਤਿਆਰ ਕੀਤੀ ਰਿਪੋਰਟ ਦੇ ਮੁਤਾਬਕ 32 ਲੋਕ ਹਲਾਕ ਹੋਏ-7 ਮੁਸਲਿਮ, 6 ਹਿੰਦੂ ਅਤੇ 19 ਸਿੱਖ-ਜਦ ਕਿ 109 ਜ਼ਖ਼ਮੀ ਹੋਏ.

ਜੇਨਕੀਨਸ ਨੇ ਗੌਰ ਕੀਤਾ ਕਿ ਸਮੁੱਚੇ ਪੰਜਾਬ ਵਿੱਚ ਇੱਕ 'ਘਰੇਲੂ ਜੰਗ' ਦਾ ਮਾਹੌਲ ਬਣ ਗਿਆ ਸੀ. ਛੁਰੇਬਾਜ਼ੀ ਦੇ ਛਿੱਟ-ਪੁਟ ਵਾਕਿਐ ਦੀ ਖ਼ਬਰਾਂ, ਖਾਸ ਕਰ ਕੇ ਲਾਹੌਰ ਤੋਂ, ਆ ਰਹਿਆਂ ਸੀ. ਦੇਸ਼ੀ ਤਰੀਕੇ ਦੇ ਬੰਬ-ਅਕਸਰ ਸੋਡਾ ਪਾਣੀ ਦੀ ਬੋਤਲਾਂ ਦਾ ਇਸਤੇਮਾਲ ਕਰ ਕੇ-ਖੁਲ੍ਹੇਆਮ ਬਣਾਏ ਜਾ ਰਹੇ ਸੀ. ਫ਼ਿਰਕੂ ਸ਼ਰਾਰਤਾਂ ਦੇ ਚਲਦੇ, ਕਈ ਜਗ੍ਹ ਅੱਗ ਲਗਾ ਦਿੱਤੀ ਗਈ ਸੀ. ਸ਼ਹਿਰਾਂ ਤੇ ਲੋਕ ਆਪਣੀ ਹਿਫ਼ਾਜ਼ਤ ਲਈ, ਗਲੀਆਂ ਤੇ ਬਾੜੇ ਖੜੇ ਕਰਣ ਲਗੇ, ਜਿੱਥੇ ਉਹ ਰਹਿੰਦੇ ਸੀ. ਅੱਮ੍ਰਿਤਸਰ ਬੜੀ ਤੇਜੀ ਨਾਲ ਕਈ ਕਿਲੇਬੰਦੀ ਕੀਤੇ ਇਲਾਕਿਆਂ ਵਿੱਚ ਤਬਦੀਲ ਹੋ ਜਾ ਰਿਹਾ ਸੀ. ਹਥਿਆਰਾਂ ਲਈ ਦੌੜ-ਭੱਜ ਮਚੀ ਹੋਈ ਸੀ ਅਤੇ ਸਿੱਖ ਨੰਗੀ ਕਿਰਪਾਨਾ ਲੈ ਕੇ ਘੁਮ ਰਹੇ ਸੀ. ਮੁਸਲਿਮ ਸਿੱਖਾਂ ਦੀ ਇਸ ਰਵਾਇਤੀ ਹਥਿਆਰ ਉਪਰ ਛੋਟ ਦਾ, ਜਮ ਕੇ ਮੁਖ਼ਾਲਫ਼ਤ ਕਰ ਰਹੇ ਸੀ. ਜਿੱਥੇ ਤੱਕ ਮਾਰਚ ਦੇ ਰਾਵਲਪਿੰਡੀ ਦੇ ਫ਼ਸਾਦਾਂ ਦਾ ਸਵਾਲ ਸੀ, ਜੇਨਕੀਨਸ ਲਿਖਦੇ ਨੇ:

> ਦੈਲਤਾਨਾ ਨੇ ਹਾਲ ਵਿੱਚ ਅਟੱਕ ਜ਼ਿਲ੍ਹੇ ਦਾ ਦੌਰਾ ਕੀਤਾ, ਅਤੇ ਭਰੋਸੇਯੋਗ ਸਬੂਤ ਹੈ ਕਿ ਉਹਾਂ ਨੇ ਲੋਕਾਂ ਨੂੰ, ਘੱਟ ਤੋਂ ਘੱਟ ਇੱਕ ਪਿੰਡ ਤੇ ਕਿਹਾ ਕਿ ਅਗਰ ਉਹ, ਹੋਰ 2 ਜਾਂ 3 ਹਫ਼ਤੇ ਗੁਜ਼ਾਰ ਸਕਦੇ ਨੇ ਤੇ ਉਨ੍ਹਾਂ ਦੇ ਖ਼ਿਲਾਫ਼

ਸਾਰੀ ਕਾਰਵਾਈ ਹੱਟਾ ਦਿੱਤੀ ਜਾਵੇਗੀ ਅਤੇ ਜਿਣ ਅਫਸਰਾਂ ਨੇ ਗੜਬੜੀ ਨੂੰ ਦਬਾ ਦਿੱਤਾ ਹੈ, ਉਨ੍ਹਾਂ ਦੀ ਮੁਸ਼ਕਲਾਂ ਵਧ ਜਾਣਗੀਆਂ (Carter, 2007a: 153).

ਅੱਮ੍ਰਿਤਸਰ ਅਤੇ ਲਾਹੌਰ ਤੇ ਫ਼ਸਾਦ ਹੋਰ ਤੀਬਰ ਹੋ ਜਾਂਦੇ ਨੇ

ਅਪ੍ਰੈਲ ਦੇ ਦੂਜੇ ਅੱਧ ਤੇ ਅਤੇ ਮਈ ਦੇ ਸ਼ੁਰੂਆਤੀ ਦਿਨਾਂ ਤੇ, ਭੀੜ ਦੁਆਰਾ ਤਸ਼ੱਦਦ ਫਿਰ ਘੱਟ ਹੋ ਗਿਆ, ਪਰ ਦੁਬਾਰਾ 9 ਮਈ ਨੂੰ ਅੱਮ੍ਰਿਤਸਰ ਤੇ ਤਸ਼ੱਦਦ ਭੜਕ ਉਠਾ. 10 ਮਈ ਦੇ ਦੀ ਪਾਕਿਸਤਾਨ ਟਾਇਮਸ ਅਤੇ ਦੀ ਟ੍ਰਿਬਊਨ ਨੇ ਰਿਪੋਰਟ ਦਿੱਤੀ ਕਿ ਪੰਜ ਲੋਕ ਹਲਾਕ ਹੋਏ ਅਤੇ 12 ਛੁਰੇਬਾਜ਼ੀ ਨਾਲ ਜ਼ਖ਼ਮੀ ਹੋਏ. ਅੱਗਜਨੀ ਅਤੇ ਬੰਬ ਧਮਾਕੇ ਦੀ ਵੀ ਖ਼ਬਰ ਆਈ, ਹਾਲਾਂਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ. ਅਗਲੇ ਦਿਨ, ਹਾਲਾਤ ਬਦਤਰ ਹੋ ਗਏ ਜਦ ਹਿੰਦੂਆਂ ਅਤੇ ਸਿੱਖਾਂ ਦਾ ਇੱਕ ਸਮੂਹ, ਜੋ ਦਾਇਮਗੰਜ ਦੇ ਇੱਕ ਹਿੰਦੂ ਕਬਰਸਤਾਨ ਤੇ ਇੱਕ ਬੱਚੇ ਨੂੰ ਲੈ ਕੇ ਆਇਆ ਸੀ, ਉਸ ਦੇ ਉਪਰ ਮਿਆਂ ਮੇਹਰਾਜ ਦੀਨ ਦੇ ਹੁਕਮ ਦੇ ਚਲਦੇ, ਮੁਸਲਿਮਾਂ ਨੇ ਹਮਲਾ ਕਰ ਦਿੱਤਾ. ਅਫ਼ਸੋਸ ਕਰਣ ਵਾਲੇ ਸੱਤ ਲੋਕ ਮਾਰੇ ਗਏ ਅਤੇ ਪੰਜ ਜ਼ਖ਼ਮੀ ਹੋਏ. ਇਸ ਵਾਕਿਐ ਬਾਰੇ ਖ਼ਵਾਜ਼ਾ ਇਫ਼ਤਿਖ਼ਾਰ ਇੱਕ ਵਿਵਾਦਤ ਦਾਅਵਾ ਕਰਦੇ ਨੇ ਕਿ ਅਫ਼ਸੋਸ ਕਰਣ ਵਾਲੇ, ਇੱਕ ਮੁਸਲਿਮ-ਮਜਾਰਿਟੀ ਵਾਲੇ ਇਲਾਕੇ ਤੇ, ਨਿਮਰਤਾ ਨਾਲ ਪੇਸ਼ ਨਹੀਂ ਆ ਰਹੇ ਸੀ ਅਤੇ ਉਨ੍ਹਾਂ ਨੇ ਆਮ ਤੌਰ ਤੇ ਗਰੂਰੀਪਨ ਜ਼ਾਹਰ ਕੀਤਾ. ਉਹ ਕਹਿੰਦੇ ਨੇ ਕਿ ਇਸ ਵਜ੍ਹਾ ਕਰ ਕੇ, ਮੁਸਲਿਮਾਂ ਨੂੰ, ਜੋ ਚੌਕ ਪ੍ਰਾਗਦਾਸ ਨੂੰ ਨਹੀਂ ਭੁੱਲੇ ਸੀ, ਗੁੱਸਾ ਆ ਗਿਆ. ਮਾਰੇ ਗਏ ਲੋਕਾਂ ਦੇ ਸ਼ਰੀਰ ਨੂੰ ਪੇਟ੍ਰੋਲ ਅਤੇ ਕੇਰੋਸੀਨ ਪਾ ਕੇ ਸਾੜ ਦਿੱਤਾ ਗਿਆ. ਜ਼ਖ਼ਮੀ ਲੋਕਾ ਨੂੰ ਬੇਹਦ ਬੁਰੇ ਹਾਲ ਵਿੱਚ ਹਸਪਤਾਲ ਲੈ ਜਾਇਆ ਗਿਆ. ਪਰ, ਇਸ ਤਰ੍ਹਾਂ ਦੇ ਹਾਲਾਤ ਵਿੱਚ ਵੀ ਲਾਭੀ ਨਾਂਅ ਦੀ ਇੱਕ ਔਰਤ ਬੱਚ ਗਈ. ਜਦ ਪੁਲਿਸ ਨੇ ਇੱਕ ਸ਼ਿਨਾਖ਼ਤ ਦੀ ਪਰੇਡ ਕਰਾਈ, ਤਦ, ਮੇਹਰਾਜ ਦੀਨ ਆਪਣੀ ਦਾੜ੍ਹੀ ਮੁਣ ਕੇ ਆਈਆ. ਲਾਭੀ ਉਸ ਨੂੰ ਪਛਾਣ ਨਾ ਸਕੀ ਅਤੇ ਹੋਰ ਕਿਸੇ ਆਦਮੀ ਦੀ ਤਰਫ਼ ਇਸ਼ਾਰਾ ਕੀਤਾ. ਅਤੇ, ਜਿਣ ਮੁਸਲਿਮਾਂ ਨੂੰ ਹਿਰਾਸਤ ਵਿੱਚ ਲੀਤਾ ਗਿਆ ਸੀ, ਉਨ੍ਹਾਂ ਦੇ ਖ਼ਿਲਾਫ਼ ਮਾਮਲਾ ਖ਼ਤਮ ਹੋ ਗਿਆ (1991:143-6).

ਇਫ਼ਤਿਖ਼ਾਰ ਦਾ ਖ਼ਿਆਲ ਸੀ ਕਿ ਅੱਮ੍ਰਿਤਸਰ ਤੇ ਮੁਸਲਿਮ ਹਾਵੀ ਸਨ. ਉਹ ਕਈ ਦੂਜੇ ਤਸ਼ੱਦਦੀ ਹਰਕਤਾਂ ਬਾਰੇ ਬੇਹਦ ਵਿਸਤਾਰ ਨਾਲ ਟਿੱਪਣੀ ਕਰਦੇ ਨੇ; ਇਥੇ ਤੱਕ ਕਿ ਉਨ੍ਹਾਂ ਨੂੰ ਹਰ ਦਿਨ ਗੈਰ-ਮੁਸਲਿਮ ਹਲਾਕ ਅਤੇ ਜ਼ਖ਼ਮੀ ਹੋਏ ਲੋਕਾਂ ਦਾ 'ਸਕੋਰ' (ਕ੍ਰਿਕਟ ਦੀ ਜ਼ਬਾਨ ਤੇ), ਮੁਸਲਿਮ ਡਾਕਟਰਾਂ ਅਤੇ ਦੂਜੇ ਮੇਡੀਕਲ ਸਟਾਫ ਦੇਂਦੇ ਸੀ. ਇਫ਼ਤਿਖ਼ਾਰ ਇੰਤਜ਼ਾਮ ਨੂੰ ਮੁਸਲਿਮ ਮੁਖ਼ਾਲਫ਼ਤੀ ਹੋਣ ਦਾ ਕਸੂਰਵਾਰ ਦੱਸਦੇ ਨੇ, ਅਤੇ ਹਿੰਦੂ ਪੁਲਿਸ ਅਫਸਰਾਂ, ਜੈਦਾਂ ਕਿ ਥਾਨੇਦਾਰ ਕੁਨਦਨ ਲਾਲ ਮੇਹਤਾ, ਉਪਰ ਮੁਸਲਿਮਾਂ ਨੂੰ ਸ਼ਿਕਾਰ ਬਣਾਉਣ ਦਾ ਇਲਜ਼ਾਮ ਲਗਾਉਂਦੇ ਨੇ. ਉਹ ਕਈ ਵਾਰ ਦੁਹਰਾਂਦੇ ਨੇ ਕਿ ਗੈਰ-ਮੁਸਲਿਮਾਂ ਉਪਰ ਮੁਸਲਿਮਾਂ ਦੀ ਜਿੱਤ, ਪਹਿਲਾਂ ਤੋਂ ਹੀ ਪੱਕੀ ਸੀ ਕਿਉਂਕਿ ਸੱਚੇ ਮੁਸਲਿਮਾਂ ਦੀ ਦਲੇਰੀ ਦੇ ਸਾਹਮਣੇ, ਕਾਫ਼ਿਰ ਕੁੱਝ ਵੀ ਨਹੀਂ ਸਨ (Ibid: 146-9).

ਸੰਸਕਾਰ ਤੇ ਜਾਂਦੇ ਲੋਕਾਂ ਉਪਰ ਬੇਰਹਿਮ ਹਮਲੇ ਨੂੰ 11 ਮਈ ਦੇ ਮੁਸਲਿਮ ਲੀਗ ਹਿਮਾਇਤੀ ਅਖਬਾਰ ਪਾਕਿਸਤਾਨ ਟਾਇਮਸ ਅਤੇ ਦੀ ਟ੍ਰਿਬਊਨ ਨੇ ਆਪਣੇ ਪਹਿਲੇ ਸਫ਼ੇ ਤੇ ਮੋਟੇ ਅੱਖਰਾਂ ਤੇ ਛਾਪੀਆ. ਪੰਜਾਬ ਮੁੱਖ ਸਚਿਵ ਅਖਤਰ ਹੁਸੈਨ, ਨੇ ਮਈ ਦੇ ਪਹਿਲੇ ਅੱਧ ਦੀ ਪੰਦਰਵਾੜੇ ਦੀ ਰਿਪੋਰਟ ਤੇ ਲਿਖਿਆ:

'ਕੁੱਝ ਹਰਕਤਾਂ ਆਪਣੀ ਕਰੁਰਤਾ ਕਰ ਕੇ ਭਿਆਨਕ ਸਨ ਅਤੇ ਇੱਕ ਬੱਚੇ ਦੇ ਸੰਸਕਾਰ ਤੇ ਜਾ ਰਹੇ ਲੋਕਾਂ ਉਪਰ ਬੇਰਹਿਮ ਹਮਲੇ, ਜਿਸ ਵਿੱਚ ਛੇ ਸਿੱਖ ਅਤੇ ਇੱਕ ਹਿੰਦੂ ਹਲਾਕ ਹੋਏ, ਮੁਸਲਿਮਾਂ ਦੁਆਰਾ ਜ਼ੁਲਮਾਂ ਦੀ ਫ਼ਹਿਰੀਸਤ ਤੇ ਹੋਰ ਇੱਕ ਵਾਕਿਐ ਦਾ ਇਜਾਫ਼ਾ ਕਰਦੀ ਹੈ'. ਉਸੇ ਰਿਪੋਰਟ ਤੇ, ਉਹ ਜ਼ਿਕਰ ਕਰਦੇ ਨੇ ਕਿ ਹਿੰਦੂ ਅਤੇ ਸਿੱਖ ਦੇਸੀ ਬੰਬ ਬਣਾ ਰਹੇ ਸੀ, ਪਰ ਜੋ ਜ਼ਿਆਦਾਤਰ, ਬਣਾਉਣ ਦੇ ਵਕਤ ਹੀ ਫੁੱਟ ਗਏ, ਅਤੇ ਬਣਾਉਣ ਵਾਲੇਆਂ ਨੂੰ ਜ਼ਿਆਦਾ ਨੁਕਸਾਨ ਹੋਇਆ ਨਾ ਕਿ ਜਿਨ੍ਹਾਂ ਨੂੰ ਸ਼ਿਕਾਰ ਬਣਾਉਣਾ ਸੀ, ਉਨ੍ਹਾਂ ਦਾ.

ਦੋਨੋ ਅਖਬਾਰਾਂ, ਪਾਕਿਸਤਾਨ ਟਾਇਮਸ ਅਤੇ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ 11 ਮਈ ਨੂੰ ਅੱਮ੍ਰਿਤਸਰ ਤੇ, ਅੱਗਜਨੀ ਦੇ ਮਾਮਲੇ ਵਧ ਗਏ ਸੀ. ਦੀ ਟ੍ਰਿਬਊਨ ਨੇ ਅੱਗਜਨੀ ਦੇ ਦਸ ਮਾਮਲੇ ਅਤੇ ਛੁਰੇਬਾਜ਼ੀ ਦੇ ਵੀ ਦਸ ਮਾਮਲੇ ਬਾਰੇ ਖ਼ਬਰ ਦਿੱਤੀ. 12 ਮਈ ਨੂੰ, 'ਅੱਮ੍ਰਿਤਸਰ ਤੇ ਵਿਰੋਧੀ ਗੁਟਾਂ ਦੇ ਵਿੱਚ ਬਾਕਾਇਦਾ ਝੜਪਾਂ' ਦੀ ਟ੍ਰਿਬਊਨ ਦੀ ਪਹਿਲੇ ਸਫ਼ੇ ਦੀ ਸੁਰਖੀ ਸੀ. ਇਹ ਗੌਰ ਕੀਤਾ ਗਿਆ ਕਿ ਘਰ ਤੇ ਬਣੇ ਬੰਬਾਂ ਦਾ ਖੁੱਲ੍ਹੇ-ਆਮ ਇਸਤੇਮਾਲ ਕੀਤਾ ਗਿਆ. ਪਾਕਿਸਤਾਨ ਟਾਇਮਸ ਨੇ ਵੀ ਸ਼ਹਿਰ ਤੇ ਗੰਭੀਰ ਤੌਰ ਤੇ ਬਦਤਰ ਹੁੰਦੇ ਹਾਲਾਤ ਬਾਰੇ ਖ਼ਬਰ ਦਿੱਤੀ. ਸਰਕਾਰ ਨੇ 13 ਮਈ ਨੂੰ 48 ਘੰਟੇ ਲਈ ਕਰਫਿਊ ਲਗਾ ਦਿੱਤਾ.

ਲਾਹੌਰ

ਅੱਮ੍ਰਿਤਸਰ ਦਾ ਫ਼ਿਰਕੂ ਤਸ਼ੱਦਦ 13 ਮਈ ਨੂੰ ਲਾਹੌਰ ਤੇ ਫੈਲ ਗਿਆ. 14 ਮਈ ਦੇ ਪਾਕਿਸਤਾਨ ਟਾਇਮਸ ਨੇ ਐਤਵਾਰ 11 ਮਈ ਤੋਂ ਲੈ ਕੇ ਮੰਗਲਵਾਰ, 13 ਮਈ ਤਕ, ਗੋਲੀ ਚਲਣ ਅਤੇ ਛੁਰੇਬਾਜ਼ੀ ਦੇ ਪੰਜ ਵਾਕਿਐ ਬਾਰੇ ਰਿਪੋਰਟ ਦਿੱਤੀ. 15 ਮਈ ਦੇ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ 17 ਛੁਰੇਬਾਜ਼ੀ ਦੇ ਮਾਮਲੇ ਤੇ 12 ਲੋਕ ਹਲਾਕ ਹੋ ਗਏ ਨੇ. ਇਸ ਨੇ ਗੌਰ ਕੀਤਾ:

> ਇਣ ਛੁਰੇਬਾਜ਼ੀ ਦੇ ਮਾਮਲੇਆਂ ਦੇ ਬਾਅਦ, ਸਕੂਲ ਅਤੇ ਕਾਲੇਜ ਬੰਦ ਕਰ ਦਿੱਤੇ ਗਏ ਅਤੇ ਬੱਚੇਆਂ ਨੂੰ ਭੱਜ ਕੇ ਆਪਣੇ ਘਰਾਂ ਤੇ ਵਾਪਸ ਜਾਉਂਦੇ ਵੇਖਿਆ ਗਿਆ ਅਤੇ ਕਈ ਮਾਮਲੇਆਂ ਤੇ ਲੋਕ ਆਪਣੇ ਦਫ਼ਤਰਾਂ ਤੇ ਨਹੀਂ ਗਏ, ਜਦ ਕਿ ਜ਼ਿਆਦਾਤਰ ਦਫ਼ਤਰ ਪਹਿਲਾਂ ਤੋਂ ਹੀ ਬੰਦ ਸਨ. ਜ਼ਿਆਦਾਤਰ ਬਾਜ਼ਾਰਾਂ ਵਿੱਚ, ਅਨਾਰਕਲੀ ਵਿੱਚ ਵੀ, ਅਤੇ ਦੂਜੇ ਵਪਾਰੀ ਜਗ੍ਹਾਂ ਤੇ, ਦੁਕਾਨਾਂ ਬੰਦ ਸੀ.

ਮੇਰੇ ਵੱਡੇ ਭਰਾ ਮੁਸ਼ਤਾਕ ਅਹਿਮਦ ਅਤੇ ਪੰਜਾਬੀ ਲੇਖਕ ਮੁਸਤਨਸਰ ਹੁਸੈਨ ਤਰਾਰ ਉਣ ਦਿਨਾਂ ਤੇ ਸਕੂਲ ਤੇ ਪੜ੍ਹਦੇ ਸੀ. ਉਨ੍ਹਾਂ ਨੇ ਸਕੂਲ ਬੰਦ ਹੋਣ ਦੀ ਯਾਦ ਨੂੰ ਇਣ ਲਫ਼ਜ਼ਾਂ ਤੇ ਜ਼ਾਹਰ ਕੀਤਾ:

ਮੁਸ਼ਤਾਕ ਅਹਿਮਦ

'ਮੇਰਾ ਸਕੂਲ ਪੰਜਾਬ ਯੂਨੀਵਰਸਿਟੀ ਦੇ ਮੈਦਾਨ ਦੇ ਨਜਦੀਕ ਅਤੇ ਚੌਬੁਰਜੀ ਦੇ ਕਰੀਬ (ਸ਼ਾਇਦ ਲੇਕ ਰੋਡ ਦੇ ਉੱਪਰ) ਸੀ. ਇਹ ਇੱਕ ਇੰਗਲਿਸ਼ ਸਕੂਲ ਸੀ. ਅਪ੍ਰੈਲ ਦਾ ਮਹੀਨਾ ਸੀ ਅਤੇ ਕਲਾਸਾਂ ਹਾਲ ਤੇ ਹੀ ਸ਼ੁਰੂ ਹੋਇਆਂ ਸੀ ਕਿ ਕੁੱਝ ਸ਼ਰਾਰਤੀ ਲੋਕਾਂ ਨੇ ਸਾਡੇ ਸਕੂਲ ਤੇ ਅੱਗ ਲਗਾ ਦਿੱਤੀ. ਹਿੰਦੂ ਸਟਾਫ ਜਿਸ ਵਿੱਚ ਜ਼ਿਆਦਾ ਖ਼ਵਾਤੀਨ ਅਧਿਆਪਿਕਾਂ ਸਨ, ਡਰ ਕੇ ਭੱਜ ਗਿਆ. ਕੁੱਝ ਵੱਡੇ ਬੱਚੇ ਖੁਦ ਘਰ ਚਲੇ ਗਏ, ਜਦ ਕਿ ਦੂਜੇ ਉਨ੍ਹਾਂ ਨੂੰ ਲੈਣ ਆਏ ਪਰਵਾਰ ਦੇ ਸਦੱਸਾ ਨਾਲ ਚਲੇ ਗਏ, ਜੋ ਹਮਲੇ ਦੀ ਖ਼ਬਰ ਸੁਣ ਕੇ ਸਕੂਲ ਆ ਗਏ ਸੀ. ਮੈਨੂੰ ਪਤਾ ਨਹੀਂ ਸੀ ਕਿ ਮੈਂ ਕੀ ਕਰਾਂ, ਇਸ ਲਈ ਮੈਂ ਸਕੂਲ ਦੇ ਗੇਟ ਦੇ ਬਾਹਰ, ਇਕੱਲਾ ਬੈਠ ਗਿਆ. ਮੈਂ

ਉਸ ਵਕਤ, ਸਿਰਫ਼ ਛੇ ਸਾਲਾਂ ਦਾ ਸੀ ਅਤੇ ਘਰ ਵਾਪਸ ਜਾਣ ਦਾ ਮੈਨੂੰ ਰਾਹ ਪਤਾ ਨਹੀਂ ਸੀ. ਸਕੂਲ ਸਾਡੇ ਟੇਮਪਲ ਰੋਡ ਦੇ ਘਰ ਤੋਂ ਕਈ ਮੀਲ ਦੂਰ ਸੀ. ਦਫ਼ਤਰ ਦੇ ਕਿਸੇ ਕੱਮ ਦੇ ਚਲਦੇ, ਅਬੱਾਜੀ ਪੜੋਸ ਤੇ ਆਏ ਹੋਏ ਸੀ. ਉਨ੍ਹਾਂ ਦਾ ਦਫ਼ਤਰ ਕੋਈ ਜਿਆਦਾ ਦੂਰ ਨਹੀਂ ਸੀ. ਉਨ੍ਹਾਂ ਨੇ ਮੈਨੂੰ ਵੇਖ ਲੀਤਾ ਅਤੇ ਘਰ ਲੈ ਆਏ. ਸਕੂਲ ਕਦੀ ਨਹੀਂ ਖੁੱਲ੍ਹਾ. ਸਾਨੂੰ ਪਾਕਿਸਤਾਨ ਬਣਨ ਤੱਕ ਇੰਤਜ਼ਾਰ ਕਰਨਾ ਪਿਆ ਅਤੇ ਉਸ ਦੇ ਬਾਅਦ ਸਕੂਲ ਫਿਰ ਸ਼ੁਰੂ ਹੋਇਆ.'

ਮੁਸਤਨਸਰ ਹੁਸੈਨ ਤਰਾਰ

'ਮੈਂ 1947 ਤੇ ਸਿਰਫ਼ ਅੱਠ ਸਾਲਾਂ ਦਾ ਸੀ. ਮੈਂ ਰੰਗ ਮਹਲ ਮਿਸ਼ਨ ਸਕੂਲ ਤੇ ਪੜ੍ਹਾਈ ਕੀਤੀ, ਮੈਨੂੰ ਯਾਦ ਨਹੀਂ ਹੈ ਪਰ ਇਹ ਅਪ੍ਰੈਲ ਦਾ ਵਕਤ ਸੀ ਜਦ ਸਾਡੀ ਖ਼ਵਾਤੀਨ ਅਧਿਆਪਿਕਾ ਨੇ ਘਰ ਜਾਣ ਨੂੰ ਕਿਹਾ, ਕਿਉਂਕਿ ਕਰਫਿਊ ਲਗਾ ਦਿੱਤਾ ਗਿਆ ਸੀ. ਮੈਂ ਗਵਾਲਮੰਡੀ ਤੋਂ ਸਕੂਲ ਆਉਂਦਾ ਸੀ. ਸਾਰੇ ਅਧਿਆਪਕ ਚਲੇ ਗਏ ਸੀ. ਮੈਨੂੰ ਲੈਣ ਕੋਈ ਨਹੀਂ ਆਇਆ. ਮੈਂ ਘਰ ਵਾਪਸ ਜਾਣਾ ਸ਼ੁਰੂ ਕਰ ਦਿੱਤਾ. ਮੋਚੀ ਗੇਟ ਦੇ ਬਾਹਰ, ਸਰਕੁਲਰ ਰੋਡ ਪੂਰੀ ਤਰ੍ਹਾਂ ਉਜਾੜ ਸੀ. ਮੈਂ ਕੁਦਰਤੀ ਤੌਰ ਤੇ ਡਰ ਗਿਆ ਅਤੇ ਨੱਸਣ ਲਗਾ. ਫਿਰ ਮੈਂ ਰਾਹ ਦੇ ਵਿੱਚ ਤੇ ਇੱਕ ਸ਼ਕਸ ਨੂੰ ਪਇਆ ਹੋਇਆ ਵੇਖਿਆ. ਜਦ ਮੈਂ ਨਜਦੀਕ ਗਿਆ ਤੇ ਵੇਖਿਆ ਕਿ ਉਹ ਲਹੂ ਨਾਲ ਲਥਪਥ ਸੀ. ਮੈਨੂੰ ਪਤਾ ਨਹੀਂ ਸੀ ਕਿ ਉਹ ਹਿੰਦੂ ਸੀ ਜਾਂ ਮੁਸਲਿਮ. ਉਹ ਪਹਿਲਾ ਮੌਕਾ ਸੀ ਜਦ ਮੈਂ ਲਹੂ ਵੇਖਿਆ. ਮੈਂ ਰੋਣ ਲਗ ਗਿਆ. ਖੁਸ਼ਕਿਸਮਤੀ ਨਾਲ ਮੇਰੇ ਮਾਮਾ ਅਹਿਮਦ ਅਲੀ, ਉਧਰੋਂ ਜਾ ਰਹੇ ਸੀ. ਉਨ੍ਹਾਂ ਨੇ ਮੈਨੂੰ ਘਰ ਲੈ ਆਉਂਦਾ. ਅਸੀਂ ਚੈਮਬਰਲੇਨ ਰੋਡ ਤੇ ਰਹਿੰਦੇ ਸੀ, ਜਿਥੇ ਹਿੰਦੂਆਂ ਦੀ ਤਦਾਦ ਜਿਆਦਾ ਸੀ. ਮੇਰੇ ਵਾਲਿਦ ਨੇ ਦੋ ਕਾਂਸਟਬਲਾਂ ਦਾ ਇੰਤਜ਼ਾਮ ਕੀਤਾ ਜੋ ਸਾਡੇ ਘਰ 24 ਘੰਟੇ ਰਹਿੰਦੇ ਸੀ. ਰਾਤ ਨੂੰ ਹਿੰਦੂ, ਮੁਸਲਿਮ ਮਹੱਲੇਆਂ ਦੇ ਪਾਸੇ ਕੁੱਝ ਗੋਲੀਆਂ ਚਲਾ ਦੇਂਦੇ ਅਤੇ ਦੋਵੰੇ ਕਾਂਸਟਬਲ ਛੱਤ ਤੇ ਜਾ ਕੇ ਕੁੱਝ ਗੋਲੀਆਂ ਚਲਾ ਕੇ ਹਿੰਦੂਆਂ ਨੂੰ ਚੇਤਾਵਨੀ ਦੇਂਦੇ ਕਿ ਉਹ ਦੁਰ ਰਹਿਣ. ਹਰ ਸ਼ਾਮ, ਜੋਰ ਦੀ ਚੀਕਾਂ "ਅਲ੍ਹਾ-ਹੋ-ਅਕਬਰ" ਅਤੇ "ਹਰ ਹਰ ਮਹਾਦੇਵ", ਕੋਈ ਵੀ ਸੁਣ ਸਕਦਾ ਸੀ.

ਚੂੜੀਆਂ ਅਤੇ ਮੇਹੰਦੀ ਦਾ ਵਾਕਿਆ

ਇੱਕ ਵਾਕਿਐ ਦੇ ਬਾਰੇ ਜੋ ਮੈਂ ਬਚਪਨ ਤੋਂ ਸੁਣਦਾ ਆਇਆ ਹਾਂ ਉਹ ਇਹ ਹੈ ਕਿ ਲਾਹੌਰ ਦੇ ਮੁਸਲਿਮ ਬਦਮਾਸ਼ਾਂ ਨੂੰ ਅੱਮ੍ਰਿਤਸਰ ਦੇ ਮੁਸਲਿਮ ਬਦਮਾਸ਼ਾਂ ਤੋਂ, ਇੱਕ ਪੈਕੇਟ ਮਿਲਿਆ ਜਿਸ ਵਿੱਚ ਚੂੜੀਆਂ ਅਤੇ ਮੇਹੰਦੀ ਭੇਜੀ ਗਈ ਸੀ, ਜਿਸ ਦਾ ਮਕਸਦ ਉਨ੍ਹਾਂ ਦੀ ਕਮਜ਼ੋਰੀ ਅਤੇ ਬੁਜਦਿਲੀ ਉਪਰ ਤਾਅਨੇ ਮਾਰਨਾ ਸੀ ਕਿ ਉਹ, ਮੁਸਲਿਮ ਮਜਾਰਿਟੀ ਵਾਲੇ ਲਾਹੌਰ ਸਹਿਰ ਤੇ ਰਹਿ ਕੇ ਵੀ, ਹਿੰਦੂਆਂ ਅਤੇ ਸਿੱਖਾ ਉਪਰ ਹਮਲਾ ਨਹੀਂ ਕਰ ਰਹੇ ਸੀ (Khosla,1989:114). ਇਸ ਬੇਇੱਜ਼ਤੀ ਦਾ ਅਸਰ ਹੋਇਆ, ਅਤੇ ਇੱਕ ਥੋੜੇ ਵਕਤ ਦੇ ਅੰਦਰ ਹੀ, ਲਾਹੌਰ ਦੇ ਬਦਮਾਸ਼ਾਂ ਨੇ ਛੁਰੇਬਾਜ਼ੀ ਅਤੇ ਕਤਲੇਆਮ ਦੀ ਝੜੀ ਲਗਾ ਦਿੱਤੀ. 16 ਮਈ ਦੇ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ:

> ਲਾਹੌਰ ਦੇ ਜ਼ਿਲ੍ਹਾ ਮੈਜਿਸਟਰੇਟ, ਸ਼੍ਰੀ ਯੂਸਟੇਸ ਨੇ ਕਿਹਾ ਕਿ ਲਾਹੌਰ ਇੱਕ ਸਿਆਨਾ ਸ਼ਹਿਰ ਸੀ ਅਤੇ ਇੱਕ ਲੰਬੇ ਅਰਸੇ ਤੱਕ ਲੋਕਾਂ ਦੀ ਬਿਹਤਰ ਸਮਝ ਕਾਇਮ ਰਹੀ. ਪਰ, ਉਨ੍ਹਾ ਨੂੰ ਜੋ ਇਤਲਾਹ ਹਾਸਲ ਸੀ, ਉਸ

ਦੇ ਮੁਤਾਬਕ, ਸ਼੍ਰੀ ਯੂਸਟੇਸ ਨੇ ਕਿਹਾ ਕਿ ਗੜਬੜ ਫ਼ਿਰ ਸ਼ੁਰੂ ਹੋ ਗਈ ਸੀ ਕਿਉਂਕਿ ਲਾਹੌਰ ਦੇ ਮੁਸਲਿਮ ਬਦਮਾਸ਼ਾਂ ਨੂੰ ਅੱਮ੍ਰਿਤਸਰ ਦੇ ਮੁਸਲਿਮ ਬਦਮਾਸ਼ਾਂ ਨੇ ਚੂੜੀਆਂ ਪਾਉਣ ਲਈ ਭੇਜੀਆਂ. ਇਸ ਦਾ ਮਤਲਬ ਸੀ ਕਿ ਉਹ ਨਾਲੋ ਨਾਲ ਗੁੰਡਾਗਰਦੀ ਚਾਲੂ ਕਰਣ.

ਸ਼੍ਰੀ ਯੂਸਟੇਸ ਦੇ ਮੁਤਾਬਕ, ਲਾਹੌਰ ਦੇ ਬਦਮਾਸ਼ ਇਸ ਕਰ ਕੇ ਪਰੇਸ਼ਾਨ ਹੋ ਗਏ ਅਤੇ ਗੜਬੜੀ ਕਰਣ ਦਾ ਫ਼ੈਸਲਾ ਲੀਤਾ. ਇਸ ਦੇ ਇਲਾਵਾ, ਜ਼ਿਲ੍ਹਾ ਮੈਜਿਸਟਰੇਟ ਸੋਚਦੇ ਸੀ ਕਿ ਲਾਹੌਰ ਤੇ ਹੋਰ ਕੋਈ ਗੜਬੜੀ ਨਹੀਂ ਹੋਣੀ ਚਾਹੀਦੀ ਸੀ.

ਯੂਸਟੇਸ ਜੋ ਇੱਕ ਡਿਪਟੀ ਕਮੀਸ਼ਨਰ ਸਨ, ਉਨ੍ਹਾਂ ਨੇ ਮੇਹੰਦੀ ਦਾ ਜ਼ਿਕਰ ਆਪਣੀ *ਪ੍ਰੈਸ ਕਨਫ਼ੇਰੇਂਸ* (ਪਤਰਕਾਰ ਸੱਮੇਲਨ) ਤੇ ਨਹੀਂ ਕੀਤਾ ਪਰ ਇਹ ਅਹਿਮ ਨਹੀਂ ਹੈ. 17 ਮਈ ਦੇ *ਦੀ ਟ੍ਰਿਬਊਨ* ਨੇ ਉਸ ਕਹਾਣੀ ਨੂੰ ਜਾਰੀ ਰੱਖਿਆ ਅਤੇ ਲਾਹੌਰ ਦੇ *ਡਿਪਟੀ ਕਮੀਸ਼ਨਰ* ਅਤੇ ਪੁਲਿਸ ਆਈ.ਜੀ. ਨੂੰ ਇਸ 'ਚੂੜੀਆਂ ਦੇ ਵਾਕਿਐ' ਉਪਰ ਤਹਕੀਕਾਤ ਕਰਣ ਦੀ ਤਾਕੀਦ ਕੀਤੀ. 16 ਮਈ ਦੇ ਪਾਕਿਸਤਾਨ ਟਾਇਮਸ ਨੇ ਇਸ ਕਹਾਣੀ ਦਾ ਕੋਈ ਸਿੱਧਾ ਜ਼ਿਕਰ ਨਹੀਂ ਕੀਤਾ, ਪਰ ਖ਼ਬਰ ਦਿੱਤੀ ਕਿ ਤਸ਼ੱਦਦ ਵੱਧਣ ਦੀ ਵਜ੍ਹਾ ਨਾਲ 14 ਮਈ ਨੂੰ 22 ਲੋਕ ਹਲਾਕ ਹੋਏ. ਕਲੇਬ ਅਲੀ ਸ਼ੇਖ਼ ਨੇ ਇਸ ਪਹੇਲੀ ਬਾਰੇ ਸਮਝਾਇਆ ਕਿ ਕਿਸ ਤਰ੍ਹਾਂ ਲਾਹੌਰ ਦੇ ਲੋਕਾ ਨੂੰ ਚੂੜੀਆਂ ਪੇਸ਼ ਕੀਤੀ ਗਈਆਂ: 'ਅੱਮ੍ਰਿਤਸਰ ਤੋਂ ਕੁੱਝ ਲੋਕ ਰੋਜ਼ਾਨਾ ਲਾਹੌਰ ਕੱਮ ਕਰਣ ਆਉਂਦੇ ਸੀ. ਉਹ ਰੇਲਗਡੀ ਜਾਂ ਬਸਾਂ ਤੇ ਸਫਰ ਕਰਦੇ ਸੀ. ਜਦ ਗੜਬੜੀ ਸ਼ੁਰੂ ਹੋਈ, ਅੱਮ੍ਰਿਤਸਰ ਦੇ ਗੁੰਡੇ ਅਕਸਰ ਲਾਹੌਰ ਆਉਣ ਲਗੇ. ਲਾਹੌਰ ਦੇ ਮੁਸਲਿਮ, ਦਿਲ੍ਹੀ ਤੌਰ ਤੇ, ਅੱਮ੍ਰਿਤਸਰਿਆਂ ਦੀ ਤਰ੍ਹਾਂ, ਤਸ਼ੱਦਦ ਨਹੀਂ ਕਰਣਾ ਚਾਹੁੰਦੇ ਸੀ. ਇੱਕ ਦਿਨ ਮਈ ਤੇ, ਮਾਅਲ ਤੇ, ਮੁਸਲਿਮ ਲੀਗ ਦਾ ਇੱਕ ਜਲੂਸ ਜਾਂ ਮਜਮਾ ਬਣ ਰਿਹਾ ਸੀ. ਤਦ ਹੀ, ਅੱਮ੍ਰਿਤਸਰਿਆਂ ਨੇ ਲਾਹੌਰਿਆਂ ਦੇ ਕੋਲ ਜਾ ਕੇ ਕਿਹਾ "ਇਹ ਸਾਡੀ ਤਰਫ਼ੋਂ ਇੱਕ ਤੋਹਫ਼ਾ ਹੈ". ਇਸ ਦੇ ਬਾਅਦ ਮੁਸਲਿਮ ਹਮਲਾਵਰ ਰਵੱਈਐ ਦੀ ਕਰੂਰਤਾ ਦਾ ਜ਼ਾਹਰ ਫ਼ਰਕ ਵੇਖਿਆ ਜਾ ਸਕਦਾ ਸੀ. ਇਹ ਸਭ ਨੂੰ ਪਤਾ ਹੈ ਕਿ, ਮੁਸਲਿਮ ਲੀਗ ਦੇ ਕੁੱਝ ਰਹਿਨੁਮਾ, ਜੈਦਾਂ ਕਿ ਸਰਦਾਰ ਸ਼ੌਕਤ ਹਯਾਤ, ਅੱਮ੍ਰਿਤਸਰ ਅਤੇ ਲਾਹੌਰ ਦੇ ਗੁੰਡਾ ਤੱਤ ਨਾਲ ਜੁੜੇ ਹੋਏ ਸੀ. ਇਸ ਤਰ੍ਹਾਂ ਦਾ ਰਿਸ਼ਤਾ ਹੋਰ ਜ਼ਿਆਦਾ ਤਸ਼ੱਦਦੀ ਤਰੀਕੇਆਂ ਨਾਲ ਹਿੰਦੂਆਂ ਅਤੇ ਸਿੱਖਾਂ ਉਪਰ ਹਮਲੇ ਕਰਣ ਲਗਾ.' ਇਫ਼ਤਿਖ਼ਾਰ ਨੇ ਵੀ ਇਸ ਵਾਕਿਐ ਨੂੰ ਇਨ ਲਫ਼ਜ਼ਾਂ ਵਿੱਚ ਬਿਆਨ ਕੀਤਾ ਹੈ:

> ਫ਼ਿਰਕੂ ਤਸ਼ੱਦਦ ਸ਼ਹਿਰਾਂ ਅਤੇ ਪਿੰਡਾ ਤੇ ਫੈਲ ਗਿਆ ਸੀ. ਪਰ ਇਹ ਇੱਕ ਅਜੀਬ ਸੱਚਾਈ ਸੀ ਕਿ ਇਹ ਸ਼ਹਿਰ ਜੋ ਇੰਨਾ ਜ਼ਿੰਦਾਦਿਲ ਸੀ, ਜੋ ਨਾ ਸਿਰਫ਼ ਸਿਆਸੀ ਤੇਹਰੀਕਾਂ ਦਾ ਆਗੂ ਸੀ, ਬਲਕਿ ਸਾਰੀ ਤੇਹਰੀਕਾਂ ਵੀ ਇਥੋਂ ਸ਼ੁਰੂ ਅਤੇ ਮਕਬੂਲ ਹੋਇਆਂ ਸੀ, ਹੁਣ ਤੱਕ ਬਿਲਕੁਲ ਚੁੱਪ-ਚਾਪ ਸੀ. ਕੁੱਝ ਸ਼ਰਾਰਤੀ ਮੁਸਲਿਮਾਂ ਨੇ ਬਾਬੂ ਟ੍ਰੇਨ ਤੇ, ਜੋ ਰੋਜ਼ਾਨਾ ਲਾਹੌਰ ਜਾਉਂਦੀ ਸੀ, ਆਪਣਾ ਸੁਨੇਹਾ ਭੇਜਿਆ; ਉਨ੍ਹਾਂ ਨੇ ਲਾਹੌਰ ਦੇ ਮੁਸਲਿਮਾਂ ਲਈ, ਇੱਕ ਰੇਲ ਦੇ ਡੱਬੇ ਤੇ, ਮੇਹੰਦੀ ਅਤੇ ਚੂੜੀਆਂ ਭੇਜਿਆਂ. ਇਸ ਦਾ ਮਕਸਦ ਲਾਹੌਰ ਦੇ ਮੁਸਲਿਮਾਂ ਨੂੰ ਅਖਾੜੇ ਤੇ ਲਾਉਣਾ ਸੀ ਤਾਂਕਿ ਉਹ ਮੁਸਲਿਮਾਂ ਦੇ ਖ਼ਿਲਾਫ਼ ਹੋਏ ਜ਼ੁਲਮਾਂ ਦਾ ਬਦਲਾ ਲੈਣ. ਇਹ ਖ਼ਬਰ ਕਿ ਅੱਮ੍ਰਿਤਸਰ ਦੇ ਮੁਸਲਿਮਾਂ ਨੇ ਲਾਹੌਰ ਦੇ ਮੁਸਲਿਮਾਂ ਲਈ, ਮੇਹੰਦੀ ਅਤੇ ਚੂੜੀਆਂ ਭੇਜਿਆਂ ਸੀ, ਲਾਹੌਰ ਦੇ ਅਖ਼ਬਾਰਾਂ ਨੇ ਇਸ ਨੂੰ ਵੱਡੇ ਅਖਰਾਂ ਤੇ ਛਾਪੀਆ. ਅਤੇ, ਲਾਹੌਰ ਦੇ ਮੁਸਲਿਮਾਂ ਦੇ ਕੌਮੀ ਗ਼ਰੂਰ ਨੂੰ ਭੜਕਾਇਆ ਗਿਆ. ਅੱਮ੍ਰਿਤਸਰ ਦੇ ਮੁਸਲਿਮਾਂ ਦੇ ਸਹਿਯੋਗ ਨਾਲ, ਉਨ੍ਹਾਂ ਨੇ ਲਾਹੌਰ ਦੀ ਸ਼ਾਹਆਲਮੀ ਬਾਜ਼ਾਰ ਨੂੰ ਅੱਗ ਲਗਾ ਦਿੱਤੀ (ਹਿੰਦੂ ਮਜਾਰਿਟੀ ਵਾਲਾ ਸ਼ਾਹਆਲਮੀ ਗੇਟ ਦਾ ਇਲਾਕਾ. ਸ਼ਾਹ ਆਲਮ ਨਾਂਅ ਪਾਕਿਸਤਾਨ ਬਣਨ ਦੇ ਬਾਅਦ ਦਿੱਤਾ ਗਿਆ-ਲੇਖਕ) (1991:192).

ਦਰਅਸਲ, ਸ਼ਾਹਆਲਮੀ ਗੇਟ ਉਪਰ ਹਮਲਾ ਬਹੁਤ ਬਾਅਦ ਤੇ ਹੋਇਆ; ਇਫ਼ਤਿਖ਼ਾਰ ਤਾਰੀਖਾਂ ਨੂੰ ਲੈ ਕੇ ਸਹੀ ਨਹੀਂ ਸਨ. ਬਹਰ ਹਾਲ, ਸ਼ੁਕਰਵਾਰ, 16 ਮਈ ਦੀ ਅੱਧ ਰਾਤ ਤੋਂ ਲੈ ਕੇ, ਸ਼ਨਿਵਾਰ 17 ਮਈ ਦੀ ਸਵੇਰ ਤਕ, ਕੁੱਲ ਮਿਲਾ ਕੇ, 14 ਮਈ ਤੋਂ 55 ਲੋਕ ਹਲਾਕ ਅਤੇ 128 ਜ਼ਖ਼ਮੀ ਹੋਏ (*Pakistan Times*, 18 ਮਈ). ਇਸ ਦੇ ਬਾਅਦ, ਹਾਲਾਤ ਸੁਧਰ ਗਏ, ਜਦ ਗੋਰਖਾ ਟੁਕੜਿਆਂ ਨੂੰ ਗਵਬੜੀ ਵਾਲੇ ਇਲਾਕਿਆਂ ਤੇ ਗਸ਼ਤ ਲਗਾਉਂਣ ਨੂੰ ਕਿਹਾ ਗਿਆ. ਲਾਹੌਰ ਦੇ ਕਾਂਗਰੇਸੀ ਆਗੂ ਭੀਮ ਸੇਨ ਸਚੱਰ ਅਤੇ ਹਿੰਦੂ ਮਹਾਸਭਾ ਦੇ ਆਗੂ ਸਰ ਗੋਕੁਲ ਚੰਦ ਨਾਰੰਗ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਟੈਲੀਗ੍ਰਾਮ ਭੇਜੀ ਜਿਸ ਵਿੱਚ ਉਨ੍ਹਾਂ ਨੇ ਜੋਰ ਦੇ ਕੇ ਕਿਹਾ: 'ਲਾਹੌਰ ਦੇ ਹਾਲਾਤ ਬੇਹਦ ਨਾਜ਼ੁਕ ਨੇ. ਅਸੀਂ 24 ਘੰਟੇ ਕਰਫਿਊ ਲਾਗੂ ਕਰਣ ਲਈ ਅਤੇ ਫ਼ੌਜ਼ ਨੂੰ ਵੱਡੇ ਪੈਮਾਨੇ ਤੇ ਬੁਲਾਉਣ ਲਈ, ਤਲਬ ਕਰਦੇ ਹਾਂ. ਤੁਰੰਤ ਕੀਤੀ ਕਾਰਵਾਈ ਹੀ ਹਾਲਾਤ ਨੂੰ ਹੋਰ ਵਿਗੜਣ ਤੋਂ ਰੋਕ ਸਕਦੀ ਹੈ' (The Tribune, 17 ਮਈ).

ਪਰ, ਆਰ.ਐਸ.ਐਸ ਲਾਹੌਰ ਤੇ ਹਰਕਤਾਂ ਕਰਦਾ ਸੀ ਅਤੇ ਮੁਸਲਿਮਾਂ ਦੇ ਖ਼ਿਲਾਫ਼ ਤਸ਼ੱਦਦ ਹੋਇਆ ਸੀ. ਮੈਨੂੰ ਡਾ.ਹਫ਼ੀਜ ਅਹਿਮਦ ਮੁਘਲ ਨੇ ਦੱਸਿਆ ਕਿ ਉਨ੍ਹਾਂ ਦੇ ਖ਼ਾਲੂ (ਮਾਸੜ) ਚਨਨ ਦੀਨ, ਜੋ ਕਲਕੱਤੇ ਤੋਂ 1939 ਤੇ ਅੰਦਰੁਨ ਸ਼ਹਿਰ ਤੇ ਰੰਗ ਮਹਲ ਦੇ ਨਜਦੀਕ ਬਿੱਲਾ ਕਬੁਤਰ ਬਾਜ਼ ਸਟ੍ਰੀਟ ਤੇ ਲੈਟ ਆਏ ਸੀ, ਉਨ੍ਹਾਂ ਨੂੰ 16 ਮਈ 1947 ਨੂੰ ਕਸੇਰੇ ਬਾਜ਼ਾਰ ਤੇ, ਛੁਰਾ ਮਾਰ ਕੇ ਹਲਾਕ ਕਰ ਦਿੱਤਾ ਗਿਆ. ਪਰ, ਕਤਲ ਕਰਣ ਵਾਲੇਆਂ ਦਾ ਕੋਈ ਪਤਾ ਨਹੀਂ ਲਗਿਆ. ਡਾ.ਮੁਘਲ ਨੇ ਮੈਨੂੰ ਇਹ ਵੀ ਦੱਸਿਆ ਕਿ, ਘਾਤ ਲਾਉਣੀ ਅਤੇ ਪੱਥਰਬਾਜ਼ੀ ਆਮ ਗਲ ਸੀ, ਅਤੇ ਅੰਦਰੁਨ ਸਹਿਰ ਦੇ ਮੁਖ਼ਤਲਿਫ਼ ਇਲਾਕਿਆਂ ਤੇ ਕਰਫਿਊ ਲਗਾਣਾ ਪਇੰਦਾ ਸੀ.

ਅੰਦਰੁਨ ਸ਼ਹਿਰ ਤੇ ਫੈਲੀ ਹੋਈ ਅੱਗ

18 ਮਈ ਦੇ ਪਾਕਿਸਤਾਨ ਟਾਇਮਸ ਨੇ ਖ਼ਬਰ ਦਿੱਤੀ ਕਿ ਸ਼ੁਕਰਵਾਰ, 16 ਮਈ ਦੀ ਰਾਤ ਤੋਂ, ਅੰਦਰੁਨ ਸ਼ਹਿਰ ਤੇ ਕਈ ਜਗ੍ਹਾਂ ਤੇ ਅੱਗ ਲਗੀ ਹੋਈ ਸੀ. ਸਵੇਰੇ 8 ਵਜੇ ਤੋਂ ਬਾਅਦ, ਹਾਲਾਤ ਬਦਤਰ ਹੋਣ ਲਗੇ ਜਦ ਤੁਰੰਤ ਛੁਰੇਬਾਜ਼ੀ ਹੋਣ ਲਗੀ. ਦੁਪਹਿਰ ਤਕ, ਦੋਵੇਂ ਗੁਟਾਂ ਵਿੱਚ, ਯੱਕੀ ਗੇਟ ਤੋਂ ਲੈ ਕੇ ਟਕਸਾਲੀ ਗੇਟ ਦੇ ਇਲਾਕੇ ਤਕ, ਜਬਰਦਸਤ ਝੜਪਾਂ ਹੋਣ ਲਗੀਆਂ. ਦੁਪਹਿਰ ਤੇ ਜੋ ਅੱਗਾਂ ਲਗਿਆਂ ਸਨ, ਜਲਦ ਫੈਲ ਗਈਆਂ ਅਤੇ ਇੱਕ ਵੱਡਾ ਇਲਾਕਾ ਪ੍ਰਭਾਵਿਤ ਹੋਇਆ, ਜਿਸ ਵਿੱਚ ਚੌਕ ਵਜੀਰ ਖ਼ਾਨ, ਅਕਬਰੀ ਮੰਡੀ ਅਤੇ ਕੁਚਾ ਵਨਵਟਾਂ ਸ਼ਾਮਲ ਸਨ. ਗੋਰਖਾ ਟੁਕੜਿਆਂ ਨੂੰ ਸਰਕੁਲਰ ਰੋਡ ਤੇ ਗਸ਼ਤ ਲਕਾਉਣ ਦਾ ਹੁਕਮ ਦਿੱਤਾ ਗਿਆ. ਸ਼ਨਿਵਾਰ ਸਵੇਰ ਤਕ, 55 ਸ਼ਕਸ ਹਲਾਕ ਅਤੇ 128 ਜ਼ਖ਼ਮੀ ਹੋਣ ਦੀ ਖ਼ਬਰ ਸੀ.

ਰਾਜਗੜ ਦੇ ਮੁਸਲਿਮ ਇਲਾਕੇ ਉਪਰ ਹਮਲਾ

18 ਮਈ ਨੂੰ ਰਾਜਗੜ ਦੇ ਮੁਸਲਿਮ ਇਲਾਕੇ ਉਪਰ ਹਿੰਦੂਆਂ ਅਤੇ ਸਿਖਾਂ ਦੁਆਰਾ ਤੰਜੀਮ ਕੀਤਾ ਇੱਕ ਹਮਲਾ ਹੋਇਆ. ਰਾਜਗੜ ਦੇ ਚਾਰੇ ਪਾਸੇ, ਹਿੰਦੂ-ਮਜਾਰਿਟੀ ਦੀ ਰਿਹਾਇਸ਼ਾਂ ਸੀ ਜੈਦਾਂ ਕਿ ਸ਼ਾਮ ਨਗਰ, ਪ੍ਰੇਮ ਨਗਰ ਅਤੇ ਇੱਕ ਖਾਸ ਗੜ ਕ੍ਰਿਸ਼ਨਾ ਨਗਰ. ਅਖ਼ਤਰ ਹੁਸੈਨ ਮਈ ਦੇ ਦੂਜੇ ਅੱਧ ਬਾਰੇ, ਆਪਣੀ ਰਿਪੋਰਟ ਤੇ ਗੌਰ

ਕਰਦੇ ਨੇ ਕਿ 11 ਅਪ੍ਰੈਲ ਤੋਂ, ਅੱਮ੍ਰਿਤਸਰ ਤੇ, 460 ਸ਼ਕਸ ਹਲਾਕ ਜਾਂ ਜ਼ਖ਼ਮੀ ਹੋਏ ਨੇ; ਲਾਹੌਰ ਤੇ 9 ਮਈ ਤੋਂ, ਜਦ ਦੁਬਾਰਾ ਤਸ਼ੱਦਦ ਫੈਲ ਗਿਆ, 325 ਸ਼ਕਸ ਹਲਾਕ ਜਾਂ ਜ਼ਖ਼ਮੀ ਹੋਏ ਨੇ. ਉਨ੍ਹਾਂ ਨੇ ਗੌਰ ਕੀਤਾ:

> ਵਾਕਿਐ ਸਾਬਤ ਕਰਦੇ ਨੇ ਕਿ ਸ਼ਹਿਰਾਂ ਦੇ ਅੰਦਰ ਅਤੇ ਬਾਹਰ, ਦੋਵੇਂ ਜਗ੍ਹਾਂ ਤੇ ਲੋਕ ਬਿਹਤਰ ਸੰਗਠਤ ਹੋ ਗਏ ਨੇ. ਇਸ ਦੀ ਸਭ ਤੋਂ ਚੰਗੀ ਮਿਸਾਲ ਉਹ ਹਮਲੇ ਨੇ ਜੋ ਲਾਹੌਰ ਦੇ ਨਜਦੀਕ ਰਾਜਗੜ ਅਤੇ ਸਿੰਘਪੁਰਾ ਤੇ 18 ਹੋਰ 19 ਮਈ ਨੂੰ, ਅਤੇ ਅੱਮ੍ਰਿਤਸਰ ਦੇ ਨਜਦੀਕ ਰਸੁਲਪੁਰਾ ਤੇ 24 ਮਈ ਨੂੰ ਹੋਏ. ਰਾਜਗੜ ਅਤੇ ਰਸੁਲਪੁਰਾ ਤੇ, ਸਿੱਖਾਂ ਅਤੇ ਹਿੰਦੂਆ ਨੇ ਆਧੁਨਿਕ ਹਥਿਆਰ, ਗ੍ਰੇਨੇਡ ਅਤੇ ਬੰਬਾਂ ਨਾਲ ਲੈਸ ਹੋ ਕੇ, ਮੁਸਲਿਮਾਂ ਦੇ ਉਪਰ ਵੱਡੇ ਪੈਮਾਨੇ ਤੇ ਅਤੇ ਤੰਜ਼ੀਮ ਕੀਤੇ ਹਮਲੇ ਕੀਤੇ. ਸਿੰਘਪੁਰਾ ਅਲਗ ਸੀ, ਅਤੇ ਬਗੈਰ ਉਤੇਜਤ ਕੀਤੇ ਕਿਸੇ ਹਮਲੇ ਦਾ ਕੋਈ ਸਬੁਤ ਨਹੀਂ ਸੀ, ਪਰ ਇਹ ਸਿੱਖ ਸੰਗਠਨ ਦੀ ਕਿਸੇ ਵੀ ਇਤਫ਼ਾਕਿਆ ਲੋੜ ਅਤੇ ਕਰੂਰਤਾ ਨਾਲ ਬਦਲਾ ਲੈਣ ਦੀ ਤਿਆਰੀ ਦਰਸ਼ਾਉਂਦਾ ਸੀ. ਇਣ ਤਿੰਨ ਮਾਮਲੇਆਂ ਤੇ ਜਿਸ ਵਿੱਚ ਕਾਫ਼ੀ ਮੁਸਲਿਮ ਹਲਾਕ ਹੋਏ ਨੇ, ਉਸ ਦੀ ਤਫ਼ਤੀਸ਼ ਚਲ ਰਹੀ ਹੈ ਅਤੇ ਇਸ ਦੇ ਦਿਲਚਸਪ ਨਤੀਜੇ ਆਉਣ ਦੀ ਉਮੀਦ ਹੈ. ਇਹ ਯਕੀਨ ਕਰਣ ਦੀ ਵਜ੍ਹਾ ਮੌਜੂਦ ਹੈ ਕਿ ਰਾਜਗੜ ਦੇ ਹਮਲਾਵਰ ਵਿੱਚ ਰਾਸ਼ਟ੍ਰੀਯ ਸਵਯਮ ਸੇਵਕ ਸੰਘ ਦੇ ਸਦੱਸ ਸ਼ਾਮਲ ਸਨ. ਇਸ ਬਾਰੇ ਸਭ ਨੂੰ ਪਤਾ ਹੈ ਕਿ ਸੰਘ ਦੇ ਸਦੱਸ ਸ਼ਹਿਰ ਦੇ ਅੰਦਰ ਦੇ ਇੱਕ ਸੰਘਠਨ ਨਾਲ ਜੁੜੇ ਨੇ, ਜੋ ਸੁਰੱਖਿਆ ਕਮੇਟੀ ਦੇ ਇਖ਼ਤਿਆਰ ਤੇ ਕੱਮ ਕਰਦੀ ਹੈ ਅਤੇ ਇਹ ਸੁਰਖਿਆ ਕਮੇਟੀ ਪੰਜਾਬ ਰਿਲੀਫ ਕਮੇਟੀ ਦਾ ਇੱਕ ਹਿੱਸਾ ਹੈ (20 Jun 1947, POL. 8501/47).

ਰਿਪੋਰਟ ਇਹ ਵੀ ਦੱਸਦੀ ਹੈ ਕਿ ਲਾਹੌਰ ਅਤੇ ਅੱਮ੍ਰਿਤਸਰ ਦੇ ਬਾਹਰ, ਸਭ ਤੋਂ ਗੰਭੀਰ ਫ਼ਿਰਕੂ ਗੜਬੜੀ ਗੁੜਗਾਂਉ ਜ਼ਿਲ੍ਹੇ ਤੇ ਹੋਈ ਸੀ. ਇਹ ਹਲਚਲ, ਲਗਦਾ ਹੈ 25 ਮਈ ਨੂੰ ਤਦ ਪੈਦਾ ਹੋ ਗਈ ਜਦ ਹਿੰਦੂ ਅਹੀਰਾਂ ਨੇ ਇੱਕ ਮੁਸਲਿਮ ਪਿੰਡ ਉਪਰ ਹਮਲਾ ਕਰ ਕੇ ਕਈ ਲੋਕਾਂ ਨੂੰ ਹਲਾਕ ਜਾਂ ਜ਼ਖ਼ਮੀ ਕੀਤਾ ਅਤੇ ਸੰਪਤੀ ਤਬਾਹ ਕੀਤੀ. ਅਗਲੇ ਦਿਨ ਇੱਕ ਹੋਰ ਮੁਸਲਿਮ ਪਿੰਡ ਉਪਰ ਹਮਲਾ ਕੀਤਾ ਗਿਆ ਪਰ ਇਥੇ ਮੁਸਲਿਮਾਂ ਨੇ ਮੁਕਾਬਲਾ ਕੀਤਾ. ਪੂਰਾ ਜ਼ਿਲ੍ਹਾ ਹੀ ਸੱਚ-ਮੁੱਚ, ਫ਼ਿਰਕੂ ਜੰਗ ਦੀ ਲਪੇਟ ਵਿੱਚ ਆ ਗਿਆ ਜਿਸ ਨੂੰ ਅਧਿਕਾਰੀ ਕਾਬੂ ਵਿੱਚ ਨਹੀਂ ਕਰ ਸਕੇ. ਕੋਈ 50 ਪਿੰਡ ਤਬਾਹ ਹੋ ਗਏ ਅਤੇ ਇੱਕ ਵੱਡੀ ਤਦਾਦ ਤੇ ਲੋਕ ਮਾਰੇ ਗਏ ਜਾਂ ਜ਼ਖ਼ਮੀ ਹੋਏ. ਪੁਲਿਸ ਅਤੇ ਫ਼ੌਜ਼ ਨੇ 1,000 ਰਾਉਂਡ ਗੋਲੀਆਂ ਚਲਾਇਆਂ ਤਾਂਕਿ ਅਮਨ ਕਾਇਮ ਕੀਤਾ ਜਾ ਸਕੇ. ਜੋ ਹਥਿਆਰ ਜਬਤ ਕੀਤੇ ਗਏ, ਉਸ ਵਿੱਚ ਦੇਸ਼ੀ ਤੋਪਾਂ ਸ਼ਾਮਲ ਸਨ (Ibid).

ਪੰਜਾਬ ਦੇ ਗਵਰਨਰ ਨੇ 31 ਮਈ ਨੂੰ ਅਲਗ ਰਿਪੋਰਟ ਭੇਜੀ ਕਿ ਫ਼ਰੀਦਕੋਟ ਅਤੇ ਨਾਭਾ ਸਿੱਖ ਰਿਆਸਤਾਂ ਦੀ ਹਥਿਆਰਬੰਦ ਟੁਕੜਿਆਂ ਨੂੰ ਲਾਹੋਰ ਤੇ ਮੌਜੂਦ ਹੋਣ ਦੀ ਖ਼ਬਰ ਮਿਲੀ ਹੈ, ਜਿੱਥੇ ਉਨ੍ਹਾਂ ਨੇ ਦਹਿਸ਼ਤ ਫੈਲਾ ਦਿੱਤੀ ਸੀ. ਉਨ੍ਹਾਂ ਨੂੰ ਬਾਅਦ ਵਿੱਚ ਚੇਤਾਵਨੀ ਦਿੱਤੀ ਗਈ ਕਿ ਬਗੈਰ ਇੱਜ਼ਾਜ਼ਤ ਉਹ ਬ੍ਰਿਟਿਸ਼ ਪੰਜਾਬ ਵਿੱਚ ਹਥਿਆਰਬੰਦ ਟੁਕੜਿਆਂ ਜਾਂ ਸੇਵਾ ਲਈ ਗਡੀਆਂ ਨਾ ਭੇਜਣ (Carter, 2007a: 222).

ਡਾ.ਮੁਘਲ

ਡਾ.ਮੁਘਲ ਨੂੰ ਉਹ ਭਿਆਨਕ ਰਾਤ ਹੁਣ ਵੀ ਯਾਦ ਹੈ. ਉਨ੍ਹਾਂ ਨੇ ਮੈਨੂੰ ਲਿਖਿਆ: 'ਮੈਂ 14 ਸਾਲ ਛੇ ਮਹੀਨੇ ਦਾ ਸੀ ਜਦ ਸਾਡਾ ਮੁਲਕ ਬਣਿਆ (ਜਨਮ: 2 ਜਨਵਰੀ 1933) ਅਤੇ ਸੇਂਟ੍ਰਲ ਮੌਡੇਲ ਸਕੂਲ ਤੇ 9ਵੀਂ ਜਮਾਤ ਤੇ ਸੀ ਅਤੇ ਮੁਜ਼ੰਗ ਤੇ ਰਹਿੰਦਾ ਸੀ...ਇੰਡੀਆ ਦੀ ਇੱਕ ਬਟਾਲਿਅਨ ਨੇ... ਰਾਜਗੜ ਦੇ ਮੁਸਲਿਮਾਂ ਉਪਰ ਹਮਲਾ

ਕੀਤਾ. ਇੱਕ ਵੱਡੀ ਤਦਾਦ ਤੇ ਲੋਕ ਹਲਾਕ ਹੋਏ ਜਿਸ ਵਿੱਚ ਖ਼ਵਾਤੀਨਾਂ ਅਤੇ ਬੱਚੇ ਸ਼ਾਮਲ ਸਨ. ਜੀਪਾਂ ਵਿੱਚ ਫ਼ੌਜ਼ੀ ਸਾਡੀ ਅੱਖਾਂ ਦੇ ਸਾਹਮਣੇ, ਬੇਗਮ ਰੋਡ ਹੋ ਕੇ ਗੁਜਰੇ. ਇਹ ਰਾਤ ਦਾ ਵਕਤ ਸੀ ਅਤੇ ਅਸੀਂ ਸ਼ਿਕਾਰ ਹੋਏ ਲੋਕਾਂ ਦੀ ਚੀਕਾਂ ਸੁਣ ਸਕਦੇ ਸੀ ਅਤੇ ਜਲਦੀ ਛੋਪੜਿਆਂ ਤੋਂ ਅੱਗ ਅਤੇ ਧੂੱਆਂ ਵੇਖ ਸਕਦੇ ਸੀ.'

13 ਜਨਵਰੀ 2005 ਨੂੰ ਰਾਜਗੜ ਦਾ ਦੌਰਾ

ਰਾਜਗੜ ਲਾਹੌਰ ਦੇ ਬਾਹਰ ਵਾਲਾ ਤਕਸੀਮ ਤੋਂ ਪਹਿਲਾਂ ਦਾ ਇੱਕ ਮੁਸਲਿਮ ਇਲਾਕਾ ਸੀ. ਇਸ ਦੇ ਚਾਰੇ ਪਾਸੇ ਹਿੰਦੂ-ਸਿੱਖ ਇਲਾਕੇ ਸਨ, ਜਿਸ ਵਿੱਚ ਸ਼ਾਮ ਨਗਰ, ਰਾਮ ਨਗਰ ਅਤੇ ਹਿੰਦੂ ਗੜ ਕ੍ਰਿਸ਼ਨ ਨਗਰ ਸੀ. ਇਹ ਸਭ ਤੋਂ ਨਜਦੀਕ ਮੁਸਲਿਮ ਗੜ ਮੁਜ਼ੰਗ ਤੋਂ ਥੋੜੀ ਦੂਰ ਹੈ.

ਅਹਿਮਦ ਸਲੀਮ ਅਤੇ ਮੈਂ ਰਾਜਗੜ ਪਹੁੰਚੇ ਤਦ ਸਰਦੀਆਂ ਦੇ ਦਿਨਾਂ ਦਾ ਸੂਰਜ ਤੇਜੀ ਨਾਲ ਢਲ ਰਿਹਾ ਸੀ. ਕੁੱਝ ਦੇਰ ਬਾਅਦ ਅਸ਼ੀਂ ਕੁੱਝ ਸਥਾਨੀ ਲੋਕਾਂ ਨੂੰ ਮਿਲੇ ਜਿਨ੍ਹਾਂ ਨੇ ਉਣ ਬਜ਼ੁਰਗਾਂ ਨਾਲ ਸਾਡਾ ਮੇਲ ਕਰਾ ਦਿੱਤਾ ਜੋ 18 ਮਈ 1947 ਦੀ ਵਾਰਦਾਤਾਂ ਨੂੰ ਯਾਦ ਕਰ ਕੇ ਸਾਨੂ ਦੱਸ ਸਕਣ.

ਘੂਲਾਮ ਹੈਦਰ

'ਗੁਨਹਗਾਰ ਸ਼ਾਮ ਨਗਰ ਅਤੇ ਕ੍ਰਿਸ਼ਨ ਨਗਰ, ਹਿੰਦੂ-ਮਜਾਰਿਟੀ ਵਾਲੇ ਇਲਾਕਿਆਂ ਤੋਂ ਆਏ ਸੀ. ਉਨ੍ਹਾਂ ਦੇ ਕੋਲ ਨਵੇਂ ਦੌਰ ਦੀ ਬੰਦੂਕਾਂ ਅਤੇ ਗੋਲਾ-ਬਾਰੂਦ ਸੀ. ਉਨ੍ਹਾਂ ਨੇ ਕੁੱਝ ਬੰਬ ਸੁੱਟੇ ਅਤੇ ਮੁਸਲਿਮ ਬੰਜਾਰੇਆਂ ਦੀ ਝੌਪੜਿਆਂ ਤੇ ਅੱਗ ਲਗਾ ਦਿੱਤੀ ਅਤੇ ਗੁਜੱਰਾ ਦੀ ਡੇਅਰੀ ਫਾਰਮ ਤੇ ਵੀ ਹਮਲਾ ਕੀਤਾ. ਉਨ੍ਹਾਂ ਨੇ ਮੇਰੇ ਚਾਚਾ ਅਤੇ ਉਨ੍ਹਾਂ ਦੀ ਸਾਲੀ ਨੂੰ ਮਾਰ ਦਿੱਤਾ. ਇਣ ਵਾਰਦਾਤਾਂ ਦੇ ਬਾਅਦ, ਉਨ੍ਹਾਂ ਦਾ ਪਰਵਾਰ ਇਛਰਾ ਦੇ ਮੁਸਲਿਮ ਇਲਾਕੇ ਤੇ ਚਲਾ ਗਿਆ ਅਤੇ ਘਰ ਤਦ ਵਾਪਸ ਆਇਆ ਜਦ ਪਾਕਿਸਤਾਨ ਬਣ ਗਿਆ ਸੀ. ਡੀ.ਐਸ.ਪੀ. ਟੇਕ ਸਿੰਘ ਰਾਜਗੜ ਦੇ ਹਮਲੇ ਦੀ ਸਾਜ਼ਸ਼ ਵਿੱਚ ਸ਼ਾਮਲ ਸਨ.'

ਮੁਹੱਮਦ ਮੁਨੀਰ

'ਮੈਂ, ਉਸ ਵਕਤ, ਮਹਿਜ਼ ਦਸ ਜਾਂ ਬਾਰਾਂ ਸਾਲ ਦਾ ਸੀ. ਹਮਲਾਵਰ ਦੇਰ ਸ਼ਾਮ ਨੂੰ ਆਏ. ਕੁੱਝ ਬੰਬਾਂ ਦਾ ਵਿਸਫੋਟ ਕੀਤਾ ਗਿਆ ਅਤੇ ਕਈ ਮੁਸਲਿਮ ਹਲਾਕ ਜਾਂ ਜ਼ਖ਼ਮੀ ਹੋਏ. ਹਮਲਾਵਰਾਂ ਨੇ ਗਾਮ ਨਾਈ ਦੀ ਦੋਨੇ ਲਤਾਂ ਵੱਡ ਦਿੱਤੀਆਂ. ਅਸੀਂ ਮੁਜ਼ੰਗ ਤੇ, ਆਪਣੇ ਰਿਸ਼ਤੇਦਾਰਾਂ ਦੀ ਹਿਫ਼ਾਜ਼ਤ ਵਿੱਚ ਚਲੇ ਗਏ. ਇਸ ਦੇ ਬਾਅਦ, ਕਈ ਮੁਸਲਿਮ ਆਗੂਵਾਂ ਨੇ, ਜਿਸ ਵਿੱਚ ਬੇਗਮ ਸ਼ਾਹਨਵਾਜ਼ ਸ਼ਾਮਲ ਸਨ, ਰਾਜਗੜ ਦਾ ਦੌਰਾ ਕੀਤਾ. ਇਸ ਦੇ ਬਾਅਦ, ਪੁਲਿਸ ਅਤੇ ਫ਼ੌਜ਼ ਆਈ ਅਤੇ ਇਸ ਜੁਰਮ ਬਾਰੇ, ਕੁੱਝ ਹਿੰਦੂਆਂ ਅਤੇ ਸਿੱਖਾਂ ਨੂੰ, ਜਿਨ੍ਹਾਂ ਦੇ ਉਪਰ ਸ਼ੱਕ ਸੀ, ਪਕੜ ਕੇ ਮੁਜ਼ੰਗ ਪੁਲਿਸ ਥਾਨੇ ਲੈ ਗਈ. ਕ੍ਰਿਸ਼ਨ ਨਗਰ ਦੇ ਹਿੰਦੂਆਂ ਨੇ ਰਾਜਗੜ ਉਪਰ ਹਮਲਾ ਕੀਤਾ ਸੀ. ਕੋਈ ਪੰਜ ਤੋਂ ਲੈ ਕੇ ਸੱਤ ਮੁਸਲਿਮ ਹਲਾਕ ਹੋਏ ਸੀ. ਮੇਰੇ ਚਾਚਾ ਜਲਾਲ ਦੀਨ ਅਤੇ ਉਨ੍ਹਾਂ ਦੀ ਪਤਨੀ ਘੂਲਾਮ ਫ਼ਾਤਿਮਾ ਅਤੇ ਉਨਾਂ ਦਾ ਬੇਟਾ ਮੁਹੱਮਦ ਯੂਸੁਫ਼ ਹਲਾਕ ਹੋ ਗਏ. ਉਨ੍ਹਾਂ ਦੀ ਕੁੱਝ ਮੱਝਾਂ ਵੀ ਮਾਰੀ ਗਈਆਂ. ਮਿਆਂ ਅਹਿਮਦ ਦੀਨ ਨੂੰ ਗੋਲੀ ਮਾਰੀ ਗਈ, ਪਰ ਉਹ ਬਚ ਗਏ.'

ਲ਼ਮਬਰਦਾਰ ਮਿਆਂ ਮੁਹੱਮਦ ਹਨੀਫ਼

'ਮੈਂ ਇਸ ਪਿੰਡ ਦੇ ਲਮਬਰਦਾਰਾਂ ਦੇ ਪਰਵਾਰ ਨਾਲ ਤਾਲੁੱਕ ਰਖਦਾ ਹਾਂ, 1947 ਤੇ ਮੈਂ 16 ਸਾਲਾਂ ਦਾ ਸੀ. ਰਾਜਗੜ ਦੇ ਸਾਡਾ ਮੁਸਲਿਮ ਅਰਾਇਨ ਪਰਵਾਰ ਸਭ ਤੋਂ ਪ੍ਰਮੁੱਖ ਸੀ. ਮੇਰੇ ਵਡੇਰੇਆਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਗੀਰ ਦਿੱਤੀ ਸੀ. ਰਾਜਗੜ ਦੀ ਖ਼ਾਸ ਸੜਕ, ਪੀਰ ਬਕਸ਼ ਰੋਡ, ਮੇਰੇ ਦਾਦਾ ਦੇ ਨਾਂਅ ਤੇ ਹੈ. ਰਾਜਗੜ ਨੂੰ ਇਸ ਕਰ ਕੇ ਹਮਲਾ ਕਰਣ ਲਈ ਚੁਣਿਆ ਗਿਆ ਕਿਉਂਕਿ ਇਹ ਸਿਰਫ਼ ਇੱਕ ਮੁਸਲਿਮ ਇਲਾਕਾ ਸੀ, ਜਿਸ ਦੇ ਚਾਰੇ ਪਾਸੇ ਹਿੰਦੂ ਅਤੇ ਸਿੱਖ ਇਲਾਕੇ ਸੀ. ਰਾਜਗੜ ਸਿਰਫ਼ ਇੱਕ ਤਰਫ਼ ਕਿਸੇ ਮੁਸਲਿਮ ਇਲਾਕੇ ਨਾਲ ਜੁੜਿਆ ਹੋਇਆ ਸੀ ਅਤੇ ਉਹ ਸੀ ਪਛੱਮ ਤੇ ਸੰਡਯਾਨ.

'ਹਮਲਾ ਬੇਸ਼ਕ, ਚੰਗੀ ਤਰ੍ਹਾਂ ਤਿਆਰੀ ਕਰ ਕੇ ਕੀਤਾ ਗਿਆ ਸੀ. ਖ਼ਬਰ ਮਿਲੀ ਸੀ ਕਿ ਕੁੱਝ ਰਿਆਸਤੀ ਸੂਬਿਆਂ ਦੇ ਸਿੱਖਾਂ ਅਤੇ ਕ੍ਰਿਸ਼ਨ ਨਗਰ ਦੇ ਹਿੰਦੂਆਂ ਨੇ ਹਿੱਸਾ ਲੀਤਾ ਸੀ. ਹਮਲਾਵਰ ਹਨੇਰੇ ਤੇ ਆਏ, ਅਤੇ ਬੰਬਾਂ ਦਾ ਵਿਸਫੋਟ ਕਰ ਕੇ ਸਭ ਤੋਂ ਜ਼ਿਆਦਾ ਅਸਰ ਪਾਇਆ. ਉਸ ਵਕਤ, ਸਿਰਫ਼ ਦੋ ਮੁਸਲਿਮਾਂ, ਬਾਉ ਅਮੀਨ ਅਤੇ ਮੇਹਰ ਫ਼ੀਰੋਜ਼ ਕੋਲ ਬੰਦੂਕਾਂ ਸੀ, ਪਰ ਉਨ੍ਹਾਂ ਨੇ ਗੋਲੀ ਦਾ ਜਵਾਬ ਨਹੀਂ ਦਿੱਤਾ ਕਿਉਂਕਿ ਉਹ ਹਿੰਦੂਆਂ ਅਤੇ ਸਿੱਖਾਂ ਦੀ ਬਿਹਤਰ ਤਾਕਤ ਦਾ ਸਾਹਮਣਾ ਨਹੀਂ ਕਰਨਾ ਚਾਹੁੰਦੇ ਸੀ. ਲੋਕ ਘਰਾਂ ਦੇ ਅੰਦਰ ਹੀ ਰਹੇ. ਉਸ ਵਕਤ, ਕਰਫਿਊ ਵੀ ਚਾਲੂ ਸੀ. ਕਈ ਬੰਜਾਰੇ ਅਤੇ ਗੂਜਰ ਮਾਰੇ ਗਏ ਅਤੇ ਉਨ੍ਹਾਂ ਦੀ ਝੌਪੜਿਆਂ ਜਲਾ ਦਿੱਤੀ ਗਈਆਂ.

'ਉਸ ਵਕਤ ਤਕ, ਪੁਰਾਣੇ ਸ਼ਹਿਰ ਤੇ ਵੀ ਅੱਗ ਲਗਣੀ ਸ਼ੁਰੂ ਹੋ ਗਈ ਸੀ. ਕ੍ਰਿਸ਼ਨ ਨਗਰ ਤੇ ਸਿਰਫ਼ ਇੱਕ ਮੁਸਲਿਮ ਇਮਾਰਤ ਸੀ, ਚਿਰਾਘ ਬਿਲਡਿੰਗ. ਹਿੰਦੂਆਂ ਨੇ ਇਸ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮਯਾਬ ਰਹੇ. ਰਾਜਗੜ ਦੇ ਕੁੱਝ ਮੁਸਲਿਮਾਂ ਨੇ ਕਿਰਸ਼ਨ ਨਗਰ ਦੇ ਹਿੰਦੂਆਂ ਨਾਲ ਝੜਪਾਂ ਵਿੱਚ ਹਿੱਸਾ ਲੀਤਾ. ਤਕਸੀਮ ਦੇ ਬਾਅਦ, ਜ਼ਿਆਦਾਤਰ ਹਿੰਦੂ ਅਤੇ ਸਿੱਖ ਚਲੇ ਗਏ, ਪਰ ਕ੍ਰਿਸ਼ਨ ਨਗਰ ਤੇ ਉਹ 1948 ਦੇ ਕੁੱਝ ਦਿਨ ਤੱਕ ਰਹੇ.'

ਲਾਹੌਰ ਲਈ ਜੰਗ ਹੋਰ ਤੀਬਰ ਹੋ ਜਾਉਂਦੀ ਹੈ

18 ਮਈ ਨੂੰ, ਸਰਕਾਰ, ਪਬਲਿਕ ਸੇਫਟੀ ਐਕਟ ਦੇ ਤਹਿਤ, ਫ਼ਿਰਕੂ ਫ਼ਸਾਦਾਂ ਦੀ ਖ਼ਬਰ ਦੇਣ ਉੱਪਰ, ਸਰਕਾਰੀ ਵਿਵਰਣਾਂ ਨੂੰ ਛੱਡ ਕੇ, ਪਾਬੰਦੀ ਲਗਾ ਦੇਂਦੀ ਹੈ. ਕੋਈ ਵੀ ਖ਼ਬਰ ਜਾਂ ਤਸਵੀਰ ਜੋ ਪਤਰਕਾਰ ਇਕੱਠਾ ਕਰਦੇ ਸੀ, ਉਸ ਨੂੰ ਸਿੱਧੇ ਤੌਰ ਤੇ ਛਾਪਣਾ ਮਨ੍ਹਾ ਸੀ. ਰਾਜਗੜ ਦੇ ਹਮਲੇ ਨਾਲ ਪੈਦਾ ਹੋਏ ਖ਼ੌਫ਼ ਦੇ ਬਾਵਜੂਦ, ਮਈ ਦੇ ਮੱਧ ਤੇ, ਸੂਬੇ ਤੇ ਸਮੁੱਚੇ ਤੋਰ ਤੇ, ਮੁਸਲਿਮਾਂ ਦਾ ਪਲੜਾ ਭਾਰੀ ਹੋ ਗਿਆ ਸੀ. ਜੇਨਕੀਨਸ ਨੇ ਖ਼ਬਰ ਦਿੱਤੀ ਕਿ ਮੁਸਲਿਮ ਜ਼ਿਆਦਾਤਰ ਅੱਗਜਨੀ ਲਈ ਜ਼ਿਮੇਵਾਰ ਸਨ ਅਤੇ ਦੋ ਤਿਹਾਈ ਮੌਤਾਂ ਦੀ ਵਜ੍ਹਾ ਵੀ ਮੁਸਲਿਮ ਸਨ. 21 ਮਈ ਨੂੰ ਵਾਇਸਰਾਏ ਨੂੰ ਭੇਜੀ ਇੱਕ ਟੈਲੀਗ੍ਰਾਮ ਤੇ ਉਨ੍ਹਾਂ ਨੇ ਲਿਖਿਆ: 'ਲਗਦਾ ਹੈ ਮੁਸਲਿਮ ਹਿੰਦੂਆਂ ਅਤੇ ਸਿੱਖਾਂ ਨੂੰ ਲਾਹੌਰ ਦੇ ਬਾਹਰੀ ਇਲਾਕਿਆਂ ਤੋਂ ਅੱਗਜਨੀ ਕਰ ਕੇ ਬਾਹਰ ਕੱਢਨਾ ਚਾਹੁੰਦੇ ਸੀ ਅਤੇ ਇਸ ਲਈ ਉਹ ਸਾੜ-ਫੂਕ ਕਰ ਰਹੇ ਸੀ. ਸਿੱਖ ਅਤੇ ਹਿੰਦੂ ਵੀ ਬਦਲੇ ਦੀ ਕਾਰਵਾਈ ਕਰ ਰਹੇ ਨੇ ਪਰ ਉਹ ਹਥਿਆਰ ਬੰਦੀ ਉਪਰ ਜ਼ਿਆਦਾ ਜੋਰ ਦੇ ਰਹੇ ਨੇ ਤਾਂਕਿ ਉਹ ਆਪਣਾ ਇੱਤਕਾਮ ਲੈ ਸਕਣ'

(Carter 2007a: 207). ਉਨ੍ਹਾਂ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਜ਼ਿਆਦਾ ਤੋਂ ਜ਼ਿਆਦਾ ਪੁਲਿਸ ਪੰਕਤੀਬੱਧ ਕੀਤੀ ਸੀ, ਪਰ ਬਦਤਰ ਹੁੰਦੇ ਹਾਲਾਤ ਲਈ ਉਹ ਕਾਫ਼ੀ ਨਹੀਂ ਸੀ. ਉਨ੍ਹਾਂ ਨੇ ਹੋਰ ਜ਼ਿਆਦਾ ਫ਼ੌਜ਼ ਦੀ ਮੰਗ ਕੀਤੀ. 4ਥੀ ਇੰਡੀਅਨ ਡਿਵੀਜ਼ਨ ਦੇ ਇਲਾਵਾ, ਜਿਸ ਦਾ ਪਹਿਲਾਂ ਤੋਂ ਹੀ ਇੰਤਜ਼ਾਮ ਕੀਤਾ ਜਾ ਰਿਹਾ ਸੀ, ਇੱਕ ਹੋਰ ਪੂਰੀ ਬ੍ਰਿਗੇਡ ਦੀ, ਸਿਰਫ਼ ਲਾਹੌਰ ਦੇ ਬਾਹਰੀ ਇਲਾਕੇ ਲਈ, ਲੋੜ ਸੀ (Ibid.).

ਇੱਕ ਲੇਖ ਜਿਸ ਦਾ ਸਿਰਲੇਖ 'ਸਮ ਸਜੇਸਚਨਸ ਟੂ ਪੰਜਾਬ ਗਵਰਨਰ (ਪੰਜਾਬ ਦੇ ਗਵਰਨਰ ਲਈ ਕੁੱਝ ਸੁਝਾਵ)' ਸੀ, ਦੀ ਟ੍ਰਿਬਊਨ ਨੇ ਲਾਹੌਰ ਤੇ ਹੋਰ ਫ਼ੌਜ਼ ਦੀ ਟੁਕੜਿਆਂ ਨੂੰ ਮੁਤਾਇਮ ਕਰਣ ਦੀ ਦਲੀਲ ਪੇਸ਼ ਕੀਤੀ; ਸ਼ਹਿਰ ਤੇ ਸਾਰੇ ਮਜ਼ੂਬਾਂ ਦੇ ਪੁਲਿਸਵਾਲੇ ਰਖਣ ਨੂੰ ਵੀ ਕਿਹਾ (ਸ਼ਹਿਰ ਤੇ ਜ਼ਿਆਦਾਤਰ ਪੁਲਿਸਵਾਲੇ ਮੁਸਲਿਮ ਸਨ) ਅਤੇ ਸਿਪਾਹੀਆਂ ਨੂੰ ਦਮਕਲ ਨਾਲ ਹੀ ਆਉਣ ਨੂੰ ਕਿਹਾ, ਤਾਂਕਿ ਉਹ ਅੱਗ ਬੁਝਾ ਸਕਣ, ਕਿਉਂਕਿ ਉਨ੍ਹਾਂ ਦੇ ਰਾਹ ਨੂੰ, ਗੁੰਡੇ ਅਤੇ ਦੂਜੇ ਸ਼ਰਾਰਤੀ ਲੋਕ ਪੱਥਰਬਾਜ਼ੀ ਕਰ ਕੇ ਰੋਕ ਸਕਦੇ ਸੀ (*The Tribune*, 20 May).

ਮਈ ਦਾ ਖ਼ਾਤਮਾ

ਮਈ ਦਾ ਮਹੀਨਾ, ਸਮੁੱਚੇ ਤੌਰ ਤੇ, ਇੰਡੀਆ ਦੀ ਤਕਸੀਮ ਦੇ ਸਵਾਲ ਉਪਰ ਅਤੇ ਪੰਜਾਬ ਦੇ ਇੱਕ ਨਾਜ਼ਕ ਦੌਰ ਤੇ ਜਾਣ ਦੇ ਨਾਲ, ਖ਼ਤਮ ਹੋਇਆ. ਵਾਇਸਰਾਏ ਦੁਆਰਾ ਇੱਕ ਐਲਾਨ ਹੋਣ ਵਾਲਾ ਸੀ, ਅਤੇ ਇੰਡੀਆ ਦੇ ਮੁੱਖ ਛੋਟੇ ਵੱਡੇ ਸ਼ਹਿਰਾਂ ਤੇ, ਪੜ੍ਹੇ-ਲਿਖੇ ਲੋਕ, ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸੀ. ਜਿੱਥੇ ਤੱਕ ਕਾਨੂੰਨ ਅਤੇ ਵਿਵਸਥਾ ਦਾ ਸਵਾਲ ਸੀ, ਪੰਜਾਬ ਤੇ ਗੜਬੜ ਕਾਇਮ ਰਹੀ, ਅਤੇ ਤਸ਼ੱਦਦ ਲਾਹੌਰ ਅਤੇ ਅੱਮ੍ਰਿਤਸਰ ਤੇ ਫੈਲ ਗਿਆ ਸੀ, ਪਰ ਦੂਜੇ ਸ਼ਹਿਰਾਂ ਤੇ ਵੀ ਕਦੀ ਕਦੀ ਤਸ਼ੱਦਦ ਦਾ ਉਥਾਲ ਹੋ ਰਿਹਾ ਸੀ.

ਯੁਵਰਾਜ ਕਿਸ਼ਨ

ਯੁਵਰਾਜ ਕਿਸ਼ਨ ਜੋ ਪੁਰਾਣੀ ਅਨਾਰਕਲੀ ਦੇ ਇੱਕ ਹਿੰਦੂ ਇਲਾਕੇ ਤੇ ਰਹਿੰਦੇ ਸੀ, ਉਨ੍ਹਾਂ ਨੇ ਮੁਤਾਬਕ ਮਈ ਦੇ ਆਖ਼ਰ ਤੇ ਹਿੰਦੂ ਇਲਾਕਿਆਂ ਤੇ ਅੱਗ ਲਗੀ ਹੋਈ ਸੀ. ਉਨ੍ਹਾਂ ਨੇ ਯਾਦ ਕੀਤਾ:

'ਲਾਹੌਰ ਤੇ ਗੜਬੜ ਤਦ ਸ਼ੁਰੂ ਹੋਈ, ਜਦ ਸਾਡੇ ਘਰ ਦੇ ਕਰੀਬ, ਪੁਰਾਣੀ ਅਨਾਰਕਲੀ ਦੇ ਨਜਦੀਕ ਕੁੜੀਬਾਘ ਤੇ 3 ਮਾਰਚ ਨੂੰ ਮਾਸਟਰ ਤਾਰਾ ਸਿੰਘ ਨੇ ਇੱਕ ਭਾਸ਼ਣ ਦਿੱਤਾ. ਇਸ ਦੇ ਚਲਦਿਆਂ ਫ਼ਿਰਕੂ ਝੜਪਾਂ ਹੋਇਆਂ ਅਤੇ ਪੁਲਿਸ ਦੀ ਗੋਲੀਆਂ ਤੇ, ਖ਼ਾਸ ਕਰ ਕੇ ਹਿੰਦੂ ਹਲਾਕ ਹੋਏ. ਇਸ ਦੇ ਬਾਅਦ, ਹਰ ਦਿਨ ਕਿਸੇ ਉਪਰ ਘਾਤ ਲਗਦੀ ਜਾਂ ਕਿਸੇ ਨੂੰ ਛੁਰਾ ਮਾਰ ਦਿੱਤਾ ਜਾਂਦਾ. ਸ਼ਾਮ ਨੂੰ ਹਾਲਾਤ ਹੋਰ ਖਰਾਬ ਹੋ ਜਾਂਦੇ. ਫ਼ਿਰਕੂ ਦੁਸ਼ਮਨੀ ਨੂੰ ਲੜਾਕੇ ਨਾਅਰੇਆਂ ਨਾਲ ਜ਼ਾਹਰ ਕੀਤਾ ਜਾਣ ਲਗਾ ਅਤੇ ਛੱਤਾਂ ਤੋਂ ਜੰਗ ਦੀ ਪੁਕਾਰਾਂ ਦਿੱਤੀ ਜਾਣ ਲਗੀਆਂ. ਮੁਸਲਿਮ ਚੀਕ ਕੇ ਕਹਿੰਦੇ "ਨਾਰਾ-ਏ-ਤਕਬੀਰ, ਅਲ੍ਹਾ ਉ ਅਕਬਰ". ਇਸ ਦੇ ਜਵਾਬ ਤੇ ਹਿੰਦੂ ਚੀਕ ਕੇ ਕਹਿੰਦੇ "ਹਰ, ਹਰ ਮਹਾਦੇਵ " ਅਤੇ ਸਿੱਖਾਂ ਦਾ ਨਾਅਰਾ ਸੀ "ਜੋ ਬੋਲੇ ਸੋ ਨਿਹਾਲ, ਸਤ ਸ਼੍ਰੀ ਅਕਾਲ". ਹਰ ਕੋਰਸ ਖਿੱਚਦਾ ਰਹਿੰਦਾ ਅਤੇ ਉਸ ਦੇ ਬਾਅਦ, ਦੂਜੇ ਸਮੁਦਾਇ ਦੇ ਲੋਕ ਹੋਰ ਲੰਬੀ ਖਿੱਚ ਕੇ ਧਮਕਾਉਂਦੇ, ਹਥਿਆਰ ਲੈਣ ਲਈ ਮਜ਼ੂਬੀ ਪੁਕਾਰ ਦੇਂਦੇ. ਇਣ ਸਭ ਨੇ ਇੱਕ ਢੂੰਘਾ ਡਰ ਅਤੇ ਗੈਰ-ਮਹਿਫ਼ੂਜ਼ ਇਹਸਾਸ ਪੈਦਾ ਕਰ ਦਿੱਤਾ ਸੀ. ਮਈ ਤੇ ਹਮਲੇ, ਬੁਨਿਆਦੀ ਤੌਰ ਤੇ, ਹੋਰ ਸ਼ੰਗਠਤ ਹੋ ਗਏ, ਹਿੰਦੂ ਅਤੇ ਸਿੱਖਾਂ

ਉਪਰ ਉਣ ਇਲਾਕਿਆਂ ਤੇ ਹਮਲੇ ਕੀਤੇ ਗਏ ਜਿੱਥੇ ਉਹ ਘੱਟ ਤਦਾਦ ਤੇ ਸਨ ਅਤੇ ਹਿੰਦੂ-ਸਿੱਖ ਟੋਲਿਆਂ ਨੇ ਮੁਸਲਿਮਾਂ ਉਪਰ ਹਮਲੇ ਕੀਤੇ ਜਿੱਥੇ ਉਹ ਘੱਟ ਤਦਾਦ ਤੇ ਸਨ.

'ਜਦ ਗੜਬੜ ਸੁਰੂ ਹੋਈ, ਮੇਰੇ ਪਿਤਾ ਕੁੱਲੂ ਲਈ ਰਵਾਨਾ ਹੋ ਗਏ ਜਿੱਥੇ ਸਾਡਾ ਪੁਸ਼ਤੈਨੀ ਘਰ ਸੀ. ਮੇਰਾ ਵੱਡਾ ਭਰਾ, ਇੱਕ ਰਿਸ਼ਤੇ ਦਾ ਭਰਾ ਅਤੇ ਮੈਂ ਇੱਕ ਸਾਥ ਧੋਬੀ ਮੰਡੀ ਦੇ ਘਰ ਤੇ ਰਹਿੰਦੇ ਸੀ. 27 ਮਈ ਦੀ ਰਾਤ ਨੂੰ ਮੁਸਲਿਮਾਂ ਨੇ ਅੰਦਰੁਨ ਸ਼ਹਿਰ ਦੇ ਇੱਕ ਇਲਾਕੇ, ਪਾਪੜ ਮੰਡੀ ਨੂੰ ਅੱਗ ਲਗਾ ਦਿੱਤੀ. ਜਦ ਹਿੰਦੂਆਂ ਨੇ ਬਾਹਰ ਆਉਣ ਦੀ ਕੋਸ਼ਿਸ਼ ਕੀਤੀ, ਤੇ ਪੁਲਿਸ ਨੇ ਉਨ੍ਹਾਂ ਨੂੰ ਵਾਪਸ ਜਾਣ ਦਾ ਹੁਕਮ ਦਿੱਤਾ ਕਿਉਂਕਿ ਉਸ ਵਕਤ ਕਰਫਿਊ ਚਾਲੂ ਸੀ. ਰਾਤ ਦੇ ਦੋ ਵਜੇ, ਅਸੀਂ ਆਪਣੀ ਘਰ ਦੀ ਛੱਤ ਤੋਂ ਵੇਖਿਆ ਕਿ ਪੁਰਾਣੇ ਸ਼ਹਿਰ ਦੀ ਤਰਫ਼ੋਂ ਅੱਗ ਦੀ ਲਪਟਾਂ ਨਿਕਲ ਰਹਿਆਂ ਸਨ. ਇਹ ਸਾਨੂ ਬੇਹਦ ਦਿਲ ਢਾਉਣ ਵਾਲਾ ਅਤੇ ਡਰਾਉਣਾ ਲਗਿਆ. ਲਾਹੌਰ ਦੀ ਪੁਲਿਸ ਲੱਗਭਗ ਪੂਰੀ ਮੁਸਲਿਮ ਸੀ. ਉਸ ਦੌਰ ਤੇ, ਇਸ ਨੇ ਬਹੁਤ ਜ਼ਿਆਦਾ ਤਰਫ਼ਦਾਰੀ ਕੀਤੀ. ਸਾਡਾ ਸਰਕਾਰੀ ਇੰਤਜ਼ਾਮ ਉਪਰ ਇਤਬਾਰ ਖ਼ਤਮ ਹੋ ਗਿਆ. ਅਗਰ ਕੋਈ ਹਿੰਦੂ ਜਾਂ ਸਿੱਖ, ਮਦਦ ਲਈ ਪੁਲਿਸ ਥਾਨੇ ਜਾਉਂਦਾ ਸੀ, ਤੇ ਅਮਲੀ ਤੌਰ ਤੇ ਮਦਦ ਨਹੀਂ ਦਿੱਤੀ ਜਾਂਦੀ ਸੀ, ਹਾਲਾਂਕਿ ਫੈਰਮਲ (ਰਿਵਾਜ਼ੀ) ਤੌਰ ਤੇ ਐਦਾਂ ਨਹੀਂ ਕੀਤਾ ਜਾਂਦਾ ਸੀ.

ਸ਼੍ਰੀਮਤੀ ਵਿਮਲ ਇਸੱਰ

ਜਦ ਅਸੀਂ ਇੰਡੀਆ ਇੰਟਰਨੇਸ਼ਨਲ ਸੇਂਟਰ, ਨਵੀਂ ਦਿੱਲੀ ਦੇ ਰੇਸਟੋਰੇਂਟ ਤੇ ਸੀ, ਤਦ ਮੇਰਾ ਸਾਥ ਦੇਣ ਲਈ, ਲੋਕਾਂ ਦਾ ਇੱਕ ਸਮੂਹ ਆਇਆ, ਜੋ ਇੱਕ ਮੇਜ ਤੇ ਬੈਠ ਕੇ ਖਾਣ ਲਈ ਬੇਤਾਬ ਸੀ. ਉਨ੍ਹਾਂ ਦੇ ਵਿੱਚ ਵਿਮਲ ਇਸੱਰ ਸਨ, ਜੋ ਦੂਰਦਰਸ਼ਨ ਤੋਂ ਇੱਕ ਸੀਨੀਅਰ ਅਫ਼ਸਰ ਦੇ ਤੌਰ ਤੇ ਰਿਟਾਇਰ ਹੋਏ ਸਨ. ਪਤਾ ਲਗਾ ਕਿ ਸ਼੍ਰੀਮਤੀ ਇਸੱਰ, ਲਾਹੌਰ ਤੋਂ ਸਨ. ਬਾਅਦ ਤੇ ਉਨ੍ਹਾਂ ਨੇ ਕਈ ਦਿਲਚਸਪ ਇੰਟਰਵਿਊ ਲੈਣ ਲਈ ਮਦਦ ਕੀਤੀ. ਜਦ 13 ਮਾਰਚ 2004 ਨੂੰ ਉਨ੍ਹਾਂ ਦਾ ਇੰਟਰਵਿਊ ਲੀਤਾ, ਉਨ੍ਹਾਂ ਨੇ ਮੈਨੂੰ ਇਹ ਦੱਸਿਆ:

'ਮੈਂ ਕੁਚਾ ਮੇਲਾ ਰਾਮ, ਅੰਦਰੁਨ ਸ਼ਹਿਰ, ਲਾਹੌਰ ਤੇ ਪੈਦਾ ਹੋਈ ਸੀ. ਮੇਰੇ ਪਿਤਾ ਹਰਬੰਸ ਸਿੰਘ ਸੁਰੀ ਦਾ ਇੱਕ ਖੁਸ਼ਹਾਲ ਸਪੋਰਟਸ ਦਾ ਵਪਾਰ ਸੀ. ਅਸੀਂ ਪੰਜਾਬ ਦੇ ਕਈ ਕਲਬਾਂ ਨੂੰ ਖੇਡ ਦਾ ਸਾਮਾਨ ਅਤੇ ਸਮਗਰੀ ਮੁਹੱਇਆ ਕਰਾਂਦੇ ਸੀ. ਮੇਰੇ ਪਿਤਾ ਇੱਕ ਨਵੇਂ ਦੌਰ ਦੇ ਖ਼ਿਆਲਾਂ ਵਾਲੇ ਇਨਸਾਨ ਸਨ, ਜੋ ਜਾਤ-ਪਾਤ ਅਤੇ ਛੁਆ-ਛੂਤ ਵਿੱਚ ਯਕੀਨ ਨਹੀਂ ਕਰਦੇ ਸੀ. ਇਸ ਕਰ ਕੇ ਸਾਡੇ ਘਰ ਤੇ ਮੁਸਲਿਮ ਖੁੱਲ੍ਹਾ ਹੋ ਕੇ ਖਾਂਦੇ-ਪੀਦੇ ਸੀ. ਕਦੀ ਕੋਈ ਮਸਲਾ ਪੈਦਾ ਨਹੀਂ ਹੋਇਆ. ਕੁੱਝ ਹਿੰਦੂ ਔਰਤਾਂ ਇਸ ਬਾਰੇ ਬੰਦੇਆਂ ਦੇ ਮੁਕਾਬਲੇ, ਜ਼ਿਆਦਾ ਵਾਸਤਾ ਰਖਦੀ ਨੇ. ਸਾਡੇ ਘਰ ਤੋਂ ਇੱਕ ਪਤਲੀ ਗਲੀ ਹੀਰਾ ਮੰਡੀ ਦੇ ਰੇਡ ਲਾਇਟ ਇਲਾਕੇ ਤੱਕ ਜਾਂਦੀ ਸੀ. ਸਾਡੇ ਕਈ ਮੁਸਲਿਮ ਮੁਲਾਜ਼ਿਮ ਸਨ. ਇੱਕ ਮੁਸਲਿਮ ਧੋਬੀ ਮੇਰੀ ਮਾਂ ਨੂੰ ਭਾਭੀ ਕਹਿੰਦਾ ਸੀ. ਸਾਡਾ ਫਰਨੀਚਰ, ਗੁਲ ਮੁਹੱਮਦ ਨੇ ਬਣਾਇਆ ਸੀ ਜੋ ਇੱਕ ਬਹੁਤ ਸੁੱਚਜਾ ਕਾਰੀਗਰ ਸੀ.

'ਮਾਰਚ ਤੋਂ ਬਾਅਦ ਲਾਹੌਰ ਤੇ ਗੜਬੜ ਫੈਲ ਗਈ ਸੀ ਪਰ ਸਾਡੇ ਉਪਰ ਸਾਡੇ ਗੁਆਂਢੀਆਂ ਨੇ ਕਦੀ ਹਮਲਾ ਨਹੀਂ ਕੀਤਾ. ਅਸੀਂ ਰਾਵਲਪਿੰਡੀ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਜਬਰਨ ਇਸਲਾਮ ਕਬੂਲ ਕਰਾਉਣ ਦੇ ਬਾਰੇ ਸੁਣਿਆ, ਪਰ ਉਸ ਵਕਤ ਸਾਨੂ ਡਰ ਨਹੀਂ ਲਗਦਾ ਸੀ. ਮੈਂ ਯੂਨੀਵਰਸਿਟੀ ਮੈਦਾਨ ਦੇ ਨਜਦੀਕ ਇੱਕ ਸਕੂਲ ਤੇ ਪੜ੍ਹਦੀ ਸੀ. ਸਲਮਾ, ਇੱਕ ਮੁਸਲਿਮ, ਮੇਰੇ ਨਾਲ ਕਲਾਸ ਵਿੱਚ ਸੀ. ਮੇਰਾ ਭਰਾ ਹੇਲੀ ਕਾਲੇਜ ਤੇ ਸੀ

ਅਤੇ ਛੋਟਾ ਗਵਰਨਮੇਂਟ ਕਾਲੇਜ ਤੇ. ਵਿਦਿਆਰਥਿਆਂ ਦਾ ਅੰਦੋਲਨ ਸ਼ੁਰੂ ਹੋ ਗਿਆ ਜਦ ਪੁਲਿਸ ਨੇ ਹਿੰਦੂ ਵਿਦਿਆਰਥਿਆਂ ਉਪਰ ਗੋਲ ਬਾਘ ਤੇ ਗੋਲੀ ਚਲਾ ਦਿੱਤੀ. ਮੇਰਾ ਭਰਾ ਤੇਜ ਕੁਮਾਰ ਉਥੇ ਮੌਜੂਦ ਸੀ. ਉਹ ਖੁਸ਼ਕਿਸਮਤ ਸੀ ਕਿ ਪੁਲਿਸ ਦੇ ਗੋਲੀ ਚਲਾਉਣ ਦੇ ਬਾਵਜੂਦ ਉਹ ਬਗੈਰ ਕਿਸੇ ਨੁਕਸਾਨ ਦੇ ਆ ਗਿਆ. ਸਾਰੀ ਗੜਬੜ ਦੇ ਬਾਵਜੂਦ, ਅਸੀਂ ਉਥੇ ਰਹਿਣ ਦਾ ਫੈਸਲਾ ਕੀਤਾ ਕਿਉਂਕਿ ਸਾਡੇ ਗੁਆਂਢੀ ਬਹੁਤ ਚੰਗੇ ਸੀ ਅਤੇ ਅਸੀਂ ਕਦੀ ਗੈਰ-ਮਹਿਫ਼ੂਜ਼ ਮਹਿਸੂਸ ਨਹੀਂ ਕੀਤਾ.

'ਪਰ, ਮਈ ਤੱਕ ਸ਼ਹਿਰ ਦੇ ਕਈ ਇਲਾਕਿਆਂ ਤੇ, ਅੰਦਰੁਨ ਸ਼ਹਿਰ ਸਮੇਤ, ਅੱਗ ਲਗੀ ਹੋਈ ਸੀ. ਸਾਡੇ ਧੋਬੀ ਨੇ ਸਾਨੂ ਉਥੋਂ ਚਲੇ ਜਾਣ ਨੂੰ ਕਿਹਾ ਕਿਉਂਕਿ, ਉਸ ਨੇ ਸੁਣਿਆ ਸੀ ਕਿ ਸਾਡੇ ਘਰ ਉੱਪਰ, ਕੁੱਝ ਲੋਕ ਹਮਲਾ ਕਰਣ ਦਾ ਮਨਸੂਬਾ ਰਖਦੇ ਸੀ. ਮੇਰੇ ਪਿਤਾ ਨੇ ਮੋਹਨੀ ਰੋਡ ਤੇ ਜਾਣ ਦਾ ਫ਼ੈਸਲਾ ਕੀਤਾ, ਜੋ ਮੇਨ ਰੋਡ ਦੇ ਬਿਲਕੁਲ ਸਾਹਮਣੇ ਸੀ. ਇਹ ਇੱਕ ਹਿੰਦੂ ਇਲਾਕਾ ਸੀ. ਮੋਹਨੀ ਰੋਡ ਤੇ ਅਸੀਂ ਬੇਚੈਨ ਹੋ ਕੇ, ਲਾਹੌਰ ਦੇ ਦੂਜੇ ਇਲਾਕਿਆਂ ਤੇ ਹੋਣ ਵਾਲੀ ਗੜਬੜ ਦੀ ਖ਼ਬਰ ਸੁਣਦੇ ਸੀ. ਫਿਰ, ਇੱਕ ਦਿਨ, ਇੱਕ ਭੀੜ ਮੋਹਨੀ ਰੋਡ ਤੇ ਚੀਕਦੇ ਹੋਏ ਆਏ "ਯਾ ਅਲੀ, ਯਾ ਅਲੀ". ਇਸ ਨੇ ਮੇਰੇ ਮਾਤਾ-ਪਿਤਾ ਨੂੰ ਡਰਾ ਦਿੱਤਾ. ਅਸੀਂ ਛੱਤ ਤੋਂ ਅੱਗਾਂ ਨੂੰ ਵੇਖ ਰਹੇ ਸੀ. ਉਹ ਫੈਲ ਰਹੀਆਂ ਸੀ. ਸਾਡੇ ਸਿਆਲਕੋਟ ਦੇ ਰਿਸ਼ਤੇਦਾਰ ਪਹਿਲਾਂ ਹੀ ਯੂ.ਪੀ. ਚਲੇ ਗਏ ਸੀ. ਮੇਰੇ ਪਿਤਾ ਨੇ ਮੈਨੂੰ ਅਤੇ ਮੇਰੇ ਵੱਡੇ ਭਰਾ ਨੂੰ ਮਥੁਰਾ, ਯੂ.ਪੀ. ਭੇਜਣ ਦਾ ਫ਼ੈਸਲਾ ਲੀਤਾ, ਜਿੱਥੇ ਸਾਡੇ ਰਿਸ਼ਤੇਦਾਰ ਸਨ. ਮੇਰੀ ਮਾਂ ਅਤੇ ਛੋਟਾ ਭਰਾ ਜੁਲਾਈ ਤੇ ਆਏ ਅਤੇ ਦੱਸਿਆ ਕਿ ਸਾਡਾ ਘਰ ਸਾੜ ਦਿੱਤਾ ਗਿਆ ਸੀ. ਮੇਰੇ ਪਿਤਾ ਨੇ ਅਗਸਤ ਦੇ ਮੱਧ ਤੋਂ ਪਹਿਲਾਂ ਲਾਹੌਰ ਛੱਡ ਦਿੱਤਾ. ਸਾਡਾ ਕੋਈ ਕਰੀਬੀ ਰਿਸ਼ਤੇਦਾਰ, ਹਲਾਕ ਜਾਂ ਜ਼ਖਮੀ ਨਹੀਂ ਹੋਇਆ.

ਅੱਮ੍ਰਿਤਸਰ

ਅੱਮ੍ਰਿਤਸਰ ਤੇ ਅੱਗਜਨੀ, ਛੁਰੇਬਾਜ਼ੀ ਅਤੇ ਸਾੜ-ਫੂੰਕ ਨੇ ਸਾਰੇ ਸ਼ਹਿਰ ਦੇ ਲੋਕਾਂ ਦੀ ਜ਼ਿੰਦਗੀ ਉਪਰ ਖ਼ਤਰਾ ਪੈਦਾ ਕਰ ਦਿੱਤਾ. ਹਾਲਾਤ ਬੇਕਾਬੂ ਹੁੰਦੇ ਗਏ ਅਤੇ ਜ਼ਿਆਦਾ ਅਤੇ ਹੋਰ ਜ਼ਿਆਦਾ ਲੋਕ, ਤਸ਼ੱਦਦ ਨਾਲ ਘਿਰ ਗਏ, ਜੋ ਖ਼ਾਸ ਕਰ ਕੇ ਬਦਮਾਸ਼ਾਂ ਨੇ ਕੀਤੇ ਸੀ. ਉਸ ਵਕਤ ਤਕ, ਜ਼ਿਆਦਾਤਰ ਲੋਕ ਮਿਸ਼ਰਤ ਜਗ੍ਹਾਂ ਤੋਂ ਭੱਜ ਗਏ ਸੀ, ਅਤੇ ਆਪਣੇ ਮਜ਼ੂਬ ਦੀ ਮਜਾਰਿਟੀ ਵਾਲੇ ਇਲਾਕਿਆਂ ਤੇ ਆ ਗਏ ਸੀ. 5 ਮਾਰਚ ਤੋਂ ਲੈ ਕੇ 16 ਮਈ ਤਕ, ਅੱਮ੍ਰਿਤਦਰ ਤੇ ਅਧਿਕਾਰਿਆਂ ਨੇ 209 ਹਲਾਕ ਅਤੇ 422 ਜ਼ਖ਼ਮੀ ਲੋਕਾਂ ਦੀ ਗਿਣਤੀ ਕੀਤੀ. ਪੁਲਿਸ ਨੇ ਅੱਗਜਨੀ, ਕਤਲ, ਲੁਟ ਅਤੇ ਜ਼ਖ਼ਮੀ ਹੋਣ ਦੇ 2,062 ਮਾਮਲੇ ਦਰਜ ਕੀਤੇ, ਜਿਸ ਵਿੱਚ 42 ਮਿਲਿਅਨ ਰੁਪਏ ਦਾ ਨੁਕਸਾਨ ਹੋਇਆ. ਅਧਿਕਾਰਿਆਂ ਦੇ ਮੁਤਾਬਕ, 319 ਦੋਸ਼ੀ ਕਸੂਰਵਾਰ ਸਨ. ਉਨ੍ਹਾਂ ਦੇ ਵਿੱਚ ਕਈ ਛੁਪ ਗਏ ਸਨ (*The Tribune*, 27 May). ਪੰਜਾਬ ਦਾ ਇੱਕ ਹੋਰ ਹਿੱਸਾ ਜਿੱਥੇ ਗੜਬੜੀ ਸੀ, ਉਹ ਸੀ ਅੰਬਾਲਾ ਡਿਵੀਜ਼ਨ ਦਾ ਗੁੜਗਾਂਉ ਜ਼ਿਲ੍ਹਾ. 30 ਪਿੰਡ, ਜਿੱਥੇ ਜ਼ਿਆਦਾਤਰ ਮੁਸਲਿਮ ਰਹਿੰਦੇ ਸੀ, ਪੂਰੀ ਤਰ੍ਹਾਂ ਸਾੜ ਦਿੱਤੇ ਗਏ (*The Tribune*, 31 May). ਪਾਕਿਸਤਾਨ ਟਾਇਮਸ ਨੇ ਵੀ, ਪੰਜਾਬ ਦੇ ਸਭ ਤੋਂ ਪੂਰਬੀ ਜ਼ਿਲ੍ਹੇ ਤੇ ਮੁਸਲਿਮਾਂ ਦੀ ਗ਼ਮਗੀਨ ਦੁਰਗਤੀ ਉਪਰ ਰੌਸ਼ਨੀ ਪਾਈ.

ਜੂਨ

ਜੂਨ ਦੇ ਪਹਿਲੇ ਹਫ਼ਤੇ, ਛਿਟ-ਪੁਟ ਤਸ਼ੱਦਦ ਕਾਇਮ ਰਿਹਾ. 2 ਜੂਨ ਦੇ ਦੀ ਟ੍ਰਿਬਊਨ ਨੇ ਦੇ ਗੁਟਾਂ ਦੇ ਵਿੱਚ ਪਿਛਲੇ ਦਿਨ ਹੋਏ ਹਮਲੇ ਬਾਰੇ ਲਿਖਿਆ. ਸ਼ਹਿਰ ਦੇ ਅਲਗ ਅਲਗ ਜਗ੍ਹਾਂ ਤੋਂ ਅੱਗਜਨੀ, ਛੁਰੇਬਾਜ਼ੀ ਅਤੇ ਦੂਜੇ ਬੇਰਹਿਮ ਹਮਲੇਆਂ ਦੀ ਖ਼ਬਰਾਂ ਆਇਆਂ. 8 ਜੂਨ ਤੋਂ ਜ਼ਾਹਰ ਤੌਰ ਤੇ, ਗੜਬੜੀ ਵਧ ਗਈ, ਜਦ ਲਾਹੌਰ, ਅੱਮ੍ਰਿਤਸਰ ਅਤੇ ਗੁੜਗਾਂਉ ਤੋਂ ਕਈ ਲੋਕਾਂ ਦੇ ਹਲਾਕ ਹੋਣ ਦੀ ਖ਼ਬਰ, ਗਵਰਨਰ ਜੇਨਕੀਨਸ ਨੇ ਵਾਇਸਰਾਏ ਨੂੰ ਭੇਜੀ (Carter, 2007b: 61–2). ਜੂਨ ਦੇ ਦੂਜੇ ਹਫ਼ਤੇ ਤੋਂ, ਬੰਬਬਾਜ਼ੀ, ਅੱਗਜਨੀ ਅਤੇ ਛੁਰੇਬਾਜ਼ੀ ਫ਼ਿਰ ਸ਼ੁਰੂ ਹੋ ਗਈ, ਅਤੇ ਸ਼ੁਬੇ ਦੀ ਮੁਖ਼ਤਲਿਫ਼ ਜਗ੍ਹਾਂ ਤੋਂ ਲੋਕਾਂ ਦੇ ਹਲਾਕ ਹੋਰ ਜ਼ਖ਼ਮੀ ਹੋਣ ਦੀ ਖ਼ਬਰਾਂ ਆਇਆਂ. ਜੂਨ ਦੇ ਸ਼ੁਰੂ ਤੋਂ ਗੁਜਰਾਂਵਾਲਾ ਤੇ ਗੜਬੜੀ ਸ਼ੁਰੂ ਹੋ ਗਈ ਸੀ. ਗੁਜਰਾਤ, ਗੁਰਦਾਸਪੁਰ, ਜਲੰਧਰ, ਲੁਧਿਆਣਾ ਅਤੇ ਅੰਬਾਲਾ ਤੋਂ ਵੀ ਤਸ਼ੱਦਦੀ ਘਟਨਾਵਾਂ ਦੀ ਖ਼ਬਰ ਆਈ. 10 ਜੂਨ ਨੂੰ ਭੇਜੀ ਜੇਨਕੀਨਸ ਦੀ ਇੱਕ ਟੈਲੀਗ੍ਰਾਮ ਤੋਂ ਪਤਾ ਲਗਾ ਕਿ ਮਿੰਟਗੋਮਰੀ ਤੇ, ਸਿੱਖਾ ਨੇ ਛੇ ਮੁਸਲਿਮਾਂ ਨੂੰ ਕਤਲ ਕਰ ਦਿੱਤਾ ਸੀ (Carter, 2007b: 67–8).

ਪਾਕਿਸਤਾਨ ਟਾਇਮਸ, ਜੋ 19 ਮਈ ਤੋਂ ਲੈ ਕੇ 11 ਜੂਨ ਤੱਕ ਨਹੀਂ ਛੱਪਿਆ ਸੀ, ਦੁਬਾਰਾ 12 ਜੂਨ ਤੋਂ ਪ੍ਰਕਾਸ਼ਤ ਹੋਣ ਲਗਾ, ਅਤੇ ਖ਼ਬਰ ਦਿੱਤੀ ਕਿ ਲਾਹੌਰ ਦੇ ਅੰਦਰੁਨ ਸ਼ਹਿਰ ਦੇ ਮੋਚੀ ਗੇਟ ਤੇ 60 ਘੰਟੇਆਂ ਦਾ ਕਰਫਿਊ ਲਗਾ ਦਿੱਤਾ ਗਿਆ ਸੀ, ਜਿੱਥੇ ਅੱਗਜਨੀ, ਛੁਰੇਬਾਜ਼ੀ ਅਤੇ ਬੰਬ ਸੁੱਟਣ ਦੀ ਵਾਰਦਾਤਾਂ ਹੁੰਦੀਆਂ ਰਹਿਆਂ. ਅੱਮ੍ਰਿਤਸਰ ਤੇ ਹਾਲਾਤ ਥੋੜੇ ਬਹੁਤ ਸੁਧਰੇ ਪਰ 17 ਜੂਨ ਨੂੰ, ਫਿਰ ਇੱਕ ਵਾਰ, ਵਿਰੋਧੀ ਗੁਟ ਅੱਗਜਨੀ, ਹੱਥਗੋਲੇ ਅਤੇ ਦੇਸ਼ੀ ਬੰਬਾ ਦਾ ਇਸਤੇਮਾਲ ਕਰਣ ਲਗੇ. ਸ਼ੇਖ਼ ਸਾਦਿਕ ਹਸਨ, ਐਮ.ਐਲ.ਏ ਅਤੇ ਮੁਸਲਿਮ ਲੀਗ ਅੱਮ੍ਰਿਤਸਰ ਦੇ ਪ੍ਰਮੁੱਖ, ਨੇ ਗਵਰਨਰ ਨੂੰ ਇੱਕ ਟੈਲੀਗ੍ਰਾਮ ਭੇਜੀ ਜਿਸ ਵਿੱਚ ਉਨ੍ਹਾਂ ਨੇ ਇਤਲਾਹ ਦਿੱਤੀ ਕਿ 14000 ਬੇਰੋਜਗਾਰ ਮੁਸਲਿਮ, ਜਿਨ੍ਹਾਂ ਦੇ ਉਹ ਲੋਕ ਵੀ ਸ਼ਾਮਲ ਸਨ ਜਿਨ੍ਹਾਂ ਦੇ ਮਕਾਨ ਤਬਾਹ ਹੋ ਚੁਕੇ ਸੀ, ਭੁਖਮਰੀ ਦੇ ਕਰੀਬ ਸਨ, ਅਤੇ ਉਨ੍ਹਾਂ ਨੂੰ ਸਰਕਾਰ ਤੋਂ ਰਾਹਤ ਦੀ ਤੁਰੰਤ ਜ਼ਰੂਰਤ ਸੀ (*Pakistan Times*, 17 June).

ਸ਼ਾਹਆਲਮੀ, ਲਾਹੌਰ ਦੇ ਲਛਮਨ ਦਾਸ ਹਸਪਤਾਲ ਉਪਰ 16 ਜੂਨ ਨੂੰ ਬੰਬ ਨਾਲ ਹਮਲਾ

16 ਜੂਨ ਨੂੰ, ਜੈਦਾਂ ਕਿ ਜੇਨਕੀਨਸ ਨੇ ਵਾਇਸਰਾਏ ਨੂੰ ਇੱਕ ਟੈਲੀਗ੍ਰਾਮ ਦੁਆਰਾ ਦੱਸਿਆ:

> ਸਭ ਤੋਂ ਬਦਤਰ ਬੰਬ ਦਾ ਧਮਾਕਾ ਤਦ ਹੋਇਆ ਜਦ ਪੁਲਿਸ ਦਾ ਇੱਕ ਦਲ, ਸ਼ਹਿਰ ਦੇ ਸ਼ਾਹਆਲਮੀ ਗੇਟ ਦੇ ਬਾਹਰ ਹਸਪਤਾਲ ਤੇ ਹੋਏ, ਪਹਿਲੇ ਧਮਾਕੇ ਬਾਰੇ ਤਹਕੀਕਾਤ ਕਰਣ ਨੂੰ ਗਿਆ ਸੀ. ਉਸ ਦਲ ਦੇ ਉਪਰ ਬੰਬ ਸੁੱਟ ਦਿੱਤਾ ਗਿਆ ਜਿਸ ਵਿੱਚ 44 ਹਾਦਸੇ ਦਾ ਸ਼ਿਕਾਰ ਹੋਏ, 1 ਹਲਾਕ ਹੋਇਆ, ਕਈ ਗੰਭੀਰ ਤਰੀਕੇ ਨਾਲ ਜ਼ਖ਼ਮੀ ਹੋਏ ਜਿਸ ਵਿੱਚ 3 ਪੁਲਿਸਵਾਲੇ ਸੀ ਅਤੇ ਇੱਕ ਪੁਲਿਸਵਾਲਾ ਖ਼ਤਰਨਾਕ ਤਰੀਕੇ ਨਾਲ ਜ਼ਖ਼ਮੀ ਸੀ. ਬਾਕੀ ਆਮ ਜਨਤਾ ਦੇ ਲੋਕ ਸਨ (Carter, 2007b: 88).

ਹਾਜੀ ਅਬਦੁਲ ਰਹਿਮਾਨ ਗਿੱਲ, ਜਿਸ ਦੀ ਗਵਾਹੀ ਦਾ ਜ਼ਿਕਰ ਮਾਰਚ ਵਿੱਚ ਸ਼ਾਹਆਲਮੀ ਗੇਟ ਦੇ ਤਸ਼ੱਦਦ ਬਾਰੇ, ਪਹਿਲਾਂ ਹੀ ਕੀਤਾ ਗਿਆ ਹੈ, 16 ਜੂਨ ਦੀ ਵਾਰਦਾਤ ਦੇ ਵੀ ਉਹ ਗਵਾਹ ਸਨ. ਉਨ੍ਹਾਂ ਨੇ ਯਾਦ ਕੀਤਾ:

'ਲਾਹੌਰ ਕਾਂਗਰੇਸ ਦੇ ਰਹਨੁਮਾ, ਭੀਮ ਸੇਨ ਸਚੱਰ, ਨੇ ਲਛਮਨ ਦਾਸ ਹਸਪਤਾਲ ਦੇ ਅੰਦਰ, ਜੋ ਸ਼ਾਹਆਲਮੀ ਗੇਟ ਦੇ ਥੋੜਾ ਬਾਹਰ ਸੀ, ਇੱਕ ਆਮ ਸਭਾ ਨੂੰ ਸੰਬੋਧਤ ਕੀਤਾ. ਮੈਂ ਉਸ ਵਕਤ, ਆਪਣੇ ਡੇਰੇ ਦੀ ਦੁੱਧ ਦੀ ਦੁਕਾਨ ਤੇ ਬੈਠਾ ਸੀ. ਮੋਚੀ ਗੇਟ ਦੀ ਤਰਫ਼ੋਂ ਤਿੰਨ ਮੁਸਲਿਮ ਮੁੰਡੇ ਆਏ. ਉਨ੍ਹਾਂ ਨੇ ਅੱਗ ਲਗਾਉਣ ਵਾਲੇ ਹਥਿਆਰ ਸੁੱਟਣ ਦੇ ਮਨਸੂਬੇ ਬਾਰੇ ਖੁੱਲ੍ਹੇ-ਆਮ ਗੱਲਬਾਤ ਕੀਤੀ. ਇੱਕ ਮੁੰਡੇ ਨੂੰ ਸ਼ਾਹਮਣੇ ਤੋਂ, ਬਾਜ਼ਾਰ ਹੋ ਕੇ ਜਾਣਾ ਸੀ, ਦੂਜੇ ਨੂੰ ਪਾਰਕ ਤੋਂ ਹੋ ਕੇ ਜਾਣਾ ਸੀ ਅਤੇ ਤੀਜੇ ਨੂੰ ਹਸਪਤਾਲ ਦੇ ਪਿਛੋਂ ਜਾ ਕੇ ਬੰਬ ਸੁੱਟਨੇ ਸੀ. ਇੱਕ ਮੁੰਡੇ ਨੂੰ ਮੈਂ ਬੰਬ ਸੁੱਟਦੇ ਵੇਖਿਆ, ਜੋ ਗ੍ਰੇਨੇਡ ਵੀ ਹੋ ਸਕਦੇ ਸਨ. ਉਥੋਂ ਹਸਪਤਾਲ ਦੀ ਕੰਧ ਸਿਰਫ਼ 8 ਫੁਟ ਦੂਰ ਸੀ. ਬੰਬ ਫੁੱਟਿਆ ਅਤੇ ਕਈ ਲੋਕ ਹਤਾਹਤ ਹੋਏ. ਜ਼ਿਲ੍ਹਾ ਮੈਜਿਸਟਰੇਟ ਮੁਹੱਮਦ ਘਨੀ ਚੀਮਾ (ਦਰਅਸਲ ਸ਼ਹਿਰ ਦਾ ਮੈਜਿਸਟਰੇਟ) ਜੋ ਆਲੇ-ਦੁਆਲੇ ਹੀ ਸਨ, ਉਨ੍ਹਾਂ ਨੇ ਉਲਟਾ ਹਿੰਦੂਆਂ ਉਪਰ ਇਲਜ਼ਾਮ ਲਗਾ ਦਿੱਤਾ ਕਿ ਉਨ੍ਹਾਂ ਦੇ ਕੋਲ ਵਿਸਫੋਟਕ ਸਮਗਰੀ ਸੀ ਅਤੇ, ਇਥੋਂ ਤੱਕ ਕਿ ਚੀਮਾ ਦੇ ਉਪਰ, ਬੰਬ ਸੁੱਟਣ ਦਾ ਵੀ ਇਲਜ਼ਾਮ ਲਗਾ ਦਿੱਤਾ. ਉਨ੍ਹਾਂ ਨੇ ਹਿੰਦੂਆਂ ਦੇ ਖ਼ਿਲਾਫ਼ ਇੱਕ ਮਾਮਲਾ ਦਰਜ ਕੀਤਾ.'

ਪੰਜਾਬ ਦੇ ਹਾਲਾਤ ਤੇਜੀ ਨਾਲ ਬੇਕਾਬੂ ਹੋ ਰਹੇ ਸੀ. ਪੰਜਾਬ ਪੁਲਿਸ ਨੇ ਰਿਪੋਰਟ ਦਿੱਤੀ ਕਿ ਹਿੰਦੂਆਂ ਅਤੇ ਸਿੱਖਾਂ ਦਾ ਪਛੱਮ ਜ਼ਿਲ੍ਹਾਂ ਤੋਂ ਪੂਰਬ ਦੀ ਤਰਫ਼ ਹਿਫ਼ਾਜ਼ਤ ਲਈ ਜਾਣਾ ਜ਼ਾਰੀ ਸੀ, ਜਦ ਕਿ ਮੁਸਲਿਮ, ਖਾਸ ਕਰ ਕੇ ਗੁੜਗਾਂਉ ਤੋਂ, ਅਤੇ ਅੱਮ੍ਰਿਤਸਰ ਹੋਰ ਲੁਧਿਆਣਾ ਤੋਂ ਵੀ ਪਛੱਮ ਦੀ ਤਰਫ਼ ਜਾ ਰਹੇ ਸੀ (*Disturbances in the Punjab 1947*: 234). ਉਸੇ ਵਕਤ, ਸਾਰੇ ਮੱਧ ਅਤੇ ਪੂਰਬੀ ਜ਼ਿਲ੍ਹਾਂ ਅਤੇ ਸਿੱਖ ਰਿਆਸਤਾਂ ਤੇ ਸਿੱਖਾਂ ਦੀ ਲੜਾਈ ਲਈ ਤਿਆਰੀ ਬਾਰੇ, ਖ਼ਬਰ ਆਈ.

ਲਾਹੌਰ, ਅੱਮ੍ਰਿਤਸਰ, ਗੁੜਗਾਂਉ, ਗੁਜਰਾਤ, ਜਲੰਧਰ ਅਤੇ ਅੰਬਾਲਾ ਗੜਬੜੀ ਵਾਲੇ ਇਲਾਕਿਆਂ ਤੇ ਸ਼ਾਮਲ ਸਨ ਜਿੱਥੇ ਤਸ਼ੱਦਦ ਲਗਾਤਾਰ ਵਧ ਰਿਹਾ ਸੀ. 21 ਜੂਨ ਦੇ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ ਮੁਖ਼ਾਲਫ਼ਤੀ ਗੁਟਾਂ ਨੇ 100 ਬੰਬ ਇਕ-ਦੁਜੇ ਨੂੰ ਮਾਰੇ ਅਤੇ ਮੁਜ਼ੰਗ, ਲਾਹੌਰ ਦੇ ਮੁਸਲਿਮ ਬਦਮਾਸ਼ਾਂ ਤੋਂ 20 ਬੰਬ ਕਬਜ਼ੇ ਤੇ ਕੀਤੇ. ਪਰ ਲਾਹੌਰ ਤੇ ਇੱਕ ਬੇਹਦ ਨਾਟਕੀ ਬਦਲਾਵ ਹੋਇਆ, ਜਿਸ ਨੇ ਹਿੰਦੂਆਂ ਅਤੇ ਸਿੱਖਾਂ ਦੀ ਇਸ ਸ਼ਹਿਰ ਤੇ ਰਹਿਣ ਦੇ ਇਰਾਦੇ ਨੂੰ ਤੋੜ ਕੇ ਰਖ ਦਿੱਤਾ. ਇਹ ਸ਼ਾਹਆਲਮੀ ਗੇਟ ਇਲਾਕੇ ਦੀ ਬਦਨਾਮ ਅੱਗਜਨੀ ਦੀ ਵਾਰਦਾਤ ਸੀ. ਹੁਣ ਤਕ, ਜਿੱਥੇ ਸਿੱਖਾਂ ਨੇ ਮੁਸਲਿਮਾਂ ਦੁਆਰਾ ਪਰੇਰਤ ਜ਼ੁਲਮਾਂ ਦਾ ਸਾਹਮਣਾ ਕੀਤਾ ਸੀ (ਮਾਰਚ ਤੇ ਰਾਵਲਪਿੰਡੀ ਡਿਵੀਜ਼ਨ ਵਿੱਚ), ਉਥੇ ਲਾਹੌਰ ਦੇ ਹਿੰਦੂਆਂ ਨੂੰ ਭਰੋਸਾ ਸੀ ਕਿ, ਭਾਵੇਂ ਜੋ ਵੀ ਹੋਵੇ ਉਹ ਅੰਦਰੁਨ ਸ਼ਹਿਰ ਤੇ ਆਪਣੀ ਮੌਜੂਦਗੀ ਕਾਇਮ ਰਖਣਗੇ.

ਸਬਜ਼ੀ ਮੰਡੀ ਉਪਰ ਬੰਬ ਨਾਲ ਹਮਲਾ

ਪਾਕਿਸਤਾਨ ਟਾਇਮਸ ਅਤੇ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ ਪਿਛਲੇ ਦਿਨ ਸਬਜ਼ੀ ਮੰਡੀ ਤੇ ਦੋ ਬੰਬ ਧਮਾਕੇ ਵਿੱਚ 18 ਲੋਕ ਹਲਾਕ ਅਤੇ 55 ਜ਼ਖ਼ਮੀ ਹੋਏ. ਇਹ ਬਾਜ਼ਾਰ, ਜ਼ਰੂਰੀ ਤੌਰ ਤੇ, ਇੱਕ ਮੁਸਲਿਮ ਵਪਾਰੀ ਇਲਾਕਾ ਸੀ ਅਤੇ ਜ਼ਿਆਦਾਤਰ ਹਲਾਕ ਅਤੇ ਜ਼ਖ਼ਮੀ ਹੋਏ ਲੋਕ ਮੁਸਲਿਮ ਸਨ. ਇਸ ਬੰਬ ਧਮਾਕੇ ਦੇ ਇੱਕ ਮੁਸਲਿਮ ਚਸ਼ਮਦੀਦ ਗਵਾਹ, ਮਿਆਂ ਮੁਹੱਮਦ ਸ਼ਰੀਫ਼, ਨੇ ਇਹ ਖ਼ੁਲਾਸਾ ਕੀਤਾ: 'ਮੈਂ ਆਪਣੇ ਚਾਚਾ ਖ਼ੁਦਾਬਕਸ਼ ਦੀ ਕੁੱਝ ਖ਼ਰੀਦਦਾਰੀ ਵਿੱਚ ਮਦਦ ਕਰ ਰਿਹਾ ਸੀ, ਜਦ ਅਚਾਨਕ ਸਬਜ਼ੀ ਮੰਡੀ ਤੇ, ਜੋਰ ਧਮਾਕੇ ਹੋਏ. ਮੈਨੂੰ ਲਗਦਾ ਹੈ ਕਿ ਇੱਕ ਤੋਂ ਜ਼ਿਆਦਾ ਬੰਬ ਧਮਾਕਾ ਹੋਇਆ. ਇਹ ਸਵੇਰ ਦਾ ਵਕਤ ਸੀ ਅਤੇ ਬਾਜ਼ਾਰ ਵਿੱਚ ਕਾਫ਼ੀ

ਲੋਕ ਮੌਜੂਦ ਸਨ. ਮੈਨੂੰ ਯਾਦ ਹੈ ਮੈਂ ਜਲੀ ਹੋਈ ਲਾਸ਼ਾਂ ਵੇਖਿਆਂ, ਜਿਨ੍ਹਾਂ ਨੂੰ ਕੋਈ ਪਛਾਣ ਨਹੀਂ ਸਕਦਾ ਸੀ. ਜਿਸਮ ਦੇ ਟੁਕੜੇ, ਇਧਰ-ਉਧਰ ਪਏ ਹੋਏ ਸੀ. ਲੋਕ ਦਹਿਸ਼ਤ ਅਤੇ ਖ਼ੌਫ਼ ਨਾਲ ਦੌੜ ਰਹੇ ਸੀ. ਕਿਸੇ ਨੂੰ ਪਤਾ ਨਹੀਂ ਸੀ, ਕੀ ਕੀਤਾ ਜਾਵੈ. ਇੱਕ ਦਰਜਨ ਤੋਂ ਜ਼ਿਆਦਾ ਲੋਕ ਹਲਾਕ ਹੋਏ ਅਤੇ ਕਈ ਜ਼ਿਆਦਾ ਜ਼ਖ਼ਮੀ ਹੋਏ. ਇਹ ਇੱਕ ਭਿਆਨਕ ਨਜ਼ਾਰਾ ਸੀ. ਬੰਬਾ ਦਾ ਸ਼ਰਤਿਆ ਤੌਰ ਤੇ, ਹਿੰਦੂਆਂ ਨੇ ਵਿਸਫੋਟ ਕੀਤਾ ਸੀ. ਉਹ ਬਾਜ਼ਾਰ ਦੇ ਆਲੇ-ਦੁਆਲੇ, ਵੱਡੀ ਤਦਾਦ ਵਿੱਚ ਰਹਿੰਦੇ ਸੀ ਅਤੇ ਜ਼ਰੂਰੀ ਤੌਰ ਤੇ, ਗਵਾਲਮੰਡੀ ਜਾਂ ਨਿਸਬਤ ਰੋਡ ਤੋਂ ਆਏ ਸੀ, ਜੋ ਨਜਦੀਕ ਸਨ.'

ਦੀਨਾ ਨਾਥ ਮਲਹੋਤ੍ਰਾ

ਮਲਹੋਤ੍ਰਾ ਦੇ ਤਕਸੀਮ ਦੇ ਪਹਿਲਾਂ ਦੇ ਹਿੰਦੂ-ਮੁਸਲਿਮ ਰਿਸ਼ਤੇਆਂ ਬਾਰੇ ਖ਼ਿਆਲ, ਪਿਛਲੇ ਇੱਕ ਅਧਿਆਇ ਤੇ ਦਿੱਤੇ ਗਏ ਨੇ. ਉਹ ਮੇਵਾ ਮੰਡੀ ਤੇ ਹੋਏ ਬੰਬ ਧਮਾਕੇ ਬਾਰੇ ਦੱਸਦੇ ਨੇ ਪਰ ਅਖ਼ਬਾਰ ਅਤੇ ਸਰਕਾਰੀ ਦਸਤਾਵੇਜ ਸਬਜ਼ੀ ਮੰਡੀ ਦਾ ਜ਼ਿਕਰ ਕਰਦੇ ਨੇ. ਮੇਵਾ ਮੰਡੀ ਤੇ ਕਿਸੇ ਧਮਾਕੇ ਦਾ ਜ਼ਿਕਰ ਨਹੀਂ ਹੈ. ਉਨ੍ਹਾਂ ਨੇ ਮੈਨੂੰ ਇਹ ਕਿੱਸਾ ਦੱਸਿਆ:

'ਮਈ ਦੇ ਅਖਿਰ ਤੋਂ, ਲਾਹੌਰ ਤੇ ਹਮੇਸ਼ਾ ਕਿਸੇ ਨਾ ਕਿਸੇ ਹਿੱਸੇ ਦੇ ਅੱਗ ਲਗੀ ਹੋਈ ਸੀ. ਅਸੀਂ ਨਿਸਬਤ ਰੋਡ ਦੇ ਹਿੰਦੂ ਗੜ ਤੇ ਰਹਿੰਦੇ ਸੀ. ਅੰਦਰੁਨ ਸ਼ਹਿਰ ਤੋਂ, ਉਠਦਾ ਧੂੰਆਂ ਸਾਫ ਦਿਖ ਰਿਹਾ ਸੀ ਅਤੇ ਹਿੰਦੂ ਹਾਰ ਦਾ ਸਾਹਮਣਾ ਕਰ ਰਹੇ ਸੀ. ਸਰ ਗੋਕੁਲ ਚੰਦ ਨਾਰੰਗ ਦੀ ਹਿੰਦੂ ਅਗਵਾਈ ਥਲੇ, ਮੈਂ "ਫ਼ਸਾਦਾਂ ਦੇ ਸ਼ਿਕਾਰ ਲੋਕਾਂ ਦੀ ਰਾਹਤ ਲਈ ਇੱਕ ਕਮੇਟੀ" ਤੇ ਮਸ਼ਰੂਫ਼ ਹੋ ਗਿਆ. ਐਤਵਾਰ ਦੀ ਸਵੇਰ ਨੂੰ ਸਾਨੂ ਪਤਾ ਚਲਿਆ ਕਿ ਸ਼ਾਹਆਲਮੀ ਗੇਟ ਦੇ ਅੰਦਰ, ਹਵੇਲੀ ਨਕੈਨ, ਵਛੋਵਾਲੀ ਦੇ ਕਰੀਬ, ਪੰਜ ਹਿੰਦੂ ਨੌਜਵਾਨ ਗੋਲੀਆਂ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤੇ ਗਏ ਸੀ. ਉਨ੍ਹਾਂ ਨੂੰ, ਬਹੁਤ ਛੇਤੀ ਹਸਪਤਾਲ ਲੈ ਜਾਣਾ ਜ਼ਰੂਰੀ ਸੀ. ਅਗਰ ਮੈਂ ਗਲਤ ਨਹੀਂ ਹਾਂ, ਤੇ ਉਹ ਜੂਨ ਦਾ ਮਹੀਨਾ ਸੀ. ਮੈਂ ਉਹ ਵੱਡੀ ਐਮਬੂਲੈਂਸ ਚਲਾਈ ਜੋ ਅਸੀਂ ਖਰੀਦੀ ਸੀ. ਮੈਂ ਅਤੇ ਮੇਰਾ ਦੋਸਤ, ਵਿਦਿਆ ਰਤਨ ਉਸ ਗੱਡੀ ਤੇ ਸਵਾਰ ਸੀ, ਜਦ ਸੜਕਾਂ ਸੁਨਸਾਨ ਸੀ ਕਿਉਂਕਿ ਕਰਫਿਊ ਲਾਗੂ ਸੀ (ਸਾਨੂ ਆਉਣ ਅਤੇ ਜਾਣ ਦੀ ਇਜ਼ਾਜ਼ਤ ਮਿਲੀ ਸੀ). ਚਾਰੋਂ ਤਰਫ਼ ਅੱਗ ਲਗੀ ਹੋਈ ਸੀ. ਪੁਲਿਸ ਜਿਸ ਵਿੱਚ ਜ਼ਿਆਦਾਤਰ ਮੁਸਲਮਾਨ ਸਨ, ਖੁਲ੍ਹੇ ਆਮ ਮੁਸਲਿਮ ਬਦਮਾਸ਼ਾਂ ਦੀ ਤਰਫ਼ਦਾਰੀ ਕਰ ਰਹੀ ਸੀ ਅਤੇ ਬੇਹਦ ਗੈਰ-ਮਹਿਫ਼ੂਜ਼ ਹਾਲਾਤ ਸਨ. ਬੜੀ ਮੁਸ਼ਕਲ ਨਾਲ ਅਸੀਂ ਜ਼ਖ਼ਮੀ ਲੋਕਾਂ ਦੇ ਨਜਦੀਕ ਪਹੁੰਚੇ. ਇੱਕ ਸ਼ਕਸ ਮਰ ਗਿਆ ਸੀ. ਦੂਜੇ ਚਾਰ ਲੋਕਾਂ ਨੂੰ ਅਸੀਂ ਐਮਬੂਲੈਂਸ ਦੇ ਅੰਦਰ ਲੀਤਾ. ਇੱਕ ਬੰਦੇ ਦੀ ਮਾਂ ਪਾਗਲ ਦੀ ਤਰ੍ਹਾਂ ਚੀਕ ਕੇ ਰੋ ਰਹੀ ਸੀ. ਉਹ ਵੀ ਐਮਬੂਲੈਂਸ ਤੇ ਬੈਠ ਗਈ. ਬੜੀ ਮੁਸ਼ਕਲ ਨਾਲ ਅਸੀਂ ਸ਼ਾਹਆਲਮੀ ਗੇਟ ਤੋਂ ਨਿਕਲੇ, ਪਰ ਉਸ ਔਰਤ ਦੀ ਚੀਕਾਂ ਨੇ ਸਾਨੂ ਰੁਕਣ ਲਈ ਮਜਬੂਰ ਕਰ ਦਿੱਤਾ. ਉਸ ਦਾ ਬੇਟਾ ਮਰ ਗਿਆ ਸੀ. ਅਸੀਂ ਉਸ ਔਰਤ ਨੂੰ ਦਿਲਾਸਾ ਦੇਣ ਦੀ ਬਹੁਤ ਕੋਸ਼ਿਸ਼ ਕੀਤੀ. ਤਦ, ਫਲਾਇਟ ਲੇਫਟਿਨੈਂਟ ਰੂਪ ਚੰਦ, ਜੋ ਇੱਕ ਪ੍ਰਮੁੱਖ ਦੀਵਾਨ ਪਰਵਾਰ ਨਾਲ ਨਾਤਾ ਰਖਦੇ ਸੀ, ਉਥੇ ਇੱਕ ਸਟੇਸ਼ਨ ਵੈਗਨ ਤੇ ਦਿਸੇ. ਉਹ ਬਾਕੀ ਤਿੰਨ ਮੁੰਡੇਆਂ ਨੂੰ ਸਰ ਗੰਗਾ ਰਾਮ ਹਸਪਤਾਲ ਲੈ ਗਏ.

'ਦੋ ਦਿਨਾਂ ਬਾਅਦ, ਰਾਹਤ ਕਮੇਟੀ ਦੀ ਇੱਕ ਬੈਠਕ ਹੋਈ ਅਤੇ ਹਥਿਆਰ ਹਾਸਲ ਕਰਣ ਦਾ ਫ਼ੈਸਲਾ ਕੀਤਾ ਗਿਆ. ਸ਼੍ਰੀ ਐਨ.ਡੀ.ਕਪੂਰ ਉਸ ਕਾਰਵਾਈ ਦੇ ਆਗੂ ਸਨ. ਉਨ੍ਹਾਂ ਨੇ ਰਾਵਲਪਿੰਡੀ ਅਸਲਾ ਡਿਪੂ ਤੋਂ ਕੁੱਝ

ਬੰਦੂਕਾਂ ਦੀ ਖਰੀਦ ਦਾ ਬੰਦੋਬਸਤ ਕੀਤਾ. ਮੈਂ ਅਤੇ ਮੇਰਾ ਦੋਸਤ ਮਹਿੰਦਰ, ਰਾਵਲਪਿੰਡੀ ਗਏ ਅਤੇ 12 ਰਿਵਾਲਵਰਾਂ ਖਰੀਦ ਕੇ ਵਾਪਸ ਆਏ, ਜਿਨ੍ਹਾਂ ਨੂੰ ਅਸੀਂ ਬਸ ਦੀ ਪਹਿਲੀ ਸੀਟਾਂ ਦੇ ਕਵਰ ਦੇ ਥਲੇ, ਸਿਲਾਈ ਕਰ ਕੇ ਲੁਕਾ ਦਿੱਤਾ ਸੀ. ਇਸ ਤਰ੍ਹਾਂ ਅਸੀਂ ਉਣ ਬੰਦੂਕਾਂ ਨੂੰ ਸ੍ਰੀ ਕਪੂਰ ਕੋਲ ਪਹੁੰਚਾ ਸਕੇ.

'ਇੱਕ ਦਿਨ ਇੱਕ ਇਜ਼ਾਜ਼ਤ ਲੈਣ ਲਈ, ਮੈਨੂੰ ਗਵਾਲਮੰਡੀ ਪੁਲਿਸ ਥਾਨੇ ਜਾਣਾ ਪਇਆ, ਕਿ ਅਸ਼ੀਂ ਆਪਣੀ ਕਿਰਾਇਏ ਤੇ ਇੱਕ ਮੁਸਲਿਮ ਦਰਜੀ ਨੂੰ ਦਿੱਤੀ ਦੁਕਾਨ, ਵਾਪਸ ਲੈ ਸਕਿਏ, ਕਿਉਂਕਿ ਉਹ ਕਈ ਮਹੀਨੇ ਤੋਂ ਨਿਸਬਤ ਰੋਡ ਤੇ, ਨਹੀਂ ਆ ਰਿਹਾ ਸੀ. ਪੁਲਿਸ ਥਾਨੇ ਦਾ ਰੀਡਰ ਕੁੱਝ ਕਾਗਜੀ ਕੱਮ ਕਰ ਰਿਹਾ ਸੀ, ਅਤੇ ਮੈਂ ਬੈਠ ਗਿਆ ਕਿ ਮੇਰੀ ਵਾਰੀ ਆਉਣ ਨਾਲ, ਮੈਂ ਉਸ ਦੇ ਨਾਲ ਗੱਲ ਕਰਾਂਗਾ. ਮੇਵਾ ਮੰਡੀ ਤੇ ਇੱਕ ਬੰਬ ਧਮਾਕੇ ਦੇ ਚਲਦਿਆਂ 8 ਲੋਕ ਹਲਾਕ ਅਤੇ 20 ਤੋਂ ਜ਼ਿਆਦਾ ਜ਼ਖ਼ਮੀ ਹੋਏ ਸੀ ਅਤੇ ਇਸ ਦੇ ਸਿਲਸਿਲੇ ਤੇ, ਪੁਲਿਸ ਨੇ ਕੁੱਝ ਹਿੰਦੂ ਮੁੰਡੇਆਂ ਨੂੰ ਫੜ ਕੇ ਲਾਉਂਦਾ ਸੀ. ਇਹ ਮੌਕੇਆਂ ਤੇ, ਪੁਲਿਸ ਇਤਲਾਹ ਹਾਸਲ ਕਰਣ ਲਈ, ਬੇਹਦ ਬੇਰਹਿਮੀ ਨਾਲ ਪੇਸ਼ ਆਉਂਦੀ ਸੀ. ਐਸ.ਐਚ.ਉ ਨੇ ਜੋਰ ਦੀ ਪੁਕਾਰ ਕੇ ਕਿਹਾ "ਪ੍ਰਕਾਸ਼", ਜਦ ਉਹ ਇੱਕ ਨੌਜਵਾਨ ਨੂੰ ਪੁਛਗਿੱਛ ਕਰ ਰਿਹਾ ਸੀ. ਮੈਨੂੰ ਪਤਾ ਸੀ ਕਿ ਪੁਲਿਸ ਨੇ ਪ੍ਰਕਾਸ਼ ਨੂੰ ਬੰਬ ਧਮਾਕੇ ਦੀ ਜਗ੍ਹ ਤੋਂ ਪਕੜ ਲੀਤਾ ਸੀ. ਪ੍ਰਕਾਸ਼ ਦੀ ਅਵਾਜ਼ ਕੰਬ ਰਹੀ ਸੀ ਅਤੇ ਉਸ ਨੇ ਬੰਬ ਧਮਾਕੇ ਦੇ ਦੂਜੇ ਸ਼ਾਮਲ ਲੋਕਾਂ ਸਮੇਤ, ਮੇਰਾ ਨਾਂਅ ਵੀ ਉਗਲ ਦਿੱਤਾ.

'ਮੈਂ ਬੇਹਦ ਡਰ ਗਿਆ ਜਦ ਮੈਂ ਆਪਣਾ ਨਾਂਅ ਸੁਣਿਆ. ਰੀਡਰ ਹਲੀ ਵੀ ਆਪਣੇ ਕੱਮ ਵਿੱਚ ਮਸ਼ਗੂਲ ਸੀ. ਮੈਂ ਚੁੱਪ-ਚਾਪ ਉਠ ਗਿਆ ਅਤੇ ਪੁਲਿਸ ਥਾਨੇ ਤੋਂ ਚੈਨ ਨਾਲ ਨਿਕਲ ਗਿਆ; ਅਤੇ ਜਦ ਮੈਂ ਆਪਣੀ ਗਲੀ ਤੇ ਪਹੁੰਚਿਆ, ਤਦ ਆਪਣੇ ਘਰ ਪਹੁੰਚਣ ਲਈ, ਇੱਕ ਪਾਗਲ ਦੀ ਤਰ੍ਹਾਂ ਦੌੜਣ ਲਗਾ. ਘਰ ਤੇ, ਮੇਰੀ ਮਾਂ ਅਤੇ ਭਰਾ ਨੇ ਫ਼ੈਸਲਾ ਕੀਤਾ ਕਿ ਲਾਹੌਰ ਵਿੱਚ ਮੇਰਾ ਰਹਿਣਾ ਬੇਹਦ ਖ਼ਤਰਨਾਕ ਸੀ. ਮੇਰੇ ਭਰਾ ਨੇ ਮੈਨੂੰ ਆਰਿਆ ਪ੍ਰੈਸ ਤਕ, ਗਡੀ ਵਿੱਚ ਛੱਡ ਦਿੱਤਾ ਅਤੇ ਸਾਮ ਨੂੰ ਮੈਨੂੰ ਲਾਹੌਰ ਮੇਨ ਸਟੇਸ਼ਨ ਦੀ ਬਜਾਏ, ਮੁਘਲਪੁਰਾ ਸਟੇਸ਼ਨ ਲੈ ਗਿਆ, ਜਿਥੋਂ ਮੈਂ ਪੰਜਾਬ ਮੇਲ ਪਕੜ ਕੇ ਲਾਹੌਰ ਨੂੰ ਛੱਡ ਦਿੱਤਾ. ਇਹ ਜੂਨ ਦੇ ਅਖਿਰ ਦਾ ਵਕਤ ਹੋਵੇਗਾ, ਪਰ ਮੈਨੂੰ ਪੱਕੀ ਤਾਰੀਖ ਯਾਦ ਨਹੀਂ ਹੈ.'

ਡਾ. ਜਗਦੀਸ਼ ਚੰਦਰ ਸਰੀਨ

ਡਾ. ਜਗਦੀਸ਼ ਚੰਦਰ ਸਰੀਨ, ਜਿਨ੍ਹਾਂ ਦੇ ਬਾਰੇ, ਪਹਿਲਾਂ ਉੱਤਰੀ ਪੰਜਾਬ ਤੇ ਹਿੰਦੂਆਂ ਅਤੇ ਸਿੱਖਾਂ ਉਪਰ ਹਮਲੇ ਦੇ ਚਲਦੇ, ਜ਼ਿਕਰ ਕੀਤਾ ਗਿਆ ਸੀ, ਉਸੇ ਦਿਨ ਅੰਦਰੁਨ ਸ਼ਹਿਰ ਤੇ ਹਿੰਦੂ ਇਲਾਕਿਆਂ ਤੋਂ ਉਠਦੀ ਅੱਗਾਂ ਦੇ ਕਹਿਰ ਨੂੰ ਯਾਦ ਕਰਦੇ ਨੇ:

'21 ਜੂਨ ਨੂੰ ਲਾਹੌਰ ਵਿੱਚ ਪਾਪੜ ਮੰਡੀ ਦੇ ਹਿੰਦੂ ਇਲਾਕੇ ਨੂੰ ਅੱਗ ਲਗਾ ਦਿੱਤੀ ਗਈ. ਇਸ ਦੇ ਬਾਅਦ ਮੱਛੀ ਹੱਟਾ ਅਤੇ ਇਸ ਦੇ ਬਾਅਦ ਸ਼ਾਹਆਲਮੀ ਨੂੰ ਵੀ ਅੱਗ ਲਗਾ ਦਿੱਤੀ ਗਈ. ਚੀਮਾ ਨਾਂਅ ਦੇ ਇੱਕ ਮੈਜਿਸਟਰੇਟ ਸਨ ਜੋ ਖੁਦ ਗੈਰ-ਮੁਸਲਿਮਾਂ ਉਪਰ ਹਮਲੇਆਂ ਦੀ ਅਗਵਾਈ ਕਰ ਰਹੇ ਸੀ. ਉਹ ਦਮਕਲਾਂ ਦੇ ਮੁਲਾਜ਼ਮਾਂ ਨੂੰ ਕੱਮ ਨਹੀਂ ਕਰਣ ਦੇਂਦੇ ਸਨ, ਅਤੇ ਅਗਰ ਹਿੰਦੂ ਅਤੇ ਸਿੱਖ ਆਪਣੀ ਜਗ੍ਹਾ ਤੋਂ ਭੱਜਣ ਦੀ ਕੋਸ਼ਿਸ਼ ਕਰਦੇ ਤੇ ਉਹ ਉਨ੍ਹਾਂ ਨੂੰ ਵਾਪਸ ਭੇਜ ਦੇਂਦੇ ਸੀ. ਉਨ ਦਿਨਾਂ ਤੇ, ਮੈਂ ਮਿੰਟਗੋਮਰੀ ਪਾਰਕ ਸ਼ਥਿਤ ਆਪਣੇ ਘਰ ਤੋਂ, ਪਲਾਜ਼ਾ ਸਿਨੇਮਾ ਜਾਉਂਦਾ ਸੀ ਅਤੇ ਇਸ ਦੇ ਬਾਅਦ ਕਵੀਨਸ ਰੋਡ ਤੇ ਬਾਲਕ ਰਾਮ ਮੇਡੀਕਲ ਕਾਲੇਜ ਪਹੁੰਚਦਾ ਸੀ.

ਅਸੀਂ ਰੋਜ਼ ਕਿਸੇ ਨਾ ਕਿਸੇ ਦੇ ਹਲਾਕ ਜਾਂ ਜ਼ਖ਼ਮੀ ਹੋਣ ਬਾਰੇ ਸੁਣਦੇ ਸੀ. ਅਗਰ ਕਿਸੇ ਦਿਨ 7 ਹਿੰਦੂ ਹਲਾਕ ਹੁੰਦੇ ਸੀ ਤੇ ਅਗਲੇ ਦਿਨ 7 ਜਾਂ 8 ਮੁਸਲਿਮ. ਸਾਡੇ ਆਪਣੇ ਇਲਾਕੇ ਤੇ, ਜਿੱਥੇ ਤੱਕ ਮੈਨੂੰ ਪਤਾ ਹੈ, ਸਥਾਨਕ ਮੁਸਲਿਮਾਂ ਨੇ ਸਾਡੇ ਉਪਰ ਹਮਲਾ ਨਹੀਂ ਕੀਤਾ. ਇੱਕ ਦਿਨ ਦੋ ਬੁਰੀ ਤਰ੍ਹਾਂ ਜਲੇ ਹੋਏ ਲੋਕ ਹਸਪਤਾਲ ਤੇ ਆਏ. ਉਹ ਸ਼ਾਇਦ ਆਰ.ਐਸ.ਐਸ. ਦੇ ਕਾਡਰ ਸੀ ਜੋ ਬੰਬ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸੀ. ਬੰਬ ਦਾ ਵਿਸਫੋਟ ਹੋ ਗਿਆ ਅਤੇ ਉਨ੍ਹਾਂ ਨੂੰ ਗੰਭੀਰ ਜ਼ਖ਼ਮ ਹੋਏ.

'ਮੇਰਾ ਇੱਕ ਦੋਸਤ ਆਇਆ ਅਤੇ ਕਿਹਾ ਕਿ ਅੰਦਰੁਨ ਸ਼ਹਿਰ ਦੇ ਮਹੱਲਾ ਸਰੀਨ ਦੇ ਹਿੰਦੂ ਇਲਾਕੇ ਤੇ, ਪਿਛਲੇ ਦਿਨ ਹਮਲਾ ਹੋਇਆ ਸੀ ਅਤੇ 17 ਨੌਜਵਾਨਾਂ ਨੂੰ ਮਾਰ ਦਿੱਤਾ ਗਿਆ ਸੀ. ਆਪਣੀ ਹਿਫ਼ਾਜ਼ਤ ਲਈ ਉਨ੍ਹਾਂ ਦੇ ਕੋਲ ਕੋਈ ਹਥਿਆਰ ਨਹੀਂ ਸੀ. ਜ਼ਖ਼ਮੀ ਲੋਕਾਂ ਦੀ ਮਦਦ ਲਈ ਇੱਕ ਡਾਕਟਰ ਦੀ ਜ਼ਰੂਰਤ ਸੀ. ਮੈਂ ਉਥੇ ਜਾ ਕੇ ਉਣ ਲੋਕਾ ਦੀ ਮਦਦ ਦੀ ਪੇਸਕਸ਼ ਕੀਤੀ. ਮੈਂ ਸਰਸਵਤੀ ਇਨਸ਼ਊਰੇਂਸ ਕਮਪਨੀ ਦੇ ਮੁੱਖ ਦਫ਼ਤਰ ਤੇ ਗਿਆ ਜਿਸ ਦੇ ਮਾਲਕ ਇੱਕ ਪ੍ਰਮੁੱਖ ਹਿੰਦੂ ਮਹਾਸਭਾ ਦੇ ਆਗੂ ਸਰ ਗੋਕੁਲ ਚੰਦ ਨਾਰੰਗ ਸਨ. ਇਹ ਲਾਹੌਰ ਰਿਲੀਫ ਸੋਸਾਇਟੀ ਦਾ ਵੀ ਮੁੱਖ ਦਫ਼ਤਰ ਸੀ, ਜੋ ਦਰਅਸਲ ਹਿੰਦੂ ਉਗਰਵਾਦੀਆਂ ਦੀ ਕਾਰਵਾਈਆਂ ਨੂੰ ਢੱਕਣ ਦਾ ਕੱਮ ਕਰਦਾ ਸੀ. ਉਥੋਂ ਸਾਨੂ ਪਹਿਲੀ ਸਹਾਇਤਾ ਦਾ ਕੁੱਝ ਸਾਮਾਨ ਅਤੇ ਇੱਕ .303 ਰਾਇਫਲ ਅਤੇ ਕੁੱਝ ਕਾਰਤੂਸ ਦਿੱਤੇ ਗਏ. ਮੈਂ ਪਹਿਲਾਂ ਕਦੀ ਬੰਦੂਕ ਇਸਤੇਮਾਲ ਨਹੀਂ ਕੀਤੀ ਸੀ ਅਤੇ ਇਸ ਨੂੰ ਲੈ ਜਾਣ ਦੇ ਖ਼ਿਆਲ ਨਾਲ ਬੇਹਦ ਡਰ ਗਿਆ. ਇੱਕ ਮਹਾਰਾਸ਼ਟ੍ਰਿਅਨ ਜਿਸ ਨੇ 1940 ਦੇ ਦਹਾਕੇ ਦੇ ਸੋਸ਼ਲਿਸਟ ਤੇਹਰੀਕ ਤੇ ਇੱਕ ਅਹਿਮ ਕਿਰਦਾਰ ਅਦਾ ਕੀਤਾ ਸੀ, ਮੈਨੂੰ ਅਮੋਨਿਆ ਦੀ ਬੋਤਲਾਂ ਅਤੇ ਬ੍ਰੋਮੀਨ ਦੇ ਕੈਪਸੂਲ ਦਿੱਤੇ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਅਗਰ ਤੁਹਾਡੇ ਉਪਰ ਹਮਲਾ ਹੁੰਦਾ ਹੈ ਅਤੇ ਤੁਸੀਂ ਭੀੜ ਨੂੰ ਤਿਤਰ-ਬਿਤਰ ਕਰਨਾ ਚਾਹੁੰਦੇ ਹੋ ਤੇ, ਇਨ੍ਹਾ ਨੂੰ ਜ਼ਮੀਨ ਉਪਰ ਸੁਟ ਦੋ. ਧੂੰਆਂ ਨਿਕਲੇਗਾ ਅਤੇ ਭੀੜ ਹੱਟ ਜਾਵੇਗੀ. ਅਸੀਂ ਰਾਇਫਲ ਨੂੰ ਇੱਕ ਸਟ੍ਰੇਚਰ ਤੇ ਅਤੇ ਦੂਜੀ ਚੀਜਾਂ ਨੂੰ ਕਪਾਹ ਦੇ ਬੰਡਲਾਂ ਤੇ ਛੁਪਾ ਲੀਤਾ ਅਤੇ ਸਰ ਗੋਕੁਲ ਦੀ ਵੱਡੀ ਬੁਇੱਕ ਗੱਡੀ ਵਿੱਚ ਮਹੱਲਾ ਸਰੀਨ ਜਾ ਪਹੁੰਚੇ.

'ਅਸੀਂ ਸ਼ਾਹਅਲਮੀ ਗੇਟ ਦੇ ਅੰਦਰ ਦਾਖ਼ਲ ਹੋਏ, ਫਿਰ ਰੰਗ ਮਹਲ. ਕਈ ਲੋਕ ਇਕੱਠਾ ਹੋਏ ਸੀ. ਉਹ ਚੀਕ ਰਹੇ ਸੀ, "ਹੋਰ ਅਗੇ ਨਾ ਜਾਉ. ਇੱਕ ਅੱਗ ਲਗੀ ਹੋਈ ਹੈ." ਪਰ, ਅਸੀਂ ਅਗੇ ਜਾਂਦੇ ਰਹੇ ਅਤੇ ਕਸ਼ਮੀਰੀ ਬਾਜ਼ਾਰ ਦਾਖ਼ਲ ਹੋਏ. ਅਸੀਂ ਮਹੱਲਾ ਸਰੀਨ ਦੇ ਸਾਹਮਣੇ ਗੱਡੀ ਰੱਖੀ. ਅਸੀਂ ਅੰਦਰ ਗਏ ਅਤੇ ਕੁੱਝ ਦੇਰ ਤੱਕ ਉਥੇ ਰਹੇ, ਉਨ੍ਹਾਂ ਨੂੰ ਉਹ ਸਾਮਾਨ ਦੇ ਦਿੱਤਾ ਜੋ ਸਾਡੇ ਕੋਲ ਸੀ ਅਤੇ ਸ਼ਾਹੀ ਮਹੱਲੇ ਤੋਂ ਹੋ ਕੇ ਚਲੇ ਗਏ. ਸਾਨੂ ਪਤਾ ਲਗਾ ਕਿ ਮੁਸਲਿਮ ਮੂੰਡੇ ਇੱਕ ਤੰਗ ਗੇਟ ਤੋਂ ਮਹੱਲੇ ਤੇ ਦਾਖ਼ਲ ਹੋਣਾ ਚਾਹੁੰਦੇ ਸੀ ਤਾਂਕਿ ਉਸ ਇਲਾਕੇ ਨੂੰ ਅੱਗ ਲਗਾ ਦਿੱਤੀ ਜਾਵੈ, ਜਦ ਕਿ ਅੰਦਰ ਤੋਂ ਹਿੰਦੂ ਮੂੰਡੇ ਪੱਥਰਾਂ ਅਤੇ ਡੰਡੇਆਂ ਨਾਲ ਇਸ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਸੀ. ਲਗਦਾ ਸੀ, ਦੋਨੇ ਤਰਫ਼ ਕਿਸੇ ਕੋਲ ਹੋਰ ਕੋਈ ਹਥਿਆਰ ਨਹੀਂ ਸੀ. ਅਗਲੇ ਦਿਨ ਲਾਹੌਰ ਰਿਲੀਫ ਸੋਸਾਇਟੀ ਦੇ ਸੱਤ ਸਦੱਸ, ਜੋ ਹਕੀਕਤ ਤੇ ਆਰ.ਐਸ.ਐਸ. ਦੇ ਸਦੱਸ ਸਨ ਉਥੇ ਕਾਰਤੂਸ ਦੇਣ ਗਏ. ਉਨ੍ਹਾਂ ਨੂੰ ਪੁਲਿਸ ਨੇ ਗਰਿਫ਼ਤਾਰ ਕਰ ਲੀਤਾ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਤਸੀਹੇ ਦਾ ਸਾਹਮਣਾ ਕਰਨਾ ਪਇਆ.

'ਬਾਅਦ ਵਿੱਚ ਅੰਦਰੁਨ ਸ਼ਹਿਰ ਤੇ ਬਹੁਤ ਵੱਡੀ ਅੱਗਾਂ ਲਗਾ ਦਿੱਤੀ ਗਇਆਂ ਅਤੇ ਸਾਰੇ ਹਿੰਦੂ ਇਲਾਕੇ ਸਾੜ ਕੇ ਤਬਾਹ ਕਰ ਦਿੱਤੇ ਗਏ. ਇਹ ਬੇਰੋਕਟੋਕ ਚਲਦਾ ਰਹਿਆ, ਪਰ ਹੁਣ ਤਕ, ਕਿਸੇ ਵੀ ਸੁਰਤ ਤੇ ਇਹ

ਪੱਕਾ ਨਹੀਂ ਸੀ ਕਿ ਲਾਹੌਰ ਪਾਕਿਸਤਾਨ ਦਾ ਹਿੱਸਾ ਹੋਵੇਗਾ. ਇੱਕ ਦਿਨ, ਮੈਂ ਡਾ.ਗੋਪੀ ਚੰਦ ਭਾਰਗਵ, ਜੋ ਇੱਕ ਕਾਂਗਰੇਸੀ ਆਗੂ ਸਨ, ਨੂੰ ਕਿਹਾ, 'ਡਾ.ਸਾਹਬ, ਤੁਹਾਨੂ ਲਾਹੌਰ ਛੱਡ ਦੇਣਾ ਚਾਹੀਦਾ ਹੈ. ਇਥੇ ਤੁਹਾਡੀ ਜਾਨ ਨੂੰ ਖ਼ਤਰਾ ਹੈ." ਉਨ੍ਹਾਂ ਨੇ ਜਵਾਬ ਦਿੱਤਾ, "ਨਹੀਂ, ਮੈਂ ਗਾਂਧੀ ਦਾ ਚੇਲਾ ਹਾਂ. ਅਗਰ ਕੋਈ ਆਉਂਦਾ ਹੈ ਅਤੇ ਮਾਰ ਦੇਂਦਾ ਹੈ, ਮੈਂ ਚੁੱਪ-ਚਾਪ ਮਰ ਜਾਵਾਂਗਾ. ਇੱਕ ਹੋਰ ਸ਼ਕਸ, ਮੋਹਨਲਾਲ ਨੇ ਮਜਾਕ ਨਾਲ ਕਿਹਾ, "ਡਾ.ਸਾਹਬ, ਹਰ ਕੋਈ ਆਪਣੀ ਜਾਇਦਾਦ ਵੇਚ ਰਿਹਾ ਹੈ. ਤੁਹਾਨੂ ਕੁੱਝ ਵੇਚਣਾ ਹੈ? ਮੈਂ ਖ਼ਰੀਦਣਾ ਚਾਹੁੰਦਾ ਹਾਂ." ਦਰਅਸਲ, ਲਾਹੌਰ ਦੇ ਹਿੰਦੂ ਆਗੂਆਂ ਨੂੰ ਪੂਰਾ ਯਕੀਨ ਸੀ ਕਿ ਲਾਹੌਰ ਇੰਡੀਆ ਦਾ ਇੱਕ ਹਿੱਸਾ ਰਵੇਗਾ. ਡਾ.ਗੋਪੀ ਚੰਦ ਭਾਰਗਵ ਨੂੰ ਯਕੀਨ ਸੀ ਕਿ ਲਾਹੌਰ ਕਦੇ ਵੀ ਪਾਕਿਸਤਾਨ ਦਾ ਹਿੱਸਾ ਨਹੀਂ ਬਣੇਗਾ.'

ਇਸ ਤੋਂ ਪਹਿਲਾਂ, 3 ਜਨਵਰੀ 1997 ਨੂੰ ਮੁਮਬਈ ਦੇ ਇੱਕ ਦੌਰੇ ਦੇ ਦੌਰਾਨ ਮੈਂ ਮਸ਼ਹੂਰ ਇੰਡੀਅਨ ਫਿਲਮ ਨਿਰਮਾਤਾ ਬਲਦੇਵ ਰਾਜ ਚੋਪੜਾ ਨੂੰ ਉਨ੍ਹਾਂ ਦੇ ਮੁਮਬਈ ਦੇ ਦਫ਼ਤਰ ਤੇ ਮਿਲਿਆ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦਾ ਪਰਵਾਰ ਗਵਾਲਮੰਦੀ ਤੇ ਚੇਮਬਰਲੇਨ ਰੋਡ ਤੇ ਰਹਿੰਦਾ ਸੀ, ਇਹ ਇਲਾਕਾ ਸ਼ਾਹਆਲਮੀ ਤੋਂ ਜ਼ਿਆਦਾ ਦੂਰ ਨਹੀਂ ਸੀ. ਇਹ ਇੱਕ ਹਿੰਦੂ ਪ੍ਰਬਲ ਇਲਾਕਾ ਸੀ. ਬਾਅਦ ਵਿੱਚ ਉਹ ਪੰਜਾਬ ਲੇਜੀਸਲੇਟੀਵ ਅਸੈਮਬਲੀ ਦੇ ਪਿਛੇ ਇੱਕ ਇਲਾਕੇ ਤੇ ਚਲੇ ਗਏ. ਗੱਲਬਾਤ ਦੇ ਦੌਰਾਨ ਮੈਂ ਸੋਚਦਾ ਰਿਹਾ ਕਿ ਉਨ੍ਹਾ ਨੂੰ, ਕਦੀ ਲਾਹੌਰ ਦੁਬਾਰਾ ਦੌਰਾ ਕਰਣ ਦਾ ਸ਼ੌਕ ਸੀ ਜਾ ਨਹੀਂ. ਉਨ੍ਹਾਂ ਨੇ ਮੈਨੂੰ ਕਿਹਾ ਕਿ ਉਹ ਅਕਸਰ ਗਵਰਨਮੇਂਟ ਕਾਲਜ, ਲਾਹੌਰ ਦੇ ਦਿਨਾਂ ਦੇ ਬਾਰੇ ਸੋਚਦੇ ਸੀ, ਜੋ ਉਨ੍ਹਾਂ ਦੀ ਜ਼ਿੰਦਗੀ ਦੇ ਨਾ ਭੁਲਣ ਵਾਲੇ ਦਿਨ ਸਨ ਅਤੇ ਯਕੀਨਨ ਉਨ੍ਹਾਂ ਨੇ ਆਪਣੇ ਪੁਰਾਣੇ ਦੋਸਤਾਂ ਨਾਲ ਰਿਸ਼ਤੇ ਕਾਇਮ ਰੱਖੇ ਸਨ. ਉਨ੍ਹਾਂ ਦੇ ਪੁਰਾਣੇ ਦੋਸਤ, ਸ਼ੇਖ ਅਬਦੁਲ ਰਸ਼ੀਦ ਦੀ ਮੌਤ ਹੋ ਚੁਕੀ ਸੀ, ਪਰ ਸ਼ੇਖ ਦੇ ਬੱਚੇ ਕਦੀ ਕਦੀ ਖ਼ਤ ਲਿਖਦੇ ਸਨ. ਉਨ੍ਹਾਂ ਨੇ ਮੱਨਿਆ ਕਿ ਲਾਹੌਰ ਜਾਣ ਦੀ ਉਨ੍ਹਾਂ ਦੀ ਬੇਹਦ ਜ਼ਿਆਦਾ ਚਾਹਤ ਸੀ, ਪਰ ਉਨ੍ਹਾਂ ਦੀ ਪਤਨੀ ਸ਼ਾਹਆਲਮੀ ਦੀ ਵਾਰਦਾਤ ਦੇ ਚਲਦੇ, ਇਸ ਦੀ ਇਜ਼ਾਜ਼ਤ ਨਹੀਂ ਦੇਂਦੀ ਸੀ, ਜਿਸ ਨੇ ਉਸ ਇਲਾਕੇ ਦੀ ਹਿੰਦੂ ਸਮੁਦਾਇ ਦੀ ਤਬਾਹੀ ਕੀਤੀ ਸੀ. ਉਹ ਉਸ ਤਜੁਰਬੇ ਨਾਲ ਬੇਹਦ ਸਦਮੇ ਵਿੱਚ ਆ ਗਈ ਸੀ. ਹਾਲਾਂਕਿ ਸ਼ੀਮਤੀ ਚੋਪੜਾ ਖੁਦ ਬਗੈਰ ਘਾਇਲ ਹੋਏ ਬਚ ਗਏ ਸਨ, ਪਰ ਉਸ ਅੱਗ ਵਿੱਚ, ਉਨ੍ਹਾਂ ਦੇ ਕਈ ਰਿਸ਼ਤੇਦਾਰਾਂ ਦੀ ਜ਼ਿੰਦਗੀ ਦਾ ਖ਼ਾਤਮਾ ਹੋ ਗਿਆ ਸੀ.

ਸ਼ਾਹਆਲਮੀ ਦੀ ਅੱਗ

ਪੁਰਾਣੇ ਵਕਤ ਦੇ ਮੁਸਲਿਮਾਂ ਵਿੱਚ ਵੀ, ਜਦ ਸਾਲ 1947 ਅਤੇ ਤਕਸੀਮ ਬਾਰੇ ਗੱਲਬਾਤ ਹੁੰਦੀ ਹੈ, ਸ਼ਾਹਆਲਮੀ ਦੀ ਅੱਗ ਦਾ ਹਮੇਸ਼ਾ ਇੱਕ ਮੋੜ ਦੇ ਤੌਰ ਤੇ ਜ਼ਿਕਰ ਹੁੰਦਾ ਹੈ, ਜਿਥੋਂ ਹਿੰਦੂ ਅਤੇ ਸਿੱਖ, ਲਾਹੌਰ ਤੇ ਰਹਿਣ ਲਈ ਲੜਣ ਦਾ ਇਰਾਦਾ ਛੱਡ ਦੇਂਦੇ ਨੇ. ਲਾਹੌਰੀ ਹਿੰਦੂਆਂ ਨਾਲ ਮੇਰੀ ਗੱਲਬਾਤ ਤੇ ਦੌਰਾਨ, ਦੋ ਵਿਸ਼ੇ ਦਾ ਬਾਰ ਬਾਰ ਜ਼ਿਕਰ ਹੁੰਦਾ ਹੈ-ਪਹਿਲਾ ਸ਼ਾਹਆਲਮੀ ਦੀ ਅੱਗ ਦਾ ਅਤੇ ਦੂਜਾ ਇਹ ਇਲਜ਼ਾਮ ਕਿ ਸ਼ਹਿਰ ਦੇ ਮੈਜਿਸਟਰੇਟ ਮੁਹੱਮਦ ਘਨੀ ਚੀਮਾ ਨੇ ਇਸ ਅੱਗ ਲਗਾਉਣ ਤੇ ਇੱਕ ਅਹਿਮ ਕਿਰਦਾਰ ਅਦਾ ਕੀਤਾ. ਨਤੀਜਨ, ਮੈਂ ਜਾਣਨਾ ਚਾਹੁੰਦਾ ਸੀ ਕਿ ਲਾਹੌਰ ਤੇ ਉਸ ਦਿਨ, ਦਰਅਸਲ, ਕਿ ਹੋਇਆ.

ਹਾਜੀ ਅਬਦੁਲ ਰਹਿਮਾਨ ਸ਼ਾਹਆਲਮੀ ਗੇਟ ਤੇ ਲਗੀ ਅੱਗ ਦੇ ਬਾਰੇ ਵੀ ਸਿੱਧੀ ਇਤਲਾਹ ਦੇਣ ਦੇ ਕਾਬਲ ਸਨ, ਕਿਉਂਕਿ ਉਹ ਉਸ ਸ਼ਾਜ਼ਸ਼ ਵਿੱਚ ਖੁਦ ਸ਼ਾਮਲ ਸਨ. ਜੋ ਵੇਰਵਾ ਉਨ੍ਹਾਂ ਨੇ ਦਿੱਤਾ, ਉਹ ਉਸ

ਵਾਕਿਐ ਦੀ ਰਿਪੋਰਟ ਨਾਲ ਮੇਲ ਖਾਉਂਦਾ ਸੀ ਜੋ 24 ਜੂਨ 1947 ਦੇ ਪਾਕਿਸਤਾਨ ਟਾਇਮਸ ਤੇ ਛੱਪੀ ਸੀ. ਜਦ 30 ਦਸੰਬਰ 2004 ਨੂੰ ਮੈਂ ਉਨ੍ਹਾਂ ਦਾ ਇੰਟਰਵਿਊ ਲੀਤਾ, ਮੈਂ ਖਾਸ ਕਰ ਕੇ, ਪੱਕੀ ਤਾਰੀਖ ਦੇ ਬਾਰੇ ਜਾਣਨਾ ਚਾਹੁੰਦਾ ਸੀ, ਪਰ ਉਹ ਦੱਸ ਨਹੀਂ ਸਕੇ, ਸਿਵਾਏ ਇਸ ਦੇ ਕਿ ਉਸ ਰਾਤ ਨੂੰ ਬੇਹਦ ਜ਼ਿਆਦਾ ਗਰਮੀ ਸੀ. ਮੈਂ ਸ਼ੁਰੂ ਤੇ 24 ਜੂਨ 1947 ਦੇ ਪਾਕਿਸਤਾਨ ਟਾਇਮਸ ਤੇ ਛੱਪੀ ਰਿਪੋਰਟ ਦਾ ਹੁਬਹੂ ਜ਼ਿਕਰ ਕਰਦਾਂ ਹਾਂ:

'100 ਦੁਕਾਨਾਂ ਦੇ ਇਲਾਵਾ, ਕਰੀਬ 100 ਘਰ, ਐਤਵਾਰ ਸਵੇਰ ਨੂੰ (22 ਜੂਨ), ਲਾਹੌਰ ਦੇ ਸ਼ਾਹਆਲਮੀ ਗੇਟ, ਪਾਪੜਮੰਡੀ ਅਤੇ ਕੁਚਾ ਹਵਾਗਰਾਂ ਤੇ ਲਗੀ ਅੱਗਾਂ ਵਿੱਚ ਪੂਰੀ ਤਰ੍ਹਾਂ ਤਬਾਹ ਹੋ ਗਏ ਸੀ. ਬਾਜ਼ਾਰ ਦੇ ਦੋਨੋ ਤਰਫ਼ ਦੀ ਇਮਾਰਤਾਂ ਪੂਰੀ ਤਰ੍ਹਾਂ ਜਲ ਕੇ ਡਿਗ ਗਇਆਂ ਨੇ. ਗਿਰੇ ਹੋਏ ਮਲਬੇ ਨੇ ਬਾਜ਼ਾਰ ਦੇ ਰਾਹ ਤੇ ਆਵਾ-ਜਾਵੀ ਬੰਦ ਕਰ ਦਿੱਤੀ ਹੈ. ਕਈ ਲੱਖ ਰੁਪਏਆਂ ਦੇ ਨੁਕਸਾਨ ਹੋਣ ਦਾ ਅੰਦੇਸ਼ਾ ਹੈ. ਸਥਾਨੀ ਬੁਲਿਅਨ ਏਕਸਚੇਂਜ, ਕਰਿਆਨਾ ਬਾਜ਼ਾਰ ਅਤੇ ਮਾਲ ਗੁਦਾਮ ਇਣ ਇਲਾਕਿਆਂ ਤੇ ਸਥਿਤ ਨੇ.

'ਅੱਗ, ਐਤਵਾਰ ਇੱਕਦਮ ਤੜਕੇ, ਸ਼ਾਹਆਲਮੀ ਗੇਟ ਦੇ ਅੰਦਰ ਲਗਾਈ ਗਈ ਅਤੇ ਬਾਅਦ ਵਿੱਚ ਇਹ ਪਾਪੜ ਮੰਡੀ, ਜੋੜ ਮੇਰੀ ਅਤੇ ਬਾਲ ਮਾਤਾ ਸਟ੍ਰੀਟ ਤੇ ਫੈਲ ਗਈ.

'ਕਾਰਪੋਰੇਸ਼ਨ ਦੀ ਅੱਗ ਬੁਝਾਣ ਦੀ ਟੋਲੀ ਅਤੇ ਦੋ ਫ਼ੌਜ਼ੀ ਦਮਕਲਾਂ ਜੋ ਘਟਨਾ ਸਥਾਨ ਤੇ ਪਹੁੰਚੀ, ਬਹੁਤ ਦੇਰ ਤੱਕ ਬੇਕਾਰ ਬੈਠੇ ਰਹੇ ਕਿਉਂਕਿ ਪਾਨੀ ਦੀ ਸਪਲਾਈ ਬੰਦ ਸੀ. ਤੜਕੇ, ਗੋਲੀਆਂ ਚਲਣ ਦੀ ਅਵਾਜ਼ ਬਾਰ-ਬਾਰ ਆ ਰਹੀ ਸੀ ਅਤੇ ਖ਼ਬਰ ਹੈ ਕਿ ਪੁਲਿਸ ਅਤੇ ਫ਼ੌਜ਼ ਨੇ, ਫੈਲਦੀ ਹੋਈ ਅੱਗ ਦੇ ਚਲਦਿਆਂ ਪੈਦਾ ਹੋਏ ਹੰਗਾਮੇ ਅਤੇ ਹਫੜਾ ਦਫੜੀ ਦੇ ਦੌਰਾਨ, ਕਰਫਿਊ ਤੋੜਣ ਵਾਲੇਆਂ ਉਪਰ 100 ਰਾਉਂਡ ਗੋਲੀਆਂ ਚਲਾਇਆਂ ਨੇ.

'ਐਤਵਾਰ ਸਵੇਰੇ, ਸ਼ਾਹਆਲਮੀ ਗੇਟ ਦੇ ਅੰਦਰ ਤਿੰਨ ਬੰਬ ਫੁੱਟੇ ਜਦ ਇੱਕ ਪੁਲਿਸ ਦਲ, ਸਥਾਨਕ ਮੈਜਿਸਟਰੇਟ ਦੀ ਅਗਵਾਈ ਤੇ, ਪ੍ਰਭਾਵਤ ਇਲਾਕਿਆ ਦਾ ਦੌਰਾ ਕਰ ਰਿਹਾ ਸੀ. ਇੱਕ ਫ਼ੌਜ਼ੀ ਅਫਸਰ ਅਤੇ ਦੋ ਪੁਲਿਸ ਅਫਸਰ ਨੂੰ ਸੱਟਾਂ ਲਗਿਆਂ.

'ਪੁਲਿਸ ਅਤੇ ਫ਼ੌਜ਼ ਨੇ ਉਸ ਇਲਾਕੇ ਨੂੰ ਘੇਰ ਲੀਤਾ ਅਤੇ 150 ਲੋਕਾਂ ਨੂੰ ਜਿਸ ਵਿੱਚ ਇੱਕ ਔਰਤ ਵੀ ਹੈ, ਹਿਰਾਸਤ ਤੇ ਲੈ ਲੀਤਾ.'

ਉਸੇ ਸਫ਼ੇ ਦੇ ਨੀਚੇ, ਇੱਕ ਹੋਰ ਖ਼ਬਰ ਦਿੱਤੀ ਹੇ: 'ਸ਼ਾਮ ਨੂੰ, ਸਰ ਇਵਨ ਜੇਨਕੀਨਸ, ਸਰ ਜੇ.ਐਮ.ਟੀ.ਬੇਨੇਟ, ਪੁਲਿਸ ਆਈ.ਜੀ. ਦੇ ਨਾਲ ਸਾੜ ਦਿੱਤੇ ਗਏ ਸ਼ਾਹਆਲਮੀ ਗੇਟ, ਪਾਪੜਮੰਡੀ ਅਤੇ ਕੁਚਾ ਹਵਾਗਰਾਂ ਇਲਾਕਿਆਂ ਦੇ ਹਿੱਸੇਆਂ ਦਾ ਅਤੇ ਮੁਜ਼ੰਗ ਦਾ ਵੀ, ਦੌਰਾ ਕੀਤਾ'.

ਹਾਜੀ ਅਬਦੁਲ ਰਹਿਮਾਨ ਗਿਲ

'ਮੈਜਿਸਟਰੇਟ ਚੀਮਾ ਸਾਡੇ ਡੇਰੇ ਤੇ ਆਉਂਦੇ ਸੀ ਅਤੇ ਮੇਰੇ ਵਾਲਿਦ ਨਾਲ ਗੱਲਬਾਤ ਕਰਦੇ ਸੀ. ਉਹ ਸਾਡੀ ਤਰ੍ਹਾਂ ਜੱਟ ਸਨ ਅਤੇ ਮੇਰੇ ਵਾਲਿਦ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸੀ. ਮੈਂ ਹਮੇਸ਼ਾ ਆਪਣੇ ਵਾਲਿਦ ਦੇ ਨਾਲ ਰਹਿੰਦਾ ਸੀ ਕਿਉਂਕਿ ਉਨ੍ਹਾਂ ਨੂੰ ਦੌਰੇ ਪੈਂਦੇ ਸੀ ਅਤੇ ਨਾਲੋ ਨਾਲ ਧਿਆਨ ਦੇਨਾ ਪਇੰਦਾ ਸੀ; ਇਸ ਕਰ ਕੇ ਉਣ ਦਿਨਾਂ ਤੇ ਜੋ ਵੀ ਹੋਇਆ, ਮੈਨੂੰ ਪਤਾ ਹੈ. ਉਹ ਕੁਮਹਾਰਾਂ ਦੀ ਦੁਕਾਨਾਂ ਦੇ ਬਾਹਰ ਬੈਠ ਕੇ ਗੱਲਬਾਤ ਕਰਦੇ. ਇੱਕ ਦਿਨ ਸ਼ਾਹਆਲਮੀ ਦੇ ਅੰਦਰ ਲਾਲ ਮਸੀਤ ਦੇ ਇੱਕ ਬੁਰਜ ਨੂੰ, ਕੁੱਝ ਹਿੰਦੂਆ ਨੇ ਢਾਹੁਣ ਦੀ ਕੋਸ਼ਿਸ਼

ਕੀਤੀ. ਮੇਰੇ ਵਾਲਿਦ ਅੰਦਰ ਜਾ ਕੇ ਉਣ ਸ਼ਰਾਰਤੀ ਲੋਕਾਂ ਨੂੰ ਸਜ਼ਾ ਦੇਣਾ ਚਾਹੁੰਦੇ ਸੀ. ਇੱਕ ਬ੍ਰਿਟਿਸ਼ ਸਾਰਜੇਨਟ ਦੀ ਅਗਵਾਈ ਤੇ ਇੱਕ ਲਾਰੀ ਗਸ਼ਤ ਕਰਦੀ, ਇਸ ਇਲਾਕੇ ਤੇ ਮੌਜੂਦ ਸੀ. ਚੀਮਾ ਨੇ ਉਸ ਲੈਰੀ ਨੂੰ ਰੋਕਿਆ ਅਤੇ ਆਪਣੇ ਪਛਾਣ ਦੇ ਦਸਤਾਵੇਜ ਦਿਖਾਏ. ਚੀਮਾ ਦੇ ਹੁਕਮ ਤੇ, ਸਾਰਜੇਨਟ ਨੇ ਆਪਣੀ ਟੁਕੜੀ ਨੂੰ, ਨਾਪਾਕ ਕਰਣ ਵਾਲੇ ਲੋਕਾਂ ਉਪਰ ਗੋਲੀ ਚਲਾਉਣ ਨੂੰ ਕਿਹਾ. ਪੂਰਾ ਧਮੱਚੜ ਮਚ ਗਿਆ ਅਤੇ ਲੋਕ ਗੋਲੀਆਂ ਤੋਂ ਬਚਣ ਲਈ ਚਾਰੇ ਪਾਸੇ ਭੱਜਣ ਲਗੇ. ਕੁੱਝ ਹਿੰਦੂਆਂ ਨੇ ਆਪਣੇ ਆਪ ਨੂੰ ਚੌੜੀ ਸਿਵਰੇਜ ਦੀ ਨਾਲੀਆਂ ਵਿੱਚ ਛੁਪਾ ਲੀਤਾ ਜਦ ਕਿ ਦੂਜੇ ਨੱਸ ਗਏ.

'ਸਾਡੇ ਘਰ ਦੇ ਬਿਲਕੁਲ ਪਿਛੇ ਇੱਕ ਹੋਰ ਹਿੰਦੂ ਇਲਾਕਾ, ਕੁਚਾ ਬਾਲ ਮਾਤਾ ਸੀ. ਉਸ ਮਹੱਲੇ ਦੇ ਹਿੰਦੂਆਂ ਨੇ ਮੇਰੇ ਦਾਦਾ ਦੇ ਘਰ ਦੀ ਉੱਪਰੀ ਮੰਜ਼ਿਲ ਨੂੰ ਅੱਗ ਲਗਾ ਦਿੱਤੀ, ਪਰ ਉਹ ਅੱਗ ਹਿੰਦੂ ਘਰਾਂ ਦੀ ਤਰਫ਼ ਜਾਣ ਲਗੀ, ਨਾ ਕਿ ਥਲੇ ਦੀ ਤਰਫ਼. ਕਿਸੇ ਤਰ੍ਹਾਂ, ਇਸ ਹਿੰਦੂ ਭੜਕਾਹਟ ਨੇ ਮੇਰੇ ਵਾਲਿਦ ਦਾ ਗੁੱਸਾ ਹੋਰ ਚੜ੍ਹਾ ਦਿੱਤਾ. 3 ਮਾਰਚ ਤੋਂ ਮਿਆਂਵਾਲੀ ਦੀ ਪੁਲਿਸ ਸ਼ਾਹਆਲਮੀ ਗੇਟ ਦੇ ਬਾਹਰ ਮੁਤਾਇਮ ਕੀਤੀ ਗਈ ਸੀ. ਉਨ੍ਹਾਂ ਦਾ ਏ.ਐਸ.ਆਈ ਇਨ-ਚਾਰਜ ਕਰਮ ਦੀਨ ਸੀ. ਮਿਆਂਵਾਲੀ ਪੁਲਿਸਵਾਲੇ ਲੰਬੇ ਅਤੇ ਰੋਹਬਦਾਬ ਵਾਲੇ ਸੀ ਹੋਰ ਵੱਡੀ ਮੁੱਛਾ ਰਖਦੇ ਸੀ. ਉਨ੍ਹਾਂ ਨੇ ਵੀ ਸ਼ਾਹਆਲਮੀ ਉਪਰ ਪਹਿਲੀ ਅੱਗਜਨੀ ਦੇ ਹਮਲੇ ਤੇ, ਇੱਕ ਅਹਿਮ ਕਿਰਦਾਰ ਨਿਭਾਇਆ. ਚੀਮਾ ਨੇ ਅੰਦਾਜ਼ਾ ਲਗਾਇਆ ਚੁੰਕਿ ਸਾਡੇ ਘਰ ਉਪਰ ਅੱਗ ਲਗਾਈ ਜਾ ਚੁਕੀ ਸੀ ਅਤੇ ਮੇਰੇ ਵਾਲਿਦ ਗੁੱਸੇ ਤੇ ਸਨ, ਉਨ੍ਹਾਂ ਨੂੰ ਆਸਾਨੀ ਨਾਲ ਹਿੰਦੂਆਂ ਉਪਰ ਇੱਕ ਪੂਰੇ ਹਮਲੇ ਤੇ ਹਿੱਸਾ ਲੈਣ ਲਈ ਰਾਜੀ ਕੀਤਾ ਜਾ ਸਕਦਾ ਸੀ. ਅਤੇ, ਇੱਕ ਬੇਹਦ ਗਰਮ ਦੇਰ ਸਾਮ ਨੂੰ, ਜਦ ਅਸੀਂ ਸਭ ਡੇਰੇ ਤੇ ਬੈਠੇ ਸੀ, ਚੀਮਾ ਨੇ ਮੇਰੇ ਵਾਲਿਦ ਨੂੰ ਕਿਹਾ, "ਬਿੱਲੇ ਮੈਨੂੰ ਕੁੱਝ ਬੰਦੇ ਚਾਹੀਦੇ ਨੇ; ਮੈਂ ਸ਼ਾਹਆਲਮੀ ਨੂੰ ਸਾੜ ਦੇਨਾ ਚਾਹੁੰਦਾ ਹਾਂ." ਇਹ ਮਸ਼ਹੂਰ ਸ਼ਾਹਆਲਮੀ ਅੱਗ ਦਾ ਸਰੋਤ ਸੀ.

'ਮੇਰੇ ਵਾਲਿਦ ਝਿਜ਼ਕ ਰਹੇ ਸਨ ਕਿਉਂਕਿ ਸਾਡਾ ਵੱਡਾ ਪਰਵਾਰ ਸੀ ਅਤੇ ਮੈਨੂੰ ਛੱਡ ਕੇ, ਦੂਜੇ ਬੱਚੇ ਛੋਟੇ ਸੀ. ਉਨ੍ਹਾਂ ਨੇ ਚੀਮਾ ਨੂੰ ਕਿਹਾ, "ਮੈਂ ਇਸ ਕੱਮ ਤੇ ਹਿੱਸਾ ਨਹੀਂ ਲੈ ਸਕਦਾ ਕਿਉਂਕਿ ਹੁਣ ਮੇਰੀ ਕਈ ਜ਼ਿੱਮੇਵਾਰੀਆਂ ਨੇ. 1927, 1935 ਅਤੇ 1937 ਅਲਗ ਸਮਾਂ ਸੀ, ਹੁਣ ਮੈਨੂੰ ਆਪਣੇ ਬੱਚੇਆਂ ਦੀ ਭਲਾਈ ਬਾਰੇ ਸੋਚਣਾ ਹੈ"1 . ਚੀਮਾ ਨੇ ਕਿਹਾ ਉਹ ਇਹ ਸਭ ਸਮਝਦੇ ਸੀ, ਪਰ ਸ਼ਾਹਆਲਮੀ ਨੂੰ ਅੱਗ ਲਗਾਉਣ ਬਾਰੇ ਉਨ੍ਹਾਂ ਨੇ ਪੱਕਾ ਇਰਾਦਾ ਕੀਤਾ ਸੀ. ਇਸ ਸਾਜ਼ਸ਼ ਤੇ ਹਿੱਸਾ ਲੈਣ ਲਈ, ਮੇਰੇ ਵਾਲਿਦ ਦੀ ਹਿਫ਼ਾਜ਼ਤ ਲਈ, ਉਨ੍ਹਾਂ ਨੇ ਏ.ਐਸ.ਆਈ. ਕਰਮ ਦੀਨ ਨੂੰ ਹੁਕਮ ਦਿੱਤਾ ਕਿ ਉਹ ਮੇਰੇ ਵਾਲਿਦ ਨੂੰ ਲੈ ਕੇ ਪੁਲਿਸ ਚੌਕੀ ਤੇ ਜਾਵੇ ਅਤੇ ਪੁਲਿਸ ਦਸਤਾਵੇਜਾਂ ਵਿੱਚ ਦਰਜ ਕਰੇ ਕਿ ਮੈਜਿਸਟਰੇਟ ਚੀਮਾ ਨੇ ਬਿੱਲੇ ਨੂੰ ਧਾਰਾ 107 ਅਤੇ 151 ਦੇ ਤਹਿਤ, ਹਿਰਾਸਤ ਤੇ ਰੱਖਿਆ ਸੀ. ਫਿਰ ਚੀਮਾ ਨੇ ਕਿਹਾ, "ਹੁਣ ਤੇ ਮੈਨੂੰ ਬੰਦੇ ਦੇ ਦੇ ਜੋ ਮੈਨੂੰ ਚਾਹੀਦੇ ਨੇ." ਇਹ ਸੁਣ ਕੇ ਵਾਲਿਦ ਨੇ ਕਿਹਾ, "ਠੀਕ ਹੈ, ਚੌਧਰੀ."

'ਵਾਲਿਦ ਨੇ ਚੀਮਾ ਨੂੰ ਕਿਹਾ, "ਮੈਨੂੰ ਇੱਕ ਪੁਲਿਸ ਦਾ ਸਿਪਾਹੀ ਦੇ ਦੋ ਅਤੇ ਮੈਂ ਤੁਹਾਡੀ ਮਦਦ ਕਰਾਂਗਾ." ਮੈਂ, ਮੇਰੇ ਵਾਲਿਦ ਅਤੇ ਇੱਕ ਸਿਪਾਹੀ, ਇਸ ਦੇ ਬਾਅਦ, ਮੋਚੀ ਗੇਟ ਦੇ ਸਿਰਿਆਂਵਾਲਾ ਬਾਜ਼ਾਰ ਲਈ ਚਲੇ ਗਏ ਜਿੱਥੇ ਰਿਸ਼ਤੇ ਤੇ ਇੱਕ ਭਰਾ, ਮੁਹੱਮਦ ਸ਼ਫ਼ੀ, ਜਿਸ ਦੇ ਦੂਜੇ ਨਾਂਅ ਸ਼ਫ਼ੀ ਇੱਟੀ ਜਾਂ ਸ਼ਫ਼ੀ ਨੈਨਾਂਵਾਲਾ ਵੀ ਸੀ, ਰਹਿੰਦਾ ਸੀ. ਵਾਲਿਦ ਨੇ ਸ਼ਫ਼ੀ ਨਾਲ ਗੱਲ ਕੀਤੀ ਅਤੇ ਉਸ ਨੂੰ ਕਿਹਾ ਕਿ ਸ਼ਾਹਆਲਮੀ ਨੂੰ ਅੱਗ ਲਗਾਉਣ ਲਈ, ਉਸ ਨੂੰ ਕੁੱਝ ਸਾਮਾਨ ਚਾਹੀਦਾ ਹੈ. ਉਸ ਨੇ ਕਿਹਾ, "ਠੀਕ ਹੈ, ਪਾਜੀ; ਤੁਸੀਂ ਦੋ ਘੰਟੇਆਂ

ਬਾਅਦ ਆਉ". ਅਸੀਂ ਦੋ ਘੰਟੇ ਬਾਅਦ ਪਹੁੰਚੇ. ਉਸ ਨੇ ਤੇਲ ਵਰਗੇ ਕਿਸੇ ਕੈਮਿਕਲ ਦੇ ਦੋ ਪੀਪੇਆਂ ਦਾ ਜੁਗਾੜ ਕੀਤਾ ਸੀ, ਜਿਸ ਨੂੰ ਸੈਲਊਸ਼ਨ ਕਹਿੰਦੇ ਸੀ. ਇਸ ਤਰ੍ਹਾਂ ਦੀ ਚੀਜ ਜੁਤੀਆਂ ਅਤੇ ਕਈ ਕਿਸਮ ਦੀ ਦੂਜੀ ਚੀਜਾਂ ਨੂੰ ਬਣਾਉਣ ਦੇ ਕੱਮ ਆਊਂਦੀ ਹੈ. ਜਦ ਇਸ ਨੂੰ ਕਿਸੇ ਚੀਜ ਉਪਰ ਲਗਾਇਆ ਜਾਂਦਾ ਹੈ, ਇਹ ਉਸ ਦੇ ਨਾਲ ਚਿਪਕ ਜਾਂਦੀ ਹੈ ਅਤੇ ਨਾ ਸਿਰਫ਼ ਇਹ ਆਸਾਨੀ ਨਾਲ ਅੱਗ ਫੜਦੀ ਹੈ ਪਰ ਅਗਰ ਇੱਕ ਵਾਰ ਅੱਗ ਲਗ ਜਾਂਦੀ ਹੈ ਤੇ, ਇਸ ਨੂੰ ਬੁਝਾਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ.

'ਉਨ੍ਹਾਂ ਦੇ ਦੋ ਕਰੀਬੀ ਦੋਸਤ, ਅਬਦੁਲ ਲਤੀਫ਼, ਜਾਂ ਟਿੱਫ਼ਾ ਤਰਖਾਨ ਅਤੇ ਲਾਵਾ ਕਨਕੱਟਾ ਕਸ਼ਮੀਰੀ, ਉਨ੍ਹਾਂ ਦੇ ਨਾਲ ਗਏ. ਰਾਤ ਦੇ ਦਸ ਵਜੇ ਸੀ ਅਤੇ ਕਰਫਿਊ ਕਰ ਕੇ ਸੜਕਾਂ ਬਿਲਕੁਲ ਸੁਨਸਾਨ ਸਨ. ਜਲਦ ਹੀ ਅਸੀਂ ਉਸ ਜਗ੍ਹ ਪਹੁੰਚ ਗਏ, ਜਿੱਥੇ ਚੀਮਾ ਅਤੇ ਵਾਲਿਦ, ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸੀ. ਪੁਲਿਸ ਬਲ ਦਾ ਇੱਕ ਸਿੱਖ, ਜਿਸ ਨੂੰ ਹਿੰਦੂ ਹਮੇਸ਼ਾ ਆਪਣੇ ਇਲਾਕੇ ਤੇ ਮੌਜੂਦ ਵੇਖਣਾ ਚਾਹੁੰਦੇ ਸੀ, ਸ਼ਾਹਆਲਮੀ ਤੇ ਰਾਤ ਦੀ ਡਿਊਟੀ ਤੇ ਸੀ. ਉਹ ਸ਼ਾਹਆਲਮੀ ਗੇਟ ਦੇ ਨਜਦੀਕ, ਇੱਕ ਚਾਰਪਾਈ ਤੇ ਸੁੱਤਾ ਸੀ. ਚੀਮਾ ਨੇ ਕਰਮ ਦੀਨ ਨੂੰ ਹੁਕਮ ਦਿੱਤਾ ਕਿ ਉਹ ਉਸ ਨੂੰ ਡਿਊਟੀ ਤੇ ਨਾ ਭੇਜੇ. ਉਸ ਦਿਨ, ਚੀਮਾ ਨੇ ਇੱਕ ਪੁਲਿਸਵਾਲੇ ਨੂੰ ਭਰੀ ਹੋਈ ਬੰਦੂਕ ਨਾਲ, ਤਇਨਾਤ ਕਰ ਦਿੱਤਾ ਅਤੇ ਹੁਕਮ ਦਿੱਤਾ ਕਿ ਅਗਰ ਉਹ ਸੁੱਤਾ ਸਿੱਖ ਉਠ ਜਾਂਦਾ ਹੈ ਜਾਂ ਰੌਲਾ ਪਾਉਂਦਾ ਹੈ ਤੇ, ਉਸ ਨੂੰ ਗੋਲੀ ਮਾਰ ਦਿੱਤੀ ਜਾਵੇ. ਥੋੜੀ ਦੇਰ ਬਾਅਦ, ਚੀਮਾ ਨੇ ਸਾਨੂੰ ਕੱਮ ਸ਼ੁਰੂ ਕਰਣ ਦਾ ਹੁਕਮ ਦਿੱਤਾ. ਦੋ ਬੰਦੇਆਂ ਦੇ ਦੋ ਗੁਟ ਬਣਾਏ ਗਏ. ਦੋਵ਼ੇ ਗੁਟ ਉਲਟੀ ਤਰਫ਼, ਸ਼ਾਹਆਲਮੀ ਦੇ ਆਖਰੀ ਛੋਰ ਤੇ ਚਲੇ ਗਏ ਅਤੇ ਦੁਕਾਨਾਂ ਦੇ ਦਰਵਾਜੇਆਂ ਅਤੇ ਥਾਰੇਆਂ ਤੇ, ਜੋ ਉਣ ਦਿਨਾਂ ਤੇ ਲਕੱੜ ਦੇ ਬਣੇ ਹੁੰਦੇ ਸੀ "ਸੈਲਊਸ਼ਨ" ਲਗਾਉਣਾ ਚਾਲੂ ਕਰ ਦਿੱਤਾ. ਇੱਕ ਕਿਨਾਰੇ ਤੇ, ਹਵੇਲੀ ਲਾਲਾ ਲਛਮਨ ਰਾਮ ਤੇ ਹਿੰਦੂਆ ਨੇ ਇੱਕ ਚੈਬੱਚਾ ਬਣਾ ਕੇ, ਇਸ ਵਿੱਚ ਪਾਣੀ ਭਰ ਕੇ ਰੱਖਿਆ ਸੀ ਅਤੇ ਕਈ ਪੀਪੇ ਵੀ ਉਪਰ ਤੱਕ ਭਰ ਕੇ ਰੱਖੇ ਸੀ. ਇਸ ਨੂੰ ਇੱਕ ਅੱਗ ਲਗਣ ਦੇ ਖਿਲਾਫ਼, ਸਾਵਧਾਨੀ ਦੇ ਤੌਰ ਤੇ ਕੀਤਾ ਗਿਆ ਸੀ. ਹਵੇਲੀ ਇੱਕ ਗੜ ਦੀ ਤਰ੍ਹਾਂ ਸੀ. ਇਸ ਨੂੰ ਸਭ ਮੱਨਦੇ ਸੀ ਕਿ ਹਿੰਦੂਆਂ ਨੇ ਅੰਦਰ, ਹਥਿਆਰਾਂ ਦੀ ਕਾਫ਼ੀ ਮਾਤਰਾ ਅਤੇ ਅਸਲਾ ਇਕੱਠਾ ਕਰ ਕੇ ਰੱਖਿਆ ਹੈ.

'ਦੁਜਾ ਗੁਟ, ਮਹੱਲਾ ਪਰੀਮਲ ਦੀ ਤਰਫ਼ ਚਲਾ ਗਿਆ. ਦੋਨੋ ਗੁਟਾਂ ਨੇ ਦਰਵਾਜੇਆਂ ਅਤੇ ਥਾਰੇਆਂ ਉਪਰ "ਸੈਲਊਸ਼ਨ" ਚਿਪਕਾ ਦਿੱਤਾ ਅਤੇ ਚੈਬੱਚੇ ਅਤੇ ਭਰੇ ਪੀਪੇਆਂ ਤੇ ਵੀ ਪਾ ਦਿੱਤਾ. ਜਦ ਸਰਕਾਰੀ ਕਾਲਜ ਦੀ ਵੱਡੀ ਘੜੀ ਤੇ ਰਾਤ ਦੇ 1 ਦਾ ਵਕਤ ਹੋਇਆ, ਚੀਮੇ ਨੇ ਅੱਗ ਲਗਾਉਣ ਦਾ ਹੁਕਮ ਦਿੱਤਾ. ਅਸੀਂ ਸਭ ਤੋਂ ਦੂਰ ਦੇ ਕਿਨਾਰੇ ਤੋਂ ਅੱਗ ਲਗਾਂਦੇ ਹੋਏ ਸ਼ਾਹਆਲਮੀ ਗੇਟ ਦੀ ਤਰਫ਼ ਆਉਂਦੇ ਗਏ. ਕੁੱਝ ਹੀ ਮਿਨਟਾਂ ਤੇ, ਉਹ ਅੱਗ ਇੱਕ ਅਸਲੀ ਜਹੱਨੁਮ ਵਿੱਚ ਤਬਦੀਲ ਹੋ ਗਈ.

'ਉਸ ਅੱਗ ਬਾਰੇ, ਹੁਣ ਸੱਤਵਿੰਜਾ ਸਾਲਾ ਬਾਅਦ ਗੱਲ ਕਰਣੀ ਅਤੇ ਆਪਣੀ ਅੱਖਾਂ ਨਾਲ ਖੁਦ ਵੇਖਣਾ ਜਦ ਅੱਗ ਲਗੀ ਸੀ, ਦੋ ਬਿਲਕੁਲ ਮੁਖ਼ਤਲਿਫ਼ ਚੀਜਾਂ ਨੇ. ਉਸ ਨਜ਼ਾਰੇ ਦੇ ਨਾਲ, ਚੀਕਣ ਅਤੇ ਚਿਲਾਉਣ ਦੀ ਅਵਾਜ਼ਾਂ ਨੂੰ ਕਦੀ ਭੁੱਲਿਆ ਨਹੀਂ ਜਾ ਸਕਦਾ ਹੈ. ਜਲਣ ਤੋਂ ਜ਼ਿਆਦਾ ਦਰਦਨਾਕ, ਹੋਰ ਕੁੱਝ ਨਹੀਂ ਹੈ. ਉਥੇ ਦੂਰ ਤੋਂ ਵੀ, ਮਹਿਸੂਸ ਕੀਤੀ ਗਈ ਗਰਮੀ, ਬਰਦਾਸ਼ਤ ਤੋਂ ਬਾਹਰ ਸੀ. ਜਦ ਕਿ ਚਾਰੇ ਪਾਸੇ ਹਨੇਰਾ ਸੀ, ਲਗਦਾ ਸੀ ਜੈਦਾਂ ਸ਼ਾਹਆਲਮੀ ਚਾਨਣ ਨਾਲ ਨਹਾਇਆ ਹੋਇਆ ਸੀ. ਉਹ ਨਜ਼ਾਰਾ ਇੰਨਾ ਸ਼ਾਨਦਾਰ ਸੀ ਕਿ ਉਹ ਨਕਲੀ ਲਗਦਾ ਸੀ. ਕੁੱਝ ਵਕਤ ਪਹਿਲਾਂ ਤਕ, ਜਵਾਹਰਲਾਲ ਨਹਿਰੁ ਦੇ ਵਾਲਿਦ ਮੋਤੀਲਾਲ ਨਹਿਰੁ ਦਾ

ਬਣਾਇਆ ਹੋਇਆ ਮੋਤੀ ਮੰਦਰ ਇਥੇ ਮੌਜੂਦ ਸੀ. ਹੁਣ ਇਹ ਤਬਾਹ ਹੋ ਚੁਕਿਆ ਸੀ. ਮੰਦਰ, ਪਾਣੀ ਦੀ ਇੱਕ ਨਹਿਰ ਦੇ ਲਾਗੇ ਸੀ ਜੋ ਕਦੀ ਪੂਰੇ ਅੰਦਰੂਨ ਸ਼ਹਿਰ ਦੇ ਚਾਰੇ ਪਾਸੇ, ਇੱਕ ਘੇਰਾ ਬਣਾਉਂਦੀ ਸੀ. ਬ੍ਰਿਟਿਸ਼ਰਾਂ ਨੇ ਇਸ ਨਹਿਰ ਨੂੰ, ਅੰਦਰੂਨ ਸ਼ਹਿਰ ਦੇ ਬਗੀਚੇਆਂ ਨੂੰ ਪਾਨੀ ਦੇਣ ਲਈ, ਤਿਆਰ ਕੀਤਾ ਸੀ.

'ਫਾਇਰ ਬ੍ਰਿਗੇਡ (ਦਮਕਲ) ਨਾਲੋ ਨਾਲ ਆ ਗਈ ਅਤੇ ਮੋਤੀ ਮੰਦਿਰ ਦੇ ਥਲੇ, ਆਪਣੀ ਜਗ੍ਹ ਲੈ ਲੀਤੀ. ਇੰਜਿਨਾਂ ਨੂੰ ਉਸ ਨਹਿਰ ਤੋਂ ਪਾਨੀ ਖਿਚਣ ਲਈ, ਸ਼ੁਰੂ ਕਰ ਦਿੱਤਾ ਗਿਆ ਤਾਂਕਿ ਜਲਦੀ ਇਮਾਰਤਾਂ ਨੂੰ ਬੁਝਾਣ ਲਈ, ਉਨ੍ਹਾਂ ਦੇ ਉਪਰ ਉਸ ਦਾ ਇਸਤੇਮਾਲ ਕੀਤਾ ਜਾ ਸਕੇ, ਪਰ ਚੀਮਾ ਨੇ ਹੁਕਮ ਦਿੱਤਾ ਕਿ ਉਹ ਆਪਣੀ ਪਾਇਪਾਂ ਦੀ ਨੋਕ, ਨਹਿਰ ਦੀ ਤਰਫ ਕਰ ਦੇਣ. ਇਸ ਦਾ ਨਤੀਜਾ ਸੀ ਕਿ ਅਵਾਜ਼ ਨਾਲ ਲਗਦਾ ਸੀ ਕਿ ਦਮਕਲ ਜੋਰ-ਸ਼ੋਰ ਨਾਲ ਕੱਮ ਕਰ ਰਹੀ ਸੀ, ਪਰ ਹਕੀਕਤ ਤੇ, ਪਾਨੀ ਵਾਪਸ ਨਹਿਰ ਤੇ ਜਾ ਰਿਹਾ ਸੀ. ਦਮਕਲ ਦੇ ਸਾਰੇ ਮੁਲਾਜ਼ਿਮ ਮੁਸਲਿਮ ਸਨ ਅਤੇ ਕਿਸੇ ਵੀ ਹਾਲ ਤੇ ਉਹ ਇੱਕ ਸਿਟੀ ਮੈਜਿਸਟਰੇਟ ਦੇ ਹੁਕਮ ਦੇ ਖ਼ਿਲਾਫ ਨਹੀਂ ਜਾ ਸਕਦੇ ਸੀ. ਜਦ ਅੱਗ ਪੂਰੇ ਜੋਰ ਤੇ ਸੀ, ਚੀਮਾ ਨੇ ਮੇਰੇ ਵਾਲਿਦ ਨੂੰ ਕਿਹਾ, "ਬਿੱਲੇ, ਮੈਂ ਹੁਣ ਗੁੜ ਵਾਲੇ ਚੌਲ ਅਤੇ ਮਸੱਰ ਚੌਲ ਖਾਉਣਾ ਚਾਹੁੰਦਾ ਹਾਂ. ਇਨ੍ਹਾਂ ਨੂੰ ਜਲਦੀ ਬਣਾਇਆ ਗਿਆ ਅਤੇ ਕੁਚਾ ਡੋਗਰਾਨ ਦੇ ਇੱਕ ਘਰ ਤੇ ਬੈਠ ਕੇ ਅਸੀਂ ਖਾਣਾ ਖਾਇਆ.

'ਮੈਨੂੰ ਯਾਦ ਹੈ ਕਿ ਅੱਗ ਪੂਰੇ ਜੋਰ ਤੇ ਸੀ ਅਤੇ ਕਈ ਮਸਾਲੇ ਵੇਚਣ ਦੀ ਦੁਕਾਨਾਂ ਜਲ ਰਹਿਆਂ ਸੀ. ਜਲਦੇ ਮਸਾਲੇ ਇੱਕ ਖਾਸ ਤਰ੍ਹਾਂ ਦੀ ਖੁਸ਼ਬੂ ਛੱਡਦੇ ਨੇ. ਕੁੱਝ ਦੀ ਖੁਸ਼ਬੂ ਚੰਗੀ ਸੀ, ਪਰ ਜਦ ਲਾਲ ਮਿਰਚਾਂ ਸੜਨ ਲਗੀਆਂ, ਲੋਕ ਛਿਕਾਂ ਮਾਰਣ ਲਗੇ. ਮੈਂ ਉਸ ਰਾਤ ਇੱਕ ਕਰਿਸ਼ਮਾ ਹੁੰਦੇ ਵੇਖਿਆ. ਜਦ ਵੀ ਅੱਗ ਕਿਸੇ ਮੁਸਲਿਮ ਦੇ ਘਰ ਪਹੁੰਚਦੀ ਸੀ, ਉਹ ਦੂਜਾ ਰੁਖ ਕਰ ਲੇਂਦੀ ਸੀ. ਇੱਕ ਮੁਸਲਿਮ ਵੇਸਵਾ, ਲਾਲ ਮਸਜਿਦ ਦੇ ਬਿਲਕੁਲ ਕਰੀਬ ਰਹਿੰਦੀ ਸੀ. ਅੱਗ ਨੇ ਉਸ ਦੇ ਘਰ ਨੂੰ ਛੋਹਿਆ ਤੱਕ ਨਹੀਂ. ਜਦ ਅੱਗ ਪਾਪੜ ਮੰਡੀ ਪਹੁੰਚੀ, ਇਹ ਮੁਸਲਿਮ ਸ਼ੇਖਾਂ ਦੇ ਘਰ ਜਾ ਕੇ ਰੁਕ ਗਈ. ਉਨ੍ਹਾਂ ਨੇ ਵੈਸੇ ਵੀ ਆਪਣੇ ਘਰਾਂ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਭਿਉਂ ਲੀਤਾ ਸੀ. ਇੱਕ ਹਿੰਦੂ ਥਾਨੇਦਾਰ, ਪੰਡਤ ਦੇਵੀਦਾਸ ਅਤੇ ਉਸ ਦੇ ਦੋ ਮੁਸਲਿਮ ਸਿਪਾਹੀ ਜਿਨ੍ਹਾਂ ਨੂੰ ਅਸੀਂ ਸੱਜਾ ਅਤੇ ਖੱਬਾ ਕਹਿੰਦੇ ਸੀ, ਕੁਚਾ ਡੋਗਰਾਨ ਆਏ, ਜੋ ਕਿ ਇੱਕ ਮੁਸਲਿਮ ਇਲਾਕਾ ਸੀ. ਮੁਸਲਿਮ ਪੁਲਸੀਐ ਪੱਕੇ ਲੁੱਚੇ ਅਤੇ ਦੇਵੀਦਾਸ ਦੇ ਜਾਸੂਸ਼ ਸਨ. ਦੇਵੀਦਾਸ ਨੇ ਕੁਚਾ ਡੋਗਰਾਨ ਦੇ ਮੁਸਲਿਮਾਂ ਨੂੰ ਕਿਹਾ, "ਮੇਰੇ ਇਲਾਕੇ ਤੇ ਕੋਈ ਕਰਫਿਊ ਨਹੀਂ ਲਗਾ ਹੈ, ਅਤੇ ਜਾਉ ਹੋਰ ਜਾ ਕੇ ਅੱਗ ਬੁਝਾਉ." ਉਸ ਦੀ ਗੱਲ ਮੱਨਣ ਦੀ ਬਜਾਏ, ਉਸ ਮਹੱਲੇ ਦੇ ਮੁਸਲਿਮਾਂ ਨੇ ਉਣ ਤਿੰਨਾਂ ਨੂੰ ਹਮੇਸ਼ਾ ਲਈ ਖ਼ਤਮ ਕਰ ਦੇਣ ਬਾਰੇ ਸੋਚਿਆ. ਇਸ ਕਰ ਕੇ, ਉਨ੍ਹਾਂ ਨੂੰ ਝਾਂਸਾ ਦੇ ਕੇ ਸ਼ੇਖ ਦੀ ਪੌੜੀਆਂ ਤੋਂ ਚੜ੍ਹ ਕੇ ਉੱਪਰੋਂ ਮਾਜਰਾ ਵੇਖਣ ਨੂੰ ਕਿਹਾ ਗਿਆ. ਮਨਸੂਬਾ ਇਹ ਸੀ ਕਿ ਜਦ ਉਹ ਛੱਤ ਤੇ ਹੋਣਗੇ, ਉਨ੍ਹਾਂ ਨੂੰ ਥਲੇ ਸੁੱਟ ਦਿੱਤਾ ਜਾਵੇਗਾ. ਦੇਵੀਦਾਸ ਕੁੱਝ ਪੌੜੀਆਂ ਚੜ੍ਹੇ, ਪਰ ਉਨ੍ਹਾਂ ਨੂੰ ਕੁੱਝ ਗਲਤ ਮਹਿਸੂਸ ਹੋਇਆ. ਅਤੇ, ਉਹ ਹੋਰ ਦੋਵੇਂ ਸਿਪਾਹੀ ਨੱਸ ਗਏ ਅਤੇ ਥਾਨੇ ਤੇ ਵੀ ਵਾਪਸ ਨਹੀਂ ਲੌਟੇ.

'ਅੱਗ ਪੂਰੇ 12 ਘੰਟੇ ਜਲਦੀ ਰਹੀ. ਇਹ ਰਾਤ ਦੇ ਇੱਕ ਵਜੇ ਸ਼ੁਰੂ ਹੋਈ ਅਤੇ ਅਗਲੇ ਦਿਨ ਦੁਪਹਿਰ ਦੇ ਇੱਕ ਵਜੇ ਬੁਝੀ. ਮੈਨੂੰ ਪਤਾ ਨਹੀਂ ਹੈ ਕਿ ਕਿਣੇ ਲੋਕ ਹਲਾਕ ਹੋਏ; ਉਹ ਸ਼ਾਇਦ 100 ਤੋਂ ਘੱਟ ਸਨ ਕਿਉਂਕਿ ਜਿਆਦਤਰ ਲੋਕ ਭੱਜ ਗਏ. ਉਹ ਮੋਤੀ ਬਾਜ਼ਾਰ ਤੋਂ ਲੋਹਾਰੀ ਮੰਡੀ ਹੋ ਕੇ ਬਾਹਰ ਆਏ ਅਤੇ ਲਗ ਰਿਹਾ ਸੀ ਕਿ ਉਥੇ, ਇੱਕ ਵੱਡਾ ਮੇਲਾ ਚਲ ਰਿਹਾ ਸੀ ਪਰ ਇਹ ਇੱਕ ਐਦਾਂ ਦਾ ਮੇਲਾ ਸੀ ਜਿਸ ਵਿੱਚ ਸਿਰਫ਼ ਗ਼ਮਗੀਨ ਲੋਕ

ਮੌਜੂਦ ਸਨ, ਨਾ ਕਿ ਮਜਾ ਲੈਣ ਆਏ ਖੂਸ਼ ਲੋਕ. ਤਾਂਗੇਵਾਲੇ ਹਰ ਇਨਸਾਨ ਨੂੰ ਮਹਿਜ਼ ਸਟੇਸ਼ਨ ਪਹੁਚਾਣ ਦੇ 100 ਰੁਪਏ ਲੈ ਰਹੇ ਸੀ. ਉਣ ਦਿਨਾਂ ਦੇ ਹਿਸਾਬ ਨਾਲ, ਇਹ ਇੱਕ ਬਹੁਤ ਵੱਡੀ ਰਕਮ ਸੀ; ਆਮ ਤੌਰ ਤੇ ਹਰ ਸਵਾਰੀ ਦਾ ਕਿਰਾਇਆ, ਇੱਕ ਰੁਪਏ ਤੋਂ ਵੀ ਘੱਟ ਸੀ. ਉਸ ਅੱਗ ਤੇ ਪੂਰਾ ਸ਼ਾਹਆਲਮੀ ਨਹੀਂ ਸੜਿਆ ਸੀ; ਕਈ ਇਮਾਰਤਾਂ ਉਪਰ ਕੋਈ ਅਸਰ ਨਹੀਂ ਹੋਇਆ ਸੀ ਅਤੇ ਹਿੰਦੂ ਹੋਰ ਸਿੱਖ, ਸ਼ਾਹਆਲਮੀ ਦੇ ਕੁੱਝ ਹਿੱਸੇਆ ਤੇ ਬਣੇ ਰਹੇ. ਉਣ ਇਮਾਰਤਾਂ ਨੂੰ ਬਾਅਦ ਵਿੱਚ ਜੁਲਾਈ ਤੇ ਸਾੜ ਦਿੱਤਾ ਗਿਆ ਅਤੇ ਉਸ ਵਿੱਚ ਦੂਜੇ ਲੋਕ ਸ਼ਾਮਲ ਸਨ.

ਹਿੰਦੂਆ ਦੁਆਰਾ ਪੁਲਿਸ ਤੇ ਦਰਜ ਐਫ.ਆਈ.ਆਰ ਤੇ ਸਿਰਫ਼ ਮੇਰੇ ਵਾਲਿਦ ਦਾ ਨਾਂਅ ਸੀ. ਵੱਡੇ ਪੁਲਿਸ ਅਧਿਕਾਰੀ ਹੁਣ ਵੀ ਬ੍ਰਿਟਿਸ਼ ਸਨ. ਉਨ੍ਹਾਂ ਨੇ ਮੇਰੇ ਵਾਲਿਦ ਦੀ ਤਲਾਸ਼ ਸੁਰੂ ਕਰ ਦਿੱਤੀ. ਪਹਿਲਾਂ ਉਨ੍ਹਾਂ ਨੇ ਤੋਪਖਾਨਾ ਬਾਜ਼ਾਰ ਤੇ, ਇੱਕ ਰਿਸ਼ਤੇਦਾਰ ਕੋਲ ਪਨਾਹ ਲੀਤੀ, ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੀ ਦੁਕਾਨ ਤੇ ਛੁਪਾ ਕੇ ਰੱਖਿਆ. ਉਸ ਦੇ ਬਾਅਦ, ਉਹ ਚੂੰਗ, ਲਾਹੌਰ ਦੇ ਬਾਹਰ ਇੱਕ ਜੰਗਲ ਤੇ ਚਲੇ ਗਏ. ਇਹ ਕਈ ਸਦੀਆਂ ਤੋਂ ਭਗੌੜੇ ਲੋਕਾਂ ਲਈ, ਇੱਕ ਮਹਿਫ਼ੂਜ਼ ਜਗ੍ਹ ਸੀ. ਸਾਡਾ ਇੱਕ ਰਿਸ਼ਤੇਦਾਰ ਪਹਿਲਾਂ ਤੋਂ ਹੀ, ਚੂੰਗ ਤੇ ਰਹਿੰਦਾ ਸੀ ਅਤੇ ਉਸ ਦੀ ਕਾਫ਼ੀ ਜਾਣ-ਪਛਾਣ ਸੀ. ਉਨ੍ਹਾਂ ਨੇ ਮੇਰੇ ਵਾਲਿਦ ਨੂੰ, ਉਨ੍ਹਾਂ ਦੇ ਚੂੰਗ ਤੇ ਰਹਿਣ ਦੇ ਦੌਰਾਨ, ਹਿਫ਼ਾਜ਼ਤ ਮੁਹੱਇਆ ਕਰਾਈ.

'ਮੈਨੂੰ ਅਤੇ ਮੇਰੇ ਚਾਚਾ ਨੂੰ ਪੁੱਛ-ਗਿੱਛ ਕਰਣ ਲਈ, ਲੋਹਾਰੀ ਗੇਟ ਪੁਲਿਸ ਥਾਨੇ ਲੈ ਜਾਇਆ ਗਿਆ. ਪਰ, ਮੁਸਲਿਮ ਲੀਗ ਦੇ ਆਗੂ ਅਤੇ ਲਾਹੌਰ ਤੋਂ ਪੰਜਾਬ ਅਸੈਮਬਲੀ ਦੇ ਸਦੱਸ, ਮਸ਼ਹੂਰ ਖ਼ਲੀਫ਼ਾ ਸ਼ੁਜਾਉਦੀਨ, ਜਿਨ੍ਹਾਂ ਨੂੰ ਮੇਰੇ ਵਾਲਿਦ ਇੰਤਖ਼ਾਬ ਦੇ ਦੌਰਾਨ ਮਦਦ ਕਰਦੇ ਸੀ ਅਤੇ ਉਹ ਉਨ੍ਹਾਂ ਨੂੰ ਬਹੁਤ ਪਸੰਦ ਕਰਦੇ ਸੀ, ਆਪਣਾ ਰਸੂਖ ਪਾਇਆ ਅਤੇ ਸਾਨੂੰ ਪੁਲਿਸ ਦੀ ਹਿਰਾਸਤ ਤੋਂ ਰਿਹਾ ਕਰ ਦਿੱਤਾ ਗਿਆ. ਪਰ, ਮੇਰਾ ਇੱਕ ਭਰਾ ਬੇਹਦ ਬੀਮਾਰ ਹੋ ਗਿਆ ਅਤੇ ਵਾਲਿਦ, ਜੋ ਉਸ ਨੂੰ ਬੇਹਦ ਪਿਆਰ ਕਰਦੇ ਸੀ, ਉਸ ਨੂੰ ਵੇਖਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕੇ. ਕਿਸੇ ਨੇ ਉਨ੍ਹਾਂ ਦੇ ਆਉਣ ਦੀ ਖ਼ਬਰ ਪੁਲਿਸ ਨੂੰ ਦੇ ਦਿੱਤੀ ਅਤੇ ਪੁਲਿਸ ਉਨ੍ਹਾਂ ਨੂੰ ਗਰਿਫ਼ਤਾਰ ਕਰਣ ਲਈ, ਨਾਲੋਨਾਲ ਆ ਗਈ. ਵਾਲਿਦ, ਨਵਾਂ ਬਾਜ਼ਾਰ ਦੇ ਨਜਦੀਕ ਦੇ ਤਾਂਗਾ ਸਟੈਂਡ ਦੀ ਇੱਕ ਖੁਰਲੀ ਤੇ ਛੁਪ ਗਏ, ਜਿੱਥੇ ਇੱਕ ਗੰਦਾ ਨਾਲਾ ਵਗਦਾ ਸੀ. ਅਤੇ, ਜਦ ਕਿ ਘੋੜੇ ਘਾਸ ਖਾ ਰਹੇ ਸੀ, ਮੇਰੇ ਵਾਲਿਦ ਉਸ ਦੇ ਥਲੇ, ਲੁਕੇ ਹੋਏ ਸੀ. ਪੁਲਿਸ ਚਲੇ ਗਈ. ਮੇਰੇ ਵਾਲਿਦ ਸਾਨੂ ਮਿਲਣ ਜੁਲਾਈ ਤੇ ਫਿਰ ਆਏ ਪਰ ਫਿਰ ਕਿਸੇ ਨੇ ਪੁਲਿਸ ਨੂੰ ਦੱਸ ਦਿੱਤਾ ਅਤੇ ਪੁਲਿਸ ਨੇ ਛਾਪਾ ਮਾਰਿਆ, ਪਰ ਵਾਲਿਦ ਇੱਕ ਗੁਜਰ ਦੇ ਘਰ ਰੱਖਿਆਂ ਗੋਹੇ ਦੀ ਪਾਥੀਆਂ ਤੇ ਲੁਕ ਕੇ, ਪੁਲਿਸ ਤੋਂ ਬਚਣ ਤੇ ਕਾਮਯਾਬ ਹੋ ਗਏ. ਸਾਡਾ ਇੱਕ ਰਿਸ਼ਤੇਦਾਰ ਦੁੱਲਾ ਵੀ ਇੱਕ ਬਿੱਲਾ ਸੀ, ਪੁਲਿਸ ਉਸ ਨੂੰ, ਵਾਲਿਦ ਦੇ ਬਦਲੇ, ਪਕੜ ਕੇ ਲੈ ਗਈ. ਮੇਰੇ ਵਾਲਿਦ ਦੀ ਹਲਕੇ ਰੰਗ ਦੀ ਅੱਖਾਂ ਨੂੰ, 1927 ਤੋਂ ਪੁਲਿਸ ਦੇ ਦਸਤਾਵੇਜਾਂ ਵਿੱਚ ਉਨ੍ਹਾਂ ਦੀ ਪਛਾਣ ਦੀ ਖ਼ਾਸੀਅਤ ਲਈ ਦਰਜ ਕੀਤਾ ਗਿਆ ਸੀ. ਉਨ੍ਹਾਂ ਨੇ ਹੋਰ ਇੱਕ ਬਿੱਲਾ ਕਾਰੀਗਰ ਨੂੰ ਵੀ ਪਕੜ ਲੀਤਾ. ਇਸ ਨੂੰ ਤੇ ਰਿਹਾ ਕਰ ਦਿੱਤਾ ਪਰ ਦੁੱਲਾ-ਬਿੱਲਾ, ਜੋ ਇਕਦਮ ਖ਼ਾਮੋਸ਼ ਰਹਿਣ ਲਈ ਅਤੇ ਘੰਟੋਂ ਕੋਈ ਗੱਲ ਨਾ ਕਰਣ ਲਈ ਬਦਨਾਮ ਸੀ, ਉਸ ਨੂੰ ਕਬਜ਼ੇ ਤੇ ਰੱਖਿਆ. ਉਨ੍ਹਾਂ ਨੇ ਉਸ ਨੂੰ ਲਾਹੌਰ ਦੇ ਮੇਂਟਲ ਹਸਪਤਾਲ ਭੇਜ ਦਿੱਤਾ.

'ਅਸੀਂ ਦੁੱਲੇ ਲਈ ਕਾਫ਼ੀ ਪਰੇਸ਼ਾਨ ਸੀ ਕਿਉਂਕਿ ਦੁੱਲਾ ਬੇਕਸੂਰ ਸੀ ਅਤੇ ਇੱਕ ਜੱਟ ਵੀ ਸੀ. ਅਤੇ, ਅਸੀਂ ਚੌਧਰੀ ਕਲੀਮ-ਉਦ-ਦੀਨ ਅਹਿਮਦ, ਜੋ ਖੁਦ ਵੀ ਇੱਕ ਜੱਟ ਅਤੇ ਲਾਹੌਰ ਦੇ ਇੱਕ ਪ੍ਰਮੁੱਖ ਮੁਸਲਿਮ ਲੀਗ

ਆਗੂ ਸਨ, ਕੋਲ ਗਏ. ਇਸ ਦੇ ਚਲਦਿਆਂ ਨਵਾਬ ਮਮਦੋਤ, ਦੌਲਤਾਨਾ, ਸ਼ੌਕਤ ਹਯਾਤ, ਅਬਦੁਲ ਹਮੀਦ ਦਸਤੀ ਅਤੇ ਚੌਧਰੀ ਕਲੀਮ-ਉਦ-ਦੀਨ, ਉਸ ਨੂੰ ਲੱਭਨ ਲਈ, ਸਾਰੇ ਪੁਲਿਸ ਸਟੇਸ਼ਨਾਂ ਅਤੇ ਜੇਲਾਂ ਤੇ ਗਏ, ਪਰ ਉਸ ਨੂੰ ਲੱਭ ਨਾ ਸਕੇ. ਤਦ, ਇੱਕ ਮੁਸਲਿਮ ਪੁਲਿਸਵਾਲੇ ਨੇ ਦੱਸਿਆ ਕਿ ਉਸ ਨੂੰ ਇੱਕ ਮੇਂਟਲ ਹਸਪਤਾਲ ਭੇਜਿਆ ਗਿਆ ਸੀ. ਉਹ ਉਸ ਹਸਪਤਾਲ ਤੇ ਗਏ ਅਤੇ ਵੇਖਿਆ ਕਿ ਉਹ ਖੜ੍ਹਾ ਸੀ ਅਤੇ ਇੱਕ ਚਾਰਪਾਈ ਨਾਲ, ਉਸ ਨੂੰ, ਜ਼ੰਜ਼ੀਰ ਲਾਈ ਹੋਈ ਸੀ; ਕਿਸੇ ਵਜ੍ਹਾ ਨਾਲ ਉਸ ਨੂੰ ਜਮੀਨ ਤੇ ਇੱਕ ਵੱਡਾ ਟੋeਾ ਬਣਾਉਣ ਨੂੰ ਮਜਬੂਰ ਕੀਤਾ ਗਿਆ ਸੀ. ਉਨ੍ਹਾਂ ਨੇ ਦੁੱਲੇ ਨੂੰ ਰਿਹਾ ਕਰਾ ਲੀਤਾ.

'ਸ਼ਹਿਰ ਦੇ ਹਿੰਦੂ ਇਲਾਕਿਆਂ ਤੇ ਬਾਅਦ ਤੇ ਮਹੱਲਾ ਸਰੀਨ, ਮਹੱਲਾ ਵਨਵਟਾਂ, ਅਤੇ ਸ਼ਾਹਆਲਮੀ ਦੇ ਦੂਜੇ ਹਿੱਸੇਆਂ ਤੇ ਲਗੀ ਅੱਗਾਂ, ਦੂਜੇ ਮੁਸਲਿਮ ਨੌਜਵਾਨਾਂ ਦਾ ਕੱਮ ਸੀ. ਇਣ ਮੁੰਡੇਆਂ ਵਿੱਚ ਭਟੀ, ਲੋਹਾਰੀ, ਮੋਚੀ ਗੇਟ ਦੇ ਮੁੰਡੇ ਅਤੇ ਪੂਰਬੀ ਪੰਜਾਬ ਤੋਂ ਆਏ ਪਨਾਹਗੀਰ ਸ਼ਾਮਲ ਸਨ. ਉਨ੍ਹਾਂ ਨੇ ਦੁਕਾਨਾਂ ਅਤੇ ਘਰਾਂ ਦੇ ਤਾਲੇ ਤੋੜ ਕੇ ਉਨ੍ਹਾਂ ਨੂੰ ਲੁੱਟ ਲੀਤਾ. ਪਰ ਸਾਡੇ ਦੁਆਰਾ ਲਗਾਈ ਗਈ ਅੱਗ ਨੇ ਲਾਹੌਰ ਤੇ ਪਾਸਾ ਪਲਟ ਦਿੱਤਾ. ਇਸ ਦੇ ਪਿੱਛੇ ਚੀਮਾ ਦਾ ਦਿਮਾਗ ਸੀ ਅਤੇ ਮੇਰੇ ਵਾਲਿਦ ਨੇ ਅੱਗ ਲਗਾਉਣ ਵਾਲੇ ਸਾਮਾਨ ਅਤੇ ਬੰਦੇਆਂ ਦੇ ਕੇ, ਜ਼ਰੂਰੀ ਮਦਦ ਮੁਹੱਇਆ ਕਰਾਈ.

'ਮੇਰੇ ਵਾਲਿਦ ਪਾਕਿਸਤਾਨ ਬਣਨ ਤੱਕ ਚੂੰਗ ਤੇ ਰਹੇ. ਜਦ ਪੁਲਿਸ ਉਪਰ ਬ੍ਰਿਟਿਸ਼ ਇਖ਼ਤਿਆਰ ਦਾ ਖ਼ਾਤਮਾ ਹੋ ਗਿਆ, ਤਦ ਉਨ੍ਹਾਂ ਦੀ ਜਗ੍ਹ, ਮੁਸਲਿਮ ਅਫ਼ਸਰ ਆ ਗਏ. ਤਦ ਵੀ, ਵਾਲਿਦ ਨੂੰ ਪੱਕੇ ਤੌਰ ਤੇ ਨਹੀਂ ਪਤਾ ਸੀ ਕਿ ਉਨ੍ਹਾਂ ਦੇ ਨਾਲ ਕੀ ਸਲੂਕ ਕੀਤਾ ਹਾਵੇਗਾ. ਪਰ, ਸਾਡੇ ਸ਼ਾਹਆਲਮੀ ਦੇ ਘਰ ਤੇ, ਜਿਸ ਨੂੰ ਛੱਡ ਕੇ ਅਸੀਂ ਆਪਣੇ ਰਿਸ਼ਤੇਦਾਰਾਂ ਕੋਲ ਰਹਿਣ ਲਈ, ਨਵਾਂ ਬਾਜ਼ਾਰ ਚਲੇ ਗਏ ਸੀ ਅਤੇ ਜੋ 5 ਮਾਰਚ ਤੋਂ ਖਾਲੀ ਸੀ, ਵਾਪਸ ਆਉਣ ਤੋਂ ਪਹਿਲਾਂ, ਉਹ ਮੰਜ਼ੂਰੀ ਅਤੇ ਮਾਕੂਲ ਇਜ਼ਾਜ਼ਤ ਹਾਸਲ ਕਰ ਲੈਣਾ ਚਾਹੁੰਦੇ ਸੀ. ਅਤੇ 22 ਅਗਸਤ 1947 ਨੂੰ, ਅਸੀਂ ਅਦਾਲਤ ਤੇ ਇੱਕ ਅਰਜ਼ੀ ਜਮਾਂ ਕੀਤੀ. ਉਸ ਅਰਜ਼ੀ ਤੇ ਇਹ ਲਿਖਿਆ ਸੀ:

ਸੇਵਾ ਵਿੱਚ
ਡਿਊਟੀ ਮੈਜਿਸਟਰੇਟ
ਲਾਹੌਰ

ਜਨਾਬ,

ਪੂਰੀ ਇਜ਼ੱਤ ਨਾਲ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ, ਅਸੀਂ ਦਸਤਖ਼ਤੀ, ਸੁਚੀਆਂ ਕਵਾਰਟਰ, ਸ਼ਾਹਆਲਮੀ ਤੇ ਰਹਿੰਦੇ ਸੀ, ਪਰ ਫ਼ਿਰਕੂ ਫ਼ਸਾਦਾਂ ਦੇ ਦੌਰਾਨ, ਹਿੰਦੂਆਂ ਦੀ ਧਮਕੀ ਦੇ ਚਲਦਿਆਂ ਆਪਣੇ ਘਰਾਂ ਨੂੰ ਛੱਡਣ ਤੇ ਮਜਬੂਰ ਹੋ ਗਏ ਸੀ. ਹੁਣ, ਅਸੀਂ ਆਪਣੇ ਘਰਾਂ ਤੇ ਵਾਪਸ ਜਾਣਾ ਚਾਹੁੰਦੇ ਹਾਂ, ਪਰ ਜਦ ਕਿ ਹਿੰਦੂਆਂ ਤੇ ਘਰ ਹੁਣ ਵੀ ਸਲਾਮਤ ਨੇ ਅਤੇ ਉਨ੍ਹਾਂ ਤੇ ਤਾਲੇ ਲਗੇ ਹੋਏ ਨੇ, ਸਾਡੇ ਘਰ ਤਬਾਹ ਅਤੇ ਲੁੱਟੇ ਗਏ ਨੇ. ਅਸੀਂ ਸਾਡੀ ਸੰਪਤੀ ਦੀ ਬਰਬਾਦੀ ਅਤੇ ਨੁਕਸਾਨ ਬਾਰੇ ਪਹਿਲਾਂ ਹੀ, ਕਈ ਅਰਜ਼ੀਆ ਪੇਸ਼ ਕੀਤੀਆਂ ਨੇ.

ਅਸੀਂ ਤੁਹਾਨੂ ਇਤਲਾਹ ਦੇਣਾ ਚਾਹੁੰਦੇ ਹਾ ਕਿ ਅੱਜ 22 ਅਗਸਤ ਤੋਂ ਅਸੀਂ ਆਪਣੇ ਘਰਾਂ ਤੇ ਲੈਟ ਰਹੇ ਹਾਂ.

ਤੁਹਾਡੇ ਫ਼ਰਮਾਬਰਦਾਰ

(ਦਸਤਖ਼ਤ)

ਪੀਰ ਬਕਸ਼ ਵਲਦ ਫ਼ਜ਼ਲ ਦੀਨ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ
ਬਹਗ ਦੀਨ ਵਲਦ ਉਮਰ ਦੀਨ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ
ਮੁਹੱਮਦ ਬੂਟਾ ਵਲਦ ਮੌਲਾ ਬਕਸ਼ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ
ਖ਼ੁਦਾ ਬਕਸ਼ ਵਲਦ ਇਲਾਹੀ ਬਕਸ਼ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ
ਨੂਰ ਮੁਹੱਮਦ ਵਲਦ ਕਰੀਮ ਬਕਸ਼ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ
ਘੁਲਾਮ ਹੁਸੈਨ ਵਲਦ ਫ਼ਜਲ ਦੀਨ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ
ਰਹੀਮ ਬਕਸ਼ ਵਲਦ ਸੌਦਾਗਰ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ
ਦੀਨ ਮੁਹੱਮਦ ਵਲਦ ਘੁਲਾਮ ਮੁਹੱਮਦ (ਜਾਤ, ਜੱਟ), ਕਟਰਾ ਸੁਸੀਆਂ, ਲਾਹੌਰ ਦਾ ਰਹਿਣ ਵਾਲਾ

ਅਹਿਮਦ ਸਲੀਮ ਨੇ 1947 ਤੇ ਲਾਹੌਰ ਦੇ ਹਾਲਾਤ ਦੇ ਬਾਰੇ, ਲਾਹੌਰ ਦੇ ਇੱਕ ਸਾਬਕਾ ਵਕੀਲ ਜਨਾਬ ਹੁਕੁਮ ਕੁਰੇਸ਼ੀ ਦਾ ਇੰਟਰਵਿਊ ਲੀਤਾ. ਉਨ੍ਹਾਂ ਦੀ ਗਵਾਹੀ ਨੇ ਇੱਕ ਆਮ ਤਸਵੀਰ ਦੀ ਤਸਦੀਕ ਕੀਤੀ ਕਿ ਲਾਹੌਰ ਤੇ, ਮਾਰਚ 1947 ਦੇ ਬਾਅਦ, ਤਸ਼ੱਦਦ ਦੇ ਹਾਦਸੇਆਂ ਦੇ ਚੰਦ ਰੋਜ਼ਾਂ ਲਈ ਘੱਟਣ ਦੇ ਬਾਵਜੂਦ, ਗੜਬੜ ਕਾਇਮ ਸੀ. ਐਮ.ਜੀ.ਚੀਮਾ ਦੇ ਕਿਰਦਾਰ ਬਾਰੇ, ਉਨ੍ਹਾਂ ਨੇ ਇਹ ਕਿਹਾ:

ਹੁਕੁਮ ਕੁਰੇਸ਼ੀ

'ਮੈਜਿਸਟਰੇਟ ਚੀਮਾ ਇੱਕ ਸਟੀਲ ਹੇਲਮੇਟ ਪਹਿਣ ਕੇ ਰਹਿੰਦੇ ਸਨ. ਉਨ੍ਹਾਂ ਨੇ ਲਾਹੌਰ ਤੋਂ ਸਾਰੇ ਹਿੰਦੂਆਂ ਨੂੰ ਜ਼ਬਰਦਸਤੀ ਕੱਢਣ ਦਾ ਫ਼ੈਸਲਾ ਕਰ ਲੀਤਾ ਸੀ. ਅੱਗ ਲਗਣ ਤੋਂ ਪਹਿਲਾਂ ਮੁਸਲਿਮ ਬੋਤਲਾਂ ਵਿੱਚ ਸੋਡਾ ਪਾਣੀ ਦੀ ਗੈਸ ਭਰਦੇ ਸੀ. ਫਿਰ, ਉਨ੍ਹਾ ਨੂੰ ਸ਼ਾਹਆਲਮੀ ਦੇ ਅੰਦਰ ਜੋਰ ਨਾਲ ਸੁੱਟ ਦੇਂਦੇ ਸੀ. ਉਹ ਫੁੱਟ ਜਾਂਦੀਆਂ ਸਨ ਅਤੇ ਲੋਕ ਹਲਾਕ ਜਾ ਜ਼ਖ਼ਮੀ ਹੋ ਜਾਂਦੇ. ਇਸ ਦੇ ਬਦਲੇ, ਹਿੰਦੂ ਆਪਣੀ ਛੱਤਾਂ ਤੋਂ ਗੋਲੀਆਂ ਚਲਾਉਂਦੇ. ਹਿੰਦੂਆਂ ਵਿੱਚ ਕੋਈ ਬਦਮਾਸ਼ ਨਹੀਂ ਸੀ. ਸਾਰੇ ਬਦਮਾਸ਼ ਮੁਸਲਿਮ ਸਨ. ਸ਼ਾਹਆਲਮੀ ਦੀ ਅੱਗ ਦੇ ਕੁੱਝ ਦਿਨ ਪਹਿਲਾਂ, ਚੌਕ ਰੰਗਮਹਲ ਤੋਂ ਸ਼ਾਹਆਲਮੀ ਦੀ ਸੀਵਰੇਜ ਲੇਨਾਂ ਬੰਦ ਕਰ ਦਿੱਤੀਆਂ ਗਈਆਂ ਸਨ. ਹਿੰਦੂਆਂ ਨੇ ਆਪਣੇ ਸ਼ਾਹਆਲਮੀ ਦੇ ਗੜ ਦੇ ਅੰਦਰ ਕਿਲੇਬੰਦੀ ਕਰ ਕੇ ਰੱਖੀ ਸੀ, ਪਰ ਜਦ ਉਨ੍ਹਾਂ ਦੇ ਘਰ ਅਤੇ ਦੁਕਾਨਾਂ ਨੂੰ ਅੱਗ ਲਗਾ ਦਿੱਤੀ ਗਈ, ਉਹ ਬੇਵੱਸ ਹੋ ਗਏ. ਇਸ ਸਭ ਦੇ ਪਿੱਛੇ, ਚੀਮਾ ਦਾ ਦਿਮਾਗ ਸੀ.'

ਸੁਲੇਮਾਨ ਚੀਮਾ

ਹਾਜੀ ਅਬਦੁਲ ਰਹਿਮਾਨ ਦੇ ਇੰਟਰਵਿਊ ਲੈਣ ਦੇ ਬਾਅਦ, ਅਸੀਂ ਮੈਜਿਸਟਰੇਟ ਚੀਮਾ ਦੇ ਉਪਰ ਇਤਲਾਹ ਹਾਸਲ ਕਰਣ ਲਗੇ. ਉਨ੍ਹਾਂ ਦੀ ਮੌਤ ਹੋਏ, ਇੱਕ ਲੰਬਾ ਵਕਤ ਹੋ ਚੁਕਾ ਸੀ, ਪਰ ਸਾਨੂ ਪਤਾ ਚਲਿਆ ਕਿ ਉਨ੍ਹਾਂ

ਦਾ ਪੁੱਤਰ ਲਾਹੌਰ ਤੇ ਰਹਿੰਦਾ ਸੀ, ਹਾਲਾਂਕਿ ਉਹ ਉਸ ਵਕਤ, ਦੂਰ, ਯੂ.ਐਸ.ਏ. ਤੇ ਸੀ. ਹਿੰਦੂਆਂ ਅਤੇ ਸਿੱਖਾਂ ਨਾਲ, ਇੰਡੀਆ ਅਤੇ ਬਾਹਰ, ਵੀਹ ਤੋਂ ਵੀ ਜ਼ਿਆਦਾ ਲੀਤੇ ਇੰਟਰਵਿਊਆਂ ਤੇ, ਚੀਮਾ ਦਾ ਨਾਂਅ ਹਮੇਸ਼ਾ ਆਉਂਦਾ ਸੀ. ਕਈ ਮਹੀਨੇਆਂ ਦੀ ਕੋਸ਼ਿਸ਼ ਦੇ ਬਾਅਦ, 13 ਅਕਤੂਬਰ 2005, ਨੂੰ ਆਖ਼ਰਕਾਰ ਸੁਲੇਮਾਨ ਚੀਮਾ ਨੂੰ ਟੇਲੀਫ਼ੋਨ ਦੁਆਰਾ ਮੈਂ ਸੰਪਰਕ ਕਰਣ ਤੇ, ਕਾਮਯਾਬ ਹੋ ਗਿਆ. ਉਨ੍ਹਾਂ ਨੇ ਮੈਨੂੰ ਕਿਹਾ ਕਿ ਉਨ੍ਹਾਂ ਦੀ ਪੈਦਾਇਸ਼ ਤਕਸੀਮ ਦੇ ਬਾਅਦ ਹੋਈ ਸੀ ਅਤੇ ਇਸ ਕਰ ਕੇ, ਉਨ੍ਹਾਂ ਨੂੰ ਉਣ ਦਿਨਾਂ ਬਾਰੇ ਕੋਈ ਇਤਲਾਹ ਨਹੀਂ ਹੈ. ਉਨ੍ਹਾਂ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਹਿੰਦੂਆਂ ਅਤੇ ਸਿੱਖਾਂ ਨੇ ਉਨ੍ਹਾਂ ਦੇ ਵਾਲਿਦ ਨੂੰ ਮਾਰਣ ਲਈ, 1,25,000 ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ. ਉਨ੍ਹਾਂ ਦੇ ਵਾਲਿਦ ਨੇ ਕਦੀ ਜ਼ਿਕਰ ਨਹੀਂ ਕੀਤਾ ਸੀ ਕਿ ਉਹ ਸ਼ਾਹਆਲਮੀ ਗੇਟ ਨੂੰ ਅੱਗ ਲਗਾਉਣ ਦੀ ਵਾਰਦਾਤ ਵਿੱਚ ਸ਼ਾਮਲ ਸਨ. ਦੂਜੀ ਤਰਫ਼, ਸੁਲੇਮਾਨ ਚੀਮਾ ਨੇ ਮੈਨੂੰ ਦੱਸਿਆ ਕਿ ਇੰਡੀਆ ਤੋਂ ਕੁੱਝ ਵਕਤ ਪਹਿਲਾਂ ਕੋਈ, ਉਨ੍ਹਾਂ ਦੇ ਰਿਸ਼ਤੇ ਵਿੱਚ ਇੱਕ ਭਰਾ ਨੂੰ ਮਿਲਣ ਅਤੇ ਸ਼ੁਕਰੀਆ ਅਦਾ ਕਰਣ ਆਇਆ ਸੀ, ਕਿਉਂਕਿ ਮੈਜਿਸਟਰੇਟ ਚੀਮਾ ਨੇ ਉਨ੍ਹਾਂ ਦੇ ਪਰਵਾਰ ਨੂੰ ਸਹੀ ਸਲਾਮਤ ਇੰਡੀਆ ਜਾਣ ਲਈ ਮਦਦ ਕੀਤੀ ਸੀ.

ਆਪਣੇ ਪਿਤਾ ਦਾ ਇੰਤਜ਼ਾਰ ਕਰਦਾ ਇੱਕ ਚੀਮਾ ਸਿੱਖ

2006 ਦੇ ਕਿਸੇ ਵਕਤ, ਮੈਨੂੰ ਇੱਕ ਸਿੱਖ ਸੱਜਣ ਤੋਂ, ਜਿਨ੍ਹਾਂ ਨੇ ਲਾਹੌਰ ਦੇ ਡੇਲੀ ਟਾਇਮਸ ਵਿੱਚ ਰਾਮਾਨੰਦ ਸਾਗਰ ਬਾਰੇ ਛੱਪੇ ਇੱਕ ਲੇਖ ਨੂੰ ਪੜ੍ਹਿਆ ਸੀਂ, ਇੱਕ ਈ-ਮੇਲ ਮਿਲਿਆ. ਇਸ ਲੇਖ ਵਿੱਚ ਮੈਂ ਜ਼ਿਕਰ ਕੀਤਾ ਸੀ ਕਿ ਰਾਮਾਨੰਦ ਸਾਗਰ ਅਤੇ ਮੈਂ, ਅਸੀਂ ਦੋਵ ੇ ਮੁਜ਼ੰਗ ਦੇ ਇਲਾਕੇ ਨਾਲ ਤਾਲੁੱਕ ਰਖਦੇ ਸੀ. (ਬਦਕਿਸਮਤੀ ਨਾਲ, ਉਹ ਈ-ਮੇਲ ਗੁਆਚ ਗਈ ਪਰ ਇਸ ਦੇ ਸੁਨੇਹੇ ਨੇ ਮੈਨੂੰ ਬੇਹਦ ਹਿਲਾ ਕੇ ਰੱਖ ਦਿੱਤਾ. ਉਸ ਸਿੱਖ ਸੱਜਣ ਨੇ ਜੋ ਲਿਖਿਆ ਸੀ, ਉਸ ਨੂੰ ਦੁਬਾਰਾ ਪੇਸ਼ ਕਰਦਾ ਹਾਂ, ਜਿਥੋਂ ਤੱਕ ਮੈਨੂੰ ਯਾਦ ਹੈ: 'ਤੁਸੀਂ ਮੇਰੇ ਪਿਤਾ ਦੀ ਤਲਾਸ਼ ਤੇ ਮਦਦ ਕਰੋਗੇ? ਅਸੀਂ ਲਾਹੌਰ ਛੱਡਣ ਦੀ ਕੋਸ਼ਿਸ਼ ਕਰ ਰਹੇ ਸੀ ਜਿੱਥੇ ਸਾਡੀ ਇੱਕ ਛੋਟੀ ਕੰਪਨੀ ਸੀ ਜੋ ਦਵਾਇਆਂ ਬਣਾਉਂਦੀ ਸੀ. ਅਸੀਂ ਵਾਘਾ ਤੋਂ ਹੋ ਕੇ ਜਾਣ ਦੀ ਕੋਸ਼ਿਸ਼ ਕੀਤੀ, ਪਰ ਇਹ ਬਹੁਤ ਖ਼ਤਰਨਾਕ ਸੀ. ਅਤੇ ਅਸੀਂ ਵਾਪਸ ਆ ਗਏ. ਮੇਰੇ ਪਿਤਾ ਇੱਕ ਮੁਸਲਿਮ ਮੈਜਿਸਟਰੇਟ ਦੀ ਮਦਦ ਲੈਣ, ਜੋ ਸਾਡੀ ਤਰ੍ਹਾਂ ਇੱਕ ਚੀਮਾ ਜੱਟ ਸੀ, ਮੁਜ਼ੰਗ ਗਏ. ਉਹ ਕਦੀ ਵਾਪਸ ਨਹੀਂ ਲੌਟੇ. ਮੈਂ ਉਸ ਵਕਤ 11 ਸਾਲਾਂ ਦਾ ਸੀ. ਅਤੇ ਹੁਣ 70 ਸਾਲ ਦਾ ਹਾਂ, ਹੁਣ ਵੀ ਉਨ੍ਹਾਂ ਦੀ ਵਾਪਸੀ ਦਾ ਇੰਤਜ਼ਾਰ ਕਰ ਰਿਹਾ ਹਾਂ. ਮੈਂ ਸਿਰਫ਼ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਨਾਲ ਕੀ ਹੋਇਆ. ਤੁਸੀਂ ਮੇਰੀ ਮਦਦ ਕਰ ਸਕਦੇ ਹੋ?' 'ਮੈਂ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਹੁਣ ਇਸ ਸੱਚਾਈ ਨੂੰ ਮੰਜ਼ੂਰ ਕਰ ਲੈਣਾ ਚਾਹੀਦਾ ਸੀ ਕਿ ਅਗਰ ਉਹ ਇੰਨੇ ਸਾਲਾਂ ਤੱਕ ਵਾਪਸ ਨਹੀਂ ਆਏ ਨੇ ਤੇ, ਹਰ ਮੁਮਕਿਨ ਸੰਭਾਵਨਾ ਹੈ ਕਿ ਮੈਜਿਸਟਰੇਟ ਚੀਮਾ ਨੂੰ ਮਿਲਣ ਜਾਂਦੇ ਹੋਏ, ਉਨ੍ਹਾਂ ਦਾ ਕਤਲ ਹੋ ਗਿਆ ਹੋਵੇਗਾ. ਮੈਂ ਹਮੇਸ਼ਾ ਸੋਚਦਾ ਹਾਂ ਕਿ ਚੀਮਾ ਸਿੱਖ ਸੱਜਣ, ਜਿਸ ਮੈਜਿਸਟਰੇਟ ਦਾ ਜ਼ਿਕਰ ਕਰ ਰਹੇ ਸਨ, ਉਹ ਐਮ.ਜੀ.ਚੀਮਾ ਤੇ ਨਹੀਂ ਸੀ.

ਸਿਕੰਦਰ ਲਾਲ ਬੱਗਾ

3 ਦਸੰਬਰ 2005 ਨੂੰ ਮੈਂ ਦਿੱਲੀ ਤੇ ਇੱਕ ਬਜ਼ੁਰਗ, ਸਿਕੰਦਰ ਲਾਲ ਬੱਗਾ ਦਾ ਇੰਟਰਵਿਊ ਲੀਤਾ. ਉਨ੍ਹਾਂ ਨੇ ਮੈਨੂੰ ਇਹ ਵਿਆਖਿਆ ਦਿੱਤੀ ਕਿ ਕਿਉਂ ਮੈਜਿਸਟਰੇਟ ਚੀਮਾ ਹਿੰਦੂਆਂ ਦੇ ਇੰਨੇ ਖ਼ਿਲਾਫ਼ ਸਨ: 'ਐਮ.ਜੀ.ਚੀਮਾ ਲਾਹੌਰ ਦਾ ਇੱਕ ਸਿਟੀ ਮੈਜਿਸਟਰੇਟ ਸੀ. ਮਈ 1947 ਦੇ ਦੌਰਾਨ, ਉਸ ਨੂੰ ਕ੍ਰਿਸ਼ਨ ਨਗਰ ਦੇ ਹਿੰਦੂਆਂ ਨੇ, ਕ੍ਰਿਸ਼ਨ ਨਗਰ ਤੇ, ਕਿਸੇ ਤਹਕੀਕਾਤ ਕਰਣ ਤੋਂ ਰੋਕਿਆ ਸੀ. ਉਨ੍ਹਾਂ ਨੇ ਉਸ ਨੂੰ, ਉਥੇ ਆਉਣ ਨਾਲ, ਮਾਰ ਦੇਣ ਦੀ ਧਮਕੀ ਵੀ ਦਿੱਤੀ ਸੀ. ਮੈਂ ਇਹ ਵੀ ਸੁਣਿਆ ਹੈ ਕਿ ਉਨ੍ਹਾਂ ਨੂੰ ਮਾਰਣ ਦੀ ਵੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਹ ਬਚ ਗਏ. ਬਾਅਦ ਤੇ, 3 ਜੂਨ 1947 ਦੇ ਐਲਾਨ ਦੇ ਬਾਅਦ ਜਦ ਫ਼ਸਾਦ, ਅੱਗਜਨੀ ਅਤੇ ਤਸ਼ੱਦਦ ਦੇ ਹੋਰ ਦੂਜੇ ਤਰੀਕੇ ਵਧ ਗਏ, ਅਤੇ ਹਿੰਦੂਆਂ ਦਾ ਰੁਕਾਉ ਢਹਿਣ ਲਗਾ, ਮੈਜਿਸਟਰੇਟ ਚੀਮਾ ਨੇ ਆਪਣਾ ਬਦਲਾ ਲੀਤਾ.'

ਬਹਰ ਹਾਲ, ਸ਼ਾਹਆਲਮੀ ਗੇਟ ਨੂੰ ਅੱਗ ਲਗਾਉਣ ਦੀ ਸਾਜ਼ਸ਼ ਬਾਰੇ ਗਿੱਲ ਦੇ ਨਾਲ ਇੰਟਰਵਿਊ ਤੋਂ ਸਾਫ਼ ਤੌਰ ਤੇ ਪਤਾ ਚਲਦਾ ਹੈ ਕਿ ਸ਼ਥਾਨਕ ਬਦਮਾਸ਼ਾਂ, ਪੁਲਿਸ ਅਤੇ ਦੂਜੇ ਅਫ਼ਸਰਾਂ ਹੋਰ ਸਿਆਸਤਦਾਨਾਂ ਦੇ ਦਰਮਿਆਨ ਇੱਕ ਗਠਜੋੜ ਸੀ. ਮਸ਼ਹੂਰ ਉਰਦੂ ਲੇਖਕ ਅਹਿਮਦ ਬਸ਼ੀਰ ਜੋ ਲਾਹੌਰ ਦੇ ਫ਼ਸਾਦਾਂ ਦੇ ਇੱਕ ਗਵਾਹ ਸਨ, ਉਨ੍ਹਾਂ ਦਾ 2003 ਵਿੱਚ ਮੈਂ ਇੰਟਰਵਿਊ ਲੀਤਾ ਸੀ. ਉਨ੍ਹਾਂ ਨੇ ਕਈ ਘਟਨਾਵਾਂ ਨੂੰ ਯਾਦ ਕੀਤਾ ਅਤੇ ਜ਼ਿਕਰ ਕੀਤਾ ਕਿ ਉਨ੍ਹਾਂ ਨੇ ਆਪਣੇ ਨਾਵਲ, ਦਿਲ ਭਟਕੇਗਾ, ਵਿੱਚ ਵੀ ਬਿਆਨ ਦਿੱਤਾ ਹੈ ਕਿ ਕਿਸ ਤਰ੍ਹਾਂ, ਲਾਹੌਰ ਦੇ ਮੁਸਲਿਮ ਬਦਮਾਸ਼ਾਂ ਨੇ ਪੁਲਿਸ ਅਤੇ ਮੁਸਲਿਮ ਲੀਗ ਦੇ ਰਹਨੁਮਾਵਾਂ ਨਾਲ ਮਿਲ ਕੇ, ਲੁੱਟ-ਪਾਟ ਅਤੇ ਕਤਲ ਕੀਤੇ ਸੀ (2003: 313). ਇਹ ਇੱਕ ਹਕੀਕਤ ਹੈ ਕਿ, ਬਗੈਰ ਇਣ ਰਿਸ਼ਤੇਆਂ ਦੇ, ਨਸਲੀ ਸਫਾਈ ਜੋ ਹੋਈ ਇਸ ਨੂੰ ਕਰਨਾ ਬੇਹਦ ਮੁਸ਼ਕਲ ਸੀ.

ਜਦ ਕਿ ਪੰਜਾਬ ਜੱਲ ਰਿਹਾ ਸੀ ਅਤੇ ਲੋਕ ਆਪਣੀ ਜ਼ਿੰਦਗੀ ਨੂੰ ਬੇਹਦ ਖ਼ਤਰੇ ਵਿੱਚ ਮਹਿਸੂਸ ਕਰ ਰਹੇ ਸੀ ਜਾਂ ਆਪਣੇ ਉੱਪਰ ਹੋਰ ਆਪਣੀ ਸੰਪਤੀ ਉਪਰ ਬੇਰਹਿਮ ਹਮਲੇ ਦੀ ਧਮਕੀ ਦਾ ਸਾਹਮਣਾ ਕਰ ਰਹੇ ਸੀ, ਪੰਜਾਬ ਲੇਜੀਸਲੇਟਿਵ ਅਸੈਮਬਲੀ ਦੇ ਸਦੱਸਾਂ ਨੇ ਜਿਨ੍ਹਾਂ ਨੂੰ ਪੱਛਮ ਅਤੇ ਪੂਰਬ ਵਿੱਚ ਸੰਗਠਤ ਕੀਤਾ ਗਿਆ ਸੀ, 23 ਜੂਨ ਨੂੰ ਪੰਜਾਬ ਦੀ ਤਕਸੀਮ ਦਾ ਫ਼ੈਸਲਾ ਕਰਣ ਲਈ ਵੋਟਾਂ ਪਾਇਆਂ. ਦੀ ਟਰਾਨਸਫਰ ਔਫ ਪਾਵਰ, ਤ੍ਰੋਲ. ਯੀ, ਨੇ ਰੋਇਟਰ ਦੀ ਰਿਪੋਰਟ ਪੇਸ਼ ਕੀਤੀ ਜਿਸ ਵਿੱਚ ਹਾਲਾਤ ਦਾ ਬਿਉਰਾ ਸੀ:

> ਜਦ ਕਿ ਲਾਹੌਰ ਦਾ ਵੱਡਾ ਹਿੱਸਾ ਅਤੇ ਸਮੁੱਚੇ ਸੂਬੇ ਦੇ ਸੈਕੜੋਂ ਪਿੰਡ ਸਾੜ ਦਿੱਤੇ ਗਏ ਨੇ, ਪੰਜਾਬ ਲੇਜੀਸਲੇਟਿਵ ਅਸੈਮਬਲੀ ਦੇ 168 ਸਦੱਸ, ਅਸੈਮਬਲੀ ਦੀ ਇਮਾਰਤ ਦੀ ਲੈਬੀ ਤੇ ਹੱਸਦੇ, ਮਖੌਲ ਕਰਦੇ ਅਤੇ ਉਹ ਹੱਥ ਮਿਲਾਂਦੇ ਹੋਏ, ਪੰਜਾਬ ਦੀ ਤਕਸੀਮ ਕਰਾਉਣ ਜਾਂ ਨਾ ਕਰਾਉਣ ਲਈ, ਆਪਣੇ ਵੋਟ ਦਰਜ ਕਰਣ ਜਾ ਰਹੇ ਸੀ. ਅਸੈਮਬਲੀ ਦੀ ਇਮਾਰਤ ਦੇ ਨਜਦੀਕ ਜਾਣ ਵਾਲੇ ਰਾਹਾਂ ਨੂੰ ਬਾੜੇ ਦੀ ਤਾਰ ਨਾਲ, ਬੰਦ ਕਰ ਦਿੱਤਾ ਗਿਆ ਅਤੇ ਪਿਲਸ ਦਾ ਭਾਰੀ ਬੰਦੋਬਸਤ ਸੀ. ਲੋਕਾਂ ਨੂੰ ਅੰਦਰ ਜਾਣ ਦੀ ਇਜ਼ਾਜ਼ਤ ਨਹੀਂ ਸੀ, ਪਰ ਪ੍ਰੈਸ ਗੈਲਰੀ ਤੇ ਵਿਦੇਸ਼ੀ ਅਤੇ ਸਥਾਨਕ ਪ੍ਰੈਸ ਵਾਲੇ ਭਰੇ ਸੀ (Mansergh and Moon 1981:566-7).

25 ਜੂਨ ਦੇ ਦੀ ਟ੍ਰਿਬਊਨ ਨੇ 4 ਮਾਰਚ 1947 ਤੋਂ ਲੈ ਕੇ ਹੁਣ ਤਕ, ਪੰਜਾਬ ਵਿੱਚ 3,749 ਇਨਸਾਨਾਂ ਦੇ ਹਲਾਕ ਹੋਣ ਦਾ ਸਰਕਾਰੀ ਅੰਕੜਾ ਦਿੱਤਾ. ਇਸ ਨੇ ਇਹ ਵੀ ਖ਼ਬਰ ਦਿੱਤੀ ਕਿ ਲੋਹਾਰੀ ਗੇਟ ਦੇ ਬਾਹਰ ਸ਼ੀਤਲਾ ਮੰਦਰ ਦੇ ਕੋਲ, ਮੈਜਿਸਟਰੇਟ ਸਮੇਤ ਇੱਕ ਪੁਲਿਸ ਪਾਰਟੀ ਉਪਰ ਬੰਬ ਸੁੱਟਿਆ ਗਿਆ, ਪਰ ਕੋਈ ਜ਼ਖ਼ਮੀ ਨਹੀਂ ਹੋਇਆ. ਦਿੱਲੀ ਤੇ 2004 ਨੂੰ, ਮੈਂ ਸ਼੍ਰੀ ਹਰਿ ਦੇਵ ਸ਼ੇਰੀ ਦੇ ਨਾਲ, ਜੋ ਲਾਹੌਰ ਤੇ ਡਿਊਟੀ

ਮੈਜਿਸਟਰੇਟ ਸਨ ਅਤੇ ਜਿਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਬੰਬ ਸੁੱਟਿਆ ਗਿeਾ ਸੀ, ਗੱਲਬਾਤ ਕੀਤੀ. ਉਨ੍ਹਾਂ ਨੇ ਮੈਨੂੰ ਦੱਸਿਆ: 'ਮੈਂ ਅਤੇ ਇੱਕ ਪੁਲਿਸ ਬਲ ਅੰਦਰੁਨ ਸ਼ਹਿਰ ਦੇ ਲੋਹਾਰੀ ਗੇਟ ਤੋਂ ਬਾਹਰ ਆ ਰਹੇ ਸੀ, ਜਦ ਕਿਸੇ ਨੇ ਅਚਾਨਕ, ਸ਼ੀਤਲਾ ਮੰਦਰ ਦੇ ਨਜਦੀਕ, ਸਾਡੇ ਉਪਰ ਬੰਬ ਸੁੱਟਿਆ. ਖੁਸ਼ਕਿਸਮਤੀ ਨਾਲ, ਇਹ ਕੁੱਝ ਦੂਰ ਫੁੱਟਿਆ ਅਤੇ, ਕੋਈ ਜ਼ਖ਼ਮੀ ਨਹੀਂ ਹੋਇਆ. ਜਦ ਅਸੀਂ ਲੋਹਾਰੀ ਗੇਟ ਤੋਂ ਬਾਹਰ ਇੱਕ ਪਾਰਕ ਤੇ ਆਏ, ਇਨਸਾਨਾਂ ਦਾ ਇੱਕ ਸਮੁੰਦਰ ਇਕੱਠਾ ਹੋਇਆ ਸੀ, ਜੋ ਹਮਲੇਆਂ ਦੇ ਖ਼ਿਲਾਫ਼, ਕਿਸੇ ਵੀ ਤਰ੍ਹਾਂ, ਰੱਖਿਆ ਦੀ ਤਲਾਸ਼ ਕਰ ਰਿਹਾ ਸੀ. ਇਹ ਹਿੰਦੂ ਅਤੇ ਸਿੱਖ ਸਨ. ਉਹ ਲਾਹੌਰ ਰੇਲਵੇ ਸਟੇਸ਼ਨ ਜਾਣ ਦਾ ਸਾਧਨ ਲੱਭ ਰਹੇ ਸੀ. ਤਾਂਗੇਵਾਲੇ ਬੇਹਦ ਜ਼ਿਆਦਾ ਕਿਰਾਇਆ ਮੰਗ ਰਹੇ ਸੀ. ਮੈਂ ਕਿਸੇ ਤਰ੍ਹਾਂ ਵਿਵਸਥਾ ਕਾਇਮ ਕਰਣ ਦੀ ਕੋਸ਼ਿਸ਼ ਕੀਤੀ ਕਿ ਤਦ ਹੀ ਮੈਜਿਸਟਰੇਟ ਮੁਹੱਮਦ ਘਨੀ ਚੀਮਾ ਆਪਣੇ ਪੁਲਿਸ ਬਲ ਨੂੰ ਲੈ ਕੇ ਆ ਪਹੁੰਚੇ ਅਤੇ ਮੈਨੂੰ ਜਾਣ ਨੂੰ ਕਿਹਾ. ਇਹ ਇੱਕ ਦਿਲ ਤੋੜ ਦੇਣ ਵਾਲਾ ਹਾਲ ਸੀ, ਜਿੱਥੇ ਡਰੇ ਬੰਦੇ, ਔਰਤਾਂ ਅਤੇ ਬੱਚੇ ਮਦਦ ਮੰਗ ਰਹੇ ਸੀ, ਪਰ ਉਨ੍ਹਾਂ ਦੀ ਮਦਦ ਕਰਣ ਵਾਲਾ ਕੋਈ ਨਹੀਂ ਸੀ. ਮੈਨੂੰ ਦੱਸਿਆ ਗਿਆ ਕਿ ਬਾਅਦ ਦੇ ਡੋਗਰਾ ਫ਼ੋਜ਼ ਦੀ ਟੁਕੜੀ ਪਹੁੰਚੀ ਅਤੇ ਹਾਲਾਤ ਕਾਬੂ ਵਿੱਚ ਕੀਤੇ ਗਏ. ਜੂਨ ਦੇ ਆਖ਼ਰ ਤੇ ਬਹੁਤ ਸਾਰੇ ਹਿੰਦੂ ਅਤੇ ਸਿੱਖ ਲਾਹੌਰ ਨੂੰ ਪਹਿਲਾਂ ਹੀ ਛੱਡ ਚੁਕੇ ਸੀ, ਪਰ ਕੁੱਝ ਉਣ ਇਲਾਕਿਆਂ ਤੇ ਰਹਿ ਗਏ ਜਿੱਥੇ ਉਹ ਮਜਾਰਿਟੀ ਤੇ ਸਨ. ਉੱਚੇ ਦਰਜੇ ਦੇ ਇਲਾਕਿਆਂ ਤੇ, ਜੈਦਾਂ ਕਿ ਮਾਡਲ ਟਾਉਨ ਤੇ, ਅਗਸਤ ਦੇ ਮੱਧ ਤੱਕ ਅਮਨ ਕਾਇਮ ਰਿਹਾ. ਉਸ ਦੇ ਬਾਅਦ, ਉਥੇ ਵੀ ਹਿੰਦੂਆਂ ਅਤੇ ਸਿਖਾਂ ਉਪਰ ਹਮਲੇ ਵਧ ਗਏ ਅਤੇ ਸਾਨੂ ਸਭ ਨੂੰ ਲਾਹੌਰ ਛੱਡਣਾ ਪਇਆ.'

ਪੰਜਾਬ ਦੇ ਮੁਸਲਿਮ ਲੀਗ, ਕਾਂਗਰੇਸ ਅਤੇ ਅਕਾਲੀ ਪਾਰਟੀ ਦੇ ਰਹਨੁਮਾ, ਬੜੀ ਤੇਜੀ ਨਾਲ ਬਦਤਰ ਹੁੰਦੇ ਫ਼ਿਰਕੂ ਹਾਲਾਤ ਨੂੰ ਕਾਬੂ ਕਰਣ ਦੀ ਤਰਕੀਬ ਲੱਭਣ ਲਈ, ਲਾਹੌਰ ਤੇ ਸੋਮਵਾਰ, 23 ਜੂਨ ਨੂੰ ਮਿਲੇ (*Pakistan Times*, 25 Jun). ਬਾਅਦ ਤੇ, ਉਹ ਟਾਉਨ ਹਾਲ ਤੇ ਵੀਰਵਾਰ 26 ਜੂਨ ਨੂੰ ਅਮਨ ਕਾਇਮ ਕਰਣ ਲਈ, ਕੁੱਝ ਠੋਸ ਕਦਮ ਲੈਣ ਬਾਰੇ ਮਿਲੇ (*Pakistan Times*, 27 Jun). 27 ਜੂਨ ਦੇ ਦੀ ਟ੍ਰਿਬਿਊਨ ਨੇ ਖ਼ਬਰ ਦਿੱਤੀ ਕਿ ਦਿੱਲੀ ਤੇ ਗੁੜਗਾਂਉ, ਪਛੱਮ ਪੰਜਾਬ ਅਤੇ ਐਨ.ਡਬਲੁ.ਐਫ.ਪੀ. ਤੋਂ 75,000 ਪਨਾਹਗੀਰ ਪਹੁੰਚ ਚੁਕੇ ਸੀ. ਅਗਲੇ ਦਿਨ, ਦੀ ਟ੍ਰਿਬਿਊਨ ਨੇ ਖ਼ਬਰ ਦਿੱਤੀ ਕਿ 26 ਬਦਮਾਸ਼ਾਂ ਨੂੰ ਲਾਹੌਰ ਤੇ ਗਰਿਫ਼ਤਾਰ ਕਰ ਲੀਤਾ ਗਿਆ ਸੀ ਅਤੇ ਸਾਰੀ ਕੌਮਾਂ ਦੇ ਰਹਨੁਮਾਵਾਂ ਦੀ ਅਪੀਲ ਦਾ ਸਕਾਰਾਤਮਕ ਅਸਰ ਹੋਇਆ ਸੀ. ਇਸ ਕਰ ਕੇ ਲਾਹੌਰ ਦੀ ਗਲਿਆਂ ਅਤੇ ਸੜਕਾਂ ਸ਼ਾਂਤ ਸਨ, ਪਰ ਸ਼ਾਹਆਲਮੀ ਦੀ ਅੱਗ ਨੇ ਉਸ ਇਲਾਕੇ ਤੋਂ ਸ਼ਹਿਰ ਦੇ ਦੂਜੇ ਇਲਾਕਿਆਂ ਭੱਜਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਸੀ. ਕਾਇਮ-ਮੁਕਾਮ ਜ਼ਿਲ੍ਹਾ ਮੈਜਿਸਟਰੇਟ ਸ਼੍ਰੀ ਵਿਲਿਅਮਸ, ਨੇ ਗੌਰ ਕੀਤਾ ਕਿ 'ਸ਼ਹਿਰ ਦੇ ਹਾਲਾਤ ਸ਼ਾਂਤ ਨੇ' (*The Tribune*, 28 Jun). 30 ਜੂਨ ਦੇ ਦੀ ਟ੍ਰਿਬਿਊਨ ਨੇ ਖ਼ਬਰ ਦਿੱਤੀ ਕਿ ਯੂਨਾਇਟੇਡ ਪ੍ਰੋਵਿੰਸੇਸ ਦੇ ਮੁੱਖ ਮੰਤਰੀ ਪੰਡਤ ਗੋਵਿੰਦ ਬਲੱਭ ਪੰਤ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਸੂਬੇ ਤੇ ਪਨਾਹਗੀਰਾਂ [ਹਿੰਦੂਆਂ ਅਤੇ ਸਿੱਖਾਂ] ਦੀ ਗਿਣਤੀ 100,000 ਪਹੁੰਚ ਗਈ ਸੀ. 30 ਜੂਨ ਨੂੰ ਜਲੰਧਰ ਦੇ ਨਜਦੀਕ ਪਿੰਡ ਮੰਡਲੀ ਤੇ ਦੋ ਧਮਾਕੇ ਹੋਏ. ਹਾਲਾਂਕਿ ਕੋਈ ਹਲਾਕ ਨਹੀਂ ਹੋਇਆ, 100 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ. ਇਹ ਧਮਾਕਾ ਇੱਕ ਮੁਸਲਿਮ ਦਰਗਾਹ ਦੇ ਨਜਦੀਕ ਹੋਇਆ ਜਦ ਲੋਕ ਇੱਕ ਸਾਲਾਨਾ ਮੇਲੇ ਦਾ ਲੁਤਫ਼ ਉਠਾ ਰਹੇ ਸੀ (*The Tribune*, 2 July).

25 ਜੂਨ ਨੂੰ ਜੇਨਕੀਨਸ ਦੁਆਰਾ ਮਾਉਂਟਬੈਟਨ ਨੂੰ ਭੇਜੀ ਇੱਕ ਖ਼ਾਸ ਰਿਪੋਰਟ ਤੇ, ਗਵਰਨਰ ਨੇ ਪੰਜਾਬ ਦੇ ਹਾਲਾਤ ਦੀ ਤਫ਼ਸੀਲੀ ਇਤਲਾਹ ਦਿੱਤੀ. ਦੂਜੀ ਰਿਪੋਰਟਾਂ ਦੀ ਤਰ੍ਹਾਂ, ਜ਼ਿਆਦਾ ਜ਼ਿਕਰ ਲਾਹੌਰ ਅਤੇ ਅੱਮ੍ਰਿਤਸਰ ਦਾ ਸੀ. ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਜ਼ਿਆਦਾਤਰ ਅੱਗਜਨੀ ਦੇ ਮਾਮਲੇਆਂ ਤੇ, ਹੁਣ ਤਕ, ਮੁਸਲਿਮਾਂ ਦਾ ਹੱਥ ਸੀ. ਜੂਨ ਦੇ ਸ਼ੁਰੂ ਤੱਕ ਹਿੰਦੂ ਅਤੇ ਸਿੱਖ ਬੰਬ ਬਣਾ ਕੇ ਸੁੱਟਣ ਤੇ ਨਾਕਾਮਯਾਬ ਸਨ, ਹਾਲਾਂਕਿ ਬਦਲਾਵ ਆ ਰਿਹਾ ਸੀ. ਉਨ੍ਹਾਂ ਨੇ ਮੁਸਲਿਮ ਮਜਾਰਿਟੀ ਵਾਲੀ ਸਬਜ਼ੀ ਮੰਡੀ ਉਪਰ 21 ਜੂਨ ਨੂੰ ਬੰਬ ਸੁੱਟਣ ਅਤੇ 22 ਜੂਨ ਦੇ ਤੜਕੇ ਨੂੰ, ਸ਼ਾਹਆਲਮੀ ਦੀ ਅੱਗ ਵਿੱਚ ਇੱਕ ਦਿਲਚਸਪ ਮੇਲ ਕਾਇਮ ਕੀਤਾ, ਅਤੇ ਜ਼ੋਰ ਦੇ ਕੇ ਕਿਹਾ ਕਿ ਦੂਜੀ ਕਾਰਵਾਈ, ਪਹਿਲੀ ਦਾ ਬਦਲਾ ਸੀ (Carter, 2007b: 100).

ਇਸ ਦੇ ਇਲਾਵਾ, ਜੇਨਕੀਨਸ ਨੇ ਮੱਨਿਆ ਕਿ ਕਾਨੂੰਨ ਅਤੇ ਵਿਵਸਥਾ ਕਾਇਮ ਰੱਖਣ ਦੀ ਜ਼ਿਮੇਵਾਰੀ ਜਿਨ ਅਫਸਰਾਂ ਉਪਰ ਸੀ, ਉਹ ਤਰਫ਼ਦਾਰੀ ਕਰ ਰਹੇ ਸੀ. ਜੋ ਤਰਫ਼ਦਾਰੀ ਨਹੀਂ ਕਰਦੇ ਸੀ, ਉਨ੍ਹਾਂ ਦੇ ਉੱਪਰ, ਮੁਖ਼ਾਲਫ਼ਤੀ ਗੁਟ ਅਤੇ ਉਸ ਦੇ ਆਗੂ, ਉਲਟਾ ਇਲਜ਼ਾਮ ਲਗਾਉਂਦੇ ਸੀ. ਇਸ ਦੇ ਇਲਾਵਾ, ਸਿਆਸੀ ਪਾਰਟੀਆਂ, ਖੁਦ, ਇਣ ਜ਼ੁਲਮਾਂ ਵਿੱਚ ਸ਼ਾਮਲ ਸਨ. ਪੇਸ਼ੇਵਰ ਹਮਲਾਵਰਾਂ ਦਾ ਜੁਰਮ ਕਰਣ ਲਈ ਇਸਤੇਮਾਲ ਕੀਤਾ ਹਾ ਰਿਹਾ ਸੀ. ਅਤੇ, ਇੱਕ ਇਸਾਈ ਇੰਡੀਅਨ ਅਤੇ ਪੂਰਬੀਐ ਹਿੰਦੂਆਂ ਦਾ ਇਸਤੇਮਾਲ, ਪੈਸੇ ਦੇ ਕੇ, ਹਿੰਦੂ ਸੰਪਤੀ ਨੂੰ ਅੱਗ ਲਗਾਉਣ ਲਈ ਕੀਤਾ ਗਿਆ ਸੀ. ਦੂਜੀ ਤਰਫ਼, ਆਰ.ਐਸ.ਐਸ. ਹਿੰਦੂਆਂ ਦੇ ਕੀਤੇ ਬੰਬ ਹਮਲੇਆਂ ਦੇ ਪਿੱਛੇ ਸੀ ਅਤੇ ਉਨ੍ਹਾਂ ਦੇ ਸੰਗਠਨ ਦੇ ਪ੍ਰਮੱਖ ਬਹੁਤ ਇਜ਼ੱਤਦਾਰ ਹਿੰਦੂ ਸੱਜਣ ਸਨ. ਪਰ, ਗਵਰਨਰ ਦੀ ਸਲਾਹ ਦੇ ਚਲਦੇ, ਪੰਜਾਬ ਦੇ ਖ਼ਾਸ ਆਗੂਆਂ ਨੇ ਅਮਨ ਦੀ ਇੱਕ ਅਪੀਲ ਜਾਰੀ ਕੀਤੀ ਅਤੇ ਲਾਹੌਰ ਵਿੱਚ, ਜੂਨ ਦੇ ਆਖਰੀ ਹਫ਼ਤੇ ਤੇ, ਤਸ਼ੱਦਦ ਦਾ ਘੱਟ ਹੋਣਾ, ਨਜ਼ਰ ਆਉਣ ਲਗਾ (Ibid: 98-101). ਪਰ ਅੱਮ੍ਰਿਤਸਰ ਤੇ ਮੁਸਲਿਮਾਂ ਵਿੱਚ ਇਹ ਇਹਸਾਸ ਵਧ ਰਿਹਾ ਸੀ ਕਿ ਉਹ 'ਤਬਾਹ ਹੋਣ ਦੇ ਕਰੀਬ ਸਨ ਅਤੇ ਪ੍ਰਵਾਸ ਜਾਂ ਖ਼ਤਮ ਹੋਣ ਤੋਂ ਪਹਿਲਾਂ, ਜੋ ਬਰਬਾਦੀ ਉਹ ਕਰ ਸਕਦੇ ਸੀ, ਉਨ੍ਹਾਂ ਨੂੰ ਕਰ ਲੈਣੀ ਚਾਹੀਦੀ ਸੀ' (Ibid: 100).

ਆਪਣੀ 30 ਜੂਨ ਦੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਗੌਰ ਕੀਤਾ ਕਿ ਜੂਨ ਦੇ ਖ਼ਤਮ ਹੋਣ ਤਕ, ਤਸ਼ੱਦਦ ਥੋੜਾ ਘੱਟ ਹੋ ਗਿਆ ਸੀ ਪਰ ਹਾਲਾਤ ਹੁਣ ਵੀ ਗੰਭੀਰ ਤੌਰ ਤੇ ਵਿਗੜੇ ਹੋਏ ਸੀ. ਲਾਹੌਰ ਅਤੇ ਅੱਮ੍ਰਿਤਸਰ ਦੇ ਬਾਹਰ, ਜ਼ਿਆਦਾ ਗੜਬੜੀ ਗੁੜਗਾਂਉ ਤੇ ਹੋਈ ਸੀ. ਫ਼ਿਰਕੂ ਹਮਲੇ ਜਲੰਧਰ ਅਤੇ ਹੁਸ਼ਿਆਰਪੁਰ ਤੇ ਵੀ ਹੋਏ ਸੀ (Ibid: 110-11).

ਹਵਾਲਾ

ਬਸ਼ੀਰ, ਅਹਿਮਦ, ਦਿਲ ਭਟਕੇ ਗਾ, ਲਾਹੌਰ: ਫ਼ੀਰੋਜ਼ਸਨਸ, 2003.

ਇਫ਼ਤਿਖ਼ਾਰ, ਕੇ., ਜਬ ਅੱਮ੍ਰਿਤਸਰ ਜਲ ਰਹਾ ਥਾ, ਲਾਹੌਰ: ਖ਼ਵਾਜਾ ਪਬਲਿਸ਼ਰਸ, (1991).

ਖੋਸਲਾ, ਜੀ.ਡੀ., ਸਟਰਨ ਰੇਕੋਨਿੰਗ, ਦੇਲਹੀ: ਔਕਸਫ਼ੋਰਡ ਯੂਨੀਵਰਸਿਟੀ ਪ੍ਰੈਸ, (1989).

ਤਾਲਿਬ, ਸ.ਗੁਰਬਚਨ ਸਿੰਘ., ਮੁਸਲਿਮ ਲੀਗ ਐਟੇਕ ਔਨ ਸਿਖਸ ਐਂਡ ਹਿੰਦੂਸ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇੰਡੀਆ, (1991).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 1 ਜੂਨ -14 ਅਗਸਤ 1947, ਟ੍ਰੇਜੇਡੀ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007a).

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 3 ਮਾਰਚ 1947-31 ਮਈ 1947, ਐਟ ਦੀ ਏਬੀਸ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007b).

ਫੋਰਟਨਾਇਟਲੀ ਰਿਪੋਰਟਸ (ਮਾਇਕ੍ਰੋਫ਼ਿਲਮ ਉੱਪਰ) ਔਫ ਪੰਜਾਬ ਚੀਫ ਸੇਕ੍ਰੈਟਰੀ. L/P &J/5/250.

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ਤ੍ਰੋਲ. ਯੀ, ਦੀ ਮਾਉਂਟਬੇਟਨ ਵਾਇਸਰਾਇਲਟੀ, ਐਨਾਉਂਸਮੇਂਟ ਰਿਸੇਪਸ਼ਨ ਔਫ ਦ 3 ਜੂਨ ਪਲਾਨ, 31 ਮਈ-7 ਜੁਲਾਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1982).

ਅਖਬਾਰਾਂ

ਦੀ ਪਾਕਿਸਤਾਨ ਟਾਇਮਸ, ਲਾਹੌਰ 1947

ਦੀ ਟ੍ਰਿਬਊਨ, ਲਾਹੌਰ 1947

ਇੰਟਰਵਿਊ

ਬੀ.ਆਰ.ਚੋਪੜਾ, ਮੁਮਬਈ, 4 ਜਨਵਰੀ 1997

ਯੁਵਰਾਜ ਕਿਸ਼ਨ, ਮੁਮਬਈ, 21 ਅਕਤੂਬਰ 1999

ਡਾ.ਜਗਦੀਸ਼ ਚੰਦਰ ਸਰੀਨ, ਦਿੱਲੀ, 24 ਅਕਤੂਬਰ 1999

ਮੁਸ਼ਤਾਕ ਅਹਿਮਦ, ਸਟੇਕਹੋਮ, 12 ਅਪ੍ਰੈਲ 2002

ਵਿਮਲ ਇਸੱਰ, ਨਵੀਂ ਦਿੱਲੀ, 13 ਮਾਰਚ 2004

ਦੀਨਾ ਨਾਥ ਮਲਹੋਤ੍ਰਾ, ਨਵੀਂ ਦਿੱਲੀ, 15 ਮਾਰਚ 2004

ਹਰਿਦੇਵ ਸ਼ੋਰੀ, ਨਵੀਂ ਦਿੱਲੀ, 16 ਮਾਰਚ 2004

ਮੁਸਤਨਸਰ ਹੁਸੈਨ ਤਰਾਰ, ਲਾਹੌਰ, 17 ਦਸੰਬਰ 2004

ਕਲੇਬ ਅਲੀ ਸ਼ੇਖ, ਲਾਹੌਰ, 25 ਦਸੰਬਰ 2004

ਹਾਜੀ ਅਬਦੁਲ ਰਹਿਮਾਨ ਗਿੱਲ, ਲਾਹੌਰ, 30 ਦਸੰਬਰ 2004; 29 ਸਤੰਬਰ 2005; 15 ਅਕਤੂਬਰ 2005

ਘੁਲਾਮ ਹੈਦਰ (75), ਲਾਹੌਰ, 13 ਜਨਵਰੀ 2005

ਮੁਹੱਮਦ ਮੁਨੀਰ, ਲਾਹੌਰ, 13 ਜਨਵਰੀ 2005

ਲਮਬਰਦਾਰ ਮਿਆਂ ਮੁਹੱੱਮਦ ਹਨੀਫ਼, ਲਾਹੌਰ, 13 ਜਨਵਰੀ 2005

ਮਿਆਂ ਮੁਹੱੱਮਦ ਸ਼ਰੀਫ਼, ਲਾਹੌਰ, 14 ਜਨਵਰੀ 2005

ਸੁਲੇਮਾਨ ਚੀਮਾ, ਲਾਹੌਰ (ਟੇਲੀਫੋਨ ਦੁਆਰਾ 15:35, ਸਟੇਕਹੋਮ ਵਕਤ ਦੇ ਮੁਤਾਬਕ), 13 ਅਕਤੂਬਰ 2005

ਹੁਕੁਮ ਕੁਰੈਸ਼ੀ, ਲਾਹੌਰ, 30 ਅਕਤੂਬਰ 2005

ਸਿਕੰਦਰ ਲਾਲ ਬੱਗਾ, ਦਿੱਲੀ, 3 ਦਸੰਬਰ 2005

ਡਾ ਹਫ਼ੀਜ਼ ਅਹਿਮਦ ਮੁਘਲ, ਲਾਹੌਰ, ਈ-ਮੇਲ ਦੁਆਰਾ ਇੰਟਰਵਿਊ, 16 ਜਨਵਰੀ 2006

ਨੋਟ

1. 1927 ਤੇ ਰਾਜ ਪਾਲ ਨੂੰ ਹਲਕੀ ਸਜਾ ਦੇਣ ਦੇ ਖ਼ਿਲਾਫ਼ ਗੜਬੜੀ ਹੋਈ ਸੀ; 1935 ਤੇ ਗੜਬੜੀ ਮਸਜਿਦ ਸ਼ਹੀਦਗੰਜ ਦੇ ਝਗੜੇ ਨੂੰ ਲੈ ਕੇ ਹੋਈ ਅਤੇ 1937 ਤੇ ਸੁਬਾਈ ਇੰਤਖ਼ਾਬ ਨੂੰ ਦੇ ਗਵਰਨਮੇਂਟ ਔਫ਼ ਇਮਡੀਆ ਐਕਟ, 1935 ਦੇ ਤਹਿਤ ਕਰਾਇਆ ਗਿਆ.

12

ਤਕਸੀਮ ਦਾ ਸਾਜ਼ੋਸਾਮਾਨ ਅਤੇ ਕਾਰਵਾਈਆਂ

1 ਜੂਲਾਈ-14 ਅਗਸਤ 1947

ਪੰਜਾਬ ਪਾਰਟੀਸ਼ਨ ਕਮੇਟੀ 1 ਜੂਲਾਈ ਨੂੰ ਆਪਸ ਤੇ ਮਿਲੀ ਅਤੇ ਇਸ ਦੀ ਅਗੁਵਾਈ ਪੰਜਾਬ ਗਵਰਨਰ ਕਰ ਰਹੇ ਸੀ ਅਤੇ ਇਸ ਦੇ ਚਾਰ ਸਦੱਸ ਸਨ: ਦੋ ਪਛੱਮ ਪੰਜਾਬ ਦੇ ਨੁਮਾਇੰਦੇ, ਮੁਮਤਾਜ਼ ਦੌਲਤਾਨਾ ਅਤੇ ਜ਼ਾਹਿਦ ਹੁਸੈਨ, ਅਤੇ ਦੋ ਪੂਰਬੀ ਪੰਜਾਬ ਦੇ ਨੁਮਾਇੰਦੇ, ਡਾ.ਗੋਪੀ ਚੰਦ ਭਾਰਗਵ ਅਤੇ ਸਰਦਾਰ ਸਵਰਨ ਸਿੰਘ. ਇਸ ਕਮੇਟੀ ਦਾ ਖ਼ਾਸ ਮਕਸਦ, ਇੱਕ ਮਸ਼ੀਨਰੀ ਨੂੰ ਤਿਆਰ ਕਰਨਾ ਸੀ, ਜੋ ਤਕਸੀਮ ਨੂੰ ਲਾਗੂ ਕਰ ਸਕੇ. ਇੱਕ *ਸਟੀਅਰਿੰਗ ਕਮੇਟੀ (ਸੰਚਾਲਨ ਸਮਿਤਿ)* ਤਿਆਰ ਕੀਤੀ ਗਈ, ਜਿਸ ਵਿੱਚ ਇੱਕ ਮੁਸਲਿਮ ਸਈਦ ਯਾਕੂਬ ਸ਼ਾਹ, ਅਤੇ ਇੱਕ ਹਿੰਦੂ, ਐਮ.ਆਰ.ਸਚਦੇਵਾ ਸ਼ਾਮਲ ਸਨ. ਇਸ ਦਾ ਕੱਮ ਕਮੇਟੀ ਅਤੇ ਮੁਖ਼ਤਲਿਫ਼ ਸਰਕਾਰੀ ਵਿਭਾਗਾਂ ਨਾਲ ਤਾਲ-ਮੇਲ ਕਰਾਉਣਾ ਸੀ. ਇਸੇ ਤਰ੍ਹਾਂ, ਹਰ ਵਿਭਾਗ ਵਿੱਚ, ਇੱਕ ਵੱਡੇ ਮੁਸਲਿਮ ਅਤੇ ਇੱਕ ਗੈਰ-ਮੁਸਲਿਮ ਅਫ਼ਸਰ ਨੂੰ ਚੁਣਿਆ ਗਿਆ ਸੀ, ਤਾਂਕਿ ਉਹ ਵਿਭਾਗੀ ਕਮੇਟੀਆਂ ਦਾ ਹਿੱਸਾ ਬਣਨ. ਕੁੱਝ ਐਕਸਪਰਟ ਕਮੇਟੀਆਂ (ਮਾਹਰ ਸਮਿਤਿ) ਵੀ ਤਿਆਰ ਕੀਤੀ ਗਈਆਂ (Mansergh and Moon, 1982: 454-55).

ਸ਼ਾਇਦ ਜੂਲਾਈ ਦੇ ਸ਼ੁਰੂ ਤੇ, ਇੱਕ ਇਤਹਾਦੀ ਪੰਜਾਬ ਨੂੰ ਕਾਇਮ ਰੱਖਣ ਲਈ, ਕੁੱਝ ਬ੍ਰਿਟਿਸ਼ ਗੈਰ-ਫ਼ੌਜ਼ੀ ਅਫਸਰਾਂ ਨੇ ਆਖਰੀ ਕੋਸ਼ਿਸ਼ ਕੀਤੀ, ਪਰ ਉਹ ਵੀ ਨਾਕਾਮਯਾਬ ਰਹੇ. ਸਰ ਪੇਂਡਰਲ ਮੂਨ, ਜੋ ਪੰਜਾਬ ਦੇ ਨਾਲ ਇੱਕ ਪੁਰਾਣਾ ਰਿਸ਼ਤਾ ਰੱਖਦੇ ਸੀ ਅਤੇ ਮੁਸਲਿਮ ਮਜਾਰਿਟੀ ਵਾਲੀ ਦਖੱਣ ਪਛਮ ਪੰਜਾਬ ਦੀ ਬਹਾਵਲਪੁਰ ਰਿਆਸਤ ਤੇ ਇੱਕ ਵਜ਼ੀਰ ਦੇ ਤੌਰ ਤੇ ਸੇਵਾ ਕਰ ਰਹੇ ਸੀ ਅਤੇ ਮੇਜਰ ਸ਼ੋਰਟ, ਜੋ ਸਿੱਖਾਂ ਦੇ ਨਾਲ ਹਮਦਰਦੀ ਰਖਦੇ ਸੀ, ਉਨ੍ਹਾਂ ਨੇ ਇਹ ਬੀੜਾ ਉਠਾਇਆ ਸੀ. ਸ਼ੋਰਟ ਉਸ ਵਕਤ ਬ੍ਰਿਟੇਨ ਤੇ ਸਨ ਪਰ ਉਨ੍ਹਾਂ ਨੇ ਸਿੱਖ ਆਗੂਵਾਂ ਅਤੇ ਮੂਨ ਨਾਲ ਸੰਪਰਕ ਕਾਇਮ ਕੀਤਾ ਹੋਇਆ ਸੀ. ਦੋਨਾਂ ਨੇ ਮੁਸਲਿਮ ਲੀਗ ਅਤੇ ਸਿੱਖਾਂ ਨੂੰ ਪੰਜਾਬ ਨੂੰ ਇਤਹਾਦੀ ਰਖਣ ਲਈ ਸਮਝਾ ਕੇ ਰਾਜੀ ਕਰਣ ਦੀ ਕੋਸ਼ਿਸ਼ ਕੀਤੀ, ਤਾਂਕਿ ਸਿਖਾਂ ਨੂੰ ਮੰਧ ਪੰਜਾਬ ਦੇ ਕੁੱਝ ਜ਼ਿਲ੍ਹਾਂ ਤੇ ਖ਼ੁਦਮੁਖ਼ਤਾਰੀ ਅਤੇ ਇੱਕ ਜੈਦਾਂ ਦੀ ਹੈਸੀਅਤ ਦਿੱਤੀ ਜਾਵੇ ਜੋ ਪਾਕਿਸਤਾਨ ਦੇ ਹਿੱਸਾ ਬਣਨ ਵਾਲੇ ਦੂਜੇ ਸੂਬਿਆਂ ਨੂੰ ਦਿੱਤੇ ਜਾਣੇ ਸੀ. ਪਰ ਜਿੱਥੇ ਸਿੱਖ ਮੁਸਲਿਮ ਲੀਗ ਦੇ ਰਹਨੁਮਾਵਾਂ ਦਾ ਇਤਬਾਰ ਨਹੀਂ ਕਰਦੇ ਸੀ, ਮੁਸਲਿਮ ਲੀਗ ਨੇ ਵੀ ਉਨ੍ਹਾਂ ਦੇ ਡਰ ਨੂੰ ਦੂਰ ਕਰਣ ਲਈ ਕੁੱਝ ਨਹੀਂ ਕੀਤਾ. ਮੂਨ ਨੂੰ ਇੱਕ ਸਿੱਖ ਆਗੂ ਨੇ ਝਿੜਕ ਦਿੱਤਾ ਅਤੇ ਉਸ ਦਾ ਨਾਂਅ ਉਹ ਨਹੀਂ ਦੱਸਣਾ ਚਾਹੁੰਦੇ ਨੇ ਅਤੇ ਜਿਨਾਹ ਦਾ ਰਵੱਇਆ ਲਾਪਰਵਾਹੀ ਵਾਲਾ ਸੀ (Moon, 1998: 84-7).

ਜਿਨਾਹ ਦਾ ਖ਼ੁਦ ਪਾਕਿਸਤਾਨ ਦਾ
ਗਵਰਨਰ-ਜੈਨਰਲ ਬਣਨ ਬਾਰੇ ਐਲਾਨ

ਤਕਸੀਮ ਦੇ ਆਖਰੀ ਦੌਰ ਤੇ, ਉੱਚੇ ਦਰਜੇ ਦੀ ਸਿਆਸਤ ਤੇ, ਸ਼ਾਇਦ ਹੀ ਐਦਾਂ ਦਾ ਕੋਈ ਦੂਜਾ ਗੌਰ ਕਰਣ ਲਾਇੱਕ ਵਾਕਿਆ ਹੈ, ਜਿਸ ਨੂੰ ਮਾਊਂਟਬੇਟਨ ਦੀ ਪਾਕਿਸਤਾਨ ਦੀ ਗਵਰਨਰ-ਜੈਨਰਲ ਬਣਨ ਦੀ ਪੇਸ਼ਕਸ਼ ਨੂੰ ਜਿਨਾਹ ਦੁਆਰਾ ਠੁਕਰਾਣ ਤੋਂ ਵੱਡਾ ਸਮਝਿਆ ਜਾਵੇ. ਵਾਇਸਰਾਏ ਦੀ ਨੰ.11 ਦੀ 4 ਜੁਲਾਈ 1947 ਦੀ ਰਿਪੋਰਟ ਤੇ ਇਸ ਦਾ ਵਿਵਰਣ ਦਿੱਤਾ ਹੈ. ਆਮ ਸੋਚ ਇਹ ਸੀ ਕਿ ਮਾਉਂਟਬੈਰਨ ਇੰਡੀਆ ਅਤੇ ਪਾਕਿਸਤਾਨ ਦੋਨਾਂ ਦੇ, ਗਵਰਨਰ-ਜੈਨਰਲ ਹੋਣਗੇ. ਜਿਨਾਹ ਨੇ ਮਾਉਂਟਬੈਰਨ ਨੂੰ ਇਹ ਕਿਹ ਕੇ ਝਟਕਾ ਦਿੱਤਾ ਕਿ ਉਹ ਸਿੰਧ ਨੂੰ ਝੱਡ ਕੇ ਬਾਕੀ ਸਾਰੇ ਸੂਬਿਆਂ ਤੇ ਬ੍ਰਿਟਿਸ਼ ਗਵਰਨਰਾਂ ਨੂੰ ਅਤੇ ਫ਼ੌਜ਼ ਦੇ ਬ੍ਰਿਟਿਸ਼ ਪ੍ਰਮੁੱਖ ਬਰਕਰਾਰ ਰੱਖਣਗੇ, ਮਗਰ ਪਾਕਿਸਤਾਨ ਦਾ ਗਵਰਨਰ-ਜੈਨਰਲ ਉਹ ਖੁਦ ਬਣਨਗੇ. ਮਾਉਂਟਬੈਰਨ ਨੇ ਕਾਮਨਵੇਲਥ ਦੀ ਦੋਨੋ *ਡੋਮਿਨਿਅਨਾਂ* ਦੇ ਇੱਕ ਗਵਰਨਰ-ਜੈਨਰਲ ਹੋਣ ਦੇ ਫ਼ਾਇਦੇ ਬਾਰੇ ਜਿਨਾਹ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮਯਾਬ ਰਹੇ. ਉਣ ਫ਼ਾਇਦੇਆਂ ਦੇ ਵਿੱਚ, ਇੱਕ ਉਹ ਵੀ ਸੀ ਕਿ ਤਕਸੀਮ ਬਗੈਰ ਕਿਸੇ ਪੱਖਪਾਤ ਦੇ ਹੋਵੇਗੀ. ਜਿਨਾਹ ਅਟੱਲ ਰਹੇ. ਖੁੰਝੇ ਤੇ ਆ ਕੇ ਮਾਉਂਟਬੈਰਨ ਨੇ ਜਿਨਾਹ ਨੂੰ ਕਿਹਾ, "ਤੁਹਾਨੂ ਪਤਾ ਹੈ ਇਸ ਦੀ ਤੁਹਾਨੂ ਕੀਮਤ ਅਦਾ ਕਰਣੀ ਪਏਗੀ?' ਜਿਨਾਹ ਨੇ ਜਵਾਬ ਦਿੱਤਾ, 'ਇਸ ਦੀ ਕੀਮਤ ਕਈ ਕਰੋੜ ਰੁਪਏ ਦੀ ਸੰਪਤੀ ਹੋ ਸਕਦੀ ਹੈ.' ਮਾਉਂਟਬੈਰਨ ਨੇ ਜਿਨਾਹ ਨੂੰ ਕਰਾਰਾ ਜਵਾਬ ਦਿੱਤਾ, 'ਇਸ ਦੀ ਕੀਮਤ ਤੁਹਾਡੀ ਸਾਰੀ ਸੰਪਤੀ ਅਤੇ ਪਾਕਿਸਤਾਨ ਦਾ ਮੁਸਤਕਬਿਲ, ਹੋ ਸਕਦੀ ਹੈ' (Ibid: 899-900). ਜਿਨਾਹ ਦੁਆਰਾ ਮਾਉਂਟਬੈਰਨ ਦੀ ਪਾਕਿਸਤਾਨ ਦੇ ਗਵਰਨਰ-ਜੈਨਰਲ ਬਣਨ ਦੀ ਪੇਸ਼ਕਸ਼ ਨੂੰ ਰੱਦ ਕਰਣ ਨੂੰ ਲੈ ਕੇ ਕਾਫ਼ੀ ਤਕਰਾਰ ਹੋਇਆ ਹੈ. ਇਹ ਮੁਮਕਿਨ ਹੈ ਕਿ ਜਿਨਾਹ ਮਾਉਂਟਬੈਰਨ ਉਪਰ ਯਕੀਨ ਨਹੀਂ ਕਰਦੇ ਸੀ ਅਤੇ ਇਸ ਕਰ ਕੇ ਫ਼ੈਸਲਾ ਕੀਤਾ ਕਿ ਮਾਉਂਟਬੈਰਨ ਨੂੰ ਗਵਰਨਰ-ਜੈਨਰਲ ਦਾ ਤਾਕਤਵਰ ਅਹੁਦਾ ਨਾ ਮਿਲੇ. ਗਵਰਨਰ-ਜੈਨਰਲ ਨੇ ਇੱਕ ਹੋਰ ਵਜ੍ਹਾ ਦੱਸੀ:

> ਮੈਂ ਉਸ ਨੂੰ ਦੱਸਿਆ ਕਿ ਅਗਰ ਉਹ (ਜਿਨਾਹ) ਇੱਕ ਗਵਰਨਰ-ਜੈਨਰਲ ਦਾ ਅਹੁਦਾ ਅਖ਼ਤਿਆਰ ਕਰਦੇ ਨੇ ਤੇ, ਉਨ੍ਹਾਂ ਦੀ ਤਾਕਤਾਂ ਸੀਮਤ ਹੋਣਗਿਆਂ, ਪਰ ਇੱਕ ਵਜ਼ੀਰ-ਏ-ਆਜ਼ਮ ਦੇ ਤੌਰ ਤੇ, ਉਹ ਪਾਕਿਸਤਾਨ ਨੂੰ ਦੁਰੁਸਤ ਚਲਾ ਸਕਣਗੇ. ਜਿਨਾਹ ਨੇ ਇਹ ਸਾਫ ਤੌਰ ਤੇ ਕਿਹਾ ਕਿ ਉਨ੍ਹਾਂ ਦਾ ਵਜ਼ੀਰ-ਏ-ਆਲਮ ਉਹ ਹੀ ਕਰੇਗਾ ਜੋ ਉਹ ਉਸ ਨੂੰ ਕਰਣ ਨੂੰ ਕਹਿਣਗੇ. ਜਿਨਾਹ ਨੇ ਕਿਹਾ, 'ਮੇਰੇ ਅਹੁਦੇ ਤੋਂ, ਮੈਂ ਹਾਂ ਜੋ ਸਲਾਹ ਦੇਗਾ, ਅਤੇ ਦੂਜੇ ਇਸ ਦੇ ਮੁਤਾਬਕ ਚਲਣਗੇ' (Ibid: 898-99).

ਮਸ਼ਹੂਰ ਪਾਕਿਸਤਾਨੀ ਅਖ਼ਬਾਰਨਵੀਸ ਹਮੀਦ ਅਖ਼ਤਰ ਦਾ ਖ਼ਿਆਲ ਸੀ ਕਿ ਜਿਨਾਹ ਨੇ ਗਲਤ ਫ਼ੈਸਲਾ ਲੀਤਾ ਸੀ. ਇੱਕ ਆਮ ਅਗੁਵਾਈ ਨਾ ਹੋਣ ਦੇ ਚਲਦੇ, ਤਕਸੀਮ ਦੇ ਬਾਅਦ, ਦੋਵੇਂ ਮੁਲਕਾਂ ਅਤੇ ਹਕੀਕਤ ਤੇ ਤਕਸੀਮ ਕੀਤੇ ਪੰਜਾਬ ਉਪਰ, ਲੋਕਾਂ ਦੀ ਅਦਲਾ-ਬਦਲੀ ਦੀ ਨਿਗਰਾਨੀ ਕਰਣ ਵਾਲਾ ਕੋਈ ਨਹੀਂ ਸੀ, ਅਤੇ ਇਸ ਦੇ ਚਲਦੇ ਜ਼ਿਆਦਾਤਰ ਫ਼ਿਰਕੂ ਫ਼ਸਾਦ ਹੋਏ. ਪਾਕਿਸਤਾਨ ਵਿੱਚ ਮੈਂ ਕਈ ਦੂਜੇ ਲੋਕਾਂ ਨੂੰ ਵੀ ਇਸ ਤਰ੍ਹਾਂ ਦੇ ਖ਼ਿਆਲ, ਨਿਜ਼ੀ ਤੌਰ ਤੇ, ਜ਼ਾਹਰ ਕਰਦੇ ਸੁਣਿਆ ਹੈ, ਹਾਲਾਂਕਿ ਖੁੱਲ੍ਹੇ-ਆਮ ਕਿਸੇ ਨੂੰ ਇਹ ਗੱਲ ਕਰਣ ਦੀ ਹਿੱਮਤ ਨਹੀਂ ਹੈ. ਪਾਕਿਸਤਾਨ ਤੇ ਆਮ ਖ਼ਿਆਲ ਇਹ ਹੈ ਕਿ ਮਾਉਂਟਬੈਰਨ ਇੰਡੀਆ ਦੇ ਹਿਮਾਇਤੀ ਸਨ ਅਤੇ ਜਿਨਾਹ ਨੇ ਉਨ੍ਹਾਂ ਨੂੰ ਸਰਵਸ਼ਕਤਿਸ਼ਾਲੀ, ਮੁਲਕ ਦਾ ਪ੍ਰਧਾਨ ਬਣਨ ਤੋਂ ਰੋਕ ਕੇ, ਜੈਦਾਂ ਕਿ 1935 ਦੇ ਐਕਟ ਤੇ ਪ੍ਰਾਵਧਾਨ ਤੇ ਸੀ, ਮਾਉਂਟਬੈਰਨ ਨੂੰ ਤਿਕੜਮਬਾਜ਼ੀ ਕਰਣ ਤੋਂ ਰੋਕਿਆ. ਪਰ, ਹਕੀਕਤ ਇਹ ਹੈ ਕਿ 1 ਅਗਸਟ

1947 ਨੂੰ ਮਾਉਂਟਬੈਰਨ, ਕਾਂਗਰੇਸ ਅਤੇ ਮੁਸਲਿਮ ਲੀਗ ਦੇ ਨੁਮਾਇੰਦੇਆਂ ਦੇ ਨਾਲ, ਇੰਡੀਅਨ ਮਿਲਿਟਰੀ ਦੇ ਸੇਵਾਵਾਂ ਦੀ ਤਕਸੀਮ ਲਈ, ਇੱਕ ਬੈਠਕ ਤੇ, ਵਾਇਸਰਾਏ ਮਾਉਂਟਬੈਰਨ ਨੇ ਫ਼ੈਜ਼ ਅਤੇ ਇਸ ਦੀ ਇਕਾਇਆਂ, ਅਤੇ ਹਥਿਆਰ, ਸਾਜ਼ੋਸਾਮਾਨ ਅਤੇ ਦੂਜੀ ਸਹੂਲਤਾਂ ਨੂੰ ਵੰਡਣ ਲਈ, ਇੱਕ *ਫ਼ਾਰਮੂਲਾ* ਪੇਸ਼ ਕੀਤਾ. ਇਸ *ਫ਼ਾਰਮੂਲੇ* ਨੂੰ ਕਾਂਗਰੇਸ ਨੇ ਪਸੰਦ ਨਹੀਂ ਕੀਤਾ, ਕਿਉਂਕਿ ਇਸ ਨੇ ਸਾਂਝੀ ਜਾਇਦਾਦ ਦਾ ਲੱਗਭਗ (70:30) ਹਿੱਸਾ ਪਾਕਿਸਤਾਨ ਨੂੰ ਦਿੱਤਾ (Mansergh and Moon, 1983: 446-7).

ਇਸ ਦੌਰਾਨ, ਸਰ ਸਾਇਰਲ ਰੈਡਕਲੀਫ, ਬਾਉਂਡਰੀ ਕਮੀਸ਼ਨ ਦੇ ਚੇਅਰਮੈਨ (ਪ੍ਰਧਾਨ), 8 ਜੂਲਾਈ ਨੂੰ ਦਿੱਲੀ ਆ ਪਹੁੰਚੇ. ਉਹ ਪਹਿਲਾਂ ਕਦੀ ਇੰਡੀਆ ਨਹੀਂ ਆਏ ਸੀ. 10 ਜੁਲਾਈ ਨੂੰ ਉਹ ਦਿੱਲੀ ਛੱਡ ਕੇ ਕਲਕੱਤਾ ਅਤੇ ਲਾਹੌਰ ਦਾ ਦੌਰਾ ਕਰਣ ਚਲੇ ਗਏ. 11 ਜੁਲਾਈ ਦੇ ਇੱਕ ਇੰਟਰਵਿਊ ਤੋਂ, ਜਿਸ ਵਿੱਚ ਸਿੱਖ ਆਗੂ, ਜਥੇਦਾਰ ਮੋਹਨ ਸਿੰਘ ਅਤੇ ਸਰਦਾਰ ਹਰਨਾਮ ਸਿੰਘ (ਬਾਅਦ ਤੇ ਜਿਨ੍ਹਾਂ ਨੇ ਪੰਜਾਬ ਬਾਉਂਡਰੀ ਕਮੀਸ਼ਨ ਦੇ ਸਾਹਮਣੇ, ਸਿੱਖਾਂ ਲਈ ਪੈਰਵੀ ਕੀਤੀ ਸੀ) ਮੌਜੂਦ ਸਨ, ਜੇਨਕੀਨਸ ਨੂੰ ਪਤਾ ਲਗਾ ਕਿ ਸਿੱਖ ਆਬਾਦੀ ਦੀ ਅਦਲਾ-ਬਦਲੀ ਚਾਹੁੰਦੇ ਸੀ:

> ਸਿਰਫ਼ ਇੱਕ ਹੱਲ ਮੁਮਕਿਨ ਸੀ ਅਤੇ ਉਹ ਸੀ ਆਬਾਦੀ ਦੀ ਵੱਡੀ ਅਦਲਾ-ਬਦਲੀ ਦਾ. ਅਗਰ ਇਹ ਨਹੀਂ ਹੁੰਦਾ ਸੀ ਤੇ ਪੂਰਬੀ ਪੰਜਾਬ ਤੇ ਸਿੱਖ ਇਸ ਨੂੰ ਜਬਰਦਸਤੀ, ਮੁਸਲਿਮਾਂ ਦਾ ਇੱਕ ਵੱਡਾ ਕਤਲੇਆਮ ਕਰ ਕੇ ਹਾਸਲ ਕਰਦੇ. ਮੁਸਲਿਮਾਂ ਨੇ ਪਹਿਲਾਂ ਹੀ, ਰਾਵਲਪਿੰਡੀ ਡਿਵੀਜ਼ਨ ਤੋਂ ਸਿੱਖਾਂ ਤੋਂ ਛੁਟਕਾਰਾ ਪਾ ਲੀਤਾ ਸੀ ਅਤੇ ਉਥੇ ਦੀ ਜ਼ਿਆਦਾਤਰ ਜਮੀਨ ਅਤੇ ਜਾਇਦਾਦ, ਪੂਰਬੀ ਪੰਜਾਬ ਤੋਂ ਮੁਸਲਿਮਾਂ ਨੂੰ ਦਿੱਤੀ ਜਾ ਸਕਦੀ ਹੈ. ਦੂਜੀ ਤਰਫ਼, ਸਿੱਖ ਪੂਰਬੀ ਪੰਜਾਬ ਦੇਂ ਮੁਸਲਿਮਾਂ ਤੋਂ ਛੁਟਕਾਰਾ ਪਾ ਕੇ, ਪਛੱਮ ਤੋਂ ਆਏ ਸਿੱਖਾਂ ਨੂੰ ਉਨ੍ਹਾਂ ਦੀ ਜਗ੍ਹ ਦੇ ਸਕਦੇ ਨੇ (Ibid: 103).

ਉਸੇ ਇੰਟਰਵਿਊ ਦੀ ਇੱਕ ਬਰਾਬਰ ਦਿਲਚਸਪ ਗੱਲ ਇਹ ਹੈ ਕਿ ਸਿੱਖ ਕਾਂਗਰੇਸ ਅਤੇ ਹਿੰਦੂਆਂ ਉਪਰ ਬਹੁਤ ਜ਼ਿਆਦਾ ਬਦਗੁਮਾਨੀ ਕਰਦੇ ਸੀ. ਉਨ੍ਹਾਂ ਨੂੰ ਡਰ ਸੀ ਕਿ ਹਿੰਦੂ ਪੰਜਾਬ ਵਿੱਚ ਉਨ੍ਹਾਂ ਦਾ ਪ੍ਰਭਾਵ ਘੱਟ ਕਰਣ ਦੀ ਕੋਸ਼ਿਸ਼ ਕਰਣਗੇ. ਅਤੇ, ਉਨ੍ਹਾਂ ਦਾ ਮਨਸੂਬਾ ਸੀ ਕਿ ਉਹ ਇੱਕ ਵਡੇ ਪੈਮਾਨੇ ਤੇ ਪੂਰਬੀ ਪੰਜਾਬ ਤੋਂ ਮੁਸਲਿਮਾਂ ਦਾ ਖ਼ਾਤਮਾ ਕਰ ਕੇ, ਉਨ੍ਹਾਂ ਦੀ ਜਗ੍ਹ ਤੇ ਸਿੱਖਾਂ ਨੂੰ ਵਸਾ ਦੇਣ, ਤਾਂਕਿ ਪੰਜਾਬ ਦੇ ਪੂਰਬ ਤੇ, ਸਿੱਖ ਇੱਕ ਪੁਖਤਾ ਇਕੱਤਰੀਕਰਣ ਕਰ ਲੈਣ ਅਤੇ ਹਿੰਦੂ ਹੋਰ ਕਾਂਗਰੇਸ ਦੀ ਉਨ੍ਹਾਂ ਦੇ ਖ਼ਿਲਾਫ਼ ਚਾਲਾਂ ਨੂੰ ਨਾਕਾਮਯਾਬ ਕਰ ਦੇਣ (Ibid.). 16 ਜੁਲਾਈ ਨੂੰ ਸਰ ਇਵਨ ਜੇਨਕੀਨਸ ਨੇ ਅਰਜ਼ ਕੀਤਾ ਕਿ ਬਾਉਂਡਰੀ ਕਮੀਸ਼ਨ ਦੇ ਅਵਾਰਡ (ਫ਼ੈਸਲੇ) ਦੀ ਤਾਰੀਖ ਅਤੇ ਤੱਤ ਬਾਰੇ ਜਲਦੀ ਇਤਲਾਹ ਦਿੱਤੀ ਜਾਵੇ. ਉਨ੍ਹਾਂ ਨੇ ਹੋਰ ਕਿਹਾ. 'ਪ੍ਰਭਾਵਿਤ ਹੋਣ ਵਾਲੇ ਜ਼ਿਲ੍ਹਾਂ ਤੇ, ਖਾਸ ਕਰ ਕੇ ਮੱਧ ਪੰਜਾਬ ਤੇ, ਖ਼ਬਰਦਾਰ ਹੋਣਾ ਜ਼ਰੂਰੀ ਹੋਵੇਗਾ' (Ibid: 191). ਹਕੂਮਤ ਦੀ ਤਬਦੀਲੀ ਦੇ ਲਈ, ਅਖੀਰੀ ਸੰਵਿਧਾਨਕ ਜ਼ਰੂਰਤ ਇੱਕ ਵਿਧੇਕ ਸੀ ਜੋ ਇੰਡੀਆ ਅਤੇ ਪਾਕਿਸਤਾਨ ਦੀ, ਬਤੌਰ ਬ੍ਰਿਟਿਸ਼ ਕਾਮਨਵੇਲਥ ਦੇ ਦੋ ਡੋਮਿਨਿਅਨ, ਆਜ਼ਾਦੀ ਦਾ ਐਲਾਨ ਕਰੇ.

ਇੰਡੀਆ ਇੰਡਿਪੇਂਡੇਂਸ ਐਕਟ, 18 ਜੁਲਾਈ 1947

ਮਾਉਂਟਬੈਟਨ ਇੰਡਿਪੇਂਡੇਂਸ ਬਿੱਲ (ਵਿਧੇਕ) ਨੂੰ ਲੈ ਕੇ ਰਾਸ਼ਟਰੀ ਅਤੇ ਸੂਬੇ ਦੇ ਰਹਨੁਮਾਵਾਂ ਨਾਲ ਗੱਲਬਾਤ ਕਰ ਰਹੇ ਸੀ ਅਤੇ ਉਨ੍ਹਾਂ ਤੋਂ, ਖ਼ਤ ਅਤੇ ਲਿਖੇ ਬਿਆਨ ਵੀ ਆਏ ਸਨ. ਬਿੱਲ ਦੇ ਕਈ ਮਸੌਦੇਆਂ ਨੂੰ ਲੈ ਕੇ ਬ੍ਰਿਟਿਸ਼ ਪਾਰਲਿਆਮੇਂਟ ਵਿੱਚ ਵੀ ਗੱਲਬਾਤ ਹੋਈ. ਵਿੰਸਟਨ ਚਰਚਿਲ, ਤਦ ਵਿਰੋਧੀ ਆਗੂ, ਨੇ ਜੋਰ ਦੇ ਕੇ ਪਾਰਲਿਆਮੇਂਟ ਤੇ ਕਿਹਾ ਕਿ ਉਹ ਇੰਡੀਅਨਾਂ ਦੇ ਹੱਥਾਂ ਤੇ ਹਕੂਮਤ ਦੀ ਤਬਦੀਲੀ ਬਾਰੇ ਤਦ ਮੱਨਣਗੇ, ਜਦ ਦੋ ਡੋਮਿਨਿਅਨਾਂ, ਨਾ ਕਿ ਦੋ ਆਜਾਦ ਮੁਲਕਾਂ ਦਾ ਸਿਰਜਣ ਹੋਵੇਗਾ. ਅਤੇ, ਉਨ੍ਹਾਂ ਦੇ ਖ਼ਿਆਲ ਵਿੱਚ ਬਿੱਲ (ਵਿਧੇਕ) ਦਾ ਖ਼ਿਤਾਬ ਹੋਵੇਗਾ '*ਦੀ ਇੰਡੀਅਨ ਡੋਮਿਨਿਅਨ ਬਿੱਲ, 1947*' ਜਾਂ '*ਦੀ ਇੰਡੀਆ ਸੇਲਫ-ਗਵਰਨਮੇਂਟ ਬਿੱਲ*' (Mansergh and Moon, 1982:812-3). ਪਰ, ਸ਼ਾਸਕ ਲੇਬਰ ਪਾਰਟੀ ਨੇ ਇਸ ਨੂੰ ਇੰਡੀਆ ਇੰਡਿਪੇਂਡੇਂਸ ਐਕਟ, 1947 ਦਾ ਖ਼ਿਤਾਬ ਦਿੱਤਾ ਅਤੇ ਇਸੀ ਨਾਂਅ ਨੂੰ 18 ਜੁਲਾਈ ਨੂੰ ਗ੍ਰਹਿਣ ਕਰ ਲੀਤਾ ਗਿਆ. ਬਿੱਲ ਨੇ ਬਿਆਨ ਕੀਤਾ: 'ਅਗਸਤ ਦੇ ਪੰਦਰਹਵੇਂ ਦਿਨ, ਉਨੀ ਸੌ ਸੰਤਾਲੀ ਤੋਂ, ਇੰਡੀਆ ਤੇ ਦੋ ਆਜ਼ਾਦ ਡੋਮਿਨਿਅਨਾਂ ਨੂੰ ਕਾਇਮ ਕੀਤਾ ਜਾਵੇਗਾ ਅਤੇ ਇਸ ਦਾ ਨਾਂਅ ਇੰਡੀਆ ਅਤੇ ਪਾਕਿਸਤਾਨ ਹੋਵੇਗਾ (Mansergh and Moon, 1983: 234). ਜਿੱਥੇ ਤੱਕ ਪੰਜਾਬ ਦਾ ਸਵਾਲ ਸੀ, ਇਹ ਇੰਤਜ਼ਾਮ ਕੀਤੇ ਗਏ:

> 4. (1) ਨਿਯੁਕਤ ਕੀਤੇ ਗਏ ਦਿਨ ਤੋਂ-
>
> (a) ਪੰਜਾਬ ਸੁਬਾ, ਗਵਰਬਮੇਂਟ ਔਫ ਇੰਡੀਆ ਐਕਟ, 1935 ਦੇ ਤਹਿਤ ਬਣਾਇਆ ਗਿਆ ਸੀ, ਇਸ ਦੀ ਮੌਜੂਦਗੀ ਖ਼ਤਮ ਹੋ ਜਾਵੇਗੀ; ਅਤੇ
>
> (b) ਦੋ ਸੂਬੇ ਬਣਾਏ ਜਾਣਗੇ, ਜਿਨ੍ਹਾਂ ਦਾ ਨਾਂਅ ਪਛੱਮ ਪੰਜਾਬ ਅਤੇ ਪੂਰਬੀ ਪੰਜਾਬ ਹੋਵੇਗਾ.
>
> (2) ਕਥਿਤ ਨਵੇਂ ਸੂਬਿਆਂ ਦੀ ਸਰਹੱਦਾਂ ਦੀ ਹਦਬੰਦੀ, ਨਿਯੁਕਤ ਦਿਨ ਤੋਂ ਪਹਿਲਾਂ ਜਾਂ ਬਾਅਦ ਤੇ, ਬਾਉਂਡਰੀ ਕਮੀਸ਼ਨ, ਜਿਸ ਨੂੰ, ਇਸ ਲਈ, ਗਵਰਨਰ-ਜੈਨਰਲ ਨੇ ਨਿਯੁਕਤ ਕੀਤਾ ਹੈ ਜਾਂ ਕੀਤਾ ਜਾਵੇਗਾ, ਦੁਆਰਾ ਦਿੱਤੇ ਗਏ ਅਵਾਰਡ (ਫ਼ੈਸਲੇ) ਨਾਲ ਪੱਕਾ ਕੀਤਾ ਜਾਵੇਗਾ, ਪਰ ਜਦ ਤੱਕ ਸਰਹੱਦਾਂ ਦਾ ਇਸ ਮੁਤਾਬਕ ਕੋਈ ਫ਼ੈਸਲਾ ਨਹੀਂ ਹੁੰਦਾ ਹੈ-
>
> (a) ਇਸ ਐਕਟ ਦੇ ਦੂਜੇ ਸੀਡਊਲ ਤੇ ਜ਼ਿਕਰ ਕੀਤੇ ਜ਼ਿਲ੍ਹਾਂ ਨੂੰ ਉਣ ਇਲਾਕਿਆਂ ਦੇ ਤੌਰ ਤੇ ਮੱਨਿਆ ਜਾਵੇਗਾ ਜਿਨ੍ਹਾਂ ਦੀ ਸ਼ੁਮਾਰੀ ਪਛੱਮ ਪੰਜਾਬ ਦੇ ਨਵੇਂ ਸੂਬੇ ਤੇ ਹੋਵੇਗੀ; ਅਤੇ
>
> (b) ਇਸ ਐਕਟ ਦੇ ਪਾਰਿਤ ਹੋਣ ਦੀ ਤਾਰੀਖ ਤੇ, ਪੰਜਾਬ ਦੇ ਸੂਬੇ ਤੇ, ਬਾਕੀ ਰਹਿੰਦੇ ਇਲਾਕੇ ਨੂੰ ਉਣ ਇਲਾਕਿਆਂ ਦੇ ਤੌਰ ਤੇ ਮੱਨਿਆ ਜਾਵੇਗਾ ਜਿਨ੍ਹਾਂ ਦੀ ਸ਼ੁਮਾਰੀ ਪੂਰਬੀ ਪੰਜਾਬ ਦੇ ਨਵੇਂ ਸੂਬੇ ਤੇ ਹੋਵੇਗੀ
>
> (3) ਇਸ ਭਾਗ ਤੇ, "ਅਵਾਰਡ" ਦਾ ਮਤਲਬ, ਜਿੱਥੇ ਤੱਕ ਬਾਉਨਡਰੀ ਕਮੀਸ਼ਨ ਦਾ ਤਾਲੁੱਕ ਹੈ, ਉਸ ਕਮੀਸ਼ਨ ਦੇ ਚੇਅਰਮੈਨ (ਪ੍ਰਮੁੱਖ) ਦੇ ਫ਼ੈਸਲੇ ਜੋ ਕਮੀਸ਼ਨ ਦੀ ਕਾਰਵਾਈ ਦੇ ਖ਼ਤਮ ਹੋਣ ਦੇ ਬਾਅਦ, ਗਵਰਨਰ-ਜੈਨਰਲ ਨੂੰ ਭੇਜੀ ਉਨ੍ਹਾਂ ਦੀ ਰਿਪੋਰਟ ਵਿੱਚ, ਜ਼ਿਕਰ ਕੀਤੇ ਹੋਣਗੇ (Ibid:236).

ਜਿਣ ਜ਼ਿਲ੍ਹਾਂ ਨੂੰ ਦੂਜੇ ਸੀਡਊਲ ਦੇ ਮੁਤਾਬਕ, ਸਾਮਇੱਕ ਤੌਰ ਤੇ ਪਛੱਮ ਪੰਜਾਬ ਵਿੱਚ ਸ਼ਾਮਲ ਕੀਤਾ ਗਿਆ ਸੀ, ਉਹ 3 ਜੂਨ ਦੇ ਖ਼ਿਆਲੀ ਤਕਸੀਮ ਦੇ ਮਨਸੂਬੇ ਨਾਲ ਮੇਲ ਖਾਉਂਦੇ ਸੀ. ਰਾਵਲਪਿੰਡੀ ਅਤੇ ਮੁਲਤਾਨ ਡਿਵੀਜਨਾਂ ਦੇ ਸਾਰੇ ਜ਼ਿਲ੍ਹੇ ਅਤੇ ਲਾਹੌਰ ਡਿਵੀਜ਼ਨ ਦੇ ਸਾਰੇ ਜ਼ਿਲ੍ਹੇ, ਗੁਰਦਾਸਪੁਰ ਨੂੰ ਲੈ ਕੇ, ਪਰ ਅੱਮ੍ਰਿਤਸਰ ਨੂੰ

ਛੱਡ ਕੇ, ਪਛੱਮ ਪੰਜਾਬ ਵਿੱਚ ਸ਼ਾਮਲ ਕੀਤੇ ਗਏ ਸੀ. ਪਰ, ਸਭ ਤੋਂ ਅਹਿਮ ਹਕੀਕਤ ਇਹ ਸੀ ਕਿ ਬਾਉਂਡਰੀ ਕਮੀਸ਼ਨ ਦੇ ਚੇਅਰਮੈਨ ਦਾ ਬਾਉਂਡਰੀ ਅਵਾਰਡ ਦੇ ਫ਼ੈਸਲੇ ਉਪਰ ਇਕੱਲਾ ਇਖ਼ਤਿਆਰ ਸੀ.

ਪੰਜਾਬ ਬਾਉਂਡਰੀ ਫੋਰਸ (ਪੀ.ਬੀ.ਐਫ)

ਜੈਦਾਂ ਕਿ ਅਸ਼ੀਂ ਪਹਿਲਾਂ ਵੇਖਿਆ ਹੈ ਕਿ ਪੰਜਾਬ ਸਰਕਾਰ ਨੇ ਕਈ ਦਫ਼ੇ ਹੋਰ ਜ਼ਿਆਦਾ ਫ਼ੌਜ਼ ਮੁਹੱਇਆ ਕਰਣ ਲਈ, ਦਿੱਲੀ ਸਰਕਾਰ ਅੱਗੇ ਮਿੱਣਤ ਕੀਤੀ ਸੀ, ਕਿਉਂਕਿ ਗੈਰ-ਕਾਨੂੰਨੀ ਹਰਕਤਾਂ ਲਗਾਤਾਰ ਚਲ ਰਹਿਆਂ ਸੀ, ਪਰ ਦਿੱਲੀ ਸਰਕਾਰ ਨੇ ਜਵਾਬ ਦਿੱਤਾ ਕਿ ਹੋਰ ਜ਼ਿਆਦਾ ਫ਼ੌਜ਼ ਮੌਜੂਦ ਹੀ ਨਹੀਂ ਸੀ. ਪਰ, ਹੁਣ ਮਾਉਂਟਬੈਟਨ ਨੇ ਮਹਿਸੂਸ ਕੀਤਾ ਕਿ, ਸ਼ਰਤਿਆ ਤੌਰ ਤੇ, ਜਲਦ ਬਦਲਣ ਵਾਲੇ ਹਾਲਾਤ ਪੈਦਾ ਹੋਣ ਵਾਲੇ ਸੀ, ਅਤੇ ਹੋਰ ਜ਼ਿਆਦਾ ਫ਼ੌਜ਼ ਦੀ ਜ਼ਰੂਰਤ ਪਵੇਗੀ. ਇਹ ਫ਼ੈਸਲਾ ਲੀਤਾ ਗਿਆ ਕਿ ਬੰਗਾਲ ਨੂੰ ਕਿਸੇ ਖ਼ਾਸ ਫ਼ੌਜ਼ੀ ਦਸਤੇ ਦੀ ਲੋੜ ਨਹੀਂ ਸੀ ਪਰ ਪੰਜਾਬ ਨੂੰ ਸੀ. 17 ਜੂਲਾਈ ਨੂੰ, ਪਾਰਟੀਸ਼ਨ ਕਾਉਂਸਿਲ ਨੇ ਪੰਜਾਬ ਬਾਉਂਡਰੀ ਫੋਰਸ ਬਣਾਉਣ ਦਾ ਫ਼ੈਸਲਾ ਲੀਤਾ. ਮੇਜਰ ਜੈਨਰਲ ਰੀਸ, ਕਮਾਂਡਰ 4 ਡਿਵੀਜਨ, ਨੂੰ ਪੀ.ਬੀ.ਐਫ ਦਾ ਜਿੱਮਾ ਦਿੱਤਾ ਗਿਆ ਅਤੇ ਉਸ ਦੀ ਫ਼ੌਜ਼ ਨੂੰ ਪੰਜਾਬ ਦੇ ਗੜਬੜੀ ਵਾਲੇ ਜ਼ਿਲ੍ਹਾਂ ਤੇ 7 ਜਾਂ 8 ਅਗਸਤ ਤੋਂ ਕੱਮ ਕਰਨਾ ਸੀ. 15 ਅਗਸਤ ਦੇ ਬਾਅਦ, ਸਿਵਲ ਤਾਕਤਾਂ ਦੀ ਮਦਦ ਲਈ, ਫ਼ੌਜ਼ ਦੇ ਇਸਤੇਮਾਲ ਦੇ ਕਾਨੂੰਨ ਵਿੱਚ ਕੋਈ ਤਬਦੀਲੀ ਨਹੀਂ ਹੋਣੀ ਸੀ (Ibid: 206-7).

ਸ਼ੁਰੂਆਤੀ ਦੌਰ ਤੇ, ਜਿਣ ਜ਼ਿਲ੍ਹਾਂ ਨੂੰ ਗੜਬੜੀ ਵਾਲਾ ਇਲਾਕਾ ਮੱਨਿਆ ਗਿਆ ਉਹ ਸਨ: ਸਿਆਲਕੋਟ, ਗੁਜਰਾਂਵਾਲਾ, ਸ਼ੇਖੁਪੁਰਾ, ਲਾਇਲਪੁਰ, ਮਿੰਟਗੋਮਰੀ, ਲਾਹੌਰ, ਅੱਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ ਅਤੇ ਫ਼ੀਰੋਜ਼ਪੁਰ. ਰੀਸ ਦੇ ਕੋਲ ਕੁੱਲ ਪੰਜ ਇੰਫੈਂਟਰੀ ਬ੍ਰਿਗੇਡਾਂ ਅਤੇ ਇੱਕ ਅਰਮਰਡ ਬ੍ਰਿਗੇਡ ਸੀ, ਜਿਸ ਦੇ ਟੈਂਕਾਂ ਨੂੰ ਸਾਰੇ ਗੜਬੜੀ ਵਾਲੇ ਇਲਾਕਿਆਂ ਤੇ ਫੈਲਾ ਕੇ ਰੱਖਣ ਦਾ ਮਨਸੂਬਾ ਸੀ (Ibid: 272). ਬਾਅਦ ਤੇ, ਪਾਰਟੀਸ਼ਨ ਕਾਉਂਸਿਲ ਦੇ ਨਾਲ ਗੱਲਬਾਤ ਕਰ ਕੇ, ਲੁਧਿਆਨਾ ਨੂੰ ਵੀ ਗੜਬੜੀ ਵਾਲੇ ਇਲਾਕਿਆਂ ਤੇ ਸ਼ਾਮਲ ਕਰ ਲੀਤਾ ਗਿਆ. ਜੈਨਰਲ ਰੀਸ ਨੂੰ ਬ੍ਰਿਗੇਡੀਅਰ ਦਿਗੰਬਰ ਸਿੰਘ (ਇੰਡੀਆ) ਅਤੇ ਕਰਨਲ ਅਯੂਬ ਖ਼ਾਨ (ਪਾਕਿਸਤਾਨ) ਤੋਂ ਸਲਾਹ ਲੈਣੀ ਸੀ (Ibid: 326-7). ਅਤੇ, ਕੁੱਲ ਮਿਲਾ ਕੇ 12 ਜ਼ਿਲ੍ਹਾਂ ਦੇ ਨਾਲ 'ਮੱਧ ਪੰਜਾਬ' ਦੀ ਰਚਨਾ ਹੋਈ ਸੀ ਅਤੇ ਜੋ ਲਾਹੌਰ ਅਤੇ ਜਲੰਧਰ ਡਿਵੀਜਨਾਂ ਤੇ ਸਨ, ਉਨ੍ਹਾਂ ਦੇ ਉਪਰ ਪੀ.ਬੀ.ਐਫ ਨੇ ਨਿਗਰਾਨੀ ਰੱਖਣੀ ਸੀ. ਜਿਸ ਦਿਨ ਤੋਂ ਪੀ.ਬੀ.ਐਫ ਨੂੰ ਕੱਮ ਕਰਨਾ ਸੀ, ਉਸ ਨੂੰ ਪਹਿਲਾਂ ਦੇ ਸ਼ਲਾਘਾ ਕੀਤੀ 7 ਜਾਂ 8 ਅਗਸਤ ਤੋਂ ਅਗੇ ਕਰ ਕੇ 1 ਅਗਸਤ ਤੇ ਲੈ ਆਉਂਦਾ ਗਿਆ. ਦੂਜੀ ਬ੍ਰਿਟਿਸ਼ ਫ਼ੌਜ਼ਾਂ ਦੀ 14 ਅਗਸਤ ਤੋਂ ਬਾਅਦ, ਫ਼ੌਜ਼ੀ ਕਾਰਵਾਈ ਦੀ ਜ਼ਿੱਮੇਵਾਰੀ ਨਹੀਂ ਹੋਣੀ ਸੀ. ਅਮਲੀ ਤੌਰ ਤੇ, ਬ੍ਰਿਟਿਸ਼ ਅਫਸਰਾਂ ਨੂੰ ਪੀ.ਬੀ.ਐਫ ਦੀ ਹਰ ਇਕਾਈ ਨਾਲ ਮੌਜੂਦ ਰਹਿਣਾ ਸੀ (Ibid: 404).

ਗੜਬੜੀ ਵਾਲੇ ਜ਼ਿਲ੍ਹਾਂ ਦਾ ਖੇਤਰਫ਼ਲ ਸਕਾਟਲੈਂਡ ਅਤੇ ਵੇਲਸ ਦੇ ਇਲਾਕੇ ਦੇ ਕੁੱਲ ਖੇਤਰਫ਼ਲ ਤੋਂ ਵੀ ਜ਼ਿਆਦਾ ਸੀ. ਇਸ ਵਿੱਚ 26 ਸ਼ਹਿਰ ਅਤੇ 17,000 ਪਿੰਡ ਸ਼ਾਮਲ ਸਨ ਜਿਸ ਦਾ ਕੁੱਲ ਖੇਤਰਫ਼ਲ, 37,500 ਵਰਗ ਮੀਲ (97,125 ਵਰਗ.ਕਿ.ਮੀ) ਸੀ. 8 ਅਗਸਟ ਨੂੰ ਜੇਨਕੀਨਸ ਨੇ ਮਾਉਂਟਬੈਟਨ ਨੂੰ ਲਿਖਿਆ ਕਿ ਪੀ.ਬੀ.ਐਫ ਕੋਲ ਸਿਰਫ਼ 5 ਬ੍ਰਿਗੇਡ ਸਮੂਹ ਸਨ ਜਿਸ ਦੇ ਹਰ ਇੱਕ ਕੋਲ ਔਸਤਨ 1,500 ਅਸਰਦਾਰ ਰਾਇਫ਼ਲਾਂ ਸਨ. ਅਤੇ ਪੁਲਿਸ ਦੇ ਇਲਾਵਾ, ਇਸ ਦੇ ਕੋਲ 7,500 ਫ਼ੌਜ਼ੀ ਸਨ. ਹੋਰ 1,500 ਨੂੰ

ਟ੍ਰੇਨਿੰਗ ਕੈਂਪਾਂ ਅਤੇ ਬੈਠੀ ਹੋਈ ਫ਼ੌਜ਼ ਤੋਂ ਤਿਆਰ ਕੀਤਾ ਜਾ ਸਕਦਾ ਸੀ. ਅਤੇ, ਵਧ ਤੋਂ ਵਧ 9,000 ਫ਼ੌਜ਼ੀ, 12 ਗੜਬੜੀ ਵਾਲੇ ਜ਼ਿਲ੍ਹਾਂ ਨੂੰ ਜਿਸ ਦੀ ਆਬਾਦੀ 12 ਮਿਲਿਅਨ ਤੋਂ ਘੱਟ ਨਹੀਂ ਸੀ, ਕਾਬੂ ਕਰਣ ਲਈ ਮੌਜੂਦ ਸਨ. ਗਵਰਨਰ ਨੇ ਜੈਨਰਲ ਰੀਸ ਦੀ ਹੋਰ ਜ਼ਿਆਦਾ ਫ਼ੌਜ਼ ਦੀ ਮਿਣਤ ਦਾ ਸਾਥ ਦਿੱਤਾ ਅਤੇ ਅਗਰ ਮੁਮਕਿਨ ਹੋਵੇ ਤੇ ਜੰਗੀ ਚਾਲ ਦੇ ਤੌਰ ਤੇ, ਇੱਕ ਜਾਸੂਸੀ ਇਸਕਵੇਡਰਨ ਜਾਂ ਘੱਟ ਤੋਂ ਘੱਟ, ਕੁੱਝ ਹਵਾਈ-ਜਹਾਜ਼ ਮਿਲ ਸਕਣ ਤਾਂਕਿ ਪੰਜਾਬ ਦੇ ਹਾਲਾਤ ਦਾ ਜਾਇਜਾ ਲੀਤਾ ਜਾ ਸਕਦਾ (Carter 2007b:219).

ਵਾਇਸਰਾਏ ਦੀ 9 ਅਗਸਤ ਨੂੰ ਹੋਈ ਉਣੱਤਰਵੀਂ ਸਟਾਫ ਬੈਠਕ ਤੇ, ਹੋਰ ਜ਼ਿਆਦਾ ਸਿਪਾਹੀਆਂ ਅਤੇ ਇੱਕ ਜਾਸੂਸੀ ਇਸਕਵੇਡਰਨ ਦੀ ਮਿਣਤਾਂ ਉਪਰ ਗੱਲਬਾਤ ਕੀਤੀ ਗਈ ਅਤੇ ਸੀ-ਇਨ-ਸੀ, ਫ਼ੀਲਡ ਮਾਰਸ਼ਲ ਔਚਿਨਲੇਕ ਨੇ ਇਸ ਬਾਰੇ ਸੋਚਣ ਦਾ ਜ਼ਿੱਮਾ ਲੀਤਾ. ਕਿਉਂਕਿ ਪੀ.ਬੀ.ਐਫ. ਦੀ ਇਕਾਇਆਂ ਸਾਰੇ ਮਜ਼ੂਬ ਦੇ ਲੋਕਾ ਨਾਲ ਬਣੀ ਸੀ, ਸਿੱਖ ਫ਼ੌਜ਼ੀਆ ਦੀ ਵਫ਼ਾਦਾਰੀ ਉਪਰ ਕੁੱਝ ਸ਼ੱਕ ਜ਼ਾਹਰ ਕੀਤਾ ਗਿਆ (Mansergh and Moon, 1983:611-2). ਆਪਣੀ 12 ਅਗਸਤ ਦੀ ਟੈਲੀਗ੍ਰਾਮ ਤੇ ਜੇਨਕੀਨਸ ਨੇ ਬਿਆਨ ਦਿੱਤਾ, 'ਪੰਜਾਬ ਬਾਉਂਡਰੀ ਫੋਰਸ ਦੀ ਤਦਾਦ ਹੁਣ ਦੇ ਅਤੇ ਬਾਅਦ ਦੇ ਕੱਮਾ ਲਈ ਕਾਫ਼ੀ ਨਹੀਂ ਹੈ. ਮੈਂ ਇਹ ਪਹਿਲਾ ਹੀ ਦੱਸਿਆ ਹੈ' (Carter 2007b:226). ਅਗਲੇ ਦਿਨ, ਜੇਨਕੀਨਸ ਨੇ ਪੀ.ਬੀ.ਐਫ ਨੂੰ ਦਿੱਤੇ ਗਏ ਨਾਮੁਮਕਿਨ ਕੱਮ ਬਾਰੇ, ਹੋਰ ਜ਼ਿਆਦਾ ਵੱਡਾ ਵੇਰਵਾ ਦਿੱਤਾ. ਉਨ੍ਹਾਂ ਨੇ ਹਿਸਾਬ ਲਗਾਇਆ ਕਿ 12 ਜ਼ਿਲ੍ਹਾਂ ਦੀ ਆਬਾਦੀ ਦਰਅਸਲ 14.5 ਮਿਲਿਅਨ ਸੀ ਜੋ 17,932 ਸ਼ਹਿਰਾਂ ਅਤੇ ਪਿੰਡਾ ਤੇ ਫੈਲੀ ਹੋਈ ਸੀ, ਜਦ ਕਿ ਜੈਨਰਲ ਰੀਸ ਦੇ ਕੋਲ ਸਿਰਫ਼ 9,000 ਫ਼ੌਜ਼ੀ ਸਨ (Ibid:230-1). 14 ਅਗਸਤ ਨੂੰ, ਜੈਨਰਲ ਸਟਾਫ ਦੇ ਪ੍ਰਮੁੱਖ, ਸਰ ਆਰਥਰ ਸਮਿਥ ਨੇ ਸਰ ਜੌਰਜ ਐਬੈਲ, ਵਾਇਸਰਾਏ ਦੇ ਪ੍ਰਾਇਵੇਟ ਸੇਕ੍ਰੇਟਰੀ (ਨਿੱਜ਼ੀ ਸਚਿਵ), ਨੂੰ ਲਿਖਿਆ ਕਿ ਇੰਡੀਆ ਅਤੇ ਪਾਕਿਸਤਾਨ ਦੋਵੇਂ, ਇੱਕ ਹਫ਼ਤੇ ਦੇ ਅੰਦਰ, ਤਿੰਨ ਤਿੰਨ ਬਟਾਲਿਅਨਾਂ ਦੇਣਗੇ (Mansergh and Moon, 2007b:721). ਔਚਿਨਲੇਕ ਨੇ 15 ਅਗਸਤ ਨੂੰ ਲਿਖਿਆ ਕਿ 'ਦੋ ਹੋਰ ਬ੍ਰਿਗੇਡਾਂ (ਇੱਕ ਇੰਡੀਆ ਤੋਂ ਅਤੇ ਇੱਕ ਪਾਕਿਸਤਾਨ ਤੋਂ) ਅਤੇ ਇੱਕ ਮਿਲੇ-ਜੁਲੇ ਹਥਿਆਰਾਂ ਨਾਲ ਲੈਸ ਇਸਕਵੇਡਰਨ ਨੂੰ ਪੰਜਾਬ ਬਾਉਂਡਰੀ ਫੋਰਸ ਨੂੰ ਹੋਰ ਮਜਬੂਤ ਕਰਣ ਲਈ, ਭੇਜਿਆ ਜਾ ਰਿਹਾ ਸੀ, ਪਰ ਕਿੱਨੀ ਵੀ ਵੱਡੀ ਫ਼ੌਜ਼ ਵਹਿਸ਼ੀ ਕਤਲੇਆਮ, ਜੋ ਲਗਦਾ ਹੈ ਦੋਨੋ ਤਰਫ਼ ਚਲ ਰਿਹਾ ਹੈ, ਨੂੰ ਰੋਕਣ ਲਈ ਨਾਕਾਫ਼ੀ ਹੈ' (Ibid: 736).

ਹਾਲਾਂਕਿ ਆਮ ਤੌਰ ਤੇ ਜੈਨਰਲ ਰੀਸ ਨੂੰ ਇੱਕ ਗੈਰ-ਪੱਖਪਾਤੀ ਇਨਸਾਨ ਦੀ ਤੌਰ ਤੇ ਕੱਮ ਕਰਦੇ ਮੱਨਿਆ ਗਿਆ ਹੈ, ਉਸ ਦੀ ਕਮਾਂਡ ਵਿੱਚ ਆਈ ਪੀ.ਬੀ.ਐਫ ਫ਼ਿਰਕਾਪਰਸਤ ਸੀ. ਕਿਰਪਾਲ ਸਿੰਘ ਦਾਅਵੇ ਨਾਲੇ ਕਹਿੰਦੇ ਨੇ ਕਿ ਬਲੂਚ ਰੇਜੀਮੇਂਟ, ਜੋ ਪੂਰੀ ਤਰ੍ਹਾਂ ਮੁਸਲਿਮ ਸੀ, ਉਸ ਨੇ ਪਛੱਮ ਪੰਜਾਬ ਤੇ ਸ਼ੇਖ਼ੁਪੂਰਾ ਜ਼ਿਲ੍ਹੇ ਦੇ ਹਿੰਦੂਆਂ ਅਤੇ ਸਿੱਖਾਂ ਦੇ ਖ਼ੂਨ-ਖ਼ਰਾਬੇ ਵਿੱਚ ਹਿੱਸਾ ਲੀਤਾ (Ibid.). ਰੈਬੀਨ ਜੇਫ਼ਰੀ ਨੇ ਇਸ ਵਿਸ਼ੇ ਉਪਰ ਲਿਖਿਆ ਹੈ ਅਤੇ ਉਸ ਦੀ ਖੋਜ, ਇਸ ਦਾਅਵੇ ਦੀ ਤਸਦੀਕ ਕਰਦੀ ਹੈ. ਸ਼ੇਖ਼ੁਪੂਰਾ ਦੇ, ਅਤੇ ਇਸ ਦੇ ਨਾਲ, ਹਿੰਦੂ ਅਤੇ ਸਿੱਖ ਫ਼ੌਜ਼ੀਆ ਦੁਆਰਾ ਪੂਰਬੀ ਪੰਜਾਬ ਦੇ ਮੁਸਲਿਮਾਂ ਨੂੰ ਕਤਲ ਕਰਣ ਦੇ ਬਾਰੇ, ਚਸ਼ਮਦੀਦ ਲੋਕਾਂ ਦੇ ਬਿਆਨ ਬਾਅਦ ਵਿੱਚ ਪੇਸ਼ ਕੀਤੇ ਜਾਣਗੇ. ਇਹ ਕਹਿਣਾ ਕਾਫ਼ੀ ਹੈ ਕਿ, ਜੌਇੰਟ ਡੀਫੇਂਸ ਕਾਉਂਸਿਲ ਜਿਸ ਵਿੱਚ ਇੰਡੀਆ ਅਤੇ ਪਾਕਿਸਤਾਨ ਸਰਕਾਰ ਦੇ ਨੁਮਾਇੰਦੇ ਸਨ, ਦਿੱਲੀ ਤੇ ਮਿਲੇ ਅਤੇ ਫ਼ੈਸਲਾ ਕੀਤਾ ਕਿ, 31 ਅਗਸਤ ਦੀ ਮੱਧ ਰਾਤ ਤੋਂ, ਪੀ.ਬੀ.ਐਫ ਨੂੰ ਬਰਖ਼ਾਸਤ ਕਰ ਦਿੱਤਾ ਜਾਵੇ ਅਤੇ ਐਦਾਂ ਹੀ ਹੋਇਆ. ਇਸ ਦੇ ਬਾਅਦ, ਇੰਡੀਆ ਅਤੇ ਪਾਕਿਸਤਾਨ ਨੇ ਇਤਹਾਦੀ ਇਕਾਇਆਂ ਬਣਾਇਆਂ ਜੋ ਸਰਹੱਦ ਦੇ ਦੋਵੇਂ ਪਾਸੇ ਜਾ ਕੇ,

ਲੋਕਾਂ ਦੀ ਜਾਣਾਂ ਬਚਾਉਣ ਦੀ ਅਤੇ ਪਨਾਹਗੀਰਾਂ ਦੇ ਕਾਰਵਾਂ ਨੂੰ ਹਿਫ਼ਾਜਤ ਦੇਣ ਦੀ ਕੋਸ਼ਿਸ਼ ਕਰਦਿਆਂ ਸੀ.

ਪੰਜਾਬ ਬਾਉਂਡਰੀ ਕਮੀਸ਼ਨ ਦੀ ਕਾਰਵਾਈਆਂ

ਜੋ ਸਾਰੀ ਕਮੇਟੀਆਂ ਅਤੇ ਕਾਉਂਸਿਲਾਂ, ਪੰਜਾਬ ਦੀ ਤਕਸੀਮ ਦੀ ਦੇਖ-ਰੇਖ ਲਈ ਕਾਇਮ ਕੀਤੀ ਗਈਆਂ ਸਨ, ਕੋਈ ਵੀ ਇੰਨੀ ਜ਼ਿਆਦਾ ਨਾਜ਼ਕ ਅਤੇ ਅਹਿਮ ਨਹੀਂ ਸੀ, ਜਿਣੀ ਪੰਜਾਬ ਬਾਉਂਡਰੀ ਕਮੀਸ਼ਨ. ਇਸ ਦੇ ਐਲਾਨ ਦੇ ਨਾਲ ਹੀ ਸਾਰੇ ਗੁਟ, ਆਪਣੀ ਦਲੀਲਾਂ ਨੂੰ ਤਿਆਰ ਕਰਣ ਲਈ ਅਤੇ ਸਬੂਤਾਂ ਨਾਲ ਆਪਣੇ ਮਾਮਲੇ ਨੂੰ ਸਹਾਰਾ ਦੇਣ ਲਈ, ਭਖਦੀ ਸਰਗਰਮਿਆਂ ਵਿੱਚ ਮਸ਼ਗੂਲ ਹੋ ਗਏ. ਦੋਵੰੇ ਤਰਫ਼ੋਂ ਇਹ ਰਾਜੀਨਾਮਾ ਹੋ ਗਿਆ ਸੀ ਕਿ ਬਾਉਂਡਰੀ ਅਵਾਰਡ ਨੂੰ ਉਹ ਮੰਜ਼ੂਰ ਕਰਣਗੇ. ਮਾਉਂਟਬੈਟਨ ਨੇ ਐਲਾਨ ਕੀਤਾ ਕਿ ਉਹ ਕਮੀਸ਼ਨ ਦੀ ਕਾਰਵਾਈ ਜਾਂ ਫ਼ੈਸਲੇ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਣਗੇ.

ਕਮੀਸ਼ਨ ਦੀ ਕਾਰਵਾਈ ਦੇ ਸਰਕਾਰੀ ਕਾਗਜ਼ਾਤ ਅਤੇ ਦਸਤਾਵੇਜ਼ ਇੱਕ ਦਿਲਚਸਪ ਸਰੋਤ ਦਾ ਖ਼ਜ਼ਾਨਾ ਹੈ. ਦੀ ਪਾਰਟੀਸ਼ਨ ਔਫ ਦ ਪੰਜਾਬ (1993 ਤੇ ਪ੍ਰਕਾਸ਼ਤ) ਦੇ ਚਾਰ ਵਾਲੀਅਮਾਂ ਵਿੱਚ ਪੱਤਰ, ਟੈਲੀਗ੍ਰਾਮਾਂ, ਪਟੀਸ਼ਨ ਅਤੇ ਸਿਆਸੀ ਪਾਰਟੀਆਂ, ਉਨ੍ਹਾਂ ਦੇ ਸਥਾਨਕ ਆਗੂਵਾਂ ਅਤੇ ਨੁਮਾਇੰਦੇਆਂ, ਸਰਕਾਰੀ ਅਹਲਦਾਰਾਂ, ਹਕੂਮਤ ਦੇ ਲੋਕਾਂ ਅਤੇ ਰਿਆਸਤਾਂ ਦੇ ਮਾਲਕਾਂ ਅਤੇ ਵਜ਼ੀਰਾਂ ਦੇ ਬਿਆਨ, ਲਿਖੇ ਗਏ ਮੰਗ ਪੱਤਰ, ਝਗੜਦੇ ਗੁਟਾਂ ਦੀ ਨੁਮਾਇੰਦਗੀ ਕਰਣ ਵਾਲੇ ਵਕੀਲਾਂ ਦੇ ਜ਼ਬਾਨੀ ਬਿਆਨ ਅਤੇ ਇਸ ਦੇ ਨਾਲ ਪੰਜਾਬ ਬਾਉਂਡਰੀ ਕਮੀਸ਼ਨ ਦੇ ਸਦੱਸਾ ਦੇ ਬਿਆਨ ਅਤੇ ਟਿੱਪਣੀਆਂ ਸ਼ਾਮਲ ਹਨ.

ਮੇਰੇ ਦੁਆਰਾ ਕੀਤਾ ਇੱਕ ਤਸ਼ਰੀਹੀ ਅਧਿਐਨ ਜਿਸ ਦਾ ਸਿਰਲੇਖ *ਦੀ 1947 ਪਾਰਟੀਸ਼ਨ ਔਫ ਦ ਪੰਜਾਬ: ਆਰਗੂਮੇਨਟਸ ਪੁਟ ਫੋਰਥ ਬਿਫ਼ੋਰ ਦ ਪੰਜਾਬ ਬਾਉਂਡਰੀ ਕਮੀਸ਼ਨ ਬਾਈ ਦ ਪਾਰਟੀਸ ਇਨਵੋਲਵਡ*, ਜੋ ਉਪਰ ਜ਼ਿਕਰ ਕੀਤੇ ਚਾਰ ਵਾਲੀਊਮ ਉਪਰ ਅਧਾਰਿਤ ਹੈ, ਉਸ ਦੀ ਮੁਖਤਸਰ ਤਸਰੀਹ ਹੇਠਾਂ ਪੇਸ਼ ਹੈ.

ਪੰਜਾਬ ਬਾਉਂਡਰੀ ਕਮੀਸ਼ਨ, ਜੈਦਾਂ ਕਿ ਅਸ਼ੀਂ ਵੇਖ ਚੁਕੇ ਹਾਂ, ਉਸ ਦੇ ਚੇਅਰਮੈਨ ਸਰ ਸਾਇਰਲ ਰੈਡਕਲੀਫ ਸਨ ਅਤੇ ਇਸ ਦੇ ੪ ਸਦੱਸ ਸਨ: ਦੋ, ਜਸਟਿਸ ਦੀਨ ਮੁਹੱਮਦ ਅਤੇ ਜਸਟਿਸ ਮੁਹੱਮਦ ਮੁਨੀਰ ਮੁਸਲਿਮ ਲੀਗ ਦੇ ਨੁਮਾਇੰਦੇ ਸਨ ਅਤੇ ਦੋ, ਜਸਟਿਸ ਮੇਹਰ ਚੰਦ ਮਹਾਜਨ ਹੋਰ ਜਸਟਿਸ ਤੇਜਾ ਸਿੰਘ, ਕਾਂਗਰੇਸ ਦੇ ਨੁਮਾਇੰਦੇ. ਕਮੀਸ਼ਨ ਲਾਹੌਰ ਤੇ, ਦੱਸ ਦਿਨ ਲਈ, 21 ਜੁਲਾਈ ਤੋਂ ਲੈ ਕੇ 31 ਜੁਲਾਈ 1947 ਤੱਕ ਬੈਠਿਆ ਪਰ ਚੇਅਰਮੈਨ ਇੱਕ ਦਿਨ ਵੀ ਮੌਜੂਦ ਨਹੀਂ ਸੀ. ਇੰਤਜ਼ਾਮ ਕੀਤਾ ਗਿਆ ਕਿ ਕਾਰਵਾਈ ਦੇ ਸਾਰੇ ਦਸਤਾਵੇਜਾਂ ਨੂੰ ਉਸ ਦੇ ਵੇਖਣ ਲਈ, ਉਸ ਦੇ ਦਫ਼ਤਰ ਤੇ, ਹਵਾਈ ਰਸਤੇ ਦੁਆਰਾ ਲੈ ਜਾਇਆ ਜਾਵੇ.

ਦੂਜੀ ਵਜ੍ਹਾਂ (ਅਦਰ ਫ਼ੈਕਟਦਸ) ਨੂੰ ਲੈ ਕੇ ਵਿਵਾਦ

ਹਾਲਾਂਕਿ ਸਰਹੱਦਾਂ ਦੀ ਹਦਬੰਦੀ ਲਈ ਸਭ ਤੋਂ ਵੱਡਾ ਧਿਆਨ ਇਹ ਰੱਖਿਆ ਗਿਆ ਸੀ ਕਿ ਮੁਸਲਿਮ ਜਾਂ ਗੈਰ-ਮੁਸਲਿਮ ਇਲਾਕੇ ਕਰੀਬੀ ਹੋਣ, ਕਮੀਸ਼ਨ ਦੁਆਰਾ ਹਵਾਲੇ ਦੀ ਬੁਨਿਆਦ ਲਈ ਸ਼ਾਮਲ ਕੀਤੀ 'ਦੂਜੀ ਵਜ੍ਹਾਂ' ਨੇ, ਬਹਿਸ ਦੇ ਪੈਮਾਨੇ ਨੂੰ ਬਹੁਤ ਵੱਡਾ ਕਰ ਦਿੱਤਾ. ਅਤੇ ਲਾਜ਼ਮੀ ਤੌਰ ਤੇ ਇਤਿਹਾਸਕ, ਮਜ਼ਬੂਬੀ, ਭੂਗੌਲਿਕ, ਸਮਾਜਕ ਅਤੇ ਆਰਥਿਕ ਪਹਲੂਆਂ ਨੂੰ ਵੀ ਗੱਲਬਾਤ ਵਿੱਚ ਸ਼ਾਮਲ ਕੀਤਾ ਗਿਆ. ਇਸ ਬਾਰੇ ਕਿਸੇ ਗੁਟ ਨੇ

ਕੋਈ ਝਗੜਾ ਨਹੀਂ ਕੀਤਾ ਕਿ ਮੁਸਲਿਮ ਮਜਾਰਿਟੀ ਵਾਲਾ ਰਾਵਲਪਿੰਡੀ ਡਿਵੀਜ਼ਨ ਪਾਕਿਸਤਾਨ ਨੂੰ ਜਾਵੇ ਜਾਂ ਗੈਰ-ਮੁਸਲਿਮ ਮਜਾਰਿਟੀ ਵਾਲਾ ਅੰਬਾਲਾ ਡਿਵੀਜ਼ਨ ਇੰਡੀਆ ਨੂੰ. ਦੂਜੀ ਤਰਫ਼ ਦੋਨੋ ਗੁਟ ਲਾਹੌਰ, ਮੁਲਤਾਨ ਅਤੇ ਜਲ਼ੰਧਰ ਡਿਵੀਜਨਾਂ ਦੇ ਇਲਾਕਿਆਂ ਦੇ ਹਿੱਸੇ ਬਾਰੇ, ਮੁਖ਼ਾਲਫ਼ਤੀ ਦਾਅਵੇ ਪੇਸ਼ ਕਰ ਰਹੇ ਸੀ (Ahmed, 1993: 123).

ਕਾਂਗਰੇਸ ਦਾ ਦਾਅਵਾ

ਐਮ.ਸੀ.(ਮੋਤੀਲਾਲ ਚਿਮਨਲਾਲ) ਸ਼ੀਤਲਵਾਦ ਨੇ ਆਪਣਾ ਸ਼ੁਰੂਆਤੀ ਬਿਆਨ ਇਸ ਗੱਲ ਉਪਰ ਜੋਰ ਦੇਂਦੇ ਹੋਏ ਕਿਹਾ, ਕਿ ਪੰਜਾਬ ਬਾਉਂਡਰੀ ਕਮੀਸ਼ਨ, ਇਸ ਨੂੰ ਪੇਸ਼ ਕੀਤੇ ਮੁਖ਼ਤਲਿਫ਼ ਗੁਟਾਂ ਦੇ ਦਾਅਵੇਆਂ ਦਾ ਫ਼ੈਸਲਾ ਜਿਣ ਹਵਾਲੇਆਂ ਦੀ ਬੁਨਿਆਦ ਉਪਰ ਕਰੇਗੀ, ਉਹ ਦੋ ਹਦਾਇਤੀ ਫ਼ਹਿਰਿਸਤਾਂ ਨੇ: ਮੁਸਲਿਮ ਜਾਂ ਗੈਰ-ਮੁਸਲਿਮ ਮਜਾਰਿਟੀ ਵਾਲੇ ਕਰੀਬੀ ਇਲਾਕਿਆਂ ਦੀ ਬੁਨਿਆਦ ਉਪਰ ਸਰਹੱਦਾਂ ਦੀ ਹਦਬੰਦੀ ਕਰਨੀ, ਅਤੇ 'ਦੂਜੀ ਵਜ੍ਹਾਂ ਨੂੰ ਧਿਆਨ ਵਿੱਚ ਰੱਖਨਾ'. ਉਨ੍ਹਾਂ ਦੇ ਦਾਅਵਾ ਕੀਤਾ ਕਿ 'ਕਰੀਬੀ ਇਲਾਕੇ' ਨੂੰ ਇੱਕ ਕਾਫ਼ੀ ਵੱਡੀ ਇਕਾਈ ਦੇ ਤੌਰ ਤੇ ਸਮਝਿਆ ਜਾਵੇ. ਇਹ ਇੱਕ ਬਹੁਤ ਛੋਟੀ ਇਕਾਈ ਨਹੀਂ ਹੋ ਸਕਦੀ ਸੀ. ਜਿੱਥੇ ਤੱਕ 'ਦੂਜੀ ਵਜ੍ਹਾਂ' ਦਾ ਸਵਾਲ ਸੀ, ਇਨ੍ਹਾਂ ਨੂੰ ਆਮ ਤੌਰ ਤੇ, ਪੱਕਾ ਨਹੀਂ ਕੀਤਾ ਜਾ ਸਕਦਾ ਸੀ; ਇਹ ਇੱਕ ਇਲਾਕੇ ਤੋਂ ਦੂਜੇ ਇਲਾਕੇ ਤੇ, ਅਲਗ ਕਿਸਮ ਦਾ ਹੋ ਸਕਦਾ ਸੀ ਅਤੇ ਇੱਕ ਸਰਹੱਦ ਦੇ ਹਿੱਸੇਆਂ ਦੇ ਵਿੱਚ ਵੀ, ਮੁਖ਼ਤਲਿਫ਼ ਹੋ ਸਕਦਾ ਸੀ. ਇਸ ਦੇ ਇਲਾਵਾ, ਇਸ ਤਰ੍ਹਾਂ ਦਾ ਕੋਈ ਵਾਰੰਟ ਨਹੀਂ ਸੀ, ਜੋ ਦੱਸ ਸਕੇ ਕਿ 'ਦੂਜੀ ਵਜ੍ਹਾਂ' ਦਾ ਇੱਕ ਸਹਾਇਕ ਕਿਰਦਾਰ ਸੀ, ਨਾ ਹੀ ਕੋਈ 'ਸਿਰਫ਼ ਸ਼ਥਾਨਕ ਫ਼ਰਕ ਲਈ' ਵਰਗੀ ਤਫ਼ਸੀਲੀ ਕਰਣ ਲਈ, ਇਸ ਦਾ ਇਸਤੇਮਾਲ ਹੋਣਾ ਸੀ (Ibid: 124). ਉਹ ਹੋਰ ਕਹਿੰਦੇ ਨੇ:

> ਇਹ ਵਜ੍ਹਾ ਸਾਫ ਤੌਰ ਤੇ ਸਮਝਣ ਦੀ ਗੱਲ ਹੈ ਕਿ ਅਗਰ ਇਹ ਸਿਰਫ਼ ਕਰੀਬੀ ਮਜਾਰਿਟੀ ਵਾਲੇ ਇਲਾਕਿਆਂ ਨੂੰ ਪੱਕੇ ਕਰਣ ਦਾ ਮਸਲਾ ਹੈ ਤੇ, ਇਹ ਕੱਮ ਇਸ ਵਜਨਦਾਰ ਅਤੇ ਅਹਿਮ ਕਮੀਸ਼ਨ ਦੇ ਸੁਪੁਰਦ ਨਹੀਂ ਕੀਤਾ ਜਾਂਦਾ; ਉਸ ਮਾਮਲੇ ਤੇ ਸੈਂਸਸ ਦੇ ਅੰਕੜੇ ਨਾਲ ਇੱਕ ਨਕਸ਼ਾ ਤਿਆਰ ਕਰ ਲੀਤਾ ਜਾ ਸਕਦਾ ਸੀ ਅਤੇ ਕੋਈ ਵੀ ਡਿਪਟੀ ਕਮੀਸ਼ਨਰ ਮਜਾਰਿਟੀ ਦੇ ਅਧਾਰ ਤੇ, ਕਰੀਬੀ ਇਲਾਕਿਆਂ ਨੂੰ ਇੱਕ ਰੇਖਾ ਖਿੱਚ ਕੇ ਅਲਗ ਕਰ ਸਕਦਾ ਸੀ (Ibid.).

ਜਿੱਥੇ ਤੱਕ 1941 ਦੇ ਮਰਦਮਸ਼ੁਮਾਰੀ ਦੇ ਡਾਟਾ (ਅੰਕੜੇ) ਦਾ ਸਵਾਲ ਹੈ, ਸ਼ੀਤਲਵਾਦ ਨੇ ਦਾਅਵਾ ਕੀਤਾ ਕਿ 1911 ਦੇ ਮਰਦਮਸ਼ੁਮਾਰੀ ਦੇ ਵਕਤ ਤੋਂ ਹੀ, ਜਦ ਮਜ਼ੂਬ ਦੇ ਤੌਰ ਤੇ ਵੱਖਰੇ ਇੱਤਖ਼ਾਬੀ ਤਿਆਰ ਕੀਤੇ ਗਏ, ਹਰ ਫ਼ਿਰਕੇ ਨੇ ਆਪਣੇ ਵੋਟਰਾਂ ਦੀ ਤਦਾਦ ਨੂੰ ਵਧਾ-ਚੜ੍ਹਾ ਕੇ ਦੱਸਨਾ ਸ਼ੁਰੂ ਕਰ ਦਿੱਤਾ, ਤਾਂਕਿ ਉਸ ਨੂੰ ਹੋਰ ਜਿਆਦਾ ਸੀਟਾਂ ਹਾਸਲ ਹੋ ਸਕਣ; ਅਜਿਹੇ 1941 ਤੱਕ ਇਹ ਰੁਝਾਣ ਬਿਲਕੁਲ ਤਮਾਸ਼ੇ ਵਿੱਚ ਤਬਦੀਲ ਹੋ ਗਿਆ ਸੀ. 'ਦੂਜੀ ਵਜ੍ਹਾਂ' ਉਪਰ ਬਹੁਤ ਜ਼ਿਆਦਾ ਤਵਜੋ ਦੇਂਦੇ ਹੋਏ, ਉਨ੍ਹਾਂ ਨੇ ਦਾਅਵਾ ਕੀਤਾ ਕਿ, ਪਛੱਮ ਪੰਜਾਬ ਤੇ ਪਹਿਲਾਂ ਦੇ ਰੇਗਿਸਤਾਨੀ ਇਲਾਕੇ, ਲਾਅਿਲਪੁਰ ਅਤੇ ਮਿੰਟਗੋਮਰੀ ਦੀ ਨਹਿਰੀ ਕਲੋਨਿਆਂ ਨੂੰ ਵਿਕਸਿਤ, ਪੂਰਬੀ ਅਤੇ ਮੱਧ ਪੰਜਾਬ ਤੋਂ ਆਏ ਉਨ੍ਹ ਲੋਕਾਂ ਨੇ ਕੀਤਾ, ਜਿਨ੍ਹਾਂ ਨੂੰ ਉਨ ਕਲੋਨੀਆਂ ਤੇ, ਜਮੀਨ ਦਿੱਤੀ ਗਈ ਸੀ. ਸਿੱਖ ਜੱਟ ਸਭ ਤੋਂ ਪ੍ਰਮੁੱਖ ਸਮੂਹ ਸੀ ਜਿਸ ਨੂੰ ਉਣ ਕਲੋਨੀਆ ਤੇ ਜਮੀਨ ਦਿੱਤੀ ਗਈ ਸੀ. ਜ਼ਿਆਦਾਤਰ

ਜਮੀਨੀ ਜਾਇਦਾਦ ਦੇ ਨਾਲੇਨਾਲ ਵਪਾਰ ਅਤੇ ਵਣਜ ਵੀ ਉਨ੍ਹਾਂ ਦੇ ਹੱਥਾ ਤੇ ਸੀ. ਅਤੇ, ਅਗਰ ਲਾਇਲਪੁਰ-ਸਰਗੋਧਾ ਅਤੇ ਮਿੰਟਗੋਮਰੀ ਦੇ ਜ਼ਿਲ੍ਹੇ ਪਛੱਮ ਪੰਜਾਬ ਨੂੰ ਦਿੱਤੇ ਜਾਂਦੇ ਨੇ, ਕਈ ਹਿੰਦੂ ਅਤੇ ਸਿੱਖ ਇੰਡੀਆ ਤੇ ਚਲੇ ਜਾਣਗੇ, ਕਿਉਂਕਿ ਐਨ.ਡਬਲ.ਐਫ.ਪੀ ਅਤੇ ਉੱਤਰੀ ਪੰਜਾਬ ਦੇ ਫ਼ਸਾਦਾਂ ਅਤੇ ਕਤਲੇਆਮ ਨੇ, ਉਨ੍ਹਾਂ ਦੇ ਵਿੱਚ ਬੇਹਦ ਜ਼ਿਆਦਾ ਗੈਰ-ਮਹਿਫ਼ੂਜ਼ ਹੋਣ ਦਾ ਇਹਸਾਸ ਪੈਦਾ ਕਰ ਦਿੱਤਾ ਹੈ (Ibid.).

ਲਾਹੌਰ

ਕਾਂਗਰੇਸ ਦੇ ਵਕੀਲ ਨੇ ਬੇਹਦ ਮਜਬੂਤੀ ਨਾਲ ਜੋਰ ਦੇ ਕੇ ਕਿਹਾ ਕਿ ਗੈਰ-ਮੁਸਲਿਮਾਂ ਦੇ ਲਾਹੌਰ ਨਾਲ ਬੜੇ ਚੂੰਘੇ ਤਹਿਜ਼ੀਬੀ ਰਿਸ਼ਤੇ ਨੇ. ਉਨ੍ਹਾਂ ਨੇ ਕਾਲੇਜ ਅਤੇ ਲਾਇਬ੍ਰੇਰੀਆਂ ਦੀ ਸਥਾਪਨਾ ਕੀਤੀ ਸੀ ਅਤੇ ਜ਼ਿਲ੍ਹੇ ਦੇ ਆਰਥਿਕ ਸੁਧਾਰ ਲਈ, ਉਨ੍ਹਾਂ ਨੇ ਗੈਰ-ਮਾਮੂਲੀ ਦਿਲਚਸਪੀ ਦਿਖਾਈ ਸੀ. ਹਾਲਾਂਕਿ 1941 ਦੀ ਮਰਦਮਸ਼ੁਮਾਰੀ ਦੇ ਅੰਕੜੇ (ਜਿਸ ਨੂੰ ਕਾਂਗਰੇਸ ਗਲਤ ਸਮਝਦੀ ਸੀ) 60.62 ਫ਼ੀਸਦੀ ਮੁਸਲਿਮ ਅਤੇ 39.38 ਫ਼ੀਸਦੀ ਗੈਰ-ਮੁਸਲਿਮ ਦਰਸ਼ਾਉਂਦੀ ਸੀ, ਮੁਸਲਿਮਾਂ ਨੇ ਸਿਰਫ਼ 581,235 ਰੁਪਏ, ਬਤੌਰ ਜਮੀਨੀ ਲਗਾਨ ਅਦਾ ਕੀਤਾ ਸੀ, ਜਦ ਕਿ ਗੈਰ-ਮੁਸਲਿਮਾਂ ਨੇ 1,263,830 ਰੁਪਏ. ਇਸ ਦੇ ਇਲਾਵਾ ਮੁਸਲਿਮ ਸਿਰਫ਼ 511,867 ਏਕੜ ਜਮੀਨ ਦੇ ਮਾਲਕ ਸਨ ਜਦ ਕਿ ਗੈਰ-ਮੁਸਲਿਮ 1,150,450 ਏਕੜ ਦੇ (Ibid:127). ਅਤੇ, ਪੰਜਾਬ ਦੀ ਤਕਸੀਮ ਦੇ ਇਕਤੀਸਾਦੀ ਪਹਲੂ ਬਾਰੇ ਵੀ ਸੋਚਨਾ ਜ਼ਰੂਰੀ ਹੈ. ਲਾਹੌਰ ਸ਼ਹਿਰ ਬਾਰੇ, ਉਨ੍ਹਾਂ ਨੇ ਟਿਪਣੀ ਕੀਤੀ:

> ਤੁਹਾਨੂ ਯਾਦ ਹੋਵੇਗਾ ਕਿ ਜਿੱਥੇ ਤੱਕ ਸ਼ਹਿਰ ਦਾ ਸਵਾਲ ਹੈ, 1941 ਦੀ ਮਰਦਮਸ਼ੁਮਾਰੀ ਦੇ ਮੁਤਾਬਕ, ਮੁਸਲਿਮ ਬਨਾਮ ਗੈਰ-ਮੁਸਲਿਮ ਆਬਾਦੀ ਦਾ ਨਿਸਬਤ ਹੋਰ ਵੀ ਜ਼ਿਆਦਾ ਹੈ; 61 ਬਨਾਮ 39 ਨਹੀਂ, ਬਲਕਿ 64 ਅਤੇ 36. ਪਰ...ਤੁਹਾਨੂ ਪਤਾ ਲਗੇਗਾ ਕਿ ਜਮੀਨ ਦਾ ਵੱਡਾ ਹਿੱਸਾ ਗੈਰ-ਮੁਸਲਿਮਾਂ ਦੇ ਹੱਥਾਂ ਤੇ ਹੈ...ਇੱਕ ਹੋਰ ਮੁੱਦਾ ਜੋ ਇੱਕ ਸਹਾਇਕ ਮੁੱਦਾ ਹੈ, ਉਸ ਦਾ ਤਾਲੁੱਕ ਸ਼ਹਿਰੀ ਅਤੇ ਕੁੱਝ ਜ਼ਿਲ੍ਹਾਂ ਦੇ ਪਿੰਡਾ ਨਾਲ ਹੈ. ਇਥੇ ਵੀ ਤੁਹਾਨੂ ਪਤਾ ਚਲੇਗਾ ਕਿ ਕੁੱਝ ਇਲਾਕਿਆਂ ਤੇ, ਜੋ ਮੁਸਲਿਮ ਪ੍ਰਧਾਨ ਨੇ, ਹਾਲਾਤ ਇਹ ਨੇ ਕਿ ਵਪਾਰ, ਉਦਯੋਗ ਅਤੇ ਕਾਰਖਾਨੇ ਵਗੈਰਾ, ਪੂਰੀ ਤਰ੍ਹਾਂ ਗੈਰ-ਮੁਸਲਿਮਾਂ ਦੇ ਹੱਥਾਂ ਤੇ ਨੇ (Ibid.).

'ਹੋਰ ਇੱਕ ਚੀਜ ਜਿਸ ਉਪਰ ਗੌਰ ਕਰਣਾ ਪਏਗਾ ਉਹ ਹੋਵੇਗੀ ਸੜਕਾਂ ਅਤੇ ਆਵਾ-ਜਾਵੀ ਦੇ ਇੰਤਜ਼ਾਮ', ਉਨ੍ਹਾਂ ਨੇ ਦਾਅਵਾ ਕੀਤਾ. 'ਕੋਈ ਤਕਸੀਮ ਮੰਜ਼ੂਰ ਨਹੀਂ ਕੀਤੀ ਜਾ ਸਕਦੀ ਹੈ ਜੋ ਰੇਲਵੇ ਅਤੇ ਸੜਕਾਂ ਦੀ ਆਵਾ-ਜਾਵੀ ਨੂੰ ਕਟ ਕੇ ਗੈਰ-ਕਾਰਜਕਾਰੀ ਬਣਾ ਦੇਵੇਗੀ. ਇਸ ਦੇ ਇਲਾਵਾ, ਪੰਜਾਬ ਦੇ ਪੂਰਬੀ ਇਲਾਕੇ ਦੀ ਰੇਲਵੇ ਲਾਈਨ ਦੀ ਦੇਖ-ਭਾਲ ਅਤੇ ਮੁਰੱਮਤ ਦੀ ਸਹੁਲਤਾਂ ਦੀ ਜਰਰੁਤ ਇਹ ਹੈ ਕਿ ਮੁਘਲਪੁਰਾ ਵਰਕਸ਼ਾਪਾਂ (ਲਾਹੌਰ ਦੇ ਬਾਹਰ ਸਥਿਤ) ਨੂੰ ਪੂਰਬੀ ਹਿੱਸੇਆ ਲਈ ਮੁਹੱਇਆ ਕਰਾਉਣਾ ਪਏਗਾ ਤਾਂਕਿ ਉਸ ਹਿੱਸੇ ਦੀ ਰੇਲਵੇ ਲਾਈਨਾਂ ਕੱਮ ਕਰ ਸਕਣ' (Ibid.). ਜਮੀਨ ਅਤੇ ਜਾਇਦਾਦਾਂ ਉਪਰ ਗੈਰ-ਮੁਸਲਿਮਾਂ ਦੀ ਮਲਕੀਅਤ ਦੇ ਚਲਦੇ, ਲਾਹੌਰ ਡਿਵੀਜ਼ਨ ਦੇ ਦੂਜੇ ਜ਼ਿਲ੍ਹਾਂ ਉਪਰ ਵੀ ਦਾਅਵੇ ਪੇਸ਼ ਕੀਤੇ ਗਏ.

ਸਿੱਖਾਂ ਦੇ ਖ਼ਾਸ ਹੱਕ ਅਤੇ ਨਨਕਾਣਾ ਸਾਹਿਬ

ਸਿੱਖ ਕੌਮ ਦੇ ਉਪਰ ਟਿੱਪਣੀ ਕਰਦੇ ਹੋਏ, ਸ਼ੀਤਲਵਾਦ ਨੇ ਜੋਰ ਦਿੱਤਾ ਕਿ ਸੂਬੇ ਵਿੱਚ ਉਨ੍ਹਾਂ ਦੇ ਅਧਿਕਾਰਾਂ ਦਾ, ਪੰਜਾਬ ਨੂੰ ਦਿੱਤੀ ਇਤਿਹਾਸਕ ਸੇਵਾਵਾਂ ਦੇ ਮੁਤਾਬਕ, ਮੁੱਲ ਨਿਰਧਾਰਣ ਕੀਤਾ ਜਾਵੇ. ਉਹ ਇੱਕ ਲੜਾਕੂ ਕੌਮ ਸਨ ਜੋ ਬ੍ਰਿਟਿਸ਼ ਜਿੱਤ ਤੋਂ ਪਹਿਲਾਂ ਸੂਬੇ ਦੀ ਹਕੂਮਤੀ ਕੌਮ ਸਨ. ਬ੍ਰਿਟਿਸ਼ ਹਕੂਮਤ ਦੇ ਕਾਇਮ ਹੋਣ ਦੇ ਬਾਅਦ, ਸਿੱਖਾਂ ਨੇ ਬ੍ਰਿਟਿਸ਼ ਫ਼ੌਜ਼ ਨੂੰ ਸਿਪਾਹੀਆਂ ਦੀ ਇੱਕ ਵੱਡੀ ਤਦਾਦ ਭੇਜੀ ਸੀ ਅਤੇ ਸੂਬੇ ਦੀ ਤਰੱਕੀ ਵਿੱਚ ਬੇਮਿਸਾਲ ਤਰੀਕੇ ਨਾਲ ਹਿੱਸੇਦਾਰੀ ਕੀਤੀ ਸੀ. ਇਸ ਤੋਂ ਵੀ ਜ਼ਿਆਦਾ ਅਹਿਮ ਗੱਲ ਇਹ ਸੀ ਕਿ *'ਨੈਸ਼ਨਲ ਪ੍ਰਿੰਸਿਪਲ'* (ਕਾਲਪਨਿਕ ਵੰਡ) ਦੇ ਮੁਤਾਬਕ, ਨਨਕਾਣਾ ਸਾਹਿਬ, ਸਿੱਖਾਂ ਦੇ ਸ਼ਥਾਪਕ ਦਾ ਜਨਮ ਸਥਾਨ, ਪਛੱਮ ਪੰਜਾਬ ਵਿੱਚ ਪੈ ਗਿਆ ਸੀ. ਇਹ ਮੰਜ਼ੂਰਯੋਗ ਨਹੀਂ ਸੀ. ਇਹ ਮੰਜ਼ੂਰਯੋਗ ਨਹੀਂ ਸੀ. ਇਸ ਕਰ ਕੇ ਸਰਹੱਦਾਂ ਦੀ ਹਦਬੰਦੀ ਤੇ ਜ਼ਰੂਰੀ ਫੇਰ-ਬਦਲ ਕੀਤੇ ਜਾਣੇ ਚਾਹੀਦੇ ਨੇ ਤਾਕਿ ਸਿੱਖ ਇਤਿਹਾਸ ਅਤੇ ਤਹਿਜ਼ੀਬ ਦੋ ਮੁਖ਼ਤਲਿਫ਼ ਸੂਬਿਆਂ ਵਿੱਚ ਵੱਖਰੇ ਅਤੇ ਵੰਡੇ ਨਾ ਜਾਣ (Ibid:127-8).

ਗੁਰਦਾਸਪੁਰ ਜ਼ਿਲ੍ਹਾ

ਅਸੀਂ ਹੁਣ ਇੱਕ ਅਹਿਮ ਜ਼ਿਲ੍ਹੇ ਗੁਰਦਾਸਪੁਰ ਤੇ ਆਉਂਦੇ ਹਾਂ ਜਿਸਦੀਆਂ ਚਾਰ ਤਹਸੀਲਾਂ ਸੀ (ਇੱਕ ਤਹਸੀਲ ਜ਼ਿਲ੍ਹੇ ਦੀ ਇੰਤਜਾਮਿਆ ਉਪ-ਇਕਾਈ ਹੈ), ਗੁਰਦਾਸਪੁਰ, ਸ਼ਕਰਗੜ, ਬਟਾਲਾ ਅਤੇ ਪਠਾਨਕੋਟ. ਸ਼ੀਤਲਵਾਦ ਨੇ ਕਿਹਾ ਕਿ 1921 ਤੱਕ ਗੁਰਦਾਸਪੁਰ ਵਿੱਚ ਗੈਰ-ਮੁਸਲਿਮਾਂ ਦੀ ਮਜਾਰਿਟੀ ਸੀ. ਮਗਰ 1931 ਤੇ ਮੁਸਲਿਮਾਂ ਦੀ 15,534 ਦੀ ਮਜਾਰਿਟੀ ਹੋਣ ਦੀ ਖ਼ਬਰ ਸੀ ਜਦ ਕਿ 1941 ਤੇ ਇਹ ਮਜਾਰਿਟੀ 26,435 ਦਰਜ ਕੀਤੀ ਗਈ ਹੈ. ਅਤੇ, 1941 ਦੇ ਸੈਂਸਸ ਦੇ ਮੁਤਾਬਕ ਪੂਰੇ ਜ਼ਿਲ੍ਹੇ ਤੇ 589,923 ਮੁਸਲਿਮ ਸਨ ਜਦ ਕਿ 563,588 ਗੈਰ-ਮੁਸਲਿਮ ਸਨ: 50.6 ਫ਼ੀਸਦੀ ਮੁਸਲਿਮ ਅਤੇ 49.4 ਫ਼ੀਸਦੀ ਗੈਰ-ਮੁਸਲਿਮ. ਅਤੇ, ਮੁਸਲਿਮ ਮਜਾਰਿਟੀ ਬਹੁਤ ਮਾਮੂਲੀ ਸੀ. ਚਾਰ ਤਹਸੀਲਾਂ ਦੀ ਮਜ਼ੂਬੀ ਰਚਨਾ ਕੁੱਝ ਇਸ ਤਰ੍ਹਾਂ ਸੀ: ਗੁਰਦਾਸਪੁਰ, 50.5 ਫ਼ੀਸਦੀ ਮੁਸਲਿਮ; ਸ਼ਕਰਗੜ, 51.3 ਫ਼ੀਸਦੀ ਮੁਸਲਿਮ; ਬਟਾਲਾ, 53.0 ਫ਼ੀਸਦੀ ਮੁਸਲਿਮ; ਪਠਾਨਕੋਟ, 65.0 ਫ਼ੀਸਦੀ ਮੁਸਲਿਮ. ਐਦਾਂ ਵੀ, ਗੁਰਦਾਸਪੁਰ ਜ਼ਿਲ੍ਹੇ ਨੂੰ 'ਕਾਲਪਨਿਕ ਵੰਡ' ਦੇ ਚਲਦਿਆਂ ਪਛੱਮ ਪੰਜਾਬ ਨੂੰ ਦਿੱਤਾ ਗਿਆ ਸੀ.

ਸ਼ੀਤਲਵਾਦ ਨੇ ਦਲੀਲ ਦਿੱਤੀ ਕਿ ਗੁਰਦਾਸਪੁਰ ਅੱਮ੍ਰਿਤਸਰ ਜ਼ਿਲ੍ਹੇ ਨਾਲ ਵਪਾਰ ਅਤੇ ਆਵਾਜਾਈ ਦੇ ਜਾਲਾਂ ਦੇ ਚਲਦੇ, ਨਾ ਸੁਲਝਣ ਲਾਇੱਕ ਤਰੀਕੇ ਨਾਲ ਜੁੜਿਆ ਹੋਇਆ ਹੈ. ਗੁਰਦਾਸਪੁਰ ਤੋਂ ਮੁਲਕ ਦੇ ਬਾਹਰ ਜਾਣ ਅਤੇ ਅੰਦਰ ਆਉਣ ਵਾਲੇ ਮਾਲ ਦੇ ਭੁਗਤਾਨ ਦਾ ਕੇਂਦਰ, ਅੱਮ੍ਰਿਤਸਰ ਸੀ. ਇਸ ਦੇ ਇਲਾਵਾ, ਰੇਲ ਅਤੇ ਸੜਕਾਂ ਦਾ ਮੇਲ ਇਸ ਤਰ੍ਹਾਂ ਦਾ ਸੀ ਕਿ ਇਹ ਲਾਹੌਰ ਤੋਂ ਹੋ ਕੇ ਅੱਮ੍ਰਿਤਸਰ ਆਉਂਦਾ ਸੀ ਅਤੇ ਇਸ ਦੇ ਬਾਅਦ, ਗੁਰਦਾਸਪੁਰ ਜਾਉਂਦਾ ਸੀ ਅਤੇ ਕਾਂਗੜਾ ਘਾਟੀ ਅਤੇ ਜ਼ਿਲ੍ਹੇ ਨੰ ਅੱਮ੍ਰਿਤਸਰ ਅਤੇ ਲਾਹੌਰ ਨਾਲ ਜੋੜਦਾ ਸੀ. ਅਤੇ ਅੱਮ੍ਰਿਤਸਰ ਹੋਰ ਗੁਰਦਾਸਪੁਰ ਨੂੰ ਇੱਕ ਇਕਾਈ ਸਮਝਣਾ ਚਾਹੀਦਾ ਹੈ. ਦੋਨੋ ਮਿਲ ਕੇ ਇੱਕ ਗੈਰ-ਮੁਸਲਿਮ ਮਜਾਰਿਟੀ ਬਣਾਦੇ ਨੇ ਅਤੇ ਇਸ ਕਰ ਕੇ, ਇਸ ਨੂੰ ਪੂਰਬੀ ਪੰਜਾਬ ਨੂੰ ਦੇਣਾ ਚਾਹੀਦਾ ਹੈ (Ibid:129).

ਪੂਰਬੀ ਪੰਜਾਬ ਲਈ ਦਾਅਵਾ ਕੀਤੇ ਗਏ ਇਲਾਕੇ ਦੀ ਹੱਦ

ਇਸ ਗੱਲ ਨੂੰ ਜੇਹਨ ਵਿੱਚ ਰੱਖਦੇ ਹੋਏ ਕਿ ਪੰਜਾਬ ਦੀ ਤਕਸੀਮ ਦੇ ਨਾਲ ਆਬਾਦੀ ਦੇ ਇੱਕ ਵੱਡੇ ਹਿੱਸੇ ਦੀ ਅਦਲਾ-ਬਦਲੀ ਹੋਵੇਗੀ, ਕਾਂਗਰੇਸ ਦੇ ਯਾਦ-ਪੱਤਰ ਨੇ ਹੇਠਾਂ ਦਿੱਤੇ ਇਲਾਕਿਆਂ ਉਪਰ ਪੂਰਬੀ ਪੰਜਾਬ ਲਈ, ਦਾਅਵਾ ਕੀਤਾ:

1) ਪੂਰਾ ਅੰਬਾਲਾ ਡਿਵੀਜਨ
2) ਪੂਰਾ ਜਲੰਧਰ ਡਿਵੀਜਨ
3) ਪੂਰਾ ਲਾਹੌਰ ਡਿਵੀਜਨ
4) ਜ਼ਿਲ੍ਹਾ ਲਾਇਲਪੁਰ
5) ਜ਼ਿਲ੍ਹਾ ਮਿੰਟਗੋਮਰੀ
6) ਇਸ ਤਰ੍ਹਾਂ ਦੇ ਦੂਜੇ ਜੁੜੇ ਹੋਏ ਇਲਾਕੇ ਜੋ ਨਹਿਰਾਂ ਅਤੇ ਕਲੋਨੀਆਂ ਦੀ ਜ਼ਰੂਰਤ ਦੇ ਮੁਤਾਬਕ ਹੋਣਗੇ.

ਪੰਜਾਬ ਦੀ ਇਸ ਤਰ੍ਹਾਂ ਦੀ ਵੰਡ, ਸ਼ੀਤਲਵਾਦ ਨੇ ਬਹਿਸ ਕੀਤੀ, ਪੂਰਬੀ ਪੰਜਾਬ ਦੀ ਕੁੱਲ 3,757,401 ਸਿੱਖਾਂ ਦੀ ਆਬਾਦੀ ਵਿੱਚੋਂ 34 ਲੱਖ (3.4 ਮਿਲਿਅਨ) ਸਿੱਖਾਂ ਦੀ ਚੱਕਬੰਦੀ ਕਰ ਦੇਗਾ (Ibid:130).

ਸਿੱਖਾਂ ਦਾ ਦਾਅਵਾ

ਸਿੱਖ ਵਕੀਲ ਸਰਦਾਰ ਹਰਨਾਮ ਸਿੰਘ ਸ਼ੀਤਲਵਾਦ ਦੇ ਹਵਾਲੇ ਦੀ ਸ਼ਰਤਾਂ ਦੀ ਵਿਆਖਿਆ ਨਾਲ ਰਜਾਮੰਦ ਸਨ. ਉਨ੍ਹਾਂ ਨੇ ਦਾਅਵਾ ਕੀਤਾ ਕਿ 'ਦੂਜੀ ਵਜ੍ਹਾਂ' ਦੀ ਅਹਿਮੀਅਤ ਨੂੰ ਮੁਸਲਿਮ ਲੀਗ ਨੇ ਵੀ ਮੱਨਿਆ ਸੀ, ਹਾਲਾਂਕਿ ਇਸ ਨੇ ਮੁਸਲਿਮ ਮਜਾਰਿਟੀ ਵਾਲੇ ਕਰੀਬੀ ਇਲਾਕੇ ਉੱਪਰ, ਖ਼ਾਸ ਜ਼ੋਰ ਦਿੱਤਾ ਸੀ. ਅਤੇ ਲੀਗ ਨੇ ਗੈਰ-ਮੁਸਲਿਮ ਮਜਾਰਿਟੀ ਵਾਲੀ ਪਠਾਨਕੋਟ ਤਹਸੀਲ ਦੇ ਕੁੱਝ ਹਿੱਸੇਆ ਦੀ ਮੰਗ ਕੀਤੀ ਸੀ, ਜਿੱਥੇ ਰਾਵੀ ਦਰਿਆ ਉਪਰ ਮਾਧੋਪੁਰ ਬੈਰੈਜ ਸਥਿਤ ਸੀ ਅਤੇ ਜਿਥੋਂ ਅਪੱਰ ਬਾਰੀ ਦੋਆਬ ਕਨਾਲ ਦਾ ਸਰੋਤ ਸੀ (Ibid:132).

ਸ.ਹਰਨਾਮ ਸਿੰਘ ਨੇ ਦਲੀਲ ਦਿੱਤੀ ਕਿ ਜ਼ਿਆਦਾਤਰ ਸਿੱਖ, ਕਿਸਾਨ-ਮਾਲਕ ਸਨ ਅਤੇ ਪੰਜਾਬ ਦੀ ਮਿੱਟੀ ਨਾਲ, ਮਜ਼ਬੂਤੀ ਅਤੇ ਇਕਤਿਸਾਦੀ, ਦੋਵੇਂ ਤਰ੍ਹਾਂ ਦੀ ਜੜਾਂ ਕਾਇਮ ਕਰ ਚੁਕੇ ਸੀ. ਇਸ ਤਰ੍ਹਾਂ ਦੇ ਲੋਕਾਂ ਨੂੰ ਦੂਜੀ ਕਿਸੇ ਜਗ੍ਹ ਤੇ ਭੇਜਨਾ ਸੱਚ-ਮੁੱਚ ਨਾਮੁਮਕਿਨ ਸੀ. ਦੂਜੀ ਤਰਫ਼, ਬ੍ਰਿਟਿਸ਼ ਪੰਜਾਬ ਤੇ ਕੀਤੀ ਗਈ 1931 ਦੀ ਮਰਦਮਸ਼ੁਮਾਰੀ ਦੇ ਮੁਤਾਬਕ, ਮੁਸਲਿਮਾਂ ਦੀ ਕੁੱਲ 14,929,896 ਆਬਾਦੀ ਵਿੱਚ, ਕੋਈ 4,695,957 ਦੀ ਤਦਾਦ ਫ਼ਕੀਰਾਂ, ਮੰਗਤੇਆਂ, ਜੁਲਾਹੇ, ਚਰਵਾਹੇ, ਮੋਚੀਆਂ, ਕੁਮਹਾਰਾਂ, ਮੁਸੱਲਿਆਂ (ਦਲਿਤ ਮੁਸਲਿਮ), ਤਰਖਾਣਾਂ, ਤੇਲ ਮਾਲਿਸ਼ ਕਰਣਵਾਲੇ, ਢਾਡੀਆਂ, ਨਾਈਆਂ, ਲੋਹਾਰਾਂ, ਧੋਬੀਆਂ, ਕਸਾਈਆਂ ਅਤੇ ਮਿਰਾਸਿਆਂ ਦੀ ਸੀ-ਜਿਨ੍ਹਾਂ ਨੂੰ ਸੈਟਲਮੇਂਟ ਰਿਪੋਰਟ ਤੇ ਬਗੈਰ ਜਮੀਨ ਦੇ ਅਤੇ ਕਾਰੀਗਰ ਦਰਜੇ ਦੇ ਲੋਕ ਦੱਸਿਆ ਗਿਆ ਹੈ.

ਇਹ 'ਭਟਕਣ ਵਾਲੇ ਲੋਕ ਸਨ' ਅਤੇ ਇਨ੍ਹਾਂ ਨੂੰ ਆਸਾਨੀ ਨਾਲ ਇਧਰ-ਉਧਰ ਕੀਤਾ ਜਾ ਸਕਦਾ ਸੀ (Ibid:132).

ਪੰਜਾਬ ਉਪਰ ਸਿੱਖਾਂ ਦੇ ਖ਼ਾਸ ਦੀਨੀ-ਤਹਿਜ਼ੀਬੀ ਦਾਅਵੇ

ਸਿੱਖਾਂ ਦੇ ਪੰਜਾਬ ਵਿੱਚ ਇੱਕ ਖ਼ਾਸ ਕਿਰਦਾਰ ਦੇ ਵਿਸ਼ਾ-ਵਸਤੂ ਉਪਰ ਆਪਣਾ ਧਿਆਣ ਦੇਂਦੇ ਹੋਏ, ਸ.ਹਰਨਾਮ ਸਿੰਘ ਨੇ ਦਾਅਵਾ ਕੀਤਾ ਕਿ ਸਿੱਖ ਇੱਕ ਖ਼ਾਸ ਮਾਣ ਦੇ ਹੱਕਦਾਰ ਨੇ. ਫਿਰ ਉਨ੍ਹਾਂ ਨੇ ਕਿਹਾ: 'ਮੈਂ ਨਿਰਮਤਾ ਨਾਲ ਕਹਿਣਾ ਹਾਂ ਕਿ ਪੰਜਾਬ ਦੀ ਮੱਧ ਡਿਵੀਜਨਾਂ, ਬਹੁਤ ਪਹਿਲਾਂ ਦੇ ਵਕਤ ਤੋਂ, ਸਿੱਖਾਂ ਦਾ ਕੌਮੀ ਘਰ ਰਿਹਾ ਹੈ. ਇਸ ਸਵਾਲ ਦਾ ਕੋਈ ਮਤਲਬ ਨਹੀਂ ਹੈ ਕਿ ਉਹ ਘੱਟ ਤਦਾਦ ਤੇ ਨੇ ਜਾਂ ਬਹੁਤ ਜ਼ਿਆਦਾ; ਅਗਰ ਅਸੀਂ ਇਸ ਨਜ਼ਰੀਐ ਤੋਂ ਵੇਖੀਐ ਕਿ ਇੱਕ ਖ਼ਾਸ ਇਲਾਕਾ ਜਾਂ ਖੇਤਰ, ਉਨ੍ਹਾਂ ਦੀ ਮਾਤ ਭੂਮੀ ਹੈ' (Ibid:133).

ਹੁਣ, ਇੰਡੀਆ ਅਗਰ ਹਿੰਦੂਆਂ ਦੀ ਮਾਤ ਭੂਮੀ ਸੀ ਅਤੇ ਪਾਕਿਸਤਾਨ ਮੁਸਲਿਮਾਂ ਦੀ ਮਾਤ ਭੂਮੀ ਸੀ, ਸਿੰਘ ਨੇ ਆਪਣੀ ਖ਼ਾਹਿਸ਼ ਜ਼ਾਹਰ ਕੀਤੀ ਕਿ ਚਨਾਬ ਅਤੇ ਬਿਆਸ ਦਰਿਆਵਾਂ ਦੇ ਵਿੱਚ ਦਾ ਇਲਾਕਾ ਸਿਖਾਂ ਦੀ ਮਾਤ ਭੂਮੀ ਸੀ (ਇਥੇ ਉਨ੍ਹਾਂ ਨੇ ਕਈ ਕਿਤਾਬਾਂ ਅਤੇ ਸਰਕਾਰੀ ਦਸਤਾਵੇਜ਼ਾਂ ਦਾ ਜ਼ਿਕਰ ਕੀਤਾ ਜਿਸ ਵਿੱਚ ਪੰਜਾਬ ਦੇ ਮਾਝਾ ਇਲਾਕੇ ਨੂੰ, ਜਿਸ ਦੇ ਮਰਕਜ਼ ਤੇ ਅੱਮ੍ਰਿਤਸਰ ਸੀ, ਸਿੱਖ ਦੇਸ਼ ਦੀ ਤਰ੍ਹਾਂ ਪੇਸ਼ ਕੀਤਾ ਗਿਆ ਸੀ). ਅਤੇ, ਜਦ ਕਿਸੇ ਇਲਾਕੇ ਦੀ ਪਛਾਣ ਕਿਸੇ ਕੌਮ ਦੀ ਮਾਤ ਭੂਮੀ ਦੀ ਤਹਿਤ ਸੀ, ਇਸ ਦੇ ਅਧਿਕਾਰਾਂ ਨੂੰ ਸਿਰਫ਼ ਇਸ ਵਜ੍ਹਾ ਨਾਲ ਵੰਚਤ ਨਹੀਂ ਕੀਤਾ ਜਾ ਸਕਦਾ ਸੀ ਕਿ, ਉਥੇ ਇੱਕ ਦੂਜੀ ਕੌਮ ਦੀ ਤਦਾਦ ਜ਼ਿਆਦਾ ਸੀ. ਮਿਸਾਲ ਦੇ ਤੌਰ ਤੇ, ਬੈਲਫੋਰ ਡੇਕਲ੍ਰੇਸਨ ਨੇ ਪੈਲੇਸਟਾਇਨ ਨੂੰ ਯਹੂਦੀਆਂ ਦੀ ਮਾਤ ਭੂਮੀ ਦੇ ਤੌਰ ਤੇ ਐਲਾਨ ਕੀਤਾ ਜਦ ਕਿ ਉਹ ਇਸ ਵਿੱਚ 1917 ਤੇ ਇੱਕ ਮਾਇਨਾਰਿਟੀ ਸਨ (Ibid.). ਸ.ਹਰਨਾਮ ਸਿੰਘ ਨੇ ਟਿੱਪਣੀ ਕੀਤੀ:

> ਅਤੇ ਮੈਂ ਅਰਜ਼ ਕਰਦਾ ਹਾਂ, ਜਦ ਕਿ ਤੁਸੀ ਇਸ ਸਵਾਲ ਉਪਰ ਵਿਚਾਰ ਕਰ ਰਹੇ ਹੋ, ਸਿੱਖ ਕੌਮ ਦੀ ਖ਼ਾਸ ਵਿਸ਼ੇਸ਼ਤਾਵਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ. ਮੇਰੇ ਅੰਦਰ ਹਰ ਤਰ੍ਹਾਂ ਦੇ ਮਜ਼ੂਬਾਂ ਅਤੇ ਸਭ ਦੇ ਜਜ਼ਬਾਤਾਂ ਲਈ ਇੰਤਹਾ ਇਜ਼ੱਤ ਹੈ. ਪਰ ਪਿਛਲੇ ਵੀਹ ਸਾਲਾਂ ਤੇ ਮੈਂ ਕਈ ਵਾਰ ਮੁਸਲਿਮ ਨੌਜਵਾਨਾਂ ਨੂੰ ਗਾਉਂਦੇ ਸੁਣਿਆ ਹੈ "ਯਾ ਰਬ! ਮੱਕਾ ਮਦੀਨਾ ਲੈ ਚਲ ਮੁਝੇ". ਉਹ ਪੱਛਮ ਦੀ ਤਰਫ਼ ਵੇਖ ਰਹੇ ਨੇ. ਉਹ ਕਹਿੰਦੇ ਨੇ ਕਿ ਅਸੀਂ ਇੱਕ ਅਜ਼ੀਬ ਮੁਲਕ ਵਿੱਚ ਰਹਿ ਰਹੇ ਹਾਂ, ਇੱਕ ਪਰਦੇਸ ਵਿੱਚ, ਸਾਡਾ ਕੋਈ ਕੌਮੀ ਘਰ ਨਹੀਂ ਹੈ. ਸਾਡਾ ਕੌਮੀ ਘਰ ਅਰਬਿਆ ਤੇ ਹੈ. ਮੈਂ ਆਪਣੇ ਹਿੰਦੂ ਭਰਾਵਾਂ ਦੇ ਜਜ਼ਬਾਤਾਂ ਨੂੰ ਠੇਸ ਨਹੀਂ ਪਹੁੰਚਾ ਰਿਹਾ ਹਾਂ ਜਦ ਮੈਂ ਕਹਿੰਦਾ ਹਾਂ ਕਿ ਉਹ ਆਪਣੇ ਤੀਰਥ ਲਈ ਹਰਦਵਾਰ ਅਤੇ ਬਨਾਰਸ ਦੀ ਤਰਫ਼ ਵੇਖਦੇ ਨੇ ਅਤੇ ਮੁਸਲਿਮ ਮੱਕਾ ਮਦੀਨਾ ਦੀ ਤਰਫ਼ ਵੇਖਦੇ ਨੇ. ਪਰ ਸਿੱਖਾਂ ਲਈ, ਅੱਮ੍ਰਿਤਸਰ ਦਾ ਸ਼ਹਿਰ, ਸ਼ੇਖ਼ੂਪੁਰਾ ਦਾ ਨਨਕਾਣਾ ਸਾਹਿਬ ਸ਼ਹਿਰ, ਗੁਰਦਾਸਪੁਰ ਜ਼ਿਲ੍ਹੇ ਦੀ ਸ਼ਕਰਗੜ ਤਹਸੀਲ ਦਾ ਕਰਤਾਰਪੁਰ ਸ਼ਹਿਰ, ਉਨ੍ਹਾਂ ਦੇ ਮੱਕਾ ਮਦੀਨਾ ਨੇ ਅਤੇ ਹਰਦਵਾਰ ਹੋਰ ਬਨਾਰਸ ਵੀ (Ibid.).

ਸ.ਹਰਨਾਮ ਸਿੰਘ ਨੇ ਦਾਅਵਾ ਕੀਤਾ ਕਿ ਮੁਸਲਿਮਾਂ ਦੁਆਰਾ ਦੁਬਾਰਾ ਸਤਾਉਣ ਦੇ ਡਰ ਦੀ ਬੁਨਿਆਦ, ਇਤਿਹਾਸਕ ਤਜੁਰਬੇ ਨੇ. ਉਨ੍ਹਾਂ ਨੇ ਇਹ ਸਾਬਤ ਕਰਣ ਲਈ ਕਿ ਗੁਰੂ ਅਰਜਨ ਦੇਵ ਨੂੰ ਸਤਾਉਣ ਦਾ ਹੁਕੁਮ ਦਿੱਤਾ ਗਿਆ ਸੀ, ਕਈ ਪੁਰਾਣੇ ਦਸਤਾਵੇਜ਼ਾਂ ਦਾ ਜ਼ਿਕਰ ਕੀਤਾ, ਜਿਸ ਵਿੱਚ ਜਹਾਂਗੀਰ ਦੀ ਲਿਖੀ ਤੁਜ਼ੁਕ-ਏ-

ਜਹਾਂਗੀਰੀ ਸ਼ਾਮਲ ਸੀ. ਇਸ ਦਲੀਲ ਦੇ ਮੂਲ ਤੇ ਇਹ ਸੀ ਕਿ ਆਮ ਤੌਰ ਤੇ, ਮੁਸਲਿਮ ਹਾਕੀਮਾਂ ਨੇ ਸਿੱਖਾਂ ਦੇ ਖ਼ਿਲਾਫ਼ ਇੱਕ ਤੰਗਨਜ਼ਰ ਪਾਲਿਸੀ ਅਪਣਾਈ ਸੀ (Ibid.). ਇਸ ਦੇ ਇਲਾਵਾ, ਸ.ਹਰਨਾਮ ਸਿੰਘ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਸਿੱਖਾਂ ਨੇ ਪਾਕਿਸਤਾਨ ਤੇ ਨਾ ਰਹਿਣ ਦੀ ਖ਼ਾਹਿਸ਼, ਸਾਫ਼ ਤੌਰ ਤੇ ਬਿਆਨ ਕਰ ਦਿੱਤੀ ਸੀ. ਇਣ ਤੱਥਾਂ ਨੂੰ ਸਿੱਖ ਯਾਦ-ਪੱਤਰ ਵਿੱਚ ਤਫਸੀਲੀ ਨਾਲ ਪੇਸ਼ ਕੀਤਾ ਗਿਆ ਸੀ, ਅਤੇ ਜਿਸ ਉਪਰ, ਪੰਜਾਬ ਅਸੈਮਬਲੀ ਦੇ 33 ਵਿੱਚੋਂ 32 ਸਦੱਸਾਂ ਨੇ ਦਸਤਖ਼ਤ ਕੀਤੇ ਸੀ ਅਤੇ ਬਾਅਦ ਵਿੱਚ 33ਵਾਂ ਸਦੱਸ ਵੀ ਇਸ ਸਮੂਹ ਵਿੱਚ ਸ਼ਾਮਲ ਹੋ ਗਿਆ.

ਜ਼ਬਾਨ ਦਾ ਸਵਾਲ

ਸਿੱਖ ਵਕੀਲ ਨੇ ਦਾਅਵਾ ਕੀਤਾ ਕਿ ਪੂਰਾ ਪੰਜਾਬ ਸੂਬਾ ਪੰਜਾਬੀ ਨਹੀਂ ਬੋਲਦਾ ਸੀ. ਕਰਨਾਲ, ਰੋਹਤਕ, ਹਿੱਸਾਰ, ਡੇਰਾ ਗਾਜ਼ੀ ਖ਼ਾਨ, ਇਸਾਖ਼ੇਲ ਅਤੇ ਮਿਆਂਵਾਲੀ ਦੇ ਲੋਕ ਪੰਜਾਬੀ ਨਹੀਂ ਬੋਲਦੇ ਸੀ. ਇਥੋਂ ਤੱਕ ਕਿ ਮੁਲਤਾਨ ਦੇ ਲੋਕ ਪੰਜਾਬੀ ਨਹੀਂ ਬਲਕਿ ਮੁਲਤਾਨੀ (ਜਿਸ ਨੂੰ ਹੁਣ ਸਰਾਇਕੀ ਕਿਹਾ ਜਾਂਦਾ ਹੈ) ਬੋਲਦੇ ਸੀ. ਉਸੇ ਤਰ੍ਹਾਂ, ਕਾਂਗੜਾ ਤੇ ਇੱਕ ਮੁਖ਼ਤਲਿਫ਼ ਜ਼ਬਾਨ ਬੋਲੀ ਜਾਂਦੀ ਸੀ. ਪੰਜਾਬੀ, ਸੂਬੇ ਦੇ ਮੱਧ-ਲਾਹੌਰ ਅਤੇ ਜਲੰਧਰ ਡਿਵੀਜਨਾਂ, ਅਤੇ ਕਲੋਨੀ ਦੇ ਇਲਾਕਿਆਂ ਤੇ ਬੋਲੀ ਜਾਂਦੀ ਸੀ. ਝੰਗ ਅਤੇ ਮੁਲਤਾਨ ਜ਼ਿਲ੍ਹਾਂ ਦਾ ਇਲਾਕਾ ਅਤੇ ਜਿਹਲਮ ਦੇ ਪਛੱਮ ਦੇ ਇਲਾਕੇ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਕੇ ਹਾਸਲ ਕੀਤੇ ਸੀ ਅਤੇ ਬ੍ਰਿਟਿਸ਼ ਨੇ ਇਣ ਇਲਾਕਿਆਂ ਨੂੰ ਇੰਤਜ਼ਾਮਿਆ ਦੀ ਸਹੂਲਤ ਵੇਖਦੇ ਹੋਏ, ਆਪਣੇ ਰਾਜ ਵਿੱਚ ਬਰਕਰਾਰ ਰੱਖਿਆ. ਅਤੇ, ਦਿੱਲੀ ਦੀ ਸਰਹੱਦ ਤੋਂ ਲੈ ਕੇ, ਦਰਿਆ ਜਿਹਲਮ ਦੇ ਕਿਨਾਰੇ ਤਕ, ਝੰਗ ਅਤੇ ਮੁਲਤਾਨ ਨੂੰ ਛੱਡ ਕੇ, ਆਬਾਦੀ ਇਸ ਤਰ੍ਹਾਂ ਹੈ:

ਮੁਸਲਿਮ	10,761,560
ਸਿੱਖ ਅਤੇ ਦੂਜੇ	11,184,886

ਦਿੱਲੀ ਦੀ ਸਰਹੱਦ ਤੋਂ ਲੈ ਕੇ, ਦਰਿਆ ਚਨਾਬ ਦੇ ਕਿਨਾਰੇ ਤਕ, ਝੰਗ ਅਤੇ ਮੁਲਤਾਨ ਨੂੰ ਛੱਡ ਕੇ, ਆਬਾਦੀ ਇਸ ਤਰ੍ਹਾਂ ਹੈ:

ਮੁਸਲਿਮ	9,191,618
ਸਿੱਖ ਅਤੇ ਦੂਜੇ	11,885,834 (Ibid: 134-5).

ਪੂਰਬੀ ਪੰਜਾਬ ਵਿੱਚ ਪੰਜਾਬੀ ਦੀ ਹਿਫ਼ਾਜ਼ਤ

ਉਨ੍ਹਾਂ ਨੇ ਆਪਣੀ ਦਲੀਲ ਜ਼ਾਰੀ ਰਖਦੇ ਹੋਏ ਇਹ ਕਿਹਾ ਕਿ ਮਰਦਮਸ਼ੁਮਾਰੀ ਦੀ ਰਿਪੋਰਟਾਂ ਨੇ ਇਸ਼ਾਰਾ ਕੀਤਾ ਸੀ ਕਿ ਮੁਸਲਿਮ ਵਧਦੀ ਤਦਾਦ ਤੇ ਉਰਦੂ ਨੂੰ ਆਪਣੀ ਮਾਦਰੀ ਜ਼ਬਾਨ ਦੇ ਤੌਰ ਤੇ ਦਰਜ਼ ਕਰਾ ਰਹੇ ਸੀ, ਜਦ ਕਿ ਹਿੰਦੂ ਹਿੰਦੀ; ਸਿਰਫ਼ ਸਿੱਖ ਪੰਜਾਬੀ ਨਾਲ ਪੱਕੇ ਤੌਰ ਤੇ ਕਾਇਮ ਰਹੇ ਸੀ:

ਪੂਰਬੀ ਪੰਜਾਬ ਤੇ, ਹਿੰਦੂ ਪ੍ਰਬਲ ਇਲਾਕਿਆਂ ਨੂੰ ਹਿੰਦੂਸਤਾਨੀ ਬੋਲਣ ਵਾਲੇ ਇਲਾਕਿਆਂ ਨਾਲ ਸ਼ਾਮਲ ਕਰ ਲੀਤਾ ਜਾ ਸਕਦਾ ਹੈ. ਇੱਕ ਤਕਸੀਮ ਅਤੇ ਫਿਰ ਇੱਕ ਤਕਸੀਮ ਮੇਰੀ ਦਲੀਲ ਹੈ.

ਅਤੇ, ਮੈਂ ਇਹ ਕਹਿਣਾ ਹਾਂ ਕਿ ਅਗਰ ਤੁਸੀਂ ਲੋਕਾਂ ਦੀ ਜ਼ਬਾਨ ਅਤੇ ਤਹਿਜ਼ੀਬ ਨੂੰ ਬਚਾਉਣਾ ਚਾਹੁੰਦੇ ਹੋ, ਤੁਸੀ ਉਸ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰ ਕੇ ਨਹੀਂ ਕਰ ਸਕਦੇ ਜਿੱਥੇ ਲੋਕ ਉਸ ਤਹਿਜ਼ੀਬ ਨੂੰ ਬਰਬਾਦ ਕਰਣ ਤੇ ਲਗੇ ਹੋਏ ਨੇ. ਮਾਰਚ 1947 ਦੀ ਵਾਰਦਾਤਾਂ ਕੋਈ ਹਾਲ ਦੀ ਗੱਲ ਨਹੀਂ ਹੈ. ਇਹ ਪਿਛਲੇ ਦੋ ਦਹਾਕੇਆਂ ਤੋਂ ਹੋ ਰਿਹਾ ਹੈ. ਇਹ ਵੀ ਇੱਕ ਲਖਣ ਹੈ, ਜੋ ਸਿੱਖਾਂ ਨੂੰ ਖ਼ਾਸ ਹਿਫ਼ਾਜ਼ਤ ਮੁਹੱਇਆ ਕਰਾਣ ਦਾ ਹੱਕਦਾਰ ਬਣਾਉਂਦਾ ਹੈ.

ਲਾਹੌਰ ਅਤੇ ਨਨਕਾਣਾ ਸਾਹਿਬ

ਸ.ਹਰਨਾਮ ਸਿੰਘ ਨੇ ਸਿੱਖਾਂ ਲਈ ਲਾਹੋਰ ਹਾਸਲ ਕਰਣ ਦੀ ਖ਼ਾਸ ਕੋਸ਼ਿਸ਼ ਕੀਤੀ. ਉਨ੍ਹਾਂ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਨਾ ਸਿਰਫ਼ ਅੱਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਾਂ ਤੇ, ਸਿੱਖਾਂ ਦੇ ਕਈ ਪਵਿੱਤਰ ਸਥਾਨ ਮੌਜੂਦ ਸੀ, ਬਲਕਿ ਲਾਹੌਰ ਜ਼ਿਲ੍ਹਾ ਵੀ ਸਿੱਖਾਂ ਦੇ ਮਜ਼ਬੂਬੀ ਅਤੇ ਤਹਿਜ਼ੀਬੀ ਇਤਿਹਾਸ ਦਾ ਕੁਦਰਤੀ ਹਿੱਸਾ ਸੀ. 'ਚੌਥੇ ਗੁਰੂ ਰਾਮਦਾਸ, ਜੋ ਬਾਅਦ ਦੇ ਸਾਰੇ ਗੁਰੁਆਂ ਦੇ ਪੁਰਵਜ ਸਨ, ਦਾ ਜਨਮ ਲਾਹੌਰ ਤੇ ਹੋਇਆ ਅਤੇ ਉਹ ਉਥੇ ਹੀ ਵੱਡੇ ਹੋਏ' (Ibid: 136). ਪੰਜਵੇਂ ਗੁਰੂ ਅਰਜਨ ਦੇਵ ਦਾ ਸਮਾਰਕ ਲਾਹੌਰ ਤੇ ਉਸ ਜਗ੍ਹ ਸਥਿਤ ਸੀ, ਜਿੱਥੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਸੀ. ਲਾਹੌਰ ਸ਼ਹਿਰ 'ਗੁਰੂ ਦੇ ਪਾਲਣਾ' ਲਈ ਮਸ਼ਹੂਰ ਸੀ. ਜਿੱਥੇ ਤੱਕ ਸ਼ੇਖੂਪੂਰਾ ਦੇ ਨਨਕਾਣਾ ਸਾਹਿਬ ਦਾ ਸਵਾਲ ਹੈ, ਸਿੱਖ ਵਕੀਲ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਨੂੰ ਪੂਰਬੀ ਪੰਜਾਬ ਤੇ ਜਾਣਾ ਚਾਹੀਦਾ ਹੈ, ਕਿਉਂਕਿ ਇਥੇ ਸਿੱਖ ਧਰਮ ਕਾਇਮ ਕਰਣ ਵਾਲੇ ਦਾ ਜਨਮ ਹੋਇਆ ਸੀ ਅਤੇ ਇਹ ਸਿੱਖਾਂ ਦਾ ਸਭ ਤੋਂ ਪਵਿੱਤਰ ਧਾਰਮਿਕ ਸਥਾਨ ਸੀ. ਅਤੇ ਸਿਰਫ਼ ਇੱਕ ਹਲ ਇਹ ਸੀ ਕਿ, ਉਨ੍ਹਾਂ ਦੇ ਕੌਮੀ ਇਤਹਾਦ ਅਤੇ ਤਹਿਜ਼ੀਬ ਨੂੰ ਕਾਇਮ ਰੱਖਣ ਲਈ, ਉਨ੍ਹਾਂ ਨੂੰ ਪੂਰਬੀ ਪੰਜਾਬ ਵਿੱਚ ਇਕੱਠਾ ਕੀਤਾ ਜਾਵੇ (Ibid.).

ਆਪਣੀ ਹਿਸਾਬ ਦੀ ਬੁਨਿਆਦ ਲਈ, ਜ਼ੈਲ ਨੂੰ ਇੱਕ ਪ੍ਰਮੁੱਖ ਖੇਤਰੀ ਇਕਾਈ ਦੇ ਤੌਰ ਤੇ ਲੈਂਦੇ ਹੋਏ, ਸ.ਹਰਨਾਮ ਸਿੰਘ ਨੇ ਦਾਅਵਾ ਕੀਤਾ ਕਿ ਲਗੇ ਹੋਏ ਕਰੀਬੀ ਗੈਰ-ਮੁਸਲਿਮ ਇਲਾਕੇ, ਸ਼ਹੀਦੀ ਬਾਰ ਤੋਂ ਹੋ ਕੇ, ਲਾਇਲਪੁਰ ਦੀ ਨਹਿਰਾਂ ਦੇ ਇਲਾਕਿਆਂ ਤੋਂ ਸ਼ੁਰੂ ਹੋ ਕੇ, ਅਤੇ ਸ਼ੇਖੁਫ਼ੁਰਾ ਅਤੇ ਗੁਜਰਾਂਵਾਲਾ ਜ਼ਿਲ੍ਹਾਂ ਦੇ ਹਿੱਸੇਆਂ ਨਾਲ ਲਗਦੇ ਹੋਏ, ਲਾਹੌਰ ਦੀ ਚੁਨੀਆਂ ਤਹਸੀਲ ਤੋਂ ਹੁੰਦੇ ਹੋਏ ਪੂਰਬੀ ਜ਼ਿਲ੍ਹਾਂ ਤੱਕ ਫੈਲਾ ਹੋਇਆ ਸੀ (Ibid: 137). ਇਸ ਦੇ ਨਾਲ, ਸਿੱਖ ਵਕੀਲ ਨੇ ਦਾਅਵਾ ਕੀਤਾ ਕਿ ਮਿੰਟਗੋਮਰੀ ਜ਼ਿਲ੍ਹੇ ਅਤੇ ਮੁਲਤਾਨ ਦੀ ਖਾਨੇਵਾਲ ਅਤੇ ਮੈਲਸੀ ਤਹਸੀਲਾਂ ਦਾ ਵਪਾਰ ਅਤੇ ਵਣਿਜ, ਪੂਰੀ ਤਰ੍ਹਾਂ ਸਿੱਖਾਂ ਦੇ ਹੱਥਾਂ ਤੇ ਸੀ. ਉਨ੍ਹਾਂ ਨੇ ਸਿਆਲਕੋਟ ਜ਼ਿਲ੍ਹੇ ਦੀ ਵੀ ਮੰਗ ਕੀਤੀ ਕਿਉਂਕਿ ਉਨ੍ਹਾਂ ਦੇ ਮੁਤਾਬਕ, ਇਹ ਸਿਖਾਂ ਦੇ ਪਵਿੱਤਰ ਇਤਿਹਾਸ ਦਾ ਇੱਕ ਹਿੱਸਾ ਸੀ (Ibid.). ਇਹ ਦਾਅਵਾ ਕੀਤਾ ਗਿਆ ਕਿ 'ਪੂਰਬੀ ਪੰਜਾਬ ਦੀ ਸਰਹੱਦ ਦਰਿਆ ਚਨਾਬ ਤੱਕ ਵਧਾਉਣੀ ਲਾਜ਼ਮੀ ਸੀ' (Ibid.).

ਪੂਰਬੀ ਪੰਜਾਬ ਲਈ, ਖੇਤਰਾਂ ਦੀ ਹੱਦ ਉਪਰ ਸਿੱਖਾਂ ਦਾ ਦਾਅਵਾ

ਸਿੱਖ ਮੰਗ ਪੱਤਰ ਨੇ ਇਸ ਬਾਰੇ ਜ਼ੋਰ ਦਿੱਤਾ ਕਿ ਆਬਾਦੀ ਦੀ ਅਦਲਾ-ਬਦਲੀ ਲਾਜ਼ਮੀ ਸੀ ਅਤੇ ਸਿੱਖ ਕੌਮ ਨੂੰ ਪੂਰਬੀ ਪੰਜਾਬ ਵਿੱਚ ਮਜਬੂਤ ਬਣਾਉਣ ਦੀ ਲੋੜ ਹੈ. ਇਸ ਨੇ ਪੂਰਬੀ ਪੰਜਾਬ ਲਈ ਇਣ ਇਲਾਕਿਆਂ ਦੀ ਮੰਗ ਕੀਤੀ.

1) ਅੰਬਾਲਾ ਡਿਵੀਜਨ
2) ਜਲੰਧਰ ਡਿਵੀਜਨ
3) ਲਾਹੌਰ ਡਿਵੀਜਨ
4) ਮੁਲਤਾਨ ਡਿਵੀਜ਼ਨ ਦਾ ਲਾਇਲਪੁਰ ਜ਼ਿਲ੍ਹਾ
5) ਮਿੰਟਗੋਮਰੀ ਜ਼ਿਲ੍ਹਾ ਅਤੇ ਮੁਲਤਾਨ ਡਿਵੀਜ਼ਨ ਦੀ ਖ਼ਾਨੇਵਾਲ, ਵਿਹਾਰੀ ਅਤੇ ਮੈਲਸੀ ਤਹਸੀਲਾਂ

ਇਸ ਤਰ੍ਹਾਂ ਦੀ ਤਕਸੀਮ ਦਾ ਮਤਲਬ ਇਹ ਹੁੰਦਾ ਕਿ ਪੂਰਬੀ ਪੰਜਾਬ ਦੀ ਕੁੱਲ 3,757,401 ਆਬਾਦੀ ਵਿੱਚੋਂ 34 ਲੱਖ (3.4 ਮਿਲਿਅਨ) ਸਿੱਖ ਇਕੱਠਾ ਹੋ ਜਾਂਦੇ (Ibid: 137-8).

ਮੁਸਲਿਮ ਲੀਗ ਦਾ ਦਾਅਵਾ

ਸਰ ਮੁਹੱਮਦ ਜ਼ਫ਼ਰੁੱਲਾ ਖ਼ਾਨ ਨੇ, ਕਾਂਗਰੇਸ-ਸਿੱਖ ਦੇ ਮੁਸਲਿਮ ਜਾਂ ਗੈਰ-ਮੁਸਲਿਮ ਜੁੜੇ ਹੋਏ ਇਲਾਕਿਆਂ ਦੇ ਅਸੂਲ, ਅਤੇ 'ਦੂਜੀ ਵਜ੍ਹਾਂ' ਨੂੰ ਇੱਕ ਸਮਾਨ ਕਰਣ ਦੇ ਮੁੱਦੇ ਨੂੰ ਲੀਤਾ. ਉਨ੍ਹਾਂ ਨੇ ਦਲੀਲ ਦਿੱਤੀ ਕਿ ਅਗਰ ਮਜ਼ੂਬੀ ਜਜ਼ਬਾਤ, ਨਿਹਿਤ ਸੁਆਰਥ, ਏਕੜਾਂ ਦੀ ਮਲਕੀਅਤ, ਬੈਂਕਾਂ ਅਤੇ ਬੀਮਾ ਕੰਪਨੀਆਂ ਦੀ ਮਲਕੀਅਤ, ਕਾਰਖਾਨੇਆਂ ਵਿੱਚ ਨਿਵੇਸ਼ ਕੀਤੀ ਪੂੰਜੀ ਵਗੈਰਾ, ਇੰਡੀਆ ਦੀ ਤਕਸੀਮ ਦੀ ਬੁਨਿਆਦ ਹੁੰਦੀ ਤੇ, ਇਹ ਕਾਮਯਾਬ ਨਹੀਂ ਹੋ ਸਕਦੀ ਸੀ. ਹੋਰ, ਸਾਰੇ ਇੰਡੀਆ ਵਿੱਚ ਮੁਸਲਿਮ ਪਵਿੱਤਰ ਸਥਾਨ ਨੇ, ਪਰ ਇਸ ਨੂੰ ਮਾਪਣਾ ਬੇਹਦ ਮੁਸ਼ਕਲ ਸੀ ਕਿ ਉਨ੍ਹਾਂ ਦੇ ਨਾਲ ਕਿੱਨਾ ਮੁਸਲਿਮ ਜਜ਼ਬਾਤ ਜੁੜਿਆ ਹੋਇਆ ਸੀ. ਇਸੇ ਤਰ੍ਹਾਂ, ਇਹ ਪਤਾ ਕਰਨਾ ਬੇਹਦ ਮੁਸ਼ਕਲ ਸੀ ਕਿ ਗੈਰ-ਮੁਸਲਿਮ ਆਪਣੇ ਧਾਰਮਿਕ ਸਥਾਨਾ ਨਾਲ ਜਜ਼ਬਾਤੀ ਤੌਰ ਤੇ ਕਿੱਨੇ ਜੁੜੇ ਹੋਏ ਨੇ. ਮੁਸਲਿਮ ਲੀਗ ਨੇ ਇੰਡੀਆ ਦੀ ਤਕਸੀਮ ਦੀ ਮੰਗ ਸਿਰਫ਼ ਇੱਕ ਬੁਨਿਆਦ ਦੇ ਉਪਰ ਕੀਤੀ ਸੀ ਅਤੇ ਉਹ ਸੀ ਉਪ-ਮਹਾਦੀਪ ਦੇ ਕੁੱਝ ਇਲਾਕਿਆਂ ਤੇ ਮੁਸਲਿਮ ਮਜਾਰਿਟੀ ਦਾ ਹੋਣਾ (Ibid: 138).

ਖ਼ਾਨ ਨੇ ਦਾਅਵਾ ਕੀਤਾ ਕਿ ਬ੍ਰਿਟਿਸ਼ ਸਰਕਾਰ ਦੇ ਬਿਆਨ ਦੇ ਅਮਲੀ ਹਿੱਸੇ ਤੇ, ਜੋ ਬਾਉਂਡਰੀ ਕਮੀਸ਼ਨ ਦੇ ਕੱਮ ਨੂੰ ਸਾਫ਼ ਤੌਰ ਤੇ ਦੱਸਦਾ ਸੀ, ਉਹ ਜੁੜੇ ਹੋਏ ਮੁਸਲਿਮ ਜਾਂ ਗੈਰ-ਮੁਸਲਿਮ ਮਜਾਰਿਟੀ ਵਾਲੇ ਇਲਾਕਿਆਂ ਦੀ ਮਾਲੂਮਾਤ ਕਰਦਾ ਸੀ. ਜਿੱਥੇ ਤੱਕ 'ਦੂਜੀ ਵਜ੍ਹਾਂ' ਦਾ ਸਵਾਲ ਸੀ, ਇਹ ਸਿਰਫ਼ ਸਥਾਨਕ ਵਜ੍ਹਾਂ ਦਾ ਜ਼ਿਕਰ ਕਰਦਾ ਸੀ. ਕੁੱਝ ਖ਼ਾਸ ਮਾਮਲੇਆਂ ਤੇ, ਮਜਾਰਿਟੀ ਦੇ ਅਸੂਲ਼ ਨੂੰ ਘੁਮਾ ਕੇ ਸਥਾਨਕ ਖ਼ਾਸੀਅਤਾਂ ਨੂੰ ਜਗ੍ਹ ਦਿੱਤੀ ਜਾ ਸਕਦੀ ਸੀ.

ਪੰਜਾਬ ਦੀ ਤਕਸੀਮ ਲਈ ਸਿੱਖਾਂ ਦੀ ਮੰਗ ਦਾ ਜਵਾਬ

ਸਿੱਖਾਂ ਦੀ ਇੱਕ ਖ਼ਾਸ ਵਤੀਰੇ ਦੀ ਮੰਗ ਦੇ ਜਵਾਬ ਤੇ, ਮੁਸਲਿਮ ਲੀਗ ਦੇ ਵਕੀਲ ਨੇ ਦਾਅਵਾ ਕੀਤਾ ਕਿ ਇਸ ਵਾਸਤੇ, ਸਿੱਖਾਂ ਨੇ ਦੋ ਖ਼ਾਸ ਵਜ੍ਹਾਂ ਪੇਸ਼ ਕੀਤੀਆਂ ਨੇ. ਇੱਕ, ਇਹ ਇਲਜ਼ਾਮ ਹੈ ਕਿ ਮੁਘਲਾਂ ਦੀ ਬਾਦਸ਼ਾਹੀ ਦੇ

ਵਕਤ, ਸਿੱਖਾਂ ਨੂੰ ਅਤੇ ਉਨ੍ਹਾਂ ਦੇ ਮਜ਼ਬੂਤੀ ਰਹਨੁਮਾਵਾਂ ਨੂੰ ਸਤਾਇਆ ਗਿਆ ਸੀ ਅਤੇ ਉਨ੍ਹਾਂ ਦੇ ਉਪਰ ਜ਼ੁਲਮ ਕੀਤਾ ਗਿਆ ਸੀ, ਅਤੇ ਅਗਰ ਉਹ ਦੁਬਾਰਾ ਮੁਸਲਿਮ ਹਕੂਮਤ ਦੇ ਥਲੇ ਆਉਂਦੇ ਨੇ ਤੇ, ਇਹ ਕਹਾਣੀ ਦੁਹਰਾਈ ਜਾਵੇਗੀ. ਦੂਜਾ, ਹਾਲ ਵਿੱਚ ਮੁਸਲਿਮਾਂ ਦੁਆਰਾ ਰਾਵਲਪਿੰਡੀ ਅਤੇ ਮੁਲਤਾਨ ਜ਼ਿਲ੍ਹੇ ਤੇ ਹੋਏ ਉਨ੍ਹਾਂ ਦੇ ਕਤਲੇਆਮ (Ibid: 140).

ਖ਼ਾਨ ਨੇ ਦੋਵੇਂ ਤੁਹਮਤਾਂ ਨੂੰ ਗਲਤ ਦੱਸਿਆ. ਕਈ ਸਿੱਖ ਅਤੇ ਦੂਜੇ ਵਿਸ਼ੇਸੱਗਾਂ ਦੀ ਕਿਤਾਬਾਂ ਦਾ ਜ਼ਿਕਰ ਕਰਦੇ ਹੋਏ, ਉਨ੍ਹਹਾਂ ਨੇ ਦਾਅਵਾ ਕੀਤਾ ਕਿ ਮੁਘਲ ਦਰਅਸਲ, ਸਿੱਖ ਗੁਰੁਆਂ ਦੇ ਦਾਤਾ ਸਨ. ਮੁਸਲਿਮ ਹਾਕਿਮਾਂ ਨੇ ਜਗੀਰਾਂ ਦਿੱਤੀਆਂ ਸਨ ਅਤੇ ਉਹ ਸਿੱਖ ਮਜ਼ਹਬ ਦੀ ਇਜ਼ੱਤ ਅਤੇ ਹਿਫ਼ਾਜ਼ਤ ਕਰਦੇ ਸੀ. ਕਈ ਸਿੱਖ ਪਵਿੱਤਰ ਸਥਾਨ ਜਿਸ ਵਿੱਚ ਦਰਬਾਰ ਸਾਹਿਬ ਅਤੇ ਨਨਕਾਣਾ ਸਾਹਿਬ ਸ਼ਾਮਲ ਹਨ, ਮੁਸਲਿਮਾਂ ਦੇ ਦਿੱਤੇ ਧਰਮਦਾਨ ਨਾਲ ਬਣੇ ਸੀ (Ibid.). ਗੁਰੂ ਅਰਜਨ ਨੂੰ ਬਾਦਸ਼ਾਹ ਜਹਾਂਗੀਰ ਦੁਆਰਾ ਸਜ਼ਾ ਦੇਣ ਦੀ ਵਜ੍ਹਾ ਇਹ ਸੀ ਕਿ ਉਨ੍ਹਾਂ ਨੇ, ਜਹਾਂਗੀਰ ਦੇ ਬੇਟੇ ਖ਼ੁਸਰੋ ਦੀ ਮਦਦ ਕੀਤੀ ਸੀ, ਜਦ ਉਸ ਨੇ ਆਪਣੇ ਵਾਲਿਦ ਦੇ ਖ਼ਿਲਾਫ਼ ਬਘਾਵਤ ਕਰ ਦਿੱਤੀ ਸੀ. ਕੁੱਝ ਦੂਜੇ ਮਾਮਲੇਆਂ ਤੇ, ਜਦ ਸਿੱਖ ਗੁਰੂਆਂ ਨੂੰ ਮੁਘਲਾਂ ਦੁਆਰਾ ਸਤਾਇਆ ਗਿਆ ਸੀ, ਇਹ ਹਿੰਦੂ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਸਖ਼ਤ ਸਜ਼ਾ ਦੇਣ ਲਈ, ਹਾਕਿਮਾਂ ਨੂੰ ਭੜਕਾਇਆ ਸੀ. ਦੂਜੀ ਤਰਫ਼, ਗੁਰੁ ਗੋਬਿੰਦ ਸਿੰਘ ਦੇ ਵਕਤ ਤੇ, ਸਿੱਖਾਂ ਨੇ ਮੁਸਲਿਮਾਂ ਦੇ ਖ਼ਿਲਾਫ਼ ਨਫ਼ਰਤ ਦਾ ਪ੍ਰਚਾਰ ਕੀਤਾ ਅਤੇ ਮੁਘਲਾਂ ਦੇ ਖ਼ਿਲਾਫ਼ ਬਘਾਵਤਾਂ ਨੂੰ ਉਕਸਾਇਆ (Ibid: 140-41).

ਜਿੱਥੇ ਤੱਕ ਹਾਲ ਦੇ ਕਤਲੇਆਮ ਦਾ ਸਵਾਲ ਸੀ, ਮੁਸਲਿਮ ਲੀਗ ਦੇ ਵਕੀਲ ਨੇ ਦਾਅਵਾ ਕੀਤਾ ਕਿ ਇਸ ਲਈ ਮੁਸਲਿਮਾਂ ਉਪਰ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ ਸੀ. ਮੁਸਲਿਮ ਲੀਗ ਦੀ ਸਿਵਲ ਨਾਫ਼ਰਮਾਨੀ ਤੇਹਰੀਕ, ਜੋ ਜਨਵਰੀ 1947 ਦੇ ਅਖੀਰ ਤੋਂ ਸ਼ੁਰੂ ਹੋਈ ਅਤੇ ਪੰਜ ਹਫ਼ਤੇ ਚਲੀ, ਵੱਡੇ ਤੌਰ ਤੇ, ਇੱਕ ਸਲੀਕਾ ਪਸੰਦ ਅੰਦੋਲਨ ਸੀ ਜੋ 28 ਫਰਵਰੀ ਨੂੰ ਖ਼ਤਮ ਹੋ ਗਿਆ. ਵਜ਼ਾਰਤ ਨੇ 2 ਮਾਰਚ ਨੂੰ ਅਸਤੀਫ਼ਾ ਦੇ ਦਿੱਤਾ ਸੀ, ਪਰ ਸਭ ਨੂੰ ਇਸ ਦੇ ਬਾਰੇ, ਅਗਲੇ ਦਿਨ ਹੀ ਪਤਾ ਚਲਿਆ. ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਤਸ਼ੱਦਦ ਲਈ ਉਕਸਾਇਆ ਸੀ ਜਦ ਉਹ ਪੰਜਾਬ ਅਸੈਮਬਲੀ ਦੇ ਬਾਹਰ, ਬਗੈਰ ਮਿਆਨ ਦੀ ਕਿਰਪਾਨ ਲੈ ਕੇ ਆਏ ਅਤੇ ਚੀਕ ਕੇ ਕਿਹਾ, 'ਪਾਕਿਸਤਾਨ ਮੁਰਦਾਬਾਦ, ਸੱਤ ਸ਼੍ਰੀ ਅਕਾਲ'. ਉਨ੍ਹਾਂ ਨੇ ਅਤੇ ਦੂਜੇ ਹਿੰਦੂ ਰਹਨੁਮਾਵਾਂ ਨੇ ਉਸ ਦਿਨ ਹੋਰ ਭੜਕਾਊ ਭਾਸ਼ਣ ਦਿੱਤੇ. ਇਸ ਤਰ੍ਹਾਂ ਦੀ ਫ਼ਿਰਕੂ ਉਤੇਜਕ ਹਾਲਾਤਾਂ ਵਿੱਚ, ਇਹ ਦਾਅਵਾ ਕੀਤਾ ਗਿਆ, ਲਾਹੌਰ ਅਤੇ ਬਾਕੀ ਪੰਜਾਬ ਵਿੱਚ ਫ਼ਸਾਦ, ਤਸ਼ੱਦਦ ਅਤੇ ਕਤਲੇਆਮ ਫ਼ੈਲ ਗਏ (Ibid: 142).

ਆਪਣੇ ਦਾਅਵੇ ਨੂੰ ਹੋਰ ਮਜਬੂਤੀ ਦੇਣ ਲਈ ਕਿ ਸਿੱਖ ਆਗੂ ਹਾਲ ਵਿੱਚ ਹੀ ਮੁਸਲਿਮ-ਸਿੱਖ ਰਿਸ਼ਤੇਆਂ ਦੇ ਬਾਰੇ ਆਪਣੀ ਸੋਚ ਬਦਲ ਰਹੇ ਸੀ, ਖ਼ਾਨ ਨੇ ਮਾਸਟਰ ਤਾਰਾ ਸਿੰਘ ਦੇ ਕਈ ਬਿਆਨਾਂ ਦਾ ਜ਼ਿਕਰ ਕੀਤਾ. ਗੁਰਮੁਖੀ ਮੈਗਜ਼ੀਨ, ਸੰਤ ਸਿਪਾਹੀ ਵਿੱਚ ਅਗਸਤ 1946 ਨੂੰ ਸਿੱਖ ਆਗੂ ਨੇ ਲਿਖਿਆ:

> ਜਿੱਥੇ ਤੱਕ ਮਜ਼ਬੂਤੀ ਅਸੂਲਾਂ ਦਾ ਸਵਾਲ ਹੈ, ਸਿੱਖ ਮੁਸਲਿਮਾਂ ਨਾਲ ਜ਼ਿਆਦਾ ਨਜਦੀਕ ਨੇ ਨਾ ਕਿ ਹਿੰਦੂਆਂ ਦੇ, ਪਰ ਹਿੰਦੂਆਂ ਨਾਲ ਉਨ੍ਹਾਂ ਦੇ ਸਮਾਜਕ ਰਿਸ਼ਤੇ ਜ਼ਿਆਦਾ ਮਜਬੂਤ ਨੇ. ਹਿੰਦੂਆਂ ਵਿੱਚ ਇੱਕ ਤਬਕਾ ਹੈ ਜੋ ਸਾਡੀ ਅਲਗ ਪਛਾਣ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਹੈ. ਮੁਸਲਿਮਾਂ ਨਾਲ ਸਾਡੇ ਰਿਸ਼ਤੇ ਮਜਬੂਤ ਨਹੀਂ ਹਨ, ਪਰ ਇਸ ਬਾਰੇ ਸਾਨੂ ਉਨ੍ਹਾਂ ਤੋਂ ਘੱਟ ਡਰ ਹੈ. ਮੈਂ ਮੁਸਲਿਮਾਂ ਨਾਲ ਇੱਕ ਸਮਝੌਤਾ ਕਰ ਲੈਣ ਦੇ ਅਤੇ ਉਨ੍ਹਾਂ ਦੇ ਨਾਲ

ਬਿਹਤਰ ਰਿਸ਼ਤੇ ਬਣਾਉਣ ਦੇ ਹੱਕ ਵਿੱਚ ਹਾਂ. ਕੁੱਝ ਹਿੰਦੂ ਮੌਜੂਦ ਨੇ ਜੋ ਸਾਜ਼ਸ਼ ਅਤੇ ਕੂਟਨੀਤੀ ਨਾਲ ਸਾਨੂ ਨਿਗਲ ਜਾਣਾ ਚਾਹੁੰਦੇ ਨੇ. ਹਿੰਦੂਆਂ ਨਾਲ ਸਾਡੀ ਨੀਤੀ ਇਹ ਹੋਣੀ ਚਾਹੀਦੀ ਹੈ: ਸਾਨੂ ਉਨ੍ਹਾਂ ਤੋਂ ਇੰਨੇ ਦੂਰ ਨਹੀਂ ਹੋਣਾ ਚਾਹੀਦਾ ਹੈ ਕਿ ਅਸੀਂ ਹਮੇਸ਼ਾ ਲਈ ਬੇਮੁਖ ਹੋ ਜਾਇਏ ਅਤੇ ਸਾਨੂ ਉਨ੍ਹਾਂ ਦੇ ਇੰਨਾ ਕਰੀਬ ਵੀ ਨਹੀਂ ਜਾਣਾ ਚਾਹੀਦਾ ਹੈ ਕਿ ਅਸੀਂ ਆਪਣੀ ਪਛਾਣ ਗੁਆ ਬੈਠਿਐ. ਹਿੰਦੂਆਂ ਨੂੰ ਇਸ ਦਾ ਇਹਸਾਸ ਹੋਣਾ ਚਾਹੀਦਾ ਹੈ. ਅਗਰ ਹਿੰਦੂ ਸਾਨੂ ਹਜ਼ਮ ਕਰਣ ਦੀ ਆਪਣੀ ਖਾਹਿਸ਼ ਅਤੇ ਕੋਸ਼ਿਸ਼ ਨੂੰ ਛੱਡ ਦੇਣ ਤੇ, ਅਸੀਂ ਉਨ੍ਹਾਂ ਦੇ ਨਾਲ ਆਪਣੇ ਜੋੜ ਨੂੰ ਮਜਬੂਤ ਕਰਣ ਤੋਂ ਨਹੀਂ ਡਰਾਂਗੇ. ਪਰ ਗੁਜ਼ਰੇ ਦਿਨਾਂ ਦੇ ਦਸਤਾਵੇਜ਼ ਅਤੇ ਇਤਿਹਾਸ ਸਾਨੂ ਕੋਈ ਭਰੋਸਾ ਨਹੀਂ ਦੇਂਦਾ ਹੈ. ਸ਼ਾਨੂ ਖ਼ਬਰਦਾਰ ਰਹਿਣਾ ਪਏਗਾ.

ਕਾਂਗਰੇਸ ਸਾਡੀ ਹਮਦਰਦੀ ਅਤੇ ਸਾਥ ਹਾਸਲ ਕਰਣ ਲਈ ਮਜਬੂਰ ਹੈ, ਪਰ ਉਹ ਗੁਜ਼ਰੇ ਵਕਤ ਵਿੱਚ ਸਾਡੇ ਸੰਗਠਨ ਨੂੰ ਬਿਖੇਰਣ ਦੀ ਕੋਸ਼ਿਸ਼ ਕਰਦੀ ਸੀ ਅਤੇ ਆਉਣ ਵਾਲੇ ਵਕਤ ਤੇ ਵੀ ਕਰੇਗੀ. ਇਹ ਸਾਡੀ ਮੁਖ਼ਤਲਿਫ਼ ਸਿਆਸੀ ਮੌਜੂਦਗੀ ਨੂੰ ਨਹੀਂ ਮੱਨਦੀ ਹੈ ਕਿਉਂਕਿ ਅਸੂਲ ਦੇ ਮੁਤਾਬਕ ਅਸੀਂ ਇਨ੍ਹਾਂ ਦੇ ਖ਼ਿਲਾਫ਼ ਹਾਂ. ਅਤੇ ਇਸ ਨੂੰ ਜੇਹਨ ਵਿੱਚ ਰਖਣਾ ਪਏਗਾ ਕਿ ਕਾਂਗਰੇਸ ਅਤੇ ਹਿੰਦੂ ਸਾਡੀ ਅਲਗ ਸਿਆਸੀ ਪਛਾਣ ਨੂੰ ਤਬਾਹ ਕਰਣ ਦੀ ਕੋਸ਼ਿਸ਼ ਕਰਣਗੇ. ਪਿਛਲੇ ਇੱਤਖ਼ਾਬ ਤੇ ਇਸ ਲਈ ਇੰਤਹਾ ਕੋਸ਼ਿਸ਼ ਕੀਤੀ ਗਈ ਪਰ ਅਸੀਂ ਆਪਣੇ ਆਪ ਨੂੰ ਬਚਾ ਲੀਤਾ. ਅਗਰ ਪੰਜਾਬ ਲੇਜੀਸਲੇਟੀਵ ਅਸੈਮਬਲੀ ਤੇ ਚੁਣੇ ਗਏ ਸਿੱਖ, ਕਾਂਗਰੇਸ ਦੀ ਟਿਕਟ ਨਾਲ ਚੁਣੇ ਜਾਂਦੇ ਤੇ ਅਸੀਂ ਬਤੌਰ ਇੱਕ ਕੌਮ ਖ਼ਤਮ ਹੋ ਗਏ ਹੁੰਦੇ (Ibid: 141-2).

ਤਕਸੀਮ ਦੀ ਇਕਤੀਸਾਦੀ (ਆਰਥਿਕ) ਬੁਨਿਆਦ

ਜ਼ਫ਼ਰੁੱਲਾ ਖ਼ਾਨ ਨੇ ਮੁਸਲਿਮ ਲੀਗ ਦੇ ਨਜ਼ਰੀਐ ਨੂੰ ਪੇਸ਼ ਕੀਤਾ ਕਿ ਇੰਡੀਆ ਦੀ ਤਕਸੀਮ ਅਤੇ ਇਸ ਦੇ ਨਾਲ ਪੰਜਾਬ ਦੀ ਵੰਡ, ਦੀ ਅਸਲ ਵਜ੍ਹਾ, ਇੱਕ ਤਰਫ਼ ਅਮੀਰ ਹਿੰਦੂਆਂ ਅਤੇ ਸਿੱਖਾਂ ਅਤੇ ਦੂਜੀ ਤਰਫ਼ ਵਰਜ਼ਤ ਅਤੇ ਸਾਧਨਹੀਣ ਮੁਸਲਿਮਾਂ, ਦੇ ਵਿੱਚ ਮੌਜੂਦ ਆਰਥਿਕ ਫ਼ਰਕ ਅਤੇ ਕਮੀ-ਬੇਸ਼ੀ ਸੀ. ਬ੍ਰਿਟਿਸ਼ ਹਕੂਮਤ ਦੇ ਦੌਰਾਨ, ਹਿੰਦੂਆਂ ਅਤੇ ਸਿੱਖਾਂ ਦੁਆਰਾ ਮੁਸਲਿਮਾਂ ਦੇ ਆਰਥਿਕ ਸ਼ੋਸ਼ਣ ਨੇ ਮੁਸਲਿਮਾਂ ਵਿੱਚ, ਵਿਸਤਰਤ ਤੌਰ ਤੇ ਗਰੀਬੀ ਫੈਲਾ ਦਿੱਤੀ ਸੀ. ਹਾਲਾਂਕਿ 1900 ਦੇ ਪੰਜਾਬ ਲੈਂਡ ਐਲੀਏਨੇਸ਼ਨ ਐਕਟ ਨੇ ਮੁਸਲਿਮਾਂ ਦੀ ਖੇਤੀ-ਬਾੜੀ ਦੀ ਜਮੀਨ ਉੱਪਰ, ਹਿੰਦੂ ਅਤੇ ਸਿੱਖ ਸਾਹੂਕਾਰਾਂ ਦੁਆਰਾ ਕਬਜ਼ਾ ਕਰਣ ਉਪਰ ਰੋਕ ਲਗਾ ਦਿੱਤੀ ਸੀ, ਦੂਜੇ ਤੌਰ ਤਰੀਕੇ ਮੌਜੂਦ ਸਨ, ਜਿਸ ਦਾ ਇਸਤੇਮਾਲ ਕਰ ਕੇ ਕਰਜ਼ਈ ਮੁਸਲਿਮਾਂ ਨੂੰ ਉਨ੍ਹਾਂ ਦੀ ਜਮੀਨ ਤੋਂ ਗੈਰ-ਮੁਸਲਿਮ, ਬੇਗਾਨਾ ਕਰ ਦੇਂਦੇ ਸੀ (Ibid: 143).

ਜਿੱਥੇ ਤੱਕ ਵਾਹੀ ਕਰਣ ਵਾਲੇ ਦੀ ਜਮੀਨ ਅਤੇ ਮਿੱਟੀ ਨਾਲ ਲਗਾਉ ਦਾ ਸਵਾਲ ਹੈ, ਜ਼ਫ਼ਰੁੱਲਾ ਖ਼ਾਨ ਨੇ ਕਿਹਾ ਕਿ ਮੁਸਲਿਮ ਕਿਸਾਨ ਅਤੇ ਜਮੀਨਾਂ ਦੇ ਮਾਲਕ ਗੈਰ-ਮੁਸਲਿਮਾਂ ਤੋਂ ਤਦਾਦ ਵਿੱਚ ਬਹੁਤ ਜ਼ਿਆਦਾ ਨੇ ਅਤੇ ਉਹ ਇਸ ਜਮੀਨ ਨਾਲ ਉੱਨੇ ਹੀ ਜੁੜੇ ਹੋਏ ਸਨ, ਹਾਲਾਂਕਿ ਸਿੱਖਾਂ ਨੇ ਪੰਜਾਬ ਦੀ ਤਰੱਕੀ ਵਿੱਚ ਕਾਫ਼ੀ ਕੀਮਤੀ ਯੋਗਦਾਨ ਕੀਤਾ ਹੈ, ਪਰ ਉਹ ਪੰਜਾਬ ਦੀ ਆਬਾਦੀ ਦੇ ਆਪਣੀ ਫ਼ੀਸਦੀ ਦੇ ਨਿਸਬਤ ਦੇ ਮੁਤਾਬਕ ਬਹੁਤ ਜ਼ਿਆਦਾ ਜਮੀਨੀ ਜਾਇਦਾਦ ਦੇ ਮਾਲਕ ਸਨ. ਮੁਸਲਿਮ, ਆਮ ਤੌਰ ਤੇ, ਸਿੱਖਾਂ ਦੇ ਮੁਕਾਬਲੇ, ਜਮੀਨ ਦੇ ਛੋਟੇ ਟੁਕੜੇਆਂ ਦੇ ਮਾਲਕ ਸਨ, ਪਰ ਉਨ੍ਹਾਂ ਦੀ ਕੁੱਲ ਆਬਾਦੀ ਬਹੁਤ ਜ਼ਿਆਦਾ ਸੀ (Ibid: 143-4).

ਨਹਿਰੀ ਕਲੋਨੀਆਂ (ਕੈਨਲ ਕੋਲੋਨੀਸ)

ਨਹਿਰੀ ਕਲੋਨੀਆਂ ਉਪਰ ਟਿੱਪਣੀ ਕਰਦੇ ਹੋਏ, ਮੁਸਲਿਮ ਲੀਗ ਦੇ ਵਕੀਲ ਨੇ ਦਾਅਵਾ ਕੀਤਾ ਕਿ ਉਹ ਜਮੀਨ ਪਹਿਲਾਂ ਮੁਸਲਿਮ ਬੰਜਾਰੇ ਅਤੇ ਚਰਵਾਹਾਂ ਦੀ ਮਾਤ ਭੂਮੀ ਸੀ. ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਬ੍ਰਿਟਿਸ਼ ਤਾਜ ਨੇ ਨਹਿਰੀ ਕਲੋਨੀਆਂ ਦੇ ਜਿਸ ਇਲਾਕੇ ਦੀ ਤਕਸੀਮ ਕੀਤੀ ਸੀ, ਉਸ ਵਿੱਚ ਵੀ ਮੁਸਲਿਮ ਇੱਕ ਮਜਾਰਿਟੀ ਵਿੱਚ ਸਨ. ਅਤੇ, ਲਾਇਲਪੁਰ, ਮਿੰਟਗੋਮਰੀ, ਮੁਲਤਾਨ, ਸ਼ੇਖੁਪੂਰਾ, ਝੰਗ, ਸ਼ਾਹਪੂਰ ਅਤੇ ਗੁਜਰਾਤ ਕਲੋਨੀਆਂ ਤੇ, ਕੁੱਲ ਮਿਲਾ ਕੇ, 4,299,663 ਏਕੜ ਜਮੀਨ ਵੰਡੀ ਗਈ ਸੀ. ਇਸ ਦੇ ਵਿੱਚ, ਵਾਹੁਣ ਵਾਲੀ ਜਮੀਨ ਦੀ ਮਲਕੀਅਤ ਇਸ ਤਰ੍ਹਾਂ ਸੀ: ਮੁਸਲਿਮ 2,740,814 ਏਕੜ, ਹਿੰਦੂ 379,001 ਏਕੜ, ਸਿੱਖ 1,146,432 ਏਕੜ, ਇਸਾਈ 22,786 ਏਕੜ ਅਤੇ ਦੂਜੇ 10,635 ਏਕੜ. ਨਿਸਬਤ ਦੇ ਮੁਤਾਬਕ ਇਹ ਸੀ: ਮੁਸਲਿਮ 64 ਫ਼ੀਸਦੀ; ਹਿੰਦੂ 9 ਫ਼ੀਸਦੀ; ਸਿੱਖ 26 ਫ਼ੀਸਦੀ; ਅਤੇ ਇਸਾਈ ਹੋਰ ਦੂਜੇ 1 ਫ਼ੀਸਦੀ (Ibid.).

ਜਿੱਥੇ ਤਕ, ਲਾਇਲਪੁਰ ਜ਼ਿਲ੍ਹੇ ਦਾ ਸਵਾਲ ਹੈ ਜਿਸ ਦੀ ਤਰੱਕੀ ਬਾਰੇ ਸਿੱਖਾਂ ਦੇ ਯੋਗਦਾਨ ਬਾਰੇ ਦੂਜੀ ਤਰਫ਼ੋਂ ਬਹੁਤ ਜ਼ਿਆਦਾ ਜ਼ੋਰ ਦੇ ਕੇ ਕਿਹਾ ਗਿਆ ਹੈ, ਖ਼ਾਨ ਨੇ ਗੌਰ ਕੀਤਾ ਕਿ ਕਿ ਲਾਇਲਪੁਰ ਵਿੱਚ ਮੁਸਲਿਮ, ਆਬਾਦੀ ਦੇ 62.8 ਫ਼ੀਸਦੀ ਸਨ, ਉਹ 62 ਫ਼ੀਸਦੀ ਜਮੀਨ ਦੇ ਮਾਲਕ ਸਨ; ਮਾਲ ਗੁਜਾਰੀ ਦਾ 57 ਫ਼ੀਸਦੀ ਉਹ ਅਦਾ ਕਰਦੇ ਸੀ ਅਤੇ ਜ਼ਿਲ੍ਹੇ ਦੇ ਮਾਲਕਾਂ ਦੇ 69 ਫ਼ੀਸਦੀ ਸਨ. ਇਸ ਦੇ ਇਲਾਵਾ, ਮੁਸਲਿਮ ਅਰਾਇਨਾਂ ਨੇ ਵੀ ਖੇਤੀ-ਬਾੜੀ ਦੀ ਪੈਦਾਵਾਰ ਵਿੱਚ ਵੀ ਯੋਗਦਾਨ ਦਿੱਤੇ ਸਨ, ਸਿੱਖ ਜੱਟਾ ਨੇ ਇਕੱਲੇ ਇਹ ਸਭ ਨਹੀਂ ਕੀਤਾ ਸੀ (Ibid.).

ਦਾਅਵੇਆਂ ਦੀ ਬੁਨਿਆਦ ਜੁੜਿਆਂ ਹੋਇਆਂ ਤਹਸੀਲਾਂ ਹੋਣੀ ਚਾਹੀਦੀਆਂ ਨੇ

ਜ਼ਫ਼ਰੁੱਲਾ ਖ਼ਾਨ ਨੇ ਦਾਅਵਾ ਕੀਤਾ ਕਿ ਮੁਸਲਿਮ ਅਤੇ ਗੈਰ-ਮੁਸਲਿਮ ਇਲਾਕਿਆਂ ਦੇ ਫ਼ੈਸਲਾ ਕਰਣ ਦੀ ਇਕਾਈ, ਤਹਸੀਲ ਹੋਣੀ ਚਾਹੀਦੀ ਸੀ ਕਿਉਂਕਿ, ਪੰਜਾਬ ਦੇ ਇਤਿਹਾਸ ਵਿੱਚ ਇਹ ਹਮੇਸ਼ਾ ਇੱਤਜ਼ਾਮਿਆ ਅਤੇ ਲਗਾਨ ਦੀ ਇੱਕ ਇਕਾਈ ਤੇ ਤੌਰ ਤੇ ਮੌਜੂਦ ਰਹੀ ਸੀ. ਦੂਜੀ ਤਰਫ਼, ਨਵੇਂ ਜ਼ਿਲ੍ਹੇ ਬਣਾਏ ਗਏ ਨੇ ਅਤੇ ਪੁਰਾਣੇ ਗਾਇਬ ਹੋ ਗਏ ਨੇ. ਤਹਸੀਲ ਤੋਂ ਛੋਟੀ ਕੋਈ ਇਕਾਈ ਜੈਦਾਂ ਕਿ ਪਿੰਡ ਜਾਂ ਜ਼ੈਲ ਜਾਂ ਪੁਲਿਸ ਥਾਨਾ ਫ਼ਾਇਦੇਮੰਦ ਨਹੀਂ ਹੋਵੇਗਾ, ਕਿਉਂਕਿ ਉਹ ਇੱਕ ਦੂਜੇ ਉਪਰ ਚੜ੍ਹਣ ਦਾ ਰੂਖ ਕਰਦੇ ਸੀ ਹੋਰ ਕਦੀ ਕਦੀ ਉਨ੍ਹਾਂ ਦੀ ਘੱਟ-ਵੱਧ ਕੀਤੀ ਜਾਂਦੀ ਸੀ (Ibid: 139). ਅਤੇ ਅਗਰ ਤਹਸੀਲ ਨੂੰ ਜੁੜੇ ਇਲਾਕਿਆਂ ਦੀ ਹਦਬੰਦੀ ਲਈ, ਇੱਕ ਇਕਾਈ ਦੇ ਤੌਰ ਤੇ ਮੱਨ ਲੀਤਾ ਜਾਉਂਦਾ ਸੀ, ਤੇ ਪਤਾ ਚਲਦਾ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਸਿਰਫ਼ ਪਠਾਨਕੋਟ ਤਹਸੀਲ ਤੇ ਗੈਰ-ਮੁਸਲਿਮ ਮਜਾਰਿਟੀ ਸੀ. ਦੂਜੀ ਤਰਫ਼, ਸ਼ਕਰਗੜ, ਗੁਰਦਾਸਪੁਰ ਅਤੇ ਬਟਾਲਾ ਤਹਸੀਲਾਂ ਤੇ ਮੁਸਲਿਮ ਮਜਾਰਿਟੀ ਵਿੱਚ ਸਨ. ਉਸੇ ਤਰ੍ਹਾਂ, ਅੱਮ੍ਰਿਤਸਰ ਦੀ ਅਜਨਾਲਾ ਤਹਸੀਲ ਤੇ ਮੁਸਲਿਮ ਇੱਕ ਮਜਾਰਿਟੀ ਵਿੱਚ ਸਨ. ਜਲੰਧਰ ਜ਼ਿਲ੍ਹੇ ਤੇ, ਮੁਸਲਿਮ ਜਲੰਧਰ ਅਤੇ ਨਕੋਦਰ ਤਹਸੀਲਾਂ ਵਿੱਚ ਇੱਕ ਮਜਾਰਿਟੀ ਵਿੱਚ ਸਨ. ਫ਼ੀਰੋਜ਼ਪੁਰ ਜ਼ਿਲ੍ਹੇ ਤੇ, ਮੁਸਲਿਮ ਫ਼ੀਰੋਜ਼ਪੁਰ ਅਤੇ ਜ਼ੀਰਾ ਤਹਸੀਲਾਂ ਵਿੱਚ ਇੱਕ ਮਜਾਰਿਟੀ ਵੱਚ ਸਨ. ਇੰਨ ਸਾਰੀ ਤਹਸੀਲਾਂ ਨੂੰ ਪਛੱਮ ਪੰਜਾਬ ਨਾਲ ਜੋੜਣ ਨਾਲ, ਜੁੜੇ ਹੋਏ ਇਲਾਕਿਆਂ ਦਾ ਅਸੂਲ ਠੀਕ ਬੈਠਦਾ ਸੀ (Ibid.).

ਖ਼ਾਨ ਨੇ ਗੌਰ ਕੀਤਾ ਕਿ ਕਾਂਗਰੇਸ ਅਤੇ ਸਿੱਖਾਂ ਨੇ ਅੰਤਰਰਾਸ਼ਟਰੀ ਸਰਹੱਦ ਦੀ ਹਦਬੰਦੀ ਚਨਾਬ ਤੱਕ ਕਰਣ ਦੀ ਪੇਸ਼ਕਸ਼ ਕੀਤੀ ਹੈ ਜੋ ਪਾਕਿਸਤਾਨ ਨੂੰ, ਕਿਸੇ ਇੰਡੀਅਨ ਹਮਲੇ ਦੇ ਖ਼ਿਲਾਫ਼, ਬੇਹਦ ਕਮਜ਼ੋਰ

ਕਰ ਦੇਗੀ. ਪਾਕਿਸਤਾਨ ਦੀ ਹਿਫ਼ਾਜ਼ਤ ਦੀ ਇੱਕ ਜ਼ਰੂਰਤ ਸੀ ਕਿ ਇਸ ਦੇ ਮੁੱਖ ਆਵਾ-ਜਾਈ ਦੀ ਲਾਈਨਾਂ ਅਤੇ ਸ਼ਹਿਰ, ਦੂਜੀ ਤਰਫ਼ੋਂ ਆਸਾਨੀ ਨਾਲ ਕੀਤੇ ਗਏ ਹਮਲੇ ਤੋਂ ਮਹਿਫ਼ੂਜ਼ ਰਹਿਣ. ਪਛੱਮ ਪੰਜਾਬ ਦੇ ਮੁਸਲਿਮ ਪ੍ਰਧਾਨ ਇਲਾਕਿਆਂ ਦੀ ਹਿਫ਼ਾਜ਼ਤ ਲਈ, ਇਹ ਜ਼ਰੂਰੀ ਸੀ ਕਿ ਸਰਹੱਦ ਦਰਿਆ ਸਤਲੂਜ ਹੋਵੇ (Ibid:140).

ਅੱਮ੍ਰਿਤਸਰ ਨੂੰ ਪਾਕਿਸਤਾਨ ਵਿੱਚ ਹੋਣਾ ਚਾਹੀਦਾ ਹੈ

ਹਾਲਾਂਕਿ ਲਾਹੌਰ ਅਤੇ ਗੁਰਦਾਸਪੁਰ ਮੁਸਲਿਮ ਮਜਾਰਿਟੀ ਵਾਲੇ ਇਲਾਕੇ ਸੀ ਅਤੇ 'ਕਾਲਪਨਿਕ ਵੰਡ' ਦੇ ਦੌਰਾਨ ਉਨ੍ਹਾਂ ਨੂੰ ਪਛੱਮ ਪੰਜਾਬ ਵਿੱਚ ਰਖਿਆ ਗਿਆ ਸੀ, ਗੈਰ-ਮੁਸਲਿਮ ਮਜਾਰਿਟੀ ਵਾਲੇ ਲਾਹੌਰ ਡਿਵੀਜ਼ਨ ਦੇ ਅੱਮ੍ਰਿਤਸਰ ਜ਼ਿਲ੍ਹਾ ਇਸ ਤੋਂ ਬਾਹਰ ਸੀ. ਖ਼ਾਨ ਨੇ ਅੱਮ੍ਰਿਤਸਰ ਨੂੰ ਪਾਕਿਸਤਾਨ ਵਿੱਚ ਰਖਣ ਲਈ ਦੋ ਦਲੀਲਾਂ ਦਿੱਤੀਆਂ.

ਪਹਿਲੀ ਇਹ ਕਿ, ਲਾਹੌਰ, ਅੱਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਜੁੜੇ ਹੋਏ ਸਨ ਅਤੇ ਇਸ ਦੀ ਕੁੱਲ ਆਬਾਦੀ 4,262,762 ਸੀ. ਇਸ ਵਿੱਚ 2,275,390 ਮੁਸਲਿਮ ਸਨ, ਜਿਸ ਦਾ ਮਤਲਬ ਇਹ ਹੈ ਕਿ ਮੁਸਲਿਮਾਂ ਦੀ 288,018 ਦੀ ਮਜਾਰਿਟੀ ਸੀ. ਅਤੇ, ਇਨ੍ਹਾਂ ਨੂੰ ਪਾਕਿਸਤਾਨ ਨੂੰ ਦੇਣਾ ਚਾਹੀਦਾ ਸੀ (Ibid:145).

ਦੂਜੀ ਇਹ ਕਿ, ਹਾਲਾਂਕਿ ਅੱਮ੍ਰਿਤਸਰ ਜ਼ਿਲ੍ਹੇ ਦੀ ਅੱਮ੍ਰਿਤਸਰ ਅਤੇ ਤਰਨ ਤਾਰਨ ਤਹਸੀਲਾਂ ਵਿੱਚ ਗੈਰ-ਮੁਸਲਿਮ ਬਹੁਸੰਖਅਕ ਸਨ, ਉਨ੍ਹਾਂ ਦੇ ਚਾਰੇ ਪਾਸੇ ਮੁਸਲਿਮ ਮਜਾਰਿਟੀ ਵਾਲੀ ਤਹਸੀਲਾਂ ਸੀ (ਪਛੱਮ ਵਿੱਚ ਅੱਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਸੀਲ, ਦਖੱਣ ਤੇ ਫ਼ੀਰੋਜ਼ਪੁਰ ਜ਼ਿਲ੍ਹੇ ਦੀ ਫ਼ੀਰੋਜ਼ਪੁਰ ਅਤੇ ਜ਼ੀਰਾ ਤਹਸੀਲਾਂ, ਪੂਰਬ ਤੇ ਮੁਸਲਿਮ ਮਜਾਰਿਟੀ ਵਾਲੀ ਕਪੂਰਥਲਾ ਰਿਆਸਤ ਅਤੇ ਉੱਤਰ ਤੇ ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਅਤੇ ਗੁਰਦਾਸਪੁਰ ਤਹਸੀਲਾਂ) ਅਤੇ ਉਹ ਪੂਰਬੀ ਪੰਜਾਬ ਨਾਲ ਜੁੜਿਆਂ ਨਹੀਂ ਸਨ. ਉਸੇ ਤਰ੍ਹਾਂ, ਫ਼ੀਰੋਜ਼ਪੁਰ, ਝਿਰਕਾ ਅਤੇ ਨੁਹ ਤਹਸੀਲਾਂ, ਗੈਰ-ਮੁਸਲਿਮ ਮਜਾਰਿਟੀ ਵਾਲੇ ਅੰਬਾਲਾ ਡਿਵੀਜ਼ਨ ਦੇ ਗੁੜਗਾਂਉ ਜ਼ਿਲ੍ਹੇ ਤੇ ਮੁਸਲਿਮ ਪ੍ਰਧਾਨ ਸਨ ਅਤੇ ਉਨ੍ਹਾਂ ਨੂੰ ਪਛੱਮ ਪੰਜਾਬ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ ਕਿਉਂਕਿ ਉਹ ਮੁਸਲਿਮ ਮਜਾਰਿਟੀ ਵਾਲੇ ਇਲਾਕਿਆਂ ਨਾਲ ਜੁੜੇ ਹੋਏ ਨਹੀਂ ਸਨ. ਮੁਸਲਿਮਾਂ ਨੂੰ ਇਸ ਕਰ ਕੇ, ਇਹ ਮੱਨ ਲੈਣਾ ਚਾਹੀਦਾ ਹੈ ਕਿ ਫ਼ੀਰੋਜ਼ਪੁਰ, ਝਿਰਕਾ ਅਤੇ ਨੁਹ ਤਹਸੀਲਾਂ ਪੂਰਬੀ ਪੰਜਾਬ ਵਿੱਚ ਰਹਿਣਗਿਆਂ ਅਤੇ ਗੈਰ-ਮੁਸਲਿਮਾਂ ਨੂੰ ਇਹ ਮੱਨ ਲੈਣਾ ਚਾਹੀਦਾ ਹੈ ਕਿ ਅੱਮ੍ਰਿਤਸਰ ਅਤੇ ਤਰਨ ਤਾਰਨ ਤਹਸੀਲਾਂ ਪਛੱਮ ਪੰਜਾਬ ਵਿੱਚ ਰਹਿ ਜਾਣਗਿਆਂ (Ibid.).

'ਦੂਜੀ ਵਜ੍ਹਾਂ' ਦੀ ਬੁਨਿਆਦ ਤੇ ਪਠਾਨਕੋਟ ਤਹਸੀਲ ਦੇ ਹਿੱਸੇਆਂ ਉਪਰ ਦਾਅਵਾ

ਤਹਸੀਲ ਦਾਅਵੇ ਦੀ ਬੁਨਿਆਦੀ ਤੌਰ ਤੇ ਇੱਕ ਇਕਾਈ ਹੋਵੇ, ਮੁਸਲਿਮ ਲੀਗ ਇਸ ਅਸੂਲ, ਤੋਂ ਹੱਟ ਗਈ ਜਦ ਖ਼ਾਨ ਨੇ 'ਦੂਜੀ ਵਜ੍ਹਾਂ' ਦੀ ਬੁਨਿਆਦ ਤੇ ਦਲੀਲ ਦਿੱਤੀ ਕਿ ਗੈਰ-ਮੁਸਲਿਮ ਮਜਾਰਿਟੀ ਵਾਲੀ ਪਠਾਨਕੋਟ ਤਹਸੀਲ ਨੂੰ ਪਛੱਮ ਪੰਜਾਬ ਵਿੱਚ ਸ਼ਾਮਲ ਕੀਤਾ ਜਾਵੇ:

> ਅੱਪਰ ਬਾਰੀ ਦੋਆਬ ਪ੍ਰਣਾਲੀ ਦਾ ਕਨਾਲ ਹੇਡਵਰਕਸ ਗੁਰਦਾਸਪੁਰ ਜ਼ਿਲ੍ਹੇ ਦੀ ਪਠਾਨਕੋਟ ਤਹਸੀਲ ਦੇ ਮਾਧੋਪੁਰ ਦੇ ਗੈਰ-ਮੁਸਲਿਮ ਮਜਾਰਿਟੀ ਵਾਲੇ ਇਲਾਕੇ ਤੇ ਸ਼ਥਿਤ ਹੈ...ਅੱਪਰ ਬਾਰੀ ਦੋਆਬ ਦੀ ਪੂਰੀ ਆਬਪਾਸ਼ੀ ਦੀ ਵਿਵਸਥਾ ਉਣ ਇਲਾਕਿਆਂ ਦੀ ਸੇਵਾ ਕਰਦੀ ਹੈ, ਜੋ ਪਛੱਮ ਪੰਜਾਬ ਵਿੱਚ ਸ਼ਾਮਲ ਹੋਣਗੇ ਪਰ ਹੇਡਵਰਕਸ ਅਤੇ ਕਨਾਲ ਦੀ ਕੁੱਝ ਮੀਲਾਂ ਦੀ ਲੰਬਾਈ ਪੂਰਬੀ ਪੰਜਾਬ ਵਿੱਚ ਰਹੇਗੀ...ਅਤੇ ਗੁਜ਼ਾਰਸ਼ ਹੈ ਕਿ ...ਪਛੱਮ ਪੰਜਾਬ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੀ ਪਠਾਨਕੋਟ ਤਹਸੀਲ ਦਾ ਉਹ ਹਿੱਸਾ ਸ਼ਾਮਲ ਕੀਤਾ ਜਾਵੇ, ਜੋ ਮਾਧੋਪੁਰ ਦੇ ਦੋ ਮੀਲ ਉਪਰ ਤੋਂ ਲੈ ਕੇ ਅੱਪਰ ਬਾਰੀ ਦੋਆਬ ਦੇ ਪੂਰਬ ਤੱਕ ਜਿੱਥੇ ਪਠਾਨਕੋਟ ਤਹਸੀਲ, ਗੁਰਦਾਸਪੁਰ ਤਹਸੀਲ ਨਾਲ ਆ ਕੇ ਮਿਲਦੀ ਹੈ, ਇੱਕ ਖਿੱਚੀ ਗਈ ਰੇਖਾ ਦੇ ਪੱਛੱਮ ਤੇ ਹੋਵੇ (Ibid.).

ਪਛੱਮ ਪੰਜਾਬ ਲਈ ਮੁਸਲਿਮ ਲੀਗ ਦੁਆਰਾ ਦਾਅਵੇ ਕੀਤੇ ਗਏ ਇਲਾਕੇ

ਕਾਂਗਰੇਸ ਅਤੇ ਸਿੱਖਾਂ ਦੇ ਦਾਅਵੇਆਂ ਤੋਂ ਮੁਖ਼ਤਲਿਫ਼ ਜਿਨ੍ਹਾਂ ਨੂੰ ਸਾਫ਼ ਤੌਰ ਤੇ, ਮੰਂਗ ਪੱਤਰਾਂ ਦੇ ਅਖਿਰ ਤੇ ਇੱਕ ਫ਼ਹਿਰਸਿਤ ਬਣਾ ਕੇ ਦੱਸਿਆ ਗਿਆ ਸੀ, ਮੁਸਲਿਮ ਲੀਗ ਨੇ ਨਾ ਤੇ ਮੰਗ ਪੱਤਰ ਤੇ ਅਤੇ ਨਾ ਹੀ ਜ਼ਬਾਨੀ ਪੇਸ਼ਕਸ਼ ਤੇ, ਇਹ ਰੂਖ਼ ਅਖਤਿਆਰ ਕੀਤਾ. ਇਸ ਦੇ ਬਦਲੇ, ਆਪਣੇ ਦਾਅਵੇਆਂ ਦੀ ਪੇਸ਼ਕਸ਼ ਕਈ ਪੈਰਾਗ੍ਰਾਫਾਂ ਦੀ ਮਦਦ ਨਾਲ ਕੀਤੀ. ਜ਼ਫ਼ੱਰੁਲਾ ਖ਼ਾਨ ਨੇ ਦਾਅਵਾ ਕੀਤਾ ਕਿ ਸੂਬੇ ਦੀ ਦੋ ਹਿੱਸੇਆਂ ਦੀ 'ਕਾਲਪਨਿਕ ਵੰਡ' ਦੀ ਬੁਨਿਆਦ ਤੇ, ਪਛੱਮ ਪੰਜਾਬ ਦੇ ਸਤਾਰਾਂ ਜ਼ਿਲ੍ਹਾਂ ਤੇ ਪਠਾਨਕੋਟ ਤਹਸੀਲ ਨੂੰ ਛੱਡ ਕੇ, ਮੁਸਲਿਮਾਂ ਦੀ ਹਰ ਤਹਸੀਲ ਤੇ ਮਜਾਰਿਟੀ ਸੀ. ਇਸ ਕਰ ਕੇ ਇਣ ਸਭ ਨੂੰ ਪਾਕਿਸਤਾਨ ਤੇ ਸ਼ਾਮਲ ਕਰਨਾ ਚਾਹੀਦਾ ਸੀ. ਉਨ੍ਹਾਂ ਨੇ 'ਦੂਜੀ ਵਜ੍ਹਾਂ' ਦੇ ਤਹਿਤ ਪਠਾਨਕੋਟ ਤਹਸੀਲ ਦੀ ਵੀ ਮੰਗ ਕੀਤੀ ਕਿਉਂਕਿ ਇਹ ਪਛਮ ਪੰਜਾਬ ਨੂੰ ਪਾਣੀ ਦੇਣ ਲਈ ਬਹੁਤ ਜ਼ਰੂਰੀ ਸੀ. ਇਸ ਦੇ ਇਲਾਵਾ, ਪੂਰਬੀ ਪੰਜਾਬ ਦੇ ਗੈਰ-ਮੁਸਲਿਮ ਜ਼ਿਲ੍ਹਾਂ ਤੋਂ ਫਾਜ਼ਿਲਕਾ, ਮੁਕਤਸਰ, ਹੁਸ਼ਿਆਰਪੁਰ, ਜਗਰਾਉਂ, ਲੁਧਿਆਣਾ, ਸਮਰਾਲਾ, ਰੁਪਰ, ਉਨਾ, ਮੋਗਾ, ਗੜਸ਼ੰਕਰ, ਨਵਾਂਸ਼ਹਿਰ ਅਤੇ ਫਿਲੋਰ ਦੇ ਮੁਸਲਿਮ ਪ੍ਰਧਾਨ ਹਿੱਸੇਆਂ ਉਪਰ ਦਾਅਵਾ ਕੀਤਾ ਗਿਆ, ਕਿਉਂਕਿ ਉਹ ਗੁਰਦਾਸਪੁਰ, ਲਾਹੌਰ ਅਤੇ ਮਿੰਟਗੋਮਰੀ ਦੇ ਮੁਸਲਿਮ ਪ੍ਰਧਾਨ ਇਲਾਕਿਆਂ ਨਾਲ ਜੁੜੇ ਹੋਏ ਸੀ. ਹੁਸ਼ਿਆਰਪੁਰ ਦੀ ਦਸੂਆ ਤਹਸੀਲ ਉਪਰ ਦਾਅਵਾ ਇਸ ਲਈ ਕੀਤਾ ਗਿਆ ਕਿਉਂਕਿ ਉਥੇ ਇੱਕ ਮੁਸਲਿਮ-ਇਸਾਈ ਮਜਾਰਿਟੀ ਸੀ. ਜ਼ਫ਼ਰੁੱਲਾ ਨੇ ਮਿਣਤ ਕੀਤੀ ਕਿ ਇਸਾਈ (*ਅਹਲ-ਏ-ਕਿਤਾਬ*) ਪਾਕਿਸਤਾਨ ਤੇ ਰਹਿਣਾ ਪਸੰਦ ਕਰਣਗੇ ਨਾ ਕਿ ਇੰਡੀਆ ਤੇ. ਇਸ ਤਰ੍ਹਾਂ ਵਧਦੇ ਹੋਏ, ਮੁਸਲਿਮ ਲੀਗ ਦਾ ਦਾਅਵਾ ਸਤਲੁਜ ਦਰਿਆ ਦੀ ਘਾਟੀ ਤੱਕ ਪਹੁੰਚ ਗਿਆ (Ibid: 146).

ਜ਼ਫ਼ਰੁੱਲਾ ਖ਼ਾਨ ਨੇ ਕਾਂਗਰੇਸ-ਸਿੱਖ ਦੀ ਇਸ ਥੀਸਸ (ਮਾਣਤਾ) ਨੂੰ ਖ਼ਾਰਿਜ਼ ਕੀਤਾ ਕਿ ਤਕਸੀਮ ਦੇ ਨਾਲ, ਜ਼ਰੂਰੀ ਤੌਰ ਤੇ ਪੰਜਾਬ ਦੀ ਸਰਹੱਦਾਂ ਦੇ ਇਧਰ-ਉਧਰ ਇੱਕ ਵੱਡੀ ਆਬਾਦੀ ਦੀ ਆਵਾ-ਜਾਈ ਹੋਵੇਗੀ. ਅਗਰ ਇਹ ਹੁੰਦਾ ਵੀ ਹੈ ਤੇ, ਪੂਰਬੀ ਪੰਜਾਬ ਦੀ ਤਰਫ਼ ਜਾਣ ਵਾਲੇ ਹਿੰਦੂਆਂ ਅਤੇ ਸਿੱਖਾ ਦੇ ਮੁਕਾਬਲੇ, ਪੰਜਾਬ ਦੇ ਪੂਰਬੀ ਹਿੱਸੇ ਨੂੰ ਛੱਡਣ ਵਾਲੇ ਮੁਸਲਿਮਾਂ ਦੀ ਤਦਾਦ ਜ਼ਿਆਦਾ ਹੋਵੇਗੀ (Ibid: 472-3). ਯਾਦ ਪੱਤਰ ਤੇ ਇਹ ਦਾਅਵਾ ਕੀਤਾ ਗਿਆ ਕਿ ਅਗਰ ਮੁਸਲਿਮ ਲੀਗ ਦੇ ਸੁਝਾਉ ਦੇ ਹਿਸਾਬ ਨਾਲ ਪੰਜਾਬ ਦੀ ਤਕਸੀਮ ਕੀਤੀ ਜਾਂਦੀ ਹੈ ਤੇ ਇਸ ਦਾ ਮਤਲਬ ਇਹ ਹੋਵੇਗਾ ਪਛੱਮ ਪੰਜਾਬ ਵਿੱਚ ਕੁੱਲ 20,427,946 ਦੀ ਆਬਾਦੀ ਵਿੱਚ 69.86 ਫ਼ੀਸਦੀ ਮੁਸਲਿਮ, 12.75 ਫ਼ੀਸਦੀ ਸਿੱਖ; 12.24 ਫ਼ੀਸਦੀ ਉੱਚੀ ਜਾਤੀ ਦੇ ਹਿੰਦੂ; 2.68

ਫ਼ੀਸਦੀ ਸਿਡਊਲਡ ਕਾਸਟ ਅਤੇ ਅਧਰਮੀ; ਅਤੇ 2.47 ਫ਼ੀਸਦੀ ਇਸਾਈ ਅਤੇ ਦੂਜੇ ਹੋਣਗੇ (Ibid.). ਅਤੇ, ਮੁਸਲਿਮ ਲੀਗ ਦਾ ਇਹ ਦਾਅਵਾ ਕਿ ਦਰਿਆ ਸਤਲੁਜ ਨੂੰ ਸਰਹੱਦ ਬਣਾਇਆ ਜਾਵੇ, ਪੂਰੀ ਤਰ੍ਹਾਂ ਮਾਕੂਲ ਹੈ.

ਛੋਟੇ ਸਮੂਹਾਂ ਦੀ ਦਲੀਲਾਂ

ਸ੍ਰੀ ਬਨਰਜੀ, ਜੋ *ਨੈਸ਼ਨਲ ਕ੍ਰਿਸਚਿਅਨ ਐਸੋਸਿਐਸ਼ਨ* ਦੀ ਨੁਮਾਇੰਦਗੀ ਕਰ ਰਹੇ ਸੀ, ਦਲੀਲ ਦਿੱਤੀ ਕਿ 'ਕਾਲਪਨਿਕ ਵੰਡ' ਦੇ ਮੁਤਾਬਕ, ਜ਼ਿਆਦਾਤਰ ਇਸਾਈ ਪਛੱਮ ਪੰਜਾਬ ਵਿੱਚ ਸਥਾਪਤ ਹੋਣਗੇ. ਪਰ, ਚੂੰਕਿ ਇਸਾਈ ਸਮੁੱਚੇ ਇੰਡੀਆ ਵਿੱਚ ਸੰਗਠਤ ਸੀ, ਉਹ ਚਾਹੁੰਦੇ ਨੇ ਕਿ ਇਹ ਇਲਾਕੇ ਇੰਡੀਆ ਵਿੱਚ ਸ਼ਾਮਲ ਕੀਤੇ ਜਾਂਦੇ. ਇਸਾਇਆਂ ਦੇ ਨੁਮਾਇੰਦੇ ਦੇ ਤੌਰ ਤੇ, ਉਸ ਦੀ ਪਛਾਣ ਨੂੰ ਐਸ.ਜੀ.ਦੱਤਾ ਨੇ ਚੁਣੌਤੀ ਦਿੱਤੀ, ਜੋ ਆਪਣੇ ਆਪ ਨੂੰ *ਪੰਜਾਬ ਕ੍ਰਿਸਚਿਅਨ ਲੀਗ* ਦਾ ਆਗੂ ਹੋਣ ਦਾ ਦਾਅਵਾ ਕਰ ਰਹੇ ਸੀ. ਬਦਰੀ ਦਾਸ (ਸਿਡਊਲਡ ਕਾਸਟਾਂ ਦੀ ਨੁਮਾਇੰਦਗੀ ਕਰ ਰਹੇ ਸੀ) ਨੇ ਦਾਅਵਾ ਕੀਤਾ ਕਿ ਉਸ ਨੂੰ ਪੰਜਾਬ ਅਸੈਮਬਲੀ ਦੇ ਅੱਠ *ਸਿਡਊਲਡ ਕਾਸਟ* ਸਦੱਸਾਂ ਅਤੇ *ਕਨਸਟੀਚਯੂਐਂਟ ਅਸੈਮਬਲੀ* ਦੇ ਦੋ ਸਦੱਸਾਂ ਦਾ ਸ਼ਾਥ ਹਾਸਲ ਸੀ, ਅਤੇ ਜ਼ੋਰ ਦੇ ਕੇ ਕਿਹਾ ਕਿ ਸਿਡਊਲਡ ਕਾਸਟ ਆਪਣੇ ਆਪ ਨੂੰ ਹਿੰਦੂ ਸਮਾਜ ਦਾ ਇੱਕ ਹਿੱਸਾ ਮੱਨਦੇ ਸੀ ਅਤੇ ਉਹ ਇੰਡੀਆ ਦਾ ਸਾਥ ਦੇਣਗੇ. ਦਰਬਾਰਾ ਸਿੰਘ ਨੇ ਦਲੀਲ ਦਿੱਤੀ ਕਿ ਮਜ਼ਹਬੀ ਅਤੇ ਰਾਮਦਾਸੀਆ ਸਿੱਖ (ਦਲਿਤ ਸਿੱਖ) ਆਪਣੇ ਆਪ ਨੂੰ ਸਿੱਖ ਸਮਾਜ ਦਾ ਅਟੁੱਟ ਹਿੱਸਾ ਮੱਨਦੇ ਸੀ. ਅਤੇ ਇਣ ਇਲਾਕਿਆਂ ਨੂੰ ਪੂਰਬੀ ਪੰਜਾਬ ਵਿੱਚ ਸਾਮਲ ਕਰਨਾ ਚਾਹੀਦਾ ਹੈ (Ibid: 147).

ਪੰਜਾਬ ਦੇ ਮਸ਼ਹੂਰ ਇਸਾਈ ਆਗੂ ਐਸ.ਪੀ.ਸੰਘਾ (ਜਾਇਨਟ ਕ੍ਰਿਸਚਿਅਨ ਬੋਰਡ ਦੇ ਨੁਮਾਇੰਦਾ), ਨੇ ਦਾਅਵਾ ਕੀਤਾ ਕਿ *ਨੈਸ਼ਨਲ ਕ੍ਰਿਸਚਿਅਨ ਐਸੋਸਿਐਸ਼ਨ* ਨਾਂਅ ਦੀ ਕੋਈ ਚੀਜ ਨਹੀਂ ਸੀ, ਅਤੇ ਬਨਰਜੀ ਨੂੰ ਇਸਾਈਆਂ ਦੀ ਨੁਮਾਇੰਦਗੀ ਕਰਣ ਦਾ ਕੋਈ ਹੱਕ ਨਹੀਂ ਸੀ. ਪ੍ਰਮੁੱਖ ਇਸਾਈ ਲੋਕਾਂ ਦੀ ਇੱਕ ਲੰਬੀ ਫ਼ਹਿਰਿਸਤ ਦਾ ਹਵਾਲਾ ਦੇਂਦੇ ਹੋਏ ਅਤੇ ਅਸਲੀ ਇਸਾਈ ਸੰਗਠਨਾਂ ਦੀ ਅਗਵਾਈ ਕਰਣ ਦਾ ਦਾਅਵਾ ਕਰਦੇ ਹੋਏ, ਉਨ੍ਹਾਂ ਨੇ ਦਲੀਲ ਪੇਸ਼ ਕੀਤੀ ਕਿ ਇਸਾਈ ਕੈਬੀਨੇਟ ਮਿਸ਼ਨ ਪਲਾਨ ਦੇ ਤਹਿਤ ਇੱਕ ਇਤਹਾਦੀ ਇੰਡੀਆ ਚਾਹੁੰਦੇ ਸੀ, ਪਰ ਅਗਰ ਪੰਜਾਬ ਦੀ ਤਕਸੀਮ ਹੁੰਦੀ ਸੀ ਤੇ, ਉਹ ਪਾਕਿਸਤਾਨ ਵਿੱਚ ਬਿਹਤਰ ਸਲੂਕ ਦੀ ਉਮੀਦ ਰੱਖਦੇ ਸੀ ਨਾ ਕਿ ਹਿੰਦੂ ਪ੍ਰਧਾਨ, ਜਾਤੀਵਾਦ ਵਾਲੇ ਇੰਡੀਆ ਤੇ. ਸ੍ਰੀ ਗਿਬੈਨ (ਐਂਗਲੋ ਇੰਡੀਅਨਾਂ ਦੇ ਨੁਮਾਇੰਦੇ) ਨੇ ਕਮੀਸਨ ਨੂੰ ਦੱਸਿਆ ਕਿ ਐਂਗਲੋ ਇੰਡੀਅਨ ਪਾਕਿਸਤਾਨ ਤੇ ਰਹਿਣ ਬਾਰੇ ਖੁਸ਼ ਸਨ. ਉਹ ਲਾਹੌਰ ਅਤੇ ਪਛੱਮ ਪਞਾਬ ਨੂੰ ਆਪਣੀ ਮਾਤ ਭੂਮੀ ਸਮਝਦੇ ਸੀ (Ibid.).

ਬਸ਼ੀਰ ਅਹਿਮਦ (ਅਹਮਦਿਆ ਸਮੁਦਾਇ ਦੇ ਨੁਮਾਇੰਦੇ) ਨੇ ਦਲੀਲ ਦਿੱਤੀ ਕਿ ਬਟਾਲਾ ਤਹਸੀਲ਼ ਦੇ ਕਾਦੀਆਂ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰ ਲੈਣਾ ਚਾਹੀਦਾ ਸੀ, ਕਿਉਂਕਿ ਇਹ ਮੁਸਲਿਮ ਮਜਾਰਿਟੀ ਵਾਲੇ ਅਜਨਾਲਾ ਅਤੇ ਨਰੋਵਾਲ ਤਹਸੀਲਾਂ ਨਾਲ ਜੁੜਿਆ ਹੋਇਆ ਸੀ. ਸਿੱਖ ਅੱਮ੍ਰਿਤਸਰ ਅਤੇ ਨਨਕਾਣਾ ਸਾਹਿਬ ਦੇ ਆਪਣੇ ਪਵਿੱਤਰ ਸਥਾਨਾਂ ਲਈ ਇੱਕ ਵੱਡਾ ਮਾਮਲਾ ਤਿਆਰ ਕਰ ਰਹੇ ਸੀ. ਇਸੇ ਤਰਕ ਨਾਲ ਇਹ ਦਾਅਵਾ ਕੀਤਾ ਜਾ ਸਕਦਾ ਸੀ ਕਿ ਅਹਮਦਿਆ ਸਮੁਦਾਇ ਦਾ ਜਨਮਦਾਤਾ ਬਟਾਲਾ ਤਹਸੀਲ ਦੇ ਕਾਦਿਆਂ ਤੇ ਦਫ਼ਨਾਇਆ ਗਿਆ ਸੀ. ਅਤੇ ਇਹ ਪਵਿੱਤਰ ਸਥਾਨ ਪਾਕਿਸਤਾਨ ਵਿੱਚ ਹੋਣਾ ਚਾਹੀਦਾ ਹੈ (Ibid: 147-8). ਹੋਰ, ਸਿਰਫ਼ ਸਿੱਖਾਂ ਨੇ ਹੀ ਬ੍ਰਿਟਿਸ਼ ਸਾਮਰਾਜ ਦੀ ਬਹੁਤ ਜ਼ਿਆਦਾ ਸੇਵਾ ਨਹੀਂ ਕੀਤੀ ਸੀ. ਅਹਮਦਿਆ ਕੌਮ

ਇਸ ਦੀ ਸੇਵਾ ਤੇ ਸਭ ਤੋਂ ਪਹਿਲੇ ਦਰਜੇ ਤੇ ਸੀ. ਪਹਿਲੇ ਅਤੇ ਦੂਜੇ, ਦੋਵੇਂ ਆਲਮੀ ਜੰਗਾਂ ਤੇ, ਅਹਮਦਿਆਂ ਨੇ ਫ਼ੌਜ਼ ਦੀ ਸੇਵਾ ਕੀਤੀ. ਅਤੇ, '...ਆਖਰੀ ਜੰਗ ਵਿੱਚ ਵੀ, ਕਰੀਬ ਇਸ ਕੌਮ ਦੇ 199 ਸਦੱਸ ਨੇ ਕਿੰਗਸ ਕਮੀਸ਼ਨ ਹਾਸਲ ਕੀਤਾ ਸੀ ਅਤੇ ਉਹ ਕਾਫ਼ੀ ਉੱਚੇ ਅਤੇ ਜਿੱਮੇਵਾਰ ਅਹੁਦੇ ਤੇ ਸਨ' (Ibid: 148).

ਇਸ ਬਾਰੇ ਗੌਰ ਕੀਤਾ ਜਾਵੇ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਕੁੱਲ ਆਬਾਦੀ 1,153,511 ਸੀ. ਜ਼ਿਲ੍ਹੇ ਤੇ ਹਿੰਦੂਆਂ ਅਤੇ ਸਿੱਖਾਂ ਦੋਨਾਂ ਨੂੰ ਮਿਲਾ ਕੇ 505,453 ਦੀ ਆਬਾਦੀ ਸੀ ਅਤੇ ਮੁਸਲਿਮਾਂ ਦੀ ਆਬਾਦੀ ਸੀ 589,923. ਬਾਕੀ ਅਧਰਮੀ, ਇਸਾਈ, ਜੈਨ ਅਤੇ ਛੋਟੇ-ਮੋਟੇ ਅਲਪਸੰਖਅਕ ਲੋਕ ਸਨ. ਇਸ ਦਾ ਮਤਲਬ ਸੀ ਕਿ 85,470 ਜਾਂ ਸਿਰਫ਼ ਇੱਕ ਫ਼ੀਸਦੀ ਮੁਸਲਿਮ ਮਜਾਰਿਟੀ ਸੀ. ਇਹ ਮਜਾਰਿਟੀ ਸ਼ਾਇਦ ਅਹਮਦਿਆਂ ਨੂੰ ਮੁਸਲਿਮਾਂ ਵਿੱਚ ਸ਼ਾਮਲ ਕਰਣ ਦੇ ਚਲਦਿਆਂ ਬਣੀ ਸੀ. ਅਹਮਦਿਐ ਉਸ ਜ਼ਿਲ੍ਹੇ ਤੇ ਇੱਕ ਚੰਗੀ ਤਦਾਦ ਵਿੱਚ ਮੌਜੂਦ ਸਨ, ਖ਼ਾਸ ਕਰ ਕੇ ਬਟਾਲਾ ਤਹਸੀਲ ਦੇ ਕਾਦਿਆਂ ਤੇ, ਜਿੱਥੇ ਉਨ੍ਹਾਂ ਦੇ ਨੀਂਹ ਰੱਖਣ ਵਾਲੇ ਨੂੰ ਦਫ਼ਨਾਇਆ ਗਿਆ ਸੀ. 1974 ਵਿੱਚ ਪਾਕਿਸਤਾਨ ਨੈਸ਼ਨਲ ਅਸੈਮਬਲੀ ਨੇ ਐਲਾਨ ਕਰ ਦਿੱਤਾ ਕਿ ਅਹਿਮਦੀ ਗੈਰ-ਮੁਸਲਿਮ ਨੇ.

ਪਾਕਿਸਤਾਨ ਸਿਡਊਲਡ ਕਾਸਟਸ ਫੈਡਰੇਸ਼ਨ ਦੇ ਸਿਡਊਲਡ ਕਾਸਟਾਂ ਅਤੇ ਮਜ਼ਹਬੀ ਸਿੱਖਾਂ ਦੀ ਨੁਮਾਇੰਦਗੀ ਕਰਣ ਵਾਲੇ ਸਾਲੇਗ੍ਰਾਮ (ਉਸ ਦੀ ਪਛਾਣ ਨੂੰ ਉਸ ਬਰਾਦਰੀ ਦੇ ਲੋਕਾਂ ਨੇ ਇਸ ਅਧਾਰ ਤੇ ਚੁਣੌਤੀ ਦਿੱਤੀ ਕਿ ਉਹ ਉਨ੍ਹਾਂ ਦੀ ਬਰਾਦਰੀ ਤੋਂ ਨਹੀਂ ਸਨ), ਨੇ ਦਲੀਲ ਦਿੱਤੀ ਕਿ ਅੱਠ ਐਮ.ਐਲ.ਏ ਜੋ ਚਾਹੁੰਦੇ ਸੀ ਕਿ ਸਿਡਊਲਡ ਕਾਸਟਾਂ ਦੇ ਇਲਾਕੇ ਇੰਡੀਆ ਵਿੱਚ ਸ਼ਾਮਲ ਹੋਣ, ਉਹ ਪਿਛੜੇ ਵਰਗਾਂ ਅਤੇ ਜਾਤਾਂ ਦੀ ਨੁਮਾਇੰਦਗੀ ਨਹੀਂ ਕਰਦੇ ਸੀ. ਇਸ ਦੇ ਇਲਾਵਾ, ਕਿਉਂਕਿ ਛੁਆ-ਛੁਤ ਦੀ ਇਸਲਾਮ ਵਿੱਚ ਕੋਈ ਜਗ੍ਹ ਨਹੀਂ ਸੀ, ਮੁਸਲਿਮ ਪਿੰਡਾਂ ਵਿੱਚ ਸਿਡਊਲਡ ਕਾਸਟਾਂ ਨੂੰ ਬਿਹਤਰ ਸਲੂਕ ਦਾ ਤਜਰਬਾ ਹਾਸਲ ਸੀ. ਅਤੇ ਇਹ ਉਨ੍ਹਾਂ ਦੀ ਭਲਾਈ ਲਈ ਠੀਕ ਸੀ ਕਿ ਉਹ ਮੁਸਲਿਮਾਂ ਦੇ ਨਾਲ ਮਿਲ ਕੇ ਰਹਿਣ (Ibid.). ਹੋਰ, 'ਜਿੱਥੇ ਤੱਕ ਮਜ਼ਹਬੀ ਸਿੱਖਾਂ ਦਾ ਸਵਾਲ ਸੀ, ਉਨ੍ਹਾਂ ਦੇ ਅਲਗ ਮੰਦਰ ਸੀ, ਅਗਰ ਕੋਈ ਸੀ ਤੇ; ਉਨ੍ਹਾਂ ਨੂੰ ਇੱਕ ਅਲਗ ਕਿਸਮ ਦਾ ਅੱਮ੍ਰਿਤ ਮਿਲਦਾ ਸੀ ਅਤੇ ਬਾਕੀ ਸਿੱਖਾਂ ਨਾਲ ਉਨ੍ਹਾਂ ਦਾ ਕੁੱਝ ਲੈਣਾ-ਦੇਨਾ ਨਹੀਂ ਸੀ (Ibid.). ਆਰ.ਸੀ.ਸੋਨੀ, ਜੋ ਬੀਕਾਨੇਰ ਰਿਆਸਤ ਦੀ ਨੁਮਾਇੰਦਗੀ ਕਰ ਰਹੇ ਸੀ, ਅਤੇ ਜ਼ਫ਼ਰੁੱਲਾ ਖ਼ਾਨ, ਜੋ ਬਹਾਵਲਪੁਰ ਰਿਆਸਤ ਦੀ ਵੀ ਨੁਮਾਇੰਦਗੀ ਕਰ ਰਹੇ ਸੀ, ਉਣ ਰਿਆਸਤਾਂ ਤੋਂ ਹੋ ਕੇ ਜਾਣ ਵਾਲੇ ਦਰਿਆਵਾਂ ਅਤੇ ਜਾਣ ਵਾਲੀ ਨਹਿਰਾਂ ਦੇ ਪਾਣੀ ਅਤੇ ਉਨ੍ਹਾਂ ਨੂੰ ਜੋੜਣ ਵਾਲੇ ਵਾਟਰਵਰਕਸ ਨੂੰ ਲੈ ਕੇ ਝਗੜਾ ਕੀਤਾ.

ਕਮੀਸ਼ਨ ਦੇ ਸਦੱਸਾਂ ਦੀ ਰਿਪੋਰਟਾਂ

ਪੰਜਾਬ ਬਾਉਂਡਰੀ ਕਮੀਸ਼ਨ ਦੇ ਚਾਰ ਨਾਮਜ਼ਦ ਸਦੱਸ, ਆਪਸ ਵਿੱਚ ਇੱਕ ਰਾਇ ਨਾਲ ਫ਼ੈਸਲਾ ਨਹੀਂ ਕਰ ਸਕੇ, ਅਤੇ ਇਸ ਕਰ ਕੇ ਉਨ੍ਹਾਂ ਨੇ ਮੁਖ਼ਤਲਿਫ਼ ਰਿਪੋਰਟਾਂ ਪੇਸ਼ ਕੀਤੀਆਂ.

ਜਸਟੀਸ ਦੀਨ ਮੁਹੱਮਦ

ਦੀਨ ਮੁਹੱਮਦ ਨੇ ਸਿੱਖਾਂ ਦੀ ਵਿਸ਼ੇਸ਼ ਅਧਿਕਾਰਾਂ ਦੀ ਮੰਗ ਨੂੰ 'ਸਭ ਤੋਂ ਜ਼ਿਆਦਾ ਹਾਸੇਹੀਣੇ, ਸਭ ਤੋਂ ਜ਼ਿਆਦਾ ਨਾਵਾਜਬ, ਅਤੇ ਸਭ ਤੋਂ ਜ਼ਿਆਦਾ ਨਾਜਾਇਜ਼' ਦੱਸਿਆ' (Ibid: 149). ਉਨ੍ਹਾਂ ਨੇ ਐਲਾਨ ਕੀਤਾ ਕਿ ਹਿੰਦੂ-

ਸਿੱਖ ਦੁਆਰਾ ਪੇਸ਼ ਕੀਤੇ ਗਏ ਨਕਸ਼ੇ ਗੁਮਰਾਹ ਕਰਦੇ ਨੇ. ਉਨ੍ਹਾਂ ਨੇ ਸੰਖਿਆਤਮਕ ਮਜਾਰਿਟੀ ਅਤੇ ਜੁੜੇ ਹੋਏ ਇਲਾਕਿਆਂ ਨੂੰ, ਤਕਸੀਮ ਦੀ ਬਤੌਰ ਖ਼ਾਸ ਬੁਨਿਆਦ ਮੰਜ਼ੂਰ ਕੀਤਾ, ਪਰ ਜਾਇਦਾਦ ਦੀ ਮਲਕੀਅਤ ਨੂੰ ਇੱਕ ਵਾਜਬ ਬੁਨਿਆਦ ਮੱਨਣ ਦੇ ਦਾਅਵੇ ਨੂੰ ਖਾਰਜ ਕਰ ਦਿੱਤਾ. ਦੂਜੀ ਤਰਫ਼, ਹਿਫ਼ਾਜ਼ਤੀ ਅਤੇ ਇਕਤੀਸਾਦੀ ਸਥਰਤਾ ਨੂੰ, ਜਿਸ ਵਿੱਚ ਨਹਿਰਾਂ ਦੇ ਹੇਡਵਰਕਸ ਦੀ ਤਕਸੀਮ ਸ਼ਾਮਲ ਸੀ, ਉਨ੍ਹਾਂ ਨੇ ਅਹਿਮ 'ਦੂਜੀ ਵਜ੍ਹਾਂ' ਕਿਹਾ (Ibid.). ਪਰ, ਹਿੰਦੂ-ਸਿੱਖ ਮੰਗ ਦੀ ਮੁਖ਼ਾਲਫ਼ਤ ਕਰਦੇ ਹੋਏ, ਉਨ੍ਹਾਂ ਨੇ ਮੁਸਲਿਮ ਮੰਗ ਬਾਰੇ ਮਹਿਸ਼ੂਸ ਕੀਤਾ ਕਿ ਇਹ, 'ਵਾਜ਼ਬ ਅਤੇ ਨਰਮ ਖ਼ਿਆਲੀਆ ਤੌਰ ਤੇ ਤਿਆਰ ਕੀਤੀ ਗਈ ਸੀ ਅਤੇ ਇਸ ਦਾ ਮਕਸਦ ਸੌਦੇਬਾਜ਼ੀ ਨਹੀਂ ਸੀ. ਇਹ ਮਾਕੂਲ ਤੌਰ ਤੇ ਆਬਾਦੀ ਦੀ ਖ਼ਾਸੀਅਤ ਨਾਲ ਤਾਲੁੱਕ ਰਖਦੀ ਸੀ' (Ibid.).

ਜਸਟੀਸ ਮੁਹੱਮਦ ਮੁਨੀਰ

ਮੁਨੀਰ ਦੇ ਮੁਤਾਬਕ, ਸਿੱਖਾਂ ਦੀ ਉਨ੍ਹਾਂ ਦੇ ਪਵਿੱਤਰ ਸਥਾਨ ਦੀ ਬੁਨਿਆਦ ਤੇ ਖ਼ਾਸ ਅਧਿਕਾਰਾਂ ਦੀ ਮੰਗ ਦਾ ਕੋਈ ਸਿੱਧਾ ਤੁਕ ਨਹੀਂ ਸੀ. ਸਮੁੱਚੇ ਪੰਜਾਬ ਤੇ ਮੁਸਲਿਮਾਂ ਦੇ ਵੀ ਪਵਿੱਤਰ ਸਥਾਨ ਮੌਜੂਦ ਸਨ. ਨਾ ਹੀ ਜ਼ਬਾਨ ਬਾਰੇ ਕੋਈ ਅਸੂਲ ਵਾਜ਼ਬ ਸੀ ਕਿਉਂਕਿ ਲਹੰਡਾ, ਪੰਜਾਬੀ ਦੀ ਮਹਿਜ਼ ਇੱਕ ਬੋਲੀ ਸੀ. ਉਨ੍ਹਾਂ ਨੇ ਮੁਸਲਿਮ ਹਾਕਿਮਾਂ ਦੁਆਰਾ ਸਿੱਖਾਂ ਨੂੰ ਸਤਾਉਣ ਦੇ ਇਲਜ਼ਾਮਾਂ ਨੂੰ ਗਲਤ ਸਾਬਤ ਕਰਣ ਦੀ ਕੋਸ਼ਿਸ਼ ਕੀਤੀ ਅਤੇ ਇਸ ਦੇ ਬਜਾਏ ਕਈ ਸਿੱਖ ਸਰੋਤਾਂ ਦਾ ਹਵਾਲਾ ਦਿੱਤਾ ਜੋ ਮੁਸਲਿਮਾਂ ਦੇ ਖ਼ਿਲਾਫ਼ ਨਫ਼ਰਤ ਅਤੇ ਬਘਾਵਤ ਨੂੰ ਵਧਾਵਾ ਦੇਂਦੇ ਸਨ (Ibid.). ਉਨ੍ਹਾਂ ਨੇ ਸਖ਼ਤ ਮਿਹਨਤ ਅਤੇ ਨਹਿਰੀ ਕਲੋਨੀਆਂ ਦੇ ਵਿਕਾਸ ਵਿੱਚ ਇਕੱਲੇ ਸਿੱਖਾਂ ਦੇ ਯੋਗਦਾਨ ਦੇ ਦਾਅਵੇ ਨੂੰ ਵੀ ਗਲਤ ਦੱਸਦੇ ਹੋਏ, ਖ਼ਾਰਜ਼ ਕਰ ਦਿੱਤਾ. ਲਾਇਲਪੁਰ ਤੇ ਨਾ ਸਿਰਫ਼ ਸਿੱਖ ਜੱਟਾਂ ਨੇ ਬਲਕਿ ਮੁਸਲਿਮ ਅਰਾਇਨਾਂ ਨੇ ਵੀ ਤਰੱਕੀ ਲਈ, ਇੱਕ ਅਹਿਮ ਕਿਰਦਾਰ ਨਿਭਾਇਆ ਸੀ (Ibid.). ਮੁਸਲਿਮਾਂ ਦਾ ਹਿੰਦੂਆਂ ਅਤੇ ਸਿੱਖਾਂ ਦੁਆਰਾ ਆਰਥਕ ਸ਼ੋਸ਼ਣ ਹੀ ਇੱਕ ਅਲਗ ਮੁਸਲਿਮ ਮੁਲਕ ਦੀ ਮੰਗ ਦੀ ਅਸਲੀ ਵਜ੍ਹਾ ਸੀ. ਇਸ ਕਰ ਕੇ, ਪੰਜਾਬ ਵਿੱਚ ਜ਼ਿਆਦਾ ਜਾਇਦਾਦ ਦੀ ਮਲਕੀਅਤ, ਜ਼ਿਆਦਾ ਵੱਡਾ ਇਲਾਕਾ ਹਾਸਲ ਕਰਣ ਲਈ, ਇੱਕ ਮੱਨਣਯੋਗ ਵਜ੍ਹਾ ਨਹੀਂ ਹੋ ਸਕਦੀ ਸੀ (Ibid: 149-50).

ਸ਼ੁਰੱਖਿਆ ਦੇ ਸਵਾਲ ਦੀ ਜਾਂਚ ਕਰਣ ਦੇ ਬਾਅਦ, ਮੁਨੀਰ ਨੇ ਆਪਣੀ ਰਾਇ ਦਿੱਤੀ ਕਿ ਮੁਸਲਿਮ ਲੀਗ ਦੀ ਤਜਵੀਜ਼ ਹੀ ਸਹੀ ਸੀ. ਜੁੜੇ ਹੋਏ ਇਲਾਕਿਆਂ ਦੇ ਫ਼ੈਸਲੇ ਲਈ, ਤਹਸੀਲ ਨੂੰ ਵਾਜ਼ਬ ਤਰੀਕੇ ਨਾਲ ਇਸਤੇਮਾਲ ਕੀਤਾ ਜਾ ਸਕਦਾ ਸੀ. ਅਤੇ ਉਹ ਇਸ ਨਤੀਜੇ ਤੇ ਪਹੁੰਚੇ: '...ਦੋਨੇ ਸੂਬਿਆਂ ਦੀ ਸਰਹੱਦ ਮੁਸਲਿਮ ਲੀਗ ਦੇ ਸੁਝਾਉ ਦੇ ਮੁਤਾਬਕ ਹੋਵੇ'. ਉਨ੍ਹਾਂ ਨੇ ਗੈਰ-ਮੁਸਲਿਮਾਂ ਨੂੰ ਭਰੋਸਾ ਦਿੱਤਾ ਕਿ ਪਾਕਿਸਤਾਨ ਵਿੱਚ ਉਨ੍ਹਾਂ ਨੂੰ ਡਰਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਸਲਾਮ ਸਾਰੇ ਨਾਗਰਿਕਾਂ ਦੇ ਨਾਲ ਇੱਕ ਵਰਗਾ ਸਲੂਕ ਕਰਦਾ ਹੈ (Ibid.).

ਜਸਟੀਸ ਤੇਜਾ ਸਿੰਘ

ਤੇਜਾ ਸਿੰਘ ਨੇ ਸਿੱਖਾਂ ਦੇ ਮੁਸਲਿਮ ਸਰਕਾਰ ਦੇ ਅਧੀਨ ਰਹਿਣ ਦੇ ਡਰ ਉਪਰ ਬਹੁਤ ਜ਼ਿਆਦਾ ਜ਼ੋਰ ਦਿੱਤਾ. ਮੁਘਲ ਕਾਲ ਦੇ ਦੌਰਾਨ ਦੀ ਮੁਸਲਿਮ-ਸਿੱਖ ਦੁਸ਼ਮਣੀ ਉਪਰ ਸਿੱਖ ਵਕੀਲ ਦੇ ਸੰਸਕਰਣ ਨੂੰ ਦੁਹਰਾਂਦੇ ਹੋਏ, ਉਨ੍ਹਾਂ ਨੇ ਹਾਲ ਦੀ ਵਾਰਦਾਤਾਂ ਦਾ ਬਹੁਤ ਵਿਸਤਰਤ ਖ਼ੁਲਾਸਾ ਕੀਤਾ. ਯੂਨੀਅਨਿਸਟ ਸਰਕਾਰ ਦੇ ਖ਼ਿਲਾਫ਼

ਮੁਸਲਿਮ ਲੀਗ ਦੇ ਅੰਦੋਲਨ ਉਪਰ ਟਿੱਪਣੀ ਕਰਦ ਹੋਏ, ਸ.ਤੇਜਾ ਸਿੰਘ ਨੇ ਦਾਅਵਾ ਕੀਤਾ ਕਿ ਉਹ ਨਾ ਸਿਰਫ਼ ਤਸ਼ੱਦਦੀ ਸੀ, ਪਰ ਗੈਰ-ਮੁਸਲਿਮਾਂ ਦੇ ਖ਼ਿਲਾਫ਼, ਇਸ ਨੇ ਮੁਖ਼ਾਲਫ਼ਤੀ ਅਤੇ ਨਿਤ ਨਵੇਂ ਨਾਅਰੇ ਇਜ਼ਾਦ ਕੀਤੇ, ਜੈਦਾਂ ਕਿ:

ਐਸੇ ਲੇਂਗੇ ਪਾਕਿਸਤਾਨ
ਜੈਸੇ ਲਿਆ ਥਾ ਹਿੰਦੁਸਤਾਨ

ਸ.ਤੇਜਾ ਸਿੰਘ ਦੇ ਮੁਤਾਬਕ, ਅਧਿਕਾਰਿਆਂ ਨੇ ਕੋਈ ਕਾਰਵਾਈ ਨਹੀਂ ਕੀਤੀ ਜਦ ਮੁਸਲਿਮ ਲੀਗ ਦਾ ਅੰਦੋਲਨ ਚਲ ਰਿਹਾ ਸੀ, ਪਰ ਜਦ ਸਿੱਖ ਅਤੇ ਹਿੰਦੂ ਛਾਤਰਾਂ ਨੇ 4 ਮਾਰਚ 1947 ਨੂੰ ਇੱਕ ਜਲੂਸ ਕੱਢਿਆ, ਤਦ ਪੁਲਿਸ ਨੇ ਉਨ੍ਹਾਂ ਦੇ ਉਪਰ ਲਾਠੀ ਚਾਰਜ ਕਰ ਦਿੱਤਾ. ਗੜਬੜੀ ਲਾਹੌਰ ਤੋਂ ਪੰਜਾਬ ਦੇ ਦੂਜੇ ਇਲਾਕਿਆਂ ਤੇ ਫੈਲ ਗਈ. ਕੈਂਪਬੇਲਪੁਰ, ਰਾਵਲਪਿੰਡੀ, ਜਿਹਲਮ, ਅੱਮ੍ਰਿਤਸਰ, ਮੁਲਤਾਨ ਅਤੇ ਬਾਅਦ ਤੇ ਗੁੜਗਾਂਉ ਤੇ ਗੰਭੀਰ ਫ਼ਿਰਕੂ ਫ਼ਸਾਦ ਹੋਏ. ਰਾਵਲਪਿੰਡੀ, ਜਿਹਲਮ ਅਤੇ ਕੁੱਝ ਘੱਟ ਹਦ ਤੱਕ ਮੁਲਤਾਨ ਦੇ ਦਿਹਾਤੀ ਇਲਾਕਿਆਂ ਤੇ, ਸਿੱਖਾਂ ਨੂੰ ਮੁਸਲਿਮ ਭੀੜ ਨੇ ਲੁੱਟ ਲੀਤਾ (Ibid.). ਹੋਰ, 'ਕੁੱਝ ਇਲਾਕਿਆਂ ਤੇ, ਦੰਗਾਇਆਂ ਦੀ ਤਦਾਦ ਪੰਜ ਤੋਂ ਦਸ ਹਜਾਰ ਸੀ, ਅਤੇ ਪੂਰੀ ਸਿੱਖ ਆਬਾਦੀ ਜਿਸ ਵਿੱਚ ਬਜ਼ੁਰਗ ਅਤੇ ਕਮਜ਼ੋਰ, ਔਰਤਾਂ ਅਤੇ ਬੱਚੇ ਸ਼ਾਮਲ ਸਨ, ਮਾਰ ਦਿੱਤੇ ਗਏ ਜਾਂ ਜ਼ਿੰਦਾ ਸਾੜ ਦਿੱਤੇ ਗਏ. ਲੋਕਾਂ ਦੀ ਇੱਕ ਵੱਡੀ ਤਦਾਦ ਨੂੰ ਜਬਰਨ ਮੁਸਲਿਮ ਮਜ਼ਹਬ ਕਬੂਲ ਕਰਵਾਇਆ ਗਿਆ, ਬੱਚੇਆਂ ਨੂੰ ਅਗਵਾ ਕੀਤਾ ਗਿਆ ਅਤੇ ਨੈਜਵਾਨ ਔਰਤਾਂ ਨੂੰ ਅਗਵਾ ਕਰ ਕੇ, ਉਨ੍ਹਾਂ ਦਾ ਖ਼ੁਲ੍ਹੇਆਮ ਜ਼ਬਰ ਜ਼ਨਾਹ ਕੀਤਾ ਗਿਆ' (Ibid: 150-51).

ਸ.ਤੇਜਾ ਸਿੰਘ ਨੇ ਇਸ ਗੱਲ ਦੇ ਉਪਰ ਇਸ਼ਾਰਾ ਕੀਤਾ ਕਿ ਅਹਮਦਿਆ ਸਮੁਦਾਇ ਜਿਸ ਨੇ ਮੁਸਲਿਮ ਲੀਗ ਦਾ ਸਾਥ ਦਿੱਤਾ ਸੀ, ਅਤੇ ਜਿਸ ਸਮੁਦਾਇ ਨਾਲ ਸਰ ਮੁਹੱਮਦ ਜ਼ਫ਼ਰੁੱਲਾ ਖ਼ਾਨ ਦਾ ਤਾਲੁੱਕ ਹੈ, ਨੇ ਵੀ ਆਪਣੇ ਸਮੁਦਾਇ ਦੇ ਇਤਹਾਦ ਨੂੰ ਬਰਕਰਾਰ ਰਖਣ ਦੀ ਜ਼ਰੂਰਤ ਉੱਪਰ, ਜ਼ੋਰ ਦਿੱਤਾ ਸੀ (Ibid: 151). ਹੋਰ, ਉਨ੍ਹਾਂ ਨੇ ਇਹ ਗੱਲ ਦੁਹਰਾਈ ਕਿ ਚੂੰਕਿ ਸਿੱਖਾਂ ਦੇ ਕਈ ਪਵਿੱਤਰ ਅਤੇ ਇਤਿਹਾਸਕ ਸਥਾਨ ਲਾਹੌਰ, ਅੱਮ੍ਰਿਤਸਰ, ਗੁਰਦਾਸਪੁਰ, ਗੁਜਰਾਂਵਾਲਾ ਅਤੇ ਸ਼ੇਖ਼ੁਪੁਰਾ ਤੇ ਸ਼ਥਿਤ ਸਨ, ਉਨ੍ਹਾਂ ਨੂੰ ਪੂਰਬੀ ਪੰਜਾਬ ਵਿੱਚ ਸ਼ਾਮਲ ਕੀਤਾ ਜਾਵੇ. ਆਖ਼ਰ ਤੇ, ਉਨ੍ਹਾਂ ਨੇ ਪੰਜਾਬ ਦੀ ਤਕਸੀਮ ਦੀ ਪੇਸ਼ਕਸ਼ ਕੀਤੀ, ਜੋ ਇੱਕ ਵੱਡੇ ਤੌਰ ਤੇ, ਹਾਲਾਂਕਿ ਪੂਰੀ ਤਰ੍ਹਾਂ ਨਹੀਂ, ਸਿੱਖਾਂ ਦੀ ਸੋਚ ਨਾਲ ਮੇਲ ਖਾਂਦੀ ਸੀ. ਉਨ੍ਹਾਂ ਨੇ ਗੌਰ ਕੀਤਾ, 'ਮੈਂ ਅੰਕੜੇ ਦਾ ਹਿਸਾਬ ਨਹੀਂ ਕੀਤਾ ਹੈ ਪਰ ਮੈਨੂੰ ਯਕੀਨ ਹੈ ਕਿ ਇਹ ਪੂਰਬੀ ਪੰਜਾਬ ਤੇ ਸਿੱਖਾਂ ਦੀ ਤਦਾਦ ਨੂੰ ਵਧਾ ਕੇ ਕਰੀਬ 31 ਲੱਖ ਕਰ ਦੇਗੀ (ਕਾਂਗਰੇਸ ਅਤੇ ਸਿੱਖ ਮਨਸੂਬੇ ਨੇ ਪੂਰਬੀ ਪੰਜਾਬ ਵਿੱਚ 34 ਲੱਖ ਸਿੱਖਾਂ ਦੀ ਤਦਾਦ ਦੱਸੀ) ਜਿੱਥੇ ਸਮੁੱਚੇ ਬ੍ਰਿਟਿਸ਼ ਪੰਜਾਬ ਵਿੱਚ ਉਨ੍ਹਾਂ ਦੀ ਤਦਾਦ ਲੱਗਭਗ 37 ਲੱਖ ਸੀ' (Ibid: 152).

ਜਸਟੀਸ ਮੇਹਰ ਚੰਦ ਮਹਾਜਨ

ਇਹ ਮੱਨਦੇ ਹੋਵੇ ਕਿ ਜੁੜੇ ਹੋਏ ਮੁਸਲਿਮ ਅਤੇ ਗੈਰ-ਮੁਸਲਿਮ ਇਲਾਕਿਆਂ ਨੂੰ ਵੱਖ ਕਰ ਕੇ ਪਾਕਿਸਤਾਨ ਅਤੇ ਇੰਡੀਆ ਵਿੱਚ ਤਕਸੀਮ ਦਿੱਤਾ ਜਾਵੇ, ਅਤੇ ਮਹਾਜਨ ਨੇ ਗੌਰ ਕੀਤਾ ਕਿ 'ਦੂਜੀ ਵਜ੍ਹਾਂ' ਨੂੰ ਕਮੀਸ਼ਨ ਦੀ ਮਰਜ਼ੀ ਉਪਰ ਛੱਡ ਦੇਣਾ ਚਾਹੀਦਾ ਹੈ. ਉਨ੍ਹਾਂ ਨੇ ਇੱਕ ਦਿਲਚਸਪ ਟਿੱਪਣੀ ਕੀਤੀ:

> ਮੈਨੂੰ ਯਕੀਨ ਹੈ ਕਿ ਇੱਕ ਪੱਕੇ ਮੁਸਲਿਮ ਲਈ ਮੁਮਕਿਨ ਹੈ ਕਿ ਉਹ ਪੂਰੇ ਪੰਜਾਬ ਨੂੰ, ਇੱਕ ਰੂਖ ਅਖ਼ਤਿਆਰ ਕਰ ਕੇ, ਇੱਕ ਜੁੜਿਆ ਹੋਇਆ ਮੁਸਲਿਮ ਮਜਾਰਿਟੀ ਦਾ ਇਲਾਕਾ ਬਣਾ ਦੇਵੇ ਅਤੇ ਇਸੇ ਤਰ੍ਹਾਂ, ਇੱਕ ਪੱਕੇ ਗੈਰ-ਮੁਸਲਿਮ ਲਈ ਇਹ ਮੁਮਕਿਨ ਹੈ ਕਿ ਉਹ ਪੰਜਾਬ ਦੇ ਸੂਬੇ ਨੂੰ ਦਰਿਆ ਜਿਹਲਮ ਤਕ, ਕੋਈ ਦੂਜਾ ਰੂਖ ਅਖ਼ਤਿਆਰ ਕਰ ਕੇ, ਇੱਕ ਜੁੜਿਆ ਹੋਇਆ ਗੈਰ-ਮੁਸਲਿਮ ਇਲਾਕਾ ਬਣਾ ਦੇਵੇ. ਉਹ ਰਾਵਲਪਿੰਡੀ ਸ਼ਹਿਰ ਤੱਕ ਵੀ ਪਹੁੰਚ ਸਕਦਾ ਹੈ (Ibid.).

ਇੱਕ ਮੁਕਾਬਲਤਨ ਨਿਰਪੱਖ ਅਤੇ ਆਜ਼ਾਦ ਰੂਖ ਅਪਣਾਉਂਦੇ ਹੋਏ, ਮਹਾਜਨ ਨੇ ਕਾਂਗਰੇਸ ਅਤੇ ਸਿੱਖ ਸੁਝਾਅ, ਕਿ ਦਰਿਆ ਚਨਾਬ ਨੂੰ ਇੰਡੀਆ ਅਤੇ ਪਾਕਿਸਤਾਨ ਦੀ ਸਰਹੱਦ ਹੋਣਾ ਚਾਹੀਦਾ ਹੈ, ਨੂੰ ਰੱਦ ਕਰ ਦਿੱਤਾ. ਉਨ੍ਹਾਂ ਨੇ ਕਿਹਾ:

> ਇਹ ਸੁਝਾਅ ਮੁਸਲਿਮ ਲੀਗ ਦੇ ਆਬਾਦੀ ਦੀ ਬੁਨਿਆਦ ਉਪਰ ਤਿਆਰ ਦਾਅਵੇ ਦਾ, ਗੰਭੀਰਤਾ ਨਾਲ ਨੁਕਸਾਨ ਕਰੇਗਾ ਅਤੇ ਤਕਸੀਮ ਦੇ ਮੁੱਖ ਅਸੂਲ ਦੇ ਖ਼ਿਲਾਫ਼ ਹੋਵੇਗਾ ਕਿਉਂਕਿ ਇਸ ਦੇ ਚਲਦੇ, ਪੂਰਬੀ ਪੰਜਾਬ ਵਿੱਚ ਕਈ ਮੁਸਲਿਮ ਮਜਾਰਿਟੀ ਵਾਲੇ ਇਲਾਕਿਆਂ ਦੇ ਮੁਸਲਿਮਾਂ ਦੀ ਇੱਕ ਵੱਡੀ ਤਦਾਦ, ਸ਼ਾਮਲ ਕਰ ਲੇਗੀ. ਇਸ ਇਲਾਕੇ ਤੇ ਐਸੀ ਕੋਈ ਵਜ੍ਹਾ ਨਹੀਂ ਹੈ ਜੋ ਆਬਾਦੀ ਦੀ ਵਜ੍ਹਾ ਤੋਂ ਜ਼ਿਆਦਾ ਅਹਿਮ ਹੋਵੇ (Ibid.).

ਜਿੱਥੇ ਤੱਕ ਸਤਲੁਜ ਦਰਿਆ ਨੂੰ ਸਰਹੱਦ ਦੇ ਤੌਰ ਤੇ ਪੱਕਾ ਕਰਣ ਦਾ ਮੁਸਲਿਮ ਲੀਗ ਦਾ ਦਾਅਵਾ ਸੀ, ਮਹਾਜਨ ਨੇ ਪਤਾ ਲਗਾਇਆ ਕਿ ਇਸ ਤਰ੍ਹਾਂ ਸਿਰਫ਼ ਤਹਸੀਲ ਨੂੰ ਜੁੜੇ ਹੋਏ ਇਲਾਕਿਆ ਦੀ ਤਕਸੀਮ ਦੀ ਇਕਾਈ ਲੈਣ ਨਾਲ ਹੋ ਸਕਦਾ ਸੀ. ਇਸ ਦਾ ਆਸਾਨੀ ਨਾਲ ਉਲਟਾ ਇਸਤੇਮਾਲ ਕੀਤਾ ਜਾ ਸਕਦਾ ਸੀ ਅਤੇ ਤਹਸੀਲਾਂ ਦੇ ਗੈਰ-ਮੁਸਲਿਮ ਇਲਾਕਿਆਂ ਨੂੰ ਜੋੜਦੇ ਹੋਏ, ਗੈਰ-ਮੁਸਲਿਮ ਮਜਾਰਿਟੀ ਵਾਲੇ ਜੁੜੇ ਹੋਏ ਇਲਾਕੇ ਤਿਆਰ ਕੀਤੇ ਜਾ ਸਕਦੇ ਸੀ, ਜੋ ਪਛੱਮ ਪੰਜਾਬ ਦੇ ਕਾਫ਼ੀ ਅੰਦਰ ਵੱਜ ਸਕਦੇ ਸੀ (Ibid: 153). ਦੂਜੀ ਤਰਫ਼ ਦੋ ਵੱਡੇ ਨਹਿਰੀ ਪ੍ਰਣਾਲਿਆਂ ਅਤੇ ਲਾਇਲਪੁਰ ਹੋਰ ਮਿੰਟਗੋਮਰੀ ਦੀ ਨਹਿਰੀ ਕਲੋਨੀਆ ਦੀ ਤਕਸੀਮ ਬਾਰੇ, ਮਹਾਜਨ ਨੇ ਦੋਨੋ ਗੁਟਾਂ ਦੇ ਨੁਕਸਾਨ ਦੀ ਭਰਪਾਈ ਕਰਣ ਦੀ ਕੋਸ਼ਿਸ਼ ਕੀਤੀ. ਅਤੇ, ਜਦ ਕਿ ਲਾਇਲਪੁਰ ਦਾ ਲੱਗਭਗ ਸਾਰਾ ਹਿੱਸਾ ਸ਼ਹੀਦੀ ਬਾਰ ਸਮੇਤ, ਪਛੱਮ ਪੰਜਾਬ ਨੂੰ ਜਾਣਾ ਚਾਹੀਦਾ ਸੀ, ਮਿੰਟਗੋਮਰੀ ਪੂਰਬੀ ਪੰਜਾਬ ਨੂੰ (Ibid.). ਜਿੱਥੇ ਤੱਕ ਲਾਹੌਰ ਦਾ ਸਵਾਲ ਸੀ, ਮਹਾਜਨ ਨੇ ਸਾਰੇ ਮਜ਼ੂਬੀ ਕੌਮਾਂ ਦੇ ਸਾਂਝੇ ਦਾਅਵੇ ਨੂੰ ਮੱਨਿਆ ਅਤੇ ਇੱਕ ਇੰਤਜ਼ਾਮ ਨੂੰ ਤਰਜ਼ੀਹ ਦਿੱਤੀ ਜਿਸ ਦੇ ਤਹਿਤ, ਇਸ ਨੂੰ ਇੰਡੀਆ ਅਤੇ ਪਾਕਿਸਤਾਨ ਦੀ ਨਿਗਰਾਨੀ ਵਿੱਚ ਇੱਕ 'ਆਜ਼ਾਦ ਸ਼ਹਿਰ' ਬਣਾਇਆ ਜਾ ਸਕਦਾ ਸੀ (Ibid: 197). ਦੂਜੀ ਤਰਫ਼, ਉਨ੍ਹਾਂ ਨੇ ਮਹਿਸੂਸ ਕੀਤਾ ਕਿ ਨਨਕਾਣਾ ਸਾਹਿਬ ਨੂੰ ਇੰਡੀਆ ਵਿੱਚ ਸ਼ਾਮਲ ਕਰਨਾ ਚਾਹੀਦਾ ਸੀ. ਆਖ਼ਰ ਤੇ ਉਨ੍ਹਾਂ ਨੇ ਕਿਹਾ:

> ਮੇਰੇ ਖ਼ਿਆਲ ਵਿੱਚ, ਇੰਡੀਆ ਅਤੇ ਪਾਕਿਸਤਾਨ ਦੀ ਸਰਹੱਦ ਦੀ ਹਦਬੰਦੀ ਰਾਵੀ ਦਰਿਆ ਦੇ ਪਛੱਮ ਤੇ ਅਤੇ ਉਸ ਦਰਿਆ ਦੇ ਨਜਦੀਕ ਹੋਣੀ ਚਾਹੀਦੀ ਹੈ, ਜੈਦਾਂ ਕਿ ਰਣਨੀਤੀ ਦੇ ਮੁਤਾਬਕ ਸਿਰਫ਼ ਇਹ ਹੀ ਕਾਰਗਰ ਸੀਮਾ ਹੈ, ਜੋ ਇਣ ਸੂਬਿਆਂ ਦੇ ਦਰਮਿਆਨ, ਜੋ ਮਜ਼ੂਬੀ ਤੌਰ ਤੇ ਅਲਗ ਹੋ ਰਹੇ ਨੇ, ਖਿੱਚੀ ਜਾ ਸਕਦੀ ਹੈ (Ibid.).

ਪੰਜਾਬ ਬਾਉਂਡਰੀ ਕਮੀਸ਼ਨ ਦੇ ਸਦੱਸਾ ਦੇ ਵਿੱਚ ਪੂਰੀ ਨਾਇਤਫ਼ਾਕੀ ਦੇ ਚਲਦੇ, ਸਿਰਫ਼ ਚੇਅਰਮੈਨ (ਪ੍ਰਧਾਨ) ਦਾ ਇਕੱਲਾ ਇਖ਼ਤਿਆਰ ਹੀ, ਅਵਾਰਡ ਦੇ ਵੇਰਵੇ ਦੇ ਫ਼ੈਸਲੇ ਲਈ, ਹੋਰ ਵੀ ਅਹਿਮ ਹੋ ਗਿਆ. ਪੰਜਾਬ ਦੇ ਰਹਨੁਮਾਵਾਂ ਨੂੰ ਰੇਡਕਲੀਫ ਅਵਾਰਡ ਬਾਰੇ 16 ਅਗਸਤ ਨੂੰ ਦੱਸਿਆ ਗਿਆ, ਹਾਲਾਂਕਿ ਪਾਕਿਸਤਾਨ ਅਤੇ ਇੰਡੀਆ ਨੇ 14 ਅਤੇ 15 ਅਗਸਤ ਨੂੰ, ਕ੍ਰਮਵਾਰ, ਆਜ਼ਾਦੀ ਹਾਸਲ ਕਰ ਲੀਤੀ ਸੀ. ਅਵਾਰਡ ਦਾ ਐਲਾਨ 17 ਅਗਸਤ 1947 ਨੂੰ ਕੀਤਾ ਗਿਆ.

ਪੰਜਾਬ ਬਾਉਂਡਰੀ ਕਮੀਸ਼ਨ ਦੀ ਕਾਰਵਾਈਆਂ ਦੀ ਯਾਦਾਂ

ਕਮੀਸ਼ਨ ਦੀ ਬੈਠਕਾਂ ਦੇ ਕੁੱਝ ਗਵਾਹਾਂ ਨੂੰ ਲੱਭਣ ਲਈ ਮੈਂ ਬੇਹਦ ਉਤਸੁਕ ਸੀ. ਖ਼ੁਸ਼ਕਿਸਮਤੀ ਨਾਲ, ਸਾਨੂ ਦੋ ਸ਼ਕਸ ਮਿਲ ਗਏ ਅਤੇ ਅਸੀਂ ਉਨ੍ਹਾਂ ਦਾ ਇੰਟਰਵਿਊ ਲੀਤਾ.

ਸਈਦ ਅਫ਼ਜ਼ਲ ਹੈਦਰ

'ਮੁਸਲਿਮ ਲੀਗ ਨੇ ਦਰਅਸਲ ਬਾਉਂਡਰੀ ਕਮੀਸ਼ਨ ਦੇ ਸਾਹਮਣੇ ਆਪਣੇ ਮਾਮਲੇ ਨੰੂ ਪੇਸ਼ ਕਰਣ ਲਈ ਕੋਈ ਤਿਆਰੀ ਨਹੀਂ ਕੀਤੀ ਸੀ. ਇਸ ਦੀ ਵਜ੍ਹਾ ਇਹ ਸੀ ਕਿ ਕਿਸੇ ਨੂੰ ਯਕੀਨ ਨਹੀਂ ਸੀ ਕਿ ਪਾਕਿਸਤਾਨ ਬਣੇਗਾ. ਅਤੇ, ਜਦ ਸਰਕਾਰ ਨੇ ਐਲਾਨ ਕੀਤਾ ਕਿ ਇੰਡੀਆ ਅਤੇ ਪਾਕਿਸਤਾਨ ਦੀ ਸਰਹੱਦ ਦੀ ਹਦਬੰਦੀ ਕਰਣ ਲਈ, ਇੱਕ ਕਮੀਸ਼ਨ ਦਲੀਲਾਂ ਸੁਣੇਗਾ, ਤਦ ਲਗਾ ਕਿ ਪਾਕਿਸਤਾਨ ਲਈ ਵਕਾਲਤ ਕਰਣ ਲਈ ਸਿਰਫ਼ ਇੱਕ ਸ਼ਕਸ ਸਰ ਜ਼ਫ਼ਰੁੱਲਾ ਖ਼ਾਨ ਸਨ, ਜੋ ਤਾਲੀਮ ਦੇ ਗਿਆਨੀ ਅਤੇ ਕਾਨੂਨੀ ਹੁਨਰ ਰੱਖਣ ਵਾਲੇ ਇਨਸਾਨ ਸੀ. ਜ਼ਫ਼ਰੁੱਲਾ ਖ਼ਾਨ ਨੂੰ ਮਾਮਲਾ ਤਿਆਰ ਕਰਣ ਲਈ, ਮੇਰੇ ਵਾਲਿਦ ਸਈਦ ਮੁਹੱਮਦ ਸ਼ਾਹ, ਸਾਹਿਬਜ਼ਾਦਾ ਨਵਾਜ਼ਿਸ਼ ਅਲੀ, ਸ਼ੇਖ਼ ਨਿਸਾਰ ਅਹਿਮਦ, ਮਿਆਂ ਅਬਦੁਲ ਬਾਰੀ, ਸ਼ੇਖ਼ ਕਰਾਮਤ ਅਲੀ ਅਤੇ ਅਹਿਮਦ ਸਈਦ ਕਿਰਮਾਨੀ ਨੇ ਮਦਦ ਕੀਤੀ. ਖ਼ਵਾਜਾ ਅਬਦੁਰ ਰਹੀਮ, ਇੱਕ ਵੱਡੇ ਸਿਵਲ ਅਧਿਕਾਰੀ ਨੂੰ ਸਰਕਾਰ ਨੇ, ਕਮੀਸ਼ਨ ਦੀ ਕਾਰਵਾਈ ਦੇ ਦੌਰਾਨ, ਮੁਸਲਿਮ ਲੀਗ ਦੀ ਮਦਦ ਕਰਣ ਲਈ, ਮੁਕਰੱਰ ਕੀਤਾ ਸੀ. ਉਹ ਇੱਕ ਭਰੀ ਹੋਈ ਬੋਰੀ ਲੈ ਆਏ ਜਿਸ ਵਿੱਚ ਆਬਾਦੀ, ਜਾਇਦਾਦ ਅਤੇ ਦੂਜੇ ਅੰਕੜੇ ਸੀ ਅਤੇ ਇਸ ਨੂੰ ਸਰ ਜ਼ਫ਼ਰੁੱਲਾ ਖ਼ਾਨ ਨੂੰ ਦੇ ਦਿੱਤਾ. ਉਸ ਦਾ ਮਜਮੂਆ ਬੇਹਦ ਫ਼ਾਇਦੇਮੰਦ ਸਾਬਤ ਹੋਇਆ. ਇੱਕ ਹਿੰਦੂ ਸਿਵਲ ਅਧਿਕਾਰੀ ਨੂੰ ਸਰਕਾਰ ਨੇ ਕਾਂਗਰੇਸ ਦੀ ਮਦਦ ਲਈ ਮੁਕਰੱਰ ਕੀਤਾ ਸੀ.

'ਸਈਦ ਮਰਾਤਿਬ ਅਲੀ ਨੇ ਇੱਕ ਸਟੇਨੋਗ੍ਰਾਫਰ ਅਤੇ ਲਿਖਣ ਦੀ ਸਮਗਰੀ ਦਾ ਇੰਤਜ਼ਾਮ ਕੀਤਾ, ਅਤੇ ਸਾਡੇ ਦਿਨ ਭਰ ਦਾ ਖਾਣਾ ਮੁਹੱਇਆ ਕਰਾਇਆ. ਸਰ ਜ਼ਫ਼ਰੁੱਲਾ ਨੇ ਸਾਨੂ ਦੱਸਿਆ ਕਿ ਜਿਨਾਹ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਸਾਰਾ ਕੁੱਝ ਤਿਆਰ ਸੀ, ਅਤੇ ਉਨ੍ਹਾਂ ਨੂੰ ਸਿਰਫ਼ ਜਾ ਕੇ ਮਾਮਲਾ ਪੇਸ਼ ਕਰਨਾ ਸੀ, ਪਰ ਮੇਰੇ ਵਾਲਿਦ ਅਤੇ ਖ਼ਵਾਜਾ ਅਬਦੁਰ ਰਹੀਮ ਦੁਆਰਾ ਦਿੱਤੇ ਗਿਐ ਕਾਗਜ਼ਾਂ ਅਤੇ ਸਈਦ ਮਰਾਤਿਬ ਅਲੀ ਦੁਆਰਾ ਦਿੱਤੀ ਗਈ ਖਾਣੇ ਦੀ ਸਮਗਰੀ ਅਤੇ ਦੂਜੀ ਸਹੂਲਤਾਂ ਦੇ ਸਿਵਾਏ, ਮੁਸਲਿਮ ਲੀਗ ਜਾਂ ਇਸ ਦੇ ਨਾਲ ਜੁੜੇ ਵਕੀਲਾਂ ਨੇ ਕੋਈ ਤਿਆਰੀ ਨਹੀਂ ਕੀਤੀ ਸੀ.

'ਕਦੀ ਕਦਾਰ, ਪਾਕਿਸਤਾਨ ਹਿਮਾਇਤੀ ਉਰਦੂ ਅਖ਼ਬਾਰ, ਨਵਾ-ਇ-ਵਕਤ ਦੇ ਸੰਪਾਦਕ ਹਮੀਦ ਨਿਜ਼ਾਮੀ, ਆਇਆ ਕਰਦੇ ਸੀ. ਇਸ ਨੂੰ ਛੱਡ ਕੇ, ਮੁਸਲਿਮ ਲੀਗ ਦੇ ਕਿਸੇ ਵੀ ਆਗੂ ਨੇ ਪੰਜਾਬ ਬਾਉਂਡਰੀ

ਕਮੀਸ਼ਨ ਦੀ ਕਾਰਵਾਈ ਤੇ ਕਦੇ ਵੀ ਹਾਜ਼ਰੀ ਨਹੀਂ ਦਿੱਤੀ. ਮੈਂ ਕਿਤਾਬਾਂ ਅਤੇ ਕਾਗਜ਼ਾਂ ਨੂੰ ਲੈ ਕੇ ਵਾਲਿਦ ਅਤੇ ਸਰ ਜ਼ਫ਼ਰੁੱਲਾ ਦੇ ਪਿੱਛੇ ਤੁਰਦਾ ਅਤੇ ਅਸੀਂ ਇਸ ਤਰ੍ਹਾਂ ਲਾਹੌਰ ਹਾਈ ਕੋਰਟ ਪਹੁੰਚਦੇ, ਜਿੱਥੇ ਕਮੀਸ਼ਨ ਦਲੀਲਾਂ ਨੂੰ ਸੁਣਦਾ ਸੀ. ਮੈਨੂੰ ਅਗਰ ਠੀਕ ਤਰ੍ਹਾਂ ਯਾਦ ਹੈ ਤੇ, ਦੌਲਤਾਨਾ ਇੱਕ ਜਾਂ ਦੋ ਵਾਰ ਆਏ, ਮਿਆਂ ਇਫ਼ਤਿਖ਼ਾਰੁਦੀਨ ਇੱਕ ਵਾਰ, ਸ਼ੌਕਤ ਹਯਾਤ ਇੱਕ ਵਾਰ ਵੀ ਨਹੀਂ. ਘਜ਼ਨਫ਼ਰ ਅਲੀ ਵੀ ਇੱਕ ਵਾਰ ਆਏ. ਉਹ ਸਾਰੇ ਹੀ ਸਰ ਜ਼ਫ਼ਰੁੱਲਾ ਨੂੰ ਕਹਿੰਦੇ ਕਿ ਉਹ ਜ਼ਿਆਦਾ ਜਾਣਕਾਰ ਸਨ ਅਤੇ ਉਹ ਉਨ੍ਹਾਂ ਦੀ ਕੋਈ ਮਦਦ ਦੇ ਕਾਬਲ ਨਹੀਂ ਸਨ.

'ਸਰ ਜ਼ਫ਼ਰੁੱਲਾ ਇਹ ਕਿਹਾ ਕਰਦੇ ਸੀ ਕਿ "ਕ੍ਰਿਪਾ ਕਰ ਕੇ, ਮੈਨੂੰ ਇਸ ਮਾਮਲੇ ਨੂੰ ਜਿਣਾ ਮਜਬੁਤ ਬਣਾਇਆ ਦਾ ਸਕਦਾ ਹੈ, ਬਣਾਉਣ ਦੋ. ਮੈਂ ਇਹ ਨਹੀਂ ਸੁਣਣਾ ਚਾਹੁੰਦਾ ਹਾਂ ਕਿ ਇੱਕ ਕਾਦਿਆਨੀ (ਅਹਮਦਿਆ) ਨੇ ਮੁਸਲਿਮ ਲੀਗ ਦਾ ਮਾਮਲਾ ਪੇਸ਼ ਕੀਤਾ ਅਤੇ ਕੁੱਝ ਖ਼ਾਸ ਨਹੀਂ ਕਰ ਸਕੇ." ਦਲੀਲਾਂ ਮੇਰੇ ਵਾਲਿਦ ਨੇ ਤਿਆਰ ਕੀਤੀਆਂ ਸੀ, ਪਰ ਜ਼ਫ਼ਰੁੱਲਾ ਨੇ ਮਾਮਲਾ ਪੇਸ਼ ਕੀਤਾ. ਉਨ੍ਹਾਂ ਨੇ ਮੁਸਲਿਮ ਲੀਗ ਦੇ ਦਾਅਵੇ ਨੂੰ ਪੇਸ਼ ਕਰਣ ਤੇ ਕੋਈ ਕਸਰ ਨਹੀਂ ਛੱਡੀ. ਜਦ ਸਾਰੇ ਦਾਅਵੇ ਪੇਸ਼ ਕੀਤੇ ਜਾ ਚੁਕੇ ਸੀ, ਸ਼ੀਤਲਵਾਦ ਨੇ ਜ਼ਫ਼ਰੁੱਲਾ ਨੂੰ ਪੁਛਿਆ, "ਸਰ ਮੁਹੱਮਦ, ਮੈਂ ਇੱਕ ਗਲ ਕਹਿਣਾ ਚਾਹੁੰਗਾ ਕਿ ਤੁਸੀਂ ਜਿੱਤ ਗਏ. ਤੁਹਾਡੀ ਫ਼ੀਸ ਕਿੱਨੀ ਸੀ?" ਸ਼ਰ ਜ਼ਫ਼ਰੁੱਲਾ ਨੇ ਜਵਾਬ ਦਿੱਤਾ "ਇੱਕ ਪੈਸਾ ਵੀ ਨਹੀਂ." ਸ਼ੀਤਲਵਾਦ ਨੇ ਕਿਹਾ "ਤਾਂ ਤੇ ਮੈਨੂੰ ਕਾਂਗਰੇਸ ਨੂੰ 7 ਲੱਖ ਰੁਪਏ ਵਾਪਸ ਕਰ ਦੇਨੇ ਚਾਹੀਦੇ ਨੇ, ਜੋ ਆਪਣੀ ਫ਼ੀਸ ਦੇ ਤੌਰ ਤੇ ਮੈਂ ਲੀਤੇ ਨੇ"।'

ਸਈਦ ਅਹਿਮਦ ਸਈਦ ਕਿਰਮਾਨੀ

'ਮੈਂ ਮੁਸਲਿਮ ਲੀਗ ਦੇ ਮਾਮਲੇ ਨੂੰ ਤਿਆਰ ਕਰਣ ਵਾਲੇ ਦਲ ਦਾ ਸਭ ਤੋਂ ਘੱਟ ਉਮਰ ਦਾ ਸਦੱਸ ਸੀ. ਹਾਜ਼ਰੀ ਲਈ ਖ਼ਾਸ ਪਾਸਾਂ ਦੀ ਲੋੜ ਹੁੰਦੀ ਸੀ-ਇਸ ਕਰ ਕੇ ਕਾਰਵਾਈ ਤੇ ਬਹੁਤ ਜ਼ਿਆਦਾ ਲੋਕ ਹਾਜ਼ਰੀ ਨਹੀਂ ਦੇਂਦੇ ਸੀ. ਉਸ ਵਕਤ ਲਾਹੌਰ ਤੇ ਕਰਫਿਊ ਸੀ. ਮੈਂ ਕਰਫਿਊ ਕਾਰਡ ਲੈ ਕੇ ਪੰਜਾਬ ਲਾਇਬ੍ਰੇਰੀ ਜਾਂਦਾ ਸੀ. ਖ਼ਵਾਜਾ ਅਬਦੁਰ ਰਹੀਮ ਅਤੇ ਸਾਹਿਬਜ਼ਾਦਾ ਨਵਾਜ਼ਿਸ਼ ਅਲੀ ਦੇ ਬਗੈਰ ਸਾਨੂ ਸਰਕਾਰੀ ਦਸਤਾਵੇਜਾਂ ਨੂੰ ਲੱਭਣ ਤੇ ਬਹੁਤ ਪਰੇਸ਼ਾਨੀ ਹੁੰਦੀ. ਕਾਰਵਾਈਆਂ ਬੜੀ ਜੋਸ਼ ਭਰੀ ਸਨ. ਕਾਦਿਆਨੀ ਰਹਨੁਮਾ, ਮਿਰਜ਼ਾ ਬਸ਼ੀਰੁੱਦੀਨ ਮਹਮੁਦ ਵੀ ਬੈਠਕਾਂ ਤੇ ਦਲੀਲਾਂ ਸੁਣਣ ਆਉਂਦੇ ਸੀ. ਉਨ੍ਹਾਂ ਨੂੰ ਜ਼ਫ਼ਰੁੱਲਾ, ਜੋ ਉਨ੍ਹਾਂ ਦੇ ਇੱਕ ਵੱਡੇ ਸ਼ਾਗਿਰਦ ਸਨ, ਨਾਲ ਗੱਲਬਾਤ ਕਰਦੇ ਵੇਖਿਆ ਗਿਆ ਸੀ. ਇੱਕ ਮੌਕੇ ਤੇ, ਜਸਟੀਸ ਦੀਨ ਮੁਹੱਮਦ ਨੇ ਮਿਰਜ਼ਾ ਨੂੰ ਫਿਟਕਾਰ ਸੁਣਾਈ, ਪਰ ਜ਼ਫ਼ਰੁੱਲਾ ਨੇ ਧਮਕੀ ਦਿੱਤੀ ਕਿ ਉਹ ਹੱਟ ਜਾਣਗੇ. ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਕਿਸੇ ਨਾਲ ਵੀ ਸਲਾਹ ਕਰ ਸਕਦੇ ਸੀ. ਇਸਾਈ ਆਗੂ ਸਿੰਘਾ ਅਤੇ ਗਿਬੈਨ ਨੇ ਵੀ ਜੋਸ਼ ਨਾਲ ਪਾਕਿਸਤਾਨ ਦੀ ਇਮਾਅਤ ਕੀਤੀ. ਹਮੀਦ ਨਿਜ਼ਾਮੀ ਆਇਆ ਕਰਦੇ ਸੀ. ਮੈਨੂੰ ਯਾਦ ਨਹੀਂ ਹੈ ਕਿ ਮੁਸਲਿਮ ਲੀਗ ਦਾ ਕੋਈ ਆਗੂ ਕਦੀ ਆਇਆ. ਸ਼ੀਤਲਵਾਦ ਅਤੇ ਟੇਕ ਚੰਦ, ਜ਼ਫ਼ਰੁੱਲਾ ਦੇ ਮੁਕਾਬਲੇ ਕੁੱਝ ਨਹੀਂ ਸਨ. ਉਨ੍ਹਾਂ ਨੇ ਪੰਜਾਬ ਉਪਰ ਪਾਕਿਸਤਾਨੀ ਦਾਅਵੇ ਦੀ ਵਕਾਲਤ, ਕਾਫ਼ੀ ਸਮੱਰਥਾ ਨਾਲ ਕੀਤੀ. ਮੈਂ ਇਹ ਸਾਰੀ ਈਮਾਨਦਾਰੀ ਨਾਲ ਦੱਸ ਰਿਹਾ ਹਾਂ, ਹਾਲਾਂਕਿ ਮੈਂ ਕਾਦਿਆਨੀ ਨਹੀਂ ਹਾਂ.'

ਗਵਰਨਰ ਜੇਨਕੀਨਸ ਨੇ ਕੋਈ ਟਿੱਪਣੀ ਨਹੀਂ ਕੀਤੀ

ਇਹ ਗੌਰ ਕਰਨਾ ਦਿਲਚਸਪ ਹੋਵੇਗਾ ਕਿ ਜੇਨਕੀਨਸ ਨੇ ਪੰਜਾਬ ਬਾਉਂਡਰੀ ਕਮੀਸ਼ਨ ਦੀ ਕਾਰਵਾਈ ਦਾ ਕੋਈ ਜ਼ਿਕਰ ਨਹੀਂ ਕੀਤਾ. ਆਪਣੀ 13 ਅਗਸਤ ਦੀ ਆਖਰੀ ਪੰਦਰਵਾੜੇ ਦੀ ਰਿਪੋਰਟ ਤੇ, ਉਨ੍ਹਾਂ ਨੇ 11 ਅਗਸਤ ਦੀ ਪੰਜਾਬ ਪਾਰਟੀਸ਼ਨ ਕਮੇਟੀ ਦੀ ਬੈਠਕ ਦਾ ਜ਼ਿਕਰ ਕੀਤਾ ਪਰ ਪੰਜਾਬ ਬਾਉਂਡਰੀ ਕਮੀਸ਼ਨ ਬਾਰੇ ਕੁੱਝ ਨਹੀਂ ਕਿਹਾ. ਅਖਬਾਰਾਂ ਨੇ ਵੀ ਨੁਕਤਾਚੀਨੀ ਵਾਲੀ ਟਿੱਪਣੀ ਕਰਣ ਤੋਂ ਪਰਹੇਜ ਕੀਤਾ.

ਰੈਡਕਲੀਫ ਅਵਾਰਡ

ਇਲਾਕੇ ਦੇ ਅਵਾਰਡ ਵਾਲੀ ਆਪਣੀ ਰਿਪੋਰਟ ਤੇ ਰੈਡਕਲੀਫ ਨੇ ਲਿਖਿਆ ਕਿ ਵੱਖ ਵਿਚਾਰ 'ਮੇਰੇ ਸਹਿਕਾਰੀਆਂ ਦੇ ਵਿੱਚ ਇੰਨੇ ਚੌੜੇ ਸੀ ਕਿ ਸਰਹੱਦ ਦੇ ਮਸਲੇ ਦਾ ਸਹਮਤੀ ਨਾਲ ਕੋਈ ਹਲ, ਹਾਸਲ ਨਹੀਂ ਹੋ ਸਕਦਾ ਸੀ' (Mansergh and Moon, 1983:745). ਉਨ੍ਹਾਂ ਨੇ ਹੋਰ ਜ਼ਿਕਰ ਕੀਤਾ:

> 9. ਪੰਜਾਬ ਦੀ ਸਰਹੱਦ ਦੀ ਹੱਦਵੰਦੀ ਕਰਣਾ ਇੱਕ ਮੁਸ਼ਕਲ ਕੱਮ ਹੈ. ਮੁਖ਼ਤਲਿਫ਼ ਪਾਰਟੀਆਂ ਦੇ ਦਾਅਵੇ ਇੱਕ ਵੱਡੇ ਖੇਤਰ ਉਪਰ ਸੀ, ਪਰ ਮੇਰੇ ਫ਼ੈਸਲੇ ਤੇ, ਅਖੀਰ ਤੇ ਅਸਲੀ ਬਹਿਸਯੋਗ ਇਲਾਕਾ, ਇੱਕ ਪਾਸੇ ਬਿਆਸ ਅਤੇ ਸਤਲੁਜ ਦਰਿਆਵਾਂ ਅਤੇ ਦੂਜੀ ਤਰਫ਼ ਦਰਿਆ ਰਾਵੀ ਦੇ ਵਿੱਚ ਦਾ ਇਲਾਕਾ ਸੀ. ਨਹਿਰ ਦੀ ਪ੍ਰਣਾਲੀ ਨੇ ਇਸ ਇਲਾਕੇ ਦੀ ਸਰਹੱਦ ਪੱਕੀ ਕਰਣ ਨੂੰ ਹੋਰ ਜਟਿਲ ਬਣਾ ਦਿੱਤਾ ਸੀ, ਜੋ ਪੰਜਾਬ ਦੀ ਜ਼ਿੰਦਗੀ ਲਈ ਬੇਹਦ ਜਾਨਦਾਰ ਸੀ ਪਰ ਇਸ ਦਾ ਇਜ਼ਾਦ ਇੱਕਲੇ ਪ੍ਰਸ਼ਾਸਨ ਦੀ ਸੋਚ ਨਾਲ ਕੀਤਾ ਗਿਆ ਸ਼ੀ, ਅਤੇ ਦੂਜੀ ਪ੍ਰਣਾਲੀਆਂ, ਜੈਦਾਂ ਕਿ ਸੜਕਾਂ ਅਤੇ ਰੇਲਵੇ ਨੂੰ ਵੀ ਇੱਕਲੇ ਪ੍ਰਸ਼ਾਸਨ ਦੇ ਅਧੀਨ ਰਖਣ ਦੇ ਮਨਸੂਬੇ ਨਾਲ ਤਿਆਰ ਕੀਤਾ ਗਿਆ ਸੀ.
>
> 10. ਮੈਂ ਉਣ ਵਿਚਾਰ ਕਰਣ ਲਾਇੱਕ ਇਲਾਕਿਆਂ ਬਾਰੇ ਝਿਜਕ ਰਿਹਾ ਸੀ, ਜੋ ਦਰਿਆ ਸਤਲੁਜ ਦੇ ਪੂਰਬ ਤੇ ਅਤੇ ਬਿਆਸ ਹੋਰ ਸਤਲੁਜ ਦਰਿਆਵਾਂ ਦੇ ਕੋਨ ਦੇ ਵਿੱਚ ਸਨ ਅਤੇ ਜਿੱਥੇ ਮੁਸਲਿਮ ਮਜਾਰਿਟੀਆਂ ਮੌਜੂਦ ਨੇ. ਪਰ, ਸਮੁੱਚੇ ਤੌਰ ਤੇ, ਮੈਂ ਇਸ ਨਤੀਜੇ ਤੇ ਪਹੁੰਚਿਆਂ ਹਾਂ ਕਿ ਕਿਸੇ ਵੀ ਸੂਬੇ ਦੀ ਭਲਾਈ ਇਸ ਵਿੱਚ ਨਹੀਂ ਹੈ ਕਿ ਪਛੱਮ ਪੰਜਾਬ ਦੇ ਇਲਾਕੇ ਨੂੰ ਖਿੱਛ ਕੇ ਸਤਲੁਜ ਦੇ ਇਕਦਮ ਦੂਜੇ ਕਿਨਾਰੇ ਤੱਕ ਲੈ ਜਾਇਆ ਜਾਵੇ ਅਤੇ ਕੁੱਝ ਐਸੀ ਵਜ੍ਹਾਂ ਨੇ, ਜੈਦਾਂ ਕਿ ਰੇਲ ਨਾਲ ਆਵਾ-ਜਾਈ ਅਤੇ ਆਬਪਾਸ਼ੀ ਦੀ ਪ੍ਰਣਾਲੀ ਨੂੰ ਵਿਘਣ ਪਹੁੰਚਾਨਾ, ਜਿਸ ਦੇ ਚਲਦੇ, ਜੁੜੇ ਹੋਏ ਇਲਾਕੇ ਦੇ ਅਸੂਲ਼ ਵਾਲੇ ਮੂਲ ਦਾਅਵੇ ਨੂੰ ਪਿੱਛੇ ਹਟਣਾ ਪਵੇਗਾ.
>
> 11. ਮੈਨੂੰ ਨਹੀਂ ਲਗਿਆ ਹੈ ਕਿ ਅੱਪਰ ਬਾਰੀ ਦੋਆਬ ਕੈਨਲ, ਜੋ ਪਠਾਨਕੋਟ ਤਹਸੀਲ ਦੇ ਮਾਧੋਪੁਰ ਤੋਂ ਲੈ ਕੇ ਲਾਹੌਰ ਜ਼ਿਲ੍ਹੇ ਦੀ ਪਛੱਮ ਸੀਮਾ ਤੱਕ ਹੈ, ਇਸ ਦੀ ਆਬਪਾਸ਼ੀ ਦੇ ਤਰੀਕੇ ਨੂੰ ਬਗੈਰ ਤਕਸੀਮ ਦੇ ਕਾਇਮ ਰਖਣਾ ਮੁਮਕਿਨ ਹੈ, ਹਾਲਾਂਕਿ ਮੈਂ ਲਾਹੋਰ-ਅੱਮ੍ਰਿਤਸਰ ਜ਼ਿਲ੍ਹਾਂ ਦੀ ਸੀਮਾ ਵਿੱਚ ਕੁੱਝ ਤਬਦੀਲੀ ਕੀਤੀ ਹੈ ਤਾਂਕਿ ਅਲਗਾਵ ਦੇ ਨੁਕਸਾਨਾਂ ਨੂੰ ਕੁੱਝ ਘੱਟ ਕੀਤਾ ਜਾ ਸਕੇ...(Ibid: 746-7).

13 ਅਗਸਤ ਨੂੰ ਅਵਾਰਡ (ਫ਼ੈਸਲਾ) ਤਿਆਰ ਸੀ
(ਐਲਾਨ 16-17 ਅਗਸਤ ਨੂੰ ਹੋਇਆ)

ਹਾਲਾਂਕਿ ਰੈਡਕਲੀਫ ਅਵਾਰਡ 13 ਅਗਸਤ ਨੂੰ ਤਿਆਰ ਸੀ, ਸਿਆਸਤਦਾਨਾਂ ਨੂੰ ਇਸ ਦੇ ਬਾਰੇ 16 ਅਗਸਤ ਨੂੰ ਦੱਸਿਆ ਗਿਆ ਅਤੇ ਆਮ ਅਵਾਮ ਲਈ, ਇਸ ਦਾ ਐਲਾਨ 17 ਅਗਸਤ ਨੂੰ ਕੀਤਾ ਗਿਆ-

ਇੰਡੀਆ ਅਤੇ ਪਾਕਿਸਤਾਨ ਦੇ ਆਜ਼ਾਦੀ ਦੇ ਜਸ਼ਨ ਦੇ ਦੋ ਦਿਨਾਂ ਬਾਅਦ. ਆਮ ਤੌਰ ਤੇ ਲੋਕਾਂ ਨੂੰ ਇਸ ਦੇ ਬਾਰੇ 17 ਅਗਸਤ ਨੂੰ ਪਤਾ ਚਲਿਆ. ਬਾਉਂਡਰੀ ਅਵਾਰਡ ਦਾ ਸਭ ਤੋਂ ਜ਼ਿਆਦਾ ਚਰਚਾ ਦਾ ਪਹਿਲੂ ਸੀ ਗੁਰਦਾਸਪੁਰ ਦੀ ਚਾਰ ਵਿੱਚ ਉਝ ਦਰਿਆ (ਜੋ ਰਾਵੀ ਦਰਿਆ ਨਾਲ ਥੋੜਾ ਨੀਚੇ ਜਾ ਕੇ ਮਿਲ ਜਾਂਦੀ ਹੈ) ਦੇ ਪੂਰਬ ਦੀ ਤਿਨ ਤਹਸੀਲਾਂ-ਗੁਰਦਾਸਪੁਰ, ਬਟਾਲਾ ਅਤੇ ਪਠਾਨਕੋਟ ਦਾ ਇੰਡੀਆ ਨੂੰ ਦੇ ਦਿੱਤਾ ਜਾਣਾ, ਜਦ ਕਿ ਪਾਕਿਸਤਾਨ ਨੂੰ ਸਿਰਫ਼ ਸ਼ਕਰਗੜ. ਪਰ, ਦਿਲਚਸਪ ਗੱਲ ਇਹ ਸੀ ਕਿ ਉਝ-ਰਾਵੀ ਦਰਿਆਵਾਂ ਨੂੰ ਹਦਬੰਦੀ ਲਈ ਇਸਤੇਮਾਲ ਕਰਣ ਦੀ ਬਜਾਏ ਇਹ ਕਿਹਾ ਗਿਆ, 'ਤਹਸੀਲ ਦੀ ਸੀਮਾ ਨਾ ਕਿ ਦਰਿਆ ਉਝ ਦੀ ਧਾਰਾ, ਪੂਰਬੀ ਅਤੇ ਪੱਛਮ ਪੰਜਾਬ ਦੀ ਸਰਹੱਦ ਹੋਵੇਗੀ' (Ibid: 747). ਇਸ ਤਰ੍ਹਾਂ ਦੇ ਇੰਤਜ਼ਾਮ ਨੇ ਇੰਡੀਆ ਅਤੇ ਪਾਕਿਸਤਾਨ ਦੋਨਾਂ ਨੂੰ ਦੂਜੀ ਤਰਫ਼ ਪੈਰ ਰਖਣ ਦੀ ਥੋੜੀ ਜਗ੍ਹ ਦੇ ਦਿੱਤੀ ਅਤੇ ਸਰਹੱਦ ਕਾਫ਼ੀ ਬੇਕਾਇਦਾ ਹੋ ਗਈ.

ਇਸ ਦੇ ਬਾਅਦ ਸੀਮਾ ਨੇ ਜੋ ਰੂਖ ਲੀਤਾ ਉਹ ਪਹਿਲਾਂ ਤੋਂ ਹੀ ਮੌਜੂਦ ਸੀ ਜੈਦਾਂ ਕਿ, ਅੱਮ੍ਰਿਤਸਰ ਦੀ ਅਜਨਾਲਾ ਤਹਸੀਲ ਅਤੇ ਲਾਹੌਰ ਹੋਰ ਅੱਮ੍ਰਿਤਸਰ ਦੀ ਤਰਨ ਤਾਰਨ ਤਹਸੀਲ ਅਤੇ ਲਾਹੌਰ. ਇਸ ਨੂੰ ਅਗੇ ਚਲ ਕੇ ਉਥੇ ਤੱਕ ਜਾਣਾ ਸੀ ਜਿੱਥੇ ਲਾਹੌਰ ਜ਼ਿਲ੍ਹੇ ਦੀ ਕਸੂਰ ਤਹਸੀਲ, ਲਾਹੌਰ ਤਹਸੀਲ ਅਤੇ ਤਰਨ ਤਾਰਨ ਤਹਸੀਲਾਂ, ਇੱਕ ਦੂਜੇ ਨੂੰ ਮਿਲਦੀ ਸਨ. ਇਸ ਦੇ ਇਲਾਵਾ ਕਸੂਰ ਤਹਸੀਲਾਂ ਦੇ ਹਿੱਸੇ ਲੈ ਕੇ ਇੰਡੀਆ ਨੂੰ ਦੇ ਦਿੱਤੇ ਗਏ. ਇਸ ਦੇ ਬਾਅਦ, ਇਹ ਘੱਟ ਵਧ ਸਤਲੁਜ ਦੇ ਨਾਲ ਨਾਲ, ਦੱਖਣ ਦੀ ਤਰਫ਼ ਚਲੇ ਗਈ, ਜਦ ਤੱਕ ਇਹ ਬਹਾਵਲਪੁਰ ਨਹੀਂ ਪਹੁੰਚੀ (Ibid: 748-9).

ਰੈਡਕਲੀਫ ਅਵਾਰਡ : ਇੱਕ ਵਿਸ਼ਲੇਸ਼ਣ

ਰੈਡਕਲੀਫ ਅਵਾਰਡ ਨੂੰ ਲੈ ਕੇ ਬਹੁਤ ਚਰਚਾ ਹੋਈ ਹੈ. ਇੰਡੀਆ ਅਤੇ ਪਾਕਿਸਤਾਨ ਆਜ਼ਾਦ ਹੋਣ ਦੇ ਬਾਅਦ ਇਸ ਦੇ ਐਲਾਨ ਦੀ ਅਕਸਰ ਇਹ ਵਜ੍ਹਾ ਦਿੱਤੀ ਜਾਂਦੀ ਹੈ ਕਿ ਮਾਉਂਟਬੈਟਨ ਨੂੰ ਉਮੀਦ ਸੀ ਕਿ ਅੰਤਰਰਾਸ਼ਟਰੀ ਸਰਹੱਦ ਦੇ ਝਗੜੇ ਨੂੰ ਲੈ ਕੇ ਮੁਖਤਲਿਫ਼ ਪਾਰਟੀਆਂ- ਮੁਸਲਿਮ ਲੀਗ, ਕਾਂਗਰੇਸ ਅਤੇ ਸਿੱਖਾਂ ਦੀ ਤੀਬਰ ਪ੍ਰਤੀਕਿਰਿਆ ਹੋਣਗੀਆਂ. ਪਰ, ਚੂੰਕਿ ਮਾਉਂਟਬੈਟਨ ਨੂੰ ਦੋਵੇਂ ਮੁਲਕਾਂ ਦੇ ਆਜ਼ਾਦੀ ਦੇ ਜਸ਼ਨ ਤੇ ਹਿੱਸਾ ਲੈਣਾ ਸੀ, ਉਨ੍ਹਾਂ ਨੇ ਇਸ ਅਵਾਰਡ ਦੇ ਐਲਾਨ ਨੂੰ, ਸਰਕਾਰੀ ਰਸਮਾਂ ਦੇ ਬਾਅਦ ਕਰਨਾ ਹੀ ਮਾਕੂਲ ਸਮਝਿਆ (Tan and Kudaisya, 2000: 96). ਇਸ ਇਲਜ਼ਾਮ ਬਾਰੇ ਕਿ ਮਾਉਂਟਬੈਟਨ ਨੇ ਮੂਲ ਵਿਸ਼ਾ-ਵਸਤੂ ਦੀ ਫੇਰ-ਬਦਲ ਕੀਤੀ ਸੀ ਤਾਂਕਿ ਪੂਰਾ ਗੁਰਦਾਸਪੁਰ ਜਿਸ ਵਿੱਚ ਮੁਸਲਿਮਾਂ ਦੀ ਇੱਕ ਮਾਮੂਲੀ ਮਜਾਰਿਟੀ ਸੀ, ਪਾਕਿਸਤਾਨ ਨੂੰ ਨਾ ਦਿੱਤਾ ਜਾਵੇ, ਕਾਫ਼ੀ ਲਿਟਰੇਚਰ (ਤੱਥ) ਮੌਜੂਦ ਨੇ. ਗੁਰਦਾਸਪੁਰ ਜ਼ਿਲ੍ਹੇ ਦੀ ਚਾਰ ਤਹਸੀਲਾਂ ਤੋਂ ਤਿਨ ਪੂਰਬੀ ਪੰਜਾਬ ਨੂੰ ਦੇ ਦਿੱਤੀ ਗਈਆਂ. ਇਹ ਇਲਜ਼ਾਮ ਹੈ ਕਿ ਮਾਉਂਟਬੈਟਨ ਨੇ ਐਦਾਂ ਇਸ ਲਈ ਕੀਤਾ ਸੀ ਕਿ ਇੰਡੀਆ ਨੂੰ ਪਠਾਨਕੋਟ ਹੋ ਕੇ, ਜਮੀਨੀ ਤੌਰ ਤੇ ਕਸ਼ਮੀਰ ਨਾਲ ਜੋੜਿਆ ਜਾ ਸਕੇ. ਦੂਜੀ ਤਰਫ਼, ਇਸ ਦੀ ਉਲਟੀ ਦਲੀਲ ਇਹ ਹੈ ਕਿ ਪਠਾਨਕੋਟ ਇੱਕ ਹਿੰਦੂ-ਸਿੱਖ ਮਜਾਰਿਟੀ ਵਾਲੀ ਤਹਸੀਲ ਸੀ ਅਤੇ ਇਹ, ਕਿਸੇ ਵੀ ਸੂਰਤ ਤੇ, ਇੰਡੀਆ ਵਿੱਚ ਸਾਮਲ ਹੁੰਦੀ, ਅਗਰ ਤਹਸੀਲ ਨੂੰ ਮੁਸਲਿਮ ਜਾਂ ਗੈਰ-ਮੁਸਲਿਮ ਜੁੜੇ ਹੋਏ ਇਲਾਕਿਆਂ ਦੀ ਹਦਬੰਦੀ ਲਈ ਇੱਕ ਇਕਾਈ ਦੇ ਤੌਰ ਤੇ ਅਪਣਾਇਆ ਜਾਂਦਾ. ਇਸ

ਦੇ ਚਲਦੇ, ਕਸ਼ਮੀਰ ਤੇ ਪਾਕਿਸਤਾਨ ਦੀ ਪਹੁੰਚ, ਇੱਕ ਅਸਰਦਾਰ ਤੌਰ ਤੇ ਘੱਟ ਹੋ ਜਾਂਦੀ (Ahmed, 1999: 156).

ਪਾਕਿਸਤਾਨੀ ਸਰੋਤਾਂ ਦੇ ਮੁਤਾਬਕ, ਫ਼ਿਰੋਜ਼ਪੁਰ ਜ਼ਿਲ੍ਹੇ ਦੀ ਜ਼ੀਰਾ ਅਤੇ ਫ਼ਿਰੋਜ਼ਪੁਰ ਤਹਸੀਲਾਂ ਨੂੰ ਸ਼ੁਰੂ ਤੇ ਪਾਕਿਸਤਾਨ ਵਿੱਚ ਸ਼ਾਮਲ ਕੀਤਾ ਗਿਆ ਸੀ. ਪਰ, ਆਖ਼ਰਕਾਰ ਅਵਾਰਡ ਨੇ ਇਨ੍ਹਾਂ ਨੂੰ ਇੰਡੀਅਨ ਪੰਜਾਬ ਵਿੱਚ ਸ਼ਾਮਲ ਕੀਤਾ. ਜਸਟੀਸ ਮੁਹੱਮਦ ਮੁਨੀਰ ਜੋ ਪੰਜਾਬ ਬਾਉਂਡਰੀ ਕਮੀਸ਼ਨ ਦੇ ਇੱਕ ਸਦੱਸ ਸਨ, ਨੇ ਦਾਅਵਾ ਕੀਤਾ ਹੈ ਕਿ ਰੈਡਕਲੀਫ ਰਜਾਮੰਦ ਸਨ ਕਿ ਜ਼ੀਰਾ ਅਤੇ ਫ਼ਿਰੋਜ਼ਪੁਰ ਤਹਸੀਲਾਂ ਅਤੇ ਫ਼ਾਜ਼ੀਲਕਾ ਅਤੇ ਮੁਕਤਸਰ ਤਹਸੀਲਾਂ ਦੇ ਹਿੱਸੇਆਂ ਅਤੇ ਫ਼ਿਰੋਜ਼ਪੁਰ ਹੇਡਵਰਕਸ ਪਾਕਿਸਤਾਨ ਨੂੰ ਦਿੱਤੇ ਜਾਣਗੇ (Munir, 1973: 55). ਉਹ ਇਥੋਂ ਤੱਕ ਦਾਅਵਾ ਕਰਦੇ ਨੇ ਕਿ ਗੈਰ-ਮੁਸਲਿਮਾਂ ਨੇ ਉਨ੍ਹਾਂ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਮਿੰਟਗੋਮਰੀ ਨੂੰ ਇੰਡੀਆ ਵਿੱਚ ਸ਼ਾਮਲ ਹੋਣ ਦੇਣ ਅਤੇ ਹੋਰ ਇਹ ਕਿ ਰੈਡਕਲੀਫ ਲਾਹੌਰ ਨੂੰ ਇੰਡੀਆ ਨੂੰ ਦੇਨ ਬਾਰੇ ਸੋਚ ਰਹੇ ਸੀ, ਪਰ ਉਨ੍ਹਾਂ ਦੇ (ਮੁਨੀਰ ਦੇ) ਜ਼ੋਰਦਾਰ ਉਜ਼ਰ ਦੇ ਚਲਦੇ, ਰੈਡਕਲੀਫ ਨੂੰ ਆਪਣਾ ਖ਼ਿਆਲ ਬਦਲਣ ਲਈ ਮਜਬੂਰ ਕੀਤਾ (Ibid: 50-55). ਉਸੇ ਤਰ੍ਹਾਂ, ਚੌਧਰੀ ਮੁਹੱਮਦ ਅਲੀ, ਜੋ ਬਾਅਦ ਤੇ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਬਣੇ ਸੀ, ਅਤੇ ਜੋ ਮਾਉਂਟਬੈਟਨ ਦੀ ਪ੍ਰਧਾਨਗੀ ਵਾਲੀ ਪਾਰਟੀਸ਼ਨ ਕਾਉਂਸਿਲ ਦੀ ਦੋ ਲੋਕਾਂ ਦੀ ਇਸਟਿਅਰਿੰਗ ਕਮੇਟੀ ਦੇ ਮੁਸਲਿਮ ਸਦੱਸ ਸਨ, ਨੇ ਦਾਅਵਾ ਕੀਤਾ ਕਿ ਬ੍ਰਿਟਿਸ਼ ਪੂਰੀ ਤਰ੍ਹਾਂ ਸਿੱਖਾਂ ਦੇ ਵੱਲ ਪੱਖਪਾਤ ਕਰ ਰਹੇ ਸੀ. ਅਤੇ, ਮੁਸਲਿਮ ਮਜਾਰਿਟੀ ਵਾਲਾ ਗੁਰਦਾਸਪੁਰ ਜ਼ਿਲ੍ਹਾ ਅਤੇ ਫ਼ਿਰੋਜ਼ਪੁਰ, ਅੱਮ੍ਰਿਤਸਰ ਅਤੇ ਜਲੰਧਰ ਜ਼ਿਲ੍ਹਾਂ ਤੇ ਮੁਸਲਿਮ ਮਜਾਰਿਟੀ ਵਾਲੀ ਤਹਸੀਲਾਂ, ਇੰਡੀਆ ਨੂੰ ਦਿੱਤੀ ਗਈਆਂ (ਅਲੀ, 1998: 210-21).

ਕਿਰਪਾਲ ਸਿੰਘ ਮੱਨਦੇ ਨੇ ਕਿ ਸਬੂਤ ਮੌਜੂਦ ਨੇ, ਜੋ ਦੱਸਦੇ ਨੇ ਕਿ ਜ਼ੀਰਾ ਅਤੇ ਫ਼ਿਰੋਜ਼ਪੁਰ ਤਹਸੀਲਾਂ ਨੂੰ ਇੱਕ ਨਕਸ਼ੇ ਵਿੱਚ ਸ਼ਾਮਲ ਕੀਤਾ ਗਿਆ ਸੀ, ਜਿਸ ਨੂੰ ਮਾਉਂਟਬੈਟਨ ਦੇ ਸਚਿਵ, ਸਰ ਜੌਰਜ ਏਬੋੱਲ ਨੇ ਤਿਆਰ ਕਰ ਕੇ ਗਵਰਨਰ ਜੇਨਕੀਨਸ ਨੂੰ ਭੇਜਿਆ ਸੀ. ਪਰ, ਸਿੰਘ ਦਾਅਵਾ ਕਰਦੇ ਨੇ ਕਿ ਇਹ ਇੱਕ ਗ਼ੈਰ-ਰਸਮੀ ਨਕਸ਼ਾਂ ਸੀ, ਜੋ ਚਲ ਰਹੀ ਸਮਝੌਤੇ ਦੀ ਗੱਲਬਾਤ ਨੂੰ ਦਰਸ਼ਾਉਂਦਾ ਸੀ ਨਾ ਕਿ ਆਖਰੀ ਨਤੀਜੇ ਨੂੰ (ਸਿੰਘ, 1989:99-103). ਉਹ ਇਹ ਵੀ ਦਾਅਵਾ ਕਰਦੇ ਨੇ ਕਿ ਪੰਜਾਬ ਬਾਉਂਡਰੀ ਕਮੀਸ਼ਨ ਦੇ ਮੁਸਲਿਮ ਨੁਮਾਇੰਦੇ, ਜਸਟੀਸ ਦੀਨ ਮੁੱਹਮਦ ਅਤੇ ਜਸਟੀਸ ਮੁਨੀਰ ਨੂੰ ਪਤਾ ਸੀ ਕਿ ਗੁਰਦਾਸਪੁਰ ਇੰਡੀਆ ਵਿੱਚ ਸ਼ਾਮਲ ਹੋਵੇਗਾ. ਉਹ 26 ਅਪ੍ਰੈਲ 1960 ਦੇ ਦੀ ਟ੍ਰਿਬਊਨ (ਤਦ ਇਹ ਅੰਬਾਲਾ ਛਾਉਣੀ ਤੋਂ ਛੱਪਦਾ ਸੀ) ਮੁਨੀਰ ਦੇ ਇੱਕ ਬਿਆਨ ਦਾ ਜ਼ਿਕਰ ਕਰਦੇ ਨੇ:

> ਮੈਨੂੰ, ਅੱਜ ਇਹ ਜ਼ਾਹਰ ਕਰਣ ਤੇ ਕੋਈ ਝਿਜਕ ਨਹੀਂ ਹੈ ਕਿ ...ਇਹ ਸ਼੍ਰੀ ਦੀਨ ਮੋਹੱਮਦ ਅਤੇ ਮੈਨੂੰ, ਰੈਡਕਲੀਫ ਨਾਲ ਬਿਲਕੁਲ ਸ਼ੁਰੂਆਤੀ ਗੱਲਬਾਤ ਤੋਂ ਹੀ ਸਾਫ਼ ਸੀ ਕਿ ਗੁਰਦਾਸਪੁਰ ਇੰਡੀਆ ਵਿੱਚ ਸ਼ਾਮਲ ਹੋਣ ਵਾਲਾ ਸੀ ਅਤੇ ਸਾਡੇ ਡਰ ਨੂੰ ਇੱਕ ਬਹੁਤ ਸ਼ੁਰੂਆਤੀ ਦੌਰ ਤੇ ਮੁਸਲਿਮ ਲੀਗ ਦੇ ਉਨ੍ਹ ਲੋਕਾਂ ਨੂੰ ਦੱਸ ਦਿੱਤਾ ਗਿਆ ਸੀ, ਜੋ ਸਾਡੀ ਮਦਦ ਲਈ ਨੁਮਾਇੰਦੇ ਬਣ ਕੇ ਆਏ ਸੀ (Ibid: 99).

ਪਰ, ਐਲੇਸਟੇਅਰ ਲੈਂਬ ਦਾਅਵਾ ਕਰਦੇ ਨੇ ਕਿ ਜਿਸ ਨਕਸ਼ੇ ਦਾ ਜ਼ਿਕਰ ਕੀਤਾ ਗਿਆ ਹੈ, ਉਹ ਛੱਪ ਕੇ ਤਿਆਰ ਸੀ ਅਤੇ ਉਹ 8 ਅਗਸਤ ਤੱਕ ਇੱਕ ਸਰਕਾਰੀ ਨਕਸ਼ਾ ਸੀ. ਇਸ ਦੇ ਬਾਅਦ, ਮਾਉਂਟਬੈਟਨ ਦੇ

ਹੁਕਮ ਦੇ ਚਲਦੇ, ਕੁੱਝ ਬ੍ਰਿਟਿਸ਼ ਅਫ਼ਸਰਾਂ ਨੇ ਇਸ ਦੇ ਨਾਲ ਛੇੜ-ਛਾੜ ਕੀਤੀ ਅਤੇ ਇਸ ਨੂੰ ਵੇਵੇਲ ਪਲਾਨ ਦੇ ਮੁਤਾਬਕ ਫੇਰ ਬਦਲ ਕੀਤਾ, ਜਿਸ ਨੂੰ ਕਾਂਗਰੇਸ ਹਿਮਾਇਤੀ ਵੀ.ਪੀ.ਮੇਨਨ ਨੇ ਤਿਆਰ ਕੀਤਾ ਸੀ. ਇਹ ਬਦਲਾਉ ਸਿੱਖਾਂ ਨੂੰ ਤਸੱਲੀ ਦੇਣ ਲਈ ਕੀਤਾ ਗਿਆ ਸੀ, ਜਿਨ੍ਹਾਂ ਨੇ 8 ਅਗਸਤ ਤੋਂ ਤਸ਼ੱਦਦ ਵਧਾ ਦਿੱਤਾ ਸੀ ਕਿਉਂਕਿ ਉਨ੍ਹਾਂ ਨੂੰ ਉਸੇ ਦਿਨ ਉਹ ਨਕਸ਼ਾ ਮਿਲ ਗਿਆ ਸੀ (1997:61-72).

ਪੰਜਾਬ ਬਾਉਂਰੀ ਕਮੀਸਨ ਦੀ ਗੱਲਬਾਤ ਬਾਰੇ ਖ਼ਬਰਦਾਰੀ ਨਾਲ ਮੁਤਾਲਿਆ ਕਰਣ ਨਾਲ, ਇੱਕ ਹੋਰ ਅਸੂਲ ਪੇਸ਼ ਕੀਤਾ ਜਾ ਸਕਦਾ ਹੈ: ਬੁਨਿਆਦੀ ਤੌਰ ਤੇ ਰੈਡਕਲੀਫ ਅਵਾਰਡ ਮੁਸਲਿਮ ਅਤੇ ਗੈਰ-ਮੁਸਲਿਮ ਮਜਾਰਿਟੀ ਵਾਲੇ ਜੁੜੇ ਇਲਾਕਿਆਂ ਦੇ ਅਸੂਲ ਦੇ ਆਸਰੇ ਸੀ, ਅਤੇ ਇਸ ਨੇ ਇਲਾਕੇ ਦੀ ਤਕਸੀਮ ਲਈ, ਜਾਇਦਾਦ ਦੀ ਮਲਕੀਅਤ ਨੂੰ, ਦਾਅਵੇ ਦੀ ਇੱਕ ਵਾਜ਼ਬ ਬੁਨਿਆਦ ਦੇ ਤੌਰ ਤੇ ਮਾਣਤਾ ਨਹੀਂ ਦਿੱਤੀ. ਖ਼ਾਸ ਕਰ ਕੇ, ਲਾਇਲਪੁਰ ਅਤੇ ਮਿੰਟਗੋਮਰੀ, ਦੂਜੀ ਨਹਿਰੀ ਕਲੋਨੀਆਂ ਅਤੇ ਲਾਹੌਰ ਉਪਰ ਕਾਂਗਰੇਸ-ਸਿੱਖ ਦਾਅਵੇ, ਜਿਨ੍ਹਾਂ ਦੀ ਬੁਨਿਆਦ ਇਣ ਜਗ੍ਹਾਂ ਦੀ ਬੇਸ਼ੁਮਾਰ ਜਾਇਦਾਦ ਦੀ ਮਲਕੀਅਤ ਉਪਰ ਸੀ, ਨੂੰ ਕਾਨੂੰਨੀ ਤੌਰ ਤੇ ਆਬਾਦੀ ਵਾਲੇ ਅਸੂਲ ਨੂੰ ਰੱਦ ਕਰਣਯੋਗ ਨਹੀਂ ਸਮਝਿਆ ਗਿਆ. ਅਤੇ ਜਿਣ ਜਗ੍ਹਾਂ ਤੇ, ਖ਼ਾਸ ਕਰ ਕੇ ਸਿੱਖ ਜ਼ਿਆਦਾਤਰ ਜਮੀਨ ਦੇ ਮਾਲਕ ਸਨ ਅਤੇ ਜਿਣ ਸ਼ਹਿਰੀ ਜਾਇਦਾਦਾਂ ਤੇ ਹਿੰਦੂ ਅਤੇ ਸਿੱਖ ਦੋਨੋ ਮਿਲ ਕੇ ਮਾਲਕ ਸਨ, ਪਾਕਿਸਤਾਨ ਨੂੰ ਦੇ ਦਿੱਤੇ ਗਏ. ਅਤੇ, ਇਸ ਪਹਿਲੂ ਦੇ ਮੁਤਾਬਕ, ਰੈਡਕਲੀਫ ਅਵਾਰਡ ਮੁਸਲਿਮ ਲੀਗ ਦੇ ਦਾਅਵੇ ਨਾਲ ਜ਼ਿਆਦਾ ਹਮਦਰਦੀ ਰੱਖਦਾ ਸੀ ਨਾ ਕਿ ਹਿੰਦੂ-ਸਿੱਖ ਦਾਅਵੇ ਨਾਲ.

ਦੂਜੀ ਤਰਫ਼, ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸੱਤ ਮੁਸਲਿਮ ਮਜਾਰਿਟੀ ਵਾਲੀ ਤਹਸੀਲਾਂ ਨੂੰ ਪੂਰਬੀ ਪੰਜਾਬ ਵਿੱਚ ਸ਼ਾਮਲ ਕਰਨਾ ਰੈਡਕਲੀਫ ਦਾ ਖ਼ਿਆਲ ਸੀ ਕਿ ਸਿੱਖਾਂ ਦੀ ਪੂਰਬੀ ਪੰਜਾਬ ਵਿੱਚ ਇਕੱਠੇ ਹੋਣ ਦੀ ਮੰਗ ਨੂੰ ਇੱਕ ਵਡੇ ਤੌਰ ਤੇ ਪੂਰਾ ਕਰ ਕੇ, ਇੱਕ ਬਰਾਬਰੀ ਵਾਲਾ ਸਲੂਕ ਕੀਤਾ ਜਾਵੇ. ਇਹ ਫ਼ੈਸਲਾ ਯੁਕਤੀਸੰਗਤ ਸੀ ਕਿਉਂਕਿ ਆਮ ਲੋਕਾਂ ਵਿੱਚ ਦਿੱਤੇ ਗਏ ਮੁਖ਼ਤਲਿਫ਼ ਬਿਆਨਾਂ ਤੇ, ਬ੍ਰਿਟਿਸ਼ ਸਰਕਾਰ ਨੇ ਸਿੱਖਾਂ ਲਈ ਇੱਕ ਖ਼ਾਸ ਦਰਜਾ ਦੇਣ ਬਾਰੇ ਇੱਕ ਸੋਚ ਦਾ ਜ਼ਿਕਰ ਕੀਤਾ ਸੀ. ਅਗਰ ਰੈਡਕਲੀਫ ਇਸ ਨੂੰ ਖੁਲ੍ਹੇ-ਆਮ ਮੱਣ ਲੈਂਦੇ ਤੇ, ਸ਼ਾਇਦ ਉਨ੍ਹਾਂ ਦੇ ਫ਼ੈਸਲੇ ਨੂੰ ਘੇਰਣ ਵਾਲੀ ਚਰਚਾ, ਸਾਜ਼ਸ਼ਾਂ ਦੇ ਇੰਨੇ ਸਾਰੇ ਅਸੂਲ ਪੈਦਾ ਨਹੀਂ ਕਰਦੀ.

ਰੈਡਕਲੀਫ ਅਵਾਰਡ ਵੇਵੇਲ ਦੇ ਬਾਉਂਡਰੀ ਡਿਮਾਰਕੇਸ਼ਨ ਪਲਾਨ
ਨਾਲ ਲੱਗਭਗ ਇੱਕ ਵਰਗਾ

ਗੌਰ ਕਰਣ ਲਾਇਕ, ਸਭ ਤੋਂ ਦਿਲਚਸਪ ਗੱਲ ਇਹ ਹੈ ਕਿ, ਰੈਡਕਲੀਫ ਅਵਾਰਡ, 7 ਫਰਵਰੀ 1946 ਦੇ ਬਾਉਂਡਰੀ ਡਿਮਾਰਕੇਸ਼ਨ ਪਲਾਨ ਜਿਸ ਨੂੰ ਵਾਇਸਰਾਏ ਵੇਵੇਲ ਨੇ ਆਪਣੇ ਬੇਹਦ ਖ਼ੁਫ਼ਿਆ 27 ਦਸੰਬਰ 1945 ਦੇ ਬ੍ਰੇਕਡਾਉਨ ਪਲਾਨ ਦੇ ਮਨਸੂਬੇ ਦੇ ਤਹਿਤ ਤਿਆਰ ਕੀਤਾ ਸੀ, ਨਾਲ ਲੱਗਭਗ ਇੱਕ ਵਰਗਾ ਸੀ. ਵੇਵੇਲ ਨੇ ਦਲ਼ੀਲ ਦਿੱਤੀ ਸੀ ਕਿ ਅੱਮ੍ਰਿਤਸਰ ਨੂੰ ਇੰਡੀਆ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ ਕਿਉਂਕਿ ਇਹ ਸਿੱਖਾਂ ਦਾ ਸਭ ਤੋਂ ਪਵਿੱਤਰ ਸ਼ਹਿਰ ਸੀ. ਗੁਰਦਾਸਪੁਰ ਜ਼ਿਲ੍ਹੇ ਨੂੰ ਵੀ ਇੰਡੀਆ ਨੂੰ ਦੇ ਦੇਨਾ ਚਾਹੀਦਾ ਸੀ ਨਹੀਂ ਤੇ, ਅੱਮ੍ਰਿਤਸਰ ਉੱਤਰ ਅਤੇ ਪਛੱਮ, ਦੋਨੋ ਤਰਫ਼ੋਂ ਪਾਕਿਸਤਾਨ ਨਾਲ ਘੇਰਿਆ ਰਹਿੰਦਾ, ਜੋ ਇਸ ਦੀ ਸੁਰੱਖਿਆ ਲਈ ਇੱਕ ਖ਼ਤਰਾ ਬਣ ਜਾਂਦਾ. ਦੱਖਣ ਤੇ ਫ਼ਿਰੋਜ਼ਪੁਰ ਜ਼ਿਲ੍ਹੇ ਤੇ ਇੱਕ ਗੈਰ-ਮੁਸਲਿਮ

ਮਜਾਰਿਟੀ ਸੀ ਜਦ ਕਿ ਇਸ ਦੀ ਜ਼ੀਰਾ ਅਤੇ ਫ਼ਿਰੋਜ਼ਪੁਰ ਤਹਸੀਲਾਂ ਤੇ ਮੁਸਲਿਮ ਮਜਾਰਿਟੀ ਸੀ. ਵੇਵੇਲ ਉਸ ਵਕਤ ਬੇਹਦ ਜ਼ਰੂਰੀ ਤੌਰ ਤੇ ਜੁੜੇ ਹੋਏ ਜ਼ਿਲ੍ਹਾਂ ਨੂੰ ਨਾ ਕਿ ਤਹਸੀਲਾਂ ਨੂੰ, ਸਰਹੱਦ ਦੀ ਹੱਦਬੰਦੀ ਲਈ ਇੱਕ ਇਕਾਈ ਦੇ ਤੌਰ ਤੇ, ਸੋਚ ਰਹੇ ਸੀ. ਰੈਡਕਲੀਫ ਨੇ ਕਸੂਰ ਤਹਸੀਲ ਦੇ ਇਲਾਕੇ ਨੂੰ ਇੰਡੀਆ ਦੇ ਪੂਰਬੀ ਪੰਜਾਬ ਵਿੱਚ ਦੇ ਦਿੱਤਾ, ਹਾਲਾਂਕਿ ਮੁਸਲਿਮ ਉਸ ਤਹਸੀਲ ਤੇ ਇੱਕ ਮਜਾਰਿਟੀ ਸਨ. ਕਸੂਰ ਤਹਸੀਲ ਤੇ 34,591 ਹਿੰਦੂ ਸਨ ਜਿਸ ਵਿੱਚ ਸਿਡਊਲਡ ਕਾਸਟ ਸ਼ਾਮਲ ਸਨ; 237,036 ਮੁਸਲਿਮ; ਅਤੇ 123,466 ਸਿੱਖ ਸਨ (Census Punjab, 1941:61).

ਰੈਡਕਲੀਫ ਅਵਾਰਡ ਨੇ, ਜ਼ਾਹਰ ਤੌਰ ਤੇ, ਵੇਵਲ ਦੀ ਸੋਚ ਨੂੰ ਅਪਨਾ ਲੀਤਾ ਸੀ, ਹਾਲਾਂਕਿ ਇਹ ਵੀ ਮੁਮਕਿਨ ਹੈ ਕਿ ਮਾਉਂਟਬੈਟਨ ਨੇ ਰੈਡਕਲੀਫ ਉਪਰ ਦਬਾਅ ਪਾ ਕੇ ਅਵਾਰਡ ਦੇ ਪਹਿਲੇ ਸੰਸਕਰਣ ਨੂੰ ਬਦਲ ਦਿੱਤਾ. ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਸਮੁੱਚੇ ਤੌਰ ਤੇ, ਫ਼ਿਰੋਜ਼ਪੁਰ ਜ਼ਿਲ੍ਹਾ ਗੈਰ-ਮੁਸਲਿਮ ਸੀ, ਇਸ ਦੇ ਬਾਵਜੁਦ ਕਿ ਕਿਸੇ ਵਕਤ, ਜ਼ੀਰਾ ਅਤੇ ਫ਼ਿਰੋਜ਼ਪੁਰ ਤਹਸੀਲਾਂ ਨੂੰ ਪਾਕਿਸਤਾਨ ਵਿੱਚ ਸ਼ਾਮਲ ਕੀਤਾ ਗਿਆ ਸੀ. ਹੋ ਸਕਦਾ ਹੈ ਇਹ ਸੰਤੁਲਨ ਬਣਾਉਣ ਲਈ ਕੀਤਾ ਗਿਆ ਹੋਵੇ, ਕਿਉਂਕਿ ਇੰਡੀਆ ਨੂੰ ਮੁਸਲਿਮ ਮਜਾਰਿਟੀ ਵਾਲੀਆਂ ਗੁਰਦਾਸਪੁਰ ਜ਼ਿਲ੍ਹੇ ਦੀ ਬਟਾਲਾ ਅਤੇ ਗੁਰਦਾਸਪੁਰ ਤਹਸੀਲਾਂ ਦਿੱਤੀ ਗਈਆਂ ਸਨ. ਪਰ ਜ਼ੀਰਾ ਅਤੇ ਫ਼ਿਰੋਜ਼ਪੁਰ ਤਹਸੀਲਾਂ ਨੂੰ ਪਾਕਿਸਤਾਨ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ. ਰੈਡਕਲੀਫ ਨੇ ਇਸ ਬਾਰੇ ਕੋਈ ਸਿੱਧਾ ਜ਼ਿਕਰ ਨਹੀਂ ਕੀਤਾ, ਪਰ ਸਭ ਤੋਂ ਅਹਿਮ ਵਜ੍ਹਾ ਇਹ ਸੀ ਕਿ ਅੱਮ੍ਰਿਤਸਰ ਨੂੰ ਤਿਨ ਤਰਫ਼ੋਂ ਪਾਕਿਸਤਾਨੀ ਇਲਾਕਿਆਂ ਦੇ ਘੇਰੇ ਤੋਂ ਬਚਾਣਾ ਸੀ-ਉੱਤਰ, ਪਛੱਮ ਅਤੇ ਦਖੱਣ. ਕਸੂਰ ਤਹਸੀਲ ਦੇ ਹਿੱਸੇ ਇੰਡੀਆ ਨੂੰ ਇਸ ਕਰ ਕੇ ਦਿੱਤੇ ਗਏ ਕਿ ਲਾਹੌਰ ਅਤੇ ਅੱਮ੍ਰਿਤਸਰ ਦੀ ਸਰਹੱਦ ਦੀ ਦੂਰੀ ਬਰਾਬਰ ਹੋਵੇ. ਅਤੇ, ਇਸ ਨੂੰ ਪਾਕਿਸਤਾਨ ਦੇ ਵਾਘਾ ਅਤੇ ਇੰਡੀਆ ਦੇ ਅਟਾਰੀ ਵਿੱਚ ਖਿੱਚਿਆ ਗਿਆ.

ਹਵਾਲਾ

ਅਹਿਮਦ, ਇਸ਼ਤਿਆਕ਼, 'ਦੀ 1947 ਪਾਰਟੀਸ਼ਨ ਔਫ ਪੰਜਾਬ: ਆਰਗੁਮੇਂਟਸ ਪੁਟ ਫੋਰਥ ਬੀਫੋਰ ਦ ਪੰਜਾਬ ਬਾਉਂਡਰੀ ਕਮੀਸ਼ਨ ਬਾਈ ਦ ਪਾਰਟੀਸ ਇਨਵੈਲਵਡ', ਇਅਨ ਟੈਲਬੱਟ ਅਤੇ ਗੁਰਹਰਪਾਲ ਸਿੰਘ (ਏਡੀ) ਰੀਜੀਅਨ ਐਂਡ ਪਾਰਟੀਸ਼ਨ: ਬੇਂਗੱਲ, ਪੰਜਾਬ ਐਂਡ ਦ ਪਾਰਟੀਸ਼ਨ ਔਫ ਦ ਸਬ-ਕੌਂਟੀਨੈਂਟ, (ਵਿੱਚ) ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1999).

ਅਲੀ, ਚੌਧਰੀ ਮੁਹੱਮਦ, ਦੀ ਇਮਰਜੇਂਸ ਔਫ ਪਾਕਿਸਤਾਨ, ਲਾਹੌਰ: ਰਿਸਰਚ ਸੋਸਾਇਟੀ ਔਫ ਪਾਕਿਸਤਾਨ, (1998).

ਜੇਫਰੀ, ਰੌਬਿਨ, 'ਦੀ ਪੰਜਾਬ ਬਾਉਂਡਰੀ ਫੋਰਸ ਐਂਡ ਦ ਪ੍ਰੌਬਲੇਮ ਔਫ ਔਰਡਰ, ਅਗਸਟ 1947', VIII, No. 4, ਮੌਡਰਨ ਐਸੀਅਨ ਸਟਡੀਸ ਕੈਂਬਰਿਜ, ਕੈਂਬਰਿਜ ਯੂਨਿਵਰਸਿਟੀ ਪ੍ਰੈਸ, (1974).

ਲੈਂਬ, ਐਲੀਸਟੇਅਰ, ਇਨਕਮਪਲੀਟ ਪਾਰਟੀਸ਼ਨ: ਦੀ ਜਿਨੇਸੀਸ ਔਫ ਦ ਕਸ਼ਮੀਰ ਡਿਸਪਊਟ 1947-1948, ਹਰਟਿੰਗਡੋਰਡਬਰਗ, ਹਰਟਫੋਰਡਸ਼ਾਇਰ: ਰੌਕਣਫੋਰਡ ਬੁਕਸ, (1997)

ਮੂਨ, ਪੇਂਡਰੇਲ, ਡਿਵਾਇਡ ਐਂਡ ਕਵਿਟ, (ਨਿਊ ਦੇਲਹੀ: ਔਕਣਫੋਰਡ ਯੂਨੀਵਰਸਿਟੀ ਪ੍ਰੈਸ, (1998).

ਮੁਨੀਰ, ਮੁਹੱਮਦ, ਚੀਫ ਜਸਟੀਸ ਮੁਨੀਰ: ਹਿਜ ਲਾਇਫ, ਰਾਇਟਿੰਗਸ ਐਨਡ ਜਜਮੇਂਟਸ, ਲਾਹੌਰ: ਰਿਸਚਚ ਸੋਸਾਇਟੀ ਔਫ ਪਾਕਿਸਤਾਨ, (1973).

ਸਿੰਘ, ਕਿਰਪਾਲ, ਸ਼ੈਲੇਕਟ ਡੋਕਊਮੇਨਟੇਸ਼ਨ ਔਨ ਪਾਰਟੀਸ਼ਨ ਔਫ ਪੰਜਾਬ-1947,ਦੇਲਹੀ: ਨੈਸ਼ਨਲ ਬੂਕ ਸ਼ੌਪ, (1991).

ਸਿੰਘ, ਕਿਰਪਾਲ, ਦੀ ਪਾਰਟੀਸ਼ਨ ਔਫ ਦ ਪੰਜਾਬ, ਪਟਿਆਲਾ: ਪੰਜਾਬ ਯੂਨੀਵਰਸਿਟੀ ਪਟਿਆਲਾ, (1989).

ਟੈਨ, ਟੀ.ਵਾਈ., ਅਤੇ ਕੁਡੈਸਿਆ, ਜੀ.,ਦੀ ਆਫਟਰਮੈਥ ਔਫ ਪਾਰਟੀਸ਼ਨ ਇਨ ਸਾਉਥ ਐਸੀਆ, ਲੰਡਨ: ਰੁਟਲੇਜ, (2000).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ),ਪੰਜਾਬ ਪੌਲਿਟਿਕਸ, 3 ਮਾਰਚ 1947-31 ਮਈ 1947, ਐਟ ਦੀ ਏਬੀਸ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007b).

ਸੈਂਸਸ ਔਫ ਇੰਡੀਆ, 1941, ਤੋਲ. ੜੀ, ਪੰਜਾਬ, ਸ਼ਿਮਲਾ: ਗੌਵਰਨਮੋਂਟ ਔਫ ਇੰਡੀਆ ਪ੍ਰੈਸ, (1941).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ੜੋਲ. ਯੀ, ਦੀ ਮਾਉਂਟਬੇਟਨ ਵਾਇਸਰਾਇਲਟੀ, ਐਨਾਉਂਸਮੋਂਟ ਰਿਸੇਪਸ਼ਨ ਔਫ ਦ 3 ਜੂਨ ਪਲਾਨ, 31 ਮਈ-7 ਜੁਲਾਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1982).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ੜੋਲ. ਯੀ, ਦੀ ਮਾਉਂਟਬੇਟਨ ਵਾਇਸਰਾਇਲਟੀ, ਪ੍ਰਿੰਸੇਸ, ਪਾਰਟੀਸ਼ਨ ਐਨਡ ਇਮਡਿਪੇਨਡੇਂਸ, 8 ਜੁਲਾਈ-15 ਅਗਸਤ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1982).

ਸ਼ਦੁੱਲਾਹ, ਮਿਆਂ ਮੁਹੱਮਦ (ਕਮਪਾਇਲਰ), ਦੀ ਪਾਰਟੀਸ਼ਨ ਔਫ ਦ ਪੰਜਾਬ 1947, ਫੋਰ ਵੈਲਯੂਮਸ, (ਸਰਕਾਰੀ ਦਸਤਾਵੇਜ਼ ਜਿਨ੍ਹਾਂ ਨੂੰ ਨੈਸ਼ਨਲ ਡੌਕਯੂਮੇਂਟੇਸ਼ਨ ਸੇਂਟਰ, ਲਾਹੌਰ ਤੇ ਸੰਗ੍ਰਹ ਕੀਤਾ ਗਿਆ), ਲਾਹੌਰ: ਸੰਗ-ਏ-ਮੀਲ ਪਬਲਿਕੇਸ਼ਨਸ.

ਅਖਬਾਰਾਂ

ਦੀ ਪਾਕਿਸਤਾਨ ਟਾਇਮਸ, ਲਾਹੌਰ 1947

ਦੀ ਟ੍ਰਿਬਯੂਨ, ਲਾਹੌਰ 1947

ਇੰਟਰਵਿਊ

ਹਮੀਦ ਅਫ਼ਤਰ, ਲੰਡਨ, 19 ਮਈ 2002

ਸਈਦ ਅਫ਼ਜ਼ਲ ਹੈਦਰ, ਲਾਹੌਰ, 13 ਅਪ੍ਰੈਲ 2003

ਸਈਦ ਅਹਿਮਦ ਸਈਦ ਕਿਰਮਾਨੀ, ਲਾਹੌਰ, 31 ਅਕਤੂਬਰ 2005

ਲੇਖਕ ਅਤੇ ਬੀ.ਆਰ.ਚੋਪੜਾ, ਮੁਮਬਈ, 4 ਜਨਵਰੀ 1997

ਲੇਖਕ, ਰਾਮਾਨੰਦ ਸਾਗਰ ਅਤੇ ਪਰਿਵਾਰ, ਮੁਮਬਈ, 18 ਅਕਤੂਬਰ 2001



ਲੇਖਕ ਅਤੇ ਰਾਜ ਬੱਬਰ, ਮੁਮਬਈ, 18 ਅਕਤੂਬਰ 2001

ਲੇਖਕ ਅਤੇ ਸੁਨੀਲ ਦੱਤ, ਮੁਮਬਈ, 20 ਅਕਤੂਬਰ 2001

ਚੌਧਰੀ ਮੁਹੱਮਦ ਸਿੱਦੀਕ, 27 ਅਪ੍ਰੈਲ 2003, ਲਾਹੌਰ



ਚੌਧਰੀ ਰੌਸ਼ਨ ਦੀਨ, 15 ਦਿਸੰਬਰ 2004

ਮੁਜਾਹਿਦ ਤਾਜ ਦੀਨ

ਚੌਧਰੀ ਅਬਦੁਲ ਵਾਹਿਦ, 20 ਦਿਸੰਬਰ 2004



ਖ਼ਵਾਜ਼ਾ ਇਫਤਿਖ਼ਾਰ ਅਤੇ ਲੇਖਕ, 17 ਅਪ੍ਰੈਲ 2003

ਅਹਿਮਦ ਸਲੀਮ, ਰਾਨਾ ਮੁਹੱਮਦ ਰਸ਼ੀਦ ਅਤੇ ਲੇਖਕ, 18 ਅਪ੍ਰੈਲ 2003

ਲੇਖਕ ਅਤੇ ਚੌਧਰੀ ਮੁਹੱਮਦ ਬਸ਼ੀਰ, 18 ਅਪ੍ਰੈਲ 2003



ਕਰਨਲ ਰਾਜ ਚੋਪੜਾ, ਪੁਸ਼ਪਾ ਹੰਸ ਅਤੇ ਲੇਖਕ

ਲੇਖਕ ਅਤੇ ਪ੍ਰੋਫੇਸਰ ਪ੍ਰੇਮ ਕੀਰਪਾਲ, 14 ਮਾਰਚ 2004

ਹਾਜੀ ਅਬਦੁਲ ਰਹਮਾਨ ਗਿੱਲ, 30 ਦਿਸੰਬਰ 2004

ਹਾਜੀ ਸ਼ੇਰ ਖ਼ਾਨ 14 ਦਿਸੰਬਰ 2004

ਹਿਤੇਸ਼ ਗੋਸਾਈਂ ਅਤੇ ਤੇਜਾ ਸਿੰਘ

ਅਤਾਉੱਲ੍ਹਾ ਮਲਿਕ, 22 ਦਿਸੰਬਰ 2004



ਮੁਜ਼ਾਹਿਦ ਅਲ-ਹੁੱਸੈਨੀ, 19 ਦਿਸੰਬਰ 2004

ਸ਼ਮਸ਼ਾਦ, 21 ਦਿਸੰਬਰ 2004

ਕਮਾਰ ਯੂਰੀਸ਼, 27 ਦਿਸੰਬਰ 2004

ਰਾਜਾ ਰਿਆਸਤ, 15 ਦਿਸੰਬਰ 2004

ਅਹਿਮਦ ਸਲੀਮ, ਜ਼ਮਾਨ ਅਤੇ ਹਾਜ਼ੀ ਸ਼ਰੀਫ਼ ਅਤੇ ਅਲੀ ਸਫ਼ਦਰ, 15 ਦਿਸੰਬਰ 2004

ਲਾਹੌਰ ਅੰਦਰੂਨ ਸ਼ਹਿਰ ਦੇ ਅੰਦਰ, 28 ਦਿਸੰਬਰ 2004

ਸ਼ੇਖ਼ ਹਬੀਬ, 26 ਦਿਸੰਬਰ 2004



ਸਈਦ ਖ਼ੁਰਸ਼ੀਦ ਅਬੱਸ ਗਰਦੇਜ਼ੀ, 22 ਦਿਸੰਬਰ 2004

ਅਮਰੀਕ ਚੰਦ ਅਹਲੁਵਾਲਿਆ, 7 ਜਨਵਰੀ 2005

ਬਾਬੂ ਖਾਨ, 4 ਜਨਵਰੀ 2005

ਉਮਾ ਵਸੁਦੇਵ ਅਤੇ ਲੇਖਕ

ਰਣਜੀਤ ਸਿੰਘ ਭਸੀਨ, 3 ਜਨਵਰੀ 2005

ਰਣਜੀਤ ਸਿੰਘ ਉਰਫ ਅਜੀਤ ਸਿੰਘ,4 ਜਨਵਰੀ 2005

ਸ਼ਮਸ਼ੇਰਜੀਤ ਸਿੰਘ, 7 ਜਨਵਰੀ 2005

ਕਰਨੈਲ ਸਿੰਘ ਅਤੇ ਦੇਸਰਾਜ, 4 ਜਨਵਰੀ 2005

ਲਾਜਪਤ ਰਾਏ ਸੇਠ ਅਤੇ ਵਿਮਲ ਇੱਸਰ, 10 ਜਨਵਰੀ 2005

ਚੌਧਰੀ ਅਬਦੁਲ ਸ਼ਕੂਰ ਅਤੇ ਡਾ.ਨਿਜ਼ਾਮ ਦੀਨ, 4 ਜਨਵਰੀ 2005

ਵਿਮਲ ਇੱਸਰ, ਵਿਮਲਾ ਵਿਰਮਾਨੀ ਅਤੇ ਲੇਖਕ, 7 ਜਨਵਰੀ 2005

ਹਿਤੇਸ਼ ਗੋਸਾਈਂ, ਵੀਰੇਂਦਰ ਸਿੰਘ ਅਤੇ ਆਦਮਪੁਰ ਦੇ ਨਿਵਾਸੀ

ਗੁਜ਼ੱਰਵਾਲ ਪਿੰਡ ਤੇ ਸਜੇ ਤੋਂ: ਅਜਾਇਬ ਸਿੰਘ ਅਤੇ ਹਰਮੇਲ ਸਿੰਘ, 29 ਦਿਸੰਬਰ 2005

ਨਸੀਬ ਕੌਰ, 29 ਨਵੰਬਰ 2005



ਨਸੀਬ ਕੌਰ ਆਪਣੇ ਪਰਵਾਰ ਸਮੇਤ, 29 ਨਵੰਬਰ 2005



ਪ੍ਰਾਨ ਨੇਵਿਲ ਅਤੇ ਯੁਵਰਾਜ ਕਿਸ਼ਨ, 9 ਜਨਵਰੀ 2005

ਪੰਡਤ ਮੋਹਨ ਲਾਲ ਬੱਲੋ, 7 ਜਨਵਰੀ 2005



ਰਘਬੀਰ ਸਿੰਘ ਸਾਹਨੀ 7 ਜਨਵਰੀ 2005

ਅਮਰ ਸਿੰਘ, 29 ਨਵੰਬਰ 2005

ਰਾਜਦੂਤ ਮੋਨੀ ਸਿੰਘ ਚੜ੍ਹਾ 6 ਦਿਸੰਬਰ 2005

ਰੇਜੀਨਲਡ ਮਸੀਹ, 5 ਜੁਲਾਈ 2006

ਖੜ੍ਹੇ: ਖ਼ਵਾਜ਼ਾ ਵਕਾਸ, ਲੇਖਕ, ਖ਼ਵਾਜ਼ਾ ਤਾਰਿਕ ਮਸੂਦ, ਬੈਠੇ: ਡਾ.ਹੱਸਨ ਅਮੀਰ ਸ਼ਾਹ, ਅਲੀ ਹਾਰੂਨ ਸ਼ਾਹ

ਕੁਲਦੀਪ ਕੌਰ ਚੋਪੜਾ ਅਤੇ ਨਿਰਮਲ ਸਿੰਘ ਚੋਪੜਾ, 20 ਅਪ੍ਰੈਲ 2011

ਰਿਆਜ਼ ਅਹਿਮਦ ਚੀਮਾ ਅਤੇ ਮੁਸ਼ਤਾਕ ਅਹਿਮਦ

ਬੀ.ਕੇ.ਬਕਸ਼ੀ, 21 ਫ਼ਰਵਰੀ 2011



ਕਲੇਬ ਅਲੀ ਸ਼ੇਖ 18 ਅਪ੍ਰੈਲ 2011

ਨਸੀਮ ਹੱਸਨ, 12 ਅਪ੍ਰੈਲ 2011

ਮੂਰੀਸ਼ ਮਸੀਤ ਦੀ ਸੰਗਮਰਮਰ ਦੀ ਪਲੇਕ, 3 ਜੂਨ 2005

ਕਪੂਰਥਲਾ ਦੀ ਮੂਰੀਸ਼ ਮਸੀਤ, 3 ਜਨਵਰੀ 2005

ਬੈਠੇ: ਜ਼ਮੀਲਾ, ਹਰਭਜਨ ਕੁਰ, ਜ਼ੁਬੈਦਾ ਖੜ੍ਹੇ: ਖੁਰਸ਼ੀਦ, ਰਿਜ਼ਵਾਨ, ਇਕਬਾਲ (ਬਾਲਾ)

ਰਾਣਾ ਮੁਹੱਮਦ ਅਜ਼ਹਰ ਖ਼ਾਨ



ਪੰਡਤ ਲਾਲਾ ਹਰਚਰਨ ਦਾਸ

ਆਜ਼ਮ ਖ਼ਾਨ (ਬਿਲਕੁਲ ਖੱਬੇ ਅਤੇ ਸਰਦਾਰ ਸ਼ਰਨਾ - ਪੱਗ ਪਹਿਨ ਕੇ)

ਇੱਕ ਛੋਟੇ ਰਾਣਾ ਰਾਣਾ ਮੁਹੱਮਦ ਅਜ਼ਹਰ ਖ਼ਾਨ ਆਪਣੇ ਬਜ਼ੁਰਗਾਂ ਨਾਲ

13

ਪੰਜਾਬ : ਟੁੱਟਦਾ ਅਤੇ ਬਿਖਰਦਾ ਹੋਇਆ

1 ਜੁਲਾਈ-14 ਅਗਸਤ 1947

ਜੁਲਾਈ ਦਾ ਮਹੀਨਾ ਅਮਨ ਦੇ ਇੱਕ ਝੂਠੇ ਇਸ਼ਾਰੇ ਤੇ ਸ਼ੁਰੂ ਹੋਇਆ, ਜਦ ਅਮਨ ਦੀ ਪਹਿਲ ਦਾ ਆਘਾਜ਼ ਲਾਹੌਰ ਤੇ, ਜੂਨ ਦੇ ਆਖਰੀ ਹਫ਼ਤੇ ਤੇ ਕੀਤਾ ਗਿਆ ਹੋਰ ਇਸ ਦੀ ਗੂੰਜ ਦੂਜੀ ਜਗ੍ਹਾਂ ਤੇ ਸੁਣਾਈ ਦਿੱਤੀ, ਜਿਸ ਦੇ ਚਲਦੇ ਅਮਨ ਦੀ ਕਮੇਟੀਆਂ ਤਿਆਰ ਹੋਇਆਂ. ਅੱਮ੍ਰਿਤਸਰ ਤੇ 1 ਜੁਲਾਈ ਨੂੰ, ਇੱਕ ਅਮਨ ਕਮੇਟੀ ਤਿਆਰ ਕੀਤੀ ਗਈ. ਕਾਲਾ ਕੇਸ਼ੋ ਰਾਮ ਸੇਖਰੀ, ਮੁਹੱਮਦ ਇਸਮਾਇਲ ਇਸਾ ਅਤੇ ਮਿਆਂ ਘੁਲਾਮ ਮੁਹੱਮਦ ਨੇ ਭਾਸਣ ਦਿੱਤੇ ਅਤੇ ਫ਼ਿਰਕੂ ਅਮਨ ਹੋਰ ਭਾਈਚਾਰੇ ਨੂੰ ਕਾਇਮ ਰੱਖਣ ਉਪਰ ਜ਼ੋਰ ਦਿਤਾ. ਇਹ ਵੀ ਫ਼ੈਸਲਾ ਕੀਤਾ ਗਿਆ ਕਿ ਅਮਨ ਦੀ ਕਮੇਟੀਆਂ ਨੂੰ ਮਹੱਲੇ ਦੇ ਸਤਰ ਦੇ ਤਿਆਰ ਕੀਤਾ ਜਾਵੇ (*Pakistan Times*, 3 July). 4 ਜੁਲਾਈ ਨੂੰ ਰਾਵਲਪਿੰਡੀ ਬਾਰ ਐਸੋਸਿਐਸ਼ਨ ਦੇ ਦੋ ਵਕੀਲਾਂ, ਟੀ.ਆਰ ਭਸੀਨ ਅਤੇ ਏ.ਆਰ ਚੰਗੇਜ਼, ਨੇ ਇੱਕ ਬਿਆਨ ਜਾਰੀ ਕੀਤਾ ਜਿਸ ਵਿੱਚ ਇਹ ਕਿਹਾ ਗਿਆ ਕਿ ਹਰ ਮੈਜੇਸਟੀਸ ਗਵਰਨਮੇਂਟ ਦੁਆਰਾ 3 ਜੂਨ ਦੇ ਬਿਆਨ ਦੇ ਬਾਅਦ, ਕਤਲੇਆਮ ਨੂੰ ਜਾਰੀ ਰੱਖਣਾ ਨਾਸਮਝੀ ਸੀ. ਉਨ੍ਹਾਂ ਨੇ ਗੌਰ ਕੀਤਾ: 'ਕੋਈ ਵਜ੍ਹਾ ਨਹੀਂ ਹੈ ਕਿ ਦੋਵੇਂ ਪਾਕਿਸਤਾਨ ਅਤੇ ਹਿੰਦੂਸਤਾਨ ਵਿੱਚ, ਮਾਇਨਾਰਿਟੀ ਲੋਕਾਂ ਦੇ ਅਧਿਕਾਰਾਂ ਦੀ ਹਿਫ਼ਾਜ਼ਤ ਅਤੇ ਉਸ ਦਾ ਬਾਕਾਇਦਾ ਬਚਾਉ ਕਿਉਂ ਨਹੀਂ ਕੀਤਾ ਜਾਵੇਗਾ' ((*Pakistan Times*, 5 July).

ਪਿਛਲੇ ਮਹੀਨੇ ਤੋਂ ਲਾਗੂ ਹੋਇਆ ਕਰਫਿਊ ਲਾਹੌਰ, ਅੱਮ੍ਰਿਤਸਰ, ਅਤੇ ਗੁਜਰਾਂਵਾਲਾ ਤੇ ਕਾਇਮ ਰਿਹਾ ਅਤੇ ਇਸ ਨੂੰ ਗੜਬੜੀ ਦੇ ਨਵੇਂ ਇਲਾਕਿਆਂ ਤੱਕ ਲੈ ਜਾਇਆ ਗਿਆ. ਖ਼ੁਫ਼ੀਆ ਰਿਪੋਰਟਾਂ ਨੇ ਗੌਰ ਕੀਤਾ ਕਿ ਪੂਰਬੀ ਜ਼ਿਲ੍ਹਾਂ ਤੇ ਸਿੱਖ ਇਕੱਠਾ ਅਤੇ ਗ੍ਰਹ-ਜੁਧ ਲਈ ਹਥਿਆਰਬੰਦੀ ਕਰ ਰਹੇ ਸੀ, ਅਗਰ ਪੰਜਾਬ ਦੀ ਨਵੀਂ ਸਰਹੱਦ ਉਨ੍ਹਾਂ ਦੀ ਉਮੀਦ ਦੇ ਮੁਤਾਬਕ ਨਹੀਂ ਹੁੰਦੀ ਸੀ. ਜੁਲਾਈ ਦੇ ਦੂਜੇ ਹਫ਼ਤੇ ਤੋਂ, ਅੱਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਸਿੱਖਾਂ ਦੀ ਟੋਲਿਆਂ, ਪਿੰਡਾ ਦੇ ਇਲਾਕਿਆਂ ਤੇ ਘੁਮੱਣ ਲਗਿਆਂ ਅਤੇ ਮੁਸਲਿਮਾਂ ਦੀ ਜਾਨਾਂ ਦਾ ਖ਼ਤਰਾ ਬਣ ਗਏ. ਹੁਸ਼ਿਆਰਪੁਰ ਜ਼ਿਲ੍ਹੇ ਦੇ ਸ਼ਹਿਰ ਤੋਂ ਝੜਪਾਂ ਦੀ ਖ਼ਬਰਾਂ ਆ ਰਹਿਆਂ ਸਨ, ਪਰ ਹਾਲਾਤ ਤੇਜੀ ਨਾਲ ਬਦਤਰ ਹੋ ਗਏ ਜਦ ਸਿੱਖ ਰਾਇਫਲਾਂ, ਗ੍ਰੇਨੇਡਾਂ ਅਤੇ ਕ੍ਰਿਪਾਨਾਂ ਨਾਲ ਲੈਸ ਹੋ ਕੇ ਪਠਾਨ ਮਜਦੂਰਾਂ ਉਪਰ ਹਮਲਾ ਕਰ ਕੇ ਉਨ੍ਹਾਂ ਦੇ ਵਿੱਚੋਂ ਕਈਆਂ ਨੂੰ ਹਲਾਕ ਕਰ ਦਿੱਤਾ. ਇਹ, ਉਸ ਜ਼ਿਲ੍ਹੇ ਤੇ ਕਈ ਵਾਰ ਦੁਹਰਾਇਆ ਗਿਆ. ਦੂਜੀ ਤਰਫ਼, ਗੁਜਰਾਂਵਾਲਾ ਤੇ ਕਈ ਜਗ੍ਹਾਂ ਤੇ ਅੱਗਾਂ ਲਗਾਉਣ ਅਤੇ ਸਿੱਖਾਂ ਹੋਰ ਹਿੰਦੂਆਂ ਨੂੰ ਕਤਲ ਕਰਣ ਲਈ ਮੁਸਲਿਮਾਂ ਉਪਰ ਇਲਜ਼ਾਮ ਲਗਾਇਆ ਗਿਆ.

ਸਿੱਖ ਗੜਬੜੀ ਕਰਣ ਬਾਰੇ ਪੱਕਾ ਇਰਾਦਾ ਕਰਦੇ ਨੇ

ਰੌਇਟਰਸ ਨੇ 8 ਜੁਲਾਈ ਨੂੰ ਖ਼ਬਰ ਦਿੱਤੀ ਕਿ ਪੰਜਾਬ ਅਤੇ ਦਿੱਲੀ ਤੇ ਸਿੱਖ ਸਮੁਦਾਇ ਦੇ ਲੋਕ ਹੱਥਾਂ ਤੇ ਕਾਲੀ ਪੱਟੀ ਬੱਨ੍ਹ ਕੇ ਤਕਸੀਮ ਦੇ ਖ਼ਿਲਾਫ਼ ਵਿਰੋਧ ਜਤਾ ਰਹੇ ਸੀ. ਗੁਰਦੁਆਰੇ ਤੇ ਇੱਕਠਾ ਹੋਈ ਇੱਕ ਸੰਗਤ ਨੇ ਇੱਕ ਪ੍ਰਸਤਾਵ ਨੂੰ ਮੰਜ਼ੂਰੀ ਦਿੱਤੀ, ਜੋ ਐਲਾਨ ਕਰਦਾ ਸੀ, 'ਕੋਈ ਵੀ ਤਕਸੀਮ ਜੋ ਸਿੱਖਾਂ ਦੀ ਅਖੰਡਤਾ ਅਤੇ ਏਕਤਾ ਹਾਸਲ ਨਹੀਂ ਕਰਾਂਦਾ ਹੈ, ਉਸ ਨੂੰ ਮੰਜ਼ੂਰ ਨਹੀਂ ਕੀਤਾ ਜਾਵੇਗਾ ਅਤੇ ਇਹ ਇੱਕ ਮੁਸ਼ਕਲ ਹਾਲਾਤ ਪੈਦਾ ਕਰੇਗਾ'. ਇਹ ਵੀ ਰਿਪੋਰਟ ਆਈ ਕਿ ਆਰਜ਼ੀ ਸਰਕਾਰ ਦੇ ਸੁਰੱਖਿਆ ਵਜ਼ੀਰ ਸਰਦਾਰ ਬਲਦੇਵ ਸਿੰਘ ਨੇ ਕਿਹਾ ਸੀ ਕਿ, 'ਸਿੱਖਾਂ ਨੂੰ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਪਏਗਾ ਅਗਰ ਬਾਉਂਡਰੀ ਕਮੀਸ਼ਨ ਦਾ ਫ਼ੈਸਲਾ ਉਨ੍ਹਾਂ ਦੇ ਖ਼ਿਲਾਫ਼ ਜਾਉਂਦਾ ਹੈ' (Mansergh and Moon, 1983: 17–18).

ਆਪਣੀ ਪੰਦਰਵਾੜੇ ਦੀ ਰਿਪੋਰਟ ਤੇ ਮੁੱਖ ਸਚਿਵ ਨੇ ਗੌਰ ਕੀਤਾ ਕਿ ਹਿੰਦੂ ਪ੍ਰੈਸ, ਜਿਸ ਵਿੱਚ ਦੀ ਟ੍ਰਿਬਊਨ ਸ਼ਾਮਲ ਸੀ, ਸਿੱਖਾਂ ਨੂੰ ਭੜਕਾ ਰਿਹਾ ਸੀ ਤਾਂਕਿ ਉਹ ਤਸ਼ੱਦਦ ਦਾ ਸਹਾਰਾ ਲੈ ਕੇ, ਬਾਉਂਡਰੀ ਕਮੀਸ਼ਨ ਤੋਂ ਆਪਣੀ ਮੰਗਾਂ ਪੂਰੀ ਕਰਾ ਲੈਣ. ਦੂਜੀ ਤਰਫ਼, ਮੁਸਲਿਮ ਲੀਗ ਦੇ ਹਿਮਾਇਤੀ ਅਖ਼ਬਾਰ ਪੰਜਾਬ ਦੀ ਤਕਸੀਮ ਅਤੇ ਖ਼ਾਸ ਕਰ ਕੇ ਇੰਡੀਆ ਨੂੰ ਅੱਮ੍ਰਿਤਸਰ ਦੇਣ ਦੀ, ਮੁਖ਼ਾਲਫ਼ਤ ਕਰਦੇ ਰਹੇ. ਇਸ ਦੇ ਇਲਾਵਾ, ਮਮਦੋਤ ਅਤੇ ਨੂਨ, ਸਿੱਖਾਂ ਦੀ ਮੰਗ ਦਾ ਮਜਾਕ ਉੜਾਂਦੇ ਰਹੇ ਕਿ ਗੁਰਦਾਸਪੁਰ ਨੂੰ ਇੰਡੀਆ ਵਿੱਚ ਸ਼ਾਮਲ ਕੀਤਾ ਜਾਵੇ. ਉਨ੍ਹਾਂ ਨੇ ਸਲਾਹ ਦਿੱਤੀ ਕਿ ਉਹ ਮੁਸਲਿਮਾਂ ਨਾਲ ਕੋਈ ਸਮਝੌਤਾ ਕਰ ਲੈਣ ਅਤੇ ਇੱਕ ਇਤਹਾਦੀ ਪੰਜਾਬ ਕਾਇਮ ਰੱਖਣ.

ਰੇਲਵੇ ਦੇ ਮਜ਼ਦੂਰਾਂ ਦੀ ਲਾਹੌਰ ਵਿੱਚ ਝੜਪਾਂ

ਫ਼ਿਰਕੂ ਤਸ਼ੱਦਦ ਨੇ ਹੁਣ ਤੱਕ ਰੇਲਵੇ ਦੇ ਮਜ਼ਦੂਰਾਂ ਨੂੰ ਮੁਤਾਸਰ ਨਹੀਂ ਕੀਤਾ ਸੀ, ਕਿਉਂਕਿ ਇਸ ਦੀ ਇੱਕ ਵੱਡੀ ਵਜ੍ਹਾ ਇਹ ਸੀ ਕਿ ਦੇ ਉਨ੍ਹਾਂ ਦੇ ਵਿੱਚ, ਕਮਊਨਿਸਟਾਂ ਦੀ ਅਗਵਾਈ ਵਾਲੇ ਮਜਦੂਰ ਸੰਘ ਦੀ ਤੇਹਰੀਕ ਦੀ ਇੱਕ ਮਜਬੂਤ ਮੌਜੂਦਗੀ ਸੀ. ਪਰ 10 ਜੁਲਾਈ ਨੂੰ ਮਿਹਨਤ ਮਜ਼ਦੂਰੀ ਕਰਣ ਵਾਲੇ ਲੋਕਾਂ ਦੇ ਇਕੱਠੇਪਨ ਵਾਲਾ ਇਹ ਗੜ ਵੀ, ਫ਼ਿਰਕੂ ਪਾਗਲਪਨ ਦਾ ਸ਼ਿਕਾਰ ਹੋ ਗਿਆ (*Pakistan Times*, 11 July). ਜੇਨਕੀਨਸ ਦੀ 14 ਜੁਲਾਈ ਦੀ ਪੰਦਰਵਾੜੇ ਦੀ ਰਿਪੋਰਟ ਨੇ ਉਸ ਵਾਕਿਐ ਦੀ ਤਫ਼ਸੀਲ ਦਿੱਤੀ. ਇਸ ਦੇ ਮੁਤਾਬਕ, ਵਰਕਸ਼ਾਪ ਦੇ ਇਲਾਕੇ ਤੇ, ਇੱਕ ਸਿੱਖ ਦੀ ਮਲਕੀਅਤ ਵਾਲੀ ਕੰਟੀਨ ਦੇ ਬਾਹਰ, ਇੱਕ ਬੰਬ ਜਾਂ ਪਟਾਖਾ ਫੁੱਟਿਆ ਸੀ. ਇਸ ਧਮਾਕੇ ਤੇ ਕੋਈ ਜ਼ਖ਼ਮੀ ਨਹੀਂ ਹੋਇਆ ਸੀ ਪਰ ਮੁਸਲਿਮਾਂ ਅਤੇ ਸਿੱਖਾਂ ਦੇ ਵਿੱਚ ਹੋਏ ਇੱਕ ਝਗੜੇ ਨੇ ਜਲਦ ਹੀ, ਮਾਰਾਮਾਰੀ ਦਾ ਰੂਪ ਅਖਤਿਆਰ ਕਰ ਲੀਤਾ, ਜਿਸ ਵਿੱਚ ਕਿਰਪਾਨਾਂ ਅਤੇ ਛੁਰੇ ਇਸਤੇਮਾਲ ਕੀਤੇ ਗਏ. ਨਤੀਜਤਨ, ਅੱਠ ਬੰਦੇ, ਸਾਰੇ ਸਿੱਖ ਹਲਾਕ ਹੋ ਗਏ, ਪੈਂਤੀ ਜ਼ਖ਼ਮੀ ਹੋਏ, ਜਿਸ ਵਿੱਚ ਬੱਤੀ ਸਿੱਖ ਸਨ, ਦੋ ਹਿੰਦੂ ਅਤੇ ਇੱਕ ਮੁਸਲਿਮ. ਪੰਦਰਵਾੜੇ ਦੀ ਰਿਪੋਰਟ ਨੇ ਇਹ ਵੀ ਇਲਜ਼ਾਮ ਲਗਾਇਆ ਕਿ, ਮੁਸਲਿਮਾਂ ਨੇ ਸ਼ਾਇਦ ਪੱਕੇ ਤੌਰ ਤੇ ਉਕਸਾਉਣ ਕਰ ਕੇ ਹੀ, ਇਸ ਘਟਨਾ ਨੂੰ ਅੰਜਾਮ ਦਿੱਤਾ ਸੀ. ਖ਼ਬਰ ਮਿਲੀ ਸੀ ਕਿ ਮੁਸਲਿਮਾਂ ਨੇ ਸਿੱਖਾਂ ਉਪਰ ਉਨ੍ਹਾਂ ਦੀ ਕਿਰਪਾਨਾਂ ਨਾਲ ਹੀ, ਹਮਲਾ ਕਰ ਦਿੱਤਾ ਸੀ. ਉਸੇ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਕਈ ਕਤਲਾਂ ਅਤੇ ਪਿੰਡਾ ਦੇ ਉਪਰ ਇੱਕ ਜਾਂ ਦੋ ਸੰਗਠਤ ਹਮਲੇ ਬਾਰੇ ਰਿਪੋਰਟ ਦਿੱਤੀ, ਜੋ ਅੱਮ੍ਰਿਤਸਰ ਜ਼ਿਲ੍ਹੇ ਤੇ ਹੋਏ ਸੀ. ਜ਼ਿਆਦਾਤਰ ਮਾਮਲੇਆਂ ਤੇ ਸਿੱਖ ਹਮਲਾਵਰ ਸਨ (Ibid.). 16 ਜੁਲਾਈ ਦੇ ਪਾਕਿਸਤਾਨ ਟਾਇਮਸ ਨੇ ਖ਼ਬਰ ਦਿੱਤੀ ਕਿ ਸਿੱਖ 'ਦੂਜੀ ਵਜ੍ਹਾਂ' ਉਪਰ ਆਸ ਲਗਾ ਕੇ ਬੈਠੇ ਹੋਏ ਸੀ ਅਤੇ

ਸਵਰਨ ਸਿੰਘ ਚਾਹੁੰਦੇ ਸੀ ਕਿ ਸਰਹੱਦ ਨੂੰ ਚਨਾਬ ਤੇ ਪੱਕਾ ਕੀਤਾ ਜਾਵੇ-ਸਿੱਖਾਂ ਦੇ ਆਗੂਵਾਂ ਨੇ ਇਸ ਰੂਖ ਨੂੰ ਲਗਾਤਾਰ ਬਣਾਈ ਰੱਖਿਆ ਸੀ, ਜਦ 1940 ਦੇ ਦਹਾਕੇ ਦੇ ਸ਼ੁਰੂਆਤੀ ਦਿਨਾਂ ਤੋਂ ਉਨ੍ਹਾਂ ਨੇ ਪੰਜਾਬ ਦੀ ਤਕਸੀਮ ਦੇ ਖ਼ਿਆਲ ਬਾਰੇ ਗੱਲ ਕੀਤੀ ਸੀ. ਇਸ ਦੌਰਾਨ, ਸਰਕਾਰ ਸੂਬੇ ਦੀ ਤਕਸੀਮ ਤੋਂ ਲ਼ਾਜ਼ਮੀ ਤੌਰ ਤੇ ਪੈਦਾ ਹੋਣ ਵਾਲੀ ਹਨੇਰਗਰਦੀ ਅਤੇ ਬੇਤਰਤੀਬੀ ਦਾ ਸਾਹਮਣਾ ਕਰਣ ਲਈ ਤਿਆਰ ਹੋਣ ਲਗੀ.

ਇਸ ਦੌਰਾਨ, *ਪਾਕਿਸਤਾਨ ਟਾਇਮਸ* ਅਤੇ *ਦੀ ਟ੍ਰਿਬਊਨ* ਨੇ ਲਾਹੌਰ ਅਤੇ ਅੱਮ੍ਰਿਤਸਰ ਤੇ ਰੋਜਾਨਾ ਅੱਗਜਨੀ ਅਤੇ ਛੁਰੇਬਾਜ਼ੀ ਦੀ ਵਾਰਦਾਤਾਂ ਬਾਰੇ ਲਿਖਿਆ, ਹਾਲਾਂਕਿ ਜੁਲਾਈ ਦੇ ਪਹਿਲੇ ਤਿੱਨ ਹਫ਼ਤੇਆਂ ਤੇ ਇਹ ਸ਼ਹਿਰ, ਘੱਟ ਕਰੂਰ ਸਨ. ਜੁਲਾਈ ਦੇ ਤੀਜੇ ਹਫ਼ਤੇ ਤੋਂ ਰਮਜ਼ਾਨ ਦਾ ਮਹੀਨਾ ਸ਼ੁਰੂ ਹੋ ਗਿਆ ਅਤੇ ਪਾਕ ਲੋਕਾਂ ਦੀ ਜ਼ਿੰਦਗੀ ਆਸਾਨ ਕਰਣ ਲਈ, ਕਰਫਿਊ ਤੇ ਢੀਲ ਦਿੱਤੀ ਗਈ ਅਤੇ ਇਸ ਨੂੰ ਸਾਰੀ ਰਾਤ ਤੋਂ ਘੱਟਾ ਕੇ ਸਿਰਫ਼ ਰਾਤ 11 ਤੋਂ ਲੈ ਕੇ ਸਵੇਰ 3 ਵਜੇ ਤੱਕ ਕਰ ਦਿੱਤਾ ਗਿਆ (*Pakistan Times*, 19 July). ਹਕੂਮਤ ਨੇ ਗੌਰ ਕੀਤਾ ਕਿ ਸਮੁੱਚੇ ਤੌਰ ਤੇ, ਪੰਜਾਬ ਦੇ ਹਾਲਾਤ 'ਸਥਿਰ' ਸਨ. ਪੰਜਾਬ ਦੇ ਗ੍ਰਹਿ ਸਚਿਵ ਏ.ਏ.ਮੈਕਡੋਨੇਲਡ ਨੇ ਗੌਰ ਕੀਤਾ ਕਿ ਰਾਵਾਲਪਿੰਡੀ, ਜਿਹਲਮ, ਗੁਜਰਾਤ, ਮੁਲਤਾਨ, ਜਲੰਧਰ ਅਤੇ ਇਥੇ ਤੱਕ ਕਿ ਅੱਮ੍ਰਿਤਸਰ ਦੇ ਹਾਲਾਤ ਵੀ 'ਕੁਦਰਤੀ' ਹੋ ਰਹੇ ਸੀ. ਸਿਰਫ਼ ਮਿਆਂਵਾਲੀ ਤੇ ਗੜਬੜੀ ਦੇ ਆਸਾਰ ਦਿੱਸ ਰਹੇ ਸੀ ਕਿਉਂਕਿ '8,000 ਹਥਿਆਰਬੰਦ ਪਠਾਨ ਇਕੱਠਾ ਹੋਏ ਸੀ' (Ibid.).

ਇਸ ਤਰ੍ਹਾਂ ਦੀ ਉਮੀਦ ਵਾਲੀ ਸੋਚ ਇੱਕ ਖ਼ਵਾਬ ਸਾਬਤ ਹੋਈ. ਲਾਹੌਰ ਤੇ ਆਰ.ਐਸ.ਐਸ ਨੇ ਇੱਕ ਠੋਸ ਬੰਬਬਾਜ਼ੀ ਦੀ ਮੁਹਿੱਮ ਛੇੜ ਦਿੱਤੀ, ਹਾਲਾਂਕਿ ਖ਼ੁਫ਼ੀਆ ਪੁਲਿਸ ਦਾ ਮੱਨਣਾ ਸੀ ਕਿ ਬੰਬ, ਕਾਫ਼ੀ ਵੱਡੇ ਅਕਾਲੀ ਆਗੂਵਾਂ ਨੇ ਮੁਹੱਇਆ ਕਰਵਾਏ ਸੀ (*ਆਰ.ਐਸ.ਐਸ ਇਨ ਦੀ ਪੰਜਾਬ,* 1948:18-19). 18 ਜੁਲਾਈ ਨੂੰ ਇਸ ਦੇ ਕੁੱਝ ਕਟੱੜ ਕਾਡਰਾਂ ਨੇ ਹਿੰਦੂ ਗੜ ਕ੍ਰਿਸ਼ਨ ਨਗਰ ਦੇ ਕਰੀਬ, ਸੰਡਾ ਰੋਡ ਦੇ ਇੱਕ ਕਾਰਖਾਨੇ ਤੋਂ ਬਾਹਰ ਜਾ ਰਹੇ ਮੁਸਲਿਮ ਮਜਦੂਰਾਂ ਦੇ ਨਜਦੀਕ ਇੱਕ ਬੰਬ ਦਾ ਵਿਸਫੋਟ ਕਰ ਦਿੱਤਾ ਜਿਸ ਵਿੱਚ ਬਾਰਾਂ ਮਜਦੂਰ ਜ਼ਖ਼ਮੀ ਹੋ ਗਏ (*Pakistan Times*, 19 July). ਇਸ ਦੇ ਬਾਅਦ 20 ਜੁਲਾਈ ਨੂੰ ਮੁਸਲਿਮ ਪ੍ਰਬਲ ਭੱਟੀ ਗੇਟ ਦੇ ਇੱਕ ਸਿਨੇਮਾ ਤੇ ਬੰਬ ਦਾ ਧਮਾਕਾ ਹੋਇਆ ਜਿਸ ਵਿੱਚ ਤਿੱਨ ਲੋਕ ਹਲਾਕ ਅਤੇ ਚੌਵੀ ਲੋਕ ਜ਼ਖ਼ਮੀ ਹੋਏ. ਅਗਲੇ ਦਿਨ, ਲਾਹੌਰ ਦੇ ਬਾਹਰ ਮੁਘਲਪੁਰਾ ਰੇਲਵੇ ਸਟੇਸ਼ਨ ਤੇ ਇੱਕ ਗੱਡੀ ਦੇ ਡੱਬੇ ਦੇ ਅੰਦਰ ਅਤੇ 9 ਨੰਬਰ ਪਲੈਟਫਾਰਮ ਤੇ ਬੰਬ ਸੁੱਟੇ ਗਏ (*Pakistan Times*, 22 and 23 July). ਅੱਮ੍ਰਿਤਸਰ ਤੇ ਵੀ ਬੰਬ ਧਮਾਕੇ ਵਧ ਗਏ; ਅਤੇ ਇਸ ਦੇ ਮੁਜ਼ਰਿਮ ਹਿੰਦੂ ਅਤੇ ਸਿੱਖ ਸਨ. 21 ਜੁਲਾਈ ਦੀ ਪੰਦਰਵਾੜੇ ਦੀ ਰਿਪੋਰਟ ਤੇ, ਮੁੱਖ ਸਚਿਵ ਨੇ ਗੌਰ ਕੀਤਾ ਕਿ ਸਿੱਖ ਹੁਣ ਇਹ ਇਹਸਾਸ ਕਰ ਰਹੇ ਸੀ ਕਿ ਸੂਬੇ ਦੀ ਤਕਸੀਮ ਦੀ ਮੰਗ ਕਰ ਕੇ, ਉਨ੍ਹਾਂ ਨੇ ਸਿੱਖ ਪੰਥ ਦੀ ਅਖੰਡਤਾ ਅਤੇ ਏਕਤਾ ਨੂੰ, ਗੰਭੀਰ ਤੌਰ ਤੇ ਨੁਕਸਾਨ ਪਹੁੰਚਾਇਆ ਸੀ. ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਅਗਰ ਨਹਿਰੀ ਕਲੋਨੀਆਂ ਨੂੰ ਪੂਰਬੀ ਪੰਜਾਬ ਵਿੱਚ ਸਾਮਲ ਨਹੀਂ ਕੀਤਾ ਗਿਆ ਤੇ ਗੰਭੀਰ ਹਾਲਾਤ ਪੈਦਾ ਹੋ ਸਕਦੇ ਸੀ (IOR L/P & J/5/250).

ਪੰਜਾਬ ਦੀ ਤਕਸੀਮ ਬਾਰੇ ਫ਼ਿਕਰਮੰਦ ਅਤੇ ਮਾਯੂਸ ਅਵਾਜ਼ਾਂ

ਇਸ ਤਰ੍ਹਾਂ ਦੇ ਗੜਬੜੀ ਵਾਲੇ ਮਾਹੌਲ ਵਿੱਚ, ਸੂਬੇ ਦੀ ਤਕਸੀਮ ਤੋਂ ਪੈਦਾ ਹੋਣ ਵਾਲੇ ਹਾਲਾਤ ਬਾਰੇ, ਫ਼ਿਕਰਮੰਦ ਅਤੇ ਮਾਯੂਸ ਆਵਾਜਾਂ ਸੁਣਾਈ ਦਿੱਤੀਆਂ. ਸਿੱਖਾਂ ਨੇ ਪੰਜਾਬ ਦੀ ਤਕਸੀਮ ਲਈ ਸਭ ਤੋਂ ਪਹਿਲਾਂ ਮੰਗ ਕੀਤੀ

ਸੀ, ਪਰ ਜਦ 'ਕਾਲਪਨਿਕ ਵੰਡ' ਨੇ ਸਤਾਰਾਂ ਜ਼ਿਲ੍ਹੇ ਪਛੱਮ ਪੰਜਾਬ ਨੂੰ ਦਿੱਤੇ ਗਏ ਸੀ ਅਤੇ ਪੂਰਬ ਪੰਜਾਬ ਨੂੰ ਸਿਰਫ਼ ਬਾਰਾਂ, ਤਦ ਉਹ ਡਰ ਗਏ ਕਿ, ਉਨ੍ਹਾਂ ਦੀ ਕੌਮ ਦੀ ਦੋ ਪਾਸੇ ਤਕਸੀਮ ਹੋ ਜਾਵੇਗੀ, ਅਤੇ ਦੋਵੇਂ ਨਵੇਂ ਸੂਬਿਆਂ ਤੇ ਉਨ੍ਹਾਂ ਦੀ ਤਦਾਦ ਵੀ ਬਰਾਬਰ ਹੋਵੇਗੀ. 26 ਜੁਲਾਈ ਨੂੰ ਗਿਆਨੀ ਕਰਤਾਰ ਸਿੰਘ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਸਹ-ਧਰਮੀ ਇੱਕ ਬੇਇਨਸਾਫ਼ ਅਵਾਰਡ ਨੂੰ ਮੰਜ਼ੂਰ ਨਹੀਂ ਕਰਣਗੇ. ਉਨ੍ਹਾਂ ਨੇ ਮੰਗ ਕੀਤੀ: 'ਸਾਨੂ ਨਨਕਾਣਾ ਸਾਹਿਬ ਵਰਗੇ ਆਪਣੇ ਪਵਿੱਤਰ ਸ਼ਥਾਨ ਜ਼ਰੂਰ ਮਿਲਣੇ ਚਾਹੀਦੇ ਨੇ.' ਸਿੱਖਾਂ ਦੀ ਆਮ ਸ਼ਿਕਾਇਤਾਂ ਨੂੰ ਦੁਹਰਾਂਦੇ ਹੋਏ, ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ 'ਦੂਜੀ ਵਜ੍ਹਾਂ' ਵੀ ਜੁੜੇ ਹੋਏ ਮੁਸਲਿਮ ਜਾਂ ਗੈਰ-ਮੁਸਲਿਮ ਇਲਾਕਿਆਂ ਦੇ ਬਰਾਬਰ ਅਹਿਮ ਸਨ, ਜਿੱਥੇ ਤੱਕ ਅੰਤਰਰਾਸ਼ਟਰੀ ਸਰਹੱਦ ਦੇ ਫ਼ੈਸਲੇ ਦਾ ਸਵਾਲ ਸੀ (*The Tribune*, 28 July). ਦੂਜੀ ਤਰਫ਼, ਮੁਸਲਿਮ ਲੀਗ ਸੂਬੇ ਦੇ ਇਤਹਾਦ ਨੂੰ ਕਾਇਮ ਰਖਣ ਲਈ ਮੁਹਿੰਮ ਚਲਾ ਰਹੀ ਸੀ, ਅਤੇ ਜੁਲਾਈ ਵਿੱਚ ਇੱਕ ਮੁਹਿੰਮ ਦਾ ਆਘਾਜ਼ ਕੀਤਾ ਗਿਆ ਤਾਂਕਿ ਸਾਰੇ ਪੰਜਾਬ ਦੇ ਮੁਖ਼ਤਲਿਫ਼ ਸ਼ਹਿਰਾਂ ਦੀ ਮੁਸਲਿਮ ਲੀਗ ਦੀ ਕਮੇਟੀਆਂ ਤੋਂ ਸਰਕਾਰ ਨੂੰ ਭੇਜਣ ਲਈ, ਤਕਸੀਮ ਨਾ ਕਰਣ ਬਾਰੇ ਦਰਖ਼ਾਸਤਾਂ ਹਾਸਲ ਕੀਤੀਆਂ ਜਾ ਸਕਣ. 23 ਜੁਲਾਈ ਦੇ *ਪਾਕਿਸਤਾਨ ਟਾਇਮਸ* ਤੇ ਇੱਕ ਦਿਲਚਸਪ ਖ਼ਤ ਪ੍ਰਕਟ ਹੋਇਆ, ਜੋ ਤਕਸੀਮ ਦੇ ਬਾਅਦ, ਪੂਰਬੀ ਪੰਜਾਬ ਵਿੱਚ ਛੱਡ ਦਿੱਤੇ ਗਏ ਮੁਸਲਿਮਾਂ ਦੀ ਦੁਰਗਤੀ ਬਾਰੇ ਡਰ ਜ਼ਾਹਰ ਕਰਦਾ ਸੀ. ਇਸ ਵਿੱਚ ਵਕੀਲ ਮਹਮੁਦ ਅਲੀ ਨੇ ਡਰ ਜ਼ਾਹਰ ਕੀਤਾ ਕਿ ਅਗਰ ਮੁਸਲਿਮ ਅਫ਼ਸਰ ਪੂਰਬੀ ਪੰਜਾਬ ਦੇ 12 ਗੈਰ-ਮੁਸਲਿਮ ਜ਼ਿਲ੍ਹਾਂ ਤੇ ਮੌਜੂਦ ਨਹੀਂ ਰਹਿੰਦੇ ਨੇ ਤੇ, ਮੁਸਲਿਮ ਪੂਰੀ ਤਰ੍ਹਾਂ, ਉਪਰ ਤੋਂ ਲੈ ਕੇ ਥਲੇ ਤੱਕ ਗੈਰ-ਮੁਸਲਿਮ ਹਕੂਮਤ ਦੇ ਰਹਿਮ ਥਲੇ ਰਹਿਣਗੇ. ਉਨ੍ਹਾਂ ਨੇ ਅਗੇ ਕਿਹਾ:

> ਮੁਸਲਿਮ ਅਫ਼ਸਰਾਂ ਦਾ ਪਾਕਿਸਤਨ ਦੀ ਤਰਫ਼ ਪਰਵਾਸ ਨਾ ਤੇ ਅਕਲਮੰਦੀ ਦਾ ਕੱਮ ਹੈ ਨਾ ਹੀ ਕੋਈ ਚੰਗੀ ਸਿਆਸਤ, ਅਤੇ ਇਹ ਨਾ ਹੀ ਕੋਈ ਚੰਗੀ ਦੇਸ਼-ਭਗਤੀ ਲਗਦੀ ਹੈ. ਮੈਂ ਜਾਣਦਾ ਹਾਂ ਕੁੱਝ ਮੁਸਲਿਮ ਹਿੰਦੂਸਤਾਨ ਤੇ ਆਪਣੇ ਭਵਿੱਖ ਨੂੰ ਲੈ ਕੇ ਘਬਰਾਏ ਹੋਏ ਨੇ, ਪਰ ਉਹ ਇੰਨੀ ਵੀ ਤਾਕਤ ਨਹੀਂ ਜੁਟਾ ਸਕਦੇ ਨੇ ਕਿ, ਆਪਣੇ ਲੱਖਾਂ ਭਰਾਵਾਂ ਦੀ ਮਦਦ ਕਰ ਸਕਣ ਜਿਨ੍ਹਾਂ ਨੂੰ ਉਨ੍ਹਾਂ ਦੇ ਸਹਿਯੋਗ ਦੀ ਅੱਜ ਦੇ ਮੁਕਾਬਲੇ, ਬਹੁਤ ਜ਼ਿਆਦਾ ਲੋੜ ਪਵੇਗੀ *Pakistan Times*, 23 July).

ਜੁਲਾਈ 2002 ਵਿੱਚ, ਵਾਸ਼ਿੰਗਟਨ ਡੀ.ਸੀ. ਤੇ ਮੈਂ ਅਬੁਲ ਫ਼ਜ਼ਲ ਮਹਮੁਦ ਦਾ ਇੰਟਰਵਿਊ ਲੀਤਾ, ਜੋ ਕਦੀ ਜਗਰਾਂਉ, ਜ਼ਿਲ੍ਹਾ ਲੁਧਿਆਣਾ, ਪੂਰਬੀ ਪੰਜਾਬ ਦੇ ਰਹਿਣ ਵਾਲੇ ਸਨ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਜਿਨਾਹ ਨੇ ਮੁਸਲਿਮਾਂ ਨੂੰ ਇੱਕ ਅਪੀਲ ਕੀਤੀ ਸੀ ਕਿ ਉਹ ਪੂਰਬੀ ਪੰਜਾਬ ਤੇ ਡੱਟੇ ਰਹਿਣ, ਤਾਂਕਿ ਉਹ ਇੰਡੀਆ ਵਿੱਚ ਪਿੱਛੇ ਛੱਡੀ ਗਈ ਮੁਸਲਿਮ ਮਾਇਨਾਰਿਟੀ ਦੀ ਮਦਦ ਕਰ ਸਕਣ. ਇੱਕ ਨਾਚੀਜ਼ ਚੇਲੇ ਦੇ ਤੌਰ ਤੇ ਉਨ੍ਹਾਂ ਨੇ ਆਪਣੇ ਗੁਰੂ ਦੀ ਗੱਲ ਮਣ ਲਈ, ਪਰ ਇਹ ਨਾਮੁਮਕਿਨ ਸਾਬਤ ਹੋਇਆ ਕਿਉਂਕਿ ਗੈਰ-ਮੁਸਲਿਮ ਬੇਹਦ ਉਤੇਜਤ ਸਨ ਅਤੇ ਹੱਥ ਲਗਣ ਵਾਲੇ ਹਰ ਮੁਸਲਿਮ ਦਾ ਕਤਲ ਕਰ ਦੇ ਰਹੇ ਸੀ. ਮੈਂ ਜਿਨਾਹ ਦੀ ਅਪੀਲ ਨੂੰ ਨਹੀਂ ਲੱਭ ਸਕਿਆਂ ਹਾਂ, ਨਾ ਤੇ ਕਈ ਵਾਲਯੂਮ ਵਾਲੇ ਜਿਨਾਹ ਪੇਪਰਸ ਤੇ, ਨਾ ਹੀ ਉਨ੍ਹਾਂ ਦੀ 1946-48 ਦੀ ਤਕਰੀਰਾਂ ਦੇ ਸੰਗ੍ਰਹ ਤੋਂ. ਨਾ ਹੀ *ਪਾਕਿਸਤਾਨ ਟਾਇਮਸ* ਜਾਂ *ਦੀ ਟ੍ਰਿਬਊਨ* ਨੇ ਐਸੀ ਕੋਈ ਅਪੀਲ ਬਾਰੇ ਕੁੱਝ ਲਿਖਿਆ.

ਬਹਰ ਹਾਲ, ਸਰਕਾਰ ਇਸ ਬਾਰੇ ਬੇਹਦ ਫ਼ਿਕਰਮੰਦ ਹੋ ਰਹੀ ਸੀ ਕਿ ਪੰਜਾਬ ਦੀ ਤਕਸੀਮ ਦਾ ਕਿਸ ਤਰ੍ਹਾਂ ਇੰਤਜ਼ਾਮ ਕੀਤਾ ਜਾਵੇ. ਜੇਨਕੀਨਸ ਨੇ 14 ਜੁਲਾਈ ਦੀ ਆਪਣੀ ਪੰਦਰਵਾੜੇ ਦੀ ਰਿਪੋਰਟ ਤੇ ਲਿਖਿਆ:

> ਸਰਹੱਦ ਦਾ ਮਸਲਾ ਸਭ ਦੇ ਜੇਹਨ ਤੇ ਹੈ...ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਗੈਰ-ਮੁਸਲਿਮ ਪਛੱਮ ਪੰਜਾਬ ਤੇ ਸੇਵਾ ਕਰਣ ਬਾਰੇ ਬੇਹਦ ਘਬਰਾਏ ਹੋਏ ਨੇ, ਅਤੇ ਮੁਸਲਿਮ ਪੂਰਬੀ ਪੰਜਾਬ ਤੇ. *ਇੰਡੀਅਨ ਸਿਵਿਲ ਸਰਵਿਸ* ਦੇ ਇੱਕ ਵੀ ਹਿੰਦੂ ਜਾਂ ਸਿੱਖ ਨੇ ਪਛੱਮ ਪੰਜਾਬ ਤੇ ਸੇਵਾ ਕਰਣ ਬਾਰੇ ਰਜਾਮੰਦੀ ਨਹੀਂ ਦਿੱਤੀ ਹੈ, ਅਤੇ ਸਿਰਫ਼ ਇੱਕ ਮੁਸਲਿਮ ਨੇ ਪੂਰਬੀ ਪੰਜਾਬ ਤੇ ਸੇਵਾ ਕਰਣ ਦੀ ਰਜਾਮੰਦੀ ਦਿੱਤੀ ਹੈ (ਜਿਸ ਨੂੰ ਡਰ ਹੈ ਕਿ ਮੁਸਲਿਮ ਲੀਗ ਉਸ ਨੂੰ ਬਲੀ ਦਾ ਬਕਰਾ ਬਣਾਏਗੀ). ਮੈਨੂੰ ਦੱਸਿਆ ਗਿਆ ਹੈ ਕਿ ਦੂਜੀ ਸੇਵਾਵਾਂ ਦਾ ਵੀ ਇੱਕ ਵਰਗਾ ਹਾਲ ਹੈ. ਇਸ ਤਰ੍ਹਾਂ ਦੇ ਜਜ਼ਬਾਤਾਂ ਦੀ ਮੌਜੂਦਗੀ ਤੇ, ਇਹ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ ਕਿ, ਸਰਹੱਦ ਇੱਕ ਜ਼ਿਉਂਦਾ ਮੁੱਦਾ ਹੈ-ਇਹ ਦੋ *ਡੋਮਿਨਿਅਨਾਂ* ਦੇ ਦਰਮਿਆਨ ਇੱਕ ਜੰਗ ਦੀ ਵਜ੍ਹਾ ਵੀ ਬਣ ਸਕਦਾ ਹੈ. ਬਾਉਂਡਰੀ ਕਮੀਸ਼ਨ ਦੇ ਚੇਅਰਮੈਨ ਅੱਜ ਲਾਹੌਰ ਆਏ, ਅਤੇ ਮੈਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਉਹ 15 ਅਗਸਤ ਤੋਂ ਪਹਿਲਾਂ, ਆਪਣਾ *ਅਵਾਰਡ* ਦੇ ਸਕਣਗੇ. ਅਗਰ ਅਵਾਰਡ ਦੇ ਦਿੱਤਾ ਜਾਉਂਦਾ ਹੈ, ਤੇ ਮੈਨੂੰ ਲਗਦਾ ਹੈ ਕਿ ਇੰਡੀਅਨ ਇੰਡੀਪੇਂਡੇਂਸ ਬਿਲ ਦੀ ਧਾਰਾ 4 ਦੇ ਤਹਿਤ, ਅਵਾਰਡ ਦੁਆਰਾ ਦਿੱਤੀ ਗਈ ਸਰਹੱਦ, ਕਾਲਪਨਿਕ ਸਰਹੱਦ ਦੇ ਉਪਰ ਹਾਵੀ ਹੋਵੇਗੀ ਅਤੇ ਇਸ ਦਾ ਜ਼ਰੂਰੀ ਤੌਰ ਤੇ, 15 ਅਗਸਤ ਨੂੰ ਹੋਣ ਵਾਲੀ ਹਕੂਮਤ ਦੀ ਤਬਦੀਲੀ ਲਈ, ਇਸਤੇਮਾਲ ਕਰਨਾ ਚਾਹੀਦਾ ਹੈ. ਅਗਰ ਇਹ ਖ਼ਿਆਲ ਸਹੀ ਹੈ ਤੇ ਕਾਫ਼ੀ ਖਲਲ ਪਵੇਗਾ, ਕਿਉਂਕਿ ਜ਼ਰੂਰੀ ਤੌਰ ਤੇ, ਅਸੀਂ ਸਾਰੇ ਮਨਸੂਬੇ "ਕਾਲਪਨਿਕ ਤਕਸੀਮ" ਦੀ ਬੁਨਿਆਦ ਦੇ ਉਪਰ ਕੀਤੇ ਨੇ ਅਤੇ ਕਿਸੇ ਅਹਿਮ ਬਦਲਾਵ ਦੇ ਚਲਦੇ, ਕੋਈ ਵੀ ਫੇਰ ਬਦਲ ਕਰਣ ਲਈ ਕੁੱਝ ਵਕਤ ਲਗ ਸਕਦਾ ਹੈ...ਇਹ ਬੇਹਦ ਜ਼ਿਆਦਾ ਮੁਮਕਿਨ ਹੈ ਕਿ ਹਕੂਮਤ ਦੀ ਤਬਦੀਲੀ ਦੇ ਨਾਲ ਗੜਬੜੀ ਹੋਵੇਗੀ, ਪਰ ਇਹ 15 ਅਗਸਤ ਤੋਂ ਪਹਿਲਾਂ ਹੋਵੇਗੀ ਜਾਂ ਬਾਅਦ ਤੇ ਅਤੇ ਕਿਨੀ ਗੰਭੀਰ ਹੋਵੇਗੀ, ਇਹ ਕਹਿਣਾ ਨਾਮੁਮਕਿਨ ਹੈ. ਸਿੱਖ ਜ਼ਰੂਰ ਪਰੇਸ਼ਾਨੀ ਪੈਦਾ ਕਰਣਗੇ; ਉਹ ਕਿਸੇ ਵੀ ਸਰਹੱਦ ਨੂੰ ਨਹੀਂ ਮੱਨਣਗੇ, ਅਤੇ ਮੈਨੂੰ ਲਗਦਾ ਹੈ ਕਿ ਉਹ ਕਾਂਗਰੇਸ ਦੇ ਉਪਰ ਉਨ੍ਹਾਂ ਹੀ ਸ਼ੱਕ ਕਰਦੇ ਨੇ ਜਿਣਾ ਮੁਸਲਿਮਾਂ ਉਪਰ (Carter, 2007b: 160).

ਪੂਰਬੀ ਪੰਜਾਬ ਦੇ ਸਕੱਤਰੇਤ ਨੂੰ ਸ਼ਿਮਲਾ ਲੈ ਜਾਣ ਦਾ ਹੁਕਮ

22 ਜੁਲਾਈ ਨੂੰ ਮਾਉਂਟਬੈਟਨ ਲਾਹੌਰ ਵਿੱਚ ਸਨ. ਉਨ੍ਹਾਂ ਨੇ 10 ਅਗਸਤ ਤਕ, ਪੂਰਬੀ ਪੰਜਾਬ ਦੇ ਸਕੱਤਰੇਤ ਨੂੰ ਸ਼ਿਮਲਾ ਲੈ ਜਾਣ ਦਾ ਹੁਕਮ ਦਿੱਤਾ ਅਤੇ 'ਪਛੱਮ ਭਾਗ ਨੂੰ ਤਿਆਰ ਕਰ ਕੇ ਪਛੱਮ ਪੰਜਾਬ ਦੇ ਕਿਸੇ ਵੀ ਜਗ੍ਹ ਤੇ ਲੈ ਜਾਇਆ ਜਾ ਸਕੇ ਅਗਰ ਬਾਉਂਡਰੀ ਕਮੀਸ਼ਨ ਲਾਹੌਰ ਪੂਰਬੀ ਪੰਜਾਬ ਨੂੰ ਦੇ ਦੇਂਦਾ ਹੈ' (*The Tribune*, 23 July). ਹਾਲਾਂਕਿ ਇਹ ਬਿਆਨ ਲਾਹੌਰ ਦੇ ਭਵਿੱਖ ਨੂੰ ਲੈ ਕੇ ਨਿਰਪੱਖ ਸੀ, ਹਿੰਦੂਆਂ ਅਤੇ ਸਿੱਖਾਂ ਨੂੰ ਇੱਕ ਇਸ਼ਾਰਾ ਮਿਲ ਗਿਆ ਸੀ ਕਿ ਚੂੰਕਿ ਪੂਰਬੀ ਪੰਜਾਬ ਦੇ ਸਕੱਤਰੇਤ ਨੂੰ ਲਾਹੌਰ ਤੋਂ ਦੂਰ, ਕਿਸੇ ਸ਼ਹਿਰ ਤੇ ਭੇਜਿਆ ਜਾ ਰਿਹਾ ਸੀ, ਜਦ ਕਿ ਪਛੱਮ ਪੰਜਾਬ ਦੇ ਸਕੱਤਰੇਤ ਨੂੰ ਨਹੀਂ, ਅਤੇ ਜ਼ਾਹਰ ਤੌਰ ਤੇ, ਲਾਹੌਰ ਪਛੱਮ ਪੰਜਾਬ ਨੂੰ ਦਿੱਤਾ ਜਾ ਰਿਹਾ ਸੀ. ਮਗਰ, ਲਾਹੌਰ ਸ਼ਹਿਰ ਜਾਂ ਜ਼ਿਲ੍ਹੇ ਤੇ, ਇੱਕ ਸਾਫ਼ ਮੁਸਲਿਮ ਮਜਾਰਿਟੀ ਦੇ ਬਾਵਜੂਦ, ਕਈ ਗੈਰ-ਮੁਸਲਿਮ ਅਖੀਰ ਤੱਕ ਯਕੀਨ ਕਰਦੇ ਰਹੇ ਕਿ 'ਦੂਜੀ ਵਜ੍ਹਾਂ' ਦੀ ਬੁਨਿਆਦ ਤੇ ਇਸ ਨੂੰ ਇੰਡੀਆ ਵਿੱਚ ਸ਼ਾਮਲ ਕੀਤਾ ਜਾਵੇਗਾ.

ਮੈਨੂੰ ਇੰਟਰਵਿਊ ਦੇਣ ਵਾਲੇ ਕਈ ਹਿੰਦੂਆਂ ਅਤੇ ਸਿੱਖਾਂ ਨੇ ਮਹਿਸੂਸ ਕੀਤਾ ਕਿ ਮਾਉਂਟਬੈਟਨ ਦੇ 22 ਜੁਲਾਈ ਦੇ ਬਿਆਨ ਨੇ ਪੂਰਬ ਦੀ ਤਰਫ਼, ਹਿੰਦੂਆਂ ਅਤੇ ਸਿੱਖਾਂ ਦੇ ਕੂਚ ਵਿੱਚ ਤੇਜੀ ਪੈਦਾ ਕਰ ਦਿੱਤੀ. ਜਨਵਰੀ 1947 ਦੇ ਲਾਹੌਰ ਤੇ ਉਨ੍ਹਾਂ ਦੀ ਤਦਾਦ 300,000 ਸੀ ਜੋ ਲਗਾਤਾਰ ਘੱਟਦੀ ਰਹੀ. ਸਭ ਤੋਂ ਪਹਿਲਾਂ ਛੱਡ ਕੇ ਜਾਣ ਵਾਲੇ ਫ਼ਰਵਰੀ ਦੇ ਆਖ਼ਰ ਤੇ ਹੀ ਚਲੇ ਗਏ, ਪਰ ਮਾਰਚ ਦੇ ਫ਼ਸਾਦ ਅਤੇ ਮਈ ਅਤੇ ਖ਼ਾਸ ਕਰ ਕੇ ਜੂਨ ਦੀ ਅੱਗਜਨੀ ਨੇ, ਇਸ ਕੂਚ ਨੂੰ ਹੋਰ ਤੀਬਰ ਕਰ ਦਿੱਤਾ. 22 ਜੁਲਾਈ ਦੇ ਬਾਅਦ, ਹੋਰ ਜ਼ਿਆਦਾ ਲੋਕ ਇਸ ਸੂਬਾਈ ਰਾਜਧਾਨੀ ਨੂੰ ਛੱਡ ਕੇ, ਆਪਣੀ ਹਿਫ਼ਾਜ਼ਤ ਲਈ, ਪੂਰਬ ਦੀ ਤਰਫ਼ ਪਰਵਾਸ ਕਰਣ ਲਗੇ.

ਜੁਲਾਈ ਦੇ ਆਖ਼ਰ ਤੇ, ਉਪਨਿਵੇਸ਼ੀ ਹਕੂਮਤ ਦੇ ਇਖ਼ਤਿਆਰ ਨੂੰ ਬਹੁਤ ਜ਼ਿਆਦਾ ਤੌਰ ਤੇ ਨਜਰਅੰਦਾਜ਼ ਕੀਤਾ ਗਿਆ ਅਤੇ ਵਧਦੇ ਹੋਏ ਤਸ਼ੱਦਦ ਨੇ ਸੂਬੇ ਦੇ ਬਾਕੀ ਇਲਾਕਿਆਂ ਨੂੰ ਸ਼ਾਮਲ ਕਰ ਲੀਤਾ; ਪਰ ਜ਼ਿਆਦਾਤਰ ਰੋਸ਼ ਸ਼ਹਿਰੀ ਜਗ੍ਹਾਂ ਤੇ ਕਾਇਮ ਸੀ; ਸਿਰਫ਼ ਅੱਮ੍ਰਿਤਸਰ ਜ਼ਿਲ੍ਹੇ ਤੇ ਸਿੱਖਾਂ ਦੀ ਤੰਜ਼ੀਮ ਕੀਤੀ ਤਾਕਤ ਉਭਰਦੀ ਹੋਈ ਦਿਖ ਰਹੀ ਸੀ, ਜਦ ਮੁਸਲਿਮ ਪਿੰਡਾਂ ਤੇ ਸਿੱਖਾਂ ਦੇ ਜੱਥੇਆਂ ਦੇ ਹਮਲੇ ਤੋਂ ਡਰੇ ਹੋਏ ਮੁਸਲਿਮਾਂ ਨੂੰ, ਅੱਮ੍ਰਿਤਸਰ ਦੇ ਮੁਸਲਿਮ ਗੜ੍ਹਾਂ ਤੇ ਪਨਾਹ ਲੈਣ ਲਈ ਮਜਬੂਰ ਕੀਤਾ. *ਪਾਕਿਸਤਾਨ ਟਾਇਮਸ* ਅਤੇ ਦੀ ਟ੍ਰਿਬਊਨ ਨੇ ਛੁਰੇਬਾਜ਼ੀ, ਅੱਗਜਨੀ ਅਤੇ ਬੰਬਬਾਜ਼ੀ ਦੀ ਨਵੀਂ ਬੌਛਾਰ ਬਾਰੇ ਖ਼ਬਰ ਦਿੱਤੀ. ਹਾਲ ਦੇ ਦਿਨਾਂ ਦੀ ਤਰ੍ਹਾਂ, ਲਾਹੌਰ ਅਤੇ ਅੱਮ੍ਰਿਤਸਰ ਦੀ ਵਾਰਦਾਤਾਂ ਨੇ ਇਸ ਦੀ ਅਗਵਾਈ ਕੀਤੀ. 26 ਜੁਲਾਈ, ਐਤਵਾਰ ਨੂੰ ਲਾਹੌਰ ਛਾਉਣੀ ਦੇ ਕਰੀਬ, ਧਰਮਪੁਰਾ ਤੇ ਇੱਕ ਵੱਡਾ ਧਮਾਕਾ ਸੁਣਿਆ ਗਿਆ. ਕਈ ਲੋਕ ਜ਼ਖ਼ਮੀ ਹੋਏ ਪਰ ਕੋਈ ਹਲਾਕ ਨਹੀਂ ਹੋਇਆ, ਰਿਵਾਲਵਰ ਦੀ ਗੋਲੀਆਂ ਦੀ ਵੀ ਅਵਾਜ਼ਾਂ ਆਇਆਂ ਅਤੇ ਖਲਬਲੀ ਮਚ ਗਈ. ਪਛੱਮ ਪੰਜਾਬ ਦੇ ਪੁਲਿਸ ਆਈ.ਜੀ.(ਤੈਅ), ਕੁਰਬਾਨ ਅਲੀ ਖ਼ਾਨ, ਜ਼ਿਲ੍ਹਾ ਮੈਜਿਸਟਰੇਟ ਇਊਸਟੇਸ, ਐਸ.ਐਸ.ਪੀ. ਰਾਇਸ ਅਤੇ ਛਾਉਣੀ ਦੇ ਮੈਜਿਸਟਰੇਟ ਸ਼ੇਖ ਘੁਲਾਮ ਅਹਿਮਦ ਗੜਬੜੀ ਵਾਲੇ ਇਲਾਕੇ ਤੇ ਗਏ ਅਤੇ ਕੁੱਝ ਗਰਿਫ਼ਤਾਰਿਆਂ ਕੀਤੀ ਗਈਆਂ (*Pakistan Times*, 29 July).

ਅੱਮ੍ਰਿਤਸਰ ਤੇ ਹਾਲਾਤ ਹਿੰਦੂਆਂ ਅਤੇ ਸਿੱਖਾਂ ਦੇ ਕਾਬੂ ਹੁੰਦੇ ਜਾ ਰਹੇ ਸੀ. ਮੁਸਲਿਮ ਹੁਣ ਤਸ਼ੱਦਦ ਦਾ ਸ਼ਿਕਾਰ ਹੋ ਰਹੇ ਸੀ, ਖ਼ਾਸ ਕਰ ਕੇ ਦਿਹਾਤੀ ਇਲਾਕਿਆਂ ਤੇ, ਜਿੱਥੇ ਸਿੱਖ ਜੱਥੇ ਅੱਗਜਨੀ ਅਤੇ ਕਤਲੇਆਮ ਕਰ ਰਹੇ ਸੀ. ਤਕਰੀਬਨ ਪਿਡਾਂ ਤੇ ਹੋਣ ਵਾਲੇ ਹਰ ਹਮਲੇ ਤੇ, ਖ਼ਵਾਤੀਨਾਂ ਨੂੰ ਅਗਵਾ ਕੀਤਾ ਜਾ ਰਿਹਾ ਸੀ. ਮਿਸਾਲ ਦੇ ਤੌਰ ਤੇ, ਤਰਨ ਤਾਰਨ ਤੇ ਇੱਕ ਵੱਡਾ ਬੰਬ ਧਮਾਕਾ ਸੁਣਿਆ ਗਿਆ. ਜ਼ਿਲ੍ਹਾ ਮੈਜਿਸਟਰੇਟ ਜੀ.ਐਮ.ਬ੍ਰੈਂਡਰ, ਬ੍ਰਿਗੇਡਿਅਰ ਸਟੂਅਰਟ, ਪੁਲਿਸ ਐਸ.ਪੀ. ਐਲ.ਵੀ.ਡੀਨ, ਐਡੀਸ਼ਨਲ ਡਿਪਟੀ ਕਮੀਸ਼ਨਰ ਜੇ.ਡੀ.ਫ੍ਰੇਜਰ ਅਤੇ ਇੱਕ ਪੁਲਿਸ ਦੱਲ ਨੇ ਤਹਸੀਲ ਦੇ ਮੁੱਖ ਦਫ਼ਤਰ ਤੇ ਛਾਪਾ ਮਾਰਿਆ ਅਤੇ ਇੱਕ ਛੋਟੇ ਬੰਬ ਦੇ ਕਾਰਖਾਨੇ ਦਾ ਪਤਾ ਲਗਾਇਆ. ਸ਼ਾਇਦ, ਬੰਬ ਦਾ ਕਿਸੇ ਹਾਦਸੇ ਵਿੱਚ ਵਿਸਫੋਟ ਹੋ ਗਿਆ ਸੀ. 31 ਜੁਲਾਈ ਦੇ ਪਾਕਿਸਤਾਨ ਟਾਇਮਸ ਨੇ ਗੌਰ ਕੀਤਾ ਕਿ ਅੱਮ੍ਰਿਤਸਰ ਦੇ ਪ੍ਰਸ਼ਾਸਨ ਨੇ ਇੱਕ ਵਾਰ ਫਿਰ, ਜ਼ਿਲ੍ਹੇ ਨੂੰ, ਫ਼ਿਕਰਮੰਦ ਤੌਰ ਤੇ ਗੜਬੜੀ ਵਾਲਾ ਅਤੇ ਤੇਜੀ ਨਾਲ ਬੇਕਾਬੂ ਹੁੰਦਾ ਦੱਸਿਆ.

ਜੁਲਾਈ ਦਾ ਖ਼ਾਤਮਾ ਇੱਕ ਨਾਟਕੀ ਤੌਰ ਤੇ ਹੋਇਆ ਜਿਸ ਵਿੱਚ ਅੱਮ੍ਰਿਤਸਰ ਤੇ ਕਾਂਗਰੇਸ ਦੇ ਖ਼ਿਲਾਫ਼, ਹਿੰਦੂਆਂ ਦਾ ਗੁੱਸਾ ਖੁਲ੍ਹ ਕੇ ਸਾਹਮਣੇ ਆਇਆ. ਆਰ.ਐਸ.ਐਸ. ਕਾਂਗਰੇਸ ਰਹਨੁਮਾਈ, ਖ਼ਾਸ ਕਰ ਕੇ ਗਾਂਧੀ ਅਤੇ ਨਹਿਰੂ ਦੇ ਖ਼ਿਲਾਫ਼, ਇੱਕ ਲੰਬੇ ਵਕਤ ਤੋਂ ਪ੍ਰਚਾਰ ਚਲਾ ਰਹੀ ਸੀ. ਖੁਫ਼ੀਆ ਸੰਸਥਾਵਾਂ ਦੁਆਰਾ ਰਿਪੋਰਟਾਂ

ਦੇ ਮੁਤਾਬਕ, ਇਣ ਬੈਠਕਾਂ ਤੇ ਨਾ ਸਿਰਫ਼ ਜਿਨਾਹ, ਮੁਸਲਿਮ ਲੀਗ ਅਤੇ ਮੁਸਲਿਮਾਂ ਨੂੰ ਵੀ, ਆਮ ਤੌਰ ਤੇ ਬਦਨਾਮ ਕੀਤਾ ਗਿਆ, ਪਰ ਇਣ ਦੋ ਕਾਂਗਰੇਸੀ ਆਗੂਵਾਂ ਨੂੰ, ਪੰਜਾਬ ਦੀ ਤਕਸੀਮ ਨੂੰ ਮੱਨਣ ਅਤੇ ਪੰਜਾਬ ਦੇ ਹਿੰਦੂਆਂ ਦਾ ਨੁਕਸਾਨ ਕਰਣ ਲਈ ਦੋਸ਼ੀ ਦੱਸਿਆ ਗਿਆ. 31 ਜੁਲਾਈ ਨੂੰ ਗਾਂਧੀ ਇੱਕ ਰੇਲ ਗੱਡੀ ਦੁਆਰਾ ਕਸ਼ਮੀਰ ਜਾ ਰਹੇ ਸੀ, ਅਤੇ ਜਦ ਉਨ੍ਹਾਂ ਦੀ ਗੱਡੀ ਅੱਮ੍ਰਿਤਸਰ ਸਟੇਸ਼ਨ ਤੇ ਰੂਕੀ, ਤਦ ਉਨ੍ਹਾਂ ਨੂੰ ਹਿੰਦੂ ਛਾਤਰਾਂ ਅਤੇ ਦੂਜੇ ਕਾਰਕੁਨਾਂ ਦੀ ਭੀੜ ਨੇ ਕਾਲੇ ਝੰਡੇ ਦਿਖਾਏ. ਉਹ ਚੀਕ ਕੇ ਨਾਅਰੇਬਾਜ਼ੀ ਕਰ ਰਹੇ ਸੀ 'ਗਾਂਧੀ ਵਾਪਸ ਜਾਉ', 'ਗਾਂਧੀ ਮੁਰਦਾਬਾਦ', ਅਤੇ 'ਕਾਂਗਰੇਸ ਮੁਰਦਾਬਾਦ'. ਮੈਜਿਸਟਰੇਟ ਰਿਆਜ਼ ਕੁਰੇਸ਼ੀ ਨੇ ਰੇਲਵੇ ਪੁਲਿਸ ਨੂੰ ਹੁਕਮ ਦਿੱਤਾ ਕਿ ਉਹ ਅੰਦੋਲਨਕਾਰੀਆਂ ਨੂੰ ਪਿੱਛੇ ਕਰਣ (*Pakistan Times*, 1 August).

30 ਜੁਲਾਈ ਦੀ ਪੰਦਰਵਾੜੇ ਦੀ ਰਿਪੋਰਟ ਤੇ ਜੇਨਕੀਨਸ ਨੇ ਮੁਘਲਪੁਰਾ ਰੇਲਵੇ ਵਰਕਸ਼ਾਪ ਦੇ ਵਾਕਿਐ ਦਾ ਜ਼ਿਕਰ ਕੀਤਾ ਅਤੇ ਲਾਹੌਰ-ਅੱਮ੍ਰਿਤਸਰ ਖੇਤਰ ਤੋਂ ਬਾਹਰ, ਗੁਰਦਾਸਪੁਰ ਜ਼ਿਲ੍ਹੇ ਤੇ ਅਤੇ ਇਥੋਂ ਤੋਂ ਜਲੰਧਰ-ਹੁਸ਼ਿਆਰਪੁਰ ਸੀਮਾ ਤਕ, ਤਸ਼ੱਦਦ ਦੇ ਫੈਲਣ ਹੋਰ ਵਧਣ ਬਾਰੇ ਵਿਆਪਕ ਖ਼ੁਲਾਸਾ ਕੀਤਾ. 19 ਜੁਲਾਈ ਤੋਂ ਲੈ ਕੇ ਤਕਰੀਬਣ ਰੋਜ਼ ਬੰਬ ਧਮਾਕੇ ਹੋ ਰਹੇ ਸੀ. ਲਾਹੌਰ ਅਤੇ ਅੱਮ੍ਰਿਤਸਰ ਦੇ ਨਜਦੀਕ ਦੇ ਪਿੰਡਾ ਤੇ ਬਾਰ ਬਾਰ ਹਮਲੇ ਹੋ ਰਹੇ ਸੀ. ਸਿੱਖ ਰਹਨੁਮਾਵਾਂ ਨੇ ਆਪਣੇ ਸਮੁਦਾਇ ਦੇ ਲੋਕਾਂ ਨੂੰ ਪੁਕਾਰ ਦਿੱਤੀ ਕਿ 27 ਜੁਲਾਈ ਨੂੰ ਉਹ ਨਨਕਾਣਾ ਸਾਹਿਬ ਤੇ ਇਕੱਠਾ ਹੋਣ. ਘੱਟ ਤੋਂ ਘੱਟ, 1,500 ਸਿੱਖਾਂ ਨੇ ਸ਼ਿਰਕਤ ਕੀਤੀ. ਉਸ ਦਿਨ ਦੀ ਤਕਰੀਰਾਂ ਨੇ ਇੱਕ ਸਿਵਲ ਨਾਫ਼ਰਮਾਨੀ ਤੇਹਰੀਕ ਸ਼ੁਰੂ ਕਰਣ ਦੀ ਮੰਗ ਕੀਤੀ. ਪਰ, ਡਿਪਟੀ ਕਮੀਸ਼ਨਰ ਨੇ ਉਨ੍ਹਾਂ ਨੂੰ ਅਮਨ ਨਾਲ ਚਲੇ ਜਾਣ ਲਈ ਮੱਨਾ ਲੀਤਾ (Carter, 2007b:177-9). ਸਮੂਚੇ ਤੌਰ ਤੇ, ਪੰਜਾਬ ਦੇ ਹਾਲਾਤ ਬਾਰੇ ਜੇਨਕੀਨਸ ਨੇ ਲਿਖਿਆ:

> ਆਮ ਤੌਰ ਤੇ, ਤਕਸੀਮ ਨੂੰ ਲੈ ਕੇ ਕੋਈ ਜੋਸ਼ ਨਹੀਂ ਹੈ-ਮੁਸਲਿਮ ਪਾਕਿਸਤਾਨ ਦੇ ਬਣਨ ਨਾਲ, ਕੁਦਰਤੀ ਤੌਰ ਤੇ ਖੁਸ਼ ਨੇ; ਪਰ ਪੰਜਾਬੀਆਂ ਦੇ ਤੌਰ ਤੇ, ਉਹ ਪੂਰਾ ਪੰਜਾਬ ਹਾਸਲ ਕਰਨਾ ਚਾਹੁੰਦੇ ਸੀ; ਹਿੰਦੂ ਅਤੇ ਸਿੱਖ, ਦੂਜੀ ਤਰਫ਼, ਫ਼ਿਕਰਮੰਦ ਨੇ ਅਤੇ ਲਾਹੌਰ ਬਿਲਕੁਲ ਨਹੀਂ ਛੱਡਣਾ ਚਾਹੁੰਦੇ ਨੇ. ਸਿਰਫ਼ ਛੇ ਹਫ਼ਤੇਆਂ ਤੇ 30 ਮਿਲਿਅਨ (3 ਕਰੋੜ) ਲੋਕਾਂ ਦੇ ਸੂਬੇ ਨੂੰ, ਜੋ 98 ਸਾਲਾਂ ਤੱਕ ਇਕੱਠਾ ਰਿਹਾ ਹੈ, ਤਕਸੀਮ ਕਰਨਾ ਕਾਫ਼ੀ ਮੁਸ਼ਕਲ ਹੋਵੇਗਾ, ਭਾਂਵੇ ਸਾਰੇ ਲੋਕਾਂ ਵਿੱਚ ਦੋਸਤਾਨਾ ਰਿਸ਼ਤੇ ਹੋਣ ਅਤੇ ਉਹ ਤਰੱਕੀ ਕਰਣ ਦੀ ਸੋਚ ਰਖਦੇ ਹੋਣ (Ibid: 179).

ਜੁਲਾਈ ਤੇ ਲਾਹੌਰ ਛੱਡਣ ਵਾਲੇਆਂ ਦੀ ਖੁਦ ਦੱਸੀ ਦਾਸਤਾਨਾਂ

ਡਾ.ਜਗਦੀਸ਼ ਚੰਦਰ ਸਰੀਨ

ਡਾ.ਸਰੀਨ ਦੇ ਮਾਰਚ 1947 ਦੇ ਫ਼ਸਾਦਾਂ ਦੇ ਅਤੇ ਲਾਹੌਰ ਤੇ ਜੂਨ ਤੇ ਹੋਈ ਵਾਰਦਾਤਾਂ ਦੇ ਖੁਲਾਸੇ ਪਹਿਲਾਂ ਦਿੱਤੇ ਜਾ ਚੁਕੇ ਨੇ. ਲਾਹੌਰ ਛੱਡਣ ਦਾ ਫ਼ੈਸਲਾ ਉਨ੍ਹਾਂ ਨੇ ਜੁਲਾਈ ਤੇ ਲੀਤਾ. ਉਨ੍ਹਾਂ ਨੇ ਯਾਦ ਕੀਤਾ:

'ਮੈਂ 9 ਜਾਂ 10 ਜੁਲਾਈ ਨੂੰ ਲਾਹੌਰ ਛੱਡ ਕੇ ਜਲੰਧਰ ਚਲਾ ਗਿਆ ਕਿਉਂਕਿ ਕੁੱਝ ਦੋਸਤਾਂ ਨੇ ਸਾਨੂ ਆਗਾਹ ਕੀਤਾ ਸੀ ਕਿ ਸਾਡੇ ਘੱਰ ਉਪਰ ਹਮਲਾ ਕੀਤਾ ਜਾਵੇਗਾ. ਉਨ੍ਹਾਂ ਨੇ ਮੈਨੂੰ ਸਲਾਹ ਦਿੱਤੀ ਹਾਲਾਤ ਠੀਕ ਹੋਣ ਨਾਲ ਮੈਂ ਵਾਪਸ ਆ ਸਕਦਾ ਸੀ. ਮੇਰੇ ਪਰਵਾਰ ਦੇ ਦੂਜੇ ਲੋਕ ਪਹਿਲਾਂ ਹੀ ਲਾਹੌਰ ਛੱਡ ਕੇ ਜਾ ਚੁਕੇ ਸੀ. ਕਈ ਹਫ਼ਤੇਆਂ ਬਾਅਦ, ਸਾਨੂ ਇੱਕ ਦੂਜੇ ਦਾ ਪਤਾ ਲਗਾ. ਮੈਂ, ਦਰਅਸਲ, ਲਾਹੌਰ ਲਈ ਵਾਪਸੀ ਦਾ ਸਫ਼ਰ 11

ਅਗਸਤ ਨੂੰ ਸ਼ੁਰੂ ਕਰ ਦਿੱਤਾ ਸੀ, ਕਿਉਂਕਿ ਅਗਲੇ ਦਿਨ ਮੈਨੂੰ ਕੱਮ ਲਈ ਹਾਜ਼ਰ ਹੋਣਾ ਸੀ. ਪਰ, ਸਫਰ ਦੇ ਦੌਰਾਨ, ਮੈਂ ਹਜਾਰਾਂ ਦੀ ਤਦਾਦ ਤੇ ਹਿੰਦੂਆਂ ਅਤੇ ਸਿੱਖਾਂ ਨੂੰ ਨੱਸਦੇ ਵੇਖਿਆ. ਮੈਨੂੰ ਇਹ ਸਾਫ ਹੋ ਗਿਆ ਕਿ ਲਾਹੌਰ ਵਾਪਸ ਜਾਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ ਸੀ. ਅਤੇ, ਮੈਂ ਇਹ ਖ਼ਿਆਲ ਛੱਡ ਦਿੱਤਾ.

'ਮੇਰੇ ਇੱਕ ਚਾਚੇ ਅਤੇ ਰਿਸ਼ਤੇ ਤੇ ਇੱਕ ਭਰਾ ਨੂੰ ਚਾਕੂ ਮਾਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਮੇਯੋ ਹਸਪਤਾਲ ਲੈ ਜਾਇਆ ਗਿਆ. ਉਨ੍ਹਾਂ ਨੇ ਮੇਰਾ ਨਾਂਅ, ਮੇਰੇ ਸਾਥੀ, ਡਾ.ਮੁਹੱਮਦ ਨਜ਼ੀਰ ਨੂੰ ਦੱਸਿਆ, ਜੋ ਡਊਟੀ ਤੇ ਸੀ. ਉਸ ਨੇ ਉਨ੍ਹਾਂ ਦੀ ਇਸ ਤਰ੍ਹਾਂ ਦੇਖ-ਭਾਲ ਕੀਤੀ, ਜੈਦਾਂ ਉਹ ਉਸੀ ਦੇ ਚਾਚਾ, ਭਰਾ ਸਨ.'

ਡਾ.ਰਾਮਾਨੰਦ ਸਾਗਰ

ਬਾਲੀਵੁਡ ਦੇ ਮਸ਼ਹੂਰ ਲੇਖਕ, ਨਿਰਦੇਸ਼ਕ, ਫ਼ਿਲਮ ਅਤੇ ਟੇਲੀਵਿਜਨ ਨਿਰਮਾਤਾ ਡਾ.ਰਾਮਾਨੰਦ ਸਾਗਰ ਨੇ ਲਾਹੌਰ ਦੀ ਆਪਣੀ ਜ਼ਿੰਦਗੀ ਦਾ ਤਫ਼ਸੀਲੀ ਖ਼ਾਕਾ ਪੇਸ਼ ਕੀਤਾ. ਇਤਫ਼ਾਕੀਆ ਤੌਰ ਤੇ, ਉਹ ਮੇਰੇ ਟੇਮਪਲ ਰੋਡ ਦੇ ਪੂਸ਼ਤੈਨੀ ਘਰ, ਜਿੱਥੇ ਮੈਂ 24 ਫਰਵਰੀ 1947 ਤੇ ਪੈਦਾ ਹੋਇਆ ਸੀ, ਤੋਂ ਮਹਿਜ਼ ਇੱਕ ਕਿਲੋਮੀਟਰ ਤੋਂ ਵੀ ਘੱਟ ਦੀ ਦੂਰੀ ਤੇ ਪਲੇ ਹੋਰ ਵੱਡੇ ਹੋਏ. ਉਨ੍ਹਾਂ ਨੇ ਕਿਹਾ:

'ਮੇਰਾ ਜਨਮ 29 ਦਸੰਬਰ 1917 ਨੂੰ, ਲਾਹੌਰ ਦੀ ਉਪ-ਨਗਰੀ ਦੇ ਇੱਕ ਛੋਟੇ ਪਿੰਡ ਅਸਲ-ਗੁਰੁ-ਕੀ ਤੇ ਹੋਇਆ. ਮੇਰੇ ਪਿਤਾ ਦੇ ਕਸ਼ਮੀਰ ਵਿੱਚ ਵਪਾਰੀ ਤਾਲੁੱਕ ਸਨ, ਪਰ ਮੈਂ ਆਪਣੇ ਦਾਦਾ-ਦਾਦੀ ਨਾਲ ਵੱਡਾ ਹੋਇਆ, ਜੋ ਛਾ-ਪਿਛਵਾੜਾ, ਲਿਟੱਨ ਰੋਡ, ਮੁਜ਼ੰਗ ਤੇ ਰਹਿੰਦੇ ਸੀ. ਮੇਰਾ ਬਚਪਨ, ਮੁਜ਼ੰਗ ਤੇ ਗੁਜਰਿਆ. ਉਣ ਦਿਨਾਂ ਤੇ, ਸਾਰੇ ਮਜ਼੍ਹਬਾਂ ਦੇ ਬੱਚੇ ਇਕੱਠਾ ਖੇਡਦੇ ਸੀ ਅਤੇ ਵੱਡੇ ਇੱਕ ਦੂਜੇ ਦੀ ਸੋਚ ਅਤੇ ਰਵਾਇਤਾਂ ਦੀ ਇਜ਼ੱਤ ਕਰਦੇ ਸੀ. ਨੈਜਵਾਨੀ ਤੇ, ਮੈਂ ਕਦੀ ਕਦੀ ਆਪਣੇ ਮੁਸਲਿਮ ਦੋਸਤਾਂ ਦੇ ਨਾਲ ਮਸੀਤ ਤੇ ਜਾ ਕੇ ਉਨ੍ਹਾਂ ਦੀ ਇਬਾਦਤ ਤੇ ਸ਼ਿਰਕਤ ਕਰਦਾ ਸੀ. ਮੇਨੂੰ ਯਾਦ ਨਹੀਂ ਹੈ ਕਿ ਸਾਡੇ ਮਹੱਲੇ ਦੇ ਮੁਖ਼ਤਲਿਫ਼ ਪਰਵਾਰਾਂ ਵਿੱਚ ਕੋਈ ਤਣਾਅ ਸੀ.

'ਬਾਅਦ ਤੇ ਅਸੀਂ ਨਿਸਬਤ ਰੋਡ ਦੇ ਇੱਕ ਘਰ ਤੇ ਚਲੇ ਗਏ. ਮੈਂ ਡੀ.ਏ.ਵੀ. ਹਾਈ ਸਕੂਲ, ਲਾਹੌਰ ਤੇ ਪੜ੍ਹਾਈ ਕੀਤੀ. ਜਦ ਮੁਸਲਿਮ ਲੀਗ ਨੇ ਮਾਰਚ 1940 ਦੇ ਲਾਹੌਰ ਅਧਿਵੇਸ਼ਨ ਤੇ ਇੱਕ ਅਲਗ ਮੁਸਲਿਮ ਮੁਲਕ ਦੀ ਮੰਗ ਕੀਤੀ, ਤਦ ਇਸ ਸ਼ਹਿਰ ਦੇ ਮਿਲਵਾਂ ਮਾਹੌਲ ਦੇ ਵਿੱਚ, ਕੁੱਝ ਫ਼ਿਰਕੂ ਤਣਾਅ ਮਹਿਸੂਸ ਕੀਤਾ ਜਾ ਸਕਦਾ ਸੀ, ਪਰ ਉਸ ਵਕਤ ਕਿਸੇ ਨੇ ਵੀ ਖ਼ਵਾਬ ਤੇ ਵੀ ਨਹੀਂ ਸੋਚਿਆ ਸੀ ਕਿ ਹਿੰਦੂਆ ਨੂੰ ਇਸ ਸ਼ਹਿਰ ਨੂੰ ਛੱਡਣਾ ਪਏਗਾ. ਸਾਨੂ ਯਕੀਨ ਸੀ ਕਿ ਲਾਹੌਰ ਇੰਡੀਆ ਦਾ ਹਿੱਸਾ ਹੋਵੇਗਾ. ਲਾਹੌਰ ਦੀ ਤਰੱਕੀ ਵਿੱਚ ਹਿੰਦੂਆਂ ਅਤੇ ਸਿੱਖਾਂ ਦਾ ਇੰਨਾ ਜ਼ਿਆਦਾ ਭੈਤਕ ਅਤੇ ਤਹਿਜੀਬੀ ਯੋਗਦਾਨ ਸੀ ਕਿ, ਸਾਨੂ ਇਹ ਕਦੀ ਨਹੀਂ ਮਹਿਸੂਸ ਹੋਇਆ ਕਿ ਇੱਕ ਦਿਨ ਇਹ ਸਾਡੇ ਤੋਂ ਖੋਹ ਲੀਤਾ ਜਾਵੇਗਾ.

'ਕਾਂਗਰੇਸ ਦੇ ਰਹਨੁਮਾਵਾਂ ਨੇ ਸਾਨੂ ਲਾਹੌਰ ਖਾਲੀ ਨਾ ਕਰਣ ਨੂੰ ਕਿਹਾ. ਪਰ, ਹਿੰਦੂਆਂ ਅਤੇ ਸਿੱਖਾਂ ਉਪਰ ਤਸ਼ੱਦਦੀ ਹਮਲੇ ਰੋਜਾਨਾ ਹੋਣ ਲਗੇ. ਲਾਹੌਰ ਤੋਂ ਸਾਨੂ, ਜੁਲਾਈ ਦੇ ਅਖਿਰ ਤੇ ਨੱਸਣਾ ਪਿਆ ਜਦ ਹਾਲਾਤ ਬਦ ਤੋਂ ਬਦਤਰ ਹੋ ਗਏ. ਅਸੀਂ ਸਿਆਲਕੋਟ ਗਏ ਅਤੇ ਉਥੋਂ ਜੱਮੂ ਅਤੇ ਸ਼ੀ੍ਰਨਗਰ ਤੱਕ ਸਫਰ ਜਾਰੀ ਰੱਖਿਆ. ਉਰਦੂ ਦੇ ਮਹਾਨ ਲੇਖਕ, ਫ਼ੈਜ਼ ਅਹਿਮਦ ਫ਼ੈਜ਼, ਜੋ ਮੇਰੇ ਕਰੀਬੀ ਦੋਸਤ ਸਨ, ਅਗਸਤ ਤੇ ਕਸ਼ਮੀਰ ਦੇ ਗੁਲਮਰਗ ਆਏ ਅਤੇ ਸਾਨੂੰ, ਸਾਡੇ ਲਾਹੌਰ ਛੱਡਣ ਦੇ ਬਾਅਦ ਦੀ ਘਟਨਾਵਾਂ ਬਾਰੇ ਦੱਸਿਆ.

'ਅਗਸਤ ਦੇ ਆਖ਼ਰ ਤੇ, ਪਠਾਨਾਂ ਨੇ ਕਸ਼ਮੀਰ ਤੇ ਹਮਲਾ ਕਰ ਦਿੱਤਾ, ਅਤੇ ਇਸ ਦੇ ਬਾਅਦ ਅਸੀਂ ਸ਼ੀ੍ਰਨਗਰ ਤੋਂ ਦਿੱਲੀ ਜਾਣ ਵਾਲੇ ਹਵਾਈਜਹਾਜ ਤੇ ਸਵਾਰੀ ਕਰਣ ਤੇ ਕਾਮਯਾਬ ਹੋ ਗਏ. ਥੋੜੇ ਦਿਨਾਂ ਤੱਕ ਮੈਂ ਦਿੱਲੀ ਤੇ ਕੱਮ ਕੀਤਾ ਪਰ ਫ਼ਿਰ ਬੰਬਈ ਆ ਗਿਆ. ਮੈਂ, ਇਸ ਸ਼ਹਿਰ ਤੇ 52 ਸਾਲਾਂ ਤੋਂ ਹਾਂ. ਮੈਂ ਇੱਕ ਬੇਮਿਸਾਲ ਕਾਮਯਾਬੀ ਹਾਸਲ ਕੀਤੀ ਹੈ, ਪਰ ਹੁਣ ਵੀ ਇੱਕ ਪਨਾਹਗੀਰ ਦੀ ਤਰ੍ਹਾਂ ਮਹਿਸੂਸ ਕਰਦਾ ਹਾਂ. ਪਨਾਹਗੀਰ ਹੋਣ ਦਾ ਇਹਸਾਸ ਤੁਹਾਡਾ ਕਦੀ ਪਿੱਛਾ ਨਹੀਂ ਛੱਡਦਾ ਹੈ. ਇਹ ਕਿਸੇ ਵੀ ਹਸਤੀ ਦਾ ਹਮੇਸ਼ਾ ਕਾਇਮ ਰਹਿਣ ਵਾਲਾ ਹਿੱਸਾ ਹੈ. ਲਾਹੌਰ ਹਮੇਸ਼ਾ ਮੇਰੇ ਦਿੱਲ ਤੇ ਵਸਦਾ ਹੈ, ਪਰ ਮੈਂ ਨਹੀਂ ਸੋਚਦਾ ਹਾਂ ਕਿ ਮੈਂ ਕਦੀ ਉਥੇ ਜਾਵਾਂਗਾ. ਮੈਨੂ ਦੱਸਿਆ ਗਿਆ ਹੈ ਕਿ ਇਹ ਪੂਰੀ ਤਰ੍ਹਾਂ ਬਦਲ ਚੁਕਿਆ ਹੈ. ਮੈਂ ਤਕਸੀਮ ਤੋਂ ਪਹਿਲਾਂ ਦੀ ਯਾਦਾਂ ਸੰਜੋ ਕੇ ਰਖਣਾ ਚਾਹੁੰਦਾ ਹਾਂ. ਇਹ ਸੱਚ-ਮੁੱਚ ਪਿਆਰ ਅਤੇ ਮਿਲਨਸਾਰ ਸਹਿਰ ਸੀ. ਹੁਣ ਜਦ ਮੈਂ ਉਣ ਘਟਨਾਵਾਂ ਨੂੰ ਮੁੜ ਕੇ ਵੇਖਦਾ ਹਾਂ, ਜਿਨ੍ਹਾਂ ਦੇ ਚਲਦਿਆਂ ਤਕਸੀਮ ਹੋਈ, ਮੈਨੂੰ ਹੋਰ ਵੀ ਜ਼ਿਆਦਾ ਯਕੀਨ ਹੋ ਜਾਂਦਾ ਹੈ ਕਿ, ਇੰਡੀਆ ਦੀ ਤਕਸੀਮ ਦੇ ਪਿੱਛੇ, ਅਸਲੀ ਦਿਮਾਗ ਬ੍ਰਿਟਿਸ਼ ਲੋਕਾਂ ਦਾ ਸੀ. ਇੱਕ ਬੇਹਦ ਸ਼ੈਤਾਨੀ ਤਰੀਕੇ ਨਾਲ ਉਹ ਸਾਨੂ ਆਜ਼ਾਦੀ ਮੰਗਣ ਦੀ ਸਜ਼ਾ ਦੇਣਾ ਚਾਹੁੰਦੇ ਸੀ. ਉਨ੍ਹਾਂ ਦੇ ਬੋਲਬਾਲੇ ਨੂੰ ਚੁਨੌਤੀ ਦੇਣ ਵਾਲੇਆਂ ਦੇ ਲਹੂ ਕਢਣ ਤੋਂ ਜ਼ਿਆਦਾ, ਉਨ੍ਹਾਂ ਨੂੰ ਹੋਰ ਕਿ ਤਸੱਲੀ ਹੋ ਸਕਦੀ ਸੀ. ਤਕਸੀਮ ਉਪਰ ਮੇਰੇ ਵਿਚਾਰ ਮੇਰੇ ਨਾਵਲ, ਐਂਰ ਇਨਸਾਨ ਮਰ ਗਯਾ ਵਿੱਚ ਦਿੱਤੇ ਗਏ ਨੇ'.

ਗੌਰਤਲਬ ਹੈ ਕਿ 1980 ਦੇ ਦਹਾਕੇ ਦੇ ਆਖ਼ਰ ਤੇ ਰਾਮਾਨੰਦ ਸਾਗਰ ਹਿੰਦੂ ਮਜ੍ਹਬੀ ਵਿਸ਼ਾ-ਵਸਤੂ ਉੱਪਰ ਕੱਮ ਕਰਣ ਲਗੇ. ਰਾਮਾਇਣ ਮਹਾਕਾਵਿ ਨੂੰ ਲੈ ਕੇ ਟੇਲੀਵਿਜਨ ਸੀਰੀਅਲ ਬਣਾ ਕੇ ਉਨ੍ਹਾਂ ਨੇ ਦੁਰਦਰਸਨ ਤੇ ਪੇਸ ਕੀਤਾ. ਉਨ੍ਹਾਂ ਨੇ ਇਸ ਨਾਲ ਮਿਲਦੇ-ਜੁਲਦੇ ਹੋਰ ਵੀ ਸੀਰੀਅਲ ਤਿਆਰ ਕੀਤੇ. ਜਦ ਮੈਂ ਉਨ੍ਹਾਂ ਨੂੰ ਪੁਛਿਆ ਕਿ ਇੱਕ ਸੈਕਊਲਰ ਮਾਨਵਚਾਦੀ ਤੋਂ, ਇੱਕ ਹਿੰਦੂ ਤੇ ਕਾਇਆ ਪਲਟ ਉਨ੍ਹਾਂ ਨੂੰ ਪਰੇਸ਼ਾਨ ਕਰਦਾ ਹੈ, ਤਦ ਉਨ੍ਹਾਂ ਨੇ ਜਵਾਬ ਦਿੱਤਾ ਕਿ ਅੱਛੇ ਅਤੇ ਬੂਰੇ ਦੋਵਾਂ ਵਿੱਚ ਜਦੋਜਹਿਦ ਅਮਰ ਸੀ ਅਤੇ ਹੁਣ ਉਹ ਹਿੰਦੂ ਵਿਸ਼ਾ-ਵਸਤੂ ਦਾ ਇਸਤਮਾਲ ਕਰ ਕੇ ਇਹ ਪੈਘਾਮ ਪਹੁੰਚਾਣਾ ਚਾਹੁੰਦੇ ਸਨ ਕਿ ਅੱਛਾ ਕਰਨਾ ਬਿਹਤਰ ਸੀ.

ਅਗਸਤ: ਦਿਹਾਤੀ ਇਲਾਕਿਆਂ ਤੇ ਸਮਾਉਂਦਾ ਤਸ਼ੱਦਦ

ਫਿਰ ਅਗਸਤ ਦਾ ਨਾਜ਼ਕ ਮਹੀਨਾ ਆ ਗਿਆ. ਕੁੱਝ ਦਿਨਾਂ ਬਾਅਦ ਹੀ ਪੰਜਾਬ ਦੀ ਤਕਸੀਮ ਹੋਣ ਵਾਲੀ ਸੀ. ਪੰਜਾਬ ਬਾਉਂਡਰੀ ਫੋਰਸ ਨੇ 1 ਅਗਸਤ ਤੋਂ ਕਾਨੂੰਨ ਅਤੇ ਵਿਵਸਥਾ ਕਾਇਮ ਰਖਣ ਦਾ ਕੱਮ ਸ਼ੁਰੂ ਕੀਤਾ, ਪਰ ਤਦ ਤੱਕ ਫ਼ਸਾਦ ਚਾਰੇ ਪਾਸੇ ਫੈਲ ਚੁਕੇ ਸੀ. 1 ਅਗਸਤ ਨੂੰ ਸ਼ਾਮ ਛੇ 6 ਵਜੇ ਤੋਂ 36 ਘੰਟੇਆਂ ਦਾ ਲਗਾਤਾਰ ਕਰਫਿਊ, ਅੱਮ੍ਰਿਤਸਰ ਦੇ ਅੰਦਰੂਨੀ ਇਲਾਕਿਆਂ ਤੇ ਲਾਗੂ ਕੀਤਾ ਗਿਆ. ਸਿੱਖ ਜੱਥੇਆਂ ਨੇ ਪਿੰਡਾ ਤੇ ਹਮਲੇ ਹੋਰ ਵਧਾ ਦਿੱਤੇ, ਪਰ ਕੁੱਝ ਇਲਾਕਿਆਂ ਤੇ ਮੁਸਲਿਮਾਂ ਨੇ ਕਰੜਾ ਟਾਕਰਾ ਕੀਤਾ. ਪੰਜਾਬ ਬਾਉਂਡਰੀ ਫੋਰਸ ਨੂੰ ਇਣ ਪਿੰਡਾ ਤੇ ਭੇਜ ਕੇ ਹਮਲਾਵਰਾਂ ਨੂੰ ਤਿਤਰ-ਬਿਤਰ ਕੀਤਾ ਗਿਆ.

ਮਾਉਂਟਬੈਟਨ ਨੂੰ ਭੇਜੇ 4 ਅਗਸਤ ਦੇ ਇੱਕ ਵਿਸਤਰਤ ਯਾਦ ਪੱਤਰ ਤੇ ਜੇਨਕੀਨਸ ਨੇ ਉਸ ਇਲਜ਼ਾਮ ਉਪਰ ਸਵਾਲ ਉਠਾਏ, ਜਿਸ ਵਿੱਚ ਇਹ ਕਿਹਾ ਗਿਆ ਸੀ ਕਿ ਉਸ ਦੀ ਸਰਕਾਰ ਪੰਜਾਬ ਦੀ ਗੜਬੜੀ ਨੂੰ ਕਾਬੂ ਕਰਣ ਤੇ ਨਾਕਾਮ ਰਹੀ ਸੀ. ਖ਼ਾਸ ਕਰ ਕੇ, ਉਨ੍ਹਾਂ ਨੇ ਉਣ ਇਲਜ਼ਾਮਾਂ ਦਾ ਖੰਡਣ ਕੀਤਾ ਕਿ ਬ੍ਰਿਟਿਸ਼

ਅਫਸਰ ਬੇਦਰਦ ਅਤੇ ਨਾਕਾਬਲ ਸਨ. ਪਰ, ਉਹ, ਕੁੱਝ ਹਦ ਤਕ, ਮੱਨਦੇ ਸੀ ਕਿ ਦਮਕਲ ਸੇਵਾਵਾਂ, ਖ਼ਾਸ ਕਰ ਕੇ ਲਾਹੌਰ ਅਤੇ ਅੱਮ੍ਰਿਤਸਰ ਤੇ, ਇੱਨੀ ਨਾਕਾਮਯਾਬ ਸੀ ਕਿ ਉਸ ਨੂੰ ਬੇਕਾਰ ਦੱਸਿਆ ਜਾ ਸਕਦਾ ਸੀ. ਜੇਨਕੀਨਸ ਨੇ ਦਾਅਵਾ ਕੀਤਾ ਕਿ ਮਾਰਸ਼ੀਅਲ ਲਾ ਲਾਗੂ ਕਰਣ ਨਾਲ ਵੀ ਕੋਈ ਫ਼ਾਇਦਾ ਨਹੀਂ ਹੁੰਦਾ (Carter,2007b:194-211). ਉਨ੍ਹਾਂ ਨੇ 2 ਅਗਸਤ 1947 ਤੱਕ ਦੀ ਕੁੱਲ ਹਾਦਸੇ ਦਾ ਅੰਕੜਾ ਪੇਸ਼ ਕੀਤਾ ਜੋ ਹੇਠ ਪੇਸ਼ ਹੈ:

A. ਸਹਿਰੀ	**ਹਲਾਕ**	**ਗੰਭੀਰ ਤੌਰ ਤੇ ਜ਼ਖ਼ਮੀ**
ਲਾਹੌਰ	382	823
ਅੱਮ੍ਰਿਤਸਰ	315	666
ਮੁਲਤਾਨ	131	230
ਰਾਵਲਪਿੰਡੀ	99	171
ਕੁਲ	927	1,890
B. ਦਿਹਾਤੀ	**ਹਲਾਕ**	**ਗੰਭੀਰ ਤੌਰ ਤੇ ਜ਼ਖ਼ਮੀ**
ਰਾਵਲਪਿੰਡੀ	2,164	167
ਅਟੱਕ	620	30
ਜਿਹਲਮ	210	2
ਮੁਲਤਾਨ	58	50
ਗੁੜਗਾਂਉ	284	125
ਅੱਮ੍ਰਿਤਸਰ	110	70
ਹੁਸ਼ਿਆਰਪੁਰ	51	19
ਜਲੰਧਰ	47	51
ਦੂਜੇ ਜ਼ਿਲ੍ਹੇ	44	36
ਕੁਲ	3,588	550
C. ਕੁਲ (ਸ਼ਹਿਰੀ ਅਤੇ ਦਿਹਾਤੀ)	**4,632**	**2,573**

ਜੇਨਕੀਨਸ ਨੇ ਮੱਨਿਆ ਕਿ ਅੰਕੜੇ ਪੂਰੇ ਨਹੀਂ ਸਨ, ਖ਼ਾਸ ਕਰ ਕੇ ਗੁੜਗਾਂਉ ਤੇ, ਜਿੱਥੇ ਹਲਾਕ ਅਤੇ ਜ਼ਖ਼ਮੀ ਹੋਏ ਲੋਕਾਂ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਜਾਂ ਪਾਰਟੀ ਸਦੱਸਾਂ ਨੇ ਖੁਦ ਹਟਾ ਲੀਤੇ ਸੀ. ਅਤੇ, ਉਨ੍ਹਾ ਦੇ ਵਿਚਾਰ ਤੇ, ਘੱਟ ਤੋਂ ਘੱਟ 5,000 (ਅਤੇ ਸ਼ਾਇਦ 5,200 ਤੋਂ ਜ਼ਿਆਦਾ ਨਹੀਂ) ਕੁੱਲ, ਲੋਕ ਮਾਰੇ ਗਏ ਸੀ ਅਤੇ 3,000 ਤੋਂ ਜ਼ਿਆਦਾ ਨਹੀਂ, ਗੰਭੀਰ ਤੌਰ ਤੇ ਜ਼ਖ਼ਮੀ ਹੋਏ ਸੀ (Ibid:200-201). ਜਿੱਥੇ ਤੱਕ ਹਾਦਸੇਆਂ ਦਾ ਫ਼ਿਰਕੂ ਵਿਵਰਣ ਦਾ ਸਵਾਲ ਹੈ, ਜੇਨਕੀਨਸ ਨੇ ਅੰਦਾਜ਼ਾ ਲਗਾਇਆ ਕਿ ਰਾਵਲਪਿੰਡੀ, ਅੱਟਕ, ਜਿਹਲਮ ਅਤੇ ਮੁਲਤਾਨ ਤੇ ਸਾਰੇ ਗੈਰ-ਮੁਸਲਿਮ ਸਨ. ਦੂਜੇ ਇਲਾਕਿਆਂ ਤੇ, ਦੋ ਤਿਹਾਈ ਹਾਦਸੇਆਂ ਦੇ ਸ਼ਿਕਾਰ ਮੁਸਲਿਮ 'ਹੋ ਸਕਦੇ ਸੀ'. ਅਤੇ, ਵਾਰਦਾਤਾਂ ਦੇ ਸ਼ਿਕਾਰ ਲੋਕਾਂ ਦਾ ਫ਼ਿਰਕੂ ਵੇਰਵਾ ਹੇਠਾਂ ਪੇਸ਼ ਹੈ:

A. ਸਹਿਰੀ	ਹਲਾਕ	ਗੰਭੀਰ ਤੌਰ ਤੇ ਜ਼ਖ਼ਮੀ
ਮੁਸਲਿਮ	522	1,011
ਗੈਰ-ਮੁਸਲਿਮ	522	1,012
ਕੁਲ	1,024	2,023
B. ਦਿਹਾਤੀ	**ਹਲਾਕ**	**ਗੰਭੀਰ ਤੌਰ ਤੇ ਜ਼ਖ਼ਮੀ**
ਮੁਸਲਿਮ	357	201
ਗੈਰ-ਮੁਸਲਿਮ	3,231	349
ਕੁਲ	3,588	550
C. ਕੁਲ (ਸ਼ਹਿਰੀ ਅਤੇ ਦਿਹਾਤੀ)	**4,632**	**2,573**
ਮੁਸਲਿਮ	879	1,212
ਗੈਰ-ਮੁਸਲਿਮ	3,753	1,361
ਕੁਲ	**4,632**	**2,573**

ਇਸ ਦੀ ਬੁਨਿਆਦ ਉਪਰ, ਜੇਨਕੀਨਸ ਨੇ ਦਲੀਲ ਦਿੱਤੀ ਕਿ ਚੁੰਕਿ ਗੁੜਗਾਂਉ ਦੇ ਜ਼ਿਆਦਾਤਰ ਹਾਦਸੇਆਂ ਦੇ ਸ਼ਿਕਾਰ ਮੁਸਲਿਮ ਸਨ, ਸ਼ਾਇਦ 5,000 ਹਲਾਕ ਹੋਏ ਲੋਕਾਂ ਵਿੱਚ 1,200 ਮੁਸਲਿਮ ਸਨ ਅਤੇ 3,800 ਗੈਰ-ਮੁਸਲਿਮ, ਜਦ ਕਿ 3,000 ਦੇ ਗੰਭੀਰ ਤੌਰ ਤੇ ਜ਼ਖ਼ਮੀ ਹੋਣ ਦੀ ਖ਼ਬਰ ਹੈ; 1,500 ਮੁਸਲਿਮ ਅਤੇ 1,500 ਗੈਰ-ਮੁਸਲਿਮ (Ibid: 202). ਭਾਵੇਂ ਜੋ ਵੀ ਅੰਕੜਾ ਹੋਵੇ, ਇਸ ਦੇ ਬਾਅਦ, ਹਾਲਾਤ ਤੇਜੀ ਨਾਲ ਵਿਗੜ ਗਏ. ਗਵਰਨਰ ਨੇ ਲਾਹੌਰ ਤੇ 15 ਅਗਸਤ ਤੱਕ ਕਰਫਿਊ ਵਧਾ ਦਿੱਤਾ, ਪਰ ਸ਼ੁਕਰਵਾਰ 1 ਅਗਸਤ ਅਤੇ ਸ਼ਨਿਵਾਰ 2 ਅਗਸਤ ਨੂੰ ਸ਼ਹਿਰ ਦੇ ਕਈ ਹਿੱਸੇਆਂ ਤੇ ਅੱਗਜਨੀ ਅਤੇ ਬੰਬਬਾਜ਼ੀ ਦੇ ਛਿਟ-ਪੁਟ ਵਾਕਿਐ ਹੁੰਦੇ ਰਹੇ. ਫ਼ਿਰੋਜ਼ਪੁਰ ਜ਼ਿਲ੍ਹੇ ਤੇ 4 ਅਗਸਤ ਨੂੰ ਇੱਕ ਪਿੰਡ ਕੋਕਰੀ ਅਰਾਯਾਂ ਤੇ ਹਥਿਆਰਬੰਦ ਹਮਲੇ ਤੇ 19 ਮੌਤਾਂ ਹੋਇਆਂ. ਹਮਲਵਰਾਂ ਨੇ ਬੰਦੂਕਾਂ ਦਾ ਇਸਤੇਮਾਲ ਕੀਤਾ ਅਤੇ ਜ਼ਿਆਦਾਤਰ ਮੌਤਾਂ ਗੋਲੀਆਂ ਲਗਣ ਨਾਲ ਹੋਇਆਂ (*Pakistan Times*, 6 August 1947).

ਬੰਬਬਾਜ਼ੀ ਹੁਣ ਲਾਇਲਪੁਰ ਅਤੇ ਜਲੰਧਰ ਤੋਂ ਵੀ ਹੋ ਰਹੀ ਸੀ. ਇਣ ਸਭ ਮਾਮਲੇਆਂ ਤੇ ਕੁੱਝ ਲੋਕਾਂ ਦੀ ਮੌਤ ਹੋਈ ਅਤੇ ਕੁੱਝ ਜ਼ਖ਼ਮੀ ਹੋਏ. ਜਿੱਥੇ ਤੱਕ 14 ਅਪ੍ਰੈਲ ਤੋਂ ਲੈ ਕੇ 14 ਜੁਲਾਈ ਦਾ ਸਵਾਲ ਹੈ, ਜੇਨਕੀਨਸ ਨੇ ਇਹ ਅੰਕੜੇ ਪੇਸ਼ ਕੀਤੇ:

ਅੱਗ ਦੀ ਕਿਸਮ	ਮੁਸਲਿਮ ਸੰਪਤੀ	ਗੈਰ-ਮੁਸਲਿਮ ਸੰਪਤੀ
ਕੋਸ਼ਿਸ਼	58	112
'ਛੋਟੀ'	38	149
'ਵੱਡੀ'	20	112
ਕੁੱਲ ਵਾਕਿਐ	116	373

ਸਮੁੱਚੇ ਤੌਰ ਤੇ ਕੁੱਲ: 611 (Ibid : 208)

ਉਨ੍ਹਾਂ ਨੇ ਗੌਰ ਕੀਤਾ:

> ਇਣ ਤਿਨ ਮਹੀਨੇਆਂ ਤੇ, 611 ਵਾਰਦਾਤਾਂ ਹੋਇਆਂ ਸਨ (ਸਭ ਤੋਂ ਬਦਤਰ ਵਕਤ ਤੇ 20 ਜਾਂ 30 ਹਰ ਦਿਨ) ਜਿਸ ਦੇ ਵਿੱਚ 357 ਨੂੰ ਕਾਬੂ ਕਰ ਲੀਤਾ ਗਿਆ ਸੀ ਅਤੇ 254 ਨੂੰ ਨਹੀਂ. ਮੁਸਲਿਮ ਇਮਾਰਤਾਂ ਤੇ ਲਗੀ ਅੱਗਾ ਅਤੇ ਹਿੰਦੂ ਇਮਾਰਤਾਂ ਤੇ ਲਗੀ ਅੱਗ ਨੂੰ ਕਾਬੂ ਕਰਣ ਦੇ ਨਿਸਬਤ ਵਿੱਚ ਬਹੁਤ ਫ਼ਰਕ ਹੈ. ਮੁਸਲਿਮਾਂ ਨੇ ਲਾਹੌਰ ਨਹੀਂ ਛੱਡਿਆ, ਅਤੇ ਆਪਣੀ ਸੰਪਤੀ ਦੀ ਹਿਫ਼ਾਜ਼ਤ ਕਰਣ ਬਾਰੇ ਉਹ ਬਹੁਤ ਚੁਸਤ ਸਨ. ਹਿੰਦੂਆਂ ਨੇ ਇਮਾਰਤਾਂ ਦੀ ਇੱਕ ਵੱਡੀ ਤਦਾਦ ਨੂੰ ਛੱਡ ਦਿੱਤਾ, ਅਤੇ ਹਿੰਦੂ ਸੰਪਤੀ ਨੂੰ ਲਗੀ ਅੱਗ, ਪਤਾ ਲਗਣ ਤੋਂ ਪਹਿਲਾਂ ਹੀ, ਬੇਕਾਬੂ ਹੋ ਜਾਂਦੀ ਸੀ (Ibid.).

ਪੂਰਬੀ ਪੰਜਾਬ ਦੇ ਹਮਲੇਆਂ ਬਾਰੇ
ਮੁਸਲਿਮ ਐਡੀਟਰਾਂ (ਸੰਪਾਦਕਾਂ) ਦੀ ਸ਼ਿਕਾਇਤ

ਜਦ ਕਿ ਲਾਹੌਰ ਅਤੇ ਪਛੱਮ ਪੰਜਾਬ ਤੇ ਮੁਸਲਿਮ ਹਾਵੀ ਸਨ, ਹਿੰਦੂ-ਸਿੱਖ ਮਜਾਰਿਟੀ ਵਾਲੇ ਜ਼ਿਲ੍ਹਾਂ ਤੇ ਹਾਲਾਤ ਮੁਸਲਿਮਾਂ ਦੇ ਖ਼ਿਲਾਫ਼ ਹੋ ਰਹੇ ਸੀ. ਮੁਸਲਿਮ ਲੀਗ ਹਿਮਾਇਤੀ ਲਾਹੌਰ ਦੇ ਅਖਬਾਰਾਂ ਦੇ ਐਡੀਟਰ (ਸੰਪਾਦਕ), ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ (ਪਾਕਿਸਤਾਨ ਟਾਇਮਸ), ਹਮੀਦ ਨਿਜ਼ਾਮੀ (ਨਵਾ-ਇ-ਵਕਤ), ਨੁਰ ਇਲਾਹੀ (ਅਹਸਾਨ), ਇਨਾਯਾਤੁੱਲ੍ਹਾ (ਸ਼ਾਹਬਾਜ਼) ਅਤੇ ਮੌਲਾਨਾ ਅਖ਼ਤਰ ਅਲੀ (ਜ਼ਿਮੀਦਾਰ) ਨੇ ਦਸਤਖ਼ਤ ਕਰ ਕੇ ਇੱਕ ਟੈਲੀਗ੍ਰਾਮ ਮਾਉਂਟਬੈਟਨ ਨੂੰ ਭੇਜੀ, ਜਿਸ ਵਿੱਚ ਉਨ੍ਹਾਂ ਨੇ ਲਿਖਿਆ:

> ਪੂਰਬੀ ਪੰਜਾਬ ਦੇ ਮੁਸਲਿਮ ਪਿੰਡਾ ਤੇ, ਬਹੁਤ ਜ਼ਿਆਦਾ ਹਥਿਆਰਾਂ ਨਾਲ ਲੈਸ ਗਿਰੋਹਾਂ ਦੇ ਤੰਜ਼ੀਮ ਕੀਤੇ ਹਮਲੇ ਹੋ ਰਹੇ ਨੇ. ਸਰਕਾਰੀ ਇੰਤਜ਼ਾਮ ਮੁਸਲਿਮ ਮਾਇਨਾਰਿਟੀ ਦੀ ਹਿਫ਼ਾਜ਼ਤ ਕਰਣ ਤੇ ਨਾਕਾਬਲ ਹੈ. ਤੁਹਾਡੀ ਨਿੱਜੀ ਦਖ਼ਲਅੰਦਾਜ਼ੀ ਲਈ ਅਤੇ ਤੁਹਾਨੂ, ਸਖ਼ਤ ਕਦਮ ਉਠਾ ਕੇ ਬੇਕਸੂਰ ਲੋਕਾਂ ਦੇ ਕਤਲੇਆਮ ਨੂੰ ਰੋਕਣ ਲਈ, ਅਸੀਂ ਪ੍ਰਾਰਥਨਾ ਕਰਦੇ ਹਾਂ (*Pakistan Times,* 10 August).

ਐਡੀਟਰਾਂ (ਸੰਪਾਦਕਾਂ) ਨੇ ਮੁਸਲਿਮ ਲੀਗ ਦੇ ਰਹਨੁਮਾਵਾਂ ਨੂੰ ਬੇਨਤੀ ਕੀਤੀ ਕਿ ਉਹ ਹੋ ਰਹੇ ਕਤਲੇਆਮ ਨੂੰ ਰੋਕਣ ਦੀ ਕੋਸ਼ਿਸ਼ ਕਰਣ. ਉਨ੍ਹਾਂ ਨੇ ਖ਼ਾਸ ਕਰ ਕੇ ਸ਼ੌਕਤ ਹਯਾਤ ਖ਼ਾਨ ਨੂੰ ਅਪੀਲ ਕੀਤੀ, ਜੋ ਪੂਰਬੀ ਪੰਜਾਬ ਤੋਂ ਚੁਣੇ ਗਏ ਸੀ (ਹਾਲਾਂਕਿ ਉਨ੍ਹਾਂ ਦਾ ਨਾਤਾ ਉੱਤਰ ਪਛੱਮ ਪੰਜਾਬ ਦੇ ਅਟੱਕ ਨਾਲ ਸੀ), ਕਿ ਉਹ ਪੂਰਬੀ ਜ਼ਿਲ੍ਹਾਂ ਦਾ ਦੌਰਾ ਕਰ ਕੇ ਉਥੇ ਦੇ ਮੁਸਲਿਮਾ ਨੂੰ ਬਚਾਉਣ ਲਈ ਕੁੱਝ ਕਰਣ. ਇਸ ਦੇ ਇਲਾਵਾ, ਉਹ ਚਾਹੁੰਦੇ ਸੀ ਕਿ ਨਵਾਬ ਮਮਦੋਤ, ਮੁਸਲਿਮਾਂ ਦੇ ਆਗੂ ਦੇ ਤੌਰ ਤੇ, ਡਾ.ਗੋਪੀ ਚੰਦ ਭਾਰਗਵ ਅਤੇ ਸਰਦਾਰ ਸਵਰਨ ਸਿੰਘ ਨੂੰ ਖ਼ਬਰਦਾਰ ਕਰਣ ਕਿ ਅਗਰ ਤੰਜ਼ੀਮ ਕੀਤਾ ਗਿਆ ਉਪਦਰਵ ਬੰਦ ਨਹੀਂ ਹੁੰਦਾ ਹੈ, ਤੇ ਪਛੱਮ ਦੇ ਜ਼ਿਲ੍ਹਾਂ ਤੇ, ਉਨ੍ਹਾਂ ਦੇ ਸਹਧਰਮੀ ਲੋਕਾਂ ਨਾਲ ਬਦਲੇ ਦੀ ਕਾਰਵਾਈ ਕੀਤੀ ਜਾਵੇਗੀ (Ibid.).

ਅਗਸਤ ਦੀ ਘਟਨਾਵਾਂ ਬਾਰੇ ਸਲੀਮ ਤਾਹਿਰ ਦਾ ਵੇਰਵਾ

ਲਾਹੌਰ ਦੇ ਇੱਕ ਨੌਜਵਾਨ ਸਲੀਮ ਤਾਹਿਰ ਬਾਰੇ, ਜੋ ਦੋ ਵਾਰ ਦਰਿਆਦਿਲੀ ਹਰਕਤਾਂ ਕਰ ਕੇ, ਰਾਇਫਲਾਂ ਅਤੇ ਅਸਲਾ ਨਾਲ ਭਰੇ ਹੋਏ ਪੰਜ ਬਕਸੇ, ਗੱਡੀ ਦੇ ਡਬੇਆਂ ਤੇ ਦੂਰ ਦੇ ਮਿਆਂਵਾਲੀ ਜ਼ਿਲ੍ਹੇ ਤੋਂ ਲਾਹੌਰ ਲੈ ਕੇ ਆਇਆ, ਉਸ ਦੇ ਇੱਕ ਵੇਰਵੇ ਨੂੰ ਹਮੀਦ ਹਮਦਾਨੀ ਨੇ ਬਿਆਨ ਕੀਤਾ ਹੈ. ਸਲੀਮ ਤਾਹਿਰ ਨੇ ਉਸ ਨੂੰ ਦੱਸਿਆ ਕਿ ਹਥਿਆਰ ਖਰੀਦਣ ਲਈ ਉਸ ਨੂੰ ਮਮਦੋਤ ਨੇ ਪੈਸੇ ਦਿੱਤੇ ਸੀ, ਅਤੇ ਉਸ ਨੂੰ ਪੂਰਬੀ ਪੰਜਾਬ ਤੇ ਭੇਜਣਾ ਸੀ ਜਿੱਥੇ, ਮੁਸਲਿਮ ਲੀਗ ਨੂੰ ਲਗਦਾ ਸੀ ਕਿ ਮੁਸਲਿਮ ਪਰੇਸ਼ਾਨ ਸਨ, ਜਦ ਕਿ ਹਿੰਦੂ ਅਤੇ ਸਿੱਖ ਆਪਣੇ ਆਪ ਨੂੰ ਤੰਜ਼ੀਮ ਕਰ ਰਹੇ ਸੀ. ਆਖਰੀ ਮਿਸ਼ਨ 11 ਅਗਸਤ ਨੂੰ ਕੀਤਾ ਗਿਆ ਜਦ ਉਹ ਲਾਹੌਰ ਤੋਂ ਮਿਆਂਵਾਲੀ ਗਿਆ ਪਰ 13 ਅਗਸਤ ਦੇ ਵਾਪਸੀ ਸਫਰ ਤੇ ਆਮ ਤੌਰ ਦੇ ਮੁਕਾਬਲੇ, ਜ਼ਿਆਦਾ ਵਕਤ ਲਗਿਆ.

ਫੜੇ ਜਾਣ ਦਾ ਡਰ ਬਹੁਤ ਜ਼ਿਆਦਾ ਸੀ ਕਿਉਂਕਿ, ਹਿੰਦੂ ਅਤੇ ਸਿੱਖ ਅਫ਼ਸਰ ਹੋਰ ਸਿਪਾਹੀ ਜੋ ਇੰਡੀਆ ਦੀ ਤਰਫ਼ ਜਾ ਰਹੇ ਸੀ, ਉਸੇ ਗੱਡੀ ਵਿੱਚ ਸਫਰ ਕਰ ਰਹੇ ਸੀ ਅਤੇ ਰੇਲਵੇ ਅਧਿਕਾਰੀ ਹਰ ਡੱਬੇ ਦੀ ਤਲਾਸ਼ੀ ਲੈ ਰਹੇ ਸੀ. ਪਰ, ਮੁਸਲਿਮ ਪੁਲਿਸ ਅਤੇ ਰੇਲ ਤੇ ਕਰਮਚਾਰੀਆਂ ਦੀ ਮਦਦ ਨਾਲ, ਉਹ ਆਪਣੇ ਮਾਲ ਨੂੰ ਲੈ ਕੇ 13 ਅਗਸਤ ਦੀ ਸ਼ਾਮ ਨੂੰ ਲਾਹੌਰ ਪਹੁੰਚ ਗਿਆ. 14 ਅਗਸਤ ਨੂੰ ਇਹ ਬਕਸੇ, ਮੁਸਲਿਮ ਲੀਗ ਨੈਸ਼ਨਲ ਗਾਰਡ ਦੇ ਕਰਨਲ ਤਜਾਮੁਲ ਨੂੰ ਦੇ ਦਿੱਤੇ ਗਏ (Hamdani, 2003: 146-54). ਸਲੀਮ ਤਾਹਿਰ ਨੇ ਲਾਹੌਰ ਰੇਲਵੇ ਸਟੇਸ਼ਨ ਤੇ ਗੋਲੀ ਚਲਣ ਦੇ ਇੱਕ ਵਾਕਿਐ ਦਾ ਵੇਰਵਾ ਦਿੱਤਾ:

> ਇਹ ਗੋਲੀਆਂ ਚਲਾਉਣ ਦੀ ਵਾਰਦਾਤ ਬਲੂਚ ਰੇਜੀਮੇਂਟ ਨੇ ਕੀਤੀ. ਇਸ ਰੇਜੀਮੇਂਟ ਨੂੰ ਪਾਕਿਸਤਾਨ ਤੇ ਸ਼ਾਮਲ ਕੀਤਾ ਗਿਆ ਸੀ. ਇਸ ਦੇ ਸਾਰੇ ਅਫ਼ਸਰ ਅਤੇ ਸਿਪਾਹੀ ਮੁਸਲਿਮ ਸਨ. ਪਾਕਿਸਤਾਨ ਆਉਂਦੇ ਵਕਤ ਉਨ੍ਹਾਂ ਨੇ ਪੂਰਬੀ ਪੰਜਾਬ ਤੇ ਮੁਸਲਿਮਾਂ ਦੀ ਨਸਲਕੁਸ਼ੀ ਵੇਖੀ ਸੀ. ਉਨ੍ਹਾਂ ਨੇ ਮੁਸਲਿਮਾਂ ਨੂੰ ਬਚਾਉਣ ਦੀ ਕੋਸ਼ਿਸ਼ ਵੀ ਕੀਤੀ ਸੀ ਅਤੇ ਇਸ ਲਈ ਉਨ੍ਹਾਂ ਨੂੰ ਬਹੁਤ ਵਾਹਵਾਹੀ ਵੀ ਮਿਲੀ ਸੀ. ਉਣ ਸਿਪਾਹਿਆਂ ਨੇ ਛੋਟੇ ਛੋਟੇ ਮੁਸਲਿਮ ਬੱਚੇਆਂ ਨੂੰ ਬਰਛੇ ਅਤੇ ਕਿਰਪਾਨਾਂ ਦੁਆਰਾ ਕਰੁਰਤਾ ਨਾਲ ਕਤਲ ਹੁੰਦੇ ਵੇਖਿਆ ਸੀ, ਖ਼ਵਾਤੀਨਾਂ ਨੂੰ ਜਬਰ ਜਨਾਹ ਕਰ ਕੇ ਕਤਲ ਕਰਦੇ ਵੇਖਿਆ ਸੀ, ਉਨ੍ਹਾਂ ਦੇ ਲਈ ਕੋਈ ਕਾਨੂੰਨ ਜਾਂ ਫ਼ੌਜ਼ੀ ਅਸੂਲ ਨਹੀਂ ਸੀ ਜੋ ਉਨ੍ਹਾਂ ਦੇ ਗੁੱਸੇ ਨੂੰ ਕਾਬੂ ਵਿੱਚ ਰਖ ਸਕਦਾ ਸੀ. ਬਲੂਚ ਸਿਪਾਹੀ, ਹੁਣ, ਬ੍ਰਿਟਿਸ਼ ਫ਼ੌਜ਼ ਦੇ ਮੁਲਾਜ਼ਮ ਨਹੀਂ ਸਨ ਪਰ ਉਹ ਅਲ੍ਹਾ ਦੇ ਸਿਪਾਹੀ ਸਨ.
>
> ਜਦ ਬਲੂਚ ਰੇਜੀਮੇਂਟ ਲਾਹੌਰ ਪਹੁੰਚੀ, ਹਜਾਰਾਂ ਦੀ ਤਦਾਦ ਤੇ ਹਿੰਦੂ ਅਤੇ ਸਿੱਖ ਅਤੇ ਇੰਡੀਆ ਦੇ ਫ਼ੌਜ਼ੀ ਬੰਦੇ ਇੰਡੀਆ ਜਾਣ ਲਈ ਇਕੱਠਾ ਹੋਏ ਸੀ. ਅਤੇ ਕੁੱਝ ਰੇਲ ਗੱਡੀ ਦੇ ਡੱਬੇ ਤੇ ਬੈਠੇ ਹੋਏ ਸੀ. ਉਨ੍ਹਾਂ ਦੀ ਹਿਫ਼ਾਜ਼ਤ ਲਈ ਪੁਲਿਸ ਵੀ ਮੌਜੂਦ ਸੀ. ਪਰ ਬਲੂਚ ਰੇਜੀਮੇਂਟ ਦੇ ਸਿਪਾਹਿਆਂ ਲਈ, ਉਨ੍ਹਾਂ ਦੀ ਮਾਤਾਵਾਂ ਅਤੇ ਭੈਣਾਂ ਅਤੇ ਬੱਚੇਆਂ ਦੇ ਕਤਲ, ਉਨ੍ਹਾਂ ਦੀ ਅੱਖਾਂ ਦੇ ਸਾਹਮਣੇ ਹੋਏ ਸੀ. ਉਨ੍ਹਾਂ ਨੇ ਹਜ਼ਾਰਾਂ ਦੀ ਤਦਾਦ ਤੇ ਭੁੱਖੇ ਅਤੇ ਪਿਆਸੇ ਮੁਸਲਿਮਾਂ ਨੂੰ ਪਾਕਿਸਤਾਨ ਦੀ ਤਰਫ਼ ਜਾਂਦੇ ਹੋਏ ਵੀ ਵੇਖਿਆ ਸੀ. ਜਦ ਮੁਸਲਿਮ ਸਿਪਾਹਿਆਂ ਨੇ ਇਣ ਹਿੰਦੂਆਂ ਅਤੇ ਸਿੱਖਾਂ ਨੂੰ ਵੇਖਿਆ ਤਦ, ਉਹ ਆਪਣੇ ਜਜ਼ਬਾਤਾਂ ਉਪਰ ਕਾਬੂ ਨਹੀਂ ਰਖ ਸਕੇ. ਉਨ੍ਹਾਂ ਦੇ ਕੋਲ ਰਾਇਫਲਾਂ ਅਤੇ ਅਸਲਾ ਮੌਜੂਦ ਸੀ. ਉਹ ਸਾਰੇ ਸਟੇਸ਼ਨ ਤੇ ਫ਼ੈਲ ਗਏ ਅਤੇ ਉਤੇਜਤ ਹੋ ਕੇ ਗੋਲੀਆਂ ਚਲਾਉਣ ਲਗੇ. ਉਨ੍ਹਾਂ ਨੇ ਨਾ ਤੇ ਹਿੰਦੂ ਰੇਲਵੇ ਸਟਾਫ ਉਪਰ ਕੋਈ ਰਹਿਮ ਦਿਖਾਇਆ ਨਾ ਹੀ ਕਿਸੇ ਦੂਜੇ ਹਿੰਦੂ ਜਾਂ ਸਿੱਖ, ਫ਼ੌਜੀ ਜਾਂ ਗੈਰ-ਫ਼ੌਜ਼ੀ ਉਪਰ (Ibid: 151).

ਸਲੀਮ ਤਾਹਿਰ ਦੀ ਲਾਹੌਰ ਤੇ ਵਾਪਸੀ ਦੀ ਤਾਰੀਖ 14 ਅਗਸਤ ਹੋਣੀ ਚਾਹੀਦੀ ਹੈ ਨਾ ਕਿ 13, ਕਿਉਂਕਿ ਬਲੂਚ ਰੇਜੀਮੇਂਟ ਦੁਆਰਾ ਹਿੰਦੂਆਂ ਅਤੇ ਸਿੱਖਾਂ ਉਪਰ ਗੋਲੀ ਚਲਾਉਣ ਦੀ ਵਾਰਦਾਤ ਸ਼ਾਮ ਨੂੰ ਹੋਈ ਅਤੇ, ਯੁਵਰਾਜ ਕਿਸ਼ਨ, ਜੋ 13 ਅਗਸਤ ਨੂੰ ਰਾਤ 8:30 ਵਜੇ ਲਾਹੌਰ ਛੱਡ ਕੇ ਗਏ ਸੀ, ਸਾਨੂੰ ਉਸ ਸ਼ਾਮ ਦੀ ਘਟਨਾਵਾਂ ਦਾ ਵੇਰਵਾ ਉਨ੍ਹਾਂ ਨੇ ਦਿੱਤਾ ਸੀ ਜਿਸ ਵਿੱਚ ਇਸ ਹਿੰਦੂ-ਸਿੱਖ ਕਤਲੇਆਮ ਵਾਲੀ ਵਾਰਦਾਤ ਦਾ ਕੋਈ ਜ਼ਿਕਰ ਨਹੀਂ ਹੈ. ਦੂਜੀ ਤਰਫ਼, ਉਹ ਇੱਕ ਗਡੀ ਦੇ ਆਉਣ ਬਾਰੇ ਵਿਵਰਣ ਦੇਂਦੇ ਨੇ ਜਿਸ ਵਿੱਚ ਡਰੇ ਹੋਏ ਬੱਚੇ ਅਤੇ ਡਰੀ ਹੋਈ ਔਰਤਾਂ ਅੱਮ੍ਰਿਤਸਰ ਤੋਂ ਆਏ ਸੀ; ਬੰਦੇਆਂ ਨੂੰ, ਸ਼ਰਤਿਆ ਤੌਰ ਤੇ, ਮਾਰ ਦਿੱਤਾ ਗਿਆ ਹੋਵੇਗਾ. ਖੋਸਲਾ ਰਿਪੋਰਟ ਵੀ ਇਹ ਦੱਸਦੀ ਹੈ ਕਿ ਬਲੂਚ ਰੇਜੀਮੇਂਟ ਦੁਆਰਾ ਕੀਤਾ ਇਹ ਕਤਲੇਆਮ 14 ਅਗਸਤ ਨੂੰ ਹੋਇਆ ਸੀ (ਖੋਸਲਾ, 1989: 122).

ਅਸ਼ਵਿਨੀ ਕੁਮਾਰ

ਅਸ਼ਵਿਨੀ ਕੁਮਾਰ ਲਾਹੌਰ ਤੇ ਏ.ਐਸ.ਪੀ. ਸਨ ਅਤੇ ਜਲੰਧਰ ਦੇ, ਆਪਣੇ ਤਬਾਦਲੇ ਦੇ ਆਰਡਰ ਦਾ ਇੰਤਜ਼ਾਰ ਕਰ ਰਹੇ ਸੀ. ਉਨ੍ਹਾਂ ਨੇ ਮੈਨੂੰ ਇਹ ਦਾਸਤਾਨ ਦਸੀ:

'ਉਣ ਦਿਨਾਂ ਤੇ ਮੁਸਲਿਮ ਲੀਗ ਨੈਸ਼ਨਲ ਗਾਰਡਾਂ ਨੇ ਹਿੰਦੂ ਅਤੇ ਸਿੱਖ ਸ਼ਰਨਾਰਥੀਆਂ ਨੂੰ ਲਾਹੌਰ ਰੇਲਵੇ ਸਟੇਸ਼ਨ ਤੇ ਲੁੱਟਣਾ ਸ਼ੁਰੂ ਕਰ ਦਿੱਤਾ ਸੀ. ਇੱਕ ਮੌਕੇ ਤੇ ਮੈਂ ਮਸ਼ਹੁਰ ਹਾਕੀ ਖਿਡਾਰੀ ਅਲੀ ਇਕਤਿਦਾਰ ਸ਼ਾਹ ਦਾਰਾ ਨੂੰ ਲੁਟੇਰੇਆਂ ਦੇ ਇੱਕ ਗੁਟ ਦੀ ਅਗਵਾਈ ਕਰਦੇ ਵੇਖਿਆ. ਮੈਂ ਉਨ੍ਹਾਂ ਨੂੰ ਕਿਹਾ, "ਸ਼ਾਹ ਸਾਹਿਬ, ਤੁਸੀਂ ਕੀ ਕਰ ਰਹੇ ਹੋ? ਇਹ ਤੁਹਾਡੀ ਸ਼ਾਨ ਤੋਂ ਥਲੇ ਹੈ." ਉਹ ਸ਼ਰਮਿੰਦਾ ਹੋਏ ਅਤੇ ਕਿਹਾ ਕਿ ਉਹ ਉਸ ਗੁਟ ਦੇ ਬੰਦੇਆ ਦੇ ਨਾਲ, ਉਨ੍ਹਾਂ ਨੂੰ ਰੋਕਣ ਅਤੇ ਜਾਨੀ ਨੁਕਸਾਨ ਨੂੰ ਘੱਟ ਤੋਂ ਘੱਟ ਰਖਣ ਲਈ ਮੌਜੂਦ ਸਨ.

ਮੁਜ਼ੰਗ ਦੇ ਕੁੱਝ ਵਾਕਿਐ

ਮੁਜ਼ੰਗ ਦੇ ਮਹੱਲੇ ਤੇ, ਜਿੱਥੇ ਮੈਂ ਪੈਦਾ ਹੋਇਆ ਸੀ, ਅਗਸਤ ਤੇ ਕਾਫ਼ੀ ਖ਼ੂਨ-ਖਰਾਬਾ ਹੋਇਆ. ਦੇ ਘਟਨਾਵਾਂ ਨੇ ਉਸ ਵਕਤ ਦੇ ਕਈ ਲੋਕਾਂ ਦੇ ਜੇਹਨ ਤੇ ਅਮਿਟ ਛਾਪ ਛੱਡੀ; ਇੱਕ ਬਜ਼ੁਰਗ ਸਿੱਖ ਤਰਖਾਣ ਦਾ ਕਤਲ ਅਤੇ ਇੱਕ ਸਿੱਖ ਗੁਰਦੁਆਰੇ ਉਪਰ ਤੰਜ਼ੀਮ ਕੀਤਾ ਹਮਲਾ. ਇਣ ਦੋ ਕਹਾਣੀਆਂ ਨੂੰ ਬਾਰ ਬਾਰ ਦੱਸ਼ਿਆ ਗਿਆ ਹੈ ਅਤੇ ਜਿੱਨੇ ਦਿਨ ਤੱਕ ਇਥੇ ਦੇ ਬਜ਼ੁਰਗ ਜ਼ਿੰਦਾ ਨੇ, ਇਹ ਦੁਹਰਾਈ ਜਾਣਗੀਆਂ. ਗੁਰਦੁਆਰੇ ਦੇ ਕਤਲੇਆਮ ਦਾ ਬਖਾਨ, ਉਸ ਬਦਨਾਮ ਹਮਲੇ ਤੇ ਹਿੱਸਾ ਲੈਣ ਵਾਲੇ ਇੱਕ ਸ਼ਕਸ ਦੇ ਇੰਟਰਵਿਊ ਤੇ, ਕੀਤਾ ਗਿਆ ਹੈ. ਇਹ ਬਾਅਦ ਦੇ ਇੰਟਰਵਿਊਆਂ ਦੇ ਹਿੱਸੇ ਤੇ ਪੇਸ਼ ਕੀਤਾ ਗਿਆ ਹੈ. ਮੇਰੀ ਮਾਂ ਸਿਤਾਰਾ ਬਾਨੇ ਨੇ ਦੂਜੇ ਵਾਕਿਐ ਬਾਰੇ ਮੈਨੂੰ ਦੱਸਿਆ ਸੀ. 1990 ਤੇ ਉਨ੍ਹਾਂ ਦਾ ਇੰਤਕਾਲ ਹੋਇਆ. ਬਾਅਦ ਤੇ, ਉਸ ਵਾਕਿਐ ਬਾਰੇ ਮੈਂ ਆਪਣੇ ਵਾਲਿਦ ਅਤੇ ਦੂਜੇ ਬਜ਼ੁਰਗਾਂ ਤੋਂ ਇਸ ਦੇ ਬਾਰੇ ਪਤਾ ਕੀਤਾ ਸੀ, ਅਤੇ ਉਨ੍ਹਾਂ ਨੇ, ਇਸ ਕਹਾਣੀ ਬਾਰੇ ਹਾਮੀ ਭਰੀ. ਹੇਠਾਂ, ਮੇਰੀ ਵਾਲਿਦਾ, ਸਿਤਾਰਾ ਬਾਨੇ ਦਾ ਬਿਆਨ ਪੇਸ਼ ਹੈ:

'ਅਗਸਤ ਦੇ ਦੂਜੇ ਹਫ਼ਤੇ ਤੇ ਲਾਹੌਰ ਤੇ ਬਹੁਤ ਜ਼ਿਆਦਾ ਗੜਬੜੀ ਹੋ ਰਹੀ ਸੀ ਪਰ ਚੁੰਕਿ ਮੁਜ਼ੰਗ ਇੱਕ ਮੁਸਲਿਮ ਮਜਾਰਿਟੀ ਵਾਲਾ ਇਲਾਕਾ ਸੀ, ਇਸ ਨੂੰ ਮਹਿਫ਼ੂਜ਼ ਸਮਝਿਆ ਜਾਂਦਾ ਸੀ. 12 ਅਗਸਤ ਨੂੰ, ਕੁਦਰਤੀ ਤੌਰ ਤੇ, ਮੈਂ ਸਾਡੇ ਟੇਮਪਲ ਰੋਡ ਦੇ ਘਰ ਦੀ ਬਾਰੀ ਤੋਂ ਬਾਹਰ ਵੇਖ ਰਹੀ ਸੀ. ਕੁੱਝ ਲੋਫਰ ਅਤੇ

ਮੁਜ਼ਰਮ ਕਿਸਮ ਦੇ ਲੋਕ, ਟੇਮਪਲ ਰੋਡ ਅਤੇ ਭੂੰਡਪੂਰਾ ਗਲੀ ਦੇ ਮੋੜ ਤੇ ਬੈਠੇ ਹੋਏ ਸੀ. ਲਗ ਰਿਹਾ ਸੀ ਕਿ ਉਹ ਕੁੱਝ ਗੜਬੜ ਕੱਮ ਕਰਨਾ ਚਾਜੂੰਦੇ ਸੀ. ਮੈਂ ਵੇਖਿਆ ਇੱਕ ਵੱਡਾ, ਹੱਟਾ-ਕੱਟਾ ਸਿੱਖ ਆਪਣੀ ਮੋਟਰਸਾਇਕਲ ਤੇ ਸਵਾਰ ਹੋ ਕੇ ਆ ਰਿਹਾ ਸੀ. ਜਦ ਉਹ ਚੌਕ ਭੂੰਡਪੁਰਾ ਤੇ ਪਹੁੰਚਿਆ, ਗੂੰਡੇਆਂ ਨੇ ਉਸ ਦੇ ਉਪਰ ਹਮਲਾ ਕਰਣ ਦੀ ਕੋਸ਼ਿਸ਼ ਕੀਤੀ. ਉਸ ਨੇ ਬੰਦੂਕ ਕੱਢ ਲਈ ਅਤੇ ਉਹ ਜਲਦ ਹੀ ਤਿਤਰ-ਬਿਤਰ ਹੋ ਗਏ. ਅੱਧੇ ਘੰਟੇ ਬਾਅਦ, ਇੱਕ ਹੋਰ ਸਿੱਖ, ਇਸ ਵਾਰ, ਇੱਕ ਬਜ਼ੁਰਗ ਤਰਖਾਣ, ਉਸੇ ਸੜਕ ਤੇ ਇੱਕ ਬੇਹਦ ਪੁਰਾਣੀ ਬਾਈਸਿਕਲ ਤੇ ਆਇਆ.

'ਦੂਜੇ ਦਿਹਾੜੀ ਮਜਦੂਰਾਂ ਦੀ ਤਰ੍ਹਾਂ, ਉਸ ਨੇ ਆਪਣੇ ਦੁਪਹਿਰ ਦੇ ਖਾਣੇ ਦੀ ਪੋਟਲੀ, ਸਾਇਕਲ ਦੇ ਹੈਂਡਲ ਨਾਲ ਬਨ੍ਹੀ ਸੀ. ਉਹ ਆਪਣੇ ਰੋਜ਼ ਦੇ ਕੱਮ ਤੇ ਜਾ ਰਿਹਾ ਸੀ, ਅਤੇ ਉਹ ਉਸ ਵਕਤ ਦੀ ਵੱਡੀ ਸਿਆਸੀ ਖੇਡਾਂ ਤੋਂ ਨਾਵਾਕਫ਼ ਸੀ. ਇਸ ਵਾਰ, ਬਦਮਾਸ਼ਾਂ ਨੇ ਉਸ ਦੇ ਉਪਰ ਝਪਟਾ ਮਾਰਿਆ. ਇੱਕ ਬਦਮਾਸ਼ ਨੇ ਉਸ ਨੂੰ ਛੁਰਾ ਮਾਰ ਦਿੱਤਾ. ਉਸ ਨੇ ਚੀਕ ਕੇ ਨਸਣ ਦੀ ਕੋਸ਼ਿਸ਼ ਕੀਤੀ. ਇੱਕ ਤਾਂਗਾ ਵੇਖ ਕੇ ਉਸ ਨੇ, ਉਸ ਦੇ ਉੱਪਟ ਚੜ੍ਹਣ ਦੀ ਕੋਸ਼ਿਸ਼ ਕੀਤੀ. ਤਾਂਗੇਵਾਲੇ ਨੇ ਉਸ ਨੂੰ ਲੱਤ ਮਾਰੀ ਅਤੇ ਉਹ ਜਮੀਨ ਤੇ ਜਾ ਡਿਗਾ. ਉਸ ਦੇ ਹਮਲਾਵਰਾਂ ਨੇ ਹੁਣ ਉਸ ਨੂੰ ਫੜ ਕੇ ਹੋਰ ਕੁਟਿਆ. ਉਹ ਮਦਦ ਅਤੇ ਰਹਿਮ ਦੀ ਗੁਹਾਰ ਲਗਾਂਦੇ ਹੋਏ, ਇਸ ਦੁਨਿਆ ਨੂੰ ਹਮੇਸ਼ਾ ਲਈ ਛੱਡ ਕੇ ਚਲਾ ਗਿਆ.'

ਗੈਰ-ਮੁਸਲਿਮਾਂ ਦੇ ਖ਼ਿਲਾਫ਼, ਸਭ ਤੋਂ ਜ਼ਿਆਦਾ ਬਦਨਾਮ ਹਮਲੇਆਂ ਵਿੱਚ ਇੱਕ, ਸਾਡੇ ਟੇਮਪਲ ਰੋਡ ਦੇ ਘਰ ਤੋਂ ਕੋਈ 300 ਮੀਟਰ ਦੂਰ ਹੋਇਆ. ਮੁਜੰਗ ਤੇ ਇੱਕ ਇਤਿਹਾਸਕ ਸਿੱਖ ਗੁਰਦੁਆਰਾ ਛੇਵੀਂ ਪਾਤਸ਼ਾਹੀ, ਗੁਰੂ ਹਰਗੋਬਿੰਦ ਜੀ ਨੇ ਸਥਾਪਤ ਕੀਤਾ ਸੀ. ਇਸ ਜਗ੍ਹ ਤੇ ਗੁਰਦੁਆਰਾ 1926 ਨੂੰ ਦੁਬਾਰਾ ਬਣਾਇਆ ਗਿਆ ਸੀ. ਇਸ ਦੇ ਉਪਰ ਤੰਜ਼ੀਮ ਕੀਤਾ ਹਮਲਾ ਕੀਤਾ ਗਿਆ. ਜਿਸ ਬੰਦੇ ਨੇ ਇਸ ਹਮਲੇ ਦੀ ਅਗਵਾਈ ਕੀਤੀ ਸੀ, ਉਸ ਨੇ ਸਾਨੂ ਅੰਦਰ ਦੀ ਖ਼ਬਰ ਦਿੱਤੀ ਕਿ ਉਸ ਵਕਤ ਕੀ ਹੋਇਆ ਸੀ:

ਮੁਜਾਹਿਦ ਤਾਜ ਦੀਨ

'ਇੰਡੀਆ ਦੀ ਤਕਸੀਮ ਦੇ ਵਕਤ, ਮੈਂ ਮੁਜ਼ੰਗ ਤੇ ਰਹਿੰਦਾ ਸੀ. ਮੈਂ ਕੁਦਰਤੀ ਤੈਰ ਤੇ ਤਜਸੁੱਸੀ ਹੋਣ ਕਰ ਕੇ, ਹਿੰਦੂਆਂ ਦੇ ਮੰਦਰ, ਸਿੱਖਾਂ ਦੇ ਗੁਰਦੁਆਰੇ, ਇਸਾਇਆਂ ਦੇ ਗਿਰਜੇ ਜਾਣ ਦੇ ਇਲਾਵਾ, ਦਿਨ ਤੇ ਪੰਜ ਵਾਰ ਨਮਾਜ ਵੀ ਪੜ੍ਹਦਾ ਸੀ. ਮੈਂ ਜਾਣਨਾ ਚਾਹੁੰਦਾ ਸੀ ਕਿ ਦੂਜੇ ਮਜ਼ੂਬ ਦੇ ਲੋਕ, ਕਿਸ ਤਰ੍ਹਾਂ ਰਹਿੰਦੇ ਸੀ ਅਤੇ ਆਪਣੇ ਇਬਾਦਤਾਂ ਦੀ ਜਗ੍ਹਾਂ ਤੇ ਕਿਸ ਤਰ੍ਹਾਂ ਆਪਣੇ ਮਜ਼ੂਬ ਦੇ ਉਪਦੇਸ਼ ਦੇਂਦੇ ਸੀ. ਹੁਣ, ਜਦ ਮੈਂ ਉਸ ਵਕਤ ਅਤੇ ਸਾਲਾਂ ਦੇ ਬਾਰੇ ਸੋਚਦਾ ਹਾਂ ਤੇ ਮੈਨੂੰ ਲਗਦਾ ਹੈ ਕਿ ਅੰਗ੍ਰੇਜ਼ਾਂ ਨੇ ਇਨਸਾਨਿਤ ਲਈ, ਕਿਸੇ ਵੀ ਹੋਰ ਲੋਕਾਂ ਦੇ ਮੁਕਾਬਲੇ, ਜ਼ਿਆਦਾ ਸੇਵਾ ਕੀਤੀ ਹੈ.

'ਮੈਂ ਖਾਕਸਾਰ ਤੇਹਰੀਕ ਦਾ ਇੱਕ ਬੇਹਦ ਦੀਨਦਾਰ ਅਤੇ ਕਾਮ ਕਾਜੀ ਸਦੱਸ ਸੀ. ਜਦ ਇੱਕ ਮੁਖ਼ਤਲਿਫ਼ ਇਸਲਾਮੀ ਮੁਲਕ ਜਿਸ ਦਾ ਨਾਂਅ ਪਾਕਿਸਤਾਨ ਸੀ, ਦੇ ਇਜ਼ਾਦ ਦੀ ਪੁਕਾਰ ਆਈ, ਤੇ ਉਸ ਖ਼ਿਆਲ ਨੇ ਸਾਡੇ ਤੋਂ ਕਈਆਂ ਉਪਰ ਜਾਦੂ ਕਰ ਦਿੱਤਾ. ਮੈਂ ਹਿਦੂਆਂ ਅਤੇ ਸਿੱਖਾ ਦੇ ਖ਼ਿਲਾਫ਼ ਜਦੋਜਹਿਦ ਵਿੱਚ ਇੱਕ ਅਮਲੀ ਹਿੱਸਾ ਲੀਤਾ. ਆਇਟਚਸਨ ਕਾਲਜ ਦੇ ਨਜਦੀਕ ਮੈਂ ਚਾਰ ਸਿੱਖਾ ਨੂੰ ਹਲਾਕ ਕੀਤਾ, ਅਤੇ ਜਦ ਸ਼ਾਹਆਲਮੀ ਗੇਟ

ਅਤੇ ਦੂਜੇ ਹਿੰਦੂ-ਸਿੱਖ ਮਹੱਲੇਆਂ ਨੂੰ ਅੱਗ ਲਗਾ ਦਿੱਤੀ ਗਈ, ਤਦ ਮੈਂ ਹਿੰਦੂਆਂ ਅਤੇ ਸਿੱਖਾਂ ਦੇ ਕਤਲ, ਲੁੱਟਣ ਅਤੇ ਜ਼ਿੰਦਾ ਸਾੜਣ ਵਿੱਚ ਹਿੱਸਾ ਲੀਤਾ.

'ਸਿੱਖ ਗੁਰਦੁਆਰੇ, ਛੇਂਵੀ ਪਾਤਸ਼ਾਹੀ ਦੇ ਉਪਰ ਹਮਲੇ ਦੀ ਰਹਨੁਮਾਈ ਮੁਜ਼ੰਗ ਪੁਲਿਸ ਥਾਨੇ ਦੇ ਥਾਨੇਦਾਰ ਮਲਿਕ ਮਕਸੂਦ ਨੇ ਕੀਤੀ ਸੀ. ਉਨ੍ਹਾਂ ਨੇ ਸਾਨੂ ਕੁੱਝ ਦਿਨਾਂ ਲਈ ਟ੍ਰੇਨਿੰਗ ਵੀ ਕਰਾਈ ਸੀ. ਸਾਨੂੰ ਹਿੰਦੂਆਂ ਅਤੇ ਸਿੱਖਾਂ ਦੇ ਅਹਿਮ ਜਗ੍ਹਾਂ ਉਪਰ ਕਬਜ਼ਾ ਕਰਨਾ ਸੀ, ਜਦ ਤਕਸੀਮ ਦਾ ਐਲਾਨ ਹੋ ਜਾਂਦਾ ਸੀ. ਉਨ੍ਹਾਂ ਨੇ ਸਾਨੂ ਕਿਹਾ ਕਿ ਅਗਰ ਗੈਰ-ਮੁਸਲਿਮਾਂ ਨਾਲ ਲੜਦੇ ਹੋਏ ਅਸੀਂ ਹਲਾਕ ਹੋ ਜਾਂਦੇ ਸੀ ਤੇ ਅਸੀਂ ਸ਼ਹੀਦ ਹੋ ਜਾਵਾਂਗੇ ਅਤੇ ਅਗਰ ਬਚ ਗਏ ਤਾਂ ਘਾਜ਼ੀ. ਉਨ੍ਹਾਂ ਨੇ ਸਾਨੂ ਦੱਸਿਆ ਕਿ ਸਾਡੇ ਮੁਸਲਿਮ ਭਰਾ ਅਤੇ ਭੈਣਾਂ, ਇੰਡੀਆ ਵਿੱਚ ਮਾਰੇ ਜਾ ਰਹੇ ਸੀ, ਅਤੇ ਇਸ ਟ੍ਰੇਨਿੰਗ ਦਾ ਖ਼ਾਸ ਮਕਸਦ ਮੁਸਲਿਮਾਂ ਦੀ ਹਿਫ਼ਾਜ਼ਤ ਕਰਨਾ ਅਤੇ ਬਦਲਾ ਲੈਣਾ ਸੀ.

' ਸਾਨੂੰ ਹਿਫ਼ਾਜ਼ਤ ਦਾ ਇੱਕ ਮਨਸੂਬਾ ਦੱਸਿਆ ਗਿਆ ਕਿ ਕਿਸ ਤਰ੍ਹਾਂ ਮੁਜ਼ੰਗ ਨੂੰ ਹਿੰਦੂਆਂ ਅਤੇ ਸਿੱਖਾਂ ਤੋਂ ਬਚਾਇਆ ਜਾ ਸਕਦਾ ਸੀ. ਅਤੇ ਅਸੀਂ ਮੁਜ਼ੰਗ ਅੱਡਾ, ਸਫ਼ਾਂ ਵਾਲਾ ਚੌਕ, ਮੁਜ਼ੰਗ ਚੁੰਗੀ ਅਤੇ ਕਨਕ ਮੰਡੀ ਤੇ ਸਾਡੇ ਮੋਰਚੇ ਤਿਆਰ ਕੀਤੇ. ਜਿਨ੍ਹਾਂ ਨੇ ਟ੍ਰੇਨਿੰਗ ਤੇ, ਮੇਰੇ ਸਿਵਾਏ, ਹਿੱਸਾ ਲੀਤਾ ਉਹ ਸਨ: ਜ਼ਹੂਰ ਦੀਨ ਖਾਕਸਾਰ, ਨਸੀਰ, ਬਾਉ ਅਮਾਨਤ, ਹੂਸੈਨ ਗੰਜਾ (ਇੱਕ ਕਬੱਡੀ ਖਿਡਾਰੀ), ਬਸ਼ੀਰ, ਰਸ਼ੀਦ, ਆਲਮਗੀਰ ਬਲੋਚ ਅਤੇ ਸ਼ਾਹ ਦੀਨ.

'ਇਹ ਰਮਜ਼ਾਨ ਦਾ 26ਵਾਂ ਦਿਨ ਸੀ (13 ਅਗਸਤ); ਅਸੀਂ ਸਿੱਖ ਮੰਦਰ ਤੇ ਚੜ੍ਹਾਈ ਕੀਤੀ. ਮੈਂ, ਦੂਜੇ ਪੰਜ ਨਾਲ ਇੱਕ ਅਗ੍ਰਿਮ ਦਲ ਬਣਾਇਆ. ਕੁੱਲ ਮਿਲਾ ਕੇ ਅਸੀਂ 25 ਜਾਂ 30 ਲੋਕ ਸੀ. ਅਸੀਂ ਮੰਦਰ (ਅਹਾਤੇ ਤੇ) ਤੇ ਅੰਦਰ, ਇਸ ਦੀ ਉੱਚੀ ਕੰਧ ਲੰਘ ਕੇ ਦਾਖ਼ਲ ਹੋਏ. ਅਸੀਂ ਸਿੱਖਾਂ ਨੂੰ ਬਾਹਰ ਆਉਣ ਲਈ, ਇੱਕ ਲਲਕਾਰ ਦਿੱਤੀ. ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ. ਉਸ ਵਕਤ ਪੂਰਾ ਹਨੇਰਾ ਸੀ. ਅਸੀਂ ਸਾਹਮਣੇ ਦਾ ਮੁੱਖ ਦਰਵਾਜ਼ਾ ਤੋੜ ਕੇ ਮੰਦਰ ਤੇ ਦਾਖ਼ਲ ਹੋਏ. ਸਿੱਖਾ ਨੇ ਫਰਸ਼ ਤੇ ਗਰਮ ਕੌੜਾ ਤੇਲ ਡੋਲ੍ਹ ਕੇ ਰੱਖਿਆ ਸੀ; ਅਤੇ ਨਤੀਜਨ ਸਾਡੇ ਪੈਰ ਤਿਲਕ ਗਏ, ਜਦ ਅਸੀਂ ਉਸ ਦੇ ਉਪਰ ਤੁਰਣ ਲਗੇ. ਤਦ, ਅਸੀਂ ਤੇਲ ਨੂੰ ਅੱਗ ਲਗਾ ਦਿੱਤੀ ਅਤੇ ਤੇਲ ਜਲਨ ਲਗ ਗਿਆ.

'ਮੈ ਖ਼ਾਸ ਤਖਤ ਨੂੰ ਆਪਣੇ ਕਬਜ਼ੇ ਤੇ ਕਰ ਲੀਤਾ. ਅਸੀਂ ਚੀਕ ਰਹੇ ਸੀ "ਪਾਕਿਸਤਾਨ ਜ਼ਿੰਦਾਬਾਦ" ਅਤੇ ਸਿੱਖਾਂ ਨੂੰ ਬਾਹਰ ਆਉਣ ਲਈ ਚੁਨੌਤੀ ਦੇ ਰਹੇ ਸੀ. ਅਚਾਨਕ ਇੱਕ ਤਖਤ ਦੇ ਥਲੋਂ ਇੱਕ ਸਿੱਖ ਨਜ਼ਰ ਆਇਆ ਅਤੇ ਉਸ ਦੇ ਹੱਥ ਤੇ ਇੱਕ ਤਲਵਾਰ(ਕ੍ਰਿਪਾਨ) ਸੀ ਜਿਸ ਦੇ ਨਾਲ ਉਸ ਨੇ ਮੇਰੇ ਉਪਰ ਇੱਕ ਵਾਰ ਕੀਤਾ ਜੋ ਮੇਰੇ ਹੱਥ ਤੇ ਵਜਾ ਅਤੇ ਮੇਰੇ ਗੁੱਟ ਤੇ ਇੱਕ ਡੂੰਘਾ ਜ਼ਖ਼ਮ ਹੋ ਗਿਆ. ਮੈਂ ਉਸ ਦੇ ਹੱਥ ਤੋਂ ਤਲਵਾਰ ਖੋਹਣ ਤੇ ਕਾਮਯਾਬ ਹੋ ਗਿਆ ਅਤੇ ਉਸ ਨੂੰ ਮਾਰ ਦਿੱਤਾ. ਇਸ ਦੌਰਾਨ ਕਈ ਦੂਜੇ ਲੋਕ ਵੀ ਗੁਰਦੁਆਰੇ ਦੇ ਅੰਦਰ ਦਾਖ਼ਲ ਹੋ ਗਏ ਸੀ. ਹੁਣ, ਸਾਰੇ ਲੁਕੇ ਹੋਏ ਸਿੱਖ ਬਾਹਰ ਆ ਗਏ ਅਤੇ ਹਨੇਰੇ ਵਿੱਚ ਹਾਥਾ-ਪਾਈ ਹੋਣ ਲਗੀ. ਤਲਵਾਰਾਂ, ਛੁਰੇ ਅਤੇ ਡੰਡੇਆਂ ਦਾ ਇਸਤੇਮਾਲ ਕੀਤਾ ਗਿਆ. ਪਿਸਤੌਲ ਤੋਂ ਗੋਲੀਆਂ ਵੀ ਚਲੀਆਂ. ਕਿਸੇ ਨੇ ਪੇਟ੍ਰੋਲ ਛਿੜਕ ਕੇ ਅੱਗ ਲਗਾ ਦਿੱਤੀ. ਮੈਨੂੰ ਸ਼ੱਕ ਹੈ ਕਿ ਥਾਨੇਦਾਰ ਮਲਿਕ ਮਕਸੂਦ ਨੇ ਸਾਡੇ ਗੁਟ ਦੇ ਕਿਸੇ ਬੰਦੇ ਨੂੰ ਪੇਟ੍ਰੋਲ ਮੁਹੱਇਆ ਕਰਾਇਆ ਸੀ. ਮੈਨੂੰ ਖ਼ੁਦ ਇਸ ਦਾ ਪਤਾ ਨਹੀਂ ਸੀ. ਕੁੱਝ ਦਿਨ ਪਹਿਲਾਂ 200 ਤੋਂ ਜਿਆਦਾ ਸਿੱਖ ਮੌਜੂਦ ਸਨ ਪਰ ਜ਼ਿਆਦਾਤਰ ਚਲੇ ਗਏ ਸੀ. ਜਦ ਅਸੀਂ ਹਮਲਾ ਕੀਤਾ, ਤਦ ਮੰਦਰ ਵਿੱਚ 20

ਜਾਂ 30 ਤੋਂ ਜ਼ਿਆਦਾ ਸਿੱਖ ਬੰਦੇ, ਔਰਤਾਂ ਅਤੇ ਬੱਚੇ ਨਹੀਂ ਸਨ. ਇਸ ਅੱਗ ਵਿੱਚ ਸਾਰੇ ਸਿੱਖ ਮਾਰੇ ਗਏ. ਸਾਡੀ ਤਰਫ਼ੋਂ ਨਸੀਰ ਮਾਰਿਆ ਗਿਆ.

'ਸਾਨੂ ਦੱਸਿਆ ਗਿਆ ਸੀ ਕਿ ਪਾਕਿਸਤਾਨ ਇੱਕ ਇਸਲਾਮੀ ਮੁਲਕ ਹੋਵੇਗਾ ਜਿੱਥੇ ਅਲ੍ਹਾ ਅਤੇ ਉਸ ਦੇ ਨਬੀ ਦੁਆਰਾ ਕਾਇਮ ਨਿਜ਼ਾਮ ਨੂੰ ਦੁਬਾਰਾ ਜ਼ਿੰਦਾ ਕੀਤਾ ਜਾਵੇਗਾ. ਇਸ ਨੂੰ ਹਾਸਲ ਕਰਣ ਲਈ, ਹਿੰਦੂਆ ਅਤੇ ਸਿੱਖਾਂ ਨੂੰ, ਜੋ ਕਾਫ਼ਿਰ ਸਨ, ਮਾਰ ਦੇਣਾ ਜਾਂ ਪਾਕਿਸਤਾਨ ਤੋਂ ਲੱਤ ਮਾਰ ਕੇ ਬਾਹਰ ਕੱਢਨਾ ਪਵੇਗਾ. ਤਾਂ ਹੀ ਇਹ ਇੱਕ ਕਾਮਯਾਬ ਇਸਲਾਮੀ ਮੁਲਕ ਬਣੇਗਾ. ਜਦ ਪਾਕਿਸਤਾਨ ਬਣ ਗਿਆ ਤੇ ਮੈਂ ਦੂਜੇਆਂ ਦੀ ਤਰ੍ਹਾਂ, ਬੇਸਬਰੀ ਨਾਲ ਇੱਕ ਸੱਚੇ ਹੋਰ ਸਹੀ ਇਸਲਾਮੀ ਮੁਲਕ ਅਤੇ ਸਮਾਜ ਦਾ ਇੰਤਜ਼ਾਰ ਕਰਣ ਲਗਾ. ਜਨਰਲ ਅਯੂਬ ਖ਼ਾਨ ਦੀ ਹਕੂਮਤ ਦੇ ਵਕਤ, ਮੈਂ ਖ਼ਾਸ ਕਰ ਕੇ ਉਮੀਦ ਲਗਾਈ ਸੀ ਕਿ ਹਾਲਾਤ ਬਦਲਣਗੇ. ਮੈਂ ਉਨ੍ਹਾ ਨੂੰ ਅਤੇ ਪੰਜਾਬ ਦੇ ਗਵਰਨਰ, ਕਲਾਬਾਘ ਤੋਂ, ਨਵਾਬ ਅਮੀਰ ਮੋਹਮੱਦ ਖ਼ਾਨ ਮਮਦੋਤ ਨੂੰ ਲਿਖਿਆ ਅਤੇ ਉਨ੍ਹਾਂ ਦੇ ਨਾਲ ਮੇਰੇ ਕਰੀਬੀ ਰਿਸ਼ਤੇ ਬਣ ਗਏ. ਬਾਅਦ ਤੇ, ਮੇਰੀ ਉਮੀਦ ਜਨਰਲ ਜ਼ਿਆ-ਉਲ-ਹੱਕ ਉਪਰ ਟਿਕੀ ਸੀ. ਮੈਂ ਇਰਾਨ ਦੇ ਸ਼ਾਹ ਅਤੇ ਮੁਸਲਿਮ ਦੁਨੀਆ ਦੇ ਦੂਜੇ ਰਹਨੁਮਾਵਾਂ ਨਾਲ ਵੀ, ਇਸ ਉਮੀਦ ਨਾਲ ਚਿੱਠੀ-ਪੱਤਰ ਕੀਤਾ ਕਿ ਉਹ ਇਸਲਾਮ ਦੀ ਸ਼ੋਭਾ ਅਤੇ ਮੁਸਲਿਮਾਂ ਦੀ ਤਰੱਕੀ ਲਈ ਕੁੱਝ ਕਰਣ. (ਜਿਸ ਕਮਰੇ ਤੇ ਇੰਟਰਵਿਊ ਚਲ ਰਿਹਾ ਸੀ, ਉਸ ਦੀ ਕੰਧਾਂ ਤੇ ਉਣ ਹਸਤੀਆਂ ਦੇ ਜਾਰੀ ਕੀਤੇ ਸਰਟੀਫਿਕੇਟ ਅਤੇ ਮੁਜ਼ੰਗ ਗੁਰਦੁਆਰੇ ਦੇ ਸਿੱਖ ਤੋਂ ਖੋਹੀ ਕਿਰਪਾਨ ਜਿਸ ਉਪਰ ਲਹੂ ਦੇ ਦਾਗ ਲਗੇ ਹੋਏ ਸੀ, ਵੀ ਮੌਜੂਦ ਸੀ). ਪਰ ਸਾਨੂ ਆਪਣਾ ਇਸਲਾਮੀ ਮੁਲਕ ਕਦੀ ਹਾਸਲ ਨਹੀਂ ਹੋਇਆ. ਹਰ ਆਗੂ ਨੇ ਸਾਨੂ ਲੁੱਟਿਆ. ਪਾਕਿਸਤਾਨ ਇੱਕ ਬੇਹਦ ਭ੍ਰਿਸਟ ਸਮਾਜ ਹੈ. ਅਗਰ ਇਹ ਕੁੱਝ ਹੀ ਹੋਣਾ ਸੀ, ਤੇ ਸਾਨੂ ਉਹ ਸਭ ਕਰਣ ਨੂੰ ਕਿਉਂ ਕਿਹਾ ਗਿਆ ਜੋ ਅਸੀਂ ਕੀਤਾ ਸੀ?

'1968 ਤੇ, ਮੈਂ ਪਾਕਿਸਤਾਨ ਦੇ ਇੱਕ ਵਫ਼ਦ ਨਾਲ ਹਜ਼ਰਤ ਨਿਜ਼ਾਮੁੱਦੀਨ ਔਲਿਆ ਦੇ ਸਾਲਾਨਾ ਉਰਸ ਤੇ ਸ਼ਿਰਕਤ ਕਰਣ ਦਿੱਲੀ ਗਿਆ. ਸਰਹੱਦ ਤੇ ਸਿੱਖਾਂ ਨੇ ਸਾਡਾ ਇਸਤਕਬਾਲ ਕੀਤਾ. ਉਨ੍ਹਾਂ ਨੇ ਸਾਡੇ ਹਰ ਬੰਦੇ ਨੂੰ ਦੋ ਸੰਤਰੇ ਅਤੇ ਇੱਕ ਸੇਵ ਦਿੱਤਾ. ਦਿੱਲੀ ਤੇ ਇੱਕ ਹਿੰਦੂ ਨੇ ਮੈਨੂੰ ਪਛਾਣ ਲੀਤਾ ਜੋ ਅਨਾਰਕਲੀ ਤੇ ਰਹਿੰਦਾ ਸੀ. ਉਹ ਬਹੁਤ ਰਹਿਮਦਿਲ ਸੀ ਅਤੇ ਮੈਨੂੰ ਹਰ ਤਰ੍ਹਾਂ ਦੀ ਮਦਦ ਅਤੇ ਸੇਵਾ, ਦੇਣ ਦੀ ਪੇਸ਼ਕਸ਼ ਕੀਤੀ. ਇਹ ਕਈ ਵਾਰ ਹੁੰਦਾ ਹੈ ਕਿ ਮੈਂ ਅਲ੍ਹਾ ਦੀ ਇਬਾਦਤ ਕਰਨਾ ਹਾਂ ਕਿ ਮੈਨੂੰ ਉਣ ਹਿੰਦੂਆਂ ਅਤੇ ਸਿੱਖਾਂ ਦੇ ਕਤਲ ਕਰਣ ਲਈ, ਮਾਫ਼ੀ ਦੇ ਦੇਵੇ. ਮੈਨੂੰ ਇਹ ਇਹਸਾਸ ਹੈ ਕਿ ਅਲ੍ਹਾ ਮੈਨੂੰ ਸਮਝਦਾ ਹੈ ਅਤੇ ਉਸ ਨੇ, ਮੈਨੂੰ ਮਾਫ਼ ਕਰ ਦਿੱਤਾ ਹੈ. ਸਾਨੂ ਗੁਮਰਾਹ ਕੀਤਾ ਗਿਆ ਅਤੇ ਸਿਆਸਤਦਾਨਾ ਨੇ ਸਾਡਾ ਇਸਤੇਮਾਲ ਕੀਤਾ.'

ਮੁਜਾਹਿਦ ਤਾਜ ਦੀਨ ਇੱਕ ਹੋਰ ਕਤਲੇਆਮ ਵਿੱਚ ਸ਼ਾਮਲ ਸੀ, ਪਰ ਉਸ ਨੇ ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ. ਮੁਜ਼ੰਗ ਦੇ ਇੱਕ ਹੋਰ ਸਾਬਕਾ ਇਨਸਾਨ, ਸ਼ਾਇਰ ਸਲੀਮ ਸ਼ਾਹਿਦ ਨੇ ਮੈਨੂੰ ਦੱਸਿਆ ਕਿ ਪੁਲਿਸ ਨੇ ਇੱਕ ਭਰੀ ਬਸ ਦੇ ਕੈਦਿਆਂ ਨੂੰ ਲਾਹੌਰ ਜੇਲ੍ਹ ਤੋਂ, ਜ਼ਿਲ੍ਹਾ ਅਦਾਲਤ ਦੀ ਤਰਫ਼ ਲੈ ਜਾਣ ਦਾ ਬਹਾਨਾ ਕਰ ਕੇ, ਉਸ ਦਾ (ਮੁਜਾਹਿਦ ਤਾਜ) ਅਤੇ ਕੁੱਝ ਹੋਰ ਦੂਜੇ ਲੋਕਾ ਦਾ ਇਸਤੇਮਾਲ ਕੀਤਾ ਅਤੇ ਸਾਰੇ ਕੈਦਿਆ ਨੂੰ ਗੈਰ-ਜਜ਼ਬਾਤੀ ਤੌਰ ਤੇ, ਹਲਾਕ ਕਰਾ ਦਿੱਤਾ. ਬਸ ਨੂੰ ਲਿਟੱਨ ਰੋਡ ਤੇ ਇੰਜਨ ਖ਼ਰਾਬ ਹੋਣ ਦੇ ਬਹਾਨੇ ਰੋਕ ਦਿੱਤਾ ਗਿਆ. ਕੈਦਿਆਂ ਨੂੰ ਬਾਹਰ ਲਾਇਆ ਗਿਆ ਅਤੇ ਕਤਲ ਕਰ ਕੇ *ਗੁਲੂ ਦੀ ਪੈਲੀ* ਤੇ ਸੁੱਟ ਦਿੱਤਾ ਗਿਆ.

ਅੱਮ੍ਰਿਤਸਰ

ਹਾਲਾਂਕਿ ਜੁਲਾਈ ਦੇ ਮੱਧ ਤੋਂ ਤਾਕਤ ਦਾ ਪਲੜਾ ਹਿੰਦੂਆ ਅਤੇ ਸਿੱਖਾ ਦੀ ਤਰਫ਼ ਝੁਕ ਗਿਆ ਸੀ, ਅੱਮ੍ਰਿਤਸਰ ਦੇ ਮੁਸਲਿਮ ਇਸ ਯਕੀਨ ਉਪਰ ਭਰੋਸਾ ਕਰ ਕੇ ਬੈਠੇ ਸੀ ਕਿ ਅੱਮਿਤਸਰ, ਪਾਕਿਸਤਾਨ ਨੂੰ ਦੇ ਦਿੱਤਾ ਜਾਵੇਗਾ. 3 ਜੂਨ ਦੀ ਕਾਲਪਨਿਕ ਤਕਸੀਮ ਦੇ ਮਨਸੂਬੇ ਵਿੱਚ ਅੱਮ੍ਰਿਤਸਰ ਨੂੰ ਪੂਰਬੀ ਪੰਜਾਬ ਵਿੱਚ ਸਾਮਲ ਕੀਤਾ ਸੀ, ਪਰ ਲਗਦਾ ਹੈ ਇਸ ਦਾ ਉਸ ਸ਼ਹਿਰ ਦੇ ਮੁਸਲਿਮਾਂ ਦੀ ਸਮਝ ਉਪਰ ਕੋਈ ਅਸਰ ਨਹੀਂ ਹੋਇਆ. ਲਗਦਾ ਹੈ, ਉਨ੍ਹਾਂ ਦੇ ਆਗੂ ਬੇਖ਼ੂਦੀ ਵਿੱਚ, ਸਭ ਕੁੱਝ ਭੁੱਲ ਬੈਠੇ ਸੀ. ਇੰਤਜ਼ਾਮਿਆ ਦੇ ਕਿਸੇ ਵੀ ਵੱਡੇ ਅਧਿਕਾਰੀ ਦਾ, ਜ਼ਾਹਰ ਤੌਰ ਤੇ, ਪਹਿਲਾ ਪੱਖਪਾਤੀ ਕੱਮ, ਨਵੇਂ ਪੁਲਿਸ ਐਸ.ਪੀ. ਨੇ ਕੀਤਾ, ਜੋ ਇੱਕ ਕਸ਼ਮੀਰੀ ਬ੍ਰਾਹਮਣ ਸਨ ਅਤੇ ਉਨ੍ਹਾਂ ਦਾ ਨਾਂਅ ਸੀ ਪੰਡਤ ਅਵਤਾਰ ਕਿਸ਼ਨ ਕੌਲ. ਜ਼ਬਾਨੀ ਹੁਕਮ ਦੁਆਰਾ ਅਤੇ ਬਗੈਰ ਆਪਣੇ ਤੋਂ ਵੱਡੇ ਬ੍ਰਿਟਿਸ਼ ਅਫ਼ਸਰਾਂ ਦੀ ਮੰਜ਼ੂਰੀ ਦੇ, ਕੌਲ ਨੇ ਅੱਮ੍ਰਿਤਸਰ ਦੇ ਸਾਰੇ ਮੁਸਲਿਮ ਪੁਲਿਸ ਵਾਲੇਆਂ ਨੂੰ ਹਥਿਆਰ ਜਮਾ ਦੇਣ ਨੂੰ ਕਿਹਾ (Mansergh and Moon, 1983: 667; 826). ਇਸ ਦੇ ਚਲਦਿਆਂ ਸਾਰੇ ਮੁਸਲਿਮ ਪੁਲਿਸ ਵਾਲੇ ਆਪਣੀ ਡਿਊਟੀ ਛੱਡ ਕੇ ਭੱਜ ਗਏ. 10 ਅਗਸਤ ਨੂੰ, ਦਿੱਲੀ ਤੋਂ ਕਰਾਚੀ ਜਾਣ ਵਾਲੀ ਪਹਿਲੀ ਪਾਕਿਸਤਾਨ ਸਪੇਸ਼ਲ ਗੱਡੀ, ਭਟਿੰਡੇ ਦੇ ਨੇੜੇ, ਇੱਕ ਲੈਂਡਮਾਇਨ ਦੇ ਚਲਦੇ, ਪਟਰੀ ਤੋਂ ਉੱਤਰ ਗਈ. ਸਿਰਫ਼ ਇੱਕ ਔਰਤ ਅਤੇ ਬੱਚਾ ਹਲਾਕ ਹੋਇਆ ਪਰ ਜਲਦ ਹੀ ਖ਼ਬਰ ਫ਼ੈਲ ਗਈ ਅਤੇ ਗਡੀਆਂ ਉਪਰ ਹਮਲੇ ਵਧ ਗਏ. ਜ਼ਾਹਰ ਤੌਰ ਤੇ, ਮਾਸਟਰ ਤਾਰਾ ਸਿੰਘ, ਮੁਸਲਿਮਾਂ ਨੂੰ ਲੈ ਕੇ ਪਾਕਿਸਤਾਨ ਜਾਣ ਵਾਲੀ ਗਡੀਆਂ ਨੂੰ ਉਡਾਉਣ ਦੀ ਸਾਜ਼ਸ਼ ਦੇ ਆਗੂ ਸਨ (ਪਾਕਿਸਤਾਨ ਸਰਕਾਰ ਦੁਆਰਾ ਪ੍ਰਕਾਸ਼ਤ: : *Note on the Sikh Plan*, 1948: I–III).

13 ਅਗਸਤ ਨੂੰ ਅੱਮ੍ਰਿਤਸਰ ਦੇ ਮਜੀਠਾ ਇਲਾਕੇ ਤੇ, ਪੰਜਾਬ ਬਾਉਂਡਰੀ ਫੋਰਸ ਨੇ ਇੱਕ ਵੱਡੀ ਕਾਰਵਾਈ ਕੀਤੀ. ਇਸ ਨੇ 61 ਹਥਿਆਰਬੰਦ ਲੋਕਾ ਨੂੰ ਜੋ ਤੋਪਾਂ, ਬ੍ਰੇਨ ਗੱਨ ਅਤੇ ਸਟੇਨ ਗੱਨਾਂ ਅਤੇ ਹੋਰ ਕਈ ਆਧੁਨਿਕ ਹਥਿਆਰ ਨਾਲ ਲੈਸ ਸਨ, ਗੋਲੀ ਮਾਰ ਕੇ ਹਲਾਕ ਕਰ ਦਿੱਤਾ. ਅੱਮ੍ਰਿਤਸਰ ਦੇ ਵਿੱਚ, ਸੱਚੇ ਤੌਰ ਤੇ, ਜ਼ਿੰਦਾ ਬਚਣ ਦੀ ਇੱਕ ਲੜਾਈ ਚਲ ਰਹੀ ਸੀ. ਜਦ ਕਿ ਸਿੱਖ ਆਗੂ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਇਸ਼ਰ ਸਿੰਘ ਮਝੈਲ, ਜ਼ਾਹਰ ਤੋਰ ਤੇ ਅਮਨ ਅਤੇ ਵਿਵਸਥਾ ਨੂੰ ਬਹਾਲ ਕਰਣ ਲਈ, ਦਿਹਾਤੀ ਇਲਾਕਿਆਂ ਦੇ ਦੌਰੇ ਤੇ ਗਏ ਸੀ, ਅੱਮ੍ਰਿਤਸਰ ਦੇ ਮੁੱਖ ਮੁਸਲਿਮ ਲੀਗ ਆਗੂ ਅਤੇ ਪੰਜਾਬ ਮੁਸਲਿਮ ਲੀਗ ਦੇ ਉਪ-ਪ੍ਰਧਾਨ, ਸ਼ੇਖ ਸਾਦਿਕ ਹਸਨ ਅਤੇ ਉਨ੍ਹਾਂ ਦੀ ਬੀਵੀ, ਇਹ ਸ਼ਹਿਰ ਛੱਡ ਕੇ ਲਾਹੌਰ ਚਲੇ ਗਏ ਤਾਂਕਿ ਆਪਣੇ ਰਸੂਖ ਦਾ ਇਸਤੇਮਾਲ ਕਰ ਕੇ ਅੱਮ੍ਰਿਤਸਰ ਦੇ ਤਸ਼ੱਦਦ ਨੂੰ ਬੰਦ ਕਰਾ ਸਕਣ (*Pakistan Times*, 15 August).

ਸਰ ਇਵਨ ਜੇਨਕੀਨਸ ਦੀ ਟੈਲੀਗ੍ਰਾਮਾਂ

1 ਅਗਸਤ ਤੋਂ 14 ਅਗਸਤ ਦੇ ਵਿੱਚ ਜੇਨਕੀਨਸ ਦੁਆਰਾ ਮਾਉਂਟਬੈਟਨ ਨੂੰ ਭੇਜੀ ਟੈਲੀਗ੍ਰਾਮਾਂ ਅਤੇ ਜਿਸ ਦੀ ਕਾਪੀਆਂ ਜੋ ਇੰਡੀਆ ਦੇ ਸੇਕਰੇਟਰੀ ਔਫ ਸਟੇਟ ਨੂੰ ਭੇਜੀ ਗਈ, ਇੱਕ ਮੰਜ਼ਰ ਦਰਸ਼ਾਉਂਦੀਆਂ ਨੇ ਕਿ ਕਿਸ ਤਰ੍ਹਾਂ, ਪੰਜਾਬ ਪਤਨ ਹੁੰਦੇ ਹੋਏ, ਪੂਰੀ ਬੇਤਰਤੀਬੀ ਦੀ ਤਰਫ਼ ਜਾ ਰਿਹਾ ਸੀ. 1 ਅਗਸਤ ਤੋਂ 11 ਅਗਸਤ ਦੇ ਵਿੱਚ ਦੀ ਟੈਲੀਗ੍ਰਾਮਾਂ ਤੇ ਲਾਹੌਰ ਅਤੇ ਪਛੱਮ ਦੇ ਜ਼ਿਲ੍ਹਾਂ ਤੇ ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼, ਅਤੇ ਪੂਰਬੀ ਜ਼ਿਲ੍ਹਾਂ ਦੇ ਅੱਮ੍ਰਿਤਸਰ, ਗੁਰਦਾਸਪੁਰ, ਫ਼ਿਰੋਜ਼ਪੁਰ ਅਤੇ ਦੂਜੇ ਜ਼ਿਲ੍ਹਾਂ ਤੇ ਮੁਸਲਿਮਾਂ ਦੇ ਖ਼ਿਲਾਫ਼, ਤਸ਼ੱਦਦ ਦੇ ਵੱਧਣ

ਬਾਰੇ ਲਿਖਿਆ ਗਿਆ ਸੀ. 12 ਅਗਸਤ ਨੂੰ ਲਿਖੀ ਪਹਿਲੀ ਟੈਲੀਗ੍ਰਾਮ ਜੋ 9:10 ਵਜੇ ਸਵੇਰੇ ਭੇਜੀ ਗਈ, ਲਾਹੌਰ ਵਿੱਚ ਵਿਸਤਰਤ ਤਬਾਹੀ, ਬਰਬਾਦੀ ਦਾ ਜ਼ਿਕਰ ਕਰਦੀ ਹੈ, ਅਤੇ ਦਾਅਵਾ ਕਰਦੀ ਹੈ ਕਿ ਇਹ ਸਾਰਾ ਕੁੱਝ ਬੇਸ਼ਕ, ਪਾਕਿਸਤਾਨ ਸਪੇਸ਼ਲ ਨੂੰ ਪਟਰੀ ਤੋਂ ਉਤਾਰਣ ਲਈ ਅਤੇ ਅੱਮ੍ਰਿਤਸਰ ਜ਼ਿਲ੍ਹੇ ਤੇ ਸਿੱਖਾਂ ਦੀ ਜਿਆਦਤੀ ਅਤੇ ਉਥੇ ਹੀ ਸਾਰੇ ਮੁਸਲਿਮ ਪੁਲਿਸ ਵਾਲੇਆਂ ਨੂੰ ਨਿਹੱਥੇ ਕਰਣ ਦਾ ਬਦਲਾ ਸੀ. ਜੇਨਕੀਨਸ ਹੋਰ ਲਿਖਦੇ ਨੇ: 'ਲਾਹੌਰ ਸ਼ਹਿਰ ਦਾ ਮਾਹੌਲ ਬਿਲਕੁਲ ਖਰਾਬ ਹੈ ਅਤੇ ਮੈਨੂੰ ਪੁਲਿਸ ਆਈ.ਜੀ. ਨੇ ਦੱਸਿਆ ਹੈ ਕਿ ਮੁਸਲਿਮ ਲੀਗ ਨੈਸ਼ਨਲ ਗਾਰਡ ਵਰਦੀ ਵਿੱਚ ਦਿਖ ਰਹੇ ਨੇ ਅਤੇ ਪੁਲਿਸ ਵਾਲੇ ਬਿਲਕੁਲ ਅਸਥਿਰ ਨੇ' (Carter, 2007b: 226). ਇੱਕ ਦੂਜੀ ਟੈਲੀਗ੍ਰਾਮ ਜੋ 11 ਵਜੇ ਭੇਜੀ ਗਈ, ਜ਼ਿਕਰ ਕਰਦੀ ਹੈ ਕਿ 11-12 ਅਗਸਤ ਦੀ ਰਾਤ ਨੂੰ ਲਾਹੌਰ ਦੇ ਦਖੱਣ-ਪੂਰਬ ਦੇ ਕਹਨਾ ਕੱਚਾ ਦੇ ਨਜਦੀਕ, ਇੱਕ ਗਡੀ ਉੱਪਰ, ਦੂਜਾ ਹਮਲਾ ਹੋਇਆ. ਸਿੱਖ ਮੁਸਾਫ਼ਰਾਂ ਨੇ ਕਮਊਨਿਕੇਸ਼ਨ ਦੀ ਤਾਰ ਖਿੱਚ ਕੇ ਗੱਡੀ ਰੋਕ ਕੇ, ਪੰਜ ਮੁਸਲਿਮਾਂ ਨੂੰ ਹਲਾਕ ਅਤੇ ਪੰਜ ਨੂੰ ਜ਼ਖ਼ਮੀ ਕਰ ਦਿੱਤਾ. ਉਸੇ ਦਿਨ, ਅੱਮ੍ਰਿਤਸਰ ਜ਼ਿਲ੍ਹੇ ਤੇ, ਖ਼ਬਰ ਮਿਲੀ ਕਿ ਪੰਝੀ ਮੁਸਲਿਮ ਅਤੇ ਸੱਤ ਸਿੱਖ ਹਲਾਕ ਹੋਏ. ਗੁਰਦਾਸਪੁਰ ਜ਼ਿਲ੍ਹੇ ਤੋਂ ਕਈ ਲੋਕਾਂ ਦੇ ਬਟਾਲਾ ਤੇ ਹਲਾਕ ਹੋਣ ਦੀ ਖ਼ਬਰ ਆਈ. ਪਛੱਮ ਦੇ ਸਿਆਲਕੋਟ, ਗੁਜਰਾਂਵਾਲਾ, ਲਾਇਲਪੁਰ ਅਤੇ ਪੂਰਬ ਦੇ ਫ਼ਿਰੋਜ਼ਪੁਰ ਅਤੇ ਅੰਬਾਲਾ ਤੋਂ ਵੀ, ਮੌਤਾਂ ਦੀ ਖ਼ਬਰਾਂ ਆਇਆਂ. ਉਸੇ ਟੈਲੀਗ੍ਰਾਮ ਤੇ ਗਵਰਨਰ ਨੇ ਖ਼ਬਰ ਦਿੱਤੀ ਕਿ 'ਕਈ ਜ਼ਿਲ੍ਹਾਂ ਤੋਂ ਮੁਸਲਿਮਾਂ ਦਾ ਇੱਕ ਵੱਡਾ ਪਰਵਾਸ ਹੋ ਰਿਹਾ ਸੀ' (Ibid: 227). ਰਾਤ ਦੇ 11 ਵਜੇ ਹੀ, ਭੇਜੀ ਗਈ ਤੀਜੀ ਟੈਲੀਗ੍ਰਾਮ ਨੇ ਐਲਾਨ ਕੀਤਾ:

> ਲਾਹੌਰ ਅਤੇ ਅੱਮ੍ਰਿਤਸਰ ਦੀ ਪੁਲਿਸ ਭਰੋਸੇਯੋਗ ਨਹੀਂ ਹੈ. ਅੱਜ ਲਾਹੌਰ ਦੇ ਰਿਕਰੁਟਮੇਂਟ ਟ੍ਰੇਨਿੰਗ ਸੇਂਟਰ ਤੇ ਅਨੁਸ਼ਾਸਨਹੀਨਤਾ ਦਾ ਗੰਭੀਰ ਵਾਕਿਆ ਸਾਹਮਣੇ ਆਇਆ ਹੈ ਅਤੇ ਇਣ 300-500 ਲੋਕਾਂ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਹੇ. ਮੈਂ ਹਲੀ ਵੀ ਅਮ੍ਰਿਤਸਰ ਦੇ ਸੁਬਾਈ ਅਤੇ ਦਿਹਾਤੀ ਪੁਲਿਸ ਥਾਨੇਆਂ ਦੀ ਖ਼ਬਰ ਦਾ ਇੰਤਜ਼ਾਰ ਕਰ ਰਿਹਾ ਹਾਂ, ਜਿਨ੍ਹਾਂ ਦੇ ਬਾਰੇ ਸੁਣਿਆ ਗਿਆ ਹੈ ਕਿ, ਉਨ੍ਹਾਂ ਨੇ ਤਕਰੀਬਨ ਕੱਮ ਕਰਨਾ ਹੀ ਛੱਡ ਦਿੱਤਾ ਹੈ. ਸਾਡੇ ਕੋਲ ਹੋਰ ਕੋਈ ਫ਼ੌਜ਼ ਜਾਂ ਪੁਲਿਸ ਦੀ ਟੁਕੜਿਆਂ ਮੌਜੂਦ ਨਹੀਂ ਹਨ ਜੋ ਵਿਵਸਥਾ ਨੂੰ ਕਾਬੂ ਵਿੱਚ ਰਖ ਸਕਣ, ਅਤੇ ਰੇਲਵੇ ਮਹਿਫ਼ੂਜ਼ ਨਹੀਂ ਹੋ ਸਕਦੀ ਹੈ, ਅਗਰ ਫ਼ੌਜ਼ "*ਵਾਰ ਡਿਪਾਰਟਮੇਂਟ*" ਦੀ ਤਹਿਤ ਰੇਲਵੇ ਦੀ ਪੂਰੀ ਤਰ੍ਹਾਂ ਸੁਰੱਖਿਆ ਮੁਹੱਇਆ ਨਹੀਂ ਕਰਾਂਦੀ ਹੈ. *ਮੁਸਲਿਮ ਲੀਗ ਨੈਸ਼ਨਲ ਗਾਰਡ* ਲਾਹੌਰ ਵਿੱਚ ਹੁਣ ਬੇਹਦ ਸਰਗਰਮ ਨੇ ਅਤੇ ਗੈਰ-ਮੁਸਲਿਮਾਂ ਦੀ ਤਰਫ਼ ਜ਼ਿਆਦਾ ਹੀ ਜੰਗੀ ਰੁਖ ਰਖਦੇ ਨੇ (Ibid: 227-8).

13 ਅਗਸਤ ਨੂੰ, ਰਾਤ ਦੇ 10:40 ਵਜੇ ਜੇਨਕੀਨਸ ਨੇ ਖ਼ਬਰ ਭੇਜੀ ਕਿ ਲਾਹੌਰ ਗੰਭੀਰ ਤੌਰ ਤੇ ਉਪਦਰਵੀ ਸੀ. 12 ਅਗਸਤ ਨੂੰ , ਜਿਆਦਾਤਰ ਛੁਰੇਬਾਜ਼ੀ ਦੀ ਵਾਰਦਾਤਾਂ ਵਿੱਚ 40 ਲੋਕ ਹਾਦਸੇ ਦਾ ਸ਼ਿਕਾਰ ਹੋਏ ਸੀ, ਜਿਸ ਵਿੱਚ 34 ਗੈਰ-ਮੁਸਲਿਮ ਸਨ. 'ਇਸ ਦੇ ਇਲਾਵਾ ਸਿੰਧ ਐਕਸਪ੍ਰੈਸ ਉੱਪਰ, ਛਾਉਣੀ ਦੇ ਕਰੀਬ, ਮੁਸਲਿਮਾਂ ਨੇ ਹਮਲਾ ਕਰ ਕੇ 9 ਗੈਰ-ਮੁਸਲਿਮਾਂ ਨੂੰ ਹਲਾਕ ਕੀਤਾ ਅਤੇ ਲੱਗਭਗ 30 ਗੈਰ-ਮੁਸਲਿਮਾਂ ਨੂੰ ਜ਼ਖ਼ਮੀ ਕਰ ਦਿੱਤਾ'. ਜਿਥੇ ਤੱਕ ਅੱਮ੍ਰਿਤਸਰ ਦਾ ਸਵਾਲ ਸੀ, ਮੁਸਲਿਮਾਂ ਉੱਪਰ, ਚਾਰੋਂ ਤਰਫ਼ੋਂ ਹਮਲਾ ਕੀਤਾ ਹਾ ਰਿਹਾ ਸੀ: 'ਪਠਾਨ ਮਜਦੂਰਾਂ ਦੇ ਇੱਕ ਸਮੂਹ ਉਪਰ ਛੇਹਰਟਾ ਦੇ ਨਜਦੀਕ, ਜੀ.ਟੀ.ਰੋਡ ਉਪਰ ਹਮਲਾ ਕੀਤਾ ਗਿਆ ਅਤੇ 30 ਲੋਕਾ ਨੂੰ ਮਾਰ ਦਿੱਤਾ ਗਿਆ. ਪੰਜਾਬ ਬਾਉਂਡਰੀ ਫੋਰਸ ਦੇ ਕਮਾਂਡਰ ਨੇ ਮੈਨੂੰ ਦੱਸਿਆ ਕਿ ਜੰਡਿਆਲਾ ਦੇ ਕਰੀਬ, ਇੱਕ ਪਿੰਡ ਵਿੱਚ, 200 ਮੁਸਲਿਮਾਂ ਨੂੰ ਸਿੱਖਾਂ ਨੇ ਮਾਰ ਦਿੱਤਾ. ਉਸ ਦੀ ਇੱਕ ਟੁਕੜੀ ਨੇ

ਟੈਂਕਾ ਸਮੇਤ, ਲਜਿਥ ਦੇ ਕਰੀਬ, ਸਿੱਖ ਜੱਥੇਆਂ ਦਾ ਮੁਕਾਬਲਾ ਕਰ ਕੇ 61 ਨੂੰ ਮਾਰ ਦਿੱਤਾ ਅਤੇ 9 ਨੂੰ ਜ਼ਖ਼ਮੀ ਕੀਤਾ'. ਸਿਆਲਕੋਟ, ਗੁਰਦਾਸਪੁਰ, ਲੁਧਿਆਣਾ ਅਤੇ ਫ਼ਿਰੋਜ਼ਪੁਰ ਤੋਂ ਵੀ ਹਾਦਸੇ ਤੇ ਲੋਕਾਂ ਦੇ ਸ਼ਿਕਾਰ ਹੋਣ ਦੀ ਖ਼ਬਰਾਂ ਆਈਆਂ. ਇਸ ਦੇ ਨਾਲ ਹੀ ਇੱਕ ਹੋਰ ਤਾਰ ਦੀ ਰਿਪੋਰਟ ਨੇ ਦੱਸਿਆ: 'ਲਾਹੌਰ ਦਾ ਸ਼ਹਿਰੀ ਇਲਾਕਾ ਅਤੇ ਅੱਮ੍ਰਿਤਸਰ ਜ਼ਿਲ੍ਹਾ ਬੇਕਾਬੂ ਹੋ ਗਏ ਨੇ'. ਹੋਰ, ਉਨ੍ਹਾ ਨੇ ਹੁਕਮ ਦਿੱਤਾ ਹੈ ਕਿ ਡੇਰਾ ਸਾਹਿਬ ਗੁਰਦੁਆਰੇ ਦੇ ਅੰਦਰ ਦੀ ਤਲਾਸ਼ੀ ਲੀਤੀ ਜਾਵੇ, ਜਿਥੋਂ 'ਸਿੱਖ ਗੋਲੀਆਂ ਚਲਾ ਰਹੇ ਸੀ'. ਇਸ ਦੇ ਇਲਾਵਾ, 'ਮਜੀਠਾ ਦੇ ਜੱਥੇ ਨੂੰ ਸਖ਼ਤ ਸਜ਼ਾ ਦੇਣ ਦਾ' ਅੱਮ੍ਰਿਤਸਰ ਤੇ ਵਰਜਕ ਅਸਰ ਪਏਗਾ. ਪੰਜਾਬ ਬਾਉਂਡਰੀ ਫੋਰਸ ਦੇ ਕਮਾਂਡਰ ਨੇ ਮੈਨੂੰ ਦੱਸਿਆ ਕਿ ਉਮੀਦ ਹੈ ਕਿ ਉਨ੍ਹਾ ਨੂੰ, ਹੋਰ ਦੋ ਬ੍ਰਿਗੇਡਾਂ ਮਿਲ ਜਾਣਗੀਆਂ (Ibid: 233).

ਗਵਰਨਰ ਦੀ ਆਖਰੀ ਪੰਦਰਵਾੜੇ ਦੀ ਰਿਪੋਰਟ
ਤਾਰੀਖ 13 ਅਗਸਤ 1947

ਆਪਣੀ ਆਖਰੀ ਪੰਦਰਵਾਣਾ ਰਿਪੋਰਟ ਤੇ ਸਰ ਇਵਨ ਜੇਨਕੀਨਸ ਨੇ ਮੁਖ਼ਤਲਿਫ਼ ਵਾਕਿਐਵਾਂ ਬਾਰੇ ਵੇਰਵੇ ਦਿੱਤੇ ਜਿਨ੍ਹਾਂ ਦਾ ਖੁਲਾਸਾ 1-13 ਅਗਸਤ ਵਿੱਚ ਭੇਜੀ ਗਈ ਤਾਰਾਂ ਦੇ ਉਨ੍ਹਾਂ ਨੇ ਕੀਤਾ ਸੀ. ਉਨ੍ਹਾਂ ਨੇ ਖੁਲ੍ਹੇ-ਦਿਲ ਨਾਲ ਮੱਨਿਆ:

> ਮੈਂ ਹਾਲਾਤ ਬਾਰੇ ਆਪਣੀ ਰੋਜ਼ਾਨਾ ਰਿਪੋਰਟਾਂ ਭੇਜੀਆ ਨੇ. ਉਹ ਸਾਰੀਆਂ ਹੀ ਸ਼ਰਤੀਆ ਤੌਰ ਤੇ ਪੂਰੀ ਨਹੀਂ ਹਨ ਕਿਉਂਕਿ ਹਮਲੇ ਅਤੇ ਕਤਲ ਹੁਣ ਇੰਨੇ ਆਮ ਹੋ ਗਏ ਨੇ ਕਿ ਉਨ੍ਹਾਂ ਦਾ ਪਤਾ ਲਗਾਣਾ ਬੇਹਦ ਮੁਸ਼ਕਲ ਹੈ, ਅਤੇ ਹਕੂਮਤ ਦੀ ਤਬਦੀਲੀ ਲਈ, ਸ਼ੁਰੂਆਤੀ ਤੌਰ ਤੇ, ਕਈ ਸੇਵਾਵਾਂ ਨੂੰ ਦੁਬਾਰਾ ਇੱਕਠਾ ਕੀਤਾ ਜਾ ਰਿਹਾ ਹੈ, ਅਤੇ ਇਸ ਕਰ ਕੇ, ਸਾਡੀ ਤੰਜ਼ੀਮ ਨੂੰ ਜਾਂ ਰਿਪੋਰਟਾਂ ਨੂੰ ਇਕੱਠਾ ਕਰਣ ਅਤੇ ਇਨ੍ਹਾਂ ਦੇ ਵਿਸ਼ਲੇਸ਼ਣ ਦੇ ਇੰਤਜ਼ਾਮ ਨੂੰ ਬਿਹਤਰ ਨਹੀਂ ਕੀਤਾ ਹੈ (Ibid: 228).

ਉਨ੍ਹਾਂ ਨੇ ਆਪਣੇ ਪਹਿਲਾਂ ਦੱਸੇ ਹੋਏ ਵਿਚਾਰ ਨੂੰ ਦੁਹਰਾਇਆ ਕਿ ਪੰਜਾਬ ਬਾਉਂਡਰੀ ਫੋਰਸ ਨੂੰ ਘੱਟ ਤੋਂ ਘੱਟ, 20000 ਅਸਰਦਾਰ ਲੜਾਕੂ ਲੋਕਾਂ ਦੀ ਲੋੜ ਸੀ ਨਾ ਕਿ 7,500 ਜੋ ਇਸ ਦੇ ਕੋਲ ਸੀ (ਜੋ 9,000 ਤੱਕ ਕੀਤੀ ਜਾ ਸਕਦੀ ਸੀ, ਅਗਰ ਬੈਠੀ ਹੋਈ ਟੁਕੜਿਆਂ ਅਤੇ ਜੋ ਟ੍ਰੇਨਿੰਗ ਲੈ ਰਹੇ ਸੀ, ਉਨ੍ਹਾਂ ਨੂੰ ਸ਼ਾਮਲ ਕੀਤਾ ਜਾਂਦਾ). ਉਨ੍ਹਾਂ ਨੇ ਕੁੱਝ ਆਮ ਗੱਲਾਂ ਵੀ ਦੱਸਿਆਂ.

> 1946 ਤਕ, ਸ਼ਹਿਰਾਂ ਤੋਂ ਬਾਹਰ, ਅਸੀਂ ਕਦੀ ਕੋਈ ਵੱਡੀ ਫ਼ਿਰਕੂ ਗੜਬੜੀ ਨਹੀਂ ਵੇਖੀ ਸੀ-ਸ਼ਾਇਦ ਮੇਪਲ੍ਹਾ ਬਘਾਵਤ ਨੂੰ ਛੱਡ ਕੇ. 1947 ਦੇ ਪੰਜਾਬ ਦੇ ਉਪਦਰਵਾਂ ਤੋਂ ਸਾਨੂ ਇਹ ਤਾਲੀਮ ਮਿਲਦੀ ਹੈ ਕਿ ਅਗਰ ਇੱਕ ਵਾਰ, ਬੇਹਦ ਕਰੀਬ ਰਹਿਣ ਵਾਲੇ ਸਮੁਦਾਇ ਸਮੂਚੇ ਦਿਹਾਤੀ ਇਲਾਕਿਆਂ ਤੇ ਝਗੜਣਾ ਸ਼ੁਰੂ ਕਰ ਦੇਂਦੇ ਨੇ ਤੇ, ਇਸ ਦਾ ਇਕੱਲਾ ਇਲਾਜ਼ ਇਹ ਹੈ ਕਿ ਇੱਕ ਵੱਡੀ ਤਦਾਦ ਤੇ ਫ਼ੈਜ਼ ਦਾ ਇਸਤੇਮਾਲ ਕੀਤਾ ਜਾਵੇ. ਮੈਂ ਇਹ ਕਹਿਣਾ ਚਾਹੂੰਗਾ ਕਿ ਅੱਮ੍ਰਿਤਸਰ ਜ਼ਿਲ੍ਹੇ ਤੇ, ਪਹਿਲਾਂ ਤੋਂ ਮੌਜੂਦ ਪੁਲਿਸ ਬਲ ਦੇ ਇਲਾਵਾ, ਇਸ ਵਕਤ ਪੂਰੀ ਤਾਕਤ ਵਾਲੀ ਦੋ ਬ੍ਰਿਗੇਡਾਂ ਦੀ ਲੋੜ ਹੈ. ਦਰਅਸਲ, ਇਥੇ ਇੱਕ ਕਮਜੋਰ ਬ੍ਰਿਗੇਡ, ਅਤੇ ਇੱਕ ਐਦਾਂ ਦਾ ਪੁਲਿਸ ਬਲ ਹੈ ਜੋ ਬਿਖਰ ਗਿਆ ਹੈ.
>
> ਭਵਿੱਖ ਦੇ ਬਾਰੇ ਕੁੱਝ ਵੀ ਪੱਕੇ ਤੌਰ ਤੇ ਕਹਿਣਾ ਨਾਮੁਮਕਿਨ ਹੈ. ਸਿੱਖਾਂ ਦੇ ਜੇਹਨ ਤੇ, ਸ਼ਾਇਦ ਦੋ ਮਕਸਦ ਨੇ-ਉਹ ਰਾਵਲਪਿੰਡੀ ਦੇ ਕਤਲੇਆਮ ਦਾ ਬਦਲਾ ਲੈਣਾ ਚਾਹੁੰਦੇ ਨੇ ਅਤੇ, ਸਰਹੱਦ ਦੇ ਸਵਾਲ ਬਾਰੇ ਆਪਣਾ

ਜ਼ੋਰ ਪਾਉਣਾ ਚਾਹੁੰਦੇ ਨੇ. ਉਨ੍ਹਾਂ ਦੇ ਵਿਵਹਾਰ ਦਾ ਕਿਸੇ ਵੀ ਤਰ੍ਹਾਂ ਬਚਾਉ ਕਰਨਾ, ਨਾਮੁਮਕਿਨ ਹੈ, ਪਰ ਮੁਸਲਿਮ ਰਾਵਲਪਿੰਡੀ ਦੇ ਕਤਲੇਆਮ ਦੁਆਰਾ ਪੈਦਾ ਹੋਣ ਵਾਲੀ ਇੰਤਹਾ ਨਫ਼ਰਤ ਨੂੰ ਸਮਝਣ ਤੇ ਨਾਕਾਮ ਨੇ, ਅਤੇ ਲਗਦਾ ਹੈ ਕਿ ਉਹ ਸੋਚਦੇ ਨੇ ਕਿ ਬਦਲੇ ਦੀ ਕਾਰਵਾਈ ਕਰ ਕੇ ਸਿੱਖਾਂ ਦੀ ਸੋਚ ਨੂੰ ਘੱਟ ਤਸ਼ੱਦਦੀ ਕਰ ਦੇਣਗੇ. ਮੈਨੂੰ ਇਸ ਬਾਰੇ ਬਹੁਤ ਸ਼ੱਕ ਹੈ-ਮੈਂ ਯਕੀਨ ਕਰਦਾ ਹਾਂ ਕਿ ਲਾਹੌਰ ਵਿੱਚ ਮੁਸਲਿਮਾਂ ਦੁਆਰਾ ਕੀਤੀ ਗਈ ਬਦਲੇ ਦੀ ਕਾਰਵਾਈ ਸਿੱਖਾਂ ਨੂੰ ਜ਼ੁਲਮ ਕਰਣ ਲਈ ਹੋਰ ਉਕਸਾਏਗੀ, ਵਗੈਰਾ.

ਹਿੰਦੂ ਡਰੇ ਹੋਏ ਨੇ, ਅਤੇ ਪੂਰਬ ਦੇ ਮੁਸਲਿਮ ਪਰਵਾਸ ਨੂੰ ਪਛੱਮ ਤੇ ਇਸੇ ਤਰ੍ਹਾਂ ਦਾ ਹਿੰਦੂ ਪਰਵਾਸ ਸੰਤੁਲਿਤ ਕਰ ਰਿਹਾ ਹੈ. ਸਾਨੂੰ ਕੁੱਝ ਦੇਰ ਲਈ ਬੰਬ ਧਮਾਕੇ ਦੀ ਹਿੰਦੂ-ਸਿੱਖ ਸਾਜ਼ਸ਼ ਖ਼ਾਰਿਜ਼ ਕਰ ਦੇਨੀ ਪਏਗੀ, ਅਤੇ ਹਿੰਦੂ ਕਿਸੇ ਤਰ੍ਹਾਂ ਨਿਕਲ ਜਾਣ ਦੇ ਸਿਵਾਏ ਹੋਰ ਕੁੱਝ ਨਹੀਂ ਸੋਚ ਰਹੇ ਨੇ.

ਕਈ ਮੁਸਲਿਮ ਕਮਾਲ ਦੇ ਤੌਰ ਤੇ, ਆਪਣੇ ਹਾਲ ਤੇ ਮਸਤ ਨੇ. ਉਹ ਕਹਿੰਦੇ ਨੇ ਕਿ ਜਿਵੇਂ ਹੀ ਬ੍ਰਿਟਿਸ਼ ਚਲੇ ਜਾਉਂਦੇ ਨੇ, ਅਮਨ ਦੀ ਬਹਾਲੀ ਹੋ ਜਾਵੇਗੀ. ਇੱਕ ਲੰਬੇ ਵਕਤ ਤੋਂ ਅਫ਼ਵਾਹ ਚਲ ਰਹੀ ਹੈ ਕਿ ਦੌਲਤਾਨਾ ਅਤੇ ਉਸ ਦੇ ਹਮਖ਼ਿਆਲੀ, ਹਕੂਮਤ ਦੀ ਤਬਦੀਲੀ ਤੋਂ ਪਹਿਲਾਂ, ਪਿਛਲੇ ਕੁੱਝ ਹਫ਼ਤੇਆਂ ਤੋਂ, ਜ਼ਿਆਦਾ ਤੋਂ ਜ਼ਿਆਦਾ ਗੜਬੜੀ ਕਰਨਾ ਚਾਹੁੰਦੇ ਨੇ, ਤਾਂਕਿ ਬ੍ਰਿਟਿਸ਼ ਹਕੂਮਤ ਨੂੰ ਬਦਨਾਮ ਕੀਤਾ ਜਾ ਸਕੇ. ਅਗਰ ਇਹ ਸਹੀ ਹੈ, ਤੇ ਲਗਦਾ ਹੈ ਇਹ ਗੱਲ ਉਨ੍ਹਾ ਨੂੰ ਸਮਝ ਨਹੀਂ ਆਈ ਹੈ ਕਿ ਅਗਰ 15 ਅਗਸਤ ਦੀ ਸਵੇਰੇ ਮੁਸਲਿਮਾਂ ਦੁਆਰਾ ਕੀਤਾ ਜਾ ਰਿਹਾ, ਸਾਰਾ ਤਸ਼ੱਦਦ ਖ਼ਤਮ ਹੋ ਜਾਉਂਦਾ ਹੈ ਤੇ, ਇਹ ਇੱਕਦਮ ਸਾਫ਼ ਹੋ ਜਾਵੇਗਾ ਕਿ ਸਾਰੇ ਕਤਲੇਆਮਾਂ ਦੀ ਤੰਜ਼ੀਮ, ਇਣ ਰਹਨੁਮਾਵਾਂ ਨੇ ਖੁਦ ਕਰਾਈ ਸੀ...ਕੁੱਝ ਮੁਸਲਿਮ ਬੇਹਦ ਜ਼ਿਆਦਾ ਪਰੇਸ਼ਾਨ ਨੇ, ਅਤੇ ਇੱਕ ਬੇਹਦ ਨੇਕ ਮੁਸਲਿਮ ਪੁਲਿਸ ਅਫਸਰ ਨੇ ਹੁਣੇ ਹੀ ਅਸਤੀਫ਼ਾ ਦਿੱਤਾ ਹੈ. ਮੈਨੂੰ ਦੱਸਿਆ ਗਿਆ ਹੈ ਕਿ ਉਹ ਇੱਕ ਪੂਰੀ ਤਰ੍ਹਾਂ ਫ਼ਿਰਕੂ ਸਰਕਾਰ ਦੇ ਥਲੇ ਕੱਮ ਕਰਣ ਵਿੱਚ, ਨਾਕਾਬਲ ਮਹਿਸੁਸ ਕਰ ਰਿਹਾ ਸੀ (Ibid: 231).

ਪੰਦਰਵਾੜੇ ਦੀ ਰਿਪੋਰਟ ਇੱਕ ਜਜ਼ਬਾਤੀ ਤੌਰ ਤੇ ਖ਼ਤਮ ਹੁੰਦੀ ਹੈ: 'ਮੈਨੂੰ ਲਗਦਾ ਹੈ, ਇਹ ਇੱਕ ਬ੍ਰਿਟਿਸ਼ ਗਵਰਨਰ ਦੁਆਰਾ ਇੱਕ ਬ੍ਰਿਟਿਸ਼ ਵਾਇਸਰਾਏ ਨੂੰ ਭੇਜਿਆ ਜਾਣ ਵਾਲਾ ਆਖਰੀ ਪੱਤਰ ਹੈ. ਇਹ ਆਪਣੇ ਨਾਲ ਮਾਣਯੋਗ ਲਈ, ਮੇਰੀ ਤਰਫ਼ੋਂ ਬੇਹਤਰੀਨ ਮੁਬਾਰਕਾਂ ਦਾ ਪੈਘਾਮ ਲੈ ਜਾ ਰਿਹਾ ਹੈ' (Ibid: 232).

ਆਖਰੀ ਟੈਲੀਗ੍ਰਾਮ

ਜੇਨਕੀਨਸ ਦੇ ਦਫ਼ਤਰ ਦੇ ਆਖ਼ਰੀ ਦਿਨ, ਪੰਜਾਬ ਪੂਰੀ ਤਰ੍ਹਾਂ ਹਨੇਰਗਰਦੀ ਅਤੇ ਬੇਤਰਤੀਬੀ ਵਿੱਚ ਚਲਾ ਗਿਆ. 14 ਅਗਸਤ ਨੂੰ ਰਾਤ 9:10 ਵਜੇ ਭੇਜੀ ਆਖਰੀ ਟੈਲੀਗ੍ਰਾਮ ਤੇ ਜੇਨਕੀਨਸ ਨੇ ਲਾਹੌਰ ਸ਼ਹਿਰ ਅਤੇ ਅੱਮ੍ਰਿਤਸਰ ਜ਼ਿਲ੍ਹੇ ਦੇ ਹਾਲਾਤਾਂ ਨੂੰ ਸਭ ਤੋਂ ਗੈਰ-ਤਸੱਲੀਬਖ਼ਸ਼ ਦੱਸਿਆ. ਮੱਧ ਪੰਜਾਬ ਤੇ ਸਿੱਖਾਂ ਦੀ ਸਰਗਰਮੀਆਂ ਦਾ, ਬਦਲਾ ਲੈਣ ਲਈ, ਰਾਵਲਪਿੰਡੀ ਤੇ ਦੋ ਗਡੀਆਂ ਉਪਰ , ਮੁਮਕਿਨ ਤੌਰ ਤੇ ਮੁਸਲਿਮਾਂ ਨੇ ਹਮਲਾ ਕੀਤਾ ਸੀ. ਇਸ ਦਾ ਆਖਰੀ ਜੁਮਲਾ ਸੀ: 'ਇਣ ਹਾਲਾਤਾ ਦਾ ਸਾਹਮਣਾ ਹੁਣ ਨਵੀਂ ਹਕੂਮਤ ਨੂੰ ਕਰਨਾ ਪਏਗਾ' (Ibid: 234).

15 ਅਗਸਤ ਤੋਂ ਪਹਿਲਾਂ ਦਾ ਜਬਰਨ ਪਰਵਾਸ

ਨਾ ਤੇ ਜੇਨਕੀਨਸ ਨਾ ਹੀ ਅਖ਼ਤਰ ਹੁਸੈਨ ਨੇ ਕੋਈ ਅੰਦਾਜ਼ਾ ਲਾਇਆ ਸੀ ਕਿ, ਮਜਬੁਰਨ ਆਪਣੇ ਘਰ ਛੱਡ ਕੇ ਕਿੰਨੇ ਹਿੰਦੂ, ਮੁਸਲਿਮ ਜਾਂ ਸਿੱਖ ਇੰਡੀਆ ਅਤੇ ਪਾਕਿਸਤਾਨ ਆਜ਼ਾਦ ਹੋਣ ਤੋਂ ਪਹਿਲਾਂ, ਭੱਜ ਗਏ. ਪੂਰਬੀ ਪੰਜਾਬ ਤੇ ਤੰਜ਼ੀਮ ਕੀਤੇ ਹਮਲੇ ਜੁਲਾਈ ਤੋਂ ਪਹਿਲਾਂ ਸੁਰੂ ਨਹੀਂ ਹੋਏ ਸੀ. ਜੇਨਕੀਨਸ ਨੇ ਗੌਰ ਕੀਤਾ ਕਿ ਮੁਸਲਿਮਾਂ ਦੀ ਪਛੱਮ ਦੀ ਤਰਫ਼, ਪਹਿਲੀ ਹਿਜਰਤ 12 ਅਗਸਤ ਨੂੰ ਹੋਈ ਸੀ. ਦੂਜੀ ਤਰਫ਼, ਹਿੰਦੂ ਅਤੇ ਸਿੱਖ, ਹਿਫ਼ਾਜ਼ਤੀ ਇਲਾਕਿਆਂ ਤੇ ਪਹਿਲਾਂ ਤੋਂ ਹੀ ਜਾ ਰਹੇ ਸੀ, ਜਦ 1945 ਤੇ ਇੰਤਖ਼ਾਬ ਦੀ ਮੁਹਿੰਮ, ਪੱਕੇ ਤੌਰ ਤੇ ਸ਼ੁਰੂ ਹੋਈ ਸੀ, ਅਤੇ ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼ ਅੱਤਵਾਦੀ ਨਾਅਰੇਬਾਜ਼ੀ ਕੀਤੀ ਗਈ ਸੀ. ਐਨ.ਡਬਲੂ.ਐਫ.ਪੀ. ਦੇ ਹਜ਼ਾਰਾ ਜ਼ਿਲ੍ਹੇ ਦੇ ਫ਼ਸਾਦਾਂ ਅਤੇ ਮਾਰਚ ਤੇ ਹੋਏ ਦੰਗੇਆਂ ਦੇ ਬਾਅਦ, ਮੁਲਤਾਨ ਦੇ ਸਿੱਖ ਅਤੇ ਖ਼ਾਸ ਕਰ ਕੇ ਰਾਵਲਪਿੰਡੀ ਡਿਵੀਜ਼ਨ ਦੇ ਕੁੱਝ ਜ਼ਿਲ੍ਹਾਂ ਦੇ ਸਿੱਖ, ਇੱਕ ਵੱਡੀ ਤਦਾਦ ਤੇ, ਹਿਫ਼ਾਜ਼ਤੀ ਮੱਧ ਅਤੇ ਪੂਰਬੀ ਪੰਜਾਬ ਚਲੇ ਗਏ. ਮੇਜਰ ਜਨਰਲ ਫ਼ਜ਼ਲ ਮੁਕੀਮ ਖ਼ਾਨ ਨੇ ਮਾਰਚ ਦੇ ਫ਼ਸਾਦਾਂ ਬਾਰੇ ਇਹ ਕਿਹਾ:

> 1947 ਦੇ ਬਸੰਤ ਤੇ ਪੰਜਾਬ ਦੇ ਕੁੱਝ ਇਲਾਕਿਆਂ ਤੇ ਹੋਈ ਗੜਬੜੀ ਦੇ ਬਾਅਦ, ਕੋਈ 2 ਜਾਂ 3 ਲੱਖ ਸਿੱਖ ਅਤੇ ਹਿੰਦੂ, ਆਪਣੀ ਮਰਜੀ ਨਾਲ ਪਛੱਮ ਪੰਜਾਬ, ਐਨ.ਡਬਲੂ.ਐਫ.ਪੀ. ਅਤੇ ਬਲੁਚਿਸਤਾਨ ਤੋਂ ਪਰਵਾਸ ਕਰ ਗਏ, ਕਿਉਂਕਿ ਉਨ੍ਹਾ ਨੂੰ ਲਗਦਾ ਸੀ ਇਹ ਇਲਾਕੇ ਪਾਕਿਸਤਾਨ ਤੇ ਸਾਮਲ ਹੋਣਗੇ. ਇਣ ਪਰਵਾਸੀ ਲੋਕਾਂ ਦਾ ਚਾਲਾਕੀ ਨਾਲ ਇਸਤੇਮਾਲ ਕਰ ਕੇ ਮੁਸਲਿਮਾਂ ਦੇ ਖ਼ਿਲਾਫ਼ ਨਫ਼ਰਤ ਪੈਦਾ ਕੀਤੀ ਗਈ. ਝੂਠੀ ਕਹਾਨਿਆਂ ਦੱਸਿਆਂ ਗਈਆਂ; ਹਕੀਕਤ ਤੇ ਹੋਈ ਘਟਨਾਵਾਂ ਉਪਰ, ਅਕਸਰ ਨਾਟਕ ਖੇਲੇ ਗਏ (Khan, 1963:62).

ਹੋਰ ਘੱਟ ਤੋਂ ਘੱਟ 2 ਲੱਖ ਲੋਕ ਸ਼ਰਤਿਆ ਤੌਰ ਤੇ ਬਸੰਤ ਦੇ ਫ਼ਸਾਦਾਂ ਦੇ ਬਾਅਦ, ਭੱਜ ਗਏ ਸੀ. ਇਸ ਦਾ ਮਤਲਬ ਇਹ ਹੈ ਕਿ ਘੱਟ ਤੋਂ ਘੱਟ 5 ਲੱਖ ਹਿੰਦੂ ਅਤੇ ਸਿੱਖ ਪੂਰਬੀ ਪੰਜਾਬ ਅਤੇ ਉਣ ਇਲਾਕਿਆਂ ਤੇ ਜਾ ਚੂਕੇ ਸੀ, ਜੋ ਆਜ਼ਾਦੀ ਦੇ ਵਕਤ ਇੰਡੀਆ ਦਾ ਹਿੱਸਾ ਬਣੇ.

ਲਾਹੌਰ ਛੱਡ ਕੇ ਗਏ ਲੋਕ

ਮਸ਼ਹੂਰ ਭਾਰਤੀ ਪੇਂਟਰ ਸਤੀਸ਼ ਗੁਜਰਾਲ ਐਬੱਟ ਰੋਡ ਉਪਰ ਸਥਿਤ ਨਿਸ਼ਾਤ ਸਿਨੇਮਾ ਦੇ ਨਜਦੀਕ ਰਹਿੰਦੇ ਸੀ, ਜੋ ਇੱਕ ਮਹਿਫ਼ੂਜ ਇਲਾਕਾ ਲਗਦਾ ਸੀ ਅਤੇ ਇਸ ਦੇ ਆਲੇ-ਦੁਆਲੇ, ਦੂਜੇ ਹਿੰਦੂ ਮਹੱਲੇ ਸਨ. ਪਰ ਅਗਸਤ ਵਿੱਚ ਕੋਈ ਵੀ ਜਗ੍ਹ, ਹਿੰਦੂਆਂ ਅਤੇ ਸਿੱਖਾਂ ਲਈ ਮਹਿਫ਼ੂਜ਼ ਨਹੀਂ ਸੀ. ਉਹ ਲਿਖਦੇ ਨੇ:

> ਮੇਰੇ ਕੋਲ ਬਸ ਇੰਨਾ ਹੀ ਵਕਤ ਸੀ ਕਿ ਮੈਂ ਕਿਸੇ ਤਰ੍ਹਾਂ ਭੱਜ ਜਾਂਵਾ, ਇਸ ਤੋਂ ਪਹਿਲਾਂ ਕਿ, ਮੇਰਾ ਜੋ ਥੋੜਾ ਬਹੁਤ ਸੀ, ਉਸ ਨੂੰ ਲੁਟਣ ਲਈ ਬਦਮਾਸ਼ ਆਉਣ. ਸਿਰਫ਼ ਇੱਕ ਮਹਿਫ਼ੂਜ ਜਗ੍ਹ ਮੈਨੂੰ ਯਾਦ ਆਈ ਅਤੇ ਉਹ ਸੀ ਲਾਜਪਤ ਰਾਏ ਭਵਨ, ਜਿੱਥੇ ਮੇਰੇ ਪਿਤਾ ਦੇ ਦੋਸਤ ਲਾਲਾ ਅਚਿੰਤ ਰਾਮ ਅਤੇ ਦੂਜੇ ਸਾਥੀ ਜਿਨ੍ਹਾਂ ਦਾ ਤਾਲੁੱਕ, ਸਰਵੇਂਟਸ ਔਫ ਦੀ ਪਿਪਲ ਸੋਸਾਇਟੀ ਨਾਲ ਸੀ, ਠਹਿਰੇ ਹੋਏ ਸੀ. ਮੈਂ ਪੰਜ ਕਿਲੋਮੀਟਰ ਦਾ ਰਾਹ ਭੱਜਦੇ ਹੋਏ ਪਾਰ ਕੀਤਾ. ਕਈ ਦੂਜੇ ਲੋਕ ਵੀ ਉਸ ਮੁਸਲਿਮ ਭੀੜ ਤੋਂ ਬਚਣ ਲਈ ਭੱਜ ਰਹੇ ਸੀ, ਜੋ ਆਪਣਾ ਭਿਅੰਕਰ ਗੁੱਸਾ, ਹਿੰਦੂਆਂ ਅਤੇ ਸਿੱਖਾਂ ਦੀ ਜ਼ਿੰਦਗੀ ਅਤੇ ਸੰਪਤੀ ਉਪਰ ਕੱਢਣਾ ਚਾਹੁੰਦੀ ਸੀ (Gujral, 1997:73).

ਸਤੀਸ਼ ਗੁਜਰਾਲ ਪੰਜਾਬ ਦੇ ਹਿੰਦੂਆਂ ਉਪਰ ਇਲਜ਼ਾਮ ਲਗਾਉਂਦੇ ਨੇ ਕਿ ਉਹ ਮੁਸਲਿਮਾਂ ਦੇ ਖ਼ਿਲਾਫ਼, ਛੂਆ-ਛੂਤ ਦਾ ਅਮਲ ਕਰਦੇ ਸੀ. ਉਨ੍ਹਾਂ ਨੇ ਜ਼ਿਕਰ ਕੀਤਾ ਕਿ ਜਿਹਲਮ ਤੇ, ਉਸ ਦੇ ਪਿਤਾ ਨੇ ਦੋਨੋ ਸਮੁਦਾਇਆਂ ਨੂੰ ਕਰੀਬ ਲਾਉਣ ਦੀ ਕੋਸ਼ਿਸ਼ ਕੀਤੀ ਪਰ, 'ਜੋ ਹਿੰਦੂ ਕਾਂਗਰੇਸ ਤੇ ਸ਼ਾਮਲ ਹੋਏ ਸੀ, ਉਹ ਮੁਲਕ ਦੀ ਆਜ਼ਾਦੀ ਬਾਰੇ ਬੇਹਦ ਜੋਸ਼ ਵਿੱਚ ਸਨ, ਪਰ ਉਹ ਮੁਸਲਿਮਾਂ ਨਾਲ ਦੋਸਤਾਨਾ ਸਲੂਕ ਕਰਣ ਬਾਰੇ ਜਾਂ ਛੂਆ-ਛੂਤ ਦੀ ਤਰਫ਼ ਆਪਣੇ ਰਵਇਏ ਨੂੰ ਬਦਲਣ ਲਈ, ਰਜਾਮੰਦ ਨਹੀਂ ਸਨ' (Ibid: 77). ਜਿਹਲਮ ਤੇ, ਹਿੰਦੂਆਂ ਅਤੇ ਸਿੱਖਾਂ ਉਪਰ ਕਬਾਇਲੀ ਪਠਾਨਾਂ ਦੇ ਹਮਲੇ ਬਾਰੇ ਉਹ ਜ਼ਿਕਰ ਕਰਦੇ ਨੇ. ਇੰਡੀਆ ਦੀ ਸਰਹੱਦ ਦੇ ਅੰਦਰ, ਉਹ ਮੁਸਲਿਮਾਂ ਦੇ ਉਪਰ ਹੋਏ ਜ਼ੁਲਮ ਦੇ ਚਸ਼ਮਦੀਦ ਗਵਾਹ ਨੇ. ਉਹ ਲਿਖਦੇ ਨੇ:

> ਸਭ ਤੋਂ ਬਦਤਰ ਜ਼ੁਲਮ, ਅੱਮ੍ਰਿਤਸਰ ਤੇ ਮੁਸਲਿਮ ਕੁੜਿਆਂ ਦੇ ਇੱਕ ਹਾਸਟਲ (ਛਾਤ੍ਰਾਵਾਸ) ਉਪਰ ਕੀਤਾ ਗਿਆ ਹਮਲਾ ਸੀ (ਇਹ 15 ਅਗਸਤ 1947 ਦੀ ਗੱਲ ਹੈ). ਇਣ ਆਵਾਸਣਾ ਦੇ ਕਪੜੇ ਜਬਰਦਸਤੀ ਉਤਰਵਾ ਦਿੱਤੇ ਗਏ, ਅਤੇ ਸ਼ਹਿਰ ਦੇ ਮੁੱਖ ਬਾਜ਼ਾਰ, ਹਾਲ ਬਾਜ਼ਾਰ ਤੇ ਉਨ੍ਹਾਂ ਨੂੰ ਇੱਕ ਜਲੂਸ ਵਿੱਚ ਚਲਾਇਆ ਗਿਆ. ਉਥੇ ਉਣ ਕੁੜਿਆਂ ਦਾ ਸਾਮੂਹਿਕ ਜਬਰ ਜਨਾਹ ਕਰ ਕੇ, ਸਭ ਤੋਂ ਵਿਕਰਤ ਸਲੂਕ ਕੀਤਾ ਗਿਆ, ਜੋ ਕੋਈ ਵੀ ਕਰੁਰ ਕਾਮ ਵਾਸਨਾ ਵਾਲਾ ਦਿਮਾਗ ਕਲਪਨਾ ਕਰ ਸਕਦਾ ਸੀ, ਅਤੇ ਇਸ ਦੇ ਬਾਅਦ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ (Ibid:80).

ਕੁਮਾਰ ਚੰਦ

ਪ੍ਰੋਫ਼ੇਸਰ ਅੰਜਲੀ ਗੇਰਾ ਰੌਇ, ਜੋ ਖੁਦ ਪਹਿਲਾਂ ਲਾਇਲਪੁਰ ਰਹਿਣ ਵਾਲੇ ਇੱਕ ਹਿੰਦੂ ਅਰੋੜਾ ਪਰਵਾਰ ਨਾਲ ਤਾਲੁੱਕ ਰਖਦੀ ਨੇ, ਮੇਰੇ ਨਾਲ ਸਿੰਗਾਪੁਰ ਤੇ, ਤਕਸੀਮ ਦੇ ਮੁੱਦੇ ਬਾਰੇ ਗੱਲਬਾਤ ਕਰ ਰਹੀ ਸਨ. 2010 ਤੇ ਇੱਕ ਦਿਨ, ਉਹ ਮੈਨੂੰ ਸਿੰਗਾਪੁਰ ਤੇ ਆਪਣੇ ਘਰ ਲੈ ਆਈ ਤਾਂਕਿ ਮੈਂ ਕੁਮਾਰ ਅਤੇ ਮੀਰਾ ਚੰਦ ਨੂੰ ਮਿਲ ਸਕਾਂ. ਮੈਂ ਉਨਾਂ ਦੀ ਦਾਸਤਾਨ ਪਹਿਲਾਂ ਸੁਣੀ ਸੀ ਪਰ ਪ੍ਰਕਾਸ਼ਨ ਤੋਂ ਪਹਿਲਾਂ ਮੈਂ ਇਸ ਨੂੰ ਦੁਬਾਰਾ ਟੈਲੀਫੋਨ ਦੁਆਰਾ ਪੱਕਾ ਕੀਤਾ. ਕੁਮਾਰ ਚੰਦ ਨੇ 1947 ਤੇ, ਲਾਹੌਰ ਤੋਂ ਫ਼ਰਾਰ ਹੋਣ ਦੀ ਆਪਣੀ ਦਾਸਤਾਨ ਇਣ ਲਫ਼ਜ਼ਾਂ ਦੇ ਦੱਸੀ:

> 'ਅਸੀਂ, ਇੱਕ ਸਿੰਧੀ ਵਪਾਰੀ ਪਰਵਾਰ ਲਾਹੌਰ ਤੇ 1940 ਦੇ ਦਹਾਕੇ ਤੇ ਆ ਕੇ ਵਸ ਗਏ ਸੀ. ਕਈ ਮੁਖ਼ਤਲਿਫ਼ ਜਗ੍ਹਾਂ ਤੇ ਰਹਿਣ ਦੇ ਬਾਅਦ, ਅਸੀਂ ਕਿਲਾ ਗੁਜਰ ਸਿੰਘ ਤੇ ਵੱਸ ਗਏ, ਜਿੱਥੇ ਹਿੰਦੂਆਂ, ਸਿਖਾਂ ਅਤੇ ਮੁਸਲਿਮਾਂ ਦੀ ਰਲੀ-ਮਿਲੀ ਆਬਾਦੀ ਸੀ. ਕਈ ਹਫ਼ਤੇਆਂ ਤੋਂ ਲਾਹੌਰ ਦੇ ਫ਼ਸਾਦ ਹੋ ਰਹੇ ਸੀ. ਮੇਰੀ ਮਾਤਾ ਅਤੇ ਭੈਣ ਨੂੰ ਇੱਕ ਹਿਫ਼ਾਜ਼ਤੀ ਪਹਾੜੀ ਸਹਿਰ ਤੇ ਭੇਜ ਦਿੱਤਾ ਗਿਆ ਸੀ. ਅਗਸਤ ਦੀ ਇੱਕ ਸ਼ਾਮ, ਬਦਮਾਸ਼ਾਂ ਦੀ ਇੱਕ ਟੋਲੀ, ਸਾਡੇ ਇਲਾਕੇ ਤੇ ਇਕੱਠਾ ਹੋ ਗਈ. ਉਹ ਕਤਲ ਅਤੇ ਲੁੱਟ-ਪਾਟ ਕਰਣ ਲਗੇ. ਅਸੀਂ ਬੇਹਦ ਡਰ ਗਏ. ਅਸੀਂ ਘਰ ਦੇ ਪਿਛਲੇ ਦਰਵਾਜੇ ਤੋਂ ਨਿਕਲ ਕੇ ਗਲੀ ਦੀ ਤਰਫ਼ ਭੱਜੇ. ਇਸ ਨੇ ਸਾਨੂ ਬਚਾ ਦਿੱਤਾ ਕਿਉਂਕਿ ਹਮਲਾਵਾਰ ਘਰ ਲੁੱਟਣ ਤੇ ਮਸ਼ਗੂਲ ਹੋ ਗਏ. ਪਰ, ਜਲਦ ਹੀ ਕੁੱਝ ਬਦਮਾਸ਼ ਸਾਡੇ ਪਿੱਛੇ ਦੌੜਣ ਲਗ ਗਏ, ਪਰ ਅਸੀਂ ਤਦ ਤੱਕ ਮੁੱਖ ਸੜਕ ਤੇ ਆ ਗਏ ਸੀ ਅਤੇ, ਇੱਕ ਕੈਂਪ ਤੇ ਪਨਾਹ ਲੀਤੀ, ਜਿਸ ਨੂੰ ਲਾਹੌਰ ਰੇਲਵੇ ਸਟੇਸ਼ਨ ਦੇ ਨਜਦੀਕ ਸਥਾਪਤ ਕੀਤਾ ਗਿਆ ਸੀ. ਮੌਤ ਦੇ ਨਾਲ, ਮੇਰੀ ਉਹ ਮੁਲਾਕਾਤ, ਮੈਂ ਕਦੀ ਨਹੀਂ ਭੁੱਲ ਸਕਦਾ.'

ਪ੍ਰਾਨ ਨੇਵਿਲ

'ਮੈਂ 1946 ਤੇ ਦਿੱਲੀ ਤੇ ਇੱਕ ਸਰਕਾਰੀ ਨੌਕਰੀ ਦੀ ਮੁਲਾਜ਼ਮਤ ਕੀਤੀ, ਪਰ ਮੇਰੇ ਮਾਤਾ-ਪਿਤਾ ਲਾਹੌਰ ਤੇ ਸਨ, ਜਦ ਦੰਗੇ ਸ਼ੁਰੂ ਹੋਏ. ਇੱਕ ਦਿਨ ਜੂਨ ਦੇ ਮਹੀਨੇ ਤੇ, ਮੇਰੇ ਪਿਤਾ ਮੁਘਲਪੁਰਾ ਤੇ ਕਿਸੇ ਨੂੰ ਮਿਲ ਕੇ, ਇੱਕ ਤਾਂਗੇ ਤੇ ਬੈਠ ਕੇ, ਵਾਪਸ ਆ ਰਹੇ ਸੀ. ਮੁਸਲਿਮ ਬਦਮਾਸ਼ਾਂ ਦੀ ਇੱਕ ਟੋਲੀ ਨੇ, ਉਨ੍ਹਾਂ ਦੇ ਦਸਤਾਰ ਬੱਨ੍ਹਣ ਦੇ ਲਹਜੇ ਨਾਲ ਪਛਾਣ ਲੀਤਾ, ਕਿ ਉਹ ਇੱਕ ਹਿੰਦੂ ਸਨ. ਉਹ ਮੇਰੇ ਪਿਤਾ ਉਪਰ ਹਮਲਾ ਕਰਣ ਹੀ ਵਾਲੇ ਸੀ ਕਿ, ਉਨ੍ਹਾਂ ਦੇ ਵਿੱਚ ਇੱਕ ਸ਼ਕਸ, ਜਿਸ ਦਾ ਕਦੀ ਮੇਰੇ ਪਿਤਾ ਨੇ ਭਲਾ ਕੀਤਾ ਸੀ, ਦੂਜੇਆਂ ਨੂੰ ਰੋਕ ਦਿੱਤਾ. ਦਰਅਸਲ, ਉਹ ਮੇਰੇ ਪਿਤਾ ਨੂੰ ਬੀਡਨ ਰੋਡ ਤੱਕ ਛੱਡ ਕੇ ਆਇਆ, ਜੋ ਇੱਕ ਮਹਿਫ਼ੂਜ ਇਲਾਕਾ ਸੀ. ਹਾਲਾਂਕਿ ਮੇਰੇ ਪਰਵਾਰ ਦੇ ਕਰੀਬੀ ਸਦੱਸ ਲਾਹੌਰ ਛੱਡ ਕੇ ਜਾ ਚੁਕੇ ਸੀ, ਮੇਰੇ ਕਈ ਸਕੂਲ ਦੇ ਅਧਿਆਪਕ ਅਤੇ ਪ੍ਰੋਫ਼ੈਸਰ ਮਾਰੇ ਗਏ.

'ਮੇਰੇ ਪਿਤਾ ਡਾਕ ਦਫ਼ਤਰ ਤੇ ਕੱਮ ਕਰਦੇ ਸੀ. ਉਨ੍ਹਾਂ ਨੇ ਸੱਚ-ਮੁੱਚ, ਪਾਕਿਸਤਾਨ ਲਈ ਆਪਣੀ ਮਰਜ਼ੀ ਦੱਸੀ. ਜਦ ਹਾਲਾਤ ਬਿਲਕੁਲ ਬਦਤਰ ਹੋ ਗਏ, ਤਦ ਉਨ੍ਹਾਂ ਦੇ ਮੁਸਲਿਮ ਸਹਕਰਮੀਆਂ ਨੇ ਉਨ੍ਹਾਂ ਨੂੰ ਲਾਹੌਰ ਛੱਡਣ ਲਈ ਰਾਜ਼ੀ ਕੀਤਾ. ਉਨ੍ਹਾਂ ਨੇ ਕਿਹਾ: 'ਪੰਡਤ ਜੀ, ਤੁਸੀਂ ਕੁੱਝ ਵਕਤ ਲਈ ਜਾ ਸਕਦੇ ਹੋ, ਅਤੇ ਜਦ ਕਾਨੂੰਨ ਅਤੇ ਵਿਵਸਥਾ ਦੀ ਬਹਾਲੀ ਹੋ ਜਾਉਂਦੀ ਹੈ, ਤਦ ਵਾਪਸ ਆ ਸਕਦੇ ਹੋ.' 14 ਅਗਸਤ ਨੂੰ ਉਨ੍ਹਾਂ ਨੇ ਅੱਮ੍ਰਿਤਸਰ ਦੀ ਤਰਫ਼ ਗੱਡੀ ਦੀ ਸਵਾਰੀ ਕੀਤੀ. ਉਨ੍ਹਾਂ ਦੇ ਦੋਸਤਾਂ ਨੇ ਉਨ੍ਹਾਂ ਦਾ ਅਤੇ ਮੇਰੀ ਮਾਂ ਦਾ ਸਟੇਸ਼ਨ ਤੱਕ ਸਾਥ ਦਿੱਤਾ ਅਤੇ ਇੱਕ ਡੱਬੇ ਤੇ ਜਿਸ ਵਿੱਚ ਕਈ ਯੂਰੋਪਿਆਨ ਮੌਜੂਦ ਸਨ, ਸੀਟਾਂ ਲੱਭ ਕੇ, ਉਨ੍ਹਾਂ ਨੂੰ ਬਿਠਾ ਦਿੱਤਾ. ਉਹ ਅੱਮ੍ਰਿਤਸਰ ਤੇ ਠੀਕ-ਠਾਕ ਪਹੁੰਚ ਗਏ, ਪਰ ਤਿੰਨ ਹਫ਼ਤੇਆਂ ਤੱਕ ਸਾਨੂ ਉਨ੍ਹਾਂ ਦਾ ਕੋਈ ਅਤਾ-ਪਤਾ ਮਾਲੂਮ ਨਹੀਂ ਸੀ. ਮੇਰੇ ਪਿਤਾ ਲਾਹੌਰ ਛੱਡਣ ਦੇ ਸਦਮੇ ਨੂੰ, ਕਦੀ ਭੁੱਲ ਨਹੀਂ ਸਕੇ. ਉਨ੍ਹਾਂ ਦੀ ਪੋਸਟਿੰਗ ਅੰਬਾਲਾ ਛਾਉਣੀ ਤੇ ਸੀ, ਜਿੱਥੇ 1954 ਤੇ, ਇੱਕ ਟੁੱਟੇ-ਦਿਲ ਨਾਲ, ਉਹ 58 ਸਾਲ ਦੀ ਉਮਰ ਤੇ ਸਵਰਗਵਾਸੀ ਹੋ ਗਏ.'

ਨਿਰਮਲ ਤੇਜ ਸਿੰਘ ਚੋਪੜਾ

'ਤਕਸੀਮ ਤੋਂ ਪਹਿਲਾਂ ਦੇ 1947 ਦੇ ਲਾਹੌਰ, ਜੋ ਇੰਡੀਆ ਦੇ ਪੰਜਾਬ ਸੂਬੇ ਦੀ ਰਾਜਧਾਨੀ ਸੀ, ਉਥੇ ਦੀ ਆਪਣੀ ਜ਼ਿੰਦਗੀ ਅਤੇ ਘਟਨਾਵਾਂ ਨੂੰ ਦੁਬਾਰਾ ਯਾਦ ਕਰਨਾ ਬੇਹਦ ਤਸੀਹੇ ਦੇਣ ਵਾਲਾ ਤਜਰੁਬਾ ਹੈ. ਲਾਹੌਰ ਕਤਲ, ਜਬਰ ਜਨਾਹ, ਅੱਗਜਨੀ, ਲੁੱਟ-ਪਾਟ ਅਤੇ ਦੂਜੇ ਘਿਣਾਉਣੇ ਜੁਰਮਾਂ ਦਾ ਇੱਕ ਸ਼ਹਿਰ ਬਣ ਗਿਆ ਸੀ. 'ਅਸੀਂ ਕੁਚਾ ਮੋਟਾ ਸਿੰਘ ਤੇ ਰਹਿੰਦੇ ਸੀ, ਜੋ ਇੱਕ ਪਤਲੀ ਗਲੀ ਸੀ, ਜੋ ਸ਼ਾਹਆਲਮੀ ਦਰਵਾਜ਼ੇ ਦੇ ਅੰਦਰ, ਅੰਦਰੁਨ ਸ਼ਹਿਰ ਦੇ ਮੱਧ ਅਤੇ ਅੰਦਰ ਵਾਲੇ ਇਲਾਕੇ ਤੇ ਸੀ ਅਤੇ ਇਹ ਸ਼ਹਿਰ ਦਾ ਉਹ ਹਿੱਸਾ ਸੀ ਜਿੱਥੇ ਹਿੰਦੂ ਪ੍ਰਬਲ ਸਨ. ਇਹ ਗਲੀ, ਮੇਨ ਬਾਜ਼ਾਰ (ਰੋਡ) ਤੋਂ ਹੱਟ ਕੇ ਸੀ ਅਤੇ ਇਸ ਦਾ ਨਾਮਕਰਣ ਮੇਰੇ ਪਰਦਾਦਾ ਦੇ ਨਾਂਅ ਉਪਰ ਕੀਤਾ ਗਿਆ ਸੀ. ਸਾਡਾ ਪੁਸ਼ਤੈਨੀ ਘਰ, ਪੰਜ ਮੰਜ਼ਿਲਾ ਉੱਚਾ ਸੀ, ਜੋ ਇੱਕ ਕਾਫ਼ੀ ਵਡੀ ਇਮਾਰਤ ਸੀ ਜੋ ਦੋ ਗਲੀਆਂ ਉਪਰ ਫੈਲੀ ਹੋਈ ਸੀ, ਜਿਸ ਵਿੱਚ 18 ਕਮਰੇ ਸੀ (ਜ਼ਿਆਦਾਤਰ ਕਮਰੇਆਂ ਦੀ ਛੱਤਾਂ ਕਾਫ਼ੀ

ਉੱਚੀਆਂ ਸਨ), ਜਿੱਥੇ ਮੈਂ, ਅਤੇ ਤਿੰਨ ਵੱਡੇ ਭਰਾ ਹੋਰ ਦੋ ਵੱਡੀ ਭੈਣਾਂ ਪੈਦਾ ਹੋਏ ਅਤੇ ਪਲੇ, ਵੱਡੇ ਹੋਏ. ਸਾਡੀ ਘਰ ਦੀ ਛੱਤ ਤੋਂ, ਅਸੀਂ ਸਾਰੇ ਸ਼ਹਿਰ ਨੂੰ ਵੇਖ ਸਕਦੇ ਸੀ.

'ਮੇਰੇ ਪਿਤਾ, ਜੋ ਮਿਲਿਟਰੀ ਅਕਾਉਂਟਸ ਤੇ ਇੱਕ ਡਿਪਟੀ ਕੰਟਰੋਲਰ ਦੀ ਹੈਸੀਅਤ ਤੇ ਰਿਟਾਇਰ ਹੋਏ ਸੀ, ਉਨ੍ਹਾਂ ਦੀ ਸਾਡੇ ਮਹੱਲੇ ਤੇ ਰਹਿਣ ਵਾਲੇ ਸਾਰੇ ਪਰਵਾਰ ਬਹੁਤ ਇਜ਼ੱਤ ਕਰਦੇ ਸੀ. ਉਥੇ ਹੋਰ ਦਸ ਘਰ ਸੀ ਅਤੇ ਇੱਕ ਕਾਫ਼ੀ ਵਡੀ ਹਵੇਲੀ ਵੀ ਸੀ, ਜਿੱਥੇ, ਖ਼ਾਸ ਕਰ ਕੇ ਹਿੰਦੂ ਪਰਵਾਰ ਰਹਿੰਦੇ ਸੀ, ਪਰ ਤਿੰਨ ਮੁਸਲਿਮ ਪਰਵਾਰ ਵੀ ਮੌਜੂਦ ਸਨ. ਨਾ ਸਿਰਫ਼ ਸਾਡੀ ਗਲੀ ਤੇ ਬਲਕਿ ਆਲੇ-ਦੁਆਲੇ ਦੀ ਗਲਿਆਂ ਤੇ ਵੀ ਸਾਡਾ ਇਕੱਲਾ ਸਿੱਖ ਪਰਵਾਰ ਸੀ. ਪਰ, ਹਿੰਦੂ, ਸਿੱਖ ਅਤੇ ਮੁਸਲਿਮ ਸਭ ਦੇ ਰਿਸ਼ਤੇ ਪੂਰੇ ਇਕਸਾਰ ਸਨ, ਅਤੇ ਸਾਰੇ ਤਿਉਹਾਰ ਜੈਦਾਂ ਕਿ ਦੀਵਾਲੀ, ਈਦ ਅਤੇ ਹੋਲੀ ਇੱਕ ਸਾਥ ਮਣਾਉਂਦੇ ਸੀ. ਤਿਉਹਾਰਾਂ ਅਤੇ ਵਿਆਹ-ਸ਼ਾਦੀਆਂ ਦੇ ਮੌਕੇਆਂ ਤੇ, ਇੱਕ ਦੂਜੇ ਨੂੰ ਤੋਹਫੇ, ਤਿਉਹਾਰ ਦੇ ਖਾਣੇ ਅਤੇ ਦੂਜੀ ਚੀਜਾਂ ਦੇਣ ਦਾ ਰਿਵਾਜ ਸੀ. ਸਾਡੇ ਮਹੱਲੇਆਂ ਦੇ ਛੋਟੇ ਵੱਡੇ ਸਾਰੇ ਘਰ, ਅਤੇ ਅੰਦਰੁਨ ਸ਼ਹਿਰ ਦੇ ਜ਼ਿਆਦਾ ਅੰਦਰ ਵਾਲੇ ਮਹੱਲੇ ਦੇ ਘਰ ਵੀ, ਇੱਕ ਦੂਜੇ ਨਾਲ, ਜੁੜੇ ਹੋਏ ਸੀ.

'ਮੇਰੇ ਤਿੰਨ ਵਡੇ ਭਰਾ ਇੰਡੀਅਨ ਫ਼ੌਜ਼ ਦੇ ਅਫ਼ਸਰ ਸਨ ਅਤੇ ਵੱਡੇ ਦੋ ਸ਼ਾਦੀ-ਸ਼ੁਦਾ ਸਨ ਅਤੇ ਉਨ੍ਹਾਂ ਦੇ ਬੱਚੇ ਵੀ ਸੀ. ਮੇਰਾ ਗੈਰ ਸ਼ਾਦੀ-ਸ਼ੁਦਾ ਭਰਾ ਸਿੰਗਾਪੁਰ ਤੇ ਬ੍ਰਿਟਿਸ਼ ਇੰਡੀਅਨ ਫ਼ੌਜ਼ ਦੀ ਸੇਵਾ ਕਰ ਰਿਹਾ ਸੀ. 1947 ਤੇ, ਮੈਂ 17 ਸਾਲਾਂ ਦਾ ਸੀ ਅਤੇ ਐਫ.ਸੀ.ਕਾਲਜ, ਲਾਹੌਰ ਤੇ ਬੀ.ਏ. ਕਰ ਰਿਹਾ ਸੀ ਅਤੇ ਆਪਣੇ ਮਾਤਾ-ਪਿਤਾ ਅਤੇ ਭੈਣ ਨਾਲ, ਸਾਡੇ ਲਾਹੌਰ ਦੇ ਘਰ ਤੇ ਰਹਿੰਦਾ ਸੀ.

'ਹਾਲਾਤ ਮਾਰਚ/ਅਪ੍ਰੈਲ 1947 ਤੋਂ ਬਦਤਰ ਹੋਣ ਲਗੇ. ਲਾਹੌਰ ਤੇ ਹਿੰਦੂ-ਮੁਸਲਿਮ ਫ਼ਸਾਦ, ਅਕਸਰ ਹੋਣ ਲਗੇ. ਅਸੀਂ ਜਲਦ ਖਰਾਬ ਨਹੀਂ ਹੋਣ ਵਾਲਾ ਜ਼ਰੂਰੀ ਸਾਮਾਨ ਇਕੱਠਾ ਕਰਣ ਲਗੇ. ਬ੍ਰਿਟਿਸ਼ ਦੇ ਇਸ ਐਲਾਨ ਦੇ ਬਾਅਦ ਕਿ ਇੰਡੀਆ ਨੂੰ ਆਜ਼ਾਦ ਕਰ ਦਿੱਤਾ ਜਾਵੇਗਾ, ਅਤੇ ਮੁਲਕ ਦੀ ਇੰਡੀਆ ਅਤੇ ਪਾਕਿਸਤਾਨ, ਦੋ ਮੁਲਕਾਂ ਵਿੱਚ ਤਕਸੀਮ ਕਰ ਕੇ, ਪੰਜਾਬ ਦੇ ਦੋ ਹਿੱਸੇ ਕੀਤੇ ਜਾਣਗੇ, ਪੂਰਬੀ ਪੰਜਾਬ ਇੰਡੀਆ ਤੇ ਜਾਵੇਗਾ ਅਤੇ ਪਛੱਮ ਪੰਜਾਬ ਪਾਕਿਸਤਾਨ ਨੂੰ, ਤਣਾਅ ਬੇਹਦ ਵਧ ਗਿਆ. ਅੰਤਰਰਾਸ਼ਟਰੀ ਸਰਹੱਦ ਦੀ ਹਦਬੰਦੀ ਦੀ ਕੋਈ ਪੱਕੀ ਰੇਖਾ ਦੀ ਗੈਰ-ਮੌਜੂਦਗੀ ਦੇ ਚਲਦੇ, ਪ੍ਰਦਰਸ਼ਨ, ਵਿਰੋਧ, ਹੜਤਾਲਾਂ ਵਗੈਰਾ, ਲਾਹੌਰ ਅਤੇ ਇਸ ਦੇ ਆਲੇ-ਦੁਆਲੇ ਦੇ ਸ਼ਹਿਰਾਂ ਅਤੇ ਇਲਾਕਿਆਂ ਤੇ, ਸ਼ੁਰੂ ਹੋ ਗਏ.

'ਪਰ, ਸਾਨੂ ਤਾਜੀ ਸਬਜ਼ੀਆਂ, ਫਲ, ਦੁੱਧ ਅਤੇ ਜਲਦ ਖਰਾਬ ਹੋ ਜਾਣ ਵਾਲੀ ਖਾਉਣ ਦੀ ਚੀਜਾਂ, ਬਾਜ਼ਾਰ ਤੋਂ ਬਹੁਤ ਜ਼ਿਆਦਾ ਕੀਮਤ ਤੇ ਖਰੀਦਣੀ ਪੈ ਰਹੀ ਸੀ. ਕਰਫਿਊ ਜ਼ਿਆਦਾਤਰ ਤੌਰ ਤੇ, ਰਾਤ ਨੂੰ ਲਾਗੂ ਹੁੰਦਾ ਸੀ. ਸਾਡੀ ਗਲੀ ਦੇ ਦਾਖਲੇ ਤੇ, ਸਾਡਾ ਇੱਕ ਬੇਹਦ ਪੁਰਾਣਾ, ਮਜਬੂਤ, ਮੋਟਾ ਚੌੜਾ ਗੇਟ ਸੀ. ਉਣ ਦਿਨਾਂ ਤੇ, ਅਸੀਂ ਇਸ ਨੂੰ ਅੰਦਰ ਦੀ ਤਰਫ਼ੋਂ ਬੰਦ ਕਰ ਕੇ ਤਾਲਾ ਮਾਰ ਦੇਂਦੇ ਸੀ, ਖ਼ਾਸ ਕਰ ਕੇ, ਰਾਤ ਨੂੰ ਅਤੇ ਕਦੀ ਕਦਾਰ ਦਿਨ ਦੇ ਵਕਤ ਵੀ, ਜਦ ਅਸੀਂ ਬਾਹਰ ਕੋਈ ਭੀੜ ਇਕੱਠਾ ਹੁੰਦੇ ਵੇਖਦੇ ਸੀ. ਨਾਲ ਦੀ ਗਲਿਆਂ ਵੀ ਬੇਹਦ ਪਤਲੀਆਂ ਸਨ ਅਤੇ ਸਾਡੀ ਗਲੀ ਦੇ ਬਾਹਰ ਦੀ ਗਲੀ ਇੱਕ ਆਮ ਗਲੀ ਸੀ, ਜੋ ਕਿਸੇ ਨੂੰ ਵੀ ਅੰਦਰੁਨ ਸਹਿਰ ਦੇ ਕਿਸੇ ਵੀ ਇਲਾਕੇ ਤੇ ਲੈ ਜਾ ਸਕਦੀ ਸੀ. ਜੂਨ, ਜੁਲਾਈ ਅਤੇ ਅਗਸਤ 1947 ਦੀ ਕੁੱਝ ਘਟਨਾਵਾਂ ਨੂੰ, ਜੋ ਅਸੀਂ ਲੱਗਭਗ ਰੋਜ਼ ਆਪਣੇ ਘਰ ਦੀ ਤੀਜੇ ਅਤੇ ਚੌਥੇ ਮੰਜ਼ਿਲ ਦੀ ਬਾਰੀਆਂ ਤੋਂ ਵੇਖਦੇ ਸੀ, ਮੈਂ ਹੁਣ ਵੀ ਉਨ੍ਹਾਂ ਦਾ ਜ਼ਿਕਰ ਕਰਣ ਲਗੇ ਡਰਦਾ ਹਾਂ, ਘਬਰਾਉਂਦਾ ਹਾਂ.

'ਸਾਡੀ ਗਲੀ ਦੇ ਗੇਟ ਦੇ ਬਾਹਰ, ਮੈਂ ਵੇਖਿਆ ਹੈ ਕਿਸ ਤਰ੍ਹਾਂ ਬਦਮਾਸ਼ਾਂ ਦੇ ਗੁਟਾਂ ਨੇ ਬੰਦੇਆਂ, ਔਰਤਾਂ ਅਤੇ ਬੱਚੇਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ. ਉਹ ਕਈ ਵਾਰ, ਲਹੂਲੁਹਾਨ ਲਾਸ਼ਾਂ ਨੂੰ ਨਜਦੀਕ ਦੇ ਇੱਕ ਖੁਲ੍ਹੇ ਥਾਂ ਤੇ ਸੁਟ ਦੇਂਦੇ ਪਰ ਕੁੱਝ ਲਾਸ਼ਾਂ ਨੂੰ ਇੱਕ ਛੋਟੇ ਖੂਹ ਤੇ ਸੁੱਟ ਦਿੱਤਾ ਗਿਆ, ਜੋ ਸਾਡੀ ਗਲੀ ਦੇ ਬਾਹਰ ਸੀ. ਕਦੀ ਕਦਾਰ ਅਸੀਂ ਰਾਹਗੀਰ ਮੁਸਲਿਮਾਂ ਨੂੰ ਹਿੰਦੂਆਂ ਦੁਆਰਾ ਕਤਲ ਹੁੰਦੇ ਵੀ ਵੇਖਿਆ, ਪਰ ਜ਼ਿਆਦਾਤਰ, ਮੁਸਲਿਮ ਗੁੰਡੇ ਬੇਕਸੂਰ ਲੋਕਾਂ ਉਪਰ ਜ਼ੁਲਮ ਕਰਦੇ ਅਤੇ ਕਤਲ ਕਰਦੇ ਦਿਖਦੇ ਸੀ.

'ਮੈਂ ਜਵਾਨ ਮੁਸਲਿਮਾਂ ਨੂੰ ਛੋਟੀ ਉਮਰ ਦੀ ਕੁੜਿਆਂ ਨੂੰ, ਬੇਸ਼ਰਮੀ ਨਾਲ, ਉਨ੍ਹਾਂ ਦੇ ਹੀ ਰੋਂਦੇ ਹੋਏ ਮਾਤਾ-ਪਿਤਾ ਦੇ ਸਾਹਮਣੇ, ਜਿਨ੍ਹਾਂ ਨੂੰ ਉਸ ਗਿਰੋਹ ਦੇ ਦੂਜੇ ਬਦਮਾਸ਼ਾਂ ਨੇ ਕਸ ਕੇ ਫੱੜ ਕੇ ਰਖਿਆ ਹੁੰਦਾ ਸੀ, ਜਬਰ ਜਨਾਹ ਕਰਦੇ ਵੇਖਿਆ, ਅਤੇ ਇਸ ਦੇ ਬਾਅਦ ਸਭ ਦਾ ਕਤਲ ਕਰਦੇ ਵੇਖਿਆ. ਕੁੱਝ ਘਟਨਾਵਾਂ ਤੇ ਔਰਤਾਂ ਦੇ ਸੀਨੇ ਕਰੂਰਤਾ ਨਾਲ ਵੱਢ ਦਿੱਤੇ ਗਏ ਅਤੇ ਇਸ ਦੇ ਬਾਅਦ ਉਨ੍ਹਾਂ ਨੂੰ ਮਾਰ ਦਿੱਤਾ ਗਿਆ. ਸਾਨੂ ਨਜਦੀਕ ਦੇ ਗੁਜਰਨ ਵਾਲੇ ਲੋਕਾਂ ਤੋਂ ਪਤਾ ਚਲ ਰਿਹਾ ਸੀ ਇਸ ਤਰ੍ਹਾਂ ਦੀ ਵਾਰਦਾਤਾਂ ਸਾਰੇ ਸ਼ਹਿਰ ਤੇ ਹੋ ਰਹਿਆਂ ਸਨ.

'ਮੈਨੂੰ ਯਕੀਨ ਹੈ ਕਿ ਕੋਈ ਵੀ ਹਿੰਦੂ ਜਾਂ ਮੁਸਲਿਮ, ਆਪਣੇ ਹੋਸ਼ ਹਵਾਸ ਕਾਇਮ ਰਖਦੇ ਹੋਏ ਇਸ ਤਰ੍ਹਾਂ ਦੇ ਬੇਰਹਿਮ ਅਤੇ ਕਰੂਰ ਜ਼ੁਲਮਾਂ ਵਿੱਚ ਹਿੱਸਾ ਨਹੀਂ ਲੈ ਸਕਦਾ ਸੀ. ਇਹ ਇੱਕ ਇੰਤਹਾ ਜਨੁਨੀਪਨ ਸੀ ਜਿਸ ਨੇ ਹਿੰਦੂਆਂ ਅਤੇ ਮੁਸਲਿਮਾਂ ਨੂੰ, ਮਜ਼ੂਬ ਦੇ ਨਾਂਅ ਤੇ, ਅਤੇ ਜਿਸ ਦੇ ਉਪਰ ਸਿਆਸਤ ਦਾ ਰੰਗ ਚੜ੍ਹਿਆ ਹੋਇਆ ਸੀ, ਇਣ ਫ਼ਿਰਕੂ ਫ਼ਸਾਦਾਂ ਵਿੱਚ ਹਿੱਸਾ ਲੈਣ ਲਈ ਮਜਬੂਰ ਕੀਤਾ. 'ਜੂਨ ਅਤੇ ਜੁਲਾਈ ਦੇ ਮਹੀਨੇ ਤੇ, ਉਪਦਰਵੀਆਂ ਦੇ ਮਜਮੇ ਨੇ, ਸ਼ਹਿਰ ਦੇ ਇਧਰ-ਉਧਰ ਦੀ ਇਮਾਰਤਾਂ ਨੂੰ ਸਾੜਣ ਦੀ ਆਪਣੀ ਹਰਕਤਾਂ ਵਧਾ ਦਿੱਤਿਆਂ. ਰਾਤ ਨੂੰ ਅੱਗ ਦੇ ਗੋਲੇ, ਜੋ ਪੁਰਾਣੇ ਕਪੜੇਆਂ ਅਤੇ ਲੀਰੇਆਂ ਨਾਲ ਤਿਆਰ ਕਰ ਕੇ, ਪੇਟ੍ਰੋਲ ਜਾਂ ਕਿਰਾਸਨ ਤੇਲ ਵਿੱਚ ਗਿੱਲੇ ਕੀਤੇ ਜਾਂਦੇ ਸੀ, ਛੱਤਾ ਤੋਂ ਉੜਦੇ ਹੋਏ ਅਤੇ ਆਪਣੇ ਨਿਸ਼ਾਨੇ ਵਾਲੇ ਘਰਾਂ ਤੇ ਡਿਗਦੇ ਅਤੇ ਉਨ੍ਹਾਂ ਨੂੰ ਜਲਦੇ ਹੋਏ, ਵੇਖਿਆ ਜਾ ਸਕਦਾ ਸੀ.

'ਸਾਡੇ ਕਈ ਲੋਕਾਂ ਨੂੰ ਯਕੀਨ ਹੋ ਗਿਆ ਸੀ ਕਿ ਇਣ ਬਦਮਾਸ਼ਾਂ ਅਤੇ ਗੁੰਡੇਆਂ ਨੂੰ, ਕੁੱਝ ਮੁਸਲਿਮ ਅਫ਼ਸਰ ਵਧਾਵਾ ਅਤੇ ਹਿਫ਼ਾਜ਼ਤ ਦੇ ਰਹੇ ਸੀ, ਤਾਂਕਿ ਹਿੰਦੂ ਆਬਾਦੀ ਨੂੰ ਭੱਜਾ ਦਿੱਤਾ ਜਾਵੇ. ਮੈਨੂੰ ਨਾਂਅ ਯਾਦ ਨਹੀਂ ਨੇ, ਪਰ ਕੁੱਝ ਨਾਂਅ ਦਾ ਜ਼ਿਕਰ ਖੁਲ੍ਹੇ-ਆਮ ਹੋ ਰਿਹਾ ਸੀ. ਪਰ, ਉਨ੍ਹਾਂ ਅਫ਼ਸਰਾਂ ਦੇ ਖ਼ਿਲਾਫ਼ ਵੱਡੇ ਅਧਿਕਾਰੀਆਂ ਨੇ ਕੋਈ ਕਾਰਵਾਈ ਨਹੀਂ ਕੀਤੀ.

'ਸਾਡੀ ਗਲੀ ਦੇ ਇੱਕ ਮੁਸਲਿਮ ਪਰਵਾਰ ਵਿੱਚ ਰਫੀਕ ਦੇ ਨਾਂਅ ਦਾ ਇੱਕ ਨੌਜਵਾਨ ਰਹਿੰਦਾ ਸੀ. ਉਹ ਇੱਕ ਦਬੰਗ ਕਿਸਮ ਦਾ ਸ਼ਕਸ ਸੀ. ਉਸ ਦੀ ਵਜ੍ਹਾ ਨਾਲ, ਸਾਡੀ ਗਲੀ ਮਹਿਫ਼ੂਜ਼ ਸੀ ਅਤੇ ਕਿਸੇ ਵੀ ਘਰ ਉਪਰ ਅੱਗ ਦਾ ਗੋਲਾ ਨਹੀਂ ਸੁੱਟਿਆ ਗਿਆ. ਹਾਂ, ਉਣ ਦਿਨਾਂ ਤੇ ਵੀ ਰਫੀਕ ਨੇ ਸਾਡੀ ਸੁਰੱਖਿਆ ਕੀਤੀ ਕਿਉਂਕਿ ਉਹ ਸਾਡਾ ਗੁਆਂਢੀ ਸੀ. ਦੂਜੀ ਤਰਫ਼, ਮੇਰੇ ਪਿਤਾ ਮੁਸਲਿਮਾਂ ਦੀ ਹਿਫ਼ਾਜ਼ਤ ਕਰਦੇ ਸੀ, ਜੋ ਸਾਡੀ ਗਲੀ ਤੇ ਰਹਿੰਦੇ ਸੀ. ਪਰ ਜੂਨ ਦੇ ਆਖ਼ਰ ਤਕ, ਮੁਸਲਿਮ ਪਰਵਾਰ ਗੈਰ-ਮਹਿਫ਼ੂਜ਼ ਮਹਿਸੁਸ ਕਰਣ ਲਗੇ ਅਤੇ ਮੁਸਲਿਮ ਇਲਾਕਿਆਂ ਤੇ ਰਹਿਣ ਲਈ ਚਲੇ ਗਏ. ਕੁੱਝ ਹਿੰਦੂ ਪਰਵਾਰ ਵੀ ਸਾਡੀ ਗਲੀ ਨੂੰ ਛੱਡ ਕੇ ਜ਼ਿਆਦਾ ਮਹਿਫ਼ੂਜ਼ ਇਲਾਕਿਆਂ ਤੇ ਚਲੇ ਗਏ.

'ਆਪਣੇ ਮਹੱਲੇ ਤੇ ਸਾਡਾ ਪਰਵਾਰ ਬੇਹਦ ਗੈਰ-ਮਹਿਫ਼ੂਜ਼ ਮਹਿਸੂਸ ਕਰਣ ਲਗਾ. ਸਾਡੇ ਗਲੀ ਤੇ ਜਾਂ ਨਜਦੀਕ, ਕੋਈ ਟੈਲੀਫੋਨ ਨਹੀਂ ਸੀ. ਸਾਡੀ ਜ਼ਿੰਦਗੀ ਖ਼ਤਰੇ ਵਿੱਚ ਸੀ ਪਰ ਅਸੀਂ ਕੁੱਝ ਕਰ ਨਹੀਂ ਸਕਦੇ ਸੀ. ਅਸੀਂ ਸਿਰਫ਼ ਰੱਬ ਅਗੇ ਪ੍ਰਾਥਨਾ ਕਰ ਸਕਦੇ ਸੀ, ਉਮੀਦ ਅਤੇ ਇੰਤਜ਼ਾਰ ਕਰ ਸਕਦੇ ਕਿ ਸਾਨੂ ਕਿਸੇ ਹਿਫ਼ਾਜ਼ਤੀ ਜਗ੍ਹ ਤੇ ਲੈ ਜਾਇਆ ਜਾਵੇ.

'ਮੇਰਾ ਭਰਾ, ਕਰਨਲ ਗੁਰਚਰਨ ਸਿੰਘ ਚੋਪੜਾ, ਜੋ ਨਵੀਂ ਦਿੱਲੀ ਦੇ ਸੁਰੱਖਿਆ ਬਲ ਦੇ ਮੁੱਖ ਦਫ਼ਤਰ ਤੇ ਮੁਲਾਜ਼ਮ ਸਨ, ਉਨ੍ਹਾਂ ਨੇ ਅਧਿਕਾਰਿਕ ਤੋਰ ਤੇ, ਆਪਣੇ ਬ੍ਰਿਟਿਸ਼ ਅਫ਼ਸਰਾਂ ਦੀ ਮਦਦ ਨਾਲ, ਇੱਕ ਸਟੇਸਨ ਵੈਗਨ ਦਾ ਇੰਤਜ਼ਾਮ ਕੀਤਾ, ਜਿਸ ਵਿੱਚ ਬ੍ਰਿਟਿਸ਼ ਸਿਪਾਹੀਆਂ ਨੂੰ ਸੁਰੱਖਿਆ ਸਟਾਫ ਦੇ ਤੌਰ ਤੇ, ਨਾਲ ਲੈ ਕੇ ਸਾਨੂੰ ਲਾਹੌਰ ਤੋਂ ਲੈ ਆਉਣ ਦਾ ਇਰਾਦਾ ਕੀਤਾ. ਹਰ ਕਿਸਮ ਦੇ ਖ਼ਤਰੇ ਅਤੇ ਜ਼ੋਖ਼ਿਮ ਦਾ ਸਾਹਮਣਾ ਕਰਦੇ ਹੋਏ, ਮੇਰਾ ਭਰਾ 2 ਅਗਸਤ 1947 ਨੂੰ ਸਾਨੂੰ ਬਚਾ ਕੇ ਕੈ ਜਾਣ ਲਈ ਆਇਆ. ਗੱਡੀ ਨੂੰ, ਸਾਡੀ ਗਲੀ ਦੇ ਬਾਹਰ, ਮੁੱਖ ਸੜਕ ਤੇ ਰੋਕ ਕੇ, ਅਤੇ ਬ੍ਰਿਟਿਸ਼ ਸਿਪਾਹੀਆਂ ਦੀ ਹਿਫ਼ਾਜ਼ਤ ਵਿੱਚ, ਉਹ ਘਰ ਆਇਆ ਅਤੇ ਸਾਨੂ, ਉਸ ਦੇ ਨਾਲ ਤੁਰੰਤ ਨਿਕਲਣ ਨੂੰ ਕਿਹਾ. ਉਸ ਨੇ ਕਿਹਾ ਕਿ ਵਕਤ ਬਹੁਤ ਘੱਟ ਸੀ ਅਤੇ ਇੱਕ ਮਿਨਟ ਦਾ ਇੰਤਜ਼ਾਰ ਵੀ ਬੇਹਦ ਖ਼ਤਰਨਾਕ ਹੋ ਸਕਦਾ ਸੀ. ਬੜੇ ਭਾਰੀ ਦਿੱਲ ਨਾਲ, ਮੇਰੇ ਮਾਤਾ-ਪਿਤਾ, ਮੇਰੀ ਭੈਣ ਅਤੇ ਮੈਂ, ਜੋ ਪੋਸ਼ਾਕ ਅਸੀਂ ਪਾਈ ਹੋਈ ਸੀ, ਉਸੇ ਵਿੱਚ, ਬਗੈਰ ਕੁੱਝ ਵੀ ਲੀਤੇ ਉਸ ਘਰ ਨੂੰ ਛੱਡ ਦਿੱਤਾ.

'ਜਦ ਅਸੀਂ ਉਸ ਕਾਫ਼ੀ ਸੁਰੱਖਿਆ ਵਾਲੇ ਸਟੇਸ਼ਨ ਵੈਗਨ ਵਿੱਚ ਨਿਕਲੇ, ਜਿਸ ਦੇ ਬਾਹਰ ਬ੍ਰਿਟਿਸ਼ ਸਿਪਾਹੀ ਟੈਮੀ ਗਨ ਨਾਲ ਲੈਸ ਸਨ, ਅਸੀਂ ਹੁੜਦੰਗੀ ਭੀੜ ਨੂੰ ਸੜਕ ਦੇ ਉਪਰ ਅਤੇ ਦੋਨੋ ਪਾਸੇ ਵੇਖਿਆ. ਸ਼ਾਹਆਲਮੀ ਦਰਵਾਜ਼ੇ ਦੀ ਇਮਾਰਤਾਂ ਇਧਰ-ਉਧਰ ਜਲ ਰਹਿਆਂ ਸੀ. ਫ਼ਸਾਦ ਕਰਣ ਵਾਲੇ ਸਿਰਫ਼ ਮਿਲਿਟਰੀ ਦੇ ਲੋਕਾਂ, ਖ਼ਾਸ ਕਰ ਕੇ, ਟੈਮੀ ਗਨ ਨਾਲ ਲੈਸ ਬ੍ਰਿਟਿਸ਼ ਅਫਸਰਾਂ ਤੋਂ ਹੁਣ ਵੀ ਡਰਦੇ ਸੀ. ਸਾਡੇ ਬ੍ਰਿਟਿਸ਼ ਡ੍ਰਾਇਵਰ ਨੇ ਇਕੱਠਾ ਹੋਈ ਭੀੜ ਦੇ ਵਿੱਚ ਤੋਂ, ਬੜੀ ਤੇਜ ਗੱਡੀ ਚਲਾਈ ਅਤੇ ਅਖੀਰਕਾਰ ਅਸੀਂ ਦਿੱਲੀ ਪਹੁੰਚ ਗਏ.

'ਅਸੀਂ ਆਪਣੀ ਸਾਰੀ ਅਤੇ ਹਰ ਤਰ੍ਹਾਂ ਦੀ ਸੰਪਤੀ ਗੁਆ ਬੈਠੇ. ਅਚਾਨਕ ਮੇਰੇ ਪਿਤਾ ਕੰਗਾਲ ਅਤੇ ਬੇਘਰ, ਅਤੇ ਅਸੀਂ ਸਭ ਪਨਾਹਗੀਰ ਬਣ ਗਏ. ਫਿਰ ਵੀ ਅਸੀਂ ਵਾਹਿਗੁਰੂ ਦੇ ਸ਼ੁਕਰਗੁਜ਼ਾਰ ਸੀ ਕਿ ਅਸੀਂ ਸਾਰੇ ਜ਼ਿੰਦਾ ਅਤੇ ਇੱਕ ਸਾਥ ਸੀ. ਅਸੀਂ ਖੁਸ਼ਕਿਸਮਤ ਸੀ ਕਿ ਸਾਡੇ ਭਰਾ ਕਰਨਲ ਚੋਪੜਾ ਨੇ ਸਾਨੂ ਬਿਲਕੁਲ ਅਖੀਰੀ ਵਕਤ ਤੇ ਬਚਾ ਲੀਤਾ ਅਤੇ ਸਾਨੂ ਆਪਣੇ ਨਵੀਂ ਦਿੱਲੀ, ਇੰਡੀਆ ਦੇ ਬੰਗਲੇ ਤੇ ਰਹਿਣ ਲਈ ਥਾਂ ਦਿੱਤੀ.

ਹਰਕਿਸ਼ਨ ਸਿੰਘ ਸੁਰਜੀਤ

'ਅਗਸਤ 1947 ਤੇ ਮੈਂ ਲਾਹੌਰ ਤੇ ਸੀ. ਸਾਨੂ ਜੋ ਸਿਆਸਤੀ ਤੌਰ ਤੇ ਸਜਗ ਸੀ, ਇਹ ਸਾਫ਼ ਸੀ ਕਿ ਲਾਹੌਰ ਪਾਕਿਸਤਾਨ ਨੂੰ ਦਿੱਤਾ ਜਾਵੇਗਾ ਕਿਉਂਕਿ ਅੱਮ੍ਰਿਤਸਰ ਦੇ ਬਾਅਦ ਅਤੇ ਵਾਹਗਾ ਦੇ ਬਾਅਦ, ਮੁਸਲਿਮ ਬਹੁਸੰਖਅਕ ਸਨ ਅਤੇ ਲਾਹੌਰ ਤੇ ਮੁਸਲਿਮ ਮਜਾਰਿਟੀ ਬਿਲਕੁਲ ਸਾਫ਼ ਸੀ. ਮੈਂ 12 ਅਗਸਤ ਨੂੰ ਲਾਹੌਰ ਛੱਡ ਕੇ ਅਪਨੇ ਪਿੰਡ ਜਲੰਧਰ ਵਾਪਸ ਆ ਗਿਆ. ਦੂਜੇ ਕਾਮਰੇਡ, ਜੈਦਾਂ ਕਿ ਸੋਹਨ ਸਿੰਘ ਜੋਸ਼ ਕੁੱਝ ਦਿਨ ਪਹਿਲਾਂ ਹੀ ਲਾਹੌਰ ਛੱਢ ਚੁਕੇ ਸੀ. ਤੇਜਾ ਸਿੰਘ ਸਵਤਨਤਰ ਤਕਸੀਮ ਦੇ ਕੁੱਝ ਦਿਨ ਬਾਅਦ ਆਏ. ਜਦ ਮੈਂ 1946 ਤੋਂ

ਪਹਿਲਾਂ, ਪਛੱਮ ਪੰਜਾਬ ਤੇ ਰਹਿਣ ਬਾਰੇ ਦੁਬਾਰਾ ਸੋਚਦਾ ਹਾਂ, ਮੈਨੂੰ ਤਿੰਨ ਫ਼ਿਰਕੇਆਂ ਦੇ ਵਿੱਚ ਕੋਈ ਦੁਸ਼ਮਨੀ ਨਜ਼ਰ ਨਹੀਂ ਆਈ. ਪਰ, ਹਾਲਾਤ ਜਲਦ ਤਬਦੀਲ ਹੋ ਗਏ. ਇੱਕ ਦੂਜੇ ਨੂੰ, ਜਿਸ ਤਰ੍ਹਾਂ ਲੋਕ ਵੇਖਦੇ ਸੀ, ਇਹ ਬਦਲ ਗਿਆ ਸੀ. ਕੋਈ ਮਹਿਫ਼ੂਜ਼ ਨਹੀਂ ਸੀ. ਮੈਂ ਲਾਹੌਰ ਛੱਡਣਾ ਨਹੀਂ ਚਾਹੁੰਦਾ ਸੀ, ਪਰ ਮੇਰੇ ਦੋਸਤਾਂ ਨੇ ਮੈਨੂੰ, ਕੁੱਝ ਵਕਤ ਲਈ, ਚਲੇ ਜਾਣ ਦੀ ਸਲਾਹ ਦਿੱਤੀ. ਹਾਲ ਦੇ ਸਾਲਾਂ ਤੋਂ, ਮੈਂ ਕਈ ਵਾਰ ਲਾਹੌਰ ਦਾ ਦੌਰਾ ਕਰਨਾ ਚਾਹੁੰਦਾ ਸੀ ਪਰ ਕੱਟੜਵਾਦੀ ਖਾਲਿਸਤਾਨੀ ਸਿੱਖਾਂ (ਜਿਨ੍ਹਾਂ ਦੇ ਲਾਹੌਰ ਤੇ 1980 ਦੇ ਦਹਾਕੇ ਤੋਂ ਠਿਕਾਣੇ ਰਹੇ ਨੇ) ਦੀ ਧਮਕਿਆਂ ਨੇ ਮੈਨੂੰ ਰੋਕ ਦਿੱਤਾ ਹੈ.'

ਸੁਰਜੀਤ ਨੇ ਮਾਰਚ 2005 ਵਿੱਚ, ਦੂਜੇ ਕਮਿਊਨਿਸਟਾਂ ਨਾਲ ਪਾਕਿਸਤਾਨ ਦਾ ਦੌਰਾ ਕੀਤਾ. ਉਹ ਨਾ ਸਿਰਫ਼ ਆਪਣੇ ਪੁਰਾਣੇ ਤਕਸੀਮ ਤੋਂ ਪਹਿਲਾਂ ਦੇ ਕਮਿਊਨਿਸਟ ਦੋਸਤਾਂ ਨਾਲ ਮਿਲੇ, ਖ਼ਾਸ ਕਰ ਕੇ ਸੀ.ਆਰ.ਅਸਲਮ, ਬਲਕਿ ਇਸ ਵਫ਼ਦ ਨੂੰ ਪਾਕਿਸਤਾਨੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਵੀ ਮਿਲੇ, ਜਿਨ੍ਹਾਂ ਨੇ ਉਨ੍ਹਾਂ ਦੇ ਦੁਬਾਰਾ ਇੰਡੀਅਨ ਸਰਕਾਰ ਨੂੰ ਇੰਡੀਆ ਅਤੇ ਪਾਕਿਸਤਾਨ ਦੇ ਦਰਮਿਆਨ, ਰਿਸ਼ਤੇ ਠੀਕ ਕਰਣ ਦੀ ਜ਼ਰੂਰਤ ਬਾਰੇ, ਇੱਕ ਪੈਘਾਮ ਭੇਜਿਆ.

ਗਿਆਨੀ ਮਹਿੰਦਰ ਸਿੰਘ

'ਮੈਂ ਲਾਹੌਰ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧੀ ਦੇ ਨਜਦੀਕ, ਸਾਧਾਰਣ ਸਥਾਨਕ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਸੀ. ਮੈਨੂੰ ਇੱਕ ਸਟੇਸ਼ਨ ਵੈਗਨ ਦਿੱਤਾ ਗਿਆ ਸੀ ਤਾਂਕਿ ਮੈਂ ਲਾਹੌਰ ਦੀ ਉਣ ਜਗ੍ਹਾਂ ਤੋਂ ਸਿੱਖਾਂ ਨੂੰ ਬਚਾ ਸਕਾ ਜਿੱਥੇ ਉਨ੍ਹਾਂ ਦੇ ਉਪਰ ਹਮਲਾ ਕੀਤਾ ਹਾ ਰਿਹਾ ਸੀ. 12 ਅਗਸਤ ਤਕ, ਹਿੰਦੂ ਅਤੇ ਸਿੱਖ ਬੇਹਦ ਪਰੇਸ਼ਾਨ ਸਨ. 12 (13) ਅਗਸਤ ਨੂੰ, ਮੁਜ਼ੰਗ ਦੇ ਮਸ਼ਹੂਰ ਸਿੱਖ ਗੁਰਦੁਆਰੇ ਛੇਵੀਂ ਪਾਤਸ਼ਾਹੀ ਨੂੰ ਅੱਗ ਲਗਾ ਦਿੱਤੀ ਗਈ. ਹਮਲਾ ਸਵੇਰੇ ਕੀਤਾ ਗਿਆ. ਸਰਦਾਰ ਸਵਰਨ ਸਿੰਘ, ਸਰਦਾਰ ਕਪੂਰ ਸਿੰਘ, ਸਰਦਾਰ ਸੰਪੂਰਣ ਸਿੰਘ ਅਤੇ ਡਾ.ਗੋਪੀ ਚੰਦ ਭਾਰਗਵ, ਤਦ ਲਾਹੌਰ ਵਿੱਚ ਸਨ. ਮੈਂ ਉਨ੍ਹਾਂ ਦੇ ਤਰਲੇ ਕੀਤੇ ਕਿ ਉਹ ਫ਼ੌਜ਼ ਕੋਲ ਜਾ ਕੇ ਕੁੱਝ ਮਦਦ ਲੈਣ. ਅਸੀਂ ਪੰਜਾਬ ਬਾਉਂਡਰੀ ਫੋਰਸ ਦੇ ਜਨਰਲ ਰੀਸ ਨਾਲ ਵੀ ਗੱਲਬਾਤ ਕੀਤੀ. ਉਨ੍ਹਾਂ ਨੇ ਸਾਫ ਤੌਰ ਤੇ ਕਿਹਾ ਕਿ ਉਨ੍ਹਾਂ ਦੀ ਗੱਲ, ਹੁਣ ਕੋਈ ਨਹੀਂ ਮੱਨ ਰਿਹਾ ਸੀ.

ਜਦ ਅਸੀਂ ਮੁਜੰਗ ਦੇ ਗੁਰਦੁਆਰੇ ਤੇ ਪਹੁੰਚੇ, ਕਿਸੇ ਸਿੱਖ ਨੂੰ ਜ਼ਿੰਦਾ ਨਹੀਂ ਛੱਡਿਆ ਗਿਆ ਸੀ. ਲਾਹੌਰ ਦੇ ਸਿੱਖਾਂ ਨੇ ਮੈਨੂੰ ਮਦਦ ਲਈ ਦਿੱਲੀ ਭੇਜਿਆ. ਇਹ ਫ਼ੈਸਲਾ ਕੀਤਾ ਗਿਆ ਕਿ ਮੈਂ ਦਿੱਲੀ ਜਾ ਕੇ ਸਰਦਾਰ ਬਲਦੇਵ ਸਿੰਘ ਤੋਂ ਮਦਦ ਦੀ ਮੰਗ ਕਰਾਂਗਾ. ਗਿਆਨੀ ਕਰਤਾਰ ਸਿੰਘ ਵੀ ਦਿੱਲੀ ਤੇ ਮੌਜੂਦ ਸਨ. ਸਰਦਾਰ ਬਲਦੇਵ ਸਿੰਘ ਸਾਨੂ ਸਰਦਾਰ ਪਟੇਲ ਕੋਲ ਲੈ ਗਏ. ਪਟੇਲ ਇੱਕ ਸੋਫੇ ਉਪਰ ਲੇਟੇ ਹੋਏ ਸੀ. ਉਨ੍ਹਾਂ ਨੇ ਜਵਾਬ ਦਿੱਤਾ, "ਕਤਲ ਕਰ ਦੋ". ਮੈਂ ਕਿਹਾ, "ਸਰਦਾਰ ਜੀ, ਇਹ ਕਿਸ ਤਰ੍ਹਾਂ ਦੀ ਸਲਾਹ ਹੈ? ਸਾਡੀ ਅਗਰ ਕੋਈ ਮਦਦ ਨਹੀਂ ਕੀਤੀ ਗਈ ਤੇ ਅਸੀਂ ਸਾਰੇ ਸਾਫ਼ ਕਰ ਦਿੱਤੇ ਜਾਵਾਂਗੇ ਅਤੇ ਮੁਸਲਿਮਾਂ ਦਾ ਕੁੱਝ ਵੀ ਨਹੀਂ ਹੋਵੇਗਾ. ਲਾਹੌਰ ਇੱਕ ਹਾਰੀ ਹੋਈ ਬਾਜ਼ੀ ਹੈ." ਮੇਰਾ ਮੱਨਣਾ ਹੈ ਕਿ ਪਟੇਲ ਨੂੰ ਲਾਹੌਰ ਦੇ ਬਾਰੇ ਕੋਈ ਸਮਝ ਨਹੀਂ ਸੀ ਅਤੇ ਉਹ ਇੱਕ ਬੇਹੋਸ਼ੀ ਦੀ ਹਾਲਤ ਤੇ ਬੋਲ ਰਹੇ ਸੀ.

'ਮੈਂ ਕਦੀ ਲਾਹੌਰ ਵਾਪਸ ਨਹੀਂ ਜਾ ਸਕਿਆ ਕਿਉਂਕਿ ਪਾਕਿਸਤਾਨ ਬਣ ਚੁਕਿਆ ਸੀ. ਮੇਰੇ ਬੱਚੇ ਪਹਿਲਾ ਹੀ ਅੱਮ੍ਰਿਤਸਰ ਜਾ ਚੁਕੇ ਸੀ. ਸਿੱਖ ਕਦੀ ਤਕਸੀਮ ਨਹੀਂ ਚਾਹੁੰਦੇ ਸੀ, ਪਰ ਅਗਰ ਇਹ ਹੁੰਦੀ ਸੀ ਤੇ

ਉਹ ਚਾਹੁੰਦੇ ਸੀ ਕਿ ਉਨ੍ਹਾਂ ਦੇ ਹੱਕਾਂ ਦੀ ਪੂਰੀ ਤਰ੍ਹਾਂ ਸੁਰੱਖਿਆ ਕੀਤੀ ਜਾਵੇ. ਮਹਾਰਾਜਾ ਪਟਿਆਲਾ ਜਿਨਾਹ ਨਾਲ ਕੋਈ ਸਮਝੌਤਾ ਕਰ ਲੈਣਾ ਚਾਹੁੰਦੇ ਸੀ ਪਰ ਮਾਸਟਰ ਤਾਰਾ ਸਿੰਘ ਇਸ ਦੇ ਖ਼ਿਲਾਫ਼ ਸੀ. ਅਗਰ ਪੰਜਾਬ ਦੀ ਤਕਸੀਮ ਹੁੰਦੀ ਸੀ, ਤੇ ਉਹ ਇੱਕ ਅਲਗ ਸੂਬਾ ਚਾਹੁੰਦੇ ਸੀ. ਅਸੀਂ ਸਭ ਤੋਂ ਜ਼ਿਆਦਾ ਗੁਆਇਆ ਪਰ ਮੁਸਲਿਮ ਰਹਨੁਮਾ, ਪਾਕਿਸਤਾਨ ਵਿੱਚ ਸਿੱਖਾਂ ਨੂੰ ਨਹੀਂ ਰਖਣਾ ਚਾਹੁੰਦੇ ਸੀ.'

ਯੁਵਰਾਜ ਕ੍ਰਿਸ਼ਨ

'ਅਗਸਤ ਦੇ ਸ਼ੁਰੂ ਤੇ, ਕਈ ਹਿੰਦੂ ਅਤੇ ਸਿੱਖ ਪੂਰਬੀ ਹਿੱਸੇ ਦੀ ਤਰਫ਼ ਚਲੇ ਗਏ, ਸ਼ਾਇਦ ਹਮੇਸ਼ਾ ਲਈ ਜਾਣ ਦੇ ਇਰਾਦੇ ਨਾਲ ਨਹੀਂ. ਇਹ ਜ਼ਿਕਰ ਕੀਤਾ ਜਾ ਸਕਦਾ ਹੈ ਕਿ ਸਾਰੀ ਪਾਰਟੀਆਂ ਦੇ ਸਿਆਸਤਦਾਨਾ ਨੇ, ਜਿਸ ਵਿੱਚ ਜਿਨਾਹ ਵੀ ਸ਼ਾਮਲ ਸਨ, ਮਾਇਨਾਰਿਟੀਆਂ ਨੂੰ ਭਰੋਸਾ ਦਿੱਤਾ ਸੀ ਕਿ ਉਨ੍ਹਾਂ ਨੂੰ ਹੋਰ ਕਿਥੇ ਜਾਣ ਦੀ ਲੋੜ ਨਹੀਂ ਸੀ, ਪਰ ਚੁੰਕਿ ਮੁਲਕ ਦੀ ਤਕਸੀਮ ਦਾ ਮਤਲਬ ਸੀ ਕਿ ਸੇਵਾਵਾਂ ਦੀ ਵੀ ਤਕਸੀਮ ਹੋਵੇਗੀ, ਪ੍ਰਸ਼ਾਸਨ ਦੀ ਵੀ "ਕਾਲਪਨਿਕ" ਤਕਸੀਮ ਕੀਤੀ ਗਈ ਸੀ ਅਤੇ ਉਹ ਇਸੀ ਇਤਹਾਦੀ ਮੁਲਕ ਉਪਰ ਨਿਸ਼ਠਾ ਨਹੀਂ ਰੱਖਦੇ ਸੀ. ਅਤੇ ਅਫ਼ਸਰ ਹੋਰ ਕਾਰਜਕਰਤਾ ਖੁਲ੍ਹੇ-ਆਮ ਆਪਣੇ ਸਹਿਧਰਮੀ ਲੋਕਾਂ ਦਾ ਪੱਖ ਲੈਣ ਲਗੇ. ਹਿੰਦੂਆਂ ਅਤੇ ਸਿੱਖਾ ਨੇ ਮਹਿਸੁਸ ਕੀਤਾ ਕਿ ਮੁਸਲਿਮ ਸਮੁਦਾਇ ਦੇ ਜੁਰਮੀ ਤੱਤਾਂ ਦੇ ਖ਼ਿਲਾਫ਼, ਉਨ੍ਹਾਂ ਦੀ ਹਿਫ਼ਾਜ਼ਤ ਕਰਣ ਵਾਲਾ ਕੋਈ ਨਹੀਂ ਸੀ.

'ਚੁੰਕਿ ਮੈਂ ਇੰਡੀਆ ਦੀ ਚੋਣ ਕੀਤੀ ਸੀ, ਮੈਨੂੰ ਜਲੰਧਰ ਲਈ ਜਾਣਾ ਸੀ ਅਤੇ ਉਸ ਦਫ਼ਤਰ ਦੀ ਜ਼ਿੱਮੇਵਾਰੀ 14 ਅਗਸਤ ਨੂੰ ਸੰਭਾਲਣੀ ਸੀ. ਰੈਡਕਲੀਫ ਅਵਾਰਡ ਦਾ ਐਲਾਨ ਹੁਣ ਤੱਕ ਨਹੀਂ ਕੀਤਾ ਗਿਆ ਸੀ, ਮਗਰ "ਕਾਲਪਨਿਕ ਸਰਹੱਦ" ਪੂਰਬੀ ਅਤੇ ਪਛੱਮ ਪੰਜਾਬ ਦੇ ਵਿੱਚ ਹਦਬੰਦੀ ਦੀ ਇੱਕ ਅਸਰਦਾਰ ਰੇਖਾ ਬਣ ਚੁਕੀ ਸੀ. ਸਾਡੇ ਵਿੱਚੋਂ ਜ਼ਿਆਦਾਤਰ ਲੋਕ ਜਾਣਦੇ ਸੀ ਕੋਣ ਸੇ ਇਲਾਕੇ ਮੁਸਲਿਮ ਮਜਾਰਿਟੀ ਵਾਲੇ ਸਨ ਅਤੇ ਕੋਣ ਹਿੰਦੂ-ਸਿੱਖ ਪ੍ਰਧਾਨ. ਸਾਨੂ ਲਗਦਾ ਸੀ ਕਿ ਲਾਹੌਰ ਪਾਕਿਸਤਾਨ ਨੂੰ ਮਿਲੇਗਾ ਅਤੇ ਜਲੰਧਰ ਇੰਡੀਆ ਨੂੰ. ਹੋਰ, ਅੱਮ੍ਰਿਤਸਰ ਇੰਡੀਆ ਤੇ ਜਾਣ ਵਾਲਾ ਸੀ. ਗੈਰ-ਮੁਸਲਿਮ, ਖ਼ਾਸ ਕਰ ਕੇ ਸਿੱਖ ਮਗਰ ਆਸ ਲਗਾ ਕੇ ਬੈਠੇ ਸੀ ਕਿ ਉਹ ਲਾਹੌਰ ਨੂੰ "ਦੂਜੀ ਵਜ੍ਹਾਂ" ਦੀ ਬੁਨਿਆਦ ਤੇ, ਜਿੱਤ ਲੈਣਗੇ.

'13 ਅਗਸਤ ਨੂੰ, ਜਲੰਧਰ ਜਾਣ ਵਾਲੀ ਗੱਡੀ ਫੜਨ ਲਈ, ਸ਼ਾਮ ਦੇ 6 ਵਜੇ ਮੈਂ ਲਾਹੌਰ ਰੇਲਵੇ ਸਟੇਸ਼ਨ ਪਹੁੰਚਿਆ, ਤਦ ਕਰਫਿਊ ਚਾਲੂ ਹੋਣ ਹੀ ਵਾਲਾ ਸੀ. ਉਣ ਦਿਨਾਂ ਤੇ ਕਰਫਿਊ ਸਾਮ ਦੇ ਛੇ ਵਜੇ ਚਾਲੂ ਹੁੰਦਾ ਸੀ. ਸਾਡੀ ਟ੍ਰੈਨ ਛੱਡਣ ਦਾ ਵਕਤ ਰਾਤ ਦੇ 8:30 ਸੀ. ਮੇਰਾ ਬੌਸ ਇੱਕ ਇਸਾਈ ਦਖੱਣ ਭਾਰਤੀ, ਵੀ ਮੇਰੇ ਨਾਲ ਸੀ. ਉਹ ਸਫਰ ਕਰਣ ਲਈ, ਇੱਕ ਅਲਗ ਸੇਲੂਨ ਦਾ ਹੱਕਦਾਰ ਸੀ ਅਤੇ ਉਹ ਚਾਹੁੰਦਾ ਸੀ ਮੈਂ ਉਸ ਦੇ ਨਾਲ ਜਾਵਾਂ. ਪਰ, ਗੱਡੀ ਦੇਰ ਨਾਲ ਚਲਣੀ ਸੀ. ਇੱਕ ਘੰਟੇ ਬਾਅਦ, ਰਾਤ ਦੇ 9:30 ਵਜੇ ਸੇਲੂਨ ਦਾ ਡੱਬਾ ਆਇਆ, ਹਾਲਾਂਕਿ ਜਿਸ ਗੱਡੀ ਨੇ ਸਾਨੂ ਲੈ ਕੇ ਜਾਣਾ ਸੀ, ਉਹ ਹੁਣ ਤੱਕ ਨਹੀਂ ਆਈ ਸੀ. ਮੇਰਾ ਚਪਰਾਸੀ, ਜੋ ਇੱਕ ਹਿੰਦੂ ਸੀ ਅਤੇ ਫ਼ੌਜ਼ ਤੇ ਕੱਮ ਕਰ ਚੁਕਿਆ ਸੀ, ਮੇਰੇ ਨਾਲ ਸੀ. ਉਸ ਨੇ ਮੈਨੂੰ ਦੱਸਿਆ ਕਿ ਸਾਨੂ ਸੇਲੂਨ ਤੇ ਨਹੀਂ ਬੈਠਣਾ ਚਾਹੀਦਾ ਸੀ ਕਿਉਂਕਿ ਇਕੱਲੇ ਬੈਠਨਾ ਖ਼ਤਰਨਾਕ ਸੀ. ਜਿਣ ਸ਼ਕਸਾਂ ਨੇ ਇਹ ਸੇਲੂਨ ਲੈ ਕੇ ਆਉਂਦਾ ਸੀ, ਉਹ ਇਸ ਨੂੰ ਖਿੱਚ ਕੇ ਵਾਪਸ ਯਾਰਡ ਤੇ ਲੈ ਗਏ, ਜਦ ਉਨ੍ਹਾਂ ਨੂੰ ਲਗਿਆ ਕਿ ਅਸੀਂ ਇਸ ਵਿੱਚ ਬੈਠਨਾ ਨਹੀਂ ਚਾਹੁੰਦੇ ਹਾਂ. ਮੈਨੂੰ ਲਗਦਾ ਹੈ ਇਸ ਦੇ ਚਲਦਿਆਂ ਸਾਡੀ ਜਾਣ ਬਚ ਗਈ. 14 ਅਗਸਤ ਤੋਂ

ਪਹਿਲਾਂ ਰੇਲਵੇ ਸਟੇਸ਼ਨਾਂ ਤੇ ਕਤਲ, ਮੇਨ ਪਲੈਟਫਾਰਮਾਂ ਤੇ ਨਹੀਂ ਹੁੰਦੇ ਸੀ, ਪਰ ਮੁਖ਼ਤਲਿਫ਼ ਯਾਰਡਾਂ ਅਤੇ ਸਾਇਡਿੰਗਾਂ ਤੇ ਹੁੰਦੇ ਸੀ ਜਿੱਥੇ ਡੱਬੇਆ ਦੀ ਰੱਖ-ਰਖਾਵ ਕੀਤੀ ਜਾਦੀ ਸੀ.

'ਮੈਨੂੰ ਯਾਦ ਹੈ ਕਿ ਜਦ ਅਸੀਂ ਇੰਤਜ਼ਾਰ ਕਰ ਰਹੇ ਸੀ, ਮੁਸਲਿਮ ਪਨਾਹਗੀਰਾਂ ਨਾਲ ਭਰੀ ਹੋਈ ਇੱਕ ਗੱਡੀ ਅੱਮ੍ਰਿਤਸਰ ਤੋਂ ਆਈ. ਉਸ ਵਿੱਚ ਜ਼ਿਆਦਾਤਰ ਔਰਤਾਂ ਸੀ. ਉਨ੍ਹਾਂ ਨੇ ਆਪਣੇ ਨਾਲ ਬੱਚੇ ਫੱੜੇ ਹੋਏ ਸੀ. ਮੇਰਾ ਅੰਦਾਜ਼ਾ ਹੈ ਕਿ ਬੰਦੇਆਂ ਨੂੰ ਹਲਾਕ ਕੀਤਾ ਗਿਆ ਸੀ, ਪਰ ਔਰਤਾਂ ਨੂੰ ਛੱਡ ਦਿੱਤਾ ਗਿਆ ਸੀ. ਹੁਣ ਬਵਿੰਜਾ ਸਾਲ ਹੋ ਗਏ ਨੇ ਅਤੇ ਮੇਰੀ ਯਾਦਦਾਸ਼ਤ ਕਮਜ਼ੋਰ ਹੋ ਗਈ ਹੈ ਪਰ ਮੈਨੂੰ ਸਾਫ ਤੌਰ ਤੇ, ਉਸ 13 ਅਗਸਤ ਦੀ ਸਾਮ ਦੇ ਉਣ ਔਰਤਾਂ ਦੇ ਦਹਿਸ਼ਤ ਭਰੇ ਚਿਹਰੇ, ਹੁਣ ਵੀ ਯਾਦ ਨੇ. ਮੈਨੂੰ ਲਗਿਆ ਕਿ ਲਾਹੌਰ ਵਿੱਚ, ਬਦਲੇ ਦਾ ਤਸ਼ੱਦਦ ਵਧੇਗਾ, ਜਦ ਦੰਗਿਆਂ ਦੀ ਖਬਰ, ਪਛੱਮ ਪੰਜਾਬ ਦੇ ਮੁਖਤਲਿਫ਼ ਹਿੱਸੇਆ ਤੇ ਜਾਵੇਗੀ. ਅਖੀਰਕਾਰ, ਦੇਰ ਰਾਤ ਨੂੰ ਇੱਕ ਗੱਡੀ ਚਲੀ. ਮੈਂ ਜਲੰਧਰ ਸ਼ਹਿਰ 14 ਅਗਸਤ, ਤੜਕੇ ਪਹੁੰਚ ਗਿਆ.

ਖੁਸ਼ਵੰਤ ਸਿੰਘ

ਮਸ਼ਹੂਰ ਸਿੱਖ ਲੇਖਕ, ਖੁਸ਼ਵੰਤ ਸਿੰਘ ਨੇ ਤਕਸੀਮ ਦੀ 50ਵੀਂ ਸਾਲਗਿਰਹ ਤੇ, ਇੱਕ ਲੇਖ 'ਲਾਸਟ ਡੇਜ ਇਨ ਲਾਹੌਰ: ਫ੍ਰੈਮ ਦ ਬ੍ਰਿਟਲ ਸੇਕਊਰਿਟੀ ਔਫ ਐਨ ਏਲੀਟ ਰੂਫਟੈਪ, ਏ ਵਿਊ ਔਫ ਏ ਸਿਟੀ ਬਰਨਿੰਗ' ਲਿਖਿਆ ਸੀ. ਉਨ੍ਹਾਂ ਦੇ ਮੁਤਾਬਕ, ਜੂਨ ਦੇ ਮੱਧ ਤੋਂ ਫ਼ਸਾਦ ਵਧ ਗਏ. ਉਨ੍ਹਾਂ ਨੇ ਦਰਜ਼ ਕੀਤਾ:

> ਪੱਕੇ ਤੌਰ ਤੇ, ਮੁਸਲਿਮਾਂ ਦਾ ਸਕੋਰ ਜ਼ਿਆਦਾ ਸੀ, ਮੁਸਲਿਮਾਂ ਦੇ ਹਾਵੀ ਹੋਣ ਦੀ ਖ਼ਾਸ ਵਜ੍ਹਾ ਇਹ ਸੀ ਕਿ ਅੰਪਾਇਰ ਵੀ ਮੁਸਲਿਮ ਸਨ. ਪੰਜਾਬ ਪੁਲਿਸ 80 ਫ਼ੀਸਦੀ ਮੁਸਲਿਮ ਸੀ; ਸੂਬਾਈ ਸਰਕਾਰ ਮੁਸਲਿਮ ਪ੍ਰਧਾਨ ਸੀ. ਪੂਰੇ ਪਛੱਮ ਪੰਜਾਬ ਦੀ ਕਹਾਣੀ ਇਸ ਵਰਗੀ ਸੀ. ਹਿੰਦੂ ਅਤੇ ਸਿੱਖ ਮੁਸਲਿਮ ਪ੍ਰਧਾਨ ਸ਼ਹਿਰਾਂ ਤੋਂ ਲਾਹੌਰ ਦੀ ਤਰਫ਼ ਜਾਣ ਲਗੇ. ਫਿਰ ਲਾਹੌਰ ਨੂੰ ਵੀ ਇੱਕ ਵਰਗਾ ਗੈਰ-ਮਹਿਫ਼ੂਜ਼ ਵੇਖ ਕੇ, ਉਹ ਅੱਮ੍ਰਿਤਸਰ ਅਤੇ ਪੂਰਬੀ ਪੰਜਾਬ ਦੇ ਦੂਜੇ ਸ਼ਹਿਰਾਂ ਤੇ ਚਲੇ ਗਏ, ਜਿੱਥੇ ਹਿੰਦੂ ਅਤੇ ਸਿੱਖਾਂ ਦੀ ਤਦਾਦ ਮੁਸਲਿਮਾਂ ਤੋਂ ਜ਼ਿਆਦਾ ਸੀ.
>
> ਜੂਨ ਦੀ ਉਹ ਦੁਪਹਿਰ ਮੇਰੇ ਜੇਹਨ ਤੇ ਹਮੇਸ਼ਾ ਲਈ ਵਸੀ ਹੋਈ ਹੈ. ਮੈਂ ਹਾਈ ਕੋਰਟ ਤੋਂ ਵਾਪਸ ਆਇਆ ਸੀ ਜਦ ਮੈਂ ਰੱਲਾ-ਗੁੱਲਾ ਸੁਣਿਆ. ਮੈਂ ਦੌੜ ਕੇ ਆਪਣੇ ਘਰ ਦੀ ਛੱਤ ਤੇ ਗਿਆ. ਸ਼ੁਰਜ ਸ਼ਹਿਰ ਨੂੰ ਆਪਣੀ ਭਿਅੰਕਰ ਗਰਮੀ ਦੇ ਰਿਹਾ ਸੀ. ਸ਼ਹਿਰ ਦੇ ਮੱਧ ਤੋਂ ਇੱਕ ਕਾਲੇ, ਸੰਘਣੇ ਧੂੰਅੇ ਦਾ ਬਹੁਤ ਵੱਡਾ ਬੱਦਲ ਨਿਕਲ ਰਿਹਾ ਸੀ. ਮੈਨੂੰ ਅੰਦਾਜ਼ਾ ਲਗਾਉਣ ਦੀ ਲੋੜ ਨਹੀਂ ਸੀ; ਹਿੰਦੂਆਂ ਅਤੇ ਸਿੱਖਾਂ ਦਾ ਸ਼ਾਹਆਲਮੀ ਮਹੱਲਾ ਹੁਣ ਅੱਗ ਦੀ ਲਪਟਾਂ ਵਿੱਚ ਸੀ. ਮੁਸਲਿਮ ਗੁੰਡੇਆਂ ਨੇ ਗੇਰ-ਮੁਸਲਿਮਾਂ ਦੇ ਟਾਕਰੇ ਦੀ ਕਮਰ ਤੋੜ ਦਿੱਤੀ ਸੀ. ਸ਼ਾਹਆਲਮੀ ਦੇ ਬਾਅਦ, ਲਾਹੌਰ ਦੇ ਹਿੰਦੂਆਂ ਅਤੇ ਸਿੱਖਾਂ ਦੀ ਲੜਾਈ ਕਰਣ ਦੀ ਹਿਮੱਤ ਚਲੇ ਗਈ. ਮੁਸਲਿਮ ਲੀਗ ਦੇ ਸਮਰਥਕਾਂ ਨੂੰ ਅਨੁਸ਼ਾਸਤ ਟੁਕੜੀਆ ਵਿੱਚ ਮਾਰਚ ਕਰਦੇ, ਅਤੇ ਉਨ੍ਹਾਂ ਦੇ ਨਾਅਰੇ *'ਪਾਕਿਸਤਾਨ ਕਾ ਨਾਰਾ ਕਿਆ? ਲ਼ਾਇਲਾਹਾ ਇਲ਼ਲ਼ਲ਼ਲ਼ਾਹ'* ਦੇ ਅਸੀਂ ਖਾਮੋਸ਼ ਤਮਾਸ਼ਬੀਨ ਬਣ ਕੇ ਰਹਿ ਗਏ. ਇਸ ਖਲਬਲੀ ਦਾ ਲਾਉਰੇਂਸ ਰੋਡ (ਹੁਣ ਬਾਘ-ਏ-ਜਿਨਾਹ) ਅਤੇ ਨਹਿਰ ਦੇ ਦੋਨੇ ਤਰਫ਼, ਜੋ ਲਾਹੌਰ ਦੇ ਪੂਰਬੀ ਤਰਫ਼ ਸੀ, ਤੇ ਰਹਿਣ ਵਾਲੇ ਅਮੀਰ ਲੋਕਾਂ ਉਪਰ ਕੋਈ ਅਸਰ ਨਹੀਂ ਹੋਇਆ. ਅਸੀਂ ਆਪਣੀ ਗਡੀਆਂ ਤੇ ਦਫ਼ਤਰ ਜਾਉਂਦੇ ਸੀ, ਸ਼ਾਮ ਨੂੰ ਕੋਸਮੋਪੋਲਿਟਨ ਜਾਂ ਜਿਮਖਾਨਾ ਕਲਬ ਤੇ ਟੈਨਿਸ ਖੇਡਦੇ, ਰਾਤ ਦੇ ਖਾਣੇ ਦੀ ਪਾਰਟੀਆਂ

ਹੁੰਦੀਆਂ ਜਿੱਥੇ ਇਸਕੈਚ, ਜਿਸ ਦੀ ਇੱਕ ਬੋਤਲ ਦੀ ਕੀਮਤ 11 ਰੁਪਏ ਸੀ, ਰਾਵੀ ਦਰਿਆ ਦੇ ਪਾਨੀ ਦੀ ਤਰ੍ਹਾਂ ਵਗਦੀ. ਉੱਚੇ ਦਰਜੇ ਦੇ ਰਿਹਾਇਸ਼ੀ ਇਲਾਕਿਆਂ ਤੇ, ਹਿੰਦੂ-ਮੁਸਲਿਮ ਭਾਈਵਾਦ ਦੀ ਖੁਸ਼ਮਿਜ਼ਾਜੀ ਕਾਇਮ ਸੀ.

ਵਕਤ ਦੇ ਚੱਕੇਆਂ ਦੀ ਰਫਤਾਰ ਤੇਜ ਹੋ ਗਈ. ਹਿੰਦੂ ਅਤੇ ਸਿੱਖ ਆਪਣੀ ਜਾਇਦਾਦ ਵੇਚ ਕੇ ਪੂਰਬ ਦੀ ਤਰਫ਼ ਜਾਣ ਲਗੇ. ਇੱਕ ਦਿਨ ਮੈਂ ਵੇਖਿਆ ਕਿ ਸਾਡੇ ਪੜੋਸੀ ਨੇ ਆਪਣੇ ਮਕਾਨ ਦੇ ਇੱਕ ਤਰਫ਼, ਉਰਦੂ ਤੇ, ਵੱਡੇ ਵੱਡੇ ਲਫ਼ਜ਼ਾਂ ਤੇ '*ਪਾਰਸੀ ਕਾ ਮਕਾਨ*' ਲਿਖਿਆ ਹੋਇਆ ਸੀ. ਦੂਜੀ ਤਰਫ਼ ਇੱਕ ਮਕਾਨ ਨੇ ਇੱਕ ਵੱਡਾ ਇਸਾਈ ਕਰਾਸ ਪੇਂਟ ਕਰ ਕੇ ਰੱਖਿਆ ਸੀ. ਬਗੈਰ ਕਿਸੇ ਨਿਸ਼ਾਨ ਦੇ ਹਿੰਦੂ ਅਤੇ ਸਿੱਖਾਂ ਦੇ ਮਕਾਨਾਂ ਦੀ, ਇਸ ਤਰ੍ਹਾਂ ਪਛਾਣ ਸਾਫ਼ ਸੀ. ਸਾਡਾ ਘਰ ਮੁਜ਼ੰਗ ਤੋਂ, ਜੋ ਮੁਸਲਿਮ ਗੁੰਡੇਆਂ ਦਾ ਮਰਕਜ਼ ਸੀ, ਸਿਰਫ਼ ਥੋੜੀ ਦੂਰ ਸੀ.

ਜੁਲਾਈ 1947 ਤੇ, ਪੂਰਬੀ ਪੰਜਾਬ ਦੇ ਮੁਸਲਿਮਾਂ ਦੇ ਖ਼ਿਲਾਫ਼ ਤਸ਼ੱਦਦ ਦੀ ਕਹਾਨਿਆਂ ਲਾਹੌਰ ਤੇ ਫੈਲ ਗਈਆ, ਅਤੇ ਕੁੱਝ ਪਨਹਗੀਰ ਪਛੱਮ ਦੀ ਤਰਫ਼ ਜਾਣ ਲਗੇ. ਇਸ ਨੇ ਮੁਸਲਿਮਾਂ ਦਾ ਗੁਸਾ ਹੋਰ ਵਧਾ ਦਿਤਾ...ਆਜ਼ਾਦੀ ਤੋਂ ਇੱਕ ਹਫ਼ਤੇ ਪਹਿਲਾਂ, ਪੰਜਾਬ ਸੀ.ਆਈ.ਡੀ. ਦੇ ਪ੍ਰਮੁੱਖ ਕ੍ਰਿਸ ਏਵਰੇਟ ਨੇ ਮੈਨੂੰ ਲਾਹੌਰ ਤੋਂ ਚਲੇ ਜਾਣ ਦੀ ਸਲਾਹ ਦਿੱਤੀ. ਛੇ ਬਲੁਚ ਸਿਪਾਹੀਆਂ ਦੀ ਹਿਫ਼ਾਜ਼ਤ ਨਾਲ, ਮੈਂ ਅਤੇ ਮੇਰੀ ਪਤਨੀ ਨੇ ਕਾਲਕਾ ਦੀ ਗੱਡੀ ਫੱੜੀ ਤਾਂਕਿ ਅਸੀਂ ਆਪਣੇ ਬੱਚੇਆਂ ਦਾ ਸਾਥ ਦੇ ਸਕਿਏ, ਜਿਨ੍ਹਾਂ ਨੂੰ ਪਹਿਲਾਂ ਹੀ ਉਨ੍ਹਾਂ ਦੇ ਦਾਦਾ-ਦਾਦੀ ਕੋਲ, ਕਸੌਲੀ ਤੇ ਭੇਜ ਦਿੱਤਾ ਗਿਆ ਸੀ...ਮੈਂ 13 ਅਗਸਤ 1947 ਨੂੰ ਦਿੱਲੀ ਪਹੁੰਚਿਆ. (Ibid.)

ਅੱਮ੍ਰਿਤਸਰ ਛੱਡਣ ਵਾਲੇ ਮੁਸਲਿਮ

ਅਗਸਤ ਦੇ ਸ਼ੁਰੂਆਤੀ ਦੌਰ ਦੇ ਇੱਕ ਚਸ਼ਮਦੀਦ ਦੁਆਰਾ ਪੇਸ਼ ਕੀਤੇ ਅੰਸ਼, ਜਿਨ੍ਹਾਂ ਨੇ ਮਾਰਚ 1947 ਤੋਂ ਬਾਅਦ ਦੇ ਵਾਕਿਆਂ ਦਾ ਵੀ ਜ਼ਿਕਰ ਪਹਿਲਾਂ ਕੀਤਾ ਹੈ, ਬਹੁਤ ਕੁੱਝ ਦੱਸਦੇ ਨੇ.

ਚੌਧਰੀ ਮੋਹੱਮਦ ਸੈਦ

ਮੁਸਲਿਮਾਂ ਦਾ ਮਨੋਬਲ 10 ਅਗਸਤ ਤੱਕ ਉੱਚਾ ਸੀ ਅਤੇ ਕਿਥੇ ਵੀ ਕਮਜੋਰੀ ਦਾ ਕੋਈ ਨਿਸ਼ਾਨ ਨਹੀਂ ਸੀ, ਹਾਲਾਂਕਿ ਲੈਰਡ ਮਾਉਂਟਬੈਟਨ ਦੇ ਸੰਵਿਧਾਨ ਦੀ ਤਬਦੀਲੀ ਅਤੇ ਪੰਜਾਬ ਦੀ 'ਕਾਲਪਨਿਕ ਵੰਡ' ਦੇ ਐਲਾਨ ਦੇ ਬਾਅਦ (ਜਿਸ ਨੇ ਅੱਮ੍ਰਿਤਸਰ ਜ਼ਿਲ੍ਹੇ ਨੂੰ ਪੂਰਬੀ ਪੰਜਾਬ ਵਿੱਚ ਸ਼ਾਮਲ ਕੀਤਾ ਸੀ, ਕਿਉਂਕਿ ਉਥੇ ਹਿੰਦੂ ਅਤੇ ਸਿੱਖਾ ਦੀ ਮਜਾਰਿਟੀ ਸੀ), ਮੁਸਲਿਮਾਂ ਨੇ ਹਮਲੇ ਕਰਣ ਦੀ ਹਿਮੱਤ ਗੁਆ ਦਿੱਤੀ ਸੀ. 10 ਅਗਸਤ ਨੂੰ, ਮੁਸਲਿਮ ਸਿਪਾਹੀਆਂ ਨੂੰ ਅੱਮ੍ਰਿਤਸਰ ਦੇ ਪੁਲਿਸ ਐਸ.ਪੀ., ਸ਼੍ਰੀ ਕੈਲ਼ ਦੇ ਸਾਹਮਣੇ ਪੇਸ਼ ਹੋਣ ਅਤੇ ਹਿੰਦੁਸਤਾਨ ਜਾ ਪਾਕਿਸਤਾਨ ਤੇ ਮੁਲਾਜ਼ਮਤ ਕਰਣ ਬਾਰੇ ਆਪਣੀ ਖ਼ਾਹਿਸ਼ ਦੱਸਣ ਨੂੰ ਕਿਹਾ ਗਿਆ. ਇਥੋਂ ਤੱਕ ਕਿ ਦੂਜੇ ਜ਼ਿਲ੍ਹਾਂ ਤੋਂ ਲੀਤੇ ਗਏ, ਰਿਜ਼ਰਵ ਬਲ ਨੂੰ ਵੀ ਇਹ ਹੁਕਮ ਦਿੱਤਾ ਗਿਆ. ਜਿਨ੍ਹਾਂ ਨੇ ਹਾਜ਼ਰੀ ਦਿੱਤੀ ਅਤੇ ਪਾਕਿਸਤਾਨ ਜਾਣ ਦੀ ਮਰਜ਼ੀ ਜ਼ਾਹਰ ਕੀਤੀ, ਉਨ੍ਹਾਂ ਨੂੰ ਆਪਣੇ ਹਥਿਆਰ ਸਮਰਪਣ ਕਰਣ ਦਾ ਹੁਕਮ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਪੁਲਿਸ ਲਾਇਨਸ ਤੇ ਰਹਿਣ ਨੂੰ ਕਿਹਾ ਗਿਆ. ਕੁੱਝ ਲੋਕਾਂ ਨੇ ਇਨਕਾਰ ਕਰ ਦਿੱਤਾ...ਮੁਸਲਿਮ ਸਿਪਾਹਿਆਂ ਦੀ ਜਗ੍ਹ, ਨਵੀਂ ਭਰਤੀ ਕੀਤੀ ਗਈ ਅਤੇ ਕਿਹਾ ਜਾਂਦਾ ਸੀ ਕਿ ਉਹ ਆਈ.ਐਨ.ਏ. ਦੇ ਸਦੱਸ ਸਨ. ਦਰਅਸਲ, ਉਹ ਆਰ.ਐਸ.ਐਸ. ਅਤੇ ਪੰਥਿਕ ਪਾਰਟੀ ਦੇ ਸਦੱਸ ਸਨ...ਇਨ ਲੋਕਾਂ ਨੇ ਸ਼ਹਿਰ ਤੇ, ਪਹਿਲੀ ਰਾਤ ਨੂੰ ਹੀ ਮੁਸਲਿਮਾਂ ਉਪਰ ਅੰਨੇਵਾਹ ਗੋਲੀਬਾਰੀ ਕਰ ਕੇ, ਤਬਾਹੀ ਮਚਾ

ਦਿੱਤੀ ਅਤੇ ਉਸ ਸਿੱਖ ਅਤੇ ਗੈਰ-ਮੁਸਲਿਮ ਉਪਦਰਵੀ ਭੀੜ ਦੀ ਅਗਵਾਈ ਕੀਤੀ, ਜਿਸ ਨੇ ਮੁਸਲਿਮਾਂ ਦੇ ਇਲਾਕਿਆਂ ਤੇ ਯੋਜਨਾਬੱਧ ਤਰੀਕੇ ਨਾਲ ਹਮਲੇ ਕੀਤੇ.

ਇਸ ਦੇ ਨਾਲ ਹੀ, ਪੁਲਿਸ ਦੀ ਘਾਟ ਦੱਸਦੇ ਹੋਏ, ਮੁਸਲਿਮ ਇਲਾਕਿਆਂ ਦੇ ਪੁਲਿਸ ਨਾਕੇ ਹਟਾ ਦਿੱਤੇ ਗਏ. ਸਹਿਰ ਤੇ ਪੋਸਟਿੰਗ ਕੀਤੀ ਮਿਲਿਟਰੀ ਵੀ ਦੰਗਾਇਆਂ ਦੀ ਸਾਜ਼ਸ਼ ਤੇ ਸ਼ਾਮਲ ਸੀ ਅਤੇ ਇਥੋਂ ਤੱਕ ਕਿ 'ਫ਼ਰਜ਼ੀ ਮਿਲਿਟਰੀ' ਦਾ ਵੀ ਇਸਤੇਮਾਲ, ਮੁਸਲਿਮਾਂ ਦੇ ਵਿੱਚ ਦਹਿਸ਼ਤ ਫੈਲਾਉਣ ਲਈ ਕੀਤਾ ਗਿਆ. ਇਸ ਦੇ ਚਲਦੇ, ਮੁਸਲਿਮ ਅਵਾਮ ਦਾ ਮਨੋਬਲ ਪੂਰੀ ਤਰ੍ਹਾਂ ਟੁੱਟ ਗਿਆ. ਦਹਿਸ਼ਤ ਵਿੱਚ, ਉਹ ਕਈ ਮੁਸਲਿਮ ਜਗ੍ਹਾਂ ਤੋਂ ਸ਼ਰੀਫਪੂਰਾ ਜਾਂ ਰੇਲਵੇ ਸਟੇਸ਼ਨ ਦੀ ਤਰਫ਼ ਭੱਜੇ ਅਤੇ ਉਨ੍ਹਾ ਦੀ ਇੱਕ ਵੱਡੀ ਤਦਾਦ ਇਸ ਸਫ਼ਰ ਵਿੱਚ ਹਲਾਕ ਹੋ ਗਈ.

ਮਹਾਨ ਸਿੰਘ ਗੇਟ ਦੀ ਇਮਾਰਤ ਤੇ ਸਥਿਤ ਔਰਤਾਂ ਦੇ ਮਿਸ਼ਨ ਹਸਪਤਾਲ ਨੇ, ਮਿਸ ਐਟਕਿਨਸਨ ਦੀ ਅਗਵਾਈ ਤੇ, ਬਹੁਤ ਉਮਦਾ ਸ਼ਰਨ ਮੁਹੱਇਆ ਕਰਵਾਈ. ਕਰੀਬ 5,000 ਲੋਕਾਂ ਨੇ ਇਥੇ ਪਨਾਹ ਲੀਤੀ ਅਤੇ ਅਖ਼ਰ ਤੇ ਅੱਮ੍ਰਿਤਸਰ ਛਾਉਣੀ ਚਲੇ ਗਏ.

14 ਅਗਸਤ ਨੂੰ, ਸ਼ਹਿਰ ਦੀ ਮੁਖ਼ਤਲਿਫ਼ ਜਗ੍ਹਾਂ ਅਤੇ ਉਪਨਗਰੀ ਤੋਂ ਮੁਸਲਿਮ, ਸ਼ਰੀਫ਼ਪੂਰਾ ਇਕੱਠਾ ਹੋਣ ਲਗੇ. ਨਾਲੋ ਨਾਲ ਆਬਾਦੀ ਕਰੀਬ 1 ਲੱਖ ਹੋ ਗਈ...ਪਿੰਡਾਂ ਤੋਂ ਆਉਣ ਵਾਲੇ ਲੋਕਾਂ ਨੇ ਸਿੱਖਾਂ ਦੁਆਰਾ, ਕਪੂਰਥਲੇ ਅਤੇ ਪਟਿਆਲਾ ਦੀ ਰਿਆਸਤੀ ਫ਼ੌਜ਼ ਦੀ ਮਦਦ ਨਾਲ, ਜਵਾਨ ਕੁੜਿਆਂ ਨੂੰ ਅਗਵਾ ਕਰ ਕੇ ਰਿਆਸਤ ਦੀ, ਖ਼ਾਸ ਕਰ ਕੇ ਲੈ ਆਉਂਦੀ ਗੱਡਿਆਂ ਤੇ, ਲੈ ਜਾਣ ਦੀ ਕਹਾਣਿਆਂ ਦੱਸਿਆਂ. ਸ਼ਰੀਫ਼ਪੂਰਾ ਤੇ ਅਲਗ ਅਲਗ ਪਿੰਡਾ ਤੋਂ, ਇਸ ਤਰ੍ਹਾਂ ਦੇ 600 ਮਾਮਲੇ ਸਾਡੀ ਇਤਲਾਹ ਤੇ ਲਾਉਂਦੇ ਗਏ...ਅਗਵਾ ਕਰਣ ਦੇ ਮਾਮਲੇ ਸ਼ਹਿਰ ਤੋਂ ਵੀ ਆਏ. ਕੁੱਝ ਔਰਤਾਂ, ਜੋ ਮਹਾਨ ਸਿੰਘ ਗੇਟ ਤੋਂ ਸ਼ਰੀਫਪੂਰਾ ਜਾ ਰਿਹਾ ਸੀ, ਉਨ੍ਹਾਂ ਨੂੰ ਜ਼ਬਰਦਸਤੀ ਦਿਨ-ਦਹਾੜੇ, ਅਗਵਾ ਕਰ ਕੇ ਬੁਰਜ ਭਾਈ ਫੂਲਾ ਸਿੰਘ ਲੈ ਜਾਇਆ ਗਿਆ. ਇਸ ਗੱਲ ਦੀ ਇਤਲਾਹ ਸੀ.ਆਈ.ਡੀ. ਦੇ ਸੁਪਰਿਨਟੇਂਡੇਨਟ, ਰਾਏ ਬਹਾਦੁਰ ਬਦਰੀ ਦਾਸ ਨੂੰ ਦਿੱਤੀ ਗਈ, ਜਿਨ੍ਹਾਂ ਨੇ 15 ਨੂੰ ਸ਼ਰੀਫਪੂਰਾ ਦਾ ਦੌਰਾ ਕੀਤਾ ਅਤੇ ਵਾਅਦਾ ਕਰਣ ਦੇ ਬਾਵਜੂਦ ਇਣ ਕੁੜਿਆ ਨੂੰ ਬਚਾਉਣ ਲਈ ਕੁੱਝ ਨਹੀਂ ਕੀਤਾ (Said, 1993: 143-8).

ਸ਼ੇਖ਼ ਅਰਸ਼ਦ ਹਬੀਬ

'ਮੇਰਾ ਪਰਵਾਰ ਅੱਮ੍ਰਿਤਸਰ ਦੇ ਪ੍ਰਮੁੱਖ ਵਪਾਰੀ ਪਰਵਾਰਾਂ ਵਿੱਚ ਸ਼ਾਮਲ ਸੀ. ਸਾਰੀ ਕੌਮਾਂ ਅਮਨ ਨਾਲ ਰਹਿੰਦੀ ਸਨ ਅਤੇ ਕੁੱਝ ਸ਼ਰਾਰਤੀ ਲੋਕਾ ਨੂੰ ਛੱਡ ਕੇ, ਬਾਕੀ ਲੋਕ ਬੇਹਦ ਦੋਸਤਾਨਾ ਅਤੇ ਸਹਿਯੋਗੀ ਸਨ. ਇਸ ਦੇ ਇਲਾਵਾ, ਪੰਜਾਬ ਦੀ ਦੂਜੀ ਜਗ੍ਹਾਂ ਦੇ ਮੁਕਾਬਲੇ, ਇਥੇ ਮੁਸਲਿਮ ਇਕਤੀਸਾਦੀ ਤੌਰ ਤੇ, ਹਿੰਦੂਆਂ ਅਤੇ ਸਿੱਖਾਂ ਤੋਂ ਪਿੱਛੇ ਨਹੀਂ ਸਨ. ਸਾਡੇ 18 ਮਕਾਨ ਅਤੇ 3 ਹੋਸਿਅਰੀ ਦੇ ਕਾਰਖ਼ਾਨੇ ਸੀ. ਮੇਰੇ ਪਿਤਾ ਕਾਂਗਰੇਸ ਦੇ ਇੱਕ ਕੱਟੜ ਸਮਰਥਕ ਸਨ. ਪਰ, ਮੁਸਲਿਮ ਲੀਗ ਦਾ ਪ੍ਰਚਾਰ ਕਿ ਅੱਮ੍ਰਿਤਸਰ ਪਾਕਿਸਤਾਨ ਨੂੰ ਮਿਲੇਗਾ, ਇੰਨਾ ਅਸਰਦਾਰ ਸੀ ਕਿ ਉਹ ਵੀ ਇਸ ਦੇ ਉਪਰ ਯਕੀਨ ਕਰਣ ਲਗੇ. ਮਾਰਚ ਦੇ ਬਾਅਦ, ਮੁਸਲਿਮ ਲੀਗ ਦੇ ਰਹਨੁਮਾ, ਲਗਾਤਾਰ, ਲਾਹੌਰ ਅਤੇ ਅੱਮ੍ਰਿਤਸਰ ਦੇ ਦਰਮਿਆਨ ਆਉਣਾ ਜਾਣਾ ਕਰਣ ਲਗੇ. ਮੈਨੂੰ, ਉਨ੍ਹਾਂ ਦੇ ਵਿੱਚੋਂ, ਖ਼ਾਸ ਕਰ ਕੇ ਸਰਦਾਰ ਸ਼ੌਕਤ ਹਯਾਤ ਯਾਦ ਨੇ ਕਿਉਂਕਿ ਉਹ ਅਕਸਰ ਆਇਆ ਕਰਦੇ ਸੀ.

ਅੱਮ੍ਰਿਤਸਰ ਦੇ ਮੁਸਲਿਮਾਂ ਨੂੰ ਇਹ ਗੱਲ ਬਾਰ ਬਾਰ ਦੱਸੀ ਜਾਂਦੀ ਸੀ ਕਿ ਉਨ੍ਹਾਂ ਨੂੰ ਇੱਕ ਅਹਿਮ ਕਿਰਦਾਰ ਨਿਭਾਉਣਾ ਸੀ ਤਾਂਕਿ ਅੱਮ੍ਰਿਤਸਰ ਨੂੰ ਪਾਕਿਸਤਾਨ ਵਿੱਚ ਸਾਮਲ ਕੀਤਾ ਜਾ ਸਕੇ. ਅਮਲੀ ਤੌਰ ਤੇ ਇਸ ਦਾ ਮਤਲਬ ਸੀ ਕਿ ਪਹਿਲਾਂ ਤੋਂ ਹੀ, ਬਦਮਾਸ਼ਾਂ ਦੇ ਜਿਨ੍ਹਾਂ ਦਾ ਗੜ ਚੌਕ ਫ਼ਰੀਦ ਸੀ, ਅੱਮ੍ਰਿਤਸਰ ਮੁਸਲਿਮ ਲੀਗ ਦੀ ਅਗਵਾਈ ਅਤੇ ਲਾਹੌਰ ਦੇ ਕੁੱਝ ਲੋਕਾਂ ਦੇ ਵਿੱਚ, ਇੱਕ ਨੈੱਟਵਰਕ ਕਾਇਮ ਹੋ ਚੁਕਿਆ ਸੀ. ਮੁਸਲਿਮ ਲੀਗ ਨੇ ਮਜ਼ੂਬ ਦਾ ਗਲਤ ਇਸਤੇਮਾਲ ਕਰ ਕੇ ਗਰੀਬ ਅਵਾਮ ਦੀ ਲਾਮਬੰਦੀ ਕੀਤੀ, ਜਿਨ੍ਹਾਂ ਨੂੰ ਕਿਹਾ ਗਿਆ ਕਿ ਪਾਕਿਸਤਾਨ ਬਣਣ ਨਾਲ, ਉਹ ਹਿੰਦੂ ਲਾਲੇਆਂ ਅਤੇ ਸਿੱਖਾਂ ਦੀ ਦੁਕਾਨਾਂ ਅਤੇ ਉਨ੍ਹਾਂ ਦੇ ਘਰਾਂ ਦੇ ਮਾਲਕ ਬਣ ਜਾਣਗੇ.

'ਜਦ ਮਾਰਚ ਤੇ ਇੱਕ ਵਾਰ ਤਸ਼ੱਦਦ ਸ਼ੁਰੂ ਹੋਇਆ, ਇਸ ਨੇ ਅੱਮ੍ਰਿਤਸਰ ਤੇ ਕਦੀ ਅਮਨ ਵਾਪਸ ਆਉਣ ਨਹੀਂ ਦਿੱਤਾ. ਲੱਗਭਗ ਰੋਜ਼ ਛੁਰੇਬਾਜ਼ੀ ਦੇ ਵਾਕਿਐ ਹੁੰਦੇ ਸੀ. ਅੱਮ੍ਰਿਤਸਰ ਤੇ ਇੱਕ ਬ੍ਰਿਟਿਸ਼ ਡਿਪਟੀ ਕਮੀਸ਼ਨਰ ਅਤੇ ਪੁਲਿਸ ਦਾ ਪ੍ਰਮੁੱਖ ਮੌਜੂਦ ਸੀ. ਇਹ ਕਹਿਣਾ ਬਿਲਕੁਲ ਗਲਤ ਹੋਵੇਗਾ ਕਿ ਉਹ ਹਿੰਦੂਆਂ ਦੇ ਵੱਲ ਤਰਫ਼ਦਾਰੀ ਕਰ ਰਿਹਾ ਸੀ. ਦਰਅਸਲ, ਅੱਮ੍ਰਿਤਸਰ ਦੀ ਜ਼ਿਆਦਾਤਰ ਪੁਲਿਸ ਮੁਸਲਿਮ ਸੀ. ਜਦ ਤੱਕ ਬ੍ਰਿਟਿਸ਼ ਅਫ਼ਸਰ ਪ੍ਰਭਾਰੀ ਸਨ, ਜੁਰਮ ਕਰਣ ਵਾਲੇਆਂ ਨੂੰ ਗਰਿਫ਼ਤਾਰ ਕੀਤਾ ਜਾਉਂਦਾ ਸੀ. ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ, ਉਹ ਹਮੇਸ਼ਾ ਮੁਸਲਿਮ ਇਲਾਕਿਆਂ ਤੇ ਮੁਜਰਿਮਾਂ ਦੀ ਤਲਾਸ਼ ਵਿੱਚ, ਗਸ਼ਤ ਲਗਾਉਂਦੇ ਸੀ. ਉਹ ਹਿੰਦੂ ਅਤੇ ਸਿੱਖ ਮਹੱਲੇਆ ਤੇ ਵੀ ਇਹ ਕਰਦੇ ਸੀ.

'ਅਸੀਂ 10 ਅਗਸਤ ਨੂੰ ਅੱਮ੍ਰਿਤਸਰ ਛੱਡ ਕੇ ਲਾਹੌਰ ਚਲੇ ਗਏ ਕਿਉਂਕਿ ਤਦ ਤੱਕ ਇੰਤਜ਼ਾਮਿਆ ਬਦਲ ਗਿਆ ਸੀ ਅਤੇ ਤਦ ਇੱਕ ਗੈਰ-ਮੁਸਲਿਮ ਪ੍ਰਬਲ ਇੰਤਜ਼ਾਮਿਆ ਆਪਣੇ ਸਹ-ਧਰਮੀ ਲੋਕਾਂ ਦੀ ਤਰਫ਼ਦਾਰੀ ਕਰਣ ਲਗ ਗਿਆ ਸੀ. ਤਦ ਹੀ, ਮੁਸਲਿਮ ਪਰਵਾਰ ਲਾਹੌਰ ਦੀ ਤਰਫ਼ ਰੁਖ ਕਰਣ ਲਗੇ. ਮੇਰੇ ਵਾਲਿਦ ਨੇ ਸਾਨੂ ਪਹਿਲਾਂ ਲਾਹੌਰ ਲੈ ਆਉਂਦਾ ਅਤੇ ਉਸ ਦੇ ਬਾਅਦ, ਉਹ ਵਾਪਸ ਲੌਟੇ, ਪਰ ਆਖ਼ਰ ਕਾਰ 22 ਅਗਸਤ ਨੂੰ ਉਹ ਲਾਹੌਰ ਵਾਪਸ ਆ ਗਏ. ਤਦ ਤਕ, ਤਾਕਤ ਦਾ ਪਲੜਾ ਬਿਲਕੁਲ ਪਲਟ ਗਿਆ ਸੀ ਅਤੇ ਮੁਸਲਿਮ ਗਾਜਰ ਮੂਲੀ ਦੀ ਤਰ੍ਹਾਂ ਸਨ. ਉਨ੍ਹਾਂ ਨੂੰ ਹਥਿਆਰਬੰਦ ਹਿੰਦੂ ਅਤੇ ਸਿੱਖ ਗਿਰੋਹ ਹਲਾਕ ਕਰ ਰਹੇ ਸੀ. ਲਾਹੌਰ ਜਾਂਦੇ ਵਕਤ, ਅਸੀਂ ਕਈ ਲਾਸ਼ਾਂ ਵੇਖਿਆਂ. ਇਹ ਸਭ ਬਿਲਕੁਲ ਬੇਲੋੜੀ ਸੀ. ਪੰਜਾਬ ਵਿੱਚ ਪੁਰਾਣਾ ਚੈਨ ਅਤੇ ਅਮਨ ਕਦੀ ਵਾਪਸ ਲੈਟ ਕੇ ਨਹੀਂ ਆਇਆ.'

ਚੌਧਰੀ ਮੁਹੱਮਦ ਸਿਦੱਕ

'ਮੈ ਅੱਮ੍ਰਿਤਸਰ ਦੇ ਅੰਦਰੂਨ ਸ਼ਹਿਰ ਦੇ ਵੱਡੀ ਗੱਲੀ ਅਰਾਇਨਾਂ ਦੀ ਤੇ ਪੈਦਾ ਹੋਇਆ ਸੀ. ਇੱਕ ਛੋਟੀ ਗੱਲੀ ਅਰਾਇਨਾਂ ਦੀ ਵੀ ਮੌਜੂਦ ਸੀ. ਸਾਡੇ ਹੋਰ ਹਿੰਦੂਆ ਅਤੇ ਸਿੱਖਾਂ ਦੇ ਦਰਮਿਆਨ ਕੋਈ ਮਸਲਾ ਨਹੀਂ ਸੀ. ਸਾਡੀ ਤੋਂ ਅਗਲੀ, ਗਲੀ ਤਿਵਾਰਿਆਂ ਪੂਰੀ ਤਰ੍ਹਾਂ ਹਿੰਦੂ ਸੀ. ਉਣ ਦਿਨਾਂ ਤੇ, ਘਰਾਂ ਦੇ ਦਰਵਾਜ਼ੇ ਖੁਲੇ ਰਹਿੰਦੇ ਸੀ ਅਤੇ ਸਾਰੀ ਕੌਮਾਂ ਦਾ ਇੱਕ ਦੂਜੇ ਦੇ ਉਪਰ ਪੂਰਾ ਯਕੀਨ ਸੀ. ਤਿੰਨੇਂ ਸਮੁਦਾਇਆਂ ਦੇ ਬਜ਼ੁਰਗ ਖ਼ਿਆਲ ਰਖਦੇ ਸੀ ਕਿ ਕਿਸੇ ਦਾ ਨਾ ਤੇ ਨੁਕਸਾਨ ਹੋਵੇ ਅਤੇ ਨਾ ਹੀ ਕੋਈ ਪਰੇਸ਼ਾਨ ਹੋਵੇ. ਹਰ ਇੱਕ ਇਨਸਾਨ ਆਪਣੇ ਆਪ ਨੂੰ ਮਹਿਫ਼ੂਜ਼ ਸਮਝਦਾ ਸੀ. ਜਦ ਫ਼ਸਾਦ ਸ਼ੁਰੂ ਹੋ ਗਏ ਤਦ ਵੀ, ਸਾਡੇ ਗੁਆਂਢੀਆਂ ਨੇ ਸਾਡੇ ਉਪਰ ਹਮਲਾ ਨਹੀਂ ਕੀਤਾ. ਇਸੇ ਤਰ੍ਹਾਂ, ਅਸੀਂ ਕਿਸੇ ਜੁਰਮ ਕਰਣ ਵਾਲੇ ਨੂੰ ਹਿੰਦੂਆਂ ਅਤੇ ਸਿੱਖਾਂ ਦਾ ਨੁਕਸਾਨ ਨਹੀਂ ਹੋਣ ਦਿੱਤਾ.

ਬਾਹਰ ਦੇ ਲੋਕਾਂ ਜਾਂ ਹਮਲਾਵਰਾਂ ਨੇ ਮਾਹੌਲ ਖਰਾਬ ਕਰ ਦਿੱਤਾ. ਬਿਲਕੁਲ ਅਨਜਾਣ ਲੋਕ ਆਉਂਦੇ ਅਤੇ ਅੱਗਾ ਦੇ ਗੋਲੇ ਸੁੱਟ ਕੇ ਭੱਜ ਜਾਂਦੇ. 10 ਅਗਸਤ ਤੋਂ ਬਾਅਦ, ਅੱਮ੍ਰਿਤਸਰ ਤੇ ਮੁਸਲਿਮਾਂ ਦਾ ਰਹਿਣਾ ਮੁਸ਼ਕਲ ਹੋ ਗਿਆ ਜਦ ਇੰਤਜ਼ਾਮਿਆ ਬਦਲ ਗਿਆ ਅਤੇ ਹਿੰਦੂਆਂ ਹੋਰ ਸਿੱਖਾਂ ਨੇ ਹਕੂਮਤ ਸੰਭਾਲ ਲੀਤੀ. ਹਥਿਆਰਬੰਦ ਜੱਥੇ ਵੀ ਅੱਮ੍ਰਿਤਸਰ ਉਪਰ ਹਮਲਾ ਕਰਣ ਲਗੇ.

'ਅਸੀਂ 13 ਅਗਸਤ ਨੂੰ ਚਲੇ ਗਏ. ਮੇਰੇ ਦਾਦਾ, ਮਿਆਂ ਚਨਨ ਦੀਨ ਪਿੱਛੇ ਰਹਿ ਗਏ ਅਤੇ ਉਨ੍ਹਾਂ ਨੇ ਜ਼ੋਰ ਦਿੱਤਾ ਕਿ ਮੇਰੇ ਪਿਤਾ, ਪਹਿਲਾਂ ਖ਼ਵਾਤੀਨਾਂ ਅਤੇ ਬੱਚੇਆਂ ਨੂੰ ਲੈ ਕੇ ਚਲੇ ਜਾਣ ਅਤੇ ਇਸ ਦੇ ਬਾਅਦ ਉਨ੍ਹਾਂ ਨੂੰ. ਅਸੀਂ ਤਾਰਾਂਵਾਲਾ ਬਾਜ਼ਾਰ ਹੋ ਕੇ ਹਾਥੀ ਦਰਵਾਜ਼ਾ ਪਹੁੰਚੇ. ਅਸੀਂ ਕੋਈ 300 ਪਰਵਾਰ ਸੀ. ਤਦ, ਮੇਰੇ ਵਾਲਿਦ, ਮਿਆਂ ਅਬਦੁਲ ਘਨੀ, ਮੁੜ ਕੇ ਮੇਰੇ ਦਾਦਾ ਨੂੰ ਲੈਣ ਲਈ ਗਏ, ਪਰ ਅਫਸੋਸ, ਉਨ੍ਹਾਂ ਨੂੰ ਕਿਸੇ ਨੇ ਹਲਾਕ ਕਰ ਦਿੱਤਾ ਸੀ. ਇਸ ਦੇ ਇਲਾਵਾ, ਰੇਲਵੇ ਸਟੇਸ਼ਨ ਜਾਉਂਦੇ ਵਕਤ, ਮੇਰੀ ਖਾਲਾ ਮਰਿਅਮ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ. ਮੈਂ ਉਨ੍ਹਾਂ ਦਾ ਪਿਆਰਾ ਭਾਂਜਾ ਸੀ ਅਤੇ ਅੱਜ ਤੱਕ ਮੈਂ ਉਨ੍ਹਾਂ ਨੂੰ ਅਤੇ ਆਪਣੇ ਦਾਦਾ ਨੂੰ ਯਾਦ ਕਰਦਾ ਹਾਂ. ਦੋਨੋ ਸੰਤ ਇਨਸਾਨ ਸਨ.

'ਰੇਲਵੇ ਸਟੇਸ਼ਨ ਤੇ, ਗੋਲੀਬਾਰੀ ਤੇ ਇੱਕ ਨਾਟਕੀ ਵਾਧਾ ਹੋ ਗਿਆ ਸੀ. ਸ਼ਰਤਿਆ ਤੌਰ ਤੇ, ਹਿੰਦੂ ਅਤੇ ਸਿੱਖ ਭੱਜਦੇ ਹੋਏ ਮੁਸਲਿਮਾਂ ਨੂੰ ਗੋਲੀਆਂ ਮਾਰ ਰਹੇ ਸੀ. ਮੈਂ ਕਈ ਲੋਕਾਂ ਨੂੰ ਜਮੀਨ ਤੇ ਡਿਗਦੇ ਹੋਏ ਵੇਖਿਆ. ਸਟੇਸ਼ਨ ਗ਼ਮਗੀਨ ਇਨਸਾਨਾਂ ਨਾਲ ਭਰਿਆ ਹੋਇਆ ਸੀ. ਇਹ ਇੱਕ ਪੂਰੀ ਤਰ੍ਹਾਂ ਹਫੜਾ-ਤਫੜੀ ਦਾ ਨਜ਼ਾਰਾ ਸੀ. ਜਿਸ ਗੱਡੀ ਤੇ ਅਸੀਂ ਸਵਾਰ ਹੋਏ, ਉਸ ਵਿੱਚ ਇੱਨੇ ਜ਼ਿਆਦਾ ਲੋਕ ਸਵਾਰ ਸਨ ਕਿ ਸਾਡਾ ਪਰਵਾਰ ਇਕੱਠਾ ਨਹੀਂ ਰਹਿ ਸਕਿਆ ਅਤੇ ਸਾਨੂ ਅਲਗ ਅਲਗ ਡੱਬੇਆਂ ਤੇ ਥਾਂ ਲੱਭਣੀ ਪਈ. ਲਾਹੌਰ ਜਾਉਂਦੇ ਹੋਏ, ਅਸੀਂ ਵੇਖਿਆ ਕਿ ਖਾਲਸਾ ਕਾਲੇਜ ਦੇ ਨਜਦੀਕ ਲਾਸ਼ਾਂ ਪਈਆਂ ਹੋਇਆਂ ਸੀ. ਲਾਹੌਰ ਸਟੇਸ਼ਨ ਤੇ ਵੀ ਹਫੜਾ-ਤਫੜੀ ਦਾ, ਇੱਕ ਵਰਗਾ ਨਜ਼ਾਰਾ ਸੀ. ਮੈਨੂੰ ਯਾਦ ਹੈ ਕਿ ਪਲੈਟਫਾਰਮਾਂ ਅਤੇ ਸਟੇਸ਼ਨਾਂ ਦੇ ਬਾਹਰ ਲਾਸ਼ਾਂ ਭਰੀਆਂ ਹੋਈਆਂ ਸੀ. ਉਨ੍ਹਾ ਦੇ ਉੱਪਰੋਂ ਤੁਰ ਕੇ ਸਾਨੂੰ ਸੜਕ ਪਾਰ ਕਰਣੀ ਪਈ. 14 ਅਗਸਤ ਨੂੰ ਲਾਹੌਰ ਦਾ ਇਹ ਹਾਲ ਸੀ.'

ਉਮਰ ਸਈਦ

'ਸਾਡਾ ਪਰਵਾਰ ਅਸਲ ਵਿੱਚ, ਉੱਤਰ ਪੰਜਾਬ ਦੇ ਗੁਜੱਰ ਖ਼ਾਨ ਤੋਂ ਸੀ ਪਰ 1920 ਦੇ ਦਹਾਕੇ ਤੇ, ਮੇਰੇ ਦਾਦਾ ਅੱਮ੍ਰਿਤਸਰ ਆ ਕੇ ਵਸ ਗਏ. ਉਹ ਇੱਕ ਸਰਕਾਰੀ ਮੁਲਾਜ਼ਮ ਸਨ ਜਿਨ੍ਹਾਂ ਦੀ ਅੱਮ੍ਰਿਤਸਰ ਤੇ ਇੱਕ ਲੰਬੀ ਪੋਸਟਿੰਗ ਸੀ ਅਤੇ ਉਨ੍ਹਾਂ ਨੇ ਇਥੇ ਹੀ ਰਹਿਣ ਦਾ ਫ਼ੈਸਲਾ ਕੀਤਾ. ਅਸੀਂ ਜਲਿਆਂਵਾਲਾ ਬਾਘ ਦੇ ਕਰੀਬ ਰਹਿੰਦੇ ਸੀ. ਅੱਮ੍ਰਿਤਸਰ ਸਿਆਸੀ ਸਰਗਰਮਿਆ ਵਾਲਾ ਸ਼ਹਿਰ ਸੀ. ਇਥੇ ਖਾਕਸਾਰ ਅਤੇ ਅਹਰਾਰ ਆਪਣੇ ਜਲੂਸ ਕੱਢਦੇ ਸੀ ਅਤੇ ਸਿੱਖ ਹੋਰ ਹਿੰਦੂ ਵੀ ਸੰਗਠਤ ਸਨ. ਕਾਂਗਰੇਸ ਦੀ ਵੀ ਇੱਕ ਮਜਬੁਤ ਮੌਜੂਦਗੀ ਸੀ. ਡਾ.ਸੈਫ਼ੁੱਦੀਨ ਸਮੇਤ ਕਈ ਪ੍ਰਮੁੱਖ ਮੁਸਲਿਮ ਆਗੂ ਇਸ ਦੇ ਸਦੱਸ ਸਨ. ਸਾਡਾ ਪਰਵਾਰ ਗੈਰ-ਸਿਆਸੀ ਸੀ, ਪਰ ਮੁਸਲਿਮ ਲੀਗ ਨਾਲ ਹਮਦਰਦੀ ਰੱਖਦਾ ਸੀ ਕਿਉਂਕਿ ਮੇਰੇ ਵਾਲਿਦ ਦਾ ਯਕੀਨ ਸੀ ਕਿ ਸਿਰਫ਼ ਇੱਕ ਮੁਸਲਿਮ ਮੁਲਕ ਵਿੱਚ ਹੀ ਇੰਸਾਫ਼ ਮਿਲ ਸਕਦਾ ਸੀ. 1945 ਦੇ ਇੰਤਖ਼ਾਬ ਤੋਂ ਹੀ ਗੜਬੜੀ ਸ਼ੁਰੂ ਹੋ ਗਈ ਸੀ. ਮੈਂ ਤਦ, ਮੈਓ ਕਾਲੇਜ ਤੇ ਪਹਿਲੇ ਸਾਲ ਦਾ ਵਿਦਿਆਰਥੀ ਸੀ. ਮਾਰਚ ਦੇ ਸ਼ੁਰੂ ਤੇ ਸਿੱਖਾਂ ਨੇ ਪਹਿਲੀ ਝੜਪ

ਲਈ ਉਕਸਾਇਆ. ਇਸ ਦੇ ਬਾਅਦ, ਹਾਲਾਤ ਕਦੀ ਠੀਕ ਨਹੀਂ ਹੋਏ. ਬਲਰਾਜ ਬਾਵਾ, ਪ੍ਰੇਮਚੰਦ ਵੋਹਰਾ ਅਤੇ ਨਿਖਲ ਸਿੰਘ ਉਸੇ ਗਲੀ ਤੇ ਰਹਿੰਦੇ ਸੀ ਜਿੱਥੇ ਸਾਡਾ ਪਰਵਾਰ ਰਹਿੰਦਾ ਸੀ. ਹਸਨ ਬਖ਼ਸ਼ ਅਤੇ ਮੁਹੱਮਦ ਸਰਵਾਰ ਵੀ ਸਨ, ਜੋ ਹਾਲ ਬਾਜ਼ਾਰ ਤੇ ਰਹਿੰਦੇ ਸੀ. ਅਸੀਂ ਇੱਕ ਸਮੂਹ ਦੇ ਸ਼ਾਥੀ ਸੀ ਜੋ ਇਕੱਠੇ ਸਿਨੇਮਾ ਜਾਉਦੇ ਸੀ ਅਤੇ ਗਾਨੇਆਂ ਅਤੇ ਮੌਸਿਕੀ ਦਾ ਵੀ ਸ਼ੌਕ ਰਖਦੇ ਸੀ. ਤੁਹਾਨੂ ਯਕੀਨ ਨਹੀਂ ਹੋਵੇਗਾ ਕਿ ਸਾਡੀ ਅੱਖਾਂ ਦੇ ਸਾਹਮਣੇ ਕਈ ਲੋਕਾਂ ਦੇ ਕਰੂਰ ਕਤਲ ਅਤੇ ਉਨ੍ਹਾ ਨੂੰ ਜ਼ਖ਼ਮੀ ਕਰਣ ਦੇ ਵਾਕਿਐ ਹੋਏ, ਪਰ ਸਾਡੇ ਸਮੂਹ ਦੇ ਅੰਦਰ ਕੋਈ ਆਪਸੀ ਦੁਸ਼ਮਨੀ ਨਹੀਂ ਸੀ.

'ਹਾਲਾਤ ਵਿਗੜਣ ਦੇ ਬਾਵਜੂਦ, ਸਾਡਾ ਸਮੂਹ ਆਪਸ ਤੇ ਮਿਲਦਾ ਰਿਹਾ ਪਰ, ਮਈ ਦੇ ਆਖ਼ਰ ਤੇ ਮੇਰੇ ਹਿੰਦੂ ਅਤੇ ਸਿੱਖ ਦੋਸਤਾਂ ਨੇ ਆ ਕੇ ਸਮਝਾਇਆ ਕਿ ਆਰ.ਐਸ.ਐਸ. ਅਤੇ ਕੁੱਝ ਕੱਟੜਵਾਦੀ ਅਕਾਲੀ, ਮੁਸਲਿਮ ਇਲਾਕਿਆਂ ਉਪਰ ਹਮਲਾ ਕਰਣ ਦਾ ਮਨਸੂਬਾ ਬਣਾ ਰਹੇ ਸੀ. ਤਾਂ ਵੀ ਮੇਰੇ ਵਾਲਿਦ ਉਥੋਂ ਚਲੇ ਜਾਣ ਦੇ ਖ਼ਿਲਾਫ਼ ਸਨ ਕਿਉਂਕਿ ਸਾਡੇ ਮਹੱਲੇ ਤੇ ਉਨ੍ਹਾਂ ਦਾ ਇੱਕ ਸੀਨੀਅਰ ਸਾਥੀ ਰਹਿੰਦਾ ਸੀ, ਜਿਨ੍ਹਾਂ ਨੂੰ ਅਸੀਂ ਮੇਹਤਾ ਅੰਕਲ ਕਹਿੰਦੇ ਸੀ. ਉਨ੍ਹਾਂ ਨੇ ਅਤੇ ਮੇਰੇ ਵਾਲਿਦ ਨੇ ਇੱਕਠਾ ਡਾਕ ਦਫ਼ਤਰ ਤੇ ਕੱਮ ਕੀਤਾ ਸੀ ਅਤੇ ਸਾਡੇ ਪਰਵਾਰਾ ਵਿੱਚ ਆਉਣਾ-ਜਾਣਾ ਸੀ. ਮੈਨੂੰ ਯਾਦ ਹੈ ਉਨ੍ਹਾਂ ਦੀ ਬੇਟੀ ਪਾਰਵਤੀ ਦੀ ਸ਼ਾਦੀ ਸੀ. ਉਸ ਨੇ ਮੇਰੇ ਵਾਲਿਦ ਅਤੇ ਵਾਲਿਦਾ ਦੇ ਵੀ ਪੈਰ ਛੂਐ, ਜਦ ਉਹ ਆਪਣੀ ਸ਼ਾਦੀ ਦੀ ਰਾਤ ਨੂੰ, ਆਪਣੇ ਮਾਤਾ ਪਿਤਾ ਦਾ ਘਰ ਛੱਡ ਕੇ ਜਾ ਰਹੀ ਸੀ. ਇਹ 1946 ਦੇ ਸ਼ੁਰੂਆਤੀ ਦਿਨਾਂ ਦੀ ਗੱਲ ਹੈ.

'ਜੁਨ ਦੇ ਸ਼ੁਰੂ ਤੇ, ਅਸੀਂ ਸ਼ਰੀਫ਼ਪੂਰਾ ਚਲੇ ਗਏ ਜਿੱਥੇ ਅਸੀਂ ਇੱਕ ਹੋਰ ਗੁਜੱਰ ਖ਼ਾਨ ਦੇ ਪਰਵਾਰ ਨਾਲ ਰਹਿਣ ਲਗੇ, ਜੋ ਅੱਮ੍ਰਿਤਸਰ ਤੇ ਵਸ ਗਿਆ ਸੀ. ਅਗਸਤ ਦੇ ਸ਼ੁਰੂਆਤੀ ਦੌਰ ਤੇ, ਮੁਸਲਿਮ ਭੱਜ ਰਹੇ ਸੀ. ਅੱਮ੍ਰਿਤਸਰ ਦੇ ਬਾਹਰ ਦੇ ਪਿੰਡਾ ਦੀ ਕੁੜੀਆਂ ਦੀ ਇੱਕ ਵੱਡੀ ਤਦਾਦ ਨੂੰ ਅਗਵਾ ਕੀਤਾ ਜਾ ਰਿਹਾ ਸੀ ਅਤੇ ਰੋਜ਼ਾਨਾ ਸਦਮੇ ਵਿੱਚ ਬੰਦੇ, ਖ਼ਵਾਤੀਨ ਅਤੇ ਬੱਚੇ ਸ਼ਰੀਫ਼ਪੁਰਾ ਆ ਰਹੇ ਸੀ. ਮੈਨੂੰ ਪਤਾ ਲਗਾ ਕਿ ਕਈ ਬਜ਼ੁਰਗਾ ਨੂੰ ਪਿੰਡਾ ਤੇ ਛੱਡ ਕੇ ਲੋਕ ਭੱਜ ਰਹੇ ਸੀ ਕਿਉਂਕਿ ਉਨ੍ਹਾਂ ਦੇ ਲਈ ਚਲਣਾਂ ਜਾਂ ਦੌੜਣਾਂ ਨਾਮੁਮਕਿਨ ਸੀ. ਮੈਨੂੰ ਯਾਦ ਹੈ ਕਿ ਇੱਕ ਨਿੱਕੀ ਕੁੜੀ ਸੀ, ਜਿਸ ਦੇ ਚਿਹਰੇ ਅਤੇ ਸੀਨੇ ਤੇ ਵੀ ਗੰਭੀਰ ਜ਼ਖ਼ਮ ਸੀ. ਉਸ ਨੇ ਸਿੱਖਾ ਦਾ ਟਾਕਰਾ ਕੀਤਾ ਸੀ ਅਤੇ ਉਸ ਨੂੰ ਕਿਰਪਾਨ ਦੁਆਰਾ ਚੀਰ ਦਿੱਤਾ ਗਿਆ ਸੀ, ਜਦ ਬ੍ਰਿਟਿਸ਼ ਅਫ਼ਸਰਾਂ ਦੀ ਅਗਵਾਈ ਤੇ ਫ਼ੌਜ਼ ਆਈ. 12 ਅਗਸਤ ਨੂੰ ਸਾਡੇ ਚਲੇ ਜਾਣ ਤੋਂ ਕੁੱਝ ਪਹਿਲਾਂ ਉਸ ਦਾ ਇੰਤਕਾਲ ਹੋ ਗਿਆ. ਉਸ ਦੇ ਪਿਉ ਨੂੰ ਪਹਿਲਾਂ ਹੀ ਮਾਰ ਦਿੱਤਾ ਗਿਆ ਸੀ. ਕਈ ਦੂਜੇ ਵੀ ਲੋਕ ਸਨ, ਜਿਨ੍ਹਾਂ ਨੇ ਸ਼ਰੀਫ਼ਪੂਰਾ ਤੇ ਪਨਾਹ ਲੀਤੀ ਸੀ. ਸੈਕੜੇ ਦੂਜੇ ਲੋਕ ਸਨ ਜਿਨ੍ਹਾਂ ਨੇ ਪੱਟਿਆ ਬੱਨ੍ਹੀ ਹੋਇਆਂ ਸੀ ਅਤੇ ਕੁੱਝ ਨੇ ਤੇ ਆਪਣੇ ਜਿਸਮ ਦੇ ਹਿੱਸੇ ਗੁਆ ਦਿੱਤੇ ਸੀ. ਇਏ ਸਾਰੇ ਲੋਕਾਂ ਨੂੰ ਦਰਦ ਅਤੇ ਖ਼ੌਫ਼ ਵਿੱਚ ਵੇਖਣਾ, ਇੱਕ ਬੇਹਦ ਭਿਆਨਕ ਨਜ਼ਾਰਾ ਸੀ. ਸ਼ਰੀਫ਼ਪੂਰਾ ਤੇ ਰਹਿਣ ਦੇ ਹਾਲਾਤ ਬੇਹਦ ਬੁਰੇ ਸੀ, ਪਰ ਲੋਕ ਇੱਕ ਦੂਜੇ ਦੀ ਮਦਦ ਕਰ ਰਹੇ ਸੀ. ਔਰਤਾਂ ਹਰ ਵਕਤ ਕੁਰਾਨ ਦਾ ਪਾਠ ਕਰਦਿਆਂ ਸਨ ਜਦ ਕਿ ਬੰਦੇ ਵਾਰੀ ਵਾਰੀ ਸ਼ਰੀਫ਼ਪੂਰਾ ਦੀ ਬਾਹਰੀ ਹਮਲੇਆਂ ਤੋਂ ਹਿਫ਼ਾਜ਼ਤ ਕਰਦੇ ਸੀ. ਕਈ ਵਾਰ ਸਿੱਖ ਜੱਥੇਆਂ ਨੇ ਹਮਲਾ ਕੀਤਾ ਪਰ ਉਨ੍ਹਾਂ ਨੂੰ ਪਿੱਛੇ ਧਕੇਲ ਦਿੱਤਾ ਗਿਆ.

'12 ਅਗਸਤ ਨੂੰ ਮੇਰੇ ਮਾਮਾ ਇੱਕ ਟਰੱਕ ਕੈ ਕੇ ਆਏ. ਉਨ੍ਹਾਂ ਦਾ ਸਭ ਤੋਂ ਕਰੀਬੀ ਦੋਸਤ ਪਹਿਲਾਂ ਫ਼ੌਜ਼ ਤੇ ਸੀ ਜਿਸ ਨੇ ਉਸ ਟਰੱਕ ਉਪਰ ਕਬਜ਼ਾ ਕਰ ਲੀਤਾ ਸੀ, ਜੋ ਹਿੰਦੂਆਂ ਨੇ ਗੁਜੱਰ ਖ਼ਾਨ ਤੇ ਛੱਡ ਦਿੱਤਾ ਸੀ.

ਅਸੀਂ ਦੇਰ ਰਾਤ ਨਿਕਲ ਗਏ. ਕਈ ਲੋਕ ਸਾਡੇ ਨਾਲ ਆਉਣਾ ਚਾਹੁੰਦੇ ਸੀ, ਪਰ ਅਸੀਂ ਦੋ ਗੁਜੱਰ ਖ਼ਾਨ ਦੇ ਪਰਵਾਰ ਅਤੇ ਇੱਕ ਰਾਵਲਪਿੰਡੀ ਦਾ ਪਰਵਾਰ ਉਸ ਟਰੱਕ ਤੇ ਚੜ੍ਹ ਸਕੇ. ਪੂਰੇ ਰਾਹ ਤੇ ਹਨੇਰਾ ਸੀ ਅਤੇ ਮੈਨੂੰ ਪਤਾ ਨਹੀਂ ਲਗਾ ਅਸੀਂ ਕਦ ਲਾਹੌਰ ਪਹੁੰਚ ਗਏ. ਲਾਹੌਰ ਤੇ ਅੱਗਾਂ ਲਗਿਆਂ ਹੋਈਆਂ ਸੀ ਅਤੇ ਉਥੇ ਸਿਰਫ਼ ਕੁੱਝ ਘੰਟੇ ਰਹਿਣ ਦੇ ਬਾਅਦ, ਅਸੀਂ ਟਰੱਕ ਤੇ ਗੁਜੱਰ ਖ਼ਾਨ ਚਲੇ ਗਏ. ਮੇਰੇ ਵਾਲਿਦ ਅਤੇ ਉਨ੍ਹਾਂ ਦੇ ਦੋਸਤ ਇੱਕ ਦੂਜੇ ਨੂੰ 1950 ਦੇ ਦਹਾਕੇ ਤੱਕ ਪੱਤਰ ਲਿਖਦੇ ਰਹੇ. ਆਪਣੀ ਜ਼ਿੰਦਗੀ ਤੇ ਕਈ ਵਾਰ ਮੈਨੂੰ ਇਹ ਜਾਣਣ ਦੀ ਖ਼ਾਹਿਸ਼ ਰਹੀ ਹੈ ਕਿ ਮੇਰੇ ਹਿੰਦੂ ਅਤੇ ਸਿੱਖ ਦੋਸਤ ਕਿਥੇ ਨੇ ਪਰ ਉਸ ਖ਼ਿਆਲ ਦਾ ਪਿੱਛਾ ਮੈਂ ਨਹੀਂ ਕਰ ਸਕਿਆ. ਹੁਣ ਮੈਂ ਕਾਫ਼ੀ ਬਜ਼ੁਰਗ ਅਤੇ ਬੀਮਾਰ ਹਾਂ. ਅਤੇ, ਅੱਮ੍ਰਿਤਸਰ ਅਤੇ ਉਹ ਦੋਸਤ ਮੇਰੇ ਖ਼ਿਆਲ ਵਿੱਚ ਰਹਿਣਗੇ ਜਦ ਤੱਕ ਮੈਂ ਇਸ ਦੁਨੀਆ ਨੂੰ ਨਹੀਂ ਛੱਡਦਾ ਹਾਂ.'

ਅਲੀ ਬਖ਼ਸ਼

'ਮੇਰਾ ਤਾਲੁੱਕ ਮੋਚੀ ਬਰਾਦਰੀ ਨਾਲ ਹੈ. ਫ਼ਰਵਰੀ 1947 ਨੂੰ ਸਿੱਧੀ ਕਾਰਵਾਈ ਦੇ ਦੌਰਾਨ, ਅੱਮ੍ਰਿਤਸਰ ਜੇਲ੍ਹ ਦੀ ਕੰਧਾਂ ਉਪਰ ਮੁਸਲਿਮ ਲੀਗ ਦਾ ਝੰਡਾ ਲਹਰਾਉਣ ਵਾਲਾ ਮੁੰਡਾ ਸਾਡੀ ਬਰਾਦਰੀ ਦਾ ਸੀ. ਉਸ ਨੂੰ ਪੁਲਿਸ ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਸੀ. ਸਾਡੇ ਮਹੱਲੇ ਤੇ ਮੁਸਲਿਮਾਂ ਦਾ ਬੋਲਬਾਲਾ ਸੀ ਅਤੇ ਸਾਡੇ ਨੌਜਵਾਨ ਮੁੰਡੇ ਦੂਜੇ ਹਿੰਦੂ ਅਤੇ ਸਿੱਖ ਮਹੱਲੇਆ ਉਪਰ ਹਮਲਾ ਕਰਦੇ ਸੀ. ਦੋਨੋ ਦਲ ਹਥਿਆਰਬੰਦ ਸੀ ਅਤੇ ਮਾਰਣ ਮਰਣ ਨੂੰ ਤਿਆਰ, ਅਤੇ ਕੋਈ ਰਹਿਮ ਨਹੀਂ ਦਿਖਾਉਂਦੇ ਸੀ. ਅੱਮ੍ਰਿਤਸਰ ਦੇ ਮੁਸਲਿਮ ਆਗੂ, ਸਾਰੇ ਮੁਸਲਿਮਾਂ ਨੂੰ ਭਰੋਸਾ ਦੇਂਦੇ ਸੀ ਕਿ ਅੱਮ੍ਰਿਤਸਰ ਨਾ ਸਿਰਫ਼ ਪਾਕਿਸਤਾਨ ਦਾ ਹਿੱਸਾ ਹੋਵੇਗਾ ਬਲਕਿ ਬ੍ਰਿਟਿਸ਼ ਅਤੇ ਹਿੰਦੂ ਹਕੂਮਤ ਤੋਂ ਆਜ਼ਾਦੀ ਦੀ ਜਦੋਜਹਿਦ ਦੀ ਅਗਵਾਈ ਵੀ ਕਰੇਗਾ.

'ਪਾਕਿਸਤਾਨ ਇਜ਼ਾਦ ਹੋਣ ਤੋਂ ਇੱਕ ਮਹੀਨੇ ਪਹਿਲਾ, ਸਿੱਖ ਜੱਥੇ ਬਹੁਤ ਜ਼ਿਆਦਾ ਹਰਕਤਾਂ ਅਤੇ ਅੱਮ੍ਰਿਤਸਰ ਦੇ ਬਾਹਰੀ ਮੁਸਲਿਮ ਇਲਾਕਿਆਂ ਤੇ ਹਮਲੇ ਕਰਣ ਲਗੇ. ਹਰ ਦਿਨ ਦਬਾਅ ਵਧਦਾ ਗਿਆ ਅਤੇ ਨਜਦੀਕ ਦੇ ਪਿੰਡਾ ਤੋਂ ਮੁਸਲਿਮ ਜ਼ੁਲਮ ਦੀ ਬੇਹਦ ਦੁਖੀ ਦਾਸਤਾਨਾਂ ਲੈ ਕੇ, ਅੱਮ੍ਰਿਤਸਰ ਆਉਣ ਲਗੇ. 13 ਅਗਸਤ ਨੂੰ ਸਾਡੇ ਪੂਰੇ ਮਹੱਲੇ ਨੇ ਫ਼ੈਸਲਾ ਕੀਤਾ ਕਿ ਸਾਨੂ ਲਾਹੌਰ ਤੇ ਪਨਾਹ ਲੈਣੀ ਚਾਹੀਦੀ ਸੀ. ਕੁੱਝ ਨੌਜਵਾਨਾਂ ਕੋਲ ਹਥਿਆਰ ਸਨ, ਪਰ ਅਸੀਂ ਸਭ ਆਪਣੇ ਕੱਮ ਕਰਣ ਵਾਲੇ ਸਾਧਨਾਂ ਨਾਲ ਲੇਸ ਸੀ. ਅਤੇ, ਸਟੇਸ਼ਨ ਤੱਕ ਅਸੀਂ ਸਿੱਖਾਂ ਨੂੰ ਦੂਰ ਰਖਣ ਤੇ ਕਾਮਯਾਬ ਹੋ ਗਏ. ਪਰ, ਸਾਡੇ ਉਪਰ ਗੋਲੀਆਂ ਚਲਾਇਆਂ ਗਈਂ ਅਤੇ ਸਾਡੇ 500 ਲੋਕਾ ਦੇ ਕਾਫ਼ਿਲੇ ਤੋਂ ਕੁੱਝ ਲੋਕ ਹਲਾਕ ਹੋ ਗਏ. ਹਲਾਕ ਹੋਏ ਲੋਕਾਂ ਵਿੱਚ ਮੇਰਾ ਦੋਸਤ ਅਸਲਮ ਵੀ ਸੀ. ਇਹ ਇੱਕ ਭਿਆਨਕ ਕਤਲ ਸੀ. ਗੋਲੀ ਉਸ ਦੀ ਗਰਦਨ ਤੇ ਆ ਕੇ ਲਗੀ. ਉਸ ਦੇ ਮਰੇ ਹੋਏ ਚਿਹਰੇ ਅਤੇ ਉਸ ਦੀ ਨਜ਼ਰ ਤੇ, ਉਸ ਦਾ ਸਦਮਾ ਝਲਕ ਰਿਹਾ ਸੀ. ਉਹ ਇੱਕ ਚੰਗਾ ਗਾਇੱਕ ਸੀ ਅਤੇ ਅਸੀਂ ਇੱਕ ਦੂਜੇ ਦੇ ਕਰੀਬ ਸੀ.

'ਸਾਡੇ ਸਮੂਹ ਦੇ ਅੱਧਾ ਦਰਜਨ ਲੋਕ ਰੇਲਵੇ ਸਟੇਸ਼ਨ ਪਹੁੰਚਣ ਤੋਂ ਪਹਿਲਾ ਹੀ ਮਰ ਗਏ. ਉਨ੍ਹਾਂ ਦੀ ਲਾਸ਼ਾਂ ਨੂੰ ਬਗੈਰ ਮਾਕੁਲ ਇਸਲਾਮੀ ਤੌਰ ਤੇ ਦਫ਼ਨਾਏ, ਅਸੀਂ ਛੱਡ ਕੇ ਚਲੇ ਗਏ. ਅਸੀਂ ਕੀ ਕਰ ਸਕਦੇ ਸੀ? ਰੇਲਵੇ ਸਟੇਸ਼ਨ ਤੇ ਇੱਕ ਕਯਾਮਤ ਦਾ ਨਜ਼ਾਰਾ ਵੇਖਣ ਨੂੰ ਮਿਲਿਆ. ਸਦਮੇ ਵਿੱਚ ਬੰਦੇ, ਔਰਤਾਂ ਅਤੇ ਬੱਚੇ ਦਰਦ ਵਿੱਚ ਸਨ ਅਤੇ ਉਨ੍ਹਾ ਨੂੰ ਸੱਟਾਂ, ਭੂਕ ਅਤੇ ਪਿਆਸ ਸਤਾ ਰਹੀ ਸੀ. ਲਾਹੌਰ ਲਈ ਗੱਡੀ ਫੱੜਣ ਦੀ

ਜਦੋਜਹਿਦ ਵਿੱਚ, ਕਈ ਝਗੜੇ ਅਤੇ ਬੂਰੇ ਨਜ਼ਾਰੇ ਵੇਖਣ ਨੂੰ ਮਿਲੇ. ਅਸੀਂ ਆਪਣੇ ਛੂਰੇ ਅਤੇ ਦੂਜੇ ਸਾਧਨ ਦਿਖਾ ਕੇ, ਦੂਜੇ ਲੋਕਾ ਨੂੰ ਪਿੱਛੇ ਹਟਾ ਕੇ ਸੀਟਾਂ ਤੇ ਕਬਜ਼ਾ ਕਰਣ ਤੇ ਕਾਮਯਾਬ ਹੋ ਗਏ. ਲਾਹੌਰ ਦਾ ਸਫ਼ਰ ਧੀਮਾ ਅਤੇ ਬੇਹਦ ਦਰਦਨਾਕ ਸੀ. ਕਈ ਘੰਟੇ ਬਾਅਦ ਅਸੀਂ ਲਾਹੌਰ ਪਹੁੰਚੇ. ਇਹ 14 ਅਗਸਤ ਸੀ ਅਤੇ ਲਾਹੌਰ ਸਟੇਸ਼ਨ ਤੇ ਹਿੰਦੂਆਂ ਅਤੇ ਸਿੱਖਾਂ ਦੀ ਲਾਸ਼ਾਂ ਬਿਖਰੀ ਪਈਆਂ ਸੀ.

'ਅਸੀਂ ਅੰਦਰੁਨ ਸ਼ਹਿਰ ਦੀ ਤਰਫ਼ ਤੁਰਦੇ ਹੋਏ ਚਲੇ ਗਏ ਜਿੱਥੇ ਸਾਡੇ ਕੁੱਝ ਰਿਸ਼ਤੇਦਾਰ ਰਹਿੰਦੇ ਸੀ. ਸ਼ਾਹਆਲਮੀ ਅਤੇ ਦੂਜੇ ਹਿੰਦੂ ਜਗ੍ਹਾਂ ਨੂੰ ਸਾੜ ਕੇ ਢਹਿ ਦਿੱਤਾ ਗਿਆ ਸੀ. ਚਾਰੇ ਪਾਸੇ ਮੋਟੀ ਕਾਲਿਖ ਮੌਜੂਦ ਸੀ. ਮੇਰਾ ਕੋਈ ਕਰੀਬੀ ਰਿਸਤੇਦਾਰ ਹਲਾਕ ਨਹੀਂ ਹੋਇਆ ਸੀ, ਹਾਲਾਂਕਿ ਮੈਨੂੰ ਯਕੀਨ ਹੈ ਕਿ ਪਾਕਿਸਤਾਨ ਨੂੰ ਮੁਮਕਿਨ ਬਣਾਉਣ ਲਈ ਹਜ਼ਾਰਾਂ ਨੇ ਆਪਣੀ ਜਾਣ ਕੁਰਬਾਨ ਕੀਤੀ. ਮੈਨੂੰ ਨਹੀਂ ਪਤਾ ਹੈ ਕਿ ਅਸੀਂ ਕਿਸ ਤਰ੍ਹਾਂ ਦਾ ਪਾਕਿਸਤਾਨ ਚਾਹੁੰਦੇ ਸੀ. ਅਸੀਂ ਅੱਮ੍ਰਿਤਸਰ ਦੀ ਇੱਕ ਗਰੀਬ ਕੱਮ ਕਰਣ ਵਾਲੀ ਬਰਾਦਰੀ ਦਾ ਹਿੱਸਾ ਸੀ, ਅਤੇ ਲਾਹੌਰ ਆ ਕੇ ਸਾਡੀ ਕਿਸਮਤ ਵਿੱਚ ਕੋਈ ਤਬਦੀਲੀ ਨਹੀਂ ਆਈ; ਪਰ ਤਾਂ ਵੀ ਸਾਨੂ ਪਾਕਿਸਤਾਨ ਨਾਲ ਪਿਆਰ ਹੈ.'

ਹਵਾਲਾ

ਗੁਜਰਾਲ ਸਤੀਸ਼, 'ਏ ਬ੍ਰਸ਼ ਵਿਥ ਲਾਈਫ: ਐਨ ਆਟੋਬਾਇਉਗ੍ਰਾਫੀ, ਨਿਊ ਦੇਲਹੀ: ਵਾਇਕਿੰਗ, (1997).

ਹਮਦਾਨੀ, ਹਮੀਦ, 'ਲਾਹੌਰ ਜਲ ਰਹਾ ਥਾ', (ਵਿੱਚ) ਹਾਕਿਮ ਮੁਹੱਮਦ ਤਾਰਿਕ ਮਹਮੁਦ ਅਬਕਾਰੀ ਮੁਜਾਦੀਦੀ ਚੁਘਤਾਈ ਦੁਆਰਾ 1947 ਕੇ ਮੁਜ਼ਲਿਮ ਕੀ ਕਹਾਨੀ ਖੁਦ ਮੁਜ਼ਲੁਮੋਂ ਕੀ ਜ਼ਬਾਨੀ, ਲਾਹੌਰ: ਇਲਮ-ਉ-ਇਰਫ਼ਾਨ ਪਬਲਿਸ਼ਰਸ, (2003).

ਸੈਦ, ਚੌਦਰੀ ਮੋਹੱਮਦ, 'ਏ ਬ੍ਰੀਫ ਐਕਾਉਂਟ ਔਫ ਦ ਹੈਪੈਨਿੰਗਸ ਇਨ ਅੱਮ੍ਰਿਤਸਰ', ਦੁਆਰਾ ਚੌ.ਮੋਹੱਮਦ ਸੈਦ ਐਮ.ਏ.,ਐਲ.ਐਲ.ਬੀ, ਐਕਸ ਟਰਮਿਨਲ ਟੈਕਸ ਸੁਪਰ., ਮਿਉਨਿਸਿਪਲ ਕਮਿਟੀ, ਅੱਮ੍ਰਿਤਸਰ, ਮੌਜੂਦਾ ਪਤਾ: 3/30 ਨਿਸਬਤ ਰੋਡ, ਲਾਹੌਰ, ਦੀ ਜਰਨੀ ਟੂ ਪਾਕਿਸਤਾਨ: ਏ ਡੋਕਯੂਮੇਨਟੇਸਨ ਐਨ ਰਿਫਯੂਜੀਸ ਔਫ 1947, ਇਸਲਾਮਾਬਾਦ: ਨੈਸ਼ਨਲ ਡੋਕਯੂਮੇਨਟੇਸਨ ਸੇਂਟਰ.

ਸਿੰਘ ਖੁਸ਼ਵੰਤ, 'ਲਾਸਟ ਡੇਜ ਇਨ ਲਾਹੌਰ: ਫ੍ਰੈਮ ਦ ਬ੍ਰਿਟਲ ਸੇਕਯੂਰਿਟੀ ਔਫ ਐਨ ਏਲੀਟ ਰੂਫਟੌਪ, ਏ ਵਿਊ ਔਫ ਏ ਸਿਟੀ ਬਰਨਿੰਗ', ਆਉਟਲੂਕ, ਦੇਲਹੀ, (28 ਮਈ 1997).

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਐਟੇਕ ਐਨ ਸਿੱਖਸ ਐਂਡ ਹਿੰਦੂਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇੰਡੀਆ,(1991).

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ), 2007ਬ, ਪੰਜਾਬ ਪੌਲਿਟਿਕਸ, 1 ਜੂਨ -14 ਅਗਸਤ 1947, ਟ੍ਰੇਜੇਡੀ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ: ਮਨੋਹਰ.

ਫੋਰਟਨਾਇਟਲੀ ਰਿਪੋਰਟਸ ਔਫ ਚੀਫ ਸੇਕਰੇਟਰੀ ਫੰਰ 1947, *IOR L/P & J/5/250*, (ਮਾਇਕ੍ਰੋਫਿਲਮ ਉੱਪਰ),ਲੰਡਨ: ਬ੍ਰਿਟਿਸ਼ ਲਾਇਬ੍ਰੇਰੀ.

ਖ਼ਾਨ, ਫ਼ਜ਼ਲ ਮੁਕੀਮ (ਮੇ.ਜਨਰਲ), ਦੀ ਸਟੋਰੀ ਔਫ ਪਾਕਿਸਤਾਨ ਆਰਮੀ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1963).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ *1942–7*, Vol. XII, ਦੀ ਮਾਉਂਟਬੇਟਨ ਵਾਇਸਰਾਇਲਟੀ, ਪ੍ਰਿੰਸੇਸ, ਪਾਰਟੀਸ਼ਨ ਐਂਡ ਇੰਡਿਪੇਨਡੇਂਸ, 8 ਜੁਲਾਈ-15 ਅਗਸਤ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1983).

ਨੋਟ ਐਨ ਦ ਸਿੱਖ ਪਲਾਨ, ਲਾਹੌਰ: ਗੌਵਰਨਮੇਂਟ ਪ੍ਰਿੰਟਿੰਗ ਪ੍ਰੈਸ, (1948).

ਅਖਬਾਰਾਂ

ਦੀ ਪਾਕਿਸਤਾਨ ਟਾਇਮਸ, ਲਾਹੌਰ 1947
ਦੀ ਟ੍ਰਿਬਊਨ, ਲਾਹੌਰ 1947

ਇੰਟਰਵਿਊ

ਸਿਤਾਰਾ ਬਾਨੇ (ਲੇਖਕ ਦੀ ਵਾਲਿਦਾ) ਨੇ ਇਸ ਵਾਕਿਐ ਨੂੰ, 1990 ਤੇ ਆਪਣੇ ਇੰਤਕਾਲ ਤੋਂ ਪਹਿਲਾਂ, ਆਪਣੀ ਜ਼ਿੰਦਗੀ ਵਿੱਚ ਕਈ ਵਾਰ ਦੱਸਿਆ

ਪ੍ਰਾਨ ਨੇਵਿਲ, ਦੇਲਹੀ, 18 ਅਕਤੂਬਰ 1999
ਹਰਕਿਸ਼ਨ ਸਿੰਘ ਸੁਰਜੀਤ, ਦੇਲਹੀ, 21 ਅਕਤੂਬਰ 1999
ਯੁਵਰਾਜ ਕ੍ਰਿਸਨ, ਦੇਲਹੀ, 21 ਅਕਤੂਬਰ 1999
ਡਾ.ਜਗਦੀਸ਼ ਚੰਦਰ ਸਰੀਨ, ਦੇਲਹੀ, 24 ਅਕਤੂਬਰ 1999
ਰਾਮਾਨੰਦ ਸਾਗਰ (ਮਸ਼ਹੂਰ ਮੁਮਬਈ ਲੇਖਕ ਅਤੇ ਫਿਲਮ ਨਿਟਮਾਤਾ), ਦੇਲਹੀ, 25 ਅਕਤੂਬਰ 1999ਯ
ਮੁਜਾਹਿਦ ਤਾਜ ਦੀਨ, ਲਾਹੌਰ, 2 ਅਤੇ 25 ਫਰਵਰੀ 2000
ਸਲੀਮ ਸ਼ਾਹਿਦ, ਲਾਹੌਰ, 5 ਅਪ੍ਰੈਲ 2003
ਚੌਧਰੀ ਮੁਹੱਮਦ ਸਿਦੀਕ, ਲਾਹੌਰ, 27 ਅਪ੍ਰੈਲ 2003
ਗਿਆਨੀ ਮਹਿੰਦਰ ਸਿੰਘ, ਅੱਮ੍ਰਿਤਸਰ, 27 ਮਾਰਚ 2004
ਉਮਰ ਸਈਦ, ਲਾਹੌਰ, 27 ਦਸੰਬਰ 2004
ਸ਼ੇਖ਼ ਅਰਸ਼ਦ ਹਬੀਬ, ਲਾਹੌਰ, 27 ਦਸੰਬਰ 2004
ਅਲੀ ਬਖ਼ਸ਼, ਲਾਹੌਰ, 30 ਦਸੰਬਰ 2004
ਅਸ਼ਵਿਨੀ ਕੁਮਾਰ, ਦਿੱਲੀ, 2 ਦਸੰਬਰ 2005
ਕੁਮਾਰ ਚੰਦ, ਸਿੰਗਾਪੁਰ, 10 ਮਈ 2010
ਨਿਰਮਲ ਤੇਜ ਸਿੰਘ ਚੋਪੜਾ, ਸਿੰਗਾਪੁਰ (ਈ-ਮੇਲ ਦੁਆਰਾ), 5 ਜਨਵਰੀ 2011



Map 4.1 Distribution of Sikhs in Punjab, 1947

PARTITION BOUNDARIES IN THE PUNJAB

Showing notional boundaries as laid down in the First Schedule of the Indian Independence Act 1947, and boundaries as finally demarcated by the Boundary Commission.



ਤੀਜਾ ਚਰਣ: ਨਸਲੀ ਸ਼ੁਧੀਕਰਨ 15 ਅਗਸਤ - 31 ਦਸੰਬਰ 1947

ਪਰਿਚੇ

ਪਛੱਮ ਪੰਜਾਬ ਜਾਣ ਵਾਲੇ ਮੁਸਲਿਮਾਂ ਦਾ ਹੜ੍ਹ

13 ਅਗਸਤ ਦੇ ਪਾਕਿਸਤਾਨ ਟਾਇਮਸ ਨੇ ਖ਼ਬਰ ਦਿੱਤੀ ਕਿ, ਪਿੱਛਲੇ ਤਿੰਨ ਦਿਨਾਂ ਤੇ ਗੁਰਦਾਸਪੁਰ ਜ਼ਿਲ੍ਹੇ ਤੋਂ ਲਾਹੌਰ ਵਿੱਚ, ਘੱਟ ਤੋਂ ਘੱਟ, 5,000 ਪਨਾਹਗੀਰ ਆ ਚੁਕੇ ਸੀ. 24 ਅਗਸਤ ਨੂੰ ਇਸ ਨੇ ਖ਼ਬਰ ਦਿੱਤੀ ਕਿ, ਇਹ ਤਦਾਦ 150,000 ਤੱਕ ਪਹੁੰਚ ਗਈ ਸੀ. 14 ਸਤੰਬਰ ਨੂੰ ਇਸ ਨੇ ਖ਼ਬਰ ਦਿੱਤੀ ਕਿ ਰੋਜ਼ਾਨਾ, 50,000 ਲੋਕ ਲਾਹੌਰ ਸ਼ਹਿਰ ਤੇ ਆ ਰਹੇ ਸੀ. 14 ਸਤੰਬਰ ਨੂੰ ਇਸ ਨੇ ਦੱਸਿਆ ਕਿ ਕੁੱਲ 1,200,000 ਲੋਕ ਆ ਗਏ ਸੀ. ਵਾਹਗਾ ਤੋਂ ਹੋ ਕੇ 500,000 ਲੋਕ ਲਾਹੌਰ ਪਹੁੰਚੇ, ਲਾਹੌਰ ਦੇ ਕਸੂਰ ਜ਼ਿਲ੍ਹੇ ਤੇ 400,000, ਅਤੇ ਸਿਆਲਕੋਟ ਜ਼ਿਲ੍ਹੇ ਦੇ ਨਰੋਵਾਲ ਤੇ 200,000 ਜਦ ਕਿ 100,000 ਲੋਕ ਤੁਰਦੇ ਹੋਏ, ਸੁਲੇਮਨਕੀ ਪੁਲ ਪਾਰ ਕਰ ਕੇ ਪਾਕਿਸਤਾਨ ਆਏ. ਉਨ੍ਹਾਂ ਦੇ ਬੰਦੋਬਸਤ ਬਾਰੇ, ਇਹ ਦੱਸਿਆ ਗਿਆ ਕਿ ਮਿੰਟਗੋਮਰੀ ਅਤੇ ਮੁਲਤਾਨ ਜ਼ਿਲ੍ਹੇ ਨੇ 350,000 ਲੋਕ ਅਤੇ ਲਾਹੌਰ ਜ਼ਿਲ੍ਹੇ ਨੇ 100,000 ਲੋਕਾ ਨੂੰ ਲੈ ਲੀਤਾ. ਬਾਕੀ ਲੋਕਾਂ ਨੂੰ ਝੰਗ, ਸਰਗੋਧਾ, ਗੁਜਰਾਤ, ਗੁਜਰਾਂਵਾਲਾ ਅਤੇ ਸ਼ੇਖੁਪੁਰਾ ਤੇ ਬਸਾ ਦਿੱਤਾ ਗਿਆ. 15 ਅਕਤੂਬਰ ਦੇ ਪਾਕਿਸਤਾਨ ਟਾਇਮਸ ਨੇ ਖ਼ਬਰ ਦਿੱਤੀ ਕਿ, ਪੂਰਬੀ ਪੰਜਾਬ ਤੋਂ 5.4 ਮਿਲਿਅਨ ਮੁਸਲਿਮ ਪਨਾਹਗੀਰਾਂ ਨੂੰ ਪਛੱਮ ਪੰਜਾਬ ਤੇ ਵਸਾਇਆ ਜਾਵੇਗਾ. ਇਸ ਨੇ ਇਹ ਵੀ ਜ਼ਿਕਰ ਕੀਤਾ ਕਿ 495,000 ਹਿੰਦੂ ਅਤੇ ਸਿੱਖ ਇੰਡੀਆ ਜਾ ਚੁਕੇ ਸੀ. 7 ਨਵੰਬਰ ਦੇ ਪਾਕਿਸਤਾਨ ਟਾਇਮਸ ਦੇ ਮੁਤਾਬਕ 117,712 ਮੁਸਲਿਮ ਪਨਾਹਗੀਰ ਵਾਲਟਨ ਸਮੂਹ ਦੇ ਕੈਂਪਾ ਵਿੱਚ ਰਹ ਰਹੇ ਸੀ. 6 ਨਵੰਬਰ ਨੂੰ ਜਿਨਾਹ ਨੇ ਵਾਲਟਨ ਕੈਂਪਾਂ ਦਾ ਦੌਰਾ ਕੀਤਾ, ਅਤੇ ਗੌਰ ਕੀਤਾ ਕਿ ਲੋਕਾਂ ਦਾ ਮਨੋਬਲ ਉੱਚਾ ਸੀ.

9 ਨਵੰਬਰ ਦੇ ਪਾਕਿਸਤਾਨ ਟਾਇਮਸ ਨੇ ਖ਼ਬਰ ਦਿੱਤੀ ਕਿ ਪਛੱਮ ਪੰਜਾਬ ਦੇ ਰਿਫਊਜੀਸ ਐਂਡ ਰਿਹੈਬਿਲੀਟੇਸ਼ਨ ਵਜ਼ੀਰ ਮਿਆਂ ਇਫ਼ਤਿਖ਼ਾਰੂਦੀਨ ਨੇ ਪਛੱਮ ਪੰਜਾਬ ਵਿੱਚ ਆ ਕੇ ਦੁਬਾਰਾ ਵਸਣ ਵਾਲੇ ਮੁਸਲਿਮਾਂ ਦੀ ਤਦਾਦ 1,881,939 ਦੱਸੀ. ਪਾਕਿਸਤਾਨ ਮਿਲਿਟਰੀ ਇਵਾਕੁਐਸ਼ਨ ਐਰਗੇਨਾਇਜੇਸ਼ਨ ਦੇ ਕਮਾਂਡਰ, ਬ੍ਰਿਗੇਡੀਅਰ ਐਫ.ਐਚ.ਸਟੀਵੇਨਸ ਨੇ ਕਿਹਾ ਕਿ ਪੂਰਬੀ ਪੰਜਾਬ ਵਿੱਚ ਹੁਣ ਵੀ 3,50,000 ਮੁਸਲਿਮ ਫਸੇ ਹੋਏ ਸੀ (Pakistan Times, 22 December). 25 ਦਸੰਬਰ ਦੇ ਪਾਕਿਸਤਾਨ ਟਾਇਮਸ ਨੇ ਖ਼ਬਰ ਦਿੱਤੀ ਕਿ 4,680,000 ਪਨਾਹਗੀਰਾ ਨੂੰ, 10 ਦਸੰਬਰ ਤੱਕ ਕੱਢਿਆ ਜਾ ਚੁਕਿਆ ਸੀ.

ਪੂਰਬੀ ਪੰਜਾਬ ਜਾਣ ਵਾਲੇ ਹਿੰਦੂਆਂ ਅਤੇ ਸਿੱਖਾਂ ਦਾ ਹੜ੍ਹ

29 ਅਗਸਤ ਦੇ ਦੀ ਟ੍ਰਿਬਊਨ ਨੇ ਪਛੱਮ ਪੰਜਾਬ ਛੱਡ ਕੇ ਭੱਜ ਰਹੇ ਹਜ਼ਾਰਾਂ ਹਿੰਦੂਆ ਅਤੇ ਸਿੱਖਾ ਦੀ ਤਦਾਦ ਬਾਰੇ ਦੱਸਿਆ. 1 ਅਕਤੂਬਰ ਨੂੰ ਇਹ ਖ਼ਬਰ ਆਈ ਕਿ ਪੂਰਬੀ ਪੰਜਾਬ ਸਰਕਾਰ ਨੇ 1,500 ਟਰੱਕਾਂ ਅਤੇ ਫੌਜ਼ ਦੀ ਦੋ ਬਟਾਲਿਆਨਾਂ ਦੇਣ ਦਾ ਫ਼ੈਸਲਾ ਕੀਤਾ ਹੈ ਤਾਂਕਿ ਪਛੱਮ ਪੰਜਾਬ ਤੋਂ ਪਨਾਹਗੀਰਾਂ ਨੂੰ ਕੱਢਿਆ ਜਾ ਸਕੇ. 4 ਅਕਤੂਬਰ ਨੂੰ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ 1,431,600 ਹਿੰਦੂ ਅਤੇ ਸਿੱਖ, ਅਜੇ ਵੀ ਉਡੀਕ ਕਰ ਰਹੇ ਸੀ ਕਿ ਉਨ੍ਹਾਂ ਨੂੰ ਕੱਢਿਆ ਜਾਵੇ. ਉਸੇ ਦਿਨ ਇਹ ਦੱਸਿਆ ਗਿਆ ਕਿ 115,000 ਪਨਾਹਗੀਰ ਇੰਡੀਆ ਦੀ ਤਰਫ਼ ਪੈਦਲ ਜਾ ਰਹੇ ਸੀ. 7

ਅਕਤੂਬਰ ਨੂੰ ਦੀ ਟ੍ਰਿਬਊਨ ਨੇ 50,000 ਹਿੰਦੂਆ ਅਤੇ ਸਿੱਖਾਂ ਦੀ ਬਲੋਕੀ ਤੇ ਗ਼ਮਗੀਨ ਦੁਰਦਸ਼ਾ ਦੱਸੀ, ਜਿਨ੍ਹਾਂ ਨੂੰ ਪਾਕਿਸਤਾਨ ਸਰਕਾਰ ਨੇ ਰੋਕ ਕੇ ਰੱਖਿਆ ਸੀ. ਪੂਰਬੀ ਪੰਜਾਬ ਸਰਕਾਰ ਨੂੰ ਹਜ਼ਾਰਾਂ ਲੱਖਾਂ ਦੀ ਤਦਾਦ ਤੇ ਅੱਮ੍ਰਿਤਸਰ ਤੇ ਫਸੇ ਹੋਏ ਪਨਾਹਗੀਰਾਂ ਨੂੰ, ਦੁਬਾਰਾ ਵਸਾਉਣ ਤੇ ਮੁਸ਼ਕਲ ਹੋ ਰਹੀ ਸੀ. 8 ਅਕਤੂਬਰ ਨੂੰ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ ਲਾਇਲਪੁਰ ਦੇ ਹਿੰਦੂਆਂ ਅਤੇ ਸਿੱਖਾਂ ਉਪਰ ਉਪਦਰਵੀ ਭੀੜ ਹਮਲਾ ਕਰ ਰਹੀ ਸੀ, ਜਦ ਕਿ ਪੂਰਬੀ ਪੰਜਾਬ ਦੇ ਵਜ਼ੀਰ ਇਸਰ ਸਿੰਘ ਮਝੈਲ ਨੇ ਐਲਾਨ ਕੀਤਾ ਕਿ ਮੁਸਲਿਮ ਕਾਫ਼ਿਲੇਆਂ ਉਪਰ ਹਥਿਆਰਬੰਦ ਜੱਥੇਆਂ ਨੂੰ ਹਮਲਾ ਨਹੀਂ ਕਰਣ ਦਿੱਤਾ ਜਾਵੇਗਾ. ਦੂਜੇ ਸਿੱਖ ਰਹਨੁਮਾਵਾਂ ਨੇ ਵੀ ਅਪੀਲ ਕੀਤੀ ਕਿ ਪਾਕਿਸਤਾਨ ਜਾਣ ਵਾਲੇ ਮੁਸਲਿਮਾਂ ਉਪਰ ਹਮਲੇ ਨਾ ਕੀਤੇ ਜਾਣ. 8 ਅਕਤੂਬਰ ਨੂੰ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ ਹੋਰ ਇੰਡੀਅਨ ਫ਼ੌਜ਼ ਨੂੰ ਲਾਇਲਪੁਰ ਅਤੇ ਸ਼ੇਖ਼ੁਪੁਰਾ ਭੇਜਿਆ ਗਿਆ ਸੀ, ਤਾਂਕਿ ਉਹ ਹੁਣ ਵੀ ਉਥੇ ਮੌਜੂਦ ਹਿੰਦੂਆਂ ਅਤੇ ਸਿੱਖਾਂ ਨੂੰ, ਇੰਡੀਆ ਆਉਣ ਦੀ ਮਦਦ ਕਰ ਸਕਣ. ਇਸ ਦੇ 12 ਅਕਤੂਬਰ ਦੇ ਪ੍ਰਕਾਸ਼ਨ ਨੇ ਦੱਸਿਆ ਕਿ 10,000 ਹਿੰਦੂ ਅਤੇ ਸਿੱਖ ਜਿਹਲਮ ਸ਼ਹਿਰ ਤੇ ਮਦਦ ਦੀ ਉਡੀਕ ਕਰ ਰਹੇ ਸੀ. 16 ਅਕਤੂਬਰ ਨੂੰ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ ਇੰਡੀਅਨ ਸਰਕਾਰ ਨੇ ਪਾਕਿਸਤਾਨ ਦੇ ਇਲਾਕਿਆਂ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਕੱਢਣ ਲਈ, ਯੂਨਾਇਟੇਡ ਕਿੰਗਡਮ ਤੋਂ, 12 ਡਕੋਟਾ ਹਵਾਈਜਹਾਜ, ਕਿਰਾਏ ਤੇ ਲੀਤੇ ਸੀ, ਅਤੇ ਹਰ ਇੱਕ ਜਹਾਜ 57 ਮੁਸਾਫ਼ਰਾਂ ਨੂੰ ਲੈ ਆ ਸਕਦਾ ਸੀ. 18 ਅਕਤੂਬਰ ਨੂੰ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ ਪਛੱਮ ਪਝਾਬ ਅਤੇ ਐਨ.ਡਬਲੁ.ਐਫ.ਪੀ ਤੇ ਅਜੇ ਵੀ 2 ਮਿਲਿਅਨ ਹਿੰਦੂ ਅਤੇ ਸਿੱਖ ਫਸੇ ਹੋਏ ਸੀ ਅਤੇ ਉਨ੍ਹਾਂ ਨੂੰ ਕੱਢਣਾ ਬਾਕੀ ਸੀ. ਇਸ ਦੇ ਇਲਾਵਾ, ਪੈਦਲ ਕਾਫਿਲੇ ਬਲੋਕੀ ਹੇਡਵਰਕਸ ਤੋਂ ਇੰਡੀਆ ਵਿੱਚ ਆ ਰਹੇ ਸੀ. 16,17,18 ਅਤੇ 19 ਨੰਬਰ ਦੇ ਕਾਫ਼ਿਲੇ ਆ ਚੁਕੇ ਸੀ: ਹਰ ਕਾਫ਼ਿਲੇ ਵਿੱਚ ਔਸਤਨ 40,000 ਤੋਂ ਲੈ ਕੇ 50,000 ਲੋਕ ਸਨ. 29 ਅਕਤੂਬਰ ਨੂੰ, ਇਹ ਖ਼ਬਰ ਦਿੱਤੀ ਗਈ ਕਿ ਪਾਕਿਸਤਾਨੀ ਫ਼ੌਜ਼ ਨੇ ਰਾਵਲਪਿੰਡੀ, ਸਰਗੋਧਾ ਅਤੇ ਮਿਆਂਵਾਲੀ ਜ਼ਿਲ੍ਹੇ ਦੇ ਅੰਦਰੂਨੀ ਇਲਾਕਿਆਂ ਤੋਂ, ਹਿੰਦੂਆਂ ਅਤੇ ਸਿੱਖਾਂ ਨੂੰ ਕੱਢਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ, ਉਨ੍ਹਾਂ ਦੇ ਮੁਤਾਬਕ, ਹਿੰਦੂ ਅਤੇ ਸਿੱਖ, ਪਾਕਿਸਤਾਨ ਛੱਡਣਾ ਨਹੀਂ ਚਾਹੁੰਦੇ ਸੀ. ਇਹ ਦਾਅਵਾ ਕੀਤਾ ਗਿਆ ਕਿ ਉਣ ਇਲਾਕਿਆਂ ਤੇ ਹੁਣ ਵੀ 80,000-100,000 ਹਿੰਦੂ ਅਤੇ ਸਿੱਖ ਮੌਜੂਦ ਸਨ. 16 ਨਵੰਬਰ ਨੂੰ ਦੀ ਟ੍ਰਿਬਊਨ ਨੇ ਖ਼ਬਰ ਦਿੱਤੀ ਕਿ 6 ਨਵੰਬਰ ਤੱਕ 3.2 ਮਿਲਿਅਨ ਹਿੰਦੂ ਅਤੇ ਸਿੱਖ ਪਾਕਿਸਤਾਨ ਤੋਂ ਇੰਡੀਆ ਆ ਚੁਕੇ ਸੀ. ਇਸ ਦੇ ਵਿਚੋਂ 2.9 ਮਿਲਿਅਨ ਪਛੱਮ ਪੰਜਾਬ ਅਤੇ ਐਨ.ਡਬਲੁ.ਐਫ.ਪੀ ਤੋਂ ਸਨ. ਇੱਕ ਮਿਲਿਅਨ ਨੂੰ ਕੱਢਣਾ ਅੱਜੇ ਬਾਕੀ ਸੀ.

ਪੰਜਾਬ ਬਾਉਂਡਰੀ ਫੋਰਸ ਦਾ ਖ਼ਾਤਮਾ

ਇਸ ਨੂੰ ਦੁਹਰਾਇਆ ਜਾ ਸਕਦਾ ਹੈ ਕਿ ਪੰਜਾਬ ਬਾਉਂਡਰੀ ਫੋਰਸ (ਪੀ.ਬੀ.ਐਫ) ਨੂੰ ਜੁਲਾਈ ਤੇ ਤਿਆਰ ਕੀਤਾ ਗਿਆ ਸੀ ਅਤੇ ਇਹ 1 ਅਗਸਤ ਤੋਂ ਕੱਮ ਕਰਣ ਲਗੀ. ਇਸ ਨੂੰ ਪੰਜਾਬ ਸੂਬੇ ਦੇ ਮੱਧ ਜ਼ਿਲ੍ਹਾਂ ਤੇ ਅਮਨ ਕਾਇਮ ਰੱਖਣ ਦਾ ਕੱਮ ਦਿੱਤਾ ਗਿਆ ਸੀ. ਪੰਜਾਬ ਦੀ ਤਕਸੀਮ ਦੇ ਬਾਅਦ, ਇਹ ਇਲਾਕੇ ਸਨ: ਪਛੱਮ ਪੰਜਾਬ ਦੇ ਲਾਹੌਰ, ਗੁਜਰਾਂਵਾਲਾ, ਸਿਆਲਕੋਟ, ਸ਼ੇਖ਼ੁਪੁਰਾ, ਲਾਇਲਪੁਰ ਅਤੇ ਮਿੰਟਗੋਮਰੀ ਜ਼ਿਲ੍ਹੇ ਅਤੇ ਪੂਰਬੀ ਪੰਜਾਬ ਦੇ ਅੱਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਫ਼ਿਰੋਜ਼ਪੁਰ ਅਤੇ ਲੁਧਿਆਣਾ ਜ਼ਿਲ੍ਹੇ. ਪੀ.ਬੀ.ਐਫ 9,000-15,000 ਸਿਪਾਹੀਆਂ ਨੂੰ ਲੈ ਕੇ ਬਣੀ ਸੀ. ਮੇ.ਜਨਰਲ ਫ਼ਜ਼ਲ ਮੁਕੀਮ ਖ਼ਾਨ ਨੇ ਦਲੀਲ ਦਿੱਤੀ (1964: 66) ਕਿ ਪੀ.ਬੀ.ਐਫ ਸ਼ੁਰੂ ਤੋਂ ਹੀ ਬੇਕਾਰ ਸੀ ਕਿਉਂਕਿ ਇਸ ਨੂੰ ਬੇਹਦ ਵੱਡਾ ਕੱਮ ਦਿੱਤਾ ਗਿਆ ਸੀ ਜੋ ਇਹ ਨਿਭਾਉਣ ਦੇ ਕਾਬਲ ਨਹੀਂ ਸੀ; ਇਸ ਦੇ ਇਲਾਵਾ ਇਸ ਦੇ ਸਿਪਾਹੀ ਅਤੇ ਇਥੋਂ ਤੱਕ ਕਿ ਕੁੱਝ ਮਾਮਲੇਆਂ ਤੇ ਇਸ ਦੇ ਅਫ਼ਸਰ ਵੀ, ਫ਼ਸਾਦਾਂ ਨਾਲ ਮੁਤਾਸਰ ਹੋ ਗਏ ਸੀ ਅਤੇ ਇਸ ਦੇ ਚਲਦੇ, ਉਹ ਹਮੇਸ਼ਾ ਨਿਰਪੱਖ ਨਹੀਂ ਸਨ. ਇਸ ਤੋਂ ਵੀ ਅਹਿਮ ਗੱਲ ਇਹ ਸੀ ਕਿ ਸਿੱਖ ਰਿਆਸਤੀ ਸੂਬਿਆਂ ਤੇ, ਜਿੱਥੇ ਮੁਸਲਿਮਾਂ ਦਾ ਸਭ ਤੋਂ ਬਦਤਰ ਕਤਲੇਆਮ ਹੋਇਆ, ਇਸ ਦੀ ਪਹੁੰਚ ਨਹੀਂ ਸੀ. ਪੀ.ਬੀ.ਐਫ ਦੇ ਭੰਗ ਹੋਣ ਦੇ ਬਾਅਦ, ਦੋਨੋ ਸਰਕਾਰਾਂ ਨੇ ਫ਼ੈਸਲਾ ਕੀਤਾ ਕਿ ਪਨਾਹਗੀਰਾਂ ਦੇ ਮਸਲੇ ਨੂੰ ਦੋਨੋ ਮੁਲਕਾਂ ਦੀ ਫ਼ੌਜ਼ ਦੀ ਮਿਲੀ ਜੁਲੀ ਕੋਸ਼ਿਸ਼ ਦੁਆਰਾ

ਹੱਲ ਕੀਤਾ ਜਾਵੇ. ਜਨਰਲ ਫ਼ਜ਼ਲ ਮੁਕੀਮ ਖ਼ਾਨ ਲਿਖਦੇ ਨੇ:

> ਪੰਜਾਬ ਬਾਉਂਡਰੀ ਫੋਰਸ ਦੇ ਖ਼ਤਮ ਹੋਣ ਦੇ ਬਾਅਦ, ਪਾਕਿਸਤਾਨੀ ਫ਼ੌਜ਼ ਦੀ ਇਕਾਇਆਂ ਨੂੰ ਆਪਣੇ ਤਰਫ਼ ਲੈ ਆਇਆ ਗਿਆ, ਅਤੇ ਇੰਡੀਆ ਦੀ ਫ਼ੌਜ਼ ਦੀ ਇਕਾਇਆਂ ਨੂੰ ਇੰਡੀਆ ਦੀ ਤਰਫ਼. ਪੀ.ਬੀ.ਐਫ ਦੀ ਮਿਲੀ ਜੁਲੀ ਇਕਾਇਆਂ ਦੀ ਤਕਸੀਮ ਕਰ ਦਿੱਤੀ ਗਈ. ਇਸ ਬਾਰੇ ਰਜਾਮੰਦੀ ਹੋ ਗਈ ਕਿ ਮੁਸਲਿਮ ਟੁਕੜਿਆਂ ਦਾ ਇਸਤੇਮਾਲ ਪੂਰਬੀ ਪੰਜਾਬ ਦੇ ਮੁਸਲਿਮ ਪਨਾਹਗੀਰਾਂ ਦੀ ਹਿਫ਼ਾਜ਼ਤ ਲਈ ਕੀਤਾ ਜਾਵੇਗਾ ਅਤੇ ਉਸੇ ਤਰ੍ਹਾਂ ਹਿੰਦੂ ਅਤੇ ਸਿੱਖ ਟੁਕੜਿਆਂ ਦਾ ਇਸਤੇਮਾਲ ਪਛੱਮ ਪੰਜਾਬ ਦੇ ਹਿੰਦੂ ਅਤੇ ਸਿੱਖ ਪਨਾਹਗੀਰਾਂ ਦੀ ਹਿਫ਼ਾਜ਼ਤ ਲਈ. ਇਣ ਟੁਕੜਿਆਂ ਨੂੰ ਇੱਕ ਡੋਮਿਨਿਅਨ ਦੂਜੇ ਨੂੰ ਉਧਾਰ ਤੇ ਦੇਗਾ, ਅਤੇ ਇਹ ਉਣ ਇਲਾਕਿਆਂ ਦੇ ਕਮਾਂਡਰਾ ਦੇ ਅਧੀਨ ਹੋਣਗਿਆਂ ਜਿੱਥੇ ਉਹ ਸਥਿਤ ਹੋਣਗੀ...ਜਿਣ ਕਾਫਿਲੇਆਂ ਨੂੰ ਫ਼ੌਜ਼ੀ ਹਿਫ਼ਾਜ਼ਤ ਮੁਹੱਇਆ ਕਰਾਈ ਜਾ ਸਕੀ, ਉਨ੍ਹਾਂ ਨੇ ਸ਼ਾਇਦ ਹੀ, ਹਮਲਾਵਰ ਗਿਰੋਹਾਂ ਦੇ ਹਮਲੇ ਦੇ, ਕਿਸੇ ਪਨਾਹਗੀਰ ਨੂੰ ਗੁਆਇਆ (Ibid: 67-73).

ਆਸਫ ਅਲੀ ਸ਼ਾਹ ਨੇ, ਜਿਨ੍ਹਾਂ ਦੇ ਨਾਲ ਮੈਂ ਆਪਣੇ ਡੇਲੀ ਟਾਇਮਸ ਦੇ ਹਫ਼ਤਾਵਾਰ ਕਾਲਮ ਲਈ ਚਿੱਠੀ-ਪੱਤਰ ਕਰ ਰਿਹਾ ਸੀ, ਮੈਨੂੰ ਸਲਾਹ ਦਿੱਤੀ ਕਿ ਮੈਂ ਲੇ.ਜਨਰਲ ਆਫ਼ਤਾਬ ਅਹਿਮਦ ਖ਼ਾਨ ਨਾਲ ਸੰਪਰਕ ਕਰਾਂ ਜਿਨ੍ਹਾਂ ਨੇ *ਪੀ.ਬੀ.ਐਫ* ਅਤੇ ਬਾਅਦ ਤੇ, ਤਾਲਮੇਲ ਵਾਲੇ ਫ਼ੌਜ਼ੀ ਇੰਤਜ਼ਾਮ ਤੇ ਕੱਮ ਕੀਤਾ ਸੀ. ਇਸ ਦੇ ਮੁਤਾਬਕ ਮੈਂ, ਲੇ.ਜ.(ਰਿਟਾ.)ਆਫ਼ਤਾਬ ਅਹਿਮਦ ਖ਼ਾਨ ਨੂੰ ਇੱਕ ਖ਼ਤ ਲਿਖਿਆ, ਜੋ 1947 ਤੇ ਇੱਕ ਮੇਜਰ ਸਨ. 2 ਫ਼ਰਵਰੀ 2007 ਦੇ ਦਿੱਤੇ ਜਵਾਬ ਤੇ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਪੀ.ਬੀ.ਐਫ ਪੂਰੀ ਤਰ੍ਹਾਂ ਇੰਡੀਆ ਅਤੇ ਪਾਕਿਸਤਾਨੀ ਫ਼ੌਜ਼ਿਆਂ ਨੂੰ ਲੈ ਕੇ ਬਣੀ ਸੀ, ਅਤੇ ਇਸ ਵਿੱਚ ਕੁੱਝ ਉੱਚੇ ਅਹੁਦੇ ਦੇ ਬ੍ਰਿਟਿਸ਼ ਕਮਾਂਡਰ ਸਨ. ਉਨ੍ਹਾਂ ਨੇ ਇਹ ਗੱਲ ਮੱਨੀ ਕਿ ਪੀ.ਬੀ.ਐਫ ਵਿੱਚ ਫ਼ੌਜ਼ਿਆ ਦੀ ਬੇਹਦ ਕਮੀ ਸੀ ਅਤੇ ਇਸ ਨੂੰ ਸਾਫ਼ ਤੌਰ ਤੇ, ਇੱਕ ਜਟਿਲ ਅਤੇ ਵਿਸਫੋਟਕ ਹਾਲਾਤ ਦਾ ਸਾਹਮਣਾ ਕਰਣ ਲਈ, ਕੋਈ ਮਨਸੂਬਾ ਨਹੀਂ ਦਿੱਤਾ ਗਿਆ ਸੀ. ਇਣ ਅੜਚਨਾਂ ਦੇ ਬਾਵਜੂਦ, ਹਜ਼ਾਰਾਂ ਲੱਖਾਂ ਜਾਨਾਂ ਬਚਾਇਆਂ ਗਈਆਂ ਸੀ, ਅਤੇ ਇਹ ਇੱਕ ਪੱਕੀ ਗੱਲ ਸੀ ਕਿ, ਜਦ ਕੋਈ ਫ਼ੌਜ਼ੀ ਦਸਤਾ ਮੌਜੂਦ ਰਹਿੰਦਾ ਸੀ, ਬਹੁਤ ਘੱਟ ਲੋਕ ਹਲਾਕ ਜਾਂ ਜ਼ਖ਼ਮੀ ਹੁੰਦੇ ਸੀ. ਲੇ.ਜਨਰਲ ਆਫ਼ਤਾਬ ਅਹਿਮਦ ਖ਼ਾਨ ਦੇ ਮੁਤਾਬਕ, ਕਾਫ਼ਿਲੇ ਕਈ ਵਾਰ 20-30 ਮੀਲ ਲੰਬੇ ਹੁੰਦੇ ਸੀ ਅਤੇ 150,000 ਤੱਕ ਦੀ ਲੋਕਾਂ ਦੀ ਤਦਾਦ ਹੁੰਦੀ ਸੀ: 'ਬੈਲ ਗਡ਼ੀਆਂ, ਟਰੱਕ, ਮਵੇਸ਼ੀ, ਬੰਦੇ, ਖ਼ਵਾਤੀਨਾਂ, ਬੱਚੇ, ਬੀਮਾਰ ਅਤੇ ਬਜ਼ੁਰਗ'. ਉਹ ਮੁਸਲਿਮਾਂ ਅਤੇ ਗੈਰ-ਮੁਸਲਿਮਾਂ ਦੀ ਜਾਨਾਂ ਬਚਾਉਣ ਦੀ ਆਪਣੀ ਖੁਦ ਦੀ ਕੋਸ਼ਿਸ਼ਾਂ ਦੀ ਮਿਸਾਲ ਪੇਸ਼ ਕਰਦੇ ਨੇ.

ਨਾ ਤੇ ਮੇ.ਜਨਰਲ ਫ਼ਜ਼ਲ ਮੁਕੀਮ ਖ਼ਾਨ ਨੇ ਆਪਣੀ ਕਿਤਾਬ ਤ ਅਤੇ ਨਾ ਹੀ ਲੇ.ਜਨਰਲ ਆਫ਼ਤਾਬ ਨੇ ਮੈਨੂੰ ਦਿੱਤੀ ਗਵਾਹੀ ਤੇ, ਸ਼ੇਖੁਪੁਰਾ ਤੇ 25 ਅਤੇ 26 ਅਗਸਤ ਨੂੰ ਹਿੰਦੂਆਂ ਅਤੇ ਸਿੱਖਾਂ ਦੇ ਗੋਲੀਆਂ ਨਾਲ ਕੀਤੇ ਗਏ, ਇੱਕ ਵੱਡੇ ਕਤਲੇਆਮ ਬਾਰੇ ਬਲੂਚ ਰੇਜੀਮੇਂਟ ਦੇ ਮੁਸਲਿਮ ਸਿਪਾਹਿਆਂ ਦੀ ਸਰਗਰਮ ਸ਼ਮੂਲੀਅਤ, ਨੂੰ ਯਾਦ ਕਰ ਸਕੇ. ਇਸ ਕਤਲੇਆਮ ਦੇ ਚਲਦੇ, ਪੀ.ਬੀ.ਐਫ ਨੂੰ ਹੋਰ ਤੇਜੀ ਨਾਲ ਖ਼ਤਮ ਕਰਵਾ ਦਿੱਤਾ ਗਿਆ. ਜਿਣ ਮੁਸਲਿਮਾਂ ਨੇ ਇਸ ਕਤਲੇਆਮ ਵਿੱਚ ਹਿੱਸਾ ਲੀਤਾ ਸੀ, ਉਨ੍ਹਾਂ ਨੇ ਬਾਅਦ ਤੇ ਦਲੀਲ ਦਿੱਤੀ ਕਿ ਗੈਰ-ਮੁਸਲਿਮਾਂ ਨੇ ਉਨ੍ਹਾਂ ਦੇ ਉਪਰ ਗੋਲੀਆਂ ਚਲਾਇਆਂ ਸੀ, ਪਰ ਉਸ ਇਕਾਈ ਦੇ ਹਿੰਦੂਆਂ ਨੇ ਇਸ ਨੂੰ ਚੁਨੌਤੀ ਦਿੱਤੀ. ਸਿਪਾਹਿਆਂ ਦੇ ਚਾਲ-ਚਲਣ ਬਾਰੇ ਪੜਤਾਲ ਨੂੰ ਰੱਦ ਕਰ ਦਿੱਤਾ ਗਿਆ, ਜਦ ਪੀ.ਬੀ.ਐਫ. ਨੂੰ ਖ਼ਤਮ ਕਰ ਦਿੱਤਾ ਗਿਆ (Jeffrey, 1974: 516). ਮਸਲਾ ਇਹ ਸੀ ਕਿ ਪੀ.ਬੀ.ਐਫ ਦੇ ਮੁਕਾਬਲੇ, ਸਮੁਚੇ ਪੰਜਾਬ ਤੇ ਘੁਮਣ ਵਾਲੇ ਹਥਿਆਰਬੰਦ ਲੁੱਟੇਰਿਆਂ ਦੀ ਤਦਾਦ ਬੇਹਦ ਜ਼ਿਆਦਾ ਸੀ. ਇਸ ਦੇ ਇਲਾਵਾ ਪੀ.ਬੀ.ਐਫ ਦੇ ਫ਼ੌਜ਼ੀ ਇੱਕ ਦੂਜੇ ਉਪਰ ਗੋਲੀਆਂ ਮਾਰਣ ਲਗੇ, ਜਦ ਉਨ੍ਹਾਂ ਦੇ ਸਹ-ਧਰਮੀ ਉਨ੍ਹਾਂ ਦੇ ਆਪਸੀ ਰਿਸ਼ਤੇਆਂ ਉਪਰ ਅਸਰ ਪਾਉਣ ਲਗੇ (Marston, 2009: 496).

ਬਾਅਦ ਤੇ, ਇੰਡੀਆ ਅਤੇ ਪਾਕਿਸਤਾਨ ਦੀ ਫ਼ੌਜ਼ਾਂ ਇਕੱਠੀ ਬਚਾਉ ਇਕਾਇਆਂ ਤਿਆਰ ਕਰਣ ਲਈ ਰਾਜੀ ਹੋ ਗਈਆਂ.

ਲੇ.ਜਨਰਲ ਆਫ਼ਤਾਬ ਅਹਿਮਦ ਖ਼ਾਨ ਉਣ ਲੋਕਾਂ ਵਿੱਚ ਸਨ ਜਿਨ੍ਹਾਂ ਨੇ ਹਜ਼ਾਰਾਂ ਹਿੰਦੂਆਂ ਅਤੇ ਸਿਖਾਂ ਨੂੰ

ਸਰਹੱਦ ਪਾਰ ਕਰ ਕੇ, ਮਹਿਫ਼ੂਜ਼ ਤਰੀਕੇ ਨਾਲ ਜਾਣ ਤੇ ਮਦਦ ਕੀਤੀ. ਉਹ, ਖ਼ਾਸ ਕਰ ਕੇ, ਮਿੰਟਗੋਮਰੀ (ਸਾਹਿਵਾਲ) ਤੇ ਕੱਮ ਕਰ ਰਹੇ ਸੀ. ਮੇਜਰ ਜਨਰਲ (ਰਿ.) ਸਈਦ ਵਜਾਹਤ ਹੁਸੈਨ, ਪਾਕਿਸਤਾਨ ਫ਼ੌਜ਼ ਦੇ ਇੱਕ ਹੋਰ ਅਫ਼ਸਰ ਸਨ. ਉਨ੍ਹਾਂ ਨੇ ਜਲੰਧਰ, ਲੁਧਿਆਣਾ ਅਤੇ ਕਪੂਰਥਲਾ ਸਟੇਟ ਤੇ ਕੀਤੀ, ਆਪਣੀ ਕੋਸ਼ਿਸ਼ਾਂ ਦੇ ਵੇਰਵੇ ਦਿੱਤੇ ਨੇ. ਉਹ ਲਿਖਦੇ ਨੇ ਕਿ ਪੂਰਬੀ ਪੰਜਾਬ ਤੋਂ ਮੁਸਲਿਮਾਂ ਨੂੰ ਕੱਢਣ ਦਾ ਕੱਮ ਸਤੰਬਰ 1947 ਦੇ ਦੂਜੇ ਅੱਧ ਤੋਂ ਸ਼ੁਰੂ ਹੋਇਆ (Husain, 2010: 54–73).

1947 ਦੇ ਆਖ਼ਿਰ ਤਕ, ਦੋਨੋ ਤਰਫ਼ੋਂ ਦੇ ਸਾਰੇ ਪਨਾਹਗੀਰਾਂ ਨੂੰ ਕਢਿਆ ਨਹੀਂ ਜਾ ਸਕਿਆ ਸੀ. ਇਹ ਕਾਰਜ 1948 ਦੇ ਸ਼ੁਰੂਆਤੀ ਮਹੀਨੇਆਂ ਤੱਕ ਚਲਦਾ ਰਹਿਆ. ਤਸ਼ੱਦਦ 15 ਅਗਸਤ ਤੋਂ ਲੈ ਕੇ ਨਵੰਬਰ ਦੇ ਮੱਧ ਤੱਕ ਚੋਟੀ ਤੇ ਸੀ. ਜ਼ਬਾਨੀ ਇਤਿਹਾਸ ਸਾਫ ਤੌਰ ਤੇ ਦੱਸਦਾ ਹੈ ਕਿ ਆਮ ਤੌਰ ਤੇ, ਲੋਕ ਆਪਣਾ ਚੁੱਲ੍ਹਾ ਅਤੇ ਘਰ ਛੱਡ ਕੇ ਨਹੀਂ ਜਾਣਾ ਚਾਹੁੰਦੇ ਸੀ, ਪਰ ਉਨ੍ਹਾਂ ਨੂੰ ਜ਼ਬਰਦਸਤੀ ਦਰਿੰਦਗੀ ਨਾਲ ਕੱਢ ਦਿੱਤਾ ਗਿਆ. ਕਈ ਆਸ ਲਗਾ ਕੇ ਬੈਠੇ ਸੀ ਕਿ ਕਾਨੂੰਨ ਅਤੇ ਵਿਵਸਥਾ ਢਿੱਲੀ ਹੋਣ ਨਾਲ, ਉਹ ਆਪਣੇ ਘਰਾਂ ਤੇ ਵਾਪਸ ਚਲੇ ਜਾਣਗੇ. ਇਹ ਲਗਦਾ ਸੀ ਕਿ ਉਨ੍ਹਾ ਨੂੰ ਸਮਝ ਨਹੀਂ ਸੀ ਕਿ, ਦੋ ਅਲਗ ਸੁਬੇ ਬਣ ਗਏ ਸੀ, ਜਿਨ੍ਹਾਂ ਦੀ ਆਪਣੀ ਮੁਖ਼ਤਲਿਫ਼ ਫ਼ੌਜ਼, ਸਰਹੱਦੀ ਪੁਲਿਸ ਅਤੇ ਗ਼ਸਤ ਵਾਲੇ ਸੀ. ਇਸ ਦੇ ਬਾਅਦ, ਅੰਤਰਰਾਸ਼ਟਰੀ ਸਰਹੱਦ ਦੇ ਇਸ ਜਾਂ ਉਸ ਪਾਰ ਆਉਣਾ ਜਾਣਾ, ਸੱਤਾ ਤੇ ਰਹਿਣ ਵਾਲੀ ਸਰਕਾਰਾਂ ਦੇ ਫ਼ਾਇਦੇ ਦੇ ਮੁਤਾਬਕ ਦਰੁਸਤ ਹੋਣਾ ਸੀ. ਜਿਣ ਘਰਾਂ ਤੋਂ ਉਹ ਭੱਜੇ ਸੀ, ਉਥੇ ਵਾਪਸ ਜਾਉਣ ਦੇ ਹੱਕ ਦੀ ਉਮੀਦ ਅਖੀਰਕਾਰ ਖ਼ਤਮ ਹੋ ਗਈ, ਜਦ 8 ਅਪ੍ਰੈਲ 1950 ਨੂੰ ਇੰਡੀਆ ਅਤੇ ਪਾਕਿਸਤਾਨ ਦੀ ਸਰਕਾਰਾਂ ਦੇ ਵਿੱਚ, ਮਾਇਨਾਰਿਟੀਜ (ਅਲਪਸੰਖਅਕਾਂ) ਦੇ ਹੱਕ ਅਤੇ ਉਨ੍ਹਾਂ ਦੀ ਹਿਫ਼ਾਜ਼ਤ ਨੂੰ ਲੈ ਕੇ, ਇੱਕ, ਸਮਝੌਤੇ ਉਪਰ ਦਸਤਖ਼ਤ ਕੀਤੇ ਗਏ, ਜਿਸ ਨੂੰ *ਲਿਆਕਤ-ਨਹਿਰੂ/ਨਹਿਰੂ-ਲਿਆਕਤ ਪੈਕਟ* ਵੀ ਕਿਹਾ ਜਾਂਦਾ ਸੀ. ਜਿੱਥੇ ਤੱਕ ਪੰਜਾਬ ਦਾ ਸਵਾਲ ਸੀ, ਹਾਲਾਂਕਿ ਇਸ ਸਮਝੌਤੇ ਨੇ ਵਾਪਸ ਜਾਣ ਦੇ ਹੱਕ ਨੂੰ ਪੂਰੀ ਤਰ੍ਹਾਂ ਖ਼ਾਰਿਜ ਤੇ ਨਹੀਂ ਕੀਤਾ-ਜੋ *ਯੂਨਿਵਰਸਲ ਡੇਕਲੇਰੇਸ਼ਨ ਔਫ਼ ਹਯੂਮਨ ਰਾਇਟਸ* ਤੇ ਤਹਿਤ ਇੱਕ ਇਨਸਾਨੀ ਹੱਕ ਮੱਨਿਆ ਜਾਂਦਾ ਸੀ-ਪਰ ਇਸ ਗੱਲ ਨੂੰ ਮੱਨ ਲੀਤਾ ਕਿ *ਮਾਇਨਾਰਿਟੀਜ* (ਅਲਪਸੰਖਅਕਾਂ) ਨੂੰ ਸਮਾਨ ਨਾਗਰਿਕਤਾ ਦਿੱਤੀ ਜਾਵੇਗੀ, ਭਾਂਵੇ ਉਨ੍ਹਾਂ ਦਾ ਮਜ਼ੂਬ ਕੋਈ ਵੀ ਹੋਵੇ. ਇਸ ਦਾ ਜ਼ਿਕਰ ਕੀਤਾ ਗਿਆ ਸੀ ਕਿ, ਦੋਨੋ ਸਰਕਾਰਾਂ ਇਹ ਪੱਕਾ ਕਰਣਗੀਆਂ ਕਿ, ਇਸ ਦੇ ਨਾਗਰਿਕਾਂ ਨੂੰ ਇਹ ਸਭ ਹਾਸਲ ਹੋਵੇ, 'ਜ਼ਿੰਦਗੀ ਦੇ ਮਾਮਲੇ ਤੇ ਹਿਫ਼ਾਜ਼ਤ ਦਾ ਪੂਰਾ ਇਹਸਾਸ, ਤਹਿਜੀਬ, ਸੰਪਤੀ ਅਤੇ ਇੱਜ਼ਤ, ਹਰ ਮੁਲਕ ਦੇ ਅੰਦਰ ਘੁਮਣ ਦੀ ਆਜ਼ਾਦੀ ਅਤੇ ਕੋਈ ਵੀ ਪੇਸ਼ਾ ਅਪਨਾਉਣ ਦੀ, ਬੋਲਣ ਦੀ ਅਤੇ ਇਬਾਦਤ ਦੀ ਆਜ਼ਾਦੀ, ਬਸ਼ਰਤੇ ਕਾਨੂੰਨ ਅਤੇ ਸਦਾਚਾਰ ਦੇ ਖ਼ਿਲਾਫ਼ ਨਾ ਹੋਵੇ' (*Middle East Journal* 1950: 344). ਇੱਸ ਸੂਤਰੀਕਰਨ ਨਾਲ ਇਸ ਮੁੱਦੇ ਨੂੰ ਹੋਰ ਮਜਬੂਤ ਕੀਤਾ ਗਿਆ, 'ਦੋਵੇ ਸਰਕਾਰਾਂ ਇਸ ਗੱਲ ਉਪਰ ਜ਼ੋਰ ਦੇਣਾ ਚਾਹੁੰਦੀ ਨੇ ਕਿ ਮਾਇਨਾਰਿਟੀਆਂ ਦੀ ਵਫ਼ਾਦਾਰੀ ਅਤੇ ਤਾਬੇਦਾਰੀ ਉਸ ਮੁਲਕ ਲਈ ਹੋਵੇਗੀ ਜਿਸ ਦੇ ਉਹ ਨਾਗਰਿਕ ਨੇ, ਅਤੇ ਆਪਣੇ ਮੁਲਕ ਦੀ ਸਰਕਾਰ ਦੇ ਕੋਲ, ਆਪਣੇ ਸ਼ਿਕਾਇਤ ਦੇ ਇਲਾਜ਼ ਲਈ ਜਾਣਾ ਚਾਹੀਦਾ ਹੈ' (Ibid.). ਇਹ ਬਿਲਕੁਲ ਸਾਫ ਸੀ ਕਿ ਪੰਜਾਬ ਦੀ ਤਕਸੀਮ ਮੁੜਵਾਂ ਨਹੀਂ ਸੀ.

ਹਵਾਲਾ

ਹੁਸੈਨ, ਸਈਦ ਵਜਾਹਤ, ਮੇਮੋਰੀਸ ਔਫ ਏ ਸੋਲਜਰ: 1947-ਬਿਫੋਰ, ਡਯੂਰੀਂਗ, ਆਫਟਰ, ਲਾਹੌਰ: ਫ਼ਿਰੋਜ਼ਸਨਸ (ਪ੍ਰਾ.) ਲਿਮਿਟੇਡ (2010).

ਜੇਫਰੀ, ਰੌਬਿਨ, 'ਦੀ ਪੰਜਾਬ ਬਾਉਂਡਰੀ ਫੋਰਸ ਐਂਡ ਦ ਪ੍ਰੌਬਲੇਮ ਔਫ ਐਰਡਰ, ਅਗਸਟ 1947', Vol. VIII, No. 4, ਮੌਡਰਨ ਐਸੀਅਨ ਸਟਡੀਸ ਕੈਂਬਰਿਜ, ਕੈਂਬਰਿਜ ਯੂਨਿਵਰਸਿਟੀ ਪ੍ਰੈਸ, (1974).

ਮਾਰਸਟਨ, ਡੈਨੀਅਲ ਪੀ., 'ਦੀ ਇੰਡੀਅਨ ਆਰਮੀ, ਪਾਰਟੀਸ਼ਨ, ਐਂਡ ਦ ਪੰਜਾਬ ਬਾਉਂਡਰੀ ਫੋਰਸ, 1945-47',

ਵਾਰ ਇਨ ਹਿਸਟਰੀ, Vol. XVI. No. 4, ਲੰਡਨ: ਸੇਜ ਪਬਲਿਕੇਸ਼ਨਸ
ਸਿੰਘ, ਕਿਰਪਾਲ, ਦੀ ਪਾਰਟੀਸ਼ਨ ਔਫ ਦ ਪੰਜਾਬ, ਪਟਿਆਲਾ: ਪੰਜਾਬੀ ਯੂਨੀਵਰਸਿਟੀ, (1989).
ਖ਼ਾਨ, ਫ਼ਜ਼ਲ ਮੁਕੀਮ (ਮੇਜਰ ਜਨਰਲ), ਦੀ ਸਟੋਰੀ ਔਫ ਦ ਪਾਕਿਸਤਾਨ ਆਰਮੀ, ਕਰਾਚੀ, ਲਾਹੌਰ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1963).
ਖੋਸਲਾ, ਜੀ.ਡੀ.,(ਪਹਿਲੀ ਵਾਰ 1949 ਤੇ ਪ੍ਰਕਾਸ਼ਤ), ਸਟਰਨ ਰੇਕੋਨਿੰਗ: ਏ ਸਰਵੇ ਔਫ ਦੀ ਇਵੈਂਟਸ ਲੀਡੀਂਗ ਅਪ ਟੂ ਐਂਡ ਫੈਲੋਵਿੰਗ ਦ ਪਾਰਟਿਸ਼ਨ ਔਫ ਇੰਡੀਆ, ਨਿਊ ਦੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(1989).

ਸਰਕਾਰੀ ਦਸਤਾਵੇਜ

'ਏਗਰੀਮੇਂਟ ਬਿਟਵੀਨ ਇੰਡੀਆ ਐਂਡ ਪਾਕਿਸਤਾਨ ਔਨ ਮਾਇਨੋਰਿਟਿਸ: ਜਵਾਹਰਲਾਲ ਨਹਿਰੂ ਐਂਡ ਲਿਆਕਤ ਅਲੀ ਖ਼ਾਨ', ਮਿਡਲ ਇਸਟ ਜਰਨਲ, Vol. IV, No. 3, ਜੁਲਾਈ, ਵਾਸ਼ਿੰਗਟਨ ਡੀ.ਸੀ (1950).

ਅਖਬਾਰਾਂ

ਪਾਕਿਸਤਾਨ ਟਾਇਮਸ, 1947
ਦੀ ਟ੍ਰਿਬਊਨ, 1947

ਇੰਟਰਵਿਊ

ਕਿਰਪਾਲ ਸਿੰਘ, ਚੰਡੀਗੜ, 2 ਜਨਵਰੀ 2005
ਆਸਫ਼ ਅਲੀ ਸ਼ਾਹ, ਲਾਹੌਰ (ਈ-ਮੇਲ ਦੁਆਰਾ) 3 ਜਨਵਰੀ 2006
ਲੇ.ਜਨਰਲ ਆਫ਼ਤਾਬ ਅਹਿਮਦ ਖ਼ਾਨ,ਲਾਹੌਰ (ਖ਼ਤ ਦੁਆਰਾ), 2 ਫ਼ਰਵਰੀ 2007

ਪੱਛਮ ਪੰਜਾਬ ਤੋਂ ਕੂਚ

14

ਲਾਹੌਰ ਡਿਵੀਜ਼ਨ

ਲਾਹੌਰ ਡਿਵੀਜ਼ਨ ਦਾ ਤਾਲੁੱਕ ਮਰਕਜ਼ੀ ਪੰਜਾਬ ਨਾਲ ਸੀ. ਲਾਹੌਰ, ਅੱਮ੍ਰਿਤਸਰ, ਗੁਰਦਾਸਪੁਰ, ਸਿਆਲਕੋਟ, ਗੁਜਰਾਂਵਾਲਾ, ਅਤੇ ਸ਼ੇਖੁਪੁਰਾ ਇਸ ਦੇ ਜ਼ਿਲ੍ਹੇ ਸਨ. ਅੱਮ੍ਰਿਤਸਰ ਨੂੰ ਛੱਡ ਕੇ ਬਾਕੀ ਸਾਰੇ ਜ਼ਿਲ੍ਹਾਂ ਤੇ ਮੁਸਲਿਮਾਂ ਦੀ ਮਜਾਰਿਟੀ (ਬਹੁਸੰਖਅਕਤਾ) ਸੀ, ਪਰ ਇਸ ਡਿਵੀਜ਼ਨ ਵਿੱਚ. ਹਿੰਦੂ ਅਤੇ ਸਿੱਖਾਂ ਦੀ ਲੱਗਭਗ 37 ਫ਼ੀਸਦੀ ਦੀ ਇੱਕ ਤਗੜੀ ਮਾਇਨਾਰਟੀ ਸੀ. ਜੂਨ 1947 ਦੀ ਕਾਲਪਨਿਕ ਤਕਸੀਮ ਤੇ, ਅੱਮ੍ਰਿਤਸਰ ਨੂੰ ਪੂਰਬੀ ਪੰਜਾਬ ਦਾ ਹਿੱਸਾ ਮੱਨਿਆ ਗਿਆ ਸੀ ਅਤੇ ਰੈਡਕਲੀਫ ਅਵਾਰਡ ਨੇ ਇਸ ਦੀ ਤਸਦੀਕ ਕੀਤੀ ਸੀ. ਪਰ, ਗੁਰਦਾਸਪੁਰ ਜ਼ਿਲ੍ਹੇ ਨੂੰ, ਜਿਸ ਵਿੱਚ ਮੁਸਲਿਮਾਂ ਦੀ ਇੱਕ ਮਾਮੁਲੀ ਮਜਾਰਿਟੀ ਸੀ, ਤਕਸੀਮ ਕਰ ਕੇ ਇਸ ਦੀ ਸ਼ਕਰਗੜ ਤਹਸੀਲ ਨੂੰ, ਜੋ ਦਰਿਆ ਰਾਵੀ ਦੇ ਪਛੱਮ ਤੇ ਸੀ, ਉਸ ਨੂੰ ਪਾਕਿਸਤਾਨ ਵਿੱਚ ਸ਼ਾਮਲ ਕੀਤਾ ਗਿਆ. 15 ਅਗਸਤ 1947 ਦੇ ਦਿਨ ਪਛੱਮ ਪੰਜਾਬ ਦੇ ਜ਼ਿਆਦਾਤਰ ਹਿੰਦੂ ਅਤੇ ਸਿੱਖ ਤਦ ਵੀ ਆਪਣੇ ਪੁਸ਼ਤੈਨੀ ਘਰਾਂ ਤੇ ਰਹਿ ਰਹੇ ਸੀ, ਹਾਲਾਂਕਿ ਪੂਰਬੀ ਜ਼ਿਲ੍ਹਾਂ ਦੀ ਤਰਫ਼ ਜਾ ਰਹੇ ਪਨਾਹਗੀਰਾਂ ਦੀ ਲਹਿਰਾਂ, ਘੱਟ ਤੋਂ ਘੱਟ ਮਾਰਚ 1947 ਤੋਂ, ਵੇਖੀਆਂ ਜਾ ਸਕਦੀਆਂ ਸੀ. 17 ਅਗਸਤ ਤੋਂ ਬਾਅਦ, ਪੂਰਬੀ ਪੰਜਾਬ ਨੂੰ ਦਿੱਤੇ ਗਏ ਇਲਾਕਿਆਂ ਤੇ ਮੁਸਲਿਮਾਂ ਉਪਰ ਹਮਲੇ ਤੇਜ ਹੋ ਗਏ. ਇਸ ਦੇ ਚਲਦੇ, ਹਜ਼ਾਰਾਂ ਲੱਖਾਂ ਦੀ ਤਦਾਦ ਤੇ, ਮੁਸਲਿਮ ਪਛੱਮ ਪੰਜਾਬ ਆਉਣ ਲਗੇ. ਇਸ ਨੇ, ਹਿੰਦੂਆਂ ਅਤੇ ਸਿੱਖਾਂ ਉਪਰ ਜਵਾਬੀ ਹਮਲੇ ਤੇਜ ਕਰ ਦਿੱਤੇ.

ਗੁਰਦਾਸਪੁਰ ਜ਼ਿਲ੍ਹੇ ਦੀ ਸ਼ਕਰਗੜ ਤਹਸੀਲ

ਦਰਿਆ ਰਾਵੀ ਦੇ ਪਛੱਮ ਦੀ ਸ਼ਕਰਗੜ ਤਹਸੀਲ ਦਰਿਆ ਦੇ ਦੂਜੇ ਪਾਸੇ ਕੁੱਝ ਬੇਹਦ ਛੋਟੇ ਇਲਾਕਿਆਂ ਨਾਲ ਜੁੜੀ ਹੋਈ ਸੀ; ਇਨ੍ਹਾਂ ਨੂੰ ਵੀ ਪਾਕਿਸਤਾਨ ਵਿੱਚ ਸਾਮਲ ਕੀਤਾ ਗਿਆ ਸੀ. ਅਤੇ, ਤਹਸੀਲ ਦੀ ਸਥਾਪਤ ਇੰਤਜ਼ਾਮਿਆ ਇਕਾਈ ਨੂੰ, ਨਾ ਕਿ ਦਰਿਆ ਦੀ ਕੁਦਰਤੀ ਸਰਹੱਦ ਨੂੰ, ਅੰਤਰਰਾਸ਼ਟਰੀ ਸਰਹੱਦ ਮੱਨਿਆ ਗਿਆ. ਇਸ ਤਰ੍ਹਾਂ ਦਾ ਅਜੀਬ ਇੰਤਜ਼ਾਮ ਦੂਜੀ ਦਿਸ਼ਾ ਤੇ ਵੀ ਲਾਗੂ ਹੋਇਆ. 15 ਦਸੰਬਰ 2006 ਨੂੰ, ਮੈਂ ਚੌਧਰੀ ਅਨਵਰ ਅਜ਼ੀਜ਼ ਨੂੰ ਮਿਲਿਆ, ਜੋ ਦੋ ਵਾਰ ਪਾਕਿਸਤਾਨ ਦੇ ਫੈਡਰਲ ਵਜ਼ੀਰ ਰਹਿ ਚੁਕੇ ਨੇ, ਇੱਕ ਵਾਰ ਜ਼ੁਲਫ਼ਿਕਾਰ ਅਲੀ ਭੁੱਟੋ ਅਤੇ ਬਾਅਦ ਤੇ ਮੁਹੱਮਦ ਖ਼ਾਨ ਜੁਨੇਜੋ ਦੀ ਵਜ਼ਾਰਤ ਵਿੱਚ.

ਚੌਧਰੀ ਅਨਵਰ ਅਜ਼ੀਜ਼

'ਜੁਲਾਈ 1947 ਤੇ, ਅਸੀਂ ਹੁਸ਼ਿਆਰਪੁਰ ਤੇ ਸੀ. ਜੁਲਾਈ ਤੇ, ਮੇਰੇ ਪਰਵਾਰ ਦੇ ਜ਼ਿਆਦਾਤਰ ਸਦੱਸ ਸਿਆਲਕੋਟ ਚਲੇ ਗਏ ਸੀ ਕਿਉਂਕਿ ਹੁਸ਼ਿਆਰਪੁਰ ਤੇ ਗੜਬੜੀ ਸ਼ੁਰੂ ਹੋ ਗਈ ਸੀ, ਜਦ ਕਿ ਮੈਂ ਸ਼ਕਰਗੜ ਤਹਸੀਲ ਦੇ ਮੇਰੀਪੁਰ ਦੇ ਆਪਣੇ ਪੁਸ਼ਤੈਨੀ ਘਰ ਜਾਣ ਦਾ ਫ਼ੈਸਲਾ ਕੀਤਾ. ਅਸੀਂ ਗੁਜੱਰ ਬਰਾਦਰੀ ਦੇ ਹਾਂ ਅਤੇ

ਆਲੇ-ਦੁਆਲੇ ਦੇ ਪਿੰਡਾ ਉਪਰ ਸਾਡਾ ਚੰਗਾ ਰਸੂਖ ਸੀ. ਮੈਨੂੰ ਲਗਦਾ ਹੈ ਕਿ 14 ਅਗਸਤ ਇੱਕ ਸ਼ੁਕਰਵਾਰ ਸੀ (ਦਰਅਸਲ 15 ਅਗਸਤ ਇੱਕ ਸ਼ੁਕਰਵਾਰ ਸੀ) ਅਤੇ ਇਹ ਰਮਜ਼ਾਨ ਦਾ ਮਹੀਨਾ ਸੀ ਅਤੇ ਮੈਂ ਕਰੀਬ ਦੇ ਪਿੰਡ ਦੀ ਇੱਕ ਮੁੱਖ ਮਸੀਤ ਤੇ ਇਬਾਦਤ ਕਰਣ ਗਿਆ. ਉਥੇ ਕਈ ਪਿੰਡਾ ਤੋਂ ਲੋਕ ਆਉਂਦੇ ਸੀ. ਮੈਨੂੰ ਇੱਕ ਤਕਰੀਰ ਕਰਣ ਨੂੰ ਕਿਹਾ ਗਿਆ, ਤਾਂਕਿ ਮੈਂ ਜੋ ਕੁੱਝ ਚਲ ਰਿਹਾ ਸੀ, ਉਸ ਦਾ ਵੇਰਵਾ ਦੇਵਾਂ. ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਨਾ ਘਬੜਾਉਣ. ਸਾਡੇ ਇਲਾਕਿਆਂ ਦੇ ਤਿੰਨ ਸਮੁਦਾਇਆਂ ਦੇ ਵਿੱਚ ਇੱਕ ਸਮਝੌਤਾ ਹੋ ਗਿਆ ਸੀ ਕਿ ਕੋਈ ਕਿਸੇ ਉਪਰ ਵੈਰੀ ਹਮਲਾ ਨਹੀਂ ਕਰੇਗਾ. ਰੇਹਲ ਹਿੰਦੂ ਬ੍ਰਾਹਮਣਾ ਦਾ ਇੱਕ ਪਿੰਡ ਹੁੰਦਾ ਸੀ. ਉਸ ਪਿੰਡ ਦੇ ਹਿੰਦੂ ਬ੍ਰਾਹਮਣ ਆਪਣੀ ਪੜ੍ਹਾਈ ਲਿਖਾਈ ਅਤੇ ਪਾਕੀਜ਼ਗੀ ਲਈ ਕਾਫ਼ੀ ਜਾਣੇ ਜਾਦੇ ਸੀ. ਉਹ ਇਨਸਾਨਾਂ ਅਤੇ ਜਾਨਵਰਾਂ, ਦੋਵੇਂ ਨੂੰ, ਬਗੈਰ ਕੋਈ ਪੈਸਾ ਲੀਤੇ, ਕਈ ਸਹੂਲਤਾਂ ਮੁਹੱਇਆ ਕਰਾਂਦੇ ਸੀ ਅਤੇ ਤਿੰਨੋਂ ਕੌਮ ਦੇ ਲੋਕ ਉਨ੍ਹਾਂ ਦੀ ਕਾਫ਼ੀ ਇਜ਼ੱਤ ਕਰਦੇ ਸੀ. ਉਨ੍ਹਾਂ ਦੇ ਇੱਕ ਸ਼ਕਸ, ਰਾਮ ਸਰਨ ਸ਼ਰਮਾ ਨੇ ਫ਼ਾਰਸੀ ਦੀ ਵਿਆਕਰਣ ਦੇ ਪਾਠਾਂ ਦੀ ਇੱਕ ਕਿਤਾਬ ਲਿਖੀ ਸੀ, ਜਿਸ ਦਾ ਸਕੂਲਾਂ ਅਤੇ ਕਾਲੇਜਾਂ ਤੇ ਇਸਤੇਮਾਲ ਕੀਤਾ ਜਾਂਦਾ ਸੀ. ਬਾਅਦ ਤੇ ਜਦ ਪਕਿਸਤਾਨ ਬਣ ਗਿਆ, ਕਿਸੇ ਮੁਸਲਿਮ ਨੇ ਬਤੌਰ ਲੇਖਕ, ਆਪਣਾ ਨਾਂਅ ਲਿਖ ਕੇ ਇਸੀ ਕਿਤਾਬ ਨੂੰ ਛਪਵਾਇਆ. ਮੈਂ ਮਾਸਟਰ ਸ਼ਰਮਾ ਤੋਂ ਫ਼ਾਰਸੀ ਸਿੱਖੀ. ਉਹ ਸੱਚ-ਮੁੱਚ ਇੱਕ ਗਿਆਨੀ ਇਨਸਾਨ ਸਨ.

'ਇਹ ਲੈ ਕੇ ਬੇਹਦ ਉਲਝਣ ਸੀ ਕਿ ਗੁਰਦਾਸਪੁਰ ਕਿਸ ਮੁਲਕ ਵਿੱਚ ਜਾਵੇਗਾ: ਪਾਕਿਸਤਾਨ ਵਿੱਚ ਜਾਂ ਇੰਡੀਆ ਵਿੱਚ. ਰੈਡਕਲੀਫ ਅਵਾਰਡ ਨੇ ਗੁਰਦਾਸਪੁਰ ਦੀ ਤਕਸੀਮ ਕੀਤੀ, ਹਾਲਾਂਕਿ ਇਸ ਦੀ ਮਜਾਰਿਟੀ ਮੁਸਲਿਮਾਂ ਦੀ ਸੀ, ਪਰ ਸ਼ਕਰਗੜ ਨੂੰ ਪਾਕਿਸਤਾਨ ਵਿੱਚ ਸ਼ਾਮਲ ਕੀਤਾ ਗਿਆ. ਉਸ ਵਕਤ ਇੱਕ ਵੱਡੇ ਪੈਮਾਨੇ ਤੇ ਤਸ਼ੱਦਦ ਫੈਲ ਗਿਆ. ਬ੍ਰਾਹਮਣ ਮੇਰੇ ਵਾਲਿਦ ਕੋਲ ਆਏ ਅਤੇ ਮਦਦ ਦੀ ਗੁਹਾਰ ਲਗਾਈ. ਉਹ ਰੋਣ ਲਗੇ ਅਤੇ ਸਾਡੇ ਬਜ਼ੁਰਗਾਂ ਨੂੰ ਵੀ ਰੋਣਾ ਆ ਗਿਆ, ਕਿਉਂਕਿ ਸਾਡੇ ਉਨ੍ਹਾਂ ਦੇ ਨਾਲ ਬਹੁਤ ਚੰਗੇ ਰਿਸ਼ਤੇ ਸੀ. ਦੋਨੋ ਪਰਵਾਰਾਂ ਦੀ ਖ਼ਵਾਤੀਨਾਂ ਵੀ ਰੋਣ ਲਗ ਗਈਆਂ. ਉਨ੍ਹਾਂ ਨੇ ਆਪਣੀ ਹਿਫ਼ਾਜ਼ਤ ਲਈ ਗਹਿਣੇ ਦੇਣ ਦੀ ਪੇਸ਼ਕਸ਼ ਕੀਤੀ, ਪਰ ਸਾਡੇ ਵਾਲਿਦ ਨੇ ਉਨ੍ਹਾਂ ਨੂੰ ਬੇਫ਼ਿਕਰ ਰਹਿਣ ਨੂੰ ਕਿਹਾ. ਅਤੇ, ਉਨ੍ਹਾਂ ਨੇ ਉਨ੍ਹਾਂ ਦੀ ਸੱਤ ਛੋਟੀ ਕੁੜਿਆਂ ਨੂੰ, ਜੋ ਸਾਰੀਆਂ ਹੀ ਖੂਬਸੁਰਤ, ਪੜ੍ਹੀ ਲਿਖਿਆਂ ਅਤੇ ਸੁਚਜਿਆਂ ਸਨ, ਸਾਡੀ ਹਿਫ਼ਾਜ਼ਤ ਤੇ ਰੱਖਣ ਦਾ ਫ਼ੈਸਲਾ ਕੀਤਾ, ਜਦ ਕਿ ਅਸੀਂ ਵੀਹ ਨੌਜਵਾਨਾਂ ਅਤੇ ਬਜ਼ੁਰਗਾਂ ਨੇ, ਦੂਜੀ ਔਰਤਾਂ ਅਤੇ ਬੰਦੇਆਂ ਨੂੰ ਦਰਿਆ ਦੇ ਕਰੀਬ ਲੈ ਜਾਂਦਾ ਤਾਂਕਿ, ਉਨ੍ਹਾਂ ਦੇ ਲਈ, ਦਰਿਆ ਦੇ ਦੂਜੇ ਤਰਫ਼ ਜਾਣ ਦਾ ਕੋਈ ਉਪਾਉ ਕੀਤਾ ਜਾਵੇ. ਰਾਵੀ ਦਰਿਆ ਦਾ ਪਾਣੀ ਉਸ ਵਕਤ, ਬਹੁਤ ਉੱਚਾ ਵਗ ਰਿਹਾ ਸੀ, ਪਰ ਦੋਨੋ ਤਰਫ਼, ਕਿਸ਼ਤੀਆਂ ਦੀ ਤੇਜ਼ੀ ਨਾਲ ਆਵਾਜਾਈ ਚਲ ਰਹੀ ਸੀ. ਕਿਸ਼ਤੀਆਂ ਦੇ ਮਾਲਕ, ਦਰਿਆ ਪਾਰ ਕਰਾਉਣ ਦੇ ਲਈ ਬੇਹਦ ਜ਼ਿਆਦਾ ਕੀਮਤ ਵਸੂਲ ਕਰ ਰਹੇ ਸੀ. ਸਾਡੇ ਤਰਫ਼ ਦੇ ਕਿਨਾਰੇ ਤੇ, ਇੱਕ ਕਿਸ਼ਤੀ ਜਿਣ ਮੁਸਲਿਮਾਂ ਨੂੰ ਲੈ ਕੇ ਆਈ, ਉਹ ਬੁਰੀ ਤਰ੍ਹਾਂ ਜ਼ਖ਼ਮੀ ਸਨ, ਦੋ ਖ਼ਵਾਤੀਨਾਂ ਦੇ ਸੀਨੇ ਵੱਡ ਦਿੱਤੇ ਗਏ ਸੀ ਅਤੇ ਉਹ ਬਹੁਤ ਦਰਦ ਵਿੱਚ ਸਨ. ਜਦ ਉਨ੍ਹਾਂ ਦੇ ਬੰਦੇਆਂ ਨੂੰ ਪਤਾ ਲਗਾ ਕਿ ਅਸੀਂ ਹਿੰਦੂਆਂ ਨੂੰ ਦੂਜੇ ਪਾਸੇ, ਹਿਫ਼ਾਜ਼ਤ ਨਾਲ ਲੈ ਜਾਣਾ ਚਾਹੁੰਦੇ ਸੀ, ਉਹ ਬਹੁਤ ਗੁੱਸਾ ਹੋ ਗਏ ਅਤੇ ਉਨ੍ਹਾਂ ਦੇ ਉਪਰ ਹਮਲਾ ਕਰਣ ਦੀ ਕੋਸ਼ਿਸ਼ ਕੀਤੀ, ਪਰ ਅਸ਼ੀਂ ਇੱਕ ਕੰਧ ਬਣ ਕੇ ਖੜ੍ਹੇ ਹੋ ਗਏ. ਅਸੀਂ ਉਨ੍ਹਾਂ ਨੂੰ ਕਿਹਾ ਕਿ ਸਾਡੇ ਨਾਲ ਖੜ੍ਹੇ ਹਿੰਦੂਆਂ ਉੱਪਰ, ਉਨ੍ਹਾਂ ਦੇ ਸਹ-ਧਰਮੀਆਂ ਦੁਆਰਾ ਦੂਜੇ ਪਾਸੇ ਕੀਤੇ ਗਏ ਜ਼ੁਲਮਾਂ ਦਾ ਇਲਜ਼ਾਮ, ਨਹੀਂ ਲਗਾਇਆ ਜਾ ਸਕਦਾ ਸੀ. ਇਸ ਦੇ ਇਲਾਵਾ ਸਾਡੇ ਹਥਿਆਰ

ਜ਼ਿਆਦਾ ਸਨ ਅਤੇ ਬ੍ਰਾਹਮਣਾ ਨਾਲ ਕੁੱਝ ਖਰਾਬ ਨਹੀਂ ਹੋਇਆ ਅਤੇ ਉਨ੍ਹਾਂ ਨੂੰ ਹਿਫ਼ਾਜ਼ਤ ਨਾਲ, ਦੂਜੇ ਪਾਸੇ ਭੇਜ ਦਿੱਤਾ ਗਿਆ.

'ਬ੍ਰਾਹਮਣ ਕੁੜਿਆਂ ਸਾਡੇ ਕੋਲ ਸੱਤ ਮਹੀਨੇ ਰਹਿਆਂ. ਹਾਲਾਂਕਿ ਉਹ ਨਿਮਰਤਾ ਨਾਲ ਸਭ ਦਾ ਮਾਣ ਕਰਦੀਆਂ ਸਨ, ਉਨ੍ਹਾਂ ਨੇ ਸਾਡਾ ਖਾਨਾ ਜਾਂ ਭਾਂਡੇਆਂ ਦਾ ਇਸਤੇਮਾਲ ਕਰਣ ਤੋਂ ਇਨਕਾਰ ਕਰ ਦਿੱਤਾ. ਅਤੇ ਸਾਨੂੰ ਉਨ੍ਹਾਂ ਦੇ ਲਈ, ਇੱਕ ਅਲਗ ਰਸੋਈ ਅਤੇ ਦੂਜੀ ਸਹੂਲਤਾਂ ਦੇਣੀ ਪਈਆਂ. ਉਨ੍ਹਾਂ ਨੇ, ਇਥੇ ਤੱਕ ਕਿ, ਪੂਜਾ ਕਰਣ ਲਈ, ਅਹਾਤੇ ਤੇ ਇੱਕ ਛੋਟਾ ਮਿੱਟੀ ਦਾ ਮੰਦਰ ਵੀ ਬਣਾਇਆ ਅਤੇ ਤੇਲ ਉਧਾਰ ਲੈ ਕੇ ਦੀਵੇ ਜਲਾਏ, ਜੈਦਾਂ ਕਿ ਉਨ੍ਹਾਂ ਦਾ ਰਿਵਾਜ਼ ਸੀ. ਇੱਕ ਦਿਨ, ਇੰਡੀਆ ਦੀ ਫ਼ੌਜ਼ ਉਨ੍ਹਾਂ ਨੂੰ ਲੱਭਦੀ ਹੋਈ ਆਈ. ਕਿਸੇ ਨੇ ਉਨ੍ਹਾਂ ਨੂੰ ਗਲਤ ਖ਼ਬਰ ਦਿੱਤੀ ਸੀ ਕਿ ਅਸੀਂ ਉਣ ਕੁੜਿਆਂ ਨੂੰ, ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਰੱਖਿਆ ਸੀ. ਅਤੇ ਫ਼ੌਜ਼ ਨੇ ਸਾਡਾ ਘਰ ਘੇਰ ਲੀਤਾ ਅਤੇ ਬਰੇਨ ਗੱਨਾਂ ਨਾਲ *ਪੋਸੀਸ਼ਨ* ਲੈ ਕੇ ਸਾਡੀ ਤਰਫ਼ ਬੰਦੂਕਾਂ ਕਰ ਦਿੱਤੀਆਂ. ਉਨ੍ਹਾਂ ਦੇ ਵਿੱਚ ਇੱਕ ਕੈਪਟੇਨ ਸੀ ਜਿਸ ਨੂੰ ਮੈਂ ਪੁਛਿਆ, "ਤੁਹਾਡਾ ਮਸਲਾ ਕੀ ਹੈ? ਸਾਡੀ ਤਰਫ਼ ਬੰਦੂਕਾਂ ਕਿਉਂ ਕੀਤੀਆਂ ਨੇ?" ਉਸ ਨੇ ਜਵਾਬ ਦਿੱਤਾ, "ਅਸੀਂ ਸੁਣਿਆ ਹੈ ਕਿ ਤੁਸੀ ਆਪਣੇ ਘਰ ਵਿੱਚ ਹਿੰਦੂ ਕੁੜਿਆ ਨੂੰ ਫੜ ਕੇ ਰੱਖਿਆ ਹੈ". ਅਤੇ, ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਖੁਦ ਉਣ ਕੁੜਿਆਂ ਨਾਲ ਗੱਲ ਕਰ ਲੈਣ. ਹਾਲਾਤ ਬੇਹਦ ਸੰਜੀਦਾ ਹੋ ਗਏ. ਉਸੇ ਵਕਤ ਦੋ ਹਿੰਦੂ ਬੰਦੇ ਜੋ ਉਣ ਕੁੜਿਆਂ ਦੇ ਰਿਸ਼ਤੇਦਾਰ ਸਨ, ਆਪਣੀ ਛੁਪਣ ਦੀ ਜਗ੍ਹ ਤੋਂ ਨਿਕਲ ਕੇ ਬਾਹਰ ਆ ਕੇ, ਸਾਡੇ ਦਰਵਾਜ਼ੇ ਦੇ ਕੋਲ ਆ ਗਏ. ਉਹ ਸਾਡੇ ਬਜ਼ੁਰਗਾਂ ਨੂੰ ਮਿਲ ਕੇ ਰੋਣ ਲਗੇ ਅਤੇ ਸਾਡੇ ਬਜ਼ੁਰਗਾਂ ਦੀ ਅੱਖਾਂ ਤੇ ਵੀ ਅਥਰੂ ਆ ਗਏ. ਫ਼ੌਜ਼ੀ ਕੈਪਟੇਨ ਬੇਹਦ ਸ਼ਰਮਿੰਦਾ ਹੋਏ ਅਤੇ ਮਾਫ਼ੀ ਮੰਗੀ, ਕਿਉਂਕਿ ਕੁੜਿਆਂ ਨੇ ਪੱਕੇ ਤੌਰ ਤੇ ਦੱਸਿਆ ਕਿ ਉਨ੍ਹਾਂ ਦੇ ਨਾਲ ਬਹੁਤ ਚੰਗਾ ਸਲੂਕ ਕੀਤਾ ਗਿਆ ਸੀ. ਅਸੀਂ ਉਨ੍ਹਾਂ ਦੇ ਗਹਿਣੇ ਵਾਪਸ ਕੀਤੇ ਜੋ ਉਨ੍ਹਾਂ ਦੇ ਬਜ਼ੁਰਗਾਂ ਨੇ ਮੇਰੇ ਵਾਲਿਦ ਦੇ ਕੋਲ ਜਮਾ ਕੀਤੇ ਸੀ. ਫਿਰ ਉਹ ਚਲੇ ਗਏ. ਉਹ ਸੱਚ-ਮੁੱਚ ਬਹੁਤ ਬੁਰੇ ਦਿਨ ਸਨ.'

ਲਾਹੌਰ ਸ਼ਹਿਰ

ਪ੍ਰਾਨ ਨੇਵਿਲ, ਆਪਣੀ ਲਾਹੌਰ: ਏ ਸੇਂਟੀਮੇਂਟਲ ਜਰਨੀ, ਆਪਣੇ ਜਨਮ ਅਤੇ ਨੌਜਵਾਨੀ ਦੇ ਸ਼ਹਿਰ ਦੀ ਜ਼ਿੰਦਾਦਿਲੀ ਨੂੰ ਯਾਦ ਕਰਦੇ ਨੇ; ਇਸ ਦੇ ਖ਼ੁਸ਼ਦਿਲ ਅਤੇ ਗਰਮਜੋਸ਼ ਵਾਸੀਆਂ ਦੀ ਤਾਰੀਫ਼ ਕਰਦੇ ਨੇ ਅਤੇ ਹਿੰਦੂਆਂ, ਸਿੱਖਾਂ ਅਤੇ ਮੁਸਲਿਮਾਂ ਸਭ ਦੇ ਬਾਰੇ, ਕਈ ਮਜੇਦਾਰ ਕਿੱਸੇ ਅਤੇ ਘੁਟਾਲੇ ਦੱਸਦੇ ਨੇ. ਉਹ 1947 ਨੂੰ ਲਾਹੌਰ ਛੱਡ ਕੇ ਜਾਉਣ ਵਾਲੇ, ਹਿੰਦੂਆਂ ਅਤੇ ਸਿੱਖਾਂ ਦੀ ਤੜਪ ਅਤੇ ਸਦਮੇ ਨੂੰ ਇਣ ਲਫ਼ਜ਼ਾਂ ਤੇ ਬਿਆਨ ਕਰਦੇ ਨੇ:

> ਸਾਡੇ ਲਈ ਇੱਕ ਦਿੱਲ ਤੋੜਣ ਦਾ ਤਜਰਬਾ ਸੀ ਜਦ ਸਾਨੂ ਆਪਣੇ ਪਿਆਰੇ ਲਾਹੌਰ ਨੂੰ ਹਮੇਸ਼ਾ ਲਈ ਛੱਡ ਕੇ, ਸਰਹੱਦ ਦੇ ਦੂਜੀ ਤਰਫ਼ ਪਨਾਹ ਲੈਣੀ ਪਈ, ਜਿਸ ਨੂੰ ਇਸ ਉਪ-ਮਹਾਦੀਪ ਦੀ ਤਕਸੀਮ ਕਰਣ ਲਈ ਤਿਆਰ ਕੀਤਾ ਗਿਆ ਸੀ. ਉਸ ਸ਼ਹਿਰ ਤੇ, ਜਿੱਥੇ ਸਦੀਆਂ ਤੋਂ ਸਾਡੇ ਕਰੀਬੀ ਰਹਿ ਰਹੇ ਸੀ, ਹੁਣ ਕੋਈ ਨਹੀਂ ਸੀ ਜਿਸ ਦੀ ਅਸੀਂ ਇੱਕ ਝਲਕ ਲੈ ਸਕੀਏ. ਅਚਾਨਕ, ਲਾਹੌਰ ਇੱਕ ਪਰਦੇਸ਼ੀ ਜਮੀਨ ਬਣ ਗਿਆ ਸੀ (1993:18).

ਸੋਮ ਆਨੰਦ

ਲਾਹੌਰ ਦੇ ਇੱਕ ਹੋਰ ਹਿੰਦੂ, ਸੋਮ ਆਨੰਦ, ਨੇ ਵੀ ਨੁਕਸਾਨ ਦੇ ਢੁੱਘੇ ਇਹਸਾਸ ਨੂੰ ਜ਼ਾਹਰ ਕੀਤਾ, ਜਦ ਹਿੰਦੂਆਂ ਨੂੰ ਲਾਹੌਰ ਛੱਡ ਕੇ ਭੱਜਣ ਲਈ ਮਜਬੂਰ ਕੀਤਾ ਗਿਆ:

> ਮਾਰਚ 1947 ਤੋਂ ਬਾਅਦ ਫ਼ਿਰਕੂ ਫ਼ਸਾਦ ਹੋਰ ਤੇਜ ਹੋ ਗਏ ਅਤੇ ਲਗਦਾ ਸੀ ਕਿ ਮੁਸਲਿਮ ਰਹਨੁਮਾਈ ਸ਼ਹਿਰ ਤੋਂ ਸਾਰੇ ਗੈਰ-ਮੁਸਲਿਮ ਵਾਸੀਆਂ ਨੂੰ ਕੱਢ ਦੇਣਾ ਚਾਹੁੰਦੀ ਸੀ. ਇਸ ਦਾ ਮਤਲਬ ਇਹ ਨਹੀਂ ਹੈ ਕਿ ਸ਼ਹਿਰ ਤੇ ਜੋ ਹੋ ਰਿਹਾ ਸੀ, ਉਸ ਦੀ ਹਰ ਇੱੱਕ ਮੁਸਲਿਮ ਹਿਮਾਇਤ ਕਰਦਾ ਸੀ. ਕੁੱਝ ਲੋਕ ਸਨ, ਜੋ ਹਿੰਦੂਆਂ ਅਤੇ ਸਿੱਖਾਂ ਦੇ ਹਮੇਸ਼ਾ ਲਈ ਚਲੇ ਜਾਣ ਬਾਰੇ ਸੋਚ ਕੇ, ਡਰਦੇ ਸੀ. ਪਰ ਇਸ ਤਰ੍ਹਾਂ ਦੇ ਲੋਕ ਆਪਣੇ ਇਹਸਾਸ ਨੂੰ ਜ਼ਾਹਰ ਨਹੀਂ ਕਰ ਸਕਦੇ ਸੀ (1998: 36).

ਅਗਸਤ ਦੇ ਉਣ ਫ਼ੈਸਲਾਕੁਨ ਦਿਨਾਂ ਦੇ ਬਾਰੇ ਉਹ, ਇਹ ਵਿਰਤੰਤ ਦੇਂਦੇ ਨੇ:

'ਅਸੀਂ ਮਾਡਲ ਟਾਉਨ ਜੋ ਇੱਕ ਉੱਚ ਮੱਧ ਦਰਜੇ ਦੀ ਰਿਹਾਇਸ਼ ਸੀ, ਰਹਿੰਦੇ ਸੀ ਅਤੇ ਉਥੇ ਜ਼ਿਆਦਾਤਰ ਵਾਸੀ ੱਹਿੰਦੂ ਅਤੇ ਸਿੱਖ ਸਨ. ਇਹ ਇੱਕ ਐਤਵਾਰ ਸੀ. ਮੇਰੇ ਪਿਤਾ ਦੇ ਇੱਕ ਮਿੱਤਰ, ਸ਼੍ਰੀ ਬੀ.ਪੀ.ਐਲ.ਬੇਦੀ (ਜਾਨੇ-ਮਾਨੇ ਅੰਤਰਰਾਸ਼ਟਰੀ ਅਭਿਨੇਤਾ ਕਬੀਰ ਬੇਦੀ ਦੇ ਪਿਤਾ), ਜੋ ਲਾਹੌਰ ਦੇ ਇੱਕ ਮਸ਼ਹੁਰ ਕਮਿਊਨਿਸਟ ਆਗੂ ਸਨ ਸਾਡੇ ਘਰ ਆਏ ਅਤੇ ਮੇਰੇ ਪਿਤਾ ਨੂੰ ਕਿਹਾ "ਲਾਲਾਜੀ ਮੈਨੂੰ ਕੁੱਝ ਪੈਸੇ ਚਾਹੀਦੇ ਨੇ." ਮੇਰੇ ਪਿਤਾ ਲਾਲਾ ਫ਼ਕੀਰ ਚੰਦ ਇੱਕ ਬੈਂਕਰ ਸਨ ਅਤੇ ਉਨ੍ਹਾਂ ਨੇ ਜਵਾਬ ਦਿੱਤਾ, "ਬੇਦੀ ਜੀ ਅੱਜ ਐਤਵਾਰ ਹੈ, ਬੈਂਕਾਂ ਬੰਦ ਨੇ." ਪਰ ਉਨ੍ਹਾਂ ਨੇ ਕਿਹਾ ਕਿ ਚੁੰਕਿ ਚਾਬੀਆਂ ਮੇਰੇ ਪਿਤਾ ਕੋਲ ਸੀ, ਉਹ ਦੋਨੇ ਬੈਂਕ ਜਾ ਕੇ ਪੈਸੇ ਕੱਢ ਸਕਦੇ ਸੀ. ਮੇਰੇ ਪਿਤਾ ਰਾਜੀ ਹੋ ਗਏ ਅਤੇ ਦੋਨੇ ਚਲੇ ਗਏ.

'ਉਸ ਵਕਤ ਸਾਡੇ ਨਾਲ ਸਾਡਾ ਇੱਕ ਰਿਸ਼ਤੇਦਾਰ ਵੀ ਰਹਿੰਦਾ ਸੀ. ਉਹ ਮੇਰੇ ਤੋਂ ਚਾਰ ਜਾਂ ਪੰਜ ਸਾਲ ਵੱਡਾ ਸੀ. ਅਸੀਂ ਪਛਾਣ ਦੇ ਕਿਸੇ ਬੰਦੇ ਨੂੰ ਸੱਦਣ ਦਾ ਫ਼ੈਸਲਾ ਕੀਤਾ. ਸਾਡੀ ਗੈਰ-ਹਾਜ਼ਰੀ ਤੇ, ਕੁੱਝ ਅਫ਼ਰੀਦੀ ਪਠਾਨਾਂ ਨੇ ਸਾਡੇ ਘਰ ਦੇ ਉਪਰ ਹਮਲਾ ਕੀਤਾ ਸੀ. ਉਣ ਦਿਨਾਂ ਤੇ, ਕਬਾਇਲੀ ਇਲਾਕਿਆਂ ਤੋਂ ਕਈ ਪਠਾਨ ਗਿਰੋਹ ਲਾਹੌਰ ਆ ਚੁਕੇ ਸੀ. ਉਹ ਇਧਰ-ਉੱਧਰ ਜਾ ਕੇ ਗੈਰ-ਮੁਸਲਿਮਾਂ ਨੂੰ ਲੁੱਟਦੇ. ਉਨ੍ਹਾਂ ਦੇ ਕੋਈ ਦਸ ਬਾਰਾਂ ਲੋਕ ਤਾਂਗੇਆਂ ਤੇ ਸਾਡੇ ਘਰ ਆਏ. ਠੀਕ ਉਸੀ ਵਕਤ, ਸਾਡੇ ਇੱਕ ਮੁਸਲਿਮ ਗੁਆਂਢੀ, ਮੌਲਵੀ ਸਾਹਿਬ, ਜੋ ਕਾਂਗਰੇਸ ਦੇ ਸਮਰਥਕ ਸਨ, ਆ ਗਏ. ਸਾਡੇ ਦੋਨਾਂ ਦੇ ਘਰਾਂ ਦੇ ਸਾਹਮਣੇ ਦਾ ਛੱਜਾ ਇਕੱਠਾ ਸੀ. ਜਦ ਉਨ੍ਹਾਂ ਨੇ ਪਠਾਨਾਂ ਨੂੰ ਵੇਖਿਆ, ਉਹ ਸਾਡੇ ਘਰ ਆ ਗਏ ਅਤੇ ਉਨ੍ਹਾਂ ਨੂੰ ਡਾਂਟ-ਡਪਟ ਸੁਣਾਈ, ਅਤੇ ਆਪਣੀ ਕਰਤੂਤਾਂ ਲਈ, ਰਬ ਦੀ ਨਰਾਜ਼ਗੀ ਤੋਂ ਡਰਣ ਨੂੰ ਕਿਹਾ. ਇਸ ਦੇ ਬਦਲੇ, ਉਹ ਗੁੱਸਾ ਹੋ ਗਏ ਅਤੇ ਹਿੰਦੂਆਂ ਦੀ ਰੱਖਿਆ ਕਰਣ ਲਈ, ਉਨ੍ਹਾਂ ਦੇ ਉਪਰ ਚੀਕੇ. ਇਸ ਰੌਲੇ ਦੇ ਵਿੱਚ, ਇੱਕ ਬਜ਼ੁਰਗ ਅਤੇ ਸ਼ਰੀਫ਼ ਸਿੱਖ ਕਰਤਾਰ ਸਿੰਘ, ਜੋ ਸਾਡੇ ਘਰ ਦੇ ਬਿਲਕੁਲ ਸਾਹਮਣੇ ਰਹਿੰਦੇ ਸੀ, ਸਾਡੇ ਘਰ ਵੇਖਣ ਆਏ ਕਿ ਮਾਜਰਾ ਕਿ ਸੀ. ਉਨ੍ਹਾਂ ਦਾ ਪੂਰਾ ਪਰਵਾਰ ਜਾ ਚੁਕਿਆ ਸੀ ਅਤੇ ਉਹ ਉਨ੍ਹਾਂ ਦੀ ਇੱਕ ਮੱਝ ਨੂੰ ਲੈ ਜਾਣ ਲਈ, ਇੱਕ ਟਰੱਕ ਦਾ ਇਤੰਜ਼ਾਰ ਕਰ ਰਹੇ ਸੀ. ਜਦ ਪਠਾਨਾਂ ਨੇ ਉਨ੍ਹਾਂ ਨੂੰ ਵੇਖਿਆ ਉਨ੍ਹਾਂ ਨੇ ਉਣ ਬਜ਼ੁਰਗ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ.

'ਲੋਕਾਂ ਨੇ ਖੂਨੀਆਂ ਨੂੰ ਇਹ ਸ਼ਿਕਾਇਤ ਕਰਦੇ ਸੁਣਿਆ ਕਿ ਉਨ੍ਹਾਂ ਨੂੰ ਇੱਕ ਗੋਲੀ ਬਰਬਾਦ ਕਰਣੀ ਪਈ, ਛੁਰੇ ਦਾ ਇੱਕ ਵਾਰ ਇਹ ਕੱਮ ਸਸਤੇ ਤੇ ਕਰ ਦੇਂਦਾ.

'ਮੇਰੇ ਪਿਤਾ ਇਣ ਸਾਰੇ ਕਤਲਾਂ ਦੇ ਬਾਵਜੂਦ ਲਾਹੌਰ ਤੇ ਹੀ ਰਹ ਗਏ. ਉਨ੍ਹਾਂ ਨੇ ਇੱਕ ਮੁਸਲਿਮ ਔਰਤ ਨਾਲ ਸ਼ਾਦੀ ਕਰ ਲੀਤੀ ਸੀ. ਉਹ ਇੱਕ ਬੈਂਕ ਦੇ ਪ੍ਰਬੰਧ ਨਿਰਦੇਸ਼ਕ ਸਨ ਅਤੇ ਪਾਕਿਸਤਾਨ ਸਰਕਾਰ ਨੂੰ ਉਨ੍ਹਾਂ ਦੀ ਸੇਵਾ ਦੀ ਲੋੜ ਸੀ. ਜਦ 1957 ਤੇ ਉਨ੍ਹਾਂ ਦਾ ਇੰਤਕਾਲ ਹੋਇਆ, ਮੈਂ ਇੰਡੀਆ ਤੋਂ ਉਨ੍ਹਾਂ ਦੀ ਦਾਹ-ਕਿਰਿਆ ਤੇ ਆਇਆ. ਲਾਹੌਰ ਦਾ ਇੱਕ ਬ੍ਰਾਹਮਣ ਜੋ ਉਥੇ ਹੀ ਰਹਿੰਦਾ ਸੀ ਅਤੇ ਇੱਕ ਸਰਕਾਰੀ ਮੁਲਾਜ਼ਮ ਸੀ, ਉਸ ਨੇ ਕਿਰਿਆ ਕਰਮ ਕੀਤਾ, ਹਾਲਾਂ ਕਿ ਉਹ ਕੋਈ ਪੁਜਾਰੀ ਦਾ ਪੇਸ਼ਾ ਨਹੀਂ ਕਰਦਾ ਸੀ.'

ਉਹ, ਖ਼ਾਸ ਕਰ ਕੇ, ਉਰਦੂ ਸਾਹਿਤਿਕ ਮੈਗਜ਼ੀਨ, ਅਦਬੀ ਦੁਨੀਆ ਦੇ ਏਡੀਟਰ, ਮੌਲਾਨਾ ਸਲਾਹੁੱਦੀਨ ਅਹਿਮਦ ਅਤੇ ਮਕਬੂਲ ਪੰਜਾਬੀ ਸ਼ਾਇਰ ਉਸਤਾਦ ਦਾਮਨ, ਨੂੰ ਸ਼ਰਧਾਂਜਲੀ ਦੇਂਦੇ ਨੇ, ਦੋਵੇਂ ਹੀ ਲਾਹੌਰ ਤੋਂ ਗੈਰ-ਮੁਸਲਿਮਾਂ ਦੇ ਚਲੇ ਜਾਣ ਨਾਲ ਬੇਹਦ ਦੁਖੀ ਸਨ (Ibid.). ਉਹ ਗੌਰ ਕਰਦੇ ਨੇ ਕਿ ਹਾਲਾਂਕਿ ਹਿੰਦੂਆਂ ਅਤੇ ਸਿੱਖਾਂ ਨੂੰ ਇਹ ਇਹਸਾਸ ਹੋ ਗਿਆ ਸੀ ਲਾਹੌਰ ਪਾਕਿਸਤਾਨ ਨੂੰ ਦੇ ਦਿੱਤਾ ਜਾ ਸਕਦਾ ਸੀ, ਇਸ ਦਾ ਮਤਲਬ ਇਹ ਨਹੀਂ ਸੀ ਕਿ ਉਹ ਇਸ ਨੂੰ ਆਸਾਨੀ ਨਾਲ ਮੱਨ ਲੈਂਦੇ. ਉਨ੍ਹਾਂ ਦੇ ਕਈ ਆਗੂ ਸਮਝ੍ਦੇ ਸੀ ਕਿ ਉਨ੍ਹਾਂ ਦੀ ਮਾਲੀਆ ਤਾਕਤ ਦੇ ਦਾਅਵੇ ਨਾਲ, ਉਹ ਲਾਹੌਰ ਨੂੰ ਹਾਸਲ ਕਰ ਲੈਣਗੇ. ਦੂਜੇ, ਜਿਸ ਵਿੱਚ ਉਨ੍ਹਾਂ ਦੇ (ਸੋਮ ਆਨੰਦ ਦੇ) ਵਾਲਿਦ ਸਾਮਲ ਸਨ, ਇਹ ਦਲੀਲ ਦਿੱਤੀ ਕਿ ਭਾਵੇਂ ਕੁੱਝ ਵੀ ਹੋ ਜਾਵੇ, ਗੈਰ-ਮੁਸਲਿਮ ਪਾਕਿਸਤਾਨ ਵਿੱਚ ਵਸਦੇ ਰਹਿਣਗੇ. ਪਰ, ਫ਼ਿਰਕੂ ਤਸ਼ੱਦਦ ਨੇ ਇਸ ਪਸੰਦ ਨੂੰ, ਲੱਗਭਗ ਨਾਮੁਮਕਿਨ ਬਣਾ ਦਿੱਤਾ. ਉਹ ਮੱਨਦੇ ਨੇ ਕਿ ਹਿੰਦੂਆਂ ਅਤੇ ਸਿੱਖਾਂ ਨੇ ਵੀ ਮੁਸਲਿਮਾਂ ਦੇ ਖ਼ਿਲਾਫ਼ ਦਹਿਸ਼ਤਗਰਦੀ ਕੀਤੀ. ਲਾਹੌਰ ਤੋਂ ਬਾਹਰ, ਇੱਕ ਮਹੱਲੇ ਰਾਜਗੜ ਦੇ ਮੁਸਲਿਮਾਂ ਦੇ ਉਪਰ ਹਮਲੇ ਨੇ ਹਾਲਾਤ ਨੂੰ ਵਿਸਫੋਟਕ ਬਣਾ ਦਿੱਤਾ. ਆਰ.ਐਸ.ਐਸ ਅਤੇ ਦੂਜੇ ਅੱਤਵਾਦੀ ਹਿੰਦੂ ਸੰਗਠਨ ਇਸ ਦੇ ਪਿੱਛੇ ਸੀ (1998: 29).

ਉਨ੍ਹਾਂ ਦੇ ਨਾਲ ਦਿੱਲੀ ਤੇ, ਅਕਤੂਬਰ 1999 ਦੀ ਇੱਕ ਸਾਮ, ਮੈਂ ਗੱਲਬਾਤ ਕਰਦੇ ਹੋਏ ਗੁਜ਼ਾਰੀ ਅਤੇ ਕਈ ਦੂਜੀ ਕਹਾਨਿਆਂ ਦੇ ਇਲਾਵਾ, ਉਨ੍ਹਾਂ ਨੇ ਪ੍ਰੋਫੇਸਰ ਬ੍ਰਿਜ ਨਰਾਇਨ ਦੇ ਦਰਦਨਾਕ ਕਤਲ ਦੀ ਦਾਸਤਾਨ ਦੱਸੀ. ਬ੍ਰਿਜ ਨਰਾਇਨ ਪੰਜਾਬ ਯੂਨੀਵਰਸਿਟੀ ਤੇ *ਇਕੋਨੋਮਿਕਸ* (ਅਰਥਸ਼ਾਸਤ੍ਰ) ਦੇ ਪ੍ਰੋਫੇਸਰ ਸਨ, ਜਿਨ੍ਹਾਂ ਨੇ ਹਿੰਦੂ ਹੋਣ ਦੇ ਬਾਵਜੂਦ, ਪਾਕਿਸਤਾਨ ਦੀ ਮੰਗ ਨੂੰ ਵਾਜ਼ਬ ਦੱਸਿਆ ਅਤੇ ਆਰਥਿਕ ਦਲੀਲਾਂ ਦਾ ਇੱਕ ਵਧੀਆ ਖ਼ਾਕਾ ਤਿਆਰ ਕੀਤਾ, ਜੋ ਸਾਬਤ ਕਰਦਾ ਸੀ ਕਿ ਪਾਕਿਸਤਾਨ ਇੱਕ ਜੀਉਣਯੋਗ ਮੁਲਕ ਹੋਵੇਗਾ. ਸੋਮ ਆਨੰਦ ਨੇ ਮੈਨੂੰ ਦੱਸਿਆ:

'ਪ੍ਰੋਫੇਸਰ ਬ੍ਰਿਜ ਨਰਾਇਨ ਪਾਕਿਸਤਾਨ ਦੇ ਖ਼ਿਆਲ ਦੇ ਇੱਕ ਜੋਸ਼ੀਲੇ ਸਮਰਥਕ ਸਨ. ਉਹ ਪ੍ਰੈਸ ਵਿੱਚ ਲੇਖ ਲਿਖਦੇ ਸੀ, ਅਤੇ ਆਪਣੇ ਇਕੋਨੋਮਿਕਸ ਦੇ ਵਿਸ਼ਾਲ ਗਿਆਨ ਨਾਲ, ਸਾਬਤ ਕਰਦੇ ਸੀ ਪਾਕਿਸਤਾਨ ਇੱਕ ਕਾਮਯਾਬ ਅਤੇ ਮੁਮਖਕਨ ਮੁਲਕ ਹੋਵੇਗਾ. ਇਹ ਕਿਹਾ ਜਾਂਦਾ ਹੈ ਕਿ ਜਿਨਾਹ ਨੇ ਉਨ੍ਹਾਂ ਨੂੰ ਪਾਕਿਸਤਾਨ ਵਿੱਚ ਰਹਿਣ ਦੀ ਹਦਾਇਤ ਦਿੱਤੀ ਅਤੇ ਉਨ੍ਹਾਂ ਨੇ ਵੀ ਪਾਕਿਸਤਾਨ ਦੀ ਸੇਵਾ ਕਰਣ ਦਾ ਪੱਕਾ ਇਰਾਦਾ ਕਰ ਲੀਤਾ ਸੀ. ਉਹ ਪੂਰੀ ਤਰ੍ਹਾਂ ਯਕੀਨ ਕਰਦੇ ਸੀ ਕਿ, ਜਿਨਾਹ ਇੱਕ ਜਮਹੂਰੀ ਮੁਲਕ ਤਿਆਰ ਕਰਨਾ ਚਾਹੁੰਦੇ ਸੀ, ਜਿਸ ਵਿੱਚ ਗੈਰ-ਮੁਸਲਿਮਾਂ ਦਾ ਬਰਾਬਰ ਹੱਕ ਹੋਵੇਗਾ. ਮਈ 1947 ਤੋਂ ਹੀ, ਹਿੰਦੂ ਇੱਕ ਵਡੀ ਤਦਾਦ ਵਿੱਚ ਲਾਹੌਰ ਛੱਡ ਕੇ ਜਾ ਰਹੇ ਸੀ, ਅਤੇ 15 ਅਗਸਤ ਤਕ, ਸਿਰਫ਼ 10,000 ਰਹਿ ਗਏ ਸੀ, ਜੋ ਇਹ ਸੋਚਦੇ ਸੀ ਕਿ ਹਾਲਾਤ ਠੀਕ ਹੋ ਜਾਣਗੇ ਅਤੇ ਉਹ ਪਾਕਿਸਤਾਨ ਵਿੱਚ ਰਹਿਣਾ ਜਾਰੀ ਰੱਖਣਗੇ, ਕਿਉਂਕਿ ਉਨ੍ਹਾਂ ਦੀ ਜੜ੍ਹਾਂ ਇਥੇ ਹੀ ਸੀ. ਪਰ, ਰੈਡਕਲੀਫ ਅਵਾਰਡ ਦੇ ਐਲਾਨ ਦੇ ਨਾਲੋ ਨਾਲ, ਜੁਰਮ ਕਰਣ

ਵਾਲੇਆਂ ਨੇ, ਕਤਲ ਅਤੇ ਲੁੱਟ-ਪਾਟ ਦਾ ਤਾਂਡਵ ਮਚਾ ਦਿੱਤਾ. ਇਸ ਨੇ ਉਣ ਲੋਕਾ ਦੀ ਉਮੀਦ ਉਪਰ ਪਾਣੀ ਫੇਰ ਦਿੱਤਾ ਜੋ ਜਿਨਾਹ ਦੇ *ਸੈਕਯੁਲਰਿਜਮ* (ਧਰਮ ਨਿਰਪੱਖਤਾ) ਵਿੱਚ ਯਕੀਨ ਕਰਦੇ ਸੀ, ਪਰ ਪ੍ਰੋਫੇਸਰ ਨਰਾਇਨ ਟੱਸ ਤੋਂ ਮੱਸ ਨਹੀਂ ਹੋਏ, ਅਤੇ ਕਹਿੰਦੇ ਰਹੇ ਕਿ ਪਾਕਿਸਤਾਨ ਉਨ੍ਹਾਂ ਦੀ ਅਸਲੀ ਮਾਤਭੂਮੀ ਸੀ ਅਤੇ ਉਨ੍ਹਾਂ ਦੇ ਲਈ, ਇਸ ਜਗ੍ਹ ਨੂੰ ਛੱਡਣ ਦੀ ਕੋਈ ਵਜ੍ਹਾ ਨਹੀਂ ਸੀ.

'ਇੱਕ ਉਪਦਰਵੀ ਭੀੜ ਉਸ ਇਲਾਕੇ ਤੇ ਆ ਪਹੁੰਚੀ, ਜਿੱਥੇ ਉਹ ਰਹਿੰਦੇ ਸੀ. ਉਹ ਹਿੰਦੂਆਂ ਅਤੇ ਸਿੱਖਾਂ ਦੇ ਛੱਡੇ ਘਰਾਂ ਨੂੰ ਲੁੱਟ ਰਹੀ ਸੀ ਅਤੇ ਅੱਗ ਲਗਾ ਰਹੀ ਸੀ. ਨਰਿeਨ ਉਨ੍ਹਾਂ ਤੱਕ ਗਏ ਅਤੇ ਸਲਾਹ ਦਿੱਤੀ ਕਿ ਇਹ ਹੁਣ ਪਾਕਿਸਤਾਨੀ ਸੰਪਤੀ ਸੀ ਅਤੇ ਉਹ ਇਸ ਨੂੰ ਨਾ ਸਾੜਨ. ਪ੍ਰੋ.ਨਰਾਇਨ ਦੀ ਦਲੀਲਾਂ ਨੇ ਪਹਿਲੇ ਦੱਲ ਨੂੰ ਮੱਨਾ ਲੀਤਾ ਅਤੇ ਉਹ ਚਲੇ ਗਏ. ਪਰ, ਜਲਦ ਹੀ ਦੂਜੇ ਬਦਮਾਸ਼ਾਂ ਦਾ ਗਿਰੋਹ ਆ ਗਿਆ. ਉਹ ਫਿਰ ਉਨ੍ਹਾਂ ਤੱਕ ਗਏ ਅਤੇ ਉਹ ਹੀ ਦਲੀਲਾਂ ਪੇਸ਼ ਕੀਤੀਆਂ. ਪਰ ਉਨ੍ਹਾਂ ਦੇ ਵਿੱਚ ਇੱਕ ਬਦਮਾਸ਼ ਨੇ ਚੀਕ ਕੇ ਕਿਹਾ, "ਉਹ ਕਾਫ਼ਿਰ ਹੈ, ਮਾਰੋ ਉਸ ਨੂੰ." ਉਹ ਟੋਲੀ ਉਨ੍ਹਾਂ ਦੇ ਉਪਰ ਟੁੱਟ ਕੇ ਪੈ ਗਈ ਅਤੇ ਪਾਕਿਸਤਾਨ ਦੀ ਹਿਮਾਇਤ ਕਰਣ ਵਾਲਾ ਸਭ ਤੋਂ ਜੋਸ਼ੀਲਾ ਹਿੰਦੂ, ਬੇਰਹਿਮੀ ਨਾਲ ਮਾਰ ਦਿੱਤਾ ਗਿਆ. ਜਦ ਇਹ ਖ਼ਬਰ ਫੈਲੀ, ਤਦ ਸ਼ਾਇਦ ਹੀ ਕੋਈ ਹਿੰਦੂ ਜਾਂ ਸਿੱਖ ਸੀ, ਜੋ ਸੋਚਦਾ ਹੋਵੇ ਕਿ ਜਿਨਾਹ ਦਾ ਪਾਕਿਸਤਾਨ ਉਨ੍ਹਾਂ ਦੇ ਲਈ ਮਹਿਫ਼ੂਜ਼ ਹੋਵੇਗਾ. ਲੱਗਭਗ, ਸਾਰੇਆਂ ਨੇ ਲਾਹੌਰ ਨੂੰ ਤੁਰੰਤ ਛੱਡ ਦਿੱਤਾ.'

ਪ੍ਰੋਫੇਸਰ ਦੇ ਇੱਕ ਰਿਸ਼ਤੇਦਾਰ ਤੋਂ ਮੈਨੂੰ ਪਤਾ ਲਗਾ ਕਿ ਉਹ ਨਿਕਲਸਨ ਰੋਡ, ਲਾਹੌਰ ਤੇ ਰਹਿੰਦੇ ਸੀ. ਇਸ ਵਾਕਿਐ ਬਾਰੇ, ਗੋਪਾਲ ਮਿੱਤਲ ਦੁਆਰਾ ਲਿਖੀ ਗਈ ਲਾਹੌਰ ਉਪਰ ਇੱਕ ਹੋਰ ਮਸ਼ਹੂਰ ਕਿਤਾਬ, ਲਾਹੌਰ ਕਾ ਜੋ ਜ਼ਿਕਰ ਕਿਆ: ਆਪ ਬੀਤੀ, ਵਿੱਚ ਜ਼ਿਕਰ ਕੀਤਾ ਗਿਆ ਹੈ. ਮਿੱਤਲ, ਮਲੇਰਕੋਟਲਾ, ਪੂਰਬੀ ਪੰਜਾਬ ਤੋਂ ਨੇ. ਉਹ ਇੱਕ ਪੱਤਰਕਾਰ, ਲੇਖਕ ਅਤੇ ਸ਼ਾਇਰ ਸਨ, ਜਿਨ੍ਹਾਂ ਨੇ ਲਾਹੌਰ ਨੂੰ ਆਪਣਾ ਘਰ ਬਣਾ ਲੀਤਾ ਸੀ ਅਤੇ ਜ਼ਿਆਦਾਤਰ ਵਕਤ ਆਪਣੇ ਮੁਸਲਿਮ ਸਹਿਯੋਗਿਆਂ ਨਾਲ ਗੁਜ਼ਾਰਦੇ ਸੀ. ਉਹ ਲਿਖਦੇ ਹਨ:

> ਪ੍ਰੋਫੇਸਰ ਬ੍ਰਿਜ ਨਰਾਇਨ ਇੱਕ ਅੰਤਰਰਾਸ਼ਟਰੀ ਸਤਰ ਤੇ ਤਾਰੀਫ਼ ਕੀਤੇ ਇਕੋਨੋਮਿਸਟ (ਅਰਥਸ਼ਾਸਤਰੀ) ਸਨ. ਜਦ ਕਿ ਦੂਜੇ ਇਕੋਨੋਮਿਸਟਾਂ ਦਾ ਖ਼ਿਆਲ ਸੀ ਕਿ ਪਾਕਿਸਤਾਨ ਆਰਥਿਕ ਤੌਰ ਤੇ ਟਿਕਾਉ ਨਹੀਂ ਸੀ ਅਤੇ ਇਸ ਦਾ ਵਜੂਦ ਅਸਥਿਰ ਹੋਵੇਗਾ, ਪ੍ਰੋਫੇਸਰ ਨਰਾਇਨ ਨੇ ਕਈ ਲੇਖ ਲਿਖੇ ਸੀ, ਜੋ ਹਿਮਾਇਤ ਕਰਦੇ ਸੀ ਕਿ ਪਾਕਿਸਤਾਨ ਪੂਰੀ ਤਰ੍ਹਾਂ, ਇਕਤੀਸਾਦੀ ਤੌਰ ਤੇ ਮੁਮਕਿਨ ਅਤੇ ਸਵੈ ਕਾਫ਼ੀ ਹੋਵੇਗਾ. ਉਨ੍ਹਾਂ ਨੇ ਪਾਕਿਸਤਾਨ ਵਿੱਚ ਰਹਿਣ ਦਾ ਫ਼ੈਸਲਾ ਕੀਤਾ ਸੀ ਅਤੇ ਸਭ ਤੋਂ ਜ਼ਿਆਦਾ ਕੱਟੜ ਮੁਸਲਿਮ ਲੀਗ ਦੇ ਸਮਰਥਕ ਨੂੰ ਵੀ ਯਕੀਨ ਸੀ ਕਿ ਉਹ ਇਸ ਤਰ੍ਹਾਂ ਦੇ ਇਨਸਾਨ ਸਨ ਜਿਨ੍ਹਾਂ ਦੇ ਵਿੱਚ ਕੋਈ ਪੱਖਪਾਤ ਕਰਣ ਦਾ ਇਹਸਾਸ ਨਹੀਂ ਸੀ (ਮੁਸਲਿਮਾਂ ਅਤੇ ਪਾਕਿਸਤਾਨ ਦੇ ਖ਼ਿਲਾਫ਼). ਉਨ੍ਹਾਂ ਦੇ ਕਤਲ ਨੇ ਮੈਨੂੰ ਝਕਝੋੜ ਕੇ ਰੱਖ ਦਿੱਤਾ. ਉਹ ਮੇਰੇ ਅਧਿਆਪਕ ਸਨ ਅਤੇ ਮੇਰੀ ਸ਼ਕਸਿਅਤ ਨੂੰ ਤਿਆਰ ਕਰਣ ਤੇ ਉਨ੍ਹਾਂ ਦਾ ਵੀ ਹੱਥ ਸੀ. ਮੇਰਾ ਪਰਵਾਰ ਪਹਿਲਾ ਤੋਂ ਹੀ ਮੇਰੇ ਪਾਕਿਸਤਾਨ ਵਿੱਚ ਰਹਿਣ ਦੇ ਖ਼ਿਲਾਫ਼ ਸੀ ਅਤੇ ਹੁਣ ਪਾਕਿਸਤਾਨ ਵਿੱਚ ਰਹਿਣ ਦਾ ਮੇਰਾ ਫ਼ੈਸਲਾ ਵੀ ਡਗਮਗਾਉਣ ਲਗਾ. ਜਦ ਅੱਮ੍ਰਿਤਸਰ ਜਾਣ ਵਾਲੀ ਬਸਾਂ ਦਾ ਆਖਰੀ ਕਾਫ਼ਿਲਾ ਲਾਹੌਰ ਨੂੰ ਛੱਡ ਕੇ ਜਾ ਰਿਹਾ ਸੀ, ਮੈਂ ਇੱਕ ਬਸ ਤੇ ਚੜ੍ਹ ਕੇ ਚਲਾ ਗਿਆ (2003: 143–4).

ਰਤਨ ਚੰਦ

19 ਅਕਤੂਬਰ 1999 ਨੂੰ ਮੈਂ ਰਤਨ ਚੰਦ ਨੂੰ ਉਨ੍ਹਾਂ ਦੇ ਦਰਿਆਗੰਜ, ਦੇਹਲੀ ਸਥਿਤ ਘਰ ਤੇ ਮਿਲਿਆ, ਅਤੇ ਉਨ੍ਹਾਂ ਦੀ ਜ਼ਿੰਦਾ ਬਚਣ ਦੀ ਇਸ ਗ਼ਮਗੀਨ ਦਾਸਤਾਨ ਨੂੰ ਦਰਜ ਕੀਤਾ.

'ਮੈਂ ਆਪਣੇ ਪਰਵਾਰ ਨਾਲ ਲਾਹੌਰ ਰੇਲਵੇ ਸਟੇਸ਼ਨ ਦੇ ਉਸ ਪਾਰ ਰਹਿੰਦਾ ਸੀ ਪਰ ਮੇਰਾ ਫੋਟੋਗ੍ਰਾਫੀ ਦਾ ਕੱਮ ਆਸਟ੍ਰੇਲੀਆ ਬਿਲਡਿੰਗ ਦੇ ਕਰੀਬ ਸੀ. ਜੁਲਾਈ 1947 ਤਕ, ਫ਼ਿਰਕੂ ਹਮਲੇ ਵਧ ਗਏ. ਅਗਸਤ ਦੇ ਸ਼ੁਰੂ ਤੇ, ਸਾਡੇ ਚਾਰੇ ਪਾਸੇ ਇੱਕ ਨਰਕ ਬਣ ਗਿਆ. ਰੇਲਵੇ ਸਟੇਸ਼ਨ ਦੇ ਨੇੜੇ ਰਹਿਣ ਵਾਲੇ ਹਿੰਦੂਆਂ ਅਤੇ ਸਿੱਖਾਂ ਉਪਰ ਲਹੂ ਦੇ ਪਿਆਸੇ ਗਿਰੋਹਾਂ ਨੇ ਹਮਲੇ ਕਰ ਦਿੱਤੇ. ਅਸੀਂ ਕਈ ਲੋਕਾਂ ਨੇ ਇੱਕ ਹਿੰਦੂ ਹੋਸਟਲ ਤੇ ਪਨਾਹ ਲੀਤੀ. ਮੈਨੂੰ ਹੁਣ ਇਸ ਦਾ ਨਾਂਅ ਯਾਦ ਨਹੀਂ ਹੈ, ਪਰ ਇਹ ਇੱਕ ਆਸਾਨ ਨਿਸ਼ਾਨਾ ਸਾਬਤ ਹੋਇਆ. ਅਤੇ ਅਸੀਂ ਕਰੀਬ 50 ਬੰਦੇ, ਔਰਤਾਂ ਅਤੇ ਬੱਚੇਆਂ ਨੇ ਨੇੜੇ ਦੇ ਇੱਕ ਨੈਲੱਖਾ ਗਿਰਜ਼ੇ ਵਿੱਚ ਪਨਾਹ ਲੀਤੀ. ਪਰ, ਅਸੀਂ ਆਪਣਾ ਸਾਰਾ ਸਾਮਾਨ ਹੋਸਟਲ ਦੇ ਇੱਕ ਤਹਖਾਨੇ ਤੇ ਛੱਡ ਆਏ. ਇਸਾਈ ਪਾਦਰੀ, ਆਪਣਾ ਮਜ਼ੂਬ ਬਦਲਣ ਤੋਂ ਪਹਿਲਾਂ ਹਿੰਦੂ ਸੀ, ਅਤੇ ਉਸ ਦਾ ਨਾਂਅ ਵੀ ਹਿੰਦੂ ਸੀ. ਉਸ ਨੇ ਸਾਡੀ ਪੂਰੀ ਹਿਫ਼ਾਜ਼ਤ ਕੀਤੀ ਅਤੇ ਉਸ ਦੇ ਕੋਲ ਮੌਜੂਦ ਥੋੜਾ ਬਹੁਤ ਖਾਣ ਦਾ ਸਾਮਾਨ ਵੀ ਸਾਡੇ ਨਾਲ ਵੰਡ ਕੇ ਖਾਇਆ. ਉਸ ਨੇ ਅਧਿਕਾਰਿਆਂ ਨਾਲ ਸੰਪਰਕ ਕੀਤਾ ਅਤੇ ਆਪਣੇ ਰਸੂਖ ਦਾ ਇਸਤੇਮਾਲ ਕਰ ਕੇ ਮਦਦ ਮੁਹੱਇਆ ਕਰਾਈ. ਇੱਕ ਮਿਲਿਟਰੀ ਟਰੱਕ ਆਇਆ, ਜਿਸ ਵਿੱਚ ਗੋਰਖੇ ਸਿਪਾਹੀ ਸਨ, ਅਤੇ ਉਹ ਸਾਨੂ ਲਾਹੌਰ ਛਾਉਣੀ ਦੀ ਇੱਕ ਹਿਫ਼ਾਜ਼ਤੀ ਜਗ੍ਹ ਤੇ ਲੈ ਗਏ.

'ਇਸ ਦੌਰਾਨ, ਇੱਕ ਸਿੱਖ ਔਰਤ ਜਿਸ ਦੇ ਪਤੀ ਨੂੰ ਮਾਰ ਦਿੱਤਾ ਗਿਆ ਸੀ ਅਤੇ ਜਿਸ ਨੇ ਆਪਣਾ ਬੱਚਾ ਗੁਆ ਦਿੱਤਾ ਸੀ, ਮੇਰੇ ਪਤਨੀ ਅਤੇ ਮੇਰੇ ਨਾਲ ਬੇਹਦ ਕਰੀਬੀ ਹੋ ਗਈ. ਉਹ ਹਮੇਸ਼ਾ ਸਾਡੀ ਨਿੱਕੀ ਕੁੜੀ ਨੂੰ ਚੁਕੀ ਫਿਰਦੀ ਸੀ. ਉਸ ਨੂੰ ਵੇਖ ਕੇ ਸਾਨੂੰ ਦੋਨਾਂ ਨੂੰ ਬਹੁਤ ਦੁਖ ਹੁੰਦਾ ਸੀ. ਉਸ ਨੇ ਮੈਨੂੰ ਬੇਨਤੀ ਕੀਤੀ ਕਿ ਮੈਂ ਉਸ ਹੋਸਟਲ ਤੇ ਜਾ ਕੇ ਉਥੇ ਤਹਖਾਨੇ ਤੋਂ, ਉਸ ਦਾ ਸਾਮਾਨ ਲੈ ਆਵਾਂ. ਮੈਂ ਸਾਡਾ ਟ੍ਰੰਕ ਵੀ ਲੈ ਆਉਣਾ ਚਾਹੁੰਦਾ ਸੀ. 15 ਅਗਸਤ ਨੂੰ ਮੈਂ ਦੁਬਾਰਾ ਹੋਸਟਲ ਤੇ ਆਇਆ, ਪਰ ਸਭ ਕੁੱਝ ਲੁੱਟ ਲੀਤਾ ਗਿਆ ਸੀ. ਇਸ ਤੋਂ ਵੀ ਬਦਤਰ ਗੱਲ ਇਹ ਸੀ ਕਿ ਮੈਨੂੰ ਇੱਕ ਭੀੜ ਨੇ ਘੇਰ ਲੀਤਾ ਸੀ. ਉਹ ਮੈਨੂੰ ਮਾਰਨਾ ਚਾਹੁੰਦੇ ਸਨ. ਉਥੇ ਦੇ ਕਸਾਈ ਵੀ ਉਸ ਭੀੜ ਵਿੱਚ ਸ਼ਾਮਲ ਸਨ. ਉਹ ਆਪਣੇ ਛੁਰੇ ਹਵਾ ਵਿੱਚ ਲਹਰਾ ਰਹੇ ਸੀ. ਮੈਂ ਆਪਣੀ ਜ਼ਿੰਦਗੀ ਬਚਾਉਣ ਲਈ ਦੌੜਿਆ. ਉਹ ਮੇਰੇ ਪਿੱਛੇ ਦੌੜੇ. ਮੈਨੂ ਲਗਿਆ ਕਿ ਮੌਤ ਬਿਲਕੁਲ ਨਜਦੀਕ ਸੀ. ਅਚਾਨਕ, ਮੈਂ ਆਪਣੇ ਆਪ ਨੂੰ ਇੱਕ ਪੁਲਿਸ ਥਾਨੇ ਦੇ ਸਾਹਮਣੇ ਵੇਖਿਆ. ਮੈਂ ਇਸ ਦੀ ਘੱਟ ਉੱਚੀ ਕੰਧ ਟੱਪ ਗਿਆ. ਅਹਾਤੇ ਤੇ ਇੱਕ ਬ੍ਰਿਟਿਸ਼ ਅਫ਼ਸਰ ਇੱਕ ਕੁਰਸੀ ਤੇ ਬੈਠਾ ਹੋਇਆ ਸੀ ਅਤੇ ਉਸ ਦਾ ਮੁਸਲਿਮ ਸਟਾਫ ਉਸ ਨੂੰ ਘੇਰ ਕੇ ਖੜ੍ਹਾ ਸੀ.

'ਮੈਂ ਆਪਣੇ ਆਪ ਨੂੰ ਉਸ ਬ੍ਰਿਟਿਸ਼ਰ ਦੇ ਪੈਰਾਂ ਤੇ ਸੁੱਟ ਦਿੱਤਾ ਅਤੇ ਉਸ ਨੂੰ ਬੇਨਤੀ ਕੀਤੀ ਕਿ ਉਹ ਮੇਰੀ ਜਾਨ ਬਚਾ ਦੇਵੇ. ਉਸ ਦੇ ਉਪਰ ਕੋਈ ਅਸਰ ਹੀ ਨਹੀਂ ਹੋਇਆ ਅਤੇ ਉਸ ਨੇ ਕੁੱਝ ਵੀ ਨਹੀਂ ਕੀਤਾ. ਫਿਰ ਮੈਂ ਪੁਲਿਸ ਦੇ ਦੂਜੇ ਅਫ਼ਸਰਾਂ ਨੂੰ ਮੇਰੀ ਜਾਨ ਬਚਾਉਣ ਲਈ ਬੇਨਤੀ ਕੀਤੀ. ਉਨ੍ਹਾ ਨੈ ਮੈਨੂੰ ਗਾਲਾਂ ਕੱਢਿਆਂ, ਗੰਦੇ ਨਾਂਆਂ ਨਾਲ ਪੁਕਾਰਿਆ ਅਤੇ ਆਪਣੀ ਰਾਇਫਲਾਂ ਦੀ ਬੱਟਾਂ ਨਾਲ ਮਾਰਿਆ. ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਨੂੰ ਕੋਈ ਨਹੀਂ ਮਾਰੇਗਾ ਅਤੇ ਬਹੁਤਾ ਬੋਲੈੜਾ ਕਰਣ ਦੀ ਕੋਈ ਲੋੜ ਨਹੀਂ ਸੀ. ਥਾਨੇ ਦੇ ਬਾਹਰ, ਭੀੜ ਮੇਰਾ ਇੰਤਜ਼ਾਰ ਕਰ ਰਹੀ ਸੀ. ਮੈਨੂੰ ਇਹਸਾਸ ਸੀ ਕਿ, ਕਿਸੇ ਵੀ ਵਕਤ ਇੱਕ ਤਸ਼ੱਦਦੀ ਅਤੇ ਦਰਦਨਾਕ ਮੌਤ ਮੇਰੇ

ਸਾਹਮਣੇ ਸੀ, ਅਤੇ ਮੈਂ ਭੱਜ ਕੇ ਬਚਣ ਦੀ ਇੱਕ ਹੋਰ ਕੋਸ਼ਿਸ਼ ਕੀਤੀ. ਮੈਂ ਪੁਲਿਸ ਥਾਨੇ ਤੋਂ ਨਿਕਲ ਕੇ ਉਸ ਤਰਫ਼ ਦੌੜ ਗਿਆ ਜਿਧਰ ਕੋਈ ਨਹੀਂ ਦਿਖਦਾ ਸੀ. ਭੀੜ ਮੇਰੇ ਪਿੱਛੇ ਜੋਰ ਦੀ ਦੌੜੀ. ਮੈਨੂੰ ਲਗਾ ਕਿ ਮੇਰਾ ਖ਼ਾਤਮਾ ਹੋਣ ਵਾਲਾ ਹੈ. ਮੌਤ ਦੇ ਖ਼ੌਫ਼ ਦੇ ਨਾਲ, ਕਿਸੇ ਵੀ ਚੀਜ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ ਹੈ. ਮੈਂ ਹੁਣ ਸੜਕ ਦੇ ਵਿੱਚ ਘਾਰ ਦੌੜ ਰਿਹਾ ਸੀ. ਮੈਂ, ਅਚਾਨਕ, ਸਿੱਖ ਸਟਾਫ ਸਮੇਤ ਇੱਕ ਦਮਕਲ ਟਰੱਕ ਨੂੰ ਵੇਖਿਆ. ਮੈਂ ਉਸ ਦੇ ਸਾਹਮਣੇ ਜਮੀਨ ਤੇ ਲੇਟ ਗਿਆ. ਸਿਖਾਂ ਨੂੰ ਵਰਦੀ ਵਿੱਚ ਵੇਖ ਕੇ, ਭੀੜ ਤਿਤਰ-ਬਿਤਰ ਹੋ ਗਈ. ਸਿੱਖ ਮੈਨੂੰ ਹਿਫ਼ਾਜ਼ਤ ਨਾਲ ਛਾਉਣੀ ਵਾਪਸ ਲੈ ਗਏ ਜਿੱਥੇ ਆਪਣੇ ਪਰਵਾਰ ਨਾਲ ਮੇਰਾ ਦੁਬਾਰਾ ਮੇਲ ਹੋ ਗਿਆ.

'ਅਸੀਂ ਸਰਹੱਦ ਪਾਰ ਕਰ ਕੇ 16 ਅਗਸਤ ਨੂੰ ਇੰਡੀਆ ਆ ਗਏ. ਸਾਨੂੰ ਕਈ ਤਕਲੀਫਾਂ ਵੇਖਨੀ ਪਇਆ. ਅਸੀਂ ਸਭ ਕੁੱਝ ਗੁਆ ਦਿੱਤਾ ਸੀ. ਮੁੜ ਕੇ ਅਸ਼ੀਂ ਕਿਥੇ ਵੀ ਨਹੀਂ ਜਾ ਸਕਦੇ ਸੀ. ਅਖੀਰਕਾਰ, ਮੈਂ ਦਿੱਲੀ ਆਇਆ. ਇਥੇ, ਮੈਂ ਇੱਕ ਮੁਸਲਿਮ ਦੀ ਕੈਮਰੇ ਦੀ ਦੁਕਾਨ ਤੇ ਕੱਮ ਕਰਣ ਲਗਾ. ਮਾਲਕ, ਸ਼੍ਰੀ ਅਹਿਮਦ ਹੁਸੈਨ ਨੇ 1948 ਨੂੰ ਪਾਕਿਸਤਾਨ ਜਾਣ ਦਾ ਫ਼ੈਸਲਾ ਕੀਤਾ. ਮੈਂ ਇੱਕ ਵਾਰ ਫਿਰ, ਕੜੀ ਮਿਹਨਤ ਕਰ ਕੇ, ਖ਼ੁਸ਼ਹਾਲ ਹੋ ਗਿਆ ਹਾਂ. ਮੈਂ ਦੇਲਹੀ ਫੋਟੋਗ੍ਰਾਫਰਸ ਐਸੋਸੀਏਸ਼ਨ ਦਾ ਪ੍ਰਧਾਨ ਵੀ ਬਣਿਆ ਸੀ. ਕੁੱਝ ਸਾਲ ਪਹਿਲਾਂ ਮੈਂ ਰਿਟਾਇਰ ਹੋ ਗਿਆ ਸੀ. ਮੈਂ ਲਾਹੌਰ ਦੇ ਦਿਨਾਂ ਨੂੰ ਯਾਦ ਕਰਦਾ ਹਾਂ. ਸਾਰੇ ਮਜ਼ਹਬ ਦੇ ਲੋਕ, ਅਮਨ ਅਤੇ ਏਕਤਾ ਨਾਲ ਰਹਿੰਦੇ ਸੀ. ਹੁਣ ਵੀ, ਲਾਹੌਰ ਅਤੇ ਕਰਾਚੀ ਵਿੱਚ ਮੇਰੇ ਮੁਸਲਿਮ ਦੋਸਤ ਮੌਜੂਦ ਨੇ. ਕੁੱਝ ਮੈਨੂੰ ਮਿਲ ਕੇ ਵੀ ਗਏ ਨੇ. ਉਨ੍ਹਾਂ ਨੇ ਮੈਨੂੰ ਆਪਣੇ ਬੱਚੇਆਂ ਦੀ ਸ਼ਾਦੀ ਤੇ ਵੀ ਸੱਦਾ ਦਿੱਤਾ ਸੀ, ਪਰ ਮੈਨੂੰ ਮਾਰਣ ਲਈ, ਮੇਰੇ ਪਿੱਛੇ ਦੌੜਦੀ ਹੋਈ ਉਸ ਭੀੜ ਦੀ ਪੁਰਾਣੀ ਯਾਦ ਨੇ, ਮੈਨੂੰ ਹਮੇਸ਼ਾ ਲਈ ਇੱਕ ਡੂੰਘਾ ਸਦਮਾ ਦਿੱਤਾ ਹੈ. ਮੈਂ ਲਾਹੌਰ ਵਾਪਸ ਜਾ ਕੇ, ਉਸ ਨੂੰ ਵੇਖਨਾ ਚਾਹੁੰਦਾ ਹਾਂ, ਪਰ ਸ਼ਾਇਦ ਇਹ ਕਦੀ ਕਰ ਨਹੀਂ ਸਕਾਂਗਾ.'

ਰਾਮ ਪਰਕਾਸ਼ ਕਪੂਰ

ਲਾਹੌਰ ਨੂੰ ਬਿਲਕੁਲ ਇੱਕ ਅਲਗ ਅੰਦਾਜ਼ ਵਿੱਚ ਛੱਡ ਕੇ ਆਉਣ ਵਾਲੇ, ਇੱਕ ਉੱਚੇ ਦਰਜੇ ਦੇ ਹਿੰਦੂ ਪਰਵਾਰ ਬਾਰੇ ਮੈਨੂੰ ਰਾਮ ਪਰਕਾਸ਼ ਕਪੂਰ ਨੇ ਦੱਸਿਆ, ਜੋ ਇਸ ਦੇ ਨਾਲ ਨਾਤਾ ਰੱਖਦੇ ਸੀ, ਅਤੇ ਇਸ ਪਰਿਵਾਰ ਦਾ ਮੁਸਲਿਮ ਲੀਗ ਦੇ ਰਹਨੁਮਾਵਾਂ ਨਾਲ ਕਰੀਬੀ ਰਿਸ਼ਤਾ ਸੀ:

'ਮੇਰਾ ਜਨਮ 1924 ਤੇ ਇੱਕ ਬਹੁਤ ਜਾਣੇ ਪਛਾਣੇ ਵਪਾਰੀ ਪਰਵਾਰ ਤੇ ਹੋਇਆ ਸੀ, ਜੋ ਕਿਤਾਬਾਂ ਦਾ ਪ੍ਰਕਾਸ਼ਨ ਕਰਦੇ ਸੀ. ਸਾਡੀ ਫਰਮ ਦਾ ਨਾਂਅ ਅਟੱਰ ਚੰਦ ਕਪੂਰ ਐਂਡ ਸਨਸ ਸੀ. ਮੇਰੇ ਪਰਦਾਦਾ ਨੇ ਇਸ ਦੀ ਸਥਾਪਨਾ ਕੀਤੀ ਸੀ. ਮੇਰੇ ਦਾਦਾ ਦੀ 1925 ਤੇ ਹੋਈ ਮੌਤ ਦੇ ਬਾਅਦ, ਮੇਰੇ ਪਿਤਾ ਲਾਲਾ ਰਾਮ ਜਿਵਾਇਆ ਕਪੂਰ ਅਤੇ ਉਨ੍ਹਾਂ ਦੇ ਭਰਾਵਾਂ ਨੇ ਇਸ ਵਪਾਰ ਦਾ ਕੱਮ ਸੰਭਾਲਿਆ. ਸਾਡੀ ਇੱਕ ਬਹੁਤ ਵੱਡੀ ਪ੍ਰਿੰਟਿੰਗ ਪ੍ਰੈਸ ਸੀ, ਜੋ ਨਿਸ਼ਾਤ ਸਿਨੇਮਾ ਦੇ ਪਿੱਛੇ ਸੀ, ਅਤੇ ਅਸੀਂ ਉਸ ਦੇ ਵੀ ਮਾਲਕ ਸੀ. ਇਸ ਪ੍ਰੇਸ਼ ਨੂੰ 1927 ਤੇ ਲਗਾਇਆ ਗਿਆ ਸੀ ਅਤੇ ਸਿਨੇਮਾ ਨੂੰ 1928 ਤੇ. ਮੇਰੇ ਪਿਤਾ ਰਾਤ ਦਿਨ, ਬਗੈਰ ਥਕੇ ਕੱਮ ਕਰਦੇ ਸੀ, ਅਤੇ ਇਸ ਫਰਮ ਨੂੰ ਬ੍ਰਿਟਿਸ਼ ਪਰਕਾਸ਼ਕਾਂ ਦੇ ਸਤਰ ਤੇ ਲੈ ਆਏ. 1927 ਤੇ ਉਨ੍ਹਾਂ ਨੂੰ ਲਾਹੌਰ ਦੇ ਮਉਨਿਸਿਪਲ ਕਮੀਸ਼ਨਰ ਲਈ ਮਨੋਨੀਤ ਕੀਤਾ ਗਿਆ. ਉਹ ਬ੍ਰਿਟਿਸ਼ ਲੋਕਾਂ ਦੇ ਕਾਫ਼ੀ ਕਰੀਬੀ ਸਨ ਅਤੇ ਗਵਰਨਰ ਉਨ੍ਹਾਂ ਨੂੰ ਫੋਨ ਕਰ ਕੇ, ਕਿਸੇ ਹਿੰਦੂ ਨੂੰ ਮੰਤਰੀ ਬਣਾਉਣ ਬਾਰੇ ਸਲਾਹ ਲੇਂਦੇ. ਉਸ ਵਕਤ ਚੋਣ ਸ਼ੁਰੂ ਨਹੀਂ ਹੋਏ ਸੀ.

'ਮੇਰੇ ਪਿਤਾ ਦੇ ਮੁਸਲਿਮ ਆਗੂਵਾਂ ਨਾਲ ਵੀ ਬਹੁਤ ਉਮਦਾ ਰਿਸ਼ਤੇ ਸੀ. ਸਰ ਸਿਕੰਦਰ ਹਯਾਤ, ਸਰ ਅਬਦੁਲ ਕਾਦਿਰ, ਸਰ ਸ਼ਹਾਬੁਦੀਨ, ਮੁਮਤਾਜ਼ ਦੌਲਤਾਨਾ ਅਤੇ ਕਈ ਦੂਜੇ, ਅਕਸਰ ਸਾਡੇ ਘਰ ਆਉਂਦੇ ਸੀ. ਨਾ ਸਿਰਫ਼ ਉੱਚੇ ਦਰਜੇ ਦੇ ਲੋਕਾਂ ਵਿੱਚ ਬਲਕਿ ਮਕਬੂਲ ਸਤਰ ਤੇ ਵੀ, ਹਿੰਦੂਆਂ ਅਤੇ ਮੁਸਲਿਮਾਂ ਵਿੱਚ ਕੋਈ ਤਣਾਅ ਨਹੀਂ ਸੀ.

'14 ਅਗਸਤ ਦੀ ਸਵੇਰ ਨੂੰ, ਸ਼ੌਕਤ ਹਯਾਤ ਅਤੇ ਨਵਾਬ ਮਮਦੋਤ ਸਾਡੇ ਪਿਤਾ ਕੋਲ ਆਏ. ਪੰਜਾਬ ਦੀ ਨਵੀਂ ਬਣੀ ਵਜ਼ਾਰਤ ਵਿੱਚ ਸ਼ੌਕਤ ਇੱਕ ਵਜ਼ੀਰ ਸਨ ਅਤੇ ਮਮਦੋਤ ਵਜ਼ੀਰੇ-ਆਲ੍ਹਾ. ਉਨ੍ਹਾਂ ਨੇ ਮੇਰੇ ਪਿਤਾ ਨੂੰ ਲਾਹੌਰ ਨਾ ਛੱਡਨ ਨੂੰ ਕਿਹਾ. ਉਨ੍ਹਾਂ ਨੂੰ ਪਾਕਿਸਤਾਨ ਵਿੱਚ ਰਹਿ ਕੇ ਆਪਣਾ ਕਾਰੋਬਾਰ ਚਾਲੂ ਰੱਖਣਾ ਸੀ, ਅਤੇ ਇੰਡੀਆ ਨਾਲ ਵਪਾਰੀ ਰਿਸ਼ਤੇ ਕਾਇਮ ਕਰਨੇ ਸੀ. ਉਨ੍ਹਾਂ ਨੇ ਕਿਹਾ ਕਿ ਉਹ, ਉਨ੍ਹਾਂ ਨੂੰ ਪੂਰੀ ਹਿਫ਼ਾਜ਼ਤ ਮੁਹੱਇਆ ਕਰਾਣਗੇ. ਜਦ ਮੇਰੇ ਪਿਤਾ ਨੇ ਸੁਣਿਆ ਕਿ ਪਾਕਿਸਤਾਨ ਦੇ ਨਵੇਂ ਆਗੂ, ਉਨ੍ਹਾਂ ਨੂੰ ਪੂਰੀ ਹਿਫ਼ਾਜ਼ਤ ਦੇਣਗੇ, ਉਨ੍ਹਾਂ ਨੇ ਪਾਕਿਸਤਾਨ ਨਹੀਂ ਛੱਡਣ ਦਾ ਫ਼ੈਸਲਾ ਕੀਤਾ. ਸਾਡਾ 10 ਇਗਰਟਨ ਰੋਡ ਉਪਰ ਮਕਾਨ ਸੀ, ਜੋ 2.5 ਏਕੜ ਦੀ ਜਮੀਨ ਉਪਰ ਬਣਿਆ ਸੀ. ਸਾਡਾ ਲਾਹੌਰ ਵਿੱਚ ਬੇਹਦ ਕਾਮਯਾਬ ਅਤੇ ਸਥਾਪਤ ਵਪਾਰ ਸੀ. ਅਤੇ ਉਨ੍ਹਾਂ ਨੇ ਸਭ ਕੁੱਝ ਛੱਡ ਕੇ ਇੰਡੀਆ ਜਾਣ ਦੀ ਕੋਈ ਵਜ੍ਹਾ ਨਹੀਂ ਵੇਖੀ.

'ਪਰ 16 ਅਗਸਤ ਦੇ ਬਾਅਦ, ਲਾਹੌਰ ਤੇ, ਖ਼ਾਸ ਕਰ ਕੇ ਅੰਦਰੂਨ ਸ਼ਹਿਰ ਤੇ, ਫ਼ਿਰਕੂ ਜਨੂਨ ਭੜਕ ਗਿਆ. ਸਾਡੇ ਆਪਣੇ ਇਲਾਕੇ ਤੇ, ਹੁਣ ਤੱਕ ਕੋਈ ਭੈੜਾ ਵਾਕਿਆ ਨਹੀਂ ਹੋਇਆ ਸੀ. ਮੇਰੇ ਪਿਤਾ ਇੱਕ ਔਨੈਰੇਰੀ (ਮਾਣ-ਸੇਵੀ) ਮੈਜਿਸਟਰੇਟ ਸਨ. ਲਾਹੌਰ ਦੇ ਡਿਪਟੀ ਕਮੀਸ਼ਨਰ ਦੇ ਦਫ਼ਤਰ ਤੋਂ ਮਿ.ਵਿਲਿਅਮਸ ਨੇ ਮੇਰੇ ਪਿਤਾ ਨੂੰ ਗੜਬੜੀ ਵਾਲੀ ਜਗ੍ਹਾਂ ਤੇ ਜਾ ਕੇ ਹਾਲਾਤ ਦਾ ਮੁਆਇਨਾ ਕਰਣ ਨੂੰ ਕਿਹਾ. ਅਤੇ ਮੇਰੇ ਪਿਤਾ, ਹਦਾਇਤ ਦੇ ਮੁਤਾਬਕ ਚਲੇ ਗਏ. ਉਸ ਵਕਤ ਸ੍ਰੀ ਚੀਮਾ ਦੇ ਨਾਂਅ ਦਾ ਇੱਕ ਸਿਟੀ ਮੈਜਿਸਟਰੇਟ ਸੀ. ਉਨ੍ਹਾਂ ਨੇ ਮੇਰੇ ਪਿਤਾ ਨੂੰ ਕਿਹਾ: "ਇਥੇ ਤੁਹਾਡਾ ਕੀ ਕੱਮ ਹੈ? ਪਾਕਿਸਤਾਨ ਬਣ ਚੁਕਿਆ ਹੈ ਅਤੇ ਹੁਣ ਮੈਂ ਜ਼ਿੱਮੇਵਾਰੀ ਲੈ ਲੀਤੀ ਹੈ." ਮੇਰੇ ਪਿਤਾ ਨੇ ਜਵਾਬ ਦਿੱਤਾ: "ਨਹੀਂ, ਮੈਨੂੰ ਸ੍ਰੀ ਵਿਲਿਅਮਸ ਨੇ ਹਦਾਇਤ ਦਿੱਤੀ ਹੈ ਕਿ ਮੈਂ ਜਾ ਕੇ ਹਾਲਾਤ ਨੂੰ ਵੇਖਾਂ. ਅਗਰ ਉਹ ਕਹਿੰਦੇ ਨੇ ਤੇ, ਮੈਂ ਦੁਬਾਰਾ ਨਹੀਂ ਆਵਾਂਗਾ." ਹੁਣ ਇਹ ਬੰਦਾ ਚੀਮਾ ਜਨੂਨੀ ਤੌਰ ਤੇ ਹਿੰਦੂਆਂ ਦੇ ਖ਼ਿਲਾਫ਼ ਸੀ. ਉਹ ਵਿਲਿਅਮਸ ਨੂੰ ਮਣਾਉਣ ਤੇ ਕਾਮਯਾਬ ਹੋ ਗਿਆ ਅਤੇ ਅਗਲੇ ਦਿਨ ਮੇਰੇ ਪਿਤਾ ਨੂੰ ਵਿਲਿਅਮਸ ਤੋਂ ਇੱਕ ਟੈਲੀਫੋਨ ਆਇਆ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਰਾਉਂਡ ਮਾਰਣ ਦੀ ਲੋੜ ਨਹੀਂ ਸੀ, ਕਿਉਂਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਸੀ. ਮੇਰੇ ਪਿਤਾ ਨੇ ਨਵਾਬ ਮਮਦੋਤ ਨੂੰ ਫੋਨ ਕੀਤਾ ਅਤੇ ਪੂਰਾ ਹਾਲ ਦੱਸਿਆ. ਮਮਦੋਤ ਨੇ ਜਵਾਬ ਦਿੱਤਾ ਕਿ ਫ਼ਿਕਰ ਕਰਣ ਲਾਇੱਕ ਕੁੱਝ ਨਹੀਂ ਸੀ ਕਿਉਂਕਿ ਉਨ੍ਹਾਂ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਸੀ.

'ਇਸ ਦੌਰਾਨ, ਪੂਰਬੀ ਪੰਜਾਬ ਤੇ ਇੱਕ ਵੱਡੇ ਪੈਮਾਨੇ ਤੇ ਦੰਗੇ ਸੁਰੂ ਹੋ ਗਏ. ਦਰਅਸਲ, ਪਛੱਮ ਪੰਜਾਬ ਤੇ ਦੰਗੇ 3 ਮਾਰਚ ਤੋਂ ਪਹਿਲਾਂ ਹੀ ਸ਼ੁਰੂ ਹੋ ਗਏ ਸੀ. ਮੇਰਾ ਇਹਸਾਸ ਇਹ ਹੈ ਕਿ ਲੋਕਾਂ ਨੂੰ ਭੜਕਾ ਕੇ ਯਕੀਨ ਕਰਾਇਆ ਗਿਆ ਕਿ ਪਾਕਿਸਤਾਨ ਵਿੱਚ ਇੱਕ ਇਸਲਾਮੀ ਮੁਲਕ ਇਜ਼ਾਦ ਕੀਤਾ ਜਾ ਰਿਹਾ ਸੀ, ਅਤੇ ਇਸ ਕਰ ਕੇ ਗੈਰ-ਮੁਸਲਿਮਾਂ ਨੂੰ ਇਸ ਤਰ੍ਹਾਂ ਦੇ ਮੁਲਕ ਤੋਂ ਬਾਹਰ ਕੱਢਣਾ ਜ਼ਰੂਰੀ ਸੀ, ਨਹੀਂ ਤੇ ਇੱਹ ਮਾਕੂਲ ਇਸਲਾਮੀ ਮੁਲਕ ਬਣ ਨਹੀਂ ਸਕਦਾ ਸੀ. ਜਦ ਮੁਸਲਿਮ ਰਹਨੁਮਾਵਾਂ ਨੇ ਪੁਕਾਰ ਦਿੱਤੀ ਕਿ "ਇਸਲਾਮ ਖ਼ਤਰੇ ਤੇ ਹੈ", ਤੇ ਲੋਕ ਭੜਕ ਗਏ. ਬਹਰਹਾਲ ਅਸੀਂ ਲਾਹੌਰ ਤੇ, ਕੁੱਝ ਦਿਨ ਹੋਰ ਟਿਕੇ ਰਹੇ.

'5 ਸਤੰਬਰ ਨੂੰ ਮਮਦੋਤ ਅਤੇ ਸ਼ੌਕਤ ਹਯਾਤ, ਫਿਰ ਸਾਡੇ ਪਿਤਾ ਨੂੰ ਮਿਲਣ ਆਏ. ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਬੇਹਦ ਅਫ਼ਸੋਸ ਹੈ ਕਿ ਹਾਲਾਤ ਬੇਕਾਬੂ ਹੋ ਗਏ ਸੀ ਅਤੇ ਇਸ ਕਰ ਕੇ ਹੁਣ ਉਹ ਸਾਡੀ ਕੋਈ ਹਿਫ਼ਾਜ਼ਤ ਨਹੀਂ ਕਰ ਸਕਣਗੇ. ਮੇਰੇ ਪਿਤਾ ਨੇ ਕਿਹਾ: "ਹੁਣ ਮੈਂ ਕੈਦਾਂ ਜਾ ਸਕਦਾ ਹਾਂ? 14 ਅਗਸਤ ਤਕ, ਮੈਂ ਦੂਜੇਆਂ ਦੀ ਮਦਦ ਲੈ ਸਕਦਾ ਸੀ, ਜੋ ਜਾ ਰਹੇ ਸੀ. ਹੁਣ ਮੇਰੇ ਕੋਲ ਕੋਈ ਟਰੱਕ ਜਾਂ ਦੁਜਾ ਕੋਈ ਸਾਧਨ ਨਹੀਂ ਹੈ ਕਿ ਮੈਂ ਆਪਣਾ ਸਾਮਾਨ ਲੈ ਜਾਵਾਂ". ਉਨ੍ਹਾਂ ਨੇ ਕਿਹਾ: "ਤੁਹਾਡੀ ਵਪਾਰੀ ਸੰਪਤੀ ਨੂੰ ਪਾਕਿਸਤਾਨ ਵਿੱਚ ਹੀ ਰੱਖਣਾ ਪਏਗਾ. ਪਰ ਤੁਹਾਡੀ ਆਪਣੀ ਚੀਜਾਂ ਅਤੇ ਘਰ ਦਾ ਸਾਮਾਨ ਤੁਹਾਡੇ ਨਾਲ ਜਾ ਸਕਦਾ ਹੈ. ਅਸੀਂ ਤੁਹਾਡੇ ਲਈ, ਜਾਣ ਦਾ ਇੱਤਜਾਮ ਕਰਾਂਗੇ ਅਤੇ ਪੁਲਿਸ ਹਿਫ਼ਾਜ਼ਤ ਵੀ, ਤਾਂਕਿ ਤੁਸੀਂ ਹਿਫ਼ਾਜ਼ਤ ਨਾਲ ਸਰਹੱਦ ਪਾਰ ਕਰ ਇੰਡੀਆ ਤੇ ਜਾ ਸਕੋ."

'ਉਨ੍ਹਾਂ ਨੇ ਸਾਨੂ ਤਿੰਨ ਟਰੱਕ ਦਿੱਤੇ. ਫ਼ੈਜ਼ ਵਿੱਚ ਅਸੀਂ ਕਿਸੇ ਨੂੰ ਜਾਣਦੇ ਸੀ. ਉਸ ਨੇ ਵਾਅਦਾ ਕੀਤਾ ਕਿ ਉਹ ਇੱਕ ਜਾਂ ਦੋ ਟਰੱਕ ਹੋਰ ਦੇਵੇਗਾ. ਅਸੀਂ ਅਤੇ ਸਾਡੇ ਚਾਚੇ ਦੇ ਪਰਵਾਰਾਂ ਨੇ ਸਾਡਾ ਇਗਰਟੱਨ ਰੋਡ ਦਾ ਘੱਰ 7 ਸਤੰਬਰ ਨੂੰ ਛੱਡ ਦਿੱਤਾ. ਜਦ ਸਰਹੱਦ ਦੀ ਤਰਫ਼ ਜਾਂਦੇ ਹੋਏ, ਅਸੀਂ ਬਾਘਬਾਨਪੁਰਾ ਪਾਰ ਕਰ ਰਹੇ ਸੀ, ਇੱਕ ਪੁਲਿਸ ਇੰਸਪੈਕਟਰ ਨੇ ਸਾਨੂ ਰੋਕਿਆ. ਉਸ ਨੇ ਕਿਹਾ: "ਤੁਸੀਂ ਇੱਨੀ ਸਾਰੀ ਚੀਜਾਂ ਲੈ ਕੇ ਨਹੀਂ ਜਾ ਸਕਦੇ. ਇਹ ਸਭ ਕੁੱਝ ਹੁਣ ਪਾਕਿਸਤਾਨ ਦੀ ਸੰਪਤੀ ਹੈ. ਸਭ ਕੁੱਝ ਇਥੇ ਛੱਡੋ." ਪਰ, ਮਮਦੋਤ ਨੇ ਇੱਕ ਪੁਲਿਸ ਐਸ.ਪੀ. ਨੂੰ ਸਾਨੂੰ ਹਿਫ਼ਾਜ਼ਤੀ ਤੌਰ ਤੇ ਸਰਹੱਦ ਪਾਰ ਕਰਾਣ ਲਈ, ਨਾਲ ਭੇਜਿਆ ਸੀ. ਉਸ ਨੇ ਪੁਲਿਸ ਇੰਸਪੈਕਟਰ ਨੂੰ ਪੁਛਿਆ: "ਇਨ੍ਹਾਂ ਨੂੰ ਤੁਸੀ ਕਿਉਂ ਰੋਕਿਆ ਹੈ? ਵਜ਼ੀਰੇ-ਆਲ੍ਹਾਂ ਨੇ ਹੁਕਮ ਦਿੱਤਾ ਹੈ ਕਿ ਉਹੁ ਆਪਣਾ ਸਾਮਾਨ ਲੈ ਕੇ ਇੰਡੀਆ ਜਾ ਸਕਦੇ ਨੇ." ਇੰਸਪੈਕਟਰ ਨੇ ਜਵਾਬ ਦਿੱਤਾ: "ਤੁਸੀਂ ਕੌਨ ਹੋ? ਇਹ ਸਾਰੀ ਚੀਜਾਂ ਪਾਕਿਸਤਾਨ ਦੀ ਨੇ." ਐਸ.ਪੀ. ਨੇ ਪੁਲਿਸ ਇੰਸਪੈਕਟਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਵਜ਼ੀਰੇ-ਆਲ੍ਹਾਂ ਦੇ ਫ਼ੈਸਲੇ ਉਪਰ ਅਮਲ ਕਰ ਰਹੇ ਸੀ, ਅਤੇ ਅਗਰ ਉਸ ਨੇ ਕੋਈ ਰੋਕ ਪਾਉਣ ਦੀ ਕੋਸ਼ਿਸ਼ ਕੀਤੀ, ਤੇ ਉਸ ਨੂੰ ਮੁਅੱਤਲ ਕਰਣ ਦਾ ਇਖ਼ਤਿਆਰ ਉਨ੍ਹਾਂ ਦੇ ਕੋਲ ਮੌਜੂਦ ਸੀ. ਇੰਸਪੈਕਟਰ ਨੇ ਗੱਲ ਨਹੀਂ ਮਣੀ. ਹਾਰ ਕੇ, ਐਸ.ਪੀ. ਨੇ ਹੁਕਮ ਦਿੱਤਾ ਕਿ ਉਹ ਆਪਣੀ ਪੇਟੀ ਅਤੇ ਬੈਜ ਖੋਲ ਕੇ, ਉਨ੍ਹਾਂ ਨੂੰ ਦੇ ਦੇਵੇ. ਐਸ.ਪੀ. ਹੁਣ ਸਾਡੀ ਮੋਟਰਕਾਰ ਦੇ ਕਰੀਬ ਆਏ ਅਤੇ ਕਿਹਾ: "ਜਦ ਤੁਸੀਂ ਪਾਕਿਸਤਾਨ ਪਾਰ ਕਰ ਕੇ ਇੰਡੀਆ ਪਹੁੰਚ ਜਾਵੋਗੇ, ਸਰਕਾਰੀ ਟਰੱਕਾਂ ਤੋਂ ਸਾਮਾਨ ਉਤਾਰ ਕੇ ਉਨ੍ਹਾ ਨੂੰ ਵਾਪਸ ਕਰਣ ਦੀ ਕ੍ਰਿਪਾ ਕਰੋ." ਮੇਰੇ ਪਿਤਾ ਨੇ ਬਿਲਕੁਲ ਇਸ ਤਰ੍ਹਾਂ ਹੀ ਕੀਤਾ ਅਤੇ ਜਦ ਅਸੀਂ ਅੱਮ੍ਰਿਤਸਰ ਪਹੁੰਚੇ, ਟਰੱਕਾ ਨੂੰ ਵਾਪਸ ਪਾਕਿਸਤਾਨ ਭੇਜ ਦਿੱਤਾ ਗਿਆ. ਤਕਸੀਮ ਦੇ ਵਕਤ ਹੋਏ ਫ਼ਸਾਦਾਂ ਦੀ ਜ਼ਿੱਮੇਵਾਰੀ ਜਿਨਾਹ ਦੀ ਸੀ. ਉਹ ਕਿਸੇ ਵੀ ਕੀਮਤ ਤੇ ਪਾਕਿਸਤਾਨ ਹਾਸਲ ਕਰਨਾ ਚਾਹੁੰਦੇ ਸੀ. ਸਾਡੇ ਕਾਂਗਰੇਸੀ ਆਗੂ ਇਣੇ ਬੇਵਕੂਫ ਸੀ ਕਿ ਉਹ ਜਿਨਾਹ ਦੇ ਇਸ਼ਾਰੇ ਤੇ ਨੱਚੇ.

'ਸਾਡੇ ਪਰਵਾਰ ਦੇ ਕਿਸੇ ਸਦੱਸ ਨੇ ਆਪਣੀ ਅੱਖਾ ਨਾਲ ਕੋਈ ਤਸ਼ੱਦਦ ਨਹੀਂ ਵੇਖਿਆ, ਕਿਉਂਕਿ ਅਸੀਂ ਕਦੀ ਪੁਰਾਣੇ ਸ਼ਹਿਰ ਜਾਂ ਗੜਬੜੀ ਵਾਲੀ ਜਗ੍ਹਾਂ ਤੇ ਨਹੀਂ ਗਏ. ਸ਼ਾਡਾ ਇੱਕ ਉੱਚੇ ਦਰਜੇ ਦਾ ਇਲਾਕਾ ਸੀ. ਲੋਹਾਰੀ ਅਤੇ ਸ਼ਾਹਆਲਮੀ ਗੇਟਾਂ, ਅਨਾਰਕਲੀ, ਇਛਰਾ, ਚੌਬੁਰਜੀ ਤੇ, ਅਤੇ ਇਥੇ ਤੱਕ ਕਿ ਕਿਲਾ ਗੁਜਰ ਸਿੰਘ ਤੇ, ਜੋ ਸਾਡੇ ਘਰ ਦੇ ਬਹੁਤ ਨਜਦੀਕ ਸੀ, ਦੰਗੇ ਹੋਏ ਸੀ. ਸਾਡੇ ਕਾਰਖਾਨੇ ਤੇ, ਜਿਆਦਾਤਰ ਮਜਦੂਰ ਮੁਸਲਿਮ ਸਨ. ਸ਼ਾਰੇ ਮਸ਼ੀਨ-ਮੇਨ ਅਤੇ ਬੁਕਬਾਇੰਡਰ ਮੁਸਲਿਮ ਸਨ. ਉਹ ਮੇਰੇ ਪਿਤਾ ਦੇ ਉਪਰ ਬਹੁਤ

ਭਰੋਸਾ ਕਰਦੇ ਸੀ, ਵਫ਼ਾਦਾਰ ਸਨ. ਕਿਸੇ ਨੇ ਵੀ ਸਾਡੇ ਲਈ, ਕੋਈ ਮੁਸੀਬਤ ਖੜ੍ਹੀ ਨਹੀਂ ਕੀਤੀ ਨਾ ਹੀ ਕੋਈ ਉਪਦਰਵ ਕੀਤਾ.

'ਅਸੀਂ ਆਪਣੀ ਸੰਪਤੀ ਸ਼ੇਖ ਨੂਰ ਇਲਾਹੀ, ਲਾਹੌਰ ਡਿਵੀਜ਼ਨ ਦੇ ਸਕੂਲਾਂ ਦੇ ਇੰਸਪੈਕਟਰ, ਦੇ ਬੇਟੇ ਦੇ ਜ਼ਿਮੇ ਕਰ ਦਿੱਤੀ. ਉਹ ਅਤੇ ਮੇਰੇ ਪਿਤਾ ਭਰਾਂਵਾਂ ਦੀ ਤਰ੍ਹਾਂ ਸਨ. ਸਾਡਾ ਪੇਂਟ ਦਾ ਇੱਕ ਕਾਰਖਾਨਾ ਸੀ, ਜਿਸ ਦਾ ਨਾਂਅ ਕ੍ਰੇਸੇਂਟ ਪੇਂਟ ਐਂਡ ਵਾਰਨਿਸ਼ ਫੈਕਟਰੀ ਸੀ, ਜੋ ਨਹਿਰ ਦੇ ਕਿਨਾਰੇ ਦੇ ਕਰੀਬ ਸੀ. ਮੇਰੇ ਪਿਤਾ ਨੇ ਉਸ ਕਾਰਖਾਨੇ ਨੂੰ ਉਨ੍ਹਾਂ ਨੂੰ ਦੇਂਦੇ ਹੋਏ ਕਿਹਾ: "ਕ੍ਰਿਪਾ ਕਰ ਕੇ ਇਸ ਨੂੰ ਆਪਣੇ ਕਾਬੂ ਵਿੱਚ ਰੱਖੋ. ਅਗਰ ਅਸੀਂ ਵਾਪਸ ਆਏ, ਤੇ ਅਸੀਂ ਇਸ ਨੂੰ ਵਾਪਸ ਲੈ ਸਕਦੇ ਹਾਂ. ਅਗਰ ਅਸੀਂ ਨਹੀਂ ਆਉਣੇ ਹਾਂ, ਤਦ ਕੋਈ ਫ਼ਰਕ ਨਹੀਂ ਪਇੰਦਾ ਹੈ ਕਿ ਇਸ ਨੂੰ ਤੁਸੀਂ ਰੱਖੋ ਜਾਂ ਹੋਰ ਕੋਈ ਰੱਖੇ.

'ਪ੍ਰੈਸ਼ ਅਤੇ ਦੂਜੀਆਂ ਜਾਇਦਾਦਾਂ ਮੇਰੇ ਸਭ ਤੋਂ ਛੋਟੇ ਚਾਚੇ ਦੇ ਜ਼ਿਮੇ ਰਹੀ ਜੋ ਆਪਣੇ ਇੱਕ ਦੋਸਤ ਨਾਲ ਉਥੇ ਹੀ ਰਹਿ ਗਏ. ਉਨਾਂ ਦਾ ਦੋਸਤ ਮੀਰ ਹੁਸੈਨ ਸਾਨੀ, ਟੇਮਪਲ ਰੋਡ ਤੇ ਰਹਿੰਦਾ ਸੀ. ਮੇਰੇ ਚਾਚੇ ਨੂੰ ਗੰਭੀਰ ਤੌਰ ਤੇ ਸ਼ੁਗਰ ਦੀ ਬੀਮਾਰੀ ਸੀ. ਉਨ੍ਹਾਂ ਦਾ ਪਰਵਾਰ ਇੰਡੀਆ ਚਲੇ ਗਿਆ ਸੀ, ਪਰ ਉਹ ਉਮੀਦ ਕਰਦੇ ਸੀ ਕਿ ਲਾਹੌਰ ਤੇ, ਉਹ ਸਾਡੀ ਸੰਪਤੀ ਦੀ ਸੰਭਾਲ ਕਰ ਲੈਣਗੇ, ਜੋ ਮੇਰੇ ਪਿਤਾ ਅਤੇ ਦੂਜੇ ਭਰਾਵਾਂ ਦੀ ਸਾਂਝੀ ਸੰਪਤੀ ਸੀ. ਦੋ ਸਾਲ ਬਾਅਦ, ਉਹ ਇੰਡੀਆ ਆ ਗਏ, ਪਰ ਜਿਸ ਦਿਨ ਉਹ ਅੱਮ੍ਰਿਤਸਰ ਪਹੁੰਚੇ, ਉਨਾਂ ਦੀ ਮੌਤ ਹੋ ਗਈ. ਮੇਰੇ ਪਿਤਾ ਅੱਮ੍ਰਿਤਸਰ ਤੋਂ ਦਿੱਲੀ ਆ ਗਏ. ਉਹ ਕਾਂਗਰੇਸੀ ਆਗੂਵਾਂ ਉੱਪਰ, ਮੁਲਕ ਦੀ ਤਕਸੀਮ ਨੂੰ ਮੰਜ਼ੂਰ ਕਰਣ ਕਰ ਕੇ, ਨਾਰਾਜ਼ ਸਨ.

'ਮੈਂ ਤੁਹਾਨੂ ਦੱਸਣਾ ਚਾਹੂੰਦਾ ਹਾ ਕਿ ਉਣ ਦਿਨਾ ਤੇ ਕਿ ਹੋਇਆ. 14 ਅਗਸਤ ਤੋਂ ਥੋੜਾ ਪਹਿਲਾਂ, ਨਹਿਰੁ ਲਾਹੌਰ ਤੇ ਆਏ ਸੀ. ਉਹ ਭੀਮ ਸੇਨ ਸਚੱਰ ਦੇ ਘਰ ਕਈ ਹਿੰਦੂ ਪ੍ਰਮੁੱਖਾਂ ਨਾਲ ਮਿਲੇ. ਇਸ ਬੈਠਕ ਤੇ ਮੌਜੂਦ ਸਾਰੇ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਕਿ ਹਾਲਾਤ ਇਸ ਤਰ੍ਹਾਂ ਦੇ ਸੀ ਕਿ ਕੋਈ ਹਿੰਦੂ, ਪਾਕਿਸਤਾਨ ਵਿੱਚ ਨਹੀਂ ਰਹਿ ਸਕੇਗਾ. ਪੰਡਤਜੀ ਨੇ ਜਵਾਬ ਦਿੱਤਾ ਕਿ ਗੁਜ਼ਰੇ ਵਕਤ ਤੇ, ਹਿੰਦੂ ਮੁਘਲਾਂ ਦੀ ਹਕੂਮਤ ਥਲੇ ਵੀ ਰਹੇ ਨੇ; ਅਤੇ ਉਹ ਹੁਣ ਵੀ ਪਾਕਿਸਤਾਨ ਦੇ ਮੁਸਲਿਮ ਹਕੁਮਨਰਾਨਾਂ ਦੇ ਥਲੇ ਰਹ ਸਕਦੇ ਨੇ. ਮੇਰੇ ਪਿਤਾ ਨੇ ਕਿਹਾ: "ਪੰਡਤਜੀ, ਉਸ ਵਕਤ, ਹਿੰਦੂ ਇੱਕ ਇਤਹਾਦੀ ਇੰਡੀਆ ਵਿੱਚ ਰਹਿੰਦੇ ਸੀ ਅਤੇ ਮੁਘਲ ਵੀ ਇਤਹਾਦੀ ਇੰਡੀਆ ਦੀ ਹਕੂਮਤ ਕਰਦੇ ਸੀ. ਉਹ ਉਸ ਮੁਲਕ ਤੋਂ ਹਿੰਦੂਆਂ ਨੂੰ ਬਾਹਰ, ਸੁੱਟ ਤੇ ਨਹੀਂ ਸਕਦੇ ਸੀ. ਹੁਣ ਹਾਲਾਤ ਪੂਰੀ ਤਰ੍ਹਾਂ ਮੁਖ਼ਤਲਿਫ਼ ਨੇ. ਤੁਸੀਂ ਇੰਡੀਆ ਦਾ ਇੱਕ ਹਿੱਸਾ ਵੱਡ ਕੇ ਪਾਕਿਸਤਾਨ ਨੂੰ ਦੇ ਰਹੇ ਹੋ. ਇਥੇ, ਉਹ ਇੱਕ ਇਸਲਾਮੀ ਮੁਲਕ ਸਥਾਪਤ ਕਰਣਗੇ ਨਾ ਕਿ ਸਿਰਫ਼ ਮੁਸਲਿਮ ਬਾਦਸ਼ਾਹੀ. ਇਸ ਤਰ੍ਹਾਂ ਦੇ ਮੁਲਕ ਤੇ ਹਿੰਦੂ, ਕਦੇ ਵੀ ਮਹਿਫ਼ੂਜ਼ ਨਹੀਂ ਹੋਣਗੇ ਅਤੇ ਉਨ੍ਹਾ ਨੂੰ ਕੋਈ ਪਸੰਦ ਨਹੀਂ ਕਰੇਗਾ. ਤੁਹਾਨੂ, ਇੰਡੀਆ ਦੀ ਤਕਸੀਮ ਬਾਰੇ ਰਾਜ਼ੀ ਨਹੀਂ ਹੋਣਾ ਚਾਹੀਦਾ ਸੀ." ਪੰਡਤਜੀ ਦੇ ਚਿਹਰੇ ਤੇ ਚਿਢਣ ਦੇ ਨਿਸ਼ਾਨ ਵੇਖੇ ਜਾ ਸਕਦੇ ਸੀ ਅਤੇ ਉਨ੍ਹਾਂ ਨੇ ਜਵਾਬ ਦਿੱਤਾ: "ਤੁਹਾਨੂ ਕੋਈ ਗੱਲ ਸਮਝ ਨਹੀਂ ਆਉਂਦੀ ਹੈ. ਤੁਸੀਂ ਬ੍ਰਿਟਿਸ਼ ਨੂੰ ਨਹੀਂ ਜਾਣ ਦੇਨਾ ਚਾਹੁੰਦੇ ਹੋ."

'ਨਹਿਰੁ ਨਾਲ ਸਮੱਸਿਆ ਇਹ ਸੀ ਕਿ ਉਹ ਬਾਰੀਕਿਆਂ ਵਿੱਚ ਨਹੀਂ ਜਾਣਾ ਚਾਹੁੰਦੇ ਸੀ. ਇਸ ਦੇ ਇਲਾਵਾ, ਉਹ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਸੀ. ਇਸ ਕਰ ਕੇ, ਉਨ੍ਹਾਂ ਨੇ ਪਾਕਿਸਤਾਨ ਦੇ ਖ਼ਿਆਲ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਗਾਂਧੀ ਨੂੰ ਵੀ ਇਸ ਮੰਗ ਨੂੰ ਮਣਣ ਲਈ ਰਾਜ਼ੀ ਕਰਵਾਇਆ. ਮੈਂ ਕਦੀ ਕਦਾਰ ਸੋਚਦਾ

ਹਾਂ ਕਿ ਹਾਲਾਂਕਿ ਮਮਦੋਤ ਅਤੇ ਸ਼ੌਕਤ ਮੇਰੇ ਪਿਤਾ ਦੇ ਕਰੀਬੀ ਦੋਸਤ ਸਨ, ਲਾਹੌਰ ਦੇ ਫ਼ਸਾਦ ਨਹੀਂ ਹੁੰਦੇ ਅਗਰ ਉਨ੍ਹਾਂ ਨੇ ਸੱਚ-ਮੁਚ ਰੋਕਣ ਦੀ ਕੋਸ਼ਿਸ਼ ਕੀਤੀ ਹੁੰਦੀ. ਕਿਸੇ ਵਕਤ, ਉਨ੍ਹਾਂ ਨੇ ਫ਼ਸਾਦਾ ਨੂੰ ਚੁਪ-ਚਾਪ ਹੋਣ ਦੀ ਇਜਾਜ਼ਤ ਦਿੱਤੀ ਹੋਵੇਗੀ. ਉਹ ਪਾਕਿਸਤਾਨ ਉੱਪਰ, ਬਗੈਰ ਕਿਸੇ ਗੈਰ-ਮੁਸਲਿਮਾਂ ਦੀ ਚੁਨੌਤੀ ਦੇ, ਹਕੂਮਤ ਕਰਨਾ ਚਾਹੁੰਦੇ ਸੀ.

ਡਾ.ਪ੍ਰੇਮ ਸੋਬਤੀ

ਡਾ.ਪ੍ਰੇਮ ਸੋਬਤੀ, ਇੰਡੀਆ ਦੇ ਰਾਸ਼ਟਰਪਤੀ ਦੇ ਨਿੱਜੀ ਡਾਕਟਰ, ਨੇ 31 ਅਕਤੂਬਰ 2001 ਨੂੰ ਤਕਸੀਮ ਦੇ ਨਿਰਣਾਇੱਕ ਦਿਨਾਂ ਦੇ ਆਪਣੇ ਤਜੁਰਬੇ ਮੈਨੂੰ ਦੱਸੇ. ਉਨ੍ਹਾਂ ਨੇ ਕਿਹਾ:

'ਲਾਹੌਰ ਫ਼ਿਰਕੂ ਸਦਭਾਵਨਾ ਅਤੇ ਅਮਨ ਦਾ ਇੱਕ ਨਮੁਨਾ ਸੀ. ਜਦ ਸਿਆਸਤਦਾਨ ਆਪਣੀ ਤਕਸੀਮ ਕਰਣ ਦੀ ਰਣਨੀਤੀ ਤੇ ਮਸ਼ਗੂਲ ਸਨ ਅਤੇ ਹਾਲਾਤ ਬਦਲ ਰਹੇ ਸੀ, ਤਦ ਵੀ ਕੋਈ ਕਲਪਨਾ ਨਹੀਂ ਕਰ ਸਕਦਾ ਸੀ ਕਿ ਪੰਜਾਬੀ ਇੱਕ ਦੂਜੇ ਦਾ ਕਤਲ ਕਰਣਗੇ, ਪਰ ਮੈਂ ਇਹ ਸਭ ਆਪਣੀ ਅੱਖਾਂ ਨਾਲ ਵੇਖਿਆ. ਤਕਸੀਮ ਤੋਂ ਦੋ ਹਫ਼ਤੇ ਪਹਿਲਾਂ ਮੈਂ ਗਾਇਨੇਕੋਲੋਜੀ ਪੜ੍ਹਣ ਬੰਬਈ ਗਿਆ ਸੀ, ਚੂੰਕਿ ਲਾਹੌਰ ਤੇ ਇਸ ਵਿਸ਼ੇ ਉਪਰ ਬਹੁਤ ਘੱਟ ਰਿਸਰਚ (ਸ਼ੋਧ) ਕੀਤੀ ਜਾਂਦੀ ਸੀ, ਕਿਉਂਕਿ ਆਮ ਤੌਰ ਤੇ ਔਰਤਾ ਇਸ ਤਰ੍ਹਾਂ ਦੀ ਸਮੱਸਿਆ ਨੂੰ ਲੈ ਕੇ ਹਸਪਤਾਲਾਂ ਤੇ ਨਹੀਂ ਜਾਂਦੀਆਂ ਸਨ. ਮੈਂ ਕਾਲਜ ਦੇ ਬਾਅਦ ਕੱਮ ਕਰਣ ਲਗਾ ਅਤੇ ਮੇਡੀਕਲ ਦੀ ਪੜ੍ਹਾਈ ਆਮ ਡਾਕਟਰਾਂ ਦੇ ਮੁਕਾਬਲੇ, ਕੁੱਝ ਸਮਾਂ ਬਾਅਦ ਪੂਰੀ ਕੀਤੀ. ਹਿੰਦੂਆ ਨੂੰ ਯਕੀਨ ਸੀ ਕਿ ਲਾਹੌਰ ਦੇ ਇੰਡੀਆ ਵਿੱਚ ਸ਼ਾਮਲ ਹੋਣ ਦੀ ਉਮੀਦ ਬਹੁਤ ਜ਼ਿਆਦਾ ਸੀ; ਅਤੇ ਬੰਬਈ ਤੋਂ ਹੁੰਦੇ ਹੋਏ, ਮੇਰੇ ਮਾਤਾ-ਪਿਤਾ ਦੀ ਲਾਹੌਰ ਤੇ ਮੌਜੁਦਗੀ ਨੂੰ ਲੈ ਕੇ, ਮੈਂ ਜ਼ਿਆਦਾ ਫ਼ਿਕਰਮੰਦ ਨਹੀਂ ਸੀ. ਪਰ ਜਦ ਐਲਾਨ ਹੋ ਗਿਆ ਕਿ ਲਾਹੌਰ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਸੀ, ਅਤੇ ਦੰਗੇ ਸ਼ੁਰੂ ਹੋ ਗਏ ਸੀ, ਮੈਂ ਸਭ ਕੁੱਝ ਛੱਡ ਕੇ ਦਿੱਲੀ ਆ ਗਿਆ, ਇਸ ਉਮੀਦ ਨਾਲ ਕਿ ਲਾਹੌਰ ਦੀ ਕੋਈ ਗੱਡੀ ਮਿਲ ਸਕੇ. ਮੇਰੇ ਦੋ ਭਰਾ ਵੀ ਪਾਕਿਸਤਾਨ ਤੇ ਸੀ. ਉਸ ਵਕਤ ਮੇਰੀ ਜੇਬ ਤੇ ਸਿਰਫ਼ 50 ਰੁਪਏ ਸੀ. ਸ਼ਾਇਦ ਇਹ 19 ਅਗਸਤ ਦਾ ਦਿਨ ਸੀ ਜਦ ਅਸੀਂ ਲਾਹੌਰ ਲਈ ਰਵਾਨਾ ਹੋਏ. ਅੱਮ੍ਰਿਤਸਰ ਪਹੁੰਚਣ ਤੇ 22 ਘੰਟੇ ਲਗੇ. ਫਿਰ ਮੈਂ ਮੇਡੀਕਲ ਕਾਲਜ, ਅੱਮ੍ਰਿਤਸਰ ਗਿਆ ਤਾਂਕਿ ਕੋਈ ਮਦਦ ਮਿਲ ਸਕੇ. ਉਥੋਂ ਮੈਨੂੰ ਪਤਾ ਲਗਾ ਕਿ ਲਾਹੌਰ ਹਿਫ਼ਾਜ਼ਤ ਨਾਲ ਮੈਂ ਤਦ ਹੀ ਜਾ ਸਕਦਾ ਸੀ ਅਗਰ ਕੋਈ ਮਦਦ ਮਿਲਦੀ ਸੀ. ਇੱਕ ਦੋਸਤ ਨੇ, ਜੋ ਸਰਕਾਰੀ ਮੁਲਾਜ਼ਮ ਸੀ, ਮੈਨੂੰ ਫ਼ਿਰੋਜ਼ਪੁਰ ਜਾਣ ਦੀ ਸਲਾਹ ਦਿੱਤੀ, ਕਿਉਂਕਿ, ਉਥੋਂ ਲਾਹੌਰ ਜਾਣਾ ਜ਼ਿਆਦਾ ਆਸਾਨ ਸੀ.

'ਫ਼ਿਰੋਜ਼ਪੁਰ ਤੇ, ਮੈਂ ਪਛੱਮ ਪੰਜਾਬ ਤੋਂ ਅਤੇ ਪਨਾਹਗੀਰਾਂ ਨੂੰ ਪੱਟੀਆਂ ਬਣ੍ਹਣ ਅਤੇ ਇੰਜੇਕਸ਼ਨ ਲਾਉਣ ਲਈ ਇੱਕ ਰਜ਼ਾਕਾਰ ਬਣਿਆ. ਇਸ ਦੇ ਬਾਅਦ, ਮੈਂ ਇੱਕ ਮੁਸਲਿਮ ਨਾਂਅ ਪਰਵੇਜ਼ ਰੱਖ ਕੇ, ਪਾਕਿਸਤਾਨ ਤੇ ਦਾਖਲ ਹੋਇਆ. ਇੱਕ ਬੇਹਦ ਸੋਹਣੀ ਨੌਜਵਾਨ ਮੁਸਲਿਮ ਕੁੜੀ ਜੋ ਸਾਇਦ 20 ਸਾਲਾਂ ਦੀ ਸੀ, ਮੈਨੂੰ ਨਾਲ ਲੈ ਜਾਣ ਲਈ ਬੇਨਤੀ ਕਰਣ ਲਗੀ ਕਿਉਂਕਿ ਉਸ ਦੇ ਮਾਂ ਬਾਪ ਨੂੰ ਮਾਰ ਦਿੱਤਾ ਗਿਆ ਸੀ ਅਤੇ ਉਸ ਦੇ ਭਰਾ ਨੇ ਉਸ ਨੂੰ ਛੱਡ ਦਿੱਤਾ ਸੀ. ਉਸ ਨੇ ਸ਼ਿਕਾਇਤ ਕੀਤੀ ਕਿ ਪਨਾਹਗੀਰਾਂ ਦੇ ਕੈਂਪ ਦੇ ਬੰਦੇ ਉਸ ਨੂੰ ਪਹਿਲਾਂ ਤੋਂ ਹੀ ਛੇੜ-ਛਾੜ ਕਰ ਰਹੇ ਸੀ ਅਤੇ ਉਹ, ਸਭ ਤੋਂ ਬਦਤਰ ਸਲੂਕ ਬਾਰੇ ਡਰ ਰਹੀ ਸੀ. ਮੈਂ ਉਸ ਨੂੰ

ਕਿਹਾ ਕਿ ਮੈਂ ਇੱਕ ਇਸਾਈ ਸੀ ਅਤੇ ਕੋਈ ਮੁਸਲਿਮ ਇੱਕ ਮੁਸਲਿਮ ਕੁੜੀ ਨੂੰ ਮੇਰੇ ਨਾਲ ਨਹੀਂ ਜਾਣ ਦੇਗਾ. ਅਤੇ, ਮੈਂ ਉਸ ਨੂੰ ਸਲਾਹ ਦਿੱਤੀ ਕਿ ਉਹ ਕੈਂਪ ਦੇ ਔਰਤਾਂ ਦੇ ਹਿੱਸੇ ਤੇ ਜਾ ਕੇ ਮਦਦ ਮੰਗੇ.

'ਮੇਰੀ ਮੁਲਾਕਾਤ ਮੇਡੀਕਲ ਕਾਲਜ ਦੇ ਕੁੱਝ ਮੁਸਲਿਮ ਵਿਦਿਆਰਥਿਆਂ ਨਾਲ ਹੋਈ, ਜਿਨ੍ਹਾਂ ਨੇ ਮੈਨੂੰ ਪਛਾਣ ਲੀਤਾ. ਮੈਂ ਡਰ ਗਿਆ, ਪਰ ਉਨ੍ਹਾਂ ਦੇ ਵਿੱਚੋਂ ਇੱਕ ਨੇ ਮੈਨੂੰ ਕਿਹਾ ਕਿ ਮੈਂ ਜਾ ਕੇ ਸਿੱਖ ਮਿਲਿਟਰੀ ਅਫ਼ਸਰ ਨੂੰ ਮਿਲਾਂ ਜੋ ਇੱਕ ਮੁਸਲਿਮ ਅਫ਼ਸਰ ਨਾਲ ਮਿਲ ਕੇ, ਪਨਾਹਗੀਰਾਂ ਦੀ ਆਵਾਜਾਈ ਵੇਖ ਰਿਹਾ ਸੀ. ਪਤਾ ਲਗਾ ਕਿ ਉਹ ਮੇਰੇ ਇੱਕ ਦੋਸਤ ਦਾ ਵੱਡਾ ਭਰਾ ਸੀ. ਉਸ ਨੇ ਮਿਰਰਬਾਨੀ ਕਰ ਕੇ, ਮੈਨੂੰ ਇੱਕ ਮਿਲਿਟਰੀ ਦੀ ਗੱਡੀ ਤੇ ਇੱਕ ਹਥਿਆਰਬੰਦ ਗਾਰਡ ਸਮੇਤ ਲਾਹੌਰ ਭੇਜਿਆ. ਮੈਂ ਜਦ ਆਪਣੇ ਘਰ ਪਹੁੰਚਿਆ, ਤੇ ਮੈਂ ਵੇਖਿਆ ਉਥੇ ਕੋਈ ਨਹੀਂ ਸੀ. ਸਾਡੇ ਮੁਸਲਿਮ ਗੁਆਂਢੀਆਂ ਨੂੰ ਪੁਛਣ ਨਾਲ ਪਤਾ ਲਗਾ ਕਿ ਮੇਰੇ ਘਰ ਵਾਲੇ ਡੀ.ਏ.ਵੀ.ਕਾਲਜ ਦੇ ਰਿਫਿਯੂਜੀ ਕੈਂਪ ਚਲੇ ਗਏ ਸੀ. ਸਾਡੇ ਗੁਆਂਢੀਆਂ ਨੇ ਹੀ ਉਨ੍ਹਾਂ ਨੂੰ ਆਪਣੇ ਤਾਂਗੇ ਤੇ ਹੀ ਡੀ.ਏ.ਵੀ.ਕਾਲਜ ਭੇਜਿਆ ਸੀ. ਰਿਫਿਯੂਜੀ ਕੈਂਪ ਤੋਂ ਮੈਨੂੰ ਪਤਾ ਲਗਾ ਕਿ ਤਿੰਨ ਟਰੱਕ ਭਰ ਕੇ ਹਿੰਦੂ ਅਤੇ ਸਿੱਖ, ਤੜਕੇ ਅੱਮ੍ਰਿਤਸਰ ਦੀ ਤਰਫ਼ ਰਵਾਨਾ ਹੋਏ ਸੀ, ਪਰ ਦੋ ਵਾਪਸ ਆ ਰਹੇ ਸੀ ਕਿਉਂਕਿ ਇਨ੍ਹਾਂ ਦੇ ਉਪਰ ਹਮਲਾ ਕੀਤਾ ਗਿਆ ਸੀ, ਅਤੇ ਕਾਫ਼ੀ ਲੋਕਾਂ ਦੀ ਮੌਤ ਹੋਈ ਸੀ. ਤੀਜਾ ਟਰੱਕ ਸਰਹੱਦ ਪਾਰ ਕਰ ਗਿਆ ਸੀ ਕਿਉਂਕਿ, ਪੁਲਿਸ ਐਨ ਵਕਤ ਤੇ ਇਸ ਦੀ ਹਿਫ਼ਾਜ਼ਤ ਕਰਣ ਪਹੁੰਚ ਗਈ ਸੀ. ਦੋ ਟਰੱਕ ਵਾਪਸ ਆਏ. ਇਹ ਇੱਕ ਭਿਆਨਕ ਨਜ਼ਾਰਾ ਸੀ. ਕਿਸੇ ਨੂੰ ਵੀਂ ਬਖਸ਼ਿਆ ਨਹੀਂ ਗਿਆ ਸੀ. ਔਰਤਾਂ, ਬੱਚੇ, ਬਜ਼ੁਰਗ ਲੋਕ-ਮੈਂ ਉਨ੍ਹਾਂ ਦੇ ਟੋਟੇ ਕੀਤੇ ਹੋਏ ਸ਼ਰੀਰ ਵੇਖ ਰਿਹਾ ਸੀ. ਮੇਰੇ ਮਾਤਾ ਪਿਤਾ ਉਸ ਦੇ ਵਿੱਚ ਨਹੀਂ ਸਨ. ਅਤੇ, ਉਸੇ ਸਿੱਖ ਅਫ਼ਸਰ ਦੀ ਮਦਦ ਨਾਲ, ਮੈਂ ਵਾਹਗਾ ਪਹੁੰਚਿਆ, ਜਿਥੋਂ ਮੈਂ ਅੱਮ੍ਰਿਤਸਰ ਜਾਣ ਤੇ ਕਾਮਯਾਬ ਹੋ ਗਿਆ.

'ਉਥੇ ਮੈਂ ਇੱਕ ਰੇਲ-ਗੱਡੀ ਨੂੰ ਸਟੇਸ਼ਨ ਤੇ ਲਗਦੇ ਵੇਖਿਆ ਜੋ ਪੂਰੀ ਤਰ੍ਹਾਂ ਕਤਲ ਕੀਤੇ ਮੁਸਲਿਮਾਂ ਨਾਲ ਭਰੀ ਹੋਈ ਸੀ. ਉਹ ਇੱਕ ਹੋਰ ਵੀ ਭਿਆਨਕ ਨਜ਼ਾਰਾ ਸੀ. ਲੱਗਭਗ ਹਰ ਇਨਸਾਨ ਦਾ ਕਤਲ ਕਰ ਦਿੱਤਾ ਗਿਆ ਸੀ. ਇੱਕ ਬਜ਼ੁਰਗ ਜੋ ਜ਼ਿੰਦਾ ਸੀ, ਮੈਨੂੰ ਦੱਸਿਆ ਕਿ ਸਿੱਖਾਂ ਨੇ ਰੇਲ-ਗੱਡੀ ਉਪਰ ਹਮਲਾ ਕਰ ਕੇ ਬੇਰਹਿਮੀ ਨਾਲ ਸਭ ਦਾ ਕਤਲ ਕਰ ਦਿੱਤਾ ਸੀ. ਅਗਲੇ ਦਿਨ, ਪਾਕਿਸਤਾਨੀ ਪੰਜਾਬ ਤੋਂ ਅੱਮ੍ਰਿਤਸਰ ਆਈ ਇੱਕ ਰੇਲ-ਗੱਡੀ ਨੂੰ ਮੈਂ ਵੇਖਿਆ, ਜੋ ਹਿੰਦੂਆਂ ਅਤੇ ਸਿੱਖਾਂ ਨਾਲ ਭਰੀ ਸੀ. ਲੋਕ ਦਰਦ ਨਾਲ ਤੜਪ ਰਹੇ ਸੀ. ਲੱਗਭਗ ਅਧੇ ਮੁਸਾਫ਼ਰਾਂ ਨੂੰ ਹਲਾਕ ਕਰ ਦਿੱਤਾ ਗਿਆ ਸੀ ਅਤੇ ਬਾਕੀ ਬੁਰੀ ਤਰ੍ਹਾਂ ਜ਼ਖ਼ਮੀ ਸਨ. ਤਦ, ਮੇਰੇ ਉਸ ਦੋਸਤ ਨੇ ਅੰਬਾਲਾ ਜਾਣ ਤੇ ਮਦਦ ਕੀਤੀ, ਜਿਸ ਨੇ ਪਹਿਲਾਂ ਮੈਨੂੰ ਫ਼ਿਰੋਜ਼ਪੁਰ ਜਾਣ ਦੀ ਸਲਾਹ ਸਿੱਤੀ ਸੀ. ਮੈਂ ਦਿੱਲੀ ਜਾਣਾ ਚਾਹੁੰਦਾ ਸੀ ਕਿਉਂਕਿ ਉੱਥੇ ਸਾਡੇ ਰਿਸ਼ਤੇਦਾਰ ਸਨ ਅਤੇ ਮੈਨੂੰ ਯਕੀਨ ਸੀ ਕਿ ਮੇਰੇ ਮਾਤਾ ਪਿਤਾ, ਅਗਰ ਜ਼ਿੰਦਾ ਸਨ, ਤੇ ਉਹ ਦਿੱਲੀ ਗਏ ਹੋਣਗੇ. ਖੁਸ਼ਕਿਸਮਤੀ ਨਾਲ, ਅੰਬਾਲਾ ਤੇ ਮੈਨੂੰ ਅਰਜਨ ਸਿੰਘ ਤੋਂ ਮਦਦ ਮਿਲੀ, ਜੋ ਬਾਅਦ ਤੇ ਇੰਡੀਆ ਦੇ ਮਸ਼ਹੂਰ ਏਅਰ ਮਾਰਸਲ ਬਣੇ. ਉਹ ਗਵਰਨਮੇਂਟ ਕਾਲਜ, ਲਾਹੌਰ ਤੇ, ਮੇਰੇ ਤੋਂ ਦੋ ਸਾਲ ਜੁਨਿਅਰ ਸਨ. ਉਨ੍ਹਾਂ ਨੇ ਕ੍ਰਿਪਾ ਕਰ ਕੇ, ਮੇਰੇ ਲਈ ਦਿੱਲੀ ਤੱਕ ਦਾ ਸਫਰ ਕਰਣ ਲਈ, ਇੱਕ ਗੱਡੀ ਦਾ ਇੰਤਜ਼ਾਮ ਕਰ ਦਿੱਤਾ, ਜੋ ਉਨ੍ਹਾਂ ਦੇ ਕੋਲ ਮੌਜੂਦ ਸੀ. ਦਿੱਲੀ ਤੇ ਮੈਨੂੰ ਆਪਣੇ ਮਾਤਾ-ਪਿਤਾ ਮਿਲ ਗਏ. ਬਾਅਦ ਤੇ, ਮੇਰੇ ਭਰਾ ਵੀ ਇੰਡੀਆ ਆ ਗਏ.

'ਕੁੱਝ ਦਿਨਾਂ ਬਾਅਦ, ਮੈਂ ਫਿਰ ਲਾਹੌਰ ਦਾ ਦੂਜਾ ਦੌਰਾ ਕੀਤਾ, ਜਦ ਸਾਡੇ ਤੋਂ ਕੁਝ, ਜਿਨ੍ਹਾਂ ਨੇ ਕੋਈ ਮੇਡੀਕਲ ਟ੍ਰੇਨਿੰਗ ਲੀਤੀ ਸੀ, ਸਰ ਗੰਗਾ ਰਾਮ ਹਸਪਤਾਲ ਤੇ ਇਲਾਜ਼ ਕੀਤੇ ਜਾ ਰਹੇ, ਬੁਰੀ ਤਰ੍ਹਾਂ ਜ਼ਖ਼ਮੀ

ਹਿੰਦੂਆਂ ਅਤੇ ਸਿੱਖਾਂ, ਦੀ ਮਦਦ ਕਰਣ ਦੀ ਪੇਸ਼ਕਸ਼ ਕੀਤੀ. ਉਹ ਵੀ ਇੱਕ ਭਿਆਨਕ ਨਜ਼ਾਰਾ ਸੀ. ਲੱਤਾਂ, ਬਾਂਹ ਅਤੇ ਹੱਥ ਵੱਡ ਦਿੱਤੇ ਗਏ ਸੀ. ਔਰਤਾਂ ਨਾਲ ਬਲਾਤਕਾਰੀਆਂ ਦੇ ਗਿਰੋਹਾਂ ਨੇ ਜ਼ਬਰਦਸਤੀ ਕੀਤੀ ਸੀ. ਇਹ ਇੱਕ ਐਦਾਂ ਦਾ ਨਜ਼ਾਰਾ ਸੀ ਜਿਸ ਦਾ ਵਿਵਰਣ ਮੈਂ ਨਹੀਂ ਦੇ ਸਕਦਾ. ਅਸੀਂ ਫਿਰ, ਕਿੰਗ ਏਡਵਰਡ ਮੇਡੀਕਲ ਕਾਲਜ ਗਏ, ਜਿੱਥੇ ਸਾਡੇ ਅਧਿਆਪਕਾਂ ਨੇ ਸਾਨੂ ਉੱਥੇ ਰਹਿ ਕੇ, ਆਪਣੀ ਪੜ੍ਹਾਈ ਪੂਰੀ ਕਰਣ ਲਈ ਰਾਜ਼ੀ ਕਰਾਣ ਦੀ ਕੋਸ਼ਿਸ਼ ਕੀਤੀ. ਜਦ ਕਿ ਅਸੀਂ ਕਾਲਜ ਤੇ ਮੌਜੁਦ ਸੀ ਕਿ, ਕਿਸੇ ਨੇ ਆ ਕੇ ਸਾਨੂ ਦੱਸਿਆ ਕਿ ਸਾਡੇ ਨਾਲ ਪੜ੍ਹਣ ਵਾਲੀ ਇੱਕ ਕੁੜੀ, ਸ਼ਾਂਤੀ, ਜਿਸ ਨੇ ਲਾਹੌਰ ਤੇ ਰਹਿ ਕੇ, ਮੇਡਕਿਲ ਕੋਰਸ ਪੂਰਾ ਕਰਣ ਦਾ ਫੈਸਲਾ ਕੀਤਾ ਸੀ, ਉਸ ਦਾ ਕਤਲ ਹੋ ਗਿਆ ਸੀ. ਤਦ ਅਸੀ ਕਾਲਜ ਤੋਂ ਜਲਦ ਹੀ ਨਿਕਲ ਗਏ. ਅਖੀਰਕਾਰ, ਡਾ.ਸ਼ਾਹ, ਮੇਡੀਸਿਨ ਦੇ ਪ੍ਰੋਫ਼ੇਸਰ ਅਤੇ ਉਨ੍ਹਾਂ ਦੀ ਬੇਟੀ, ਜੋ ਮੇਰੀ ਭੈਨ ਦੀ ਤਰ੍ਹਾਂ ਸੀ, ਉਨ੍ਹਾਂ ਦੀ ਮਦਦ ਨਾਲ, ਮੈਂ ਇੱਕ ਰਿਸ਼ਤੇਦਾਰ ਲਈ ਇੱਕ ਬੈਂਕ ਦੇ ਲਾਕਰ ਤੋਂ ਕੁੱਝ ਗਹਿਣੇ ਕੱਢ ਲਏ. ਇਸ ਦੇ ਬਾਅਦ, ਮੈਂ ਦਿੱਲੀ ਵਾਪਸ ਆ ਗਿਆ. ਇਹ ਅਗਸਤ ਦੇ ਅਖੀਰੀ ਦਿਨ ਹੋਣਗੇ. ਮੈਂ ਦੋਨੋ ਤਰਫ਼, ਨਰਕ ਵਰਗੇ ਹਾਲਾਤ ਵੇਖੇ.'

ਜੁਲਾਈ 2002 ਤੇ ਮੈਂ ਅਮਰੀਕਾ ਦਾ ਦੌਰਾ ਕੀਤਾ ਅਤੇ ਮੌਕੇ ਦਾ ਫ਼ਾਇਦਾ ਲੈਂਦੇ ਹੋਏ ਉੱਥੇ ਵਸੇ ਕਈ ਲਾਹੌਰਿਆਂ ਦੇ ਇੰਟਰਵਿਊ ਲੀਤੇ. ਹੇਠ ਦੋ ਪੇਸ਼ ਨੇ; ਦੂਜਾ ਇੱਕ ਖ਼ਾਸ ਕਤਲ ਦੀ ਤਸਦੀਕ ਕਰਦਾ ਹੈ ਅਤੇ ਕਤਲ ਕਰਣ ਵਾਲੇ ਦਾ ਵੀ ਵਿਵਰਣ ਦੇਂਦਾ ਹੈ.

ਕਾਂਤਾ ਸਿੰਘ ਲੁਥਰਾ

'ਮੇਰਾ ਜਨਮ 1935 ਤੇ ਹੋਇਆ. ਮੇਰੀ ਮਾਂ ਮਿਆਂਵਾਲੀ ਤੋਂ ਇੱਕ ਗਰੀਬ ਔਰਤ ਸੀ ਅਤੇ ਜਦ ਮੈਂ ਬਹੁਤ ਛੋਟੀ ਸੀ, ਮੇਰੇ ਪਿਤਾ ਦੀ ਮੌਤ ਹੋ ਗਈ ਸੀ. ਮੇਰੇ ਚਾਚਾ ਮਦਨ ਗੋਪਾਲ ਸਿੰਘ, ਜਿਨ੍ਹਾਂ ਨੂੰ ਮੈਂ ਆਪਣਾ ਪਿਤਾ ਮੱਨਦੀ ਸੀ, ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਰੇਜੀਸਟਰਾਰ ਸਨ. ਅਸੀਂ ਯੂਨੀਵਰਸਿਟੀ ਦੀ ਦਿੱਤੀ ਹੋਈ ਰਿਹਾਇਸ਼ ਤੇ ਰਹਿੰਦੇ ਸੀ. ਮੈਂ ਸਰ ਗੰਗਾ ਰਾਮ ਸਕੂਲ ਫੌਰ ਹਿੰਦੂ ਗਰਲਸ ਤੇ ਪੜ੍ਹਣ ਲਈ ਜਾਂਦੀ ਸੀ. ਮੇਰੇ ਪਿਤਾ ਦੇ ਕਈ ਮੁਸਲਿਮ ਦੋਸਤ ਸਨ. ਅਬਦੁਲ ਰਹਿਮਾਨ, ਮੁਲਤਾਨ ਤੋਂ ਆਇਆ ਕਰਦੇ ਸੀ. ਇੱਕ ਕੁੜੀ ਜਿਸ ਦਾ ਨਾਂਅ ਮੁਮਤਾਜ਼ ਸੀ, ਉਹ ਮੇਰੀ ਬਹੁਤ ਪੱਕੀ ਸਹੇਲੀ ਸੀ. ਅਸੀਂ ਬੱਚੇ ਸੀ ਅਤੇ ਮਜ਼ਬੀ ਛੁਆ-ਛੁਤ ਦਾ ਸਾਡੇ ਉਪਰ ਕੋਈ ਅਸਰ ਨਹੀਂ ਸੀ. ਉਹ ਅੱਛੇ ਦਿਨ ਸਨ.

'ਮਦਨ ਗੋਪਾਲ ਸਿੰਘ ਇੱਕ ਜਾਣੇ-ਪਛਾਣੇ ਵਿਦਵਾਨ ਸਨ, ਨਾ ਸਿਰਫ਼ ਸਾਹਿਤ ਦੇ ਮਗਰ ਮਜ਼ੂਬ ਦੇ ਵੀ. ਉਨ੍ਹਾਂ ਨੇ ਸਾਨੂ ਸਾਰੇ ਮਜ਼ੂਬਾਂ ਦੀ ਇਜ਼ੱਤ ਕਰਨਾ ਅਤੇ ਇੱਕ ਭਗਵਾਨ ਵਿੱਚ ਯਕੀਨ ਕਰਨਾ ਸਿਖਾਇਆ. ਉਨ੍ਹਾਂ ਨੇ ਮੇਰੀ ਮਾਂ ਅਤੇ ਬਚੇਆਂ ਨੂੰ ਜਲੰਧਰ ਭੇਜ ਦਿੱਤਾ ਸੀ ਅਤੇ ਖੁਦ ਉੱਥੇ ਰਹਿ ਕੇ ਦਸਤਾਵੇਜਾਂ ਦੇ ਸਥਾਨ-ਅੰਤਰਣ, ਅਤੇ ਬਾਕੀ ਕੱਮ ਪੂਰਾ ਕਰਨਾ ਚਾਹੁੰਦੇ ਸੀ, ਕਿਉਂਕਿ ਪੰਜਾਬ ਯੂਨੀਵਰਸਿਟੀ ਦੀ ਤਕਸੀਮ ਕਰ ਕੇ, ਇਸ ਦੀ ਪੂਰਬੀ ਪੰਜਾਬ ਤੇ ਦੁਬਾਰਾ ਸਥਾਪਣਾ ਹੋਣੀ ਸੀ. ਮੈਨੂੰ ਹੁਣ ਵੀ ਉਹ ਭਿਆਨਕ ਦਿਨ ਯਾਦ ਹੈ, 31 ਅਗਸਤ 1947. ਇੱਕ ਦਿਨ ਪਹਿਲਾਂ ਅਸੀਂ ਜਲੰਧਰ ਪਹੁੰਚੇ ਸੀ ਅਤੇ ਸਰਕਾਰੀ ਰੈਸਟ ਹਾਉਸ ਤੇ ਠਹਿਰੇ ਸੀ. ਸ਼ਾਮ ਨੂੰ ਇੱਕ ਫ਼ੌਜ਼ੀ ਟਰੱਕ ਆਇਆ. ਇੱਕ ਅਫ਼ਸਰ ਕੈਪਟੇਨ ਵਰਮਾ ਨੇ ਸਾਨੂ ਖ਼ਬਰ ਦਿੱਤੀ ਕਿ ਪਿਤਾ ਨੂੰ ਸਵੇਰੇ ਯੂਨੀਵਰਸਿਟੀ ਤੇ, ਉਨ੍ਹਾਂ ਦੇ ਦਫ਼ਤਰ ਤੇ ਹਲਾਕ ਕਰ ਦਿੱਤਾ ਗਿਆ ਸੀ.

'ਅਸੀਂ ਲਾਹੌਰ ਵਾਪਸ ਗਏ, ਹਾਲਾਂਕਿ ਮਾਂ ਮੈਨੂੰ ਆਪਣੇ ਨਾਲ ਨਹੀਂ ਲੈ ਜਾਣਾ ਚਾਹੁੰਦੀ ਸੀ, ਪਰ ਮੈਂ ਰੋਣਦੀ ਰਹੀ ਤਾਂਕਿ ਆਪਣੇ ਪਿਤਾ ਦੀ ਇੱਕ ਅਖੀਰੀ ਝਲਕ ਲੈ ਸਕਾਂ. ਅਸੀਂ ਸਰ ਗੰਗਾ ਰਾਮ ਹਸਪਤਾਲ ਗਏ ਅਤੇ ਉਨ੍ਹਾਂ ਦੀ ਲਾਸ਼ ਵੇਖੀ. ਉਨ੍ਹਾਂ ਨੂੰ ਚੌਦਾਂ ਵਾਰ ਚਾਕੂ ਮਾਰਿਆ ਗਿਆ ਸੀ. ਸਾਨੂ ਦੱਸਿਆ ਗਿਆ ਕਿ ਮਰਣ ਤੋਂ ਪਹਿਲਾਂ, ਮੇਰੇ ਪਿਤਾ ਨੇ ਕਲਿਮਾ ਪੜ੍ਹਿਆ ਸੀ. ਵਾਪਸ ਜਲੰਧਰ ਆ ਕੇ ਵੀ, ਮੈਂ ਉਸੇ ਤਰ੍ਹਾਂ ਦੀ ਨਫ਼ਰਤ ਵੇਖੀ; ਉਹ ਹੀ ਜਨੂਨੀਪਨ. ਉਹ ਨਜ਼ਾਰਾ ਮੇਰੇ ਜੇਹਨ ਤੋਂ ਕਦੀ ਨਹੀਂ ਮਿਟੇਗਾ. ਇੱਕ ਦਿਨ ਮੈਂ, ਹਿੰਦੂਆਂ ਅਤੇ ਸਿੱਖਾਂ ਦਾ ਇੱਕ ਗਿਰੋਹ ਵੇਖਿਆ ਜੋ ਚੀਕ ਰਹੇ ਸੀ "ਹਰ ਹਰ ਨਹਾਦੇਵ" ਅਤੇ "ਵਾਹਿਗੁਰੂ ਜੀ ਦੀ ਫ਼ਤਹਿ". ਦੋ ਮੁਸਲਿਮ ਕੁੜਿਆਂ ਨੂੰ, ਜਿਨ੍ਹਾਂ ਦੇ ਅੱਧੇ ਕਪੜੇ ਫਾੜ ਦਿੱਤੇ ਗਏ ਸੀ, ਉਹ ਗਿਰੋਹ ਬਰਛੇ ਅਤੇ ਲਾਠੀਆਂ ਨਾਲ ਡਰਾਵਾ ਦੇ ਰਹੇ ਸੀ. ਉਹ ਲਹੂ ਲੁਹਾਣ ਕੁੜੀਆਂ, ਆਪਣੇ ਗੋਡੇਆਂ ਤੇ ਡਿਗ ਕੇ ਰਹਿਮ ਦੀ ਭਿੱਖ ਮੰਗ ਰਹਿਆਂ ਸੀ. ਉਨ੍ਹਾਂ ਦਾ ਕੀ ਹੋਇਆ, ਇਸ ਬਾਰੇ ਕੋਈ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ. ਉਸ ਦਿਨ ਮੈਂ ਸੋਚਣ ਲਗੀ ਕਿ ਭਗਵਾਨ ਮਰ ਤੇ ਨਹੀਂ ਗਿਆ ਹੈ ਜਾਂ ਬੇਹੋਸ਼ ਸੀ, ਜਦ ਕਿ ਉਸ ਦੇ ਬੱਚੇਆਂ ਨੇ ਉਸ ਦੇ ਖ਼ਿਲਾਫ਼ ਬਘਾਵਤ ਕਰ ਦਿੱਤੀ ਸੀ ਅਤੇ ਸ਼ੈਤਾਨ ਦਾ ਹੱਥ ਫੜ ਲੀਤਾ ਸੀ.

ਸਤਿੰਦਰ ਕੁਮਾਰ

'ਅਸੀਂ ਕਸ਼ਮੀਰੀ ਪੰਡਿਤ ਹਾਂ. ਮੇਰੇ ਵਡੇਰੇ ਉਸ ਸਾਲ ਦਿੱਲੀ ਆ ਗਏ, ਜਿਸ ਸਾਮ ਫ਼ਰਾਂਸੀਸੀ ਇਨਕਿਲਾਬ ਹੋਇਆ ਸੀ (1789). ਉਨ੍ਹਾਂ ਨੇ ਮੁਘਲਾਂ ਦੇ ਜਾਗੀਰਦਾਰਾਂ ਦੀ ਮੁਲਾਜ਼ਮਤ ਕੀਤੀ. ਚੂੰਕਿ ਉਹ ਫ਼ਾਰਸੀ, ਅਰਬੀ ਅਤੇ ਉਰਦੂ ਨਾਲ ਵਾਕਫ਼ ਸਨ ਉਸ ਜਮਾਨੇ ਦੇ ਬਾਦਸ਼ਾਹ ਉਨ੍ਹਾਂ ਨੂੰ ਸੇਵਾ ਲਈ ਲੱਭਦੇ ਸੀ, ਕਿਉਂਕਿ ਉਹ ਹਮੇਸ਼ਾ ਇੱਕ ਦੂਜੇ ਨਾਲ ਝਗੜਦੇ ਰਹਿੰਦੇ ਸੀ ਅਤੇ ਰਾਜ਼ੀਨਾਮੇ ਹੋਰ ਸਮਝੌਤੇ ਤਿਆਰ ਕਰਣ ਲਈ, ਮਾਹਿਰ ਲੋਕਾਂ ਦੀ ਲੋੜ ਸੀ. ਉਨ੍ਹਾਂ ਤੋਂ ਇੱਕ ਗੰਗਾ ਰਾਮ, ਮਹਾਰਾਜਾ ਰਣਜੀਤ ਸਿੰਘ ਦੇ ਸੱਦੇ ਤੇ, ਪੰਜਾਬ ਚਲੇ ਗਏ. ਉਨ੍ਹਾਂ ਨੂੰ ਲਾਹੌਰ ਦੀ ਮਸ਼ਹੂਰ ਵਜ਼ੀਰ ਖ਼ਾਨ ਮਸੀਤ ਦੇ ਕਰੀਬ ਇੱਕ ਹਵੇਲੀ ਦਿੱਤੀ ਗਈ. ਉਨ੍ਹਾਂ ਦੇ ਬੇਟੇ ਦੀਵਾਨ ਅਯੋਧਿਆ ਪ੍ਰਸਾਦ ਨੇ ਸਿੱਖ ਫ਼ੌਜ਼ ਦੀ ਸੇਵਾ ਕੀਤੀ, ਅਤੇ ਉਹ ਬਾਘਬਾਨਪੁਰ, ਲਾਹੌਰ ਦੇ ਮਸ਼ਹੂਰ ਅਰਾਇਨ ਪਰਵਾਰ ਦੇ ਮਿਆਂ ਇਲਾਹੀ ਬਕਸ਼, ਦੇ ਸਹਿਯੋਗੀ ਸਨ. ਮਿਆਂ ਇਲਾਹੀ ਬਕਸ਼ ਤੋਪਖ਼ਾਨੇ ਦੇ ਇੱਕ ਕਮਾਂਡਰ ਸਨ ਅਤੇ ਮਿਆਂ ਪਰਵਾਰ ਦੀ ਉਸ ਸ਼ਾਖ ਨੂੰ, ਤੋਪਚੀ ਦੀ ਉਪਾਧੀ ਨਾਲ ਨਵਾਜ਼ਿਆ ਗਿਆ ਹੈ. ਮੇਰੇ ਦਾਦਾ ਰਾਜਾ ਨਰਿੰਦਰ ਨਾਥ ਨੇ ਵਜ਼ੀਰ ਖ਼ਾਨ ਮਸੀਤ ਤੇ ਤਾਲੀਮ ਹਾਸਲ ਕੀਤੀ ਸੀ. ਉਹ ਕੁਰਾਨ ਨਾਲ ਪੂਰੀ ਤਰ੍ਹਾਂ ਵਾਕਫ਼ ਸਨ ਅਤੇ ਇਸ ਦਾ ਪਾਠ ਕਰ ਸਕਦੇ ਸੀ. ਜਦ ਉਨ੍ਹਾਂ ਦੀ ਮੌਤ ਹੋ ਗਈ ਤੇ ਮੁਸਲਿਮ ਉਨ੍ਹਾਂ ਨੂੰ ਦਫ਼ਨ ਕਰਣਾ ਚਾਹੁੰਦੇ ਸੀ ਕਿਉਂਕਿ ਉਹ ਇੱਕ ਹਾਫ਼ਿਜ਼ ਸਨ (ਜੋ ਆਪਣੀ ਯਾਦਦਾਸ਼ਤ ਤੋਂ ਪੂਰੀ ਕੁਰਾਨ ਦਾ ਪਾਠ ਕਰ ਸਕੇ). ਜਦ ਕਿ ਦੂਜੇਆਂ ਨੇ ਕਿਹਾ ਕਿ ਉਹ ਇੱਕ ਬ੍ਰਾਹਮਣ ਸਨ ਅਤੇ ਉਨ੍ਹਾਂ ਦਾ ਦਾਹ-ਸਸਕਾਰ ਕੀਤਾ ਜਾਵੇ. ਪਰਵਾਰ ਨੇ ਉਨ੍ਹਾਂ ਦਾ ਸਾਡੇ ਪ੍ਰਸ਼ਤੈਨੀ ਤਰੀਕੇ ਨਾਲ, ਦਾਹ-ਸਸਕਾਰ ਕਰ ਦਿੱਤਾ.

'ਸਾਡਾ ਪਰਵਾਰ ਨਹਿਰੂ ਪਰਵਾਰ ਦਾ ਰਿਸ਼ਤੇਦਾਰ ਹੈ ਕਿਉਂਕਿ ਸਾਰੇ ਕਸ਼ਮੀਰੀ ਪੰਡਿਤ, ਇੱਕ ਛੋਟੀ ਬਰਾਦਰੀ ਹੋਣ ਕਰ ਕੇ, ਇੱਕ ਦੂਜੇ ਨਾਲ ਰਿਸਤਾ ਰੱਖਦੇ ਨੇ. ਜਵਾਹਰਲਾਲ ਨਹਿਰੂ ਦੀ ਮਾਂ ਲਾਹੌਰ ਦੇ ਇੱਕ ਕਸ਼ਮੀਰੀ ਪੰਡਿਤ ਪਰਵਾਰ ਤੋਂ ਸੀ. ਮੇਰੇ ਪਿਤਾ ਦੀ ਭੈਣ ਰਾਮੇਸ਼ਵਰੀ ਦਾ ਵਿਆਹ ਜਵਾਹਰਲਾਲ ਦੇ ਚਚੇਰੇ ਭਰਾ ਬ੍ਰਿਜਲਾਲ ਨਾਲ ਹੋਇਆ ਸੀ, ਜੋ ਇੰਡੀਆ ਦੇ ਅਮਰੀਕਾ ਦੇ ਰਾਜਦੂਤ ਬੀ.ਕੇ.ਨਹਿਰੂ ਦੇ ਪਿਤਾ ਸਨ. ਸਰ

ਤੇਜ ਬਹਾਦਰ ਸਪਰੂ, ਯੂ.ਪੀ. ਦੇ ਇੱਕ ਹੋਰ ਮਸ਼ਹੂਰ ਪੰਡਿਤ ਕਹਿੰਦੇ ਸੀ ਕਿ ਰਾਜਾ ਸਾਹਿਬ, ਹਿੰਦੂ ਮਹਾਸਭਾ ਦੇ ਆਗੂ ਸਨ ਮਗਰ ਗੁੱਸਾ ਆ ਜਾਣ ਨਾਲ ਉਹ ਅਰਬੀ ਤੇ ਗਾਲਾਂ ਕੱਢਦੇ ਸੀ.

'ਰਾਜਾ ਨਰਿੰਦਰ ਨਾਥ ਹਿੰਦੂ ਮਹਾਸਭਾ ਦੇ ਆਲ-ਇੰਡੀਆ ਦੇ ਆਗੂ ਸਨ. ਉਸ ਦੇ ਚਲਦਿਆਂ ਕੀ ਉਹ ਫ਼ਿਰਕਾਪਰਸਤ ਸਨ? ਹਕੀਕਤ ਤੇ ਨਹੀਂ. ਇਸ ਦੀ ਇਹ ਵਜ੍ਹਾ ਸੀ ਕਿ ਉਹ ਇੱਕ ਬੇਹਦ ਰਈਸ ਇਨਸਾਨ ਸਨ ਅਤੇ ਹਿੰਦੂ ਮਹਾਸਭਾ ਨਾ ਕਿ ਕਾਂਗਰੇਸ ਉਨ੍ਹਾਂ ਦੇ ਦਰਜੇ ਦੇ ਲੋਕਾਂ ਦੇ ਫ਼ਾਇਦੇ ਦੀ ਨੁਮਾਇੰਦਗੀ ਕਰਦੀ ਸੀ. ਉਨ੍ਹਾਂ ਦੇ ਕਈ ਕਰੀਬੀ ਮੁਸਲਿਮ ਦੋਸਤ ਸਨ, ਜਿਸ ਵਿੱਚ ਕਈ ਪੰਜਾਬੀ ਮੁਸਲਿਮ ਸਨ. ਬਾਘਬਾਨਪੁਰਾ ਦਾ ਮਿਆਂ ਪਰਵਾਰ, ਸਰ ਸਿਕੰਦਰ ਹਯਾਤ, ਖ਼ਿਜ਼ਰ ਹਯਾਤ ਟਿਵਾਣਾ ਦੇ ਵਾਲਿਦ, ਮਲਿਕ ਉਮਰ ਹਯਾਤ ਟਿਵਾਣਾ, ਲਾਹੌਰ ਤੇ ਉਨ੍ਹਾਂ ਦੇ ਮੁਸਲਿਮ ਖ਼ਾਨਦਾਨੀ ਦੋਸਤ ਸਨ. ਰਾਜਾਜੀ ਨੇ ਖ਼ਿਜ਼ਰ ਹਯਾਤ ਨੂੰ ਸਿਕੰਦਰ ਹਯਾਤ ਦੀ ਦਸੰਬਰ 1942 ਤੇ ਹੋਈ ਮੌਤ ਦੇ ਬਾਅਦ, ਪੰਜਾਬ ਦੇ ਵਜ਼ੀਰੇ-ਆਜ਼ਮ ਬਣਾਉਣ ਤੇ ਮਦਦ ਕੀਤੀ. ਨਰਿੰਦਰ ਨਾਥ ਦੀ 1943 ਤੇ ਮੌਤ ਹੋ ਗਈ. ਉਨ੍ਹਾਂ ਨੂੰ ਲੈ ਕੇ, ਇੱਕ ਦਿਲਚਸਪ ਵਾਕਿਆ ਹੈ, ਜੋ ਮੈਂ ਤੁਹਾਡੇ ਨਾਲ ਵੰਡਣਾ ਚਾਹੁੰਗਾ. ਇੱਕ ਵਾਰ ਪੰਜਾਬ ਦੇ ਗਵਰਨਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਹ ਕੀ ਕਰ ਰਹੇ ਸੀ. ਉਨ੍ਹਾਂ ਨੇ ਉਸ ਨੂੰ ਜਵਾਬ ਦਿੱਤਾ ਕਿ ਉਹ ਜੌਨ ਸਟੁਅਰਟ ਮਿਲ ਦੀ ਕਿਤਾਬ "ਔਨ ਲਿਬਰਟੀ" ਦਾ ਉਰਦੂ ਤਰਜਮਾ ਕਰ ਰਹੇ ਸੀ. ਇਸ ਨੇ ਗਵਰਨਰ ਨੂੰ ਕਾਫ਼ੀ ਪਰੇਸ਼ਾਨ ਕਰ ਦਿੱਤਾ ਹੋਵੇਗਾ, ਜਿਸ ਨੇ ਉਨ੍ਹਾਂ ਨੂੰ ਖੁਸ਼ ਕਰਣ ਲਈ, ਜਲਦੀ ਨਾਲ ਆਪਣੀ ਸਲਾਹਕਾਰ ਕਮੇਟੀ ਦਾ ਸਦੱਸ ਬਣਾ ਲੀਤਾ. ਮੇਰੇ ਪਿਤਾ ਦੀਵਾਨ ਆਨੰਦ ਕੁਮਾਰ ਇੱਕ ਸਿੱਖਿਆਵਿੱਦ ਸਨ. ਉਨ੍ਹਾਂ ਨੇ ਸਿਆਸਤ ਤੇ ਕੋਈ ਹਿੱਸਾ ਨਹੀਂ ਲੀਤਾ. ਉਹ ਵਾਰਿਸ ਰੋਡ ਦੇ ਫੇਅਰ ਫੀਲਡਸ ਤੇ ਰਹਿੰਦੇ ਸੀ (ਮੌਜੂਦਾ ਲੇਖਕ ਸਿਰਫ਼ 400 ਮੀਟਰ ਦੂਰ ਟੇਮਪਲ ਰੋਡ ਤੇ ਪੈਦਾ ਹੋਇਆ ਸੀ ਅਤੇ ਉਸ ਨੂੰ ਯਾਦ ਹੈ ਕਿ ਫੇਅਰ ਫੀਲਡਸ ਉਸ ਇਲਾਕੇ ਦੀ ਇੱਕ ਵੱਡੀ ਹਵੇਲੀ ਸੀ).

'ਤਕਸੀਮ ਦੇ ਵਕਤ ਮੈਂ ਸਿਰਫ਼ 17 ਸਾਲਾਂ ਦਾ ਸੀ. ਅਸੀਂ ਮਹਿਫ਼ੂਜ਼ ਤਰੀਕੇ ਨਾਲ ਯੂ.ਪੀ. ਦੇ ਦੇਹਰਾਦੂਨ ਆਏ. ਸ਼ਰ ਤੇਜ ਬਹਾਦੁਰ ਸਪਰੂ ਨੇ ਮੈਨੂੰ ਪੁੱਛਿਆ ਕਿ ਅਸੀਂ ਮਹਿਫ਼ੂਜ਼ ਤਰੀਕੇ ਨਾਲ ਪਹੁੰਚੇ ਸੀ ਜਾਂ ਨਹੀਂ. ਮੈਂ ਜਵਾਬ ਦਿੱਤਾ ਯਕੀਨਨ ਅਤੇ ਜੋ ਕੁੱਝ ਅਸੀਂ ਲੈ ਆ ਸਕਦੇ ਸੀ, ਉਹ ਠੀਕ-ਠਾਕ ਆ ਗਿਆ. ਮੇਰੇ ਲਈ ਸਭ ਕੁੱਝ ਦਾ ਮਤਲਬ ਸੀ, ਫ਼ਰਨੀਚਰ, ਮੇਰੇ ਸੰਗਮਰਮਰ ਦੇ ਦੋ ਕੁਕਾਟੂ ਅਤੇ ਮੇਰੀ ਬੰਦੂਕਾਂ, ਕਿਉਂਕਿ ਮੈਂ ਸ਼ਿਕਾਰ ਦਾ ਸ਼ੌਕੀਨ ਸੀ. ਦਰਅਸਲ, ਪਰਵਾਰ ਦੀ ਜਨਾਨੀਆਂ, ਲਾਹੌਰ ਤੋਂ ਮਈ 1947 ਤੇ ਹੀ ਚਲੀ ਗਈਆਂ ਸੀ. ਮੈਂ ਸ਼ਾਹਆਲਮੀ ਦੇ ਸਾੜਣ ਤੋਂ ਬਾਅਦ ਮਗਰ ਇੰਡੀਆ ਅਤੇ ਪਾਕਿਸਤਾਨ ਦੇ ਵਿੱਚ ਦੀ ਸਰਹਦਾਂ ਦੇ ਐਲਾਨ ਹੋਣ ਤੋਂ ਪਹਿਲਾਂ ਆ ਗਿਆ. ਸੱਚ ਤੇ ਇਹ ਹੈ ਕਿ ਸਾਨੂ ਕਦੀ ਧਮਕੀ ਨਹੀਂ ਮਿਲੀ. ਫ਼ਸਾਦਾਂ ਦੇ ਦੌਰਾਨ, ਸਾਡੇ ਕਿਰਾਇਐਦਾਰਾਂ ਨੇ ਸਾਨੂ ਬਚਾਇਆ. ਸਿਰਫ਼ ਇੱਕ ਵਾਰ ਅਸੀਂ ਖ਼ਤਰਾ ਮਹਿਸੂਸ ਕੀਤਾ ਜਦ ਮੇਰੇ ਪਿਤਾ ਦੇ ਇੱਕ ਦੋਸਤ, ਮੌਲਵੀ ਮੁਹੱਮਦ ਸ਼ਫ਼ੀ, ਜੋ ਨਜਦੀਕ ਦੀ ਮੇਸਨ ਰੋਡ ਤੇ ਰਹਿੰਦੇ ਸੀ, ਸੁਨੇਹਾ ਭੇਜਿਆ ਕਿ ਭੁੰਡਪੁਰਾ, ਜੋ ਸਾਡੇ ਘਰ ਦੇ ਕਰੀਬ ਦਾ ਇੱਕ ਮੁਸਲਿਮ ਮਜਾਰਿਟੀ ਵਾਲਾ ਇਲਾਕਾ ਸੀ, ਉਥੋਂ ਦੇ ਬਦਮਾਸ਼, ਇੱਕ ਹਮਲਾ ਕਰਣ ਵਾਲੇ ਸੀ. ਸਾਡੇ ਨੈਕਰ ਯੂਸਫ਼ ਦਾ ਬੇਟਾ ਭੁੰਡਪੁਰਾ ਰਹਿੰਦਾ ਸੀ ਅਤੇ ਹਾਲਾਂਕਿ ਉਸ ਨੇ ਦੂਜੀ ਜਗ੍ਹਾਂ ਤੇ ਹਮਲੇਆ ਤੇ ਹਿੱਸਾ ਲੀਤਾ, ਉਸ ਨੇ ਇਹ ਪੱਕਾ ਕੀਤਾ ਕਿ ਅਸੀਂ ਮਹਿਫ਼ੂਜ਼ ਰਹਿਏ. ਅਤੇ, ਸਾਡੇ ਘਰ ਉਪਰ ਕੋਈ ਹਮਲਾ ਨਹੀਂ ਹੋਇਆ.

'ਮੇਰੇ ਪਿਤਾ ਤਕਸੀਮ ਦੇ ਬਾਅਦ ਆਏ, ਜਦ ਅੰਦਰੁਨ ਸ਼ਹਿਰ ਤੋਂ ਉਨ੍ਹਾਂ ਦੇ ਇੱਕ ਹੋਰ ਮੌਲਵੀ ਦੋਸਤ ਦੀ ਮਾਂ ਨੇ ਇੱਕ ਹਿੰਦੂ ਨੂੰ ਮਾਰ ਖਾ ਕੇ ਮਰਦੇ ਵੇਖਿਆ, ਉਸ ਦੀ ਹੱਡੀਆਂ ਬੇਰਹਿਮੀ ਨਾਲ ਤੋੜ ਦਿੱਤੀ ਗਈਆਂ ਸੀ. ਉਸ ਨੇ ਉਨ੍ਹਾਂ ਨੂੰ ਕਿਹਾ, 'ਸਤਮਿੰਦਰ ਨੂੰ ਬਿਲਕੁਲ ਹੁਣ ਹੀ ਜਾਣ ਨੂੰ ਕਹਿ'. ਇੰਡੀਆ ਤੇ ਹਾਲਾਤ ਇੰਨੇ ਹੀ ਖਰਾਬ ਸਨ. ਸ਼ੋਲਨ ਤੋਂ ਗੱਡੀ ਲੈ ਕੇ ਜਾਂਦੇ ਵਕਤ, ਕਾਲਕਾ ਦੀ ਰੇਲਵੇ ਕਰਾਸਿੰਗ ਤੇ ਉਨ੍ਹਾਂ ਨੇ ਇੱਕ ਮੁਸਲਿਮ ਜੀਉਂਦੇ ਇਨਸਾਨ ਨੂੰ ਵੇਖਿਆ ਜੋ ਇੱਕ ਗੱਡੀ ਤੋਂ ਉਤਰਨ ਤੇ ਕਾਮਯਾਬ ਸੀ, ਜਿਸ ਉਪਰ ਹਮਲਾ ਹੋਇਆ ਸੀ ਅਤੇ ਪਾਕਿਸਤਾਨ ਜਾ ਰਹੇ, ਜ਼ਿਆਦਾਤਰ ਮੁਸਲਿਮ ਪਨਾਹਗੀਰ ਮਾਰ ਦਿੱਤੇ ਗਏ ਸੀ. ਉਹ ਉਸ ਨੂੰ ਕਾਲਕਾ ਦੇ ਨੇੜੇ ਇੱਕ ਹਸਪਤਾਲ ਲੈ ਗਏ, ਜਿਥੇ ਕੁੱਝ ਹਿੰਦੂਆਂ ਨੇ ਇੱਕ ਮੁਸਲਿਮ ਦੀ ਮਦਦ ਕਰਣ ਤੇ ਆਨਾਕਾਨੀ ਕੀਤੀ. ਉਨ੍ਹਾਂ ਨੇ ਕਿਹਾ, 'ਮਰੀਜ਼ ਦਾ ਕੋਈ ਮਜ਼ਹਬ ਨਹੀਂ ਹੁੰਦਾ'. ਮਾਮਲਾ ਨਿਪਟ ਗਿਆ ਅਤੇ ਡਾਕਟਰਾਂ ਨੇ ਉਸ ਇਕੱਲੇ ਬਚੇ ਇਨਸਾਨ ਦੀ ਮਦਦ ਕੀਤੀ.

'ਜਦ ਮੈਂ ਇੱਕ ਛੋਟਾ ਮੁੰਡਾ ਸੀ, ਤਦ ਅਕਸਰ ਘੋੜੇ ਤੇ ਬੈਠ ਕੇ ਪਿੰਡ ਬੀਰ ਜਾਂਦਾ ਸੀ, ਜੋ ਨਵਾਬ ਕਿਜ਼ਿਲਬਾਸ਼ ਦੀ ਜ਼ਮੀਨ ਦੇ ਕਰੀਬ ਸੀ ਅਤੇ ਇਸ ਨੂੰ, ਇਲਾਕਾ ਨਵਾਬ ਸਾਹਿਬ ਕਿਹਾ ਜਾਂਦਾ ਸੀ. ਬੀਰ ਸਾਡਾ ਸੀ. ਅਸੀਂ ਆਪਣੀ ਜ਼ਮੀਨ ਕਿਰਾਇਏ ਤੇ ਮੁਸਲਿਮਾਂ ਨੂੰ ਅਤੇ ਕੁੱਝ ਸਿੱਖਾਂ ਨੂੰ ਵਾਹੀ ਕਰਣ, ਦਿੱਤੀ ਹੋਈ ਸੀ. ਸਾਡਾ ਪਰਵਾਰ ਕਿਰਾਇਆਦਾਰਾਂ ਨਾਲ ਕਦੀ ਬਦਸਲੂਕੀ ਨਹੀਂ ਕਰਦਾ ਸੀ. ਕਿਹਾ ਜਾਂਦਾ ਸੀ ਜਦ ਕਿ ਨਵਾਬ ਕਿਜ਼ਿਲਬਾਸ਼ ਆਪਣੀ ਹਿਫ਼ਾਜ਼ਤ ਲਈ, ਹਮੇਸ਼ਾ ਮੁਹਾਫ਼ਿਜ਼ਾਂ ਨਾਲ ਚਲਦੇ ਸੀ, ਸਾਨੂ ਹਿੰਦੂ ਬ੍ਰਾਹਮਣਾ ਨੂੰ ਕਦੀ ਇਸ ਦੀ ਜ਼ਰੂਰਤ ਮਹਿਸੂਸ਼ ਨਹੀਂ ਹੋਈ. ਮੇਰਾ ਯਕੀਨ ਹੈ ਕਿ ਆਮ ਆਦਮੀ ਵਫ਼ਾਦਾਰ ਅਤੇ ਰਹਿਮਦਿਲ ਨੇ, ਅਗਰ ਉਨ੍ਹਾਂ ਦੇ ਨਾਲ ਸਹੀ ਸਲੂਕ ਕੀਤਾ ਜਾਵੇ.

'ਮੈਂ ਹਮੇਸ਼ਾ ਆਪਣੇ ਕਾਲਜ ਦਾ ਦੌਰਾ ਕਰਣਾ ਚਾਹੁੰਦਾ ਸੀ, ਜਿਥੇ ਮੈਂ ਆਪਣੀ ਜ਼ਿੰਦਗੀ ਦੇ ਸਭ ਤੋਂ ਹਸੀਨ ਦਿਨ ਗੁਜ਼ਾਰੇ. ਐਟਚਿਸਨ ਕਾਲਜ, ਲਾਹੌਰ ਤੇ ਮੇਰੇ ਕਈ ਦੋਸਤ ਸਨ. ਮੈਨੂੰ ਪਹਿਲਾ ਮੌਕਾ 1998 ਤੇ ਮਿਲਿਆ: ਜਿਸ ਸਾਲ ਇੰਡੀਆ ਅਤੇ ਪਾਕਿਸਤਾਨ ਦੋਨਾਂ ਨੇ ਐਟਮੀ ਟੈਸਟ ਕੀਤੇ ਸਨ. ਲੋਕਾਂ ਨੇ ਮੈਨੂੰ ਚੇਤਾਵਨੀ ਦਿੱਤੀ ਕਿ ਮੈਂ ਨਾ ਜਾਵਾਂ ਮਗਰ ਮੈਨੂੰ ਕੋਈ ਫ਼ਿਕਰ ਨਹੀਂ ਸੀ. ਲਾਹੌਰ ਦੀ ਮਿੱਟੀ ਤੇ ਕਦਮ ਰੱਖਣ ਦਾ ਇਹਸਾਸ ਮੈਂ ਬਿਆਨ ਨਹੀਂ ਕਰ ਸਕਦਾ, ਹਾਲਾਂਕਿ ਸਾਨੂੰ ਇੰਨੇ ਸਾਲਾਂ ਪਹਿਲਾਂ, ਇਸ ਨੂੰ ਛੱਡ ਕੇ ਭੱਜਣਾ ਪਇਆ ਸੀ. ਲਾਹੌਰ ਦੀ ਮੇਰੀ ਯਾਦਦਾਸ਼ਤ ਸਿਰਫ਼ ਚੰਗੇ ਵਕਤ ਦੀ ਸੀ. ਮੈਂ ਗਿਆ ਅਤੇ ਅੰਦਰੁਨ ਸ਼ਹਿਰ ਤੇ ਆਪਣੇ ਪੁਰਾਣੇ ਘਰ ਨੂੰ ਵੇਖਿਆ. ਮੈਂ ਫੇਅਰਡੀਲਡ ਵੀ ਵੇਖਿਆ, ਮਗਰ ਇੱਕ ਦੂਰੀ ਤੋਂ. ਇਹ ਡਾਕਟਰ ਬਣ ਰਹੀਆਂ ਕੁੜੀਆਂ ਦਾ ਇੱਕ ਹਾਸਟਲ ਸੀ ਜਿਸ ਦਾ ਨਾਂਅ ਸੀ ਫ਼ਾਤਿਮਾ ਜਿਨਾਹ ਹਾਸਟਲ ਫੈਰ ਗਰਲਸ. ਉਥੇ ਦਾ ਕਾਲਜ ਸਰ ਗੰਗਾ ਰਾਮ ਨੇ ਬਣਾਇਆ ਸੀ, ਜੋ ਕੁੱਝ ਮਿਨਟਾਂ ਦੀ ਦੂਰੀ ਤੇ ਸੀ. ਦੂਜੀ ਵਾਰ, ਮੈਂ 1999 ਤੇ ਬਸੰਤ ਦੇ ਵਕਤ ਗਿਆ. ਪਤੰਗਬਾਜ਼ੀ ਦੀ ਪੁਰਾਣੀ ਯਾਦਾਂ, ਕਈ ਜਜ਼ਬੇਆਂ ਨਾਲ, ਵਾਪਸ ਆ ਗਈਆਂ. ਕਈ ਮਾਮਲੇਆਂ ਤੇ ਲਾਹੌਰ ਇੱਕ ਵਰਗਾ ਹੀ ਸੀ.

'ਮੈਂ ਆਪਣੇ ਪਾਕਿਸਤਾਨੀ ਮੇਜ਼ਬਾਨ, ਜੋ ਮੇਰੀ ਤਰ੍ਹਾਂ ਐਟਚੀਸਨ ਕਾਲਜ ਤੋਂ ਪੜ੍ਹੇ ਨੇ, ਉਨ੍ਹਾਂ ਦੇ ਅੱਠ ਸਾਲ ਦੇ ਬੇਟੇ ਅਜ਼ਹਰ ਨਾਲ ਬੀਰ ਦਾ ਦੌਰਾ ਕੀਤਾ. ਮੈਂ ਵੇਖਿਆ ਕਿ, ਪੁਰਾਣੇ ਵਕਤ ਦੀ ਤਰ੍ਹਾਂ, ਕੁੱਝ ਬਜ਼ੁਰਗ ਪਿੰਡ ਦੇ ਚੌਕ ਤੇ ਬੈਠ ਕੇ, ਗੱਲਬਾਤ ਕਰ ਰਹੇ ਸੀ. ਮੈਂ ਉਨ੍ਹਾਂ ਦੇ ਵਿੱਚ ਸ਼ਾਮਲ ਹੋ ਗਿਆ ਅਤੇ ਪੁੱਛਿਆ ਕਿ ਪੁਰਾਣਾ ਬਰਗਦ ਦਾ ਦਰਖ਼ਤ ਕਿਧਰ ਗਿਆ ਅਤੇ 80 ਏਕੜਾਂ ਵਾਲਾ ਅੰਬਾਂ ਦਾ ਬਾਘ ਕਿਧਰ ਗਿਆ (ਬੀਰ

1500 ਏਕੜਾਂ ਦਾ ਪਿੰਡ ਸੀ). ਬਜ਼ੁਰਗਾਂ ਨੂੰ ਯਾਦ ਸੀ ਕਿ ਅੰਬਾ ਦਾ ਬਾਘ ਉਨ੍ਹਾਂ ਦੇ ਰਾਜਾ ਪਰਵਾਰ ਦਾ ਸੀ, ਪਰ ਜਦ ਉਹ 1947 ਤੇ, ਇੰਡੀਆ ਚਲੇ ਗਏ ਅਤੇ ਇੰਡੀਆ ਤੋਂ ਆਏ ਕਿਸੇ ਨੂੰ ਇਹ ਬਾਘ ਦੇ ਦਿੱਤਾ ਗਿਆ. ਉਸ ਨੇ ਉਸ ਬਾਘ ਨੂੰ ਵੱਡਾ ਦਿੱਤਾ ਅਤੇ ਇੱਕ ਕਲੋਨੀ ਬਣਾ ਦਿੱਤੀ ਅਤੇ ਨਵਾਂ ਜੌਹਰ ਟਾਉਨ, ਲਾਹੌਰ ਦੇ ਬਾਹਰੀ ਇਲਾਕੇ ਵਾਲਾ, ਇਸ ਉਪਰ ਬਣ ਗਿਆ. ਉਨ੍ਹਾਂ ਤੋਂ ਕਿਸੇ ਨੇ ਕਿਹਾ ਕਿ ਉਹ ਰਾਜਾ ਸਾਹਿਬ ਦੇ ਪੋਤੇ ਚੀਕੂ ਸਾਹਿਬ (ਮੇਰਾ ਘਰ ਦਾ ਨਾਂਅ) ਨਾਲ ਸ਼ਿਕਾਰ ਤੇ ਜਾਂਦਾ ਸੀ. ਉਸ ਵਕਤ ਅਜ਼ਹਰ ਨੂੰ ਮੈਂ ਪੁਛਿਆ ਕਿ ਮੇਰਾ ਨਾਂਅ ਕੀ ਸੀ ਅਤੇ ਜਦ ਉਨ੍ਹਾਂ ਨੇ ਮੈਨੂੰ ਚੀਕੂ ਅੰਕਲ ਕਿਹ ਕੇ ਪੁਕਾਰਿਆ, ਤਦ ਉਨ੍ਹਾਂ ਨੂੰ ਪਤਾ ਲਗਾ ਕਿ ਮੈਂ ਕੌਣ ਸੀ. ਅਚਾਨਕ ਕਈ ਬਜ਼ੁਰਗਾਂ ਨੇ ਮੈਨੂੰ ਗਲੇ ਲਗਾ ਲੀਤਾ ਅਤੇ ਅਸੀਸਾਂ ਦਿੱਤੀਆਂ (ਮੈਂ ਖੁਦ 71 ਸਾਲਾਂ ਦਾ ਸੀ). ਅਸੀਂ ਪੁਰਾਣੀ ਗੱਲਾਂ ਯਾਦ ਕਰਣ ਲਗੇ ਅਤੇ ਅਚਾਨਕ ਗੁਜ਼ਰੇ ਵਕਤ ਤੇ ਚਲੇ ਗਏ ਸੀ, ਜਦ ਅਸੀਂ ਨੌਜਵਾਨ ਸੀ, ਇਕੱਠਾ ਖੇਡਦੇ ਸੀ, ਅਤੇ ਬਹੁਤ ਉਮਦਾ ਵਕਤ ਗੁਜ਼ਾਰਿਆ. ਉਸ ਸ਼ਾਮ, ਸੈਕੜੇ ਬੰਦੇ ਮੇਰੇ ਨਾਲ ਗੱਲ ਬਾਤ ਕਰਣ ਨੂੰ ਇਕੱਠਾ ਹੋਏ. ਇਹ ਇੱਕ ਬੇਹਦ ਜਜ਼ਬਾਤੀ ਤਜਰਬਾ ਸੀ.

'2001 ਤੇ, ਮੇਰੀ ਬੇਟੀ ਗਾਰਗੀ ਲਾਹੌਰ ਗਈ. ਉਹ ਸਾਡਾ ਅੰਦਰੁਨ ਸ਼ਹਿਰ ਵੇਖਣ ਗਈ. ਇੱਕ ਬਜ਼ੁਰਗ ਔਰਤ ਜੋ ਅੱਮ੍ਰਿਤਸਰ ਤੋਂ ਸੀ, ਉਸ ਨੂੰ ਗਲੇ ਮਿਲੀ ਅਤੇ ਜ਼ੋਰ ਜ਼ੋਰ ਦੀ ਰੋਣ ਲਗੀ. ਉਸ ਦੀ ਬੇਟੀ ਦਾ ਅੱਮ੍ਰਿਤਸਰ ਦੇ ਕਤਲ ਹੋ ਗਿਆ ਸੀ ਅਤੇ ਮੈਨੂੰ ਲਗਦਾ ਸੀ ਕਿ ਉਹ ਆਪਣੇ ਸੀਨੇ ਦਾ ਇੱਕ ਵੱਡਾ ਭਾਰ ਹਟਾਉਣਾ ਚਾਹੁੰਦੀ ਸੀ, ਅਤੇ ਗਾਰਗੀ ਦੀ ਮੌਜੂਦਗੀ ਨੇ ਉਸ ਨੂੰ ਅਪਣੇ ਢੂੰਘੇ ਗ਼ਮ ਅਤੇ ਸੋਗ ਨੂੰ ਜ਼ਾਹਰ ਕਰਣ ਦਾ ਇੱਕ ਮੌਕਾ ਦਿੱਤਾ. ਗਾਰਗੀ ਵੀ ਬੀਰ ਗਈ, ਜਿਥੇ ਉਸ ਨੂੰ ਇੱਕ ਬੇਟੀ ਦੀ ਤਰ੍ਹਾਂ ਮਾਣ ਦਿੱਤਾ ਗਿਆ ਅਤੇ ਉਸ ਨੂੰ ਕਈ ਤੋਹਫ਼ੇ ਦਿੱਤੇ ਗਏ. ਉਹ ਫੇਅਰ ਫੀਲਡ ਵੀ ਜਾ ਕੇ ਆਪਣੇ ਘਰ ਦੇ ਅੰਦਰ ਗਈ ਅਤੇ ਉਥੇ ਦੀ ਤਸਵੀਰਾ ਲਈਆਂ. ਇਹ ਪਹਿਲਾ ਮੌਕਾ ਸੀ, ਜਦ ਸਾਡਾ ਪਰਵਾਰ ਫੇਅਰ ਫੀਲਡ ਵੇਖ ਸਕਿਆ ਜਿਸ ਵਿੱਚ ਉਹ ਕਮਰਾ ਵੀ ਸੀ, ਜਿਥੈ ਮੈਂ ਪੈਦਾ ਹੋਇਆ ਸੀ. ਸਾਡੇ ਲਈ, ਲਾਹੌਰ ਹਮੇਸ਼ਾ ਸਾਡੀ ਜ਼ਿੰਦਗੀ ਦਾ ਇੱਕ ਹਿੱਸਾ ਰਹੇਗਾ.'

ਵਿਸ਼ਾਰਦਾ ਹੂਨ

'ਹਾਲਾਂਕਿ ਸਾਡੇ ਪਰਵਾਰ ਦਾ ਤਾਲੁੱਕ ਲਾਹੌਰ ਨਾਲ ਸੀ, ਮੇਰਾ ਜਨਮ 20 ਜੂਨ, 1926 ਨੂੰ ਸ਼ੇਖੁਪੁਰਾ ਤੇ ਹੋਇਆ ਸੀ, ਜੋ ਲਾਹੌਰ ਤੋਂ 150 ਕਿਲੋਮੀਟਰ ਦੂਰ ਸੀ ਅਤੇ ਜਿਥੇ ਮੇਰੇ ਪਿਤਾ, ਰਾਏਸਾਹਿਬ ਸਵਾਲੀਦਾਸ ਪੀ.ਡਬਲੁ.ਡੀ ਤੇ ਬਤੌਰ ਐਕਸੀਕਯੂਟੀਵ ਇੰਜਿਨੀਅਰ ਮੁਲਾਜ਼ਮ ਸਨ. 1927 ਤੇ, ਉਨ੍ਹਾਂ ਦਾ ਫਿਰ ਲਾਹੌਰ ਤੇ ਵਾਪਸੀ ਤਬਾਦਲਾ ਹੋ ਗਿਆ, ਜਿਥੇ ਉਨ੍ਹਾਂ ਨੇ ਮਾਡਲ ਟਾਉਨ ਦੀ ਉਪਨਗਰੀ ਤੇ ਇੱਕ ਖੁੱਲ੍ਹਾ ਮਕਾਨ ਬਣਾਇਆ. ਇਸ ਘਰ ਦਾ ਨਾਂਅ ਸੀ 'ਵਿਦਿਆ ਨਿਵਾਸ', ਜੋ ਮੇਰੇ ਮਾਂ ਦੇ ਨਾਂਅ ਤੇ ਸੀ. ਮੇਰੀ ਮਾਂ ਉਨ੍ਹਾਂ ਦੀ ਦੂਜੀ ਪਤਨੀ ਸੀ. ਮੇਰੇ ਦੋ ਸੌਤੇਲੇ ਭਰਾ ਸੀ, ਲਛਮਨ ਦਾਸ ਅਤੇ ਰੌਸ਼ਨ ਦਾਸ. ਲਛਮਨ ਮੇਰੇ ਤੋਂ 20 ਸਾਲ ਵੱਡਾ ਸੀ ਅਤੇ ਉਹ ਵੀ ਮੇਰੇ ਪਿਉ ਸਮਾਨ ਸੀ. ਮੇਰੀ ਮਾਂ ਨੇ ਚਾਰ ਬੱਚੇਆਂ ਨੂੰ ਜਨਮ ਦਿੱਤਾ. ਉਹ ਪੰਜਾਬੀ, ਹਿੰਦੀ, ਉਰਦੂ ਅਤੇ ਅੰਗ੍ਰੇਜ਼ੀ ਚੰਗੀ ਤਰ੍ਹਾਂ ਜਾਣਦੀ ਸੀ. ਉਹ ਇਣ ਜ਼ਬਾਨਾਂ ਤੇ ਪੜ੍ਹ ਲਿਖ ਵੀ ਸਕਦੀ ਸੀ, ਹਾਲਾਂਕਿ ਉਸ ਦੀ ਕੋਈ ਡਿਗਰੀ ਨਹੀਂ ਸੀ.

'ਜ਼ਿੰਦਗੀ ਬਹੁਤ ਖੁੱਲ੍ਹੇ ਵਕਤ ਵਾਲੀ ਸੀ. ਸਾਨੂ ਬਹੁਤ ਜ਼ਿਆਦਾ ਆਜ਼ਾਦੀ ਸੀ. ਸਾਨੂ ਤੈਰਾਕੀ, ਖੇਡਾਂ, ਯੋਗਾ ਅਤੇ ਨਾਚ ਦਾ ਸ਼ੌਕ ਸੀ. ਸਾਡੇ ਘਰ ਦੇ ਪਿਛਵਾੜੇ ਦੇ ਇੱਕ ਬੈਡਮਿੰਟਨ ਦਾ ਕੋਰਟ ਵੀ ਸੀ, ਜਿਥੇ ਰਾਤ ਨੂੰ ਵੀ ਖੇਡਨ ਲਈ ਲਾਈਟਾਂ ਲਗਾਇਆਂ ਹੋਇਆਂ ਸੀ. ਜਦ ਕਦੀ, ਬਾਜ਼ਾਰ ਵਿੱਚ ਕੋਈ ਨਵੀਂ ਚੀਜ ਆਉਂਦੀ, ਜੈਦਾਂ ਕਿ ਰੇਡੀਉ, ਰਿਕਾਰਡ ਪਲੇਇਰ ਜਾਂ ਫ੍ਰਿਜ, ਸਾਨੂ ਇਹ ਜ਼ਰੂਰ ਹਾਸਲ ਹੋ ਜਾਂਦੀ. ਅਸੀਂ ਅਕਸਰ, ਆਪਣੇ ਪਿਤਾ ਦੀ ਵਿਨਟੇਜ ਗੱਡੀ ਏਸੇਕਸ ਤੇ ਬੈਠ ਕੇ, ਲਾਹੌਰ ਤੇ ਫ਼ਿਲਮਾ ਜਾਂ ਮੇਲੇ ਵੇਖਣ ਜਾਂਦੇ ਸੀ. ਮੈਂ 1941 ਤੇ ਕੁੜੀਆਂ ਦੇ ਪੰਜਾਬ ਕਾਲਜ ਤੇ ਭਰਤੀ ਹੋਈ. ਇਸ ਨੂੰ ਮੇਰੀ ਆਂਟੀ ਅਮਰ ਕੁਮਾਰੀ ਵਰਮਾ ਚਲਾਉਂਦੀ ਸੀ. ਉਹ ਸਾਲ, ਇੰਡੀਆ ਦੇ ਇਤਿਹਾਸ ਲਈ ਬੇਹਦ ਅਹਿਮ ਸਨ. ਕੁੱਝ ਮਸ਼ਹੂਰ ਵਿਦਿਆਰਥੀਆਂ ਵਿੱਚ, ਪ੍ਰਧਾਨ ਮੰਤਰੀ ਆਈ.ਕੇ.ਗੁਜਰਾਲ ਦੀ ਪਤਨੀ ਸੁਸ਼ੀਲਾ, ਅਭਿਨੇਤਾ ਆਈ.ਐਸ.ਜੋਹਰ ਦੀ ਪਤਨੀ ਰਮਾ ਹੂਨ ਅਤੇ ਕਾਂਗਰੇਸ ਸੋਸ਼ਲਿਸਟ ਪਾਰਟੀ ਦੇ ਆਗੂ ਪ੍ਰੇਮ ਭਸੀਨ ਦੀ ਪਤਨੀ ਕਮਲਾ ਅਹੁਜਾ, ਸਾਮਲ ਹਨ.

'9 ਦਸੰਬਰ 1942 ਨੂੰ, ਮੈਂ ਲਾਹੌਰ ਅਤੇ ਅਨਾਰਕਲੀ ਮਾਰਕੀਟ ਤੇ, ਇੱਕ ਹੜਤਾਲ ਵਿੱਚ ਸੁਮਾਰੀ ਕੀਤੀ. ਸਾਡੇ ਉਪਰ ਲਾਠੀਆਂ ਬਰਸਾਈਆਂ ਗਈਆਂ, ਫੜ ਕੇ ਲਾਹੌਰ ਸੇਂਟਰਲ ਜੇਲ੍ਹ ਤੇ ਭੇਜ ਦਿੱਤਾ ਗਿਆ. ਮੇਰੇ ਲਈ, ਇਹ ਇੱਕ ਨਵਾਂ ਤਜਰਬਾ ਸੀ. ਮੈਂ ਸਿਰਫ਼ 16 ਸਾਲਾਂ ਦੀ ਸੀ. ਕੈਦ ਤੇ ਉਣ ਚਾਰ ਦਿਨਾਂ ਨੇ ਮੈਨੂੰ ਬਹੁਤ ਕੁੱਝ ਸਿਖਾਇਆ. ਮੇਰੇ ਕਾਂਗਰੇਸ ਸੋਸ਼ਲਿਸਟ ਪਾਰਟੀ (ਸੀ.ਐਸ਼.ਪੀ.) ਦੇ ਆਗੂਆਂ ਵਿੱਚ ਤਿਲਕ ਰਾਜ ਚੱਡਾ, ਪ੍ਰੇਮ ਭਸੀਨ, ਅਚਯੁਤ ਪਟਵਰਧਨ, ਅਸ਼ੋਕ ਮੇਹਤਾ, ਰਾਮ ਮਨੋਹਰ ਲੋਹੀਆ, ਜੈਪ੍ਰਕਾਸ਼ ਨਰਾਇਨ ਅਤੇ ਰਾਮਨੰਦਨ ਮਿਸ਼ਰਾ, ਸ਼ਾਮਲ ਸਨ. ਜੈਪ੍ਰਕਾਸ਼ ਨਰਾਇਨ ਅਤੇ ਰਾਮਨੰਦਨ ਮਿਸ਼ਰਾ ਹਜ਼ਾਰੀਬਾਘ ਜੇਲ੍ਹ ਤੋਂ ਭੱਜੇ ਸੀ. ਉਹ ਸਾਡੇ ਨਾਇੱਕ ਸਨ. ਸੀ.ਐਸ਼.ਪੀ. ਕਾਗਰੇਸ ਤੋਂ ਜ਼ਿਆਦਾ ਨੈਜਵਾਨਾਂ ਨੂੰ ਆਪਣੀ ਤਰਫ਼ ਖਿੱਚ ਰਹੀ ਸੀ. ਮੈਂ ਰੈਲੀਆਂ, ਕਾਲਜ ਦੀ ਹੜਤਾਲਾਂ ਤੇ ਹਿੱਸਾ ਲੈਣਾ ਸ਼ੁਰੂ ਕੀਤਾ ਅਤੇ ਜਲਦ ਹੀ, ਮਹਿਲਾ ਵਿਦਿਆਰਥੀਆਂ ਦੀ ਸ਼ਾਖ ਦੀ ਸੇਕ੍ਰੇਟਰੀ ਬਣ ਗਈ. ਫ਼ਿਰਕੂ ਪ੍ਰੋਪੇਗੰਡਾ ਨੇ ਮੈਨੂੰ ਜ਼ਿਆਦਾ ਮੁਤਾਸਰ ਨਹੀਂ ਕੀਤਾ. ਮੇਰੇ ਕੁੱਝ ਸਭ ਤੋਂ ਕਰੀਬੀ ਮਿੱਤਰ ਮੁਸਲਿਮ ਸਨ. ਮੈਂ ਖ਼ਾਸ ਕਰ ਕੇ ਫ੍ਰੰਟਿਅਰ ਦੇ ਅਜ਼ੀਜ਼ ਨੂੰ ਯਾਦ ਕਰਦੀ ਹਾਂ. ਮਾਡਲ ਟਾਉਨ ਇੱਕ ਮਿਲੀ-ਜੁਲੀ ਕਲੋਨੀ ਸੀ ਅਤੇ ਮੇਰੇ ਕਈ ਮੁਸਲਿਮ ਦੋਸਤ ਸਨ. ਸੱਚ ਤੇ ਇਹ ਹੈ ਕਿ ਫ਼ਸਾਦਾਂ ਦੇ ਦੌਰਾਨ, ਸਾਡੇ ਮੁਸਲਿਮ ਦੋਸਤਾਂ ਨੇ ਸਾਡੀ ਮਦਦ ਕੀਤੀ. ਅਸੀਂ ਨਹੀਂ ਚਾਹੁੰਦੇ ਸੀ ਕਿ ਤਕਸੀਮ ਹੋਵੇ. ਅਸੀਂ ਜਾਣ ਨੂੰ ਤਿਆਰ ਨਹੀਂ ਸੀ. ਕਿਸੇ ਨੇ ਨਹੀਂ ਸੋਚਿਆ ਸੀ ਕਿ ਹਿੰਦੂਆਂ ਨੂੰ ਪਾਕਿਸਤਾਨ ਤੇ ਕੋਈ ਜਗ੍ਹ ਨਹੀਂ ਮਿਲੇਗੀ.

'ਇਸ ਦੌਰਾਨ, ਮੈਂ ਆਪਣੀ ਬੀ.ਏ. ਪੁਰੀ ਕਰ ਕੇ ਗਵਰਨਮੇਂਟ ਕਾਲਜ, ਲਾਹੌਰ ਤੇ ਦਾਖ਼ਿਲਾ ਲੀਤਾ ਅਤੇ ਆਪਣੀ ਮਾਸਟਰ ਡਿਗਰੀ ਲਈ ਸਾਇਕੋਲੋਜੀ ਨੂੰ ਚੁਣਿਆ. ਜਦ ਹਾਲਾਤ ਤੀਬਰ ਹੋ ਗਏ ਅਤੇ ਉਜੜੇ ਹੋਏ ਲੋਕ, ਪਛੱਮ ਪੰਜਾਬ ਦੇ ਅੰਦਰੂਨੀ ਇਲਾਕਿਆ ਤੋਂ, ਲਾਹੌਰ ਪਹੁੰਚਣ ਲਗੇ, ਮੇਰੇ ਮਾਤਾ-ਪਿਤਾ ਦਹਿਸ਼ਤਮੰਦ ਹੋ ਗਏ. ਇਹ ਫ਼ੈਸਲਾ ਕੀਤਾ ਗਿਆ ਕਿ ਅਸੀਂ ਕੁੱਝ ਵਕਤ ਲਈ ਦੇਹਰਾਦੂਨ ਚਲੇ ਜਾਇਐ. ਮੇਰੇ ਮਾਮਾ ਦੂਨ ਸਕੂਲ ਤੇ ਬਤੌਰ ਹਾਉਸਮਾਸਟਰ ਕੱਮ ਕਰਦੇ ਸੀ ਅਤੇ ਮੇਰੀ ਮਾਮੀ ਉਸੇ ਸਕੂਲ ਤੇ ਬਤੌਰ ਮੈਟਰਨ ਕੱਮ ਕਰਦੀ ਸੀ. ਅਸੀਂ ਮਈ 1947 ਤੇ ਦੇਹਰਾਦੂਨ ਆ ਗਏ, ਇਸ ਉਮੀਦ ਨਾਲ ਕਿ ਅਸੀਂ ਆਪਣੇ ਘਰ ਵਾਪਸ ਚਲੇ ਜਾਵਾਂਗੇ, ਜਦ ਦੰਗੇ ਰੁਕ ਜਾਂਦੇ ਨੇ. ਮੈਂ ਸਿਰਫ਼ ਆਪਣੀ ਕਿਤਾਬਾਂ ਅਤੇ ਕਪੜੇ ਲੈ ਕੇ ਆਈ.

'14 ਅਗਸਤ, 1947 ਨੂੰ ਸਾਡੇ ਇੱਕ ਰਿਸ਼ਤੇਦਾਰ ਨੂੰ ਮੁਸਲਿਮਾਂ ਨੇ ਲਾਹੌਰ ਸਟੇਸ਼ਨ ਤੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ. ਅਤੇ ਮੇਰੇ ਭਰਾਵਾਂ ਨੇ, ਜੋ ਘਰ ਦੀ ਦੇਖ-ਭਾਲ ਕਰਣ ਗਏ ਸੀ, ਮੋਟਰ ਕਾਰ ਲੀਤੀ ਅਤੇ ਸਰਹੱਦ ਪਾਰ ਕੀਤੀ, ਅਤੇ ਸਭ ਕੁੱਝ ਪਿੱਛੇ ਛੱਡ ਦਿੱਤਾ. ਚਾਰੇ ਪਾਸੇ ਪੂਰੀ ਉਥਲ-ਪੁਥਲ ਸੀ, ਅਤੇ ਵੱਡੇ ਪੈਮਾਨੇ ਤੇ ਨਵੀਂ ਬਣੀ ਸਰਹੱਦ ਦੇ ਦੋਵੇਂ ਤਰਫ਼, ਕਤਲੇਆਮ ਸ਼ੁਰੂ ਹੋ ਗਏ ਸੀ. ਦੇਹਰਾਦੁਨ ਤੋਂ ਮੇਰੇ ਮਾਤਾ-ਪਿਤਾ ਦਿੱਲੀ ਆ ਗਏ, ਕਿਉਂਕਿ ਪਨਾਹਗੀਰਾਂ ਨੂੰ ਦੁਬਾਰਾ ਵਸਾਉਣ ਲਈ, ਸਾਰੀ ਸਰਗਰਮੀ ਦਿੱਲੀ ਤੇ ਹੋ ਰਹੀ ਸੀ. ਮੈਨੂੰ ਆਪਣੀ ਪੜ੍ਹਾਈ ਅਤੇ ਐਮ.ਏ. ਦੇ ਇਮਤਿਹਾਨ ਦੀ ਫ਼ਿਕਰ ਸੀ. ਪੰਜਾਬ ਯੂਨੀਵਰਸਿਟੀ ਦਾ ਇੱਕ ਹਿੱਸਾ ਸ਼ਿਮਲਾ ਦੇ ਨੇੜੇ, ਸੋਲਨ ਆ ਗਿਆ ਅਤੇ ਦਿੱਲੀ ਤੇ ਇੱਕ ਕੈਂਪ ਕਾਲਜ ਖੁਲ੍ਹਿਆ. ਅਖੀਰਕਾਰ ਅਪ੍ਰੈਲ 1948 ਤੇ ਮੈਂ ਆਪਣਾ ਇਮਤਿਹਾਨ ਦਿੱਤਾ ਅਤੇ ਇਸ ਨੂੰ ਪਹਿਲੇ ਦਰਜੇ ਤੇ ਪਾਸ ਕੀਤਾ.

'ਇਸ ਦੌਰਾਨ, ਮੇਰੀ ਆਂਟੀ ਦੇ ਸੌਤੇਲੇ ਬੇਟੇ ਰਣਜੀਤ ਸਿੰਘ ਹੂਨ ਨਾਲ ਮੇਰਾ ਵਿਆਹ ਪੱਕਾ ਕੀਤਾ ਗਿਆ. ਅਸੀਂ ਇੱਕ ਸਾਥ ਵੱਡੇ ਹੋਏ ਸੀ. ਤੁਸੀਂ ਇਸ ਨੂੰ "ਲਵ-ਮੈਰੀਜ " ਕਹਿ ਸਕਦੇ ਹੋ, ਕਿਉਂਕਿ ਮੈਨੂੰ ਪਤਾ ਸੀ ਕਿ ਮੈਂ ਉਨ੍ਹਾਂ ਦੇ ਨਾਲ ਵਿਆਹ ਕਰਾਂਗੀ. ਉਨ੍ਹਾਂ ਨੇ ਇਤਿਹਾਸ ਵਿੱਚ ਮੈ.ਏ. ਕੀਤਾ ਸੀ ਅਤੇ ਲਾਹੌਰ ਤੇ, ਇੰਟਿਰਿਅਰ ਡੇਕੋਰੇਸਨ ਦਾ ਕੱਮ ਕਰਦੇ ਸੀ. ਸਾਡਾ ਵਿਆਹ ਇੱਕ ਮਿੱਤਰ ਦੇ ਘਰ 30 ਜਨਵਰੀ 1948 ਨੂੰ ਹੋਇਆ, ਜਿਸ ਦਿਨ ਮਹਾਤਮਾ ਗਾਂਧੀ ਦਾ ਕਤਲ ਕੀਤਾ ਗਿਆ ਸੀ. 100 ਮਿਹਮਾਨਾਂ ਨੇ ਇਸ ਪ੍ਰੋਗ੍ਰਾਮ ਤੇ ਸ਼ਿਰਕਤ ਕੀਤੀ. ਦੁਪਹਿਰ 5:05 ਤੇ, ਮਹਾਤਮਾ ਗਾਂਦੀ ਨੂੰ ਗੋਲੀ ਮਾਰ ਦਿੱਤੀ ਗਈ. ਇਹ ਖ਼ਬਰ ਸਾਨੂੰ ਪੰਜ ਮਿਨਟਾਂ ਦੇ ਅੰਦਰ ਆ ਗਈ.

'ਵਿਆਹ ਤੋਂ ਬਾਅਦ, ਮੇਰੀ ਸਿਆਸੀ ਹਰਕਤਾਂ ਬਿਲਕੁਲ ਬੰਦ ਹੋ ਗਈਆਂ, ਕਿਉਂਕਿ ਅਸੀਂ ਰੋਜੀ-ਰੋਟੀ ਦੀ ਤਲਾਸ਼ ਕਰ ਰਹੇ ਸੀ. ਮੇਰੇ ਸਹੁਰਾ ਸਾਹਿਬ ਇੱਕ ਪੁਰਾਣੇ ਖਿਆਲਾਂ ਵਾਲੇ ਇਨਸਾਨ ਸਨ ਜੋ ਮੇਰਾ ਨੌਜਵਾਨਾਂ ਨਾਲ ਮੇਲ-ਜੋਲ ਰੱਖਣਾ ਪਸੰਦ ਨਹੀਂ ਕਰਦੇ ਸੀ. ਮੈਂ ਪਹਿਲੀ ਵਾਰ ਮਾਂ ਬਣਨ ਵਾਲੀ ਸੀ. ਅਸੀਂ 1949 ਤੇ ਕਲਕੱਤਾ ਆ ਗਏ. ਰਣਜੀਤ ਨੇ ਲੋਹੇ ਦੇ ਸਕ੍ਰੈਪ ਦਾ ਵਪਾਰ ਸ਼ੁਰੂ ਕਰ ਦਿੱਤਾ. ਮੈਂ 1952 ਤੇ ਬਿਰਲਾਸ ਸਕੂਲ਼ ਫੈਰ ਗਰਲਸ ਤੇ ਹਿੰਦੀ ਪੜ੍ਹਾਣ ਲਗੀ. ਤਦ ਤਕ ਮੈਂ ਦੋ ਬੱਚੇਆਂ ਦੀ ਮਾਂ ਬਣ ਗਈ ਸੀ. ਜਲਦ ਹੀ, ਚੇਨੱਈ ਤਕ ਪਰਵਾਰ ਦੇ ਵਪਾਰ ਨੂੰ ਵਧਾਉਣ ਦੀ ਲੋੜ ਪੈ ਗਈ. ਅਤੇ ਅਸੀਂ ਕਲਕੱਤਾ ਛੱਡ ਕੇ 1953 ਤੇ ਚੇਨੱਈ ਆ ਗਏ. ਮੇਰੀ ਤੀਜੀ ਔਲਾਦ ਵਿਨੀਤਾ ਉਸ ਵਕਤ ਛੇ ਮਹੀਨੇ ਦੀ ਸੀ. ਮੈਂ ਉਸ ਵਕਤ ਤੋਂ, ਚੇਨੱਈ ਤੇ ਰਹ ਰਹੀ ਹਾਂ ਅਤੇ ਸ਼ਹਿਰ ਦੀ ਪੰਜਾਬ ਐਸੋਸਿਏਸ਼ਨ ਦੇ ਨਾਲ ਜੁੜੀ ਹੋਈ ਹਾਂ. ਮੈਨੂੰ ਆਪਣੀ ਜ਼ਿੰਦਗੀ ਦੇ ਇੱਕ ਵੱਡੇ ਹਿੱਸੇ ਤੇ, ਇੱਕ ਅਧਿਆਪਿਕਾ ਅਤੇ ਸਿੱਖਿਆਵਿੱਦ ਤੇ ਤੌਰ ਤੇ, ਸਮਾਜ ਦੀ ਸੇਵਾ ਕਰ ਕੇ ਬਹੁਤ ਸੰਤੋਖ ਮਿਲਿਆ ਹੈ.

'ਮੈਂ ਦੁਬਾਰਾ ਕਦੀ ਪਾਕਿਸਤਾਨ ਨਹੀਂ ਜਾ ਸਕੀ. ਮੈਂ ਕੁੱਝ ਪਾਕਿਸਤਾਨੀ ਔਰਤਾਂ ਨਾਲ ਦੋਸਤੀ ਕੀਤੀ, ਜਿਨ੍ਹਾਂ ਦੇ ਨਾਲ ਮੇਰੀ ਮੁਲਾਕਾਤ ਅੰਤਰਰਾਸ਼ਟਰੀ ਕਨਫੇਰੇਂਸਾਂ ਤੇ ਹੋਈ. ਕੁੱਝ ਸਾਲ ਪਹਿਲਾਂ, ਮੈਂ ਆਪਣੇ ਪੁਰਾਣੇ ਘਰ ਦੀ ਤਸਵੀਰਾਂ ਵੇਖੀਆਂ, ਜਿਸ ਉਪਰ ਮੇਰੇ ਪਿਤਾ ਦਾ ਨਾਂਅ ਅਤੇ 'ਵਿਦਿਆ ਨਿਵਾਸ' ਇੱਕ ਸੰਗਮਰਮਰ ਦੀ ਸਿਲ ਤੇ ਲਿਖਿਆ ਹੋਇਆ ਸੀ. ਮੈਂ ਮਾਡਲ ਟਾਉਨ ਜਾਣਾ ਚਾਹੁੰਗੀ, ਸਿਰਫ਼ ਇਹ ਵੇਖਣ ਲਈ ਕਿਸ ਤਰ੍ਹਾਂ ਇਹ ਬਦਲ ਗਿਆ ਹੈ, ਪਰ ਉਥੇ ਰਹਿਣਾ ਨਹੀਂ ਚਾਹੁੰਗੀ, ਕਿਉਂਕਿ ਮੈਂ ਉਸ ਜਗ੍ਹ ਲਈ ਹੁਣ ਇੱਕ ਅਜਨਬੀ ਹਾਂ.'

ਉਪਿੰਦਰ ਕੁਮਾਰ ਪੰਡਿਤ

'ਪੈਦਾਇਸ਼ ਦੀ ਲਾਟਰੀ ਨੇ, ਮੈਨੂੰ ਲਾਹੌਰ ਦੀ ਕਸ਼ਮੀਰੀ ਬਰਾਦਰੀ ਦੇ ਇੱਕ ਬ੍ਰਾਹਮਣ ਪਰਵਾਰ ਤੇ ਲੈ ਆਉਂਦਾ. ਮੇਰੇ ਪਿਤਾ ਦਿਆਲ ਸਿੰਘ ਕਾਲਜ, ਲਾਹੌਰ ਤੇ ਕੇਮਿਸਟ੍ਰੀ ਦੇ ਪ੍ਰੋਫੇਸਰ ਸਨ. ਮੇਰੀ ਮਾਂ ਦੀ ਤਾਲੀਮ ਹਾਈ ਸਕੂਲ ਤੇ ਖ਼ਤਮ ਹੋ ਗਈ ਸੀ. ਸ਼ਾਇਦ ਇਸ ਕਰ ਕੇ ਉਹ ਚਾਹੁੰਦੀ ਸੀ ਕਿ ਉਨ੍ਹਾਂ ਦੇ ਬੱਚੇ (ਦੋ ਮੁੰਡੇ ਅਤੇ ਦੋ ਕੁੜੀਆਂ) ਬਹੁਤ ਜ਼ਿਆਦਾ ਤਾਲੀਮ ਹਾਸਲ ਕਰ ਲੈਣ. ਉਨ੍ਹਾਂ ਦੀ ਮਿਹਨਤ ਅਤੇ ਕੋਸ਼ਿਸ਼ ਦੇ ਚਲਦੇ, ਉਨ੍ਹਾਂ ਦੀ ਇਹ ਚਾਹਤ ਪੂਰੀ ਹੋ ਗਈ. ਦਿਆਲ ਸਿੰਘ ਕਾਲਜ ਦਾ ਆਦਰਸ਼ ਵਾਕ ਸੀ: "*ਗੈਦਰ ਯੇ ਦੀ ਵਿਸਡਮ ਐਂਡ ਇਸਟ ਐਂਡ ਵੇਸਟ* " ਮਤਲਬ "ਪੂਰਬ ਅਤੇ ਪਛੱਮ, ਦੋਵੇਂ ਦੀ ਅਕਲਮੰਦੀ ਹਾਸਲ ਕਰੋ". ਮੇਰੇ ਪਿਤਾ ਦਾ ਸੈਕਯੂਲਰ ਅਸੂਲਾਂ ਤੇ ਯਕੀਨ ਸੀ ਅਤੇ ਉਹ ਉਮਦਾ ਤਾਲੀਮ ਉਪਰ ਬਹੁਤ ਜ਼ੋਰ ਦੇਂਦੇ ਸੀ. ਇਸ ਕਰ ਕੇ, ਕੁੜੀਆਂ ਨੂੰ ਲਾਹੌਰ ਦੇ *'ਦੀ ਕਨਵੇਂਟ ਔਫ ਸੈਕਰਡ ਹਾਰਟ'* ਅਤੇ ਮੁੰਡੇਆਂ ਨੂੰ *'ਸੇਂਟ ਐਨਟਨੀਸ ਹਾਈ ਸਕੂਲ'* ਭੇਜਿਆ ਗਿਆ. ਅਸੀਂ ਬੀਡਨ ਰੋਡ ਦੇ ਇੱਕ ਘਰ ਤੇ ਰਹਿੰਦੇ ਸੀ ਅਤੇ ਪੁਰਾਣੇ ਸ਼ਹਿਰ, ਖਾਸ ਕਰ ਕੇ, ਅਨਾਰਕਲੀ ਬਾਜ਼ਾਰ ਜਾ ਕੇ, ਉਸ ਦਾ ਲੁਤਫ਼ ਉਠਾਉਂਦੇ ਸੀ. ਮਾਲ ਦੇ ਬਰਾਬਰ ਤੁਰਦੇ ਹੋਏ ਲਾਅਰੇਂਸ ਗਾਰਡੇਨ ਜਾਣਾ ਅਤੇ ਰਾਵੀ ਦਰਿਆ ਤੇ ਕਿਸ਼ਤੀ ਤੇ ਸਵਾਰ ਹੋ ਕੇ ਸਫ਼ਰ ਕਰਣਾ, ਸਾਡਾ ਮਨਪਸੰਦ ਕੱਮ ਸੀ. ਲਾਹੌਰ ਤੇ ਜ਼ਿੰਦਗੀ ਹਰ ਤਰ੍ਹਾਂ ਆਰਾਮਦੇਹ, ਬੇਹਦ ਜ਼ਿਆਦਾ ਜੋਸ਼ ਦਿਵਾਉਣ ਵਾਲੀ ਸੀ ਅਤੇ ਭਵਿੱਖ ਲਈ ਬਹੁਤ ਉਮੀਦ ਰੱਖਣੀ ਸੀ.

'ਜਦ 1947 ਸ਼ੁਰੂ ਹੋਇਆ, ਜਵਾਨੀ ਦੇ ਖ਼ਵਾਬਾਂ ਦੇ ਆਸਮਾਨ ਉਪਰ ਕਾਲੇ ਬੱਦਲ ਇਕੱਠਾ ਹੋਣ ਲਗੇ. ਲਾਹੌਰ ਦੇ ਫ਼ਿਰਕੂ ਗੜਬੜੀ ਮਈ ਤੇ ਸ਼ੁਰੂ ਹੋਈ. ਮੈਨੂੰ ਤਾਰੀਖ ਤੇ ਯਾਦ ਨਹੀਂ ਹੈ, ਪਰ ਪਹਿਲੇ ਦਿਨ ਤੋਂ ਹੀ ਅਸੀਂ ਆਸਮਾਨ ਤੇ ਇੱਕ ਚਮਕਦੀ ਰੌਸ਼ਨੀ ਵੇਖ ਸਕਦੇ ਸੀ, ਜੋ ਪੁਰਾਣੇ ਸ਼ਹਿਰ ਦੀ ਅੱਗਾਂ ਤੋਂ ਆ ਰਹੀ ਸੀ. ਆਉਣ ਵਾਲੇ ਹਫ਼ਤੇਆਂ ਅਤੇ ਮਹੀਨੇਆਂ ਤੇ, ਇਹ ਚਮਕ ਵਧ ਗਈ ਅਤੇ ਅਸੀਂ ਇਸ ਨੂੰ ਕਦੀ ਬੁਝਦੇ ਨਹੀਂ ਵੇਖਿਆ. ਅਸੀਂ ਅਕਸਰ ਸ਼ਹਿਰ ਦੀ ਤਰਫ਼ੋਂ, ਅਲ੍ਹਾ-ਉ-ਅਕਬਰ ਦੇ ਨਾਅਰੇ, ਕਦੀ ਜ਼ੋਰ ਕਦੀ ਹੌਲੀ, ਆਉਂਦੇ ਹੋਏ ਸੁਣੇ.

'ਮੇਰੇ ਪਿਤਾ ਦੀ ਸੋਚ ਸੀ ਕਿ ਜਦ ਮੁਲਕ ਦੀ ਹੋਣ ਵਾਲੀ ਤਕਸੀਮ ਪੱਕੀ ਹੋ ਜਾਵੇਗੀ, ਤਦ ਹਾਲਾਤ ਠੀਕ ਹੋ ਜਾਣਗੇ. ਮੁਸਲਿਮ, ਸਿੱਖ ਅਤੇ ਹਿੰਦੂ ਹਮੇਸ਼ਾ ਗੁਆਂਢੀਆਂ ਦੀ ਤਰ੍ਹਾਂ ਰਹਿੰਦੇ ਆਏ ਸੀ, ਅਤੇ ਕੋਈ ਵਜ੍ਹਾ ਨਹੀਂ ਸੀ ਕਿ ਉਹ ਤਕਸੀਮ ਦੇ ਬਾਅਦ ਐਂਦਾਂ ਕਿਉਂ ਨਹੀਂ ਕਰਣਗੇ.

'ਸਦਮਾ ਪਹੁੰਚਾਣ ਵਾਲੀ ਪਹਿਲੀ ਖ਼ਬਰ ਜੁਲਾਈ ਦੇ ਮੱਧ ਤੇ ਆਈ, ਜਦ ਸਾਨੂ ਆਪਣੀ ਮਾਂ ਦੇ ਰਿਸ਼ਤੇ ਦੇ ਭਰਾ ਦੇ ਕਤਲ ਬਾਰੇ ਪਤਾ ਲਗਾ ।ਸ਼ੱਮੀ॥. ਸ਼ੱਮੀ ਮੇਰੇ ਲਈ ਇੱਕ ਆਦਰਸ਼ ਸਨ ਅਤੇ ਮੈਨੂੰ ਖਾਸ ਕਰ ਕੇ, ਉਨ੍ਹਾਂ ਦੇ ਮੋਟਰਸਾਇਕਲ ਦੀ ਸਵਾਰੀ ਯਾਦ ਹੈ. ਕੁੱਝ ਵਕਤ ਬਾਅਦ, ਅਸੀਂ ਸੁਣਿਆ ਕਿ ਮੇਰੇ ਪਿਤਾ ਦੇ ਵੀ ਰਿਸ਼ਤੇ ਦੇ ਇੱਕ ਭਰਾ ।ਕੁਮਾਰ॥ ਦਾ ਕਤਲ ਕਰ ਦਿੱਤਾ ਗਿਆ ਸੀ. ਉਨ੍ਹਾਂ ਦੀ ਲਾਸ਼ ਉਨ੍ਹਾਂ ਦੇ ਘਰ ਦੇ ਨਜਦੀਕ, ਪਾਣੀ ਦੇ ਇੱਕ ਖੁੱਲ੍ਹੇ ਤਲਾਬ ਦੇ ਕਰੀਬ ਮਿਲੀ, ਜਿਸ ਉਪਰ ਕਈ ਵਾਰ ਛੁਰੇ ਮਾਰੇ ਗਏ ਸੀ. ਤਦ ਤਕ, ਲਾਹੌਰ ਤੇ ਰਹਿਣ ਬਾਰੇ ਸਾਡੇ ਦਿਲ ਵਿੱਚ ਖ਼ੌਫ਼ ਪੈਦਾ ਹੋ ਗਿਆ ਸੀ. ਅੰਦਰੁਨ ਸ਼ਹਿਰ ਦੇ ਮੁਖ਼ਤਲਿਫ਼ ਇਲਾਕਿਆਂ ਤੇ ਲਗਾਈ ਗਈ ਅੱਗਾਂ ਬਾਰੇ ਪਤਾ ਲਗਿਆ ਜੈਦਾਂ ਕਿ : ਸ਼ਾਹਆਲਮੀ ਬਾਜ਼ਾਰ, ਚੁਨੇ ਮੰਡੀ, ਅਕਬਰੀ ਮੰਡੀ ਅਤੇ ਹੋਰ ਦੂਜੇ ਇਲਾਕੇ. ਇੱਕ ਤੋਂ ਬਾਅਦ ਇੱਕ ਗਲੀ ਸਾੜ ਦਿੱਤੀ ਗਈ ਸੀ, ਤਬਾਹ ਕਰ

ਦਿੱਤੀ ਗਈ ਸੀ; ਜਦ ਕਿ ਪੁਲਿਸ ਤਮਾਸ਼ਬੀਨ ਬਨੀ ਖੜ੍ਹੀ ਸੀ-ਸਾਨੂ ਕਿਹਾ ਗਿਆ. ਜੁਲਾਈ ਦੇ ਆਖ਼ਰ ਤਕ, ਸਾਨੂੰ ਸਮਝ ਆ ਗਈ ਕਿ ਪੁਰਾਣੇ ਸ਼ਹਿਰ ਤੋਂ ਹਿੰਦੂਆਂ ਅਤੇ ਸਿੱਖਾ ਦਾ ਨਸਲੀ ਸਫ਼ਾਇਆ ਕਰ ਦਿੱਤਾ ਗਿਆ ਸੀ. ਤਦ, ਮੇਰੀ ਮਾਂ ਅਤੇ ਤਿੰਨ ਬੱਚੇ ਰਿਸ਼ਤੇਦਾਰਾਂ ਨਾਲ ਰਹਿਣ ਲਈ, ਦਿੱਲੀ ਚਲੇ ਗਏ.

'ਇੱਕ ਵਾਕਿਐ ਜਿਸ ਨੇ ਮੈਨੂੰ ਅਤੇ ਮੇਰੇ ਪਿਤਾ ਨੂੰ ਹਿਲਾ ਕੇ ਰੱਖ ਦਿੱਤਾ, ਉਹ ਇੱਕ ਸ਼ਕਸ ਦੇ ਕਤਲ ਦਾ ਨਜ਼ਾਰਾ ਸੀ, ਜਿਸ ਦੇ ਛੁਰੇਆਂ ਨਾਲ ਟੋਟੇ ਕਰ ਦਿੱਤੇ ਗਏ ਸੀ. ਅਸੀਂ ਉਹ ਪੂਰੀ ਵਾਰਦਾਤ, ਬੈਂਕ ਦੀ ਖਿੜਕੀ ਤੋਂ ਵੇਖੀ, ਜਿਥੇ ਅਸੀਂ ਪੈਸੇ ਲੈਣ ਗਏ ਸੀ. ਇੱਕ ਦੂਜਾ ਵਾਕਿਆ ਜੋ ਮੇਰੇ ਜੇਹਨ ਤੇ ਹਮੇਸ਼ਾ ਰਹੇਗਾ, ਉਹ ਹੈ ਦਿੱਲੀ ਤੇ ਆਪਣੇ ਪਰਵਾਰ ਨੂੰ ਤਾਰ ਭੇਜਣ ਦੀ ਮੇਰੀ ਕੋਸ਼ਿਸ਼-ਜਿਸ ਦਾ ਮਕਸਦ ਸਿਰਫ਼ ਇਹ ਦੱਸਨਾ ਸੀ ਕਿ ਮੇਰੇ ਪਿਤਾ ਅਤੇ ਮੈਂ ਠੀਕ-ਠਾਕ ਸੀ (ਮਤਲਬ ਜ਼ਿੰਦਾ ਸੀ). ਉਸ ਵਕਤ ਜਿਸ ਸੁਨੇਹੇ ਨੂੰ ਭੇਜਣਾ ਹੁੰਦਾ ਸੀ, ਉਸ ਨੂੰ ਇੱਕ ਕਾਗਜ਼ ਤੇ ਲਿਖ ਕੇ, ਡਾਕ ਦਫ਼ਤਰ ਤੇ ਪੇਸ਼ ਕਰਣਾ ਪਇੰਦਾ ਸੀ. ਮੈਂ ਆਪਣੇ ਪਿਤਾ ਨੂੰ ਵਾਅਦਾ ਕੀਤਾ ਕਿ ਮੈਂ ਉਹ ਕੱਮ ਕਰ ਦਵਾਂਗਾ. ਇਸ ਦੇ ਮੁਤਾਬਕ, ਮੈਂ ਆਪਣਾ ਲਿਖਿਆ ਹੋਇਆ ਸੁਨੇਹਾ ਲੈ ਕੇ ਮੁੱਖ ਟੇਲੀਗ੍ਰਾਫ਼ ਦਫ਼ਤਰ ਪਹੁੰਚ ਗਿਆ, ਜੋ ਮੈਨੂੰ ਯਾਦ ਹੈ, ਮਾਲ ਰੋਡ ਤੋਂ ਥੋੜੀ ਦੂਰ ਸੀ ਅਤੇ ਸਾਡੀ ਰਿਹਾਇਸ਼ ਦੇ ਕਰੀਬ ਸੀ. ਉਸ ਦਫ਼ਤਰ ਨੂੰ ਮੈਂ ਇਸ ਕਰ ਕੇ ਚੁਣਿਆ ਕਿਉਂਕਿ ਉਸ ਰਸਤੇ ਬਾਰੇ, ਸਾਡੀ ਸੋਚ ਸੀ ਕਿ ਉਹ ਮਹਿਫ਼ੂਜ਼ ਸੀ. ਟੇਲੀਗ੍ਰਾਫ਼ ਦਫ਼ਤਰ ਤੇ ਮੈਂ ਕਈ ਕਤਾਰਾਂ ਤੋਂ ਇੱਕ ਤੇ ਖੜ੍ਹਾ ਹੋ ਗਿਆ, ਜਿਥੇ ਲੋਕ ਉਸੇ ਕੱਮ ਲਈ ਆਏ ਹੋਏ ਸੀ. ਲਾਈਨ ਤੇ ਖੜ੍ਹੇ ਖੜ੍ਹੇ (ਜਾਂ ਕਿਊ ਜੋ ਇਸ ਨੂੰ ਕਿਹਾ ਜਾਂਦਾ ਸੀ), ਮੈਂ ਮੇਰੀ ਲਾਈਨ ਤੇ ਖੜ੍ਹੇ ਲੋਕਾਂ ਨੂੰ ਉੱਚੀ ਗੱਲ ਕਰਦੇ ਹੋਏ ਅਤੇ ਮੁਖ਼ਤਲਿਫ਼ ਲਾਈਨਾਂ ਤੇ ਖੜ੍ਹੇ ਲੋਕਾਂ ਵਿੱਚ ਆਮ ਗੱਲਬਾਤ ਸੁਣ ਸਕਦਾ ਸੀ. ਗੱਲਬਾਤ ਦਾ ਸਾਰ ਜੋ ਮੁਸਲਿਮ ਬੰਦੇਆਂ ਵਿੱਚ ਹੋ ਰਿਹਾ ਸੀ, ਉਸ ਨੇ ਮੈਨੂੰ ਬੇਹਦ ਡਰਾ ਦਿੱਤਾ. ਉਨ੍ਹਾਂ ਤੋਂ ਕੁੱਝ ਇੰਨੇ ਗੁੱਸੇ ਵਿੱਚ ਸਨ ਕਿ ਉਹ ਖੁੱਲ੍ਹੇ-ਆਮ ਹਿੰਦੂਆਂ ਅਤੇ ਸਿੱਖਾਂ ਨੂੰ ਲੱਭ ਕੇ ਹਲਾਕ ਕਰਣ ਦਾ ਆਪਣਾ ਇਰਾਦਾ, ਜ਼ਾਹਰ ਕਰ ਰਹੇ ਸੀ. ਹਾਲਾਂਕਿ ਮੈਨੂੰ ਪਤਾ ਸੀ ਕਿ ਮੈਨੂੰ ਇੱਕ ਸਿੱਖ ਮੁੰਡਾ ਨਹੀਂ ਸਮਝਿਆ ਜਾ ਸਕਦਾ ਸੀ-ਕਿਉਂਕਿ ਮੈਂ ਦਸਤਾਰ ਨਹੀਂ ਬਨ੍ਹੀ ਸੀ-ਪਰ ਮੈਨੂੰ ਡਰ ਸੀ ਕਿ ਮੇਰੇ ਹਿੰਦੂ ਨਾਂਅ ਦਾ ਪਤਾ ਲਗ ਜਾਵੇਗਾ, ਜਦ ਮੈਂ ਆਪਣੀ ਟੈਲੀਗ੍ਰਾਮ ਦਾ ਕਾਗਜ਼ ਮੇਜ ਦੇ ਕਲਰਕ ਨੂੰ ਪੇਸ਼ ਕਰਾਂਗਾ. ਜੈਦਾਂ ਲਾਈਨ ਅੱਗੇ ਵਧ ਰਹੀ ਸੀ, ਮੇਰੇ ਦਿਮਾਗ ਤੇ ਤਾਰ ਭੇਜਣ ਜਾਂ ਨਾ ਭੇਜਣ ਨੂੰ ਲੈ ਕੇ, ਇੱਕ ਉਲਝਣ ਪੈਦਾ ਹੋ ਗਈ, ਜੋ ਬਦਸ਼ਗੁਨੀ ਵਿੱਚ ਤਬਦੀਲ ਹੋ ਗਈ. ਜਿਸ ਛੁਰੇ ਦੀ ਧਾਰ ਤੇ ਮੈਂ ਖੜ੍ਹਾ ਸੀ, ਉਸ ਦੇ ਇੱਕ ਤਰਫ਼ ਜ਼ਿੰਦਗੀ ਨੂੰ ਖ਼ਤਰਾ ਦੇਣ ਵਾਲਾ ਮਾਹੌਲ ਸੀ ਅਤੇ ਦੂਜੀ ਤਰਫ਼ ਖਿੜਕੀ ਦੀ ਤਰਫ਼, ਲਾਈਨ ਦੇ ਮੇਰਾ ਅੱਗੇ ਵੱਧਣਾ ਸੀ. ਇੰਨੇ ਸਾਲਾਂ ਬਾਅਦ, ਮੈਨੂੰ ਯਾਦ ਨਹੀਂ ਹੈ ਕਿ ਮੇਰੇ ਤੋਂ ਅਗੇ ਕਿੱਣੇ ਬੰਦੇ ਸਨ ਜਦ ਮੈਨੂੰ ਲਗਾ ਕਿ ਟੈਲੀਗ੍ਰਾਮ ਪੇਸ਼ ਕਰਣਾ ਬੇਹਦ ਖ਼ਤਰਨਾਕ ਹੋਵੇਗਾ. ਨਤੀਜਤਨ, ਮੈਂ ਇੱਕ ਡਰਪੋਕ ਦੀ ਤਰ੍ਹਾਂ, ਅਤੇ ਇਸ ਤਰੀਕੇ ਨਾਲ ਕਿ ਕਿਸੇ ਨੂੰ ਕੋਈ ਸ਼ੱਕ ਨਾ ਹੋਵੇ, *ਕਿਊ* ਤੋਂ ਅਲਗ ਹੋ ਗਿਆ ਅਤੇ ਘਰ ਜਾਣ ਲਈ, ਟੇਲੀਗ੍ਰਾਫ਼ ਦਫ਼ਤਰ ਤੋਂ ਬਾਹਰ ਆ ਗਿਆ. ਆਪਣੇ ਪਿਤਾ ਨੂੰ ਦੱਸਣ ਤੇ ਮੈਨੂੰ ਬੇਹਦ ਸ਼ਰਮਿੰਦਗੀ ਹੋਈ ਕਿ ਤਾਰ ਨਹੀਂ ਭੇਜਿਆ ਜਾ ਸਕਿਆ. ਮਗਰ, ਜਦ ਮੈਂ ਉਨ੍ਹਾਂ ਨੂੰ ਮਾਹੌਲ ਬਾਰੇ ਦੱਸਿਆ, ਉਹ ਸਮਝ ਗਏ ਕਿ ਮੈਂ ਇਸ ਤਰ੍ਹਾਂ ਕਿਉਂ ਕੀਤਾ. ਇਸ ਦੇ ਬਾਅਦ ਦੇ ਦਿਨਾਂ ਤੇ, ਕਈ ਬਦਕਿਸਮਤੀ ਵਾਲੇ ਵਾਕਿਐ ਹੋਏ, ਜਿਨ੍ਹਾਂ ਨੇ ਬਦਲਦੇ ਹਾਲਾਤਾਂ ਵਿੱਚ "ਆਮ ਜ਼ਿੰਦਗੀ" ਦੇ ਭਵਿੱਖ ਬਾਰੇ ਇੱਕ ਨਿਰਾਸ਼ ਤਸਵੀਰ ਪੇਸ਼ ਕੀਤੀ.

'ਡੇਅਰੀ ਦਾ ਇੱਕ ਮਾਲਕ, ਜੋ ਸਾਡੇ ਮਹੱਲੇ ਤੇ ਰਹਿੰਦਾ ਸੀ, ਉਸ ਦੇ ਪੁਲਿਸ ਨਾਲ ਤਾਲੁੱਕਾਤ ਸਨ. ਉਸ ਨੇ ਗੁਆਂਢੀਆਂ ਨੂੰ ਸੁਰੱਖਿਆ ਬਾਰੇ ਦੱਸਿਆ. ਉਸ ਨੇ ਸਾਨੂ 25 ਅਗਸਤ ਨੂੰ ਦੱਸਿਆ ਕਿ ਪੁਲਿਸ ਹੁਣ ਸਾਡੀ ਹਿਫ਼ਾਜ਼ਤ ਨਹੀਂ ਕਰ ਸਕਦੀ ਸੀ ਅਤੇ ਸਾਨੂ ਜਾਣ ਦੀ ਤਿਆਰੀ ਕਰਣੀ ਚਾਹੀਦੀ ਸੀ. 27 ਅਗਸਤ ਨੂੰ, ਸਾਡੇ ਮਹੱਲੇ ਦੇ ਛੇ ਹਿੰਦੂ ਅਤੇ ਸਿੱਖ ਪਰਵਾਰਾਂ ਨਾਲ, ਮੇਰੇ ਪਿਤਾ ਅਤੇ ਮੈਂ-ਇੱਕ ਛੋਟਾ ਸੂਟਕੇਸ ਅਤੇ ਚਾਵਲ ਹੋਰ ਦਾਲ ਦਾ ਇੱਕ ਬੋਰਾ ਲੈ ਕੇ- ਤਾਂਗੇਆਂ ਦੇ ਇੱਕ ਕਾਫ਼ਿਲੇ ਤੇ ਲਾਹੌਰ ਛਾਉਣੀ ਸਟੇਸ਼ਨ ਦੇ ਲਈ ਨਿਕਲੇ. ਉਮੀਦ ਇਹ ਸੀ ਕਿ ਅੱਮ੍ਰਿਤਸਰ ਜਾਣ ਦੀ ਕੋਈ ਗੱਡੀ ਮਿਲ ਜਾਵੇ.

'ਛਾਉਣੀ ਦੇ ਸਟੇਸ਼ਨ ਤੇ ਨਜ਼ਾਰਾ ਪੁਰਾ ਬੇਤਰਤੀਬੀ ਅਤੇ ਉਲਝਣ ਭਰਾ ਸੀ. ਉਥੇ ਬੰਦੇ, ਔਰਤਾਂ ਅਤੇ ਬੱਚੇ ਇਧਰ-ਉਧਰ ਭਟਕ ਰਹੇ ਸੀ ਅਤੇ ਚਾਰੇ ਪਾਸੇ ਥੈਲੇ, ਪੋਟਲੇ, ਅੱਧੇ ਤਿਆਰ ਬਿਸਤਰੇ, ਬਰਤਨ ਅਤੇ ਕੜਾਈਆਂ ਅਤੇ ਇਥੇ ਤਕ ਕਿ ਲੱਕੜ ਦੀ ਅੰਗੀਠੀਆਂ ਵੀ ਮੌਜੂਦ ਸਨ. ਉਹ ਲੋਕ ਕਾਫ਼ੀ ਵਕਤ ਤੋਂ ਉਥੇ ਸੀ. ਰੇਲਵੇ ਦੇ ਟਾਇਮਟੇਬਲ ਜਾਂ ਇੰਤਜ਼ਾਮ ਦਾ ਕੋਈ ਹਿਸਾਬ-ਕਿਤਾਬ ਨਹੀਂ ਸੀ. ਜਦ ਕਦੀ, ਕੋਈ ਚੀਕ ਕੇ ਕਹਿੰਦਾ ਕਿ ਗੱਡੀ ਫਲਾਣੇ ਪਲੈਟਫਾਰਮ ਤੇ ਆ ਰਹੀ ਹੈ, ਉਸ ਪੁਕਾਰ ਨੂੰ ਹਰ ਕੋਈ ਅਹਮਿਅਤ ਦੇਂਦਾ ਅਤੇ ਪੂਰਾ ਸਮੂਹ ਉਸ ਪਲੈਟਫਾਰਮ ਦੀ ਤਰਫ਼ ਨੱਸਦਾ. ਇਸ ਤਰ੍ਹਾਂ ਦੇ ਇੱਕ ਐਲਾਨ ਤੋਂ ਬਾਅਦ, ਮੈਂ ਅਤੇ ਮੇਰੇ ਪਿਤਾ ਨੇ ਇਸ਼ਾਰਾ ਕੀਤੀ ਗੱਡੀ ਉਪਰ ਚੜ੍ਹਣ ਦਾ ਫ਼ੈਸਲਾ ਕੀਤਾ. ਵਾਹਗਾ ਸਰਹੱਦ ਸਿਰਫ਼ 15 ਮੀਲ [24 ਕਿ.ਮੀ.] ਦੂਰ ਸੀ. ਸਾਨੂ ਇਹ ਨਹੀਂ ਪਤਾ ਸੀ ਕਿ ਇਹ ਮਹਿਜ਼ 15 ਮੀਲ ਪਹੁੰਚਣ ਤੇ ਸਾਡੇ ਨਾਲ ਕਿਣੇ ਵਾਕਿਐ ਹੋਣਗੇ. ਲੋਕਾਂ ਦੀ ਭੀੜ ਦੇ ਨਾਲ ਅਸੀਂ ਗੱਡੀ ਤਕ ਪਹੁੰਚ ਗਏ. ਮੈਨੂੰ ਅਗਰ ਠੀਕ ਯਾਦ ਹੈ, ਮੇਰੇ ਪਿਤਾ ਨੇ ਮੈਨੂੰ ਬਾਰੀ ਤੋਂ ਡੱਬੇ ਦੇ ਅੰਦਰ ਧੱਕਾ ਦੇ ਦਿੱਤਾ ਅਤੇ ਖੁਦ ਦਰਵਾਜੇ ਤੋਂ ਅੰਦਰ ਆ ਗਏ. ਇਹ ਇੱਕ ਥਰਡ ਕਲਾਸ ਡੱਬਾ ਸੀ ਜਿਸ ਦੀ ਸਿਰਫ਼ ਲੱਕੜ ਦੀ ਸੀਟਾਂ ਸੀ. ਸਿਰਫ਼ ਕੁੱਝ ਹੀ ਬੈਠ ਸਕੇ, ਕਿਉਂਕਿ ਬਾਕੀ ਜਗ੍ਹ ਤੇ ਬਹੁਤ ਜ਼ਿਆਦਾ ਇਨਸਾਨ ਆ ਗਏ ਸੀ. ਦੁਪਹਿਰ ਤੇ, ਗੱਡੀ ਦੇਰੀ ਨਾਲ ਚਲੀ, ਅਤੇ ਬਹੁਤ ਧੀਮੀ ਰਫ਼ਤਾਰ ਨਾਲ ਚਲ ਰਹੀ ਸੀ-ਇਸ ਦੇ ਬਰਾਬਰ ਕੋਈ ਪੈਦਲ ਵੀ ਚਲ ਸਕਦਾ ਸੀ. ਇੱਕ ਵਕਤ ਜਦ ਅਸੀਂ ਰੁਕੇ, ਗੋਲੀਆਂ ਦੀ ਅਵਾਜ਼ ਸੁਣਾਈ ਦਿੱਤੀ. ਕੁੱਝ ਗੋਲੀਆਂ ਤੇ, ਡੱਬੇ ਦੀ ਬਾਰੀਆਂ ਦੇ ਬਰਾਬਰ ਜਾ ਰਹੀਆਂ ਸੀ. ਲੋਕ ਆਪਣੀ ਹਿਫ਼ਾਜ਼ਤ ਲਈ, ਇਧਰ-ਉਧਰ ਹੋ ਰਹੇ ਸੀ ਜਾਂ ਬਾਰੀਆਂ ਦੇ ਥਲੇ ਝੁਕ ਰਹੇ ਸੀ. ਜਦ ਦੁਬਾਰਾ ਗੱਡੀ ਚਲੀ, ਅਸੀਂ ਦੂਰ ਤੋਂ ਇਨਸਾਨਾਂ ਦੀ ਚੀਕਾਂ ਸੁਣ ਰਹੇ ਸੀ, ਅਤੇ ਉਸ ਤਰ੍ਹਾਂ ਦੀ ਚੀਕਾਂ ਨਾ ਮੈਂ ਇਸ ਤੋਂ ਪਹਿਲਾਂ ਸੁਣਿਆ ਸੀ, ਨਾ ਹੀ ਬਾਅਦ ਤੇ. ਬਾਰੀ ਤੋਂ ਬਾਹਰ ਵੇਖਣ ਦੀ ਕਿਸੇ ਦੀ ਹਿੱਮਤ ਨਹੀਂ ਸੀ. ਮੈਂ ਆਪਣੀ ਜਗ੍ਹ ਤੋਂ ਵੇਖਿਆ ਕਿ ਇੱਕ ਅੱਧ ਨੰਗਾ ਬੰਦਾ, ਲਹੂ ਨਾਲ ਸਰਾਬੋਰ, ਚੀਕ ਰਿਹਾ ਸੀ ਅਤੇ ਆਪਣੇ ਹੱਥ ਹਿਲਾ ਕੇ ਇਸ਼ਾਰਾ ਕਰਦੇ ਹੋਏ, ਆਪਣੀ ਦੁਰਦਸ਼ਾ ਦੱਸਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਸੀ. ਉਹ ਚੀਕਾਂ, ਹਾਲਾਂਕਿ ਵਕਤ ਗੁਜ਼ਰਣ ਦੇ ਨਾਲ ਦਬ ਗਈਆਂ ਨੇ, ਮਗਰ ਮੈਂ ਉਨ੍ਹਾਂ ਨੂੰ ਭੁੱਲ ਨਹੀਂ ਸਕਦਾ. ਉਨ੍ਹਾਂ ਦੀ ਯਾਦ, ਖਾਸ ਕਰ ਕੇ ਰਾਤ ਨੂੰ ਆਉਣ ਨਾਲ, ਮੇਰੀ ਨੀਂਦ ਗਾਇਬ ਹੋ ਜਾਂਦੀ ਹੈ.

'ਜਦ ਸਾਨੂ ਲਗਣ ਲਗਾ ਸੀ ਕਿ ਅਸੀਂ ਵਾਹਗਾ ਦੇ ਨੇੜੇ ਪਹੁੰਚ ਗਏ ਸੀ, ਗੱਡੀ ਫਿਰ ਰੁਕ ਗਈ; ਇਸ ਦੇ ਬਾਅਦ ਅਸੀਂ ਵੇਖਿਆ ਕਿ ਇੰਜਨ ਗੱਡੀ ਤੋਂ ਅਲਗ ਹੋ ਕੇ, ਕੁੱਝ ਪਲਾਂ ਦੇ ਬਾਅਦ, ਸਾਨੂ ਛੱਡ ਕੇ ਉਲਟੀ ਤਰਫ਼ ਚਲਾ ਗਿਆ. ਅਤੇ, ਅਸੀਂ ਇੰਜਨ ਤੋਂ ਬਗੈਰ, ਇੱਕ ਗੱਡੀ ਤੇ ਬੈਠੇ ਰਹੇ ਅਤੇ ਹਨੇਰਾ ਹੋਣ ਵਾਲਾ ਸੀ. ਇਹ ਗੌਰ ਕਰਣ ਦੀ ਗੱਲ ਸੀ ਕਿ ਲੋਕ ਜ਼ਿਆਦਾ ਗੱਲ-ਬਾਤ ਨਹੀਂ ਕਰ ਰਹੇ ਸੀ. ਹਰ ਕੋਈ ਆਪਣੇ

ਅਨਜਾਨ ਡਰ ਨਾਲ ਮੁਕਾਬਲਾ ਕਰ ਰਿਹਾ ਸੀ. ਜਲਦ ਹੀ ਹਨੇਰਾ ਹੋ ਗਿਆ ਅਤੇ ਕੋਈ ਵੇਖ ਨਹੀਂ ਸਕਦਾ ਸੀ ਕਿ ਬਾਹਰ ਡਰਾਉਣੀ ਦੁਨੀਆ ਤੇ ਕੀ ਹੋ ਰਿਹਾ ਸੀ. ਕਿਸੇ ਵਕਤ, ਸਾਰੇ ਦਿਨ ਦੀ ਥਕਾਨ ਮੇਰੇ ਉਪਰ ਹਾਵੀ ਹੋ ਗਈ ਅਤੇ ਮੈਂ ਸੌਂ ਗਿਆ. ਕਿਣੀ ਦੇਰ ਲਈ ਮੇਰੀ ਅੱਖ ਲਗੀ, ਮੈਨੂੰ ਨਹੀਂ ਪਤਾ, ਹਾਲਾਂਕਿ ਕੁੱਝ ਘੰਟੇ ਤੇ ਜ਼ਰੂਰ ਗੁਜ਼ਰੇ ਹੋਣਗੇ. ਕਿਉਂਕਿ ਜਦ ਮੈਂ ਉਠ ਗਿਆ ਤੇ ਸਵੇਰ ਦੀ ਹਲਕੀ ਰੌਸ਼ਨੀ ਤੇ, ਡੱਬੇ ਦੀ ਬਾਰੀ ਦੇ ਚੌਖਟੇ ਤੋਂ ਭੂਤ ਵਰਗੇ ਦਰਖ਼ਤ ਵੇਖੇ. ਗੱਡੀ ਹੋਰ ਅਗੇ ਚਲਦੀ ਗਈ, ਲਗਾਤਾਰ ਇੱਕ ਧੀਮੀ ਚਾਲ ਨਾਲ, ਫਿਰ ਅਸੀਂ ਕਾਫ਼ੀ ਲੋਕਾਂ ਦਾ ਸਮੂਹ, ਰੇਲਵੇ ਲਾਈਨਾਂ ਦੇ ਕਰੀਬ ਵੇਖਿਆ. ਮੇਰੀ ਪਹਿਲੀ ਪ੍ਰਤੀਕਿਰਿਆ ਇੱਕ ਤੀਬਰ ਡਰ ਦੀ ਸੀ. ਮਗਰ, ਇਹ ਜਲਦ ਹੀ ਜ਼ਾਹਰ ਹੋ ਗਿਆ ਕਿ ਲੋਕ ਖੁਸ਼ੀ ਨਾਲ, ਗੱਡੀ ਅਤੇ ਇਸ ਤੇ ਲੱਦੇ ਇਨਸਾਨਾਂ ਨੂੰ ਵੇਖ ਕੇ ਚੀਕ ਰਹੇ ਸੀ, ਹੱਥ ਹਿਲਾ ਰਹੇ ਸੀ. ਮੈਂ ਆਪਣੇ ਪਿਤਾ ਨੂੰ ਕਹਿੰਦੇ ਸੁਣਿਆ ਅਤੇ ਮੈਨੂੰ ਲਗਾ ਕਿ ਉਨ੍ਹਾਂ ਨੇ ਬੇਹਦ ਸਕੂਨ ਨਾਲ ਇਹ ਗੱਲ ਕਹੀ-"ਅਸੀਂ ਇੰਡੀਆ ਪਹੁੰਚ ਗਏ ਹਾਂ". ਉਸ ਦਿਨ ਤੋਂ ਮੈਂ ਲਾਹੌਰ ਤੇ ਕਦੀ ਵਾਪਸ ਨਹੀਂ ਗਿਆ ਹਾਂ.

ਪ੍ਰੋਫ਼ੇਸਰ ਸ਼ੌਕਤ ਅਲੀ

ਕਾਂਤਾ ਸਿੰਘ ਲੁਥਰਾ ਨੂੰ ਮਿਲਣ ਦੇ ਕੁੱਝ ਦਿਨਾਂ ਬਾਅਦ, 29 ਜੁਲਾਈ ਨੂੰ, ਮੈਂ ਪ੍ਰੋਫ਼ੇਸਰ ਏਮੇਰੀਟਸ ਸ਼ੌਕਤ ਅਲੀ, ਇੱਕ ਸਾਬਕਾ ਪਾਕਿਸਤਾਨੀ ਵਿਦਿਆਵਿੱਦ ਨੂੰ, ਉਨ੍ਹਾ ਦੇ ਬੇਟੇ, ਡਾ.ਸਲੀਮ ਅਲੀ ਦੇ ਮੈਨਸਫੀਲਡ, ਮੈਸੇਚੁਸੇਟਸ ਸਥਿਤ ਘਰ ਤੇ ਮਿਲਿਆ. ਤਕਸੀਮ ਤੋਂ ਪਹਿਲਾਂ ਦੇ ਲਾਹੌਰ ਅਤੇ ਉਨ੍ਹਾਂ ਦੇ ਹਿੰਦੂ ਅਧਿਆਪਕਾਂ ਦਾ ਵੇਰਵਾ ਦੂਜੇ ਅਧਿਆਇ ਤੇ ਪੇਸ਼ ਕੀਤਾ ਗਿਆ ਹੈ. ਇੰਟਰਵਿਊ ਦੇ ਬਾਅਦ ਦਾ ਹਿੱਸਾ 1947 ਦੀ ਘਟਨਾਵਾਂ ਬਾਰੇ ਹੈ. ਮੈਂ ਬੇਹਦ ਹੈਰਾਨ ਹੋ ਗਿਆ ਜਦ ਉਨ੍ਹਾਂ ਨੇ ਮਦਨ ਗੋਪਾਲ ਸਿੰਘ ਦੇ ਕਤਲ ਦੀ ਤਸਦੀਕ ਕੀਤੀ ਅਤੇ ਉਸ ਬੰਦੇ ਦੀ ਪਛਾਣ ਵੀ ਜਿਸ ਨੇ ਉਨ੍ਹਾਂ ਦਾ ਕਤਲ ਕੀਤਾ ਸੀ. ਮੈਨੂੰ ਉਨ੍ਹਾਂ ਨੇ ਇਹ ਦੱਸਿਆ:

'ਮਈ ਤੋਂ, ਅੰਦਰੂਨ ਸ਼ਹਿਰ ਤੇ ਹਮੇਸ਼ਾ ਗੜਬੜੀ ਹੁੰਦੀ ਸੀ. ਪੁਰਾਣੀ, ਬੇਫ਼ਿਕਰ ਅਤੇ ਸੁਸਤ ਜ਼ਿੰਦਗੀ ਬੇਹਦ ਬਦਲ ਚੁਕੀ ਸੀ ਅਤੇ ਲੋਕ ਹਮਲੇ ਦੇ ਡਰ ਨਾਲ ਜੀ ਰਹੇ ਸੀ. ਭੱਟੀ ਗੇਟ ਤੇ ਅਮਨ ਕਾਇਮ ਸੀ ਜਦ ਕਿ ਪਾਪੜ ਮੰਡੀ ਅਤੇ ਸ਼ਾਹਆਲਮੀ ਵਰਗੇ ਖਾਸ ਹਿੰਦੂ ਮਹੱਲੇ, ਇੱਕ ਲੰਬੇ ਅਰਸੇ ਤੋਂ ਜਲ ਰਹੇ ਸੀ. ਜ਼ਿਆਦਾਤਰ ਗੁਟਾਂ ਦੇ ਮੁਜ਼ਾਹਰੇ ਅਤੇ ਸਾਮੂਹਿਕ ਅੰਦੋਲਨ, ਸ਼ਹਿਰ ਦੇ ਮਾੱਲ ਜਾਂ ਦੂਜੇ ਅਜੋਕੇ ਇਲਾਕਿਆਂ ਦੇ ਅੰਦਰ ਤੱਕ ਹੀ ਹੁੰਦੇ ਸੀ. ਮੈਨੂੰ ਮੁਸਲਿਮ ਲੀਗ ਦੇ ਸਮਰਥਕਾਂ ਦੇ ਨਾਅਰੇ ਯਾਦ ਨੇ ਜੈਦਾਂ ਕਿ 'ਪਾਕਿਸਤਾਨ ਕਾ ਮਤਲਬ ਕਿਆ? ਲ਼ਾਇਲਾਹਾ ਇਲ਼ਲ਼ਲ਼ਲ਼ਾਹ' ਅਤੇ ਖ਼ਿਜ਼ਰ ਦੀ ਸਰਕਾਰ ਦੇ ਖ਼ਿਲਾਫ਼ ਅਸ਼ਲੀਲ਼ ਗਾਲਾਂ ਵੀ ਯਾਦ ਨੇ. 14 ਅਗਸਤ ਤੋਂ ਕੁੱਝ ਦਿਨ ਪਹਿਲਾਂ, ਮਹੱਲਾ ਜਲੈਟਿਆਂ, ਜਿੱਥੇ ਹਿੰਦੂਆਂ ਦੇ ਘਰ ਜ਼ਿਆਦਾ ਸੀ ਅਤੇ ਮੁਸਲਿਮਾਂ ਦੇ ਘੱਟ, ਘਰਾਂ ਨੂੰ ਸਾਜ਼ਸ਼ ਕਰਣ ਵਾਲੇਆਂ ਨੇ ਨਿਸ਼ਾਨਾ ਬਣਾ ਲੀਤਾ ਸੀ. ਅਚਾਨਕ, ਵੇਖਿਆ ਗਿਆ ਕਿ ਹਿੰਦੂਆ ਤੇ ਘਰਾਂ ਉੱਪਰ, ਪੇਂਟ ਨਾਲ ਨਿਸ਼ਾਨ ਬਣਾ ਦਿੱਤੇ ਗਏ ਸੀ, ਜਦ ਕਿ ਸਾਡੇ ਅਤੇ ਦੂਜੇ ਮੁਸਲਿਮ ਘਰਾਂ ਤੇ ਨਿਸ਼ਾਨ ਨਹੀਂ ਬਣਾਇਐ ਗਏ ਸੀ. ਇਸ ਦੇ ਚਲਦੇ, ਦਹਿਸ਼ਤ ਫ਼ੈਲ ਗਈ ਅਤੇ ਕੁੱਝ ਹਿੰਦੂ ਆਪਣੇ ਘਰ ਛੱਡ ਕੇ ਚਲੇ ਗਏ, ਪਰ ਚੁੰਕਿ ਜ਼ਿਆਦਾਤਰ ਆਮ ਲੋਕ ਨਿਮਨ ਮੱਧ ਵਰਗ ਦੇ ਸਨ ਉਨ੍ਹਾਂ ਦੇ ਲਈ ਜਾਣ ਦੀ ਕੋਈ ਜਗ੍ਹ ਨਹੀਂ ਸੀ. ਇੱਕ ਸ਼ਾਮ, ਉਨ੍ਹਾਂ ਦੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ ਅਤੇ ਅਚਾਨਕ, ਭਿਆਨਕ ਚੀਕਾਂ ਦੀ ਆਵਾਜਾਂ ਸੁਣਿਆ ਜਾ ਸਕਦਿਆਂ ਸੀ. ਜਲਦੀ ਹੋਈ ਖੱਲੜੀ ਤੋਂ ਇੱਕ ਬੇਹਦ ਗੰਦੀ ਬਦਬੂ ਆ ਰਹੀ

ਸੀ. ਹੁਣ ਵੀ, ਮੈਂ ਆਪਣੀ ਨੀਂਦ ਤੇ ਬੇਚੈਨ ਹੋ ਜਾਣਾ ਹਾਂ ਅਤੇ ਘੜੀ ਮੁੜੀ, ਬਿਲਕੁਲ ਮਾਯੂਸ ਅਵਾਜਾਂ ਮੈਨੂੰ ਪੁਕਾਰਦਿਆਂ ਨੇ.

'ਤੁਸੀ ਕਾਂਤਾ ਲੁਥਰਾ ਦੀ ਕਹਾਣੀ ਦਾ ਜ਼ਿਕਰ ਕੀਤਾ ਹੈ. ਉਸ ਨੇ ਤੁਹਾਨੂ ਜੋ ਕਿਹਾ ਸੀ ਉਹ ਬਿਲਕੁਲ ਸੱਚ ਹੈ. ਮਦਨ ਗੋਪਾਲ ਸਿੰਘ ਇੱਕ ਬੇਹਦ ਇਜ਼ੱਦਦਾਰ ਵਿਦਵਾਨ ਸਨ ਅਤੇ ਯੂਨੀਵਰਸਿਟੀ ਦੇ ਇੱਕ ਬੇਹਦ ਨਿਛਾਵਰ ਰੇਜੀਸਟਰਾਰ. ਉਨ੍ਹਾਂ ਦਾ ਕਤਲ, ਉਨ੍ਹਾਂ ਦੇ ਸਟੇਨੇਗ੍ਰਾਫਰ [ਉਸ ਦਾ ਨਾਂਅ ਘੁਲਾਮ ਹਸਨ ਸੀ, ਕੈਸ਼ਿਕ ਦੇ ਮੁਤਾਬਕ 2011] ਨੇ ਕੀਤਾ, ਜੋ ਉਨ੍ਹਾਂ ਦੇ ਨਾਲ ਦੇ ਦਫ਼ਤਰ ਤੇ ਬੈਂਦਾ ਸੀ. ਮੈਨੂੰ, ਹੁਣ, ਉਸ ਦਾ ਨਾਂਅ ਯਾਦ ਨਹੀਂ ਹੈ. ਇੰਡੀਆਂ ਦੀ ਤਕਸੀਮ ਬਿਲਕੁਲ ਗੈਰ-ਜ਼ਰੂਰੀ ਸੀ. ਇੱਕ ਹਜ਼ਾਰ ਸਾਲਾਂ ਦੇ ਮੇਲ ਮਿਲਾਪ ਕਰਾਣ ਵਾਲੇ ਤਰੀਕੇਆਂ ਨੂੰ, ਕੁੱਝ ਹਫ਼ਤੇਆਂ ਤੇ ਸਿਫ਼ਰ ਕਰ ਦਿੱਤਾ ਗਿਆ. ਕਿਸੇ ਨੇ ਵੀ ਨਹੀਂ ਸੋਚਿਆ ਸੀ ਕਿ ਪੰਜਾਬ ਦਾ ਘੁੱਲੂਘਾਰਾ ਹੋਣ ਵਾਲਾ ਸੀ. ਮੈਨੂੰ ਖ਼ੁਸ਼ੀ ਹੈ ਕਿ ਮੇਰੇ ਸਤਿਕਾਰਯੋਗ ਅਧਿਆਪਕ, ਪ੍ਰੇਮ ਕਿਰਪਾਲ ਸਹੀ ਸਲਾਮਤ ਇੰਡੀਆ ਚਲੇ ਗਏ ਪਰ ਮੈਨੂੰ ਨਹੀਂ ਪਤਾ ਕਿ ਪ੍ਰੋਫ਼ੈਸਰ ਨਯੱਰ ਨਾਲ ਕੀ ਹੋਇਆ. ਮੈਨੂੰ ਉਮੀਦ ਹੈ ਕਿ ਉਹ ਵੀ ਠੀਕ-ਠਾਕ ਪਹੁੰਚ ਗਏ ਹੋਣਗੇ. ਦੋਨੇ ਮਹਾਨ ਇਨਸਾਨ ਸਨ ਅਤੇ ਮੈਂ ਉਨ੍ਹਾਂ ਨੂੰ ਹਮੇਸ਼ਾ, ਮੇਰੇ ਸੱਚੇ ਦਾਤਾ ਦੇ ਤੌਰ ਤੇ, ਯਾਦ ਰੱਖਾਂਗਾ.

ਕਲੇਬ ਅਲੀ ਸ਼ਾਹ

ਇਸ ਤੋਂ ਪਹਿਲਾਂ, ਕਲੇਬ ਅਲੀ ਸ਼ਾਹ ਦੀ ਮਦਦ ਨਾਲ, ਮਈ 1947 ਦੇ ਚੂੜੀਆਂ ਅਤੇ ਮੇਹੰਦੀ ਦੇ ਵਾਕਿਐ ਨੂੰ ਪੇਸ਼ ਕੀਤਾ ਗਿਆ ਹੈ. ਉਨ੍ਹਾਂ ਨੇ ਲਾਹੌਰ ਤੇ ਅਗਸਤ ਦੇ ਦੂਜੇ ਅੱਧ ਤੋਂ ਬਾਅਦ ਜੋ ਕੁੱਝ ਹੋਇਆ, ਉਸ ਦੇ ਬਾਰੇ ਵੀ ਸਾਨੂ ਦੱਸਿਆ:

'ਅਗਸਤ 1947 ਤੇ, ਲਾਹੌਰ ਇੱਕ ਝੁਲਸਦਾ ਹੋਇਆ ਨਰਕ ਸੀ. ਜ਼ਿਆਦਾਤਰ ਹਿੰਦੂ ਅਤੇ ਸਿੱਖ ਭੱਜ ਚੁਕੇ ਸੀ; ਲਾਹੌਰ ਤੇ ਉਨ੍ਹਾਂ ਦੇ ਵਸਣ ਦੀ ਦਿਲੀ ਤਾਕਤ ਖ਼ਤਮ ਹੋ ਚੁਕੀ ਸੀ. ਪਰ ਕੁੱਝ ਲੋਕ ਨਹੀਂ ਜਾ ਰਹੇ ਸੀ. ਉਹ ਇਸ ਤਰ੍ਹਾਂ ਦਾ ਸਲੂਕ ਕਰ ਰਹੇ ਸੀ, ਜੈਦਾ ਕੁੱਝ ਹੋਇਆ ਹੀ ਨਹੀਂ ਸੀ. ਮੈਂ ਆਪਣੀ ਅੱਖਾਂ ਨਾਲ ਤਿੰਨ ਬੰਦੇਆਂ ਨੂੰ ਹਲਾਕ ਹੁੰਦੇ ਵੇਖਿਆ. ਇੱਕ ਸਿੱਖ ਨੌਜਵਾਨ, ਸੋਹਣਾ, ਚੰਗੇ ਕਪੜੇ ਪਹਿਣ ਕੇ ਆਪਣੀ ਸਾਇਕਲ ਚਲਾਂਦੇ ਹੋਏ, ਸਾਡੇ ਘਰ ਦੇ ਕਰੀਬ, ਲਾਹੌਰ ਸਟੇਸ਼ਨ ਦੇ ਪਿੱਛੇ, ਜਾ ਰਿਹਾ ਸੀ. ਲਗਦਾ ਸੀ, ਉਹ ਇਸ ਜਗ੍ਹ ਨਾਲ ਵਾਕਫ਼ ਸੀ. ਅਚਾਨਕ, ਗੁੰਡੇਆਂ ਦੇ ਇੱਕ ਗਿਰੋਹ ਨੇ ਉਸ ਦੇ ਉਪਰ ਝਪਟਾ ਮਾਰ ਦਿੱਤਾ. ਉਨ੍ਹਾਂ ਨੇ ਉਸ ਨੂੰ, ਪਿੱਛੋਂ ਤੋਂ ਇੱਕ ਲੰਬੇ ਡੰਡੇ ਨਾਲ ਮਾਰਿਆ. ਉਹ ਜਮੀਨ ਤੇ ਗਿਰ ਗਿਆ ਅਤੇ ਉਨ੍ਹਾਂ ਨੇ ਉਸ ਦੇ ਜਿਸਮ ਵਿੱਚ ਲੰਬੇ ਛੁਰੇ ਘੁਸੇੜ ਦਿੱਤੇ. ਉਹ ਦਰਦ ਨਾਲ ਤੜਫਦੇ ਹੋਏ ਮਰ ਗਿਆ. ਦੂਜਾ ਵਾਕਿਆ ਸਾਡੇ ਆਲੇ-ਦੁਆਲੇ ਦੇ ਇੱਕ ਹਿੰਦੂ ਦੁਕਾਨਦਾਰ ਦਾ ਸੀ. ਉਹ ਖਾਣ ਦੇ ਤੇਲ ਦਾ ਵਪਾਰ ਕਰਦਾ ਸੀ. ਸ਼ਾਇਦ ਉਹ ਤੇਲ ਲੈਣ ਜਾ ਰਿਹਾ ਸੀ ਅਤੇ ਸਾਇਕਲ ਨਾਲ, ਤੇਲ ਦੇ ਪੀਪੇ ਬੱਨ੍ਹੇ ਹੋਏ ਸੀ. ਉਸ ਨੂੰ ਵੀ ਛੁਰਾ ਮਾਰ ਕੇ ਹਲਾਕ ਕੀਤਾ ਗਿਆ. ਖੂਨੀ ਪੈਸੇ ਲਈ, ਉਸ ਦੇ ਮਗਰ ਸਨ. ਉਹ ਉਸ ਦਾ ਬਟੂਆ ਖੋਹ ਕੇ ਭੱਜ ਗਏ. ਤੀਜਾ ਸ਼ਕਸ ਕੋਈ ਅਨਜਾਨ ਸੀ ਜੋ ਲਹੂ ਨਾਲ ਲਥਪਥ ਸੀ. ਮੈਨੂੰ ਪਤਾ ਨਹੀਂ ਸੀ ਕਿ ਉਹ ਇੱਕ ਮੁਸਲਿਮ ਸੀ ਜਾਂ ਹਿੰਦੂ. ਇਹ ਤਿੰਨ ਕਤਲ ਤਦ ਹੋਏ, ਜਦ ਕਰਫਿਊ ਚਾਲੂ ਸੀ. ਜ਼ਾਹਰ ਹੈ, ਇਹ ਪੇਸ਼ੇਵਰ ਮੁਜਰਮਾਂ ਦਾ ਕੱਮ ਸੀ, ਜੋ ਕਾਨੂੰਨ ਦੀ ਪਰਵਾਹ ਨਾ ਕਰਣ ਦਾ ਜੋਖਿਮ ਉਠਾ ਕੇ, ਇਸ ਤਰ੍ਹਾਂ ਦੇ ਗੰਭੀਰ ਜੁਰਮ ਕਰਦੇ ਸੀ. ਲਾਹੌਰ ਤੇ ਅਸਲੀ ਕਤਲੇਆਮ 17

ਅਗਸਤ ਤੋਂ ਬਾਅਦ ਸ਼ੁਰੂ ਹੋਇਆ, ਜਦ ਹਜ਼ਾਰਾਂ ਦੀ ਤਦਾਦ ਤੇ ਅੱਮ੍ਰਿਤਸਰੀ ਮੁਸਲਿਮ, ਲਾਹੌਰ ਪਹੁੰਚੇ. ਉਨ੍ਹਾਂ ਦੇ ਵਿੱਚ ਉਹ ਲੋਕ ਸਨ, ਜੋ ਅੱਮ੍ਰਿਤਸਰ ਦੇ ਸਭ ਤੋਂ ਬਦਤਰ ਕਾਨੂੰਨ ਤੋੜਣ ਵਾਲੇ ਸੀ. ਉਨ੍ਹਾਂ ਦਾ ਸ਼ਰਤਿਆ ਤੌਰ ਤੇ, ਹਕੂਮਤ ਨਾਲ ਕਰੀਬੀ ਰਿਸ਼ਤਾ ਸੀ. ਕੁੱਝ ਉਸ ਸਮੂਹ ਦਾ ਹਿੱਸਾ ਸਨ, ਜਿਸ ਨੂੰ ਸਰਦਾਰ ਸ਼ੌਕਤ ਹਯਾਤ ਨੇ ਅੱਮ੍ਰਿਤਸਰ ਤੇ, ਆਪਣੇ ਅਕਸਰ ਕੀਤੇ ਦੌਰੇਆ ਦੇ ਦੌਰਾਨ, ਸਥਾਪਤ ਕੀਤਾ ਸੀ. ਕਈਆਂ ਨੂੰ ਬਾਅਦ ਤੇ, ਅਨਾਰਕਲੀ ਤੇ ਦੁਕਾਨਾਂ ਅਤੇ ਘਰ ਦੇ ਦਿੱਤੇ ਗਏ, ਜਿਸ ਨੂੰ ਹਿੰਦੂ ਅਤੇ ਸਿੱਖ ਛੱਡ ਕੇ ਚਲੇ ਗਏ ਸੀ.

'ਰੇਲ-ਗੱਡੀਆਂ ਰੋਜ਼ਾਨਾ, ਲਾਹੌਰ ਰੇਲਵੇ ਸਟੇਸ਼ਨ ਤੇ ਦੋਵੇ ਪੂਰਬ ਅਤੇ ਪਛੱਮ ਦੇ ਜ਼ਿਲ੍ਹਾਂ ਤੋਂ ਆ ਰਹਿਆਂ ਸੀ, ਅਤੇ ਉਹ ਲਾਸ਼ਾਂ ਨਾਲ ਭਰੀਆਂ ਹੁੰਦੀਆਂ ਸੀ. ਇੱਕ ਦਿਨ ਮੇਰੇ ਵਾਲਿਦ ਜੋ ਰੇਲਵੇ ਪੁਲਿਸ ਤੇ ਕਾਂਸਟਬਲ ਸਨ, ਘਰ ਵਾਪਸ ਆਏ ਅਤੇ ਮੇਰੀ ਮਾਂ ਨੂੰ ਦੱਸਿਆ ਕਿ, ਹਾਲਾਂਕਿ ਲਾਹੌਰ ਰੇਲਵੇ ਸਟੇਸ਼ਨ ਤੇ ਰੇਲਗਡੀਆਂ, ਪੂਰਬੀ ਅਤੇ ਪਛੱਮ ਜ਼ਿਲ੍ਹਾਂ ਤੋਂ, ਲਾਸ਼ਾਂ ਨਾਲ ਭਰੀਆਂ ਆ ਰਹਿਆਂ ਸੀ, ਉਨ੍ਹਾਂ ਨੂੰ ਪਤਾ ਲਗਾ ਸੀ ਕਿ ਇੱਕ ਰੇਲ-ਗੱਡੀ ਜੋ ਉੱਤਰ ਪੰਜਾਬ ਤੋਂ ਆ ਰਹੀ ਸੀ, ਉਸ ਦੇ ਉਪਰ ਕਮੋਕੇ ਤੇ ਹਮਲਾ ਹੋਇਆ ਅਤੇ ਇੱਕ ਵੀ ਹਿੰਦੂ ਜਾਂ ਸਿੱਖ ਜੀਉਂਦਾ ਨਹੀਂ ਸੀ (ਇਸ ਵਾਕਿਐ ਦਾ ਵੇਰਵਾ ਇਸ ਅਧਿਆਇ ਤੇ ਬਾਅਦ ਵਿੱਚ ਦਿੱਤਾ ਗਿਆ ਹੈ). ਇਸ ਕਰ ਕੇ ਉਸ ਟ੍ਰੇਨ ਨੂੰ ਇੱਕ ਸਫਾਈ ਕਰਣ ਵਾਲੇ ਸ਼ੇਡ ਤੇ ਭੇਜ ਦਿੱਤਾ ਗਿਆ ਸੀ. ਉਹ ਇਸ ਜ਼ੁਲਮ ਉਪਰ ਜ਼ਿਆਦਾ ਜ਼ੋਰ ਦੇ ਰਹੇ ਸੀ. ਪਰ, ਇਹ ਜ਼ੋਰ ਦੇਣਾ ਅਹਿਮ ਹੈ ਕਿ ਸਰਕਾਰ ਤੋਂ, ਤਕਸੀਮ ਦੇ ਕੁੱਝ ਦਿੱਨਾਂ ਬਾਅਦ ਤਕ, ਕਾਨੂੰਨ ਤੋੜਣ ਵਾਲੇ ਲੋਕ ਡਰਦੇ ਸੀ. ਇਸ ਦੀ ਇੱਕ ਵਜ੍ਹਾ ਇਹ ਸੀ ਕਿ ਪੁਲਿਸ ਵਿੱਚ ਹੁਣ ਵੀ ਕੁੱਝ ਬ੍ਰਿਟਿਸ਼ ਅਫ਼ਸਰ ਮੌਜੂਦ ਸਨ. ਇਸ ਦੇ ਇਲਾਵਾ, ਪੁਲਿਸ ਦੇ ਨਵੇਂ ਇੰਸਪੈਕਟਰ ਜਨਰਲ, ਕੁਰਬਾਨ ਅਲੀ ਖਾਨ, ਇੱਕ ਗੈਰ-ਮਾਮੁਲੀ ਦਿਆਨਤਦਾਰ ਇਨਸਾਨ ਸਨ.'

ਲਾਹੌਰ ਜ਼ਿਲ੍ਹਾ

ਸਰਦਾਰ ਸ਼ੌਕਤ ਅਲੀ

ਜਦ ਕਿ ਮੈਂ ਲਾਹੌਰ ਸ਼ਹਿਰ ਦੀ ਬਹੁਤ ਸਾਰੀਆਂ ਕਹਾਨਿਆਂ ਇਕੱਠਾ ਕੀਤੀਆਂ ਸੀ, ਉਣ ਲੋਕਾਂ ਨੂੰ ਲੱਭਣਾ ਬੇਹਦ ਮੁਸਕਲ ਸੀ ਜੋ ਉਸ ਵਕਤ ਦੇ ਦਿਹਾਤੀ ਜਗ੍ਹਾਂ ਤੇ ਕੀ ਹੋਇਆ ਸੀ, ਸਾਨੂੰ ਦੱਸ ਸਕਦੇ. ਪਰ, 2 ਮਈ 2003 ਨੂੰ ਮੈਂ ਸਾਬਕਾ ਕਮਿਊਨਿਸਟ ਰਹਨੁਮਾ, ਸਰਦਾਰ ਸ਼ੌਕਤ ਅਲ਼ੀ ਨਾਲ, ਉਨ੍ਹਾਂ ਦੇ ਨਿਉ ਗਾਰਡੇਨ ਟਾਉਨ ਸਥਿਤ ਘਰ ਤੇ ਗੱਲ ਬਾਤ ਕੀਤੀ. ਲਾਹੌਰ ਦੇ ਨਜਦੀਕ, ਉਨ੍ਹਾਂ ਨੇ ਆਪਣੇ ਪਿੰਡ ਤੇ ਹੋਈ ਘਟਨਾਵਾਂ ਨੂੰ ਸੁਣਾਇਆ:

'ਰੈਡਕਲੀਫ ਅਵਾਰਡ ਦੇ ਐਲਾਨ ਦੇ ਬਾਅਦ, ਹਮਲਾਵਰਾਂ ਅਤੇ ਲੁੱਟੇਰੇਆਂ ਦੇ ਗਿਰੋਹਾਂ ਨੂੰ ਚਾਰੇ ਪਾਸੇ ਘੁਮਦੇ ਹੋਏ ਵੇਖਿਆ ਜਾਂਦਾ ਸੀ. ਕਾਮਰੇਡ ਘੁਲਾਮ ਨਬੀ ਭੁੱਲਰ ਨੂੰ ਕਮਿਊਨਿਸਟ ਪਾਰਟੀ ਨੇ ਨਾਮਜ਼ਦ ਕੀਤਾ ਸੀ ਕਿ ਉਹ ਮੁਸਲਿਮਾਂ ਨੂੰ ਸਤਲਜ ਅਤੇ ਬਿਆਸ ਪਾਰ ਕਰਾ ਕੇ, ਇਸ ਤਰਫ਼ ਲੈ ਆਉਣ ਅਤੇ ਹਿੰਦੂਆਂ ਅਤੇ ਸਿੱਖਾਂ ਨੂੰ ਦੁਜੇ ਪਾਸੇ ਛੱਢ ਦੇਣ. ਮੈਂ, ਖੁਦ ਕਈ ਹਿੰਦੂਆਂ ਅਤੇ ਸਿੱਖਾਂ ਨੂੰ ਦਰਿਆ ਦੇ ਦੁਜੇ ਪਾਸੇ ਜਾਣ ਤੇ ਮਦਦ ਕੀਤੀ. ਮੇਰਾ ਇੱਕ ਸਿੱਖ ਕਾਮਰੇਡ, ਜੋਗਿੰਦਰ ਸਿੰਘ ਸੀ. ਇੱਕ ਦਿਨ, ਉਹ ਅਤੇ ਉਸ ਦਾ ਭਰਾ, ਇੱਕ

ਭਰਿਆ ਹੋਇਆ ਬੋਰਾ ਲੈ ਕੇ ਆਏ ਜਿਸ ਵਿੱਚ ਕੁਰਾਨਾਂ ਸੀ, ਜੋ ਭੱਜਦੇ ਵਕਤ, ਮੁਸਲਿਮ ਛੱਡ ਕੇ ਚਲੇ ਗਏ ਸੀ.

'ਹੁਣ, ਸਿੱਖਾਂ ਦਾ ਇੱਕ ਕਾਫ਼ਿਲਾ, ਸਤਲੁਜ ਦਰਿਆ ਤੋਂ ਸਿਰਫ਼ 8-10 ਮੀਲ ਦੂਰ, ਇਸ ਨੂੰ ਪਾਰ ਕਰਣ ਦੀ ਕੋਸ਼ਿਸ਼ ਕਰ ਰਿਹਾ ਸੀ. ਮੀਂਹ ਦੇ ਚਲਦੇ, ਚਾਰੇ ਪਾਸੇ, ਪਾਣੀ ਚੜ੍ਹ ਰਿਹਾ ਸੀ, ਦਰਿਆ ਤੇ, ਸਰੋਤਾਂ ਤੇ ਅਤੇ ਨਹਿਰਾਂ ਤੇ. ਇਹ ਇੱਕ ਵੱਡਾ ਕਾਫ਼ਿਲਾ ਸੀ ਅਤੇ ਜ਼ਿਆਦਾਤਰ ਸਿੱਖਾਂ ਨੂੰ ਤੈਰਨਾ ਨਹੀਂ ਆਉਂਦਾ ਸੀ ਅਤੇ ਸਿਰਫ਼ ਕੁੱਝ ਕਸ਼ਤੀਆਂ ਸੀ ਜਿਨ੍ਹਾਂ ਨੂੰ, ਉਨ੍ਹਾਂ ਦੀ ਮਦਦ ਲਈ ਲੈ ਆਇਆ ਜਾ ਸਕਦਾ ਸੀ. ਮੁਸਲਿਮ ਲੁੱਟੇਰੇਆਂ ਨੇ ਉਨ੍ਹਾਂ ਦੇ ਉਪਰ ਇੱਕ ਦੂਸ਼ਟ ਹਮਲਾ ਕੀਤਾ. ਕਈ ਹਲਾਕ ਹੋ ਗਏ. ਔਰਤਾਂ ਨੇ ਆਪਣੇ ਜਿਸਮ ਦੇ ਨਾਲ ਜ਼ੇਵਰ ਬੱਨ੍ਹ ਕੇ ਰੱਖੇ ਸੀ. ਹਮਲਾਵਰ ਜ਼ੇਵਰ ਖੋਹ ਲੈਂਦੇ ਅਤੇ ਕਦੀ ਤੇ ਉਹ ਕੱਨ ਅਤੇ ਤੰਣਾਂ ਜਿਸਮ ਤੋਂ ਅਲਗ ਕਰ ਦੇਂਦੇ. ਮੰਡੀ ਉਸਮਾਨਵਾਲਾ ਨਾਂਅ ਦੀ ਇੱਕ ਜਗ੍ਹ ਹੈ. ਜ਼ੇਵਰ ਲੁੱਟਣ ਵਿੱਚ ਉੱਥੇ ਦੇ ਵਹਾਬੀ ਮੌਲਿਵਿਆਂ ਨੇ ਇੱਕ ਵੱਡਾ ਹਿੱਸਾ ਲੀਤਾ. ਉਨ੍ਹਾਂ ਨੇ ਕਈ ਸਿੱਖਾਂ ਨੂੰ ਵੀ ਮਾਰਿਆ.

'ਲਾਹੌਰ ਸ਼ਹਿਰ ਤੇ ਹਮਲੇ ਇਸ ਕਰ ਕੇ ਹੋਏ ਕਿਉਂਕਿ ਸਿਆਸਤਦਾਨ ਗੁੰਡੇਆਂ ਅਤੇ ਬਦਮਾਸ਼ਾਂ ਦੇ ਸਰਪਰਸਤ ਸਨ. ਉਸ ਵਕਤ ਦੋ ਗੁਟ ਸਨ. ਮੁਸਲਿਮ ਲੀਗ ਦੇ ਆਗੂ ਇਨ ਹਰਕਤਾਂ ਤੇ ਸ਼ਾਮਲ ਸਨ, ਕਿਉਂਕਿ ਉਨ੍ਹਾਂ ਦੇ ਗੁੰਡੇਆ ਦੇ ਨਾਲ ਰਿਸ਼ਤੇ ਸੀ. ਮਿਆਂ ਅਮੀਰੁੱਦੀਨ ਦਾ ਡੇਰਾ ਇਨ ਹਰਕਤਾਂ ਦਾ ਮਰਕਜ਼ ਸੀ. ਪਰ, ਬਹੁਤ ਭਲੇਮਾਨਸ ਮੁਸਲਿਮ ਲੀਗੀਐ ਵੀ ਸਨ. ਸ਼ੇਖ਼ ਮੁਹੱਮਦ ਰਫ਼ੀਕ ਕਮਿਊਨਿਸਟ ਦੇ ਸਦੱਸ ਸਨ, ਪਰ ਉਹ ਪਾਰਟੀ ਦੀ ਹਦਾਇਤ ਦੇ ਚਲਦਿਆਂ ਮੁਸਲਿਮ ਲੀਗ ਤੇ ਸ਼ਾਮਲ ਹੋ ਗਏ ਸੀ. ਉਹ ਅਤੇ ਅਹਿਮਦ ਸਈਦ ਕਿਰਮਾਨੀ ਜੋ ਇੱਕ ਮੁਸਲਿਮ ਲੀਗ ਦੇ ਛਾਤਰ ਆਗੂ ਸਨ, ਹਿੰਦੂਆਂ ਅਤੇ ਸਿੱਖਾਂ ਉਪਰ ਹਮਲੇਆਂ ਦੀ ਹੌਸਲਾਸ਼ਿਕਨੀ ਕੀਤੀ. ਮਿਆਂ ਇਫ਼ਤਿਖ਼ਾਰੁੱਦੀਨ, ਦਨਿਆਲ ਲਤੀਫ਼ੀ, ਸੋਹਨ ਸਿੰਘ ਜੋਸ਼, ਟਿੱਕਾ ਰਾਮ ਸੋਹਨ ਵਰਿਸ਼ਠ ਕਾਮਰੇਡ ਸਨ ਜੋ ਆਪਣੀ ਕੌਮਾਂ ਉਪਰ ਆਪਣਾ ਪ੍ਰਭਾਵ ਇਸਤੇਮਾਲ ਕਰ ਕੇ, ਉਨ੍ਹਾਂ ਨੂੰ ਲੁੱਟ-ਪਾਟ ਅਤੇ ਕਤਲੇਆਮ ਕਰਣ ਤੋਂ ਰੋਕਿਆ. ਸ਼ਮੀਮ ਅਸ਼ਰਫ਼ ਮਲਿਕ ਅਤੇ ਮੈਂ ਪਾਰਟੀ ਦੇ ਛੋਟੀ ਉਮਰ ਦੇ ਸਦੱਸ ਸੀ, ਜਿਨ੍ਹਾਂ ਨੇ ਲੋਕਾਂ ਦੀ ਜ਼ਿਆਦਾ ਤੋਂ ਜ਼ਿਆਦਾ ਮਦਦ ਕਰਣ ਦੀ ਕੋਸ਼ਿਸ਼ ਕੀਤੀ. ਉਣ ਦਿਨਾਂ ਤੇ ਮੈਂ ਜੋ ਤਸ਼ੱਦਦ ਅਤੇ ਜ਼ਨੂਨੀਪਨ ਵੇਖਿਆ, ਉਹ ਹੁਣ ਵੀ ਮੈਨੂੰ ਇੱਕ ਭੂਤ ਦੀ ਤਰ੍ਹਾਂ ਸਤਾਉਂਦਾ ਹੈ. ਮਜ਼ੂਬ ਦੇ ਨਾਂਅ ਤੇ ਇੰਡੀਆ ਦੀ ਤਕਸੀਮ ਕਰਨਾ ਇੱਕ ਬਹੁਤ ਬੁਰਾ ਖ਼ਿਆਲ ਸੀ. ਇਸ ਨੇ ਮਜ਼ੂਬੀ ਜਨੂਨੀਆਂ ਨੂੰ ਮਾਨਤਾ ਅਤੇ ਮਹੱਤਾ ਦੇ ਦਿੱਤੀ, ਜਿਨ੍ਹਾਂ ਨੇ ਇਸ ਦਾ ਇਸਤੇਮਾਲ ਮਜ਼ੂਬੀ ਨਫ਼ਰਤ ਨੂੰ ਫੈਲਾਉਣ ਲਈ ਕੀਤਾ'.

18 ਮਾਰਚ 2004 ਨੂੰ ਮੈਂ ਅਤੇ ਵਿੱਕੀ ਇੱਕ ਵੱਡੇ ਪਿੰਡ, ਕਿਸ਼ਨਪੁਰਾ ਕਲਾਂ, ਜ਼ਿਲ੍ਹਾ ਮੋਗਾ, ਪੂਰਬੀ ਪੰਜਾਬ ਦਾ ਦੌਰਾ ਕੀਤਾ. ਸਾਨੂ ਦੱਸਿਆ ਗਿਆ ਸੀ ਕਿ ਲਾਹੌਰ ਜ਼ਿਲ੍ਹੇ ਦੇ ਪਨਾਹਗੀਰ ਇਥੇ ਅਤੇ ਆਲੇ-ਦੁਆਲੇ ਦੇ ਪਿੰਡਾ ਤੇ ਵੱਸਦੇ ਸੀ.

ਪਿਆਰਾ ਸਿੰਘ ਨੌਲਖ

'ਮੇਰਾ ਨਾਂਅ ਪਿਆਰਾ ਸ਼ਿੰਘ ਵਲਦ ਕੁਨਦਨ ਸਿੰਘ ਨੌਲਖ ਹੈ. ਸਾਡੇ ਪਿੰਡ ਨੂੰ ਨੌਲਖਾ ਬੁੰਗਾ, ਤਹਸੀਲ ਚੁਨਿਆਂ, ਜ਼ਿਲ੍ਹਾ ਲਾਹੌਰ ਕਿਹਾ ਜਾਂਦਾ ਸੀ. ਇਹ ਮੁਸਲਿਮਾਂ, ਸਿੱਖਾਂ ਅਤੇ ਹਿੰਦੂਆਂ ਦਾ ਮਿਲਿਆ ਜੁਲਿਆ ਪਿੰਡ ਸੀ. ਅਸੀਂ ਅਮਨ ਵਿੱਚ ਰਹਿੰਦੇ ਸੀ ਅਤੇ ਸਾਰੀ ਕੌਮਾਂ ਦੇ ਵਿੱਚ ਬਹੁਤ ਜ਼ਿਆਦਾ ਪਿਆਰ ਸੀ. ਸਿਰਫ਼ 1947 ਤੇ ਮੁਸਲਿਮ

ਲੀਗ ਦੇ ਕਾਰਜ ਕਰਤਾਵਾਂ ਨੇ ਸਾਡੇ ਪਿੰਡ ਦਾ ਦੌਰਾ ਕੀਤਾ. ਉਨ੍ਹਾਂ ਨੇ ਇੱਕ ਦਰਜੀ ਫ਼ਕੀਰੀਆ ਨੂੰ ਆਪਣੇ ਵੱਲ ਕਰ ਲੀਤਾ. ਉਹ ਆਏ ਅਤੇ ਉਸ ਦੇ ਨਾਲ ਰਹੇ ਪਰ ਕੋਈ ਬੁਰਾ ਵਾਕਿਆ ਨਹੀਂ ਹੋਇਆ. ਸਿੱਖ ਆਗੂ ਬਲਦੇਵ ਸਿੰਘ ਨੇ ਸਾਨੂ ਇੱਕ ਪੈਗਾਮ ਭੇਜਿਆ ਸੀ ਕਿ ਉਹ ਸਾਡੀ ਮਦਦ ਲਈ ਫ਼ੌਜ਼ ਭੇਜਣਗੇ, ਅਗਰ ਸਾਡੇ ਉਪਰ ਕੋਈ ਹਮਲਾ ਹੋਇਆ ਜਾਂ ਸਾਨੂ ਜਾਣ ਲਈ ਮਜਬੂਰ ਕੀਤਾ ਗਿਆ. ਸਾਨੂ ਦੱਸਿਆ ਗਿਆ ਸੀ ਕਿ ਚੁਨਿਆਂ ਤਹਸੀਲ ਨੂੰ ਲੈ ਕੇ ਝਗੜਾ ਚਲ ਰਿਹਾ ਸੀ ਜੋ ਲਾਹੌਰ ਜ਼ਿਲ੍ਹੇ ਤੇ ਸੀ, ਅਤੇ ਸਤਲੂਜ ਦੇ ਦੂਜੇ ਪਾਸੇ ਫ਼ਿਰੋਜ਼ਪੁਰ ਜ਼ਿਲ੍ਹੇ ਤੇ, ਜ਼ੀਰਾ ਤਹਸੀਲ਼ ਨੂੰ ਲੈ ਕੇ ਝਗੜਾ ਸੀ. ਜ਼ੀਰਾ ਤੇ ਮੁਸਲਿਮ ਮਜਾਰਿਟੀ ਤੇ ਸਨ ਜਦ ਕਿ ਚੁਨਿਆਂ ਤੇ ਹਿੰਦੂ ਅਤੇ ਸਿੱਖ ਮਜਾਰਿਟੀ ਤੇ ਸਨ. ਸਾਨੂ ਦੱਸਿਆ ਗਿਆ ਕਿ ਅਗਰ ਜਿਨਾਹ ਚੁਨਿਆਂ ਨੂੰ ਲੈਣਾ ਚਾਹੁੰਣਗੇ ਤਦ ਸਾਨੂ ਉੱਥੋਂ ਜਾਣਾ ਪਏਗਾ ਅਤੇ ਅਗਰ ਉਹ ਜ਼ੀਰਾ ਚਾਹੁੰਣਗੇ, ਤਦ ਅਸ਼ੀਂ ਉੱਥੇ ਰਹਿ ਸਕਾਂਗੇ. ਸਾਨੂ ਲਗਦਾ ਹੈ ਕਿ ਜਿਨਾਹ ਨੇ ਜ਼ੀਰਾ ਇਸ ਕਰ ਕੇ ਛੱਡ ਦਿੱਤਾ, ਕਿਉਂਕਿ ਉਸ ਨੂੰ ਉਹ ਕਿਸੇ ਵੀ ਤਰ੍ਹਾਂ, ਪਾਕਿਸਤਾਨ ਨਾਲ ਨਹੀਂ ਜੋੜ ਸਕਦੇ ਸੀ, ਕਿਉਂਕਿ ਪੰਜਾਬ ਦੇ ਉਸ ਹਿੱਸੇ ਤੇ ਸਤਲੁਜ ਇੱਕ ਸਰਹੱਦ ਬਨੀ ਸੀ.

'ਇੱਕ ਦਿਨ ਸਾਨੂੰ ਪਤਾ ਲਗਾ ਕਿ ਪਾਕਿਸਤਾਨ ਬਣ ਗਿਆ ਸੀ. ਸਾਡੇ ਮੁਸਲਿਮ ਗੁਆਂਢੀਆਂ ਨੇ ਵਾਅਦਾ ਕੀਤਾ ਕਿ ਉਹ ਸਾਨੂ ਕਿਸੇ ਵੀ ਜ਼ਬਰਦਸਤੀ ਜਾਂ ਤਸ਼ੱਦਦ ਦੇ ਖ਼ਿਲਾਫ਼ ਹਿਫ਼ਾਜ਼ਤ ਦੇਣਗੇ. 15 ਅਗਸਤ ਨੂੰ ਗਏ ਕੁੱਝ ਦਿਨ ਹੋਏ ਹੋਣਗੇ ਜਦ ਉੱਚੇ ਰੌਲੇ ਅਤੇ ਗੋਲੀਆਂ ਦੀ ਅਵਾਜ਼ਾਂ ਨੇ ਸਾਨੂ ਅਚਾਨਕ, ਨੀਂਦ ਤੋਂ ਜਗਾ ਦਿੱਤਾ, ਜਦ ਅਸੀਂ ਆਪਣੇ ਘਰਾਂ ਦੀ ਛੱਤਾਂ ਤੇ ਸੋ ਰਹੇ ਸੀ. ਸਾਨੂ ਦੱਸਿਆ ਗਿਆ ਕਿ ਪਿੰਡ ਉਪਰ ਹਥਿਆਰਬੰਦ ਲੋਕਾਂ ਦੇ ਇੱਕ ਵਡੇ ਗਿਰੋਹ ਨੇ ਹਮਲਾ ਕਰ ਦਿੱਤਾ ਸੀ. ਅਤੇ ਮਿਨਟਾਂ ਦੇ ਅੰਦਰ, ਅਸੀਂ ਇੱਕ ਜਗ੍ਹ ਤੇ ਇਕੱਠਾ ਹੋ ਕੇ ਸਤਲੁਜ ਦੀ ਤਰਫ਼ ਜਾਣ ਲਗੇ. ਉਹ ਸਾਨੂ ਡਰਾਉਣਾ ਚਾਹੁੰਦੇ ਸੀ ਤਾਂਕਿ ਅਸੀਂ ਚਲੇ ਜਾਇਏ. ਘਾਤ ਲਗਾ ਕੇ, ਰਾਹ ਵਿੱਚ ਸਾਡੇ ਕੁੱਝ ਲੋਕ ਹਲਾਕ ਕਰ ਦਿੱਤੇ ਗਏ. ਇਹ ਰਾਤ ਦਾ ਵਕਤ ਸੀ ਅਤੇ ਕਿਸੇ ਨੂੰ ਪਤਾ ਨਹੀਂ ਸੀ ਕਿ ਕੌਣ ਕਿਸ ਪਾਸੇ ਗਿਆ. ਪਰ, ਫ਼ੌਜ਼ ਠੀਕ ਵਕਤ ਤੇ ਆ ਗਈ ਅਤੇ ਹੋਰ ਜ਼ਿਆਦਾ ਜਾਨੀ ਨੁਕਸਾਨ ਹੋਣ ਤੋਂ ਰੋਕਿਆ. ਮੈਨੂੰ ਲਗਦਾ ਹੈ ਸਾਡੇ ਪਿੰਡ ਤੋਂ 50 ਤੋਂ ਘੱਟ ਮੌਤਾ ਹੋਇਆਂ. ਸਾਡੇ ਪਿੰਡ ਦੇ ਕਰੀਬ ਦੋ ਪੂਰੇ ਮੁਸਲਿਮ ਪਿੰਡ ਸਤੋਕੀ ਅਤੇ ਮੀਰ ਮਮਦਾ ਸਨ. ਹਮਲਾਵਰ ਇਣ ਪਿੰਡਾਂ ਤੋਂ ਵੀ ਨਹੀਂ ਸਨ. ਉਹ ਬਾਹਰ ਤੋਂ ਗੁੱਸੇ ਵਿੱਚ ਰੌਲਾ ਪਾਉਂਦੇ ਆਏ ਸੀ ਅਤੇ ਜ਼ਿਆਦਾਤਰ ਮੁਜਰਿਮ ਸਨ ਜੋ ਲੋਕਾਂ ਨੂੰ ਲੁੱਟਣਾ ਚਾਹੁੰਦੇ ਸੀ.

'ਦੂਜੇ, ਖਾਸ ਕਰ ਕੇ ਹਿੰਦੂ-ਸਿੱਖ ਕਾਫ਼ਿਲੇ ਘੱਟ ਖ਼ੁਸ਼ਕਿਸਮਤ ਸਨ. ਸਾਡੇ ਪਿੱਛੇ ਵਾਲੇ ਕਾਫ਼ਿਲੇ ਉਪਰ ਮੁਸਲਿਮ ਸਿਪਾਹੀਆਂ ਅਤੇ ਪੁਲਿਸ ਨੇ ਹਮਲਾ ਕੀਤਾ. ਕੋਈ 200-250 ਲੋਕਾਂ ਨੂੰ ਮਸ਼ੀਨ ਗਨਾਂ ਨਾਲ ਹਲਾਕ ਕਰ ਦਿੱਤਾ ਗਿਆ ਅਤੇ ਔਰਤਾਂ ਹੋਰ ਬੱਚੇਆਂ ਨੂੰ ਲੁੱਟੇਰੇ ਲੈ ਗਏ, ਜੋ ਉਨ੍ਹਾਂ ਦੇ ਨਾਲ ਸੀ. ਉਨ੍ਹਾਂ ਤੋਂ ਕੁੱਝ ਸਾਡੇ ਕਾਫ਼ਿਲੇ ਵਿੱਚ ਸ਼ਾਮਲ ਹੋਣ ਤੇ ਕਾਮਯਾਬ ਹੋ ਗਏ ਅਤੇ ਸਾਨੂ ਦੱਸਿਆ ਕਿ ਹੋਇਆ ਸੀ. ਇੰਡੀਅਨ ਫ਼ੌਜ਼ ਦੀ ਟੁਕੜੀ ਜੋ ਸਾਨੂ ਨਾਲ ਲੈ ਕੇ ਚਲ ਰਹੀ ਸੀ, ਘਬੜਾ ਗਈ ਜਦ ਉਨ੍ਹਾਂ ਨੇ ਮਹਿਸੁਸ ਕਤਾ ਕਿ ਉਹ ਬਹੁਤ ਘੱਟ ਸਨ ਅਤੇ ਉਨ੍ਹਾ ਦੇ ਕੋਲ ਹਥਿਆਰ ਵੀ ਮਾੜੇ ਹੀ ਸੀ, ਅਤੇ ਉਹ ਉਣ ਟ੍ਰੇਨਿੰਗ ਲੈ ਚੁਕੇ ਹਮਲਾਵਰਾਂ ਅਤੇ ਮੁਸਲਿਮ ਫੌਜ਼ ਦਾ ਮੁਕਾਬਲਾ ਨਹੀਂ ਕਰ ਸਕਦੇ ਸੀ. ਇਹ ਅਸੀਂ ਸੀ ਜਿਨ੍ਹਾਂ ਨੇ ਇੰਡੀਅਨ ਫ਼ੌਜ਼ ਦੀ ਹੌਸਲਾਅਫ਼ਜ਼ਾਈ ਕੀਤੀ. ਸਾਡੇ ਪਿੰਡ ਤੋਂ ਕਈ ਬਹੁਤ ਚੰਗੇ ਘੁੜਸਵਾਰ ਨਾਲ ਸੀ ਅਤੇ ਉਨ੍ਹਾਂ ਨੇ ਫ਼ੌਜ਼ ਦੀ ਮਦਦ

ਕੀਤੀ ਕਿ ਉਹ ਕਾਫ਼ਿਲੇ ਦੀ ਹਿਫ਼ਾਜ਼ਤ ਕਰ ਸਕਨ, ਜੋ ਉਸ ਵਕਤ ਤੱਕ ਹਜ਼ਾਰਾਂ ਦੀ ਤਦਾਦ ਤੇ ਪਹੁੰਚ ਗਿਆ ਸੀ; ਸ਼ਾਇਦ 50,000 ਤਕ.

'ਅਖੀਰਕਾਰ, ਅਸੀਂ ਜਮਬਰ ਦੇ ਕੈਂਪ ਤੇ ਪਹੁੰਚ ਗਏ. ਫਿਰ, ਸਤੰਬਰ ਦੇ ਪਹਿਲੇ ਹਫ਼ਤੇ, ਅਸੀਂ ਸਰਹੱਦ ਪਾਰ ਕੀਤੀ. ਅਸੀਂ ਕਿਸੇ ਨੂੰ ਵੀ ਛੱਡ ਕੇ ਨਹੀਂ ਆਏ. ਬਜ਼ੁਰਗ ਜੋ ਤੁਰ ਨਹੀਂ ਸਕਦੇ ਸੀ, ਉਨ੍ਹਾਂ ਨੂੰ ਅਸੀਂ ਬੈਲਗੱਡੀ ਤੇ ਚੜ੍ਹਾ ਦਿੱਤਾ, ਜਿਣ ਔਰਤਾ ਦੇ ਛੋਟੇ ਬੱਚੇ ਸੀ ਜਾਂ ਜੋ ਔਰਤਾਂ ਗਰਬਵਤੀ ਸਨ, ਉਨ੍ਹਾਂ ਨੂੰ ਵੀ ਬੈਲਗੱਡੀ ਤੇ ਚੜ੍ਹਾ ਦਿੱਤਾ ਗਿਆ. ਅਸ਼ੀਂ ਪਹਿਲਾਂ ਅੱਮ੍ਰਿਤਸਰ ਗਏ, ਅਤੇ ਉਸ ਦੇ ਬਾਅਦ ਜ਼ੀਰਾ ਤੇ ਆਏ ਅਤੇ ਤਦ ਸਾਨੂ ਕਿਸੇ ਨੇ ਕਿਸ਼ਨਪੁਰਾ ਜਾਣ ਨੂੰ ਕਿਹਾ. ਇਣ ਪਿੰਡ ਵਿੱਚ ਪੰਜ ਪੱਟੀਆਂ ਸੀ; ਚਾਰ ਹਿੰਦੂਆਂ ਅਤੇ ਸਿੱਖਾਂ ਦੀ ਅਤੇ ਇੱਕ ਮੁਸਲਿਮਾਂ ਦੀ. ਸਾਨੂ ਮੁਸਲਿਮ ਪੱਟੀ ਤੇ ਵਸਾ ਦਿੱਤਾ ਗਿਆ, ਜਿਥੋਂ ਅਰਾਇਨ ਪਾਕਿਸਤਾਨ ਚਲੇ ਗਏ ਸੀ.'

ਸ਼ੇਖੁਪੁਰਾ

ਸ਼ੇਖੁਪੁਰਾ ਬੇਸ਼ਕ, ਸਿੱਖਾਂ ਲਈ ਮਜ਼ਬੀ ਤੌਰ ਤੇ ਪਛੱਮ ਪੰਜਾਬ ਦਾ ਸਭ ਤੋਂ ਅਹਿਮ ਜ਼ਿਲ੍ਹਾ ਸੀ. ਉਹ ਕਿਸੇ ਵੀ ਦੂਜੀ ਜਗ੍ਹ ਦੇ ਮੁਕਾਬਲੇ, ਇਸ ਨੂੰ ਪੂਰਬੀ ਪੰਜਾਬ ਵਿੱਚ ਸ਼ਾਮਲ ਕਰਨਾ ਚਾਹੁੰਦੇ ਸੀ, ਕਿਉਂਕਿ ਉਨ੍ਹਾਂ ਦੇ ਧਰਮ ਦੇ ਸੰਸਥਾਪਕ, ਗੁਰੂ ਨਾਨਕ, ਦਾ ਜਨਮ ਉਸ ਜ਼ਿਲ੍ਹੇ ਦੇ ਤਲਵੰਡੀ ਪਿੰਡ ਵਿੱਚ ਹੋਇਆ ਸੀ. ਬਾਅਦ ਤੇ ਇਸ ਦਾ ਨਾਂਅ ਨਨਕਾਣਾ ਸਾਹਿਬ ਰੱਖ ਦਿੱਤਾ ਗਿਆ. ਪਰ, ਆਬਾਦੀ ਦੇ ਮੁਤਾਬਕ, ਮੁਸਲਿਮ ਹਾਵੀ ਸਨ. ਕੁੱਲ 825,508 ਦੀ ਆਬਾਦੀ ਵਿੱਚ, ਮੁਸਲਿਮ 641,448 (63.62 ਫ਼ੀਸਦੀ) ਦੀ ਤਦਾਦ ਲੈ ਕੇ ਇੱਕ ਮਜਾਰਿਟੀ ਵਿੱਚ ਸਨ ਪਰ ਸਿੱਖਾਂ ਦੀ ਵੀ ਇੱਕ ਮਹੱਤਵਪੂਰਨ ਮਾਇਨਾਰਿਟੀ ਸੀ 106,706 (18.85 ਫ਼ੀਸਦੀ) ਜਦ ਕਿ ਹਿੰਦੂ, ਸਿਡਯੂਲਡ ਕਾਸਟਾਂ ਨੂੰ ਲੈ ਕੇ 77,740 (9.12 ਫ਼ੀਸਦੀ) ਸਨ. ਸ਼ੁਰੂ ਤੇ, ਰੈਡਕਲੀਫ ਅਵਾਰਦ ਦੇ ਐਲਾਨ ਦੇ ਬਾਵਜੂਦ, ਜਿਸ ਨੇ ਸ਼ੇਖੂਪੁਰਾ ਨੂੰ ਪਾਕਿਸਤਾਨ ਨੂੰ ਦੇ ਦਿੱਤਾ ਸੀ, ਉਹ ਉੱਥੇ ਹੀ ਰਹੇ. ਇਸ ਦੇ ਇਲਾਵਾ, ਉਨ੍ਹਾਂ ਨੂੰ ਅਤੇ ਹਿੰਦੂਆਂ ਨੂੰ ਉੱਥੋਂ ਕੱਢਣ ਦੀ ਮੁਸਲਿਮਾਂ ਨੇ ਕੋਈ ਜਲਦ ਕੋਸ਼ਿਸ਼ ਨਹੀਂ ਕੀਤੀ. ਪਰ ਜਦ, ਪੂਰਬੀ ਪੰਜਾਬ ਤੋਂ, ਮੁਸਲਿਮ ਪਨਾਹਗੀਰ ਆਉਣ ਲਗੇ, ਹਾਲਾਤ ਬਹੁਤ ਜਲਦ ਬਦਲ ਗਏ. ਪਛੱਮ ਦੇ ਜ਼ਿਲ੍ਹਾਂ ਦਾ ਇੱਕ ਸਭ ਤੋਂ ਵੱਡਾ ਕਤਲੇਆਮ ਸ਼ੇਖੁਪੁਰਾ ਤੇ ਹੋਇਆ. ਐਸ.ਜੀ.ਪੀ.ਸੀ. ਰਿਪੋਰਟ ਇਸ ਬਾਰੇ ਜ਼ੋਰ ਦੇ ਕੇ ਦੱਸਦੀ ਹੈ:

> ਸ਼ੇਖੁਪੁਰਾ ਦੇ ਬੇਕਸੂਰ ਹਿੰਦੂ ਅਤੇ ਸਿੱਖ, ਸ਼ਾਇਦ, ਰਾਵਲਪਿੰਡੀ ਅਤੇ ਮੁਲਤਾਨ ਦੇ ਬਾਅਦ, ਪਾਕਿਸਤਾਨੀ ਕੱਟੜਤਾ ਅਤੇ ਕਤਲੇਆਮ ਦੇ ਜਨੂਨੀਪਨ ਦੇ ਸਭ ਤੋਂ ਬਦਤਰ ਸ਼ਿਕਾਰ ਹੋਏ. ਉਨ੍ਹਾਂ ਨੂੰ ਅਚਾਨਕ ਅਤੇ ਤੇਜੀ ਨਾਲ ਝਟਕਾ ਲਗਾ-ਦੇ ਦਿਨਾਂ ਵਿੱਚ ਉਨ੍ਹਾਂ ਦੇ 10,000 ਤੋਂ ਲੈ ਕੇ 20,000 ਲੋਕ ਹਲਾਕ ਕਰ ਦਿੱਤੇ ਗਏ (1991:167).

ਖੋਸਲਾ ਰਿਪੋਰਟ ਨੇ ਕਤਲੇਆਮ ਦੇ ਸਭ ਤੋਂ ਬਦਤਰ ਕੱਮਾਂ ਦੇ ਵੇਰਵੇ ਦਿੱਤੇ ਨੇ. ਖੋਸਲਾ ਪੂਰੇ ਮੁਸਲਿਮ ਇੰਤਜ਼ਾਮਿਆ ਨੂੰ ਕਤਲੇਆਮ ਵਿੱਚ ਮਿਲੇ ਹੋਣ ਦਾ ਇਲਜ਼ਾਮ ਲਗਾਉਂਦੇ ਨੇ, ਅਤੇ ਇਥੋਂ ਤੱਕ ਕਿ ਅੰਗ੍ਰੇਜ਼ ਡਿਪਟੀ ਕਮੀਸ਼ਨਰ ਸੀ.ਐਚ.ਡਿਸਨੀ ਦੀ ਤਰਫ਼ ਵੀ ਸਾਜ਼ਸ਼ ਵਿੱਚ ਮਿਲੇ ਹੋਣ ਦਾ ਇਸ਼ਾਰਾ ਕਰਦੇ ਨੇ,

ਜਿਸ ਨੇ ਪਾਕਿਸਤਾਨ ਵਿੱਚ ਰਹਿਣ ਦਾ ਫ਼ੈਸਲਾ ਕੀਤਾ ਸੀ. ਇਸ ਰਿਪੋਰਟ ਦੇ ਮੁਤਾਬਕ ਇਸ ਦੀ ਸ਼ੁਰੁਆਤ ਤਦ ਹੋਈ ਜਦ ਉਸ ਨੇ 24 ਅਗਸਤ ਨੂੰ ਸ਼ਾਮ 6 ਵਜੇ ਤੋਂ ਸਵੇਰ 6 ਵਜੇ ਤੱਕ ਕਰਫਿਊ ਲਗਾ ਦਿੱਤਾ; ਹਾਲਾਂਕਿ ਸ਼ੇਖੁਪੁਰਾ ਤੇ ਕੋਈ ਵੀ ਤਸ਼ੱਦਦੀ ਝਗੜਾ ਨਹੀਂ ਹੋਇਆ ਸੀ. ਤਸ਼ੱਦਦ ਦੀ ਵਾਰਦਾਤਾਂ 21 ਅਗਸਤ ਦੇ ਬਾਅਦ, ਲਾਹੌਰ ਤੋਂ ਲਾਇਲਪੁਰ ਦੇ ਵਿੱਚ ਚਲਣ ਵਾਲੀ ਰੇਲਗੱਡੀਆਂ ਤੇ ਸਫਰ ਕਰ ਰਹੇ ਹਿੰਦੂਆਂ ਅਤੇ ਸਿੱਖਾਂ ਦੇ ਨਾਲ ਕੀਤੀ ਗਈ ਛੁਰੇਬਾਜ਼ੀ ਹੀ ਸੀ. 25 ਅਗਸਤ ਨੂੰ ਖੁਲ੍ਹੇ ਆਮ ਗੜਬੜੀ ਫੈਲ ਗਈ ਜਦ ਹਿੰਦੂਆ ਅਤੇ ਸਿੱਖਾਂ ਦੇ ਘਰਾਂ ਤੇ ਅੱਗ ਲਗਾ ਦਿੱਤੀ ਗਈ. ਫ਼ੌਜ਼ ਅਤੇ ਪੁਲਿਸ ਦੀ ਜੋ ਟੁਕੜੀ ਆਈ, ਉਨ੍ਹਾਂ ਨੇ ਉਣ ਲੋਕਾਂ ਦੇ ਉਪਰ ਹੀ ਗੋਲੀਆਂ ਚਲਾਣੀ ਸ਼ੁਰੁ ਕਰ ਦਿੱਤੀ, ਜੋ ਆਪਣੇ ਜਲਦੇ ਹੋਏ ਘਰਾਂ ਤੋਂ ਬਾਹਰ ਆ ਰਹੇ ਸੀ. 26 ਅਗਸਤ ਨੂੰ ਇਹ ਗੜਬੜੀ ਆਪਣੇ ਸ਼ਿਖਰ ਤੇ ਸੀ (Khosla,1989: 126-9).

ਮੈਂ ਦੋ ਲੋਕਾਂ ਨੂੰ ਲੱਭਣ ਤੇ ਕਾਮਯਾਬ ਹੋ ਗਿਆ ਜੋ ਸ਼ੇਖੁਪੁਰਾ ਤੇ ਉਣ ਦੋ ਦਿਨਾਂ ਤੇ ਹੋਏ ਵਾਕਿਐ ਬਾਰੇ ਦੱਸ ਸਕਦੇ ਸੀ. ਖ਼ੁਸ਼ਕਿਸਮਤੀ ਨਾਲ, ਮੈਂ ਇੱਕ ਸਜੱਣ ਨੂੰ 8 ਮਾਰਚ 2004 ਨੂੰ ਦਿੱਲੀ ਤੇ ਮਿਲਿਆ, ਜਿਨ੍ਹਾਂ ਨੇ ਮੈਨੂੰ ਇਹ ਦੱਸਿਆ ਕਿ ਤਕਸੀਮ ਦੇ ਵਕਤ, ਉਸ ਸ਼ਹਿਰ ਤੇ ਕੀ ਹੋਇਆ ਸੀ. ਬਾਅਦ ਦੇ, 30 ਜਨਵਰੀ 2006 ਨੂੰ, ਟੈਲੀਫੋਨ ਦੁਆਰਾ, ਉਨ੍ਹਾ ਤੋਂ ਹੋਰ ਸਪਸ਼ਟੀਕਰਣ ਲੀਤਾ ਗਿਆ.

ਕੇਵਲ ਕ੍ਰਿਸ਼ਨ ਤੁਲੀ

'ਮੇਰਾ ਜਨਮ 6 ਦਸੰਬਰ 1936 ਨੂੰ ਸ਼ੇਖੁਪੁਰਾ ਤੇ ਹੋਇਆ ਸੀ. ਅਸੀਂ ਜਿਸ ਗਲੀ ਤੇ ਰਹਿੰਦੇ ਸੀ, ਉਸ ਦਾ ਨਾਂਅ *ਅਵਾਨਾ ਦੀ ਗਲੀ* ਸੀ. ਇਹ ਇੱਕ ਬੰਦ ਗਲੀ ਸੀ. ਸਾਡਾ ਘਰ ਇੱਕ ਮੁਸਲਿਮ ਵਕੀਲ ਦੇ ਘਰ ਦੇ ਨਾਲ ਸੀ, ਜਿਨ੍ਹਾਂ ਦਾ ਨਾਂਅ ਹੁਣ ਮੈਨੂੰ ਯਾਦ ਨਹੀਂ ਹੈ. ਹਾਲਾਤ ਦੋਸਤਾਨਾ ਅਤੇ ਬੇਹਦ ਪੁਰ ਅਮਨ ਸਨ. ਅਸੀਂ ਗਲੀ ਮਹੱਲੇ ਤੇ ਖੇਡਦੇ ਅਤੇ ਮਜ਼ੂਬੀ ਫ਼ਰਕ ਬਾਰੇ ਕੋਈ ਜ਼ਿਆਦਾ ਸੋਚਦਾ ਨਹੀਂ ਸੀ. ਮੇਰੇ ਪਿਤਾ, ਲਾਲਾ ਰਾਮ ਰੱਖਾਮਲ, ਇੱਕ ਥੋਕ ਵਪਾਰੀ ਸਨ. ਸਾਡਾ ਅੱਛਾ ਖਾਸਾ ਕੱਮ ਚਲਦਾ ਸੀ. ਅਚਾਨਕ ਗੜਬੜੀ ਸ਼ੁਰੂ ਹੋ ਗਈ. ਇਹ ਪੰਜਾਬ ਬਾਉਂਡਰੀ ਫੋਰਸ ਦੀ ਬਲੁਚ ਰੇਜੀਮੇਂਟ ਸੀ, ਜਿਸ ਨੇ ਮੁਸਲਿਮਾਂ ਨੂੰ ਭੜਕਾਇਆ ਕਿ ਉਹ ਪੂਰਬੀ ਪੰਜਾਬ ਵਿੱਚ ਮੁਸਲਿਮਾਂ ਉਪਰ ਹਿੰਦੂਆਂ ਅਤੇ ਸਿੱਖਾਂ ਦੁਆਰਾ ਕੀਤੇ ਗਏ ਜ਼ੁਲਮਾਂ ਦਾ ਬਦਲਾ ਲੈਣ ਲਈ ਕੁੱਝ ਕਰਣ. ਅਚਾਨਕ, ਦਹਿਸ਼ਤ ਫੈਲ ਗਈ ਜਦ ਕੁੱਝ ਗਿਰੋਹ ਹਿੰਦੂਆਂ ਅਤੇ ਸਿੱਖਾਂ ਨੂੰ ਲੁੱਟਣ ਅਤੇ ਚਾਕੂ ਮਾਰਣ ਲਗੇ. ਇਹ ਸੱਚ-ਮੁੱਚ ਇੱਕ ਭਿਆਨਕ ਤਜਰਬਾ ਸੀ ਜਦ ਉਪਦਰਵੀ ਮੁਸਲਿਮ ਭੀੜ, ਬੰਦੇ ਅਤੇ ਔਰਤਾਂ ਦਾ ਪਿੱਛਾ ਕਰ ਕੇ ਉਨ੍ਹਾਂ ਨੂੰ ਬੇਰਹਿਮੀ ਨਾਲ ਕਤਲ ਕਰ ਰਹੀ ਸੀ.

'ਅਗਲੇ ਦਿਨ ਅਸੀਂ ਜਲਦੀ ਨਾਲ ਆਪਣਾ ਘਰ ਛੱਡ ਕੇ ਇੱਕ ਜ਼ਿਆਦਾ ਮਹਿਫ਼ੂਜ਼ ਜਗ੍ਹ ਤੇ ਚਲੇ ਗਏ. ਅਸੀਂ ਹਿੰਦੂਆਂ ਅਤੇ ਸਿੱਖਾਂ ਨੂੰ ਰੇਲਵੇ ਸਟੇਸ਼ਨ ਜਾਂ ਸਰਦਾਰ ਆਤਮਾ ਸਿੰਘ ਦੀ *ਰਾਇਸ ਮਿਲ* ਦੀ ਤਰਫ਼ ਦੌੜਦੇ ਵੇਖਿਆ. ਇਹ ਇੱਕ ਵੱਡੀ ਜਗ੍ਹ ਸੀ ਜਿਸ ਦਾ ਇੱਕ ਵੱਡਾ ਇਹਾਤਾ ਸੀ. ਮੈਨੂੰ ਲਗਦਾ ਹੈ ਕਿ ਉੱਥੇ ਹਜ਼ਾਰਾਂ ਦੀ ਤਦਾਦ ਤੇ ਲੋਕਾਂ ਨੇ ਪਨਾਹ ਲੈ ਲੀਤੀ. ਫ਼ੌਜ਼ ਨੇ ਮਿਲ ਨੂੰ ਘੇਰ ਲੀਤਾ ਅਤੇ ਮਸ਼ੀਨ ਗਨਾਂ ਨੂੰ ਸਥਾਪਤ ਕਰ ਕੇ, ਮਿਲ ਦੀ ਤਰਫ਼ ਨਿਸ਼ਾਨਾ ਲਗਾ ਲੀਤਾ. ਉਨ੍ਹਾਂ ਨੇ ਸਾਰੇ ਹਿੰਦੂਆਂ ਅਤੇ ਸਿੱਖਾ ਨੂੰ ਹਥਿਆਰ ਸੁੱਟ ਦੇਣ ਨੂੰ ਕਿਹਾ. ਉਨ੍ਹਾਂ ਨੇ ਸਭ ਦੀ ਤਲਾਸ਼ੀ ਵੀ ਲੀਤੀ. ਇਸ ਦੇ ਬਾਅਦ ਉਨ੍ਹਾਂ ਨੇ ਸਾਨੂ ਸਾਰਾ ਸੋਨਾ, ਚਾਂਦੀ ਅਤੇ ਪੈਸੇ ਜਮਾ ਦੇਣ ਨੂੰ ਕਿਹਾ. ਉਨ੍ਹਾਂ ਨੇ ਕਿਹਾ ਕਿ ਅਗਰ ਅਸੀਂ ਉਨ੍ਹਾਂ ਦੇ ਨਾਲ ਸਹਿਯੋਗ ਕਰਦੇ ਸੀ, ਤੇ ਉਹ ਸਾਨੂੰ ਇੱਕ ਕੈਂਪ ਤੇ

ਲੈ ਜਾਂਦੇ ਜਿਸ ਨੂੰ ਹਿੰਦੂਆਂ ਅਤੇ ਸਿੱਖਾਂ ਲਈ ਸਥਾਪਤ ਕੀਤਾ ਗਿਆ ਸੀ. ਸੋਨੇ ਅਤੇ ਚਾਂਦੀ ਦਾ ਇੱਕ ਉੱਚਾ ਢੇਰ ਬਣ ਗਿਆ ਜਿਸ ਨੂੰ ਇਕੱਠਾ ਕਰ ਕੇ ਉਹ ਲੈ ਗਏ.

'ਫਿਰ, ਕੁੱਝ ਮੁਜ਼ਰਿਮ ਕਿਸਮ ਦੇ ਲੋਕ ਨੌਜਵਾਨ ਕੁੜੀਆਂ ਨੂੰ ਛੇੜਣ ਲਗੇ. ਇੱਕ ਸਿਪਾਹੀ ਨੇ ਇੱਕ ਸਿੱਖ ਕੁੜੀ ਨੂੰ ਖਿੱਚ ਕੇ ਲੈ ਜਾਉਣ ਦੀ ਕੋਸ਼ਿਸ਼ ਕੀਤੀ ਅਤੇ ਤਦ ਉਸ ਦੇ ਭਰਾਵਾਂ ਨੇ ਉਸ ਦੇ ਉਪਰ ਝਪਟਾ ਮਾਰ ਕੇ ਉਸ ਨੂੰ ਹਲਾਕ ਕਰ ਦਿੱਤਾ. ਇਸ ਦੇ ਬਾਅਦ ਮਸ਼ੀਨ ਗਨਾਂ ਚਲਣ ਲਗੀਆਂ. ਲੋਕ ਜਿੱਥੇ ਖੜ੍ਹੇ ਸੀ, ਉਥੇ ਹੀ ਡਿਗ ਗਏ. ਪੂਰਾ ਮਾਹੌਲ ਦਹਿਸ਼ਤ ਦਾ ਸੀ. ਲੋਕ ਚਾਰੇ ਪਾਸੇ ਭੱਜਣ ਲਗੇ. ਮੈਂ ਅਤੇ ਮੇਰੀ ਮਾਂ ਆਪਣੇ ਪਿਤਾ ਤੋਂ ਅਲਗ ਤਰਫ਼ ਦੌੜੇ, ਜੋ ਮੇਰੀ ਛੇ ਮਹੀਨੇ ਦੀ ਛੋਟੀ ਭੈਣ ਨੂੰ ਲੈ ਕੇ ਸਟੇਸ਼ਨ ਦੀ ਤਰਫ਼ ਦੌੜੇ. ਉਨ੍ਹਾਂ ਨੂੰ ਦੂਜੇ ਸੈਕੜੇ ਲੋਕਾਂ ਸਮੇਤ ਮਾਰ ਦਿੱਤਾ ਗਿਆ. ਗਿਰੋਹ ਕਿਸੇ ਨੂੰ ਵੀ ਨਹੀਂ ਬਖ਼ਸ ਰਿਹਾ ਸੀ. ਪਰ ਮੇਰੀ ਨਿੱਕੀ ਭੈਨ ਨੂੰ ਮਾਰਣ ਦੀ ਕੋਸ਼ਿਸ਼ ਨਹੀਂ ਕੀਤੀ. ਉਹ ਜਮੀਨ ਤੇ ਗਿਰੀ ਪਈ ਸੀ ਅਤੇ ਆਲੇ-ਦੁਆਲੇ ਪਏ ਲਹੂ ਨੂੰ ਚਟ ਕੇ ਜ਼ਿੰਦਾ ਬਚ ਗਈ! ਕਿਸੇ ਨੇ ਉਸ ਨੂੰ ਚੁਕ ਕੇ ਅੱਮ੍ਰਿਤਸਰ ਲੈ ਆਉਂਦਾ ਜਿੱਥੇ ਉਹ ਸਾਨੂ ਦੁਬਾਰਾ ਮਿਲ ਗਈ. ਉਹ ਹੁਣ ਇੰਡੀਅਨ ਏਅਰ ਫੋਰਸ ਤੇ ਕੱਮ ਕਰਦੀ ਹੈ.

'ਮੇਰੀ ਮਾਂ ਦਾ ਅਤੇ ਮੇਰਾ ਕੁੱਝ ਲੋਕ ਪਿੱਛਾ ਕਰ ਰਹੇ ਸੀ ਜਦ ਇੱਕ ਮੁਸਲਿਮ ਸਜਣ ਨੇ, ਜੋ ਖੁਦ ਪੂਰਬੀ ਪੰਜਾਬ ਤੋਂ ਆਏ ਇੱਕ ਪਨਾਹਗੀਰ ਸਨ, ਦਖ਼ਲ ਦਿੱਤਾ ਅਤੇ ਸਾਨੂ ਬਚਾ ਲੀਤਾ. ਉਹ ਕਿਸੇ ਨੂੰ ਵੀ ਸਾਨੂ ਮਾਰਣ ਤੋਂ ਰੋਕ ਰਿਹਾ ਸੀ. ਬਾਅਦ ਤੇ ਉਸ ਨੇ ਸਾਨੂ ਇੱਕ ਪਨਾਹਗੀਰਾਂ ਤੇ ਕੈਂਪ ਤੇ ਲੈ ਆਉਂਦਾ. ਉਣ ਹਮਲੇਆਂ ਤੇ ਘੱਟ ਤੋਂ ਘੱਟ 15,000 ਲੋਕ ਹਲਾਕ ਹੋਏ ਸੀ. ਮੈਨੂੰ ਹੁਣ ਵੀ ਯਾਦ ਹੈ ਕਿ ਮੈਂ ਸਰਦਾਰ ਆਤਮਾ ਸਿੰਘ ਦੀ ਮਿਲ ਅਤੇ ਬਾਹਰ, ਚਾਰੇ ਪਾਸੇ, ਪਇਆਂ ਲਾਸ਼ਾਂ ਵੇਖਿਆ ਸੀ. ਮਸ਼ੀਨਗਨਾਂ ਦੀ ਗੋਲੀਆਂ ਨੇ ਲਹੂ ਨੂੰ ਪਾਣੀ ਦੀ ਤਰ੍ਹਾਂ ਵਗਾ ਦਿੱਤਾ ਸੀ. ਅਸੀਂ ਪਨਾਹਗੀਰ ਕੈਂਪ ਤੇ ਸੀ, ਜਦ ਜਵਾਹਰਲਾਲ ਨਹਿਰੁ ਸ਼ੇਖੁਪੁਰਾ ਆਏ. ਉਨ੍ਹਾਂ ਨੇ ਆਪਣੀ ਅੱਖਾਂ ਨਾਲ, ਜ਼ਬਰਦਸਤ ਬਰਬਾਦੀ ਵੇਖੀ. ਬਾਅਦ ਤੇ, ਸਾਨੂੰ ਇੱਕ ਰੇਲਗੱਡੀ ਤੇ ਚੜ੍ਹਾ ਦਿੱਤਾ ਗਿਆ ਜਿਸ ਵਿੱਚ ਸੈਕੜੇ ਲੋਕ ਸਵਾਰ ਸੀ, ਅਤੇ ਉਨ੍ਹਾਂ ਦੇ ਵਿੱਚ ਕਈ ਬੁਰੀ ਤਰ੍ਹਾਂ ਜ਼ਖ਼ਮੀ ਲੋਕ ਬੈਠੇ ਹੋਏ ਸੀ. ਇਹ ਇੱਕ ਬੇਹਦ ਧੀਮਾ ਸਫਰ ਸੀ. ਅਸੀਂ ਪਹਿਲਾਂ ਲਾਹੌਰ ਪਹੁੰਚੇ ਅਤੇ ਕਈ ਘੰਟੇਆਂ ਬਾਅਦ ਗੱਡੀ ਅੱਮ੍ਰਿਤਸਰ ਪਹੁੰਚੀ.

'ਅੱਮ੍ਰਿਤਸਰ ਤੇ ਅਸੀਂ ਆਪਣੇ ਪਿਤਾ ਨੂੰ ਲੱਭਦੇ ਰਹੇ. ਕਿਸੇ ਨੇ ਕਿਹਾ ਕਿ ਉਸ ਨੇ ਉਨ੍ਹਾਂ ਨੂੰ ਸਟੇਸ਼ਨ ਦੀ ਤਰਫ਼ ਭੱਜਦੇ ਵੇਖਿਆ ਸੀ. ਦੂਜੇਆਂ ਨੇ ਕਿਹਾ ਕਿ ਉਨ੍ਹਾਂ ਨੇ ਮੇਰੇ ਪਿਤਾ ਨੂੰ ਮਰਿਆ ਹੋeਾ ਪਇਆ ਵੇਖਿਆ ਸੀ. ਅੱਮ੍ਰਿਤਸਰ ਤੇ ਵਿਵਸਥਾ ਨਾਂਅ ਦੀ ਕੋਈ ਚੀਜ ਨਹੀਂ ਸੀ. ਅਸੀਂ ਉਨ੍ਹਾਂ ਨੂੰ ਫਿਰ ਕਦੀ ਨਹੀਂ ਵੇਖਿਆ. ਮੈਂ ਹੁਣ ਵੀ ਉਨ੍ਹਾਂ ਦੇ ਬਾਰੇ ਕਾਫ਼ੀ ਸੋਚਦਾ ਹਾਂ. ਉਹ ਮੈਨੂੰ ਬਹੁਤ ਪਿਆਰ ਕਰਦੇ ਸੀ. ਉਹ ਇੱਕ ਦਿਆਲੂ ਇਨਸਾਨ ਸਨ ਅਤੇ ਮੁਸਲਿਮ ਵੀ ਉਨ੍ਹਾਂ ਦੀ ਇਜ਼ੱਤ ਕਰਦੇ ਸੀ. ਪਰ, ਸਾਨੂ ਆਪਣੀ ਭੈਣ ਮਿਲ ਗਈ, ਅਤੇ ਕੁੱਝ ਤੇ ਸੁਖ ਹੈ. ਮੈਂ ਜੋ ਸੁਣਿਆ, ਉਸ ਤੋਂ ਪਤਾ ਲਗਾ ਕਿ ਹਮਲੇ ਦੀ ਤੰਜ਼ੀਮ ਕਰਣ ਵਾਲੇ ਮੁਸਲਿਮ ਅਰਾਇਨ ਸਨ. ਮੈਂ ਉਹ ਕਤਲੇਆਮ ਕਦੀ ਭੁੱਲ ਨਹੀਂ ਸਕਦਾ.'

ਚੌਧਰੀ ਨਜ਼ੀਰ ਅਹਿਮਦ ਵਿਰਕ

ਚੁੰਕਿ ਸ਼ੇਖੁਪੁਰਾ ਤੇ ਹਿੰਦੂਆਂ ਅਤੇ ਸਿੱਖਾਂ ਉਪਰ ਜ਼ੁਲਮ ਇੱਕ ਬਦਨਾਮ ਕਤਲੇਆਮ ਦਾ ਮਾਮਲਾ ਸੀ, ਅਸੀਂ ਇੱਕ ਮੁਸਲਿਮ ਗਵਾਹ ਦੀ ਤਲਾਸ਼ ਕਰ ਰਹੇ ਸੀ, ਜੋ ਸਾਨੂ ਜੋ ਕੁੱਝ ਹੋਇਆ ਸੀ, ਉਸ ਦਾ ਵੇਰਵਾ ਦੇ ਸਕਦਾ. ਚੌਧਰੀ ਨਜ਼ੀਰ ਅਹਿਮਦ ਵਿਰਕ ਨੇ ਉਹ ਵਾਕਿਆ, ਇੱਕ ਮੁੰਡੇ ਦੀ ਹੈਸਿਅਤ ਤੇ ਵੇਖਿਆ ਸੀ. ਅਹਿਮਦ ਸਲੀਮ ਨੇ ਉਨ੍ਹਾਂ ਦਾ ਸ਼ੇਖੁਪੁਰਾ ਤੇ 30 ਦਸੰਬਰ 2005 ਨੂੰ ਇੰਟਰਵਿਊ ਲੀਤਾ. ਉਨ੍ਹਾਂ ਨੇ ਦੱਸਿਆ:

'ਮੇਰਾ ਜਨਮ 18 ਜਨਵਰੀ 1935 ਨੂੰ ਸ਼ੇਖੁਪੁਰਾ ਤੇ ਪੁਰਾਣੇ ਸ਼ਹਿਰ ਤੇ ਹੋਇਆ. 1947 ਤੇ ਮੈਂ ਸਰਕਾਰੀ ਸਕੂਲ ਦੀ 7ਵੀਂ ਜਮਾਤ ਤੇ ਸੀ. ਇਹ ਇੱਕ ਛੋਟਾ ਸ਼ਹਿਰ ਸੀ. ਇਥੇ ਕਦੀ ਕੋਈ ਝਗੜਾ ਨਹੀਂ ਹੋਇਆ. ਕੋਈ ਫ਼ਿਰਕੂ ਅੰਦੋਲਨ ਨਹੀਂ. ਸਾਡੀ ਵਿਰਕ ਬਰਾਦਰੀ ਦੇ ਜੱਟਾਂ ਦੇ ਇੱਕ ਬਜ਼ੁਰਗ, ਚੌਧਰੀ ਇਬਰਾਹਿਮ ਵਿਰਕ, ਸ਼ੇਖੁਪੁਰਾ ਦੀ ਨਗਰ ਕਮੇਟੀ ਦੇ ਪ੍ਰਧਾਨ ਸਨ. ਸਵਾਮੀ ਨੰਦ ਸਿੰਘ, ਉਸ ਕਮੇਟੀ ਦੇ ਇੱਕ ਸਦੱਸ ਸਨ. ਜਦ ਲਾਹੌਰ ਅਤੇ ਅੱਮ੍ਰਿਤਸਰ ਜਲ ਰਹੇ ਸੀ, ਉਹ ਇੱਕ ਤਾਂਗੇ ਤੇ ਸਵਾਰ ਹੋ ਕੇ ਐਲਾਨ ਕਰ ਰਹੇ ਸੀ, "ਉ ਭਰਾਓ! ਸ਼ੇਖੁਪੁਰਾ ਇੱਕ ਛੋਟਾ ਸ਼ਹਿਰ ਹੈ. ਅਸੀਂ ਅਮਨ ਵਿੱਚ ਇਕੱਠਾ ਰਹਿ ਰਹੇ ਹਾਂ. ਕ੍ਰਿਪਾ ਕਰ ਕੇ ਸਾਡੇ ਸ਼ਹਿਰ ਨੂੰ ਫ਼ਿਰਕੂ ਝਗੜੇ ਦੇ ਜਹਰ ਤੋਂ ਬਚਾਉ. ਅਗਰ ਕੋਈ ਲੜਣਾ ਚਾਹੁੰਦਾ ਹੈ ਤੇ ਉਸ ਨੂੰ ਲਾਹੌਰ ਜਾਂ ਅੱਮ੍ਰਿਤਸਰ ਚਲੇ ਜਾਣਾ ਚਾਹੀਦਾ ਹੈ. ਅਸੀਂ ਉਸ ਲਈ ਕਿਰਾਇਆ ਦੇ ਦਵਾਂਗੇ, ਪਰ ਰਬ ਦੇ ਵਾਸਤੇ, ਸ਼ੇਖੁਪੁਰਾ ਦੇ ਭਾਈਚਾਰੇ ਨੂੰ ਬਰਬਾਦ ਨਾ ਕਰੋ."

'ਇੱਕ ਦਿਨ ਅਸੀਂ ਇੱਕ ਮਸੀਤ ਦੇ ਪਿੱਛੇ ਖੇਡ ਰਹੇ ਸੀ ਕਿ, ਇੱਕ ਸ਼ਕਸ ਜਿਸ ਦਾ ਨਾਂਅ ਇਮਾਮ ਦੀਨ ਸੀ, ਜੋ ਇੱਕ ਮੋਚੀ ਸੀ ਅਤੇ ਰੇਲਵੇ ਸਟੇਸ਼ਨ ਦੇ ਕਰੀਬ ਕੱਮ ਕਰਦਾ ਸੀ, ਆਇਆ ਅਤੇ ਕਿਹਾ, "ਇੱਕ ਰੇਲ-ਗੱਡੀ ਪੂਰਬੀ ਪੰਜਾਬ ਤੋਂ ਆਈ ਹੈ ਜਿਸ ਵਿੱਚ ਲਾਸ਼ਾਂ ਭਰਿਆਂ ਹੋਇਆ ਨੇ. ਐਦਾਂ ਦੀ ਔਰਤਾਂ ਵੀ ਮੌਜੁਦ ਨੇ, ਜਿਨ੍ਹਾਂ ਦੇ ਸੀਨੇ ਵੱਡ ਦਿੱਤੇ ਗਏ ਨੇ ਅਤੇ ਬੱਚੇਆਂ ਦੇ ਟੋਟੇ ਕਰ ਦਿੱਤੇ ਗਏ ਨੇ. ਸਾਰੀ ਗੱਡੀ ਵਿੱਚ ਲਹੂ ਫੈਲਿਆ ਹੋਇਆ ਹੈ. ਕੋਈ ਜ਼ਿੰਦਾ ਨਹੀਂ ਹੈ." ਅਸੀਂ ਗੱਡੀ ਨੂੰ ਵੇਖਣ ਲਈ ਦੌੜ ਕੇ ਗਏ. ਇਹ 25 ਜਾਂ 26 ਅਗਸਤ ਸੀ. ਅਹਿਮਦਪੁਰਾ ਮਹੱਲੇ ਦੇ ਮੁੰਡੇ ਕੁਹਾੜੇ ਅਤੇ ਬਲੱਮ ਲੈ ਕੇ ਆ ਗਏ, ਅਤੇ ਕੁੱਝ ਸਿੱਖ ਜੋ ਬਾਜ਼ਾਰ ਦੇ ਦੁਕਾਨਦਾਰੀ ਕਰ ਰਹੇ ਸੀ, ਉਨ੍ਹਾਂ ਦੇ ਟੋਟੇ ਟੋਟੇ ਕਰ ਦਿੱਤੇ. ਅਗਲੇ ਦਿਨ, ਦੁਪਹਿਰ 12 ਜਾਂ 1 ਵਜੇ, ਇੱਕ ਫ਼ੌਜੀ ਜੀਪ ਇੱਕ ਸੁਬੇਦਾਰ ਅਤੇ ਤਿੰਨ ਦੂਜੇ ਸਿਪਾਹਿਆਂ ਸਮੇਤ ਆਈ. ਉਨ੍ਹਾਂ ਨੇ ਚੀਕ ਕੇ ਕਿਹਾ, "ਤੁਸੀਂ ਸੁੱਤੇ ਹੋ? ਤੁਹਾਨੂ ਪਤਾ ਹੈ ਤੁਹਾਡੇ ਭਰਾਵਾਂ ਨਾਲ ਪੂਰਬੀ ਪੰਜਾਬ ਤੇ ਕੀ ਹੋ ਰਿਹਾ ਹੈ? ਸਾਡੇ ਨਾਲ ਸ਼ਾਮਲ ਹੋ ਜਾਉ ਅਤੇ ਅਸੀਂ ਸਾਡੇ ਸਹ-ਧਰਮੀਆਂ ਨਾਲ ਹੋਏ ਗਲਤ ਕੱਮਾਂ ਦਾ ਬਦਲਾ ਲਾਂਗੇ." ਮੇਰੇ ਇੱਕ ਰਿਸ਼ਤੇਦਾਰ ਮੁਹੱਮਦ ਸ਼ਫ਼ੀ, ਅਤੇ ਉਸ ਦਾ ਕਿਰਾਏਦਾਰ ਮੁਹੱਮਦ ਬਲੋਚ ਉਸ ਜੀਪ ਦੇ ਨਾਲ ਨਾਲ ਦੌੜੇ. ਸੁਬੇਦਾਰ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਕੋਲ ਮੌਜੂਦ ਬੰਦੁਕਾਂ ਲੈ ਆਉਣ ਦੀ ਹਦਾਇਤ ਦਿੱਤੀ. ਉਸ ਵਕਤ ਮਹੱਲੇ ਤੇ ਸਿਰਫ਼ ਇੱਕ ਬੰਦੂਕ ਸੀ.

'ਅਤਾ ਮੁਹੱਮਦ ਅਵਾਨ ਜੋ ਡਿਪਟੀ ਕਮੀਸ਼ਨਰ ਦਾ ਰਸੋਇਆ ਸੀ, ਉਸ ਦੇ ਕੋਲ ਇੱਕ ਬੰਦੂਕ ਸੀ. ਉਹ ਇਸ ਨੂੰ ਲੈ ਆਇਆ. ਸਿਪਾਹੀਆਂ ਨੇ ਭੀੜ ਨੂੰ ਕਿਰਾਸਨ ਤੇਲ ਲੈ ਆਉਣ ਵੀ ਕਿਹਾ. ਕਿਰਾਸਨ ਤੇਲ ਦਾ ਇੱਕ ਪੀਪਾ ਇਕੱਠਾ ਕੀਤਾ ਗਿਆ. ਲੂੰਡਾ ਗੇਟ ਦੇ ਕਰੀਬ, ਰਾਮਗੜ ਦੇ ਸਾਹਮਣੇ, ਜੋ ਇੱਕ ਹਿੰਦੂ-ਸਿੱਖ ਮਹੱਲਾ ਸੀ, ਸਿਪਾਹੀ ਜਮੀਨ ਤੇ ਲੇਟ ਕੇ ਰੇਲਵੇ ਲਾਈਨ ਦੇ ਨੇੜੇ, ਪੋਜੀਸ਼ਨ ਲੈ ਲੀਤੀ. ਉਨ੍ਹਾਂ ਨੇ ਬਾਗੜਾ ਸਿੰਘ ਦੇ ਕਾਰਖਾਨੇ ਨੂੰ ਅੱਗ ਲਗਾਉਣ ਦਾ ਹੁਕਮ ਦਿੱਤਾ. ਐਦਾਂ ਹੀ ਕੀਤਾ ਗਿਆ. ਕਾਰਖਾਨੇ ਦੇ ਅੰਦਰ ਤੋਂ ਸਿੱਖ ਛੱਤ ਤੇ

ਚੜ੍ਹ ਗਏ, ਜਿਥੋਂ ਉਨ੍ਹਾਂ ਨੇ ਗੋਲੀਆਂ ਚਲਾਉਣੀ ਸ਼ੁਰੂ ਕਰ ਦਿੱਤੀ. ਸਿਪਾਹਿਆਂ ਨੇ ਉਨ੍ਹਾਂ ਨੂੰ ਇੱਕ ਇੱਕ ਕਰ ਕੇ, ਜਵਾਬੀ ਗੋਲੀਆਂ ਚਲਾ ਕੇ, ਮਾਰ ਦਿੱਤਾ.

'ਇਸ ਦੇ ਬਾਅਦ, ਅੱਗ ਪੁਰਾਣੇ ਸ਼ਹਿਰ ਤੇ ਫੈਲ ਗਈ. ਉਨ੍ਹਾਂ ਨੇ ਸੰਤੋਖ ਸਿੰਘ ਤੇ ਘਰ ਤੇ ਵੀ ਅੱਗ ਲਗਾ ਦਿੱਤੀ. ਇਸ ਦੇ ਬਾਅਦ ਟੁੰਢਪੁਰਿਆਂ ਮਹੱਲੇ ਨੂੰ ਵੀ ਅੱਗ ਲਗਾ ਦਿੱਤੀ ਗਈ. ਉਸ ਸ਼ਾਮ ਹਰ ਕੋਈ ਡਰ ਗਿਆ ਸੀ. ਅਗਲੇ ਦਿਨ ਸਵੇਰੇ, ਇਹ ਐਲਾਨ ਕੀਤਾ ਗਿਆ ਕਿ ਇੱਕ ਕੈਂਪ ਤਿਆਰ ਸੀ, ਅਤੇ ਹਿੰਦੂ ਹੋਰ ਸਿੱਖ ਉੱਥੇ ਚਲੇ ਜਾਣ. ਅਤੇ, ਉਹ ਆਪਣੇ ਘਰਾਂ ਤੋਂ ਬਾਹਰ ਆਏ, ਹੋਰ ਜੰਡਾਯਾ ਰੋਡ ਤੇ ਆਤਮਾ ਸਿੰਘ ਦੇ ਕਾਰਖਾਨੇ ਦੇ ਨਜਦੀਕ ਉਸ ਕੈਂਪ ਤੇ ਚਲੇ ਗਏ. ਉਹ ਹਜ਼ਾਰਾਂ ਦੀ ਤਦਾਦ ਤੇ ਇਕੱਠਾ ਹੋ ਗਏ. ਫਿਰ ਟੈਂਕ ਬੁਲਾਏ ਗਏ ਜਿਨ੍ਹਾਂ ਦੇ ਉਪਰ ਮਸ਼ੀਨ ਗਨਾਂ ਲਗੀਆਂ ਹੋਇਆਂ ਸੀ. ਉਨ੍ਹਾਂ ਨੂੰ ਗੋਲੀਆਂ ਨਾਲ ਭੂਨ ਦਿੱਤਾ ਗਿਆ.

'ਇਥੇ ਤੱਕ ਕਿ ਨਹਿਰੂ ਨੂੰ ਵੀ ਇਸ ਨਸਲਕੁਸ਼ੀ ਹਮਲੇ ਦਾ ਪਤਾ ਚਲਾ. ਉਨ੍ਹਾਂ ਨੇ ਸ਼ੇਖੁਪੁਰਾ ਦਾ ਦੌਰਾ ਕਰਣ ਦਾ ਫ਼ੈਸਲਾ ਕੀਤਾ. ਜਦ ਪੁਲਿਸ ਨੂੰ ਪਤਾ ਲਗਿਆ ਤਦ, ਉਸ ਨੇ ਕੁੱਝ ਦਲਿਤਾਂ ਦਾ ਇੰਤੇਜਾਮ ਕੀਤਾ ਤਾਂਕਿ ਉਹ ਲਾਸ਼ਾਂ ਨੂੰ ਲੈ ਜਾ ਕੇ ਜਲਾ ਦੇਣ ਜਾਂ ਛੁਪਾ ਦੇਣ. ਕੁੱਝ ਲਾਸ਼ਾਂ ਨੂੰ ਖੁਹਾਂ ਜਾ ਖਾਈਆਂ ਵਿੱਚ ਸੁੱਟ ਦਿੱਤਾ ਗਿਆ ਅਤੇ ਕੁੱਝ ਨੂੰ ਲੈ ਜਾ ਕੇ ਮੈਦਾਨਾਂ ਵਿੱਚ ਸੁੱਟ ਦਿੱਤਾ ਗਿਆ. ਪਰ ਇੰਨੇ ਜਿਆਦਾ ਲੋਕ ਮਾਰੇ ਗਏ ਸੀ ਲਿ ਲਾਸ਼ਾਂ ਰੇਲਵੇ ਲਾਈਨਾਂ ਦੇ ਕਰੀਬ ਅਤੇ ਲਾਹੌਰ-ਸ਼ੇਖੁਪੁਰਾ ਰੋਡ ਤੇ ਪਇਆਂ ਹੋਇਆਂ ਸੀ, ਜਦ ਨਹਿਰੂ ਆਏ ਅਤੇ ਉਨ੍ਹਾਂ ਨੂੰ ਵੇਖਿਆ. ਉਹ ਆਪਣੀ ਮੋਟਰਗੱਡੀ ਤੋਂ ਬਾਹਰ ਆਏ ਅਤੇ ਲੋਕਾ ਨੂੰ ਕਿਹਾ, "ਤੁਸੀ ਲੋਕ ਬੇਰਹਿਮ ਅਤੇ ਜ਼ਾਲਿਮ ਹੋ". ਇੱਕ ਦਾੜ੍ਹੀ ਵਾਲੇ ਸ਼ਕਸ ਨੇ, ਜੋ ਸ਼ਾਇਦ ਇੱਕ ਮੁੱਲਾ ਸੀ, ਜਵਾਬ ਦਿੱਤਾ, "ਨਹੀਂ ਤੁਸੀਂ ਜ਼ਿਆਦਾ ਪੱਖਪਾਤੀ ਹੋ ਕਿਉਂਕਿ ਪਹਿਲਾਂ ਕਤਲੇਆਮ ਤੁਹਾਡੀ ਤਰਫ਼ੋਂ ਹੋਇਆ. ਤੁਸੀਂ ਹੁਣ ਕਿਉਂ ਚੀਕ ਰਹੇ ਹੋ?"

'ਕਈ ਸਿੱਖਾਂ ਅਤੇ ਹਿੰਦੂਆਂ ਨੇ ਇਸਲਾਮ ਕਬੂਲ ਕਰ ਲੀਤਾ. ਇੱਕ ਕਾਕਾ ਸਿੰਘ ਸੀ ਜੋ ਮੁਸਲਿਮਾਂ ਦੇ ਕਰੀਬ ਸੀ. ਉਹ ਕੁੱਝ ਦਿਨਾਂ ਤੱਕ ਰਿਹਾ ਪਰ ਜਦ ਪਨਾਹਗੀਰ ਇੰਡੀਆ ਜਾ ਰਹੇ ਸੀ, ਉਹ ਵੀ ਚਲਾ ਗਿਆ. ਦੋ ਪੁਲਿਸ ਵਾਲੇ ਅਤੇ ਕੁੱਝ ਗੁੰਡੇ ਦੋ ਕੁੜਿਆਂ ਨੂੰ ਲੈ ਕੇ ਸਾਡੇ ਬੂਹੇ ਤੇ ਆਏ, ਅਤੇ ਉਨ੍ਹਾਂ ਨੂੰ ਰੱਖਣ ਨੂੰ ਕਿਹਾ. ਉਨ੍ਹਾਂ ਨੇ ਕਿਹਾ ਕਿ ਬਾਅਦ ਤੇ ਵਾਪਸ ਆ ਕੇ, ਉਨ੍ਹਾਂ ਨੂੰ ਲੈ ਜਾਣਗੇ. ਉਹ ਬੰਦੇ ਇਧਰ-ਉਧਰ ਲੁੱਟਣ ਦਾ ਕੱਮ ਕਰ ਰਹੇ ਸੀ. ਕੋਈ 10 ਮਿਨਟਾਂ ਬਾਅਦ, ਇੱਕ ਸਿੱਖ ਅਤੇ ਉਸ ਦੀ ਪਤਨੀ ਅਤੇ ਛੋਟੇ ਬੱਚੇ ਸਾਡੇ ਬੂਹੇ ਤੇ ਆਏ ਅਤੇ ਸਾਨੂ ਮਦਦ ਦੀ ਗੁਹਾਰ ਲਗਾਈ. ਉਸ ਇਨਸਾਨ ਨੇ ਕਿਹਾ, "ਅਸੀਂ ਤੁਹਾਡੇ ਭਰਾ ਭੈਣ ਹਾਂ. ਸ਼ਾਡਾ ਤਾਲੁੱਕ ਇਸੀ ਸ਼ਹਿਰ ਨਾਲ ਹੈ ਅਤੇ ਅਸੀਂ ਹਮੇਸ਼ਾ ਤੋਂ ਇਥੇ ਰਹਿੰਦੇ ਆਏ ਹਾਂ. ਕਿਰਪਾ ਕਰ ਕੇ ਸਾਡੀ ਮਦਦ ਕਰੋ." ਅਸੀਂ ਉਨ੍ਹਾਂ ਨੂੰ ਵੀ ਰੱਖ ਲੀਤਾ. ਕੁੜਿਆਂ ਇੱਕ ਪਰਵਾਰ ਦੀ ਸਨ. ਉਹ ਇੱਕ ਦੂਜੇ ਦੇ ਗਲੇ ਲਗੀਆਂ ਅਤੇ ਇਕੱਠਾ ਹੋ ਕੇ ਬੇਹਦ ਖ਼ੁਸ਼ ਹੋਇਆਂ. ਪਰ ਉਹ ਬੇਹਦ ਡਰੀ ਵੀ ਹੋਇਆਂ ਸੀ. ਇਸ ਦੇ ਬਾਅਦ, ਉਹ ਪੁਲਿਸਵਾਲੇ ਅਤੇ ਬਦਮਾਸ਼ ਆਏ ਹੋਰ ਮੰਗ ਕੀਤੀ ਕਿ ਕੁੜਿਆਂ ਨੂੰ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ. ਅਸੀਂ ਮਨ੍ਹਾਂ ਕਰ ਦਿੱਤਾ. ਅਤੇ, ਉਹ ਚਲੇ ਗਏ. ਉਹ ਸਿੱਖ ਮੁਸਲਿਮ ਬਣ ਗਿਆ ਅਤੇ ਉਹ ਕੁੜਿਆਂ ਵੀ ਕੁਰਾਨ ਪੜ੍ਹਣ ਲਗੀਆਂ, ਪਰ ਉਨ੍ਹਾਂ ਨੇ ਜਦ ਮਹਿਸੁਸ ਕੀਤਾ ਕਿ ਲੋਕ ਉਨ੍ਹਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖ ਰਹੇ ਸੀ, ਤਦ ਇੱਕ ਮਹੀਨੇ ਬਾਅਦ, ਉਹ ਵੀ ਇੰਡੀਆ ਚਲੇ ਗਈਆਂ, ਜਦ ਇੰਡੀਆ ਦੀ ਫ਼ੌਜ਼ ਬਚੇ ਹੋਏ ਲੋਕਾਂ ਦੀ ਤਲਾਸ਼ ਕਰਦੇ ਹੋਏ, ਉੱਥੇ ਆਈ.

'ਭਲੇ ਅਤੇ ਇਜ਼ੱਤਦਾਰ ਪਰਵਾਰਾਂ ਦੇ ਲੋਕਾਂ ਨੇ ਕਤਲੇਆਮ ਹੋਰ ਲੁੱਟਣ ਵਿੱਚ ਹਿੱਸਾ ਨਹੀਂ ਲੀਤਾ. ਜਦ ਪੂਰਬੀ ਪੰਜਾਬ ਦੇ ਮੁਸਲਿਮਾਂ ਦੇ ਕਾਫ਼ਿਲੇ ਸ਼ੇਖੁਪੁਰਾ ਪਹੁੰਚਦੇ, ਤਦ ਲੋਕ ਜਮੀਨ ਤੇ ਲੇਟ ਜਾਂਦੇ ਅਤੇ ਜਾਪ ਸ਼ੁਰੂ ਕਰਦੇ. "ਪਾਕਿਸਤਾਨ ਕਾ ਮਤਲਬ ਕਿਆ? ਲ਼ਾ ਇਲ਼ਾਹਾ ਇਲ਼ਲ਼ਲ਼ਾਹ." ਕੁੱਝ ਹਿੰਦੂ ਅਤੇ ਸਿੱਖ ਗੜਬੜੀ ਘੱਟ ਹੋ ਜਾਣ ਦੇ ਬਾਅਦ, ਇਥੇ ਆਏ. ਹੁਣ ਵੀ ਸਿੱਖ ਹਰ ਸਾਲ ਇਥੇ ਆਉਂਦੇ ਨੇ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਉਹ ਕਤਲੇਆਮ ਇੱਕ ਘੁੱਲੂਘਾਰਾ ਸੀ. ਪਰ ਲੋਕਾਂ ਨੇ ਕੁਦਰਤੀ ਤੌਰ ਤੇ ਹਰਕਤ ਕੀਤੀ ਅਤੇ ਗੈਰ-ਮੁਸਲਿਮਾਂ ਦਾ ਕਤਲ ਕਰਣ ਦੀ, ਪਹਿਲਾਂ ਤੋਂ ਕੋਈ ਤਰਤੀਬ ਤਿਆਰ ਨਹੀਂ ਕੀਤੀ ਗਈ ਸੀ. ਕੁੱਝ ਸਿਖਾਂ ਨੇ ਵੀ ਮੁਸਲਿਮਾਂ ਨੂੰ, ਇਥੇ ਸ਼ੇਖੁਪੁਰਾ ਤੇ ਮਾਰਿਆ. ਉਣ ਦਿਨਾਂ ਤੇ ਲੋਕ ਜੰਗਲੀ ਜਾਨਵਰ ਬਣ ਗਏ ਸੀ. ਸ਼ੇਖੁਪੁਰਾ ਤੇ ਕੋਈ 20,000 ਲੋਕ ਹਲਾਕ ਹੋਏ ਹੋਣਗੇ.'

ਸ਼ੇਖੁਪੁਰਾ ਤੇ ਜਵਾਹਰਲਾਲ ਨਹਿਰੁ ਦਾ ਦੌਰਾ

ਦੀ ਕਰੋਨਿਕਲ ਔਫ਼ ਪਾਕਿਸਤਾਨ ਜਿਸ ਦਾ ਸੰਕਲਨ ਖ਼ੁਰੱਮ ਅਲੀ ਸ਼ਫ਼ੀਕ ਨੇ ਸਤੰਬਰ ਦੇ ਮਹੀਨੇ ਲਈ ਕੀਤਾ ਸੀ, ਖ਼ਬਰ ਦਿੱਤੀ ਕਿ ਇੱਕ ਸਮਝੌਤੇ ਦੇ ਤਹਿਤ, ਇੰਡੀਆ ਅਤੇ ਪਾਕਿਸਤਾਨ ਦੇ ਵਜ਼ੀਰੇ-ਆਲ੍ਹਾ, ਜਵਾਹਰਲਾਲ ਨਹਿਰੁ ਅਤੇ ਲਿਆਕਤ ਅਲੀ ਖ਼ਾਨ ਤਕਸੀਮ ਕੀਤੇ ਪੰਜਾਬ ਦੇ ਮੁਖ਼ਤਲਿਫ਼ ਜਗ੍ਹਾਂ ਦਾ ਦੌਰਾ ਕਰ ਰਹੇ ਸੀ, ਤਾਂਕਿ ਉਹ ਖੁਦ ਫ਼ਿਰਕੂ ਤਸ਼ੱਦਦ ਦਾ ਅੰਜ਼ਾਮ ਵੇਖ ਸਕਣ. ਬੁਧਵਾਰ, 3 ਸਤੰਬਰ 1947 ਨੂੰ, ਉਨ੍ਹਾ ਨੇ ਲਾਹੌਰ ਤੇ ਇੱਕ ਪ੍ਰੈਸ ਕਨਫੇਰੇਂਸ ਕੀਤੀ, ਜਿਸ ਵਿੱਚ ਉਨ੍ਹਾਂ ਨੇ 'ਕਾਨੂੰਨ ਅਤੇ ਵਿਵਸਥਾ ਦੀ ਤੁਰੰਤ ਬਹਾਲੀ ਅਤੇ ਹਰ ਤਰ੍ਹਾਂ ਦੀ ਗੈਰਕਾਨੂਨੀ ਹਰਕਤਾਂ ਨੂੰ ਦਬਾਉਣ ਅਤੇ ਸਜ਼ਾ ਦੇਣ ਬਾਰੇ, ਦੋਨੋ ਕੇਂਦਰੀ ਅਤੇ ਸੁਬਾਈ ਸਰਕਾਰਾਂ ਦੇ ਇਰਾਦੇ' ਨੂੰ ਦੁਹਰਾਇਆ. ਇਹ ਵੀ ਦੱਸਿਆ ਗਿਆ ਕਿ 'ਸੰਪਤੀ ਉਪਰ ਗੈਰ-ਕਾਨੂੰਨੀ ਕਬਜ਼ੇ ਨੂੰ ਨਹੀਂ ਮੱਨਿਆ ਜਾਵੇਗਾ ਅਤੇ ਦੋਵੰੇ ਸਰਕਾਰਾਂ ਸਹੀ ਕਦਮ ਉਠਾਣਗੀਆਂ ਤਾਂਕਿ ਪਨਾਹਗੀਰਾਂ ਦੀ ਸੰਪਤੀ ਦੀ ਦੇਖ-ਭਾਲ ਹੋਵੇ ਅਤੇ ਇਸ ਨੂੰ, ਇਸ ਦੇ ਵਾਜ਼ਬ ਮਾਲਕਾਂ ਨੂੰ ਬਹਾਲ ਕਰ ਦਿੱਤਾ ਜਾਵੇ'.

ਉਨ੍ਹਾਂ ਨੇ ਅੱਮ੍ਰਿਤਸਰ, ਬਟਾਲਾ, ਹੁਸ਼ਿਆਰਪੁਰ, ਲਾਹੌਰ ਅਤੇ ਸ਼ੇਖੁਪੁਰਾ ਦਾ ਦੌਰਾ ਕੀਤਾ ਅਤੇ ਰਿਫਊਜੀ ਕੈਂਪਾਂ ਦੇ ਹਾਲਾਤ ਵੇਖ ਕੇ, ਬੇਹਦ ਦੁਖੀ ਹੋਏ, ਜਿੱਥੇ ਦੋਵੇਂ ਤਰਫ਼ੋਂ, ਹਜ਼ਾਰਾਂ ਦੀ ਤਦਾਦ ਤੇ ਲੋਕ, ਕੁੱਝ ਜਾਂ ਪੁਨਰਬਹਾਲੀ ਦਾ ਇੰਤਜ਼ਾਰ ਕਰ ਰਹੇ ਸੀ. ਸ਼ੇਖੁਪੁਰਾ ਤੇ ਇੱਕ ਬਜ਼ੁਰਗ ਕਿਸਾਨ ਨੇ ਕਿਹਾ: 'ਇਸ ਮੁਲਕ ਨੇ ਹਕੁਮਨਰਾਨਾਂ ਦੀ ਕਈ ਤਬਦੀਲੀਆਂ ਵੇਖੀ ਨੇ. ਉਹ ਆਏ ਹੋਰ ਚਲੇ ਗਏ. ਪਰ ਇਹ ਪਹਿਲੀ ਵਾਰ ਹੈ ਕਿ ਇਸ ਤਰ੍ਹਾਂ ਦੇ ਬਦਲਾਵ ਦੇ ਸਾਥ ਸਾਥ, ਰਿਯਾਯਾ ਵੀ ਬਦਲੇ ਜਾ ਰਹੇ ਨੇ.' ਇੱਕ ਬਜ਼ੁਰਬ ਹਿੰਦੂ ਔਰਤ ਨੇ ਨਹਿਰੁ ਨੂੰ ਕਿਹਾ, 'ਤਕਸੀਮ ਹਰ ਪਰਵਾਰ ਤੇ ਹੁੰਦੀ ਹੈ, ਸੰਪਤੀ ਇੱਕ ਹੱਥ ਤੋਂ ਦੁਜੇ ਹੱਥ ਜਾਂਦੀ ਹੈ, ਪਰ ਇਹ ਸਭ ਕੁੱਝ ਸ਼ਾਂਤੀ ਨਾਲ ਹੁੰਦਾ ਹੈ. ਇਹ ਕਤਲੇਆਮ, ਲੁੱਟ ਅਤੇ ਅਗਵਾ ਕਰਨਾ ਕਿਉਂ? ਤੁਸੀਂ ਇਸ ਨੂੰ ਜ਼ਿਆਦਾ ਸਮਝਦਾਰ ਤਰੀਕੇ ਨਾਲ ਨਹੀਂ ਕਰ ਸਕਦੇ ਸੀ?' (*Chronicle*, September 1947).

ਸ਼ੇਖੁਪੁਰਾ ਦਾ ਕਤਲੇਆਮ ਅਤੇ ਪੰਜਾਬ ਬਾਉਂਡਰੀ ਫੋਰਸ ਦਾ ਖ਼ਾਤਮਾ

ਰੋਬੀਨ ਜੇਫਰੀ ਦੇ ਮੁਤਾਬਕ, 25 ਅਤੇ 26 ਅਗਸਤ ਨੂੰ ਬਲੁਚ ਰੇਜੀਮੇਂਟ ਦੁਆਰਾ ਹਿੰਦੂਆਂ ਅਤੇ ਸਿੱਖਾਂ ਦੇ ਕਤਲੇਆਮ ਵਿੱਚ ਅਮਲੀ ਤੌਰ ਤੇ ਸ਼ਾਮਲ ਹੋਣ ਦੇ ਚਲਦੇ, ਪੰਜਾਬ ਬਾਉਂਡਰੀ ਫੋਰਸ ਦੇ ਖ਼ਾਤਮੇ ਦੀ ਸ਼ੁਰੂਆਤੀ

ਹੋ ਚੁਕੀ ਸੀ. ਕਈ ਕੋਸ਼ਿਸ਼ਾਂ ਦੇ ਬਾਵਜੂਦ, ਇਹ ਤਸ਼ੱਦਦ ਨੂੰ ਕਾਬੂ ਨਾ ਕਰ ਸਕੀ ਅਤੇ ਸ਼ੇਖੁਪੁਰਾ ਦੀ ਘਟਨਾਵਾਂ ਨੇ ਇਸ ਦੇ ਕੁੱਝ ਸਦੱਸਾਂ ਦੇ ਤਰਫ਼ਦਾਰੀ ਦੇ ਰਵੱਈਏ ਨੂੰ ਉਜਾਗਰ ਕਰ ਦਿੱਤਾ ਤੇ, ਦੋਨੋ ਤਰਫ਼ ਦੀ ਰਜਾਮੰਦੀ ਹੋ ਗਈ ਕਿ, ਇਸ ਦਾ ਖ਼ਾਤਮਾ ਕੀਤਾ ਜਾਵੇ. ਜਿਣ ਮੁਸਲਿਮਾਂ ਨੇ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ, ਉਨ੍ਹਾਂ ਦੀ ਦਲੀਲ ਇਹ ਸੀ ਕਿ ਗੈਰ-ਮੁਸਲਿਮਾਂ ਨੇ ਉਨ੍ਹਾਂ ਦੇ ਉਪਰ ਗੋਲੀਆਂ ਚਲਾਇਆਂ ਸਨ, ਪਰ ਜੋ ਹਿੰਦੂ ਪੀ.ਬੀ.ਐਫ ਤੇ ਸਨ, ਉਨਾਂ ਨੇ ਇਸ ਨੂੰ ਚੁਨੋਤੀ ਦਿੱਤੀ. ਬਲੂਚ ਸਿਪਾਹੀਆਂ ਦੇ ਵਤੀਰੇ ਉਪਰ ਇੱਕ ਤਹਿਕੀਕਾਤ ਦਾ ਹੁਕਮ ਦਿੱਤਾ ਗਿਆ ਸੀ, ਪਰ ਪਾਕਿਸਤਾਨ ਸਰਕਾਰ ਨੇ ਇਸ ਨੂੰ ਖਾਰਿਜ਼ ਹੋਣ ਦਿੱਤਾ, ਜਦ ਇਸ ਬਲ ਦਾ ਖ਼ਾਤਮਾ ਹੋ ਗਿਆ (1974: 516).

ਸਿੱਖਾਂ ਦੁਆਰਾ ਆਪਣੀ ਔਰਤਾਂ ਦੇ ਸਨਮਾਨ ਕਤਲ

ਇੱਕ ਦਿਨ, ਜਦ ਮੈਂ ਅਤੇ ਵਿੱਕੀ ਲੁਧਿਆਣਾ ਤੇ ਸੀ, ਅਸੀਂ ਇੱਕ ਸਿੱਖ ਪੁਲਿਸ ਇੰਸਪੈਕਟਰ ਨੂੰ ਮਿਲੇ, ਜਿਸ ਨੇ ਦੱਸਿਆ ਕਿ ਉਸ ਦੇ ਪਰਵਾਰ ਨੇ ਆਪਣੀ ਸਾਰੀ ਔਰਤਾਂ ਨੂੰ ਸ਼ੇਖੁਪੁਰਾ ਦੇ ਪਿੰਡ ਛੱਡਣ ਤੋਂ ਪਹਿਲਾਂ ਮਾਰ ਦਿੱਤਾ ਸੀ ਤਾਂਕਿ ਉਹ ਮੁਸਲਿਮ ਬੰਦੇਆਂ ਦੇ ਹੱਥ ਵਿੱਚ ਨਾ ਆਉਣ. ਜਦ ਮੈਂ ਅਗਲੇ ਸਾਲ, ਜਨਵਰੀ ਤੇ, ਦੁਬਾਰਾ ਇੰਡੀਆ ਆਇਆ, ਅਸੀਂ ਉਨ੍ਹਾਂ ਦੇ ਹਰਿਆਣਾ ਦੇ ਪਿੰਡ ਗਏ. ਪਰਵਾਰ ਤੇ ਇੱਕ ਵਿਆਹ ਹੋਣ ਵਾਲਾ ਸੀ, ਅਤੇ ਸੱਚੇ ਤੌਰ ਤੇ, ਸਾਨੂ ਬਹੁਤ ਭੈੜਾ ਲਗ ਰਿਹਾ ਸੀ ਕਿ ਇਸ ਤਰ੍ਹਾਂ ਦੇ ਮੌਕੇ ਤੇ, ਆ ਕੇ ਅਸੀਂ ਗੁਜ਼ਰੇ ਵਕਤ ਦੀ ਮੌਤਾਂ ਜਾਂ ਕਤਲ ਬਾਰੇ ਗੱਲ ਬਾਤ ਕਰਿਐ, ਪਰ ਸਾਡੇ ਲਈ ਉਣ ਇੱਜ਼ਤ ਬਚਾਉਣ ਵਾਲੇ ਕਤਲਾਂ ਬਾਰੇ ਜਾਣਣਾ ਦਾ, ਇਹ ਹੀ ਇੱਕ ਸਿੱਧਾ ਮੌਕਾ ਸੀ ਅਤੇ ਬਜ਼ੁਰਗ ਕ੍ਰਿਪਾ ਕਰ ਕੇ ਇੰਟਰਵਿਊ ਦੇਣ ਨੂੰ ਤਿਆਰ ਹੋ ਗਏ. ਅਸੀਂ ਦੁਪਹਿਰ ਨੂੰ ਹਰਿਆਣਾ ਸੂਬੇ ਦੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਲੱਖਮਰੀ ਪਿੰਡ ਪਹੁੰਚੇ. ਇਹ ਪਰਵਾਰ ਵਿਰਕ ਜੱਟਾਂ ਦਾ ਸੀ ਜੋ ਪਹਿਲਾਂ ਕਥਿਆਲਾ ਵਿਰਕਾਂ (ਇਸ ਨੂੰ ਕਥਿਆਲਾ ਵਿਰਕ ਵੀ ਕਿਹਾ ਜਾਂਦਾ ਹੈ), ਮੁਰੀਦਕੇ ਤਹਸੀਲ, ਜ਼ਿਲ੍ਹਾ ਸ਼ੇਖੁਪੁਰਾ ਤੇ ਸੀ. ਸਾਡੀ ਮੁਲਾਕਾਤ ਸ਼ਮਸ਼ੇਰਜੀਤ ਸਿੰਘ ਵਿਰਕ, ਇੱਕ ਕਾਫ਼ੀ ਸੋਹਣੇ ਸ਼ਕਸ ਨਾਲ ਹੋਈ. ਉਨ੍ਹਾਂ ਦੇ ਰਿਸਤੇ ਤੇ ਭਰਾ ਨੇ ਉਨ੍ਹਾ ਨੂੰ ਸਾਡੇ ਆਉਣ ਦੀ ਇਤਲਾਹ ਦੇ ਦਿੱਤੀ ਸੀ.

ਸਰਦੁਲ ਸਿੰਘ ਵਿਰਕ

'ਮੇਰਾ ਨਾਂਅ ਸਰਦੁਲ ਸਿੰਘ ਹੈ. ਮੇਰਾ ਜਨਮ 1928 ਤੇ ਹੋਇਆ. ਮੈਂ ਆਪਣਾ ਮੈਟ੍ਰੀਕ ਇਮਤਿਹਾਨ 1944 ਤੇ ਪਾਸ ਕੀਤਾ ਅਤੇ ਇਸ ਦੇ ਬਾਅਦ ਫੋਰਮਨ ਕ੍ਰਿਸਚਿਅਨ ਕਾਲਹ, ਲਾਹੌਰ ਤੇ ਦਾਖਲ ਹੋਇਆ, ਜਿੱਥੇ ਮੈਂ 1947 ਤੱਕ ਪੜ੍ਹਿਆ. ਸਾਡਾ ਇੱਕ ਵੱਡਾ ਪਿੰਡ ਸੀ ਜਿੱਥੇ 400 ਸਿੱਖ ਅਤੇ 6,000 ਮੁਸਲਿਮ ਰਹਿੰਦੇ ਸਨ, ਪਰ ਲੱਗਭਗ ਸਾਰੀ ਜਮੀਨ ਅਸੀਂ ਵਿਰਕਾਂ ਦੇ ਕੋਲ ਸੀ. ਮੁਸਲਿਮ ਸਾਡੇ ਲਈ, ਕਿਰਾਇਐ ਤੇ ਖੇਤੀ-ਬਾੜੀ ਕਰਦੇ ਸੀ. ਮਾਰਚ 1947 ਦੇ ਸ਼ੁਰੂਆਤੀ ਦਿਨਾਂ ਤਕ, ਜ਼ਿੰਦਗੀ ਆਸਾਨ ਅਤੇ ਸ਼ਾਂਤ ਸੀ. ਫਿਰ ਸਾਡੇ ਇਲਾਕੇ ਤੇ ਰਾਵਲਪਿੰਡੀ ਅਤੇ ਐਨ.ਡਬਲੁ.ਐਫ.ਪੀ. ਤੋਂ ਸਿੱਖ ਅਤੇ ਹਿੰਦੂ ਪਨਾਹਗੀਰਾਂ ਦਾ ਪਹਿਲਾ ਦਸਤਾ, ਆਇਆ ਅਤੇ ਲਗਣ ਲਗਾ ਕਿ ਪੰਜਾਬ ਵਿੱਚ ਤਣਾਅ ਵਧ ਰਿਹਾ ਸੀ. ਪਰ ਸਾਡੇ ਪਿੰਡ ਤੇ ਅਮਨ ਕਾਇਮ ਸੀ ਜਦ ਤੱਕ ਰੈਡਕਲੀਫ ਅਵਾਰਡ ਦਾ ਐਲਾਨ ਨਹੀਂ ਹੋਇਆ. ਦੁਰਬੀਨ ਨਾਲ, ਅਸੀਂ ਲਾਹੌਰ, ਗੁਜਰਾਂਵਾਲਾ ਅਤੇ ਸ਼ੇਖੁਪੁਰਾ

ਤੇ ਲਗੀ ਅਗਾਂ ਨੂੰ ਵੇਖ ਸਕਦੇ ਸੀ. ਪਰ ਸਾਨੂ ਯਕੀਨ ਸੀ ਕਿ ਨਨਕਾਣਾ ਸਾਹਿਬ ਨੂੰ ਪੂਰਬੀ ਪੰਜਾਬ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਕਿਸੇ ਵੀ ਕੀਮਤ ਤੇ ਅਸ਼ੀਂ ਉਥੇ ਰਹਿਣਾ ਚਾਹੁੰਦੇ ਸੀ.

'22 ਅਗਸਤ ਨੂੰ, ਸਟੇਸ਼ਨ ਹਾਉਸ ਅਫ਼ਸਰ ਮੁਹੱਮਦ ਘੈਰੀ ਨੇ ਜੋ ਪਰਮੇਸ਼ੁਰ ਦਾ ਭੈ ਰੱਖਣ ਵਾਲਾ ਇੱਕ ਇਨਸਾਨ ਸੀ ਹਿੰਦੂਆਂ, ਮੁਸਲਿਮਾਂ ਅਤੇ ਸਿੱਖਾਂ ਦੀ ਇੱਕ ਬੈਠਕ ਬੁਲਾਈ. ਉਸ ਨੇ ਸਾਨੂ ਦੱਸਿਆ ਕਿ ਉਹ ਹੁਣ ਸਾਡੀ ਹਿਫ਼ਾਜ਼ਤ ਦੀ ਕੋਈ ਗਾਰੰਟੀ ਨਹੀਂ ਦੇ ਸਕਦੇ ਸੀ ਅਤੇ ਸਾਨੂ ਜਾਣ ਦੀ ਤਿਆਰੀ ਕਰਣੀ ਚਾਹੀਦੀ ਸੀ. ਗੁਰਦਾਸਪੁਰ ਤੋਂ ਮੁਸਲਿਮ ਆ ਰਹੇ ਸੀ ਅਤੇ ਉਨ੍ਹਾਂ ਦੁਆਰਾ ਦੱਸਣ ਲਈ, ਕਈ ਸਾਰੇ ਦੁਖੜੇ ਸੀ. ਜਲਦ ਹੀ ਹਾਲਾਤ ਬੇਕਾਬੂ ਹੋਣ ਵਾਲੇ ਸੀ ਅਤੇ ਗੈਰ-ਮੁਸਲਿਮਾਂ ਨੂੰ ਜਿੱਨੀ ਜਲਦੀ ਮੁਮਕਿਨ ਹੋਵੇ, ਚਲੇ ਜਾਣਾ ਚਾਹੀਦਾ ਸੀ. ਸੱਚ-ਮੁੱਚ ਸਾਡੇ ਇਲਾਕੇ ਤੇ ਵੀ ਤਸ਼ੱਦਦ ਵਧ ਰਿਹਾ ਸੀ ਅਤੇ ਆਲੇ-ਦੁਆਲੇ ਦੇ ਪਿੰਡਾ ਤੋਂ ਹਜ਼ਾਰਾ ਦੀ ਤਦਾਦ ਤੇ ਹਿੰਦੂ ਅਤੇ ਸਿੱਖ ਸਾਡੇ ਪਿੰਡ ਆ ਗਏ ਸੀ, ਜਾਂ ਇਸ ਦੇ ਕਰੀਬ ਖੇਤਾਂ ਤੇ ਰਾਤ ਨੂੰ ਸੌਣ ਲਈ ਆ ਜਾਂਦੇ. 25 ਅਗਸਤ ਨੂੰ ਹਜ਼ਾਰਾ ਲੋਕ ਇਕੱਠਾ ਹੋ ਗਏ ਸੀ. ਸਾਡੇ ਨਾਲ ਬੰਦੂਕਾਂ ਸੀ. ਕਾਫ਼ਿਲਾ ਚਲਣ ਲਗਾ ਅਤੇ ਸ਼ਾਇਦ ਅਸੀਂ 3-4 ਕਿਲੋਮੀਟਰ ਗਏ ਸੀ, ਜਦ ਪਠਾਨਾਂ ਨੇ ਸਾਨੂ ਘੇਰ ਲੀਤਾ. ਜਦ ਰਾਤ ਹੋ ਗਈ ਤੇ ਕੁੱਝ ਲੋਕ ਭੱਜ ਗਏ ਅਤੇ ਦੂਜੇ ਪਿੰਡ ਤੇ ਮੁੜ ਕੇ ਆ ਗਏ. ਅਸੀਂ, ਜੋ ਬਚ ਗਏ ਸੀ, ਸਾਰੀ ਰਾਤ ਖ਼ੌਫ਼ ਨਾਲ ਗੁਜ਼ਾਰੀ. ਸਾਡੇ ਕੁੱਝ ਲੋਕ ਪਿੰਡ ਤੇ ਵਾਪਸ ਚਲੇ ਗਏ. ਕੁੱਝ ਮੁਸਲਿਮ ਬਣ ਗਏ, ਪਰ ਅਸੀਂ ਵਿਰਕ ਸਮਰਪਣ ਨਹੀਂ ਕਰਨਾ ਚਾਹੁੰਦੇ ਸੀ. ਸਾਡੀ ਔਰਤਾਂ ਮੁਸਲਿਮਾਂ ਦੇ ਹੱਥਾਂ ਤੇ ਨਾ ਆ ਜਾਣ, ਇਸ ਕਰ ਕੇ ਉਨ੍ਹਾਂ ਨੂੰ ਅਸੀਂ ਕਤਲ ਕਰ ਦੇਣ ਦਾ ਫ਼ੈਸਲਾ ਲੀਤਾ. ਉਹ ਵੀ ਹਮਲਾਵਰਾਂ ਦੁਆਰਾ ਬੇਅਦਬੀ ਹੋਣ ਦੀ ਬਜਾਏ, ਮਰ ਜਾਣਾ ਚਾਹੁੰਦੀਆਂ ਸਨ. ਅਸੀਂ ਆਪਣੀ 33 ਔਰਤਾ ਨੂੰ ਮਾਰ ਦਿੱਤਾ. ਉਨ੍ਹਾਂ ਦੀ ਤੈਂਣਾ ਵੱਡ ਦਿੱਤੀ ਗਈਆਂ ਸੀ. ਕੁੱਝ ਤੇ ਬਿਲਕੁਲ ਛੋਟਿਆਂ ਸੀ.'

ਫ਼ਕੀਰ ਸਿੰਘ ਵਿਰਕ

ਇੰਟਰਵਿਊ ਚਲ ਹੀ ਰਿਹਾ ਸੀ ਕਿ ਪਰਵਾਰ ਦੇ ਇੱਕ ਹੋਰ ਬਜ਼ੁਰਗ, ਫ਼ਕੀਰ ਸਿੰਘ ਵਿਰਕ ਸਾਡੇ ਵਿੱਚ ਸ਼ਾਮਲ ਹੋ ਗਏ. ਉਨ੍ਹਾਂ ਨੇ ਇਹ ਵਿਰਤਾਂਤ ਦਿੱਤਾ:

'ਸਾਡਾ ਪਰਵਾਰ *ਕਥਿਆਲਾ ਵਿਰਕਾਂ* ਦਾ ਪ੍ਰਮੁੱਖ ਪਰਵਾਰ ਸੀ. ਅਸੀਂ ਜ਼ੈਲਦਾਰ ਸੀ. ਜ਼ਿਆਦਾਤਰ ਜਮੀਨ ਸਾਡੀ ਸੀ. ਪਿੰਡ ਤੇ ਇੱਕ ਪ੍ਰਾਇਮਰੀ ਸਕੂਲ ਸੀ, ਜਿਸ ਵਿੱਚ ਇੱਕ ਹਿੰਦੂ ਅਤੇ ਇੱਕ ਮੁਸਲਿਮ ਅਧਿਆਪਕ ਸੀ. ਦੋਵੇਂ ਬੜੇ ਭਲੇ ਲੋਕ ਸੀ. ਮੁਸਲਿਮਾਂ ਵਿੱਚ ਸਭ ਤੋਂ ਜ਼ਿਆਦਾ ਇੱਜ਼ਤ ਮੌਲਵੀ ਮਹਿਬੂਬ ਆਲਮ ਦੀ ਸੀ, ਜੋ ਪਿੰਡ ਦੀ ਮਸੀਤ ਤੇ ਇਬਾਦਤ ਦੀ ਅਗਵਾਈ ਕਰਦੇ ਸੀ. ਉਹ ਇੱਕ ਸੰਤ ਇਨਸਾਨ ਸਨ. ਪੀਰ ਮਕਬੂਲ ਸ਼ਾਹ ਵੀ ਨੇੜੇ ਦੇ ਪਿੰਡ ਅਜਨਿਆਂਵਾਲਾ ਤੇ ਰਹਿੰਦੇ ਸੀ. ਉਹ ਵੀ ਇੱਕ ਭਲੇ ਇਨਸਾਨ ਸਨ. ਉਹ ਸਾਡੇ ਪਿੰਡ ਤੇ ਇੱਕ ਘੋੜੇ ਤੇ ਚੜ੍ਹ ਕੇ ਆਉਂਦੇ ਸੀ. ਸਾਡੇ ਪਰਵਾਰ ਤੋਂ ਕੋਈ ਬੰਦਾ, ਨੂਹੀ ਫੱੜਦਾ ਅਤੇ ਤਾਂ ਉਹ ਘੋੜੇ ਤੋਂ ਉਤਰਦੇ. ਇਹ ਇੱਕ ਰਵਾਇਤ ਸੀ ਅਤੇ ਅਸੀਂ, ਸਾਰੇ ਮਜ਼ੂਬਾਂ ਦੇ, ਆਪਣੇ ਤੋਂ ਵੱਡੇ ਅਤੇ ਰੁਹਾਣੀ ਲੋਕਾਂ ਦੀ ਬੇਹਦ ਜ਼ਿਆਦਾ ਇੱਜ਼ਤ ਕਰਦੇ ਸੀ.

'ਮੈਨੂੰ ਲਗਦਾ ਹੈ ਇਹ 25 ਅਗਸਤ ਸੀ, ਜਦ ਸੈਕੜੇ ਜਾਂ ਹਜ਼ਾਰਾਂ ਹਥਿਆਰਬੰਦ ਲੋਕਾਂ ਨੇ ਸਾਡੇ ਪਿੰਡ ਨੂੰ ਘੇਰਣਾ ਸ਼ੁਰੂ ਕਰ ਦਿੱਤਾ. ਸਾਡੇ ਤੋਂ ਕੁੱਝ ਭੱਜ ਗਏ ਅਤੇ ਖੇਤਾਂ ਤੇ ਲੁਕ ਗਏ. ਮੈਨੂੰ ਅਤੇ ਕੁੱਝ ਦੂਜੇਆਂ ਨੂੰ

ਪੀਰਾਂ ਦਿੱਤਾ ਅਰਿeਨ ਨੇ ਬਚਾ ਲੀਤਾ, ਅਤੇ ਉਹ ਸਾਨੂ ਆਪਣੇ ਘਰ ਲੈ ਗਿਆ ਅਤੇ ਉਥੇ ਰੱਖਿਆ. ਉਣ ਦਿਨਾਂ ਤੇ ਬਹੁਤ ਮੀਂਹ ਪੈ ਰਿਹਾ ਸੀ, ਪਰ ਇੱਕ ਹਫ਼ਤੇ ਤੱਕ ਅਸੀਂ ਪਾਣੀ ਪੀਣ ਵੀ ਬਾਹਰ ਨਹੀਂ ਜਾ ਸਕਦੇ ਸੀ. ਮੈਂ ਉਸ ਦੇ ਨਾਲ ਤਿੰਨ ਮਹੀਨੇ ਰਹਿਆ. ਉਹ ਸਾਡੀ ਜਮੀਨ ਦੀ ਵਾਹੀ ਕਰਦਾ ਸੀ ਅਤੇ ਇੱਕ ਬਹੁਤ ਭਲਾ ਮਾਨਸ ਸੀ. ਜ਼ਿਆਦਾਤਰ ਹਮਲਾਵਰ ਬਾਹਰ ਤੋਂ ਆਏ ਸੀ ਪਰ ਸਾਡੇ ਪਿੰਡ ਦੇ ਵੀ ਕੁੱਝ ਲੋਕ ਉਨ੍ਹਾਂ ਦੇ ਵਿੱਚ ਸ਼ਾਮਲ ਹੋ ਗਏ. ਅਸੀਂ ਸੁਣਿਆ ਸੀ ਕਿ ਉਨ੍ਹਾਂ ਦੇ ਕਈ ਲੋਕ ਬਟਾਲਾ ਤੋਂ ਸੀ. ਸਾਡੇ ਪਿੰਡ ਵਿੱਚ ਕਈ ਹਿੰਦੂਆਂ ਨੇ ਵੀ ਪਨਾਹ ਲੀਤੀ ਸੀ. ਪਰ, ਹਮਲਾਵਰਾਂ ਦੀ ਤਦਾਦ ਦੇ ਚਲਦੇ, ਅਸੀਂ ਦੱਬੇ ਗਏ. ਕੋਈ 300-400 ਲੋਕ ਮਾਰੇ ਗਏ. ਸਿਖਾਂ ਨੇ ਆਪਣੀ ਔਰਤਾਂ ਨੂੰ ਮਾਰ ਦਿੱਤਾ. ਸਾਡੇ ਪਰਵਾਰ ਵਿੱਚ 33 ਔਰਤਾਂ, ਬਜ਼ੁਰਗ, ਨੌਜਵਾਨ ਅਤੇ ਬਿਲਕੁਲ ਛੋਟੀ ਕੁੜਿਆਂ ਨੂੰ ਸਾਡੇ ਬੰਦੇਆ ਨੇ ਕਿਰਪਾਨਾ ਨਾਲ ਮਾਰ ਦਿੱਤਾ. ਅਸੀਂ ਸੁਣਿਆ ਸੀ ਕਿ ਪਾਕਿਸਤਾਨ ਦੀ ਫ਼ੌਜ਼ ਉਸ ਪਿੰਡ ਉਪਰ ਹਮਲਾ ਕਰਣ ਆ ਰਹੀ ਸੀ ਅਤੇ ਉਨ੍ਹਾਂ ਦੇ ਖ਼ਿਲਾਫ਼ ਆਪਣੀ ਔਰਤਾਂ ਨੂੰ ਬਚਾਉਣ ਲਈ, ਅਸੀਂ ਕੁੱਝ ਵੀ ਨਹੀਂ ਕਰ ਸਕਦੇ ਸੀ. ਅਤੇ, ਸਾਡੇ ਬਜ਼ੁਰਗ ਗੁਰਬਖਸ਼ ਸਿੰਘ ਨੇ ਫ਼ੈਸਲਾ ਕੀਤਾ ਕਿ ਸਾਨੂ ਸਾਡੀ ਔਰਤਾਂ ਅਤੇ ਕੁੜਿਆਂ ਨੂੰ ਮਾਰ ਦੇਣਾ ਚਾਹੀਦਾ ਸੀ. ਕੁੱਝ ਡਰੀਆਂ ਅਤੇ ਰੋ ਰਹਿਆਂ ਸੀ ਪਰ ਜ਼ਿਆਦਾਤਰ ਨੇ ਇਸ ਫ਼ੈਸਲੇ ਨੂੰ ਮੱਨ ਲੀਤਾ ਸੀ, ਅਤੇ ਆਪਣੀ ਜ਼ਿੰਦਗੀ ਦੇ ਇੱਕ ਨੇਕ ਅੰਤ ਲਈ ਉਨ੍ਹਾਂ ਨੇ ਚੁਪ-ਚਾਪ ਆਪਣੇ ਆਪ ਨੂੰ ਸਮਰਪਤ ਕਰ ਦਿੱਤਾ.

'1995 ਤੇ, ਲੱਗਭਗ 50 ਸਾਲਾਂ ਬਾਅਦ, ਮੈਂ ਦੁਬਾਰਾ ਪਿੰਡ ਤੇ ਗਿਆ ਅਤੇ ਸਥਾਨਕ ਲੋਕਾਂ ਨੇ ਖੁਲ੍ਹੇ ਦਿਲ ਨਾਲ ਸਾਡਾ ਸੁਆਗਤ ਕੀਤਾ. ਉਹ ਇਹ ਜਾਣਨਾ ਚਾਹੁੰਦੇ ਸੀ ਸਾਡੇ ਉਣ ਲੋਕਾਂ ਦੇ ਨਾਲ ਕੀ ਹੋਇਆ ਜੋ ਹਿਫ਼ਾਜ਼ਤ ਨਾਲ ਸਰਹੱਦ ਪਾਰ ਕਰ ਕੇ ਇੰਡੀਆ ਵਿੱਚ ਦਾਖ਼ਲ ਹੋ ਗਏ ਸੀ. ਮੈਂ ਪੀਰਾ ਦਿੱਤਾ ਅਰਾਇਨ ਅਤੇ ਮੌਲਵੀ ਮਹਿਬੂਬ ਆਲਮ ਦੀ ਕਬਰਾਂ ਤੇ ਵੀ ਗਿਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਦਿੱਤੀ. ਮੈਂ ਉਸ ਸ਼ਕਸ ਨੂੰ ਵੀ ਮਿਲਿਆ, ਜਿਸ ਨੂੰ ਮੈਂ ਇੱਕ ਹਿੰਦੂ ਨੂੰ ਮਾਰਦੇ ਵੇਖਿਆ ਸੀ. ਮੈਂ ਵੇਖਿਆ ਸੀ ਕਿਸ ਤਰ੍ਹਾਂ, ਉਸ ਨੇ ਉਸ ਹਿੰਦੂ ਦਾ ਪਿੱਛਾ ਕੀਤਾ ਅਤੇ ਇੱਕ ਕੁਹਾਣੀ ਨਾਲ ਉਸ ਨੂੰ ਮਾਰ ਸੁੱਟਿਆ. ਪਰ, ਇਸ ਮੌਕੇ ਤੇ ਉਹ ਮੇਰੇ ਨਾਲ ਬੇਹਦ ਦੋਸਤਾਨਾ ਅੰਦਾਜ਼ ਨਾਲ ਪੇਸ਼ ਆਇਆ. ਇੱਕ ਬਜ਼ੁਰਗ ਔਰਤ ਜਿਸ ਨੂੰ ਅਸੀਂ ਬੁਆ ਫੂਪੀ ਕਹਿੰਦੇ ਸੀ, ਜਾਣਨਾ ਚਾਹੁੰਦੀ ਸੀ ਕਿ ਸ਼ਮਸ਼ੇਰ ਸਿੰਘ ਜੋ ਉਸ ਵਕਤ ਸਿਰਫ਼ 4 ਸਾਲ ਦੇ ਸੀ, ਬਚ ਗਏ ਸੀ ਜਾ ਨਹੀਂ. ਉਸ ਔਰਤ ਨੇ ਕਿਹਾ, "ਉਹ ਕਿਣਾ ਸੋਹਣਾ ਛੋਟਾ ਮੁੰਡਾ ਸੀ".'

ਤਦ ਫ਼ਕੀਰ ਸਿੰਘ ਵਿਰਕ ਰੋਣ ਲਗੇ ਅਤੇ ਅਸੀਂ ਇੰਟਰਵਿਊ ਰੋਕ ਦਿੱਤਾ. ਮੈਂ ਫ਼ਕੀਰ ਸਿੰਘ ਨੂੰ ਪੁਛਿਆ ਕਿ ਉਹ ਉਸ ਹਿੰਦੂ ਨੂੰ ਕਤਲ ਕਰਣ ਵਾਲੇ ਦਾ ਨਾਂਅ ਦੱਸਣਗੇ, ਪਰ ਉਨ੍ਹਾਂ ਨੇ ਮਨ੍ਹਾਂ ਕਰ ਦਿੱਤਾ ਅਤੇ ਕਿਹਾ ਕਿ ਜੋ ਹੋ ਗਿਆ ਸੋ ਹੋ ਗਿਆ. 'ਉਹ ਐਸਾ ਵਕਤ ਸੀ,' ਉਨ੍ਹਾਂ ਨੇ ਕਿਹਾ, 'ਜਦ ਇਨਸਾਨ ਵਹਿਸ਼ੀ ਬਣ ਗਏ ਸੀ.' ਪਰਵਾਰ ਦੇ ਇੱਕ ਘੱਟ ਉਮਰ ਸਦੱਸ, ਸੁਰਤ ਸਿੰਘ ਨੇ ਸਾਨੂ ਦੱਸਿਆ ਕਿ ਉਹ ਜ਼ਖ਼ਮੀ ਹੋ ਗਏ ਸੀ ਪਰ ਕੁਮਹਾਰਾਂ ਦੇ ਇੱਕ ਪਰਵਾਰ ਨੇ ਉਸ ਨੂੰ ਅਤੇ ਉਸ ਦੇ ਪਰਵਾਰ ਨੂੰ ਬਚਾ ਲੀਤਾ ਸੀ. ਉਨ੍ਹਾਂ ਨੂੰ ਮਸੀਤ ਤੇ ਲੈ ਜਾਇਆ ਗਿਆ ਅਤੇ ਇਸਲਾਮ ਕਬੂਲ ਕਰਣ ਦੀ ਪੇਸ਼ਕਸ਼ ਕੀਤੀ ਗਈ. ਕੁੱਝ ਲੋਕਾਂ ਨੇ ਇਸਲਾਮ ਕਬੂਲ ਕਰ ਲੀਤਾ, ਪਰ ਜਦ ਬਾਅਦ ਵਿੱਚ ਇੰਡੀਅਨ ਫ਼ੌਜ਼ ਆਈ, ਉਹ ਇੰਡੀਆ ਚਲੇ ਗਏ. ਇੱਕ ਹਿੰਦੂ ਜੋ ਉਸੇ ਘਰ ਤੇ ਰਹਿ ਰਿਹਾ ਸੀ ਮਾਰ ਦਿੱਤਾ ਗਿਆ, ਜਦ ਉਨ੍ਹਾਂ ਦੇ ਉਪਰ ਹਮਲਾ ਹੋਇਆ. ਉਸ ਦੀ ਪਤਨੀ ਨੇ ਇੱਕ ਖੁਹ

ਵਿੱਚ ਛਾਲ ਮਾਰ ਦਿੱਤੀ, ਪਰ ਉਸ ਨੂੰ ਬਚਾ ਲੀਤਾ ਗਿਆ. ਸਬ-ਇੰਸਪੈਕਟਰ ਘੋਰੀ ਨੇ ਕਈ ਸਿੱਖਾਂ ਨੂੰ ਬਚਾਇਆ ਸੀ. "ਰੱਬ ਉਸ ਦਾ ਭਲਾ ਕਰੇ,' ਫ਼ਕੀਰ ਸਿੰਘ ਨੇ ਕਿਹਾ.

ਸ਼ਮਸ਼ੇਰਜੀਤ ਸਿੰਘ ਜੋ ਸਾਨੂ ਪਹਿਲਾਂ ਮਿਲੇ ਸੀ ਅਤੇ ਬੈਠਕ ਦਾ ਇੰਤਜ਼ਾਮ ਕੀਤਾ ਸੀ, ਉਹ ਵੀ ਉਸ ਵਾਕਿਐ ਦੇ ਵਕਤ ਉਥੇ ਮੌਜੂਦ ਸਨ. ਮਾਰ ਦਿੱਤੀ ਗਈ ਔਰਤਾਂ ਵਿੱਚ ਉਨ੍ਹਾਂ ਦੀ ਮਾਂ ਵੀ ਸ਼ਾਮਲ ਸੀ. ਮੈਂ ਉਨ੍ਹਾਂ ਨੂੰ ਵੇਖਿਆ, ਅਤੇ ਸੋਚਣ ਲਗਾ ਕਿ ਚਾਰ ਸਾਲ ਦੀ ਉਮਰ ਤੇ ਯਤੀਮ ਹੋ ਜਾਣ ਨਾਲ, ਉਨ੍ਹਾਂ ਨੂੰ ਕੈਦਾਂ ਮਹਿਸੁਸ ਹੋਇਆ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ 1998 ਨੂੰ ਪਿੰਡ ਗਏ ਸੀ ਅਤੇ ਬੁਆ ਫੁਪੀ ਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਉਹ ਕਿਸੇ ਨੂੰ ਮਿਲਣ ਗਈ ਹੋਈ ਸੀ, ਅਤੇ ਪਿੰਡ ਤੇ, ਮੌਜੂਦ ਨਹੀਂ ਸੀ. ਇਸ ਕਰ ਕੇ, ਸ਼ਮਸ਼ੇਰਜੀਤ ਸਿੰਘ ਉਨ੍ਹਾਂ ਨੂੰ ਯਾਦ ਰੱਖਣ ਦੇ ਚਲਦੇ, ਉਸ ਦੇ ਲਈ ਧਨਵਾਦ ਦੇ ਤੌਰ ਤੇ, ਕੁੱਝ ਤੋਹਫ਼ੇ ਛੱਡ ਕੇ ਆ ਗਏ. ਜਾਣ ਤੋਂ ਪਹਿਲਾਂ ਅਸੀਂ ਪਰਵਾਰ ਦੇ ਬਜ਼ੁਰਗਾਂ ਨੂੰ ਪੁਛਿਆ ਕਿ ਫ਼ੌਜ਼ ਦੀ ਟੁਕੜੀ ਆਉਣ ਦੇ ਬਾਅਦ ਕੀ ਹੋਇਆ. ਇਹ ਇੱਕ ਦਰਦਨਾਕ ਵਿਅੰਗ ਸੀ ਕਿ ਉਸ ਪਿੰਡ ਤੇ, ਉਸ ਵਕਤ ਇੰਡੀਆ ਦੀ ਫ਼ੌਜ਼ ਦੀ ਟੁਕੜੀ ਆ ਰਹੀ ਸੀ, ਨਾ ਕਿ ਬਲੁਚ ਰੇਜੀਮੇਂਟ ਦੀ. ਅਗਰ ਸਿਖਾਂ ਨੇ ਆਪਣੀ ਔਰਤਾਂ ਨੂੰ ਹਲਾਕ ਨਹੀਂ ਕੀਤਾ ਹੁੰਦਾ ਤੇ, ਸ਼ਾਇਦ ਅੱਜ ਵੀ ਉਨ੍ਹਾਂ ਤੋਂ ਕੁੱਝ ਜ਼ਿੰਦਾ ਹੁੰਦੀਆਂ.

ਚੌਧਰੀ ਤਵਾਕੁਲੱਹ ਵਿਰਕ

ਕਥਿਆਲਾ ਵਿਰਕਾਂ ਦੇ ਸਿੱਖਾਂ ਦੁਆਰਾ ਉਨ੍ਹਾਂ ਦੀ ਔਰਤਾਂ ਅਤੇ ਬੱਚੇਆਂ ਦੇ ਕਤਲ, ਪਾਕਿਸਤਾਨ ਦੇ ਉਸ ਇਲਾਕੇ ਦੇ ਲੋਕਾਂ ਵਿੱਚ ਗੱਲ ਬਾਤ ਕਰਣ ਦਾ ਮੁੱਦਾ ਬਣਿਆ ਰਿਹਾ. ਜਿਸ ਦਿਨ ਅਸੀਂ ਨਜ਼ੀਰ ਅਹਿਮਦ ਵਿਰਕ ਦਾ ਇੰਟਰਵਿਊ ਕੀਤਾ, ਉਸੇ ਦਿਨ, 30 ਦਸੰਬਰ 2005 ਨੂੰ ਅਸੀਂ, ਸ਼ੇਖੁਪੁਰਾ ਦੇ ਇੱਕ ਪ੍ਰਮੁੱਖ ਪਾਰਲਿਆਮੇਂਟਰਿਅਨ ਦਾ ਵੀ ਇੰਟਰਵਿਊ ਕੀਤਾ:

'ਮੇਰਾ ਨਾਂਅ ਚੌਧਰੀ ਤਵਾਕੁਲੱਾਹ ਵਿਰਕ ਹੈ. ਮੇਰਾ ਜਨਮ 5 ਜੁਲਾਈ 1937 ਨੂੰ ਸਾਡੇ ਪੁਸ਼ਤੈਨੀ ਪਿੰਡ ਚੰਡੀਕੋਟ, ਨਨਕਾਣਾ ਸਾਹਿਬ ਤੇ ਹੋਇਆ, ਜੋ ਪਹਿਲਾਂ ਸ਼ੇਖੁਪੁਰਾ ਜ਼ਿਲ੍ਹੇ ਦੀ ਇੱਕ ਤਹਸੀਲ ਸੀ, ਹੁਣ ਜ਼ਿਲ੍ਹਾ ਨਨਕਾਣਾ ਸਾਹਿਬ ਦਾ ਇੱਕ ਹਿੱਸਾ ਹੈ. 1970 ਤੇ ਮੈਂ ਪਾਕਿਸਤਾਨ ਪੀਪੁਲਸ ਪਾਰਟੀ ਤੇ ਸਾਮਲ ਹੋ ਗਿਆ ਅਤੇ ਮੈਂ ਹਮੇਸ਼ਾ ਪੀ.ਪੀ.ਪੀ. ਦਾ ਸਦੱਸ ਰਿਹਾ ਹਾਂ. ਮੈਂ ਇੱਕ ਵਾਰ ਪੰਜਾਬ ਲੇਜੀਸਲੇਟੀਵ ਅਸੈਮਬਲੀ ਦਾ ਸਦੱਸ ਚੁਣਿਆ ਗਿਆ ਸੀ ਅਤੇ ਦੋ ਵਾਰ ਪਾਕਿਸਤਾਨ ਨੈਸ਼ਨਲ ਅਸੈਮਬਲੀ ਤੇ. ਸ਼ੇਕੂਪੁਰਾ ਤੇ ਵਿਰਕ ਜੱਟਾਂ ਦੀ ਸਭ ਤੋਂ ਜ਼ਿਆਦਾ ਤਦਾਦ ਸੀ ਜਿਸ ਵਿੱਚ 10 ਫ਼ੀਸਦੀ ਮੁਸਲਿਮ ਸਨ ਅਤੇ 90 ਫ਼ੀਸਦੀ ਸਿੱਖ. ਸਿੱਖ ਇੱਕ ਜੰਗੀ ਕੌਮ ਦਾ ਹਿੱਸਾ ਸਨ. ਮੇਰੇ ਪਰਵਾਰ ਕੋਲ 15,000 ਏਕੜ ਜਮੀਨ ਸੀ ਅਤੇ ਵਿਰਕਾਂ ਦੇ ਵਿੱਚ ਸਾਡੀ ਬਹੁਤ ਇੱਜ਼ਤ ਸੀ. ਸਿੱਖ ਵਿਰਕ ਅਤੇ ਅਸੀਂ ਮਹਿਸੁਸ ਕਰਦੇ ਸੀ ਕਿ ਅਸੀਂ ਇੱਕ ਬਰਾਦਰੀ ਦੇ ਲੋਕ ਸੀ. ਖਾਨ ਪੀਣ ਦੇ ਵਕਤ, ਸਾਡੇ ਵਿੱਚ ਕੋਈ ਫ਼ਰਕ ਦਾ ਇਹਸਾਸ ਨਹੀਂ ਸੀ. ਦਹਿਸ਼ਤ ਪਹਿਲਾਂ ਪੂਰਬੀ ਪੰਜਾਬ ਤੇ ਪਨਪੀ ਅਤੇ ਫਿਰ ਜਦ ਪਨਾਹਗੀਰ ਪਾਕਿਸਤਾਨ ਆਏ, ਬਦਲੇ ਦੀ ਕਾਰਵਾਈ ਸ਼ੁਰੂ ਹੋ ਗਈ.

'ਸਾਡੇ ਵੀ ਇਸ ਇਲਾਕੇ ਦੇ ਹਿੰਦੂਆਂ ਅਤੇ ਸਿੱਖਾਂ ਨਾਲ ਬਹੁਤ ਚੰਗੇ ਰਿਸ਼ਤੇ ਸੀ. ਜ਼ਿਆਦਾਤਰ ਸਿੱਖ ਅਤੇ ਹਿੰਦੂ, ਘੱਟ ਤੋਂ ਘੱਟ, ਇਸ ਇਲਾਕੇ ਤੋਂ ਤੇ ਹਿਫ਼ਾਜ਼ਤ ਨਾਲ ਚਲੇ ਗਏ. ਸਾਡਾ ਮੁੰਸ਼ੀ ਸੋਹਨ ਸਿੰਘ ਸਰਹੱਦ ਪਾਰ ਕਰ ਗਿਆ ਸੀ ਅਤੇ ਸਾਡੇ ਵਿੱਚ ਸੰਪਰਕ ਜਾਰੀ ਹੈ. ਅੱਮ੍ਰਿਤਸਰ ਤੇ ਉਸ ਦੇ ਬੇਟੇ ਦੀ ਕਿਤਾਬਾਂ ਦੀ ਇੱਕ

ਦੁਕਾਨ ਹੈ. ਉਹ ਸਾਨੂ ਲਿਖਦਾ ਹੈ. ਸਾਡੀ ਬਰਾਦਰੀ ਦੇ ਵਿਰਕ ਸਿੱਖ ਸਾਨੂ ਕਦੀ ਕਦੀ ਮਿਲਣ ਆਉਂਦੇ ਨੇ ਅਤੇ ਹੁਣ ਤੱਕ ਸਾਡਾ ਸੰਪਰਕ ਕਾਇਮ ਹੈ. ਜਦ ਉਹ ਨਨਕਾਣਾ ਸਾਹਿਬ ਆਉਂਦੇ ਨੇ, ਤਦ ਉਹ ਹਮੇਸ਼ਾ ਸਾਨੂ ਮਿਲਦੇ ਨੇ.

'1947 ਤੇ, ਸਿੱਖ ਸਾਡੇ ਘਰ ਆਏ. ਮੇਰੇ ਵਾਲਿਦ ਚੌਧਰੀ ਖੁਸ਼ੀ ਮੁਹੱਮਦ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰ ਲੈਣ ਦੀ ਪੇਸ਼ਕਸ਼ ਕੀਤੀ. ਅਸੀਂ ਨਹੀਂ ਚਾਹੁੰਦੇ ਸੀ ਕਿ ਉਹ ਇਥੋਂ ਚਲੇ ਜਾਣ. ਉਹ ਇਸ ਸੱਦੇ ਨਾਲ ਮੁਤਾਸਰ ਹੋਏ, ਪਰ ਇੱਸ ਪੇਸ਼ਕਸ਼ ਨੂੰ, ਇਹ ਕਹਿ ਕੇ ਉਨ੍ਹਾਂ ਨੇ ਠੁਕਰਾ ਦਿੱਤਾ ਕਿ ਐਦਾਂ ਕਰਨਾ ਸਿੱਖ ਧਰਮ ਨਾਲ ਦਗਾ ਕਰਣਾ ਹੋਵੇਗਾ. ਕਥਿਆਲਾ ਵਿਰਕਾਨ ਦੀ ਦਾਸਤਾਨ ਕੁੱਝ ਇਸ ਤਰ੍ਹਾਂ ਹੈ. ਉਸ ਪਿੰਡ ਦੇ ਸਿੱਖ ਇੱਕ ਬੇਹਦ ਮਾਣਯੋਗ ਇਨਸਾਨ ਸਨ. ਉਨ੍ਹਾਂ ਨੇ ਆਪਣੀ ਔਰਤਾਂ ਨੂੰ ਇਸ ਡਰ ਨਾਲ ਮਾਰ ਦਿੱਤਾ ਕਿ ਉਹ ਬਦਮਾਸ਼ ਲੋਕਾਂ ਦੇ ਹੱਥਾਂ ਤੇ ਆ ਜਾਣਦੀਆਂ. ਜ਼ਿਆਦਾਤਰ ਲਾਸ਼ਾਂ ਨੂੰ ਬਕਸੇਆਂ ਵਿੱਚ ਰੱਖ ਦਿੱਤਾ ਗਿਆ ਸੀ. ਸ਼ਾਇਦ ਕੁੱਝ ਦਾ ਸੰਸਕਾਰ ਵੀ ਕੀਤਾ ਗਿਆ ਸੀ. ਜਦ ਪਨਾਹਗੀਰ ਆਏ, ਉਨ੍ਹਾਂ ਨੇ ਔਰਤਾਂ ਦੀ ਲਾਸ਼ਾਂ ਨੂੰ ਘਰਾਂ ਅਤੇ ਕੁੱਝ ਨੂੰ ਬਕਸੇਆਂ ਦੇ ਵਿੱਚ ਪਾਇਆ. ਇੱਕ ਲੰਬੇ ਵਕਤ ਤਕ, ਇਸ ਇਲਾਕੇ ਦੇ ਲੋਕ ਕਥਿਆਲਾ ਵਿਰਕਾਂ ਦੇ ਦਰਦਨਾਕ ਨਜ਼ਾਰੇ ਬਾਰੇ ਗੱਲ ਕਰਦੇ ਰਹੇ.'

ਗੁਰਬਚਨ ਸਿੰਘ ਟੰਡਨ

1947 ਦੀ ਸਭ ਤੋਂ ਵਿਚਿਤਰ ਅਤੇ ਦੁਖਦਾਈ ਘਟਨਾਵਾਂ ਵਿੱਚ ਗੁਰਬਚਨ ਸਿੰਘ ਟੰਡਨ ਦੀ ਦਾਸਤਾਨ, ਇੱਕ ਅਲਗ ਹੀ ਜਗ੍ਹ ਰੱਖਦੀ ਹੈ. ਮੈਨੂੰ ਉਨ੍ਹਾ ਦੇ ਬਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੱਮ੍ਰਿਤਸਰ ਦੇ ਪੌਲਿਟਿਕਲ ਸਾਇੰਸ ਵਿਭਾਗ ਦੇ ਪ੍ਰੋਫ਼ੇਸਰ ਗੁਰਨਾਮ ਸਿੰਘ ਤੋਂ ਪਤਾ ਲਗਾ. ਇੰਟਰਵਿਊ ਨੂੰ ਟੰਡਨ ਦੇ ਦਿਲੀ ਤੋਂ ਬਾਹਰ, ਨੋਇਡਾ ਦੇ ਘਰ ਤੇ ਰਿਕਾਰਡ ਕੀਤਾ ਗਿਆ.

'ਮੇਰਾ ਜਨਮ 25 ਜੁਲਾਈ 1934 ਨੂੰ ਪਿੰਡ ਟਪਿਆਲਾ ਦੋਸਤ ਮੁਹੱਮਦ, ਤਹਸੀਲ ਸ਼ਾਹਦਰਾ, ਜ਼ਿਲ੍ਹਾ ਸ਼ੇਖੁਪੁਰਾ ਤੇ ਹੋਇਆ. ਇਹ ਲਾਹੌਰ ਅਤੇ ਗੁਜਰਾਂਵਾਲਾ ਦੇ ਵਿੱਚ ਦੀ ਰੇਲਵੇ ਲਾਈਨ ਦੇ ਬਰਾਬਰ ਸਥਿਤ ਹੈ. ਮੇਰੇ ਮਾਤਾ ਪਿਤਾ ਹਿੰਦੂ ਸਨ, ਜੋ ਖਤਰੀਆਂ ਦੀ ਟੰਡਨ ਉਪ-ਜਾਤ ਤੋਂ ਸਨ, ਪਰ ਮੈਨੂੰ ਬਤੌਰ ਸਿੱਖ ਵੱਡਾ ਕੀਤਾ ਗਿਆ. ਪਛੱਮ ਪੰਜਾਬ ਦੇ ਹਿੰਦੂ ਖਤਰੀਆਂ ਵਿੱਚ ਇਹ ਇੱਕ ਆਮ ਗੱਲ ਸੀ ਕਿ ਉਹ ਇੱਕ ਮੁੰਡੇ ਨੂੰ ਸਿੱਖ ਦੀ ਤਰ੍ਹਾਂ ਪਾਲਦੇ ਸੀ. ਮੇਰੇ ਮਾਮਲੇ ਤੇ, ਸਿੱਖ ਬਣਾਉਣ ਦੇ ਫ਼ੈਸਲੇ ਦੀ ਇੱਕ ਖ਼ਾਸ ਮਹੱਤਤਾ ਸੀ. ਐਦਾਂ ਹੋਇਆ ਸੀ ਕਿ ਮੇਰੇ ਮਾਤਾ ਪਿਤਾ ਦੀ ਸਿਰਫ਼ ਬੇਟਿਆਂ ਸੀ ਅਤੇ ਉਨ੍ਹਾਂ ਨੇ ਇੱਕ ਸੁੱਖਣਾ ਸੁੱਖੀ ਸੀ ਕਿ ਅਗਰ ਉਨ੍ਹਾਂ ਦਾ ਕੋਈ ਮੁੰਡਾ ਪੈਦਾ ਹੋਵੇਗਾ, ਤੇ ਉਸ ਨੂੰ ਸਿੱਖ ਦੀ ਤਰ੍ਹਾਂ ਪਾਲਨਗੇ; ਅਤੇ ਮੈਂ ਇੱਕ ਸਿੱਖ ਬਣ ਗਿਆ. ਮੇਰਾ ਛੋਟਾ ਭਰਾ ਵੀ ਇੱਕ ਸਿੱਖ ਦੀ ਤਰ੍ਹਾਂ ਵੱਡਾ ਹੋਇਆ ਹੈ.

'ਸਾਡਾ ਪਿੰਡ ਫ਼ਿਰਕੂ ਭਾਈਚਾਰੇ ਦੀ ਮਿਸਾਲ ਸੀ. ਸਾਰੇ ਸਮੁਦਾਇ ਦੇ ਬਜ਼ੁਰਗਾਂ ਦੀ ਇੱਜ਼ਤ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਦੀ ਗੱਲਾਂ ਸਾਰੇ ਮੱਨਦੇ ਸੀ. ਟਪਿਆਲਾ ਦੋਸਤ ਮੁਹੱਮਦ ਤੇ ਦੋ ਤਿਹਾਈ ਮੁਸਲਿਮ ਅਤੇ ਇੱਕ ਤਿਹਾਈ ਹਿੰਦੂ ਘਰ ਸਨ. ਪਿੰਡ ਤੇ ਸਿਰਫ਼ ਦੋ ਸਿੱਖ ਪਰਵਾਰ ਸਨ. ਸਾਨੂ ਲਾਲੇ ਕਿਹਾ ਜਾਂਦਾ ਸੀ ਜੋ ਹਿੰਦੂ ਵਪਾਰੀਆਂ ਦਾ ਬੋਲਚਾਲ ਦੀ ਜ਼ਬਾਨ ਤੇ, ਇੱਕ ਨਾਂਅ ਸੀ. ਪਰ, ਪਿੰਡ ਦੇ ਖਤਰੀ ਪਰਵਾਰ ਜ਼ਿਮੀਦਾਰ ਵੀ ਸਨ.

ਸਾਡਾ ਇੱਕ, ਫਲਾਂ ਦਾ ਬਾਘ ਸੀ ਅਤੇ ਅਸੀਂ 25-30 ਏਕੜ ਜਮੀਨ ਦੇ ਮਾਲਕ ਸੀ. ਮੁਸਲਿਮ ਜ਼ਿਮੀਦਾਰ ਪਰਵਾਰਾਂ ਨੂੰ ਚੌਧਰੀ ਕਿਹਾ ਜਾਂਦਾ ਸੀ.

'1947 ਤੇ ਮੈਂ 8ਵੀਂ ਜਮਾਤ ਤੇ ਪੜ੍ਹ ਰਿਹਾ ਸੀ. ਪਿੰਡ ਦੇ ਸਕੂਲ ਵਿੱਚ ਸਾਰੀ ਕੌਮਾਂ ਦੇ ਬੱਚੇ ਸੀ. ਸਾਡੇ ਅਲਗ ਮਜ਼ੂਬ ਸਾਡੀ ਆਪਸੀ ਦੋਸਤੀ ਦੇ ਦਰਮਿਆਨ ਨਹੀਂ ਆਉਂਦੇ ਸੀ. ਉਸੇ ਤਰ੍ਹਾਂ, ਪਿੰਡ ਦੀ ਸਰਗਰਮੀਆਂ ਅਸੀਂ ਇਕੱਠੇ ਕਰਦੇ ਸੀ. ਤਾਸ਼ ਖੇਡਣ ਵਾਲੇ ਰੋਜ਼ਾਣਾ ਬਾਜ਼ੀ ਲਗਾਂਦੇ ਅਤੇ ਅਖਾੜੇਆਂ ਤੇ ਕੁਸ਼ਤੀਆਂ ਹੁੰਦੀਆਂ ਸੀ.

'ਵਧਦੇ ਹੋਏ ਫ਼ਿਰਕੂ ਤਣਾਅ ਅਤੇ ਫ਼ਸਾਦਾਂ ਦੀ ਖ਼ਬਰਾਂ ਸਾਡੇ ਪਿੰਡ ਤੇ ਆਉਣ ਲਗੀਆਂ. ਪਿੰਡ ਵਿੱਚ ਇੱਕ ਜਾਂ ਦੋ ਬੈਟਰੀ ਵਾਲੇ ਰੇਡਿਉ ਮੌਜੂਦ ਸਨ ਅਤੇ ਨਵਾ-ਇ-ਵਕਤ, ਵੀਰ ਭਾਰਤ ਅਤੇ ਮਿਲਾਪ ਅਖਬਾਰ ਵੀ ਕੁੱਝ ਸ਼ਕਸ ਰੱਖਦੇ ਸੀ, ਪਰ 15 ਅਗਸਤ ਦੇ ਬਾਅਦ, ਜਦ ਲਾਹੌਰ ਵਿੱਚ ਆਜ਼ਾਦੀ ਦਾ ਜਸ਼ਨ ਮੱਨਾਇਆ ਜਾ ਰਿਹਾ ਸੀ, ਸਾਡੇ ਦਿਹਾਤੀ ਜਗ੍ਹਾਂ ਦੇ ਹਾਲਾਤ ਬਦਲਣ ਲਗੇ. ਪਿੰਡ ਤੇ, ਕੁੱਝ ਲੋਕਾਂ ਨੇ ਮੁਸਲਿਮ ਲੀਗ ਦੇ ਝੰਡੇ ਥਲੇ, ਬੈਠਕਾਂ ਦਾ ਇੱਤਜ਼ਾਮ ਕੀਤਾ. ਮੈਨੂੰ ਯਕੀਨ ਹੈ ਕਿ ਜ਼ਿਆਦਾਤਰ, ਬਾਹਰ ਦੇ ਲੋਕ ਸਨ. ਉਹ ਬਰਛੇ, ਕੁਹਾੜਿਆਂ ਅਤੇ ਦੂਜੇ ਹਥਿਆਰ ਲੈ ਕੇ ਆਏ ਸੀ. ਮੁਸਲਿਮ ਬਜ਼ੁਰਗਾਂ ਨੇ ਨਾਲੋ ਨਾਲ ਦਖ਼ਲਅੰਦਾਜ਼ੀ ਕੀਤੀ ਅਤੇ ਉਨ੍ਹਾਂ ਨੂੰ ਕੋਈ ਗੜਬੜੀ ਕਰਣ ਤੋਂ ਰੋਕਿਆ. ਚੌਧਰੀਆਂ ਨੇ, ਖ਼ਾਸ ਕਰ ਕੇ, ਇਹ ਸਾਫ ਕਰ ਦਿੱਤਾ ਕਿ ਉਹ ਕਿਸੇ ਗੈਰ-ਮੁਸਲਿਮ ਦਾ ਨੁਕਸਾਨ ਨਹੀਂ ਹੋਣ ਦੇਣਗੇ. ਇੱਕ ਅਮਨ ਕਮੇਟੀ ਤਿਆਰ ਕੀਤੀ ਗਈ. ਮੈਨੂੰ ਦੋ ਨਾਂਅ ਯਾਦ ਨੇ ਚੌਧਰੀ ਮੁਆਫ਼ ਅਲੀ, ਅਤੇ ਸ਼ੇਖ ਮੁਹੱਮਦ ਬਸ਼ੀਰ ਜੋ ਉਸ ਕਮੇਟੀ ਦੇ ਸਦੱਸ ਸਨ.

'ਪਰ ਮੱਧ ਅਗਸਤ ਤੋਂ ਬਾਅਦ, ਲਾਹੌਰ ਤੇ ਲਗੀ ਅੱਗਾਂ ਨੂੰ ਸਾਡੇ ਪਿੰਡ ਤੋਂ ਵੇਖਿਆ ਜਾ ਸਕਦਾ ਸੀ, ਜੋ ਉਸ ਸ਼ਹਿਰ ਤੋਂ 25 ਕਿਲੋਮੀਟਰ ਦੂਰ ਸੀ. ਰਾਤ ਨੂੰ ਅਸੀਂ ਲਾਹੌਰ ਦੀ ਤਰਫ਼ ਆਸਮਾਨ ਨੂੰ ਵੇਖਿਆ, ਅਤੇ ਲਗਦਾ ਸੀ ਕਿ ਉਹ ਖ਼ਤਮ ਨਾ ਹੋਣ ਵਾਲੀ ਕੋਈ ਸੰਝ ਸੀ. ਅੱਮ੍ਰਿਤਸਰ ਅਤੇ ਪੰਜਾਬ ਦੇ ਦੂਜੇ ਇਲਾਕਿਆਂ ਤੇ ਕਤਲੇਆਮ ਅਤੇ ਅੱਗਾਂ ਦੀ ਖਬਰਾਂ ਸਾਡੇ ਪਿੰਡ ਤੇ ਆਉਣ ਲਗੀਆਂ. ਪਰ, ਜ਼ਿੰਦਗੀ ਪਹਿਲਾਂ ਦੀ ਤਰ੍ਹਾਂ ਚਲਦੀ ਰਹੀ. ਦਰਖਤਾਂ ਦੇ ਥਲੇ, ਤਾਸ਼ ਦੀ ਬਾਜ਼ੀਆਂ ਚਲਦੀ ਰਹੀਆਂ ਅਤੇ ਪਹਿਲਵਾਨ ਅਖਾੜੇਆਂ ਤੇ ਆਪਣੇ ਬਹਾਦਰੀ ਦੀ ਅਜ਼ਮਾਇਸ਼ ਕਰਦੇ ਰਹੇ. ਪਰ, ਜਲਦ ਹੀ, ਸਾਡੇ ਇਲਾਕੇ ਤੇ ਗੁਰਦਾਸਪੁਰ ਜ਼ਿਲ੍ਹੇ ਤੋਂ ਇੱਕ ਵਡੀ ਤਦਾਦ ਤੇ ਪਨਾਹਗੀਰ ਆਉਣ ਲਗੇ. ਤਦ ਹੀ ਪਿੰਡ ਤੇ, ਅਮਨ ਵਿੱਚ ਵਿਘਨ ਪੈ ਗਿਆ. ਉਹ ਰੋਸ਼ ਪਰਗਟ ਕਰਦੇ, ਜਦ ਕਿ ਜਿੱਥੇ ਉਨ੍ਹਾਂ ਨੇ ਆਪਣੇ ਪਰਵਾਰ ਦੇ ਸਦੱਸ ਅਤੇ ਘਰ ਗੁਆ ਦਿੱਤੇ ਸੀ, ਅਤੇ ਭਜ਼ਣ ਲਈ ਮਜਬੂਰ ਕੀਤੇ ਗਏ ਸੀ, ਖਤਰੀ ਹੁਣ ਵੀ ਪਾਕਿਸਤਾਨ ਤੇ ਕਿਉਂ ਰਹਿ ਰਹੇ ਸੀ.

'ਉਨ੍ਹਾਂ ਨੇ *ਟਪਿਆਲਾ ਦੋਸਤ ਮੁਹੱਮਦ* ਦੇ ਆਲੇ-ਦੁਆਲੇ ਦੇ 12-13 ਪਿੰਡਾ ਤੇ ਲੋਕਾਂ ਨੂੰ ਸਾਡੇ ਪਿੰਡ ਉਪਰ ਹਮਲਾ ਕਰਣ ਲਈ ਤਿਆਰ ਕੀਤਾ. ਕਿਸੇ ਤਰ੍ਹਾਂ ਇਹ ਖ਼ਬਰ ਅਮਨ ਕਮੇਟੀ ਦੇ ਸਦੱਸਾਂ ਨੂੰ ਮਿਲ ਗਈ. ਉਨ੍ਹਾਂ ਨੇ ਸਾਜ਼ਸ਼ ਕਰਣ ਵਾਲੇਆਂ ਨੂੰ ਕਿਹਾ ਕਿ ਪਹਿਲਾਂ ਉਹ ਉਨ੍ਹਾਂ ਨੂੰ ਮਾਰ ਦੇਣ, ਅਗਰ ਉਹ ਗੈਰ-ਮੁਸਲਿਮਾਂ ਨੂੰ ਮਾਰਣਾ ਚਾਹੁੰਦੇ ਨੇ, ਕਿਉਂਕਿ, ਨਹੀਂ ਤੇ ਉਹ ਉਨ੍ਹਾਂ ਨੂੰ ਗੈਰ-ਮੁਸਲਿਮਾਂ ਦਾ ਕੋਈ ਨੁਕਸਾਨ ਨਹੀਂ ਹੋਣ ਦੇਣਗੇ. ਬਹਰਹਾਲ, 25-26 ਅਗਸਤ ਨੂੰ 1,500 ਲੋਕਾਂ ਦੀ ਇੱਕ ਵੱਡੀ ਭੀੜ ਨੇ ਹਥਿਆਰਾਂ ਨਾਲ, ਸਾਡੇ ਪਿੰਡ ਉਪਰ ਅਚਾਨਕ ਹਮਲਾ ਕਰ ਦਿੱਤਾ. ਜਦ ਚੇਤਾਵਨੀ ਦੀ ਖ਼ਬਰ ਫੈਲੀ, ਸਾਰੇ ਖਤਰੀ, ਪ੍ਰਮੁੱਖ ਹਿੰਦੂਆਂ ਦੋ ਵੱਡੇ ਕਈ ਮੰਜ਼ਲਾ ਇਮਾਰਤਾਂ ਦੀ ਤਰਫ਼ ਭੱਜੇ. ਮੈਂ, ਮੇਰਾ ਛੋਟਾ ਭਰਾ, ਦੋ ਭੈਣਾਂ ਅਤੇ ਮੇਰੀ ਮਾਂ ਨੇ ਮਨੋਹਰ ਲਾਲ ਦੇ ਘਰ

ਪਨਾਹ ਲੀਤੀ. ਅਮਨ ਕਮੇਟੀ ਦੇ ਲੋਕਾਂ ਨੇ ਥੋੜਾ ਬਹੁਤ ਟਾਕਰਾ ਕੀਤਾ, ਪਰ ਹਮਲਾਵਰ ਉਨ੍ਹਾਂ ਦੇ ਉਪਰ ਹਾਵੀ ਹੋ ਗਏ, ਅਤੇ ਉਨ੍ਹਾਂ ਨੇ ਉਣ ਦੋ ਘਰਾਂ ਨੂੰ ਘੇਰ ਲੀਤਾ ਜਿਸ ਵਿੱਚ 60 ਹਿੰਦੂ ਪਰਵਾਰਾਂ ਨੇ ਪਨਾਹ ਲੀਤੀ ਸੀ. ਹਮਲਾਵਾਰਾਂ ਨੇ ਮਨੇਹਰ ਲਾਲ ਨੂੰ ਕਿਹਾ ਕਿ ਅਗਰ ਉਹ ਆਪਣੀ ਬੰਦੂਕ ਦੇ ਦੇਂਦਾ ਹੈ, ਤੇ ਉਸ ਨੂੰ ਅਤੇ ਉਸ ਦੇ ਪਰਵਾਰ ਨੂੰ ਬਖ਼ਸ਼ ਦਿੱਤਾ ਜਾਵੇਗਾ. ਉਹ ਮੱਨ ਗਿਆ ਅਤੇ ਸਾਨੂ ਦੂਜੇ ਘਰ ਤੇ ਜਾਣ ਨੂੰ ਕਿਹਾ, ਅਤੇ ਅਸੀਂ ਰਾਜ਼ੀ ਹੋ ਗਏ.

'ਭੀੜ ਘਰ ਵਿੱਚ ਵੜਣਾ ਚਾਹੁੰਦੀ ਸੀ. ਸਾਡੇ ਤੋਂ ਕਿਸੇ ਨੇ ਇੱਕ ਇੱਟ ਸੁਟ ਕੇ ਦੇ ਮਾਰੀ. ਉਨ੍ਹਾਂ ਦਾ ਇੱਕ ਸ਼ਕਸ ਹਲਾਕ ਹੋ ਗਿਆ. ਇਸ ਦੇ ਚਲਦੇ, ਉਹ ਹੋਰ ਭੜਕ ਉਠੇ. ਉਨ੍ਹਾਂ ਨੇ ਉਸ ਘਰ ਨੂੰ ਅੱਗ ਲਗਾ ਦਿੱਤੀ ਜਿਸ ਵਿੱਚ ਅਸੀਂ ਛੁਪੇ ਸੀ. ਮੈਨੂੰ ਯਾਦ ਹੈ ਕਿ ਘਰ ਬੇਹਦ ਜ਼ਿਆਦਾ ਗਰਮੀ ਅਤੇ ਅੱਗ ਦੀ ਲਪਟਾਂ ਦੇ ਚਲਦੇ, ਕੰਬਣ ਲਗਾ. ਇਹ ਫ਼ੈਸਲਾ ਲੀਤਾ ਗਿਆ ਕਿ ਔਰਤਾਂ ਨੂੰ ਮਾਰ ਦਿੱਤਾ ਜਾਵੇ, ਤਾਂਕਿ ਉਹ ਭੀੜ ਦੇ ਕਾਬੂ ਨਾ ਆਉਣ. ਇੱਕ ਕੁੜੀ ਦੀ ਮੇਰੇ ਸਾਹਮਣੇ, ਤੇਣ ਵੱੱਡ ਦਿੱਤੀ ਗਈ. ਉਸ ਵਕਤ ਤਕ, ਘਰ ਵਿੱਚ ਬਹੁਤ ਜ਼ਿਆਦਾ ਖਲਬਲੀ ਫੈਲ ਚੁਕੀ ਸੀ. ਘਰ ਦੇ ਪਿੱਛੇ ਇੱਕ ਬਾਹਰ ਜਾਣ ਦਾ ਰਾਹ ਸੀ ਅਤੇ ਕਿਸੇ ਨੇ ਕਿਹਾ ਕਿ ਅਸੀਂ ਆਪਣੇ ਸਾਮਾਨ ਦੇ ਬਾਰੇ ਭੁੱਲ ਕੇ, ਇਸ ਥਨੀ ਨਿਕਲ ਕੇ ਭੱਜ ਜਾਇਏ. ਅਸੀ 10-12 ਲੋਕਾਂ ਨੇ ਇਹ ਕੋਸ਼ਿਸ਼ ਕੀਤੀ. ਮੈਂ ਅਤੇ ਮੇਰੇ ਭਰਾ ਲੋਕਾਂ ਦੇ ਪਿੱਛੇ ਪਿੱਛੇ ਨਿਕਲੇ. ਕਾਤਲ ਸਾਡਾ ਇੰਤਜ਼ਾਰ ਕਰ ਰਹੇ ਸੀ. ਮੈਂ ਆਪਣੇ ਭਰਾ ਨੂੰ ਇੱਕ ਵਾਰ ਨਾਲ, ਗਿਰਦੇ ਵੇਖਿਆ, ਅਤੇ ਇਸ ਦੇ ਬਾਅਦ ਮੈਨੂੰ ਇੱਕ ਕੁਹਾੜੀ ਮਾਰੀ ਗਈ (ਸ੍ਰੀ.ਟੰਡਨ ਨੇ ਉਨ੍ਹਾਂ ਦੇ ਸਿਰ ਦਾ ਇੱਕ ਗਹਿਰਾ ਜ਼ਖ਼ਮ ਦਿਖਾਇਆ. ਉਨ੍ਹਾਂ ਨੇ ਆਪਣੇ ਮੋਢੇ ਅਤੇ ਕੁਹਣੀ ਤੇ, ਇੱਕ ਬਰਛੇ ਦੁਆਰਾ ਕੀਤੇ ਗਏ ਜ਼ਖ਼ਮਾਂ ਦੇ, ਭੱਦੇ ਦਾਗ ਵੀ ਦਿਖਾਏ).

'ਸਿਰ ਤੇ ਵਾਰ ਲਗਣ ਦੇ ਬਾਅਦ, ਮੈਂ ਬੇਹੋਸ਼ ਹੋ ਗਿਆ. ਉਸ ਵਕਤ ਸਵੇਰ ਦੇ 11 ਵਜੇ ਹੋਣਗੇ. ਕਈ ਹਿੰਦੂ ਮਾਰੇ ਗਏ. ਕਰੀਬ ਸ਼ਾਮ ਦੇ ਚਾਰ ਵਜੇ, ਸਾਡੇ ਪਿੰਡ ਦੇ ਮੁਸਲਿਮ, ਲਾਸਾਂ ਨੂੰ ਖਿੱਚ ਕੇ, ਡਾਕੇ ਨਾਲੇ ਤੇ ਸੁਟੱਣ ਲਈ ਲੈ ਜਾ ਰਹਿਅੇ ਸੀ. ਜਦ ਕਿਸੇ ਨੇ ਮੇਰੀ ਲਤ ਖਿੱਚੀ ਤੇ ਮੇਰੀ ਅੱਖਾਂ ਖੁਲ ਗਈਆਂ. ਉਸ ਸ਼ਕਸ ਨੇ ਹੈਰਾਨ ਹੋ ਕੇ ਕਿਹਾ, "ਇਹ ਤੇ ਲਾਲੇਆਂ ਦਾ ਮੁੰਡਾ ਹੈ." ਮੈਂ ਕਿਹਾ, "ਪਾਣੀ." ਉਹ ਮੈਨੂੰ ਘਰ ਲੈ ਗਿਆ ਅਤੇ ਮਿਠਾ ਦੁਧ ਪੀਣ ਨੂੰ ਦਿੱਤਾ ਅਤੇ ਥੋੜਾ ਪਾਣੀ. ਉਹ ਮੈਨੂੰ ਫਿਰ, ਪਿੰਡ ਦੀ ਮਸੀਤ ਤੇ ਲੈ ਗਿਆ, ਜਿੱਥੇ ਦੂਜੇ ਹਿੰਦੂਆਂ ਨੂੰ ਪਨਾਹ ਦਿੱਤੀ ਗਈ ਸੀ. ਜ਼ਿੰਦਾ ਬਚੇ ਲੋਕਾਂ ਵਿੱਚ ਮੇਰੀ ਮਾਂ ਅਤੇ ਭੈਨਾਂ ਸ਼ਾਮਲ ਸੀ. ਬਾਅਦ ਤੇ, ਮੇਰੇ ਪਿਤਾ ਅਤੇ ਦਾਦਾ ਜੋ ਖੇਤਾਂ ਤੇ ਜਾ ਕੇ ਲੁਕ ਗਏ ਸੀ, ਉਨ੍ਹਾਂ ਦਾ ਸਾਡੇ ਨਾਲ ਮੇਲ ਹੋ ਗਿਆ, ਪਰ ਮੇਰਾ ਛੋਟਾ ਭਰਾ ਮਾਰ ਦਿੱਤਾ ਗਿਆ ਸੀ.

'ਅਸੀਂ ਮਸੀਤ ਵਿੱਚ ਰਾਤ ਗੁਜ਼ਾਰੀ. ਬਾਅਦ ਤੇ, ਸਾਨੂ ਇੱਕ ਘਰ ਤੇ ਲੈ ਆਉਂਦਾ ਗਿਆ ਜਿੱਥੇ ਅਸੀਂ 10-12 ਦਿਨਾਂ ਤੱਕ ਰਹੇ. ਸਾਡੇ ਖ਼ਿਲਾਫ਼ ਤਿੰਨ ਹੋਰ ਹਮਲੇ ਹੋਏ, ਪਰ ਪਿੰਡ ਦੇ ਸਾਡੇ ਮੁਸਲਿਮ ਭਰਾ ਹੁਣ ਤੱਕ ਚੰਗੀ ਤਰ੍ਹਾਂ ਤਿਆਰ ਹੋ ਚੁਕੇ ਸੀ ਅਤੇ ਸਾਨੂ ਕੋਈ ਨੁਕਸਾਨ ਨਹੀਂ ਹੋਇਆ. ਬਾਅਦ ਤੇ ਫ਼ੌਜ਼ ਆ ਗਈ. ਸਾਨੂ 10 ਸਤੰਬਰ ਦੇ ਕਰੀਬ ਲਾਹੌਰ ਲੈ ਜਾਇਆ ਗਿਆ, ਜਿੱਥੇ ਅਸੀਂ ਗਵਰਨਮੇਂਟ ਕਾਲਜ ਤੇ ਸਥਾਪਤ ਕੀਤੇ ਕੈਂਪ ਤੇ ਚਾਰ ਦਿਨ ਰਹੇ. ਉਸ ਕੈਂਪ ਉਪਰ ਵੀ ਹਮਲੇ ਹੋਏ.

'ਅਸੀਂ 14 ਸਤੰਬਰ ਨੂੰ ਅੱਮ੍ਰਿਤਸਰ ਪਹੁੰਚੇ. ਮੇਰੇ ਜੀਜਾ ਪਹਿਲਾਂ ਤੋਂ ਹੀ ਉਥੇ ਸੀ. ਸਾਨੂ ਪਤਾ ਲਗਾ ਕਿ ਸਾਡਾ ਇੱਕ ਭਣਵਇਆ ਜੋ ਨਜਦੀਕ ਦੇ ਇੱਕ ਪਿੰਡ ਗੋਪਾ ਰਾਇ, ਅੱਮ੍ਰਿਤਸਰ ਤੋਂ ਬਾਹਰ, ਖਾਲਸਾ ਕਾਲਜ ਦੇ

ਕਰੀਬ ਰਹਿੰਦਾ ਸੀ, ਅਗਲੇ ਦਿਨ ਸਾਡੇ ਪਿੰਡ ਜਾ ਕੇ ਵੇਖਨਾ ਚਾਹੁੰਦਾ ਸੀ ਕਿ ਸਾਡਾ ਕੀ ਬਣਿਆ. ਉਹ ਫ਼ੌਜ਼ ਵਿੱਚ ਇੱਕ ਸੁਬੇਦਾਰ ਸੀ ਅਤੇ ਇੱਕ ਫ਼ੌਜ਼ੀ ਟਰੱਕ ਵਿੱਚ ਜਾ ਕੇ ਸਾਨੂ ਲੱਭਣਾ ਚਾਹੁੰਦਾ ਸੀ. ਮੇਰੇ ਮਾਤਾ ਪਿਤਾ ਉਸ ਨੂੰ ਰੋਕਣਾ ਚਾਹੁੰਸੇ ਸੀ ਕਿਉਂਕਿ ਅਸੀਂ ਪਹਿਲਾਂ ਹੀ, ਅੱਮ੍ਰਿਤਸਰ ਆ ਚੁਕੇ ਸੀ. ਉਹ ਤੜਕੇ 4 ਵਜੇ ਪੈਦਲ ਨਿਕਲ ਗਏ. ਰਾਹ ਵਿੱਚ ਉਨ੍ਹਾਂ ਦਾ ਸਾਹਮਣਾ ਇੱਕ ਬ੍ਰਾਹਮਣ ਨਾਲ ਹੋਇਆ ਜੋ ਇੱਕ ਮੇਡੀਕਲ ਕਲੀਨਿਕ ਚਲਾਉਂਦਾ ਸੀ. ਉਸ ਨੇ ਪੁੱਛਿਆ, "ਤੁਸੀਂ ਕੌਣ ਹੋ ਅਤੇ ਕਿਥੇ ਜਾ ਰਹੇ ਹੋ? ਮੇਰੇ ਪਿਤਾ ਨੇ ਕਿਹਾ ਕਿ ਉਹ ਪਾਕਿਸਤਾਨ ਤੋਂ ਆਏ ਸੀ ਅਤੇ ਉਹ ਲਾਲ ਸ਼ਾਹ ਦੇ ਘਰ ਦੀ ਤਰਫ਼ ਜਾ ਰਹੇ ਨੇ. ਉਸ ਨੇ ਮੇਰੇ ਮਾਤਾ ਪਿਤਾ ਨੂੰ ਸਲਾਹ ਦਿੱਤੀ ਕਿ ਉਹ ਜੀ.ਟੀ.ਰੋਡ ਉਪਰ ਨਾ ਤੁਰਣ ਕਿਉਂਕਿ ਪਾਕਿਸਤਾਨੀ ਫ਼ੌਜ਼ ਇਸ ਦੇ ਉਪਰ ਗਸ਼ਤ ਲਗਾ ਰਹੀ ਸੀ ਅਤੇ, ਉਨ੍ਹਾਂ ਨੂੰ ਖੇਤਾਂ ਦਾ ਰਾਹ ਲੈਣਾ ਚਾਹੀਦਾ ਸੀ. ਉਨ੍ਹਾਂ ਨੇ ਉਸ ਦੀ ਸਲਾਹ ਮੱਨ ਲੀਤੀ. ਇਹ ਇੱਕ ਚਾਲ ਸੀ. ਉਹ ਇੱਕ ਐਸੀ ਜਗ੍ਹ ਤੇ ਪਹੁੰਚ ਗਏ ਜਿੱਥੇ ਚਾਰ ਸਿੱਖ ਜੱਟ ਡਾਕੂ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸੀ. ਉਨ੍ਹਾਂ ਨੇ ਹੁਕਮ ਦਿੱਤਾ ਕਿ ਉਹ ਆਪਣਾ ਸਭ ਕੁੱਝ ਦੇ ਦੇਣ. ਉਨ੍ਹਾਂ ਦੇ ਕੋਲ ਸਿਰਫ਼ ਸੱਤ ਰੁਪਏ ਸੀ. ਡਾਕੂਆਂ ਨੇ ਰੁਪਏ ਖੋਹ ਲੀਤੇ ਪਰ ਉਨ੍ਹਾਂ ਨੂੰ ਇਹਸਾਸ ਹੋਇਆ ਕਿ ਉਨ੍ਹਾਂ ਦੇ ਜੁਰਮ ਦਾ ਪਤਾ ਲਗ ਜਾਵੇਗਾ, ਕਿਉਂਕਿ ਲਾਲ ਸ਼ਾਹ ਇੱਕ ਚੰਗੀ ਤਰ੍ਹਾਂ ਜਾਣਿਆ ਹੋਇਆ ਇਨਸਾਨ ਸੀ, ਉਣ ਡਾਕੂਆਂ ਨੇ ਉਨ੍ਹਾਂ ਦਾ ਕਤਲ ਕਰ ਦਿੱਤਾ.'

ਇਥੇ, ਸ੍ਰੀ ਟੰਡਨ ਜੋਰ ਜੋਰ ਦੀ ਰੋਣ ਲਗੇ. ਉਨ੍ਹਾਂ ਦੀ ਪਤਨੀ ਅਤੇ ਬੇਟਿਆਂ ਵੀ ਰੋਣ ਲਗ ਗਈਆਂ. ਮੈਂ ਇੰਟਰਵਿਊ ਰੋਕਣ ਦਾ ਫ਼ੈਸਲਾ ਕੀਤਾ.

ਗੁਜਰਾਂਵਾਲਾ

ਗੁਜਰਾਂਵਾਲਾ ਸ਼ਹਿਰ ਅਤੇ ਜ਼ਿਲ੍ਹੇ ਤੇ ਮੁਸਲਿਮ ਬਹੁਤ ਜ਼ਿਆਦਾ ਸਨ ਅਤੇ ਉਹ ਆਬਾਦੀ ਦੇ 70.4 ਫ਼ੀਸਦੀ ਸੀ ਜਦ ਕਿ ਹਿੰਦੂਆਂ ਅਤੇ ਸਿੱਖਾਂ ਦੀ ਕੁੱਲ ਮਿਲਾ ਕੇ, 22.7 ਫ਼ੀਸਦੀ ਆਬਾਦੀ ਸੀ. ਸਿੱਖ ਇਤਿਹਾਸ ਦੇ ਨਜ਼ਰਿਏ ਤੋਂ, ਗੁਜਰਾਂਵਾਲਾ ਇੱਕ ਅਹਿਮ ਸ਼ਹਿਰ ਸੀ ਕਿਉਂਕਿ ਪੰਜਾਬ ਦੀ ਮਿੱਟੀ ਤੋਂ ਪੈਦਾ ਹੋਏ, ਮਹਾਰਾਜਾ ਰਣਜੀਤ ਸਿੰਘ ਦਾ ਤਾਲੁਕ ਗੁਜਰਾਂਵਾਲਾ ਨਾਲ ਸੀ. ਤਕਸੀਮ ਦੇ ਵਕਤ, ਗੁਜਰਾਂਵਾਲਾ ਦੇ ਸਾਮਾਜਕ ਅਤੇ ਆਰਥਿਕ ਹਾਲਾਤ, ਪੰਜਾਬ ਦੇ ਦੂਜੀ ਜਗ੍ਹਾਂ ਦੀ ਤਰ੍ਹਾਂ ਹੀ ਸੀ, ਉਦਯੋਗ ਅਤੇ ਵਪਾਰ ਗੈਰ-ਮੁਸਲਿਮਾਂ ਦੇ ਹੱਥਾਂ ਤੇ ਸੀ.

ਹਾਫ਼ਿਜ਼ ਤਾਕਿ-ਊਦ-ਦੀਨ, ਜੋ ਉਸ ਵਕਤ ਗੁਜਰਾਂਵਾਲਾ ਤੇ ਰਹਿੰਦੇ ਸੀ, ਉਨ੍ਹਾਂ ਨੇ ਮਾਰਚ 1947 ਤੋਂ, ਫ਼ਿਰਕੂ ਤਸ਼ੱਦਦ ਨੂੰ ਵਧਦੇ ਹੋਏ ਵੇਖਿਆ. ਜੁਲਾਈ ਵਿੱਚ, ਸ਼ਹਿਰ ਨੂੰ ਉਪਦਰਵੀ ਦੱਸ ਦਿੱਤਾ ਗਿਆ ਅਤੇ 15 ਅਗਸਤ ਦੇ ਬਾਅਦ, ਅੱਗਜਣੀ ਅਤੇ ਕਤਲੇਆਮ ਤੇਜੀ ਨਾਲ ਵਧ ਗਏ ਅਤੇ ਇਸ ਨੇ, ਹਿੰਦੂਆਂ ਅਤੇ ਸਿੱਖਾਂ ਨੂੰ ਭੱਜਣ ਲਈ ਮਜਬੂਰ ਕੀਤਾ. ਖੋਸਲਾ ਅਤੇ ਐਸ.ਜੀ.ਪੀ.ਸੀ. ਰਿਪੋਰਟਾਂ ਨੇ ਡਾ.ਤੇਜ ਭਾਨ ਅਤੇ ਉਸ ਦੇ ਪਰਵਾਰ ਨੂੰ, ਪੁਲਿਸ ਦੁਆਰਾ ਕਤਲ ਕਰਣ ਬਾਰੇ ਜ਼ਿਕਰ ਕੀਤਾ ਹੈ. ਤਾਕਿ-ਊਦ-ਦੀਨ ਸਾਨੂ ਉਸ ਕਤਲ ਦੇ ਬਾਰੇ ਵੇਰਵਾ ਦੇਂਦੇ ਨੇ ਅਤੇ ਉਸ ਵਾਰਦਾਤ ਦੇ ਮੁੱਖ ਹਿਮਾਇਤੀ, ਚੌਧਰੀ ਇਲਾਮ ਦੀਨ, ਜੋ ਥਾਨੇਦਾਰ ਸਨ, ਸਾਨੂ ਘਟਨਾਵਾਂ ਦੀ ਕੜੀ ਦੇ ਬਾਰੇ ਦੱਸਦੇ ਨੇ ਜਿਸ ਦੇ ਚਲਦਿਆਂ ਭਾਨ ਪਰਵਾਰ ਦਾ ਕਤਲੇਆਮ ਹੋਇਆ. ਇਲਾਮ ਦੀਨ ਦੇ ਮੁਤਾਬਕ, ਉਹ ਅਤੇ ਇੱਕ ਸਿਪਾਹੀ ਇਹ ਤਫਤੀਸ਼ ਕਰਣ ਗਏ ਸੀ ਕਿ ਘਰ ਦੇ ਅੰਦਰ ਕੋਈ ਹਥਿਆਰ ਮੌਜੂਦ ਸੀ ਜਾਂ ਨਹੀਂ. ਉਨ੍ਹਾਂ ਨੂੰ ਕੋਈ ਹਥਿਆਰ ਨਹੀਂ ਮਿਲੇ. ਪਰ ਕਈ ਗਲਤਫ਼ਹਮੀਆਂ ਹੋ ਗਈਆ

ਜਿਸ ਵਿੱਚ ਇੱਕ ਅਫ਼ਵਾਹ ਵੀ ਸ਼ਾਮਲ ਸੀ ਕਿ ਉਨ੍ਹਾਂ ਨੂੰ ਅਤੇ ਉਸ ਸਿਪਾਹੀ ਨੂੰ ਮਾਰ ਦਿੱਤਾ ਗਿਆ ਸੀ, ਅਤੇ ਨਤੀਜਨ ਪੁਲਿਸ ਬਲ ਨੇ ਉਸ ਘਰ ਉਪਰ ਹਮਲਾ ਕਰ ਦਿੱਤਾ. 27 ਅਗਸਤ ਨੂੰ ਉਸ ਘਰ ਤੇ ਮੌਜੂਦ ਸਾਰੇ ਬਾਰਾਂ ਲੋਕਾਂ ਨੂੰ ਮਾਰ ਦਿੱਤਾ ਗਿਆ (1999:285-6). ਇਸ ਦੇ ਚਲਦਿਆਂ ਗੁਜਰਾਂਵਾਲਾ ਤੋਂ ਹਿੰਦੂ ਅਤੇ ਸਿੱਖ ਭੱਜਣ ਲਗੇ.

ਪਰ, ਤਾਕਿ-ਊਦ-ਦੀਨ ਦੇ ਮੁਤਾਬਕ, ਗੁਜਰਾਂਵਾਲਾ ਤੇ ਗੜਬਣੀ ਤਦ ਫੈਲੀ ਜਦ ਇੱਕ ਦਿਨ ਅਫ਼ਵਾਹ ਫੈਲ ਗਈ ਕਿ ਦਾਲ ਬਾਜ਼ਾਰ ਦੀ ਮਸੀਤ, ਜੋ ਗੈਰ-ਮੁਸਲਿਮਾਂ ਦੇ ਇਲਾਕੇ ਤੇ ਸੀ, ਉੱਸ ਨੂੰ ਸਾੜ ਦਿੱਤਾ ਗਿਆ ਸੀ. ਸਿੱਖਾਂ ਅਤੇ ਹਿੰਦੂਆ ਨੇ ਨਾਲੋ ਨਾਲ ਕਿਹਾ ਕਿ ਉਸ ਅੱਗ ਦੇ ਨਾਲ ਉਨ੍ਹਾਂ ਦਾ ਕੁੱਝ ਲੈਣਾ ਦੇਨਾ ਨਹੀਂ ਸੀ. ਉਨ੍ਹਾਂ ਨੇ ਇਹ ਸਹੁੰ ਲੀਤੀ ਕਿ ਉਹ ਉਸ ਮਸੀਤ ਨੂੰ ਦੁਬਾਰਾ ਬਹਾਲ ਕਰ ਦੇਣਗੇ. ਬਾਅਦ ਤੇ ਪਤਾ ਲਗਾ ਕਿ ਇੱਕ ਮੁਸਲਿਮ ਕਾਰੀਗਰ ਜੋ ਮਸੀਤ ਦੇ ਦਾਖ਼ਲ ਹੋਣ ਦੀ ਜਗ੍ਹ ਤੇ ਰੰਗਰੇਜ਼ਿਆ ਦਾ ਕੱਮ ਕਰਦਾ ਸੀ, ਉਹ ਕਰਫਿਊ ਲਾਗੂ ਹੋਣ ਤੋਂ ਪਹਿਲਾ ਚਲਾ ਗਿਆ ਅਤੇ ਅਪਣਾ ਸਟੋਵ ਬੰਦ ਕਰਨਾ ਭੁੱਲ ਗਿਆ, ਜਿਸ ਵਿੱਚ ਉਹ ਪਾਣੀ ਉਬਾਲਦਾ ਸੀ. ਇਸ ਦੇ ਚਲਦੇ ਅੱਗ ਲਗ ਗਈ. ਪਰ ਗੁਜਰਾਂਵਾਲਾ ਤੇ ਸ਼ਰਾਰਤੀ ਲੋਕਾਂ ਦੀ ਕਮੀ ਨਹੀਂ ਸੀ ਅਤੇ ਉਹ ਕਹਿੰਦੇ ਰਹੇ ਕਿ ਇਹ ਅੱਗਜਨੀ ਜਾਣ ਬੁਝ ਕੇ ਹਿੰਦੂਆਂ ਦੁਆਰਾ ਲਗਾਈ ਗਈ ਸੀ. ਇਸ ਦੇ ਨਾਲ ਨਾਲ ਛੁਰੇ, ਲੰਬੇ ਧਾਰ ਵਾਲੇ ਅਤੇ ਦੂਜੇ ਹਥਿਆਰ ਗੁਜਰਾਂਵਾਲਾ ਦੇ ਚਾਰੇ ਪਾਸੇ ਪਹੁੰਚਾ ਦਿੱਤੇ ਗਏ. ਫਿਰ ਇੱਕ ਦਿਨ, ਇੱਕ ਨੌਜਵਾਨ ਮੁਸਲਿਮ, ਸਰਦਾਰ ਸ਼ਾਹ, ਜੋ ਬਹੁਤ ਸੋਹਣਾ ਸੀ ਅਤੇ ਅਹਰਾਰ ਪਾਰਟੀ ਦਾ ਸਮਰਥਕ ਵੀ, ਉਸ ਨੂੰ ਗੈਰ-ਮੁਸਲਿਮ ਇਲਾਕੇ ਤੇ, ਮਰਿਆ ਹੋਇਆ ਵੇਖਿਆ ਗਿਆ. ਉਸ ਕਤਲ ਦਾ ਇਲਜ਼ਾਮ ਵੀ ਗੈਰ-ਮੁਸਲਿਮਾਂ ਉਪਰ ਲਾ ਦਿੱਤਾ ਗਿਆ, ਜਦ ਕਿ ਇਸ ਦਾ ਕੋਈ ਸਬੁਤ ਨਹੀਂ ਪੇਸ਼ ਕੀਤਾ ਗਿਆ. ਇਸ ਦੇ ਚਲਦੇ, ਫ਼ਿਰਕੂ ਰਿਸ਼ਤੇ ਹੋਰ ਵਿਗਣ ਗਏ. ਹਿੰਦੂ ਅਤੇ ਸਿੱਖ ਆਪਣੀ ਹਿਫ਼ਾਜ਼ਤ ਨੂੰ ਲੈ ਕੇ ਡਰਣ ਲਗ ਗਏ.

ਇੱਕ ਅਮਨ ਕਮੇਟੀ ਅਹਰਾਰ ਆਗੂ ਪੀਰ ਸਈਦ ਫ਼ੈਜ਼-ਉਲ-ਹਸਨ ਦੀ ਪ੍ਰਧਾਨਗੀ ਤੇ ਅਤੇ ਕਾਂਗਰੇਸ ਆਗੂ, ਨਿਰੰਜਨ ਦਾਸ ਬੱਗਾ ਨੂੰ ਲੈ ਕੇ ਤਿਆਰ ਕੀਤੀ ਗਈ. ਮੁਸਲਿਮ ਲੀਗ, ਅਕਾਲੀ ਸਿੱਖ ਅਤੇ ਖਾਕਸਾਰ ਵੀ ਇਸ ਅਮਨ ਕਮੇਟੀ ਦੇ ਸਦੱਸ ਸਨ. ਇੱਕ ਦਿਨ, ਇੱਕ ਮੁਸਲਿਮ ਮਜਦੂਰ ਦੀ ਲਾਸ਼ ਮਹੱਲਾ ਰੇਤਾਂਵਾਲਾ ਤੋਂ ਮਿਲੀ. ਉਹ ਬਾਹਰ ਦਾ ਰਹਿਣ ਵਾਲਾ ਸੀ ਅਤੇ ਸਥਾਨਕ ਨਹੀਂ ਸੀ. ਅਫ਼ਵਾਹ ਫ਼ੈਲ ਗਈ ਕਿ ਇੱਕ ਮੁਸਲਿਮ ਨੂੰ ਹਿੰਦੂਆਂ ਨੇ ਮਾਰ ਦਿੱਤਾ ਸੀ. ਬੱਗਾ, ਨੰਗੇ ਪੈਰ ਉਸ ਮਹੱਲੇ ਤੇ ਆਏ ਅਤੇ ਉਨ੍ਹਾਂ ਨੇ ਅਫਸੋਸ ਦੀ ਸੰਜੀਦਗੀ ਜ਼ਾਹਰ ਕਰਦੇ ਹੋਏ, ਆਪਣਾ ਸਿਰ ਵੀ ਨਹੀਂ ਢੱਕਿਆ ਹੋਇਆ ਸੀ. ਪਰ, ਲੋਕਾਂ ਨੇ ਆਪਣੀ ਛੱਤਾਂ ਤੋਂ ਇੱਟੇ ਸੁੱਟ ਕੇ ਉਨ੍ਹਾਂ ਨੂੰ ਮਾਰਿਆ. ਲਹੂ-ਲੁਹਾਣ ਹੋਏ ਬੱਗਾ ਹਲਾਕ ਹੋ ਗਏ. ਫਿਰ ਪੀਰ ਫ਼ੈਜ਼-ਉਲ-ਹਸਨ ਆਏ. ਉਨ੍ਹਾਂ ਨੇ ਖੁਦ ਲਾਸ਼ ਨਿਰੰਜਨ ਦਾਸ ਬੱਗਾ ਦੇ ਪਰਵਾਰ ਤੱਕ ਪਹੁੰਚਾਈ. ਉਸ ਕਤਲ ਨੇ ਗੁਜਰਾਂਵਾਲਾ ਦੇ ਸਾਰੇ ਸ਼ਰੀਫ ਲੋਕਾਂ ਦੇ ਦਿਲ ਤੋੜ ਦਿੱਤੇ. ਪੀਰ ਫ਼ੈਜ਼-ਉਲ-ਹਸਨ ਅਤੇ ਦੂਜੇ ਰਾਸ਼ਟਰੀ ਮੁਸਲਿਮਾਂ ਨੇ ਸੰਸਕਾਰ ਵਿੱਚ ਹਿੱਸਾ ਲੀਤਾ ਪਰ ਉਸ ਦੇ ਬਾਅਦ, ਹਾਲਾਤ ਬੇਕਾਬੂ ਹੋ ਗਏ. ਸੁੰਦਰ ਦਾਸ ਮਿਰਧਾ, ਉਸ ਵਕਤ ਗੁਜਰਾਂਵਾਲਾ ਦੇ ਡਿਪਟੀ ਕਮੀਸ਼ਨਰ ਸਨ. ਕੁੱਝ ਦਿਨਾਂ ਬਾਅਦ, ਉਨ੍ਹਾਂ ਦਾ ਜਲੰਧਰ ਤੇ ਤਬਾਦਲਾ ਹੋ ਗਿਆ ਅਤੇ ਉਨ੍ਹਾਂ ਨੇ ਮੁਸਲਿਮਾਂ ਉਪਰ ਹਮਲੇ ਕਰਣ ਲਈ ਲੋਕਾਂ ਨੂੰ ਉਕਸਾਇਆ (Ibid: 289-92).

ਕਿਦਾਰ ਨਾਥ ਮਲਹੋਤ੍ਰਾ

ਮੈਂ ਕਿਦਾਰ ਨਾਥ ਮਲਹੋਤ੍ਰਾ ਨੂੰ 10 ਮਾਰਚ 2004 ਨੂੰ ਮਿਲਿਆ. ਉਹ ਗੁਜਰਾਂਵਾਲਾ ਤੋਂ ਅਗਸਤ ਦੇ ਆਖ਼ਰ ਤੇ ਭੱਜੇ ਅਤੇ ਖੁਦ ਦੇ ਬਚਾਉ ਸਫਰ ਨੂੰ ਇਣ ਲਫ਼ਜ਼ਾਂ ਤੇ ਬਿਆਨ ਕੀਤਾ:

'ਪੁਲਿਸ ਅਤੇ ਨੈਸ਼ਨਲ ਗਾਰਡ 17 ਅਗਸਤ ਦੇ ਬਾਅਦ, ਗੁਜਰਾਂਵਾਲਾ ਦੇ ਇਧਰ-ਉਧਰ ਘੁਮਣ ਲਗੇ ਅਤੇ ਹਿੰਦੂਆਂ ਅਤੇ ਸਿੱਖਾਂ ਉਪਰ ਕਈ ਹਮਲੇ ਕੀਤੇ. ਖ਼ਾਸ ਕਰ ਕੇ, ਡਾ.ਤੇਜ ਭਾਨ ਦੇ ਕਤਲ ਨੇ ਹਿੰਦੂਆਂ ਅਤੇ ਸਿੱਖਾਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ. ਉਹ ਭਗਵਾਨ ਤੋਂ ਡਰਣ ਵਾਲੇ ਇੱਕ ਇਨਸਾਨ ਸਨ, ਅਤੇ ਸਾਰੀ ਕੌਮਾਂ ਦੇ ਲੋਕਾਂ ਦੀ ਮਦਦ ਕਰਦੇ ਸੀ. ਮੈਨੂੰ ਲਗਦਾ ਹੈ ਕਿ ਉਸ ਪਰਵਾਰ ਵਿੱਚ ਦਸ ਤੋਂ ਜ਼ਿਆਦਾ ਸਦੱਸ ਸਨ. ਬਜ਼ੁਰਗਾਂ ਨੂੰ ਵੀ ਨਹੀਂ ਛੱਡਿਆ ਗਿਆ. ਇਸ ਦੇ ਚਲਦੇ, ਮੇਰੇ ਪਿਤਾ ਦਾ ਉਥੇ ਰਹਿਣ ਦਾ ਇਰਾਦਾ ਟੁੱਟ ਗਿਆ. ਗੁਜਰਾਂਵਾਲਾ ਸ਼ਹਿਰ ਤੇ, ਸਾਡੀ ਇੱਕ ਮਨਿਆਰੀ ਦੀ ਦੁਕਾਨ ਸੀ. ਮੇਰੇ ਪਿਤਾ ਸੋਚਦੇ ਸੀ ਕਿ ਪਾਕਿਸਤਾਨ ਗੈਰ-ਮੁਸਲਿਮਾਂ ਲਈ ਕੋਈ ਖਾਸ ਮੂਸਕਲ ਪੇਸ਼ ਨਹੀਂ ਕਰੇਗਾ, ਕਿਉਂਕਿ ਜਿਨਾਹ ਇੱਕ ਪ੍ਰਬੁੱਧ ਆਗੂ ਸਨ. ਇਸ ਦੇ ਇਲਾਵਾ, ਮੇਰੇ ਪਿਤਾ ਦੇ ਕਈ ਬਹੁਤ ਚੰਗੇ ਮੁਸਲਿਮ ਦੋਸਤ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਸਾਡਾ ਕੋਈ ਨੁਕਸਾਨ ਨਹੀਂ ਹੋਵੇਗਾ. ਪਰ, ਇੱਕ ਸਾਵਧਾਨੀ ਦੇ ਤੌਰ ਤੇ, ਉਨ੍ਹਾਂ ਨੇ ਮੇਰੀ ਮਾਂ, ਭੈਨ ਅਤੇ ਛੋਟੇ ਭਰਾ ਨੂੰ ਜਲੰਧਰ ਜਾਣ ਦਿੱਤਾ ਜਿੱਥੇ ਮੇਰੇ ਦਾਦਕੇ ਸੀ. ਮੈਂ ਉਸ ਵਕਤ 20 ਸਾਲਾਂ ਦਾ ਸੀ ਅਤੇ ਲਾਹੌਰ ਤੇ ਇੱਕ ਵਿਦਿਆਰਥੀ ਸੀ. ਅਗਸਤ ਤੇ ਮੈਂ ਗੁਜਰਾਂਵਾਲਾ ਤੇ ਸੀ. ਮੈਂ ਵੀ ਗੁਜਰਾਂਵਾਲਾ ਛੱਡਣਾ ਨਹੀਂ ਚਾਹੁੰਦਾ ਸੀ.

'ਮੈਨੂੰ ਲਗਦਾ ਹੈ ਇਹ 27 ਅਗਸਤ ਸੀ, ਇੱਕ ਦਿਨ ਪਹਿਲਾਂ ਜਾਂ ਬਾਅਦ, ਜਿਸ ਦਿਨ ਡਾ.ਭਾਨ ਅਤੇ ਉਸ ਦੇ ਪਰਵਾਰ ਦਾ ਕਤਲ ਕਰ ਦਿੱਤਾ ਗਿਆ ਸੀ. ਅਸੀਂ ਇੱਕ ਗੁਰਦੁਆਰੇ ਤੇ ਚਲੇ ਗਏ ਜਿੱਥੇ ਦੋਵੇਂ ਹਿੰਦੂ ਅਤੇ ਸਿੱਖ ਇਸ ਉਮੀਦ ਨਾਲ ਇਕੱਠਾ ਹੋਏ ਸੀ ਕਿ ਉਨ੍ਹਾਂ ਨੂੰ ਇੰਡੀਆ ਤੇ ਰੱਖਿਆ ਸਮੇਤ ਲੈ ਜਾਇਆ ਜਾਵੇਗਾ. ਦੇਰ ਦੁਪਹਿਰ ਨੂੰ ਪੁਲਿਸ, ਨੈਸ਼ਨਲ ਗਾਰਡ ਅਤੇ ਦੂਜੇ ਲੋਕਾਂ ਨੇ ਬਰਛੇ, ਕੁਹਾੜੀਆਂ ਅਤੇ ਗੰਡਾਸੇਆਂ ਨਾਲ ਗੁਰਦੁਆਰੇ ਉਪਰ ਹਮਲਾ ਕਰ ਦਿੱਤਾ. ਗੁਰਦੁਆਰੇ ਦੇ ਅੰਦਰ, ਕੁੱਝ ਲੋਕਾਂ ਕੋਲ ਬੰਦੂਕਾਂ ਸਨ, ਪਰ ਜ਼ਿਆਦਾ ਲੋਕਾਂ ਕੋਲ ਕਿਰਪਾਨਾ ਸੀ, ਜਾਂ ਕੁੱਝ ਵੀ ਨਹੀਂ. ਇੰਜਿਨੀਅਰ ਵਿਜੇ ਸ਼ਰਮਾ, ਲਾਲਾ ਕਿਸ਼ੋਰੀਲਾਲ ਖੱਨਾ ਅਤੇ ਕਈ ਦੂਜੇ ਹਿੰਦੂ ਵੀ ਉਥੇ ਸਨ. ਹਰ ਕੋਈ ਪ੍ਰਾਥਨਾ ਕਰ ਰਿਹਾ ਸੀ.

'ਪਾਣੀ ਦੀ ਸਪਲਾਈ ਪਹਿਲਾਂ ਹੀ ਬੰਦ ਕਰ ਦਿੱਤੀ ਗਈ ਸੀ ਅਤੇ ਬੱਚੇ ਹੋਰ ਬੀਮਾਰ ਬੇਹਦ ਤਕਲੀਫ਼ ਵਿੱਚ ਸਨ. ਜਦ ਪਹਿਲਾ ਹਮਲਾ ਹੋਇਆ, ਤਦ ਔਰਤਾਂ ਜ਼ੋਰ ਦੀ ਵਿਰਲਾਪ ਕਰਣ ਅਤੇ ਰੋਣ ਲਗੀਆਂ. ਇਸ ਹਮਲੇ ਨੂੰ ਕੁੱਝ ਲੋਕਾਂ ਨੇ ਪਿੱਛੇ ਧਕੇਲ ਦਿੱਤਾ. ਮੈਨੂੰ ਯਾਦ ਹੈ ਕਿ ਇੱਕ ਸਿੱਖ ਨੌਜਵਾਨ ਨੇ ਬਹੁਤ ਬਹਾਦਰੀ ਨਾਲ ਲੜਦੇ ਹੋਏ, ਆਪਣੀ ਜਾਨ ਦੇ ਦਿੱਤੀ. ਉਸ ਦੀ ਲਾਸ਼ ਨੂੰ ਗੁਰਦੁਆਰੇ ਦੇ ਅੰਦਰ ਲਾਇਆ ਗਿਆ. ਕੁੱਝ ਲੋਕਾਂ ਨੇ ਸਲਾਹ ਦਿੱਤੀ ਕਿ ਔਰਤਾਂ ਅਤੇ ਕੁੜਿਆ ਨੂੰ ਮਾਰ ਦਿੱਤਾ ਜਾਵੇ ਤਾਂਕਿ ਉਹ ਮੁਸਲਿਮਾਂ ਦੇ ਹੱਥਾਂ ਤੇ ਨਾ ਆਉਣ.. ਪਰ ਕੋਈ ਫ਼ੈਸਲਾ ਨਹੀਂ ਲੀਤਾ ਜਾ ਸਕਿਆ ਕਿਉਂਕਿ ਦੂਜੇਆਂ ਨੇ ਦਲੀਲ ਦਿੱਤੀ ਕਿ ਸਾਨੂ ਤਦ ਤਕ, ਕੁੱਝ ਨਹੀਂ ਕਰਨਾ ਚਾਹੀਦਾ ਹੈ ਜਦ ਤੱਕ ਕੋਈ ਮਦਦ ਨਹੀਂ ਆਉਂਦੀ ਹੈ. ਕੁੱਝ ਬਜ਼ੁਰਗ ਅਧਿਕਾਰੀਆਂ ਤੋਂ ਮਦਦ ਲੈਣ ਗਏ ਹੋਏ ਸੀ. ਸਮੱਸਿਆ ਇਹ ਸੀ ਕਿ ਹਿੰਦੂ ਅਤੇ ਸਿੱਖ ਪੁਲਿਸਵਾਲੇ ਇੰਡੀਆ ਚਲੇ ਗਏ ਸੀ ਜਾਂ ਮਾਰ ਦਿੱਤੇ ਗਏ ਸੀ.

'ਸ਼ਾਮ ਨੂੰ, ਕੁੱਝ ਲੋਕ ਨਾਲ ਦੀ ਗਲੀ ਤੇ ਬਚ ਕੇ ਨਿਕਲ ਗਏ. ਉਨ੍ਹਾਂ ਦੇ ਨਾਲ ਕੀ ਹੋਇਆ? ਮੈਨੂੰ ਕੁੱਝ ਪਤਾ ਨਹੀਂ, ਪਰ ਮੇਰੇ ਪਿਤਾ ਗੁਰਦੁਆਰਾ ਛੱਡਣ ਨੂੰ ਤਿਆਰ ਨਹੀਂ ਸਨ. ਉਨ੍ਹਾਂ ਨੇ ਆਪਣੇ ਦੋਸਤ ਰਮਜ਼ਾਨ ਨੂੰ

ਮਦਦ ਲਈ ਇੱਕ ਸੁਨੇਹਾ ਭੇਜਿਆ. ਰਮਜ਼ਾਨ ਚਾਚਾ ਕਿਸੇ ਪਰਵਾਰ ਦੇ ਬੰਦੇ ਦੀ ਮੋਤ ਦੇ ਚਲਦੇ, ਕਮੋਕੇ ਗਏ ਹੋਏ ਸੀ. ਉਨ੍ਹਾਂ ਨੇ ਆਪਣੇ ਬੇਟੇ ਜਾਵੇਦ ਨੂੰ, ਸਾਨੂ ਲੈ ਆਉਣ ਲਈ ਗੁਰਦੁਆਰੇ ਤੇ ਭੇਜਿਆ. ਮੇਰੇ ਪਿਤਾ ਨੇ ਕਿਹਾ ਕਿ ਮੈਨੂੰ ਚਲੇ ਜਾਣਾ ਚਾਹੀਦਾ ਸੀ; ਇਸ ਤਰ੍ਹਾਂ ਸਾਡੇ ਵਿੱਚ ਕਿਸੇ ਇੱਕ ਦੇ ਬੱਚ ਜਾਣ ਦਾ ਅੱਧਾ ਮੌਕਾ ਦੀ. ਮੈਂ ਰੋਣ ਲਗਾ ਅਤੇ ਕਿਹਾ ਕਿ ਮੈਂ ਉਨ੍ਹਾਂ ਨੂੰ ਛੱਡ ਕੇ ਨਹੀਂ ਜਾਵਾਂਗਾ, ਪਰ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਮੈਂ ਚਲੇ ਜਾਵਾਂ. ਰਾਤ ਦੇ ਸੱਤ ਦੇ ਕਰੀਬ ਮੈਂ ਗੁਰਦੁਆਰਾ ਛੱਡ ਕੇ ਨਿਕਲ ਗਿਆ. ਮੈਨੂੰ ਲਗਦਾ ਹੈ, ਮਹਿਜ਼ ਅੱਧੇ ਘੰਟੇ ਬਾਅਦ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਗਈ ਅਤੇ ਜ਼ਿਆਦਾਤਰ ਲੋਕ, ਕਰੀਬ 150 ਮਾਰ ਦਿੱਤੇ ਗਏ ਜਾਂ ਅੱਗ ਵਿੱਚ ਜਲ ਕੇ ਮਰ ਗਏ. ਰਮਜ਼ਾਨ ਚਾਚਾ ਮੇਰੇ ਅਤੇ ਜਾਵੇਦ ਨਾਲ ਬੇਹਦ ਨਾਰਾਜ਼ ਸਨ ਕਿਉਂਕਿ ਅਸੀਂ ਮਨੋਹਰਲਾਲ (ਮੇਰੇ ਪਿਤਾ) ਨੂੰ ਗੁਰਦੁਆਰੇ ਤੇ ਛੱਡ ਦਿੱਤਾ ਸੀ. ਪਰ, ਕੁੱਝ ਨਹੀਂ ਕੀਤਾ ਜਾ ਸਕਦਾ ਸੀ. ਉਨ੍ਹਾਂ ਨੂੰ ਬਚਾਣ ਤੇ ਕਾਫ਼ੀ ਦੇਰ ਹੋ ਚੁਕੀ ਸੀ.

'ਮੈਂ ਰਮਜ਼ਾਨ ਚਾਚਾ ਨਾਲ ਅਤੇ ਉਸ ਦੇ ਪਰਵਾਰ ਨਾਲ ਕੁੱਝ ਦਿਨਾਂ ਤੱਕ ਰਹਿਆ, ਉਹ ਮੇਰੇ ਨਾਲ, ਹਰ ਮਾਮਲੇ ਤੇ ਬੇਹਦ ਰਹਿਮਦਿਲ ਸਨ. ਮੈਨੂੰ ਸਿਰਫ਼ ਸ਼ਾਕਾਹਾਰੀ ਖਾਣਾ ਦਿੱਤਾ ਜਾਂਦਾ ਸੀ ਅਤੇ ਉਨ੍ਹਾਂ ਦੇ ਘਰ ਦੇ ਪਾਣੀ ਦੇ ਪੰਪ ਤੋਂ ਡਾਇਰੇਕਟ (ਸਿੱਧਾ) ਪਾਣੀ ਪੀ ਸਕਦਾ ਸੀ. ਬਤੌਰ ਇੱਕ ਕੱਟੜ ਹਿੰਦੂ, ਕਿਸੇ ਮੁਸਲਿਮ ਪਰਵਾਰ ਨਾਲ ਰਹਿਣ ਅਤੇ ਖਾਣ ਦਾ ਇਹ ਮੇਰਾ ਪਹਿਲਾ ਤਜਰਬਾ ਸੀ. ਜਾਵੇਦ ਅਤੇ ਮੈਂ ਚੰਗੇ ਦੋਸਤ ਬਣ ਗਏ. ਉਹ ਮੇਰੇ ਤੋਂ ਕੁੱਝ ਸਾਲ ਛੋਟਾ ਸੀ. ਸਤੰਬਰ ਦੇ ਸ਼ੁਰੂਆਤੀ ਦਿਨਾਂ ਤੇ, ਇੰਡੀਆ ਦੀ ਫ਼ੌਜ ਗੁਜਰਾਂਵਾਲਾ ਆਈ ਅਤੇ ਮੈਂ ਦੂਜੇ ਪਨਾਹਗੀਰਾਂ ਦੇ ਨਾਲ ਹੋ ਲੀਤਾ, ਜਿਨ੍ਹਾਂ ਨੂੰ ਹਿਫ਼ਾਜ਼ਤ ਨਾਲ ਅੱਮ੍ਰਿਤਸਰ ਲੈ ਕੇ ਜਾਇਆ ਜਾ ਰਿਹਾ ਸੀ. ਰਾਹ ਤੇ ਮੈਂ ਕਈ ਲਾਸ਼ਾ ਵੇਖਿਆਂ. ਅੱਮ੍ਰਿਤਸਰ ਅਤੇ ਵਾਹਗਾ ਦੇ ਦਰਮਿਆਨ ਦੀ ਸੜਕ ਤੇ ਲਾਸ਼ਾਂ ਬਿਖਰੀ ਪਈਆਂ ਸੀ. ਉਹ ਮੁਸਲਿਮ ਹੋਣਗੇ, ਮੈਨੂੰ ਲਗਿਆ. ਮੈਂ ਜਲੰਧਰ ਆਇਆ ਜਿੱਥੇ ਮੇਰਾ ਬਾਕੀ ਪਰਵਾਰ ਪਹਿਲਾਂ ਤੋਂ ਹੀ ਰਹਿ ਰਿਹਾ ਸੀ. ਉਸ ਵਕਤ ਵੀ, ਜਲੰਧਰ ਤੇ ਮੁਸਲਿਮ ਮੌਜੁਦ ਸਨ, ਪਰ ਜ਼ਿਆਦਾਤਰ ਮੁਸਲਿਮ ਮਹੱਲੇ ਖਾਲੀ ਸੀ. ਇਹ ਸਾਫ ਸੀ ਕਿ ਉਨ੍ਹਾਂ ਨੇ ਵੀ ਬੇਹਦ ਨੁਕਸਾਨ ਸਹਿਆ ਸੀ. ਸਾਨੂ ਜ਼ਿੰਦਗੀ ਬਸਰ ਕਰਣ ਲਈ ਕਾਫ਼ੀ ਜ਼ਦੋਜ਼ਹਿਦ ਕਰਣੀ ਪਈ. ਮੈਂ ਆਪਣੀ ਪੜ੍ਹਾਈ ਛੱਡ ਦਿੱਤੀ ਅਤੇ ਜਲੰਧਰ ਤੇ ਇੱਕ ਮਨਿਆਰੀ ਦੀ ਦੁਕਾਨ ਖੋਲੀ. ਮੇਰੀ ਮਾਂ ਆਪਣੇ ਪਤੀ ਦੀ ਮੌਤ ਦੇ ਸਦਮੇ ਤੋਂ ਕਦੀ ਉਭਰ ਨਹੀਂ ਸਕੀ ਅਤੇ 1950 ਤੇ ਉਨ੍ਹਾਂ ਦੀ ਮੌਤ ਹੋ ਗਈ. ਮੇਰੇ ਭੈਣ ਭਰਾ ਜਲੰਧਰ ਤੇ ਰਹਿੰਦੇ ਨੇ, ਪਰ ਮੈਂ ਦਿੱਲੀ ਆ ਗਿਆ ਜਿੱਥੇ ਹੁਣ, ਮੇਰੇ ਬੇਟਾ-ਬੇਟੀ ਰਹਿੰਦੇ ਨੇ. ਅਕਸਰ ਮੈਂ ਗੁਜਰਾਂਵਾਲਾ, ਆਪਣੇ ਘਰ ਅਤੇ ਆਸ-ਪੜੋਸ ਦੇ ਬਾਰੇ ਸੋਚਦਾ ਹਾਂ, ਜਿੱਥੇ ਰਮਜ਼ਾਨ ਚਾਚਾ ਰਹਿੰਦੇ ਸੀ. ਜਾਵੇਦ ਹੁਣ 79 ਜਾਂ 78 ਸਾਲਾਂ ਦਾ ਹੋਵੇਗਾ. ਮੈਂ ਹਮੇਸ਼ਾ ਉਸ ਪਰਵਾਰ ਨੂੰ ਆਪਣੀ ਪ੍ਰਾਥਨਾ ਵਿੱਚ ਯਾਦ ਕਰਦਾ ਹਾਂ.'

ਸੁਦਰਸ਼ਨ ਕੁਮਾਰ ਕਪੂਰ

'ਮੇਰਾ ਜਨਮ 31 ਜੁਲਾਈ 1931 ਨੂੰ ਹੋਇਆ. ਸਾਡਾ ਪਰਵਾਰ ਗੁਜਰਾਤ ਜ਼ਿਲ੍ਹੇ ਦੇ ਜਲਾਲਪੁਰ ਜਟਾਂ ਤੋਂ ਸੀ. 14 ਮਾਰਚ 1947 ਨੂੰ ਅਸੀਂ ਆਪਣਾ ਸ਼ਹਿਰ ਛੱਡ ਦਿੱਤਾ, ਜਿਸ ਦੀ ਆਬਾਦੀ 17,000 ਸੀ, ਜਿਸ ਦੇ ਇੱਕ ਤਿਹਾਈ ਹਿੰਦੂ ਸਨ, ਬਾਕੀ ਮੁਸਲਿਮ. ਮੇਰੇ ਪਿਤਾ ਨੂੰ ਇੱਕ ਮੁਸਲਿਮ ਦੋਸਤ, ਮੁਹੱਮਦ ਹੁਸੈਨ ਦਰ ਨੇ ਦੱਸਿਆ ਸੀ ਕਿ ਜਲਾਲਪੁਰ ਜਟਾਂ ਉਪਰ ਹਮਲਾ ਹੋਣ ਵਾਲਾ ਸੀ. ਇਹ ਹਮਲਾ ਮਾਰਚ ਦੀ ਬਜਾਏ ਅਗਸਤ ਨੂੰ

ਹੋਇਆ. ਉਸ ਵਕਤ ਮੈਂ ਮੇਰੇ ਮੈਟਰੀਕ ਦੇ ਇਮਤਿਹਾਨ ਦੀ ਤਿਆਰੀ ਕਰ ਰਿਹਾ ਸੀ, ਪਰ ਸਾਨੂ ਆਪਣਾ ਘਰ ਛੱਡ ਕੇ, ਹਿਫ਼ਾਜ਼ਤ ਲਈ ਭੱਜਨਾ ਪਇਆ. ਅਸੀਂ ਗੁਜਰਾਂਵਾਲਾ ਜ਼ਿਲ੍ਹੇ ਦੇ ਅਕਾਲਗੜ ਆ ਗਏ ਜਿੱਥੇ ਮੇਰੇ ਨਾਨਕੇ ਸੀ. ਅਸੀਂ ਉਥੇ ਪੰਜ ਮਹੀਨੇ ਰਹੇ. ਅਗਸਤ ਦੇ ਪਹਿਲੇ ਹਫ਼ਤੇ ਤੇ ਮੁਸਲਿਮਾਂ ਨੇ ਅਕਾਲਗੜ ਤੇ ਹਿੰਦੂਆਂ ਉਪਰ ਹਮਲਾ ਕਰ ਦਿੱਤਾ. ਉਨ੍ਹਾਂ ਨੇ ਅੱਗਜਨੀ ਅਤੇ ਲੁੱਟ-ਪਾਟ ਕੀਤੀ ਅਤੇ ਨਾਲ ਦੇ ਰਾਮ ਨਗਰ ਉਪਰ ਵੀ ਹਮਲਾ ਕੀਤਾ, ਅਤੇ ਪੂਰੀ ਹਿੰਦੂ ਆਬਾਦੀ ਨੂੰ ਭੱਜਣ ਲਈ ਮਜਬੂਰ ਕੀਤਾ. ਹਿੰਦੂਆਂ ਨੇ ਅਕਾਲਗੜ ਆਰਿਆ ਸਮਾਜ ਮੰਦਰ ਤੇ ਪਨਾਹ ਲੀਤੀ. ਸ਼ਥਾਨਕ ਹਿੰਦੂਆਂ ਅਤੇ ਸਿੱਖਾਂ ਨੇ ਆਪਣੀ ਹੈਸੀਅਤ ਦੇ ਮੁਤਾਬਕ, ਮਦਦ ਮੁਹੱਇਆ ਕਰਾਈ. ਸ਼ਹਿਰ ਦੇ ਪ੍ਰਮੁੱਖ ਮੁਸਲਿਮਾਂ ਨੇ ਉਨ੍ਹਾਂ ਨੂੰ, ਜ਼ਿੰਦਗੀ ਦੀ ਪੂਰੀ ਹਿਫ਼ਾਜ਼ਤ ਕਰਣ ਦਾ ਭਰੋਸਾ ਦਿੱਤਾ ਅਤੇ ਉਨ੍ਹਾਂ ਨੂੰ ਕਿਸੇ ਵੀ ਹਾਲ ਤੇ ਉਥੋਂ ਨਹੀਂ ਜਾਣ ਦੀ ਸਲਾਹ ਦਿੱਤੀ. ਅਕਾਲਗੜ ਦੇ ਹਿੰਦੂਆਂ ਅਤੇ ਸਿੱਖਾਂ ਨੇ ਇੱਕ ਗੁਰਦੁਆਰੇ ਤੇ ਸਹੁੰ ਖਾਦੀ, ਕਿ ਉਹ ਉਸ ਜਗ੍ਹ ਨੂੰ ਨਹੀਂ ਛੱਡਣਗੇ. ਪਰ, ਉਨ੍ਹਾਂ ਨੇ ਸਾਨੂੰ ਸਹੁੰ ਖਵਾਣ ਤੋਂ ਦੂਰ ਰੱਖਿਆਂ, ਕਿਉਂਕਿ ਅਸੀਂ ਹੋਰ ਕਿਸੇ ਜਗ੍ਹ ਤੋਂ ਆਏ ਸੀ. ਸਾਨੂ ਕਿਸੇ ਵੀ ਜਗ੍ਹ ਜਾਣ ਦੀ ਛੁੱਟ ਸੀ.

'14 ਅਗਸਤ ਨੂੰ ਮੈਂ ਅਕਾਲਗੜ ਮਉਨੀਸਿਪਲ ਕਮੇਟੀ ਕਮਪਾਉਂਡ ਤੇ ਮੌਜੂਦ ਸੀ, ਜਦ ਪਾਕਿਸਤਾਨ ਦੀ ਇਜ਼ਾਦ ਦਾ ਜਸ਼ਨ ਮਣਾਉਣ ਲਈ, ਪਾਕਿਸਤਾਨ ਦਾ ਝੰਡਾ ਉਸ ਇਮਾਰਤ ਦੇ ਉਪਰ ਲਹਰਾਇਆ ਗਿਆ. 18 ਅਗਸਤ ਨੂੰ ਸਾਨੂ ਪਤਾ ਲਗਾ ਕਿ ਗੁਜਰਾਂਵਾਲਾ ਅਤੇ ਮੇਰੇ ਸ਼ਹਿਰ ਜਲਾਲਪੁਰ ਜਟਾਂ ਤੇ ਦੰਗੇ ਭੜਕ ਉਠੇ ਸੀ. 100 ਤੋਂ ਜ਼ਿਆਦਾ ਹਿੰਦੂ ਹਲਾਕ ਕਰ ਦਿੱਤੇ ਗਏ ਸੀ. ਮੈਂ ਦਰ ਚਾਚੇ ਦਾ ਸ਼ੁਕਰ ਗੁਜ਼ਾਰ ਹਾਂ ਕਿ ਉਨ੍ਹਾਂ ਦੀ ਖ਼ਬਰਦਾਰੀ ਨੇ ਸਾਨੂ ਬਚਾ ਦਿੱਤਾ ਅਤੇ ਅਸੀਂ ਜਲਾਲਪੁਰ ਜਟਾਂ ਨੂੰ ਠੀਕ ਵਕਤ ਛੱਡ ਕੇ ਚਲੇ ਗਏ. ਉਹ ਨਾਟਾਂ ਦੇ ਇੱਕ ਬੇਹਤਰੀਨ ਗਾਇੱਕ ਸਨ. 22 ਅਗਸਤ ਨੂੰ ਅਸੀਂ ਇੱਕ ਟਰੱਕ ਤੇ ਚੜ੍ਹੇ ਜਿਸ ਦੀ ਹਿਫ਼ਾਜ਼ਤ ਡੋਗਰਾ ਸਿਪਾਹੀ ਕਰ ਰਹੇ ਸੀ ਅਤੇ ਇੰਡੀਆ ਦੀ ਸਰਹੱਦ ਦੀ ਤਰਫ਼, ਇੱਕ ਲੰਬਾ ਅਤੇ ਥਕਾ ਦੇਣ ਵਾਲਾ ਸਫਰ ਸ਼ੁਰੂ ਕੀਤਾ. ਅਸੀਂ ਲਾਹੌਰ ਵਿੱਚ ਕੁੱਝ ਦਿਨ ਰਹੇ ਅਤੇ ਫਿਰ ਸਰਹੱਦ ਪਾਰ ਕਰ ਕੇ ਇੰਡੀਆ ਆ ਗਏ. ਮੈਨੂੰ ਬਾਅਦ ਤੇ ਬਦਰੀ ਨਾਥ ਕਪੂਰ, ਹਿੰਦੀ ਦੇ ਮਸ਼ਹੁਰ ਕੋਸ਼ਕਾਰ, ਜਿਨ੍ਹਾਂ ਦਾ ਪਰਵਾਰ ਅਕਾਲਗੜ ਤੋਂ ਸੀ, ਤੋਂ ਪਤਾ ਲਗਾ ਕਿ ਉਸ ਸ਼ਹਿਰ ਦੇ ਹਿੰਦੂਆਂ ਅਤੇ ਸਿੱਖਾਂ ਉਪਰ 7 ਸਤੰਬਰ 1947 ਨੂੰ, ਹਮਲਾ ਕੀਤਾ ਗਿਆ ਅਤੇ ਲੱਗਭਗ ਸਭ ਨੂੰ ਮਾਰ ਦਿੱਤਾ ਗਿਆ. ਪੂਰਬੀ ਪੰਜਾਬ ਵਿੱਚ ਅਸੀਂ, ਉਸੀ ਕਰੁਰਤਾ ਨਾਲ ਹਜ਼ਾਰਾਂ ਦੀ ਤਦਾਦ ਤੇ ਮੁਸਲਿਮਾਂ ਨੂੰ ਕਤਲ ਹੁੰਦੇ ਵੇਖਿਆ.'

ਕਮੋਕੇ ਦੀ ਗੱਡੀ ਤੇ ਕਤਲੇਆਮ

ਰੇਲ-ਗੱਡੀਆਂ ਉਪਰ ਹਮਲੇ ਮਾਰਚ 1947 ਤੋਂ ਹੀ ਸ਼ੁਰੂ ਹੋ ਗਏ ਸੀ. ਸ਼ੁਰੂ ਤੇ ਇਸ ਤਰ੍ਹਾਂ ਦੇ ਜ਼ੁਲਮਾਂ ਤੋਂ ਕਈ ਦਰਜ਼ਨ ਲੋਕ ਹਲਾਕ ਹੋਏ ਸੀ. ਪਰ ਅਗਸਤ ਦੇ ਸ਼ੁਰੂ ਤੋਂ, ਇਸ ਤਰ੍ਹਾਂ ਦੇ ਹਮਲੇ ਵਧ ਗਏ ਸੀ ਅਤੇ 14 ਅਗਸਤ ਦੇ ਬਾਅਦ, ਇਸ ਤਰ੍ਹਾਂ ਦੇ ਹਮਲੇ ਤੇ ਹਜ਼ਾਰਾਂ ਦੀ ਤਦਾਦ ਤੇ ਲੋਕ ਹਲਾਕ ਹੋਏ ਸੀ. ਮੈਨੂੰ ਇੱਕ ਰਿਟਾਇਰ ਵੱਡੇ ਪਾਕਿਸਤਾਨੀ ਫ਼ੌਜ਼ੀ ਅਫ਼ਸਰ ਨੇ ਦੱਸਿਆ ਕਿ ਉਸ ਨੇ 1948 ਦੇ ਸ਼ੁਰੂ ਤੇ ਇੰਡੀਆ ਤੇ ਜਾਣ ਵਾਲੀ ਗੱਡੀਆਂ ਤੇ ਵੀ ਲਾਸ਼ਾਂ ਵੇਖਿਆ ਸੀ, ਪਰ ਵੱਡੇ ਤੌਰ ਤੇ, ਨਵੰਬਰ ਦੇ ਅਖੀਰ ਤੇ, ਇਸ ਤਰ੍ਹਾਂ ਦੇ ਹਮਲੇ ਹੋਏ ਬਹੁਤ ਘੱਟ ਹੋ ਗਏ ਸੀ. ਹਿੰਦੂਆਂ ਅਤੇ ਸਿੱਖਾਂ ਦਾ ਇੱਕ ਬੇਹਦ ਬਦਤਰ ਕਤਲੇਆਮ ਇੱਕ ਰੇਲ-ਗੱਡੀ ਤੇ,

25-26 ਸਤੰਬਰ ਨੂੰ ਕਮੋਕੇ ਤੇ ਹੋਇਆ. ਪਹਿਲਾਂ, ਇਸ ਅਧਿਆਇ ਤੇ, ਕਲੇਬ ਅਲੀ ਸ਼ੇਖ ਨੇ ਜ਼ਿਕਰ ਕੀਤਾ ਕਿ ਉਸ ਦੇ ਪਿਤਾ, ਜਿਨ੍ਹਾਂ ਨੇ ਰੇਲਵੇ ਪੁਲਿਸ ਤੇ ਕੱਮ ਕੀਤਾ ਸੀ, ਘਰ ਆਏ ਅਤੇ ਕਮੋਕੇ ਦੇ ਕਤਲੇਆਮ ਬਾਰੇ ਗੱਲਬਾਤ ਕੀਤੀ. ਦੀ ਟ੍ਰਿਬਊਨ ਜੋ ਲਾਹੌਰ ਤੋਂ ਪੂਰਬੀ ਪੰਜਾਬ ਚਲਾ ਗਿਆ ਸੀ, 1 ਅਕਤੂਬਰ 1947 ਨੂੰ ਇਸ ਬਾਰੇ ਖ਼ਬਰ ਦਿੱਤੀ ਅਤੇ ਉਸ ਵਾਰਦਾਤ ਦੀ ਤਾਰੀਖ 30 ਸਤੰਬਰ ਦੱਸੀ, ਜੋ ਗਲਤ ਹੈ. ਖੋਸਲਾ ਰਿਪੋਰਟ ਅਤੇ ਐਸ.ਜੀ.ਪੀ.ਸੀ. ਰਿਪੋਰਟਾਂ ਵਿੱਚ ਵੀ ਇਸ ਦਾ ਜ਼ਿਕਰ ਹੈ. ਟ੍ਰੇਨ ਪਿੰਡ ਦਾਦਨ ਖ਼ਾਨ ਤੋਂ ਤੁਰੀ ਸੀ, ਜੋ ਜਿਹਲਮ ਜ਼ਿਲ੍ਹੇ ਦਾ ਇੱਕ ਛੋਟਾ ਪਿੰਡ ਸੀ. ਇਸ ਦੇ ਉਪਰ ਗੁਜਰਾਂਵਾਲਾ ਦੇ ਕਮੋਕੇ ਤੇ ਹਮਲਾ ਕੀਤਾ ਗਿਆ. *ਦੀ ਟ੍ਰਿਬਊਨ* ਦੇ ਮੁਤਾਬਕ, ਗੱਡੀ ਦੇ 3500 ਹਿੰਦੂਆਂ ਅਤੇ ਸਿੱਖਾਂ ਤੋਂ ਸਿਰਫ਼ 150 ਜ਼ਿੰਦਾ ਬਚੇ. 2 ਅਕਤੂਬਰ ਦੇ *ਦੀ ਟ੍ਰਿਬਊਨ* ਨੇ ਖ਼ਬਰ ਦਿੱਤੀ ਕਿ ਜ਼ਿੰਦਾ ਬਚੇ ਲੋਕਾਂ ਦੇ ਮੁਤਾਬਕ, ਗੱਡੀ ਨੂੰ ਲਾਹੌਰ ਲੈ ਜਾਣ ਦੇ ਬਜਾਏ, ਸ਼ੇਡ ਤੇ ਧੋਣ ਲਈ ਲੈ ਜਾਇਆ ਗਿਆ. ਮੈਂ ਦਿੱਲੀ ਦੇ ਬਾਹਰ, ਨੋਈਡਾ ਤੇ ਸ਼੍ਰੀਮਤੀ ਸਾਵਿਤ੍ਰੀ ਦੱਤ-ਛਿਬਰ ਨੂੰ 29 ਮਾਰਚ 2004 ਨੂੰ ਮਿਲਿਆ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦੇ, ਪਿੰਡ ਦਾਦਨ ਖ਼ਾਨ ਤੇ ਰਿਸ਼ਤੇਦਾਰ ਮੌਜੂਦ ਸਨ. ਕਈ ਰਿਸ਼ਤੇਦਾਰ, ਜਿਸ ਵਿੱਚ ਉਨ੍ਹਾਂ ਦੀ ਮਾਸੀ ਅਤੇ ਉਨ੍ਹਾਂ ਦਾ ਪਤੀ ਸਾਮਲ ਸਨ, ਉਸ ਗੱਡੀ ਤੇ ਮੌਜੂਦ ਸਨ. ਸਾਰੇ ਹਲਾਕ ਕਰ ਦਿੱਤੇ ਗਏ. ਖੋਸਲਾ ਰਿਪੋਰਟ ਵੀ ਕਮੋਕੇ ਦੇ ਕਤਲੇਆਮ ਦਾ ਜ਼ਿਕਰ ਕਰਦੀ ਹੈ. ਹਲਾਕ ਹੋਏ ਲੋਕਾ ਦੀ ਤਦਾਦ, ਸ਼ਾਇਦ ਇੰਨੀ ਜ਼ਿਆਦਾ ਨਹੀਂ ਸੀ ਕਿਉਂਕਿ 600 ਔਰਤਾਂ ਅਤੇ ਕੁੜਿਆਂ ਨੂੰ ਅਗਵਾ ਕੀਤਾ ਗਿਆ ਸੀ (1989: 151–2). ਪੰਜਾਬ ਪੁਲਿਸ ਦੀ 27 ਸਤੰਬਰ 1947 ਦੀ ਖੁਫ਼ੀਆ ਰਿਪੋਰਟ ਦੱਸਦੀ ਹੈ ਕਿ, 'ਕਮੋਕੇ ਤੇ, ਗੁਜਰਾਂਵਾਲਾ ਦੇ ਨਜਦੀਕ, 408 ਸਿੱਖਾਂ ਅਤੇ ਹਿੰਦੂਆਂ ਨੂੰ ਮਾਰ ਦਿੱਤਾ ਗਿਆ; 50 ਗੰਭੀਰ ਤੌਰ ਤੇ ਜ਼ਖ਼ਮੀ ਹੋਏ ਅਤੇ 537 ਨੂੰ ਮਾਮੂਲੀ ਸੱਟਾਂ ਲਗੀਆਂ...ਔਰਤਾਂ ਦੀ ਇੱਕ ਵੱਡੀ ਤਦਾਦ ਨੂੰ ਅਗਵਾ ਕਰ ਲੀਤਾ ਗਿਆ' (*Disturbances in the Punjab* 1995: 384). ਉਸੇ ਰਿਪੋਰਟ ਤੇ ਜ਼ਿਕਰ ਹੈ ਕਿ ਸਿੱਖਾਂ ਨੇ ਸਰਹੱਦ ਪਾਰ ਕਰ ਕੇ ਕਸੂਰ ਅਤੇ ਦੂਜੇ ਇਲਾਕਿਆਂ ਦੇ ਮੁਸਲਿਮਾਂ ਉਪਰ ਹਮਲਾ ਕਰ ਦਿੱਤਾ. ਇਹ ਵੀ ਖ਼ਬਰ ਆਈ ਹੈ ਕਿ ਮੁਸਲਿਮ ਔਰਤਾਂ ਨੂੰ ਜੱਥੇਆਂ ਨੇ, ਸਰਹੱਦ ਦੇ ਉਸ ਪਾਰ, ਅਗਵਾ ਕੀਤਾ ਜਦ ਕਿ ਕਮਾਂਡਿਗ ਅਫ਼ਸਰ, ਮੇਜਰ ਦਲਜੀਤ ਸਿੰਘ, ਨੇ ਇਸ ਨੂੰ ਰੋਕਣ ਲਈ ਕੁੱਝ ਨਹੀਂ ਕੀਤਾ (Ibid: 384–5).

ਇੱਕ ਚਸ਼ਮਦੀਦ ਦੀ ਗਵਾਹੀ

ਇੱਕ ਵੱਡੇ ਪਾਕਿਸਤਾਨੀ ਅਧਿਕਾਰੀ ਜੋ ਆਪਣੀ ਪਛਾਣ ਨਹੀਂ ਦੱਸਣਾ ਚਾਹੁੰਦੇ ਨੇ, ਮੈਨੂੰ ਕਮੋਕੇ ਦੇ ਕਤਲੇਆਮ ਦਾ ਇਹ ਵਿਵਰਣ ਦਿੱਤਾ:

ਮੇਰੇ ਵਾਲਿਦ ਦਿੱਲੀ ਤੇ ਰਹੇ, ਕਿਉਂਕਿ ਉਹ ਮਾਉਂਟਬੇਟਨ ਦੀ ਪ੍ਰਧਾਨਗੀ ਵਾਲੀ ਪਾਰਟੀਸ਼ਨ ਕਾਉਂਸੀਲ ਦੀ ਗੱਲਬਾਤ ਵਿੱਚ ਸ਼ਾਮਲ ਸਨ. ਅਸੀਂ ਅਤੇ ਛੇ ਦੂਜੇ ਪਾਕਿਸਤਾਨੀ ਪਰਵਾਰ ਪਾਲਮ ਹਵਾਈ ਅੱਡੇ ਦੇ ਕਰੀਬ ਰਹਿੰਦੇ ਸੀ. ਬਲੂਚ ਰੇਜੀਮੇਂਟ ਨੂੰ ਉਸ ਇਲਾਕੇ ਦੀ ਚੌਕਸੀ ਦੀ ਜ਼ਿੱਮੇਵਾਰੀ ਦਿੱਤੀ ਗਈ ਸੀ, ਪਰ ਇੱਕ ਦਿਨ ਮੇਰੇ ਪਿਤਾ ਨੇ ਗੌਰ ਕੀਤਾ ਕਿ ਡੋਗਰਾ ਅਤੇ ਗੁਰਖਾ ਟੁਕੜਿਆਂ ਨੇ ਉਨ੍ਹਾਂ ਦੀ ਜਗ੍ਹ ਲੈ ਲੀਤੀ ਸੀ. ਇਸ ਨੇ ਮੇਰੇ ਵਾਲਿਦ ਨੂੰ ਫਿਕਰਮੰਦ ਕਰ ਦਿੱਤਾ. ਸ਼ਾਮ ਨੂੰ ਇੱਕ ਭੀੜ ਗੁੱਸੇ ਨਾਲ ਨਾਅਰੇਬਾਜ਼ੀ ਕਰਦੇ ਹੋਏ, ਸਾਡੇ ਇਲਾਕੇ ਤੇ ਆਈ. ਸਾਡੇ ਕੋਲ ਕੋਈ ਹਥਿਆਰ ਨਹੀਂ ਸੀ. ਮੇਰੇ ਵਾਲਿਦ ਅਤੇ ਮੇਰਾ ਵੱਡਾ ਭਰਾ ਜੋ ਸਿਰਫ਼ 14 ਸਾਲਾ ਦਾ ਸੀ, ਡੰਡੇ ਲੈ ਕੇ ਬਾਹਰ ਗਏ. ਬਾਕੀ ਪਰਵਾਰ ਨੂੰ ਮੰਜ਼ੇ ਦੇ ਥਲੇ ਲੁੱਕ ਜਾਣ ਨੂੰ ਕਿਹਾ ਗਿਆ.

ਖੁਸ਼ਕਿਸਮਤੀ ਨਾਲ, ਭੀੜ ਨੇ ਹਮਲਾ ਨਹੀਂ ਕਰਣ ਦਾ ਫ਼ੈਸਲਾ ਕੀਤਾ, ਪਰ ਅਗਲੇ ਦਿਨ ਮੇਰੇ ਵਾਲਿਦ ਮਾਉਂਟਬੇਟਨ ਨੂੰ ਮਿਲੇ ਅਤੇ ਉਸ ਨੂੰ ਕਿਹਾ ਕਿ ਉਹ ਰਹਿਣਗੇ ਪਰ ਉਨ੍ਹਾਂ ਦੇ ਪਰਵਾਰ ਨੂੰ ਪਾਕਿਸਤਾਨ ਜ਼ਰੂਰ ਭੇਜ ਦੇਣਾ ਚਾਹੀਦਾ ਸੀ.

'ਅਤੇ ਸਾਨੂ ਇੱਕ ਚਾਰਟਰਡ ਹਵਾਈਜਹਾਜ ਤੇ ਬਿਠਾ ਦਿੱਤਾ ਗਿਆ. ਜਦ ਪਾਇਲਟ, ਜੋ ਇੱਕ ਅੰਗਰੇਜ਼ ਸੀ, ਨੂੰ ਪਤਾ ਲਗਾ ਕਿ ਸਾਡਾ ਪਰਵਾਰ, ਜਲੰਧਰ ਤੋਂ ਸੀ, ਉਸ ਨੇ ਜਵਾਹ ਬਹੁਤ ਥਲੇ ਲੈ ਆਉਂਦਾ ਅਤੇ ਕਿਹਾ, "ਵੇਖੋ, ਤੁਸੀ ਇੱਕ ਦੂਜੇ ਨਾਲ ਕੀ ਕਰ ਰਹੇ ਹੋ." ਨੀਚੇ, ਨਜ਼ਾਰਾ ਖੌਫ਼ਨਾਕ ਸੀ. ਚਾਰੋਂ ਤਰਫ਼ ਲਾਸ਼ਾਂ ਪਇਆਂ ਹੋਇਆਂ ਸੀ. ਘਰ ਜਲ ਰਹੇ ਸੀ. ਇਹ ਇੱਕ ਦਿਲ -ਦਹਿਲਾ ਦੇਣ ਵਾਲਾ ਨਜ਼ਾਰਾ ਸੀ. ਅਖੀਰਕਾਰ, ਅਸੀਂ ਲਾਹੌਰ ਤੇ ਉਤਰੇ, ਜਿੱਥੇ ਅਸੀਂ ਕੁੱਝ ਦਿਨ ਤੱਕ ਰਹੇ. ਬਾਅਦ ਤੇ ਸਾਨੂ ਗੱਡੀ ਦੁਆਰਾ ਰਾਵਲਪਿੰਡੀ ਭੇਜ ਦਿੱਤਾ ਗਿਆ.

'ਅਸੀਂ ਡੱਬੇ ਤੇ ਇਕੱਲੇ ਸੀ. ਦਰਵਾਜ਼ੇ ਅੰਦਰ ਤੋਂ ਬੰਦ ਕੀਤੇ ਗਏ ਸੀ ਤਾਂਕਿ ਹਮਲਾਵਰਾਂ ਨੂੰ ਦੂਰ ਰੱਖਿਆ ਜਾ ਸਕੇ. ਸਫਰ ਦੇ ਦੌਰਾਨ, ਗੱਡੀ ਕਮੋਕੇ ਤੇ ਰੁਕੀ, ਜੋ ਲਾਹੌਰ ਤੋਂ 50 ਕਿਲੋਮੀਟਰ ਉੱਤਰ ਤੇ ਹੈ. ਮੇਰੀ ਮਾਂ ਨੇ ਇੱਕ ਬਾਰੀ ਦੇ ਬਲਾਇੰਡਸ ਉਠਾ ਕੇ ਵੇਖਿਆ, ਅਤੇ ਉਹ ਇੱਕ ਹੋਰ ਭਿਆਨਕ ਨਜ਼ਾਰਾ ਸੀ. ਮੈਨੂੰ, ਖਾਸ ਕਰ ਕੇ ਯਾਦ ਹੈ ਕਿ ਇੱਕ ਨੌਜਵਾਨ ਔਰਤ ਗੁਲਾਬੀ ਪੋਸ਼ਾਕ ਵਿੱਚ, ਗਡੀ ਦੇ ਬਾਹਰ ਪਈ ਸੀ. ਉਹ ਇੱਕ ਨਵੀਂ ਦੁਲਹਨ ਲਗ ਰਹੀ ਸੀ. ਉਸ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ. ਉੱਤਰ ਪੰਜਾਬ ਤੋਂ ਆਉਣ ਵਾਲੀ ਇੱਕ ਗਡੀ ਦੇ ਹਿੰਦੂਆਂ ਅਤੇ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ. ਚਾਰੋਂ ਤਰਫ਼ ਲਾਸ਼ਾਂ ਪਇਆਂ ਹੋਇਆਂ ਸੀ. ਮੇਰੇ ਵਾਲਿਦ ਉਤਰੇ ਅਤੇ ਕੁਦਰਤੀ ਤੌਰ ਤੇ ਆਪਣੇ ਰਿਸ਼ਤੇ ਤੇ ਇੱਕ ਭਰਾ ਨੂੰ ਮਿਲੇ, ਜੋ ਪੁਲਿਸ ਦਾ ਐਸ.ਪੀ. ਸੀ ਅਤੇ ਉਥੇ ਉਸ ਦੀ ਪੋਸਟਿੰਗ ਸੀ. ਉਸ ਨੇ ਦੱਸਿਆ ਕਿ ਪਾਕਿਸਤਾਨ ਦੀ ਕੇਂਦਰੀ ਕੈਬੀਨੇਟ ਨੇ ਇਹ ਹੁਕਮ ਦਿੱਤਾ ਸੀ ਕਿ ਗੱਡੀ ਨੂੰ ਰੋਕਣਾ ਅਤੇ ਗੈਰ-ਮੁਸਲਿਮਾਂ ਦਾ ਕਤਲ ਕਰਣਾ ਜ਼ਰੂਰੀ ਸੀ, ਕਿਉਂਕਿ ਪੂਰਬੀ ਪੰਜਾਬ ਤੇ ਹੋਣ ਵਾਲੇ ਮੁਸਲਿਮਾਂ ਦੇ ਕਤਲੇਆਮ ਨੂੰ ਰੋਕਣ ਦਾ ਸਿਰਫ਼ ਇਹ ਹੀ ਇੱਕ ਤਰੀਕਾ ਸੀ. ਮੈਂ ਜੋ ਸੁਣਿਆ ਹੈ, ਇਸ ਦੇ ਬਾਅਦ, ਪੂਰਬੀ ਪੰਜਾਬ ਤੋਂ ਪਾਕਿਸਤਾਨ ਆਉਣ ਵਾਲੀ ਗਡੀਆਂ ਉਪਰ ਹਮਲੇ ਨਹੀਂ ਕੀਤੇ ਗਏ.

'ਬਾਅਦ ਤੇ ਜਿਹਲਮ ਤੇ, ਮੈਂ ਆਪਣੀ ਅੱਖਾਂ ਨਾਲ ਕਤਲੇਆਮ ਹੁੰਦੇ ਵੇਖਿਆ. ਹਿੰਦੂ ਅਤੇ ਸਿੱਖ; ਬੰਦੇ, ਔਰਤਾਂ ਅਤੇ ਬੱਚੇਆਂ ਨੂੰ ਲੰਬੇ ਛੁਰੇ, ਬਰਛੇ ਅਤੇ ਦੁਜੇ ਧਾਤੁ ਦੇ ਹਥਿਆਰ ਲੈ ਕੇ ਭੀੜ ਪਿੱਛਾ ਕਰ ਰਹੀ ਸੀ. ਸ਼ਿਕਾਰ ਕੀਤੇ ਜਾ ਰਹੇ ਲੋਕ ਰੋ ਰਹੇ ਸੀ ਅਤੇ ਬੜੀ ਜੋਰ ਚੀਕ ਰਹੇ ਸੀ. ਇਹ ਇੱਕ ਭਿਅੰਕਰ ਨਜ਼ਾਰਾ ਸੀ.'

ਵਜ਼ੀਰਾਬਾਦ ਬਾਰੇ ਇੱਕ ਈ-ਮੇਲ

ਵਜੀਰਾਬਾਦ ਗੁਜਰਾਂਵਾਲਾ ਜ਼ਿਲ੍ਹੇ ਦਾ ਇੱਕ ਸ਼ਹਿਰ ਹੈ. ਇਹ ਤਕਸੀਮ ਤੋਂ ਪਹਿਲਾਂ ਕਈ ਤਰ੍ਹਾਂ ਦੇ ਚਾਕੂ ਅਤੇ ਕਟਲਰੀ ਤਿਆਰ ਕਰਣ ਲਈ ਮਸ਼ਹੂਰ ਸੀ. ਕਾਰਖਾਨੇ ਦੇ ਮਾਲਕ, ਜ਼ਿਆਦਾਤਰ ਹਿੰਦੂ ਸਨ. ਤਕਸੀਮ ਦੇ ਵਕਤ ਹਿੰਦੂਆਂ ਅਤੇ ਸਿੱਖਾਂ ਦੀ ਮਾਇਨਾਰਟੀ ਸੀ ਅਤੇ ਉਨ੍ਹਾਂ ਦੇ ਉਪਰ ਜ਼ਬਰਦਸਤ ਹਮਲਾ ਹੋਇਆ. ਵਜ਼ੀਰਾਬਾਦ ਤੋਂ ਸਿਆਲਕੋਟ ਜਾਣ ਵਾਲੀ ਇੱਕ ਗਡੀ ਤੇ ਹਿੰਦੂਆਂ ਅਤੇ ਸਿੱਖਾਂ ਦੇ ਉਪਰ ਹੋਏ ਬਦਨਾਮ ਹਮਲੇ ਤੋਂ ਇਸ ਦਾ ਪਤਾ ਚਲਦਾ ਹੈ, ਅਤੇ ਦੂਜੀ ਜਗ੍ਹਾਂ ਦੀ ਤਰ੍ਹਾਂ, ਦੋਸਤੀ ਅਤੇ ਕਰੀਬੀ ਰਿਸ਼ਤੇਆਂ ਦੀ ਮਿਸਾਲਾਂ ਵੀ

ਮਿਲਦਿਆਂ ਨੇ. ਮੈਨੂ 14 ਦਸੰਬਰ 2004 ਨੂੰ ਦਵਿੰਦਰ ਭਾਰਦਵਾਜ ਨੇ ਇੱਕ ਈ-ਮੇਲ ਦੁਆਰਾ ਸੰਪਰਕ ਕੀਤਾ ਅਤੇ ਆਪਣੇ ਨਾਨਾ ਜੀ ਦੇ ਬਚ ਕੇ ਨਿਕਲਣ ਦੀ ਕਹਾਣੀ ਦੱਸੀ:

'ਮੇਰੇ ਨਾਨਾਜੀ ਪੰਡਤ ਬਸੰਤ ਰਾਮ ਵਜੀਰਾਬਾਦ ਦੀ ਇੱਕ ਪ੍ਰਮੁੱਖ ਹਸਤੀ ਸਨ. ਉਹ ਨਗਰਪਾਲਿਕਾ ਵਿੱਚ ਸਕ੍ਰਿਯ ਸਨ ਅਤੇ ਵਜੀਰਾਬਾਦ ਦੇ ਇੱਕ ਰਈਸ ਇਨਸਾਨ ਸਨ. ਉਨ੍ਹਾਂ ਦੀ ਜ਼ਿੰਦਗੀ ਇੱਕ ਵਫ਼ਾਦਾਰ ਮੁਸਲਿਮ ਦੋਸਤ ਨੇ ਬਚਾਈ ਸੀ. ਉਨ੍ਹਾਂ ਨੂੰ ਜੱਮੂ ਕਸ਼ਮੀਰ ਤੋਂ ਹੋ ਕੇ, ਇੱਕ ਘੁਮਾਉਦਾਰ ਰਾਹ ਲੈਣੀ ਪਈ ਅਤੇ ਉਨ੍ਹਾਂ ਦੇ ਪੈਰ ਸੁੱਜ ਗਏ ਅਤੇ ਛਾਲੇ ਪੈ ਗਏ, ਜਦ ਉਹ ਜੱਮੂ ਪਹੁੰਚੇ. ਉਸੀ ਦੋਸਤ ਨੇ ਉਨ੍ਹਾਂ ਦਾ ਸਾਮਾਨ ਵਜੀਰਾਬਾਦ ਤੋਂ ਭੇਜ ਦਿੱਤਾ, ਜੋ ਉਨ੍ਹਾਂ ਦੇ ਘਰ ਅਤੇ ਗਲੀ ਜਿੱਥੇ ਹਿੰਦੂ ਰਹਿੰਦੇ ਸੀ, ਨੂੰ ਪੂਰੀ ਤਰ੍ਹਾਂ ਸਾੜ ਦੇਣ ਦੇ ਬਾਅਦ ਬਚ ਗਿਆ ਸੀ. ਮੇਰੇ ਨਾਨਾ ਆਪਣੇ ਵਜੀਰਾਬਾਦ ਦੇ ਦੋਸਤਾ ਨੂੰ ਪੱਤਰ ਲਿਖਦੇ ਰਹੇ. ਇਹ ਸਿਲਸਿਲਾ ਉਨ੍ਹਾਂ ਦੀ ਮੌਤ ਤੱਕ ਜ਼ਾਰੀ ਰਹਿਆ.. ਉਹ ਲੱਗਭਗ ਰੋਜ਼ਾਨਾ, ਵਜੀਰਾਬਾਦ ਬਾਰੇ ਗੱਲਬਾਤ ਕਰਦੇ. ਉਨ੍ਹਾਂ ਦੇ ਲਈ ਵਕਤ ਰੁਕ ਗਿਆ ਸੀ ਅਤੇ ਮਾਨਸਿਕ ਹੋਰ ਜਜ਼ਬਾਤੀ ਤੌਰ ਤੇ, ਉਹ ਹਮੇਸ਼ਾ ਆਪਣੇ ਪੁਰਾਣੇ ਸ਼ਹਿਰ ਤੇ ਸਨ.'

ਦਵਿੰਦਰ ਭਾਰਦਵਾਜ ਨੇ ਲਾਹੌਰ ਦੇ ਇੱਕ ਪਾਕਿਸਤਾਨੀ ਦੇ ਸੰਪਰਕ ਵਿੱਚ ਲੈ ਆਉਂਦਾ ਜੋ ਉਸ ਕਹਾਣੀ ਨੂੰ ਜਾਣਦੇ ਸੀ ਅਤੇ ਇਥੋਂ ਤੱਕ ਕਿ, ਉਸ ਪਰਵਾਰ ਨੂੰ ਵੀ ਜਾਣਦੇ ਸੀ, ਜਿਨ੍ਹਾਂ ਨੇ ਪੰਡਤ ਬਸੰਤ ਰਾਮ ਦੀ ਮਦਦ ਕੀਤੀ. ਉਹ ਸ਼ਕਸ ਮੇਰੀ ਇੱਕ ਪੁਰਾਣੀ ਪਛਾਣ ਵਾਲਾ ਇਨਸਾਨ ਸੀ, ਜਿਸ ਨੂੰ ਕਈ ਸਾਲਾਂ ਪਹਿਲਾਂ ਮੈਂ ਸਟੌਕਹੋਮ ਤੇ ਮਿਲ ਚੁਕਿਆ ਸੀ. ਅਕਰਮ ਵਰਾਇਚ ਪਾਕਿਸਤਾਨ ਲੈਟ ਚੁਕੇ ਸੀ ਅਤੇ ਉਹ ਪੰਜਾਬੀ ਤਹਿਜੀਬ ਅਤੇ ਸਾਹਿਤਕ ਕੱਮਾਂ ਤੇ ਮਸ਼ਗੂਲ ਸਨ. ਉਨ੍ਹਾਂ ਨੇ ਮੈਨੂੰ 22 ਦਸੰਬਰ 2004 ਨੂੰ ਇਹ ਇਤਲਾਹ ਦਿੱਤੀ.

'ਤਕਸੀਮ ਦੀ ਹਜ਼ਾਰਾਂ ਦਾਸਤਾਨਾਂ ਨੇ. ਮਿਸਤਰੀ ਨਾਸੀਰ ਨੇ ਪੰਡਤਜੀ ਦੀ ਜਾਣ ਬਚਾਈ. ਮਿਸਤਰੀ ਜੀ ਦਾ ਕੁੱਝ ਸਾਲ ਪਹਿਲਾਂ ਇੰਤਕਾਲ ਹੋ ਗਿਆ ਪਰ ਉਨ੍ਹਾਂ ਦੇ ਬੇਟੇ ਜੋ ਨੇਤਰਹੀਨ ਨੇ, ਉਹ ਪੰਡਤ ਬਸੰਤ ਰਾਮ ਅਤੇ ਉਨ੍ਹਾਂ ਦੇ ਵਾਲਿਦ ਦੀ ਦੋਸਤੀ ਦੇ ਬਾਰੇ ਜਾਣਦੇ ਨੇ. ਹਾਲਾਂਕਿ ਉਹ ਨੇਤਰਹੀਨ ਨੇ, ਇਸ ਦੇ ਬਾਵਜੂਦ ਉਹ ਵਜੀਰਾਬਾਦ ਤੇ ਪਾਕਿਸਤਾਨ ਪੀਪਲਸ ਪਾਰਟੀ ਦੇ ਇੱਕ ਕੱਟੜ ਕਾਰਕੁਨ ਦੇ ਤੌਰ ਤੇ ਮਸ਼ਹੂਰ ਨੇ. ਉਹ ਪ੍ਰਦਰਸ਼ਨਾਂ ਵਿੱਚ ਤਾਨਾਸ਼ਾਹੀ ਅਤੇ ਫ਼ੌਜ਼ੀ ਹਕੂਮਤ ਦੇ ਖ਼ਿਲਾਫ਼ ਹਿੱਸਾ ਲੈਂਦੇ ਨੇ. ਉਨ੍ਹਾਂ ਨੂੰ ਪੁਲਿਸ ਦੀ ਮਾਰ ਦਾ ਡਰ ਨਹੀਂ ਹੈ. ਪੰਡਤਜੀ ਨੂੰ ਕਿਸ ਤਰ੍ਹਾਂ, ਉਨ੍ਹਾਂ ਦੇ ਵਾਲਿਦ ਨੇ ਮਦਦ ਕੀਤੀ, ਇਸ ਬਾਰੇ ਤੁਹਾਨੂ ਉਨ੍ਹਾਂ ਦਾ ਇੰਟਰਵਿਊ ਲੈਣਾ ਪਏਗਾ.

ਸਿਆਲਕੋਟ

ਪੁਰਾਣੇ ਸ਼ਹਿਰ ਸਿਆਲਕੋਟ ਤੇ ਇੱਕ ਸਾਫ ਮੁਸਲਿਮ ਮਜਾਰਿਟੀ ਸੀ ਹਾਂਲਾਕਿ ਸ਼ਹਿਰ ਦੀ ਇਕਤੀਸਾਦੀ ਸਰਗਰਮਿਆਂ ਦੀ ਪ੍ਰਧਣਗੀ, ਖ਼ਾਸ ਕਰ ਕੇ ਖੇਡਾਂ ਦੇ ਸਾਮਾਨ ਨੂੰ ਬਣਾਉਣ ਵਿੱਚ, ਹਿੰਦੂ ਅਤੇ ਸਿੱਖ ਕਰਦੇ ਸੀ. 1941 ਦੀ ਮਰਦਮ ਸ਼ੁਮਾਰੀ ਦੇ ਹਿਸਾਬ ਨਾਲ, ਜ਼ਿਲ੍ਹੇ ਦੀ ਆਬਾਦੀ 1.2 ਮਿਲਿਅਨ (12 ਲੱਖ) ਤੋਂ ਥੋੜੀ ਘੱਟ ਸੀ, ਜਿਸ ਵਿੱਚ ਮੁਸਲਿਮ 62.90 ਫ਼ੀਸਦੀ ਸਨ; ਹਿੰਦੂ 19.41 ਫ਼ੀਸਦੀ ਅਤੇ ਸਿੱਖ 11.71 ਫ਼ੀਸਦੀ. ਦੂਜੀ ਜਗ੍ਹਾਂ ਦੀ ਤਰ੍ਹਾਂ ਮੁਸਲਿਮ ਅਤੇ ਗੈਰ-ਮੁਸਲਿਮਾਂ ਦੇ ਆਪਸੀ ਰਿਸ਼ਤੇ ਨਿੱਘੇ ਸੀ ਪਰ ਮੱਧ ਅਗਸਤ ਤੋਂ ਫ਼ਸਾਦ

ਹੋਣ ਲਗੇ ਅਤੇ ਕਈ ਮੌਤਾਂ, ਖ਼ਾਸ ਕਰ ਕੇ, ਹਿੰਦੂਆਂ ਅਤੇ ਸਿੱਖਾਂ ਦੀ ਹੋਇਆਂ (Khosla, 1989: 142–6; SGPC, 1991). ਸਿਆਲਕੋਟ ਦੀ ਸਰਹੱਦ ਜੱਮੂ ਨਾਲ ਲਗਦੀ ਹੈ ਅਤੇ ਤਕਸੀਮ ਦੇ ਦੌਰਾਨ ਹੋਏ ਦੰਗਿਆਂ ਦੇ ਚਲਦੇ, ਬਹੁਤ ਜ਼ਿਆਦਾ ਪਨਾਹਗੀਰ ਸਿਆਲਕੋਟ ਆ ਗਏ. ਮੈਂ, ਕਦੀ ਸਿਆਲਕੋਟ ਤੇ ਰਹਿਣ ਵਾਲੇ ਇੱਕ ਬਜ਼ੁਰਗ ਸਿੱਖ ਸਮਪੁਰਣ ਸਿੰਘ ਨੂੰ ਦਿੱਲੀ ਤੇ, 9 ਮਾਰਚ 2004 ਨੂੰ ਮਿਲਿਆ. ਉਨ੍ਹਾਂ ਨੇ ਮੈਨੂੰ ਸਿਆਲਕੋਟ ਤੇ ਹੋਣ ਵਾਲੀ ਘਟਨਾਵਾਂ ਬਾਰੇ ਦੱਸਿਆ:

'ਮੇਰਾ ਜਨਮ ਸਿਆਲਕੋਟ ਤੇ ਇੱਕ ਸਿੱਖ ਖਤਰੀ ਪਰਵਾਰ ਵਿੱਚ, ਸਚਦੇਵ ਉਪ-ਜਾਤੀ ਤੇ ਹੋਇਆ. ਜਦ ਗੜਬੜੀ ਸ਼ੁਰੂ ਹੋਈ, ਮੈਂ ਅਤੇ ਮੇਰੇ ਪਰਵਾਰ ਨੇ ਗੁਰਦੁਆਰਾ ਬਾਉਲੀ ਸਾਹਿਬ ਤੇ ਪਨਾਹ ਲੀਤੀ ਜਿੱਥੇ ਕਈ ਸਿੱਖ ਇਕੱਠੇ ਹੋਏ ਸੀ. ਪਾਕਿਸਤਾਨ ਬਣਣ ਦੇ ਬਾਅਦ ਹਮਲਾ ਹੋਇਆ. ਅਸੀਂ ਸਿਆਲਕੋਟ ਤੇ ਰਹਿਣ ਦਾ ਫ਼ੈਸਲਾ ਕੀਤਾ ਸੀ. ਮੇਰੇ ਪਿਤਾ ਇੱਕ ਡਾਕਿਆ ਸਨ ਅਤੇ ਸਾਰੀ ਕੌਮਾਂ ਦੇ ਲੋਕ ਉਨ੍ਹਾਂ ਦੀ ਬੇਹਦ ਜ਼ਿਆਦਾ ਇਜ਼ੱਤ ਕਰਦੇ ਸੀ. ਉਹ ਇੱਕ ਦੇਸੀ ਦਵਾਈ ਵੀ ਰੱਖਦੇ ਸੀ ਜੋ ਕਿਸੇ ਨੂੰ ਵੀ, ਦੰਦ ਤੇ ਦਰਦ ਹੋਣ ਨਾਲ, ਮੁਫ਼ਤ ਤੇ ਦੇਂਦੇ ਸੀ. ਇਸ ਕਰ ਕੇ ਉਨ੍ਹਾਂ ਦੀ ਬਹੁਤ ਮੰਗ ਸੀ. ਹਮਲੇ ਦੀ ਅਗਵਾਈ ਪੁਲਿਸ ਨੇ ਕੀਤੀ ਅਤੇ ਕੁੱਝ ਹਮਲਾਵਰ ਮੁਸਲਿਮ ਲੀਗ ਨੈਸ਼ਨਲ ਗਾਰਡ ਦੀ ਪੋਸ਼ਾਕ ਪਹਿਣ ਕੇ ਆਏ ਸੀ. ਉਹ ਨਾਅਰਾ ਲਗਾ ਰਹੇ ਸੀ ਜੈਦਾਂ ਕਿ "*ਅਲ੍ਹਾ-ਹੋ-ਅਕਬਰ*" ਅਤੇ "*ਯਾ, ਅਲੀ ਮਦਦ* ". ਸਿਖਾਂ ਨੇ ਵੀ ਬਦਲੇ ਤੇ ਨਾਅਰੇਬਾਜ਼ੀ ਕੀਤੀ, ਪਰ ਸਾਡੇ ਤੋਂ ਉਨ੍ਹਾਂ ਦੀ ਤਦਾਦ ਬਹੁਤ ਜ਼ਿਆਦਾ ਸੀ ਅਤੇ ਉਨ੍ਹਾਂ ਨੇ ਸਾਨੂ ਘੇਰ ਲੀਤਾ ਸੀ. ਅਸੀਂ ਟਾਕਰਾ ਕੀਤਾ ਪਰ ਅੱਗ ਅਤੇ ਗੋਲੀਆਂ ਸਾਡੇ ਲਈ ਬਹੁਤ ਜ਼ਿਆਦਾ ਭਾਰੀ ਸਾਬਤ ਹੋਇਆਂ. ਕੁੱਝ ਲੋਕ ਗੁਰਦੁਆਰੇ ਤੋਂ ਬਾਹਰ ਦੌੜਨ ਲਗੇ. ਮੈਂ ਅਤੇ ਮੇਰੇ ਪਿਤਾ, ਬਾਹਰ ਆਉਣ ਤੇ ਕਾਮਯਾਬ ਹੋ ਗਏ; ਅਸੀਂ ਇੱਕ ਦੂਜੇ ਦਾ ਹੱਥ ਫੱੜ ਕੇ ਰੱਖਿਆ ਸੀ ਕਿਉਂਕਿ ਉਹ ਬਜ਼ੁਰਗ ਸਨ ਅਤੇ ਤੇਜ ਨਹੀਂ ਭੱਜ ਸਕਦੇ ਸੀ, ਅਤੇ ਨਾ ਹੀ ਮੇਰੀ ਮਾਂ ਅਤੇ ਭੈਣਾਂ. ਕੁੱਝ ਲੋਕ ਸਾਡੀ ਤਰਫ਼ ਹਮਲਾ ਕਰਣ ਨੂੰ ਆਏ ਪਰ ਇੱਕ ਬਦਮਾਸ਼ ਨੇ, ਜਿਸ ਦਾ ਨਾਂਅ ਸਾਇਦ ਬਸ਼ੀਰਾ ਸੀ, ਚੀਕ ਕੇ ਕਿਹਾ, "ਉਨ੍ਹਾਂ ਨੂੰ ਨਾ ਮਾਰੋ. ਉਹ ਮੇਰੀ ਹਿਫ਼ਾਜ਼ਤ ਤੇ ਨੇ." ਭੀੜ ਰੁਕ ਗਈ. ਉਹ ਸਾਡੇ ਇਲਾਕੇ ਦਾ ਸੀ ਅਤੇ ਪਿਤਾ ਨੇ ਉਸ ਨੂੰ, ਉਸ ਦੇ ਦੰਦ ਦੀ ਪੀੜ ਠੀਕ ਕਰਣ ਲਈ ਦਵਾਈ ਦਿੱਤੀ ਸੀ. ਸਾਡੀ ਜਾਣ ਤੇ ਬੱਚ ਗਈ ਪਰ ਉਸ ਹਮਲੇ ਤੇ ਮੇਰੀ ਮਾਂ ਅਤੇ ਭੈਨਾਂ ਸਾੜ ਦਿੱਤੀ ਗਈਆਂ ਅਤੇ ਉਨ੍ਹਾ ਦੀ ਮੌਤ ਹੋ ਗਈ. ਮੈਂ ਹੁਣ ਵੀ ਆਪਣੀ ਮਾਂ ਬਾਰੇ ਸੋਚਦਾ ਹਾਂ. ਉਹ ਮੈਨੂੰ ਬਹੁਤ ਪਿਆਰ ਕਰਦੀ ਸੀ. ਉਹ ਬਹੁਤ ਧਾਰਮਿਕ ਔਰਤ ਸੀ, ਜਿਨ੍ਹਾਂ ਦੀ ਕਈ ਮੁਸਲਿਮ ਸਹੇਲਿਆਂ ਸੀ. ਮੇਰੀ ਛੋਟੀ ਭੈਨ ਦਾ ਸਰਦੀਆਂ ਤੇ ਵਿਆਹ ਹੋਣ ਵਾਲਾ ਸੀ ਜਦ ਕਿ ਉਸ ਤੋਂ ਛੋਟੀ ਸਕੂਲ ਤੇ ਪੜ੍ਹਦੀ ਸੀ. ਉਹ ਸਾਰੀ ਮਾਰੀ ਗਈਆਂ. ਘੱਟ ਤੋਂ ਘੱਟ, ਉਸ ਹਮਲੇ ਤੇ 50 ਲੋਕ ਮਾਰੇ ਗਏ.

'ਅਸੀਂ ਇੱਕ ਕੈਂਪ ਤੇ ਕਈ ਮਹੀਨੇ ਰਹੇ. ਅਖੀਰਕਾਰ, ਨਵੰਬਰ ਦੇ ਸ਼ੁਰੂ ਤੇ, ਫ਼ੌਜ਼ ਆਈ ਅਤੇ ਸਾਨੂ ਨਾਲ ਜੰਮੂ ਲੈ ਗਈ. ਮੇਰੇ ਪਿਤਾ ਦਾ ਕਾਫ਼ੀ ਦਿੱਲ ਟੁੱਟ ਗਿਆ ਸੀ ਅਤੇ ਆਪਣੀ ਪਤਨੀ ਅਤੇ ਬੇਟਿਆਂ ਦੇ ਵਿਛੜਣ ਦਾ ਦੁਖ ਕਦੀ ਭੁੱਲ ਨਹੀਂ ਸਕੇ. ਉਹ ਹੋਰ 10 ਸਾਲ ਜ਼ਿੰਦਾ ਰਹੇ. ਮੈਂ ਦੇਰ ਨਾਲ ਵਿਆਹ ਕੀਤਾ, ਅਤੇ ਫਿਰ ਦਿੱਲੀ ਆ ਗਿਆ. ਹੁਣ, ਦਿੱਲੀ ਤੇ ਸਾਡੇ ਗੁਆਂਢੀ ਮੁਸਲਿਮ ਨੇ. ਉਹ ਚੰਗੇ ਲੋਕ ਨੇ ਅਤੇ ਸਾਡੇ ਰਿਸ਼ਤੇ ਨਿਮਰਤਾ ਵਾਲੇ ਨੇ, ਪਰ ਮੇਰੇ ਦਿਲ ਦਾ ਜ਼ਖ਼ਮ ਕਦੀ ਨਹੀਂ ਭਰੇਗਾ. ਮੈਂ ਕੋਸ਼ਿਸ਼ ਕਰਦਾ ਹਾਂ ਕਿ ਆਪਣੇ ਬੱਚੇਆਂ ਨੂੰ ਨਹੀਂ ਦੱਸਾਂ ਕਿ ਕੀ ਹੋਇਆ ਸੀ, ਪਰ ਲਗਦਾ ਹੈ, ਉਨ੍ਹਾਂ ਨੂੰ ਪਿਛਲੀ ਗੱਲਾਂ ਦੇ ਬਾਰੇ ਜਾਣਣ ਤੇ ਕੋਈ ਦਿਲਚਸਪੀ ਹੀ ਨਹੀਂ ਹੈ.'

ਕਰਨਲ (ਰਿਟਾਇਰ) ਹੰਸ ਰਾਜ ਚੋਪੜਾ

ਖੋਸਲਾ ਅਤੇ ਐਸ.ਜੀ.ਪੀ.ਸੀ. ਰਿਪੋਰਟਾਂ ਨੇ ਸਿਆਲਕੋਟ ਤੋਂ ਭੱਜਦੇ ਹੋਏ ਹਿੰਦੂਆਂ ਅਤੇ ਸਿੱਖਾਂ ਉਪਰ ਕੀਤੇ ਹਮਲੇਆਂ ਦੇ ਕਈ ਵਾਕਿਐ ਬਾਰੇ ਦੁਖਦਾਈ ਵੇਰਵੇ ਦਿੱਤੇ ਨੇ. ਖਾਸ ਕਰ ਕੇ, ਰੇਲ-ਗੱਡੀਆਂ ਉਪਰ ਕੀਤੇ ਹਮਲੇਆਂ ਦਾ ਜ਼ਿਕਰ, ਇਣ ਰਿਪੋਰਟਾਂ ਤੇ ਪ੍ਰਮੁੱਖ ਤਰੀਕੇ ਨਾਲ ਪੇਸ਼ ਕੀਤੇ ਗਏ ਨੇ. ਮੈਂ, ਇੱਕ ਰੇਲਗੱਡੀ ਜੋ ਵਜੀਰਾਬਾਦ ਤੋਂ ਸਿਆਲਕੋਟ ਆਈ ਸੀ ਅਤੇ ਜੋ ਲਹੂ ਨਾਲ ਤਰੋ ਤਰ ਸੀ ਅਤੇ ਜਿਸ ਦੇ ਵਿੱਚ ਕੱਟਿਆਂ-ਵੱਢਿਆਂ ਲਾਸ਼ਾਂ ਪਇਆਂ ਸੀ, ਉਸ ਦੇ ਉਪਰ ਹਮਲੇ ਦੇ ਇੱਕ ਚਸਮਦੀਦ ਨੂੰ ਲੱਭਣ ਤੇ ਕਾਮਯਾਬ ਹੋ ਗਿਆ. ਕਰਨਲ ਚੋਪੜਾ ਨੇ 31 ਮਾਰਚ 2004 ਨੂੰ ਨਵੀਂ ਦਿੱਲੀ ਤੇ ਦਰਜ ਇੱਕ ਇੰਟਰਵਿਊ ਤੇ ਮੈਨੂੰ ਦੱਸਿਆ ਕਿ ਕੀ ਹੋਇਆ ਸੀ ਅਤੇ ਇਹ ਵੀ ਕਿ ਉਹ ਸਿਆਲਕੋਟ ਤੋਂ ਕਿਸ ਤਰ੍ਹਾਂ ਬਚ ਕੇ ਨਿਕਲੇ.

'ਮੈਂ 16ਵੀਂ ਪੰਜਾਬ ਰੇਜੀਮੇਂਟ (ਸਿਪਾਹੀ ਪੰਜਾਬੀ ਮੁਸਲਿਮ ਸਨ) ਨਾਲ ਤਾਲੁੱਕ ਰੱਖਣਾ ਹਾਂ. ਦੂਜੇ ਆਲਮੀ ਜੰਗ ਤੇ ਅਸੀਂ ਬਰਮਾ ਤੇ ਲੜਾਈ ਲੜੀ. ਮਾਰਚ 1947 ਨੂੰ, ਮੈਂ ਰਾਵਲਪਿੰਡੀ ਤੇ ਸੀ. ਉਥੇ ਹੋਏ ਫ਼ਸਾਦ ਇਹ ਦੱਸਦੇ ਸੀ ਕਿ ਸਭ ਕੁੱਝ ਠੀਕ ਨਹੀਂ ਸੀ. ਫਿਰ ਮੈਨੂੰ ਸਿਆਲਕੋਟ ਭੇਜਿਆ ਗਿਆ ਜਿੱਥੇ ਅਗਸਤ ਵਿੱਚ ਹਾਲਾਤ ਬੇਕਾਬੂ ਹੋ ਗਏ. ਸੈਕੜੇ ਮੌਤਾਂ ਹੋਇਆਂ, ਜ਼ਿਆਦਾਤਰ ਹਿੰਦੂਆਂ ਅਤੇ ਸਿੱਖਾਂ ਦੀ ਪਰ ਮੁਸਲਿਮਾਂ ਉਪਰ ਵੀ ਜਵਾਬੀ ਹਮਲੇ ਹੋਏ ਅਤੇ ਕੁਦਰਤੀ ਤੌਰ ਤੇ ਉਨ੍ਹਾਂ ਦੇ ਵੀ ਕੁੱਝ ਲੋਕ ਹਲਾਕ ਹੋਏ. ਇਥੇ ਤੱਕ ਕਿ, ਛਾਉਣੀ ਦੇ ਇਲਾਕੇ ਤੇ ਵੀ ਕੁੱਝ ਵਾਰਦਾਤਾਂ ਹੋਇਆਂ. ਮੇਰੇ ਸੀਨੀਅਰ ਅਫ਼ਸਰ ਨੇ ਜੋ ਇੱਕ ਅੰਗਰੇਜ਼ ਸੀ, ਮੈਨੂੰ ਰਾਤ ਦੇ 12 ਵਜੇ ਬੁਲਾ ਕੇ ਕਿਹਾ ਕਿ ਉਹ ਮੈਨੂੰ ਉਣ ਪਨਾਹਗੀਰਾਂ ਦੇ ਕੈਂਪਾਂ ਦਾ ਕਮਾਂਡਰ ਬਣਾ ਰਹੇ ਸੀ, ਜਿਸ ਵਿੱਚ ਹਿੰਦੂ ਅਤੇ ਸਿੱਖ ਪਨਾਹਗੀਰ ਆ ਕੇ ਜਮਾ ਹੋ ਰਹੇ ਸੀ. ਮੈਂ ਆਪਣੀ ਅੱਖਾਂ ਨਾਲ ਵੇਖਿਆ (14 ਅਗਸਤ ਨੂੰ) ਇੱਕ ਗੱਡੀ ਸਿਆਲਕੋਟ ਤੋਂ ਦੋ ਜਾਂ ਤਿੰਨ ਕਿਲੋਮੀਟਰ ਦੂਰ ਪਟੜੀ ਤੋਂ ਉੱਤਰੀ ਹੋਈ ਸੀ. ਵਜੀਰਾਬਾਦ ਤੋਂ ਸੈਕੜੇ ਹਿੰਦੂ ਅਤੇ ਸਿੱਖ ਇਸ ਵਿੱਚ, ਸਿਆਲਕੋਟ ਹੁੰਦੇ ਹੋਈ ਜੱਮੂ ਜਾਣ ਦੀ ਆਸ ਲਗਾ ਕੇ ਬੈਠੇ ਸੀ. ਇਹ ਇੱਕ ਭਿਆਨਕ ਨਜ਼ਾਰਾ ਸੀ. ਸਾਰੇ ਡੱਬੇਆਂ ਤੋਂ ਲਹੂ ਟਪਕ ਰਿਹਾ ਸੀ, ਜੋ ਲਾਸ਼ਾਂ ਨਾਲ ਭਰੇ ਸੀ. ਮੈਂ ਇਹ ਜ਼ਰੂਰ ਕਹਿਣਾ ਚਾਹੁੰਗਾ ਕਿ ਜੋ ਸਦਮਾ ਮੈਨੂੰ ਇਸ ਤਰ੍ਹਾਂ ਦੇ ਕਤਲੇਆਮ ਨੂੰ ਵੇਖ ਕੇ ਹੋਇਆ, ਉਹ ਜੰਗ ਦੇ ਦੌਰਾਨ, ਬਰਮਾ ਤੇ ਹੋਏ ਕਤਲੇਆਮ ਤੋਂ ਬਿਲਕੁਲ ਅਲਗ ਸੀ. ਮੇਰੇ ਚਾਚਾ ਚੇਤ ਰਾਮ ਚੋਪੜਾ ਜੱਮੂ ਦੇ ਗਵਰਨਰ ਸਨ. ਮੈਂ ਉਨ੍ਹਾਂ ਨੂੰ ਕਿਹਾ ਕਿ, ਮੈਂ ਉਨ੍ਹਾਂ ਨੂੰ ਪਨਾਹਗੀਰ ਭੇਜ ਰਿਹਾ ਹਾਂ.

'ਮੇਰੀ ਪਤਨੀ ਪੁਸ਼ਪਾ ਹੰਸ (ਇੱਕ ਮਸ਼ਹੂਰ ਪੰਜਾਬੀ ਲੋਕ ਗਾਇਕਾ) ਚਾਹੁੰਦੀ ਸੀ ਕਿ ਮੈਂ ਪਾਕਿਸਤਾਨ ਤੇ ਰਹਿ ਜਾਵਾਂ ਕਿਉਂਕਿ ਉਸ ਦੀ ਪੈਦਾਇਸ਼ ਲਾਹੌਰ ਦੀ ਸੀ ਅਤੇ ਉਹ ਸੋਚਦੀ ਸੀ ਕਿ ਹਾਲਾਤ ਠੀਕ ਹੋ ਜਾਣਗੇ ਜਦ ਦੋਵੇਂ ਸਰਕਾਰਾਂ ਪੂਰੀ ਤਰ੍ਹਾਂ ਕੱਮ ਕਰਨਾ ਸ਼ੁਰੂ ਕਰ ਦੇਣਗੀਆਂ; ਪਰ ਇੱਕ ਮੁਸਲਿਮ ਦੋਸਤ ਨੇ ਮੈਨੂੰ ਚੇਤਾਵਨੀ ਦਿੱਤੀ ਕਿ ਕੁੱਝ ਬਦਮਾਸ਼ ਮੈਨੂੰ ਮਾਰਣ ਦੀ ਸਾਜ਼ਸ਼ ਕਰ ਰਹੇ ਸੀ, ਅਤੇ ਮੈਂ ਪੱਕੇ ਤੌਰ ਤੇ, ਯਕੀਨ ਨਹੀਂ ਕਰ ਸਕਦਾ ਸੀ ਕਿ ਛਾਉਣੀ ਵਿੱਚ ਵੀ ਮੈਂ ਮਹਿਫ਼ੂਜ਼ ਸੀ. ਮੈਂ ਆਪਣੇ ਸੀਨੀਅਰ ਨਾਲ ਗੱਲ ਕੀਤੀ ਅਤੇ ਉਸ ਨੇ ਮੈਨੂੰ ਕਿਹਾ ਕਿ ਇੰਡੀਆ ਜਾਂ ਪਾਕਿਸਤਾਨ ਬਾਰੇ ਆਪਣੀ ਪਸੰਦ ਦੱਸਣ ਦੀ ਬਜਾਏ, ਮੈਨੂੰ ਆਪਣੀ ਜਾਣ ਬਚਾਉਣ ਲਈ, ਚੁੱਪ-ਚਾਪ ਸਰਹੱਦ ਪਾਰ ਕਰ ਕੇ ਜੱਮੂ ਚਲੇ ਜਾਣਾ ਚਾਹੀਦਾ ਹੈ. ਉਨ੍ਹਾਂ ਨੇ ਮੈਨੂੰ ਸਿਆਲਕੋਟ-ਜੱਮੂ ਸਰਹੱਦ ਤੱਕ ਰੱਖਿਅਕ ਭੇਜੇ, ਅਤੇ ਉਸ ਦੇ ਬਾਅਦ ਜੱਮੂ ਤੱਕ ਮੈਨੂੰ ਖੁਦ ਜਾਣਾ ਸੀ. ਮੈਂ ਇੰਡੀਅਨ ਫ਼ੌਜੀ

ਚੌਕੀ ਤੇ ਡਿਊਟੀ ਲਈ ਪਹੁੰਚ ਗਿਆ. ਉਨ੍ਹਾਂ ਦੇ ਕੋਲ ਮੇਰੇ ਕੋਈ ਕਾਗਜ਼ਾਤ ਨਹੀਂ ਪਹੁੰਚੇ ਸੀ ਕਿ ਮੈਂ ਇੰਡੀਆ ਨੂੰ ਚੁਣਿਆ ਸੀ, ਪਰ ਮੈਂ ਉਨ੍ਹਾਂ ਨੂੰ ਮੈਨੂੰ ਮੰਜ਼ੂਰ ਕਰਣ ਲਈ ਮੱਨਾ ਲੀਤਾ, ਅਤੇ ਮੈਂ ਦੁਬਾਰਾ ਇੰਡੀਆ ਤੇ ਫ਼ੌਜ਼ ਤੇ ਭਰਤੀ ਹੋਇਆ. ਬ੍ਰਿਟਿਸ਼ਰਾਂ ਨੇ ਕੋਈ ਗੰਦੀ ਸਿਆਸਤ ਨਹੀਂ ਕੀਤੀ. ਉਨ੍ਹਾਂ ਨੇ ਵਿਵਸਥਾ ਬਹਾਲ ਕਰਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਅਗਸਤ ਦੇ ਮੱਧ ਤੇ ਹਾਲਾਤ ਬੇਕਾਬੂ ਸਨ ਅਤੇ ਮੁਜਰਮਾਂ ਨੂੰ ਬਦਕਿਸਮਤ, ਨਿਹੱਥੇ ਆਮ ਲੋਕਾਂ ਨੂੰ ਲੁੱਟਣ ਅਤੇ ਮਾਰਣ ਤੋਂ ਰੋਕਣ ਲਈ, ਕੁੱਝ ਵੀ ਨਹੀਂ ਕੀਤਾ ਜਾ ਸਕਿਆ.'

ਸਿਆਲਕੋਟ ਦੇ ਦਿਹਾਤੀ ਇਲਾਕੇ

ਮੈਂ ਸਿਆਲਕੋਟ ਦੇ ਦਿਹਾਤੀ ਇਲਾਕਿਆਂ ਤੋਂ ਹਟੇ ਅਤੇ ਬਟਾਲਾ, ਗੁਰਦਾਸਪੁਰ ਤੇ ਵਸੇ ਕਈ ਪਰਵਾਰਾਂ ਨਾਲ ਜਨਵਰੀ 2005 ਦੇ ਸ਼ੁਰੂ ਤੇ ਮਿਲਿਆ. ਕੁੱਝ ਬਗੈਰ ਕਿਸੇ ਜਾਨੀ ਨੁਕਸਾਨ ਦੇ ਸਰਹੱਦ ਪਾਰ ਕਰ ਕੇ ਇੰਡੀਆ ਤੇ ਜੱਮੂ ਪਹੁੰਚੇ, ਜਦ ਕਿ ਦੂਜੇਆਂ ਦਾ ਬਹੁਤ ਜਾਨੀ ਨੁਕਸਾਨ ਹੋਇਆ. ਹੇਠ, ਕਾਂਗਰੇਸ ਪਾਰਟੀ ਦੇ ਬਟਾਲਾ ਦੇ ਸਚਿਵ, ਭਗਵਾਨ ਦਾਸ ਦੀ 3 ਜਨਵਰੀ 2005 ਨੂੰ ਦੱਸੀ ਕਹਾਣੀ ਪੇਸ਼ ਹੈ.

ਭਗਵਾਨ ਦਾਸ

'ਮੇਰਾ ਜਨਮ ਪਿੰਡ ਮਿਆਂ ਹਰਪਾਲ, ਤਹਸੀਲ ਪਸਰੁਰ, ਥਾਨਾ ਕਿਲਾ ਸੋਭਾ ਸਿੰਘ ਜਿਲ੍ਹਾ ਸਿਆਲਕੋਟ ਤੇ ਹੋਇਆ. ਇਹ ਇੱਕ ਵੱਡਾ ਪਿੰਡ ਸੀ, ਜਿੱਥੇ ਸਾਰੀ ਕੌਮਾਂ ਤੇ ਬਹੁਤ ਅੱਛੇ ਆਪਸੀ ਰਿਸ਼ਤੇ ਸੀ. ਉਥੇ ਬ੍ਰਾਹਮਣ, ਖਤਰੀ ਅਤੇ ਸਿੱਖ ਜੱਟ ਅਤੇ ਮੁਸਲਿਮ ਹੋਰ ਇਸਾਈ ਵੀ ਰਹਿੰਦੇ ਸੀ. ਸਾਡੇ ਪਿੰਡ ਦੇ ਜ਼ਿਆਦਾਤਰ ਮੁਸਲਿਮ ਲੋਹਾਰ ਸਨ ਜੋ ਲਾਹੌਰ ਤੇ ਕੱਮ ਕਰਦੇ ਸੀ. ਜ਼ਿਮੀਦਾਰ ਜੱਟ ਸਿੱਖ ਸਨ. ਅਸੀਂ ਰਾਮਦੱਸੀਆਂ ਹਾਂ. ਮੇਰੇ ਪਿਤਾ ਚੌਧਰੀ ਜਗਤ ਰਾਮ, ਕਾਂਗਰੇਸ ਤੇ ਸੀ ਅਤੇ ਉਸ ਦੀ ਸਰਗਰਮਿਆਂ ਵਿੱਚ ਹਿੱਸਾ ਲੇਂਦੇ ਸੀ. ਪਿੰਡਾ ਲਈ, ਇਹ ਇੱਕ ਆਮ ਗੱਲ ਨਹੀਂ ਸੀ, ਪਰ ਪਿੰਡਾ ਨੂੰ ਵੀ ਸਿਆਸੀ ਜਾਗਰੁਕਤਾ ਮੁਤਾਸਰ ਕਰ ਰਹੀ ਸੀ. ਮੈਂ ਪਿੰਡ ਤੋਂ 5 ਕਿਲੋਮੀਟਰ ਦੂਰ ਇੱਕ ਸਕੂਲ ਤੇ ਜਾਉਂਦਾ ਸੀ. ਇਹ ਸਿਰਫ਼ ਚੌਥੀ ਜਮਾਤ ਤੱਕ ਸੀ. ਅਧਿਆਪਕ ਬ੍ਰਾਹਮਣ ਜਾਂ ਮੌਲਵੀ ਸਨ. ਦੋਵੇਂ ਬਹੁਤ ਚੰਗੇ ਸੀ ਅਤੇ ਸਾਡੇ ਨਾਲ ਸਨੇਹ ਕਰਦੇ ਅਤੇ ਸਾਡੀ ਦੇਖ-ਭਾਲ ਕਰਦੇ. ਜਦ ਗੜਬੜੀ ਸ਼ੁਰੂ ਹੋਈ, ਤਦ ਸਾਡੇ ਪਿੰਡ ਦੇ ਹਿੰਦੂਆਂ ਅਤੇ ਸਿੱਖਾਂ ਨੇ ਸਹੂੰ ਖਾਦੀ ਕਿ ਅਗਰ ਹਮਲਾਵਰ ਉਨ੍ਹਾਂ ਦੇ ਸਮੁਸਾਇ ਤੋਂ ਹੋਣਗੇ ਤੇ , ਉਨ੍ਹਾਂ ਦਾ ਟਾਕਰਾ ਉਹ ਕਰਣਗੇ ਅਤੇ ਮੁਸਲਿਮਾਂ ਨੇ ਕਿਹਾ ਕਿ ਅਗਰ ਹਮਲਾਵਰ ਮੁਸਲਿਮ ਹੋਣਗੇ ਤੇ, ਉਹ ਉਨ੍ਹਾਂ ਦਾ ਸਾਹਮਣਾ ਪਹਿਲਾਂ ਕਰਣਗੇ. ਫਿਰ, ਇੱਕ ਦਿਨ ਅਫ਼ਵਾਹ ਫੈਲ ਗਈ ਕਿ, ਸਿੱਖਾਂ ਦਾ ਇੱਕ ਜੱਥਾ ਸਾਡੇ ਪਿੰਡ ਦੀ ਤਰਫ਼ ਆ ਰਿਹਾ ਸੀ. ਅਤੇ, ਸਾਡੇ ਪਿੰਡ ਦੇ ਹਿੰਦੂ ਅਤੇ ਸਿੱਖ ਅੱਗੇ ਵਧ ਕੇ ਉਨ੍ਹਾਂ ਦਾ ਟਾਕਰਾ ਕਰਣ ਗਏ, ਪਰ ਇਹ ਖ਼ਬਰ ਗਲਤ ਸਾਬਤ ਹੋਈ. ਇਸ ਦੇ ਬਜਾਏ, ਉਨ੍ਹਾਂ ਦੇ ਉੱਪਰ, ਕਰੀਬ ਦੇ ਪਿੰਡ ਪਹਗੋਵਾਲ ਦੇ ਮੁਸਲਿਮਾਂ ਨੇ ਘਾਤ ਲਗਾਈ, ਅਤੇ ਕਈ ਹਿੰਦੂ ਹੋਰ ਸਿੱਖ ਹਲਾਕ ਹੋ ਗਏ. ਕੁੱਝ ਦੌੜ ਕੇ ਖੇਤਾਂ ਦੀ ਤਰਫ਼ ਚਲੇ ਗਏ ਅਤੇ ਆਪਣੀ ਜਾਨ ਬਚਾਈ. ਤਦ, ਸਾਡੇ ਪਿੰਡ ਦੇ ਦੂਜੇ ਸਿੱਖ ਉਣ ਮੁਸਲਿਮਾਂ ਉਪਰ ਹਮਲਾ ਕਰਣ ਲਈ ਨਿਕਲੇ; ਪਰ ਉਹ ਮੁਸਲਿਮ ਜ਼ਿਆਦਾ ਮਜਬੂਤ ਸਾਬਤ ਹੋਏ ਅਤੇ ਸਿੱਖ ਪਿੰਡ ਤੇ ਵਾਪਸ ਆ ਗਏ. ਇੱਕ ਦਿਨ ਲੋਕਾਂ ਦੇ ਇੱਕ ਵੱਡੇ ਸਮੂਹ ਨੇ ਸਾਡੇ ਪਿੰਡ ਉਪਰ ਹਮਲਾ ਕੀਤਾ. ਸਾਡੇ

ਪਿੰਡ ਦੇ ਕੁੱਝ ਸ਼ਰਾਰਤੀ ਲੋਕਾਂ ਨੇ ਹਮਲਾਵਰਾਂ ਨੂੰ ਸੱਦਾ ਦਿੱਤਾ ਸੀ. ਉਨ੍ਹਾਂ ਤੋਂ ਇੱਕ ਸੀ ਅਬਦੁਲ, ਜੋ ਇੱਕ ਤੇਲੀ ਸੀ.

'ਹਮਲਾਵਰਾਂ ਦਾ ਆਗੂ ਮੇਹਦੀ ਸ਼ਾਹ ਸੀ, ਜੋ ਉਸ ਇਲਾਕੇ ਦੇ ਇੱਕ ਵੱਡੇ ਅਤੇ ਪ੍ਰਮੁੱਖ ਪਿੰਡ, ਅਲੀਪੁਰ ਸਈਦਾਂ ਦਾ ਰਹਿਣ ਵਾਲਾ ਸੀ. ਉਸ ਨੇ ਕਈ ਹਿੰਦੂ ਅਤੇ ਸਿੱਖ ਮਾਰੇ. ਅਲੀਪੁਰ ਸਈਦਾਂ ਦੇ ਦੂਜੇ ਸ਼ਾਹ ਚੰਗੇ ਇਨਸਾਨ ਸਨ. ਇੱਕ ਹੋਰ ਬਦਮਾਸ਼ ਜਿਸ ਨੇ ਹਮਲੇ ਤੇ ਹਿੱਸਾ ਲੀਤਾ, ਉਹ ਸੀ ਚੱਕ ਕੁਰੇਸ਼ੀਆਂ ਦਾ ਕਾਇਮ ਬੜਵਾਲਾ. ਹਮਲਾਵਰ ਘੋੜੇਆਂ ਤੇ ਆਏ. ਸਾਡੇ ਪਿੰਡ ਦੇ ਮੁਸਲਿਮਾਂ ਨੇ ਹਮਲਾ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੇ ਉਪਰ ਹਮਲਾਵਰ ਹਾਵੀ ਹੋ ਗਏ. ਅਣਗਿਣਤ ਹਿੰਦੂ ਅਤੇ ਸਿੱਖ ਹਲਾਕ ਕੀਤੇ ਗਏ ਅਤੇ ਮੇਹਦੀ ਸ਼ਾਹ ਨੇ ਸਭ ਤੋਂ ਜ਼ਿਆਦਾ ਜ਼ੁਲਮ ਕੀਤੇ. ਦੋ ਸਿੱਖ ਬਚ ਕੇ ਨਿਕਲ ਗਏ ਅਤੇ ਕ੍ਵਾਵਲੇ ਤੇ ਇੰਡੀਆ ਦੀ ਫ਼ੌਜ਼ ਨਾਲ ਸੰਪਰਕ ਕੀਤਾ. ਇਸ ਦੇ ਬਾਅਦ, ਇੰਡੀਆ ਦੀ ਫ਼ੌਜ਼ ਆਈ ਅਤੇ ਸਾਨੂ ਕ੍ਵਾਵਲੇ ਲੈ ਆਈ. ਔਰਤਾਂ, ਬਜ਼ੁਰਗ ਅਤੇ ਬੱਚੇਆਂ ਨੂੰ ਟਰੱਕਾਂ ਵਿੱਚ ਲੈ ਜਾਇਆ ਗਿਆ. ਸਿੱਖ, ਖਾਸ ਤੌਰ ਤੇ ਮਾਰੇ ਗਏ, ਕੋਈ 150 ਸਾਡੇ ਪਿੰਡ ਤੋਂ ਹਲਾਕ ਹੋਏ. ਕੁੱਝ ਔਰਤਾਂ ਅਤੇ ਬੱਚੇਆਂ ਨੂੰ ਵੀ ਮਾਰ ਦਿੱਤਾ ਹਿਆ.'

ਰਿਚਪਾਲ ਸਿੰਘ

ਮੈਂ ਆਦਮਪੁਰ, ਸਰਹਿੰਦ ਦੇ ਨਜਦੀਕ ਇੱਕ ਪਿੰਡ, ਜ਼ਿਲ੍ਹਾ ਫਤੇਗੜ ਸਾਹਿਬ (ਪਹਿਲਾਂ ਪਟਿਆਲਾ ਰਿਆਸਤ ਵਿੱਚ) ਤੇ ਪਤਾ ਕਰਣ ਗਿਆ ਸੀ ਕਿ ਉਥੇ ਦੇ ਲੋਕਾਂ ਨੇ, ਮੁਸਲਿਮਾਂ ਦੇ ਇੱਕ ਬਦਨਾਮ ਕਤਲੇਆਮ ਬਾਰੇ ਕੀ ਯਾਦ ਰੱਖਿਆ ਸੀ, ਜੋ ਮੈਂ ਚੌਧਰੀ ਰੈਸ਼ਨ ਦੀਨ ਦੇ ਦਿੱਤੇ ਇੱਕ ਇੰਟਰਵਿਊ ਤੇ ਦਸੰਬਰ 2004 ਨੂੰ, ਕੱਲਰ ਸਈਦਾਂ, ਜ਼ਿਲ੍ਹਾ ਰਾਵਲਪਿੰਡੀ ਤੇ ਦਰਜ ਕੀਤਾ ਸੀ. ਹਿਤੇਸ਼ ਗੋਸਾਇਨ ਅਤੇ ਵੀਰੇਂਦਰ ਸਿੰਘ ਮੇਰੇ ਨਾਲ ਸੀ. ਇਸ ਪਿੰਡ ਤੇ, ਸਿਆਲਕੋਟ ਤੋਂ ਆ ਕੇ ਸਿੱਖ ਦੀ ਇੱਕ ਵੱਡੀ ਤਦਾਦ ਇਥੇ ਵਸ ਗਈ ਸੀ, ਹਾਲਾਂਕਿ ਸ਼ਥਾਨਕ ਲੋਕ ਵੀ ਮੌਜੂਦ ਸਨ. ਪਿੰਡ ਦੇ ਸਰਪੰਚ, ਰਿਚਪਾਲ ਸਿੰਘ ਨੇ ਸਾਨੂ ਇਹ ਕਹਾਣੀ ਦੱਸੀ: 'ਮੇਰਾ ਜਨਮ ਸਿਆਲਕੋਟ ਦੇ ਕਰੀਬ ਇੱਕ ਪਿੰਡ ਤੇ ਹੋਇਆ ਸੀ. ਜਦ ਕਿ ਦੂਜੀ ਜਗ੍ਹਾਂ ਤੇ ਗੜਬੜੀ ਦੇ ਚਲਦੇ, ਇੱਕ ਵੱਡੀ ਤਦਾਦ ਤੇ ਲੋਕ ਮਾਰੇ ਗਏ ਸੀ, ਸਾਡੇ ਇਲਾਕੇ ਤੇ ਹਾਲਾਤ ਠੀਕ ਸਨ; ਅਮਨ ਕਾਇਮ ਸੀ. ਸਿਰਫ਼ ਸਤੰਬਰ ਦੇ ਮੱਧ ਤਕ. ਫਿਰ ਬਾਹਰ ਤੋਂ ਇੱਕ ਹਮਲਾ ਹੋਇਆ, ਪਰ ਸਾਡੇ ਪਿੰਡ ਦੇ ਨੌਜਵਾਨ ਆਏ ਅਤੇ ਇੱਕ ਕੰਧ ਬਣਾ ਲੀਤੀ ਅਤੇ ਹਮਲਾਵਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਮਾਰਣਾ ਪਏਗਾ, ਤਦ ਹੀ ਉਹ ਸਿੱਖਾਂ ਅਤੇ ਹਿੰਦੂਆਂ ਨੂੰ ਕੋਈ ਨੁਕਸਾਨ ਪਹੁੰਚਾ ਸਕਣਗੇ. ਖ਼ਤਰਾ ਟਲ ਗਿਆ ਅਤੇ ਕਿਸੇ ਨੇ ਦੁਬਾਰਾ ਆਉਣ ਦੀ ਹਿੰਮਤ ਨਹੀਂ ਕੀਤੀ. ਫਿਰ, ਉਹ ਸਾਨੂ ਦਸਕਾ ਤਹਸੀਲ ਦੇ ਇੱਕ ਪਨਾਹਗੀਰ ਕੈਂਪ ਤੇ ਲੈ ਆਏ. ਅਸੀਂ ਅਕਤੂਬਰ ਦੇ ਸ਼ੁਰੂ ਤੇ, ਉਹ ਕੈਂਪ ਛੱਡ ਦਿੱਤਾ. 80-85 ਪਿੰਡਾ ਦੀ ਆਬਾਦੀ ਮਿਲ ਕੇ ਇੱਕ ਕਾਫ਼ਿਲੇ ਤੇ ਸ਼ਾਮਲ ਹੋਈ ਜੋ ਪੈਦਲ ਜੱਮੂ ਦੇ ਕਰੀਬ ਦੀ ਸਰਹੱਦ ਤੱਕ ਗਈ. ਸਾਡੇ ਪਿੰਡ ਦੇ ਲੋਕ ਅਤੇ ਕੁੱਝ ਦੋਸਤਾਨਾ ਕਿਸਮ ਦੇ ਮੁਸਲਿਮਾਂ ਨੇ ਸਾਡਾ ਸਾਥ, ਤਦ ਤੱਕ ਦਿੱਤਾ, ਜਦ ਤੱਕ ਅਸੀਂ ਸਰਹੱਦ ਪਾਰ ਨਹੀਂ ਕਰ ਲੀਤੀ. ਉਨ੍ਹਾਂ ਦੇ ਵਿੱਚ, ਮੈਨੂੰ ਚੌਧਰੀ ਫ਼ਤਹਿ ਦਾਦ ਅਤੇ ਉਸ ਦਾ ਬੇਟਾ ਸਾਦਿਕ, ਘੁਲਾਮ ਹਸਨ ਚੀਮਾ ਅਤੇ ਫ਼ਤਹਿ ਦੀਨ ਮੈਤਲਾ, ਨਾਂਅ ਯਾਦ ਨੇ. ਉਹ ਬਹਾਦਰ ਬੰਦੇ ਸਨ ਜਿਨ੍ਹਾਂ ਨੇ ਸਾਨੂ ਭਰਾਵਾਂ ਦੀ ਤਰ੍ਹਾਂ ਹਿਫ਼ਾਜ਼ਤ ਦਿੱਤੀ. ਉਨ੍ਹਾਂ ਦੇ ਵਿੱਚ ਕਈ ਸਾਡੀ ਤਰ੍ਹਾਂ ਜੱਟ ਸਨ ਅਤੇ ਇਸ ਕਰ ਕੇ ਉਨ੍ਹਾਂ ਨੇ ਇਸ ਤਰ੍ਹਾਂ ਬਚਾ ਕੇ ਲੈ ਜਾਣ ਲਈ ਮਦਦ ਕੀਤੀ. ਜਿੱਥੇ

ਤੱਕ ਮੈਨੂੰ ਯਾਦ ਹੈ, ਸਾਡੇ ਤੋਂ ਕੋਈ ਇਨਸਾਨ ਹਲਾਕ ਨਹੀਂ ਹੋਇਆ. ਜਦ ਸਰਹਦ ਪਾਰ ਕਰ ਕੇ ਇੰਡੀਆ ਵਿੱਚ ਜਾਣ ਲਗੇ, ਸਾਡੀ ਤਦਾਦ 20,000 ਤੋਂ ਜ਼ਿਆਦਾ ਹੋਵੇਗੀ. ਸਾਨੂ ਪਹਿਲਾਂ ਕਪੂਰਥਲਾ ਭੇਜਿਆ ਗਿਆ ਅਤੇ ਉਸ ਦੇ ਬਾਅਦ, ਇਥੇ ਆਦਮਪੁਰ ਤੇ ਸਾਨੂ ਜਮੀਨ ਦਿੱਤੀ ਗਈ. ਇਧਰ ਮੈਂ ਜੋ ਵੇਖਿਆ, ਮੈਂ ਉਸ ਨੂੰ ਦੱਸ ਨਹੀਂ ਸਕਦਾ. ਇਹ ਇੱਕ ਕਤਲੇਆਮ ਸੀ.'

ਹਵਾਲਾ

ਆਨੰਦ, ਸੋਮ.,ਲਾਹੌਰ: ਪੋਰਟਰੇਟ ਔਫ ਏ ਲੈਸਟ ਸਿਟੀ, ਲਾਹੌਰ: ਵੈਨਗਾਰਡ ਬੂਕਸ (ਪ੍ਰਾ.) ਲਿ., (1998).

ਜੇਫਰੀ, ਰੈਂਬਿਨ, 'ਦੀ ਪੰਜਾਬ ਬਾਉਂਡਰੀ ਫੋਰਸ ਐਂਡ ਦ ਪ੍ਰੋਬਲੇਮ ਔਫ ਔਰਡਰ, ਅਗਸਟ 1947', Vol. VIII, No. 4, ਮੌਡਰਨ ਐਸੀਅਨ ਸਟਡੀਸ ਕੈਂਬਰਿਜ, ਕੈਂਬਰਿਜ ਯੂਨਿਵਰਸਿਟੀ ਪ੍ਰੈਸ, (1974).

ਕੌਸ਼ਿਕ, ਆਰ.ਕੇ.,'ਕਮਪਲੀਮੇਂਟਸ ਰਿਟਰਨਡ', ਦੀ ਟ੍ਰਿਬਊਨ, ਚੰਡੀਗੜ, 31 ਅਗਸਤ 2011

ਖ਼ਾਨ, ਫ਼ਜ਼ਲ ਮੁਕੀਮ (ਮੇਜਰ ਜਨਰਲ), ਦੀ ਸਟੋਰੀ ਔਫ ਦ ਪਾਕਿਸਤਾਨ ਆਰਮੀ, ਕਰਾਚੀ, ਲਾਹੌਰ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1964),

ਖੋਸਲਾ, ਗੋਪਾਲ ਦਾਸ, ਸਟ੍ਰਨ ਰੇਕਨਿੰਗ: ਐ ਸਰਵੇ ਔਫ ਦੀ ਇਵੇਂਟਸ ਲੀਡੀਂਗ ਅਪ ਟੂ ਐਂਡ ਡੈਲੋਇੰਗ ਦ ਪਾਰਟੀਸ਼ਨ ਔਫ ਇੰਡੀਆ, ਨਿਊ ਦੇਲਹੀ:ਆਕਸਫੋਰਡ ਯੂਨਿਵਰਸੀਟੀ ਪ੍ਰੈਸ (1989)

ਮਿਤੱਲ. ਜੀ., ਲਾਹੌਰ ਕਾ ਜੋ ਜ਼ਿਕਰ ਕਿਆ: ਆਪ ਬੀਤੀ, ਲਾਹੌਰ: ਬੂਕ ਹੋਮ, (2003).

ਨੇਵਿਲ, ਪ੍ਰਾਨ, ਲਾਹੌਰ: ਏ ਸੇਂਟੀਮੇਂਟਲ ਜਰਨੀ, ਦੇਲਹੀ ਐਂਡ ਕਰਾਚੀ: ਐਲਾਇਡ ਪਬਲਿਸ਼ਰਸ ਲਿਮਿਟੇਡ, (1993).

ਸ਼ਫੀਕ, ਖੁਰੱਮ ਅਲੀ (ਕਮਪਾਇਲਰ) ਦੀ ਕ੍ਰੋਨਿਕਲ ਔਫ ਪਾਕਿਸਤਾਨ,
http://therepublicofrumi.com/chronicle/1947_09.htm (13 ਦਸੰਬਰ 2010 ਨੂੰ ਵੇਖਿਆ)

ਸਿੰਘ,ਕਿਰਪਾਲ,ਦੀ ਪਾਰਟੀਸ਼ਨ ਔਫ ਦ ਪੰਜਾਬ, ਪਟਿਆਲਾ:ਪਬਲਿਕੇਸ਼ਨ ਬੱਯੁਰੋ ਪੰਜਾਬੀ ਯੂਨਿਬਰਸਿਟੀ ,(1989).

ਤਾਕਿ-ਉਦ-ਦੀਨ, ਐਚ., ਤਾਰੀਖ ਕੀ ਅਦਾਲਤ ਮੇਂ, ਗੁਜਰਾਂਵਾਲਾ: ਜੀਨੇ ਦੋ ਪਬਲਿਕੇਸ਼ਨਸ, (1999).

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਐਟੇਕ ਐਨ ਸਿੱਖਸ ਐਂਡ ਹਿੰਦੂਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇੰਡਿਆ, (1991).

ਸਰਕਾਰੀ ਦਸਤਾਵੇਜ

ਡਿਸਟਰਬੇਂਸੇਸ ਇਨ ਦੀ ਪੰਜਾਬ, ਇਸਲਾਮਾਬਾਦ: ਨੈਸ਼ਨਲ ਡੈਕਯੂਮੇਂਟੇਸ਼ਨ ਸੇਂਟਰ, (1995).

ਇੰਟਰਵਿਊ

ਸੋਮ ਆਨੰਦ, ਨਵੀਂ ਦਿੱਲੀ, 18 ਅਕਤੂਬਰ 1999

ਰਤਨ ਚੰਦ, ਦਿੱਲੀ, 19 ਅਕਤੂਬਰ 1999

ਰਾਮ ਪਰਕਾਸ਼ ਕਪੂਰ, ਨਵੀਂ ਦਿੱਲੀ, 20 ਅਕਤੂਬਰ 1999

ਡਾ.ਪ੍ਰੇਮ ਸੋਬਤੀ, ਇੰਡੀਆਂ ਦੇ ਪ੍ਰੇਸੀਡੇਂਟ ਦੇ ਨਿੱਜੀ ਡਾਕਟਰ, ਦਿੱਲੀ, 31 ਅਕਤੂਬਰ 2001

ਸ਼੍ਰੀਮਤੀ ਕਾਂਤਾ ਸਿੰਘ ਲੁਥਰਾ, ਸੇਲਮ, ਔਰੀਗਨ, ਯੂ.ਐਸ.ਏ., 15 ਜੁਲਾਈ 2002

ਪ੍ਰੋਫ਼ੇਸਰ ਏਮੀਰੇਟਸ ਸ਼ੌਕਤ ਅਲੀ, ਮੈਨਸਫੀਲਡ, ਮੈਸਾਚੁਸੇਟਸ, ਯੂ.ਐਸ.ਏ., 29 ਜੁਲਾਈ 2002

ਸਰਦਾਰ ਸ਼ੌਕਤ ਅਲੀ, ਲਾਹੌਰ, 3 ਮਈ 2003

ਕੇਵਲ ਕ੍ਰਸ਼ਨ ਤੁਲੀ, ਨਵੀਂ ਦਿੱਲੀ, 8 ਮਾਰਚ 2004; ਟੈਲੀਫੋਣ ਦੁਆਰਾ ਕੁੱਝ ਸਵਾਲ-ਜਵਾਬ, 30 ਜਨਵਰੀ 2006

ਸਮਪੁਰਨ ਸਿੰਘ ਸਚਦੇਵ, ਦਿੱਲੀ, 9 ਮਾਰਚ 2004

ਕਿਦਾਰ ਨਾਥ ਮਲਹੋਤ੍ਰਾ, ਦਿੱਲੀ, 10 ਮਾਰਚ 2004

ਪਿਆਰਾ ਸਿੰਘ ਨੋਲਖ,ਕਿਸ਼ਨਪੁਰਾ ਕਲਾਨ, ਜ਼ਿਲ੍ਹਾ ਮੋਗਾ, ਪੂਰਬੀ ਪੰਜਾਬ, 18 ਮਾਰਚ 2004

ਗੁਰਬਚਨ ਸਿੰਘ ਟੰਡਨ, ਨੋਇਡਾ, 29 ਮਾਰਚ 2004
ਸ਼੍ਰੀਮਤੀ ਸਾਵਿਤ੍ਰੀ ਦੱਤ-ਛਿਬਰ, ਨੋਇਡਾ, 29 ਮਾਰਚ 2004
ਕਰਨਲ ਹੰਸ ਰਾਜ ਚੋਪੜਾ, ਦਿੱਲੀ, 31 ਮਾਰਚ 2004
ਦਵਿੰਦਰ ਭਾਰਦਵਾਜ, ਯੂ.ਐਸ.ਏ ਤੋਂ ਈ-ਮੇਲ ਦੁਆਰਾ, 14 ਦਸੰਬਰ 2004
ਅਕਰਮ ਵਰਾਇਚ, ਲਾਹੌਰ ਤੋਂ ਈ-ਮੇਲ ਦੁਆਰਾ, 22 ਦਸੰਬਰ 2004
ਕਲੇਬ ਅਲੀ ਸ਼ੇਖ਼, ਲਾਹੌਰ, 25 ਦਸੰਬਰ 2004
ਭਗਵਾਨ ਦਾਸ, ਬਟਾਲਾ, 23 ਜਨਵਰੀ 2005
ਸਰਦੁਲ ਸਿੰਘ ਵਿਰਕ, ਲਖਮਰੀ, ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ, 8 ਜਨਵਰੀ 2005
ਫਕੀਰ ਸਿੰਘ ਵਿਰਕ, ਲਖਮਰੀ, ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ, 8 ਜਨਵਰੀ 2005
ਸ਼ਮਸ਼ੇਰਜੀਤ ਸਿੰਘ ਵਿਰਕ, ਲਖਮਰੀ, ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ, 8 ਜਨਵਰੀ 2005
ਰਿਚਪਾਲ ਸਿੰਘ, ਆਦਮਪੁਰ, 28 ਨਵੰਬਰ 2005
ਸੁਦਰਸ਼ਨ ਕੁਮਾਰ ਕਪੂਰ, ਪੁਰਾਣਾ ਗੁੜਗਾਂਉ, ਦਿੱਲੀ ਤੋਂ ਬਾਹਰ, 1 ਦਸੰਬਰ 2005
ਚੌਧਰੀ ਅਨਵਰ ਅਜ਼ੀਜ਼, ਲਾਹੌਰ, 15 ਦਸੰਬਰ 2006
ਚੌਧਰੀ ਤਵੱ◌ਾਕੁਲਾਹ ਵਿਰਕ, ਸ਼ੇਖ਼ੁਪੁਰਾ, 30 ਦਸੰਬਰ 2005
ਚੌਧਰੀ ਨਜ਼ੀਰ ਅਹਿਮਦ ਵਿਰਕ, ਸ਼ੇਖ਼ੁਪੁਰਾ, 30 ਦਸੰਬਰ 2005
ਸਤਅਿੰਦਰ ਕੁਮਾਰ, ਗੁੜਗਾਂਉ, ਈ-ਮੇਲ ਦੁਆਰਾ, 17 ਮਾਰਚ 2013
ਵਿਸ਼ਾਰਦਾ ਹੂਨ, ਚੇਨੱਈ, ਈ-ਮੇਲ ਦੁਆਰਾ, 13 ਮਈ 2013
ਉਧੇਂਦਰ ਕੁਮਾਰ ਪੰਡਿਤ, ਐਮਸਟਰਡੇਮ, ਨੀਦਰਲੈਂਡਸ, 12 ਜੁਲਾਈ 2014

15
ਰਾਵਲਪਿੰਡੀ ਡਿਵੀਜ਼ਨ

ਰਾਵਲਪਿੰਡੀ ਡਿਵੀਜ਼ਨ ਵਿੱਚ ਉੱਤਰੀ ਅਤੇ ਉੱਤਰ-ਪਛੱਮ ਜ਼ਿਲ੍ਹੇ, ਗੁਜਰਾਤ, ਸ਼ਾਹਪੁਰ, ਜਿਹਲਮ, ਰਾਵਲਪਿੰਡੀ, ਅਟੱਕ (ਕੈਂਪਬੇਲਪੁਰ) ਅਤੇ ਮਿਆਂਵਾਲੀ ਸ਼ਾਮਲ ਸਨ. ਇਹ ਲੱਗਭਗ ਪੂਰਾ ਮੁਸਲਿਮ ਸੀ; ਹਿੰਦੂ ਅਤੇ ਸਿੱਖ, ਦੋਵੇਂ ਮਿਲਾ ਕੇ ਇਸ ਦੀ ਆਬਾਦੀ ਦੇ ਸਿਰਫ਼ 14 ਫ਼ੀਸਦੀ ਸਨ. ਇਸ ਨੂੰ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਸੀ. ਮੈਂ ਇਸ ਦੇ ਜ਼ਿਲ੍ਹਾਂ ਤੋਂ ਕਈ ਕਹਾਨਿਆਂ ਇਕੱਠਾ ਕੀਤੀਆ ਨੇ, ਅਤੇ ਮੇਰੀ ਕੋਸ਼ਿਸ਼ ਰਹੀ ਹੈ ਕਿ ਪੰਜਾਬ ਦੀ ਤਕਸੀਮ ਬਾਰੇ ਮੇਰੀ ਰਿਸਰਚ (ਸ਼ੋਧ) ਦੀ, ਅਤੇ ਜੋ ਤ੍ਰਾਸਦੀ ਅਤੇ ਭਿਆਨਕ ਨਸਲਕੁਸ਼ੀ ਹੋਈ, ਉਨ੍ਹਾ ਦੀ ਇੱਕ ਤਸਵੀਰ ਪੇਸ਼ ਕੀਤੀ ਜਾਵੇ.

ਰਾਵਲਪਿੰਡੀ ਸ਼ਹਿਰ

ਹਾਲਾਂਕਿ ਰਾਵਲਪਿੰਡੀ ਸ਼ਹਿਰ ਅਤੇ ਇਸ ਦੇ ਆਲੇ-ਦੁਆਲੇ ਦੇ ਦਿਹਾਤੀ ਇਲਾਕੇ ਤੇ ਸਭ ਤੋਂ ਬਦਕਾਰ ਫ਼ਿਰਕੂ ਫ਼ਸਾਦ ਹੋਏ ਸੀ, ਜੋ ਦਿਹਾਤੀ ਇਲਾਕਿਆਂ ਵਿੱਚ ਸਿੱਖ ਪਿੰਡਾਂ ਅਤੇ ਲੋਕਾਂ ਉਪਰ ਇੱਕ ਤਰਫ਼ਾ ਹਮਲਾ ਸੀ, ਹਾਲਾਤ ਮਾਰਚ 1947 ਦੇ ਬਾਅਦ ਸਥਿਰ ਹੋ ਗਏ ਸੀ. ਮਗਰ, ਅਗਸਤ ਤੇ ਹਾਲਾਤ ਫਿਰ ਬਦਤਰ ਹੋ ਗਏ. ਹਾਲਾਂਕਿ ਡਿਪਟੀ ਕਮੀਸ਼ਨਰ, ਸ਼ੇਖ ਅਨਵਰ-ਉਲ-ਹੱਕ ਨੇ 'ਹਾਲਾਤ ਨੂੰ ਕਾਬੂ ਵਿੱਚ ਕਰਣ ਦੀ ਬਹਾਦਰੀ ਨਾਲ ਕੋਸ਼ਿਸ਼ ਕੀਤੀ, ਪਰ ਉਸ ਨੂੰ ਆਪਣੇ ਜੁਨੀਅਰਾਂ ਜਾਂ ਪੁਲਿਸ ਤੋਂ ਕੋਈ ਮਦਦ ਨਹੀਂ ਮਿਲੀ'-ਜੈਦਾਂ ਕਿ ਖੋਸਲਾ ਰਿਪੋਰਟ ਦੱਸਦੀ ਹੈ (1989: 196). ਮੁਹੱਮਦ ਫ਼ੀਰੋਜ਼ ਦਰ, ਜਿਸ ਦੀ ਰਾਵਲਪਿੰਡੀ ਬਾਰੇ ਕਹਾਣੀ ਨੂੰ ਪਹਿਲਾਂ ਇੱਕ ਅਧਿਆਇ ਵਿੱਚ ਪੇਸ਼ ਕੀਤਾ ਗਿਆ ਹੈ, ਜੁਲਾਈ-ਸਤੰਬਰ 1947 ਦੇ ਵਕਤ ਨੂੰ, ਖਾਸ ਕਰ ਕੇ ਬਤੌਰ ਇੱਕ 11 ਸਾਲ ਦੇ ਮੁੰਡੇ ਲਈ, ਦਰਦਨਾਕ ਤੌਰ ਤੇ ਯਾਦ ਕਰਦੇ ਨੇ.

ਮੁਹੱਮਦ ਫ਼ੀਰੋਜ਼ ਦਰ

'ਇਹ ਜੁਲਾਈ ਦੇ ਆਖ਼ਰ ਦਾ ਜਾਂ ਅਗਸਤ ਦੇ ਸ਼ੁਰੂ ਦਾ ਵਕਤ ਸੀ, ਜਦ ਰਾਵਲਪਿੰਡੀ ਵਿੱਚ ਕਤਲੇਆਮ ਅਤੇ ਲੁੱਟ-ਪਾਟ ਦੁਬਾਰਾ ਵਧ ਗਏ. ਅਸੀਂ ਅਫ਼ਸਰ ਕਲੋਨੀ ਤੋਂ ਰੇਲਵੇ ਵਰਕਰਸ ਕਵਾਰਟਰਸ ਤੇ ਚਲੇ ਗਏ ਸੀ ਜਿੱਥੇ ਮਜਾਰਿਟੀ ਮੁਸਲਿਮਾਂ ਦੀ ਸੀ. ਇੱਕ ਦਿਨ ਤੜਕੇ, ਮੈਂ ਦੁਧ ਖਰੀਦਣ ਗਿਆ. ਕੁੱਝ ਮੁੰਡੇ ਇਕੱਠਾ ਹੋਏ ਸੀ ਅਤੇ ਮੈਨੂੰ ਕਿਹਾ ਕਿ ਕਈ ਲੋਕਾਂ ਨੂੰ ਭਿਆਨਕ ਤਰੀਕੇ ਨਾਲ ਕਤਲ ਕਰ ਦਿੱਤਾ ਗਿਆ ਸੀ ਅਤੇ ਲਾਸ਼ਾਂ ਰੇਲਵੇ ਕਲੋਨੀ ਦੀ ਮਸੀਤ ਤੋਂ ਮਹਿਜ਼ 200 ਮੀਟਰ ਦੂਰ ਪਇਆਂ ਹੋਇਆਂ ਸੀ. ਇਹ ਸਭ ਤੋਂ ਜ਼ਿਆਦਾ ਖੌਫ਼ਨਾਕ ਨਜ਼ਾਰਾ ਸੀ, ਜੋ ਨਾ ਮੈਂ ਪਹਿਲਾਂ ਕਦੀ ਵੇਖਿਆ ਸੀ ਅਤੇ ਨਾ ਬਾਅਦ ਤੇ ਹੀ ਵੇਖਿਆ. ਬਿਲਕੁਲ ਛੋਟੇ ਬੱਚੇਆਂ

ਦੀ ਖੋਪੜਿਆਂ ਕੰਧ ਦੇ ਨਾਲ ਮਾਰ ਕੇ ਟੁਕੜੇ ਟੁਕੜੇ ਕਰ ਦਿੱਤੀ ਗਈਆਂ ਸੀ. ਵੱਡੇਆਂ ਦੀ ਲਾਸ਼ਾਂ ਦੇ ਟੋਟੇ ਕਰ ਦਿੱਤੇ ਗਏ ਸੀ ਜਾਂ ਉਹ ਪਾਟ ਕੇ ਖੋਲ ਦਿੱਤੀ ਗਈਆਂ ਸੀ.

'ਵਾਪਸੀ ਤੇ ਅਫ਼ਸਰ ਕਲੋਨੀ ਤੇ ਮੈਂ ਵੇਖਿਆ ਕਿ, ਰੇਲਵੇ ਦੇ ਦੋ ਪ੍ਰਮੁੱਖ ਖਿਡਾਰੀ ਭਰਾਵਾਂ, ਉਮ ਅਤੇ ਪਰਕਾਸ਼ ਦੇ ਘਰ ਨੂੰ ਅੱਗ ਲਗਾ ਦਿੱਤੀ ਗਈ ਸੀ. ਉਨ੍ਹਾ ਨੂੰ ਅਤੇ ਉਨ੍ਹਾ ਦੇ ਪਰਵਾਰ ਨੂੰ ਇੱਕ ਬ੍ਰਿਟਿਸ਼ ਅਫ਼ਸਰ ਹਿਫ਼ਾਜ਼ਤ ਨਾਲ ਲੈ ਜਾ ਰਿਹਾ ਸੀ. ਉਨ੍ਹਾਂ ਦੇ ਮੁਸਲਿਮ ਦੋਸਤ, ਹਨੀਫ, ਰਜ਼ਾ ਅਤੇ ਬਉ ਰਫ਼ੀ, ਜੋ ਖੁਦ ਵੀ ਖਿਡਾਰੀ ਸਨ, ਖੜ੍ਹੇ ਸੀ ਅਤੇ ਗ਼ਮਗੀਨ ਨਜ਼ਾਰਾ ਵੇਖ ਰਹੇ ਸੀ. ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਗੁੰਡੇਆਂ ਨੂੰ ਇਹ ਜ਼ੁਲਮ ਕਰਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ. ਮੇਰੇ ਲਈ, ਇੱਕ ਹੋਰ ਸਦਮਾ ਬਾਕੀ ਸੀ. 'ਇੰਡੀਆ ਤੋਂ ਹਜ਼ਾਰਾਂ ਦੀ ਤਦਾਦ ਤੇ ਮੁਸਲਿਮ ਪਨਾਹਗੀਰ ਰਾਵਲਪਿੰਡੀ ਆਉਣ ਲਗੇ. ਉਨ੍ਹਾਂ ਦੇ ਨਾਲ ਬੇਹਦ ਬੇਰਹਿਮ ਸਲੂਕ ਹੋਇਆ. ਸਾਨੂ ਦੱਸਿਆ ਗਿਆ ਕਿ ਉਨ੍ਹਾਂ ਦਾ ਵੀ ਜਾਨੀ ਨੁਕਸਾਨ ਬੇਹਦ ਜ਼ਿਆਦਾ ਸੀ. ਰੇਲਵੇ ਵਿਭਾਗ ਨੇ ਹਿੰਦੂਆਂ ਅਤੇ ਸਿੱਖਾਂ ਦੇ ਇੰਡੀਆ ਜਾਣ ਲਈ ਇੰਤਜ਼ਾਮ ਕੀਤਾ ਅਤੇ ਰਾਵਲਪਿੰਡੀ ਦੇ ਗੈਰ-ਮੁਸਲਿਮਾਂ ਦੀ ਭਾਰੀ ਕੂਚ ਦੇ ਚਲਦੇ, ਖਾਸ ਗੱਡੀਆਂ ਚਲਾਈਆਂ ਗਈਆਂ. ਮੈਨੂੰ ਯਾਦ ਨਹੀਂ ਹੈ ਕਿ ਜਿਣ ਹਿੰਦੂਆਂ ਅਤੇ ਸਿਖਾਂ ਨੂੰ ਅਸੀਂ ਜਾਣਦੇ ਸੀ, ਉਹ ਕਦੀ ਦੁਬਾਰਾ ਰਾਵਲਪਿੰਡੀ ਆਏ. ਪਰ, ਮੈਂ ਖੁਦ ਪਾਕਿਸਤਾਨ ਤੋਂ ਚਾਲੀ ਸਾਲਾ ਤੋਂ ਜ਼ਿਆਦਾ, ਦੂਰ ਹਾਂ.

ਕਮਲਾ ਸੇਠੀ

'ਮੇਰੇ ਪਿਤਾ ਸਰ ਗੋਕੁਲ ਚੰਦ ਨਾਰੰਗ ਹਿੰਦੂ ਮਹਾਸਭਾ, ਪੰਜਾਬ ਦੇ ਆਗੂ ਸਨ. 1937 ਤੇ ਇੱਕ ਫ਼ੌਜੀ ਅਫ਼ਸਰ ਨਾਲ ਮੇਰਾ ਵਿਆਹ ਹੋਇਆ ਸੀ. ਸਾਡੀ ਅਲਗ ਅਲਗ ਜਗ੍ਹ ਪੋਸਟਿੰਗ ਹੁੰਦੀ ਸੀ. ਉਨ੍ਹਾਂ ਦੀ 1945 ਤੇ ਰਾਵਲਪਿੰਡੀ ਤੇ ਪੋਸਟਿੰਗ ਹੋਈ, ਜਿੱਥੇ ਅਸੀਂ 3 ਅਕਤੂਬਰ 1947 ਤੱਕ ਰਹੇ. ਉਣ ਦੋ ਸਾਲਾਂ ਤੇ ਅਸ਼ੀਂ ਮਹਿਸੂਸ ਕੀਤਾ ਕਿ ਕੁੱਝ ਤਣਾਅ ਜ਼ਰੂਰ ਸੀ, ਪਰ ਫ਼ੌਜੀ ਬੰਗਲੇਆਂ ਤੇ ਸਾਨੂੰ ਕੁੱਝ ਵੀ ਗੈਰ-ਮਾਮੁਲੀ ਨਹੀਂ ਲਗਦਾ ਸੀ. ਨੈਕਰ ਆ ਕੇ ਗੁੱਸੇ ਵਾਲੇ ਅੰਦੋਲਨਾਂ ਦੇ ਕਿੱਸੇ ਸੁਣਾਦੇ ਸੀ ਅਤੇ ਕਦੀ ਕਦਾਰ ਫ਼ਿਰਕੂ ਤਸ਼ੱਦਦ ਬਾਰੇ. ਮੈਨੂੰ ਯਾਦ ਹੈ ਕਿ ਮਾਰਚ ਤੇ ਕੁੱਝ ਵਕਤ ਲਈ ਰਾਵਲਪਿੰਡੀ ਤੇ ਗੜਬੜੀ ਹੋਈ ਸੀ ਅਤੇ ਪਿੰਡਾ ਤੇ ਖ਼ਾਸ ਕਰ ਕੇ ਹਿੰਦੂਆਂ ਅਤੇ ਸਿੱਖਾਂ ਦੇ ਉੱਪਰ ਮੁਸਲਿਮਾਂ ਦੇ ਦੁਆਰਾ, ਬੇਹਦ ਜ਼ਿਆਦਾ ਜ਼ੁਲਮ ਹੋਏ ਸੀ, ਪਰ ਛਾਉਣੀ ਦੇ ਇਲਾਕੇ ਤੇ ਸਾਨੂ ਕਦੀ ਕੋਈ ਡਰ ਨਹੀਂ ਲਗਾ. ਫਿਰ ਤਕਸੀਮ ਹੋ ਗਈ ਅਤੇ ਮੇਰੇ ਪਤੀ ਨੇ ਇੰਡੀਆ ਵਿੱਚ ਪੋਸਟੀਂਗ ਲਈ ਆਪਣੀ ਪਸੰਦ ਦੱਸੀ ਅਤੇ ਅਸੀਂ ਦਿੱਲੀ ਦੀ ਪੋਸਟੀਂਗ ਤੇ ਆ ਗਏ, ਪਰ ਅਸਲ ਤਬਦੀਲੀ ਬਾਅਦ ਤੇ ਹੋਈ.

'ਉਥੇ ਆਪਸੀ ਰਿਸ਼ਤੇ ਬਹੁਤ ਦੋਸਤਾਨਾ ਸਨ. ਇੱਕ ਅਫ਼ਸਰ, ਗੁਲਸ਼ੇਰ ਅਲੀ ਇੰਡੀਆ ਦੀ ਪੋਸਟਿੰਗ ਛੱਡ ਕੇ ਪਹਿਲਾਂ ਤੋਂ ਹੀ ਪਾਕਿਸਤਾਨ ਆ ਚੁਕੇ ਸੀ. ਉਨ੍ਹਾਂ ਦੇ ਅਤੇ ਉਸ ਦੇ ਪਰਵਾਰ ਨਾਲ, ਅਸੀਂ ਇੱਕ ਘਰ ਤੇ ਹੀ ਕਈ ਮਹੀਨੇ ਰਹੇ. ਅੱਧੇ ਮਕਾਨ ਤੇ ਉਹ ਰਹਿੰਦੇ ਸੀ ਅਤੇ ਅੱਧੇ ਤੇ ਅਸੀਂ. ਛਾਉਣੀ ਤੇ ਇੱਕ ਵੱਡੀ ਤਦਾਦ ਤੇ ਬ੍ਰਿਟਿਸ਼ ਵੀ ਰਹਿੰਦੇ ਸੀ. ਰਾਵਲਪਿੰਡੀ ਤੇ ਦੁਬਾਰਾ ਅਗਸਤ ਅਤੇ ਉਸ ਦੇ ਬਾਅਦ, ਕਾਫ਼ੀ ਕਤਲ ਹੋਏ. ਸਾਡਾ ਇੱਕ ਬ੍ਰਿਟਿਸ਼ ਦੋਸਤ, ਬਿਲ ਗ੍ਰਾਹਮ, ਜਿਨ੍ਹਾਂ ਦੇ ਨਾਲ ਅਸੀਂ ਕਲਬ ਤੇ ਬ੍ਰਿਜ ਖੇਡਦੇ ਸੀ, ਇੱਕ ਦਿਨ ਦੇਰ ਸ਼ਾਮ ਨੂੰ ਸਾਡੇ ਦਰਵਾਜ਼ੇ ਜੋਰ ਦੀ ਖੜਕਾਉਣ ਲਗਾ. ਕੁੱਝ ਸ਼ਰਾਰਤੀ ਲੋਕਾਂ ਨੇ ਸਾਡੇ ਆਲੇ-ਦੁਆਲੇ ਦੇ ਘਰਾਂ ਤੇ

ਹਮਲਾ ਕਰ ਦਿੱਤਾ ਸੀ. ਉਹ ਜਾਣਨਾ ਚਾਹੁੰਦਾ ਸੀ ਕਿ ਸਾਨੂ ਕਿਸੇ ਮਦਦ ਦੀ ਜਰਰੁਤ ਸੀ ਜਾਂ ਨਹੀਂ. ਸਿਰਫ਼ ਉਸ ਵਕਤ ਹੀ ਅਸ਼ੀਂ ਗੈਰ-ਮਹਿਫੂਜ ਮਹਿਸੂਸ ਕੀਤਾ. ਪੰਜਾਬ ਦੀ ਤਕਸੀਮ ਸਾਰੇ ਪੰਜਾਬੀਆਂ ਦੇ ਲਈ ਇੱਕ ਵੱਡੀ ਤ੍ਰਾਸਦੀ ਸੀ. ਸਿਰਫ਼ ਨਿਮਨ ਮੱਧ ਵਰਗ ਦੇ ਰਵਾਇਤੀ ਹਿੰਦੂ ਹੀ ਮੁਸਲਿਮਾਂ ਦੇ ਖ਼ਿਲਾਫ਼ ਛੂਆ-ਛੂਤ ਦਾ ਪਾਲਨ ਕਰਦੇ ਸੀ. ਪੜ੍ਹੇ-ਲਿਖੇ ਲੋਕਾਂ ਨੇ ਇਣ ਖ਼ਿਆਲਾਂ ਨੂੰ ਬਹੁਤ ਪਹਿਲਾਂ ਹੀ ਛੱਡ ਦਿੱਤਾ ਸੀ. 1932 ਤੇ ਇੱਕ ਭਾਸ਼ਣ ਤੇ ਮੇਰੇ ਪਿਤਾ ਨੇ ਕਿਹਾ ਸੀ ਕਿ ਇੰਡੀਆ ਦੀ ਤਕਸੀਮ ਨਾਲ ਸਾਰੀ ਕੌਮਾਂ ਦਾ ਬਹੁਤ ਜਾਨੀ ਨੁਕਸਾਨ ਹੋਵੇਗਾ. ਬਿਲਕੁਲ ਇਹ ਹੀ ਹੋਇਆ.'

ਭੀਸ਼ਮ ਕੁਮਾਰ ਬਕਸ਼ੀ

'ਅਸੀਂ ਰਾਵਲਪਿੰਡੀ ਦੇ ਸੈਦਪੁਰ ਰੋਡ ਤੇ ਰਹਿੰਦੇ ਸੀ. ਅਗਸਤ 1947 ਨੂੰ ਮੈਂ 11 ਸਾਲਾਂ ਦਾ ਸੀ. ਮਾਰਚ ਦੇ ਫ਼ਸਾਦ ਤੀਬਰ ਸਨ. ਸ਼ਹਿਰ ਤੇ ਮੁਸਲਿਮਾਂ ਅਤੇ ਹਿੰਦੂ-ਸਿੱਖ ਆਬਾਦੀ 50-50 ਸੀ. ਉਸ ਦਿਨ ਮੈਂ ਲਾਲ ਕੁਰਤੀ ਦੇ ਸਕੂਲ ਤੇ ਸੀ. ਪਿੰਡਾਂ ਤੋਂ ਇੱਕ ਭੀੜ ਸਾਡੀ ਤਰਫ਼ ਆਈ ਪਰ ਸਾਡੇ ਮਹੱਲੇ ਉਪਰ ਹਮਲਾ ਨਹੀਂ ਕੀਤਾ. ਉਹ ਦੰਗੇ ਦੱਸ ਦਿਨਾਂ ਤੱਕ ਚਲੇ. ਫਿਰ ਅਸ਼ੀਂ ਜੱਮੂ ਗਏ ਜਿੱਥੇ ਸਾਡੇ ਨਾਨਾ-ਨਾਨੀ ਰਹਿੰਦੇ ਸੀ. ਸਿੱਖ ਪਹਿਲਾਂ ਚਲੇ ਗਏ, ਜਦ ਕਿ ਹਿੰਦੂ ਨਹੀਂ ਗਏ. ਫਿਰ, ਦਿੱਲੀ ਅਤੇ ਦੂਜੀ ਜਗ੍ਹਾਂ ਤੋਂ ਮੁਸਲਿਮ ਰਾਵਲਪਿੰਡੀ ਆਉਣ ਲਗੇ. ਮੇਰੇ ਪਿਤਾ ਰਾਧਾ ਕ੍ਰਿਸ਼ਨ ਬਖਸ਼ੀ ਨੇ ਪਾਕਿਸਤਾਨ ਵਿੱਚ ਰਹਿਣ ਦਾ ਫੈਸਲਾ ਕੀਤਾ. ਉਨ੍ਹਾਂ ਨੂੰ ਯਕੀਨ ਸੀ ਕਿ ਅਸੀਂ ਉਥੇ ਰਹ ਸਕਾਂਗੇ. ਮੇਰੀ ਦਾਦੀ ਸਾਡੇ ਪੁਸ਼ਤੈਨੀ ਪਿੰਡ ਮਟੋਰ ਤੇ ਸੀ. ਸਾਡੇ ਮੁਸਲਿਮ ਗੁਆਂਢੀਆ ਨੇ ਕਿਸੇ ਹਮਲਾਵਾਰ ਨੂੰ ਉਨ੍ਹਾਂ ਦੇ ਕਰੀਬ ਨਹੀਂ ਆਣ ਦਿੱਤਾ. ਜਦ ਪਾਕਿਸਤਾਨ ਬਣ ਗਿਆ, ਤਦ ਉਨ੍ਹਾ ਨੂੰ ਬਸ ਤੇ ਬਿਠਾਂ ਕੇ ਰਾਵਲਪਿੰਡੀ ਭੇਜ ਦਿੱਤਾ ਗਿਆ. 1986 ਤੇ, ਜਦ ਮੈਂ ਆਪਣੇ ਪਿੰਡ ਤੇ ਗਿਆ ਤਦ ਪੁਰਾਣੇ ਲੋਕਾਂ ਨੇ ਪੁਛਿਆ ਕਿ ਉਹ ਠੀਕ-ਠਾਕ ਰਾਵਲਪਿੰਡੀ ਪਹੁੰਚ ਗਈ ਸੀ ਜਾਂ ਨਹੀਂ. ਸਾਡੇ ਪਰਵਾਰ ਦਾ ਕੋਈ ਇਨਸਾਨ ਹਲਾਕ ਨਹੀਂ ਹੋਇਆ ਸੀ. ਰਾਵਲਪਿੰਡੀ ਦੇ ਖਾਕਸਾਰਾਂ ਨੇ ਹਿੰਦੂਆਂ ਅਤੇ ਸਿੱਖਾ ਨੂੰ ਦੰਗਿਆਂ ਤੋਂ ਬਚਾਉਣ ਲਈ, ਇੱਕ ਸ਼ਾਨਦਾਰ ਕਿਰਦਾਰ ਨਿਭਾਇਆ ਸੀ.

'ਇੱਕ ਡਾਕਟਰ, ਬੁਢ ਸਿੰਘ ਨੇ 29 ਅਗਸਤ ਨੂੰ ਇੱਕ ਹਵਾਈਜਹਾਜ ਕਿਰਾਇਏ ਤੇ ਲੀਤਾ ਸੀ. ਮੇਰੇ ਪਿਤਾ ਨੇ ਪਹਿਲਾਂ ਮੈਨੂੰ ਉਸ ਜਹਾਜ ਤੇ ਦਿੱਲੀ ਭੇਜਿਆ. ਫਿਰ, ਮੇਰੀ ਭੈਣ, ਸਿੱਖ ਸਿਪਾਹੀਆਂ ਨਾਲ ਇੱਕ ਗੱਡੀ ਤੇ ਦਿੱਲੀ ਆਈ. ਅੰਬਾਲਾ ਪਹੁੰਚਣ ਤੇ 10-12 ਦਿਨ ਲਗ ਗਏ. ਮੇਰੇ ਪਿਤਾ ਅਕਤੂਬਰ ਤੇ ਆਏ. ਮੈਂ, ਮੇਰੀ ਮਾਂ ਅਤੇ ਭੈਣ ਮੇਰਠ ਤੇ ਸੀ. ਸਾਨੂ ਪਤਾ ਨਹੀਂ ਸੀ ਕਿ ਕੌਨ ਕਿਥੇ ਸੀ. ਉਸ ਸਾਲ ਬਹੁਤ ਮੀਂਹ ਪੈ ਰਿਹਾ ਸੀ. ਫਿਰ ਅਸੀਂ ਇੱਕ ਦੂਜੇ ਦੇ ਬਾਰੇ ਰੇਡੀਉ ਤੇ ਸੁਣਿਆ ਅਤੇ ਇੱਕ ਦੂਜੇ ਨੂੰ ਅਕਤੂਬਰ ਦੇ ਮੱਧ ਤੇ ਮਿਲੇ. 'ਮੇਰੇ ਪਿਤਾ ਇੱਕ ਬੇਹਦ ਧਾਰਮਿਕ ਤੌਰ ਤੇ ਨਿਰਪੱਖ ਅਤੇ ਪ੍ਰਬੁਧ ਇਨਸਾਨ ਸਨ. ਉਨ੍ਹਾਂ ਨੇ ਪਿੰਡ ਵਿੱਚ ਇੱਕ ਖੂਹ ਦੀ ਖੁਦਾਈ ਦਾ ਕੱਮ ਸੁਰੂ ਕੀਤਾ. ਉਨ੍ਹਾਂ ਦੇ ਬ੍ਰਾਹਮਣ ਰਿਸ਼ਤੇਦਾਰ ਆ ਗਏ ਅਤੇ ਕਿਹਾ ਕਿ ਸਿਰਫ਼ ਬ੍ਰਾਹਮਣ ਇਸ ਤੋਂ ਪਾਣੀ ਲੈਣਗੇ. ਜਦ ਮੇਰੇ ਪਿਤਾ ਨੂੰ ਪਤਾ ਲਗਾ ਤੇ, ਉਨ੍ਹਾਂ ਨੇ ਉਸ ਖੂਹ ਨੂੰ ਮਿਟੀ ਨਾਲ ਦੁਬਾਰਾ ਭਰਨ ਦਾ ਫ਼ੈਸਲਾ ਲੀਤਾ. ਇਹ ਵੇਖ ਕੇ, ਬ੍ਰਾਹਮਣਾ ਦਾ ਇਰਾਦਾ ਬਦਲ ਗਿਆ ਅਤੇ ਬਾਅਦ ਤੇ, ਇਸ ਦਾ ਇਸਤੇਮਾਲ ਪਿੰਡ ਤੇ ਸਭ ਨੇ ਕੀਤਾ- ਹਿੰਦੂਆਂ, ਮੁਸਲਿਮਾਂ ਅਤੇ ਸਿੱਖਾਂ ਨੇ. ਇਹ ਖੂਹ ਹੁਣ ਵੀ ਮੌਜੁਦ ਹੈ. 1992 ਤੇ, ਮੈਂ ਆਪਣੀ ਪਤਨੀ ਨਾਲ ਰਾਵਲਪਿੰਡੀ ਗਿਆ. ਸਾਡਾ ਤਾਂਗੇਵਾਲਾ ਖ਼ਾਨ ਬਹਾਦਰ ਇੱਕ ਬੇਹਦ

ਭਲਾ ਮਾਨਸ ਸੀ. ਉਸ ਦੇ ਬਾਰੇ ਅਸੀਂ ਪੁਛਿਆ ਪਰ ਕਈ ਸਾਲਾਂ ਪਹਿਲਾਂ ਉਸ ਦੀ ਮੌਤ ਹੋ ਗਈ ਸੀ. ਉਸ ਦਾ ਛੋਟਾ ਭਰਾ ਰਮਜ਼ਾਨ ਹੁਣ ਵੀ ਜ਼ਿੰਦਾ ਸੀ. ਉਹ ਬਚਪਨ ਤੋਂ ਮੇਰਾ ਬਹੁਤ ਜਿਗਰੀ ਦੋਸਤ ਸੀ. ਰਮਜਾਨ ਨੇ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਇਕੱਠਾ ਕਰ ਕੇ ਇੱਕ ਵੱਡੀ ਦਾਵਤ ਦਾ ਇੰਤਜ਼ਾਮ ਕੀਤਾ. ਉਥੇ ਉਸ ਨੇ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਕਿਹਾ, "ਇਹ ਲੋਕ, ਜੋ ਸਾਡੇ ਮਿਹਮਾਨ ਨੇ, ਇੱਕ ਬਹੁਤ ਉੱਚੇ ਦਰਜੇ ਦੇ ਹਿੰਦੂ ਪਰਵਾਰ ਤੋਂ ਨੇ. ਇੱਕ ਦਿਨ ਮੈਂ ਇਸ ਸਜਣ ਲਈ ਬਾਹਰ ਇਹਾਤੇ ਤੇ ਇੰਤਜ਼ਾਰ ਕਰ ਰਿਹਾ ਸੀ, ਜੋ ਕਿ ਮੇਰਾ ਦੋਸਤ ਹੈ (ਮੇਰੀ ਤਰਫ਼ ਇਸ਼ਾਰਾ ਕਰਦੇ ਹੋਏ). ਇਸ ਦੇ ਪਿਤਾ ਆਏ ਹੋਰ ਮੈਨੂੰ ਅੰਦਰ ਲੈ ਗਏ ਅਤੇ ਅਸ਼ੀਂ ਦੋਨਾਂ ਨੇ ਇਕੱਠੇ ਚਾਹ ਪੀਤੀ. ਇਹ ਦਰਸ਼ਾਉਂਦਾ ਹੈ ਕਿ ਉਹ ਬਹੁਤ ਚੰਗੇ ਲੋਕ ਸਨ."

'ਮੈਂ ਆਪਣੀ ਪਤਨੀ ਨੂੰ ਕਿਹਾ, "ਵੇਖੋ, ਇਣ ਲੋਕਾ ਨੇ ਬੇਹਦ ਖਰਾਬ ਮਹਿਸੂਸ ਕੀਤਾ ਹੋਵੇਗਾ ਜਦ ਹਿੰਦੂ ਇਨ੍ਹਾਂ ਦੇ ਖ਼ਿਲਾਫ਼ ਛੂਆ-ਛੂਤ ਰੱਖਦੇ ਸੀ. ਹਿੰਦੂ ਰਵਇਐ ਨੇ ਰਿਸ਼ਤੇ ਖਰਾਬ ਕਰਣ ਵਿੱਚ ਇੱਕ ਅਹਿਮ ਕਿਰਦਾਰ ਨਿਭਾਇਆ ਸੀ. ਮੁਸਲਿਮ ਛੂਆ-ਛੂਤ ਨੂੰ ਸ਼ਾਲੀਣਤਾ ਨਾਲ ਮੱਣ ਲੈਂਦੇ ਸੀ. 1986 ਤੇ ਅਸੀਂ ਪਿੰਡ ਤੇ ਗਏ, ਪਰ 1991-92 ਤੇ ਨਹੀਂ ਜਾ ਸਕੇ ਕਿਉਂਕਿ ਸਾਨੂ ਵੀਸਾ ਨਹੀਂ ਮਿਲਿਆ. ਇੰਡੀਅਨ ਨੈਸ਼ਨਲ ਆਰਮੀ ਦੇ ਜਨਰਲ ਸ਼ਾਹ ਨਵਾਜ਼ ਖ਼ਾਨ, ਸਾਡੇ ਪਿੰਡ ਤੋਂ, ਸਾਡੇ ਗੁਆਂਢੀ ਸਨ.'

ਰਾਵਲਪਿੰਡੀ ਦੇ ਦਿਹਾਤੀ ਇਲਾਕੇ

ਪੰਜਾਬ ਤੇ ਫ਼ਸਾਦਾਂ ਦੇ ਬਾਅਦ, ਕੈਂਪਬੇਲਪੁਰ, ਰਾਵਲਪਿੰਡੀ ਅਤੇ ਜਿਹਲਮ ਡਿਵੀਜ਼ਨ ਤੋਂ ਸਿੱਖਾਂ ਦੀ ਵੱਡੀ ਤਦਾਦ ਪੰਜਾਬ ਦੇ ਮੱਧ ਅਤੇ ਪੂਰਬੀ ਜ਼ਿਲ੍ਹਾਂ ਤੇ ਆ ਗਈ ਸੀ. ਜੋ ਥੋੜੇ ਬਹੁਤ ਹੁਣ ਵੀ ਕੁੱਝ ਜਗ੍ਹਾਂ ਤੇ ਰਹਿ ਗਏ ਸ਼ੀ, ਚੁਪ-ਚਾਪ ਛੱਡ ਕੇ ਚਲੇ ਜਾ ਰਹੇ ਸੀ, ਅਤੇ ਅਗਸਤ 1947 ਤੇ, ਉਨ੍ਹਾਂ ਤੋਂ ਜ਼ਿਆਦਾਤਰ ਜਾ ਚੁਕੇ ਸੀ. ਜੋ ਤਾਂ ਵੀ ਰਹੇ, ਉਨ੍ਹਾਂ ਦੇ ਉਪਰ ਫਿਰ ਹਮਲਾ ਹੋਇਆ. ਤਦ ਜੋ ਬਚ ਗਏ, ਉਹ ਵੀ ਭੱਜੇ, ਹਾਲਾਂਕਿ ਪੂਰਬੀ ਪੰਜਾਬ ਤੱਕ ਦਾ ਸਫਰ, ਖ਼ਤਰਨਾਕ ਸੀ.

ਗੁਜਰਾਤ

ਗੁਜਰਾਤ ਤੇ ਮੁਸਲਿਮ ਮਜਾਰਿਟੀ ਇੱਕ ਬੇਹਦ ਭਾਰੀ 85.58 ਫ਼ੀਸਦੀ ਸੀ, ਜਦ ਕਿ ਹਿੰਦੂ ਅਤੇ ਸਿੱਖ, ਇਸ ਦੀ ਆਬਾਦੀ ਦੇ 14 ਫ਼ੀਸਦੀ ਸਨ. ਗੁਜਰਾਤ ਸ਼ਹਿਰ ਤੇ ਜ਼ਿਆਦਾਤਰ ਦੁਕਾਨਾਂ ਅਤੇ ਵਪਾਰ ਹਿੰਦੂਆ ਦੇ ਕੋਲ ਸੀ, ਪਰ ਕੁੱਝ ਸਿੱਖ ਵੀ ਦੁਕਾਨਦਾਰ ਅਤੇ ਵਪਾਰੀ ਸਨ. ਮਾਰਚ ਵਿੱਚ ਹੋਏ ਹਿੰਦੂਆਂ ਅਤੇ ਸਿੱਖਾਂ ਦੇ ਕਤਲੇਆਮ ਨੇ ਜ਼ਿਆਦਾਤਰ, ਰਾਵਲਪਿੰਡੀ ਅਤੇ ਕੁੱਝ ਹਦ ਤਕ, ਜਿਹਲਮ ਜ਼ਿਲ੍ਹੇ ਨੂੰ ਪ੍ਰਭਾਵਤ ਕੀਤਾ ਸੀ, ਪਰ ਅਗਸਤ ਦੇ ਮੱਧ ਤੋਂ, ਗੁਜਰਾਤ ਵਿੱਚ ਗੈਰ-ਮੁਸਲਿਮਾਂ ਉਪਰ ਹਮਲੇ ਤੇਜੀ ਨਾਲ ਵਧ ਗਏ. ਕਈ ਬਜ਼ੁਰਗ ਲੋਕਾਂ ਨੇ ਮੇਰੇ ਸਾਹਮਣੇ ਇਹ ਮੱਨਿਆ ਕਿ ਉਨ੍ਹਾਂ ਨੇ ਉਨ ਹਮਲੇਆਂ ਤੇ ਹਿੱਸਾ ਲੀਤਾ ਸੀ. ਹੇਠ ਦਿੱਤਾ ਵਿਰਤਾਂਤ ਉਥੇ ਕੀ ਹੋਇਆ, ਸਾਫ ਤੌਰ ਤੇ ਦੱਸਦਾ ਹੈ.

ਕਰਨਲ (ਰਿਟਾਇਰ) ਨਾਦਿਰ ਅਲੀ

'ਸਾਡਾ ਪਰਵਾਰ ਹਮੇਸ਼ਾ ਗੁਜਰਾਤ ਦੀ ਕਾਂਗਰੇਸ ਪਾਰੀ ਦਾ ਹਿਮਾਇਤੀ ਸੀ. ਇਹ ਇੱਕ ਗਲਤਫ਼ਹਮੀ ਹੈ ਕਿ ਮੁਸਲਿਮ ਕਾਂਗਰੇਸ ਪਾਰਟੀ ਤੇ ਸਾਮਲ ਹੋਣਾ ਨਹੀਂ ਚਾਹੁੰਦੇ ਸੀ. ਜੋ ਇੰਡੀਆ ਦੀ ਆਜ਼ਾਦੀ ਵਿੱਚ ਯਕੀਨ ਰੱਖਦੇ ਸੀ, ਉਹ ਕਾਂਗਰੇਸ ਪਾਰਟੀ ਜਾਂ ਕਿਸੇ ਇਸਲਾਮੀ ਤੇਹਰੀਕ ਜੈਦਾਂ ਕਿ ਖ਼ਾਕਸਾਰ ਜਾਂ ਅਹਰਾਰ ਵਿੱਚ ਸਨ. ਕੁਛ, ਹਾਲਾਂਕਿ ਕਮਿਊਨਿਸਮ ਨਾਲ ਮੁਤਾਸਰ ਸਨ. ਕਾਂਗਰੇਸ ਪਾਰਟੀ ਦਾ ਗੁਜਰਾਤ ਵਿੱਚ ਇੱਕ ਉਮਦਾ ਨੇਟਵਰਕ ਤਿਆਰ ਹੋ ਗਿਆ ਸੀ, ਜਿਸ ਵਿੱਚ ਹਿੰਦੂ, ਮੁਸਲਿਮ ਅਤੇ ਇਥੋਂ ਤੱਕ ਕਿ ਸਿੱਖ ਵੀ ਕਾਮ ਕਾਜੀ ਸਨ. ਮੇਰੇ ਵਾਲਿਦ ਕਾਂਗਰੇਸ ਦੇ ਇੱਕ ਮੁਸਤੈਦ ਸਦੱਸ ਸਨ. ਸ਼ੁਰੂ ਤੋਂ ਹੀ, ਮੁਸਲਿਮ ਲੀਗ ਇੰਤਹਾ ਨਾਆਰੇਬਾਜ਼ੀ ਦੀ ਆਦੀ ਸੀ, ਅਤੇ ਜੋ ਲੋਕ ਪਹਿਲਾਂ ਤੋਂ ਬ੍ਰਿਟਿਸ ਦੇ ਵਫ਼ਾਦਾਰ ਸਨ, ਉਹ ਮੁਸਲਿਮ ਲੀਗੀਏ ਬਣ ਗਏ ਅਤੇ ਉਹ ਮੁਸਲਿਮਾਂ ਲਈ, ਇੱਕ ਮੁਖ਼ਤਲਿਫ਼ ਮੁਲਕ ਚਾਹੁੰਦੇ ਸੀ. ਗੁਜਰਾਤ ਵਿੱਚ, ਪਹਿਲੇ ਦੌਰੇ ਤੇ, ਵੱਡੇ ਪੈਮਾਨੇ ਦੀ ਲਾਮਬੰਦੀ ਜਨਵਰੀ 1947 ਨੂੰ ਹੋਈ. ਇਸ ਦਾ ਨਤੀਜਾ ਇਹ ਹੋਇਆ ਕਿ ਸਮਾਜ ਦੇ ਹਰ ਹਿੱਸੇ ਤੇ, ਫ਼ਿਰਕੂ ਜ਼ਹਿਰ ਫੈਲ ਗਿਆ. ਪਰ, ਗੈਰ-ਮੁਸਲਿਮਾਂ ਦੇ ਖ਼ਿਲਾਫ਼ ਤਸ਼ੱਦਦੀ ਹਰਕਤਾਂ ਤਕਸੀਮ ਤੋਂ ਕੁੱਝ ਦਿਨ ਪਹਿਲਾਂ ਹੀ ਸ਼ੁਰੂ ਹੋਇਆਂ. ਮੈਨੂੰ ਸ਼ਹਿਰ ਦੇ ਮੁੱਖ ਖ਼ਰੀਦਦਾਰੀ ਦੇ ਬਾਜ਼ਾਰ ਉਪਰ ਗੁੰਡੇਆਂ ਦੁਆਰਾ ਕੀਤਾ ਗਿਆ ਹਮਲਾ ਯਾਦ ਹੈ. ਇਹ ਲੱਗਭਗ ਪੂਰੀ ਤਰ੍ਹਾਂ ਹਿੰਦੂਆਂ ਦੇ ਅਧੀਨ ਸੀ. ਉਹ ਇਮਾਨਦਾਰ ਅਤੇ ਬਹੁਤ ਸੱਭਿਅ ਇਨਸਾਨ ਸਨ. ਹਮਲੇ ਦੀ ਅਗਵਾਈ ਕਰਣ ਵਾਲੇਆਂ ਵਿੱਚ ਮੋਇਨੁਦੀਨਪੁਰ ਦਾ ਇੱਕ ਸਈਦ, ਥੁੱਰੇ ਸ਼ਾਹ ਸ਼ਾਮਲ ਸੀ. ਉਸ ਨੇ ਕਈ ਹਿੰਦੂਆਂ ਨੂੰ ਚਾਕੂ ਮਾਰਿਆ ਅਤੇ ਉਨ੍ਹਾਂ ਦੀ ਦੁਕਾਨਾਂ ਲੁੱਟਿਆਂ. ਉਨ੍ਹਾਂ ਨੇ ਗਿਰੋਹ ਬਣਾਏ, ਅਤੇ ਗੁਜਰਾਤ ਛੱਡ ਕੇ ਭੱਜਦੇ ਹੋਏ ਬੇਕਸੁਰ ਗੈਰ-ਮੁਸਲਿਮਾਂ ਨੂੰ ਘਾਤ ਲਗਾਈ. ਉਨ੍ਹਾਂ ਨੇ ਜਲਾਲਪੁਰ ਜਟਾਂ ਦੇ ਸ਼ਹਿਰ ਤੇ ਵੀ ਹਮਲਾ ਕੀਤਾ ਜਿੱਥੇ ਹਿੰਦੂਆਂ ਨੂੰ ਇੱਕ ਵੱਡੀ ਤਦਾਦ ਤੇ ਮਾਰਿਆ ਗਿਆ. ਇਣ ਜੁਰਮਾਂ ਤੇ ਸ਼ਾਮਲ ਕਿਸੇ ਵੀ ਬਦਮਾਸ਼ ਉੱਪਰ, ਕਦੇ ਵੀ ਕੋਈ ਮੁਕਦਮਾ ਨਹੀਂ ਚਲਿਆ.'

ਮਹਿੰਦਰ ਨਾਥ ਖੱਨਾ

ਮੈਂ ਇੱਕ ਬਜ਼ੁਰਗ ਹਿੰਦੂ ਸੱਜਣ ਨੂੰ ਅੱਮ੍ਰਿਤਸਰ ਤੇ 3 ਜਨਵਰੀ 2005 ਨੂੰ ਮੋਹਨ ਹੋਟਲ ਦੀ ਲੋਬੀ ਤੇ ਮਿਲਿਆ. ਉਹ ਗੁਜਰਾਤ ਤੋਂ ਆਏ ਸੀ. ਉਨ੍ਹਾਂ ਨੇ ਮੈਨੂੰ ਗੁਜਰਾਤ ਤੇ, ਅਗਸਤ 1947 ਨੂੰ ਹੋਏ ਹਿੰਦੂਆਂ ਅਤੇ ਸਿੱਖਾਂ ਦੇ ਕਤਲੇਆਮ ਦੀ ਇੱਕ ਭਿਆਨਕ ਕਹਾਣੀ ਦੱਸੀ:

'ਮੈਂ 30 ਮਈ 1926 ਨੂੰ ਗੁਜਰਾਤ ਤੇ ਪੈਦਾ ਹੋਇਆ ਸੀ. ਮੁੱਖ ਬਾਜ਼ਾਰ ਤੇ ਮੇਰੇ ਪਿਤਾ ਦੀ ਇੱਕ ਦੁਕਾਨ ਸੀ. ਅਸੀਂ ਕਪੜਾ ਵੇਚਦੇ ਸੀ ਪਰ ਸਾਡਾ ਇੱਕ ਸਾਹੂਕਾਰ ਦਾ ਵੀ ਕੱਮ ਸੀ. ਜ਼ਿਆਦਾਤਰ ਦੁਕਾਨਾਂ ਹਿੰਦੂ ਖਤਰੀਆਂ ਦੀ ਸੀ. ਮੇਰੇ ਪਿਤਾ ਨੂੰ ਦਮੇ ਦੀ ਸ਼ਿਕਾਇਤ ਸੀ. ਮੇਰੇ ਦਾਦਾ-ਦਾਦੀ ਵੀ ਸਾਡੇ ਨਾਲ ਰਹਿੰਦੇ ਸੀ. ਅਸੀਂ ਛੇ ਬੱਚੇ ਸੀ; ਤਿੰਨ ਮੁੰਡੇ ਅਤੇ ਤਿੰਨ ਕੁੜੀਆਂ. ਮੇਰੀ ਮਾਸੀ ਵਿਧਵਾ ਹੋ ਗਈ ਸੀ ਅਤੇ ਉਹ ਵੀ ਸਾਡੇ ਨਾਲ ਹੀ ਰਹਿੰਦੀ ਸੀ. ਪਰ, ਸਾਡਾ ਪਰਵਾਰ ਖੁਸ਼ਹਾਲ ਸੀ. ਗੁਜਰਾਤ ਦੇ ਨਜਦੀਕ ਤੇ ਪਿੰਡਾਂ ਤੇ ਸਾਡੇ ਰਿਸ਼ਤੇਦਾਰ ਰਹਿੰਦੇ ਸੀ. ਮੇਰੇ ਮਾਮਾ ਵਸੂਲੀ ਦਫ਼ਤਰ ਤੇ ਕੱਮ ਕਰਦੇ ਸੀ, ਪਰ ਉਨ੍ਹਾਂ ਦਾ ਮਕਾਨ ਸ਼ਹਿਰ ਦੇ ਦੂਜੇ ਕਿਸੇ ਜਗ੍ਹ ਤੇ ਸੀ. ਮੁਸਲਿਮਾਂ ਨਾਲ ਸਾਡੇ ਰਿਸ਼ਤੇ ਬਹੁਤ ਉਮਦਾ ਸੀ. ਦਰਅਸਲ, ਸਾਡੇ ਖਾਸ ਖ਼ਰੀਦਾਰ ਮੁਸਲਿਮ ਸਨ ਅਤੇ ਉਨ੍ਹਾਂ ਦੇ ਨਾਲ ਲੈਣ-ਦੇਣ ਕਰਣ ਤੇ ਸਾਨੂ ਕਦੀ ਕੋਈ ਪਰੇਸ਼ਾਨੀ ਨਹੀਂ ਹੁੰਦੀ ਸੀ. ਮੈਂ ਇੱਕ ਸ਼ਥਾਨਕ ਸਰਕਾਰੀ ਸਕੂਲ ਤੇ ਪੜ੍ਹਿਆ. ਉਥੇ ਸਾਰੀ ਕੌਮਾਂ ਦੇ ਬੱਚੇ ਪੜ੍ਹਾਈ ਕਰਦੇ ਸੀ. ਸਾਨੂ ਪਹਿਲੀ ਵਾਰ ਤਣਾਅ ਤਦ

ਮਹਸੂਸ ਹੋਇਆ ਜਦ ਮੁਸਲਿਮ ਲੀਗ ਨੇ 1940 ਨੂੰ ਲਾਹੌਰ ਤੇ ਇੱਕ ਬੈਠਕ ਕੀਤੀ. ਮੈਨੂੰ ਯਾਦ ਹੈ ਕਿ ਬਾਜ਼ਾਰ ਵਿੱਚ ਇਸ ਦੇ ਉਪਰ ਗੱਲਬਾਤ ਹੋਈ ਅਤੇ ਕੁੱਝ ਲੋਕ ਡਰ ਰਹੇ ਸੀ ਕਿ ਅਗਰ ਇੱੱਕ ਮੁਸਲਿਮ ਮੁਲਕ ਇਜ਼ਾਦ ਹੋ ਜਾਂਦਾ ਸੀ, ਤੇ ਉਨ੍ਹਾਂ ਦੇ ਵਪਾਰ ਮਹਿਫ਼ੂਜ਼ ਨਹੀਂ ਰਹੇਗਾ ਅਤੇ ਨਾ ਹੀ ਜ਼ਿੰਦਗੀਆਂ. ਪਰ ਕੋਈ ਵੀ ਦਹਿਸ਼ਤਮੰਦ ਨਹੀਂ ਹੋਇਆ ਅਤੇ ਜ਼ਿਦੰਗੀ ਹਮੇਸ਼ਾ ਦੀ ਤਰ੍ਹਾਂ ਚਲਦੀ ਰਹੀ.

'ਇੱਕ ਨੌਜਵਾਨ ਮੁਸਲਿਮ ਕੁੜੀ ਸਾਡੀ ਦੁਕਾਨ ਦੇ ਰਾਹ ਤੋਂ ਹੋ ਕੇ ਜਾਂਦੀ ਸੀ. ਹਾਲਾਂਕਿ ਉਹ ਬੁਰਕਾ ਪਹਿੰਦੀ ਸੀ, ਕਦੀ ਕਦਾਰ ਉਹ ਆਪਣਾ ਚਿਹਰਾ ਦੂਜੇਆਂ ਨੂੰ ਵੇਖਣ ਦੇਂਦੀ ਸੀ. ਉਹ ਬੇਹਦ ਖ਼ੂਬਸੂਰਤ ਸੀ ਅਤੇ ਉਸ ਨੇ ਵੀ ਗੌਰ ਕੀਤਾ ਕਿ ਮੈਂ ਉਸ ਨੂੰ ਹਮੇਸ਼ਾ ਵੇਖਦਾ ਸੀ. ਮੈਂ ਹੁਣ ਵੀ ਕਦੀ ਕਦੀ ਉਸ ਦੇ ਬਾਰੇ ਸੋਚਦਾ ਹਾਂ. ਮੈਨੂੰ ਲਗਦਾ ਹੈ ਉਸ ਦੇ ਮਾਤਾ ਪਿਤਾ ਸਿਹਤਮੰਦ ਨਹੀਂ ਸਨ, ਕਿਉਂਕਿ ਉਸ ਦੀ ਮਾਂ ਲੰਗੜਾ ਕੇ ਚੱਲਦੀ ਸੀ ਅਤੇ ਉਸ ਦਾ ਪਿਉ ਇੱਕ ਸੋਟੀ ਲੈ ਕੇ ਚੱਲਦਾ ਸੀ. ਮੈਂ ਸੋਚਦਾ ਸੀ "ਕਿ ਉਨ੍ਹਾਂ ਦੇ ਹਾਲਾਤ ਚੰਗੇ ਨਹੀਂ ਸਨ". ਪਰ, ਉਣ ਦਿਨਾਂ ਤੇ ਬਗੈਰ ਰਿਸ਼ਤੇ ਦੀ ਕਿਸੇ ਕੁੜੀ ਨਾਲ ਗੱਲਬਾਤ ਕਰਣ ਦਾ ਕੋਈ ਸਵਾਲ ਹੀ ਨਹੀਂ ਸੀ. ਕੋਈ ਬੰਦਾ ਕਿਸੇ ਹਿੰਦੂ ਕੁੜੀ ਨਾਲ ਗੱਲ ਵੀ ਨਹੀਂ ਕਰ ਸਕਦਾ ਸੀ, ਅਤੇ ਇੱਕ ਹਿੰਦੂ ਮੁੰਡੇ ਦਾ ਮੁਸਲਿਮ ਕੁੜੀ ਨਾਲ ਦਾ ਜਾਂ ਇੱਕ ਹਿੰਦੂ ਕੁੜੀ ਦਾ ਮੁਸਲਿਮ ਮੁੰਡੇ ਨਾਲ ਗੱਲ ਕਰਣ ਦਾ, ਕੋਈ ਸਵਾਲ ਹੀ ਨਹੀਂ ਸੀ.

'ਜਨਵਰੀ 1947 ਦੇ ਆਖ਼ਰ ਤੇ, ਮੁਸਲਿਮਾਂ ਨੇ ਗੁਜਰਾਤ ਤੇ ਇੱਕ ਵੱਡੇ ਪੈਮਾਨੇ ਦਾ ਅੰਦੋਲਨ ਸ਼ੁਰੂ ਕੀਤਾ. ਹਾਲਾਂਕਿ ਕੋਈ ਤਸ਼ੱਦਦ ਨਹੀਂ ਹੋਇਆ, ਅੰਦੋਲਨਕਾਰੀਆਂ ਨੇ ਗੁੱਸੇ ਨਾਲ ਚੀਕ ਕੇ ਨਾਅਰੇਬਾਜ਼ੀ ਕੀਤੀ ਅਤੇ ਧਮਕੀ ਦਿੱਤੀ ਕਿ ਉਹ ਹਿੰਦੂਆਂ ਅਤੇ ਸਿੱਖਾ ਦੇ ਉਪਰ ਇਸਲਾਮੀ ਕਾਨੂੰਨ ਰੱਖ ਦੇਣਗੇ. ਮੈਨੂੰ ਯਾਦ ਹੈ, ਇਸ ਦੇ ਚਲਦਿਆਂ ਹਿੰਦੂ ਬੇਹਦ ਫ਼ਿਕਰਮੰਦ ਹੋ ਗਏ. ਇਹ ਵੀ ਫ਼ੈਸਲਾ ਕੀਤਾ ਗਿਆ ਕਿ ਮੁੱਖ ਹਿੰਦੂ ਮੰਦਰ ਨੂੰ ਕਿਸੇ ਵੀ ਹਮਲੇ ਤੋਂ ਬਚਾਇਆ ਜਾਵੇ. ਬਾਜ਼ਾਰ ਵਿੱਚ, ਸਾਡੀ ਮਜਾਰਿਟੀ ਸੀ, ਪਰ ਗੈਰ-ਮਹਿਫ਼ੂਜ਼ ਹੋਣ ਦਾ ਇੱਕ ਇਹਸਾਸ ਪੈਦਾ ਹੋਣ ਲਗਾ. ਕੁੱਝ ਲੋਕਾਂ ਨੇ ਤੇ ਆਪਣੀ ਦੁਕਾਨਾਂ ਵੇਚ ਦਿੱਤੀਆਂ, ਅਤੇ ਆਪਣੇ ਰਿਸ਼ਤੇਦਾਰਾਂ ਨਾਲ ਰਹਿਣ ਹੋਰ ਕਿਥੇ ਚਲੇ ਗਏ. ਮੇਰੇ ਪਿਤਾ ਭਵਿੱਖ ਦੇ ਬਾਰੇ ਬਹੁਤ ਫ਼ਿਕਰ ਕਰਦੇ ਸੀ, ਕਿਉਂਕਿ ਮੈਂ ਸਭ ਤੋਂ ਵੱਡਾ ਬੱਚਾ ਸੀ ਅਤੇ ਸਿਰਫ਼ 20 ਸਾਲ ਦਾ ਸੀ. ਮੇਰੀ ਸਭ ਤੋਂ ਛੋਟੀ ਭੈਣ, 1947 ਤੇ ਸੱਤ ਸਾਲਾਂ ਦੀ ਸੀ. ਪਰ, ਸਾਨੂ ਹੋਰ ਕਿਥੇ ਜਾਣ ਲਈ ਕੋਈ ਥਾਂ ਨਹੀਂ ਸੀ ਅਤੇ ਇਸ ਬਾਰੇ ਘਰ ਤੇ ਕੋਈ ਗੱਲਬਾਤ ਵੀ ਨਹੀਂ ਹੋਈ ਸੀ.

'ਜੁਲਾਈ ਤੇ ਤਸ਼ੱਦਦ ਦੇ ਕੁੱਝ ਵਾਕਿਐ ਹੋਏ ਅਤੇ ਇੱਕ ਅਫ਼ਵਾਹ ਫ਼ੈਲ ਗਈ ਕਿ ਮੁਸਲਿਮ ਸਾਡੇ ਉਪਰ ਹਮਲਾ ਕਰਣ ਵਾਲੇ ਸੀ. ਫਿਰ ਅਗਸਤ ਵਿੱਚ, ਆਜ਼ਾਦੀ ਦੇ ਕੁੱਝ ਦਿਨ ਪਹਿਲਾਂ, ਇਹ ਐਲਾਨ ਕੀਤਾ ਗਿਆ ਕਿ ਬਾਜ਼ਾਰ ਤੇ ਇੱਕ ਹਮਲਾ ਕੀਤਾ ਗਿਆ ਸੀ. ਕੁੱਝ ਦੁਕਾਨਦਾਰ ਹਲਾਕ ਕਰ ਦਿੱਤੇ ਗਏ. ਇਸ ਦੇ ਚਲਦਿਆਂ ਸੱਚ-ਮੁਚ ਦਹਿਸ਼ਤ ਫੈਲ ਗਈ. ਕਿਉਂਕਿ ਮੇਰੇ ਪਿਤਾ ਨੂੰ ਦਮਾ ਸੀ ਅਤੇ ਮੇਰੀ ਦਾਦੀ ਕਾਫ਼ੀ ਬਜ਼ੁਰਗ ਸੀ, ਅਸੀਂ ਹੋਰ ਕਿਥੇ ਵੀ ਨਹੀਂ ਜਾ ਸਕਦੇ ਸੀ. ਫਿਰ, ਈਦ ਦੇ ਦੋ ਦਿਨਾਂ ਬਾਅਦ (ਬੁਧਵਾਰ, 20 ਅਗਸਤ), ਸਾਡੇ ਘਰ ਦੇ ਉਪਰ ਹਮਲਾ ਕੀਤਾ ਗਿਆ. ਇਹ ਇੱਕ ਹਿੰਦੂ ਇਲਾਕਾ ਸੀ ਪਰ ਜ਼ਿਆਦਾਤਰ ਵਸਦੇ ਲੋਕ ਜਾ ਚੁਕੇ ਸੀ, ਅਤੇ ਸਾਡੀ ਸੁਰੱਖਿਆ ਕਰਣ ਲਈ ਤਗੜੇ ਬੰਦੇ ਨਾ ਦੇ ਬਰਾਬਰ ਸਨ. ਹਮਲਾਵਰ ਉਸ ਇਲਾਕੇ ਦੇ ਗੁੰਡੇ ਸੀ. ਅਸੀਂ ਉਨ੍ਹਾਂ ਨੂੰ ਜਾਣਦੇ ਸੀ, ਪਰ ਉਸ ਦਿਨ ਉਹ ਇੱਕ ਵੈਰੀ ਮਿਜ਼ਾਜ ਵਿੱਚ ਸਨ.

'ਮੇਰੇ ਪਿਤਾ ਉਨ੍ਹਾਂ ਦੇ ਨਾਲ ਗੱਲ ਕਰਣ ਲਈ ਬਾਹਰ ਗਏ. ਉਹ ਚਾਹੁੰਦੇ ਸੀ ਕਿ ਅਸੀਂ ਆਪਣਾ ਸੋਨਾ, ਚਾਂਦੀ ਅਤੇ ਜਿਨ੍ਹੇ ਵੀ ਪੈਸੇ ਸੀ, ਉਨ੍ਹਾਂ ਨੂੰ ਦੇ ਦੇਣ. ਮੇਰੇ ਪਿਤਾ ਉਨ੍ਹਾਂ ਨੂੰ ਸਭ ਕੁੱਝ ਦੇਣ ਲਈ ਮੱਨ ਗਏ, ਅਗਰ

ਉਹ ਸਾਡਾ ਕੋਈ ਨੁਕਸਾਨ ਨਹੀਂ ਕਰਦੇ ਸੀ. ਉਨ੍ਹਾਂ ਨੇ ਸਾਨੂ ਉਸੇ ਵਕਤ ਚਲੇ ਜਾਣ ਨੂੰ ਕਿਹਾ. ਅਸੀਂ ਰੇਲਵੇ ਸਟੇਸ਼ਨ ਦੀ ਤਰਫ਼ ਚੱਲਣ ਲਗੇ, ਜੋ ਕਾਫ਼ੀ ਦੂਰ ਸੀ. ਗੁੰਡੇਆ ਨੇ ਥੋੜੀ ਦੂਰ ਤੱਕ ਸਾਡਾ ਸਾਥ ਦਿੱਤਾ ਪਰ ਥੋੜੀ ਦੇਰ ਬਾਅਦ, ਦੂਜੇ ਘਰਾਂ ਨੂੰ ਲੁੱਟਣ ਲਈ, ਉਹ ਮੁੜ ਗਏ. ਰਾਹ ਤੇ, ਸਾਡੇ ਨਾਲ ਹੋਰ ਵੀ ਹਿੰਦੂ ਅਤੇ ਸਿੱਖ ਆ ਗਏ. ਗੁਜਰਾਤ ਜਲ ਰਿਹਾ ਸੀ ਅਤੇ ਚਾਰੇ ਪਾਸੇ ਲਾਸ਼ਾਂ ਪਇਆਂ ਹੋਇਆਂ ਸੀ. ਮੇਰੀ ਦਾਦੀ ਚੱਲ ਨਹੀਂ ਸਕਦੀ ਸੀ ਅਤੇ ਉਸ ਨੇ ਮੰਦਰ ਵਿੱਚ ਰਹਿਣ ਦਾ ਫ਼ੈਸਲਾ ਕੀਤਾ. ਮੇਰੇ ਦਾਦਾ ਨੇ ਵੀ ਜਾਣ ਤੋਂ ਮਨ੍ਹਾਂ ਕਰ ਦਿੱਤਾ ਅਤੇ ਸਾਨੂ ਚਲੇ ਜਾਣ ਨੂੰ ਕਿਹਾ. ਮੇਰੇ ਪਿਤਾ ਰੋਏ ਅਤੇ ਉਨ੍ਹਾ ਨੂੰ ਚੱਲਣ ਦੀ ਕੋਸ਼ਿਸ਼ ਕਰਣ ਲਈ ਮਿਣਤਾਂ ਕੀਤੀਆਂ, ਪਰ ਉਹ ਚਲ ਨਹੀਂ ਸਕੇ.

"ਸਾਡੇ ਸਟੇਸ਼ਨ ਤੇ ਪਹੁੰਚਣ ਤੋਂ ਥੋੜਾ ਪਹਿਲਾਂ, ਇੱਕ ਭੀੜ ਨੇ ਬਰਛੇ, ਤਲਵਾਰਾਂ ਲੈ ਕੇ ਅਤੇ "*ਯਾ ਅਲੀ , ਯਾ ਅਲੀ*" ਚੀਕਦੇ ਹੋਏ ਹਿੰਦੂਆ ਅਤੇ ਸਿੱਖਾਂ ਦੇ ਉਪਰ, ਜਿਨ੍ਹਾਂ ਦੀ ਤਦਾਦ ਘੱਟ ਤੋਂ ਘੱਟ 500 ਸੀ, ਝਪਟਾ ਮਾਰ ਦਿੱਤਾ. ਸਾਡੇ ਕੋਲ ਆਪਣੇ ਬਚਾਉ ਲਈ ਕੁੱਝ ਵੀ ਨਹੀਂ ਸੀ. ਮੈਂ ਆਪਣੇ ਪਿਤਾ ਉਪਰ ਬਰਛੇ ਦਾ ਹਮਲਾ ਹੁੰਦੇ ਵੇਖਿਆ. ਮੇਰੀ ਮਾਂ ਉਨ੍ਹਾਂ ਦੀ ਮਦਦ ਕਰਣ ਗਈ ਪਰ ਕਿਸੇ ਨੇ ਉਨ੍ਹਾਂ ਦੇ ਸਿਰ ਤੇ ਹਥੌੜਾ ਮਾਰ ਦਿੱਤਾ. ਮੈਂ ਵੇਖਿਆ ਕਿ ਜਦ ਉਹ ਗਿਰੇ, ਉਨ੍ਹਾਂ ਦੀ ਖੋਪੜੀ ਫੁੱਟ ਕੇ ਖੁਲ ਗਈ ਸੀ. ਮੈਂ ਸਟੇਸ਼ਨ ਦੀ ਤਰਫ਼ ਦੌੜ ਗਿਆ. ਕੁੱਝ ਦੂਜੇ ਵੀ ਕਾਮਯਾਬ ਹੋ ਗਏ, ਪਰ ਮੇਰੇ ਭਰਾ ਅਤੇ ਭੈਨਾਂ ਅਤੇ ਜ਼ਿਆਦਾਤਰ ਦੂਜੇ ਬੱਚੇ, ਔਰਤਾਂ ਅਤੇ ਬਜ਼ੁਰਗ ਨਹੀਂ ਪਹੁੰਚ ਸਕੇ. ਉਸ ਦਿੱਨ ਗੁਜਰਾਤ ਤੇ ਹਕੀਕੀ ਕਸਾਈਪੁਣਾ ਹੋਇਆ.

'ਸਾਡੇ ਤੋਂ ਕੁਝ, ਜ਼ਿਆਦਾਤਰ ਨੌਜਵਾਨਾਂ ਇਕੱਠਾਂ ਹੋ ਕੇ ਇੱਕ ਗਡੀ ਦੇ ਡਬੇ ਤੇ ਦਾਖਲ ਹੋਏ, ਜੋ ਉਤਰ ਤੋਂ ਆਈ ਸੀ. ਇਹ ਲਾਹੌਰ ਜਾ ਰਹੀ ਸੀ. ਖੁਸਕਿਸਮਤੀ ਨਾਲ, ਉਸ ਗੱਡੀ ਵਿੱਚ ਕੁੱਝ ਅੰਗਰੇਜ਼ ਵੀ ਮੌਜੂਦ ਸਨ. ਅਤੇ ਇਹ ਲਾਹੌਰ ਤਕ, ਬਗੈਰ ਕਿਸੇ ਹਮਲੇ ਦੇ ਜਾ ਸਕਦੀ ਸੀ. ਲਾਹੌਰ ਸਟੇਸ਼ਨ ਤੇ ਵੀ ਹਾਲਾਤ ਖਰਾਬ ਸਨ, ਪਰ ਅਸੀਂ ਕੁੱਝ ਗੋਰਖਾ ਸਿਪਾਹੀਆਂ ਨਾਲ ਮਿਲੇ ਜੋ ਸਾਨੂ ਹਿਫ਼ਾਜ਼ਤ ਦੇ ਕੇ ਡੀ.ਏ.ਵੀ. ਕਾਲਜ ਲੈ ਆਏ, ਜਿੱਥੇ ਪਨਾਹਗੀਰਾਂ ਲਈ ਇੱਕ ਕੈਂਪ ਤਿਆਰ ਕੀਤਾ ਗਿਆ ਸੀ. ਕੈਂਪ ਦੇ ਹਾਲਾਤ ਡਰਾਉਣ ਵਾਲੇ ਸਨ. ਲੱਗਭਗ ਸਭ ਨੇ ਇੱਕ ਕਰੀਬੀ ਰਿਸ਼ਤੇਦਾਰ ਨੂੰ ਗੁਆਇਆ ਸੀ, ਅਤੇ ਲਗਦਾ ਸੀ ਕਿ ਅਸੀਂ ਕਿਸੇ ਜਨਾਜ਼ੇ ਤੇ ਆਏ ਸੀ. ਸਤੰਬਰ ਦੇ ਪਹਿਲੇ ਹਫ਼ਤੇ ਤੱਕ ਅਸੀਂ ਲਾਹੌਰ ਤੇ ਰਹੇ. ਰੋਜ਼ਾਨਾ ਮੈਂ ਇਧਰ ਉਧਰ ਜਾ ਕੇ ਪੁਛਦਾ ਕਿ ਕੋਈ ਗੁਜਰਾਤ ਤੋਂ ਆਇਆ ਸੀ ਜਾਂ ਨਹੀਂ. ਕੁੱਝ ਪਰਵਾਰ ਆਏ ਜ਼ਰੂਰ ਸੀ ਪਰ ਮੇਰਾ ਕੋਈ ਕਰੀਬੀ ਨਹੀਂ ਆਇਆ. ਮੈਨੂੰ ਬਾਅਦ ਤੇ ਪਤਾ ਲਗਾ ਕਿ ਜਿਸ ਮੰਦਰ ਤੇ ਮੇਰੇ ਦਾਦਾ ਦਾਦੀ ਨੇ ਪਨਾਹ ਲੀਤੀ ਸੀ, ਉਸ ਨੂੰ ਸਾੜ ਦਿੱਤਾ ਗਿਆ ਸੀ ਅਤੇ ਅੰਦਰ ਸਾਰੇ ਲੋਕ ਮਾਰ ਦਿੱਤੇ ਗਏ ਸੀ.

'ਅਸੀਂ ਅੱਮ੍ਰਿਤਸਰ ਤੇ ਪਹੁੰਚੇ, ਜਿੱਥੇ ਮੁਸਲਿਮਾਂ ਦੇ ਉਪਰ ਹਮਲੇ ਹੋ ਰਹੇ ਸੀ. ਸਾਡੇ ਸਭ ਦੇ ਅੰਦਰ ਬੇਹਦ ਜ਼ਿਆਦਾ ਦਰਦ ਸੀ. ਸਾਡੇ ਜ਼ਿਆਦਾਤਰ ਲੋਕਾਂ ਨੇ ਆਪਣੇ ਕਰੀਬੀ ਲੋਕਾਂ ਨੂੰ ਗੁਆਇਆ ਸੀ. ਤਦ, ਕਿਸੇ ਨੇ ਸਾਨੂ ਕਿਹਾ ਕਿ ਮੁਸਲਿਮਾਂ ਨਾਲ ਬਦਲਾ ਲੈਣਾ ਸਾਡਾ ਫ਼ਰਜ਼ ਸੀ. ਮੈਂ ਮਣਦਾ ਹਾਂ ਕਿ ਮੈਂ ਅਤੇ ਦੂਜੇ ਕਈ ਗੁਜਰਾਤ ਤੋਂ ਆਏ ਸਮੂਹ ਦੇ ਲੋਕਾਂ ਨੇ ਮੁਸਲਿਮਾਂ ਉਪਰ ਹਮਲੇਆਂ ਤੇ ਹਿੱਸਾ ਲੀਤਾ. ਅਸੀਂ ਕਿੰਨੇ ਮੁਸਲਿਮਾਂ ਨੂੰ ਹਲਾਕ ਕੀਤਾ? ਮੈਨੂੰ ਲਗਦਾ ਹੈ, ਪਹਿਲੇ ਇਨਸਾਨ ਨੂੰ ਇੱਕ ਕੁਹਾੜੀ ਦੇ ਨਾਲ ਮਾਰਣ ਦੇ ਬਾਅਦ, ਮੈਂ ਗਿਣਨਾ ਛੱਡ ਦਿੱਤਾ ਸੀ. ਇਹ ਸਭ ਕੁੱਝ ਹੋਏ, ਬਹੁਤ ਦਿਨ ਹੋ ਗਏ ਨੇ. ਮੈਂ ਕਦੀ ਵਿਆਹ ਨਹੀਂ ਕੀਤਾ ਕਿਉਂਕਿ ਮੈਂ ਆਪਣੇ ਗ਼ਮ ਨੂੰ ਭੁੱਲ ਨਹੀਂ ਸਕਿਆ. ਅਗਸਤ 1947 ਤੇ ਮੇਰੀ ਜ਼ਿੰਦਗੀ ਤਬਾਹ ਹੋ ਹਈ

ਸੀ.'

ਗੁਜਰਾਤ ਦੇ ਦਿਹਾਤੀ ਇਲਾਕੇ

ਜਗਨ ਨਾਥ

'ਮੇਰਾ ਜਨਮ 1926 ਨੂੰ ਇੱਕ ਪਿੰਡ ਕੀਰੋਵਲ ਤੇ ਹੋਇਆ ਜੋ ਗੁਜਰਾਤ ਸ਼ਹਿਰ ਦੇ ਪਛੱਮ ਤੇ ਸੀ. ਸਾਡੇ ਪਿਤਾ ਦੀ ਮੁੱਖ ਬਾਜ਼ਾਰ ਤੇ ਇੱਕ ਕਪੜੇ ਦੀ ਦੁਕਾਨ ਸੀ. ਉਥੇ ਤੀਹ ਹਿੰਦੂ ਪਰਵਾਰ ਅਤੇ ਬਾਕੀ ਸਈਦ ਮੁਸਲਿਮ ਸਨ. ਉਨ੍ਹਾਂ ਦੇ ਨਾਲ ਸਾਡੇ ਬੇਹਤਰੀਨ ਰਿਸ਼ਤੇ ਸਨ. ਪੂਰਾ ਪਿੰਡ ਇੱਕ ਵਡਾ ਪਰਵਾਰ ਸੀ ਜਿਸ ਵਿੱਚ ਸਾਰੀ ਕੌਮਾਂ ਦੇ ਲੋਕ ਇੱਕ ਦੂਜੇ ਦੇ ਤਿਉਹਾਰ ਮਨਾਉਂਦੇ ਸੀ ਅਤੇ ਇੱਕ ਦੂਜੇ ਦੇ ਸੁਖ-ਦੁਖ ਵਿੱਚ ਹਿੱਸਾ ਲੈਂਦੇ ਸੀ. ਹਾਲਾਂਕਿ, ਅਸੀਂ ਗੁਜਰਾਤ ਤੇ ਗੜਬੜੀ ਬਾਰੇ ਸੁਣਿਆ ਸੀ, ਪਿੰਡ ਵਿੱਚ ਕੋਈ ਤਣਾਅ ਨਹੀਂ ਸੀ. ਪਰ ਅਚਾਨਕ ਈਦ ਦੇ ਮੌਕੇ ਤੇ ਜੋ 18 ਅਗਸਤ ਨੂੰ ਸੀ, ਇਹ ਐਲਾਨ ਕੀਤਾ ਗਿਆ ਕਿ ਸਿੱਖ ਜੱਥੇ ਮੁਸਲਿਮਾਂ ਨੂੰ ਮਾਰਣ ਲਈ ਆ ਰਹੇ ਸੀ. ਇਹ ਸਾਡੇ ਉਪਰ ਹਮਲਾ ਕਰਣ ਦਾ ਇੱਕ ਬਹਾਨਾ ਸੀ. ਸਾਡੇ ਜ਼ਿਆਦਾਤਰ ਲੋਕਾਂ ਨੇ ਦੁਕਾਨਾਂ ਕਿਰਾਇਏ ਤੇ ਲੀਤੀ ਸੀ ਅਤੇ ਮਾਲਕ ਮੁਸਲਿਮ ਸਨ. ਜਦ ਹਮਲਾ ਹੋਇਆ, ਹਿੰਦੂ ਆਪਣੀ ਦੁਕਾਨਾਂ ਖੁਲ੍ਹੀ ਰੱਖ ਕੇ ਭੱਜ ਗਏ. ਹਮਲਾ ਬਾਹਰ ਦੇ ਲੋਕਾਂ ਨੇ ਕੀਤਾ ਸੀ. ਸਾਡੇ ਪਿੰਡ ਦੇ ਲੋਕਾਂ ਨੇ ਹਮਲਾ ਨਹੀਂ ਕੀਤਾ ਸੀ. ਸਈਦਾਂ ਨੇ ਹਮਲਾ ਨਹੀਂ ਕੀਤਾ ਸੀ. ਜਦ ਹਾਲਾਤ ਖਰਾਬ ਹੋ ਗਏ ਤੇ, ਉਨ੍ਹਾਂ ਨੇ ਸਾਨੂ ਮੁਸਲਿਮ ਬਣ ਜਾਣ ਲਈ ਕਿਹਾ. ਅਸੀਂ ਕੁੱਝ ਦਿਨ ਲਈ ਇਸ ਤਰ੍ਹਾਂ ਕੀਤਾ, ਪਰ ਜਦ ਫ਼ੌਜ਼ ਆਈ, ਸਾਨੂ ਗੁਜਰਾਤ ਸ਼ਹਿਰ ਲੈ ਜਾਇਆ ਗਿਆ. ਮੇਰੇ ਪਰਵਾਰ ਦਾ ਕੋਈ ਕਰੀਬੀ ਰਿਸ਼ਤੇਦਾਰ ਹਲਾਕ ਨਹੀਂ ਹੋਇਆ. 25 ਸਤੰਬਰ ਨੂੰ ਅਸੀਂ ਗੁਜਰਾਤ ਛੱਡ ਦਿੱਤਾ. ਸਫਰ ਬੇਹਦ ਧੀਮਾ ਅਤੇ ਥਕਾਉਣ ਵਾਲਾ ਸੀ. ਅਸੀਂ ਇੱਕ ਰਾਤ ਗੁਜਰਾਂਵਾਲਾ ਤੇ ਗੁਜ਼ਾਰੀ; ਅਤੇ ਫਿਰ ਹੋਰ ਇੱਕ ਰਾਤ ਨਹਿਰ ਦੇ ਕਿਨਾਰੇ ਗੁਜ਼ਾਰੀ. ਸਾਡੇ ਨਾਲ ਫ਼ੌਜ਼ ਦਾ ਇੱਕ ਕੈਪਟੇਨ ਸੀ.

'ਉਹ ਸਾਨੂ ਨਨਕਾਣਾ ਸਾਹਿਬ ਲੈ ਆਇਆ ਜਿੱਥੇ ਅਸੀਂ ਦੋ ਰਾਤਾਂ ਤੱਕ ਰਹੇ. ਫਿਰ ਅਸੀਂ ਕੁੱਝ ਦਿਨ ਲਾਹੌਰ ਦੇ ਡੀ.ਏ.ਵੀ. ਕਾਲਜ ਤੇ ਰਹੇ. ਆਰ.ਐਸ.ਐਸ. ਉਸ ਕੈਂਪ ਤੇ ਮੌਜੂਦ ਸੀ ਜੋ ਸਾਨੂ ਖਾਣਾ ਅਤੇ ਦੂਜੀ ਮਦਦ ਦੇ ਰਹੇ ਸੀ. ਅਸੀਂ, ਅਖੀਰਕਾਰ 2 ਅਕਤੂਬਰ ਨੂੰ ਅੱਮ੍ਰਿਤਸਰ ਤੇ ਪਹੁੰਚੇ. ਸਾਡੇ ਪਿੰਡ ਦਾ ਲੰਬਰਦਾਰ ਘੁਲਾਮ ਕਾਦਿਰ ਸੀ. ਮੁਜ਼ਮਿਲ ਸ਼ਾਹ ਅਤੇ ਘਾਉਸ ਸ਼ਾਹ ਮੇਰੇ ਚੰਗੇ ਦੋਸਤ ਸਨ. ਉਹ ਸੁੱਨੀ ਮੁਸਲਿਮ ਸਨ. ਸਾਡਾ ਇੱਕ ਸੁੱਨੀ ਪਿੰਡ ਸੀ. ਮੈਨੂੰ ਹੁਣ ਵੀ ਪਿੰਡ ਦੀ ਗਲੀਆਂ ਦੇ ਨਾਂਅ ਯਾਦ ਨੇ. ਮੇਰਾ ਇੱਕ ਦੋਸਤ ਬਸ਼ੀਰ ਅਹਿਮਦ ਸੀ, ਜੋ ਨਾਈ ਬਰਾਦਰੀ ਤੋਂ ਸੀ. ਉਹ ਮੈਨੂੰ ਪੱਤਰ ਲਿਖਿਆ ਕਰਦਾ ਸੀ. ਹਿੰਦੂਆਂ ਉਪਰ ਹਮਲਾ ਕਰਣ ਲਈ ਮੌਲਵੀਆਂ ਨੇ ਉਕਸਾਇਆ ਸੀ. ਸਾਨੂ ਦੁਬਾਰਾ ਆਪਣੇ ਪੈਰਾਂ ਤੇ ਖੜ੍ਹੇ ਹੋਣ ਤੇ ਅਤੇ ਰੋਜ਼ਗਾਰ ਕਰਣ ਤੇ, ਇੱਕ ਲੰਬਾ ਵਕਤ ਲਗਿਆ. ਕੀਰੋਵਾਲ ਹਮੇਸ਼ਾ ਮੇਰੇ ਖ਼ਿਆਲਾਂ ਤੇ ਰਹਿੰਦਾ ਹੈ. ਮੈਨੂੰ ਮੁਸਲਿਮਾਂ ਦੇ ਖ਼ਿਲਾਫ਼ ਕੋਈ ਵੈਰ-ਭਾਵ ਨਹੀਂ ਹੈ. 1947 ਤੇ ਜੋ ਹੋਇਆ, ਉਸ ਲਈ, ਉਨ੍ਹਾਂ ਦੇ ਉਪਰ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ ਹੈ. ਦੋਨੋ ਤਰਫ਼ ਬੁਰੇ ਅਤੇ ਜ਼ਾਲਮ ਲੋਕ ਸਨ.'

ਮੈਂ ਮਸ਼ਹੁਰ ਪੰਜਾਬੀ ਲੇਖਕ ਅਤੇ ਸ਼ਾਇਰ, ਪ੍ਰੋਫ਼ੇਸਰ ਮੁਹੱਮਦ ਸ਼ਰੀਫ਼ ਕੁਨਜਹੀ ਨਾਲ 20 ਅਪ੍ਰੈਲ 2003 ਨੂੰ ਗੁਜਰਾਤ ਤੇ 1947 ਦੀ ਘਟਨਾਵਾਂ ਬਾਰੇ ਗੱਲ ਕੀਤੀ. ਉਨ੍ਹਾਂ ਨੇ ਇੱਕ ਦਿਲਚਸਪ ਇਤਿਹਾਸਕ ਤਸਵੀਰ ਪੇਸ਼ ਕੀਤੀ ਜੋ ਅਸਲ ਤਕਸੀਮ ਦੇ ਫ਼ਸਾਦਾਂ ਤੋਂ ਪਹਿਲਾਂ ਦੇ ਤਣਾਅ ਦੇ ਬਾਰੇ ਸੀ.

ਪ੍ਰੋਫ਼ੈਸਰ ਮੁਹੱਮਦ ਸ਼ਰੀਫ਼ ਕੁੰਜਾਹੀ

'ਮੇਰਾ ਜਨਮ ਕੁੰਜਾਹ ਤੇ ਹੋਇਆ ਸੀ ਜੋ ਗੁਜਰਾਤ ਜ਼ਿਲ੍ਹੇ ਦਾ ਇੱਕ ਅਹਿਮ ਬਾਜ਼ਾਰ ਸੀ. ਆਲੇ-ਦੁਆਲੇ ਦੇ ਪਿੰਡਾ ਤੋਂ ਇਥੇ ਲੋਕ ਆ ਕੇ ਆਪਣਾ ਸਾਮਾਨ ਵੇਚਦੇ ਜਾਂ ਖ਼ਰੀਦਾਰੀ ਕਰਦੇ. ਸ਼ਾਡਾ, 1903 ਤੋਂ ਇੱਕ ਹਾਈ ਸਕੂਲ ਅਤੇ ਇੱਕ ਡਾਕ ਖ਼ਾਨਾ ਸੀ. ਸਾਰੇ ਮਜ਼ੂਬਾਂ ਦੇ ਮੁੰਡੇ ਇਥੇ ਇਕੱਠਾ ਪੜ੍ਹਾਈ ਕਰਦੇ ਸੀ. ਸਾਡੇ ਅਧਿਆਪਕ, ਜੋ ਹਿੰਦੂ ਅਤੇ ਮੁਸਲਿਮ ਸਨ, ਬਹੁਤ ਰਹਿਮਦਿਲ ਅਤੇ ਸੰਤ ਆਤਮਾ ਸਨ. ਕੁੰਜਾਹ ਇੱਕ ਛੋਟਾ ਸ਼ਹਿਰ ਸੀ. ਕੁੰਜਾਹ ਉਪਰ ਫ਼ਿਰਕੂ ਪ੍ਰਭਾਵ ਤਦ ਸ਼ੁਰੂ ਹੋਇਆ ਜਦ 1927-28 ਤੇ ਇੱਕ ਸਿੱਖ ਆਗੂ ਨੇ ਇੱਕ ਬਿਆਨ ਜਾਰੀ ਕੀਤਾ ਕਿ ਸਿੱਖਾਂ ਨੂੰ ਮੁਸਲਿਮਾਂ ਤੋਂ ਮੀਟ ਨਹੀਂ ਖ਼ਰੀਦਣਾ ਚਾਹੀਦਾ ਸੀ ਕਿਉਂਕਿ ਇਸ ਨੂੰ ਇਸਲਾਮੀ ਤਰੀਕੇ ਨਾਲ ਵੱਡਿਆ ਜਾਂਦਾ ਸੀ. ਉਸ ਨੇ ਇੱਕ ਝਟਕਾ ਮੀਟ ਦੀ ਦੁਕਾਨ ਦਾ ਉਦਘਾਟਨ ਸਮਾਰੋਹ ਕੀਤਾ. ਇਸ ਨੇ ਫ਼ਿਰਕੂ ਰਿਸ਼ਤੇਆਂ ਉਪਰ ਬੁਰਾ ਅਸਰ ਪਾਇਆ. ਮੌਲਵੀ ਅਬਦੁੱਲ੍ਹਾ ਨੇ 1930 ਨੂੰ, ਇਸ ਦੇ ਬਾਅਦ ਇੱਕ ਅਲਗ ਮੁਸਲਿਮ ਸਕੂਲ ਖੋਲ ਦਿੱਤਾ. ਹਿੰਦੂ ਅਤੇ ਸਿੱਖ ਸਾਡੇ ਸਕੂਲ ਤੇ ਪੜ੍ਹ ਸਕਦੇ ਸੀ ਅਤੇ ਕੁੱਝ ਪੜ੍ਹੇ ਵੀ.

'12ਵੀਂ ਜਮਾਤ ਪਾਸ ਕਰ ਕਰ ਮੈਂ ਕੱਮ ਲੱਭਿਆ ਪਰ ਕੋਈ ਕੱਮ ਨਹੀਂ ਲੱਭਾ. ਇਸ ਨੇ ਮੈਨੂੰ ਬ੍ਰਿਟਿਸ਼ ਦੇ ਖ਼ਿਲਾਫ਼ ਕਰ ਦਿੱਤਾ. ਮੈਨੂੰ ਕਾਂਗਰੇਸ ਪਾਰਟੀ ਨੇ ਆਪਣੀ ਤਰਫ਼ ਖਿੱਚਿਆ ਜਿਸ ਦੀ ਗੁਜਰਾਤ ਅਤੇ ਕੁੰਜਾਹ ਤੇ ਮੌਜੂਦਗੀ ਸੀ. ਮੈਂ ਮਜਲਿਸ-ਇ-ਅਹਰਾਰ ਦਾ ਵੀ ਸਦੱਸ ਸੀ. ਹਾਲਾਂਕਿ ਜ਼ਿਆਦਾਤਰ ਹਿੰਦੂ ਕਾਂਗਰੇਸ ਤੇ ਸਨ, ਗੈਰ-ਸ਼ਹਿਨਸ਼ਾਹੀਅਤੀ ਮੁਸਲਿਮ ਵੀ ਇਸ ਦੇ ਸਦੱਸ ਸਨ. ਸਾਨੂ ਪਿੰਡਾ ਤੇ ਜਾਣ ਦੀ ਹਦਾਇਤ ਦਿੱਤੀ ਗਈ ਅਤੇ, *ਕਲੋਨੀਅਲ* ਹਕੂਮਤ ਤੋਂ ਆਜ਼ਾਦੀ ਹਾਸਲ ਕਰਣ ਬਾਰੇ ਉਥੇ ਤਾਲੀਮ ਦੇਣ ਨੂੰ ਕਿਹਾ ਗਿਆ. ਕਾਂਗਰੇਸ ਪਾਰਟੀ ਛੂਆ-ਛੂਤ ਤੇ ਖ਼ਿਲਾਫ਼ ਸੀ ਪਰ ਕੁੰਜਾਹ ਦੇ ਹਿੰਦੂ ਅਪਵਿੱਤਰ ਹੋਣ ਦੇ ਰਵਾਇਤ ਨੂੰ ਮੱਨਦੇ ਰਹੇ. ਮਿਸਾਲ ਦੇ ਤੌਰ ਤੇ, ਕੁੰਜਾਹ ਤੇ ਇੱਕ ਹਿੰਦੂ ਹਲਵਾਈ ਸੀ ਅਤੇ ਕਦੀ ਕਦਾਰ ਅਸ਼ੀਂ ਉਸ ਦੀ ਦੁਕਾਨ ਤੇ ਲੱਸੀ ਪੀਣ ਜਾਦੇ ਸੀ. ਉਸ ਹਲਵਾਈ ਕੋਲ ਮੁਸਲਿਮਾਂ ਦੇ ਲਈ ਅਲਗ ਮੱਗ ਹੁੰਦੇ ਸੀ ਅਤੇ ਅਸੀਂ ਜਦ ਲੱਸੀ ਪੀ ਲੈਂਦੇ ਸੀ, ਉਹ ਉਸ ਨੂੰ ਬਹੁਤ ਚੰਗੀ ਤਰ੍ਹਾਂ ਸਾਫ ਕਰਦਾ. ਮੈਨੂੰ ਨਹੀਂ ਪਤਾ ਕਿ ਇਸ ਬਾਰੇ ਆਮ ਕਿਸਾਨ ਕੀ ਸੋਚਦੇ ਸੀ, ਪਰ ਮੈਂ ਇਸ ਸਲੂਕ ਨਾਲ ਨਾਰਾਜ਼ ਸੀ. ਮੁਸਲਿਮਾਂ ਨੂੰ ਇਸ ਬਾਰੇ ਵੀ ਸਾੜਾ ਸੀ ਕਿ ਹਿੰਦੂ ਅਤੇ ਇਥੋਂ ਤੱਕ ਕਿ ਸਿੱਖਾਂ ਦੇ ਹਾਲਾਤ ਉਨ੍ਹਾਂ ਤੋਂ ਬਿਹਤਰ ਸਨ. ਉਹ ਪੱਕੇ ਮਕਾਨਾਂ ਤੇ ਰਹਿੰਦੇ ਸੀ, ਜਦ ਕਿ ਮੁਸਲਿਮ ਕੱਚੇ ਮਕਾਨਾਂ ਤੇ.

'ਪਰ ਪੱਕੀ ਦੋਸਤੀਆਂ ਵੀ ਮੁਮਕਿਨ ਸੀ. ਮੇਰਾ ਇੱਕ ਦੋਸਤ ਜੈ ਚੰਦ ਨਖਿਯਰ ਸੀ, ਜਿਸ ਦਾ ਵਿਆਹ ਹੋਣ ਵਾਲਾ ਸੀ. ਉਸ ਦੇ ਵਿਆਹ ਲਈ, ਸਾਨੂ ਵਜੀਰਾਬਾਦ ਜਾਣਾ ਸੀ. ਮੈਂ ਉਸ ਨੂੰ ਕਿਹਾ ਕਿ ਇਹ ਬਿਹਤਰ ਹੈ ਕਿ ਮੈ ਨਹੀਂ ਜਾਂਵਾ ਕਿਉਂਕਿ ਮੈਨੂੰ ਅਲਗ ਬੈਠਾ ਕੇ ਖਾਣਾ ਦਿੱਤਾ ਜਾਵੇਗਾ. ਉਸ ਨੇ ਜਾ ਕੇ ਆਪਣੀ ਮਾਂ ਨੂੰ ਇਹ ਗੱਲ ਦੱਸੀ. ਉਸ ਦੀ ਮਾਂ ਨੇ ਕਿਹਾ, "ਇਣ ਹਿੰਦੂ ਬੇਵਕੂਫਿਆਂ ਦਾ ਬੁਰਾ ਨਹੀਂ ਮਣਾਇਦਾ. ਤੁਸੀਂ ਦੋਨੇ ਇਕੱਠਾ ਬੈਠੇਗੇ; ਇਕੱਠਾ ਖਾਣਾ-ਪੀਣਾ ਕਰੋਗੇ ਅਤੇ ਅਸੀਂ ਵੇਖਾਂਗੇ ਕੀ ਹੁੰਦਾ ਹੈ." ਅਸੀਂ ਐਦਾਂ ਹੀ ਕੀਤਾ. ਕਿਸੇ ਨੇ ਬੁਰਾ ਨਹੀਂ ਮਣਾਇਆ. ਅਗਰ ਹਿੰਦੂਆਂ ਨੇ ਆਪਣੀ ਆਦਤਾਂ ਵਕਤ ਦੇ ਮੁਤਾਬਕ ਬਦਲ ਲੀਤੀ ਹੁੰਦੀਆਂ, ਹਾਲਾਤ ਕੁੱਝ ਅਲਗ ਹੀ ਹੋਏ ਸੀ. ਹੁਣ ਇੰਡੀਆ ਵਿੱਚ ਕੋਈ ਐਦਾਂ ਦਾ ਫ਼ਰਕ ਨਹੀਂ ਹੈ. ਇਸ ਤਰ੍ਹਾਂ ਦੇ ਫ਼ਰਕਾਂ ਦਾ

ਸਿਆਸਤਦਾਨ ਫ਼ਾਇਦਾ ਚੁਕਦੇ ਸੀ. ਬ੍ਰਿਟਿਸ਼ ਨੇ ਵੀ ਅਲਗ ਕੌਮਾਂ ਦੀ ਇਣ ਅਸੰਗਤ ਗੱਲਾਂ ਦਾ ਫ਼ਾਇਦਾ ਉਠਾਇਆ.

'ਬਾਬਾ ਸੁੰਦਰ ਦਾਸ ਕੁੰਜਾਹ ਦੇ ਇਕੱਲੇ ਡਾਕਟਰ ਸੀ. ਉਹ ਖੁਦ ਹੀ ਬੀਮਾਰ ਲੋਕਾਂ ਦੇ ਕੋਲ ਜਾਂਦੇ ਅਤੇ ਉਨ੍ਹਾਂ ਦਾ ਇਲਾਜ ਕਰਦੇ. ਉਨਾਂ ਦੀ *ਫ਼ੀਸ* ਵੀ ਬਹੁਤ ਘੱਟ ਸੀ ਅਤੇ ਉਹ ਗਰੀਬਾਂ ਦਾ ਮੁਫ਼ਤ ਇਲਾਜ ਕਰਦੇ ਸੀ. ਪਰ, ਤਕਸੀਮ ਦੇ ਵਕਤ, ਲੋਕਾਂ ਵਿੱਚ ਇੱਕ ਸਾਮੂਹਿਕ ਜਨੂਨੀਪਨ ਨੇ ਜਗ੍ਹ ਬਣਾ ਲੀਤੀ. ਇਸ ਇਲਾਕੇ ਤੇ ਕੁੱਝ ਹਿੰਦੂ ਅਤੇ ਸਿੱਖ, ਪਾਕਿਸਤਾਨ ਬਣਨ ਦੇ ਬਾਅਦ ਵੀ ਮੌਜੁਦ ਸਨ. ਬਦਮਾਸ਼ਾਂ ਦੇ ਗਿਰੋਹਾਂ ਅਤੇ ਮੁਸਲਿਮ ਲੀਗ ਨੈਸ਼ਨਲ ਗਾਰਡ ਦੇ ਕੁੱਝ ਸਦੱਸਾਂ ਨੇ ਗੈਰ-ਮੁਸਲਿਮਾਂ ਦੇ ਉਪਰ ਹਮਲੇਆਂ ਤੇ ਹਿੱਸਾ ਲੀਤਾ. ਕੁੰਜਾਹ ਉਪਰ ਹਮਲਾ ਈਦ ਦੇ ਦਿਨ, 18 ਅਗਸਤ ਨੂੰ ਹੋਇਆ. ਇਹ ਇੱਕ ਵੱਡਾ ਹਮਲਾ ਸੀ ਅਤੇ ਬਦਮਾਸ਼ ਅੱਗਜਨੀ, ਲੁੱਟਪਾਟ ਅਤੇ ਕਤਲੇਆਮ ਕਰਦੇ ਸੀ. ਬਦਮਾਸ਼ ਸਾਰੇ ਪਿੰਡ ਤੇ ਘੁਮ ਰਹੇ ਸੀ. ਕੁੱਝ ਔਰਤਾਂ ਨੂੰ ਅਗਵਾ ਕੀਤਾ ਗਿਆ. ਇਥੇ ਤੱਕ ਕਿ ਫ੍ਰੰਟਿਅਰ ਤੋਂ ਪਠਾਨ ਵੀ ਲੁੱਟ ਦਾ ਮਾਲ ਲੈਣ ਪਹੁੰਚ ਗਏ. ਉਨ੍ਹਾਂ ਨੇ ਸਭ ਤੋਂ ਘਿਰਣਾਯੋਗ ਜੁਰਮ ਕੀਤਾ. ਮੈਂ ਹੁਣ ਵੀ ਆਪਣੀ ਅੱਖਾਂ ਦੇ ਸਾਹਮਣੇ, ਬਿਲਕੁਲ ਬੇਕਸੂਰ ਲੋਕਾਂ ਨੂੰ ਪਸ਼ੂਆਂ ਦੀ ਤਰ੍ਹਾਂ ਮਾਰਣ ਦੇ ਨਜ਼ਾਰੇ ਨੂੰ, ਯਾਦ ਕਰ ਸਕਦਾਂ ਹਾਂ. ਕੁੰਜਾਹ ਵਿੱਚ 500 ਤੋਂ ਜ਼ਿਆਦਾ ਹਿੰਦੂ ਅਤੇ ਸਿੱਖ ਕਤਲ ਕੀਤੇ ਗਏ ਹੋਣਗੇ. ਦੂਜੀ ਜਗ੍ਹਾਂ ਤੇ ਵੀ ਹਾਲਾਤ ਇਸ ਤਰ੍ਹਾਂ ਹੀ ਖ਼ਰਾਬ ਸਨ.

'ਇੱਕ ਬ੍ਰਾਹਮਣ, ਬੇਲੀ ਰਾਮ, ਨੇ ਮੈਨੂੰ ਇੰਡੀਆ ਜਾਣ ਤੋਂ ਪਹਿਲਾਂ ਆਪਣੀ ਚਾਬੀਆਂ ਦਿੱਤੀਆਂ. ਉਸ ਦੇ ਤਿੰਨ ਘਰ ਸਨ. ਬਾਅਦ ਤੇ, ਉਸ ਦਾ ਬੇਟਾ ਪੁਲਿਸ ਨੂੰ ਲੈ ਕੇ ਆਇਆ. ਉਨ੍ਹਾਂ ਨੇ ਆਪਣਾ ਸੋਨਾ ਅਤੇ ਜ਼ੇਵਰ ਉਣ ਘਰਾਂ ਤੇ ਦੱਬ ਕੇ ਰੱਖਿਆਂ ਸੀ. ਉਸ ਨੇ ਸੋਨਾ ਅਤੇ ਜ਼ੇਵਰ ਇਕੱਠਾ ਕੀਤੇ ਅਤੇ ਚਲਾ ਗਿਆ. ਸਰਕਾਰੀ ਏਜੰਸੀਆਂ ਫ਼ਿਰਕੂ ਝਗੜਾ ਪੈਦਾ ਕਰਣ ਲਈ ਜ਼ਿਮੇਵਾਰ ਸਨ. ਉਹ ਸ਼ਰਾਰਤ ਕਰਣ ਲਈ ਏਜੇਂਟਾਂ ਦਾ ਇਸਤੇਮਾਲ ਕਰਦੇ ਸੀ. ਅਹਰਾਰ ਕਦੀ ਭ੍ਰਿਸ਼ਟ ਨਹੀਂ ਹੋਏ. ਇਹ ਸੱਚ ਹੈ ਕਿ ਯੂਨੀਅਨਿਸਟ ਪਾਰਟੀ ਨੇ ਮੁਸਲਿਮਾਂ ਦੀ ਮਦਦ ਕੀਤੀ. ਤਕਸੀਮ ਲ਼ਾਜ਼ਮੀ ਨਹੀਂ ਸੀ.

(ਪ੍ਰੋਫ਼ੇਸਰ ਕੁੰਜਾਹੀ ਦਾ 20 ਜਨਵਰੀ 2007 ਨੂੰ ਇੰਤਕਾਲ ਹੋ ਗਿਆ)

ਸਈਦ ਅਫ਼ਤਾਬ ਹੱਸਨ

ਇੱਕ ਹੋਰ ਵੇਰਵਾ ਸਈਦ ਅਫ਼ਤਾਬ ਹੱਸਨ ਨੇ ਦਿੱਤਾ, ਜਿਸ ਦਾ ਇੰਟਰਵਿਊ ਗੁਜਰਾਤ ਤੇ, ਪ੍ਰੋਫ਼ੇਸਰ ਕੁੰਜਾਹੀ ਦੇ ਇੰਟਰਵਿਊ ਦਰਜ ਕਰਣ ਦੇ ਬਾਅਦ ਮੈਂ ਲੀਤਾ. ਉਨ੍ਹਾਂ ਨੇ ਇਹ ਦੱਸਿਆ:

'ਮੇਰਾ ਜਨਮ ਗੁਜਰਾਤ ਦੇ ਨਜਦੀਕ, ਜਮਨਾ ਨਾਂਅ ਦੇ ਇੱਕ ਪਿੰਡ ਤੇ, 1 ਮਾਰਚ 1939 ਨੂੰ ਹੋਇਆ ਸੀ. ਪਰ ਤਕਸੀਮ ਦੇ ਵਕਤ ਮੇਰੇ ਵਾਲਿਦ ਜੋ ਇੱਕ ਡਾਕਿਆ ਸਨ, ਸ਼ਾਦੀਵਾਲ ਨਾਂਅ ਦੇ ਇੱਕ ਕਸਬੇ ਤੇ ਤਇਨਾਤ ਸਨ. ਇਥੇ ਹਿੰਦੂ ਅਤੇ ਮੁਸਲਿਮ, ਦੋਨੇ ਵਸਦੇ ਸੀ ਜੋ ਅਮਨ ਅਤੇ ਭਾਈਚਾਰੇ ਨਾਲ ਰਹਿੰਦੇ ਸੀ. ਹਿੰਦੂ ਛੋਟੇ ਮੋਟੇ ਵਪਾਰ ਵੀ ਕਰਦੇ ਸੀ, ਜੈਦਾਂ ਕਿ ਅਚਾਰ ਅਤੇ ਘਿਉ ਦਾ, ਜੋ ਦੂਰ ਦਰਾਜ਼ ਤੱਕ ਵਿਕਦੇ ਸੀ. ਸਾਡਾ ਇੱਕ ਕਪੜੇ ਦਾ ਵੀ ਬਾਜ਼ਾਰ ਸੀ. ਮੇਰੇ ਪਿਤਾ, ਸਈਦ ਫ਼ਜ਼ਲ ਹੁਸੈਨ ਸ਼ਾਹ, ਇੱਕ ਸ਼ਿਆ ਇਮਾਮ ਵੀ ਸਨ. ਉਹ ਹਿੰਦੂ ਮਜਾਰਿਟੀ ਵਾਲੇ ਇਲਾਕੇ ਤੇ ਰਹਿਣਾ ਪਸੰਦ ਕਰਦੇ ਸੀ ਅਤੇ ਕਦੇ ਵੀ ਕਿਸੇ ਧਮਕੀ ਦਾ ਉਨ੍ਹਾਂ ਨੂੰ ਡਰ ਮਹਿਸੂਸ ਨਹੀਂ ਹੋਇਆ. ਆਮ ਤੌਰ ਤੇ, ਹਿੰਦੂ ਬਹੁਤ ਸੱਭਿਅ, ਪੜ੍ਹੇ-ਲਿਖੇ ਅਤੇ ਅਮਨਪਸੰਦ ਲੋਕ ਸਨ. ਅਸੀਂ

ਇੱਕ ਕਿਰਾਇਏ ਦੇ ਮਕਾਨ ਤੇ ਰਹਿੰਦੇ ਸੀ. ਸਾਡੇ ਗੁਆਂਢੀ ਵਿੱਚ, ਚਾਚਾ ਦੀਵਾਨ ਚੰਦ ਅਤੇ ਉਨ੍ਹਾਂ ਦੀ ਪਤਨੀ ਚਣਣ ਬਾਈ ਸਾਡੇ ਨਾਲ ਬੇਹਦ ਕਰੀਬ ਸਨ. ਅਗਰ ਉਹ ਆਪਣੇ ਬੇਟੇ ਲਈ ਕੁੱਝ ਲੈ ਕੇ ਆਉਂਦੀ ਸੀ, ਤੇ ਮੇਰੇ ਲਈ ਵੀ ਉਹ ਹੀ ਚੀਜ ਵੀ ਲੈ ਆਉਂਦੀ ਸੀ.

'ਪਾਕਿਸਤਾਨ ਬਣ ਗਿਆ ਸੀ ਅਤੇ ਇਹ ਇੱਕ ਈਦ ਦਾ ਦਿਨ ਸੀ. ਮੇਰੇ ਵਾਲਿਦ ਈਦ ਦੀ ਇਬਾਦਤ ਦੀ ਅਗਵਾਈ ਕਰਣ ਗਏ ਸੀ. ਇੱਕ ਅਫਵਾਹ ਫੈਲ ਗਈ ਸੀ ਕਿ ਸਿੱਖਾਂ ਨੇ ਜਮਾ ਹੋਏ ਲੋਕਾਂ ਉਪਰ ਹਮਲਾ ਕਰ ਦਿੱਤਾ ਸੀ ਅਤੇ ਮੇਰੇ ਵਾਲਿਦ ਨੂੰ ਮਾਰ ਦਿੱਤਾ ਗਿਆ ਸੀ. ਇਹ ਸੁਣ ਕੇ, ਮੁਸਲਿਮ ਬਾਹਰ ਆ ਗਏ ਅਤੇ ਨਾਲ ਦੀ ਨਹਿਰ ਦੇ ਪੁਲ ਉਪਰ ਇੱਕ ਝਗੜਾ ਹੋਇਆ ਅਤੇ ਤਿੰਨ ਸਿੱਖਾਂ ਨੂੰ ਮਾਰ ਦਿੱਤਾ ਗਿਆ. ਉਸ ਰਾਤ, ਮੁਸਲਿਮ ਬਦਮਾਸ਼ਾਂ ਨੇ ਸ਼ਾਦੀਵਾਲ ਦੇ ਉਪਰ ਇੱਕ ਵੱਡੇ ਹਮਲੇ ਦੀ ਤੰਜ਼ੀਮ ਕੀਤੀ. ਕੋਈ ਸੱਠ ਹਿੰਦੂ ਮਾਰ ਦਿੱਤੇ ਗਏ. ਉਨ੍ਹਾਂ ਨੇ ਨਹਿਰ ਵਿੱਚ ਲਾਸ਼ਾਂ ਨੂੰ ਸੁੱਟਣ ਦੀ ਕੋਸ਼ਸ਼ ਕੀਤੀ, ਪਰ ਡੰਗਰ ਉਣ ਲਾਸ਼ਾਂ ਨੂੰ ਲੈ ਕੇ ਚੱਲ ਨਹੀਂ ਸਕੇ, ਕਿਉਂਕਿ ਉਨ੍ਹਾਂ ਦੇ ਲਈ ਇਹ ਕਾਫ਼ੀ ਜ਼ਿਆਦਾ ਵਜਨ ਸੀ.

'ਅਗਲੇ ਦਿਨ ਮੇਰੇ ਵਾਲਿਦ ਨੇ ਹਾਲਾਤ ਦਾ ਜਿੱਮਾ ਲੀਤਾ ਅਤੇ ਹਿੰਦੂਆਂ ਨੂੰ ਸੱਦਾ ਦਿੱਤਾ ਕਿ ਉਹ ਸਾਡੇ ਘਰ ਤੇ ਆ ਕੇ ਰਹਿਣ. ਇੱਕ ਮੁਸਲਿਮ ਭੀੜ ਆਈ ਅਤੇ ਚਾਹੁੰਦੀ ਸੀ ਕਿ ਸਾਰੇ ਹਿੰਦੂਆਂ ਨੂੰ ਉਨ੍ਹਾਂ ਦੇ ਵਵਾਲੇ ਕਰ ਦਿੱਤਾ ਜਾਵੇ. ਮੇਰੇ ਵਾਲਿਦ ਨੇ ਕਿਹਾ ਕਿ ਉਸ ਲਈ ਉਨ੍ਹਾਂ ਨੂੰ ਸਾਡੇ ਪਰਵਾਰ ਅਤੇ ਵਾਲਿਦ ਨੂੰ ਹਲਾਕ ਕਰਨਾ ਪਏਗਾ. "ਮੈਂ ਉਨ੍ਹਾਂ ਨੂੰ ਪਨਾਹ ਦਿੱਤੀ ਹੈ. ਅਸੀਂ ਜਿਸ ਨੂੰ ਪਨਾਹ ਦੇਂਦੇ ਹਾਂ, ਉਸ ਦੇ ਨਾਲ ਦਗਾ ਨਹੀਂ ਕਰਦੇ." ਕੁੱਝ ਹਮਲਾਵਰਾਂ ਨੇ ਆਪਣੇ ਚਿਹਰੇ ਕਪੜੇ ਨਾਲ ਢੱਕੇ ਹੋਏ ਸੀ. ਉਹ, ਦਰਅਸਲ ਸ਼ਾਦੀਵਾਲ ਤੋਂ ਸਨ ਅਤੇ ਲੁੱਟਣ ਲਈ ਉਣ ਬਦਮਾਸ਼ਾਂ ਦੇ ਨਾਲ ਮਿਲ ਗਏ ਸੀ. ਉਨ੍ਹਾਂ ਨੇ ਆਪਣੇ ਚਿਹਰੇਆਂ ਤੋਂ ਕਪੜਾ ਹਟਾ ਲੀਤਾ ਅਤੇ ਉਸ ਭੀੜ ਤੋਂ ਅਲਗ ਹੋ ਗਏ. ਇਸ ਦੇ ਚਲਦੇ, ਬਾਕੀ ਵੀ ਪਿੰਡ ਛੱਡ ਕੇ ਚਲੇ ਗਏ. ਤਿੰਨ ਦਿਨਾਂ ਬਾਅਦ, ਹਿੰਦੂ ਆਪਣੇ ਘਰਾਂ ਨੂੰ ਗਏ. ਫਿਰ ਇੰਡੀਆ ਦੀ ਫ਼ੌਜ਼ ਆਈ ਹੋਰ ਉਹ ਉਨ੍ਹਾਂ ਦੇ ਨਾਲ ਚਲੇ ਗਏ.

'ਇੱਕ ਹਿੰਦੂ ਸਾਧੂ, ਰਾਮ ਆਸਰਾ, ਜੋ ਹਿੰਦੂ ਸ਼ਮਸ਼ਾਨ ਭੂਮੀ ਤੇ ਰਹਿੰਦਾ ਸੀ, ਉਸ ਨੇ ਐਲਾਨ ਕੀਤਾ ਕਿ ਉਹ ਇੱਕ ਮੁਸਲਿਮ ਬਣਨਾ ਚਾਹੁੰਦਾ ਹੈ. ਇਸ ਦੇ ਮੁਤਾਬਕ, ਉਸ ਦਾ ਨਾਂਅ ਅਲ੍ਹਾ ਆਸਰਾ ਰੱਖ ਦਿੱਤਾ ਗਿਆ. ਇੱਕ ਦਿਨ ਉਹ ਇੱਕ ਗਲੀ ਤੇ ਜਾ ਰਿਹਾ ਸੀ ਅਤੇ ਉਸ ਦੀ ਜੇਬ ਤੇ, ਇੱਕ ਦੱਸ ਰੁਪਏ ਦਾ ਨੋਟ ਸੀ. ਮੇਰੇ ਵਾਲਿਦ ਉਸ ਵਕਤ ਪੱਤਰ ਵੰਡ ਰਹੇ ਸੀ. ਕਿਸੇ ਨੇ ਆਸਰਾ ਦਾ ਕਤਲ ਕਰ ਦਿੱਤਾ. ਸਾਨੂ ਲਗਦਾ ਹੈ, ਕਿਸੇ ਨੇ ਉਹ ਦਸ ਰੁਪਏ ਹਾਸਲ ਕਰਣ ਲਈ ਹੀ ਉਸ ਦਾ ਕਤਲ ਕੀਤਾ ਸੀ. ਉਸ ਨੂੰ ਦਫ਼ਨ ਨਹੀਂ ਕੀਤਾ ਗਿਆ. ਉਨ੍ਹਾਂ ਨੇ ਉਸ ਨੂੰ ਇੱਕ ਖੂਹ ਤੇ ਸੁੱਟ ਦਿੱਤਾ ਜਿਸ ਦੇ ਪਾਣੀ ਦਾ ਹਿੰਦੂ ਇਸਤੇਮਾਲ ਕਰਦੇ ਸੀ. ਬਾਅਦ ਤੇ ਇੱਕ ਹਿੰਦੂ ਨੇ, ਜੋ ਉਸ ਹਮਲੇ ਤੋਂ ਪਹਿਲਾਂ ਬਚ ਗਿਆ ਸੀ ਜਦ ਦੂਜੇ 60 ਮਾਰੇ ਗਏ ਸੀ, ਆਪਣੀ ਕਹਾਣੀ ਇੱਕ ਇੰਡੀਆ ਦੇ ਅਖ਼ਬਾਰ ਤੇ ਲਿਖੀ. ਮੇਰੇ ਵਾਲਿਦ ਨੇ ਇਸ ਨੂੰ ਪੜ੍ਹ ਕੇ ਸਾਨੂ, ਇਸ ਬਾਰੇ ਦੱਸਿਆ.

'ਕੁੱਝ ਮੁਸਲਿਮ ਹਰਿਆਣਾ ਵਾਲੇ ਇਲਾਕੇ ਤੋਂ ਆਏ ਅਤੇ ਸ਼ਾਦੀਵਾਲ ਤੇ ਵਸ ਗਏ. ਉਹ ਹਿੰਦੂ ਜਟਾਂ ਅਤੇ ਸਿਖਾਂ ਦੁਆਰਾ ਕੀਤੀ ਗਏ ਜ਼ੁਲਮਾਂ ਦੀ, ਆਪਣੀ ਖੁਦ ਦੀ ਦਾਸਤਾਨਾਂ ਲੈ ਕੇ ਆਏ. ਇੱਕ ਮੁੰਡੇ ਨੇ ਮੈਨੂ ਦੱਸਿਆ ਕਿ ਲਾਹੌਰ ਦੇ ਬਾਹਰ, ਵਾਲਟਨ ਰਿਫਯੂਜੀ ਸੇਂਟਰ ਤੇ ਉਹ ਕੁਝ ਮੁਸਲਿਮਾਂ ਦੁਆਰਾ ਮੁੰਡੇਬਾਜ਼ੀ ਦਾ ਸ਼ਿਕਾਰ ਹੋਇਆ. ਉਹ ਪੂਰਬੀ ਪੰਜਾਬ ਤੋਂ ਬਚ ਕੇ ਭੱਜਣ ਦੇ ਮੁਕਾਬਲੇ, ਉਸ ਘਟਨਾ ਨਾਲ ਜ਼ਿਆਦਾ ਸਦਮੇ ਤੇ ਸੀ.'

ਖੋਸਲਾ ਰਿਪੋਰਟ ਇਮ ਮੁਸਲਿਮ ਅਫ਼ਸਰ, ਮੇਜਰ ਅਸਲਮ ਦਾ ਜ਼ਿਕਰ ਕਰਦੀ ਹੈ, ਜਿਸ ਨੇ ਆਪਣਾ ਫ਼ਰਜ਼ ਬੇਹੱਦ ਇਮਾਨਦਾਰੀ ਨਾਲ ਨਿਭਾਇਆ ਅਤੇ ਮੰਡੀ ਬਹਾਊਦੀਨ ਤੇ, ਜੋ ਗੁਜਰਾਤ ਦਾ ਇੱਕ ਹੋਰ ਵਪਾਰੀ ਕੇਂਦਰ ਸੀ, ਸੈਕੜੇ ਹਿੰਦੂਆਂ ਅਤੇ ਸਿੱਖਾਂ ਦੀ ਜਾਨਾਂ ਬਚਾਇਆਂ (1989: 156).

ਜਿਹਲਮ

ਇਸ ਉੱਤਰੀ ਜ਼ਿਲ੍ਹੇ ਤੇ, 89 ਫ਼ੀਸਦੀ ਦੀ ਇੱਕ ਭਾਰੀ ਮੁਸਲਿਮ ਮਜਾਰਿਟੀ ਸੀ. ਹਿੰਦੂ ਅਤੇ ਸਿੱਖ ਲੱਗਭਗ ਆਬਾਦੀ ਦੀ 11 ਫ਼ੀਸਦੀ ਸਨ. ਮਾਰਚ 1947 ਤੇ ਜਿਹਲਮ ਜ਼ਿਲ੍ਹੇ ਦੇ ਪਿੰਡਾਂ ਤੇ, ਦਰਿੰਦਗੀ ਦੇ ਕੱਮ ਪਹਿਲਾਂ ਹੀ ਕੀਤੇ ਜਾ ਚੁਕੇ ਸੀ ਅਤੇ ਉਸ ਵਕਤ ਜਿਹਲਮ ਸ਼ਹਿਰ ਤੇ ਪਨਾਹਗੀਰਾਂ ਲਈ, ਉਸ ਵਕਤ, ਇੱਕ ਕੈਂਪ ਸਥਾਪਤ ਕੀਤਾ ਗਿਆ ਸੀ. ਕਈ ਹਿੰਦੂ ਅਤੇ ਸਿੱਖਾਂ ਨੇ ਮਾਰਚ ਤੇ ਆਪਣੇ ਪਿੰਡ ਛੱਡ ਦਿੱਤੇ ਸੀ ਅਤੇ ਜ਼ਿਆਦਾ ਮਹਿਫ਼ੂਜ਼ ਪੂਰਬੀ ਜਗ੍ਹਾਂ ਤੇ ਤਰਫ਼ ਚਲੇ ਗਏ ਸੀ ਜਾਂ ਜਿਹਲਮ ਸ਼ਹਿਰ ਤੇ ਆ ਗਏ ਸੀ, ਜਿੱਥੇ ਇੱਕ ਫ਼ੌਜ਼ੀ ਦਸਤਾ ਹਮੇਸ਼ਾ ਲਈ ਤਇਨਾਤ ਕਰ ਦਿੱਤਾ ਗਿਆ ਸੀ. ਅਗਸਤ ਵਿੱਚ ਕੁੱਝ ਹੱਦ ਅਮਨ ਕਾਇਮ ਸੀ ਪਰ ਸਤੰਬਰ ਦੇ ਸ਼ੁਰੂ ਤੇ ਦੁਬਾਰਾ ਤਸ਼ੱਦਦ ਭੜਕ ਉਠੀਆ.

ਸੁਨੀਲ ਦੱਤ

ਇੰਡੀਆ ਦੀ ਮਸ਼ਹੂਰ ਫ਼ਿਲਮੀ ਹਸਤੀ, ਸੁਨੀਲ ਦੱਤ, ਜਿਨ੍ਹਾਂ ਦਾ ਤਾਲੁੱਕ ਖੁਰਦ ਪਿੰਡ ਨਾਲ ਹੈ, ਜੋ ਜਿਹਲਮ ਸ਼ਹਿਰ ਤੋਂ ਤਕਰੀਬਨ 20 ਕਿਲੋਮੀਟਰ ਦੂਰ ਹੈ, ਮੈਨੂੰ ਇਹ ਦੱਸਿਆ, ਜਦ ਮੈਂ ਉਨ੍ਹਾਂ ਦੇ ਨਾਲ ਮੁਮਬਈ ਤੇ ਉਨ੍ਹਾਂ ਦੇ ਘਰ ਤੇ, 20 ਅਕਤੂਬਰ 2001 ਨੂੰ ਮਿਲਿਆ:

'ਮੇਰਾ ਜਨਮ 6 ਜੂਨ 1929 ਨੂੰ ਇੱਕ ਛੋਟੇ ਪਿੰਡ ਖੁਰਦ ਤੇ ਹੋਇਆ, ਜੋ ਜਿਹਲਮ ਸ਼ਹਿਰ ਤੋਂ ਜ਼ਿਆਦਾ ਦੂਰ ਨਹੀਂ ਸੀ. ਇਥੇ ਦੋਵੇਂ ਹਿੰਦੂ (ਖਾਸ ਕਰ ਕੇ ਸਾਡੀ ਦੱਤ ਜਾਤ ਦੇ ਬ੍ਰਾਹਮਣ) ਅਤੇ ਮੁਸਲਿਮ ਹੋਰ ਕੁੱਝ ਸਿੱਖ, ਰਹਿੰਦੇ ਸਨ. ਦੱਤ, ਇੱਕ ਵੱਡੇ ਮੁਝੈਲ ਬ੍ਰਾਹਮਣ ਜਾਤ ਦਾ ਹਿੱਸਾ ਨੇ, ਜੋ ਮੱਨਦੇ ਨੇ ਕਿ ਉਨ੍ਹਾ ਦਾ ਵੱਡੇਰਾ ਰਾਹਬ ਸਿਧੁ ਦੱਤ ਅਰਬਿਆ ਵਿੱਚ ਮੌਜੁਦ ਸੀ, ਜਦ ਕਰਬਲਾ ਦੀ ਤ੍ਰਾਸਦੀ ਹੋਈ, ਜਿਸ ਵਿੱਚ ਪੈਗੰਬਰ ਮੁਹੱਮਦ ਦੇ ਪੋਤੇ ਇਮਾਮ ਹੁਸੈਨ ਅਤੇ ਉਸ ਦੇ ਚੇਲੇ ਮਾਰ ਦਿੱਤੇ ਗਏ ਸੀ. ਰਾਹਬ ਸਿਧੁ ਦੱਤ, ਆਪਣੇ ਸੱਤ ਬੇਟੇਆਂ ਸਮੇਤ ਇਮਾਮ ਹੁਸੈਨ ਦੀ ਤਰਫ਼ ਹੋ ਕੇ ਲੜੇ, ਅਤੇ ਲੜਦੇ ਹੋਏ ਮਾਰੇ ਗਏ. ਅਤੇ ਸਾਡੇ ਵੱਡੇਰੇ, ਪੁਰਾਣੇ ਵਕਤ ਤੋਂ ਕਰਬਲਾ ਦੀ ਤ੍ਰਾਸਦੀ ਦਾ ਸੋਗ ਮੱਨਾਂਦੇ ਨੇ ਅਤੇ ਉਸ ਘਟਨਾ ਦੇ ਨਾਲ ਜੁੜੀ ਰਸਮਾਂ ਦਾ ਵੀ ਪਾਲਨ ਕਰਦੇ ਨੇ, ਹਾਲਾਂਕਿ ਅਸੀਂ ਹਿੰਦੂ ਹਾਂ.

'ਮੇਰੇ ਪਿਤਾ ਦੀ ਮੌਤ ਹੋ ਗਈ ਜਦ ਮੈਂ ਸਿਰਫ਼ ਪੰਜ ਸਾਲ ਦਾ ਸੀ ਅਤੇ ਮੇਰਾ ਛੋਟਾ ਭਰਾ ਸੋਮ ਇੱਕ ਨਿਆਨਾ ਸੀ. ਸਾਨੂ ਸਾਡੇ ਤਾਇਆਜੀ ਨੇ ਪਾਲ ਕੇ ਵੱਡਾ ਕੀਤਾ. ਸਾਡਾ ਸਮਾਜਕ ਰੁਤਬਾ ਅਤੇ ਸਾਡੇ ਆਰਥਿਕ ਹਾਲਾਤ ਚੰਗੇ ਸਨ, ਕਿਉਂਕਿ ਸਾਡਾ ਪਰਵਾਰ ਪਿੰਡ ਦਾ ਇੱਕ ਸਭ ਤੋਂ ਪ੍ਰਮੁੱਖ ਜ਼ਿਮੀਦਾਰ ਪਰਵਾਰ ਸੀ. ਤਕਸੀਮ ਦੇ ਵਕਤ, ਮੈਂ ਇੰਡੀਆ ਦੇ ਪੰਜਾਬ ਦੀ ਤਰਫ਼ ਸੀ, ਜਦ ਕਿ ਸਾਡਾ ਬਾਕੀ ਪਰਵਾਰ ਪਿੰਡ ਤੇ ਸੀ. ਇੱਕ ਫ਼ੌਜ਼ੀ ਟਰੱਕ ਉਸ ਇਲਾਕੇ ਦੇ ਹਿੰਦੂਆਂ ਨੂੰ ਲੈਣ ਆਇਆ ਤਾਂਕਿ ਉਨ੍ਹਾਂ ਨੂੰ ਜਿਹਲਮ ਦੇ ਖਾਸ ਰਿਫਊਜੀ ਕੈਂਪ ਤੇ ਲੈ ਜਾਵੇ. ਇਹ ਸਤੰਬਰ ਦਾ ਪਹਿਲਾਂ ਜਾਂ ਦੂਜਾ ਹਫ਼ਤਾ ਹੋਵੇਗਾ. ਮੇਰੇ ਪਰਵਾਰ ਦੇ ਸਾਰੇ ਲੋਕ ਟਰੱਕ ਤੇ ਚੜ੍ਹ ਗਏ

ਪਰ ਤਾਇਆਜੀ ਰਹਿ ਗਏ, ਕਿਉਂਕਿ ਉਨ੍ਹਾਂ ਨੂੰ ਇਹ ਇਹਸਾਸ ਸੀ ਕਿ ਹਾਲਾਤ ਫਿਰ ਪਹਿਲੇ ਵਰਗੇ ਹੋ ਜਾਣਗੇ. ਜਾਣ ਤੋਂ ਥੋੜੀ ਦੇਰ ਪਹਿਲਾਂ ਮੇਰੀ ਮਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਆਪਣੇ ਜ਼ੇਵਰ ਘਰ ਤੇ ਭੁੱਲ ਗਈ ਸੀ ਕਿਉਂਕਿ ਉਨ੍ਹਾਂ ਨੂੰ, ਸਭ ਕੁੱਝ ਇਕੱਠਾ ਕਰਣ ਦਾ ਵਕਤ ਨਹੀਂ ਮਿਲਿਆ ਸੀ. ਉਨ੍ਹਾਂ ਨੇ ਤਾਇਆਜੀ ਨੂੰ ਦੱਸਿਆ ਕਿ ਉਨ੍ਹਾਂ ਨੇ ਜ਼ੇਵਰ ਕਿਥੇ ਰੱਖੇ ਸੀ.

'ਜਦ ਦੂਜੇ ਚਲੇ ਗਏ, ਤਾਇਆਜੀ ਪਿੰਡ ਵਿੱਚ ਇੱਕਲੇ ਹਿੰਦੂ ਬਚੇ ਸੀ. ਜੈਦਾਂ ਕਿ ਉਣ ਦਿਨਾਂ ਦਾ ਰਿਵਾਜ ਸੀ, ਉਹ ਰੋਜ਼ਾਨਾ, ਇੱਕ ਖੂਹ ਤੇ ਚਲੇ ਜਾਂਦੇ ਸੀ, ਜਿੱਥੇ ਬੰਦੇ ਬੈਠ ਕੇ ਹੁੱਕ੍ਹੇ ਦਾ ਲੁਤਫ਼ ਲੈਂਦੇ ਸੀ. ਸਭ ਕੁੱਝ ਠੀਕ ਲਗ ਰਿਹਾ ਸੀ. ਪਰ ਇੱਕ ਸ਼ੁਕਰਵਾਰ ਦੇ ਦਿਨ ਮੌਲਵੀ ਨੇ ਆਪਣੀ ਸ਼ੁਕਰਵਾਰ ਦੀ ਨਸੀਹਤ ਦੇ ਦੌਰਾਨ ਹੈਰਾਨੀ ਜ਼ਾਹਰ ਕੀਤੀ ਕਿ ਪਿੰਡ ਵਿੱਚ ਇੱਕ ਹਿੰਦੂ ਮੌਜੂਦ ਕਿਉਂ ਸੀ. ਅਤੇ ਤਾਇਆਜੀ ਦੇ ਦੇ ਦੋਸਤਾਂ ਨੇ ਉਨ੍ਹਾਂ ਨੂੰ ਚਲੇ ਜਾਣ ਨੂੰ ਕਿਹਾ. ਉਨ੍ਹਾਂ ਨੇ ਦਿਖਾਵਾ ਕੀਤਾ ਕਿ ਉਹ ਬੇਫ਼ਿਕਰ ਨੇ ਅਤੇ ਅਗਲੀ ਸ਼ਾਮ ਵੀ ਖੂਹ ਤੇ ਗਏ. ਪਰ, ਫਿਰ ਉਹ ਘਰ ਵਾਪਸ ਆਏ, ਆਪਣੇ ਜ਼ੇਵਰ ਇਕੱਠਾ ਕੀਤੇ ਅਤੇ ਇੱਕ ਦੂਜੇ ਪਿੰਡ ਨਵਾਂ ਕੋਟ ਤੇ ਆਪਣੇ ਪੁਰਾਣੇ ਜਮਾਤੀ ਯਾਰ ਯਾਕੂਬ ਤੋਂ ਮਦਦ ਲੈਣ ਚਲੇ ਗਏ. ਉਸ ਨੇ ਉਨ੍ਹਾਂ ਨੂੰ ਕਿਹਾ ਕਿ ਫ਼ਿਕਰ ਨਾ ਕਰੋ, "ਅਗਰ ਕੋਈ ਤੁਹਾਨੂ ਮਾਰਣਾ ਚਾਹੁੰਦਾ ਹੈ ਤੇ, ਉਸ ਨੂੰ ਪਹਿਲਾਂ ਮੈਨੂੰ ਅਤੇ ਮੇਰੇ ਭਰਾਵਾਂ ਨੂੰ ਮਾਰਣਾ ਪਏਗਾ ਅਤੇ ਤਦ ਵੀ ਤੁਹਾਨੂ ਕੋਈ ਹੱਥ ਲਾ ਸਕੇਗਾ."

'ਪਿੰਡ ਤੋਂ ਉਨ੍ਹਾਂ ਦੇ ਭੱਜਣ ਬਾਰੇ ਲੋਕਾਂ ਨੂੰ, ਨਾਲੋ ਨਾਲ ਪਤਾ ਲਗ ਗਿਆ. ਜੋ ਉਨ੍ਹਾਂ ਦੇ ਖ਼ਿਲਾਫ਼ ਸਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ, ਉਹ ਯਾਕੂਬ ਦੇ ਕੋਲ, ਮਦਦ ਲਈ ਗਏ ਹੋਣਗੇ, ਕਿਉਂਕਿ ਉਥੋਂ ਪੈਦਲ ਭੱਜਣ ਦਾ ਹੋਰ ਕੋਈ ਤਰੀਕਾ ਨਹੀਂ ਸੀ. ਉਨ੍ਹਾਂ ਤੋਂ ਕੁੱਝ ਯਾਕੂਬ ਕੋਲ ਆਏ ਅਤੇ ਮੰਗ ਕੀਤੀ ਕਿ ਤਾਇਆਜੀ ਨੂੰ ਉਨ੍ਹਾਂ ਦੇ ਕੋਲ ਦੇ ਦਿੱਤਾ ਜਾਵੇ. ਪਰ ਯਾਕੂਬ ਅਤੇ ਉਸ ਦੇ ਭਰਾਵਾਂ ਨੇ ਬੰਦੂਕਾਂ ਉਠਾ ਲੀਤੀਆਂ ਅਤੇ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦਾ ਮਿਹਮਾਨ ਜ਼ਿਆਦਾ ਅਜ਼ੀਜ਼ ਸੀ, ਨਾ ਕਿ ਉਨ੍ਹਾਂ ਦੀ ਖੁਦ ਦੀ ਜ਼ਿੰਦਗੀ. ਅਤੇ ਉਹ ਚਲੇ ਗਏ. ਪਰ, ਇੱਕ ਪੀਰ ਨੇ ਤਦ, ਯਾਕੂਬ ਨੂੰ ਇੱਕ ਪੈਗਾਮ ਭੇਜਿਆ ਕਿ ਉਹ ਉਸ ਨੂੰ ਮਿਲਣ ਅਤੇ ਇਹ ਪਤਾ ਲਗਾਉਣ ਆ ਰਹੇ ਨੇ ਕਿ ਉਸ ਨੇ ਇੱਕ ਕਾਫ਼ਿਰ ਨੂੰ ਕਿਉਂ ਪਨਾਹ ਦਿੱਤੀ ਹੋਈ ਸੀ. ਤਦ ਯਾਕੂਬ ਨੇ ਮੇਰੇ ਤਾਇਆਜੀ ਨੂੰ ਨਾਲੇਨਾਲ ਚਲੇ ਜਾਣ ਨੂੰ ਕਿਹਾ ਅਤੇ ਇੱਕ ਘੋੜਾ ਦਿੱਤਾ ਤਾਕਿ ਉਹ ਜਿਹਲਮ ਸ਼ਹਿਰ ਪਹੁੰਚ ਜਾਣ. ਉਹ ਮੱਧ ਰਾਤ ਨੂੰ ਨਿਕਲੇ ਅਤੇ ਜਿਹਲਮ ਦੇ ਸ਼ਰਨਾਰਥੀ ਕੈਂਪ ਪਹੁੰਚ ਗਏ. ਦੋ ਦਿਨਾਂ ਬਾਅਦ, ਯਾਕੂਬ ਇਹ ਪਤਾ ਕਰਣ ਕੈਂਪ ਆਏ ਕਿ ਤਾਇਆਜੀ ਠੀਕ-ਠਾਕ ਪਹੁੰਚੇ ਸੀ ਜਾਂ ਨਹੀਂ. ਐਦਾਂ, ਸਾਡਾ ਪਰਵਾਰ ਬਗੈਰ ਕਿਸੇ ਨੁਕਸਾਨ ਦੇ ਖੁਰਦ ਤੋਂ ਆਇਆ.

(ਸੁਨੀਲ ਦੱਤ ਦਾ 25 ਮਈ 2005 ਨੂੰ ਇੰਤਕਾਲ ਹੋ ਗਿਆ. ਉਨ੍ਹਾਂ ਦੀ ਪਤਨੀ ਕਲਾਮਈ ਅਦਾਕਾਰਾ ਨਰਗਿਸ, ਇੱਕ ਮੁਸਲਿਮ ਸੀ)

ਰਘਬੀਰ ਸਿੰਘ ਸਾਹਨੀ

'ਮੇਰਾ ਜਨਮ 1926 ਤੇ, ਪਿੰਡ ਗੁਜੀਆਲ, ਤਹਸੀਲ ਚਕਵਾਲ, ਜ਼ਿਲ੍ਹਾ ਜਿਹਲਮ, ਥਾਨਾ ਦੁਮਾਂ ਤੇ ਹੋਇਆ ਸੀ. ਸਾਡੇ ਪਿੰਡ ਦੇ ਸਾਰੇ ਸਿੱਖ, ਸਾਹਨੀ ਉਪ-ਜ਼ਾਤੀ ਦੇ ਖਤਰੀ ਸਨ. ਬਾਕੀ ਸਾਰੇ ਮੁਸਲਿਮ ਸਨ. ਅਸੀਂ ਸਾਹੂਕਾਰ ਸੀ ਅਤੇ ਦੁਕਾਨਾਂ ਦੇ ਵੀ ਮਾਲਕ ਸੀ. ਇੰਡੀਆ ਦੇ ਵਜ਼ੀਰ-ਏ-ਆਜ਼ਮ ਮਨਮੋਹਨ ਸਿੰਘ (2004-2014) ਸਾਡੇ

ਜ਼ਿਲ੍ਹੇ ਤੋਂ ਨੇ. ਮੁਸਲਿਮਾਂ ਨਾਲ ਸਾਡੇ ਚੰਗੇ ਰਿਸ਼ਤੇ ਸੀ. ਉਹ ਸਾਡੀ ਬਹੁਤ ਇੱਜ਼ਤ ਕਰਦੇ ਸੀ. ਸਾਡੇ ਉਪਰ ਜਦ ਬਾਹਰ ਦੇ ਲੋਕਾ ਨੇ ਹਮਲਾ ਕੀਤਾ, ਤਦ ਸਾਡੇ ਪਿੰਡ ਦੇ ਮੁਸਲਿਮਾਂ ਨੇ ਸਾਡਾ ਬਚਾਉ ਕੀਤਾ. ਨੇੜੇ, ਇੱਕ ਪਿੰਡ ਫ਼ਿਟਕੀ ਤੇ ਸਾਡੀ ਇੱਕ ਦੁਕਾਨ ਸੀ. ਸ਼ਾਹ ਮੁਹੱਮਦ ਸਾਡੀ ਦੁਕਾਨ ਤੋਂ ਮੇਰੇ ਪਿਤਾ ਨੂੰ ਲੈ ਕੇ ਹਿਫ਼ਾਜ਼ਤ ਨਾਲ ਪਿੰਡ ਲੈ ਆਇਆ. ਸਾਡੇ ਪਿੰਡ ਤੋਂ ਕਈ ਲੋਕ ਫ਼ੌਜ਼ ਤੇ ਭਰਤੀ ਹੋਏ ਸੀ. ਮੇਰੇ ਚਾਚਾਜੀ ਫ਼ੌਜ਼ ਤੇ ਸੀ. ਸਾਡੇ ਪਿੰਡ ਦੇ ਇੱਕ ਮੁਸਲਿਮ ਪਰਵਾਰ ਦੇ ਸੱਤ ਭਰਾ ਸਨ. ਦੂਜੇ ਆਲਮੀ ਜੰਗ ਦੇ ਦੌਰਾਨ, ਉਨ੍ਹਾਂ ਨੂੰ ਜਰਮਨਾਂ ਨੇ ਫੱੜ ਲੀਤਾ ਸੀ. ਅਸੀਂ ਉਨ੍ਹਾਂ ਦੀ ਤਨਖ਼ਾਹ ਅਤੇ ਜਾਇਦਾਦ ਦੀ ਦੇਖ-ਬਾਲ ਕਰਦੇ ਸੀ ਅਤੇ ਜਦ ਉਹ ਵਾਪਸ ਲੈਟੇ, ਤੇ ਉਨ੍ਹਾਂ ਨੂੰ ਪਤਾ ਲਗਾ ਕਿ ਅਸੀਂ, ਉਨ੍ਹਾਂ ਦੀ ਹਿੱਤਾਂ ਦੀ ਚੰਗੀ ਦੇਖ-ਰੇਖ ਕੀਤੀ ਸੀ. ਅਸੀਂ ਉਨ੍ਹਾਂ ਦੇ ਲਈ ਜਾਇਦਾਦ ਵੀ ਖ਼ਰੀਦੀ ਸੀ.

'ਜਿਨ ਹਮਲਾਵਰਾ ਨੇ ਸਾਡੇ ਉਪਰ ਹਮਲਾ ਕਤਾ, ਉਨ੍ਹਾਂ ਨੂੰ ਇਨ ਸੱਤ ਭਰਾਵਾਂ ਨੇ ਪਿੱਛੇ ਧਕੇਲ ਦਿੱਤਾ. ਉਨ੍ਹਾ ਦੀ ਮਾਂ ਨੇ ਉਨ੍ਹਾਂ ਨੂੰ ਕਿਹਾ, "*ਮੈਂ ਦੁਧ ਤਦ ਬਖਸ਼ਾਂਗੀ ਜੇ ਤੁਸੀ ਇਨ੍ਹਾਂ ਦੇ ਕੱਮ ਆਉ*". ਉਨ੍ਹਾਂ ਤੋਂ ਇੱਕ ਦਾ ਨਾਂਅ ਬੋਸਤਾਂ ਖ਼ਾਨ ਸੀ. ਉਹ ਸਾਰੇ, ਬੰਦੂਕਾਂ ਲੈ ਕੇ ਸਾਡੀ ਛੱਤਾਂ ਤੇ ਚੜ੍ਹ ਗਏ. ਸਾਡੇ ਘਰ ਤੇ ਤਦ, 9-10 ਸਿੱਖ ਪਰਵਾਰ ਸਨ, ਕਰੀਬ 60-70 ਬੰਦੇ. ਜਦ ਹਮਲਾਵਰਾਂ ਨੇ ਹਮਲਾ ਕੀਤਾ, ਉਣ ਭਰਾਵਾਂ ਨੇ ਉਨ੍ਹਾਂ ਨੂੰ ਖ਼ਬਰਦਾਰ ਕੀਤਾ ਕਿ ਉਹ ਗੋਲੀਆਂ ਚਲਾ ਦੇਣਗੇ. ਇਹ ਸੁਣ ਕੇ ਹਮਲਾਵਰ ਭੱਜ ਗਏ. ਫ਼ੌਜ਼ ਨੂੰ ਬੁਲਾਵਾ ਦਿੱਤਾ ਗਿਆ ਅਤੇ ਅਸੀਂ ਸਾਰੇ ਚਲੇ ਗਏ. ਮੇਰਾ ਛੋਟਾ ਭਰਾ 40 ਦਿਨਾਂ ਦਾ ਸੀ. ਅਸੀਂ, ਫਿਰ ਚਕਵਾਲ ਆਏ. ਅਸੀਂ ਕਲੇਕੇ ਤੇ ਰਹੇ. ਫਿਰ ਅਸੀਂ ਪਾਕਿਸਤਾਨ ਬਣਨ ਦੇ 15 ਦਿਨਾਂ ਬਾਅਦ, ਪਟਿਆਲਾ ਚਲੇ ਗਏ. ਮੇਰੇ ਪਿਤਾ, ਦਾਦਾ ਅਤੇ ਚਾਚੇ ਲੈਟੇ ਅਤੇ ਆਪਣਾ ਸਭ ਕੁੱਝ ਲੈ ਆਉਂਦਾ. ਅਸੀਂ ਸਿਰਫ਼ ਉਹ ਕਰਜ਼ਾ ਗੁਆਇਆ ਜੋ ਸਾਨੂ ਮੁਸਲਿਮਾਂ ਤੋਂ ਬਕਾਇਆ ਸੀ. ਅਸੀਂ ਬਹੁਤ ਘੱਟ ਸੂਦ ਲੈਂਦੇ ਸੀ, 100 ਰੁਪਏ ਪਿੱਛੇ ਚੁਵਾਨੀ ਜਾਂ ਅਠਿਆਨੀ.

ਤਿਲਕ ਰਾਜ ਉਬਰਾਏ

'ਮੇਰਾ ਤਾਲੁੱਕ ਹਾਸਿਲ ਨਾਲ ਹੈ, ਜੋ ਜਿਹਲਮ ਜ਼ਿਲ੍ਹੇ ਦੀ ਚਕਵਾਲ ਤਹਸੀਲ ਦਾ ਇੱਕ ਵੱਡਾ ਪਿੰਡ ਸੀ. ਸਾਡੇ ਮੁਸਲਿਮਾਂ ਨਾਲ ਬਹੁਤ ਚੰਗੇ ਰਿਸ਼ਤੇ ਸੀ. ਸਾਡੇ ਘਰ ਤੇ ਮੁੱਖ ਗਲੀ ਦੀ ਤਰਫ਼ ਇੱਕ ਬਾਰੀ ਹੁੰਦੀ ਸੀ. ਇਹ, ਦੂਜੇ ਲੋਕਾਂ ਦੇ ਨਾਲ ਹਮੇਸ਼ਾ, ਸੰਪਰਕ ਕਰਣ ਦਾ ਇੱਕ ਜਰਿਆ ਸੀ. ਮਾਰਚ 1947 ਤੇ ਮੈਂ ਰਾਵਲਪਿੰਡੀ ਤੇ ਸੀ ਅਤੇ ਇਮਪਿਰੀਅਲ ਬੈਂਕ ਤੇ ਕੱਮ ਕਰਦਾ ਸੀ. ਪਿੰਡ ਦੇ ਉਪਰ ਇੱਕ ਹਮਲਾ ਹੋਇਆ, ਪਰ ਸਾਡੇ ਪਰਵਾਰ ਅਤੇ ਦੂਜੇ ਹਿੰਦੂਆਂ ਨੂੰ ਸਾਡੇ ਮੁਸਲਿਮ ਗੁਆਂਢੀਆਂ ਨੇ ਬਚਾ ਲੀਤਾ. ਅਤੇ, ਹਾਸਿਲ ਤੇ ਕੋਈ ਵੱਡਾ ਅਤੇ ਭੈੜਾ ਵਾਕਿਆ ਨਹੀਂ ਹੋਇਆ. ਪਰ ਅਗਸਤ ਵਿੱਚ ਹਾਲਾਤ ਕਾਬੂ ਵਿੱਚ ਨਹੀਂ ਸਨ. ਸ਼ਥਾਨਲ ਲੋਕ, ਚਾਹੁੰਦੇ ਤਾਂ ਵੀ, ਸਾਡੀ ਮਦਦ ਨਹੀਂ ਕਰ ਸਕਦੇ ਸੀ. ਇਹ ਸਾਫ਼ ਸੀ ਕਿ ਜੋ ਇਲਾਕਾ ਪਾਕਿਸਤਾਨ ਬਣਨ ਵਾਲਾ ਸੀ, ਉਸ ਵਿੱਚ ਹਿੰਦੂਆਂ ਅਤੇ ਸਿੱਖਾ ਲਈ ਕੋਈ ਜਗ੍ਹ ਨਹੀਂ ਸੀ. ਮੇਰੇ ਮਾਤਾ ਪਿਤਾ, ਅਤੇ ਭਰਾ ਭੈਣ ਅਟੱਕ ਚਲੇ ਗਏ ਅਤੇ ਉਥੇ ਕਈ ਮਹੀਨੇ ਤੱਕ ਰਹੇ. ਇਹ ਇੱਕ ਬਹੁਤ ਵੱਡਾ ਸ਼ਰਨਾਰਥੀ ਕੈਂਪ ਸੀ ਜਿਸ ਵਿੱਚ ਤਕਰੀਬਨ 200,000 ਲੋਕ ਸਨ. ਬਾਅਦ ਤੇ, ਫ਼ੌਜ਼ ਦੀ ਹਿਫ਼ਾਜ਼ਤ ਨਾਲ, ਉਨ੍ਹਾਂ ਨੂੰ ਇੰਡੀਆ ਲੈ ਜਾਇਆ ਗਿਆ. ਮੈਂ ਰਾਵਲਪਿੰਡੀ ਤੇ ਸੀ ਪਰ ਕੁੱਝ ਵਕਤ ਤੱਕ ਮੈਨੂੰ ਪਤਾ ਨਹੀਂ ਸੀ ਕਿ ਮੇਰਾ ਪਰਵਾਰ ਕਿਥੇ ਸੀ. ਮੈਂ ਅਕਤੂਬਰ ਤੇ ਇੰਡੀਆ ਆਇਆ. ਸਾਡੀ ਰੇਲ-ਗੱਡੀ ਨਾਲ ਵੀ ਫ਼ੌਜ਼ ਦੇ ਬੰਦੇ ਮੌਜੁਦ ਸਨ ਅਤੇ ਉਸ ਉਪਰ ਕੋਈ ਹਮਲਾ ਨਹੀਂ ਹੋਇਆ.'

ਸ਼ਾਹਪੁਰ ਜ਼ਿਲ੍ਹਾ

ਸ਼ਾਹਪੁਰ ਜ਼ਿਲ੍ਹਾ ਜਿਸ ਵਿੱਚ ਆਧੁਨਿਕ ਸ਼ਹਿਰ ਸਰਗੋਧਾ ਸ਼ਾਮਲ ਹੈ, ਰਾਵਲਪਿੰਡੀ ਦਾ ਇੱਕ ਵੱਡੀ ਮੁਸਲਿਮ ਮਜਾਰਿਟੀ ਵਾਲਾ ਪਛੱਮੀ ਹਿੱਸਾ ਸੀ. ਸ਼ਾਹਪੁਰ ਜ਼ਿਲ੍ਹੇ ਤੇ ਹਿੰਦੂਆਂ ਅਤੇ ਸਿੱਖਾ ਦੀ ਕੁਲ 15 ਫ਼ੀਸਦੀ ਆਬਾਦੀ ਸੀ. ਪਾਨੀਪਤ ਦਾ ਦੌਰਾ ਕਰਦੇ ਹੋਏ, 30 ਨਵੰਬਰ 2005 ਨੂੰ, ਹਿਤੇਸ਼ ਗੋਸਾਈਂ ਮੈਨੂੰ ਗੱਡੀ ਵਿੱਚ ਪਾਨੀਪਤ ਲੈ ਗਏ, ਜਿੱਥੇ ਦੁਪਹਿਰ ਅਸੀਂ ਪ੍ਰੋਫ਼ੈਸਰ ਨਰਿੰਦਰ ਮੋਹਨ ਵੈਦ ਨਾਲ ਗੁਜ਼ਾਰੀ ਜਿਨ੍ਹਾਂ ਨੇ ਸਾਨੂ, ਮੁਲਤਾਨ ਡਿਵੀਜ਼ਨ ਦੇ ਬੁਰੇਵਾਲਾ ਤੋਂ, ਉਨ੍ਹਾਂ ਦੇ ਪਿਤਾ ਦੇ ਬਚ ਕੇ ਨਿਕਲਣ ਦੀ ਕਹਾਣੀ ਦੱਸੀ. ਮੇਰੇ ਮੇਜ਼ਬਾਨ ਮੈਨੂੰ ਚਮਨ ਲਾਲ ਅਹੁਜਾ ਨੂੰ ਮਿਲਾਣ ਵੀ ਲੈ ਗਏ. ਉਹ ਰੋਣ ਲਗੇ, ਜਦ ਉਨ੍ਹਾਂ ਨੂੰ ਪਤਾ ਲਗਾ ਕਿ ਮੈਂ ਪਾਕਿਸਤਾਨ ਤੋਂ ਸੀ. ਉਹ ਸਰਗੋਧਾ ਤੇ ਆਜ਼ਾਦੀ ਦੇ ਇੱਕ ਜੋਧਾ ਸਨ ਅਤੇ ਮਿਆਂ ਇਫ਼ਤਿਖ਼ਾਰੁਦੀਨ ਦੇ ਨਾਲ ਜੇਲ੍ਹ ਤੇ ਜਾ ਚੁਕੇ ਸੀ, ਜਿਸ ਨੂੰ ਉਹ ਇੱਕ ਮਹਾਨ ਆਗੂ ਅਤੇ ਇਨਸਾਨ ਸਮਝਦੇ ਸੀ. ਸ਼੍ਰੀ ਅਹੁਜਾ ਨੇ ਮੈਨੂ ਦੱਸਿਆ ਕਿ ਸਰਗੋਧਾ ਦੇ ਜ਼ਿਆਦਾਤਰ ਲੋਕ ਦੋਸਤਾਨਾ ਸੀ ਅਤੇ ਅਗਸਤ 1947 ਨੂੰ ਹੀ ਜਾ ਕੇ ਗੜਬੜੀ ਸ਼ੁਰੂ ਹੋਈ. ਬਾਅਦ ਤੇ, ਮੈਂ ਹਿਤੇਸ਼ ਗੋਸਾਈਂ ਦੀ ਮਾਂ ਦਾ ਇੰਟਰਵਿਊ ਲੀਤਾ, ਜੋ ਸ਼ਾਹਪੁਰ ਜ਼ਿਲ੍ਹੇ ਤੋਂ ਸੀ ਪਰ 1947 ਤੇ ਭੇਰਾ, ਜੋ ਇੱਕ ਛੋਟਾ ਸ਼ਹਿਰ ਜਿੱਥੇ ਹਿੰਦੂਆਂ ਦੀ ਤਦਾਦ ਜ਼ਿਆਦਾ ਸੀ, ਤੇ ਰਹ ਰਹੀ ਸੀ.

ਰਾਜ ਰਾਨੀ ਗੋਸਾਈਂ

'ਅਸੀਂ ਪੰਜਾਬੀ ਬ੍ਰਾਹਮਣ ਹਾਂ. ਮੇਰਾ ਜਨਮ ਸਰਗੋਧਾ, ਜ਼ਿਲ੍ਹਾ ਸ਼ਾਹਪੁਰ ਤੇ ਜਨਵਰੀ 1918 ਨੂੰ ਹੋਇਆ ਸੀ. ਅਸੀਂ *ਬਲਾਕ* ਦੋ ਤੇ ਰਹਿੰਦੇ ਸੀ. ਮੇਰਾ ਵਿਆਹ 9 ਮਈ 1930 ਨੂੰ ਮਿਆਨੀ ਦੇ ਗੋਸਾਈਂ ਕ੍ਰਿਸ਼ਨ ਲਾਲ ਨਾਲ ਹੋਇਆ ਸੀ. ਗੋਸਾਈਂ ਪਰਵਾਰ ਦਾ ਪੁਸ਼ਤੈਨੀ ਘਰ ਝਿਕੀ ਗਲੀ, ਮਿਆਨੀ ਤੇ ਸੀ. ਵਿਆਹ ਤੋਂ ਬਾਅਦ, ਮੈਂ ਕਈ ਅਲਗ ਜਗ੍ਹਾਂ ਤੇ ਰਹੀ ਜੈਦਾਂ ਕਿ ਸਰਗੋਧਾ, ਫੁਲਰਵਾਂ, ਜਿੱਥੇ ਮੇਰੇ ਪਤੀ ਦੀ ਪੋਸਟਿੰਗ ਹੁੰਦੀ ਸੀ. 1947 ਤੇ ਅਸੀਂ ਭੇਰਾ ਤੇ ਸੀ. ਮੇਰੇ ਪਤੀ ਇੱਕ ਸਿਵਲ ਹਸਪਤਾਲ ਤੇ ਕੱਮ ਕਰਦੇ ਸੀ. ਹਿੰਦੂਆਂ ਅਤੇ ਮੁਸਲਿਮਾਂ ਦੇ ਰਿਸ਼ਤੇ ਬਿਲਕੁਲ ਆਮ ਸਨ, ਜਦ ਤੱਕ ਤਕਸੀਮ ਦੀ ਕੋਈ ਗੱਲਬਾਤ ਸੁਰੂ ਨਹੀਂ ਹੋਈ ਸੀ. ਦੀਵਾਲੀ ਵਰਗੇ ਤਿਉਹਾਰਾਂ ਤੇ, ਅਸੀਂ ਸ਼ਹਿਰ ਅਤੇ ਮਹੱਲੇ ਦੇ ਪ੍ਰਮੁੱਖ ਮੁਸਲਿਮ ਪਰਵਾਰਾਂ ਨੂੰ ਮਿਠਾਈ ਭੇਜਦੇ. ਉਸੇ ਤਰ੍ਹਾਂ, ਈਦ ਦੇ ਮੌਕੇ ਤੇ, ਮੁਸਲਿਮ ਸਾਨੂ, ਕੁੱਝ ਹਿੰਦੂਆਂ ਜਾਂ ਹਿੰਦੂ ਦੁਕਾਨਾਂ ਦੁਆਰਾ ਮਿਠਾਇਆਂ ਭੇਜਦੇ ਸੀ.

'ਪਰ ਤਕਸੀਮ ਤੋਂ ਪਹਿਲਾਂ, ਹਾਲਾਤ ਖ਼ਰਾਬ ਹੋਣ ਲਗੇ. ਅਫਵਾਹਾਂ ਫੈਲ ਗਈਆਂ ਕਿ ਮੁਸਲਿਮਾਂ ਨੇ ਹਮਲਾ ਕਰ ਕੇ ਹਿੰਦੂਆਂ ਨੂੰ ਲੁੱਟ ਲੀਤਾ ਹੈ ਅਤੇ ਹਿੰਦੂ ਬੰਦੇਆਂ, ਔਰਤਾਂ ਅਤੇ ਬੱਚੇਆਂ ਨੂੰ ਹਲਾਕ ਕਰ ਦਿੱਤਾ ਹੈ. ਜੁਲਾਈ ਦੇ ਅਖੀਰ ਤਕ, ਹਾਲਾਤ ਬੇਹਦ ਤਣਾਅ ਵਾਲੇ ਸਨ. ਅਸੀਂ, ਔਰਤਾਂ ਪਿਸੀ ਹੋਈ ਮਿਰਚਾਂ, ਪਥਰਾਂ ਨਾਲ ਭਰੀ ਬਾਲਟੀਆਂ ਅਤੇ ਪਾਣੀ ਹੋਰ ਪੀਪੇ ਹਮੇਸ਼ਾ ਤਿਆਰ ਰੱਖਦੇ ਸੀ. ਪਾਣੀ ਨੂੰ ਘਰਾਂ ਦੀ ਛੱਤਾ ਤੇ ਰੱਖਿਆ ਜਾਂਦਾ ਸੀ ਤਾਂਕਿ ਅਗਰ ਮੁਸਲਿਮ ਭੀੜ ਸਾਡੇ ਘਰ ਨੂੰ ਅੱਗ ਲਗਾਉਂਦੀ ਸੀ, ਤੇ ਅਸੀਂ ਉਸ ਨੂੰ ਬੁਝਾ ਸਕੀਐ. ਬੰਦੇ ਖ਼ੰਜਰ ਤਿਆਰ ਰੱਖਦੇ ਸੀ. ਔਰਤਾ ਨੂੰ ਜਹਿਰ ਦੇ ਪੈਕੇਟ ਵੀ ਦਿੱਤੇ ਗਏ ਸੀ ਤਾਂਕਿ ਅਗਰ ਬੰਦੇ

ਲੜਦੇ ਹੋਏ ਮਾਰੇ ਜਾਂਦੇ ਨੇ ਤੇ, ਔਰਤਾਂ ਜ਼ਹਿਰ ਖਾ ਲੈਣ. ਆਪਣੀ ਇੱਜ਼ਤ ਗੁਆਣ ਤੋਂ ਮਰ ਜਾਣਾ ਬਿਹਤਰ ਸੀ. ਸਾਡੇ ਮਹੱਲੇ ਤੇ ਕੋਈ ਹਮਲਾ ਨਹੀਂ ਹੋਇਆ ਸੀ, ਪਰ ਹਮਲੇ ਦੀ ਦੋ ਭਿਆਨਕ ਵਾਰਦਾਤਾਂ ਹੋਇਆਂ.

'ਇੱਕ ਵਾਰ, ਮਹੱਲੇ ਦੀ ਸਾਰੀ ਔਰਤਾਂ ਇੱਕ ਘਰ ਦੀ ਤੰਦੂਰ ਤੇ ਰੋਟਿਆਂ ਪਕਾਉਣ ਗਈਆਂ ਸੀ. ਅਚਾਨਕ, ਚੀਕਾਂ ਆਉਣ ਲਗੀਆਂ "*ਆ ਗਏ. ਆ ਗਏ,*" ਅਤੇ ਅਸੀਂ ਇਧਰ-ਉਧਰ ਦੌੜ ਗਏ, ਆਪਣੇ ਭਾਂਡੇ ਛੱਢ ਕੇ, ਆਟਾ ਅਤੇ ਰੋਟਿਆਂ ਨੂੰ ਕੁੜੇ ਦੀ ਤਰ੍ਹਾਂ ਸੁੱਟ ਕੇ. ਅਸੀਂ ਸਾਰੇ ਆਪਣੇ ਆਪਣੇ ਘਰਾਂ ਨੂੰ ਜਲਦੀ ਨਾਲ ਪਹੁੰਚੇ, ਦਰਵਾਜ਼ੇ ਨੂੰ ਕੁੰਡੀ ਮਾਰੀ ਅਤੇ ਛੱਤ ਤੇ ਸਾਰਾ ਸਾਮਾਨ ਲੈ ਕੇ ਚਲੇ ਗਏ, ਜਿਸ ਦਾ ਜ਼ਿਕਰ ਮੈਂ ਪਹਿਲਾਂ ਕੀਤਾ ਹੈ. ਖ਼ੁਸ਼ਕਿਸਮਤੀ ਨਾਲ, ਸਾਡੇ ਮਹੱਲੇ ਤੇ ਕੋਈ ਭੀੜ ਨਹੀਂ ਆਈ.

'ਜੁਲਾਈ ਤੋਂ ਬਾਅਦ, ਮੇਰੇ ਪਤੀ ਦੋ ਪੁਲਿਸਵਾਲੇਆਂ ਦੀ ਹਿਫ਼ਾਜ਼ਤ ਤੇ ਹਸਪਤਾਲ ਜਾਂਦੇ ਸੀ. ਉਸੇ ਤਰ੍ਹਾਂ, ਦੋ ਪੁਲਿਸਵਾਲੇਆਂ ਦੀ ਹਿਫ਼ਾਜ਼ਤ ਤੇ ਵਾਪਸ ਆਉਂਦੇ. ਇਹ ਦੋ ਪੁਲਿਸ ਵਾਲੇ ਮੁਸਲਿਮ ਸਨ ਪਰ ਉਹ ਹਿਫ਼ਾਜ਼ਤੀ ਅਤੇ ਵਫ਼ਾਦਾਰ ਸਨ. ਪਰ, ਅਗਸਤ ਤੇ, ਇੱਕ ਪੁਲਿਸ ਐਸ.ਆਈ. ਨੇ ਹਸਪਤਾਲ ਤੇ ਮੇਰੇ ਪਤੀ ਨੂੰ ਹੁਕਾਹ ਭਰ ਕੇ ਜਲਾਉਣ ਨੂੰ ਕਿਹਾ. ਮੇਰੇ ਪਤੀ ਨੇ ਕਿਹਾ ਕਿ ਵਾਰਡ ਦਾ ਨੌਕਰ ਆ ਕੇ ਇੱਹ ਕੱਮ ਕਰੇਗਾ. ਐਸ.ਆਈ ਗੁੱਸਾ ਹੋ ਗਿਆ ਅਤੇ ਕਿਹਾ, "ਇੱਕ ਵਾਰ ਦੰਗੇ ਸ਼ੁਰੂ ਹੋ ਜਾਣ, ਮੈਂ ਪਹਿਲੀ ਗੋਲੀ ਤੇਰੇ ਸੀਨੇ ਤੇ ਮਾਰਨੀ ਹੈ." ਮੇਰੇ ਪਤੀ ਨੇ ਜਵਾਬ ਦਿੱਤਾ, "ਵੇਖਿਆ ਜਾਵੇਗਾ".

'ਮਲਕਵਾਲ ਤੇ ਹੋਏ ਬਹੁਤ ਜ਼ਿਆਦਾ ਕਤਲੇਆਮ ਦੀ ਅਫਵਾਹ ਫੈਲ ਗਈ ਸੀ. ਅਤੇ, ਮੇਰੇ ਜੇਠ ਗੋਸਾਈਂ ਬੈਜ ਨਾਥ ਅਤੇ ਉਨ੍ਹਾਂ ਦਾ ਪਰਵਾਰ, ਅਤੇ ਮੇਰੀ ਭੈਨ ਲਾਜਵੰਤੀ ਅਤੇ ਉਸ ਦਾ ਪਰਵਾਰ ਵੀ ਸਾਡੇ ਕੋਲ ਭੇਰਾ ਤੇ ਆ ਗਿਆ. ਤਕਸੀਮ ਦੇ ਵਕਤ, ਸਾਡੇ ਘਰ ਤੇ ਉਨੀ ਸਦੱਸ ਸਨ. ਪਰ, ਮੇਰਾ ਦੇਵਰ, ਗੋਸਾਈਂ ਸ਼ਾਲੀਗ੍ਰਾਮ ਉਸ ਵਕਤ ਮਿਆਨੀ ਤੇ ਸਾਡੇ ਝਿਕੀ ਗਲੀ ਦੇ ਘਰ ਤੇ ਸੀ. ਤਕਸੀਮ ਤੋਂ ਦੋ ਹਫ਼ਤੇ ਪਹਿਲਾਂ, ਇੱਕ ਦਿਨ ਸਾਨੂ ਖ਼ਬਰ ਮਿਲੀ ਕਿ ਮਿਆਨੀ ਤੇ ਕਈ ਹਿੰਦੂਆਂ ਨੂੰ ਹਲਾਕ ਕਰ ਦਿੱਤਾ ਗਿਆ ਸੀ ਅਤੇ ਬਚੇ ਹੋਏ ਲੋਕ ਭੇਰਾ ਆ ਗਏ ਸੀ. ਮੇਰੇ ਪਤੀ ਅਤੇ ਜੇਠ, ਨਾਲੋ ਨਾਲ ਰੇਲਵੇ ਸਟੇਸ਼ਨ ਗਏ ਅਤੇ ਥੋੜੀ ਦੇਰ ਬਾਅਦ ਰੋਂਦੇ ਹੋਏ ਆਏ. ਬਚੇ ਹੋਏ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਸ਼ਾਲੀਗ੍ਰਾਮ ਨੂੰ ਮੁਸਲਿਮਾਂ ਨੇ ਮਾਰ ਦਿੱਤਾ ਸੀ. ਉਸ ਨੇ ਆਪਣੇ ਘਰ ਤੋਂ ਬਚ ਕੇ ਨਾਲ ਦੇ ਇੱਕ ਦੂਜੇ ਘਰ ਤੇ ਜਾਣ ਦੀ ਕੋਸ਼ਿਸ਼ ਕੀਤੀ ਸੀ. ਇਸ ਦੂਜੇ ਘਰ ਨੂੰ *ਸੁਤ੍ਰਹਿਆਂ ਦੀ ਧਰਮਸ਼ਾਲਾ* ਕਿਹਾ ਜਾਂਦਾ ਸੀ. ਇਸ ਘਰ ਤੇ ਕੋਈ ਨਹੀਂ ਰਹਿੰਦਾ ਸੀ ਪਰ ਇਹ ਹਮੇਸ਼ਾ ਖੁਲ੍ਹਾ ਰਹਿੰਦਾ ਸੀ, ਅਤੇ ਉਥੇ ਇੱਕ ਖੂਹ ਸੀ ਜਿਥੋਂ ਲੋਕ ਪਾਣੀ ਕੱਢਦੇ ਸੀ. ਇਸ ਖੂਹ ਦੇ ਕਰੀਬ ਇੱਕ ਵੱਡਾ ਦਰਖਤ ਸੀ. ਸ਼ਾਲੀਗ੍ਰਾਮ ਨੇ ਰਬੜ ਦੇ ਤਲੇ ਵਾਲੀ ਜੁੱਤੀ ਪਹਿਣੀ ਹੋਈ ਸੀ, ਅਤੇ ਜਦ ਉਸ ਨੇ ਦਰਖਤ ਤੇ ਚੜ੍ਹ ਕੇ ਦੂਜੇ ਘਰ ਜਾਣ ਦੀ ਕੋਸ਼ਿਸ਼ ਕੀਤੀ, ਉਸ ਦਾ ਪੈਰ ਫਿਸਲ ਗਿਆ. ਤਦ ਤਕ, ਹਮਲਾਵਾਰ ਦਾਖਲ ਹੋ ਚੁਕੇ ਸੀ ਅਤੇ ਉਨ੍ਹਾਂ ਨੇ ਉਸ ਨੂੰ ਫੱੜ ਕੇ ਹਲਾਕ ਕਰ ਦਿੱਤਾ. ਉਸ ਦਿੱਨ 10 ਜਾਂ 12 ਕਤਲ ਹੋਣ ਦੀ ਖ਼ਬਰ ਸੀ. ਬਚੇ ਹੋਏ ਲੋਕਾਂ ਨੇ ਦੱਸਿਆ ਕਿ, ਬਾਅਦ ਤੇ ਉਨ੍ਹਾਂ ਨੇ ਸਾਰੀ ਲਾਸ਼ਾਂ ਨੂੰ, ਇੱਕ ਸਾਥ, ਇੱਕ ਚੁਨੀ ਲਾਲ ਵਾਸਨ ਦੀ ਤਾਲ ਤੇ ਸੰਸਕਾਰ ਕਰ ਦਿੱਤਾ.

'ਮਿਆਨੀ ਤੇ ਇੱਕ ਹੋਰ ਵਾਕਿਆ ਹੋਇਆ, ਜਿਸ ਦੇ ਬਾਰੇ ਸਾਨੂ ਬਾਅਦ ਤੇ ਪਤਾ ਲਗਾ. ਇੱਕ, ਦੀਵਾਨ ਜਗਦੀਸ਼ ਸੀ, ਜੋ ਇੱਕ ਦੁਬਲਾ ਪਤਲਾ ਸਾਡੀ ਬਰਾਦਰੀ ਦਾ ਬੰਦਾ ਸੀ. ਉਸ ਦੀ ਕਾਫ਼ੀ ਜਮੀਨ ਸੀ ਅਤੇ ਉਸ ਦੀ ਬਹੁਤ ਇੱਜ਼ਤ ਸੀ. ਉਸ ਦਾ ਘਰ ਸਾਡੇ ਘਰ ਤੋਂ ਬਿਲਕੁਲ ਪਿੱਛੇ ਸੀ. ਦੋਨੇ ਘਰ ਦੋ ਮੰਜ਼ਲਾ ਸਨ.

ਦੀਵਾਨ ਜਗਦੀਸ਼ ਦੀ ਚਾਰ ਕੁੜੀਆਂ ਸਨ, ਪਰ ਕੋਈ ਮੁੰਡਾ ਨਹੀਂ ਸੀ. ਉਹ ਉਸ ਦੀ ਜਮੀਨ ਦੇ ਆਪਣੇ ਮੁਸਲਿਮ ਖੇਤੀਬਾੜੀ ਕਰਦੇ ਮਜਦੂਰਾਂ ਨਾਲ ਕਾਫ਼ੀ ਪਿਆਰ ਨਾਲ ਸਲੂਕ ਕਰਦਾ ਸੀ. ਜਦ ਤਣਾਅ ਦਾ ਦੌਰ ਇੱਕ ਦਮ ਸ਼ਿਖਰ ਤੇ ਸੀ, ਪੂਰਬੀ ਪੰਜਾਬ ਤੋਂ ਆਏ ਮੁਹਾਜਿਰ ਉਨ੍ਹਾਂ ਦੇ ਘਰ ਆਏ ਅਤੇ ਦਰਵਾਜ਼ੇ ਤੇ ਦਸਤਕ ਕੀਤੀ. ਜਦ ਉਨ੍ਹਾਂ ਨੇ ਪੁਛ-ਗਿਛ ਕੀਤੀ, ਤਦ ਉਨ੍ਹਾਂ ਨੇ ਬੰਦ ਦਰਵਾਜ਼ੇ ਦੇ ਦੂਜੀ ਤਰਫ਼ੋਂ ਬਹੁਤ ਸ਼ਰਾਫ਼ਤ ਨਾਲ ਕਿਹਾ, "*ਬਾਉਜੀ, ਅਸੀ ਤੁਹਾਡੇ ਵਾਸਤੇ ਹੀ ਆਏ ਹਾਂ* ". ਉਨ੍ਹਾਂ ਦਾ ਇਤਬਾਰ ਕਰਦੇ ਹੋਏ ਦੀਵਾਨ ਨੇ ਦਰਵਾਜ਼ਾ ਖੋਲ ਦਿੱਤਾ ਅਤੇ ਉਸ ਨੂੰ ਉਥੇ ਹੀ ਮਾਰ ਦਿੱਤਾ ਗਿਆ. ਜਦ ਉਨ੍ਹਾਂ ਦੀ ਲਾਸ਼ ਮਿਲੀ ਤੇ ਵੇਖਿਆ ਗਿਆ ਕਿ ਉਨ੍ਹਾਂ ਦਾ ਸਿਰ ਇੱਕ ਵੱਡੇ ਘੜੇ ਵਿੱਚ ਸੀ. ਖ਼ੁਸ਼ਕਿਸਮਤੀ ਨਾਲ, ਉਸ ਵਕਤ, ਉਨ੍ਹਾਂ ਦੀ ਪਤਨੀ ਅਤੇ ਬੇਟਿਆਂ ਨਜਦੀਕ ਦੇ ਇੱਕ ਘਰ ਤੇ ਸਨ, ਜੋ ਸਾਡੇ ਇੱਕ ਰਿਸ਼ਤੇਦਾਰ ਦਾ ਸੀ. ਉਹ ਇਸ ਦਾਸਤਾਨ ਨੂੰ ਦਸਣ ਲਈ ਜ਼ਿੰਦਾ ਬਚ ਗਈਆਂ.

'ਭੇਰਾ ਦਾ ਇੱਕ ਪ੍ਰਭਾਵਸ਼ਾਲੀ ਸੱਜਣ ਸੀ, ਜਿਨ੍ਹਾਂ ਦਾ ਨਾਂਅ ਦੀਵਾਨ ਸਾਹਿਬ ਸੀ. ਉਨ੍ਹਾਂ ਨੇ ਇੱਕ ਮੇਮ ਨਾਲ ਵਿਆਹ ਕੀਤਾ ਸੀ ਅਤੇ ਤਕਸੀਮ ਦੇ ਵਕਤ ਉਹ ਦਿੱਲੀ ਤੇ ਸਨ. ਇਹ ਕਿਹਾ ਜਾਂਦਾ ਹੈ ਕਿ ਕਿਸੇ ਨੇ ਉਨ੍ਹਾਂ ਨੂੰ ਜਾ ਕੇ ਕਿਹਾ, ਜਦ ਕਿ ਉਹ ਦਿੱਲੀ ਤੇ ਅਮਨ ਵਿੱਚ ਰਹ ਰਹੇ ਸੀ, ਉਨ੍ਹਾਂ ਦਾ ਪਿਆਰਾ ਭੇਰਾ ਗੜਬੜੀ ਵਿੱਚ ਸੀ. ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਇੱਕ ਮਰਾਠਾ ਬਟਾਲਿਅਨ ਦਾ ਇੰਤਜ਼ਾਮ ਕੀਤਾ ਤਾਂਕਿ ਲੋਕਾਂ ਨੂੰ ਭੇਰਾ ਤੋਂ ਕੱਢ ਕੇ ਮੰਡੀ ਬਹਾਉਦੀਨ ਅਤੇ ਉਥੋਂ 19 ਟਰੱਕਾਂ ਦਾ ਇੰਤਜ਼ਾਮ ਕਰ ਕੇ ਲੋਕਾਂ ਨੂੰ ਅੱਮ੍ਰਿਤਸਰ ਲੈ ਜਾਇਆ ਜਾ ਸਕੇ. 14 ਅਗਸਤ ਤੋਂ ਕੁੱਝ ਦਿਨ ਬਾਅਦ, ਅਸੀਂ ਬਹੁਤ ਥੋੜਾ ਸਾਮਾਨ ਲੈ ਕੇ, ਜੋ ਅਸੀਂ ਖੁਦ ਚੁਕ ਸਕਦੇ ਸੀ, ਸਮੂਹਾਂ ਵਿੱਚ ਭੇਰਾ ਰੇਲਵੇ ਸਟੇਸ਼ਨ ਗਏ. ਖ਼ੁਸ਼ਕਿਸਮਤੀ ਨਾਲ, ਅਸੀਂ ਨਕਦ ਅਤੇ ਜ਼ੇਵਰ ਲੈ ਸਕੇ. ਅਸੀਂ ਆਪਣੇ ਘਰ ਨੂੰ ਜਿੰਦਰਾ ਮਾਰ ਕੇ, ਚਾਬੀਆਂ ਦਾ ਗੁੱਛਾ ਬਾਬਾ ਰਹਿਮਾਨੀ ਨੂੰ ਦੇ ਦਿੱਤਾ, ਜੋ ਹਸਪਤਾਲ ਦਾ ਵਾਰਡ-ਸਰਵੈਂਟ ਸੀ. ਅਸੀਂ ਉਸ ਨੂੰ ਕਿਹਾ ਕਿ ਅਗਰ ਅਸੀਂ ਵਾਪਸ ਆਏ, ਤਾਂ ਉਹ ਚਾਬੀਆਂ ਅਸੀਂ ਲੈ ਲਾਂਗੇ, ਨਹੀਂ ਤੇ ਘਰ ਦਾ ਸਾਰਾ ਸਾਮਾਨ ਉਸ ਦਾ ਸੀ. ਬਾਬਾ ਰਹਿਮਾਨੀ ਅਤੇ ਮਹੱਲੇ ਦੇ ਦੂਜੇ ਲੋਕਾ ਨੇ ਉਮੀਦ ਜ਼ਾਹਰ ਕੀਤੀ ਕਿ ਅਸੀਂ ਜਲਦ ਵਾਪਸ ਆ ਜਾਵਾਂਗੇ. ਪਰ, ਇਹ ਨਹੀਂ ਹੋ ਸਕਿਆ.

'ਅਸੀਂ ਭੇਰਾ ਸਟੇਸ਼ਨ ਪਹੁੰਚੇ ਅਤੇ ਰੇਲ-ਗੱਡੀ ਤੇ ਦਾਖਲ ਹੋਏ. ਗੱਡੀ ਚਲੀ ਪਰ ਥੋੜੀ ਦੇਰ ਬਾਅਦ ਰੁਕ ਗਈ. ਸਾਰੇ ਲੋਕ ਤਣਾਅ ਵਿੱਚ ਸਨ. ਮਰਾਠਾ ਸਿਪਾਹੀਆਂ ਨੇ ਚਾਰੇ ਪਾਸੇ, ਆਪਣੀ ਮਸ਼ੀਨ ਗਨਾਂ ਨਾਲ ਨਿਸ਼ਾਨਾ ਲਗਾ ਲੀਤਾ, ਪਰ ਖ਼ੁਸ਼ਕਿਸਮਤੀ ਨਾਲ ਗੱਡੀ ਦੁਬਾਰਾ ਚਲਣ ਲਗੀ. ਅਸੀਂ ਮੰਡੀ ਬਹਾਉਦੀਨ ਪਹੁੰਚੇ. ਅਸੀਂ ਸਾਰੇ ਚੱਲ ਕੇ ਇੱਕ ਕਿਲੇਨੁਮਾ ਢਾਂਚੇ ਤੇ, ਇੱਕ ਬਹੁਤ ਵੱਡੇ ਗੇਟ ਤੋਂ ਹੋ ਕੇ ਦਾਖਲ ਹੋਏ. ਅਸੀਂ ਘਰੋਂ ਕਾਫੀ, ਨਾਸ਼ਤਾ-ਪਾਣੀ ਲੈ ਆਉਂਦਾ ਸੀ. ਅਗਲੇ ਦਿਨ ਖ਼ਬਰ ਆਈ, ਕਿ ਬਾਹਰ ਦੇ ਖਾਣ ਦੇ ਸਾਮਾਨ ਅਤੇ ਪਾਣੀ ਵਿੱਚ ਮੁਸਲਿਮ ਗੁੰਡੇਆਂ ਨੇ ਜ਼ਹਿਰ ਮਿਲਾ ਦਿੱਤਾ ਸੀ. ਅਤੇ, ਅਸੀਂ ਕਿਸੇ ਨੇ ਬਾਹਰ ਦਾ ਕੁੱਝ ਨਹੀਂ ਖਾਧਾ. ਪਰਵਾਰਾਂ ਨੇ ਆਪਣਾ ਘਰ ਦਾ ਨਾਸ਼ਤਾ ਵੰਡ ਕੇ ਖਾਧਾ. ਉਸ ਜਗ੍ਹ ਦੇ ਅੰਦਰ ਹੀ ਪਾਣੀ ਦਾ ਇੰਤਜ਼ਾਮ ਕੀਤਾ ਗਿਆ. ਤੀਜੇ ਦਿਨ ਟਰੱਕ ਆਏ. ਅਸੀਂ ਇਕੱਠੇ ਬਾਹਰ ਨਿਕਲੇ. ਸਾਨੂ ਉਹ ਹੀ ਸਾਮਾਨ ਲੈ ਜਾਣ ਦਿੱਤਾ ਗਿਆ ਜਿਸ ਨੂੰ ਅਸੀਂ ਖੁਦ ਉਠਾ ਸਕਦੇ ਸੀ. ਜ਼ਿਆਦਾਤਰ ਲੋਕਾਂ ਨੇ ਆਪਣਾ ਕੋਈ ਨਾ ਕੋਈ ਸਾਮਾਨ ਛੱਡ ਦਿੱਤਾ. ਸਥਾਨਕ ਪੁਲਿਸਵਾਲੇ ਹਰ ਇੱਕ ਇਨਸਾਨ ਉਪਰ 100 ਰੁਪਏ ਦੀ ਰਿਸ਼ਵਤ ਲੈ ਰਹੇ ਸੀ. ਉਹ ਦੂਜੀ ਤਰਕੀਬਾਂ ਨਾਲ ਵੀ ਪੈਸੇ ਬਣਾ ਰਹੇ ਸੀ. ਟਰੱਕਾਂ ਦੇ ਨਾਲ ਵੀ ਮਰਾਠਾਂ ਬਟਾਲਿਅਨ ਜਾ ਰਹੀ ਸੀ, ਜਿਨ੍ਹਾਂ ਨੇ ਸਾਨੂ ਕਿਹਾ ਕਿ

ਅਸੀਂ ਆਪਣਾ ਸਿਰ ਝੁਕਾ ਕੇ ਰੱਖਿਐ. ਅਸੀਂ ਬਗੈਰ ਕਿਸੇ ਵਾਕਿਐ ਦੇ ਅਟਾਰੀ ਪਹੁੰਚ ਗਏ. ਥੋੜੀ ਦੇਰ ਬਾਅਦ ਟਰੱਕ ਰੁਕ ਗਏ ਅਤੇ ਇੱਕ ਖੁਲ੍ਹੇ ਮੈਦਾਨ ਤੇ, ਉਨ੍ਹਾਂ ਦਾ ਇੱਕ ਘੇਰਾ ਬਣਾ ਲੀਤਾ ਗਿਆ. ਸਾਰੇ ਲੋਕ ਵਿੱਚਕਾਰਲੀ ਥਾਂ ਤੇ ਖੜ੍ਹੇ ਸੀ. ਅਗਰ ਕੋਈ ਹਮਲਾ ਹੁੰਦਾ ਸੀ ਤਾਂ, ਸਾਨੂ ਲੇਟ ਜਾਣ ਨੂੰ ਕਿਹਾ ਗਿਆ. ਸਿਪਾਹੀ ਸਾਰੀ ਰਾਤ ਚੌਕਣੇ ਰਹੇ. ਅਗਲੇ ਦਿਨ ਰੇਲ-ਗੱਡੀ ਆਈ. ਉਨ ਦਿਨਾਂ ਤੇ ਗਡੀਆਂ ਮੁਫ਼ਤ ਤੇ ਚੱਲ ਰਹੀਆਂ ਸਨ. ਅਸੀਂ ਸਾਰੇ ਸਹੀ ਸਲਾਮਤ ਅੱਮ੍ਰਿਤਸਰ ਪਹੁੰਚ ਗਏ ਅਤੇ ਦਰਬਾਰ ਸਾਹਿਬ ਗਏ. ਅੱਮ੍ਰਿਤਸਰ ਤੇ ਕਈ ਪਨਾਹਗੀਰ ਮੌਜੂਦ ਸਨ. ਅਸੀਂ ਕਈ ਲੋਕਾਂ ਵਿੱਚ ਹੈਜਾ ਦੇ ਲੱਛਣ ਵੇਖੇ. ਮੈਨੂੰ ਪਤਾ ਲਗਾ ਕਿ ਮੇਰਾ ਭਣਵਇਆ ਕਦੀ ਅੱਮ੍ਰਿਤਸਰ ਨਹੀਂ ਪਹੁੰਚ ਸਕੀਆ. ਉਸ ਨੂੰ ਲਾਹੌਰ ਤੇ ਮਾਰ ਦਿੱਤਾ ਗਿਆ ਸੀ. ਅਸੀਂ ਤੁਰੰਤ ਇੱਕ ਦੂਜੀ ਗੱਡੀ ਤੇ ਬੈਠ ਕੇ ਜਲੰਧਰ ਆ ਗਏ. ਇਕ ਜਾਣ ਪਛਾਣ ਦੇ ਬੰਦੇ ਨੇ ਸਾਨੂ ਖਾਣਾ ਦਿੱਤਾ. ਅਸੀਂ ਰੇਲਵੇ ਸਟੇਸ਼ਨ ਤੇ ਸੋਏ ਅਤੇ ਅਖੀਰਕਾਰ, ਇੱਕ ਗੱਡੀ ਤੇ ਬੈਠ ਕੇ, ਲੁਧਿਆਣਾ ਹੋ ਕੇ ਕੁਰੂਕਸ਼ੇਤਰ ਆ ਗਏ, ਜਿੱਥੇ ਸਾਡੇ ਹੋਰ ਕਈ ਰਿਸ਼ਤੇਦਾਰ ਵੀ ਆਉਣ ਤੇ ਕਾਮਯਾਬ ਹੋ ਗਏ ਸੀ.

'ਹਾਂ, ਸਾਡੇ ਕਈ ਮੁਸਲਿਮ ਪਰਵਾਰਾਂ ਨਾਲ ਬਹੁਤ ਨਿੱਘੇ ਰਿਸ਼ਤੇ ਸਨ. ਭੇਰਾ ਤੇ, ਉਨ੍ਹਾਂ ਤੋਂ ਇੱਕ ਮਿਰਜ਼ਾ ਪਰਵਾਰ ਸੀ. ਸ਼੍ਰੀ ਮਿਰਜ਼ਾ ਵੀ ਹਸਪਤਾਲ ਤੇ, ਮੇਰੇ ਪਤੀ ਦੇ ਨਾਲ, ਇੱਕ ਡਿਸਪੇਂਸਰ ਦਾ ਕੱਮ ਕਰਦੇ ਸੀ. ਉਸ ਦੀ ਘਰਵਾਲੀ ਬਹੁਤ ਚੰਗੀ ਜਣਾਈ ਸੀ ਅਤੇ ਅਸੀਂ ਸਹੇਲਿਆਂ ਸੀ. ਉਸ ਦਾ ਦਾਦਾ ਇੱਕ ਹਿੰਦੂ ਸੀ ਅਤੇ ਉਨ੍ਹਾਂ ਦੇ ਕਈ ਰਿਵਾਜ ਸਾਡੀ ਤਰ੍ਹਾਂ ਹੀ ਸਨ. ਉਸ ਦੀ ਦੋ ਪਿਆਰੀ ਬੇਟਿਆਂ ਸੀ-ਮੁਮਤਾਜ਼ ਅਤੇ ਸੁਰਇਆ. ਉਹ ਦੋਨੋ ਮੇਰੀ ਬੇਟਿਆਂ-ਸਵਰਾਜ, ਸਵਿੰਦਰ ਅਤੇ ਦਇਆ ਦੇ ਹਾਣ ਦੀ ਸਨ ਸਾਰੀ ਕੁੜਿਆਂ ਇਕੱਠੇ ਖੇਡਦਿਆਂ ਅਤੇ ਇੱਕ ਦੂਜੇ ਦੇ ਘਰ, ਆਜ਼ਾਦੀ ਨਾਲ ਖਾਣਾ-ਪੀਣਾ ਕਰਦਿਆਂ ਸਨ. ਹਾਲਾਂਕਿ, ਅਸੀਂ ਸਿਆਣੇ ਮੁਸਲਿਮ ਘਰਾਂ ਤੇ ਖਾਣ ਤੋਂ ਪਰਹੇਜ਼ ਰੱਖਦੇ ਸੀ, ਬੱਚੇਆ ਦੇ ਮਾਮਲੇ ਤੇ ਲੋਕ ਚੁੱਪ ਰਹਿੰਦੇ ਸੀ. ਸ਼ੱਚ ਤੇ ਇਹ ਹੈ ਕਿ ਮੁਸਲਿਮ ਇਸ ਗੱਲ ਬਾਰੇ ਕੁੱਝ ਵੀ ਮਹਿਸੁਸ ਨਹੀਂ ਕਰਦੇ ਸੀ ਕਿ ਅਸੀਂ ਉਨ੍ਹਾਂ ਦੇ ਘਰ ਖਾਣਾ ਪੀਣਾ ਨਹੀਂ ਕਰਦੇ ਸੀ, ਕਿਉਂਕਿ ਅਸੀਂ ਇੱਕ ਦੂਜੇ ਦੀ ਰਵਾਇਤਾਂ ਦੀ ਇੱਜ਼ਤ ਕਰਦੇ ਸੀ.'

ਮਿਆਂਵਾਲੀ

ਮਿਆਂਵਾਲੀ ਤੇ 14 ਫ਼ੀਸਦੀ ਹਿੰਦੂ-ਸਿੱਖ ਸਨ, ਜਿਆਦਾ ਹਿੰਦੂ ਹੀ ਸਨ. ਖੋਸਲਾ ਰਿਪੋਰਟ ਜ਼ਿਕਰ ਕਰਦੀ ਹੈ ਕਿ 26 ਅਗਸਤ ਤੱਕ ਗੈਰ-ਮੁਸਲਿਮਾਂ ਉਪਰ ਕੋਈ ਵੱਡਾ ਹਮਲਾ ਨਹੀਂ ਹੋਇਆ, ਜਦ ਇੱਕ ਸਿੱਖ ਫ਼ੌਜੀ ਅਫ਼ਸਰ ਕੈਪਟੇਨ ਗਰੇਵਾਲ ਨੂੰ ਪਾਈਖੇਲ ਰੇਲਵੇ ਸਟੇਸ਼ਨ ਤੇ ਹਲਾਕ ਕਰ ਦਿੱਤਾ ਗਿਆ. ਇਸ ਦੇ ਬਾਅਦ, 30 ਅਗਸਤ ਨੂੰ, ਗੈਰ-ਮੁਸਲਿਮਾਂ ਨੂੰ ਬਚਾ ਕੇ ਲੈ ਜਾਣ ਲਈ, ਡਿਪਟੀ ਕਮੀਸ਼ਨਰ ਨੇ ਇੱਕ ਮਨਸੂਬੇ ਦਾ ਐਲਾਨ ਕੀਤਾ. ਸ਼ਾਇਦ, ਇਸ ਨੇ ਮੁਸਲਿਮਾਂ ਨੂੰ ਗੈਰ-ਮੁਸਲਿਮਾਂ ਉਪਰ ਹਮਲਾ ਕਰਣ ਲਈ ਵਧਾਵਾ ਦਿੱਤਾ. ਪਹਿਲਾ ਹਮਲਾ 2 ਸਤੰਬਰ ਨੂੰ ਹੋਇਆ ਅਤੇ ਇਸ ਦੇ ਬਾਅਦ, ਹਮਲੇ ਤੇਜ ਹੋ ਗਏ (1989: 204–8). ਐਸ.ਜੀ.ਪੀ.ਸੀ. ਰਿਪੋਰਟ ਦਾਅਵਾ ਕਰਦੀ ਹੈ ਕਿ ਮਿਆਂਵਾਲੀ ਤੇ 3,500 ਹਿੰਦੂ ਅਤੇ ਸਿੱਖ ਹਲਾਕ ਹੋਏ (1991: 197).

8 ਜੂਨ 2006 ਨੂੰ ਮੈਂ *ਈਲਿੰਗ ਬ੍ਰੌਡਵੇ ਅੰਡਰਗ੍ਰਾਉਂਡ ਸਟੇਸ਼ਨ* ਦੇ ਬਾਹਰ ਖੜ੍ਹਾ ਸੀ, ਅਤੇ ਗਲਤੀ ਨਾਲ ਦੂਜੀ ਟਊਬ ਫੱੜ ਲੀਤੀ ਸੀ, ਅਤੇ ਮੈਂ ਇੱਕ ਬਜ਼ੁਰਗ ਸਿੱਖ ਨੂੰ ਮਦਦ ਲਈ ਕਿਹਾ. ਉਹ ਇੱਕ ਬੇਹਦ

ਮਦਦਗਾਰ ਅਤੇ ਦੋਸਤਾਨਾ ਕਿਸਮ ਦੇ ਇਨਸਾਨ ਸਾਬਤ ਹੋਏ. ਅਸੀਂ ਇਕੱਠਾ ਚਾਹ ਪੀਤੀ ਅਤੇ ਮੇਰੀ ਗੁਜ਼ਾਰਸ਼ ਦੇ ਚਲਦੇ, ਉਹ ਮਿਆਂਵਾਲੀ ਤੇ, ਜੋ ਪੁਰਾਣੇ ਪੰਜਾਬ ਦਾ ਦੂਰ ਦਰਾਜ ਦਾ ਇਲਾਕਾ ਸੀ, ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਵਾਰ ਦੀ ਕਰੜੀ ਅਜ਼ਮਾਇਸ਼ ਬਾਰੇ ਦੱਸਣ ਨੂੰ ਰਾਜੀ ਹੋ ਗਏ.

ਜਸਪਾਲ ਸਿੰਘ ਕੋਹਲੀ

'ਸਾਡਾ ਤਾਲੁੱਕ ਜਿਹਲਮ ਜ਼ਿਲ੍ਹੇ ਦੇ ਪਿੰਡ ਦੀਨਾ ਨਾਲ ਹੈ. ਮੇਰੇ ਪਿਤਾ, ਜੋ ਪੁਲਿਸ ਵਿੱਚ ਐਸ.ਆਈ. ਸਨ, 1947 ਤੇ ਮਿਆਂਵਾਲੀ ਤੇ ਤਇਨਾਤ ਸਨ. ਮੈਂ ਉਸ ਵਕਤ ਛੇਂਵੀ ਜਮਾਤ ਤੇ ਸੀ. ਮੇਰੇ ਨਾਨਕੇ ਅਤੇ ਦਾਦਕੇ, ਦੋਵੇਂ ਦੀਨਾ ਤੇ ਸਨ. ਮੇਰੇ ਨਾਨਾ-ਨਾਨੀ ਉਨ੍ਹਾਂ ਦੇ ਚਕਵਾਲ ਦੇ ਗਹ ਪਿੰਡ ਤੋਂ ਦੀਨਾ ਤੇ ਆ ਗਏ ਸੀ, ਜਦ ਮਾਰਚ 1947 ਤੇ ਗਹ ਤੇ ਹਮਲਾ ਹੋਇਆ ਅਤੇ ਕਈ ਗੈਰ-ਮੁਸਲਿਮਾਂ ਨੂੰ ਮਾਰ ਦਿੱਤਾ ਗਿਆ. ਮੇਰੀ ਸ਼ਾਦੀ-ਸ਼ੁਦਾ ਭੈਣ ਵੀ ਕਿਸੇ ਧਾਰਮਿਕ ਮੌਕੇ ਦੇ ਚਲਦੇ, ਪਿੰਡ ਤੇ ਸੀ. ਮੇਰੇ ਪਿਤਾ ਨੇ ਪਾਕਿਸਤਾਨ ਤੇ ਰਹਿਣ ਦਾ ਫ਼ੈਸਲਾ ਕੀਤਾ ਸੀ, ਅਤੇ ਇਸ ਖ਼ਿਆਲ ਦਾ ਉਨ੍ਹਾਂ ਦੇ ਸਹਯੋਗਿਆਂ ਨੇ ਸੁਵਾਗਤ ਕੀਤਾ. ਪਰ ਸਤੰਬਰ ਦੇ ਆਖ਼ਰ ਤੇ ਪੂਰਬੀ ਪੰਜਾਬ ਤੋਂ ਪਨਾਹਗੀਰ ਮਿਆਂਵਾਲੀ ਤੇ ਆਉਣ ਲਗੇ. ਉਨ੍ਹਾਂ ਨੇ ਅਤੇ ਰਿਟਾਇਰ ਫ਼ੌਜ਼ੀਆਂ ਨੇ ਮਿਲ ਕੇ ਗੈਰ-ਮੁਸਲਿਮਾਂ ਉਪਰ ਹਮਲੇ ਦੀ ਤੰਜ਼ੀਮ ਕੀਤੀ. ਚੁੰਕਿ ਅਸੀਂ ਇੱਕ ਸਿੱਖ ਪਰਵਾਰ ਸੀ, ਸਾਡੀ ਪਛਾਣ ਆਸਾਨੀ ਨਾਲ ਕਰ ਲੀਤੀ ਗਈ.

'ਮੈਨੂੰ ਲਗਦਾ ਹੈ ਕਿ ਉਹ ਇੱਕ ਐਤਵਾਰ ਦਾ ਦਿਨ ਸੀ, ਜਦ ਸਾਰੇ ਘਰ ਤੇ ਮੌਜੂਦ ਸਨ, ਅਤੇ ਇੱਕ ਗਿਰੋਹ ਨੇ ਮੁਸਲਿਮ ਲੀਗ ਨੈਸ਼ਨਲ ਗਾਰਡਸ ਨਾਲ ਸਾਡੇ ਘਰ ਉਪਰ ਹਮਲਾ ਕਰ ਦਿੱਤਾ. ਸ਼ਥਾਨਕ ਸਿੱਖ ਵੀ ਸਾਡੇ ਘਰ ਆ ਕੇ ਰਹਿ ਰਹੇ ਸੀ ਕਿਉਂਕਿ ਉਨ੍ਹਾਂ ਨੂੰ ਲਗਦਾ ਸੀ ਕਿ ਉਹ ਇੱਕ ਮਹਿਫ਼ੂਜ਼ ਜਗ੍ਹ ਸੀ, ਚੁੰਕਿ ਮੇਰੇ ਪਿਤਾ ਪੁਲਿਸ ਤੇ ਸਨ. ਮੇਰੇ ਪਿਤਾ ਦੀ ਰਿਵਾਲਵਰ ਘਰ ਤੇ ਹੀ ਸੀ. ਇਸ ਕਰ ਕੇ ਹਮਲਾਵਰ ਪਹਿਲਾਂ ਸਾਡੇ ਘਰ ਦੇ ਨਜਦੀਕ ਆਉਣ ਤੇ ਝਿਜਕ ਰਹੇ ਸੀ. ਪਰ ਥੋੜੀ ਦੇਰ ਬਾਅਦ, ਉਹ ਭੀੜ ਵਧ ਕੇ ਹਜ਼ਾਰਾਂ ਦੀ ਹੋ ਗਈ ਸੀ ਅਤੇ ਉਨ੍ਹਾਂ ਦੇ ਵਿੱਚ, ਸ਼ਰਤਿਆ ਤੌਰ ਤੇ ਕੁੱਝ ਫ਼ੌਜ਼ੀ ਸਨ, ਜਿਨ੍ਹਾਂ ਨੇ ਬੰਦੂਕਾਂ ਫੱੜੀ ਹੋਈ ਸੀ. ਮੇਰੇ ਪਿਤਾ, ਸਾਡਾ ਗੁਆਂਢੀ ਸੰਤੋਖ ਸਿੰਘ ਅਤੇ ਉਨ੍ਹਾਂ ਦੇ ਦੋ ਬੇਟੇ ਘਰ ਦੇ ਬਾਹਰ ਖੜ੍ਹੇ ਹੋ ਕੇ ਉਸ ਦੀ ਹਿਫ਼ਾਜ਼ਤ ਕਰ ਰਕੇ ਸੀ, ਹਾਲਾਂਕਿ ਰਿਵਾਲਵਰ ਸਿਰਫ਼ ਮੇਰੇ ਪਿਤਾ ਕੋਲ ਸੀ. ਜਦ ਹਨੇਰਾ ਹੋਇਆ, ਤਦ ਹਮਲਾਵਰਾਂ ਨੇ ਫਿਰ ਹਮਲਾ ਕੀਤਾ ਅਤੇ ਸਾਰੇ ਬੰਦੇ, ਮੇਰੇ ਪਿਤਾ ਸਮੇਤ, ਮਾਰੇ ਗਏ. ਬਦਮਾਸ਼ ਛੋਟੀ ਕੁੜਿਆਂ ਨੂੰ ਲੈ ਗਏ, ਪਰ ਕਿਸੇ ਵਜ੍ਹਾ ਨਾਲ, ਬੱਚੇ ਅਤੇ ਬਜ਼ੁਰਗ ਔਰਤਾਂ ਨੂੰ ਛੱਡ ਦਿੱਤਾ ਗਿਆ. ਮੇਰੀ ਮਾਂ ਨੇ ਮੈਨੂੰ ਆਪਣੇ ਪਿੱਛੇ ਲੁਕਾ ਲੀਤਾ. ਸਵੇਰੇ, ਸਾਡੇ ਮਹੱਲੇ ਦੇ ਕੁੱਝ ਬਜ਼ੁਰਗ ਮੁਸਲਿਮ ਆਏ ਅਤੇ ਸਾਨੂ ਉਨ੍ਹਾਂ ਦੇ ਨਾਲ ਸ਼ਰਨਾਰਥੀ ਕੈਂਪ ਜਾਣ ਨੂੰ ਕਿਹਾ. ਮੈਨੂੰ ਯਕੀਨ ਹੈ ਕਿ ਉਨ੍ਹਾਂ ਦੀ ਬਦੌਲਤ, ਅਸੀਂ ਬਚ ਗਏ.

'ਅਸੀਂ ਇੱਕ ਕੈਂਪ ਤੇ ਆਏ, ਅਤੇ ਬਾਅਦ ਤੇ ਟਰੱਕਾਂ ਤੇ ਸਾਨੂ ਅੱਮ੍ਰਿਤਸਰ ਲੈ ਜਾਇਆ ਗਿਆ. ਇਸ ਸਫਰ ਤੇ ਸਾਨੂ ਕਈ ਦਿਨ ਲਗ ਗਏ. ਅਕਤੂਬਰ ਦੇ ਸ਼ੁਰੂ ਤੇ ਅਸੀਂ ਅੱਮ੍ਰਿਤਸਰ ਪਹੁੰਚੇ. ਮੇਰੇ ਦਾਦਾ-ਦਾਦੀ ਅਤੇ ਭੈਣ ਦਾ ਪਰਵਾਰ ਇੰਨਾ ਖ਼ੁਸ਼ਕਿਸਮਤ ਨਹੀਂ ਸੀ. ਉਨ੍ਹਾਂ ਨੂੰ ਦੀਨਾ ਤੇ ਮਾਰ ਦਿੱਤਾ ਗਿਆ. ਮੈਂ 1959 ਤੇ ਇੰਗਲੈਂਡ ਚਲਾ ਗਿਆ. ਕਦੀ ਕਦੀ ਮੈਂ ਦੀਨਾ ਦੇ ਮੁਸਲਿਮਾਂ ਨੂੰ ਮਿਲਣਾ ਹਾਂ ਪਰ ਮਿਆਂਵਾਲੀ ਤੋਂ ਕੋਈ ਵਿਰਲਾ ਹੀ ਮਿਲਦਾ ਹੈ. ਪੰਜਾਬੀ ਜ਼ਬਾਨ ਦੇ ਮੁਖਤਲਿਫ਼ ਲਹਿਜ਼ੇਆਂ ਨੂੰ ਸੁਣ ਕੇ ਇੱਕ ਅਜੀਬ ਇਹਸਾਸ ਹੁੰਦਾ ਹੈ. ਮੈਂ ਆਪਣੇ ਪਿਤਾ ਨੂੰ ਕਦੀ ਨਹੀਂ ਭੁੱਲਿਆ. ਉਹ ਇੱਕ ਉੱਚੇ ਕਦ ਵਾਲੇ ਸੋਹਣੇ ਇਨਸਾਨ ਸਨ. ਉਨ੍ਹਾਂ ਨੇ ਲੜਦੇ ਹੋਏ

ਆਪਣੀ ਜਾਣ ਗੁਆਈ. ਦੂਜੇ ਕਈ ਲੋਕ ਵੀ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲੇ. ਮੈਨੂੰ ਲਗਦਾ ਹੈ ਦੱਸ ਜਾਂ ਬਾਰਾਂ ਬੰਦੇ ਮਾਰੇ ਗਏ ਅਤੇ ਕੋਈ ਪੰਜ ਛੋਟੀ ਕੁੜਿਆਂ ਨੂੰ ਅਗਵਾ ਕੀਤਾ ਗਿਆ. ਜ਼ਿੰਦਗੀ ਕਈ ਮਾਇਨੇ ਤੇ ਸਾਡੇ ਨਾਲ ਬੇਰਹਿਮ ਰਹੀ ਹੈ ਪਰ ਜ਼ਿੰਦਗੀ ਦਾ ਕੱਮ ਹੈ ਚਲਦੇ ਰਹਿਣਾ.'

ਹਵਾਲਾ

ਖੋਸਲਾ, ਗੋਪਾਲ ਦਾਸ, ਸਟ੍ਰਨ ਰੇਕਨਿੰਗ: ਐ ਸਰਵੇ ਔਫ ਦੀ ਇਵੇਂਟਸ ਲੀਡੀਂਗ ਅਪ ਟੂ ਐਂਡ ਡੈਲੈਇਂਗ ਦ ਪਾਰਟੀਸ਼ਨ ਔਫ ਇੰਡੀਆ, ਨਿਉ ਦੇਲਹੀ:ਆਕਸਫੋਰਡ ਯੁਨਿਵਰਸੀਟੀ ਪ੍ਰੈਸ (1989)

ਤਾਲਿਬ, ਸ.ਗੁਰਬਚਨ ਸਿੰਘ, ਮੁਸਲਿਮ ਲੀਗ ਐਟੇਕ ਐਨ ਸਿੱਖਸ ਐਂਡ ਹਿੰਦੂਸ਼ ਇਨ ਦੀ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇੰਡਿਆ, (1991).

ਇੰਟਰਵਿਊ

ਸੁਨੀਲ ਦੱਤ (ਫ਼ਿਲਮ ਸਟਾਰ),ਮੁਮਬਈ,20 ਅਕਤੂਬਰ 2001
ਪ੍ਰੋਫ਼ੇਸਰ ਮੁਹੱਮਦ ਸ਼ਰੀਫ਼ ਕੁਨਜਾਹੀ,ਗੁਜਰਾਤ,20 ਅਪ੍ਰੈਲ 2003
ਸਈਦ ਅਫ਼ਤਾਬ ਹਸਨ,ਗੁਜਰਾਤ,20 ਅਪ੍ਰੈਲ 2003
ਕਰਨਲ (ਰਿ.) ਨਾਦਿਰ ਅਲੀ,ਲਾਹੌਰ,5 ਅਪ੍ਰੈਲ 2003
ਕਮਲਾ ਸੇਠੀ,ਦਿੱਲੀ,7 ਮਾਰਚ 2004
ਜਗਨ ਨਾਥ,ਦਿੱਲੀ,8 ਮਾਰਚ 2004
ਰਘਬੀਰ ਸਿੰਘ ਸਾਹਨੀ, ਪਟਿਆਲਾ,7 ਜਨਵਰੀ 2004
ਤਿਲਕ ਰਾਜ ਉਬਰਾਏ, ਚੰਡੀਗੜ,2 ਜਨਵਰੀ 2005
ਮਹਿੰਦਰ ਨਾਥ ਖੱਨਾ, ਅੱਮ੍ਰਿਤਸਰ,3 ਜਨਵਰੀ 2005
ਚਮਨ ਲਾਲ ਅਹੁਜਾ,ਪਾਨੀਪਤ,30 ਨਵੰਬਰ 2005
ਰਾਜ ਰਾਨੀ ਗੋਸਾਈਂ,ਨੋਇਡਾ,2 ਦਸੰਬਰ 2005
ਜਸਪਾਲ ਸਿੰਘ ਕੋਹਲੀ, ਲੰਡਨ,8 ਜੂਨ 2006
ਭੀਸ਼ਮ ਕੁਮਾਰ ਬਕਸ਼ੀ, ਦਿੱਲੀ ਤੋਂ ਈ-ਮੇਲ ਦੁਆਰਾ,5 ਮਾਰਚ 2007
ਮੁਹੱਮਦ ਫ਼ੀਰੋਜ਼ ਦਰ, ਸਟੋਕਹੋਮ,18 ਫਰਵਰੀ 2008

16

ਮੁਲਤਾਨ ਡਿਵੀਜ਼ਨ ਅਤੇ ਬਹਾਵਲਪੁਰ ਰਿਆਸਤ

ਤਕਸੀਮ ਤੋਂ ਪਹਿਲਾਂ ਪੰਜਾਬ ਦੇ ਸਭ ਤੋਂ ਦਖੱਣ ਤੇ ਮੁਲਤਾਨ ਡਿਵੀਜ਼ਨ ਸੀ. ਇਸ ਦੇ ਵਿੱਚ ਮਿੰਟਗੋਮਰੀ(ਸਾਹਿਵਾਲ), ਲਾਇਲਪੁਰ (ਫ਼ੈਸਲਾਬਾਦ), ਝੰਗ, ਮੁਲਤਾਨ, ਮੁਜ਼ਫ਼ੱਰਗੜ, ਡੇਰਾ ਘਾਜ਼ੀ ਖ਼ਾਨ ਜ਼ਿਲ੍ਹੇ ਅਤੇਟ੍ਰਾਂਸ-ਫ੍ਰੰਟਿਆਰ ਬਲੋਚ ਇਲਾਕੇ ਸ਼ਾਮਲ ਸਨ. ਇਸ ਦੇ ਵਿੱਚ, ਸਭ ਤੋਂ ਨਹਿਰ ਕਲੋਨੀਆਂ- ਲਾਇਲਪੁਰ ਅਤੇ ਮਿੰਟਗੋਮਰੀ ਸਾਮਲ ਸਨ. ਹਿੰਦੂ ਅਤੇ ਸਿੱਖ, ਮਿਲਾ ਕੇ ਇਸ ਦੀ ਆਬਾਦੀ ਦੇ 22 ਫ਼ੀਸਦੀ ਸਨ. ਜਿਆਦਾਤਰ ਸਿੱਖ ਪੁਰਬੀ ਜ਼ਿਲ੍ਹਾਂ ਦੇ ਪਿੰਡਾ ਤੋਂ ਆਏ ਸੀ ਅਤੇ ਇਥੇ ਉਨ੍ਹਾਂ ਨੂੰ, ਤਦ ਜਮੀਨ ਦਿੱਤੀ ਗਈ ਸੀ, ਜਦ ਨਹਿਰ ਕਲੋਨੀਆ ਵਾ ਵਿਕਾਸ ਹੋ ਰਿਹਾ ਸੀ. ਦੋਵੇਂ ਖੋਸਲਾ ਰਿਪੋਰਟ ਅਤੇ ਐਸ.ਜੀ.ਪੀ.ਸੀ. ਰਿਪੋਰਟਾਂ, ਹਿੰਦੂਆਂ ਅਤੇ ਸਿੱਖਾਂ ਦੇ ਉਪਰ ਹੋਏ ਹਮਲੇਆਂ ਦਾ ਵੇਰਵਾ ਦੇਂਦੀ ਨੇ.

ਮੁਲਤਾਨ ਸ਼ਹਿਰ

ਮਾਰਚ 1947 ਦੇ ਦੰਗਿਆਂ ਨੇ ਮੁਲਤਾਨ ਜ਼ਿਲ੍ਹੇ ਤੇ ਹਿੰਦੂਆਂ ਦੇ ਕਮਜ਼ੋਰ ਹਾਲਾਤ ਨੂੰ ਉਜਾਗਰ ਕੀਤਾ ਸੀ. ਸਿੱਖਾਂ ਦੀ ਤਦਾਦ ਤੇ ਹੋਰ ਵੀ ਘੱਟ ਸੀ. ਮਾਰਚ ਤੇ ਹਿੰਦੂਆਂ ਦੀ ਇੱਕ ਛੋਟੇ ਪੈਮਾਨੇ ਤੇ ਕੂਚ ਹੋਈ. ਜਦ ਸੀਮਾ ਦੇ ਅਵਾਰਡ ਦਾ ਐਲਾਨ ਹੋਇਆ, ਤਦ ਜਿਆਦਾਤਰ ਹਿੰਦੂ, ਮੁਲਤਾਨ ਤੇ ਮੌਜੂਦ ਸਨ. ਉਨ੍ਹਾਂ ਨੂੰ ਉਮੀਦ ਸੀ ਕਿ ਕਾਨੂੰਨ ਅਤੇ ਵਿਵਸਥਾ ਦੀ ਬਹਾਲੀ ਹੋ ਜਾਵੇਗੀ ਅਤੇ ਉਹ ਸ਼ਹਿਰ ਅਤੇ ਪਿੰਡਾਂ ਤੇ ਆਪਣੀ ਜ਼ਿੰਦਗੀ ਬਸਰ ਕਰਦੇ ਰਹਿਣਗੇ. ਪਰ, ਇਹ ਇੱਕ ਭਰਮ ਸਾਬਤ ਹੋਇਆ ਕਿਉਂਕਿ ਜਦ ਪੂਰਬੀ ਪੰਜਾਬ ਤੋਂ ਆਏ ਪਨਾਹਗੀਰਾਂ ਨੇ ਬਦਲਾ ਲੈਣ ਵਾਲੇ ਹਮਲੇ ਕਰਣ ਲਈ ਲੋਕਾਂ ਨੂੰ ਉਕਸਾਇਆ, ਤਦ ਗੜਬੜੀ ਫਿਰ ਵਧ ਗਈ, ਜਿਸ ਦੇ ਚਲਦਿਆਂ ਹਿੰਦੂ ਅਤੇ ਸਿੱਖ ਮਾਇਨਾਰਿਟੀਆਂ ਦਾ ਬੇਹਦ ਜ਼ਿਆਦਾ ਇਨਸਾਨੀ ਅਤੇ ਸੰਪਤੀ ਦਾ ਨੁਕਸਾਨ ਹੋਇਆ. ਲੋਕਾਂ ਨੂੰ ਇਸਲਾਮ ਕਬੂਲ ਕਰਣ ਲਈ ਮਜਬੂਰ ਕੀਤਾ ਗਿਆ ਪਰ, ਦੂਜੀ ਜਗ੍ਹਾਂ ਦੀ ਤਰ੍ਹਾਂ, ਇੱਕ ਵਾਰ ਫ਼ੌਜ਼ੀ ਮਦਦ ਮਿਲ ਗਈ ਤੇ ਗੈਰ-ਮੁਸਲਿਮ ਇੰਡੀਆ ਚਲੇ ਗਏ. ਖੋਸਲਾ ਰਿਪੋਰਟ ਮੁਲਤਾਨ ਦੀ ਉਣ ਘਟਣਾਵਾਂ ਬਾਰੇ ਦੱਸਦੀ ਹੈ, ਜਦ ਹਜ਼ਾਰਾਂ ਦੀ ਤਦਾਦ ਤੇ ਲੋਕ ਫਸ ਗਏ ਕਿਉਂਕਿ ਰੇਲ-ਗੱਡੀਆਂ ਵਕਤ ਤੇ ਨਹੀਂ ਚੱਲ ਰਹੀਆਂ ਸੀ ਜਾਂ ਟਰੈਕਾਂ ਨੂੰ ਬਰਬਾਦ ਕਰ ਦਿੱਤਾ ਗਿਆ ਸੀ. ਪਿੰਡਾ ਤੋਂ ਵੀ ਕਤਲ ਕਰਣ ਦੀ ਖ਼ਬਰਾਂ ਆਇਆਂ.

ਲਾਜਪਤ ਰਾਏ ਸੇਠ

'ਮੇਰਾ ਜਨਮ ਮਹੱਲਾ ਪੀਪਲ ਥਲਾ, ਹਨੁ ਛੱਜੇ ਦੇ ਨਜਦੀਕ ਹੋਇਆ ਜੋ ਮੁਲਤਾਨ ਦੇ ਮੱਧ ਤੇ ਸੀ. ਸਾਡਾ ਪਰਵਾਰ ਅਨਾਜ ਦਾ ਵਪਾਰੀ ਸੀ, ਜੋ ਅਸੀਂ ਪੰਜਾਬ ਦੀ ਸਾਰੀ ਜੇਲ੍ਹਾਂ ਨੂੰ ਭੇਜਦੇ ਸੀ. ਸਾਡੇ ਵੱਡੇਰੇ ਮੁਲਤਾਨ ਤੋਂ

ਹੀ ਸਨ, ਜਿਨ੍ਹਾਂ ਨੇ ਸੈਕੜੇ ਸਾਲਾਂ ਦੀ ਮੁਸਲਿਮ ਹਕੂਮਤ ਦੇ ਬਾਵਜੂਦ, ਆਪਣਾ ਧਰਮ ਕਾਇਮ ਰੱਖਿਆ. ਹਿੰਦੂ ਸ਼ਹਿਰ ਦੇ ਮਰਕਣ ਤੇ ਰਹਿੰਦੇ ਸੀ, ਜਦ ਕਿ ਮੁਸਲਿਮ ਸ਼ਹਿਰ ਦੇ ਬਾਹਰੀ ਹਿੱਸੇਆਂ ਤੇ. ਸਿਡਯੂਲਦ ਕਾਸਟ ਹਿੰਦੂ ਵੀ ਸ਼ਹਿਰ ਦੇ ਬਾਹਰੀ ਹਿੱਸੇ ਤੇ ਰਹਿੰਦੇ ਸੀ. ਸਾਡਾ ਧੋਬੀ ਖੁਦਾਬਕਸ਼ ਅਤੇ ਮੇਰੀ ਮਾਂ ਭਰਾ ਭੈਨ ਬਣ ਗਏ ਸੀ, ਕਿਉਂਕਿ ਉਸ ਨੂੰ ਮੇਰੀ ਮਾਂ ਨੇ ਰਖੜੀ ਬੱਨ੍ਹੀ ਸੀ. ਸਾਡਾ ਸਭ ਤੋਂ ਭਰੋਸੇਯੋਗ ਵਪਾਰੀ ਸਾਥੀ ਜ਼ਿਆਉਦੀਨ ਸੀ. ਉਹ ਅਕਸਰ ਸਾਡੀ ਦੁਕਾਨ ਤੇ ਆਉਂਦਾ ਸੀ. ਉਸ ਦੇ ਸਾਡੇ ਨਾਲ ਵਪਾਰੀ ਰਿਸ਼ਤੇ ਸਨ ਅਤੇ ਉਹ ਆਪਣੇ ਨਾਲ ਖ਼ਰੀਦਾਰ ਵੀ ਲਾਉਂਦਾ ਸੀ ਜਿਸ ਦੇ ਬਦਲੇ ਉਸ ਨੂੰ ਦਲਾਲੀ ਦੇ ਪੈਸੇ ਮਿਲਦੇ. ਅਸੀਂ ਮੀਟ ਖਾਂਦੇ ਸੀ ਅਤੇ ਮੁਸਲਿਮਾਂ ਨਾਲ ਵੀ ਇੱਕ ਸਾਥ ਖਾਣਾ ਖਾਉਂਦੇ ਸੀ. ਸਾਰੀ ਮਜ਼ਬੀ ਕੌਮਾਂ ਦੇ ਆਪਸੀ ਰਿਸ਼ਤੇ ਕਰੀਬੀ ਅਤੇ ਦੋਸਤਾਨਾ ਸਨ.

'ਮਾਰਚ ਦੇ ਦੰਗਿਆਂ ਨੇ ਹਿੰਦੂਆਂ ਵਿੱਚ ਪਹਿਲਾਂ ਤੋਂ ਹੀ ਘਬਰਾਹੱਟ ਪੈਦਾ ਕਰ ਦਿੱਤੀ ਸੀ. ਹਿੰਦੂ ਸੰਪਤੀ ਨੂੰ ਸਾੜਣ ਦੇ ਅਤੇ ਕਈ ਕਤਲ ਦੇ ਮਾਮਲੇ ਸਾਹਮਣੇ ਆਏ ਸੀ, ਪਰ ਤਸ਼ੱਦਦ ਘੱਟ ਹੋ ਗਿਆ ਅਤੇ ਅਗਸਤ ਦੇ ਦੁਜੇ ਹਫ਼ਤੇ ਦੇ ਬਾਅਦ, ਇਹ ਦੁਬਾਰਾ ਭੜਕ ਉਠੀਆ. ਪਰ, ਹਰ ਕੋਈ ਸੋਚ ਰਿਹਾ ਸੀ ਕਿ ਪਾਕਿਸਤਾਨ ਬਣ ਜਾਣ ਦੇ ਬਾਅਦ, ਹਾਲਾਤ ਕਾਬੂ ਵਿੱਚ ਹੋ ਜਾਣਗੇ. 14 ਅਗਸਤ ਨੂੰ, ਮੈਂ ਪਾਕਿਸਤਾਨ ਬਣਨ ਦੇ ਜਸ਼ਨ ਮਨਾਉਣ ਲਈ, ਚੌਕ ਬਾਜ਼ਾਰ ਤੇ ਝੰਡਾ ਲਹਰਾਉਣ ਦੀ ਰਸਮ ਤੇ ਹਿੱਸਾ ਲੀਤਾ. ਪਰ, ਇਸ ਦੇ ਬਿਲਕੁਲ ਬਾਅਦ ਤੇ ਹੀ, ਪਿੰਡਾਂ ਤੋਂ ਹਿੰਦੂ ਮੁਲਤਾਨ ਆਉਣ ਲਗੇ. ਮੁਸਲਿਮ ਪਨਾਹਗੀਰ ਵੀ ਇੱਕ ਵੱਡੀ ਤਦਾਦ ਤੇ ਆ ਰਹੇ ਸੀ. ਮੈਨੂੰ ਯਾਦ ਹੈ ਕਿ ਮੇਰੇ ਪਿਤਾ ਅਤੇ ਦੂਜੇ ਬਜ਼ੁਰਗ, ਉਣ ਘਟਨਾਵਾਂ ਦਾ ਜ਼ਿਕਰ ਕਰਦੇ ਸੀ, ਜੋ ਮੁਲਤਾਨ ਦੇ ਮੁਖ਼ਤਲਿਫ਼ ਜਗ੍ਹਾਂ ਤੇ ਹੋਇਆਂ ਸੀ. ਫਿਰ, ਪਿੰਡਾਂ ਤੇ ਹਿੰਦੂਆਂ ਅਤੇ ਸਿੱਖਾਂ ਉਪਰ ਹਮਲੇ ਤੇਜ ਹੋ ਗਏ. ਅਚਾਨਕ, ਮੁਲਤਾਨ ਵਿੱਚ ਹਜ਼ਾਰਾਂ ਦੀ ਤਦਾਦ ਤੇ ਦੁਖੀ ਅਤੇ ਗੁਮਰਾਹ ਇਨਸਾਨ ਮੌਜੂਦ ਸਨ. ਕਈਆਂ ਨੇ ਆਪਣੇ ਪਰਵਾਰ ਨੂੰ ਗੁਆ ਦਿੱਤਾ ਸੀ ਅਤੇ ਜਬਰਦਸਤੀ ਮਜ਼ਹਬ ਬਦਲਨ ਦੇ ਮਾਮਲੇ, ਹਮੇਸ਼ਾ ਹੀ ਸਾਹਮਣੇ ਆ ਰਹੇ ਸੀ. ਮੈਂ ਖੁਦ ਕੋਈ ਤਸ਼ੱਦਦ ਨਹੀਂ ਵੇਖਿਆ ਪਰ ਮੇਰੇ ਪਿਤਾ ਦਾ ਇੱਕ ਮੁਸਲਿਮ ਦੋਸਤ, ਦਇਆ ਮੋਚੀ ਜੋ ਮੇਰੇ ਪਿਤਾ ਨਾਲ ਹੁਕ੍ਹਾ ਪੀਂਦਾ ਸੀ, ਹਿੰਦੂਆਂ ਦੁਆਰਾ ਹਲਾਕ ਹੋ ਗਿਆ ਅਤੇ ਉਸ ਦੀ ਲਾਸ਼ ਨੂੰ ਇੱਕ ਖੂਹ ਤੇ ਸੁੱਟ ਦਿੱਤਾ ਗਿਆ. ਇਥੋਂ ਤੱਕ ਕਿ ਹਿੰਦੂਆਂ ਨੇ ਵੀ ਕਾਤਿਲਾਨਾ ਹਮਲੇਆਂ ਤੇ ਹਿੱਸਾ ਲੀਤਾ. ਜੋ ਮੁਸਲਿਮ ਹਿੰਦੂ ਇਲਾਕਿਆਂ ਤੇ ਦਾਖਲ ਹੁੰਦੇ ਸੀ, ਉਨ੍ਹਾਂ ਨੂੰ ਛੱਡਿਆ ਨਹੀਂ ਜਾਂਦਾ ਸੀ ਪਰ, ਬੇਸ਼ਕ ਮੁਸਲਿਮਾਂ ਦਾ ਪਲੜਾ ਭਾਰੀ ਸੀ. ਅਗਸਤ ਦੇ ਅਖੀਰ ਤੱਕ ਇਹ ਸਾਫ ਹੋ ਗਿਆ ਸੀ ਕਿ ਅਸੀਂ ਹੁਣ ਮੁਲਤਾਨ ਤੇ ਨਹੀਂ ਰਹ ਸਕਾਂਗੇ.

'ਸਾਡੇ ਮਹੱਲੇ ਤੇ ਇੱਕ ਨੌਜਵਾਨ ਹਿੰਦੂ, ਸਦਾਨੰਦ ਰਹਿੰਦਾ ਸੀ, ਜੋ ਗੰਭੀਰ ਹਾਲਾਤਾਂ ਦੇ ਵਿੱਚ ਵੀ, ਆਪਣੀ ਡਊਟੀ ਕਰਣ ਲਈ ਕਵੇਟਾ ਵਾਪਸ ਚਲਾ ਗਿਆ. ਉਹ ਰੇਲਵੇ ਦੇ ਮਹਕਮੇ ਤੇ ਮੁਲਾਜ਼ਮ ਸੀ. ਸਾਰੇਆਂ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਪਰ ਉਸ ਨੇ ਕਿਸੇ ਦੀ ਗੱਲ ਨਹੀਂ ਸੁਣੀ. ਉਹ ਆਪਣੇ ਨਾਲ, ਆਪਣੀ ਪਤਨੀ ਅਤੇ ਬੱਚੇ ਲੈ ਗਿਆ. ਕਵੇਟੇ ਤੇ ਉਸ ਦੇ ਘਰ ਉਪਰ ਹਮਲਾ ਹੋਇਆ. ਉਸ ਨੇ ਆਪਣੇ ਬੱਚੇਆਂ ਅਤੇ ਪਤਨੀ ਨੂੰ ਇੱਕ ਕਮਰੇ ਵਿੱਚ ਬੰਦ ਕਰ ਕੇ ਜਿੰਦਰਾ ਮਾਰ ਦਿੱਤਾ. ਹਮਲਾਵਰਾਂ ਨੇ ਉਸ ਨੂੰ ਹਲਾਕ ਕਰ ਦਿੱਤਾ ਅਤੇ ਜਲਦੀ ਨਾਲ ਚਲੇ ਗਏ. ਪਰ, ਉਸ ਦੀ ਪਤਨੀ ਅਤੇ ਬੱਚੇ ਬਚ ਗਏ ਅਤੇ ਬਾਅਦ ਤੇ ਉਨ੍ਹਾਂ ਨੂੰ ਦਿੱਲੀ ਲੈ ਆਉਂਦਾ ਗਿਆ.

'ਅਸੀਂ ਫ਼ੈਸਲਾ ਕੀਤਾ ਸੀ ਕਿ ਅਸੀਂ ਗੱਡੀ ਵਿੱਚ ਸਫਰ ਨਹੀਂ ਕਰਾਂਗੇ ਕਿਉਂਕਿ ਇਹ ਬੇਹਦ ਗੈਰ-ਮਹਿਫ਼ੂਜ਼ ਸੀ. ਅਸੀਂ ਤਿੰਨ ਵਾਰ ਮੁਲਤਾਨ ਹਵਾਈ-ਅੱਡੇ ਜਾਣ ਦੀ ਕੋਸ਼ਿਸ਼ ਕੀਤੀ ਪਰ ਵਾਪਸ ਆਉਣਾ ਪਇਆ, ਕਿਉਂਕਿ ਹਵਾਈ-ਅੱਡੇ ਤੱਕ ਦੀ ਸੜਕ ਤੇ ਹਥਿਆਰਬੰਦ ਮੁਸਲਿਮ ਗਿਰੋਹਾਂ ਨੇ ਉਸ ਨੂੰ ਆਪਣੇ ਕਾਬੂ ਵਿੱਚ ਕੀਤਾ ਹੋਇਆ ਸੀ. ਫਿਰ, ਜ਼ਿਆਉਦੀਨ ਨੇ ਹਵਾਈ-ਅੱਡੇ ਜਾਣ ਲਈ ਸਾਡੀ ਮਦਦ ਕੀਤੀ ਅਤੇ ਅਸੀਂ ਅੰਬਾਲਾ ਦੀ ਉੜਾਣ ਭਰਣ ਤੇ ਕਾਮਯਾਬ ਹੋ ਗਏ. ਇਹ ਸਤੰਬਰ ਦਾ ਸ਼ੁਰੂਆਤੀ ਵਕਤ ਹੋਵੇਗਾ ਪਰ ਮੈਨੂੰ ਪੱਕੀ ਤਾਰੀਖ ਯਾਦ ਨਹੀਂ ਹੈ. ਅੰਬਾਲਾ ਤੇ ਸਟੇਸ਼ਨ ਮਾਸਟਰ ਸ਼੍ਰੀ ਕਪੂਰ ਨੇ ਸਾਡੀ ਮਦਦ ਕੀਤੀ. ਉਹ ਪਹਿਲਾਂ ਮੁਲਤਾਨ ਤੇ ਸਨ. ਉਨ੍ਹਾਂ ਨੇ ਸਾਨੂ ਰੇਲਵੇ ਦੀ ਰਿਹਾਇਸ਼ਾਂ ਤੇ ਸਾਡੇ ਲਈ, ਕੁੱਝ ਕਮਰੇਆਂ ਦਾ ਇੰਤਜ਼ਾਮ ਕਰ ਦਿੱਤਾ. ਅਸੀਂ ਚਾਰੇ ਪਾਸੇ ਮੁਸਲਿਮਾ ਦੀ ਲਾਸ਼ਾਂ ਵੇਖਿਆਂ, ਜੋ ਸੜ ਰਹੀਆਂ ਸੀ. ਮੁਸਲਿਮ ਪਨਾਹਗੀਰਾਂ ਦੇ ਕਾਫ਼ਿਲੇ ਵੀ ਰੇਲਵੇ ਕਵਾਰਟਰਾਂ ਤੋਂ ਹੋ ਗੁਜ਼ਰ ਰਹੇ ਸੀ, ਜਿੱਥੇ ਅਸੀਂ ਠਹਿਰੇ ਸੀ. ਕੁੱਝ ਹਫ਼ਤੇਆਂ ਬਾਅਦ, ਮੁਲਤਾਨ ਤੋਂ ਜ਼ਿਆਉਦੀਨ ਦੋ ਸੂਟਕੇਸ਼ਾਂ ਸਮੇਤ ਆਇਆ, ਜੋ ਅਸੀਂ ਛੱਡ ਕੇ ਆ ਗਏ ਸੀ. ਉਹ ਕਿਣਾ ਰਹਿਮਦਿਲ ਅਤੇ ਸਾਹਸੀ ਸੀ ਕਿ ਉਸ ਨੇ ਅਕਤੂਬਰ ਤੇ, ਦਿੱਲੀ ਆਉਣ ਦਾ ਜ਼ੋਖਿਮ ਉਠਾਇਆ.

'ਇੰਡੀਆ ਵਿੱਚ ਜ਼ਿੰਦਗੀ ਇੱਕ ਵੱਡੀ ਜਦੋਜਹਿਦ ਰਹੀ ਹੈ. ਸਾਡਾ ਇੱਕ ਅਮੀਰ ਪਰਵਾਰ ਸੀ ਪਰ ਅਸੀਂ ਤਕਸੀਮ ਦੇ ਚਲਦੇ, ਗਰੀਬ ਬਣ ਗਏ ਸੀ. ਮੈਨੂੰ ਸਕਾਲਰਸ਼ਿਪ ਅਤੇ ਦੂਜੀ ਮਦਦ ਨਾਲ ਪੜ੍ਹਾਈ ਪੂਰੀ ਕਰਨੀ ਪਈ. ਭਗਵਾਨ ਦੀ ਰਹਿਮ ਹੈ ਅਤੇ ਹੁਣ ਸਾਡੇ ਹਾਲਾਤ ਚੰਗੇ ਨੇ, ਪਰ ਮੇਰੀ ਸਭ ਤੋਂ ਵੱਡੀ ਚਾਹਤ ਇਹ ਹੈ ਕਿ ਮੈਂ ਮਰਣ ਤੋਂ ਪਹਿਲਾਂ ਇੱਕ ਵਾਰ ਮੁਲਤਾਨ ਜਾ ਸਕਾਂ.'

ਫਿਰ ਉਹ ਆਪਣੇ ਆਪ ਨੂੰ ਸੰਭਾਲ ਨਾ ਸਕੇ, ਅਤੇ ਉਨਾਂ ਦੇ ਅੱਥਰੂ ਨਿਕਲ ਗਏ; ਮੈਂ ਇੰਟਰਵਿਊ ਖ਼ਤਮ ਕਰ ਦਿੱਤਾ.

ਮੁਲਤਾਨ ਦੇ ਦਿਹਾਤੀ ਇਲਾਕੇ

ਮੈਂ ਆਪਣੇ ਦੋਸਤ ਹਾਰੂਨ ਸ਼ਾਹ ਦੀ ਪਤਨੀ ਸ਼ੀਰੀਨ ਲਈ ਕੁੱਝ ਖਰੀਦਦਾਰੀ ਕਰਣ ਦਿੱਲੀ ਦੀ ਸੁਪਰਮਾਰਕੀਟ ਤੇ ਗਿਆ ਸੀ ਜਿਥੋਂ ਮੈਂ ਲਾਹੌਰ ਤੇ, ਇਹ ਪੁੱਛਣ ਲਈ ਇੱਕ ਟੈਲੀਫੋਣ ਕੀਤਾ ਕਿ ਮੈਂ ਠੀਕ ਜਗ੍ਹ ਪਹੁੰਚ ਗਿਆ ਸੀ ਜਾਂ ਨਹੀਂ, ਤਾਂਕਿ ਮੈਂ ਕੁੱਝ ਢੈਂਸੀ ਚੂੜੀਆਂ ਲੈ ਸਕਾਂ. ਜਿਸ ਦੁਕਾਨ ਤੋਂ ਮੈਂ ਫੋਨ ਕੀਤਾ ਸੀ, ਉਨ੍ਹਾਂ ਦੇ ਮਾਲਕ ਦਾ ਨਾਂਅ ਸ਼੍ਰੀ ਗੁਲਾਟੀ ਸੀ. ਉਨ੍ਹਾਂ ਨੇ ਅਤੇ ਮੈਂ ਗੱਲ-ਬਾਤ ਸ਼ੁਰੂ ਕੀਤੀ ਕਿਉਂਕਿ ਉਨ੍ਹਾਂ ਨੂੰ ਪਤਾ ਲਗ ਗਿਆ ਸੀ ਕਿ ਮੈਂ ਪਾਕਿਸਤਾਨ ਦਾ ਇੱਕ ਪੰਜਾਬੀ ਸੀ. ਉਨ੍ਹਾਂ ਨੇ ਮੈਨੂੰ ਮੁਲਤਾਨ ਦੇ ਇੱਕ ਪਿੰਡ ਦੀ ਕਹਾਣੀ ਦੱਸੀ, ਜਿੱਥੇ ਹਿੰਦੂਆ ਦੀ ਇੱਕ ਵੱਡੀ ਨਸਲਕੁਸ਼ੀ ਹੋਈ ਸੀ.

ਤ੍ਰਿਲੋਕ ਕੁਮਾਰ ਗੁਲਾਟੀ

'ਮੇਰਾ ਜਨਮ 10 ਅਕਤੂਬਰ 1946 ਨੂੰ ਖ਼ਾਨ ਬੇਲਾ ਪਿੰਡ, ਤਹਸੀਲ ਸ਼ੁਜਾਬਾਦ, ਜ਼ਿਲ੍ਹਾ ਮੁਲਤਾਨ ਤੇ ਹੋਇਆ ਸੀ. ਮੇਰੀ ਮਾਂ ਨੇ ਮੈਨੂੰ ਇਸ ਔਖੀ ਘੜੀ ਦੀ ਕਹਾਣੀ ਦੱਸੀ ਕਿ ਸਤੰਬਰ ਦੇ ਸੁਰੂ ਤੇ, ਸਾਡੇ ਅਤੇ ਆਲੇ-ਦੁਆਲੇ ਦੇ ਪਿੰਡਾ ਤੇ ਸੈਕੜੇ ਜਾਂ ਹਜ਼ਾਰਾਂ ਲੋਕਾ ਨੂੰ ਮਾਰ ਦਿੱਤਾ ਗਿਆ ਸੀ. ਕਿਸੇ ਨੂੰ ਨਹੀਂ ਪਤਾ ਕਿ ਠੀਕ ਠੀਕ, ਕਿੱਨੇ ਮਾਰੇ ਗਏ. ਸਾਡੀ ਮੁੱਖ ਪ੍ਰਚੂਨ ਦੀ ਦੁਕਾਨ ਸੀ ਅਤੇ ਮੇਰੇ ਪਿਤਾ, ਲਾਲਾ ਨਰੇਸ਼ ਕੁਮਾਰ ਇੱਕ ਕਾਫ਼ੀ ਇੱਜ਼ਤਦਾਰ

ਇਨਸਾਨ ਸਨ. ਆਬਾਦੀ ਵਿੱਚ ਜ਼ਿਆਦਾ ਮੁਸਲਿਮ ਸਨ ਪਰ ਹਿੰਦੂਆ ਦੀ ਵੀ ਚੰਗੀ ਗਿਣਤੀ ਸੀ. ਜਦ ਹਮਲਾ ਹੋਇਆ, ਲੋਕ ਚਾਰੇ ਪਾਸੇ ਨੱਸੇ. ਮੇਰੀ ਮਾਂ ਮੈਨੂੰ ਲੈ ਕੇ ਭੱਜੀ ਅਤੇ ਉਸ ਨੂੰ ਪਿੰਡ ਦੇ ਮੌਲਵੀ ਦੀ ਬੇਟੀ ਨੇ ਹਿਫ਼ਾਜ਼ਤ ਦਿੱਤੀ. ਮੇਰੀ ਮਾਂ ਅਤੇ ਉਹ ਬਹੁਤ ਹੀ ਕਰੀਬੀ ਸਹੇਲਿਆਂ ਸਨ ਅਤੇ ਉਨ੍ਹਾਂ ਨੂੰ ਕੋਈ ਅਲਗ ਨਹੀਂ ਕਰ ਸਕਦਾ ਸੀ. ਉਸ ਨੇ ਸਾਨੂ ਮਸੀਤ ਦੇ ਵੇਹੜੇ ਤੇ ਰੱਖਿਆ, ਜਦ ਕਿ ਦੰਗਾਈ ਜਿਨ੍ਹਾਂ ਦੇ ਵਿੱਚ ਕਈ ਬਾਹਰ ਤੋਂ ਆਏ ਸੀ, ਹਿੰਦੂਆਂ ਦੇ ਖ਼ਿਲਾਫ਼, ਨਾ ਦੱਸਣ ਲਾਇੱਕ ਜ਼ੁਲਮ ਕਰਦੇ ਰਹੇ. ਮੈਨੂੰ ਅਤੇ ਮੇਰੀ ਮਾਂ ਨੂੰ ਛੱਡ ਕੇ ਕੋਈ ਨਹੀਂ ਬਚਿਆ. ਮੇਰੀ ਮਾਂ ਅਤੇ ਮੌਲਵੀ ਸਾਹਿਬ ਦੀ ਬੇਟੀ ਨੇ ਬੁਰਕਾ ਪਹਿਨ ਲੀਤਾ ਸੀ. ਉਸ ਦਾ ਭਰਾ, ਜੋ ਇੱਕ ਬਹੁਤ ਭਲਾ ਮਾਨਸ ਸੀ, ਸਾਡੇ ਨਾਲ ਸੀ, ਅਤੇ ਅਸੀਂ ਬਦਮਾਸ਼ਾਂ ਦੇ ਸਾਹਮਣੇ ਤੋਂ ਨਿਕਲ ਸਕੇ, ਜੋ ਹਰ ਜਗ੍ਹ ਖੜ੍ਹੇ ਸੀ.

'ਮੇਰੀ ਮਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਚਾਰੇ ਪਾਸੇ ਪਿੰਡਾਂ ਤੇ ਲਗੀ ਅੱਗ ਵੇਖੀ ਅਤੇ ਖੇਤਾਂ ਤੇ ਲਾਸ਼ਾ ਪਇਆਂ ਹੋਇਆ ਸੀ. ਉਨ੍ਹਾਂ ਨੂੰ ਅਤੇ ਨੇੜੇ ਦੇ ਪਿੰਡਾ ਤੋਂ ਬਚੇ ਕੁੱਝ ਜ਼ਿੰਦਾ ਲੋਕਾਂ ਨੂੰ, ਇੱਕ ਟਰੱਕ ਤੇ ਚੜ੍ਹਾ ਦਿੱਤਾ ਗਿਆ. ਕਈ ਘੰਟੇਆਂ ਤੱਕ ਉਹ ਚਾਰੇ ਪਾਸੇ ਹੋਈ ਤਬਾਹੀ ਨੂੰ ਵੇਖਦੇ ਰਹੇ. 12 ਘੰਟੇਆਂ ਦੇ ਸਫਰ ਦੇ ਬਾਅਦ ਅਸੀਂ ਮੁਲਤਾਨ ਪਹੁੰਚੇ. ਮੇਰੀ ਮਾਂ ਨੂੰ ਤਿੰਨ ਦਿਨਾਂ ਤੱਕ ਖਾਣ ਨੂੰ ਕੁੱਝ ਨਹੀਂ ਮਿਲਿਆ. ਫਿਰ ਕੁੱਝ ਰਾਹਤ ਆਈ. ਇਸ ਦੇ ਬਾਅਦ ਸਾਨੂ ਇੱਕ ਰੇਲ-ਗੱਡੀ ਤੇ ਬਿਠਾ ਦਿੱਤਾ ਗਿਆ, ਜਿੱਥੇ ਫ਼ੌਜੀ ਹਿਫ਼ਾਜ਼ਤ ਮੌਜੂਦ ਸੀ. ਉਨ੍ਹਾਂ ਨੇ ਸਾਨੂ ਲਾਹੌਰ ਲੈ ਆਉਂਦਾ ਅਤੇ ਉਥੋਂ ਅਸੀਂ ਸਰਹੱਦ ਪਾਰ ਕਰ ਕੇ ਇੰਡੀਆ ਆਏ. ਮੇਰੇ ਪਿਤਾ ਉਸ ਵਕਤ ਸਿਰਫ਼ 30 ਸਾਲ ਦੇ ਸੀ. ਉਹ ਅਤੇ ਮੇਰੇ ਦਾਦਾ ਮਾਰੇ ਗਏ. ਮੇਰੇ ਮਾਮਾ ਜੋ ਦੂਜੇ ਪਿੰਡ ਤੇ ਰਹਿੰਦੇ ਸੀ, ਸਿਰਫ਼, ਉਹ ਬਚ ਗਏ. ਸਾਡੇ ਸਾਰੇ ਰਿਸ਼ਤੇਦਾਰ ਮਾਰੇ ਗਏ. ਅਸੀਂ ਕੁੱਝ ਵਕਤ ਤੱਕ ਪੰਜਾਬ ਤੇ ਰਹੇ, ਪਰ ਮੇਰੀ ਮਾਂ ਦਿੱਲੀ ਆ ਗਈ ਜਿੱਥੇ ਮੇਰੇ ਮਾਮਾਜੀ ਵਸੇ ਸੀ. ਸਾਡੇ ਲਈ ਜ਼ਿੰਦਗੀ ਬੇਹਦ ਮੁਸਕਲ ਰਹੀ ਹੈ.' ਖੋਸਲਾ ਰਿਪੋਰਟ ਤੇ, ਮੁਲਤਾਨ ਜ਼ਿਲ੍ਹੇ ਦੇ ਖ਼ਾਨ ਬੇਲਾ, ਖ਼ਾਜੀ ਵਾਲਾ, ਜਲਾਲਪੁਰ ਪੀਰਵਾਲਾ, ਬੁਢੇ ਅਤੇ ਕਈ ਦੂਜੇ ਪਿੰਡਾਂ ਤੇ ਹੋਏ ਕਤਲੇਆਮਾਂ ਦਾ ਵੇਰਵਾ ਦਿੱਤਾ ਗਿਆ ਹੈ (1989: 184–9).

ਲਾਇਲਪੁਰ (ਫ਼ੈਸਲਾਬਾਦ)

ਲਾਇਲਪੁਰ ਜ਼ਿਲ੍ਹਾ ਇੱਕ ਨਹਿਰ ਕਲੋਨੀ ਸੀ ਜਿਸ ਦਾ ਨਾਮਕਰਣ ਬ੍ਰਿਟਿਸ਼ ਰਾਜ ਦੇ ਦੌਰਾਨ ਲਿਆਲ ਨਾਂਅ ਦੇ ਇੱਕ ਬ੍ਰਿਟਿਸ਼ ਗਵਰਨਰ ਤੇ ਕੀਤਾ ਗਿਆ ਸੀ. ਇਸ ਦੀ ਆਬਾਦੀ ਦਾ 30 ਫ਼ੀਸਦੀ ਹਿੰਦੂ ਅਤੇ ਸਿੱਖ ਸੀ. ਦੂਜੀ ਤਰਫ਼, ਸ਼ਹਿਰ ਦੀ 69,930 ਦੀ ਕੁੱਲ ਆਬਾਦੀ ਦੀ 62 ਫ਼ੀਸਦੀ ਹਿੰਦੂ ਅਤੇ ਸਿੱਖ ਮਜਾਰਿਟੀ ਸੀ. ਇਸ ਸ਼ਹਿਰ ਤੇ, ਸਮੁਚੇ ਪੰਜਾਬ ਤੋਂ ਆ ਕੇ ਲੋਕ ਵਸੇ ਸੀ. ਇਹ ਇੱਕ ਚੰਗੀ ਤਰ੍ਹਾਂ ਯੋਜਨਾਬੱਧ ਅਤੇ ਰੱਖ-ਰਖਾਵ ਕੀਤਾ ਸ਼ਹਿਰ ਸੀ. ਕਈ ਉਦਯੋਗ, ਖ਼ਾਸ ਕਰ ਕੇ ਕਪਾਹ ਦੀ ਉਟਾਈ ਅਤੇ ਬੁਨਾਈ ਲਗਾਏ ਗਏ ਸੀ. ਦੂਜੀ ਜਗ੍ਹਾਂ ਦੀ ਤਰ੍ਹਾਂ, ਮਾਲਕ ਹਿੰਦੂ ਜਾਂ ਸਿੱਖ ਸਨ. ਪੰਜਾਬ ਬਾਉਂਡਰੀ ਕਮੀਸ਼ਨ ਦੇ ਸਾਹਮਣੇ ਹਿੰਦੂ ਅਤੇ ਸਿੱਖ ਵਕੀਲਾਂ ਨੇ ਇਸ ਜ਼ਿਲ੍ਹੇ ਨੂੰ ਇੰਡੀਆ ਦੇ ਪੰਜਾਬ ਵਿੱਚ ਸ਼ਾਮਲ ਕਰਣ ਲਈ ਇੱਕ ਜ਼ੋਰ ਪਰ ਨਾਕਾਮਯਾਬ ਕੋਸ਼ਿਸ਼ ਕੀਤੀ, ਹਾਲਾਂਕਿ ਇਹ ਜ਼ਿਲ੍ਹਾ ਸਾਫ਼ ਤੌਰ ਤੇ ਮੁਸਲਿਮ ਪ੍ਰਧਾਨੀ ਵਾਲਾ ਸੀ. ਅਗਸਤ ਤੋਂ ਪਹਿਲਾਂ ਬਹੁਤ ਘੱਟ, ਫ਼ਿਰਕੂ ਤਸ਼ੱਦਦ ਵਾਲੇ ਵਾਕਿਐ ਹੋਏ. ਦੂਜੀ ਤਰਫ਼, ਮਈ ਤੋਂ ਹੀ, ਕੁੱਝ ਹਿੰਦੂਆਂ ਅਤੇ ਸਿੱਖਾਂ ਨੇ, ਪੁਰਬ ਦੀ

ਤਰਫ਼ ਜਾਣਾ ਸ਼ੁਰੂ ਕਰ ਦਿੱਤਾ ਸੀ. ਸ਼੍ਰੀਮਤੀ ਵਿਮਲਾ ਵਿਰਮਾਨੀ, ਪੰਜਾਬ ਹਿੰਦੂ ਮਹਾਸਭਾ ਦੇ ਆਗੂ ਸਰ ਗੋਕੁਲ ਚੰਦ ਨਾਰੰਗ ਦੀ ਬੇਟੀ, ਉਥੇ ਆਪਣੇ ਪਤੀ ਨਾਲ ਰਹਿੰਦੀ ਸੀ.

ਵਿਮਲਾ ਵਿਰਮਾਨੀ

'ਮੇਰਾ ਜਨਮ ਲਾਹੌਰ ਤੇ ਹੋਇਆ ਅਤੇ ਮੈਂ ਕਿਨਐਰਡ ਕਾਲਜ ਤੇ ਪੜ੍ਹੀ. ਮੇਰੇ ਪਿਤਾ ਸਰ ਗੋਕੁਲ ਚੰਦ ਨਾਰੰਗ, ਹਿੰਦੂ ਮਹਾਸਭਾ ਪੰਜਾਬ ਦੇ ਆਗੂ ਸਨ. ਉਹ ਬੜੇ ਸੋਹਣੇ ਦਿਨ ਸਨ. ਸਾਰੀ ਕੌਮਾਂ ਦੀ, ਚੰਗੇ ਪਰਵਾਰਾਂ ਦੀ ਛੋਟੀ ਕੁੜੀਆਂ ਇੱਕ-ਦੁਜੇ ਨੂੰ ਮਿਲਦਿਆਂ ਅਤੇ ਉਨ੍ਹਾਂ ਤੋਂ, ਕੋਈ ਵੀ ਮਜ਼ੂਬੀ ਅਸੂਲਾਂ ਨੂੰ ਲੈ ਕੇ ਪਰੇਸ਼ਾਨ ਨਹੀਂ ਸੀ. ਮੇਰੇ ਪਤੀ ਐਬੋਟਾਬਾਦ ਦੇ ਇੱਕ ਪ੍ਰਮੁੱਖ ਖਤਰੀ ਪਰਵਾਰ ਨਾਲ ਨਾਤਾ ਰੱਖਦੇ ਸੀ, ਪਰ ਲਾਇਲਪੁਰ ਤੇ ਸਾਡੀ ਕਾਫ਼ੀ ਜਾਇਦਾਦ ਸੀ. ਅਸੀਂ ਪਹਿਲਾਂ ਕਰਾਚੀ ਤੇ ਰਹਿੰਦੇ ਸੀ ਪਰ ਬਾਅਦ ਤੇ ਲਾਇਲਪੁਰ ਆ ਗਏ. ਸਾਡਾ ਘਰ, ਉੱਚੇ ਵਰਗ ਵਾਲੇ ਸਿਵਲ ਲਾਇਨਸ ਇਲਾਕੇ ਤੇ ਸੀ, ਜੋ ਡਿਪਟੀ ਕਮੀਸ਼ਨਰ ਦੇ ਦਫ਼ਤਰ ਦੇ ਬਿਲਕੁਲ ਨਜਦੀਕ ਸੀ. ਇਹ ਇੱਕ ਬਹੁਤ ਚੰਗਾ ਸ਼ਹਿਰ ਸੀ. ਸਭ ਕੁੱਝ ਠੀਕ ਚਲ ਰਿਹਾ ਸੀ. ਅਸੀਂ ਮੁਸਲਿਮ ਪਰਵਾਰਾਂ ਨਾਲ ਉਠਦੇ-ਬੈਠਦੇ ਸੀ ਅਤੇ ਉੱਚੇ ਦਰਜੇ ਦੇ ਲੋਕ, ਇੱਕ ਦੂਜੇ ਨਾਲ ਸਾਮਾਜਿਕ ਤੌਰ ਤੇ ਮਿਲਦੇ-ਜੁਲਦੇ ਰਹਿੰਦੇ. ਮੈਂ ਪਿਆਨੇ ਵਜਾਂਦੀ ਅਤੇ ਕਦੀ ਕਦੀ ਮੁਸਲਿਮ ਔਰਤਾਂ ਆ ਕੇ ਉਸ ਨੂੰ ਸੁਣਦਿਆਂ. ਹਾਲਾਤ ਸੱਚ-ਮੁੱਚ ਬਹੁਤ ਚੰਗੇ ਸੀ. ਕਈ ਵਾਰ ਮੁਸਲਿਮ ਡਿਪਟੀ ਕਮੀਸ਼ਨਰ ਜਿਨ੍ਹਾਂ ਦਾ ਨਾਂਅ ਹੁਣ ਮੈਨੂੰ ਯਾਦ ਨਹੀ ਹੈ, ਸਾਡੇ ਘਰ ਆਉਂਦੇ ਸਨ ਅਤੇ ਮਜਾਕ ਨਾਲ ਕਹਿੰਦੇ ਸੀ ਕਿ ਉਹ ਆਪਣਾ ਘਰ ਛੱਡ ਕੇ ਸਾਡਾ ਘਰ ਲੈ ਲੇਣਗੇ, ਅਗਰ ਪਾਕਿਸਤਾਨ ਬਣ ਜਾਂਦਾ ਸੀ. ਪਰ, ਪੰਜਾਬ ਤੇ ਹਰ ਜਗ੍ਹ, ਹਾਲਾਤ ਬਦਤਰ ਹੋ ਰਹੇ ਸੀ. ਹਰ ਦਿਨ ਲਾਹੌਰ ਤੇ ਦੰਗੇ ਹੁੰਦੇ ਸੀ ਅਤੇ ਚਾਕੂ ਮਾਰਣ ਦੀ ਅਤੇ ਅੱਗਜਨੀ ਦੀ ਵਾਰਦਾਤਾਂ ਹੋਰ ਵਧਦੀ ਗਈਆਂ. ਇਹ ਮਈ ਦਾ ਆਖ਼ਰ ਸੀ ਜਾਂ ਜੂਨ ਦੇ ਸ਼ੁਰੂ ਦਾ ਵਕਤ ਸੀ, ਜਦ ਅਸੀਂ ਲਾਇਲਪੁਰ ਛੱਡ ਕੇ ਮਸੂਰੀ ਦੇ ਪਹਾੜੀ ਇਲਾਕੇ ਤੇ ਚਲੇ ਗਏ. ਅਸੀਂ ਲਾਇਲਪੁਰ ਤੇ ਕਾਫ਼ੀ ਜਾਇਦਾਦ ਛੱਡ ਦਿੱਤੀ, ਪਰ ਉਸ ਵਕਤ ਕਿਸੇ ਨੇ ਨਹੀਂ ਸੋਚਿਆ ਸੀ, ਖ਼ਾਸ ਕਰ ਕੇ ਜੂਨ ਤੇ ਕਿ, ਆਬਾਦੀ ਦੀ ਹਮੇਸ਼ਾ ਲਈ ਅਦਲਾ-ਬਦਲੀ ਹੋਵੇਗੀ. ਪਰ ਬਿਲਕੁਲ ਇਹ ਹੀ ਹੋਇਆ. ਮੈਂ ਆਪਣੀ ਅੱਖਾਂ ਨਾਲ ਕੋਈ ਤਸ਼ੱਦਦ ਨਹੀਂ ਵੇਖਿਆ ਪਰ ਜਦ ਪੰਜਾਬੀ ਹਿੰਦੂ ਇੰਡੀਆ ਤੇ ਆਏ, ਉਨ੍ਹਾਂ ਨੇ ਜਬਰ ਜਨਾਹ, ਕਤਲ ਅਤੇ ਜ਼ਖ਼ਮਾਂ ਦੀ ਦੁਖਦਾਈ ਕਹਾਨਿਆਂ ਦੱਸਿਆ. ਸਤੰਬਰ ਤੇ ਫ਼ੈਸਲਾਬਾਦ ਤੇ, ਹਿੰਦੂਆਂ ਅਤੇ ਸਿੱਖਾਂ ਉਪਰ ਅਸਲ ਤੌਰ ਤੇ, ਹਮਲੇ ਹੋਣ ਲਗੇ. ਇਹ ਮੈਨੂੰ ਉਣ ਪਰਵਾਰਾਂ ਤੋਂ ਪਤਾ ਲਗਾ, ਜੋ ਬਾਅਦ ਤੇ ਇੰਡੀਆ ਆਏ. ਤਕਸੀਮ ਨੇ ਇੱਕ ਖੁਸ਼ ਅਤੇ ਅਮਨਪਸੰਦ ਪੰਜਾਬ ਨੂੰ ਬਰਬਾਦ ਕਰ ਦਿੱਤਾ. ਮੇਰੇ ਪਿਤਾ ਦਿੱਲੀ ਤੇ ਕਦੀ ਖੁਸ਼ ਨਹੀਂ ਸਨ ਅਤੇ ਹਮੇਸ਼ਾ ਲਾਹੌਰ ਬਾਰੇ ਸੋਚਦੇ ਸੀ. ਇਹ ਹੀ ਹਾਲ ਮੇਰੇ ਸੌਹਰੇ ਅਤੇ ਦੂਜੇ ਬਜ਼ੁਰਗਾਂ ਦਾ ਸੀ.'

ਨਕਸ਼ ਲਾਇਲਪੁਰੀ

ਮੈਂ ਮਸ਼ਹੂਰ ਬੌਲੀਵੂਡ ਦੇ ਗੀਤਕਾਰ, ਨਕਸ਼ ਲਾਇਲਪੁਰੀ ਨੂੰ 2 ਜਨਵਰੀ 1997 ਨੂੰ ਮੁਮਬਈ ਤੇ ਮਿਲਿਆ. ਪੁਰਾਣੇ ਪੰਜਾਬ ਅਤੇ ਖ਼ਾਸ ਕਰ ਕੇ ਉਨ੍ਹਾਂ ਦੇ ਸ਼ਹਿਰ ਲਾਇਲਪੁਰ ਲਈ ਉਨ੍ਹਾਂ ਦੀ ਖਿੱਚ, ਬਹੁਤ ਜ਼ਾਹਰ ਸੀ, ਜਦ ਉਹ ਆਪਣੇ ਬਚਪਨ ਅਤੇ ਚੜ੍ਹਦੀ ਜਵਾਨੀ ਦੇ ਵਕਤ ਦਾ ਜਿਕਰ ਕਰਣ ਲਗੇ. ਉਹ ਕਹਿਣ ਲਗੇ:

'ਮੈਂ ਲਾਹੌਰ ਤੇ ਇੱਕ ਪੱਤਰਕਾਰ ਦੇ ਤੌਰ ਤੇ ਕੱਮ ਕਰ ਰਿਹਾ ਸੀ ਜਦ ਤਕਸੀਮ ਹੋਈ. ਅਤੇ ਮੈਨੂੰ ਭੱਜ ਕੇ ਲਾਇਲਪੁਰ ਜਾਣਾ ਪਇਆ. ਅਸੀਂ ਸਿੱਖਾਂ ਅਤੇ ਹਿੰਦੂਆਂ ਦੇ ਇੱਕ ਲੰਬੇ ਕਾਫ਼ਿਲੇ ਦਾ ਹਿੱਸਾ ਬਣ ਗਏ. ਦੂਜੇ ਕਈ ਮਾਮਲੇਆਂ ਦੀ ਤਰ੍ਹਾਂ, ਤਕਸੀਮ ਨੇ ਵੀ ਸਾਨੂ, ਭੀੜ ਦੇ ਵਹਿਸ਼ੀ ਤਸ਼ੱਦਦ ਦਾ ਮੁਕਾਬਲਾ ਕਰਣ ਲਈ ਮਜਬੂਰ ਕਰ ਦਿੱਤਾ, ਪਰ ਅਤੇ ਇਸ ਦੇ ਨਾਲ ਹੀ ਸਾਨੂ ਇਨਸਾਨੀ ਰਹਿਮ ਅਤੇ ਏਕਤਾ ਦੀ ਬੇਹਤਰੀਨ ਮਿਸਾਲਾਂ ਵੀ ਵੇਖਣ ਨੂੰ ਮਿਲਿਆਂ. ਅਸੀਂ ਇਏ ਜ਼ਿਆਦਾ ਭੁਖੇ ਸੀ ਕਿ ਮੈਂ ਖਤਰਾ ਮੋਲ ਲੈਂਦੇ ਹੋਏ, ਖਾਣੇ ਦੇ ਸਾਮਾਨ ਦੀ ਤਲਾਸ਼ ਤੇ ਇੱਕ ਪਿੰਡ ਤੇ ਚਲਾ ਗਿਆ. ਉਥੇ ਮੈਂ ਇੱਕ ਕਿਸਾਨ ਨੂੰ ਮਿਲਿਆ ਅਤੇ ਉਸ ਨੂੰ ਕੁੱਝ ਖਾਣਾ ਦੇਨ ਲਈ ਬੇਨਤੀ ਕੀਤੀ. ਉਹ ਮੈਨੂੰ ਆਪਣੇ ਘਰ ਲੈ ਗਿਆ. ਮੈਂ ਬੇਹਦ ਡਰ ਗਿਆ ਕਿ ਮੇਰੇ ਨਾਲ ਕੀ ਹੋਵੇਗਾ ਕਿਉਂਕਿ ਮੈਂ ਇਕੱਲਾ ਸੀ. ਇਹ ਡਰ ਬੇਬੁਨਿਆਦ ਸਾਬਤ ਹੋਇਆ. ਉਸ ਨੇ ਮੈਨੂ ਸਬਜ਼ੀਆਂ, ਆਟਾ ਅਤੇ ਦੁਧ ਵੀ ਦਿੱਤਾ, ਕਿਉਂਕਿ ਮੈਂ ਉਸ ਨੂੰ ਕਿਹਾ ਸੀ ਕਿ ਸਾਡੇ ਨਾਲ ਬੱਚੇ ਵੀ ਸਨ. ਉਸ ਦਾ ਨਾਂਅ ਇਨਾਇਤ ਅਲੀ ਸੀ. ਸਫਰ ਦੇ ਦੌਰਾਨ ਸਾਡੇ ਉਪਰ ਕਈ ਵਾਰ ਹਮਲਾ ਹੋਇਆ, ਪਰ ਸਾਡੇ ਕਾਫ਼ਿਲੇ ਵਿੱਚ ਹਥਿਆਰਬੰਦ ਸਿੱਖ ਮੌਜੂਦ ਸਨ. ਉਨ੍ਹਾਂ ਨੇ ਸਭ ਤੋਂ ਬਦਤਰ ਹਮਲੇਆਂ ਨੂੰ ਨਾਕਾਮ ਕਰ ਦਿੱਤਾ. ਰਾਹ ਵਿੱਚ ਅਸੀਂ ਹਜ਼ਾਰਾਂ ਲਾਸ਼ਾਂ ਵੇਕਿਆਂ. ਬਹੁਤ ਬਦਬੂ ਆ ਰਹੀ ਸੀ. ਇੰਡੀਆ ਦੀ ਸਰਹੱਦ ਦੇ ਅੰਦਰ ਵੀ ਨਜ਼ਾਰਾ ਘੱਟ ਦੁਖਦਾਈ ਨਹੀਂ ਸੀ. 1947 ਤੇ ਜੋ ਕੁੱਝ ਹੋਇਆ, ਇਸ ਲਈ, ਮੈਂ ਨਹੀਂ ਸੋਚਦਾਂ ਹਾਂ ਕਿ ਕਿਸੇ ਇੱਕ ਕੌਮ ਉਪਰ ਇਲਜ਼ਾਮ ਲਗਾਇਆ ਜਾ ਸਕਦਾ ਹੈ.'

ਘੁਲਾਮ ਰਸੁਲ ਤਨਵੀਰ

'ਮੈਂ 1924 ਤੇ ਲਾਇਲਪੁਰ ਤੇ ਪੈਦਾ ਹੋਇਆ. ਮੈਂ ਇਸਲਾਮੀਆ ਹਾਈ ਸਕੂਲ ਅਤੇ ਫਿਰ ਖਾਲਸਾ ਕਾਲਜ, ਲਾਇਲਪੁਰ ਤੇ 1942-46 ਦੇ ਦੌਰਾਨ ਪੜ੍ਹਿਆ. ਇਹ ਇੱਕ ਸਿੱਖ ਤਾਲੀਮ ਦੀ ਸੰਸਥਾ ਸੀ ਪਰ ਹਿੰਦੂ ਅਤੇ ਮੁਸਲਿਮ ਵੀ ਇਥੇ ਪੜ੍ਹਦੇ ਸੀ. ਬਾਅਦ ਤੇ, ਮੈਂ ਗਵਰਨਮੇਂਟ ਕਾਲਹ, ਲਾਹੌਰ ਤੋਂ ਐਮ.ਏ. ਕੀਤੀ ਅਤੇ ਅੰਗ੍ਰੇਜੀ ਪੜ੍ਹਾਣ ਲਗਾ. ਮੈਂ *ਫ਼ੈਸਲਾਬਾਦ ਐਗਰੀਕਲਚਰਲ ਯੂਨੀਬਰਸਿਟੀ* ਤੋਂ ਅੰਗਰੇਜ਼ੀ ਦਾ ਪ੍ਰੋਫ਼ੇਸਰ ਹੋ ਕੇ ਰਿਟਾਇਰ ਹੋਇਆ.

ਫ਼ੈਸਲਾਬਾਦ ਜੋ ਲਾਇਲਪੁਰ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ, ਬਿਲਕੁਲ ਹੀ ਪੁਰਾਣਾ ਸਹਿਰ ਨਹੀਂ ਸੀ. ਬਲਕਿ, ਇਹ ਇੱਕ ਨਹਿਰ ਕਲੋਨੀ ਸੀ. ਅਤੇ, ਇਥੇ ਰਹਿਣ ਵਾਲੇ ਸਾਰੇ ਲੋਕ ਨਵੇਂ ਵਸੇ ਸੀ, ਜੋ ਕਈ ਦੂਜੀ ਜਗ੍ਹਾਂ ਤੋਂ ਆਏ ਸੀ. ਮੇਰਾ ਖੁਦ ਦਾ ਪਰਵਾਰ ਪੂਰਬੀ ਪੰਜਾਬ ਦੇ ਲੁਧਿਆਣਾ ਤੋਂ ਆਇਆ ਸੀ. ਲਾਇਲਪੁਰ ਜ਼ਿਲ੍ਹੇ ਦੇ ਚੱਕਾਂ ਤੇ, ਪੂਰਬੀ ਪੰਜਾਬ ਤੋਂ ਪੂਰੇ ਪਿੰਡ ਉਠ ਕੇ ਆ ਗਏ ਸੀ. ਇਸ ਕਰ ਕੇ, ਜਦ ਕਿ ਲਾਇਲਪੁਰ ਸ਼ਹਿਰ ਤੇ ਲੋਕਾਂ ਨੂੰ ਨਵੇਂ ਸਿਰੇ ਤੇ ਰਿਸ਼ਤੇ ਕਾਇਮ ਕਰਣੇ ਪਏ ਸੀ, ਪਿੰਡਾ ਵਿੱਚ ਹਾਲਾਤ ਲੱਗਭਗ ਪਹਿਲਾਂ ਦੀ ਤਰ੍ਹਾਂ ਹੀ ਸਨ.

ਇਸ ਕਰ ਕੇ, ਸ਼ਹਿਰ ਤੇ ਖੁਲ੍ਹੇ ਦਿਲੀ ਅਤੇ ਤਰੱਕੀ-ਪਸੰਦ ਸਮਾਜਕ ਸੋਚ ਸੀ. ਮੈਂ ਜਦ ਕਾਲਜ ਤੇ ਸੀ, ਤਦ ਪਾਕਿਸਤਾਨ ਦੀ ਤੇਹਰੀਕ ਪੂਰੇ ਜ਼ੋਰ ਨਾਲ ਚਲ ਰਹੀ ਸੀ. ਹਾਲਾਤ ਦੋਸਤਾਨਾ ਅਤੇ ਸੁਹਾਵਣੇ ਸਨ ਪਰ ਫ਼ਿਰਕੂ ਸੰਵੇਦਨਸ਼ੀਲਤਾ ਬਹੁਤ ਵਧ ਗਈ ਸੀ, ਅਤੇ ਨਤੀਜਾ ਇਹ ਸੀ ਕਿ ਕਿਸੇ ਇੱਕ ਸਮੁਦਾਇ ਦੀ, ਇੱਕ ਛੋਟੀ ਨਾਦਾਨੀ ਵੀ ਦੂਜੇ ਸਮੁਦਾਇ ਦੇ ਜਜ਼ਬਾਤਾਂ ਨੂੰ ਭੜਕਾ ਸਕਦੀ ਸੀ. ਛੋਟੀ ਛੋਟੀ ਗੱਲਾਂ ਨੂੰ ਵੀ ਅਹਿਮੀਅਤ

ਦਿੱਤੀ ਜਾਂਦੀ ਸੀ. ਪਰ, ਮੁਸਲਿਮ ਗਰੀਬ ਸਨ ਅਤੇ ਸਿਰਫ਼ ਮੁੰਸ਼ੀ ਮਹੱਲਾ ਮੁਸਲਿਮ ਪ੍ਰਬਲ ਸੀ. ਬਾਕੀ ਹਿੰਦੂ ਅਤੇ ਸਿੱਖ ਮਹੱਲੇ ਸਨ. ਉਹ ਮੁਸਲਿਮਾਂ ਨੂੰ ਵਪਾਰ ਨਹੀਂ ਕਰਣ ਦੇਂਦੇ ਸੀ. ਮੁਸਲਿਮਾਂ ਦੀ ਸਿਰਫ਼ ਪੰਜ ਜਾਂ ਛੇ ਦੁਕਾਨਾਂ ਸੀ. ਅਤੇ ਹਿੰਦੂ ਹੋਰ ਸਿੱਖ ਪੂਰੀ ਇਕਤੀਸਾਦੀ ਇਜ਼ਾਰਾਕਾਰੀ ਦਾ ਲੁਤਫ਼ ਉਠਾ ਰਹੇ ਸੀ. ਹਿੰਦੂਆਂ ਨੇ, ਇਥੇ ਤੱਕ ਕਿ, ਮੁੰਸ਼ੀ ਮਹੱਲਾ ਵੀ ਖ਼ਰੀਦਣਾ ਸ਼ੁਰੂ ਕਰ ਦਿੱਤਾ ਸੀ. ਤਦ, ਮੁਸਲਿਮ ਲਾਇਲਪੁਰ ਦੇ ਇੱਕ ਦੂਜੇ ਇਲਾਕੇ ਜਾਣ ਲਗੇ. ਇਹ ਇੱਕ ਨਵੀਂ ਕਲੋਨੀ ਸੀ ਜਿਸ ਨੂੰ ਮਿਆਂ ਘੁਲਾਮ ਬਾਰੀ ਜੋ ਮੁਸਲਿਮ ਲੀਘ ਦੇ ਆਗੂ ਮਿਆਂ ਅਬਦੁਲ ਬਾਰੀ, ਦੇ ਵੱਡੇ ਭਰਾ ਸਨ, ਤਿਆਰ ਕਰਵਾ ਰਹੇ ਸਨ.

'ਸਿਰਫ਼ ਇੱਕ ਜਗ੍ਹ ਤੇ, ਸਾਰੇ ਸਮੁਦਾਇ ਮਿਲ-ਜੁਲ ਕੇ ਰਹਿੰਦੇ ਸੀ. ਇਹ ਸੀ ਮਹੱਲਾ ਵਕੀਲਾਂ, ਜਿੱਥੇ ਮੈਂ ਪੈਦਾ ਹੋਇਆ ਸੀ. ਉਥੇ ਰਹਿਣ ਵਾਲੇ ਲੋਕ ਪੜ੍ਹੇ ਲਿਖੇ ਸਨ. ਪਰ, ਉਥੇ, ਕੁੱਝ ਬੇਹਦ ਭਲੇ ਅਤੇ ਸ਼ਰੀਫ਼ ਹਿੰਦੂ ਵੀ ਸਨ. ਲਾਇਲਪੁਰ ਤੇ ਦੰਦਾਂ ਦੇ ਮੁੱਖ ਡਾਕਟਰ, ਡਾ.ਡੋਡੀ ਅਤੇ ਉਨ੍ਹਾਂ ਦੀ ਪਤਨੀ ਬਹੁਤ ਖੁਲ੍ਹੇ ਖ਼ਿਆਲਾਂ ਵਾਲੇ ਇਨਸਾਨ ਸਨ. ਉਹ ਕੁਨਜਾਹ, ਗੁਜਰਾਤ ਤੋਂ ਆਏ ਸੀ. ਅਸੀਂ ਉਨਾਂ ਦੀ ਰਸੋਈ ਤੇ ਵੀ ਜਾ ਕੇ ਸਕਦੇ ਸੀ ਅਤੇ ਉਹ ਉਨ੍ਹਾਂ ਦੇ ਘਰ ਤੇ ਗੈਰ-ਹਿੰਦੂਆ ਦੇ ਖਾਣ ਬਾਰੇ, ਕੋਈ ਛੂਆ-ਛੁਤ ਨਹੀਂ ਮੱਨਦੇ ਸੀ. ਉਹ ਸਾਡੇ ਘਰ ਆ ਕੇ ਖਾਣਾ ਵੀ ਖਾਂਦੇ ਸਨ. ਇਹ ਹੀ ਨਹੀਂ, ਉਹ ਜਦ ਕੋਈ ਫਿਲਮ ਵੇਖਣ ਜਾਂਦੇ, ਤਦ ਉਨ੍ਹਾਂ ਦੇ ਦੋ ਛੋਟੇ ਬੱਚੇਆਂ, ਇੱਕ ਛੋਟਾ ਮੁੰਡਾ ਅਤੇ ਇੱਕ ਨਿੱਕੀ ਕੁੜੀ, ਨੂੰ ਸਾਡੇ ਘਰ ਛੱਡ ਕੇ ਚਲੇ ਜਾਂਦੇ ਸੀ. ਉਹ ਸੱਚ-ਮੁੱਚ ਵੱਡੇ ਦਿਲ-ਵਾਲੇ ਸਨ, ਪਰ ਇਹ ਗੱਲ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਚੰਗੀ ਨਹੀਂ ਲਗਦੀ ਸੀ.

'ਤਕਸੀਮ ਦੇ ਵਕਤ, ਲਾਇਲਪੁਰ ਸ਼ਹਿਰ ਤੇ ਕੋਈ ਗੰਭੀਰ ਫ਼ਸਾਦ ਨਹੀਂ ਹੋਏ. ਡਿਪਟੀ ਕਮੀਸ਼ਨਰ, ਸ਼੍ਰੀ ਅਬਦੁਲ ਹਮੀਦ ਨੇ ਸਖ਼ਤੀ ਨਾਲ, ਕੋਈ ਤਰਫ਼ਦਾਰੀ ਨਹੀਂ ਹੋਣ ਦਿੱਤੀ ਅਤੇ ਗੈਰ-ਮੁਸਲਿਮ ਇਸ ਸ਼ਹਿਰ ਨੂੰ ਛੱਡ ਕੇ, ਸਹੀ-ਸਲਾਮਤ ਚਲੇ ਗਏ. ਸਤੰਬਰ ਦੇ ਆਖ਼ਰ ਤੇ ਵੀ, ਹਿੰਦੂ ਅਤੇ ਸਿੱਖ, ਇੱਕ ਵੱਡੀ ਤਦਾਦ ਤੇ ਲਾਇਲਪੁਰ ਤੇ ਮੌਜੂਦ ਸਨ. ਪਰ, ਮੈਨੂੰ ਇੱਕ ਵਾਕਿਆ ਯਾਦ ਹੈ. ਪਾਕਿਸਤਾਨ ਬਣਨ ਦੇ ਤੁਰੰਤ ਬਾਅਦ, ਦਿਪਟੀ ਕਮੀਸ਼ਨਰ ਮਸ਼ਹੂਰ ਘੰਟਾ ਘਰ ਤੇ, ਇੱਕ ਆਮ ਸਭਾ ਤੇ ਭਾਸ਼ਣ ਦੇ ਰਹੇ ਸੀ ਅਤੇ ਸਾਰੇ ਸਮੁਦਾਇਆਂ ਦੇ ਲੋਕ ਮੌਜੂਦ ਸਨ. ਉਨ੍ਹਾਂ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਉਹ ਵੇਖਣਾ ਚਾਹੁੰਦੇ ਸੀ ਕਿ ਪਾਕਿਸਤਾਨ ਵਿੱਚ ਹਿੰਦੂ ਅਤੇ ਸਿੱਖ ਰਹਿ ਸਕਦੇ ਸੀ, ਅਗਰ ਉਹ ਚਾਹੁੰਦੇ ਸੀ. ਜਦ ਉਹ ਭਾਸ਼ਣ ਦੇ ਰਹੇ ਸੀ, ਅਚਾਨਕ ਰੌਲਾ ਪੈਣ ਲਗਾ ਕਿਉਂਕਿ ਕੁੱਝ ਹਮਲਾਵਰਾਂ ਨੇ ਛੁਰੇਬਾਜ਼ੀ ਕਰ ਦਿੱਤੀ ਸੀ, ਜਿਸ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ ਅਤੇ ਸ਼ਾਇਦ ਇੱਕ ਦੀ ਮੌਤ ਹੋ ਗਈ. ਇਹ ਇੱਕ ਬਹੁਤ ਵੱਡਾ ਜਮਾਵੜਾ ਸੀ, ਪਰ ਉਸ ਦੇ ਬਾਅਦ ਲੋਕ ਜਲਦੀ ਨਾਲ ਤਿਤਰ-ਬਿਤਰ ਹੋ ਗਏ ਅਤੇ ਇਸ ਦਾ ਖ਼ਾਤਮਾ ਇੱਕ ਬੁਰੇ ਤਰੀਕੇ ਨਾਲ ਹੋਇਆ.'

ਖੋਸਲਾ ਰਿਪੋਰਟ ਮੱਨਦੀ ਹੈ ਕਿ ਡਿਪਟੀ ਕਮੀਸ਼ਨਰ ਆਘਾ ਅਬਦੁਲ ਹਮੀਦ ਨੇ ਉਸ ਦੀ ਡਿਊਟੀ ਬਗੈਰ ਤਰਫ਼ਦਾਰੀ ਦੇ ਕੀਤੀ ਅਤੇ ਹਜ਼ਾਰਾਂ ਗੈਰ-ਮੁਸਲਿਮ ਜਾਨਾਂ ਨੂੰ ਬਚਾਇਆ ਜਾ ਸਕਿਆ, ਪਰ ਇਹ ਵੀ ਇਲਜ਼ਾਮ ਲਗਾਉਂਦੀ ਹੈ ਕਿ ਆਖ਼ਰ ਤੇ, ਉਸ ਦੇ ਇਖਤਿਆਰ ਦੀ ਉਲੰਘਣਾ ਕੀਤੀ ਗਈ ਅਤੇ ਹਾਲਾਤ ਬੇਕਾਬੂ ਹੋ ਗਏ. ਸਿੱਖਾਂ ਨੂੰ ਖਾਸ ਕਰ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਨਾਲ ਵਹਿਸ਼ੀ ਤਰੀਕੇ ਨਾਲ ਬਦਲਾ ਲੀਤਾ ਜਾ ਰਿਹਾ ਸੀ, ਕਿਉਂਕਿ ਉਨ੍ਹਾਂ ਦੇ ਸਹ-ਧਰਮੀ ਪੂਰਬੀ ਪੰਜਾਬ ਤੇ ਮੁਸਲਿਮਾਂ ਨਾਲ, ਜੋ ਕਰ ਰਹੇ ਸੀ (Khosla, 1989: 166). ਸਭ ਤੋਂ ਬਦਤਰ ਵਾਕਿਐ ਦਿਹਾਤੀ ਜਗ੍ਹਾਂ ਤੇ ਹੋਏ.

ਲਾਇਲਪੁਰ (ਫ਼ੈਸਲਾਬਾਦ) ਦੇ ਦਿਹਾਤੀ ਇਲਾਕੇ

ਅਬਦੁਲ ਬਾਰੀ

'ਅਸੀਂ ਅਰਾਇਨ ਹਾਂ. ਸਾਡਾ ਪਰਵਾਰ ਹੁਸ਼ਿਆਰਪੁਰ ਤੋਂ ਟੋਬਾ ਟੇਕ ਸਿੰਘ ਤਹਸੀਲ ਦੇ ਇੱਕ ਪਿੰਡ ਤੇ ਆ ਵਸਿਆ ਸੀ. ਸਾਡਾ ਇੱਕ ਮੁਸਲਿਮ ਪਿੰਡ ਸੀ, ਪਰ ਬੋਧਵਾਲਾ ਦੇ ਖਤਰੀ ਕੁੱਝ ਦੁਕਾਨਾਂ ਦੇ ਮਾਲਕ ਸਨ. ਹਿੰਦੂ ਪੜ੍ਹੇ ਲਿਖੇ ਸੀ. ਉਨ੍ਹਾਂ ਦੇ ਨਾਲ ਸਾਡੇ ਚੰਗੇ ਰਿਸ਼ਤੇ ਸੀ, ਪਰ ਉਹ ਸਾਨੂ ਉਨ੍ਹਾਂ ਦੀ ਰਸੋਈ ਤੇ ਨਹੀਂ ਜਾਣ ਦੇਂਦੇ ਸੀ ਅਤੇ ਨਾ ਹੀ ਸਾਡਾ ਤਿਆਰ ਕੀਤਾ ਖਾਣਾ ਹੀ ਖਾਂਦੇ ਸੀ. ਸਾਡੇ ਇਲਾਕੇ ਤੇ ਕਈ ਸਿੱਖ ਪਿੰਡ ਸਨ. ਪਾਕਿਸਤਾਨ ਬਣ ਗਿਆ ਸੀ ਪਰ ਹਿੰਦੂ ਅਤੇ ਸਿੱਖ ਜਾ ਨਹੀਂ ਰਹੇ ਸੀ. ਅਤੇ ਮੁਸਲਿਮਾਂ ਨੇ ਉਨ੍ਹਾਂ ਦੇ ਉਪਰ ਹਮਲਾ ਕਰਨਾ ਸ਼ੁਰੂ ਕਰ ਦਿੱਤਾ. ਉਣ ਹਮਲੇਆ ਤੇ ਕਈ ਸਿੱਖ ਮਾਰੇ ਗਏ. ਜੋ ਨੈਜਵਾਨ ਸਨ, ਉਹ ਖੇਤਾ ਤੇ ਲੁੱਕ ਗਏ, ਕੁੱਝ ਲੁਕੇ ਰਹੇ, ਜਦ ਤੱਕ ਫ਼ੌਜ਼ ਨੇ ਆ ਕੇ ਉਨ੍ਹਾਂ ਨੂੰ ਬਚਾਇਆ. ਜਿਣ ਮੁਸਲਿਮਾਂ ਨੇ ਹਮਲੇ ਕੀਤੇ ਸੀ, ਉਹ ਝੰਗ ਤੋਂ ਆਏ ਸੀ. ਸਿੱਖ, ਸਾਡੀ ਤਰ੍ਹਾਂ, ਪੂਰਬੀ ਪੰਜਾਬ ਤੋਂ ਆ ਕੇ ਵਸੇ ਸੀ.

'ਮੇਰਾ ਇੱਕ ਸਿੱਖ ਦੋਸਤ ਗੁਰਬਚਨ ਸਿੰਘ ਮੇਰੇ ਨਾਲ ਪੜ੍ਹਿਆ ਸੀ, ਉਹ ਇੱਕ ਨੇੜੇ ਦੇ ਪਿੰਡ ਤੇ ਰਹਿੰਦਾ ਸੀ. ਉਸ ਦੇ ਪਿਤਾ ਹਾਕਿਮ ਸਿੰਘ, ਫ਼ੌਜ਼ ਤੋਂ, ਬਤੌਰ ਕਰਨਲ, ਦੋ ਮਹੀਨੇ ਪਹਿਲਾਂ ਹੀ ਰਿਟਾਇਰ ਹੋ ਕੇ ਇੰਡੀਆ ਚਲੇ ਗਏ ਸੀ. ਆਪਣੇ ਮਾਤਾ-ਪਿਤਾ ਦੀ ਬੇਨਤੀ ਦੇ ਬਾਵਜੂਦ ਗੁਰਬਚਨ ਨੇ ਉਥੋਂ ਚਲੇ ਜਾਣ ਤੋਂ ਇਨਕਾਰ ਕਰ ਦਿੱਤਾ. ਮੈਨੂੰ ਦੱਸਿਆ ਗਿਆ ਕਿ ਉਹ ਮੈਨੂੰ ਮਿਲਣ ਆਇਆ ਸੀ, ਪਰ ਮੈਂ ਕਿਸੇ ਕੱਮ ਦੇ ਚਲਦਿਆਂ ਝੰਗ ਗਿਆ ਹੋਇਆ ਸੀ. ਪਿੰਡ ਦੇ ਲੋਕਾਂ ਨੇ ਉਸ ਨੂੰ ਕਿਹਾ, "ਤੁਸੀਂ ਅਬਦੁਲ ਬਾਰੀ ਦੇ ਦੋਸਤ ਹੋ, ਅਤੇ ਅਸੀਂ ਤੁਹਾਡਾ ਕੋਈ ਨੁਕਸਾਨ ਨਹੀਂ ਕਰਾਂਗੇ. ਕ੍ਰਿਪਾ ਕਰ ਕੇ ਚਲੇ ਜਾਉ. ਅਤੇ ਉਹ ਚਲਾ ਗਿਆ, ਪਰ ਉਸ ਨੂੰ ਟੋਬਾ ਟੇਕ ਸਿੰਘ ਤੇ ਮਾਰ ਦਿੱਤਾ ਗਿਆ. ਮੈਂ ਉਸ ਨੂੰ ਕਦੀ ਕਦੀ ਯਾਦ ਕਰਦਾਂ ਹਾਂ ਤੇ ਮੇਰੀ ਅੱਖਾਂ ਤੇ ਅੱਥਰੂ ਆ ਜਾਂਦੇ ਨੇ. ਉਹ ਇੱਕ ਬੇਹਦ ਭਲਾ ਬੰਦਾ ਸੀ. ਟੋਬਾ ਟੇਕ ਸਿੰਘ ਤੇ ਅਕਸਰ, ਹਿੰਦੂਆ ਦਾ ਕੋਈ ਨੁਕਸਾਨ ਨਹੀਂ ਕੀਤਾ ਜਾਂਦਾ ਸੀ, ਪਰ ਹਜ਼ਾਰਾਂ ਸਿੱਖਾਂ ਨੂੰ ਮਾਰ ਦਿੱਤਾ ਗਿਆ. ਇਸ ਦੀ ਵਜ੍ਹਾ ਇਹ ਸੀ ਕਿ, ਕਹਾਨਿਆਂ ਸੁਣਣ ਨੂੰ ਮਿਲ ਰਹਿਆਂ ਸੀ ਕਿ ਪੂਰਬੀ ਪੰਜਾਬ ਦੇ ਮੁਸਲਿਮਾਂ ਉਪਰ ਭਿਆਨਕ ਜ਼ੁਲਮ ਕੀਤੇ ਜਾ ਰਹੇ ਸੀ. ਸਿੱਖ ਔਰਤਾਂ ਨੂੰ ਵੀ ਅਗਵਾ ਕੀਤਾ ਗਿਆ; ਕੁੱਝ ਨੂੰ ਵਾਪਸ ਲੈ ਆਉਂਦਾ ਗਿਆ, ਪਰ ਸਭ ਨੂੰ ਨਹੀਂ.

'ਲਾਇਲਪੁਰ ਦੇ ਪਿੰਡਾ ਤੇ ਅਹਿਮ ਸਿੱਖ ਮੌਜੂਦਗੀ ਸੀ ਕਿਉਂਕਿ ਕਨਾਲ ਕਲੋਨੀਆਂ ਤੇ ਖੇਤੀਬਾੜੀ ਦੀ ਜ਼ਮੀਨ ਦੀ ਤਕਸੀਮ ਦੀ ਤਰਤੀਬ ਸ਼ੁਰੂ ਹੋਣ ਦੇ ਬਾਅਦ, ਸਿੱਖ ਸਭ ਤੋਂ ਜ਼ਿਆਦਾ ਲਾਭਵਾਨ ਹੋਏ. ਹਾਲਾਂਕਿ, ਉਣ ਪਿੰਡਾਂ ਤੇ ਤਸ਼ੱਦਦ ਤੇ ਜ਼ਰੂਰ ਹੋਇਆ, ਸਮੁਚੇ ਤੌਰ ਤੇ ਲਾਇਲਪੁਰ ਦੇ ਪਿੰਡਾ ਅਤੇ ਸ਼ਹਿਰ ਦੀ ਹਿੰਦੂ ਅਤੇ ਸਿੱਖ ਆਬਾਦੀ ਦਾ ਜਾਨੀ ਨੁਕਸਾਨ, ਦੂਜੇ ਜ਼ਿਲ੍ਹਾਂ ਦੇ ਮੁਕਾਬਲੇ, ਘੱਟ ਹੋਇਆ. ਇਹ ਮੇਰਾ ਵਿਚਾਰ ਹੈ ਅਤੇ ਜੋ ਇੰਟਰਵਿਊ ਹੇਠ ਪੇਸ਼ ਨੇ, ਉਹ ਹੀ ਇਸ਼ਾਰਾ ਕਰਦੇ ਨੇ ਕਿ ਇਹ ਸ਼ਾਇਦ ਸੱਚ ਹੈ. ਮਾਰਚ 2004 ਨੂੰ ਵਿੱਕੀ, ਸਾਡੇ ਡ੍ਰਾਇਵਰ ਨਾਨਕ ਸਿੰਘ ਅਤੇ ਮੈਂ ਲੁਧਿਆਣਾ ਜ਼ਿਲ੍ਹੇ ਦੇ ਕਈ ਪਿੰਡਾਂ ਦਾ ਦੌਰਾ ਕੀਤਾ. ਸਾਨੂ ਪਤਾ ਲਗਾ ਕਿ ਲਾਇਲਪੁਰ ਦੇ ਪਿੰਡਾਂ ਤੋਂ ਕਈ ਸਿੱਖ ਲੁਧਿਆਣਾ ਆ ਗਏ ਸੀ. ਉਨ੍ਹਾਂ ਦੀ ਕਹਾਣੀ ਉਨ੍ਹਾਂ ਦੀ ਜ਼ਬਾਨੀ ਹੇਠ ਪੇਸ਼ ਨੇ.

ਇੱਕ ਹੋਰ ਸਚਾਈ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਜਦ ਕੋਈ ਪਨਾਹਗੀਰਾਂ ਦਾ ਕਾਫ਼ਿਲਾ ਫ਼ੌਜ਼ੀ ਹਿਫ਼ਾਜ਼ਤ ਨਾਲ ਚਲਦਾ ਸੀ, ਤੇ ਜਾਨੀ ਨੁਕਸਾਨ ਬੇਹਦ ਘੱਟ ਹੁੰਦਾ ਸੀ, ਪਰ ਜਦ ਫ਼ੌਜ਼ੀ ਹਿਫ਼ਾਜ਼ਤ ਨਾਲ ਨਹੀਂ

ਹੁੰਦੀ ਸੀ, ਉਨ੍ਹਾਂ ਦੇ ਖੁਦ ਦੇ ਕਾਫ਼ੀ ਅਸਲਾ, ਹਥਿਹਾਰ ਹੋਣ ਦੇ ਬਾਵਜੂਦ, ਉਨ੍ਹਾਂ ਦੇ ਉਪਰ ਹਮਲੇ ਹੁੰਦੇ ਸੀ. ਹੇਠ, ਇੱਕ ਮਿਸਾਲ ਦਿੱਤੀ ਗਈ ਹੈ, ਇੱਕ ਉਸ ਕਾਫ਼ਿਲੇ ਦੀ ਜੋ 15 ਅਗਸਤ ਨੂੰ ਬਗੈਰ ਕਿਸੇ ਫ਼ੌਜ਼ੀ ਹਿਫ਼ਾਜ਼ਤ ਤੇ ਚੱਲਿਆ ਅਤੇ ਦੂਜਾ ਜੋ ਸਤੰਬਰ ਤੇ ਫ਼ੌਜ਼ੀ ਹਿਫ਼ਾਜ਼ਤ ਨਾਲ ਉਸੇ ਰਾਹ ਤੇ ਚੱਲਿਆ, ਜੋ ਦੱਸਦਾ ਹੈ ਕਿ ਹਿਫ਼ਾਜ਼ਤ ਦੇ ਚਲਦਿਆਂ ਕਿਨਾ ਫ਼ਰਕ ਪਇਆ.

ਨਸ਼ਤਰ ਸਿੰਘ

'ਮੇਰੀ ਪੈਦਾਇਸ਼ ਚੱਕ 275, ਲਾਇਲਪੁਰ ਤਹਸੀਲ ਅਤੇ ਜ਼ਿਲ੍ਹੇ ਤੇ ਹੋਈ ਸੀ. ਅਸੀਂ ਉਥੇ ਵਸ ਗਏ ਸੀ. ਸਾਡੇ ਪਿੰਡ ਤੇ ਸਿਰਫ਼ ਕੁੱਝ ਮੁਸਲਿਮ ਤੇਲੀ ਸਨ, ਪਰ ਕਿਸੇ ਕੋਲ ਜ਼ਮੀਨ ਨਹੀਂ ਸੀ. ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਿਮਾਂ ਨਾਲ ਸਾਡੇ ਬਹੁਤ ਚੰਗੇ ਰਿਸ਼ਤੇ ਸੀ. ਉਹ ਵਿਰਕ ਅਤੇ ਗਿੱਲ ਜੱਟ ਸੀ ਜਦ ਕਿ ਅਸੀਂ ਗਰੇਵਾਲ. 15 ਅਗਸਤ ਨੂੰ ਇੰਡੀਆ ਜਾਣ ਵਾਲਾ ਸਾਡਾ ਪਹਿਲਾ ਕਾਫ਼ਿਲਾ ਸੀ. ਜਲਦੀ ਨਿਕਲਣ ਦੀ ਇੱਕ ਵਜ੍ਹਾ ਇਹ ਸੀ ਕਿ ਸਾਨੂ ਵਿਰਕਾਂ ਅਤੇ ਗਿੱਲਾਂ ਨੇ ਪਹਿਲਾ ਖ਼ਬਰਦਾਰ ਕਰ ਦਿੱਤਾ ਸੀ ਕਿ ਝੰਗ ਅਤੇ ਉਥੇ ਦੇ ਪਿੰਡਾਂ ਦੇ ਮੁਸਲਿਮ ਸਾਡੇ ਉਪਰ ਹਮਲਾ ਕਰਣ ਦੀ ਤਿਆਰੀ ਕਰ ਰਹੇ ਸੀ. ਨਾਲ ਦੇ ਪਿੰਡਾ ਦੇ ਕਈ ਲੋਕਾਂ ਨੇ ਵੀ ਸਾਡੇ ਨਾਲ ਚਲੇ ਜਾਣ ਬਾਰੇ ਫ਼ੈਸਲਾ ਕੀਤਾ, ਪਰ ਕਈ ਐਦਾਂ ਦੇ ਵੀ ਲੋਕ ਸੀ ਜੋ ਸਾਡੇ ਨਾਲ ਮਖੌਲ ਕਰ ਰਹੇ ਸੀ, ਕਿ ਅਸ਼ੀਂ ਇੱਨੀ ਜਲਦੀ ਡਰ ਕਿਉਂ ਰਹੇ ਸੀ. ਰਾਹ ਵਿੱਚ, ਹੋਰ ਦੂਜੇ ਸਿੱਖ ਪਿੰਡਾਂ ਦੇ ਲੋਕ, ਸਾਡੇ ਨਾਲ ਸਾਮਲ ਹੁੰਦੇ ਗਏ. ਇਹ ਕਾਫ਼ਿਲਾ ਇੱਨਾ ਵੱਡਾ ਸੀ ਕਿ ਕਿਸੇ ਨੂੰ ਪਤਾ ਨਹੀਂ ਸੀ ਕਿ ਕਾਫ਼ਿਲੇ ਦੇ ਅਲਗ ਹਿੱਸੇਆ ਤੇ ਕੀ ਹੋ ਰਿਹਾ ਸੀ. ਬਾਅਦ ਤੇ ਮੈਨੂੰ ਪਤਾ ਲਗਾ ਕਿ ਕਾਫ਼ਿਲਾ 32 ਮੀਲ ਲੰਬਾ ਸੀ. ਇਸ ਦੇ ਵਿੱਚ 50,000 ਲੋਕ ਹੋਣਗੇ. ਸਾਡੇ ਨਾਲ ਕੋਈ ਫ਼ੌਜ਼ੀ ਹਿਫ਼ਾਜ਼ਤ ਦਾ ਇੰਤਜ਼ਾਮ ਨਹੀਂ ਸੀ. ਜਰਾਂਵਾਲਾ ਤੇ ਸਾਨੂ ਇੱਕ ਚੌੜੀ ਅਤੇ ਢੂੰਘੀ ਨਹਿਰ ਪਾਰ ਕਰਣੀ ਸੀ. ਉਥੇ ਸਾਡਾ ਸਾਹਮਣਾ ਪਾਕਿਸਤਾਨੀ ਫ਼ੌਜ਼ ਦੀ ਕੁੱਝ ਟੁਕੜਿਆ ਨਾਲ ਹੋਇਆ. ਉਨ੍ਹਾਂ ਨੇ ਸਾਨੂ ਆਪਣੇ ਸਾਰੇ ਹਥਿਆਰ ਜਮਾ ਦੇਣ ਦਾ ਹੁਕਮ ਦਿੱਤਾ. ਸਾਡੇ ਕਾਫ਼ਿਲੇ ਵਿੱਚ, ਕਈ ਰਿਟਾਇਰ ਸਿਪਾਹੀ ਅਤੇ ਅਫ਼ਸਰ ਵੀ ਸਨ. ਸਾਡੇ ਪੈਨਸ਼ਨ ਲੈਂਦੇ ਕਪਤਾਨ ਸਾਹਮਣੇ ਆਏ ਅਤੇ ਕਿਹਾ ਕਿ ਉਹ ਆਪਣੇ ਹਥਿਆਰ ਜਮਾ ਨਹੀਂ ਕਰਣਗੇ. ਪਾਕਿਸਤਾਨਿਆਂ ਨੇ ਸਾਡਾ ਅਸਲਾ ਲੈਣ ਦੀ ਕੋਸ਼ਿਸ਼ ਕੀਤੀ ਅਤੇ ਕੁੱਝ ਰਾਈਫਲਾਂ ਜਬਰਨ ਲੈ ਗਏ. ਇਸ ਦੇ ਚਲਦੇ, ਉਨ੍ਹਾਂ ਦੇ ਅਤੇ ਸਾਡੇ ਵਿੱਚ ਗੋਲੀਆਂ ਚਲੀਆਂ. ਦੋ ਔਰਤਾਂ, ਇੱਕ ਬੰਦਾ ਅਤੇ ਦੋ ਬੱਚੇ ਗੋਲੀਆਂ ਲਗ ਕੇ ਹਲਾਕ ਹੋ ਗਏ. ਸਾਡੀ ਗੋਲੀਆਂ ਨਾਲ ਛੇ ਮੁਸਲਿਮ ਮਾਰੇ ਗਏ ਅਤੇ ਸੱਤਵੇਂ ਨੂੰ ਫੱੜ ਲੀਤਾ ਗਿਆ. ਅਸੀਂ 3,000 ਬੁਲੇਟ ਰਾਉਂਡ ਵਾਪਸ ਲੈ ਲੀਤੇ.

'ਕਾਫ਼ਿਲੇ ਨੂੰ ਆਪਣਾ ਸਫਰ ਵਿੱਚ ਤੇ ਰੋਕਣਾ ਪਿਆ ਅਤੇ ਹਥਿਆਰਬੰਦ ਲੋਕਾ ਨੇ ਨਹਿਰ ਦੇ ਦੋਵੇਂ ਤਰਫ਼, ਮੋਰਚਾਬੰਦੀ ਕਰ ਲੀਤੀ. ਪੁਲਿਸ ਜਾਂ ਫ਼ੌਜ਼ ਸਾਡੇ ਉਪਰ ਗੋਲੀ ਮਾਰਦੀ ਅਗਰ ਅਸੀਂ ਨਹਿਰ ਤੇ ਪਾਣੀ ਲੈਣ ਜਾਂਦੇ. ਉਨ੍ਹਾਂ ਦੇ ਕੋਲ ਬ੍ਰੇਨ-ਗੱਨਾਂ ਅਤੇ ਦੂਜੇ ਔਟੋਮੈਟੀਕ ਹਥਿਆਰ ਸਨ. 18 ਦਿਨਾਂ ਤੱਕ ਅਸੀਂ ਨਹਿਰ ਤੇ ਇੰਤਜ਼ਾਰ ਕਰਦੇ ਰਹੇ. ਸਾਨੂ ਜੋ ਮਿਲਿਆ, ਅਸੀਂ ਉਹ ਹੀ ਖਾ ਲੀਤਾ. ਮੀਂਹ ਪੈਣ ਲਗਾ ਅਤੇ ਹੈਜਾ ਹੋਰ ਮਲੇਰੀਆ ਫੈਲ ਗਿਆ. ਇਸ ਦੇ ਚਲਦਿਆਂ ਪਾਕਿਸਤਾਨੀ ਫ਼ੌਜ਼ੀਆਂ ਦੀ ਗੋਲੀਬਾਰੀ ਦੇ ਮੁਕਾਬਲੇ, ਜ਼ਿਆਦਾ ਮੌਤਾਂ ਹੋਇਆਂ. ਫਿਰ ਇੱਕ ਦਿਨ ਇੰਡੀਆ ਦੀ ਫੌਜ਼ ਦੇ ਡੋਗਰਾ ਸਿਪਾਹੀ, ਕਿਥੋਂ ਆ ਗਏ. ਉਹ ਸਾਨੂ ਬਲੋਕੀ ਹੈੱਡਵਰਕਸ ਲੈ ਗਏ. ਕਈ ਲੋਕ ਗੰਭੀਰ ਤੌਰ ਤੇ ਬੀਮਾਰ ਸਨ. ਕੁੱਝ ਲੋਕ, ਜੋ ਕਾਫ਼ਿਲੇ ਦੀ ਅਗਵਾਈ ਕਰ

ਰਹੇ ਸੀ, ਉਨ੍ਹਾਂ ਦਾ ਮੱਨਣਾ ਸੀ ਕਿ 1000 ਤੋਂ ਜ਼ਿਆਦਾ ਲੋਕ ਉਸ ਸਫਰ ਦੇ ਦੌਰਾਨ ਮਾਰੇ ਗਏ. ਇੰਡੀਆ ਦੀ ਸਰਹੱਦ ਤੇ ਦਾਖਲ ਹੋਣ ਲਗੇ, ਅਸੀਂ ਵੇਖਿਆ ਕਿ ਪੂਰਬੀ ਪੰਜਾਬ ਤੋਂ ਆ ਰਹੇ ਕੁੱਝ ਮੁਸਲਿਮ ਕਾਫ਼ਿਲੇ, ਨਹਿਰ ਪਾਰ ਕਰ ਰਹੇ ਸੀ. ਸਾਨੂ ਇੱਕ ਦੂਜੇ ਤੋਂ ਦੂਰ ਰੱਖਿਆ ਗਿਆ. ਹੋਰ ਸੱਤ ਦਿਨਾਂ ਬਾਅਦ, ਅਸੀਂ ਖੇਮ-ਕਰਨ, ਪੂਰਬੀ ਪੰਜਾਬ ਪਹੁੰਚੇ.

'ਮੈਨੂੰ ਇਹ ਨਾ ਪੁੱਛੋ ਕਿ ਮੈਂ ਉਸ ਤਰਫ਼ ਕੀ ਵੇਖਿਆ. ਬੰਦੇਆਂ, ਔਰਤਾਂ ਅਤੇ ਬੱਚੇਆ ਦੀ ਲਾਸ਼ਾਂ ਚਾਰੇ ਪਾਸੇ ਪਇਆਂ ਹੋਇਆ ਸੀ. ਕੁੱਤੇ ਅਤੇ ਗਿਰਝ, ਲਾਸ਼ਾਂ ਨੂੰ ਖਾ ਰਹੇ ਸੀ. ਚਾਰੇ ਪਾਸੇ ਇਨਸਾਨਾਂ ਦੀ ਲਾਸ਼ਾਂ ਪਇਆਂ ਹੋਇਆਂ ਸੀ. ਹਜ਼ਾਰਾਂ ਦੀ ਤਦਾਦ ਤੇ ਲੋਕ ਮਰ ਗਏ ਸੀ ਪਰ ਜ਼ਿਆਦਾਤਰ ਲੋਕਾਂ ਦੀ ਮੌਤਾਂ, ਭਾਰੀ ਮੀਂਹ ਅਤੇ ਬੀਮਾਰੀ ਨਾਲ, ਉਸ ਭਿਆਨਕ ਮਾਨਸੂਨ ਵਿੱਚ ਹੋਇਆਂ ਸੀ.'

ਗੁਰਦੇਵ ਸਿੰਘ

'ਮੇਰਾ ਜਨਮ 1922 ਤੇ ਚੱਕ 68, ਲਾਇਲਪੁਰ ਜ਼ਿਲ੍ਹੇ ਤੇ ਹੋਇਆ ਸੀ. ਅਸੀਂ ਲੰਬਰਦਾਰ ਅਤੇ ਜ਼ੈਲਦਾਰ ਸੀ. ਸਾਡਾ ਬਜ਼ੁਰਗ ਬੁਢ ਸਿੰਘ ਸੀ ਜੋ ਦੋ ਲਮਬਰਦਾਰਾਂ ਵਿੱਚ ਇੱਕ ਸੀ. ਬਿਸ਼ਨ ਸਿੰਘ ਜ਼ੈਲਦਾਰ ਸੀ. ਸਾਡੇ ਪਿੰਡ ਵਿੱਚ ਮੁਸਲਿਮ ਕਾਰੀਗਰ ਵੀ ਰਹਿੰਦੇ ਸੀ. ਉਹ ਤੇਲੀ, ਜੁਲਾਹੇ ਸਨ ਅਤੇ ਇੱਕ ਲੋਹਾਰ ਪਰਵਾਰ ਸੀ. ਸਾਡਾ ਪਿੰਡ ਝੰਗ ਵੱਲ ਸੀ. ਅਕਾਲੀ ਆਗੂ ਗਿਆਨੀ ਕਰਤਾਰ ਸਿੰਘ ਸਾਡੇ ਇਲਾਕੇ ਤੋਂ ਸਨ. ਉਹ ਨਹੀਂ ਚਾਹੁੰਦੇ ਸੀ ਕਿ ਅਸੀਂ ਲਾਇਲਪੁਰ ਛੱਡ ਕੇ ਚਲੇ ਜਾਇਏ, ਪਰ ਸਾਨੂ ਮਜਬੂਰੀ ਤੇ ਇਹ ਕਰਨਾ ਪਇਆ. ਦਰਅਸਲ, 15 ਅਗਸਤ ਤੋਂ ਬਾਅਦ ਜ਼ਿਆਦਾ ਕਤਲੇਆਮ ਨਹੀਂ ਹੋ ਰਿਹਾ ਸੀ. ਪਰ, ਤਦ ਅਸੀਂ ਸੁਣਿਆ ਕਿ ਸਰਗੋਧਾ ਦੇ ਹਿੰਦੂਆਂ ਅਤੇ ਸਿੱਖਾਂ ਉਪਰ ਹਮਲਾ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਭੱਜਣਾ ਪਇਆ. ਉਨ੍ਹਾਂ ਨੂੰ ਇਸ ਇਲਾਕੇ ਤੋਂ ਹੋ ਕੇ ਜਾਣਾ ਪਿਆ ਪਰ ਉਨ੍ਹਾਂ ਦੇ ਉਪਰ ਤਾਰੀਕਾਬਾਦ, ਲਾਇਲਪੁਰ ਦੇ ਮੁਸਲਿਮਾਂ ਦੁਆਰਾ ਫਿਰ ਹਮਲਾ ਹੋਇਆ. ਕਈ ਲੋਕ ਹਲਾਕ ਹੋ ਗਏ. ਫਿਰ ਗਿਆਨੀ ਕਰਤਾਰ ਸਿੰਘ ਆਏ ਅਤੇ ਸਾਨੂ ਸਭ ਤੋਂ ਬਦਤਰ ਅੰਜ਼ਾਮ ਲਈ ਤਿਆਰ ਹੋਣ ਨੂੰ ਕਿਹਾ. ਅਸੀਂ ਫ੍ਰੰਟਿਆਰ ਦੇ ਮੁਸਲਿਮਾਂ ਤੋਂ ਬੰਦੂਕਾਂ ਖ਼ਰੀਦ ਲੀਤੀਆਂ ਅਤੇ ਸਾਡੇ ਕੋਲ ਆਪਣੀ ਲਾਇਸੰਸ ਵਾਲੀ ਬੰਦੂਕਾਂ ਵੀ ਮੌਜੂਦ ਸਨ. ਮੁਸਲਿਮ ਥਾਨੇਦਾਰ ਨੇ ਸਾਨੂ ਕਿਹਾ ਕਿ ਉਸ ਨੂੰ ਸਾਡੇ ਹਥਿਆਰ ਜ਼ਬਤ ਕਰਣ ਦਾ ਹੁਕਮ ਸੀ ਅਤੇ ਸਾਨੂ ਸਲਾਹ ਦਿੱਤੀ ਕਿ ਅਸੀਂ ਆਪਣੀ ਬੰਦੂਕਾਂ ਲੁੱਕਾ ਕੇ ਰੱਖਿਐ. ਉਸ ਦਾ ਨਾਂਅ ਬਹਾਦਰ ਸ਼ਾਹ ਸੀ. ਉਹ ਇੱਕ ਚੰਗਾ ਇਨਸਾਨ ਸੀ ਜੋ ਜਾਣਦਾ ਸੀ ਕਿ ਬਗੈਰ ਬੰਦੂਕਾਂ ਦੇ, ਹਥਿਆਰਬੰਦ ਸਮੂਹਾਂ ਦੇ ਖ਼ਿਲਾਫ਼, ਜੋ ਸਾਡੇ ਉਪਰ ਹਮਲੇ ਕਰਣ ਦੀ ਤਿਆਰੀ ਕਰ ਰਹੇ ਸੀ, ਅਸੀਂ ਬੇਸਹਾਰਾ ਹੋ ਜਾਵਾਂਗੇ. ਅਸੀਂ ਚੱਕ 40 ਤੇ ਚੱਲੇ ਗਏ ਅਤੇ ਗਿਆਨੀ ਕਰਤਾਰ ਸਿੰਘ ਦੇ ਪਿਤਾ, ਸ.ਭਗਵਾਨ ਸਿੰਘ ਨੂੰ ਮਿਲੇ, ਜਿਨ੍ਹਾਂ ਨੇ ਸਾਨੂ ਕਿਹਾ ਕਿ ਸਾਡੇ ਘੋੜੇ ਤਿਆਰ ਕਰ ਲੈਏ ਚਾਹੀਦੇ ਨੇ. ਪਰ, ਗਿਆਨੀ ਕਰਤਾਰ ਸਿੰਘ ਨੇ ਸਾਨੂ ਕਿਹਾ ਕਿ ਅਸੀਂ ਉਥੋਂ ਤਦ ਤੱਕ ਨਾ ਜਾਇਏ, ਜਦ ਤੱਕ ਫ਼ੌਜ਼ੀ ਮਦਦ ਨਹੀਂ ਪਹੁੰਚਦੀ ਸੀ. ਚੱਕ 9 ਦੇ ਗਿੱਲ ਵੀ ਸਾਡੇ ਕਾਫ਼ਿਲੇ ਤੇ ਸ਼ਾਮਲ ਹੋ ਗਏ.

'ਅਸੀਂ 30 ਸਤੰਬਰ ਨੂੰ ਗੋਰਖਾ ਅਤੇ ਡੋਗਰਾ ਫ਼ੌਜ਼ੀਆਂ ਦੇ ਨਾਲ, ਜਿਨ੍ਹਾਂ ਨੂੰ ਸਾਡੀ ਮਦਦ ਲਈ ਭੇਜਿਆ ਗਿਆ ਸੀ, ਚੱਲੇ. ਸਾਨੂ ਸੜਕ ਦੇ ਉਪਰ ਚਲਣਾ ਪਿਆ ਕਿਉਂਕਿ 90-100 ਪਿੰਡ ਸਾਡੇ ਕਾਫ਼ਿਲੇ ਵਿੱਚ ਸ਼ਾਮਲ ਹੋ ਗਏ ਸੀ. ਮੈਨੂੰ ਲਗਦਾ ਹੈ, ਉਹ ਚੱਕ 1 ਤੋਂ ਲੈ ਕੇ 100 ਦੇ ਪਨਾਹਗੀਰ ਸਨ, ਜੋ ਉਸ ਲੋਕਾਂ ਦੇ ਤੁਰਦੇ ਹੋਏ,

ਇੱਕ ਬੇਹਦ ਲੰਬੇ ਸਮੂਹ ਵਿੱਚ ਸ਼ਾਮਲ ਹੋਏ ਸੀ. ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ, ਕਈ ਬਜ਼ੁਰਗਾਂ ਨੂੰ ਚੁਕ ਕੇ ਲੈ ਜਾਣਾ ਪਿਆ ਸੀ, ਅਤੇ ਬੀਮਾਰ ਹੋਰ ਅਪੰਗ ਲੋਕਾਂ ਦੇ ਨਾਲ ਨਾਲ ਗਰਭਵਤੀ ਔਰਤਾਂ ਅਤੇ ਬੱਚੇ ਵੀ ਮੌਜੂਦ ਸਨ. ਇਹ ਦੁਖੀ ਅਤੇ ਡਰੀ ਹੋਈ ਇਨਸਾਨੀਅਤ ਦਾ ਇੱਕ ਸਮੰਦਰ ਸੀ. ਅਸੀਂ ਉਣ ਪਿੰਡਾ ਨੂੰ ਛੱਡ ਰਹੇ ਸੀ ਜਿੱਥੇ ਅਸੀਂ ਬਹੁਤ ਜ਼ਿਆਦਾ ਮਿਹਨਤ ਅਤੇ ਜ਼ਤਨ ਕੀਤੇ ਸੀ. ਕਈ ਜਗ੍ਹ ਸਾਡੇ ਖ਼ਿਲਾਫ਼ ਘਾਤ ਲਗਾਈ ਗਈ ਅਤੇ ਨਿਸ਼ਾਨਚੀਆਂ ਨੇ ਗੋਲੀਆਂ ਚਲਾਈਆਂ. ਕੁੱਝ ਮੌਤਾ ਹੋਈਆਂ, ਪਰ ਜ਼ਿਆਦਾ ਨਹੀਂ, ਕਿਉਂਕਿ ਸਾਡੇ ਗੋਰਖਾ ਅਤੇ ਡੋਗਰਾ ਸਿਪਾਹੀ ਬੇਹਦ ਚੌਕਸ ਸਨ. ਇਸ ਕਰ ਕੇ, ਸਾਡੇ ਉਪਰ ਕੋਈ ਵੱਡਾ ਹਮਲਾ ਨਹੀਂ ਹੋਇਆ. ਮੈਨੂੰ ਲਗਦਾ ਹੈ ਕਿ ਇੱਕ ਸੌ ਤੋਂ ਘੱਟ ਲੋਕ ਹਲਾਕ ਹੋਏ.

'ਸਾਨੂ ਲਾਇਲਪੁਰ ਦੇ ਖਾਲਸਾ ਕਾਲਜ ਲੈ ਜਾਇਆ ਗਿਆ (ਇਸ ਜਗ੍ਹ ਆ ਕੇ ਉਹ ਰੋਣ ਲਗੇ). ਉਥੇ ਅਸੀਂ ਦੋ ਦਿਨਾਂ ਤੱਕ ਇੰਤਜ਼ਾਰ ਕੀਤਾ. ਫਿਰ, ਬਲੋਕੀ ਹੈਡਵਰਕਸ ਦੇ ਨੇੜੇ, ਸਾਨੂ ਸਰਹੱਦ ਪਾਰ ਕਰ ਕੇ ਇੰਡੀਆ ਵਿੱਚ ਦਾਖਲ ਹੋਣਾ ਸੀ. ਪਾਕਿਸਤਾਨੀ ਫ਼ੌਜ, ਉਥੇ ਪੂਰੀ ਮਜਬੂਤੀ ਨਾਲ ਮੌਜੂਦ ਸੀ. ਉਹ ਸਾਡੇ ਡੰਗਰ ਲੈ ਜਾਣ ਲਗੇ. ਉਹ ਇਥੋਂ ਤੱਕ ਕਿ ਸਾਨੂ ਪਾਣੀ ਲੈਣ ਤੋਂ ਵੀ ਰੋਕ ਰਹੇ ਸੀ. ਇੱਕ ਬ੍ਰਿਟਿਸ਼ ਅਫ਼ਸਾਰ ਉਨ੍ਹਾਂ ਦੇ ਨਾਲ ਸੀ. ਉਹ ਸਾਡੇ ਡੰਗਰਾ ਨੂੰ ਲੈ ਜਾਂਦੇ ਪਾਕਿਸਤਾਨੀ ਸਿਪਾਹੀਆਂ ਦੀ ਦੇਖ-ਰੇਖ ਕਰ ਰਿਹਾ ਸੀ. ਤਦ ਇੱਕ ਗੋਰਖਾ ਸਿਪਾਹੀ ਜੋ ਸਾਡੇ ਨਾਲ ਸੀ, ਆਪਣੀ ਬੰਦੂਕ ਕੱਢ ਲਈ ਅਤੇ ਰੋਜ਼ ਪ੍ਰਕਟ ਕੀਤਾ: "ਤੁਸੀਂ ਲੜਣਾ ਚਾਹੁੰਦੇ ਹੋ ਜਾਂ ਚਾਹੁੰਦੇ ਹੋ ਕਿ ਇਨਸਾਫ਼ ਹਾਵੀ ਹੋਵੇ?" ਅਤੇ ਸਾਡੇ ਪਸ਼ੂ ਸਾਨੂ ਵਾਪਸ ਮਿਲ ਗਏ. ਇੱਕ ਸਿੱਖ ਅਫ਼ਸਰ ਗਿਆ ਅਤੇ ਬ੍ਰਿਟਿਸ਼ ਅਫ਼ਸਰ ਨੂੰ ਉਸ ਦੇ ਚਿਹਰੇ ਦੇ ਸਾਹਮਣੇ ਕਿਹਾ ਕਿ ਉਸ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਉਸ ਨੂੰ ਲੋਕਾਂ ਦੀ ਕੋਈ ਪਰਵਾਹ ਨਹੀਂ ਸੀ. ਉਸ ਦੇ ਬਾਅਦ, ਅਸੀਂ ਕਸੂਰ ਆਏ ਅਤੇ ਫਿਰ ਖੇਮ-ਕਰਨ ਤੋਂ ਇੰਡੀਆ ਵਿੱਚ ਦਾਖ਼ਲ ਹੋਏ. ਉਥੋਂ ਸਾਨੂ ਕਪੂਰਥਲਾ ਲੈ ਜਾਇਆ ਗਿਆ ਅਤੇ ਬਾਅਦ ਤੇ ਇਥੇ ਭੇਜਿਆ ਗਿਆ (ਗਲੀਬ ਕਲਾਨ, ਜ਼ਿਲ੍ਹਾ ਲੁਧਿਆਣਾ).

'ਸਾਡੇ ਤੋਂ ਕਈ ਅਠ ਜਾਂ ਨੈ ਸਾਲ ਪਹਿਲਾਂ ਸ਼ੇਖੁਪੁਰਾ ਜ਼ਿਲ੍ਹੇ ਦੇ ਨਨਕਾਣਾ ਸਾਹਿਬ, ਤੀਰਥ ਲਈ ਗਏ. ਪੁਲਿਸ ਨੇ ਲਾਉਡਸਪੀਕਰ ਤੇ ਐਲਾਨ ਕੀਤਾ ਕਿ ਸਾਡੇ ਪਿੰਡ ਦੇ ਕੁੱਝ ਮੁਸਲਿਮ ਸਾਨੂ ਮਿਲਣ ਆਏ ਸੀ. ਗੁਜ਼ਰੇ ਵਕਤ ਤੋਂ, ਸਾਡੇ ਅਤੇ ਪੁਰਾਣੇ ਪਿੰਡ ਦੇ ਮੁਸਲਿਮਾਂ ਵਿੱਚ, ਸੁਨੇਹੇ ਆਉਂਦੇ ਜਾਂਦੇ ਸੀ. ਇਸ ਵਿੱਚ ਕਦੀ ਕਦਾਰ ਚਿੱਠੀ-ਪੱਤਰ ਅਤੇ ਆਪਣੇ ਤੀਰਥਾਂ ਤੇ ਆਉਣਾ ਜਾਣਾ ਵੀ ਸਾਮਲ ਸੀ. ਇਸ ਤਰ੍ਹਾਂ, ਆਪਸੀ ਸੰਪਰਕ ਕਾਇਮ ਸੀ. ਜਦ ਅਸੀਂ ਉਨ੍ਹਾਂ ਦੇ ਨਾਲ ਇਨੇ ਦਿਨਾਂ ਬਾਅਦ ਮਿਲੇ, ਤੇ ਉਹ ਰੋਏ ਅਤੇ ਕਿਹਾ ਕਿ ਜਦ ਅਸੀਂ ਉਥੇ ਰਹਿੰਦੇ ਸੀ, ਤਦ ਹਾਲਾਤ ਬਹੁਤ ਬਿਹਤਰ ਸਨ. ਜੋ ਮੁਸਲਿਮ ਸਾਡੇ ਪਿੰਡ ਜਾਂ ਆਲੇ-ਦੁਆਲੇ ਆ ਕੇ ਵਸੇ ਸੀ, ਉਹ ਬਾਹਰਵਾਲੇ ਸੀ ਅਤੇ ਉਹ ਉਸ ਤਰ੍ਹਾਂ ਦੇ ਰਿਸ਼ਤੇ ਅਤੇ ਸੰਪਰਕ ਕਾਇਮ ਨਹੀਂ ਕਰ ਸਕੇ, ਜੋ ਪਹਿਲਾਂ ਸਾਡੇ ਦਰਮਿਆਨ ਸੀ. ਉਹ ਹੁਣ ਵੀ ਗਰੀਬ ਸਨ, ਉਸੇ ਤਰ੍ਹਾਂ, ਜੈਦਾਂ ਉਹ ਪਹਿਲਾਂ ਗਰੀਬ ਸਨ. ਅਸੀਂ ਉਨ੍ਹਾਂ ਨੂੰ ਉੱਨੀ ਕਪੜੇ ਅਤੇ ਕੁੱਝ ਤੋਹਫ਼ੇ ਦਿੱਤੇ. ਉਹ ਰੋਣ ਲਗੇ ਅਤੇ ਅਸੀਂ ਸਾਰੇ ਵੀ. ਮੈਂ ਹਮੇਸ਼ਾ ਉਣ ਅਮਨ-ਪਸੰਦ ਅਤੇ ਦੋਸਤਾਨਾ ਰਿਸ਼ਤੇਆਂ ਬਾਰੇ ਸੋਚਦਾਂ ਹਾਂ ਜੋ ਕਦੀ ਉਣ ਪਿੰਡਾ ਤੇ ਹੁੰਦੇ ਸੀ, ਜਿਨ੍ਹਾਂ ਨੂੰ ਅਸੀਂ ਪਾਕਿਸਤਾਨ ਤੇ ਛੱਡ ਕੇ ਆ ਗਏ.

ਗੋਬਿੰਦ ਠਕਰਾਲ

ਕਈ ਵਾਰ ਜਦ ਕੋਈ ਇਨਸਾਨ ਆਪਣੇ ਬਚਪਨ ਦੇ ਕਿਸੇ ਭਿਆਨਕ ਵਾਕਿਐ ਦੀ ਧੁੰਦਲੀ ਯਾਦ ਬਾਰੇ ਕਹਿੰਦਾ ਹੈ, ਇਹ ਉਸ ਵਾਕਿਐ ਦੇ ਕਿਸੇ ਵਾਸਤਵਿਕ ਅਤੇ ਸਜੀਵ ਵਿਵਰਣ ਦੇ ਮੁਕਾਬਲੇ, ਜ਼ਿਆਦਾ ਸਦਮਾ ਪਹੁੰਚਣ ਦੀ ਤਰਫ਼ ਇਸ਼ਾਰਾ ਕਰਦਾ ਹੈ. ਇੱਕ ਪੂਰੀ ਪੀੜ੍ਹੀ ਨਾਲ ਇਹ ਹੋਇਆ ਜੋ ਉਸ ਵਕਤ ਬੱਚੇ ਸਨ ਅਤੇ ਉਨ੍ਹਾ ਨੂੰ ਆਪਣੇ ਮਾਤਾ-ਪਿਤਾ ਨਾਲ ਜਾਂ ਰਿਸ਼ਤੇਦਾਰਾਂ ਨਾਲ, ਆਪਣੇ ਘਰਾਂ ਤੋਂ ਭੱਜਣਾ ਪਿਆ, ਕਿਉਂਕਿ ਇੰਡੀਆ ਦੇ ਉਪ-ਮਹਾਦੇਸ਼ ਦੀ ਸਿਆਸੀ ਤਕਸੀਮ ਹੋਈ ਸੀ, ਅਤੇ ਉਹ ਬੱਚੇ ਉਸ ਖ਼ੂਨੀ ਮਹਾ ਕੂਚ ਵਿੱਚ ਫਸ ਗਏ. ਜੋ ਤਸ਼ੱਦਦ ਉਨ੍ਹਾਂ ਨੇ ਵੇਖਿਆ, ਜੋ ਜ਼ਿਆਦਾਤਰ ਰਿਪੋਰਟਾਂ ਦੇ ਮੁਤਾਬਕ, ਉਨ੍ਹਾਂ ਦੇ ਹੀ ਗੁਆਂਢੀਆਂ ਅਤੇ ਮਿੱਤਰਾਂ ਦੁਆਰਾ ਕੀਤਾ ਗਿਆ, ਲੱਖਾਂ ਦੀ ਤਦਾਦ ਤੇ ਲੋਕ ਹਲਾਕ, ਅਪੰਗ ਹੋਏ ਜਾਂ ਉਨ੍ਹਾਂ ਦੇ ਨਾਲ ਕਈ ਤਰ੍ਹਾਂ ਦੇ, ਭਿਆਨਕ ਜ਼ੁਲਮ ਕੀਤੇ ਗਏ, ਹਕੀਕਤ ਤੇ ਉਨ੍ਹਾਂ ਦੇ ਅਵਚੇਤਨ ਮਨ ਤੇ ਇੱਕ ਘੜੀ-ਮੁੜੀ ਆਉਣ ਵਾਲੀ ਅਮਿਟ ਛਾਪ ਛੱਡ ਦਿੱਤੀ ਹੈ. ਬਾਅਦ ਤੇ, ਜੋ ਬਚ ਗਏ, ਇੱਕ ਸਾਥ ਬੈਠ ਕੇ ਇੱਕ ਦੂਜੇ ਨਾਲ, ਆਪਣੇ ਗੁਆਚੇ ਘਰਾਂ, ਜ਼ਮੀਨਾਂ, ਚਰਾਗਾਹਾਂ ਅਤੇ ਦਰਿਆਵਾਂ ਬਾਰੇ ਪੁਰਾਣੀ ਯਾਦਾਂ ਤਾਜਾ ਕਰਦੇ ਹੋਣਗੇ, ਸਾਲੋਂ ਸਾਲ ਜਾਂ ਜਦ ਤੱਕ ਉਨ੍ਹਾਂ ਨੂੰ ਮੌਤ ਨਾ ਆਈ ਹੋਵੇਗੀ. ਉਹ ਆਪਣੇ ਪਿਆਰੇ ਮਿਤਰਾਂ ਅਤੇ ਰਿਸ਼ਤੇਦਾਰਾਂ ਦੀ ਗੈਰ-ਮੌਜੂਦਗੀ ਨੂੰ ਮਹਿਸੂਸ ਕਰਦੇ ਹੋਣਗੇ; ਪਰ ਅੰਦਰ ਹੀ ਅੰਦਰ, ਜਿਸ ਭਿਆਨਕ ਵਾਰਦਾਤਾਂ ਦੇ ਉਹ ਚਸ਼ਮਦੀਦ ਸਨ, ਉਨ੍ਹਾਂ ਨੂੰ ਬੁਰੇ ਸੁਪਨੇ ਬਣ ਕੇ ਸਤਾਉਂਦੀ ਹੋਣਗੀਆਂ. ਹੇਠ ਗੋਬਿੰਦ ਠਕਰਾਲ ਦਾ ਕਿੱਸਾ ਹੈ ਜੋ ਉਣ ਸਦਮੇ ਵਾਲੀ ਘਟਨਾਵਾਂ ਉਪਰ, ਇੱਕ ਬੱਚੇ ਦਾ ਨਜ਼ਰਿਆ ਹੈ:

'ਮੈਨੂੰ ਇੱਕ ਧੁੰਧਲੀ ਯਾਦ ਹੈ ਕਿ ਇੱਕ ਦਿਨ, ਸਾਡੇ ਪਿੰਡ ਜਾਖਰ, ਤਹਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ ਤੇ, ਸਾਡਾ ਸਭ ਤੋਂ ਛੋਟਾ ਚਾਚਾ; ਇੱਕ ਲੰਬਾ ਸੋਹਣਾ ਸ਼ਕਸ, ਘੋੜੇ ਉਪਰ ਸਵਾਰ ਹੋ ਕੇ ਸਾਡੇ ਪੁਸ਼ਤੈਨੀ ਪਿੰਡ ਕਸੋਵਲ, ਜ਼ਿਲ੍ਹਾ ਮਿੰਟਗੋਮਰੀ ਜਾਂ ਸਾਹਿਵਾਲ ਤੋਂ ਸਾਨੂ ਮਿਲਣ ਆਏ. ਉਹ ਮੇਰੇ ਪਿਤਾ, ਮਾਮਾ ਅਤੇ ਰਿਸ਼ਤੇ ਤੇ ਵੱਡੇ ਭਰਾਵਾਂ ਨਾਲ ਬੈਠ ਕੇ, ਉਰਦੂ ਅਖ਼ਬਾਰਾਂ ਅਤੇ ਨਕਸ਼ੇਆਂ ਦੀ ਮਦਦ ਨਾਲ, ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਕਿਸ ਤਰ੍ਹਾਂ ਮੁਲਕ ਦੀ ਤਕਸੀਮ ਹੋ ਰਹੀ ਸੀ ਅਤੇ ਸਾਨੂ ਇਸ ਜਗ੍ਹ ਨੂੰ ਛੱਡ ਕੇ ਅੱਮ੍ਰਿਤਸਰ ਤੋਂ ਵੀ ਦੂਰ ਜਾਣਾ ਪੈ ਸਕਦਾ ਸੀ. ਕੋਈ ਉਨ੍ਹਾਂ ਦੇ ਨਾਲ ਰਜਾਮੰਦ ਨਹੀਂ ਹੋਇਆ, ਹਾਲਾਂਕਿ ਉਨ੍ਹਾਂ ਨੇ ਅਖ਼ਬਾਰਾਂ ਤੋਂ ਰਿਪੋਰਟਾਂ ਪੜ੍ਹ ਕੇ ਸੁਣਾਇਆਂ. ਮੇਰੇ ਪਿਤਾ ਨੇ ਵੀ ਕੋਈ ਗੱਲ ਨਹੀਂ ਮੱਨੀ, ਜੋ ਉਨ੍ਹਾਂ ਨੂੰ ਦੱਸੀਆਂ ਗਈਆਂ ਸੀ ਅਤੇ ਇਥੇ ਤੱਕ ਕਿ ਉਨ੍ਹਾਂ ਨੇ ਚਾਚੇ ਨੂੰ ਝਿੜਕਿਆ, ਪਰ ਅੰਦਰ ਕਿਸੇ ਜਗ੍ਹ ਉਹ ਬੇਹਦ ਇਕੱਲੇ ਹੋਰ ਗ਼ਮਗੀਨ ਮਹਿਸੂਸ ਕਰਣ ਲਗੇ. "ਅਗਰ ਇਹ ਸੱਚ ਹੋ ਜਾਂਦਾ ਹੈ ਤੇ ਸਾਡਾ ਕੀ ਬਣੇਗਾ?". ਉਸ ਦੇ ਬਾਅਦ, ਰੋਜ ਦੀ ਚਹਲ-ਪਹਲ, ਘੋੜੇ ਉਪਰ ਸਵਾਰੀ ਕਰ ਕੇ ਖੇਤਾਂ ਤੇ ਜਾਣ ਨੇ ਸਿਲਸਿਲੇ ਨੇ, ਇਸ ਖ਼ੌਫ਼ ਨੂੰ ਮੇਰੇ ਤੋਂ ਦੂਰ ਕਰ ਦਿੱਤਾ. ਸਕੂਲ ਤੇ ਮੈਂ, ਜਿੱਥੇ ਦੂਜੀ ਜਮਾਤ ਤੇ ਸੀ, ਸਾਡੇ ਇੱਕ ਮੁਸਲਿਮ ਅਧਿਆਪਕ ਨੇ ਸਾਡੇ ਨਾਲ ਮਖੌਲ਼ ਕਰਦੇ ਹੋਏ, ਇੱਕ ਲੰਬਾ ਛੁਰਾ ਕੱਢ ਕੇ, ਜੋ ਉਹ ਹੁਣ ਨਾਲ ਰੱਖਦੇ ਸੀ, ਇਸ਼ਾਰੇ ਕੀਤੇ ਕਿ ਕਿਸ ਤਰ੍ਹਾਂ ਉਹ ਸਾਡੀ ਧੌਣ ਵੱਡਣਗੇ. ਮੌਲਵੀ ਘੁਲਾਮ ਮੁਹੱਮਦ (ਮੇਰੇ ਪਿਤਾ ਦੇ ਇੱਕ ਅਜ਼ੀਜ਼ ਮਿੱਤਰ), ਨੇ ਸਾਡੇ ਕਲਾਸ ਟੀਚਰ ਨੂੰ ਉਨ੍ਹਾਂ ਨੂੰ ਲਹੰਡੀ ਵਿੱਚ ਫ਼ਿਟਕਾਰਿਆ.

'ਅਸੀਂ ਉਸ ਭੱਦੇ ਮਜਾਕ ਨਾਲ ਬਿਲਕੁਲ ਨਹੀਂ ਡਰੇ ਸੀ ਅਤੇ ਸਕੂਲ ਦੀ ਰੋਜਾਨਾ ਦੀ ਹਰਕਤਾਂ ਕਰਦੇ ਰਹੇ, ਮਸਲਣ ਗਿਣਤੀ ਕਰਨਾ ਜਾਂ ਕਵਿਤਾ ਪਾਠ ਕਰਨਾ, ਜਦ ਤੱਕ ਅਸੀਂ ਆਪਣੇ ਬਜ਼ੁਰਗਾਂ ਨੂੰ ਨਹੀਂ ਦੱਸਿਆ ਸੀ, ਜੋ ਇਹ ਜਾਣ ਕੇ ਪਰੇਸ਼ਾਨ ਹੋ ਗਏ. ਪਰ, ਸਕੂਲ ਦੇ ਦਿਨ ਬਹੁਤ ਜਲਦ ਖ਼ਤਮ ਹੋ ਗਏ. ਆਜ਼ਾਦੀ ਅਤੇ

ਤਕਸੀਮ, ਦੋਨਾਂ ਦਾ ਐਲਾਨ ਇੱਕ ਸਾਥ ਕਰ ਦਿੱਤਾ ਗਿਆ. ਆਮ ਆਦਮੀ ਸਮਝ ਨਹੀਂ ਸਕੇ ਕਿ ਇੱਕ ਚੰਗੀ ਲਹਿਰ ਕਿਉਂ ਇੱਕ ਬੁਰੀ ਲਹਿਰ ਵਿੱਚ ਤਬਦੀਲ ਹੋ ਗਈ. ਪਰ, ਇਹ ਸਾਡੇ ਬਜ਼ੁਰਗਾਂ ਨੂੰ ਸਾਫ ਤੌਰ ਤੇ ਪਤਾ ਲਗ ਗਇਆ ਹੋਵੇਗਾ ਕਿ, ਉਨ੍ਹਾਂ ਨੂੰ ਆਪਣੀ ਹਿਫ਼ਾਜ਼ਤ ਕਰਨੀ ਪਵੇਗੀ ਅਤੇ ਸ਼ਾਇਦ ਉਨ੍ਹਾਂ ਨੂੰ ਇੱਕ ਐਸੀ ਜਗ੍ਹ ਤੇ ਜਾਣਾ ਪਏਗਾ, ਜਿੱਥੇ ਉਹ ਜ਼ਿਆਦਾ ਮਹਿਫ਼ੂਜ਼ ਹੋਣਗੇ. ਜ਼ਿਆਦਾਤਰ ਹਿੰਦੂਆਂ ਅਤੇ ਸਿੱਖਾਂ ਦੇ ਵਿੱਚ ਲਹੂ ਦਾ ਰਿਸ਼ਤਾ ਸੀ, ਅਤੇ ਉਨ੍ਹਾਂ ਨੇ ਇੱਕ ਕਮੇਟੀ ਬਣਾਈ, ਤਾਂਕਿ ਉਹ ਆਪਣੀ ਹਿਫ਼ਾਜ਼ਤ ਕਰ ਸਕਣ ਅਤੇ ਮੁਸਲਿਮ ਦੋਸਤਾਂ ਨਾਲ, ਜੋ ਉਨ੍ਹਾਂ ਦੇ ਨਾਲ ਲਹੂ ਦਾ ਰਿਸ਼ਤਾ ਤੇ ਨਹੀਂ ਰੱਖਦੇ ਸੀ, ਪਰ ਕਈ ਸੈਕੜੇ ਸਾਲਾਂ ਤੋਂ ਇਕੱਠਾ ਰਹਿੰਦੇ ਸੀ, ਗੱਲ-ਬਾਤ ਕਰ ਸਕਣ. ਅਸੀਂ ਇੱਕ ਦੂਜੇ ਦੀ ਇਬਾਦਤਾਂ ਦੀ ਜਗ੍ਹਾਂ ਤੇ ਜਾਂਦੇ ਸੀ. ਸਾਡੇ ਪਿੰਡ ਤੇ ਕਈ ਦਰਗਾਹਾਂ, ਇੱਕ ਸ਼ਿਵਾ ਮੰਦਰ ਅਤੇ ਇੱਕ ਵੱਡਾ ਗੁਰਦੁਆਰਾ ਸੀ. ਅਸੀਂ ਇੱਕ ਦੂਜੇ ਨਾਲ ਦੁਖ ਸੁਖ ਵੰਡਦੇ ਸੀ ਅਤੇ ਇੱਕ ਸਾਥ ਤਿਉਹਾਰਾਂ ਅਤੇ ਖੇਤੀ-ਬਾੜੀ ਤੇ ਸ਼ਿਰਕਤ ਕਰਦੇ ਸੀ. ਕਈ ਲੋਕਾਂ ਦੇ ਆਪਸੀ ਵਪਾਰੀ ਰਿਸ਼ਤੇ ਵੀ ਸਨ.

'ਜਲਦ ਹੀ ਸਾਡਾ ਇਲਾਕਾ ਇੱਕ ਛੋਟੇ ਕਿਲੇ ਵਿੱਚ ਤਬਦੀਲ ਹੋ ਗਿਆ ਅਤੇ ਹਰ ਠੀਕ-ਠਾਕ ਸ਼ਰੀਰ ਵਾਲੇ ਬੰਦੇ ਕੋਲ ਇੱਕ ਗੰਡਾਸਾ, ਇੱਕ ਮਜਬੂਤ ਸੋਟੀ ਜਾਂ ਕਿਰਪਾਨ ਅਤੇ ਕੁੱਝ ਲੋਕਾਂ ਕੋਲ ਬੰਦੂਕ ਵੀ ਸੀ. ਸਾਡੇ ਪਿੰਡ ਦੇ ਬਾਹਰੀ ਕਿਨਾਰੇ ਤੋਂ ਅਸੀਂ ਦੂਜੇ ਪਿੰਡਾਂ ਤੋਂ ਜੁਧ ਦੀ ਲਲਕਾਰਾਂ ਸੁਣ ਸਕਦੇ ਸੀ. ਦਿਲਚਸਪ ਗਲ ਇਹ ਹੈ ਕਿ ਸਥਾਨਕ ਮੁਸਲਿਮ ਅਕਸਰ ਆਪਣੇ ਦੋਸਤਾਂ ਅਤੇ ਗੁਆਂਢੀਆਂ ਕੋਲ ਜਾਂਦੇ, ਉਮੀਦ ਭਰੀ ਸਲਾਹ ਅਤੇ ਨੈਤਿਕ ਸਹਾਰਾ ਦੇਂਦੇ. ਕੁੱਝ ਤੇ ਤਾਜ਼ੀ ਸਬਜ਼ੀਆਂ ਲੈ ਕੇ ਆਉਂਦੇ ਅਤੇ ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਸਾਡੇ ਪਸ਼ੂਆਂ ਅਤੇ ਖੇਤਾਂ ਦੀ ਹਿਫ਼ਾਜ਼ਤ ਕਰਣਗੇ. ਫਿਰ ਵੀ, ਇੱਕ ਸ਼ਾਂਤ ਪਿੰਡ ਦੋ ਵੈਰੀ ਹਥਿਆਰਬੰਦ ਗੁਟਾਂ ਵਿੱਚ ਤਬਦੀਲ ਹੋ ਗਿਆ, ਜੋ ਇੱਕ ਦੂਜੇ ਤੋਂ ਡਰ ਰਹੇ ਸੀ. ਅਚਾਨਕ ਅਸੀਂ ਬੱਚੇਆ ਨੇ ਵੇਖਿਆ ਕਿ ਸਾਡੀ ਖੇਡਾਂ ਕਬੱਡੀ ਅਤੇ ਫ਼ੁਟਬਾਲ ਨੂੰ ਛੱਡ ਕੇ ਜੰਗ ਦੀ ਖੇਡਾਂ ਹੋ ਗਈਆਂ. ਸਾਡੇ ਵੀ ਛੋਟੇ ਛੋਟੇ ਹਥਿਆਰ ਸਨ ਅਤੇ ਅਸੀਂ ਦੁਸ਼ਮਨ ਨਾਲ ਲੜਣ ਦਾ ਦਿਖਾਵਾ ਕਰਦੇ ਸੀ. ਮੈਨੂੰ ਪਤਾ ਨਹੀਂ ਸੀ ਸਾਡੇ ਇਰਦ ਗਿਰਦ ਕੀ ਗੱਲਬਾਤ ਚਲ ਰਹੀ ਸੀ, ਪਰ ਕਈ ਵਾਰ ਇਹ ਡਰਾਉਨੀ ਲਗਦਿਆਂ ਸੀ. ਦੂਰ ਲਗੀ ਅੱਗਾਂ ਅਸੀਂ ਵੇਖਦੇ ਸੀ, ਅਤੇ ਰਾਤ ਨੂੰ ਚੀਕਣ ਦੀ ਜਾਂ ਰੋਣ ਦੀ ਅਵਾਜ਼ਾਂ ਆਉਂਦੀਆਂ ਸੀ.

'ਅਸੀਂ ਸੁਣਿਆ ਕਿ ਕੋਈ ਪਰਵਾਰ ਪੂਰੀ ਤਰ੍ਹਾਂ ਹਲਾਕ ਕਰ ਦਿੱਤਾ ਗਿਆ ਸੀ. ਕੁੱਝ ਦਿਨਾਂ ਬਾਅਦ ਫ਼ੈਸਲਾ ਕੀਤਾ ਗਿਆ, ਮੈਨੂੰ ਨਹੀਂ ਪਤਾ ਕਿਉਂ ਪਰ ਹਿਫ਼ਾਜ਼ਤ ਹੀ ਸਾਡੇ ਬਜ਼ੁਰਗਾਂ ਲਈ ਇੱਕ ਖਾਸ ਮੁੱ◌ੱਦਾ ਰਿਹਾ ਹੋਵੇਗਾ, ਕਿ ਅਸੀਂ ਇੱਕ ਕਾਫ਼ਿਲੇ ਤੇ, ਨੇੜੇ ਦੇ ਸ਼ਹਿਰ ਕਮਲਿਆ ਤੇ ਚਲੇ ਜਾਇਏ. ਸਥਾਨਕ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਕਿਹਾ ਹੋਵੇਗਾ ਕਿ ਇਹ ਇਲਾਕਾ ਹੁਣ ਪਾਕਿਸਤਾਨ ਸੀ, ਜਿੱਥੇ ਸਿਰਫ਼ ਮੁਸਲਿਮ ਹੀ ਰਹ ਸਕਦੇ ਸੀ, ਅਤੇ ਉਨ੍ਹਾਂ ਨੂੰ ਇੰਡੀਆ ਜਾਣਾ ਸੀ. ਬਾਅਦ ਤੇ ਅਸੀਂ 'ਤਕਸੀਮ' ਲ਼ਫ਼ਜ਼ ਜ਼ਿਆਦਾ ਵਾਰ ਸੁਣਣ ਲਗੇ. ਪਰ ਇਸ ਦਾ ਸਾਡੇ ਵਰਗੇ ਬੱਚੇਆਂ ਲਈ ਕੋਈ ਮਤਲਬ ਨਹੀਂ ਸੀ, ਸਿਰਫ਼ ਇਸ ਦੇ ਕਿ ਅਸੀਂ ਆਪਣੇ ਮੁਸਲਿਮ ਮਿੱਤਰਾ ਨਾਲ ਖੇਡ ਨਹੀਂ ਸਕਾਂਗੇ. ਅਸੀਂ ਇੱਕ ਦੂਜੇ ਨੂੰ ਘਰ ਦੇ ਨਾਂਅ ਨਾਲ ਪੁਕਾਰਦੇ ਸੀ ਅਤੇ ਸਾਡੇ ਹੋਰ ਉਨ੍ਹਾਂ ਦੇ ਵਿੱਚ ਸ਼ਾਇਦ ਹੀ ਕੋਈ ਫ਼ਰਕ ਹੁੰਦਾ ਸੀ, ਸਿਵਾਏ ਤਿਉਹਾਰਾਂ ਦੇ ਵਕਤ ਪਹਿਣਣ ਵਾਲੀ ਪੋਸ਼ਾਕਾਂ ਦੇ. ਇਹ ਅਹਿਮ ਨਹੀਂ ਸੀ.

'ਸਾਰੀ ਚੀਜਾਂ ਲਪੇਟ ਲੀਤੀ ਗਈਆਂ; ਮੇਰੀ ਮਾਂ ਨੇ ਆਪਣਾ ਚਰਖਾ ਵੀ ਲੈ ਲੀਤਾ. ਉਸ ਵਕਤ ਉਹ ਬਹੁਤ ਆਸ਼ਾਵਾਦੀ ਸੀ, ਅਤੇ ਬੇਸਮਝ ਵੀ, ਕਿ ਜਿਸ ਪਿੰਡ, ਘਰ ਅਤੇ ਚੌਕਾ-ਚੁਲ੍ਹੇ ਨੂੰ ਛੱਡ ਕੇ ਉਹ ਜਾ ਰਹੀ ਸੀ, ਉਸ ਨੂੰ ਦੁਬਾਰਾ ਉਹ ਕਦੀ ਨਹੀਂ ਵੇਖੇਗੀ. ਸਾਨੂ ਆਪਣੇ ਡੰਗਰ ਛੱਡ ਕੇ ਜਾਣਾ ਪਇਆ. ਕਮਲਿਆ ਤੇ ਅਸੀਂ ਇੱਕ ਰਿਸ਼ਤੇਦਾਰ ਦੇ ਘਰ ਪਹੁੰਚੇ, ਜੋ ਇੱਕ ਕਿਲੇਨੁਮਾ ਤਿੰਨ ਮੰਜ਼ਲਾ ਜਗ੍ਹ ਸੀ, ਜਿਸ ਦਾ ਇੱਕ ਵੱਡਾ ਤਹਖਾਨਾ ਸੀ. ਸਾਰੇ ਸਟੀਲ ਦੀ ਪੇਟਿਆਂ (ਟ੍ਰੰਕ) ਅਤੇ ਦੂਜੇ ਸਾਮਾਨ ਨੂੰ ਚੌਕੋਰ ਤਰੀਕੇ ਨਾਲ ਰੱਖ ਦਿੱਤਾ ਗਿਆ, ਅਤੇ ਔਰਤਾਂ ਖਾਣਾ ਬਣਾਉਣ ਅਤੇ ਰੋਜ਼ਾਨਾ ਦੇ ਕੱਮ ਕਰਣ ਲਗ ਗਈਆਂ, ਅਤੇ ਬੰਦੇ ਘਰਾਂ ਦੀ ਅਤੇ ਗਲੀ ਦੀ ਵੀ ਨਿਗਰਾਨੀ ਕਰਣ ਲਗੇ. ਕੁੱਝ ਤਤਕਾਲਿਕ ਹਥਿਆਰ ਅਤੇ ਬੰਦੂਕਾਂ ਹਮੇਸ਼ਾ ਤਿਆਰ ਸਨ. ਪਰ, ਸਾਨੂ, ਬੱਚੇਆ ਨੂੰ ਜੋ ਗੱਲ ਅਲਗ ਲਗੀ, ਉਹ ਇੱਹ ਸੀ ਕਿ ਸਾਨੂ ਨਵੇਂ ਕਪੜੇ ਦਿੱਤੇ ਗਏ ਅਤੇ ਪੈਸੇ ਦਿੱਤੇ ਗਏ, ਜੋ ਸਾਡੇ ਆਮ ਤੌਰ ਦੇ ਇੱਕ ਪੈਸਾ ਜਾਂ ਅੱਧ ਆਨੀ ਦੇ ਜੇਬ ਖ਼ਰਚ ਤੋਂ ਜ਼ਿਆਦਾ ਸੀ, ਅਤੇ ਅਸੀਂ ਲਡੂ ਜਾਂ ਬਰਫੀ ਖਰੀਦ ਸਕਦੇ. ਸਾਨੂ ਇਹ ਬਹੁਤ ਚੰਗਾ ਲਗਾ ਅਤੇ ਅਸੀਂ ਗਲੀਆਂ ਤੇ ਖੇਡਦੇ ਹੋਏ ਆਪਣਾ ਵਕਤ ਗੁਜ਼ਾਰਦੇ. ਅਸੀਂ ਸ਼ਹਿਰ ਤੇ ਕਦੀ ਇੱਨ ਲੰਬੇ ਵਕਤ ਤੱਕ ਨਹੀਂ ਰਹੇ ਸੀ; ਅਤੇ ਇਹ ਇੱਕ ਨਵਾਂ ਮਜਾ ਸੀ. ਪਰ, ਜਲਦ ਹੀ ਇਹ ਸਭ ਖ਼ਤਮ ਹੋ ਗਿਆ.

'ਇੱਕ ਦਿਨ, ਕੁੱਝ ਫ਼ੌਜ਼ੀ ਟਰੱਕ ਆਏ ਅਤੇ ਹਰ ਕੋਈ, ਬੰਦਾ, ਔਰਤਾਂ ਅਤੇ ਬੱਚੇ ਉਸ ਕਾਫ਼ਿਲੇ ਵਿੱਚ ਸ਼ਾਮਲ ਹੋਣ ਲਈ, ਜੋ ਇੱਕ ਦੂਰ ਦੀ ਜ਼ਮੀਨ ਹਿੰਦੁਸਤਾਨ ਲਈ ਜਾ ਰਿਹਾ ਸੀ, ਉਸ ਤਰਫ਼ ਦੌੜੇ. ਅਸੀਂ ਪਹਿਲੀ ਵਾਰ ਇਹ ਲਫ਼ਜ਼ ਕਾਫ਼ਿਲਾ ਸੁਣਿਆ. ਪਰ, ਇਹ ਸਭ ਕੁੱਝ ਇੱਕ ਤਬਾਹੀ ਵਿੱਚ ਤਬਦੀਲ ਹੋ ਗਿਆ. ਉਣ ਦੋ ਜਾਂ ਤਿੱਨ ਟਰੱਕਾਂ ਨੂੰ ਜਲੰਧਰ ਦੇ ਕਿਸੇ ਫ਼ੌਜ਼ੀ ਨੇ ਆਪਣੇ ਰਿਸ਼ਤੇਸਾਰਾਂ ਨੂੰ ਲੈ ਆਉਣ ਲਈ ਭੇਜਿਆ ਸੀ. ਪਰ, ਜੋ ਕੋਈ ਉਸ ਦੀ ਸਵਾਰੀ ਕਰ ਸਕਿਆ, ਉਹ ਬਚ ਗਿਆ. ਜੋ ਬਾਕੀ ਰਹਿ ਗਏ ਅਤੇ ਨਾ ਚੜ੍ਹ ਸਕੇ, ਉਹ ਇੰਤਜ਼ਾਰ ਕਰਦੇ ਲੁੱਟੇਰੇਆਂ ਦੇ ਗਿਰੋਹਾਂ ਦੇ ਸ਼ਿਕਾਰ ਬਣ ਗਏ. ਜਦ ਟਰੱਕ ਚਲੇ ਗਏ, ਉਥੋਂ ਚੀਕਾਂ ਦੀ ਅਵਾਜ਼ਾਂ ਆ ਰਹੀਆਂ ਸਨ; ਰੋਣਦੀ ਔਰਤਾਂ ਅਤੇ ਚੀਕਦੇ ਬੱਚੇ. ਮੈਂ ਸਮਝ ਨਹੀਂ ਸਕਿਆ ਕਿ ਬਾਅਦ ਤੇ ਅੱਗਾਂ ਕਿਉਂ ਲਗੀਆਂ ਜਾਂ ਗੋਲੀਆਂ ਕਿਉਂ ਚਲੀਆਂ, ਅਤੇ ਮੈਂ ਲੋਕਾਂ ਨੂੰ ਲਹੂ-ਲਹਾਨ ਅਤੇ ਮਰਿਆ ਵੇਖਿਆ. ਅਸੀਂ ਸਾਰੇ ਡਰੇ ਹੋਏ ਸੀ. ਅਗਲੇ ਕੁੱਝ ਦਿਨਾ ਤੱਕ ਸਾਨੂ ਇੱਕ ਸਕੂਲ ਦੀ ਇਮਾਰਤ ਤੇ ਰੱਖਿਆ ਗਿਆ, ਆਪਣੇ ਕਰੀਬੀ ਲੋਕਾਂ ਤੋਂ ਦੂਰ ਅਤੇ ਕੁੱਝ ਤਗੜੇ ਬੰਦੂਕਧਾਰੀ ਬੰਦੇਆਂ ਦੀ ਹਿਫ਼ਾਜ਼ਤ ਥਲੇ. ਮੈਂ ਪਹਿਲਾਂ ਕਦੀ ਲੋਕਾਂ ਨੂੰ ਇੱਨੀ ਜ਼ਿਆਦਾ ਪ੍ਰਾਥਨਾ ਕਰਦੇ ਨਹੀਂ ਵੇਖਿਆ ਸੀ. ਖਾਣ-ਪੀਣ ਨੂੰ ਜ਼ਿਆਦਾ ਕੁੱਝ ਨਹੀਂ ਸੀ. ਬੱਚੇਆਂ ਨੂੰ ਇੱਕ ਖੁਲੀ ਰਸੋਈ ਤੋਂ ਆਣਣ-ਫਾਣਣ ਤੇ ਬਣੀਆ ਕੁੱਝ ਹਾਸਲ ਹੋ ਜਾਂਦਾ ਸੀ. ਇੱਕ ਹੈਂਡ ਪੰਪ ਤੋਂ ਪਾਣੀ ਮਿਲ ਜਾਂਦਾ ਸੀ. ਡਾਕਟਰ, ਲੋਕਾਂ ਦੇ, ਗੋਲੀਆਂ ਜਾਂ ਤਲਵਾਰਾਂ ਦੇ ਜ਼ਖ਼ਮ ਭਰਣ ਨੂੰ ਮਸ਼ਗੂਲ ਹੋ ਗਏ. ਅਸੀਂ ਨਜਦੀਕ ਤੋਂ ਗੋਲੀਆਂ ਦੀ ਅਤੇ ਸਕੂਲ ਦੇ ਇਹਾਤੇ ਤੇ ਹਥਗੋਲੇ ਸੁਟੱਣ ਦੇ ਧਮਾਕੇ ਦੀ ਅਵਾਜ਼ਾਂ ਸੁਣ ਰਹੇ ਸੀ.

'ਕੁੱਝ ਦਿਨਾਂ ਬਾਅਦ, ਫ਼ੌਜ਼ ਆਈ. ਇੱਕ ਕਾਫ਼ਿਲਾ ਤਿਆਰ ਕੀਤਾ ਗਿਆ ਅਤੇ ਫ਼ੌਜ਼ ਨੇ ਸਾਨੂ, ਕਦੀ ਇੱਕ ਚਹਿਲ ਪਹਿਲ ਵਾਲੇ ਸ਼ਹਿਰ ਦੀ ਅਨਾਜ ਮੰਡੀ ਪਹੁੰਚਾ ਦਿੱਤਾ. ਉਥੇ ਜ਼ਿੰਦਗੀ ਨਰਕ ਸੀ; ਖਾਣੇ ਦੀ ਘੱਟ ਸੀ ਅਤੇ ਕੋਈ ਭਾਂਡੇ ਮੌਜੂਦ ਨਹੀਂ ਸਨ. ਡਰੇ ਹੋਏ ਲੋਕ ਇੱਕ-ਜੁਟ ਹੋ ਕੇ ਬੈਠ ਕੇ ਇੱਕ ਦੂਜੇ ਨਾਲ ਹੌਲੀ ਹੌਲੀ ਗੱਲਾਂ ਕਰ ਰਹੇ ਸੀ. ਉਹ ਆਪਸ ਵਿੱਚ ਗਿਣਤੀ ਕਰਦੇ ਕਿ ਉਨ੍ਹਾਂ ਦੇ ਕਿਣੇ ਕਰੀਬੀ, ਕੈਂਪ ਤੱਕ ਨਹੀਂ ਪਹੁੰਚ ਸਕੇ ਸੀ. ਜਦ ਸਾਡੀ ਭੂਖ ਬਰਦਾਸ਼ਤ ਤੋਂ ਬਾਹਰ ਹੋ ਗਈ, ਮੇਰੇ ਪਿਤਾ ਅਤੇ ਉਨ੍ਹਾਂ ਦੇ ਇੱਕ ਦੋਸਤ, ਆਪਣੇ

ਹੱਥਾਂ ਤੇ ਤਲਵਾਰਾਂ ਲੈ ਕੇ, ਦੋ ਕਿਲੋਮੀਟਰ ਦੂਰ ਸ਼ਹਿਰ ਤੇ ਗਏ, ਤਾਂਕਿ ਉਹ ਕੁੱਝ ਭਾਂਡੇ ਅਤੇ ਖਾਣਾ ਖ਼ਰੀਦ ਸਕਣ. ਔਰਤਾਂ ਰੋਣ ਲਗੀਆਂ ਅਤੇ ਉਨ੍ਹਾਂ ਨੇ ਇਸ ਦੀ ਮੁਖ਼ਾਲਫ਼ਤ ਵੀ ਕੀਤੀ ਅਤੇ ਇੰਨਾ ਵੱਡਾ ਖ਼ਤਰਾ ਮੋਲ ਲੈਣ ਤੋਂ ਮਨ੍ਹਾਂ ਕੀਤਾ. ਪਰ ਉਹ ਚਲੇ ਗਏ ਅਤੇ ਥੋੜੀ ਦੇਰ ਬਾਅਦ, ਕਾਫ਼ੀ ਭਾਂਡੇ ਲੈ ਕੇ ਆਏ. ਬਾਅਦ ਤੇ ਕੁੱਝ ਖਾਣਾ ਆਇਆ, ਜੋ ਸਾਡੇ ਮੁਸਲਿਮ ਚਾਚੇਆਂ ਅਤੇ ਫੁਪੀਆਂ ਨੇ ਭੇਜਿਆ ਸੀ. ਮੈਨੂੰ ਆਪਣੀ ਪਿਆਰੀ ਫੁਫੀ ਦੀ ਯਾਦ ਆਉਂਦੀ ਸੀ, ਜੋ ਸਾਡੇ ਲੰਬੇ, ਸੋਹਣੇ ਚਾਚਾ ਕਾਲੂ ਜਾਖੜ ਦੀ ਭੈਣ ਸੀ. ਮੈਨੂੰ ਉਨ੍ਹਾਂ ਦਾ ਪਿਆਰ ਨਾਲ, ਗਲੇ ਲਗਾਉਣਾ ਯਾਦ ਹੈ. ਉਹ ਇੱਕ ਲੰਬੀ ਉੱਚੀ, ਪਿਆਰੀ ਅਤੇ ਬੇਹਦ ਜੋਸ਼ ਵਾਲੀ ਔਰਤ ਸੀ. ਮੈਨੂੰ ਹੁਣ ਵੀ ਉਨ੍ਹਾਂ ਦੇ ਦੁਆਰਾ ਮੈਨੂੰ ਲਾਡ ਪਿਆਰ ਅਤੇ ਬੱਚੇਆਂ ਦੀ ਤਰ੍ਹਾਂ ਛੇੜਣਾ ਯਾਦ ਹੈ. ਮੇਰੇ ਪਿਤਾ ਲਈ, ਉਹ ਉਨ੍ਹਾਂ ਦੀ ਸੱਗੀ ਭੈਣ ਦੀ ਤਰ੍ਹਾਂ ਸੀ, ਅਤੇ ਲਗਦਾ ਸੀ ਉਹ ਇੱਕ ਦੂਜੇ ਨੂੰ ਬਹੁਤ ਪਸੰਦ ਕਰਦੇ ਸੀ.

'ਲੱਗਭਗ, ਇੱਕ ਮਹੀਨੇ ਬਾਅਦ, ਹੋਰ ਫ਼ੌਜ਼ੀ ਟਰੱਕ ਆਏ ਅਤੇ ਅਸੀਂ ਫਿਰ ਇੱਕ ਕਾਫ਼ਿਲੇ ਦਾ ਹਿੱਸਾ ਬਣ ਗਏ, ਜੋ ਸਾਨੂ ਲਾਹੌਰ ਲੈ ਗਿਆ. ਕੁੱਝ ਲੋਕ ਰੇਲ-ਗੱਡੀ ਤੇ ਲਾਹੌਰ ਆਏ. ਸਫਰ ਦੇ ਦੌਰਾਨ, ਅਸ਼ੀਂ ਚਾਰੇ ਪਾਸੇ ਦੀ ਬਰਬਾਦੀ ਵੇਖ ਰਹੇ ਸੀ, ਲਾਸ਼ਾਂ ਅਤੇ ਬਰਬਾਦ ਹੋਏ ਖੇਤ. ਬੰਦੇਆਂ, ਔਰਤਾਂ ਅਤੇ ਬੱਚੇਆ ਦੀ ਲਾਸ਼ਾਂ, ਹਾਈਵੇ ਅਤੇ ਖੇਤਾਂ ਤੇ ਪਇਆਂ ਹੋਇਆਂ ਸੀ. ਕੋਈ ਵੀ ਆਪਣੇ, ਅਗਲੇ ਸਾਹ ਲੈਣ ਬਾਰੇ ਪੱਕਾ ਨਹੀਂ ਸੀ. ਇਸ ਦੇ ਬਾਅਦ, ਅਸ਼ੀਂ ਲਾਹੌਰ ਸ਼ਹਿਰ ਤੇ ਆਪਣੀ ਪਹਿਲੀ ਅਤੇ ਅਖੀਰੀ ਰਾਤ ਗੁਜ਼ਾਰੀ. ਲਾਹੌਰ ਤਕਸੀਮ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਧਾਨੀ ਸੀ ਅਤੇ ਇਸ ਦੇ ਬਾਰੇ ਕਈ ਸੋਹਣੀ ਕਹਾਨਿਆਂ ਸੁਣਿਆਂ ਸੀ ਅਤੇ ਸਾਨੂ ਕਿਹਾ ਗਿਆ ਸੀ ਕਿ ਇੱਕ ਦਿਨ ਅਸੀਂ ਉਥੇ ਜਾ ਕੇ ਅਧਿਐਨ ਕਰਾਂਗੇ. ਇੱਹ ਇੱਕ ਬੇਹਦ ਦੁਖਦਾਈ ਆਰਜ਼ੀ ਵਕਤ ਸੀ. ਲੋਕਾਂ ਨੂੰ ਪੇਚਸ਼ ਦੀ ਬੀਮਾਰੀ ਲਗ ਗਈ ਸੀ ਅਤੇ ਲੋਕ ਚਾਰੋਂ ਤਰਖ ਟੱਟੀਆਂ ਕਰ ਰਹੇ ਸੀ. ਖੁਸ਼ਕਿਸਮਤੀ ਨਾਲ, ਜੈਦਾਂ ਕਿ ਸਾਡੀ ਮਾਂ ਨੇ ਬਾਅਦ ਤੇ ਦੱਸਿਆ, ਅਸੀਂ ਉਣ ਸਧਾਰਨ ਪਿਆਜਾਂ ਨੂੰ ਖਾ ਕੇ ਗੁਜ਼ਾਰਾ ਕੀਤਾ, ਜਿਸ ਨੂੰ ਉਨ੍ਹਾਂ ਨੇ ਆਪਣੀ ਝੋਲੀ ਤੇ ਬੰਨ੍ਹ ਲੀਤਾ ਸੀ.

'ਅਗਲੇ ਦਿਨ, ਅਸੀਂ ਲਾਹੌਰ ਛੱਡ ਦਿੱਤਾ ਅਤੇ ਜਦ ਅਸੀਂ ਵਾਹਗਾ ਦੀ ਸਰਹੱਦ ਪਾਰ ਕਰ ਕੇ, ਹਿੰਦੁਸਤਾਨ ਪਹੁੰਚ ਗਏ, ਇੱਕ ਐਦਾਂ ਦੀ ਜ਼ਮੀਨ ਜਿਸ ਬਾਰੇ ਸਾਨੂ ਕੁੱਝ ਵੀ ਪਤਾ ਨਹੀਂ ਸੀ, ਅਤੇ ਨਾ ਹੀ ਉਥੇ ਦੀ ਆਪਣੀ ਕਿਸਮਤ ਬਾਰੇ ਕਿਸੇ ਨੂੰ ਪਤਾ ਸੀ; ਪਰ ਫਿਰ ਵੀ ਖੁਸ਼ੀ ਦੀ ਚੀਕਾਂ ਨਿਕਲ ਗਈਆਂ ਅਤੇ ਸਭ ਨੇ ਉਸ ਜ਼ਮੀਨ ਨੂੰ ਚੁਮ ਲੀਤਾ ਅਤੇ ਜੋ ਬੱਚ ਗਏ ਸੀ, ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਜੋ ਹਮੇਸ਼ਾ ਲਈ ਗੁਆਚ ਗਏ, ਉਨ੍ਹਾਂ ਦੇ ਲਈ ਲੋਕ ਰੋਏ. ਮੈਨੂੰ ਹੁਣ ਵੀ ਯਾਦ ਹੈ, ਕਿਸ ਤਰ੍ਹਾਂ ਬੇਹਦ ਖੁਸ਼ ਲੋਕ ਭਰੇ ਹੋਏ ਟਰੱਕਾਂ ਤੋਂ ਛਾਲ ਮਾਰ ਕੇ, ਖੇਤਾਂ ਤੇ ਪਹੁੰਚੇ. ਸ਼ਾਇਦ ਉਨ੍ਹਾਂ ਨੂੰ ਹੁਣ ਪੱਕੇ ਤੌਰ ਤੇ ਯਕੀਨ ਸੀ ਕਿ ਘੱਟ ਤੋਂ ਘੱਟ, ਉਨ੍ਹਾਂ ਨੂੰ ਕਤਲ ਨਹੀਂ ਕੀਤਾ ਜਾਵੇਗਾ.'

ਪ੍ਰੋਫ਼ੇਸਰ ਪ੍ਰੇਮ ਸਿੰਘ ਕਹਲੋਂ

ਮੈਂ ਪ੍ਰੋਫ਼ੇਸਰ ਪ੍ਰੇਮ ਸਿੰਘ ਕਹਲੋਂ ਨਾਲ ਇੰਟਰਨੇਟ ਦੁਆਰਾ ਸੰਪਰਕ ਕੀਤਾ, ਕਿਉਂਕਿ ਪੰਜਾਬੀ ਤਹਿਜ਼ੀਬ ਅਤੇ ਪੰਜਾਬ ਤੋਂ ਬਾਹਰ, ਪੰਜਾਬੀਆਂ ਦੇ ਜ਼ਿੰਦਗੀ ਬਸਰ ਕਰਣ ਦੇ ਤਰੀਕੇ ਬਾਰੇ, ਸਾਡੇ ਵਿੱਚ ਇੱਕ ਆਮ ਦਿਲਚਸਪੀ ਹੈ. ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਉਨ੍ਹਾਂ ਦੀ ਪੁਸ਼ਤੈਨੀ ਜਗ੍ਹ ਨੂੰ ਪਰਵਾਰ ਸਮੇਤ, ਕਿਸ ਤਰ੍ਹਾਂ ਛੱਡ ਕੇ 1947 ਤੇ ਇੰਡੀਆ ਆਏ, ਇਸ ਬਾਰੇ ਲਿਖਣ. ਉਨ੍ਹਾਂ ਨੇ ਇਹ ਲਿਖਿਆ:

'ਮੈਂ 1947 ਤੇ 11 ਸਾਲਾਂ ਦਾ ਸੀ ਅਤੇ ਲਾਇਲਪੁਰ ਦੀ ਝੰਗ ਨਾਲ ਲਗਦੀ ਸੀਮਾ ਤੇ ਇੱਕ ਪਿੰਡ ਤੇ ਵੱਡਾ ਹੋਇਆ. ਉਸ ਇਲਾਕੇ ਦੀ ਜ਼ਿਆਦਾ ਆਬਾਦੀ ਮੁਸਲਿਮ ਸੀ. ਅਗਸਤ ਤੇ ਅਸੀਂ ਆਪਣੇ ਪਿੰਡ ਤੋਂ ਕੋਟ ਨਿਹਾਲ ਸਿੰਘ (ਇਸ ਰੇਲਵੇ ਸਟੇਸ਼ਨ ਦਾ ਨਾਂਅ ਬਦਲ ਦਿੱਤਾ ਗਿਆ ਹੈ-ਹੁਣ ਇਹ ਟੋਬਾ ਟੇਕ ਸਿੰਘ ਦੇ ਨਜਦੀਕ, ਗੋਜਰਾ ਸਟੇਸ਼ਨ ਤੋਂ ਪਹਿਲਾਂ ਆਉਂਦਾ ਹੈ) ਦੇ ਨਜਦੀਕ ਨਾਨਕੇ ਦੇ ਪਿੰਡ ਆ ਗਏ. ਲਾਇਲਪੁਰ ਤੋਂ ਗੋਜਰਾ ਦੀ ਰੇਲਵੇ ਲਾਈਨ ਦੇ ਬਰਾਬਰ ਕਈ ਸਿੱਖ ਪਿੰਡ ਸਨ. ਸਾਨੂ ਕੋਈ ਖ਼ਤਰਾ ਨਹੀਂ ਸੀ ਕਿਉਂਕਿ ਸਾਡੇ ਉਧਰ ਸਿੱਖਾਂ ਦੀ ਵੱਡੀ ਆਬਾਦੀ ਸੀ ਅਤੇ ਸਾਡੇ ਕੋਲ ਕਾਫ਼ੀ ਅਸਲਾ ਅਤੇ ਦੇਸ਼ੀ ਹਥਿਆਰ ਸਨ. ਮੈਂ ਸੁਣਿਆ ਕਿ ਗੱਡੀਆਂ ਪਿੰਡਾ ਦੇ ਨਜਦੀਕ ਰੁਕ ਜਾਂਦੀਆਂ ਸੀ ਅਤੇ ਮੁਸਲਿਮ ਬਦਮਾਸ਼, ਉਨ੍ਹਾਂ ਤੇ ਚੜ੍ਹ ਕੇ ਲੋਕਾਂ ਨੂੰ ਕਤਲ ਕਰਦੇ ਜਾ ਲੁੱਟਦੇ. ਜਦ ਉਨ੍ਹਾਂ ਦਾ ਕੱਮ ਹੋ ਜਾਂਦਾ, ਗੱਡੀ ਦਾ ਗਾਰਡ ਸੀਟੀ ਮਾਰ ਦੇਂਦਾ ਅਤੇ ਗੱਡੀ ਚਲਣ ਲਗਦੀ ਅਤੇ ਹੋਰ ਕੋਈ ਪਿੰਡ ਆ ਜਾਂਦਾ. ਪਰ, ਇਸ ਕਿਸਮ ਦੇ ਲੋਕ ਸਾਡੇ ਇਲਾਕੇ ਤੇ ਕਾਮਯਾਬ ਨਹੀਂ ਹੋ ਸਕੇ ਕਿਉਂਕਿ ਉਥੇ ਹਥਿਆਰਬੰਦ ਸਿੱਖ ਰਹਿੰਦੇ ਸੀ. ਪਰ, ਕੁੱਝ ਵਕਤ ਬਾਅਦ, ਸਾਨੂ ਕੁੱਝ ਪਿੰਡ ਖਾਲੀ ਕਰਨੇ ਪਇਐ ਅਤੇ ਰੇਲਵੇ ਲਾਈਨਾਂ ਤੋਂ ਦੂਰ ਜਾਣਾ ਪਇਆ. ਅਸੀਂ ਸਾਰੇ ਠੀਕਰੀ ਵਾਲਾ ਬੰਗਲਾ ਤੇ ਇਕੱਠਾ ਹੋਏ, ਜੋ ਲਾਇਲਪੁਰ-ਝੰਗ ਰੋਡ ਤੇ ਲਾਇਲਪੁਰ ਸ਼ਹਿਰ ਤੋਂ 10 ਮੀਲ ਦੂਰ ਸੀ.

'ਇੱਕ ਦਿਨ ਇੱਕ ਪੁਲਿਸਵਾਲਾ ਆਇਆ ਅਤੇ ਮੇਰੇ ਪਿਤਾ ਨੂੰ ਕਿਹਾ ਕਿ, ਥਾਨੇਦਾਰ ਨੇ ਉਨ੍ਹਾਂ ਨੂੰ ਠੀਕਰੀ ਵਾਲਾ ਪੁਲਿਸ ਚੌਕੀ ਤੇ ਬੁਲਾਇਆ ਸੀ. ਮੇਰੇ ਪਿਤਾ ਉਸ ਨੂੰ ਮਿਲਣ ਗਏ ਅਤੇ ਜਦ ਉਹ ਅੰਦਰ ਗਏ, ਉਸ ਨੌਜਵਾਨ ਪੁਲਿਸ ਅਫ਼ਸਰ ਨੇ ਕਿਹਾ, "ਚਾਚਾ, ਇਹ ਤੋਪਾਂ-ਸ਼ੋਪਾਂ ਬੱਦ ਕਰੋ ਨਹੀਂ ਤੇ *ਮਿਲਟਰੀ* ਆਵੇਗੀ ". ਇਹ ਸ਼ਕਸ ਝੰਗ ਜ਼ਿਲ੍ਹੇ ਤੋਂ ਸੀ ਅਤੇ ਉਸ ਦੇ ਪਿਤਾ ਸਾਡੇ ਪਰਵਾਰ ਨੂੰ ਜਾਣਦੇ ਸੀ. ਉਣ ਦਿਨਾਂ ਤੇ ਇੱਕ ਪੁਲਿਸ ਅਫ਼ਸਰ, ਕਿਸੇ ਵੀ ਬੰਦੇ ਨੂੰ ਫੱੜ ਕੇ, ਨਾਲੋ ਨਾਲ ਗੋਲੀ ਮਾਰ ਸਕਦਾ ਸੀ. ਉਹ ਮਦਦ ਕਰਣ ਦੀ ਕੋਸ਼ਿਸ਼ ਕਰ ਰਿਹਾ ਸੀ, ਕਿਉਂਕਿ ਇਸ ਇਲਾਕੇ ਦੇ ਮੁਸਲਿਮਾਂ ਦੀ ਇੱਕ ਛੋਟੀ ਆਬਾਦੀ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਨੂੰ ਆਏ ਹੋਏ ਹਥਿਆਰਬੰਦ ਸਿਖਾਂ ਤੋਂ ਖ਼ਤਰਾ ਮਹਿਸੂਸ ਹੋ ਰਿਹਾ ਸੀ. ਮੇਰੇ ਪਿਤਾ ਨੇ ਸਿੱਖਾਂ ਨੂੰ ਨਿਸ਼ਾਨੇਬਾਜ਼ੀ ਦਾ ਅਭਿਆਸ ਕਰਣ ਤੋਂ ਮਨ੍ਹਾਂ ਕੀਤਾ, ਨਹੀਂ ਤੇ ਫ਼ੌਜ਼ ਸਾਡੇ ਉਪਰ ਹਮਲਾ ਕਰ ਸਕਦੀ ਸੀ. ਅਸੀਂ ਉਥੇ 15 ਅਕਤੂਬਰ ਤੱਕ ਰਹੇ. ਅਸੀਂ ਸਾਡਾ 20 ਮੀਲ ਲੰਬਾ ਬੈਲਗੱਡੀਆਂ ਦਾ ਕਾਫ਼ਿਲਾ ਸ਼ੁਰੂ ਕੀਤਾ ਅਤੇ ਸਾਡੇ ਨਾਲ ਇੰਡੀਆ ਦੀ ਫ਼ੌਜ਼ ਦੀ ਇੱਕ ਭਾਰੀ ਹਿਫ਼ਾਜ਼ਤ ਮੌਜੂਦ ਸੀ, ਅਤੇ ਅਸੀਂ ਸਰਹੱਦ ਦੀ ਤਰਫ਼ ਚੱਲਦੇ ਰਹੇ. ਅੱਠ ਦਿਨਾਂ ਬਾਅਦ, ਅਸੀਂ ਖੇਮਕਰਨ ਦੀ ਸਰਹੱਦ ਪਾਰ ਕੀਤੀ. ਮੈਨੂੰ ਯਾਦ ਨਹੀਂ ਹੈ ਕਿ ਕੋਈ ਸੰਪਤੀ ਜਾਂ ਜਾਨੀ ਨੁਕਸਾਨ ਹੋਇਆ. ਕਈ ਸਾਲਾਂ ਬਾਅਦ, ਮੈਨੂੰ ਪਤਾ ਲਗਾ ਕਿ ਗੋਜਰਾ ਦੇ ਅਤੇ ਰੇਲਵੇ ਲਾਈਨਾਂ ਦੇ ਨਾਲ ਵਸੇ ਲੋਕ ਕੈਨ ਸਨ. ਸਥਾਨਕ ਮੁਸਲਿਮ ਆਬਾਦੀ, ਆਮ ਤੌਰ ਤੇ ਸਿੱਖਾਂ ਦੀ ਹਿਮਾਇਤੀ ਸੀ.'

ਬੁਰੇਵਾਲਾ

ਪ੍ਰੋਫ਼ੇਸਰ ਨਰਿੰਦਰ ਮੋਹਨ ਵੈਦ

ਹਿਤੇਸ਼ ਗੋਸਾਈਂ ਅਤੇ ਮੈਂ, ਪ੍ਰੋਫ਼ੇਸਰ ਨਰਿੰਦਰ ਮੋਹਨ ਵੈਦ ਨੂੰ ਉਨ੍ਹਾਂ ਦੇ ਪਾਨੀਪਤ, ਹਰਿਆਣਾ ਦੇ ਘਰ ਤੇ 30 ਨਵੰਬਰ 2005 ਨੂੰ ਮਿਲੇ. ਪ੍ਰੋਫ਼ੇਸਰ ਵੈਦ ਬੁਰੇਵਾਲਾ ਤੋਂ ਹਨ, ਜੋ 1947 ਤੇ ਮੁਲਤਾਨ ਜ਼ਿਲ੍ਹੇ ਦਾ ਇੱਕ ਛੋਟਾ

ਸ਼ਹਿਰ ਸੀ, ਜਿਸ ਨੂੰ ਉਸ ਵਕਤ ਮੰਡੀ ਬੁਰੇਵਾਲਾ ਕਹਿੰਦੇ ਸੀ. ਇਹ ਹੁਣ ਵਿਹਾਰੀ ਜ਼ਿਲ੍ਹੇ ਦਾ ਇੱਕ ਹਿੱਸਾ ਹੈ. ਉਸ ਮੌਕੇ ਤੇ ਲੀਤਾ ਇੰਟਰਵਿਊ ਗੁਵਾਚ ਗਿਆ ਸੀ ਅਤੇ ਮੈਂ ਹਿਤੇਸ਼ ਨੂੰ ਗੁਜ਼ਾਰਸ਼ ਕੀਤੀ ਕਿ ਉਹ ਪ੍ਰੋਫ਼ੈਸਰ ਵੈਦ ਦੀ ਬੁਰੇਵਾਲਾ ਤੋਂ ਬੱਚ ਕੇ ਆਉਣ ਦੀ ਕਹਾਣੀ ਨੂੰ ਦੁਬਾਰਾ ਹਾਸਲ ਕਰੇ. ਉਸ ਇੰਟਰਵਿਊ ਨੂੰ ਉਨ੍ਹਾਂ ਦੇ ਭਰਾ ਅਰਵਿੰਦ ਵੈਦ ਨੇ ਲੀਤਾ ਅਤੇ ਮੈਨੂੰ ਈ-ਮੇਲ ਦੁਆਰਾ 14 ਅਪ੍ਰੈਲ 2010 ਨੂੰ ਭੇਜਿਆ:

'ਸਾਡੇ ਪਿਤਾ ਸਵ.ਡਾਕਟਰ ਰਾਮਜੀ ਲਾਲ ਵੈਦ ਦਾ ਜਨਮ ਅਹਿਮਦਪੁਰ ਸਿਆਲ, ਝੰਗ ਜ਼ਿਲ੍ਹੇ ਤੇ ਹੋਇਆ ਸੀ, ਪਰ ਲਾਹੌਰ ਤੋਂ ਆਪਣੀ ਸਨਾਤਕਤਾ ਅਤੇ ਮੈਡੀਕਲ ਦੀ ਡਿਗਰੀ ਹਾਸਲ ਕਰਣ ਦੇ ਬਾਅਦ, ਉਨ੍ਹਾਂ ਨੇ ਮੰਡੀ ਬੁਰੇਵਾਲਾ ਤੇ ਆਪਣਾ ਕਲੀਨਿਕ ਸ਼ੁਰੂ ਕੀਤਾ, ਜਿੱਥੇ ਉਹ ਪਰਵਾਰ ਨਾਲ ਵਸ ਗਏ. ਉਹ ਸਮਾਜ ਸੇਵਾ ਵਿੱਚ ਅਤੇ ਮਹਾਤਮਾ ਗਾਂਧੀ ਦੀ ਤਾਲੀਮ ਲਈ ਸਮਰਪਤ ਸਨ. ਉਹ ਕਾਂਗਰੇਸ ਪਾਰਟੀ ਦੇ ਇੱਕ ਸਰਗਰਮ ਸਦੱਸ ਵੀ ਸਨ. ਉਹ ਕਦੀ ਪਰਵਾਸ ਨਹੀਂ ਕਰਨਾ ਚਾਹੁੰਦੇ ਸੀ, ਇਥੋਂ ਤੱਕ ਕਿ ਜਦ ਉਨ੍ਹਾਂ ਨੂੰ ਸਮਝ ਆ ਗਈ ਸੀ ਕਿ ਪਾਕਿਸਤਾਨ ਬਣਨ ਵਾਲਾ ਸੀ. ਉਹ ਅਤੇ ਕਈ ਹਿੰਦੂ ਆਪਣੇ ਘਰਾਂ ਤੇ ਰਹੇ ਜਦ ਪਾਕਿਸਤਾਨ ਬਣਿਆ, ਪਰ ਤਣਾਅ ਤੇਜੀ ਨਾਲ ਵਧ ਰਿਹਾ ਸੀ. ਇੱਕ ਅਮਨ ਕਮੇਟੀ ਤਿਆਰ ਕੀਤੀ ਗਈ ਅਤੇ ਸਾਡੇ ਪਿਤਾ ਉਸ ਦੇ ਸਦੱਸ ਬਣੇ.

'ਪਰ ਹਾਲਾਤ ਸ਼ਾਂਤ ਨਹੀਂ ਰਹੇ ਅਤੇ ਹਿੰਦੂਆਂ ਹੋਰ ਸਿੱਖਾਂ ਉਪਰ ਹਮਲੇ ਹੋਣ ਲਗੇ. ਮੇਰੇ ਪਿਤਾ ਦੇ ਇੱਕ ਮੁਸਲਿਮ ਦੋਸਤ, ਸ਼੍ਰੀ ਅਲ੍ਹਾ ਯਾਰ ਜੋ ਇੱਕ ਪੁਲਿਸ ਡੀ.ਐਸ.ਪੀ. ਸਨ ਉਨ੍ਹਾਂ ਨੂੰ ਦੱਸਿਆ ਕਿ ਕੁੱਝ ਲੋਕ ਉਨ੍ਹਾਂ ਦੀ ਜਾਣ ਲੈਣਾ ਚਾਹੁੰਦੇ ਸੀ ਅਤੇ ਸਭ ਤੋਂ ਬਿਹਤਰ ਇਹ ਹੋਵੇਗਾ ਕਿ ਉਹ ਇੰਡੀਆ ਚਲੇ ਜਾਣ. ਉਨ੍ਹਾਂ ਨੇ ਸਾਡੇ ਪਰਵਾਰ ਨੂੰ ਇੱਕ ਗੱਡੀ ਫੱੜਣ ਤੇ ਮਦਦ ਕੀਤੀ, ਜਿਸ ਦੀ ਹਿਫ਼ਾਜ਼ਤ ਗੋਰਖਾ ਸਿਪਾਹੀ ਕਰ ਰਹੇ ਸੀ. ਉਥੋਂ ਚਲੇ ਜਾਣ ਦਾ ਫ਼ੈਸਲਾ ਇੰਨਾ ਜਲਦ ਕਰਣਾ ਪਿਆ ਕਿ ਅਸੀਂ ਬਗੈਰ ਕਿਸੇ ਸਾਮਾਣ ਲੀਤੇ ਤੁਰ ਪਏ. ਅਸੀਂ ਮੰਡੀ ਬੁਰੇਵਾਲਾ ਨੂੰ ਸਤੰਬਰ 1947 ਦੇ ਸ਼ੁਰੂ ਤੇ ਛੱਡ ਦਿੱਤਾ.

'ਗੋਰਖਾ ਜਵਾਨ ਸਾਡੇ ਰਖਿੱਅਕ ਸਨ, ਕਿਉਂਕਿ ਉਹ ਰਾਇਫਲਾਂ ਦੇ ਨਾਲ, ਸਾਵਧਾਨ ਹੋ ਕੇ ਖੜ੍ਹੇ ਰਹਿੰਦੇ, ਜਦ ਵੀ ਗੱਡੀ ਸਟੇਸ਼ਨਾਂ ਤੇ ਜਾਂ ਹੋਰ ਕਿਥੇ ਰੁਕਦੀ, ਹਥਿਆਰਬੰਦ ਮੁਸਲਿਮ ਗਿਰੋਹ ਨਾਅਰੇਬਾਜ਼ੀ ਕਰਦੇ ਹੋਏ ਅਤੇ ਹਮਲਾ ਕਰਣ ਦੀ ਖ਼ਾਹਿਸ਼ ਰੱਖਦੇ ਗੱਡੀ ਦੇ ਨਜਦੀਕ ਆਉਣ ਦੀ ਕੋਸ਼ਿਸ਼ ਕਰਦੇ, ਪਰ ਗੋਰਖਾ ਸਿਪਾਹੀਆਂ ਦੀ ਮੌਜੁਦਗੀ ਨੇ ਉਨ੍ਹਾਂ ਨੂੰ ਰੁਕਣ ਲਈ ਮਜਬੂਰ ਕੀਤਾ. ਪਟੋਕੀ ਤੇ ਅਸੀਂ ਗੱਡੀਆਂ ਬਦਲੀਆਂ ਅਤੇ ਇੱਕ ਦੂਜੀ ਗੱਡੀ ਫੱੜ ਕੇ ਫ਼ਿਰੋਜ਼ਪੁਰ ਗਏ.

'ਮੇਰਾ ਛੋਟਾ ਭਰਾ ਚੰਦਰ, 5 ਸਤੰਬਰ 1947 ਨੂੰ ਫ਼ਿਰੋਜ਼ਪੁਰ ਤੇ ਪੈਦਾ ਹੋਇਆ ਸੀ. ਮੈਂ ਉਸ ਵਕਤ ਸਿਰਫ਼ 2 ਸਾਲ ਛੇ ਮਹੀਨੇ ਦਾ ਸੀ. ਫ਼ਿਰੋਜ਼ਪੁਰ ਤੇ ਹੈਜਾ ਫ਼ੈਲ ਗਿਆ. ਅਤੇ ਅਸੀਂ ਲੁਧਿਆਣਾ ਚਲੇ ਗਏ ਜਿੱਥੇ ਇੱਕ ਵਾਰ ਫਿਰ, ਹੈਜਾ ਫੈਲ ਗਿਆ. ਸਾਨੂ ਫਿਰ ਜਗ੍ਹ ਬਦਲਨੀ ਪਈ ਅਤੇ ਅਸੀਂ ਕੁਰੂਕਸ਼ੇਤਰ ਆ ਗਏ. ਉਥੋਂ ਪਾਨੀਪਤ ਆਏ ਅਤੇ ਇਥੇ ਹੀ ਵਸ ਗਏ. ਸਾਡੇ ਮਾਤਾ ਪਿਤਾ ਹਮੇਸ਼ਾ ਪਾਕਿਸਤਾਨ ਦੇ ਉਨ੍ਹਾਂ ਦੇ ਘਰ ਬਾਰੇ ਅਤੇ ਉਨ੍ਹਾਂ ਦੇ ਉਥੇ ਦੇ ਦੋਸਤਾਂ ਬਾਰੇ ਸੋਚਦੇ ਸੀ. ਉਹ ਹਮੇਸ਼ਾ ਮੱਨਦੇ ਸੀ ਕਿ ਜਿਸ ਜਗ੍ਹ ਨੂੰ ਉਹ ਛੱਡ ਕੇ ਆਏ ਸੀ, ਉਹ ਕਾਫ਼ੀ ਬਿਹਤਰ ਸੀ, ਪਰ ਜ਼ਿੰਦਗੀ ਨੂੰ ਚਲਦਿਆਂ ਰਹਿਣਾ ਹੈ ਅਤੇ ਪਾਨੀਪਤ ਹੁਣ ਸਾਡਾ ਘਰ ਸੀ. ਉਨ੍ਹਾਂ ਨੇ ਸਾਨੂ ਦੱਸਿਆ ਕਿ ਦੋਨੋ ਤਰਫ਼ ਜ਼ੁਲਮ ਹੋਏ ਸੀ. ਇਨਸਾਨਾਂ ਨੇ ਉਨ ਦਿਨਾਂ ਤੇ ਆਪਣੀ ਇਨਸਾਨੀਅਤ ਗੁਆ ਦਿੱਤੀ ਸੀ.'

ਮਿੰਟਗੋਮਰੀ (ਸਾਹਿਵਾਲ)

ਦੂਜੀ ਸਭ ਤੋਂ ਅਹਿਮ ਨਹਿਰ ਕਲੋਨੀ ਮਿੰਟਗੋਮਰੀ ਸੀ, ਜਿਸ ਦਾ ਨਾਮਕਰਣ ਇੱਕ ਬ੍ਰਿਟਿਸ਼ ਗਵਰਨਰ ਉਪਰ ਕੀਤਾ ਗਿਆ ਸੀ ਜੋ ਦੂਜੇ ਆਲਮੀ ਜੰਗ ਦੇ ਫੀਲਡ ਮਾਰਸ਼ਲ ਲੈਰਡ ਮਿੰਟਗੋਮਰੀ ਦੇ ਦਾਦਾ ਸਨ. ਇਥੇ ਸਿੱਖਾਂ (ਬੇਦੀਆਂ ਅਤੇ ਸੋਢੀਆਂ) ਨੂੰ ਵਾਹੀ ਕਰਣ ਦੀ ਵਿਸ਼ਾਲ ਜ਼ਮੀਨਾਂ ਦਿੱਤੀ ਗਈਆਂ ਸੀ, ਜਦ ਕਿ ਹਿੰਦੂ ਵਪਾਰ ਤੇ ਪ੍ਰਮੁੱਖ ਸਨ ਅਤੇ ਉਹ ਕਈ ਮਿਲਾਂ ਅਤੇ ਕਾਰਖਾਨੇਆਂ ਦੇ ਮਾਲਕ ਸਨ. ਹਿੰਦੂ ਅਤੇ ਸਿੱਖ, ਆਬਾਦੀ ਦੇ ਲੱਗਭਗ 28 ਫ਼ੀਸਦੀ ਸਨ. ਖੋਸਲਾ ਰਿਪੋਰਟ ਦੇ ਮੁਤਾਬਕ, 10 ਅਗਸਤ ਤਕ, ਅਮਨ ਕਾਇਮ ਰਿਹਾ ਕਿਉਂਕਿ ਮਿੰਟਗੋਮਰੀ ਦੇ ਡਿਪਟੀ ਕਮੀਸ਼ਨਰ, ਸ਼੍ਰੀ ਸੈਦ ਜ਼ਮਾਨ ਇੱਕ ਚੰਗੇ ਇਨਸਾਨ ਸੀ. 11 ਅਗਸਤ ਤੋਂ ਜਦ ਰਾਜਾ ਹਸੱਨ ਅਖ਼ਤਰ ਆ ਗਏ, ਤਸ਼ੱਦਦ ਸ਼ੁਰੂ ਹੋ ਗਿਆ ਅਤੇ ਸਿੱਖਾਂ ਨੂੰ, ਖ਼ਾਸ ਕਰ ਕੇ, ਬਦਕਾਰੀ ਹਮਲੇਆਂ ਦਾ ਨਿਸ਼ਾਨਾ ਬਣਾਇਆ ਗਿਆ. 11 ਅਗਸਤ ਤੋਂ ਲੈ ਕੇ 25 ਅਗਸਤ ਤਕ, ਸਿੱਖਾਂ ਨੂੰ ਉਣ ਗਿਰੋਹਾਂ ਨੇ ਨਿਸ਼ਾਨਾ ਬਣਾਇਆ ਜੋ ਮਿੰਟਗੋਮਾਰੀ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾ ਤੇ ਹਰਕਤਾਂ ਕਰ ਰਹੇ ਸੀ (Ibid: 161).

ਕੁੱਝ ਕਿੱਸੇ ਹੇਠ ਪੇਸ਼ ਨੇ. ਪਹਿਲਾ ਮੈਨੂੰ 1 ਅਗਸਤ 2005 ਨੂੰ ਸ਼੍ਰੀਮਤੀ ਇੰਦਰਜੀਤ ਕੌਰ, ਹੇਡਮਿਸਟਰੇਸ, ਮਿੰਟਗੋਮਰੀ ਗਰਲਸ ਹਾਈ ਸਕੂਲ, ਕਪੂਰਥਲਾ, ਪੰਜਾਬ, ਇੰਡੀਆ ਨੇ ਭੇਜਿਆ ਸੀ. ਸਾਡੇ ਵਿੱਚ ਲਾਹੌਰ ਬਾਰੇ ਸੰਪਰਕ ਹੁੰਦਾ ਸੀ, ਜਿੱਥੇ ਉਹ ਪਛੱਮ ਪੰਜਾਬ ਤੇ ਤੀਰਥ ਦੇ ਤਾਲੁੱਕ ਤੇ ਗਈ ਸਨ. ਉਨ੍ਹਾਂ ਦੀ ਪ੍ਰਧਾਨਗੀ ਵਾਲੇ ਉਸ ਸਕੂਲ਼ ਨੂੰ ਸਰਦਾਰ ਜਰਨੈਲ ਸਿੰਘ ਪਸਰੀਚਾ ਨੇ ਸਥਾਪਤ ਕੀਤਾ ਸੀ, ਜਦ ਉਹ ਤਕਸੀਮ ਤੋਂ ਬਾਅਦ ਕਪੂਰਥਲਾ ਆ ਗਏ. ਮੇਰੇ ਲਈ, ਇਹ ਇੰਟਰਵਿਊ ਸ਼੍ਰੀਮਤੀ ਇੰਦਰਜੀਤ ਕੌਰ ਨੇ ਲੀਤਾ.

ਸਰਦਾਰ ਜਰਨੈਲ ਸਿੰਘ ਪਸਰੀਚਾ

'ਮੈਂ ਸਿਰਫ਼ 10 ਸਾਲ ਦਾ ਸੀ ਜਦ ਤਕਸੀਮ ਦੀ ਤ੍ਰਾਸਦੀ ਹੋਈ. ਮੇਰੇ ਪਿਤਾ ਦੇ ਕਈ ਮੁਸਲਿਮ ਦੋਸਤ, ਪਰਵਾਰ ਦੇ ਸਦੱਸ ਤੀ ਤਰ੍ਹਾਂ ਸਨ, ਕਿਉਂਕਿ ਮਿੰਟਗੋਮਰੀ ਦੀ ਇੱਕ ਮਿਲੀ-ਜੁਲੀ ਆਬਾਦੀ ਸੀ. ਅਸੀਂ ਇੱਕ ਬਹੁਤ ਭਾਈਚਾਰੇ ਵਾਲੇ ਅਤੇ ਦੋਸਤਾਨਾ ਮਾਹੌਲ ਵਿੱਚ ਰਹਿੰਦੇ ਸੀ. ਪਰ ਅਗਸਤ ਤੇ ਮਿੰਟਗੋਮਰੀ ਤੇ ਫ਼ਿਰਕੂ ਜਨੂਨੀਪਨ ਹਾਵੀ ਹੋ ਗਿਆ. ਇੱਕ ਸਖ਼ਤ ਕਰਫਿਊ ਲਗਾ ਦਿੱਤਾ ਗਿਆ ਅਤੇ ਰਾਤ ਨੂੰ ਜਾਂ ਦਿਨ ਨੂੰ ਵੀ ਕਿਸੇ ਨੂੰ ਬਾਹਰ ਜਾਣ ਦੀ ਇੱਜ਼ਾਜ਼ਤ ਨਹੀਂ ਸੀ. ਆਮ ਕਤਲੇਆਮ ਅਤੇ ਛੁਰੇਬਾਜ਼ੀ ਬੇਰੋਕਟੋਕ ਚਲਦੀ ਰਹੀ. ਮਿੰਟਗੋਮਰੀ ਨਫ਼ਰਤ ਅਤੇ ਫ਼ਿਰਕੂ ਤਣਾਅ ਨਾਲ ਜਲਣ ਲਗਿਆ. ਫ਼ੌਜ਼ ਦੀ ਇੱਕ ਬਲੂਚ ਟੁਕੜੀ ਜ਼ੁਲਮਾਂ ਨੂੰ ਕਾਬੂ ਵਿੱਚ ਕਰਣ ਦੀ ਕੋਸ਼ਿਸ਼ ਕਰ ਰਹੀ ਸੀ. ਮੈਨੂੰ ਯਾਦ ਹੈ ਕਿ ਇੱਕ ਮੁਸਲਿਮ ਕਰਫਿਊ ਦਾ ਪਾਲਨ ਨਾ ਕਰ ਕੇ, ਚੀਕਦੇ ਹੋਏ ਸੜਕ ਤੇ ਆ ਗਿਆ. ਸਿਪਾਹੀਆਂ ਨੇ ਉਸ ਨੂੰ ਵਾਪਸ ਜਾਣ ਨੂੰ ਕਿਹਾ, ਪਰ ਜਦ ਉਸ ਨੇ ਇਨਕਾਰ ਕੀਤਾ, ਉਸ ਨੂੰ ਗੋਲੀ ਮਾਰ ਦਿੱਤੀ ਗਈ, ਕਿਉਂਕਿ ਫ਼ੌਜ਼ ਨੂੰ 'ਵੇਖਦੇ ਹੀ ਗੋਲੀ ਮਾਰਣ' ਦਾ ਹੁਕਮ ਦਿੱਤਾ ਗਿਆ ਸੀ. ਇਸ ਦੀ ਤਸ਼ੱਦਦੀ ਪ੍ਰਤੀਕਰਮ ਹੋਇਆ, ਕਿਉਂਕਿ ਮੁਸਲਿਮਾਂ ਨੇ ਸੋਚਿਆ ਕਿ ਉਨ੍ਹਾਂ ਦੇ ਭਰਾਵਾਂ ਨੂੰ ਮਾਰਣ ਲਈ ਸਰਦਾਰ ਹੁਕਮ ਸਿੰਘ ਨੇ ਉਕਸਾਇਆ ਸੀ, ਜੋ ਮਿੰਟਗੋਮਰੀ ਦੇ ਇੱਕ ਸਿੱਖ ਆਗੂ ਸਨ. ਉਹ ਮੁਸਲਿਮ ਦੰਗਾਈਆਂ ਦੀ "ਮਾਰਣ ਦੀ ਫਹਿਰੀਸਤ" ਤੇ ਸ਼ਾਮਲ ਸਨ ਅਤੇ ਜਲਦ ਹੀ ਇਸ ਫਹਿਰੀਸਤ ਨੂੰ ਵੱਡਾ ਕਰ ਕੇ, ਇਲਾਕੇ ਦੇ ਸਾਰੇ ਹਿੰਦੂਆ ਅਤੇ ਸਿੱਖਾਂ ਨੂੰ ਇਸ ਵਿੱਚ ਸ਼ਾਮਲ ਕਰ ਲੀਤਾ ਗਿਆ.

ਕੁੱਝ ਰੇਲ-ਗੱਡੀਆਂ ਦੁਆਰਾ ਚਲੇ ਗਏ, ਪਰ ਮੁਸਲਿਮਾਂ ਨੇ ਗੱਡੀਆਂ ਰੋਕ ਕੇ ਕਤਲ, ਜਬਰ ਜਨਾਹ ਅਤੇ ਲੁੱਟਪਾਟ ਕੀਤੀ. ਜੋ ਗੱਡੀ ਰਾਇਵਿੰਡ ਤੇ ਰੁਕੀ ਸੀ, ਉਸ ਵਿੱਚ ਇੱਕ ਵੱਡਾ ਕਤਲੇਆਮ ਹੋਇਆ.

'ਫ਼ੌਜ਼ ਸਰਦਾਰ ਹੁਕਮ ਸਿੰਘ ਨੂੰ ਲਕੇ ਕੇ ਲਾਹੌਰ ਲੈ ਆਈ, ਜਿੱਥੇ ਉਹ ਪੰਡਤ ਨਹਿਰੁ ਨਾਲ ਮਿਲੇ ਅਤੇ ਮਿੰਟਗੋਮਰੀ ਦੇ ਤਸ਼ੱਦਦੀ ਹਲਚਲ ਬਾਰੇ ਸਿੱਧੀ ਇਤਲਾਹ ਦਿੱਤੀ ਅਤੇ ਉਨ੍ਹਾ ਨੂੰ ਦੱੱਸਿਆ ਕਿਸ ਤਰ੍ਹਾਂ ਸਿੱਖ ਔਰਤਾਂ ਨੇ ਖੂਹਾਂ ਵਿੱਚ ਛਾਲ ਮਾਰ ਕੇ ਆਪਣੀ ਇੱੱਜ਼ਤ ਬਚਾਈ. ਸਰਦਾਰ ਹੁਕਮ ਸਿੰਘ ਪੰਡਤ ਨਹਿਰੁ ਅਤੇ ਲਿਆਕਤ ਅਲੀ ਖ਼ਾਨ ਨੂੰ ਮਿੰਟਗੋਮਰੀ ਲੈ ਕੇ ਆਏ ਤਾਂਕਿ ਉਨ੍ਹਾਂ ਨੂੰ ਉਥੇ ਹੋਏ ਹਿੰਦੂਆਂ ਅਤੇ ਸਿੱਖਾਂ ਦੇ ਕਤਲੇਆਮ ਨੂੰ ਦਿਖਾ ਸਕਣ. ਇਸ ਦੇ ਬਾਅਦ, ਪੰਡਤ ਨਹਿਰੁ ਨੇ ਫ਼ੌਜ਼ੀ ਹਿਫ਼ਾਜ਼ਤ ਸਮੇਤ, ਖਾਸ ਗਡੀਆਂ ਚਲਾਉਣ ਦਾ ਹੁਕਮ ਦਿੱਤਾ ਤਾਂਕਿ ਹਿੰਦੂਆਂ ਅਤੇ ਸਿੱਖਾਂ ਨੂੰ ਪੂਰਬੀ ਪੰਜਾਬ ਦੇ ਫ਼ਿਰੋਜ਼ਪੁਰ ਲੈ ਆਉਂਦਾ ਜਾਵੇ. ਮੇਰੇ ਪਿਤਾ ਭਾਈ ਗੋਬਿੰਦ ਸਿੰਘ ਪਸਰੀਚਾ ਅਤੇ ਉਨ੍ਹਾਂ ਦਾ ਪਰਵਾਰ, ਦੂਜੇ ਹਿੰਦੂਆਂ ਅਤੇ ਸਿੱਖਾਂ ਨਾਲ ਉਣ ਗੱਡੀਆਂ ਤੇ ਸਵਾਰ ਸਨ. ਸ਼ਰਨਾਰਥੀ ਗੱੱਡੀਆਂ ਦੀ ਛੱਤਾ ਤੇ ਕਿਸੇ ਤਰ੍ਹਾਂ ਚੜ੍ਹ ਗਏ ਤਾਂਕਿ ਉਹ ਆਪਣੀ ਜਾਨ ਬਚਾ ਸਕਣ. ਇਹ ਇੱਕ ਭਿਆਨਕ ਤਜਰੁਬਾ ਸੀ. ਪੂਰਬੀ ਪੰਜਾਬ ਵਿੱਚ ਬਤੌਰ ਪਨਾਹਗੀਰ, ਅਸੀਂ ਪੰਦਰਾਂ ਦਿਨਾਂ ਤੱਕ ਫ਼ਿਰੋਜ਼ਪੁਰ ਕੈਂਪ ਤੇ ਰਹੇ. ਬਾਅਦ ਤੇ ਸਾਡੇ ਇੱਕ ਰਿਸ਼ਤੇਦਾਰ ਨੇ ਸਾਡੇ ਲਈ ਇੱਕ ਮੁਸਲਿਮ, ਜੋ ਭੱਜ ਗਿਆ ਸੀ, ਉਸ ਦਾ ਸਾੜ ਦਿੱਤਾ ਗਿਆ ਘਰ ਮੁਹੱੱਇਆ ਕਰਵਾ ਦਿੱਤਾ. ਇਹ ਸਾਨੂ ਸਰਕਾਰ ਨੇ ਦਿੱਤਾ ਸੀ. ਅਸੀਂ ਉਸ ਘਰ ਤੇ 1994 ਤੱਕ ਰਹੇ.

'ਪੂਰਬੀ ਪੰਜਾਬ ਤੇ ਰਹਿੰਦੇ ਹੋਏ, ਮੇਰੇ ਪਿਤਾ ਨੇ ਕਦੀ ਮਿੰਟਗੋਮਰੀ ਤੇ ਗੁਜ਼ਰੇ ਖੁਸ਼ਹਾਲੀ ਦੇ ਦਿਨਾਂ ਬਾਰੇ ਜ਼ਿਕਰ ਨਹੀਂ ਕੀਤਾ ਅਤੇ ਨਾ ਹੀ 1947 ਦੇ ਬੂਰੇ ਵਕਤ ਦਾ. ਉਹ ਇੱਕ ਆਸ਼ਾਵਾਦੀ ਇਨਸਾਨ ਸਨ ਅਤੇ ਆਪਣੇ ਉਦਯੋਗੀ ਜੋਸ਼ ਨਾਲ ਉਹ ਪੂਰਬੀ ਪੰਜਾਬ ਵਿੱਚ ਨਵੇਂ ਸਕੂਲ ਅਤੇ ਕਾਲਜ ਖੋਲਣ ਦਾ ਇਰਾਦਾ ਰੱਖਦੇ ਸੀ. 1983 ਤੇ, ਮੈਂ ਆਪਜ਼ੀ ਪਤਨੀ ਅਤੇ ਬੇਟੀ ਅਤੇ ਦੂਜੇ ਵੀਹ ਮਿੰਟਗੋਮਰੀ ਦੇ ਪੁਰਾਣੇ ਲੋਕਾਂ ਨਾਲ, ਪਾਕਿਸਤਾਨ ਦਾ ਦੌਰਾ ਕੀਤਾ. ਬਦਕਿਸਮਤੀ ਨਾਲ, ਸਾਡੇ ਕੋਲ ਮਾਕੂਲ ਵੀਸਾ ਨਹੀਂ ਸੀ ਕਿ ਅਸੀਂ ਆਪਣੇ ਪਵਿੱਤਰ ਗੁਰਦੁਆਰੇਆਂ ਦਾ ਦਰਸ਼ਨ ਕਰ ਸਕਦੇ.'

ਪ੍ਰੋਫ਼ੇਸਰ ਵਿਨੈ ਕੁਮਾਰ

ਪ੍ਰੋਫ਼ੇਸਰ ਵਿਨੈ ਕੁਮਾਰ ਅਤੇ ਮੈਂ ਇੱਕ ਲੰਬੇ ਵਕਤ ਤੋਂ ਇੱਕ ਦੂਜੇ ਨੂੰ ਈ-ਮੇਲ ਕਰ ਰਹੇ ਸੀ. ਉਹ, ਉਨ੍ਹਾਂ ਦੇ ਪਰਵਾਰ ਨਾਲ ਉਕਾਰਾ ਤੇ ਜੋ ਕੁੱਝ ਹੋਇਆ, ਉਸ ਦੀ ਕਹਾਣੀ ਦੱਸਣ ਨੂੰ ਬੇਤਾਬ ਸਨ. 3 ਫਰਵਰੀ 2005 ਨੂੰ ਉਹ ਸੋਲਨਾ, ਸਟੋਕਹੋਮ ਦੇ ਬਾਹਰ, ਕਰੋਲਿੰਸਕਾ ਇਨਸਟੀਚੂਟ, ਇੱਕ ਮਸ਼ਹੂਰ ਮੈਡੀਕਲ ਕੇਂਦਰ, ਤੇ ਇੱੱਕ ਕਨਫੇਰੇਂਸ ਲਈ ਆਏ. ਅਸੀਂ ਸਟੋਕਹੋਮ ਦੇ ਇੱਕ ਚੀਨੀ ਰੇਸਤਰਾਂ ਤੇ ਮਿਲੇ ਅਤੇ ਮੈਂ ਇਹ ਇੰਟਰਵਿਊ ਦਰਜ ਕੀਤਾ:

'ਮੇਰਾ ਜਨਮ ਦਸੰਬਰ 1944 ਨੂੰ ਉਕਾਰਾ ਤੇ ਹੋਇਆ. ਮੇਰੇ ਨਾਨਾ, ਡਾ.ਉਤਮ ਚੰਦ ਅਹੁਜਾ ਲਾਹੌਰ ਤੋਂ ਸਨ. ਉਹ ਪੰਜਾਬ ਸਿਵਲ ਮੈਡੀਕਲ ਸਰਵਿਸ ਵਿੱਚ ਸੇਵਾ ਕਰ ਰਹੇ ਸੀ ਅਤੇ ਉਹ ਪੰਜਾਬ ਵਿੱਚ ਕਈ ਜਗ੍ਹਾਂ ਤੇ ਸੇਵਾ ਕਰ ਚੁਕੇ ਸੀ. ਜਦ ਤਕਸੀਮ ਤੋਂ ਪੰਦਰਾਂ ਸਾਲ ਪਹਿਲਾਂ ਉਹ ਰਿਟਾਇਰ ਹੋ ਗਏ, ਤਦ ਉਨ੍ਹਾਂ ਨੇ ਉਕਾਰਾ, ਜ਼ਿਲ੍ਹਾਂ ਮਿੰਟਗੋਮਰੀ ਤੇ ਵਸਣ ਦਾ ਫ਼ੈਸਲਾ ਕੀਤਾ, ਜਿੱਥੇ ਸਾਡਾ ਇੱਕ ਵੱਡਾ ਘਰ ਸੀ. ਉਹ ਮਰੀਜਾਂ ਤੋਂ

ਪੈਸੇ ਨਹੀਂ ਲੈਦੇ ਸੀ. ਕਮਪਾਉਂਡਰ ਹਰਬੰਸ ਲਾਲ ਦੇ ਕੋਲ ਇੱਕ ਡੱਬਾ ਸੀ ਜਿਸ ਵਿੱਚ ਅਗਰ ਕੋਈ ਮਰੀਜ ਚਾਹੁੰਦਾ ਤੇ, ਕੁੱਝ ਪੈਸੇ ਪਾ ਸਕਦਾ ਸੀ, ਪਰ ਕੋਈ ਫੀਸ ਨਹੀਂ ਹੁੰਦੀ ਸੀ. ਉਹ ਇੱਕ ਵੱਡੇ ਦਿਲ ਵਾਲੇ ਅਤੇ ਪਵਿੱਤਰ ਇਨਸਾਨ ਸਨ ਜੋ ਕਦੀ ਕਿਸੇ ਦੇ ਖ਼ਿਲਾਫ਼ ਮਜ਼ੂਬੀ ਜਾਂ ਜਾਤੀ ਦੇ ਤੌਰ ਤੇ ਤਰਫ਼ਦਾਰੀ ਨਹੀਂ ਕਰਦੇ ਸੀ. ਲੋਕ ਰਾਤ ਨੂੰ 50-60 ਕਿਲੋਮੀਟਰ ਦੂਰ ਤੋਂ ਆਉਂਦੇ ਅਤੇ, ਉਨ੍ਹਾਂ ਨੂੰ ਬੇਨਤੀ ਕਰਦੇ ਕਿ ਉਹ ਉਨ੍ਹਾਂ ਦੇ ਨਾਲ ਬੀਮਾਰ ਜਾਂ ਗਰਭਵਤੀ ਔਰਤ ਜਾਂ ਬੱਚੇ ਨੂੰ ਵੇਖਣ ਲਈ ਜਾਣ. ਉਹ ਨਾਲੇ ਨਾਲ ਇੱਕ ਘੋੜੇ ਤੇ ਬੈਠ ਕੇ ਚਲੇ ਜਾਦੇ. ਲੋਕ ਉਨ੍ਹਾਂ ਦਾ ਧੰਨਵਾਦ, ਇੱਕ ਗਊ ਜਾਂ ਘੋੜਾ ਜਾਂ ਹੋਰ ਕਿਸੇ ਪਸ਼ੂ ਨੂੰ, ਤੋਹਫ਼ੇ ਦੇ ਤਹਿਤ ਦੇ ਕੇ, ਕਰਦੇ.

'ਉਹ ਉਥੇ ਦੇ ਸਮਾਜ ਦਾ ਇੱਕ ਅਟੁੱਟ ਹਿੱਸਾ ਸਣ. ਉਨ੍ਹਾਂ ਨੂੰ ਉਥੋਂ ਕੱਢ ਦੇਣ ਦਾ ਮਤਲਬ ਸੀ ਆਪਣਾ ਹੱਥ ਜਾਂ ਪੈਰ ਵੱਡ ਲੈਣਾ. ਉਨ੍ਹਾਂ ਦੇ ਦੋ ਤਾਂਗੇ ਸੀ. ਮੈਨੂੰ ਯਾਦ ਹੈ ਉਹ ਮੈਨੂੰ ਸ਼ਾਮ ਨੂੰ ਤਾਂਗੇ ਦੀ ਸ਼ੇਰ ਕਰਾਉਣ ਲੈ ਜਾਂਦੇ ਸੀ. ਹਾਲਾਂਕਿ ਮੈਂ ਇੱਕ ਛੋਟਾ ਬੱਚਾ ਸੀ ਮੈਨੂੰ ਹੁਣ ਵੀ ਯਾਦ ਹੈ ਕਿ ਉਹ ਪੁਛਦੇ, "ਉਹ ਕੇਹੜਾ ਦਰਖ਼ਤ ਹੈ?" ਮੈਂ ਜਵਾਬ ਦੇਂਦਾ, "ਲਾਲਾਜੀ, ਇਹ ਟਾਹਲੀ ਹੈ". ਕਈ ਵਾਰ ਮੈਂ ਕਹਿੰਦਾ, "ਮੈਨੂੰ ਨਹੀਂ ਪਤਾ". ਇੱਕ ਦਿਨ ਮੇਰਾ ਰਿਸ਼ਤੇ ਤੇ ਭਰਾ, ਜੋ ਉਸ ਵਕਤ ਨੌਜਵਾਨ ਸੀ, ਮੈਨੂੰ ਉਸ ਮੈਦਾਨ ਤੇ ਲੈ ਗਿਆ ਜਿੱਥੇ ਵਾਲੀਬਾਲ ਖੇਡਿਆ ਜਾਂਦਾ ਸੀ. ਕਿਸੇ ਵਜ੍ਹਾ ਨਾਲ, ਮੈਂ ਗੁਆਚ ਗਿਆ. ਲੋਕਾਂ ਨੇ ਮੈਨੂੰ ਪੁੱਛਿਆ ਕਿ ਮੈਂ ਕੌਨ ਸੀ ਅਤੇ ਮੈਂ ਕਿਥੇ ਰਹਿੰਦਾ ਸੀ? ਜਦ ਮੈਂ ਆਪਣੇ ਨਾਨਾਜੀ ਦਾ ਨਾਂਅ ਦੱਸਿਆ ਤਦ ਮਿਨਟਾਂ ਵਿੱਚ ਮੈਨੂੰ ਵਾਪਸ ਲੈ ਆਉਂਦਾ ਗਿਆ, ਕਿਉਂਕਿ ਹਰ ਕੋਈ ਡਾ.ਅਹੁਜਾ ਨੂੰ ਜਾਣਦਾ ਸੀ.

'ਜਦ ਤਕਸੀਮ ਦਾ ਕਾਰਜ ਸ਼ੁਰੂ ਹੋਇਆ, ਹਿੰਦੂਆਂ ਅਤੇ ਸਿੱਖਾਂ ਨੂੰ ਡਰ ਅਤੇ ਚਿੰਤਾ ਸਤਾਉਣ ਲਗੀ ਕਿਉਂਕਿ ਉਕਾਰਾ ਤੇ ਉਹ ਇੱਕ ਮਾਇਨਾਰਿਟੀ ਤੇ ਸਨ. ਜਦ ਗੜਬੜੀ ਸ਼ੁਰੂ ਹੋਈ, ਤਦ ਤਹਸੀਲਦਾਰ ਅਤੇ ਲੰਬਰਦਾਰ ਸਾਡੇ ਘਰ ਤੇ, ਦੂਜੇ ਅਹਿਮ ਲੋਕਾਂ ਨਾਲ ਆਏ. ਉਨ੍ਹਾਂ ਨੇ ਮੇਰੇ ਨਾਨਾਜੀ ਨੂੰ ਕਿਹਾ, "ਡਾਕਟਰ ਸਾਹਿਬ ਤੁਹਾਨੂ ਇਥੋਂ ਨਹੀਂ ਜਾਣਾ ਹੈ. ਤੁਸੀ ਸਾਡੇ ਬੰਦੇ ਹੋ, ਅਤੇ ਡਰੋ ਨਹੀਂ". ਨਾਨਾਜੀ ਨੇ ਜਵਾਬ ਦਿੱਤਾ, "ਬਿਲਕੁਲ, ਮੈਂ ਇਥੇ ਦਾ ਹਾਂ ਅਤੇ ਇਸ ਜਗ੍ਹ ਨੂੰ ਛੱਡਣ ਬਾਰੇ ਮੈਂ ਸੋਚਿਆ ਵੀ ਨਹੀਂ ਹੈ". ਪਰ ਹਾਲਾਤ ਬਦਤਰ ਹੋ ਗਏ ਜਦ ਪੂਰਬੀ ਪੰਜਾਬ ਤੋਂ ਮੁਸਲਿਮ ਪਨਾਹਗੀਰ ਉਕਾਰਾ ਆਉਣ ਲਗੇ. ਤਦ, ਉਹ ਹੀ ਲੋਕ ਅੱਖਾਂ ਵਿੱਚ ਅਥਰੂ ਲੈ ਕੇ ਆਏ. ਉਨ੍ਹਾਂ ਨੇ ਆਪਣੀ ਪਗਾਂ ਜ਼ਮੀਨ ਤੇ ਰੱਖ ਕੇ ਕਿਹਾ, "ਡਾ.ਸਾਹਿਬ ਅਸੀਂ ਬੇਹਦ ਸ਼ਰਮਿੰਦਾ ਹਾਂ, ਅਤੇ ਤੁਹਾਡੀ ਮਾਫ਼ੀ ਮੰਗਦੇ ਹਾਂ, ਅਸ਼ੀਂ ਹੁਣ ਤੁਹਾਡੀ ਹਿਫ਼ਾਜ਼ਤ ਨਹੀਂ ਕਰ ਸਕਦੇ. ਉਕਾਰਾ ਦੇ ਲੋਕ ਤੁਹਾਨੂ ਨਹੀਂ ਛੁਹਣਗੇ ਪਰ ਉਣ ਹਜ਼ਾਰਾਂ ਲੋਕਾ ਨੂੰ ਅਸੀਂ ਨਹੀਂ ਰੋਕ ਸਕਾਂਗੇ, ਜੋ ਪੂਰਬੀ ਪੰਜਾਬ ਤੋਂ ਆਏ ਨੇ. ਉਨ੍ਹਾਂ ਨੇ ਲਹੂ ਵੇਖਿਆ ਹੈ ਅਤੇ ਉਨ੍ਹਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ. ਪਰ, ਅਸੀਂ ਪੱਕਾ ਵਾਅਦਾ ਕਰਦੇ ਹਾਂ ਕਿ ਅਸੀਂ ਤੁਹਾਨੂ ਸਰਹੱਦ ਤੱਕ ਮਹਿਫ਼ੂਜ਼ ਲੈ ਜਾਵਾਂਗੇ". ਉਨ੍ਹਾਂ ਨੇ ਬਿਲਕੁਲ ਐਦਾਂ ਹੀ ਕੀਤਾ. ਉਹ ਉਨ੍ਹਾਂ ਨੂੰ ਸਰਹੱਦ ਤੱਕ ਲੈ ਗਏ ਅਤੇ ਵੇਖਿਆ ਕਿ ਉਹ ਠੀਕ-ਠਾਕ ਸਰਹੱਦ ਪਾਰ ਕਰ ਗਏ. ਇਹ ਮਹੀਨਾ ਕੀ ਸੀ ਮੈਨੂੰ ਨਹੀਂ ਪਤਾ, ਪਰ ਇਹ ਅਕਤੂਬਰ ਜਾਂ ਨਵੰਬਰ ਹੋਵੇਗਾ.

'ਇਸ ਨੇ ਉਨ੍ਹਾਂ ਨੂੰ ਤੋੜ ਕੇ ਰੱਖ ਦਿੱਤਾ. ਉਹ ਖੱਨਾ, ਲੁਧਿਆਣਾ ਜ਼ਿਲ੍ਹਾ, ਤੇ ਵਸ ਗਏ, ਜਿੱਥੇ ਉਨ੍ਹਾਂ ਨੂੰ ਜ਼ਮੀਨ ਦਿੱਤੀ ਗਈ, ਪਰ ਫਿਰ ਉਹ ਲੁਧਿਆਣਾ ਸ਼ਹਿਰ ਆ ਕੇ ਵਸ ਗਏ. ਉਥੇ ਵੀ ਉਨ੍ਹਾਂ ਨੇ ਪੁਰਾਣੀ ਰਵਾਇਤ ਕਾਇਮ ਰੱਖੀ ਅਤੇ ਕਿਸੇ ਤੋਂ ਕੋਈ ਫੀਸ ਨਹੀਂ ਲੀਤੀ. ਜੋ ਕੁੱਝ ਲੋਕ ਦੇ ਸਕਦੇ ਸੀ, ਉਹ ਮੰਜ਼ੂਰ ਕਰ ਲੈਂਦੇ. ਉਹ

ਇੱਕ ਸੂਟ ਦੇ ਨਾਲ ਕੁਲੇਵਾਲੀ ਪਗੜੀ ਪਹਿੰਦੇ ਸੀ. ਮੈਨੂੰ ਇਹ ਸਭ ਆਪਣੇ ਪਿਤਾ, ਲਾਲਾਜੀ ਅਤੇ ਮਾਮਾਜੀ ਤੋਂ ਪਤਾ ਲਗਾ ਹੈ. ਮੇਰੇ ਪਿਤਾ ਆਗਰਾ ਤੇ ਤਇਨਾਤ ਸਨ. ਉਹ ਫ਼ੌਜ਼ ਦੇ ਔਰਡਨੈਂਸ ਡਿਪੋ ਤੇ ਕੱਮ ਕਰਦੇ ਸੀ ਅਤੇ ਤਕਸੀਮ ਦਾ ਉਨ੍ਹਾਂ ਦੇ ਉਪਰ ਕੋਈ ਅਸਰ ਨਹੀਂ ਹੋਇਆ ਸੀ.'

ਬਜ਼ੁਰਗ ਸ੍ਰੀ ਅਰੋੜਾ

ਮੈਂ ਇੱਕ ਬੇਹਦ ਬਜ਼ੁਰਗ ਹਿੰਦੂ ਸੱਜਣ ਨੂੰ ਕਿਸ਼ਨਪੁਰਾ, ਜ਼ਿਲ੍ਹਾ ਮੋਗਾ, ਪੂਰਬੀ ਪੰਜਾਬ ਤੇ ਮਿਲਿਆ. ਮੈਂ ਉਨ੍ਹਾਂ ਦਾ ਨਾਂਅ ਸਿਰਫ਼ ਬਜ਼ੁਰਗ ਅਰੋੜਾ ਸਾਹਿਬ ਦਰਜ ਕਰ ਸਕਿਆ. ਉਹ ਉਥੇ ਉਕਾਰਾ, ਮੁਲਤਾਨ ਡਿਵੀਜ਼ਨ ਤੋਂ ਆ ਕੇ ਕਈ ਜਗ੍ਹਾਂ ਤੇ ਜਾਣ ਤੋਂ ਬਾਅਦ, ਵਸੇ ਸੀ.

'ਮੇਰਾ ਜਨਮ ਮਿਠਾ ਭੱਟੀ, ਥਾਨਾ ਚੁਚਕ, ਤਹਸੀਲ ਉਕਾਰਾ, ਜ਼ਿਲ੍ਹਾਂ ਮਿੰਟਗੋਮਰੀ ਤੇ 1897 ਵਿਕਰਮੀ ਜਾਂ 1898 ਤੇ ਹੋਇਆ ਸੀ. ਮੈਂ 106 ਸਾਲਾਂ ਦਾ ਹਾਂ. ਉਥੇ ਇੱਕ ਹਿੰਦੂ ਅਤੇ ਇੱਕ ਸਿੱਖ ਪਰਵਾਰ ਸੀ. ਇੱਕ ਪਿੰਡ ਕਾਲੁਵਾਲ, ਨੇੜੇ ਹੀ ਸੀ, ਜਿੱਥੇ ਲਛਮਣ ਦਾਸ, ਰਾਮ ਦਾਸ ਅਤੇ ਗੰਡਾ ਰਾਮ, ਸਾਹੂਕਾਰ ਸਨ. ਉਹ ਸਾਡੀ ਤਰ੍ਹਾਂ ਸਵਾਨੀ ਉਪ-ਜਾਤ ਦੇ ਅਰੋੜਾ ਸਨ.

'ਮੈਂ ਇੱਕ ਮਿਹਨਤੀ ਪਰ ਗਰੀਬ ਦੁਕਾਨਦਾਰ ਸੀ. ਮੈਂ ਬੇਹਦ ਜ਼ਿਆਦਾ ਗਰੀਬੀ ਵੇਖੀ ਹੈ, ਪਰ ਮੈਂ ਕੜੀ ਮਿਹਨਤ ਕਰਦਾ ਸੀ. ਮੇਰੇ ਤਿੰਨ ਮੁਸਲਿਮ ਮੁਲਾਜ਼ਮ ਸਨ. ਚੁੰਕਿ ਮੈਂ ਉਨ੍ਹਾਂ ਦੇ ਨਾਲ ਚੰਗਾ ਸਲੂਕ ਕਰਦਾ ਸੀ, ਉਹ ਮੇਰੇ ਬਹੁਤ ਵਫ਼ਾਦਾਰ ਸਨ. ਮੇਰੇ ਪਿੰਡਾਂ ਦੇ ਬੰਦੇਆ ਨਾਲ ਬੇਹਦ ਚੰਗੇ ਰਿਸ਼ਤੇ ਸਨ ਕਿਉਂਕਿ ਮੈਂ ਕਦੀ ਉਨ੍ਹਾਂ ਨੂੰ ਬਹੁਤ ਜ਼ਿਆਦਾ ਕੀਮਤ ਤੇ ਚੀਜਾਂ ਨਹੀਂ ਵੇਚਦਾ ਸੀ ਨਾ ਹੀ ਕੋਈ ਘਟਿਆ ਕਿਸਮ ਦੀ ਚੀਜ ਵੇਚਦਾ. ਉਹ ਮੈਨੂੰ ਆਪਣੇ ਬੇਟੇ ਦੀ ਤਰ੍ਹਾਂ ਸਮਝਦੇ ਸੀ, ਪਰ ਸਵਾਨੀ ਸੁਦਖੋਰ ਸਨ ਅਤੇ ਜ਼ਿਆਦਾ ਹੀ ਲਾਲਚੀ. ਉਨ੍ਹਾਂ ਦੇ ਨਾਲ ਪਿੰਡ ਦੇ ਲੋਕਾਂ ਨੇ ਬੁਰਾ ਸਲੂਕ ਕੀਤਾ, ਜਦ ਤਕਸੀਮ ਹੋਈ. ਉਨ੍ਹਾਂ ਨੂੰ ਗਊ ਦਾ ਮਾਸ ਖਾਣ ਨੂੰ ਮਜਬੂਰ ਕੀਤਾ ਗਿਆ. ਮੈਨੂੰ ਅਤੇ ਸਾਡੇ ਪਰਵਾਰ ਨਾਲ, ਇਸ ਤਰ੍ਹਾਂ ਦਾ ਸਲੂਕ ਨਹੀਂ ਕੀਤਾ ਗਿਆ. ਦੂਜੀ ਤਰਫ਼, ਜਦ ਤੱਕ ਫ਼ੌਜ਼ ਨਹੀਂ ਆਈ, ਸਾਡੀ ਹਿਫ਼ਾਜ਼ਤ ਕੀਤੀ ਗਈ. ਹਾਂ, ਮੈਂ ਆਪਣੇ ਮੁਲਾਜ਼ਮਾਂ ਨੂੰ ਚੰਗੇ ਪੈਸੇ ਦੇਂਦਾ ਸੀ.

'ਮੇਘਨਾ, ਮਲਾਨੇ, ਚੰਦੂਰ ਸਾਡੇ ਪਿੰਡ ਦੇ ਮੁਸਲਿਮਾਂ ਦੀ ਜਾਤਾਂ ਸੀ. ਰੈਡਕਲੀਫ ਅਵਾਰਡ ਦੇ ਨੋ ਦਿਨਾਂ ਬਾਅਦ, ਮੈਂ, ਮੇਰੀ ਪਤਨੀ ਅਤੇ ਚਾਰ ਮੁੰਡੇ ਚਲੇ ਆਏ. ਜਦ ਅਸੀਂ ਪਿੰਡ ਛੱਡ ਕੇ ਜਾ ਰਹੇ ਸੀ, ਇੱਕ ਬੰਦਾ ਆਇਆ ਅਤੇ ਮੈਨੂੰ ਪੰਜ ਸੇਰ ਘਿਉ ਦਿੱਤਾ, ਜਦ ਕਿ ਦੂਜੇਆਂ ਨੇ ਮੇਰੇ ਮੁੰਡੇਆ ਨੂੰ ਪੈਸੇ ਦਿੱਤੇ. ਜਦ ਮੈਂ ਇਧਰ ਆ ਗਿਆ, ਤਦ ਵੀ ਪੁਰਾਣੇ ਸੰਪਰਕ ਕਾਇਮ ਸਨ. ਉਹ ਮੈਨੂੰ ਲਿਖਦੇ, ਮੈਂ ਉਨ੍ਹਾਂ ਨੂੰ. ਪਰ, ਕੁੱਝ ਸਾਲਾਂ ਬਾਅਦ, ਇਹ ਸਿਲਸਿਲਾ ਬੰਦ ਹੋ ਗਿਆ. ਹੁਣ ਮੈਂ ਹੋਰ ਕੋਈ ਪੱਤਰ ਨਹੀਂ ਲਿਖਦਾ ਹਾਂ. ਮੈਂ ਕਿਸ਼ਨਪੁਰਾ ਤੇ ਵਸ ਗਿਆ.

'ਜਦ ਅਸੀਂ ਤੁਰੇ, ਸਾਡੇ ਨਾਲ, ਸਾਡੀ ਹਿਫ਼ਾਜ਼ਤ ਲਈ, ਫ਼ੌਜ਼ ਦੀ ਇੱਕ ਡੋਗਰਾ ਟੁਕੜੀ ਮੌਜੂਦ ਸੀ. ਕਾਫ਼ਿਲਾ ਨੋ ਮੀਲ ਲੰਬਾ ਸੀ. ਪਿੰਡ ਮਿਆਂ ਖ਼ਾਨ ਵੱਟੂ ਦੇ ਲੋਕਾ ਨੇ ਇੱਕ ਸੁਨੇਹਾ ਭੇਜਿਆ ਕਿ ਅਸੀਂ ਸਿਰਫ਼ ਤਿੰਨ ਦਿਨਾਂ ਦੇ ਖਾਣ ਦਾ ਸਾਮਾਨ ਨਾਲ ਰੱਖਿਐ ਅਤੇ ਸਾਨੂ ਸਾਰੇ ਡੰਗਰ ਛੱਡ ਦੇਣੇ ਚਾਹੀਦੇ ਨੇ, ਪਰ ਡੋਗਰਾ ਫ਼ੌਜ਼ੀ ਜੋ ਸਾਡੇ ਨਾਲ ਸਨ, ਕਿਹਾ ਕਿ ਉਹ ਸਾਡੇ ਉਪਰ ਕਿਸੇ ਨੂੰ ਹਮਲਾ ਨਹੀਂ ਕਰਣ ਦੇਣਗੇ, ਅਤੇ ਸਾਨੂ ਆਪਣੇ ਪਸੂ ਛੱਡਣ ਦੀ ਲੋੜ ਨਹੀਂ ਸੀ. ਅਤੇ, ਕੋਈ ਹਮਲਾ ਨਹੀਂ ਹੋਇਆ. ਅਸੀਂ ਪਹਿਲਾਂ ਫ਼ਾਜ਼ਿਲਕਾ ਤੇ ਰਹੇ, ਫਿਰ ਸਾਨੂ ਸਹਾਰਨਪੁਰ ਭੇਜਿਆ ਗਿਆ ਅਤੇ ਫਿਰ ਅੰਬਾਲਾ. ਅਸੀਂ ਇੱਕ ਕੈਂਪ ਤੇ ਰਹੇ. ਲੋਕ ਸਾਨੂ ਮਿਠਾਇਆਂ ਭੇਜਦੇ ਸੀ.

ਮੇਰੇ ਬੇਟੇ ਮੇਰੇ ਨਾਲ ਸੀ. ਮੇਰਾ ਵੱਡਾ ਮੁੰਡਾ ਉਸ ਵਕਤ ਛੇਵੀਂ ਜਮਾਤ ਤੇ ਸੀ. ਬਾਅਦ ਤੇ, ਮੈਂ ਇੱਕ ਨਜਦੀਕ ਦੇ ਪਿੰਡ ਸ਼ਾਬਾਜ਼ਪੁਰਾ, ਆ ਗਿਆ ਜਿੱਥੇ ਸਾਡੇ ਰਿਸ਼ਤੇਦਾਰ ਰਹਿੰਦੇ ਸੀ. ਇਥੇ, ਮੈਂ ਇੱਕ ਰੇੜੀ ਤੇ ਸਬਜ਼ੀਆਂ ਵੇਚਦਾ ਸੀ ਅਤੇ ਦੁਬਾਰਾ 1954 ਤੇ ਇੱਕ ਛੋਟੀ ਦੁਕਾਨ ਲਗਾਉਣ ਤੇ ਕਾਮਯਾਬ ਹੋ ਗਿਆ. ਇਥੇ ਮੈਂ ਆਪਣਾ ਵਪਾਰ ਸ਼ੁਰੂ ਕੀਤਾ. ਮੈਂ ਦੋ ਸਥਾਨਕ ਦੁਕਾਨਦਾਰਾਂ ਨਾਲ ਮੁਕਾਬਲਾ ਕੀਤਾ ਪਰ ਜ਼ਿਆਦਾ ਕਾਮਯਾਬ ਹੋ ਗਿਆ. ਹੁਣ ਸਾਡੀ ਖੇਤੀ-ਬਾੜੀ ਦੀ ਜ਼ਮੀਨ ਹੈ ਅਤੇ ਅਸੀਂ ਕਾਫ਼ੀ ਖੁਸ਼ਹਾਲ ਹਾਂ.'

ਪਾਕਪਟੱਨ

ਪਾਕਪਟੱਨ ਇਸ ਲਈ ਮਸ਼ਹੂਰ ਹੈ ਕਿ ਸਭ ਤੋਂ ਸਤਕਾਰਯੋਗ ਸੂਫ਼ੀਆਂ ਵਿੱਚ ਇੱਕ, ਬਾਬਾ ਫ਼ਰੀਦੁਦੀਨ ਗੰਜਸ਼ੰਕਰ, ਨੂੰ ਇਥੇ ਦਫ਼ਨਾਇਆ ਗਿਆ ਹੈ. ਖੋਸਲਾ ਰਿਪੋਰਟ ਜ਼ਿਕਰ ਕਰਦੀ ਹੈ ਕਿ ਪਾਕਪਟੱਨ ਨੂੰ 23 ਅਤੇ 24 ਅਗਸਤ ਨੂੰ ਲੁੱਟਿਆ ਗਿਆ ਸੀ ਅਤੇ ਅਗਲੇ ਦਿਨ ਹਿੰਦੂਆਂ ਅਤੇ ਸਿੱਖਾਂ ਦਾ ਇੱਕ ਕਾਫ਼ਿਲਾ ਸ਼ਹਿਰ ਛੱਡ ਕੇ ਚਲਾ ਗਿਆ. ਉਨ੍ਹਾਂ ਨੂੰ ਚੱਕ ਦੌਲਾ ਬਾਲਾ ਤੇ ਰੋਕਿਆ ਗਿਆ ਜਿੱਥੇ ਦੇ ਮੁਸਲਿਮ ਜ਼ੈਲਦਾਰਾਂ ਨੇ ਐਲਾਨ ਕੀਤਾ ਕਿ ਉਸ ਨੂੰ ਡਿਪਟੀ ਕਮੀਸ਼ਨਰ ਅਤੇ ਪੁਲਿਸ ਐਸ.ਪੀ. ਨੇ ਹੁਕਮ ਦਿੱਤਾ ਸੀ ਕਿ ਸਾਰੇ ਸਿੱਖਾਂ ਨੂੰ ਮਾਰ ਦਿੱਤਾ ਜਾਵੇ. ਹਿੰਦੂ ਇਸਲਾਮ ਕਬੂਲ ਕਰ ਕੇ ਬੱਚ ਗਏ. ਸਿੱਖਾਂ ਨੂੰ ਉਨ੍ਹਾਂ ਦੇ ਸਹ-ਧਰਮੀਆਂ ਦੁਆਰਾ ਪੂਰਬੀ ਪੰਜਾਬ ਵਿੱਚ, ਮੁਸਲਿਮਾਂ ਦੇ ਖ਼ਿਲਾਫ਼ ਕੀਤੇ ਸਲੂਕ ਦੀ ਕੀਮਤ ਚੁਕਾਨੀ ਪਈ. ਹਿੰਦੂਆਂ ਨੇ ਆਪਣਾ ਮਜ਼ੂਬ ਬਦਲ ਲੀਤਾ, ਪਰ ਜਦ ਇੰਡੀਆ ਦੀ ਫ਼ੌਜ਼ ਆਈ, ਉਨ੍ਹਾਂ ਨੇ ਇੰਡੀਆ ਜਾਣ ਦਾ ਫ਼ੈਸਲਾ ਕੀਤਾ. ਇਹ 27 ਸਤੰਬਰ ਨੂੰ ਹੋਇਆ (1989: 163). ਸ਼ਮੁਚੇ ਤੌਰ ਤੇ, ਪਾਕਪਟੱਨ ਤੇ ਜ਼ਿਆਦਾ ਜਾਨੀ ਨੁਕਸਾਨ ਨਹੀਂ ਹੋਇਆ. ਸਈਦ ਅਫ਼ਜ਼ਲ ਹੈਦਰ ਜਿਨ੍ਹਾਂ ਦੀ ਗਵਾਹੀ, ਪੰਜਾਬ ਬਾਉਂਡਰੀ ਕਮੀਸ਼ਨ ਦੇ ਤਾਲੁੱਕ ਤੇ, ਪਹਿਲਾਂ ਹੀ ਪੇਸ਼ ਕੀਤੀ ਗਈ ਹੈ, ਉਸ ਵਕਤ ਕੀ ਹੋਇਆ, ਉਨ੍ਹਾਂ ਨੇ ਹੇਠ ਪੇਸ਼ ਕੀਤਾ ਹੈ:

ਸਈਦ ਅਫ਼ਜ਼ਲ ਹੈਦਰ

'ਮੇਰੇ ਵਾਲਿਦ ਸਈਦ ਮੁਹੱਮਦ ਸ਼ਾਹ ਨੇ ਮੁਸਲਿਮਾਂ ਦੇ ਜਾਗਰਣ ਵਿੱਚ ਇੱਕ ਅਹਿਮ ਕਿਰਦਾਰ ਨਿਭਾਇਆ. ਪੰਜਾਬ ਵਿੱਚ, ਉਹ ਮੁਸਲਿਮ ਲੀਗ ਦੇ ਇੱਕ ਆਗੂ ਸਨ. ਹਾਲਾਂਕਿ, ਅਸੀਂ ਸ਼ਿਆ ਹਾਂ, ਮੇਰੇ ਵਾਲਿਦ ਸ਼ੁਕਰਵਾਰ ਦੀ ਨਮਾਜ਼ ਅਦਾ ਹੋਣ ਦੇ ਬਾਅਦ, ਮੁੱਖ ਮਸੀਤ ਤੇ, ਮੁਸਲਿਮ ਲੀਗ ਨੂੰ ਸਮਰਥਨ ਦੇਣ ਦੀ ਲੋੜ ਉਪਰ ਭਾਸ਼ਣ ਦੇਂਦੇ ਅਤੇ ਮੇਰੀ ਮਾਂ, ਔਰਤਾਂ ਨੂੰ, ਕਈਆ ਨੂੰ ਪਿੰਡਾਂ ਤੋਂ, ਲਾਉਣ ਦੀ ਕੋਸ਼ਿਸ਼ ਕਰਦੀ, ਤਾਂਕਿ ਉਹ ਆ ਕੇ ਮੇਰੇ ਵਾਲਿਦ ਨੂੰ ਸੁਣਣ. ਪਾਕਪਟੱਨ ਦਾ ਪ੍ਰਬਲ ਪਰਵਾਰ ਦੀਵਾਨ ਸਾਹਿਬ ਦਾ ਸੀ, ਜੋ ਹਜ਼ਰਤ ਬਾਬਾ ਫ਼ਰੀਦੁਦੀਨ ਗੰਜਸ਼ੰਕਰ ਦੀ ਦਰਗਾਹ ਦੀ ਦੇਖ-ਰੇਖ ਕਰਦੇ ਸੀ. ਪਾਕਪਟੱਨ ਦੇ ਹਿੰਦੂਆਂ ਦੀ ਕਾਫ਼ੀ ਸੰਪਤੀ ਸੀ. ਸਾਰੇ ਵਿਕਸਤ ਇਲਾਕੇ ਹਿੰਦੂਆਂ ਦੇ ਸੀ. ਉਨ੍ਹਾਂ ਦੀ ਖੁਦ ਦੀ ਬੈਂਕ ਸੀ ਅਤੇ ਉਹ ਪਾਕਪਟੱਨ ਦੇ ਵਪਾਰ ਦੀ ਪੂਰੀ ਤਰ੍ਹਾਂ ਪ੍ਰਧਾਨਗੀ ਕਰਦੇ ਸੀ. ਉਨ੍ਹਾਂ ਦੇ ਦੀਵਾਨ ਸਾਹਿਬ ਨਾਲ ਬਹੁਤ ਉਮਦਾ ਰਿਸ਼ਤੇ ਸਨ. ਮੁਸਲਿਮ ਗਰੀਬ ਸਨ. 1910 ਤੇ ਸਾਰੇ ਮੁਸਲਿਮ ਜ਼ਿਮੀਦਾਰਾਂ ਨੇ ਪਾਕਪਟੱਨ ਤੇ ਇੱਕ ਸਕੂਲ ਦੇ ਖੁਲਣ ਦੀ ਮੁਖਾਲਫ਼ਤ ਕਿੱਤੀ. ਇਸ ਦੇ ਚਲਦੇ, ਮੇਰੇ ਵਾਲਿਦ ਨੇ ਮੁਸਲਿਮਾਂ ਨੂੰ ਪੜ੍ਹਾਉਣ ਦੀ ਇੱਕ ਤੇਹਰੀਕ ਸ਼ੁਰੂ ਕੀਤੀ. ਉਨ੍ਹਾਂ ਨੇ ਇੱਕ ਸਹਕਾਰੀ ਬੈਂਕ ਦੀ ਸ਼ਥਾਪਨਾ ਕੀਤੀ. ਮੇਰੇ ਦਾਦਾ ਕੋਲ 81 ਮੁਰੱਬਾ ਜ਼ਮੀਨ ਸੀ, ਪਰ ਉਸ ਵਕਤ ਜ਼ਮੀਨ ਤੋਂ ਆਮਦਨੀ,

ਨਾ ਦੇ ਬਰਾਬਰ ਸੀ. ਇਥੇ ਤੱਕ ਕਿ, ਉਸ ਆਮਦਨੀ ਤੋਂ, ਜ਼ਮੀਨ ਦਾ ਮਾਲਗੁਜ਼ਾਰੀ ਟੈਕਸ ਦੇਣਾ ਵੀ ਮੁਸਕਲ ਸੀ. ਵਪਾਰ ਅਤੇ ਵਣਜ ਵਿੱਚ ਬਹੁਤ ਜ਼ਿਆਦਾ ਪੈਸਾ ਸੀ.

'ਹਕੀਕਤ ਤੇ ਇਹ ਹੈ ਕਿ ਪਾਕਿਸਤਾਨ 15 ਅਗਸਤ ਨੂੰ ਬਣਿਆ ਨਾ ਕਿ 14 ਅਗਸਤ ਨੂੰ. 15 ਅਗਸਤ ਨੂੰ ਮੇਰੇ ਵਾਲਿਦ ਦੇ ਮੁੰਸ਼ੀ, ਅਲ੍ਹਾ ਦਿੱਤਾ, ਨੇ ਉਨ੍ਹਾਂ ਨੂੰ ਕਿਹਾ ਕਿ ਪਾਕਪਟੱਨ ਤੇ ਇੱਕ ਫ਼ਿਰਕੂ ਝਵਪ ਹੋਣ ਵਾਲੀ ਸੀ. ਮੇਰੇ ਵਾਲਿਦ ਉਸ ਵਕਤ ਜ਼ੋਹਰ ਦੀ ਨਮਾਜ਼ ਅਦਾ ਕਰ ਰਹੇ ਸੀ. ਉਹ ਨਮਾਜ਼ ਬਗੈਰ ਪੁਰੀ ਕੀਤੇ, ਨੰਗੇ ਪੈਰ ਦੌੜੇ. ਉਹ ਇਕਦਮ ਠੀਕ ਵਕਤ ਤੇ ਪਹੁੰਚ ਗਏ ਅਤੇ ਇੱਕ ਭੱਦੇ ਝਗੜੇ ਨੂੰ ਹੋਣ ਤੋਂ ਰੋਕਿਆ. ਹਿੰਦੂ ਇੱਕ ਤਰਫ਼ ਹਥਿਆਰ ਲੈ ਕੇ ਤਿਆਰ ਸਨ ਅਤੇ ਮੁਕਾਬਲਾ ਕਰਣ ਲਈ, ਮੁਸਲਿਮ ਦੂਜੀ ਤਰਫ਼. ਕੁੱਝ ਦਿਨਾਂ ਬਾਅਦ, ਹਿੰਦੂ ਸੁਲੇਮਾਨੀ ਹੇਡਵਰਕਸ ਦੇ ਰਾਹ, ਪਾਕਪਟੱਨ ਛੱਡ ਕੇ ਚਲੇ ਗਏ. ਪਾਕਪਟੱਨ ਤੇ ਬਹੁਤ ਘੱਟ ਮੌਤਾਂ ਹੋਇਆਂ. ਹਿੰਦੂ ਸੰਪਤੀ ਨੂੰ ਉਨ੍ਹਾਂ ਦੇ ਜਾਣ ਦੇ ਬਾਅਦ ਲੁੱਟ ਲੀਤਾ ਗਿਆ.

'ਇੱਕ ਹਿੰਦੂ ਅਤੇ ਉਸ ਦੀ ਤਿੰਨ ਛੋਟੀ ਬੇਟਿਆਂ ਇੱਕ ਨਹਿਰ ਦੇ ਕਿਨਾਰੇ ਬਰਾਬਰ ਤੁਰ ਰਹੇ ਸੀ. ਜਦ ਉਹ ਬਸੀਰਪੁਰ ਪਹੁੰਚੇ, ਕਿਸੇ ਨੇ ਉਸ ਬੰਦੇ ਨੂੰ ਮਾਰ ਦਿੱਤਾ ਅਤੇ ਉਸ ਦੀ ਕੁੜਿਆਂ ਨੂੰ ਅਗਵਾ ਕਰ ਲੀਤਾ ਗਿਆ. ਇਸ ਦੇ ਚਲਦੇ, ਉਸ ਇਲਾਕੇ ਤੇ ਰੌਲਾ ਪੈ ਗਿਆ. ਬਸੀਰਪੁਰ ਦੇ ਇੱਕ ਸੁਫ਼ੀ ਨੇ ਦਖ਼ਲ ਦਿੱਤਾ ਅਤੇ ਉਣ ਕੁੜਿਆਂ ਨੂੰ ਘੱਰ ਲੈ ਆਇਆ. ਉਸ ਨੇ ਅਗਵਾ ਕਰਣ ਵਾਲੇ ਲੋਕਾਂ ਨੂੰ ਕਿਹਾ ਕਿ, ਉਹ ਅਗਲੇ ਦਿਨ ਫ਼ੈਸਲਾ ਕਰਣਗੇ ਕਿ ਕੈਨ ਕਿਸ ਕੁੜੀ ਨਾਲ ਨਿਕਾਹ ਕਰੇਗਾ. ਪਰ ਅਗਲੇ ਦਿਨ, ਉਨ੍ਹਾਂ ਨੇ ਉਣ ਕੁੜਿਆਂ ਨੂੰ ਹਿਫ਼ਾਜ਼ਤ ਮੁਹੱਇਆ ਕਰਾ ਕੇ, ਸਰਹੱਦ ਪਾਰ ਕਰਾ ਦਿੱਤੀ.

'ਦੂਜੀ ਤਰਫ਼, ਸਿੱਖ ਮੁਸਲਿਮਾਂ ਦੇ ਇੱਕ ਕਾਫ਼ਿਲੇ ਨੂੰ ਹਮਲਾ ਕਰਣ ਦੀ ਕੋਸ਼ਿਸ਼ ਕਰ ਰਹੇ ਸੀ. ਉਹ ਤਿੰਨ ਕੁੜਿਆਂ ਸਾਹਮਣੇ ਆਈਆਂ ਅਤੇ ਕਿਹਾ ਕਿ ਉਨ੍ਹਾਂ ਨੂੰ ਮੁਸਲਿਮਾਂ ਨੇ ਬਚਾਇਆ ਹੈ, ਅਤੇ ਅਗਰ ਕਿਸੇ ਮੁਸਲਿਮ ਔਰਤ ਦਾ ਨੁਕਸਾਨ ਕੀਤਾ ਜਾਂਦਾ ਹੈ ਤੇ, ਉਹ ਖ਼ੁਦਕੁਸ਼ੀ ਕਰ ਲੈਣਗੀਆਂ. ਸਿੱਖ ਰੁਕ ਗਏ ਅਤੇ ਮੁਸਲਿਮ ਮਹਿਫ਼ੂਜ਼ ਤਰੀਕੇ ਨਾਲ ਸਰਹੱਦ ਪਾਰ ਕਰ ਕੇ ਪਾਕਿਸਤਾਨ ਆ ਗਏ. ਇਹ ਕਹਾਣੀ ਸਾਨੂ ਉਣ ਮੁਸਲਿਮਾਂ ਨੇ ਦੱਸੀ ਜੋ ਇੰਡੀਆਂ ਤੋਂ ਪਾਕਪਟੱਨ ਆਏ ਸੀ.

ਬਤੂਲ ਬੇਗਮ

ਬ੍ਰਿਗੇਡਿਅਰ (ਰਿ.) ਯਾਸੁਬ ਅਲੀ ਡੋਗਰ ਦੀ ਮਾਤਾ, ਬਤੂਲ ਬੇਗਮ ਨੇ ਨਿਮਨਲਿਖਤ ਕਿੱਸਾ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਵਾਲਿਦ, ਚੌਧਰੀ ਮੌਲਾ ਬਕਸ਼ ਡੋਗਰ ਨੇ ਸਿੱਖ ਔਰਤਾਂ ਅਤੇ ਕੁੜਿਆਂ ਦੀ ਜਾਨਾਂ ਬਚਾਇਆਂ, ਜਿਨ੍ਹਾਂ ਨੂੰ, ਉਨ੍ਹਾਂ ਦੇ ਹੀ ਪਰਵਾਰ ਵਾਲੇ ਮਾਰਣ ਦੀ ਧਮਕੀ ਦੇ ਰਹੇ ਸੀ. ਉਹ ਯਾਦ ਕਰਦੀ ਨੇ:

'1947 ਦੀ ਤਬਾਹੀ ਦੇ ਦੌਰਾਨ, ਮੇਰੇ ਨਾਨਾ ਜੋ ਇਸ ਇਲਾਕੇ ਦੇ ਨੰਬਰਦਾਰ ਵੀ ਸਨ, ਉਨ੍ਹਾਂ ਨੂੰ ਪਤਾ ਲਗਾ ਕਿ ਇੱਕ ਚੱਕੀ (ਛੋਟਾ ਪਿੰਡ), ਉਨ੍ਹਾਂ ਦੇ ਪਿੰਡ (ਚੱਕ 68/EB - ਆਰਿਫ਼ਵਾਲਾ) ਦੇ ਨਜਦੀਕ, ਦੇ ਸਿੱਖ ਤਇ ਕਰ ਚੁਕੇ ਸੀ ਉਹ ਆਪਣੀ ਔਰਤਾਂ ਨੂੰ ਸਾੜ ਕੇ ਮਾਰ ਦੇਣਗੇ. ਉਹ ਨਾਲੋ ਨਾਲ, ਆਪਣੇ ਘੋੜੇ ਤੇ ਸਵਾਰ ਹੋ ਕੇ, ਪੂਰੀ ਤੇਜੀ ਨਾਲ, ਕੱਚੀ ਕੰਧਾਂ ਅਤੇ ਦੁਸਰੀ ਰੁਕਾਵਟਾਂ ਨੂੰ ਟੱਪ ਕੇ ਗਏ. ਜਦ ਉਹ ਚੱਕੀ ਦੇ ਕਰੀਬ ਪਹੁੰਚੇ ਤਦ ਚੀਕ ਕੇ ਉਸ ਸਿੱਖ ਸਰਦਾਰ ਨੂੰ ਕਿਹਾ ਕਿ ਉਹ ਆਪਣੀ ਔਰਤਾ ਨੂੰ ਨਾ ਸਾੜਣ. ਸਿੱਖਾਂ ਦਾ ਆਗੂ ਉਨ੍ਹਾਂ ਦਾ ਦੋਸਤ ਸੀ, ਉਸ ਨੇ ਕਿਹਾ ਕਿ ਉਹ ਨਾ ਤੇ ਆਪਣੀ ਔਰਤਾਂ ਨੂੰ ਲੈ ਜਾ ਸਕਦੇ ਸੀ ਅਤੇ ਨਾ ਹੀ ਛੱਡ ਕੇ

ਜਾ ਸਕਦੇ ਸੀ, ਕਿਉਂਕਿ ਉਸ ਨੂੰ ਇੰਡੀਆ ਜਾਣ ਦੇ ਰਾਹ ਵਿੱਚ ਹਮਲੇ ਹੋਣ ਦਾ ਡਰ ਸੀ. ਉਹ ਆਪਣੀ ਔਰਤਾਂ ਨੂੰ ਅੱਗ ਨਾਲ ਸਾੜ ਦੇਣਗੇ ਪਰ ਉਨ੍ਹਾਂ ਦੇ ਅਗਵਾ, ਜਬਰ ਜਨਾਹ ਜਾਂ ਕਤਲ ਹੋਣ ਦਾ ਖ਼ਤਰਾ ਮੋਲ ਨਹੀਂ ਲੈ ਸਕਦੇ ਨੇ. ਉਹ ਉਸ ਇਲਾਕੇ ਦੇ ਚੌਧਰੀ ਸਨ ਅਤੇ ਇਸ ਤਰ੍ਹਾਂ ਦੀ ਬੇਇੱਜ਼ਤੀ ਬਰਦਾਸ਼ਤ ਨਹੀਂ ਕਰ ਸਕਦੇ ਸੀ.

'ਪਰ ਮੇਰੇ ਨਾਨਾ ਨੇ ਉਸ ਸਰਦਾਰ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀ ਔਰਤਾਂ ਨੂੰ ਹਿਫ਼ਾਜ਼ਤ ਮੁਹੱਇਆ ਕਰਾਣਗੇ. ਉਨ੍ਹਾਂ ਦੀ ਗੱਲ ਉਹ ਸਿੱਖ ਮੱਨ ਗਿਆ ਅਤੇ ਸਿੱਖ ਔਰਤਾਂ ਬੱਚ ਗਈਆਂ. ਮੇਰੇ ਨਾਨਾ ਨੇ ਉਨ੍ਹਾਂ ਨੂੰ ਇੰਡੀਆ ਨਾਲ ਲਗੇ ਸੁਲੈਮਾਨੀ ਸਰਹੱਦ ਤੱਕ ਹਿਫ਼ਾਜ਼ਤ ਮੁਹੱਇਆ ਕਰਾਈ. ਉਸੇ ਤਰ੍ਹਾਂ, ਸਾਡੇ ਪਰਵਾਰ ਨੇ ਚੱਕ 9 ਅਤੇ 10 12/ਲ, ਛਿਛਾਵੰਤੀ ਦੇ ਕਰੀਬ, ਦੇ ਸਿੱਖਾਂ ਨੂੰ ਹਿਫ਼ਾਜ਼ਤ ਮੁਹੱਇਆ ਕਰਾਈ. ਲੇ.ਕਰਨਲ ਹਰਗੁਰਜੀਤ ਸਿੰਘ ਸੰਧੂ ਜੋ ਮੇਰੇ ਚਾਚਾ ਚੌਧਰੀ ਨੁਰ ਕਰੀਮ ਡੋਗਰ ਦੇ ਜਮਾਤੀ ਸਨ ਅਤੇ ਇਣ ਪਿੰਡਾ ਨਾਲ ਤਾਲੁੱਕ ਰਖਦੇ ਦੀ, ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਵਾਰ ਨੂੰ ਵੀ ਹਿਫ਼ਾਜ਼ਤ ਦਿੱਤੀ ਗਈ, ਜਦ ਤੱਕ ਉਹ ਇੰਡੀਆ ਦੇ ਨਾਲ ਦੀ ਸਰਹੱਦ ਪਾਰ ਨਹੀਂ ਕੀਤੀ.'

ਝੰਗ, ਮਿਆਂਵਾਲੀ, ਡੇਰਾ ਘਾਜ਼ੀ ਖਾਨ ਅਤੇ ਰਿਆਸਤ ਬਹਾਵਲਪੁਰ

ਪਛੱਮ ਪੰਜਾਬ ਦੇ ਬਾਹਰੀ ਇਲਾਕੇ ਝੰਗ, ਮਿਆਂਵਾਲੀ, ਸ਼ਾਹਪੁਰ, ਮੁਜ਼ਫ਼ੱਰਗੜ ਅਤੇ ਡੇਰਾ ਘਾਜ਼ੀ ਖਾਨ ਤੇ ਮੁਸਲਿਮਾਂ ਦੀ ਆਬਾਦੀ ਦੀ ਫ਼ੀਸਦੀ ਬਹੁਤ ਜ਼ਿਆਦਾ ਸੀ. ਹਿੰਦੂ-ਸਿੱਖ ਆਬਾਦੀ ਦੀ ਫ਼ੀਸਦੀ ਸਿਰਫ਼ 17 ਸੀ, ਜਿਸ ਵਿੱਚ ਹਿੰਦੂ ਬਹੁਤ ਜ਼ਿਆਦਾ ਸਨ ਅਤੇ, ਸਿੱਖ ਸਮੁਦਾਇ ਦੀ ਆਬਾਦੀ ਬਹੁਤ ਘੱਟ ਸੀ. ਖੋਸਲਾ ਅਤੇ ਐਸ.ਜੀ.ਪੀ.ਸੀ. ਰਿਪੋਰਟਾਂ 15 ਅਗਸਤ ਦੇ ਬਾਅਦ ਹੋਈ ਘਟਣਾਵਾਂ ਬਾਰੇ ਕਾਫ਼ੀ ਕੁੱਝ ਦੱਸਦਿਆਂ ਨੇ. ਹਿੰਦੂਆਂ ਅਤੇ ਸਿੱਖਾਂ ਦਾ ਕਾਫ਼ੀ ਨੁਕਸਾਨ ਹੋਇਆ. ਖੋਸਲਾ ਰਿਪੋਰਟ ਦੇ ਮੁਤਾਬਕ, 20 ਅਗਸਤ ਤਕ, ਰਾਜਾ ਸੁਲਤਾਨ ਲਾਲ ਹੁਸੈਨ ਮੁਜ਼ਫ਼ੱਰਗੜ ਦੇ ਡਿਪਟੀ ਕਮੀਸ਼ਨਰ ਸਨ. ਉਨ੍ਹਾ ਦੇ ਜਾਣ ਤੋਂ ਬਾਅਦ, ਗੈਰ-ਮੁਸਲਿਮਾਂ ਉਪਰ ਬੜੀ ਬਰਬਰਤਾ ਨਾਲ ਹਮਲਾ ਕੀਤਾ ਗਿਆ (1989: 191–6).

ਝੰਗ

ਖੋਸਲਾ ਰਿਪੋਰਟ ਇਣ ਲੋਕਾਂ ਦੇ ਉਪਰ ਗੁੰਡੇਆਂ ਦੀ ਮਦਦ ਨਾਲ, ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼ ਫ਼ਸਾਦ ਕਰਾਉਣ ਲਈ ਇਲਜ਼ਾਮ ਲਗਾਂਦੀ ਹੈ: ਪੰਜਾਬ ਮੁਸਲਿਮ ਲੀਗ ਦੇ ਸਦੱਸ ਪੀਰ ਮੁਬਾਰਕ ਅਲੀ ਸ਼ਾਹ, ਜ਼ਿਲ੍ਹਾ ਮਜਿਸਟਰੇਟ ਜ਼ਫ਼ਰ-ਉਲ-ਹੱਕ ਖ਼ਾਨ, ਏ.ਜ਼ਿਲ੍ਹਾ.ਮਜਿਸਟਰੇਟ ਮੋਹੱਮਦ ਅਕਬਰ ਅਤੇ ਸ਼ਹਿਰ ਦੇ ਮਜਿਸਟਰੇਟ ਹਸਨਤ ਅਹਿਮਦ. ਰਿਪੋਰਟ ਦੇ ਮੁਤਾਬਕ, ਦੰਗੇ 25 ਅਗਸਤ ਨੂੰ ਸ਼ੁਰੂ ਹੋਏ (1989: 179–84).

ਗੁਰਦੇਵ ਸਿੰਘ

'ਮੈਂ ਮੁੱਖ ਬਾਜ਼ਾਰ ਤੇ ਆਪਣੀ ਫ਼ਲ ਦੀ ਖੁਰਲੀ ਤੇ ਖੜ੍ਹਾ ਸੀ ਜਦ ਮੁਸਲਿਮ ਗੁੰਡੇਆਂ ਨੇ ਬਾਜ਼ਾਰ ਉਪਰ ਹਮਲਾ ਕਰ ਦਿੱਤਾ ਜਿੱਥੇ, ਖ਼ਾਸ ਕਰ ਕੇ, ਹਿੰਦੂਆਂ ਦੀ ਦੁਕਾਨਾਂ ਸੀ. ਕੁੱਝ ਸਿੱਖ ਦੁਕਾਨਦਾਰ ਵੀ ਹੈਗੇ ਸੀ. ਮੈਨੂੰ ਤਾਰੀਖ

ਯਾਦ ਨਹੀਂ ਹੈ ਕਿਉਂਕਿ ਮੈਨੂੰ ਤਾਲੀਮ ਹਾਸਲ ਨਹੀਂ ਹੋਈ ਹੈ. ਪਰ ਪਾਕਿਸਤਾਨ ਬਣ ਗਿਆ ਸੀ. ਹਿੰਦੂਆਂ ਅਤੇ ਸਿੱਖਾਂ ਨੇ ਉਥੇ ਰਹਿਣ ਦਾ ਫ਼ੈਸਲਾ ਕੀਤਾ ਕਿਉਂਕਿ ਸਾਡੇ ਮੁਸਲਿਮਾਂ ਨਾਲ ਬਹੁਤ ਚੰਗੇ ਰਿਸ਼ਤੇ ਸੀ. ਪਰ, ਸ਼ਾਹਜੀ (ਪੀਰ ਮੁਬਾਰਕ ਅਲੀ ਸ਼ਾਹ) ਨੇ ਗੁੰਡੇਆ ਨੂੰ ਭੜਕਾਇਆ ਤਾਂਕਿ ਉਹ ਸਾਡੇ ਉਪਰ ਹਮਲਾ ਕਰਣ. ਪਹਿਲਾਂ, ਮੁਹਰੱਮ ਦੇ ਵਕਤ, ਹਿੰਦੂ ਅਤੇ ਸਿੱਖ ਅਸ਼ੁਰਾ ਦੇ ਜਲੂਸ ਵਿੱਚ ਹਿੱਸਾ ਲੈਂਦੇ ਸੀ. ਉਹ ਸਭ ਨੂੰ ਅਸੀਸ ਦੇਂਦੇ ਸੀ ਪਰ ਹੁਣ ਉਹ ਇੱਕ ਅਸੁਰ ਬਣ ਗਏ ਸੀ. ਬੰਦੂਕਾਂ, ਬਰਛੇ ਅਤੇ ਲੰਬੇ ਚਾਕੂਆਂ ਦਾ ਇਸਤੇਮਾਲ ਕੀਤਾ ਗਿਆ. ਸਾਡੇ ਕੋਲ ਕਿਰਪਾਨਾਂ ਸੀ ਅਤੇ ਅਸੀਂ ਬਚ ਕੇ ਨਿਕਲਣ ਤੇ ਕਾਮਯਾਬ ਹੋ ਗਏ, ਪਰ ਹਿੰਦੂਆ ਕੋਲ ਕੋਈ ਹਥਿਆਰ ਨਹੀਂ ਸਨ. ਉਨ੍ਹਾਂ ਨੂੰ ਆਸਾਨੀ ਨਾਲ ਕਾਬੂ ਕਰ ਲੀਤਾ ਗਿਆ. ਕੁੱਝ ਮੁਸਲਿਮ ਬਣ ਗਏ ਅਤੇ ਦੂਜੇ ਮਾਰ ਦਿੱਤੇ ਗਏ.

'ਮੈਂ ਅਤੇ ਮੇਰਾ ਰਿਸ਼ਤੇ ਦਾ ਭਰਾ, ਬੁਟਾ ਸਿੰਘ, ਕਈ ਦਿਨਾਂ ਤੱਕ ਖੇਤਾਂ ਤੇ ਲੁੱਕੇ ਰਹੇ. ਅਸੀਂ ਚਾਰੇ ਪਾਸੇ ਅੱਗਾਂ ਵੇਖ ਰਹੇ ਸੀ ਅਤੇ ਲੋਕ ਦਇਆ ਦੀ ਭੀਖ ਲਈ ਰੋ ਰਹੇ ਸੀ ਪਰ ਗੁੰਡੇਆਂ ਨੇ ਕੋਈ ਤਰਸ ਨਹੀਂ ਦਿਖਾਇਆ. ਬੱਚੇਆ ਨੂੰ ਵੀ ਹਲਾਕ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਲਾਸ਼ਾਂ ਨੂੰ ਬਰਛੇ ਉਪਰ ਸੂਲੀ ਤੇ ਚੜ੍ਹਾ ਦਿੱਤਾ ਗਿਆ. ਅਸੀਂ ਸ਼ਾਮ ਨੂੰ ਲੁੱਕ ਕੇ ਕੁੱਝ ਖਾਣਾ ਲੈ ਆਂਦੇ ਜਾਂ ਘਾਹ ਖਾ ਕੇ ਗੁਜ਼ਾਰਾ ਕਰ ਲੈਂਦੇ ਅਤੇ ਇਸ ਤਰ੍ਹਾਂ ਅਸੀਂ ਦੋ ਹਫ਼ਤੇ ਤੋਂ ਜ਼ਿਆਦਾ ਬਚੇ ਰਹੇ. ਹੌਲੀ ਹੌਲੀ, ਦੂਜੇ ਕਈ ਹਿੰਦੂ ਜਾਂ ਸਿੱਖ ਜੋ ਖੇਤਾਂ ਤੇ ਲੁੱਕੇ ਹੋਏ ਸੀ, ਇਕੱਠਾ ਹੋਣ ਲਗੇ ਅਤੇ ਅਸੀਂ ਮਦਦ ਦਾ ਇੰਤਜ਼ਾਰ ਕਰਦੇ ਰਹੇ. ਤਦ ਇੱਕ ਬ੍ਰਿਟਿਸ਼ ਅਫ਼ਸਰ, ਪੁਲਿਸ ਲੈ ਕੇ ਆਇਆ ਅਤੇ ਬਚੇ ਹੋਏ ਲੋਕਾ ਨੂੰ ਇਕੱਠਾ ਕੀਤਾ. ਕੁੱਝ ਲੋਕਾਂ ਨੇ ਮੁਸਲਿਮਾਂ ਕੋਲ ਪਨਾਹ ਲਈ ਸੀ. ਸਾਰੇ ਮੁਸਲਿਮ ਬੁਰੇ ਨਹੀਂ ਸਨ. ਸਾਨੂੰ ਟਰੱਕਾਂ ਵਿੱਚ ਭਰ ਕੇ ਸੁਲੈਮਾਂਕੀ ਲੈ ਆਇਆ ਗਿਆ ਜਿੱਥੇ ਅਸੀਂ ਸਰਹੱਦ ਪਾਰ ਕਰ ਕੇ ਇੰਡੀਆ ਆ ਗਏ. ਮੇਰਾ ਕੋਈ ਪਰਵਾਰ ਨਹੀਂ ਸੀ ਅਤੇ ਮੈਨੂੰ ਮੇਰੇ ਇੱਕ ਚਾਚੇ ਨੇ ਵੱਡਾ ਕੀਤਾ ਸੀ. ਉਹ ਪਾਕਿਸਤਾਨ ਬਣਨ ਤੋਂ ਕੁੱਝ ਹੀ ਮਹੀਨੇ ਪਹਿਲਾਂ, ਮਰ ਗਏ ਸੀ. ਉਨ੍ਹਾਂ ਦੀ ਪਤਨੀ ਬਹੁਤ ਪਹਿਲਾਂ ਮਰ ਚੁਕੀ ਸੀ. ਅਤੇ ਹੁਣ ਸਿਰਫ਼ ਮੈਂ ਅਤੇ ਮੇਰੇ ਰਿਸ਼ਤੇ ਦਾ ਭਰਾ ਬਚੇ ਸੀ.

'ਮੈਂ ਇੱਕ ਗੱਲ ਜ਼ਰੂਰ ਕਬੂਲ ਕਰਾਂਗਾ ਕਿ ਬਾਅਦ ਤੇ ਅਸੀਂ ਸਿੱਖ ਜੱਥੇ ਤੇ ਸ਼ਾਮਲ ਹੋ ਗਏ ਅਤੇ ਦੂਜੀ ਤਰਫ਼ ਮੁਸਲਿਮਾਂ ਉਪਰ ਕਈ ਹਮਲੇਆਂ ਵਿੱਚ ਹਿੱਸਾ ਲੀਤਾ. ਮੈਨੂੰ ਇਹ ਨਾ ਪੁਛੋ ਕਿ ਮੈਂ ਕਿਸੇ ਮੁਸਲਿਮ ਨੂੰ ਹਲਾਕ ਕੀਤਾ ਜਾਂ ਨਹੀਂ. ਕਤਲ ਕਰਨਾ ਗੁਨਾਹ ਹੈ, ਪਰ ਉਹ ਬੁਰੇ ਦਿਨ ਸਨ. ਹਾਂ, ਮੈਂ ਫ਼ਾਜ਼ਿਲਕਾ ਅਤੇ ਬਾਅਦ ਤੇ ਮੁਕਤਸਰ ਵਿੱਚ, ਚਾਰੇ ਪਾਸੇ ਲਾਸ਼ਾਂ ਵੇਖਿਆਂ.

ਬੀ.ਆਰ.ਲਾਲ

'ਮੇਰਾ ਜਨਮ 15 ਮਈ 1925 ਨੂੰ ਅਹਿਮਦਪੁਰ ਸਿਆਲ, ਜੋ ਝੰਗ ਦਾ ਇੱਕ ਛੋਟਾ ਪਿੰਡ ਸੀ, ਇੱਕ ਹਿੰਦੂ ਅਰੋੜਾ ਪਰਵਾਰ ਵਿੱਚ ਹੋਇਆ. ਪਛੱਮ ਪੰਜਾਬ ਵਿੱਚ ਅਰੋੜੇ ਅਤੇ ਖਤਰੀ, ਮੁੱਖ ਹਿੰਦੂ ਵਪਾਰੀ ਸਮੁਦਾਇ ਸੀ. ਸਾਡਾ ਅਹਿਮਦਪੁਰ ਸਿਆਲ ਤੇ ਇੱਕ ਛੋਟਾ ਵਪਾਰ ਸੀ ਅਤੇ ਉਥੇ 90 ਫ਼ੀਸਦੀ ਆਬਾਦੀ ਮੁਸਲਿਮ ਸੀ. ਮੈਂ ਇਸਲਾਮੀਆ ਪ੍ਰਾਇਮਰੀ ਸਕੂਲ ਤੇ ਪੜ੍ਹਿਆ ਅਤੇ ਫਿਰ ਇੱਕ ਸਕਾਲਰਸ਼ਿਪ ਜਿੱਤ ਕੇ, ਡੀ.ਏ.ਵੀ.ਸਕੂਲ ਤੇ ਦਾਖ਼ਲਾ ਲੀਤਾ ਅਤੇ ਮੈਂ ਖਾਨੇਵਾਲ ਤੋਂ ਮੈਟਰੀਕ ਪਾਸ ਕੀਤੀ. ਗੜਬੜੀ ਸ਼ੁਰੂ ਹੋਣ ਤੋਂ ਪਹਿਲਾਂ, ਕਦੀ ਕੋਈ ਤਣਾਅ ਨਹੀਂ ਸੀ, ਹਾਲਾਂਕਿ ਮਾਰਚ ਤੇ, ਝੰਘ ਸ਼ਹਿਰ ਤੇ ਕੁੱਝ ਫ਼ਸਾਦ ਹੋਏ ਸੀ. ਪਰ ਅਗਸਤ ਦੇ ਆਖ਼ਰ ਤੇ

ਦੰਗੇ ਭੜਕ ਉਠੇ ਅਤੇ ਅਹਿਮਦਪੁਰ ਸਿਆਲ ਵੀ ਪ੍ਰਭਾਵਤ ਹੋਇਆ. ਮੇਰੇ ਪਿਤਾ ਦਾ ਕਤਲ ਕਰ ਦਿੱਤਾ ਗਿਆ ਅਤੇ ਫਿਰ ਮੇਰੇ ਭਰਾ ਨੂੰ ਵੀ ਮਾਰ ਦਿੱਤਾ ਗਿਆ, ਜਦ ਇੱਕ ਭੀੜ ਨੇ ਸਾਡੇ ਘਰ ਨੂੰ ਘੇਰ ਕੇ ਹਮਲਾ ਕਰ ਦਿੱਤਾ. ਬਾਕੀ ਪਰਵਾਰ ਨੂੰ ਫ਼ੌਜੀ ਹਿਫ਼ਾਜ਼ਤ ਨਾਲ ਲਾਹੌਰ ਲੈ ਆਉਂਦਾ ਗਿਆ, ਜਿੱਥੇ ਅਸੀਂ ਡੀ.ਏ.ਵੀ.ਕਾਲਜ ਦੇ ਸ਼ਰਨਾਰਥੀ ਕੈਂਪ ਤੇ ਕੁੱਝ ਵਕਤ ਤੱਕ ਰਹੇ. ਫਿਰ ਸਰਹੱਦ ਪਾਰ ਕਰ ਕੇ ਅਸੀਂ ਇੰਡੀਆ ਆ ਗਏ. ਉਥੇ ਮੇਰੇ ਛੋਟੇ ਭਰਾ ਨੂੰ ਛੁਰਾ ਮਾਰ ਦਿੱਤਾ ਗਿਆ ਅਤੇ ਉਹ ਹਲਾਕ ਹੋ ਗਿਆ. ਕਿਸੇ ਨੂੰ ਨਹੀਂ ਪਤਾ ਇਹ ਕਿਸ ਨੇ ਕੀਤਾ. ਅਤੇ, ਤਕਸੀਮ ਦੇ ਦੌਰਾਨ, ਮੈਂ ਆਪਣੇ ਪਿਤਾ ਅਤੇ ਦੋ ਭਰਾਵਾਂ ਨੂੰ ਗੁਆ ਦਿੱਤਾ. ਇਸ ਨੇ ਸਾਨੂ ਝਕਜੋਰ ਕੇ ਰੱਖ ਦਿੱਤਾ, ਪਰ ਹੁਣ ਸਾਡੇ ਹਾਲਾਤ ਬਿਹਤਰ ਹੋ ਗਏ ਨੇ. ਇਥੇ, ਦਿੱਲੀ ਤੇ ਮੇਰੇ ਮੁਸਲਿਮ ਦੋਸਤ ਮੌਜੂਦ ਨੇ.'

ਡੇਰਾ ਘਾਜ਼ੀ ਖ਼ਾਨ

ਖੋਸਲਾ ਰਿਪੋਰਟ ਦੱਸਦੀ ਹੈ ਕਿ ਡੇਰਾ ਘਾਜ਼ੀ ਖ਼ਾਨ ਤੇ ਪਾਕਿਸਤਾਨ ਦਾ ਖ਼ਿਆਲ ਇੱਕ ਅਨਜਾਣ ਚੀਜ ਸੀ. ਹਿੰਦੂ-ਸਿੱਖ ਆਬਾਦੀ 12 ਫ਼ੀਸਦੀ ਸੀ, ਲੱਗਭਗ ਸਾਰੇ ਹਿੰਦੂ ਅਤੇ ਥੋੜੇ ਬਹੁਤ ਸਿੱਖ. ਗੈਰ-ਮੁਸਲਿਮਾਂ ਦਾ ਕੋਈ ਕਤਲੇਆਮ ਨਹੀਂ ਹੋਇਆ; ਜਦ ਉਹ ਚਲੇ ਗਏ, ਉਸ ਦੇ ਬਾਅਦ ਹੀ ਲੁੱਟ-ਪਾਟ ਹੋਈ. ਦਜਲ ਨਾਂਅ ਦੇ ਇੱਕ ਪਿੰਡ ਤੇ, ਚਾਲੀ ਗੈਰ-ਮੁਸਲਿਮਾਂ ਨੂੰ 13 ਸਤੰਬਰ ਨੂੰ ਮਾਰ ਦਿੱਤਾ ਗਿਆ ਸੀ ਅਤੇ ਸਤੰਬਰ ਦੇ ਸ਼ੁਰੂ ਤੇ 27 ਲੋਕਾਂ ਨੂੰ ਘਜਨਿਆਂ ਤੇ ਮਾਰ ਦਿੱਤਾ ਗਿਆ ਸੀ. ਇਸ ਦੇ ਬਾਅਦ, ਡੋਗਰਾ ਸਿਪਾਹੀ ਆਏ ਅਤੇ ਗੈਰ-ਮੁਸਲਿਮਾਂ ਨੂੰ ਮਹਿਫ਼ੂਜ਼ ਜਗ੍ਹਾਂ ਤੇ ਲੈ ਜਾਇਆ ਗਿਆ. ਪਰ ਅਕਤੂਬਰ ਤੇ ਵੀ ਕੁੱਝ ਗੈਰ-ਮੁਸਲਿਮ ਡੇਰਾ ਘਾਜ਼ੀ ਖ਼ਾਨ ਜ਼ਿਲ੍ਹੇ ਤੇ ਮੌਜੂਦ ਸਨ. 6 ਅਕਤੂਬਰ ਨੂੰ ਵਹੋਵਾ ਤੋਂ ਡੇਰਾ ਘਾਜ਼ੀ ਖ਼ਾਨ ਤੱਕ ਜਾ ਰਹੀ ਇੱਕ ਬੱਸ ਦੇ ਉਪਰ ਹਮਲਾ ਕੀਤਾ ਗਿਆ ਅਤੇ 9 ਗੈਰ-ਮੁਸਲਿਮਾ ਨੂੰ ਹਲਾਕ ਕਰ ਦਿੱਤਾ ਗਿਆ (1989: 208–12).

ਪ੍ਰੋਫ਼ੈਸਰ ਜੇ.ਐਮ.ਮਨਚੰਦਾ, ਜੋ ਦਿੱਲੀ ਯੂਨੀਵਰਸਿਟੀ ਤੇ ਅੰਗਰੇਜ਼ੀ ਸਾਹਿਤ ਦੀ ਤਾਲੀਮ ਦੇਂਦੇ ਨੇ, ਲਾਹੌਰ ਤੋਂ ਪ੍ਰਕਾਸ਼ਤ ਇੱਕ ਅੰਗ੍ਰੇਜ਼ੀ ਅਖ਼ਬਾਰ ਤੇ ਮੇਰੇ ਹਫ਼ਤਾਵਾਰੀ ਕਾਲਮ ਪੜ੍ਹ ਕੇ, ਮੇਰੇ ਨਾਲ ਸੰਪਰਕ ਕੀਤਾ. ਮੈਨੂੰ ਪਤਾ ਲਗਾ ਕਿ ਉਨ੍ਹਾਂ ਦਾ ਪਰਵਾਰ ਅਸਲ ਵਿੱਚ, ਡੇਰਾ ਘਾਜ਼ੀ ਖ਼ਾਨ ਤੋਂ ਸੀ. ਜਦ ਮੈਂ ਥੋੜੇ ਵਕਤ ਲਈ ਮਾਰਚ 2007 ਨੂੰ ਦਿੱਲੀ ਗਿਆ, ਤਦ ਉਨ੍ਹਾਂ ਦੇ ਨਾਲ ਮਿਲਿਆ. ਮੇਰੀ ਵਲੋਂ ਉਨ੍ਹਾ ਨੇ ਦੋ ਬਜ਼ੁਰਗਾਂ ਦੇ ਇੰਟਰਵਿਊ ਲਤੇ, ਜੋ ਅਸਲ ਵਿੱਚ ਡੇਰਾ ਘਾਜ਼ੀ ਖ਼ਾਨ ਤੋਂ ਸਨ ਅਤੇ ਮੈਨੂੰ ਉਸ ਦਾ ਸਮਖੇਪ 11 ਅਤੇ 12 ਮਾਰਚ 2007 ਨੂੰ ਭੇਜਿਆ.

ਮਨਮੋਹਨ ਤਨੇਜਾ

'ਮੈਂ ਸ਼੍ਰੀ ਮਨਮੋਹਨ ਤਨੇਜਾ, ਉਮਰ 77 ਸਾਲ, ਨਾਲ 7 ਮਾਰਚ ਅਤੇ ਦੁਬਾਰਾ 10 ਮਾਰਚ 2004 ਨੂੰ ਗੱਲਬਾਤ ਕਰ ਸਕਿਆ. ਉਨ੍ਹਾਂ ਨੇ ਮੈਨੂੰ ਖ਼ਬਰ ਦਿੱਤੀ ਕਿ ਜਦ ਤਕਸੀਮ ਦਾ ਐਲਾਨ ਹੋਇਆ, ਉਹ ਲਾਹੌਰ ਤੇ ਸਨ, ਜਿੱਥੇ ਗੜਬੜੀ ਫੈਲ ਗਈ ਸੀ. ਸਿੱਖਾਂ ਨੇ ਮੁਸਲਿਮ ਦੰਗਾਇਆ ਦੇ ਨਾਲ ਬਦਲੇ ਦੀ ਕਾਰਵਾਈ ਕੀਤੀ ਅਤੇ ਕੁੱਝ ਹਿੰਦੂ ਕਾਰਕੁਨਾਂ ਨੇ ਵੀ ਰਾਵਲਪਿੰਡੀ ਤੇ ਉਨ੍ਹਾਂ ਦੇ ਉਪਰ ਦੇਸ਼ੀ ਬੰਦੂਕਾਂ ਨਾਲ ਇਧਰ ਉਧਰ ਗੋਲੀਆਂ ਚਲਾਇਆਂ. ਅਤੇ, ਉਹ ਵਾਪਸ ਡੇਰਾ ਘਾਜ਼ੀ ਖ਼ਾਨ ਆ ਗਏ ਅਤੇ ਇੱਕ ਘਰ ਕਿਰਾਇਏ ਤੇ ਲੈ ਲੀਤਾ. ਅਸਲ ਵਿੱਚ ਉਹ ਰੋਝਾਂ ਪਿੰਡ ਤੋਂ ਸਨ, ਪਰ ਉਹ ਸ਼ਹਿਰ ਦੀ ਹਿਫ਼ਾਜ਼ਤ ਨੂੰ ਪਸੰਦ ਕਰਦੇ ਸੀ. ਰੋਝਾਂ ਤੇ ਉਣ ਦਿਨਾ ਤੇ ਅਮਨ

ਕਾਇਮ ਸੀ ਅਤੇ ਹਿੰਦੂਆਂ ਨੂੰ ਤਾਕਤਵਰ ਮੁਸਲਿਮਾਂ ਤੋਂ ਹਿਫ਼ਾਜ਼ਤ ਦਾ ਭਰੋਸਾ ਵੀ ਮਿਲਿਆ, ਪਰ ਦੂਜੀ ਜਗ੍ਹਾਂ ਤੇ ਹੋਣ ਵਾਲੇ ਦੰਗੇਆਂ ਦੀ ਖ਼ਬਰਾਂ, ਉਰਦੂ ਅਖ਼ਬਾਰਾਂ ਤੇ ਛੱਪਣ ਦੇ ਚਲਦੇ, ਉਹ ਫ਼ਿਕਰਮੰਦ ਹੋ ਗਏ. ਕੁੱਝ ਲੋਕਾਂ ਨੇ, ਜੋ ਰਜਾਨਪੁਰ ਤਹਸੀਲ ਦੇ ਉਮਰਕੋਟ ਤੋਂ ਸਨ, ਇੱਕ ਟਰੱਕ ਕਿਰਾਇਏ ਤੇ ਲੈ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਰਾਹ ਵਿੱਚ ਉਨ੍ਹਾਂ ਦਾ ਸਾਮਾਨ ਲੁੱਟ ਲੀਤਾ ਗਿਆ. ਅਤੇ, ਸ਼੍ਰੀ ਤਨੇਜਾ ਅਤੇ ਪਰਵਾਰ ਦੇ ਦੂਜੇ ਬੰਦੇਆਂ ਨੇ ਉਥੇ ਹੀ ਠਹਿਰਣ ਦਾ ਫ਼ੈਸਲਾ ਕੀਤਾ, ਜਦ ਤੱਕ ਕਿ ਫ਼ੌਜ਼ ਦੀ ਇੱਕ ਗੋਰਖਾ ਟੁਕੜੀ ਨਹੀਂ ਆ ਗਈ, ਜੋ ਉਨ੍ਹਾਂ ਨੂੰ ਹਿਫ਼ਾਜ਼ਤ ਨਾਲ ਅੱਮ੍ਰਿਤਸਰ ਲੈ ਗਈ. ਉਨ੍ਹਾਂ ਦੇ ਬਿਆਨ ਤੋਂ ਮੈਨੂੰ ਨਹੀਂ ਲਗਾ ਕਿ ਡੇਰਾ ਘਾਜ਼ੀ ਖ਼ਾਨ ਤੇ ਕੋਈ ਫ਼ਸਾਦ ਹੋਏ ਸੀ, ਹਾਲਾਂਕਿ ਗਰੀਬ ਮੁਸਲਿਮਾਂ ਦੁਆਰਾ ਪਿੰਡਾਂ ਤੇ, ਤਸ਼ੱਦਦ ਦੇ ਛਿਟ-ਪੁਟ ਵਾਕਿਏ ਕੀਤੇ ਗਏ.

'ਮੈਨੂੰ ਉਮੀਦ ਹੈ ਕਿ ਤੁਸੀਂ ਇਸ ਇਤਲਾਹ ਨੂੰ ਫ਼ਾਇਦੇਮੰਦ ਸਮਝ਼ੋਗੇ. ਹਾਲਾਂਕਿ ਉਹ ਮੈਨੂੰ ਪੱਕੀ ਤਾਰੀਖਾਂ ਨਹੀਂ ਦੱਸ ਸਕੇ, ਲਗਦਾ ਹੈ ਉਹ ਕਈ ਹਫ਼ਤੇਆਂ ਤੱਕ ਡੇਰਾ ਘਾਜ਼ੀ ਖ਼ਾਨ ਤੇ ਰਹੇ, ਕੁੱਝ ਹਦ ਤੱਕ ਇਸ ਲਈ ਕਿ ਉਹ ਇਲਾਕਾ ਸ਼ਾਂਤ ਸੀ ਅਤੇ ਕੁੱਝ ਇਸ ਕਰ ਕੇ ਉਹ ਸਾਵਧਾਨੀ ਵਰਤ ਰਹੇ ਸੀ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਡੇਰਾ ਘਾਜ਼ੀ ਖ਼ਾਨ ਤੋਂ ਅੱਮ੍ਰਿਤਸਰ ਦਾ ਸਫਰ, ਇੱਕ ਸਿੱਧਾ ਸਫਰ ਨਹੀਂ ਸੀ, ਪਰ ਕਈ ਚਰਣਾਂ ਵਿੱਚ ਕੀਤਾ ਗਿਆ ਸਫਰ ਸੀ, ਅਤੇ ਉਨ੍ਹਾਂ ਦਾ ਪਰਵਾਰ ਕਈ ਮਹੀਨੇਆਂ ਬਾਅਦ ਇੰਡੀਆ ਆਇਆ. ਤਦ ਤਕ, ਇੰਡੀਆ ਅਤੇ ਪਾਕਿਸਤਾਨ ਦੀ ਹਕੁਮਤਾਂ ਨੇ ਹਾਲਾਤ ਕਾਬੂ ਵਿੱਚ ਕਰ ਲੀਤੇ ਸੀ ਅਤੇ ਫ਼ਸਾਦ ਹੋਰ ਬਦਲੇ ਖ਼ਤਮ ਹੋ ਚੁਕੇ ਸੀ.'

ਡਾ.ਸਤਿਆ ਪਾਲ 'ਬੇਦਰ' (13 ਅਕਤੁਬਰ 1931-30 ਅਗਸਤ 2011)

'ਮੈਂ ਅੱਜ (11 ਮਾਰਚ 2007) ਡਾ.ਸਤਿਆ ਪਾਲ 'ਬੇਦਰ' ਨੂੰ ਮਿਲਿਆ. ਉਹ ਸਾਡੇ ਹਿੰਦੀ ਵਿਭਾਗ ਤੋਂ ਕਰੀਬ ਦੱਸ ਸਾਲ ਪਹਿਲਾਂ ਰਿਟਾਇਰ ਹੋਏ ਸੀ. ਉਹ ਇੱਕ ਮਸ਼ਹੂਰ ਸ਼ਾਇਰ ਨੇ ਅਤੇ ਉਨ੍ਹਾਂ ਨੇ, *ਆਲ-ਇੰਡੀਆ ਰੇਡੀਉ* ਦੀ ਬਾਹਰੀ ਸੇਵਾਵਾਂ ਲਈ ਸਰਾਇਕੀ ਵਿੱਚ ਪ੍ਰੋਗਰਾਮਾਂ ਦਾ ਪ੍ਰਸਾਰਣ ਕੀਤਾ ਹੈ. ਡਾ.ਬੇਦਰ ਦਾ ਤਾਲੁੱਕ ਝੋਕੋਟਰਾ ਪਿੰਡ ਨਾਲ ਹੈ, ਜੋ ਡੇਰਾ ਘਾਜ਼ੀ ਖ਼ਾਨ ਤਹਸੀਲ ਤੋਂ ਕਰੀਬ 18 ਮੀਲ ਦੂਰ ਸੀ, ਅਤੇ ਜਿੱਥੇ ਫ਼ਿਰਕੂ ਅਮਨ ਕਾਇਮ ਸੀ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਅਗਸਤ 1947 ਤੋਂ ਬਾਅਦ, ਉਸ ਜ਼ਿਲ੍ਹੇ ਦੇ ਦਿਹਾਤੀ ਇਲਾਕਿਆਂ ਤੇ ਕਾਫ਼ੀ ਗੜਬੜੀ ਹੋਈ, ਅਤੇ ਉਹ ਆਪਣੀ ਜਾਨ ਬਚਾਉਣ ਲਈ ਡੇਰਾ ਘਾਜ਼ੀ ਖ਼ਾਨ ਸ਼ਹਿਰ ਚਲੇ ਗਏ. ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਤੇ, 25 ਹਿੰਦੂ ਹਲਾਕ ਕਰ ਦਿੱਤੇ ਗਏ, ਜਿੱਥੇ 80 ਫ਼ੀਸਦੀ ਆਬਾਦੀ ਮੁਸਲਿਮ ਸੀ ਹਾਲਾਂਕਿ, ਤਕਸੀਮ ਤੋਂ ਪਹਿਲਾਂ, ਸਮਾਜ ਦੀ ਪ੍ਰਧਾਨਗੀ ਹਿੰਦੂ ਕਰਦੇ ਸੀ. ਗੜਬੜੀ ਉਰਦੂ ਅਖ਼ਬਾਰਾਂ ਦੁਆਰਾ ਸ਼ੁਰੂ ਹੋਈ (ਉਨ੍ਹਾਂ ਨੇ *ਜ਼ਮੀਦਾਰ, ਮਿਲਾਪ,* ਅਤੇ *ਪਰਤਾਪ* ਦਾ ਜ਼ਿਕਰ ਕੀਤਾ) ਅਤੇ ਨਵਾਬ ਜਮਾਲ ਖ਼ਾਨ ਹੋਰ ਦੂਜੇ ਸਥਾਨਕ ਮੁਸਲਿਮ ਲੀਗ ਰਹਨੁਮਾਵਾਂ ਨੇ ਪ੍ਰਚਾਰ ਦੀ ਝੜੀ ਲਗਾ ਦਿੱਤੀ. ਉਨ੍ਹਾਂ ਦੇ ਮੁਤਾਬਕ, ਗੈਰ-ਮੁਸਲਿਮਾਂ ਨੂੰ ਇਸਲਾਮ ਕਬੂਲ ਕਰਣ ਅਤੇ ਉਨ੍ਹਾਂ ਦੀ ਬੇਟਿਆਂ ਨੂੰ ਮੁਸਲਿਮ ਮੁੰਡੇਆਂ ਨੂੰ ਦੇਣ ਨੂੰ ਕਿਹਾ ਗਿਆ. ਉਨ੍ਹਾਂ ਨੇ ਕੁੱਝ ਹਿੰਦੂ ਔਰਤਾਂ ਦੇ ਅਗਵਾ ਹੋਣ ਨੂੰ ਵੀ ਇੱਕ ਵਜ੍ਹਾ ਦੱਸਿਆ, ਜਿਸ ਕਰ ਕੇ, ਆਲੇ-ਦੁਆਲੇ ਦੇ ਪਿੰਡਾ ਦੇ ਲੋਕ ਡੇਰਾ ਘਾਜ਼ੀ ਖ਼ਾਨ ਆ ਰਹੇ ਸੀ, ਜਿੱਥੇ ਦਾ ਡਿਪਟੀ ਕਮੀਸ਼ਨਰ ਇੱਕ ਬ੍ਰਿਟਿਸ਼ ਸੀ ਜੋ ਗੜਬੜੀ ਕਰਣ ਵਾਲੇਆਂ ਨੂੰ ਕਾਬੂ ਕਰ ਕੇ ਰੱਖਦਾ ਸੀ. ਉਹ ਉਥੇ ਕਰੀਬ ਇੱਕ ਮਹੀਨਾ ਤੋਂ ਕੁੱਝ ਦਿਨ ਜ਼ਿਆਦਾ ਰਹੇ ਅਤੇ

ਇੰਡਸ ਦਰਿਆ ਅਤੇ ਦੂਜੀ ਜਗ੍ਹਾਂ ਪਾਰ ਕਰਣ ਵਿੱਚ ਗੋਰਖਾ ਸਿਪਾਹੀਆਂ ਨੇ ਮਦਦ ਕੀਤੀ, ਜਿਨ੍ਹਾਂ ਨੇ ਦੰਗਾਇਆਂ ਨੂੰ ਨੀਚੇ ਲੇਟਣ ਨੂੰ ਕਿਹਾ ਅਤੇ ਧਮਕੀ ਦਿੱਤੀ ਕਿ ਜੋ ਵੀ ਆਪਣਾ ਸਿਰ ਉਪਰ ਕਰਦਾ, ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ. ਉਨ੍ਹਾਂ ਨੇ ਖ਼ਬਰ ਦਿੱਤੀ ਕਿ 7,000 ਮੁਸਲਿਮਾਂ ਨੇ ਉਸ ਵਕਤ ਸ਼ਹਿਰ ਨੂੰ ਘੇਰ ਕੇ ਰੱਖਿਆ ਸੀ. ਸ਼ਰਨਾਰਥੀਆਂ ਨੇ ਪਹਿਲਾਂ ਫ਼ੌਜ਼ੀ ਟਰੱਕਾਂ ਤੇ ਸਫਰ ਕੀਤਾ ਅਤੇ ਬਾਅਦ ਤੇ ਰੇਲ-ਗੱਡੀ ਤੇ ਅਤੇ ਚੈਨ ਦਾ ਸਾਹ ਲੀਤਾ, ਜਦ ਉਹ ਵਾਹਗਾ ਪਾਰ ਕਰ ਕੇ ਇੰਡੀਆ ਆ ਗਏ.

ਡਾ.ਤੇਜਾ ਸਿੰਘ

ਡਾ.ਤੇਜਾ ਸਿੰਘ ਅਤੇ ਮੈਂ ਵੀ ਇੱਕ ਦੂਜੇ ਨੂੰ 2006 ਵਿੱਚ ਈ-ਮੇਲ ਕਰਨਾ ਸ਼ੁਰੂ ਕਰ ਦਿੱਤਾ ਸੀ. ਮੇਰੀ ਬੇਨਤੀ ਦੇ ਚਲਦੇ, ਉਨ੍ਹਾਂ ਨੇ ਪੰਜਾਬ ਦੀ ਤਕਸੀਮ ਦੇ ਦੌਰਾਨ, ਆਪਣੇ ਪਰਵਾਰ ਦੇ ਮੂਸਕਲ ਵਕਤ ਬਾਰੇ, ਇਹ ਕਹਾਣੀ ਲਿਖੀ. ਉਹ ਲਿਖਦੇ ਨੇ:

'ਮੇਰੇ ਦਾਦਾ, ਸਰਦਾਰ ਬਹਾਦਰ ਲੇਹਣਾ ਸਿੰਘ, ਉ.ਬੀ.ਆਈ. ਮਿੰਟਗੋਮਰੀ ਜ਼ਿਲ੍ਹੇ ਦੇ ਚੱਕ ਨੰ. 134/9L ਤੇ ਰਹਿੰਦੇ ਸੀ. ਪਹਿਲੇ ਆਲਮੀ ਜੰਗ ਦੇ ਦੌਰਾਨ ਸੇਵਾ ਕਰਣ ਦੀ ਵਜ੍ਹਾ ਨਾਲ, ਉਨ੍ਹਾਂ ਨੂੰ ਜ਼ਮੀਨ ਮਿਲੀ ਸੀ ਅਤੇ ਉਹ ਉਥੇ ਵਸ ਗਏ. ਮੇਰੇ ਪਿਤਾ, ਗਿਆਨ ਸਿੰਘ ਉਨ੍ਹਾਂ ਦੇ ਛੋਟੇ ਬੇਟੇ ਸੀ ਜੋ ਦਿਆਲ ਸਿੰਘ ਕਾਲਜ ਦੇ ਪੜ੍ਹੇ. ਉਹ ਇਤਹਾਦੀ ਪੰਜਾਬ ਵਿੱਚ, ਮੁਲਤਾਨ ਸਿਵਲ ਡਿਵੀਜ਼ਨ ਤੇ ਬਤੌਰ ਰਾਜਸਵ ਅਧਿਕਾਰੀ ਸੇਵਾ ਕਰਦੇ ਸੀ ਅਤੇ ਉਨ੍ਹਾਂ ਦੇ ਕੋਲ ਮਜਿਸਟਰੇਟ ਦੀ ਤਾਕਤਾ ਮੌਜੁਦ ਸਨ. ਉਨ੍ਹਾਂ ਦੀ ਪੋਸਟਿੰਗ ਲਾਇਲਪੁਰ ਤੇ ਸੀ, ਜਿੱਥੇ ਮੈਂ ਅਤੇ ਮੇਰਾ ਭਰਾ ਕਾਲਜ ਤੇ ਗਏ. 1946 ਤੇ, ਉਨ੍ਹਾਂ ਨੂੰ ਡੇਰਾ ਘਾਜ਼ੀ ਖ਼ਾਨ ਦੇ ਟੌਂਸਾ ਸ਼ਰੀਫ਼ ਆਉਣਾ ਪਿਆ ਪਰ ਅਸੀਂ ਲਾਇਲਪੁਰ ਤੇ ਪੜ੍ਹਦੇ ਰਹੇ.

'ਇਹ ਸਾਫ ਹੋ ਰਿਹਾ ਸੀ ਕਿ ਇੰਡੀਆ ਦੀ ਅਖੀਰਕਾਰ ਤਕਸੀਮ ਹੋਣ ਵਾਲੀ ਸੀ. ਮੇਰੇ ਪਿਤਾ ਇੱਕ ਵਫ਼ਾਦਾਰ ਅਤੇ ਆਸ਼ਾਵਾਦੀ ਇਨਸਾਨ ਸਨ ਅਤੇ ਉਨ੍ਹਾਂ ਦੇ ਕਈ ਮੁਸਲਿਮ ਦੋਸਤ ਸਨ; ਇਸ ਕਰ ਕੇ ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਸਰਕਾਰ ਬਦਲਣ ਨਾਲ, ਰਿਹਾਇਸ਼ ਨਹੀਂ ਬਦਲਦੀ. ਉਨ੍ਹਾਂ ਨੇ ਪਾਕਿਸਤਾਨ ਤੇ ਰਹਿਣ ਦਾ ਅਤੇ ਉਥੇ ਸੇਵਾ ਕਰਣ ਦਾ ਇਰਾਦਾ ਕੀਤਾ. ਜਦ ਪਾਕਿਸਤਾਨ ਅਧਿਕਾਰਕ ਤੌਰ ਤੇ ਬਣ ਗਿਆ, ਤਦ ਉਨ੍ਹਾਂ ਨੇ ਇੱਕ ਸਥਾਨਕ ਅਫ਼ਸਰ ਦੀ ਹੈਸੀਅਤ ਤੇ ਅਦਾਲਤ ਦੀ ਇਮਾਰਤ ਤੇ ਨਵਾਂ ਝੰਡਾ ਲਹਰਾਇਆ.

'ਤਕਸੀਮ ਤੋਂ ਥੋੜਾ ਪਹਿਲਾਂ, ਮੇਰੀ ਮਾਂ ਨੂੰ ਉਨ੍ਹਾਂ ਦੇ ਛੋਟੇ ਭਰਾ ਦੇ ਵਿਆਹ ਦਾ ਸੱਦਾ, ਉਨ੍ਹਾਂ ਦੇ ਪਿੰਡ ਘੋਸਤਪੋਕਰ ਤੋਂ ਆਇਆ, ਜੋ ਗੁਰਦਾਸਪੁਰ ਸ਼ਹਿਰ ਤੋਂ ਕੋਈ ਤਿੰਨ ਮੀਲ ਦੂਰ ਸੀ. ਚੁੰਕਿ ਇਹ ਸਾਡੇ ਸਾਰੇਆਂ ਲਈ ਇੱਕ ਖ਼ਾਸ ਮੌਕਾ ਸੀ, ਮੇਰੇ ਪਿਤਾ ਨੂੰ ਛੱਡ ਕੇ, ਜੋ ਟੌਂਸਾ ਸ਼ਰੀਫ਼ ਤੇ ਸਨ, ਅਸੀਂ ਲਾਇਲਪੁਰ ਛੱਡ ਕੇ ਵਿਆਹ ਤੇ ਸ਼ਿਰਕਤ ਕਰਣ ਚਲੇ ਗਏ. ਸਾਨੂ ਸਲਾਹ ਦਿੱਤੀ ਗਈ ਕਿ ਅਸੀਂ ਹੋਰ ਕੁੱਝ ਦਿਨ ਠਹਿਰ ਜਾਇਏ ਕਿਉਂਕਿ ਪੰਜਾਬ ਦੇ ਕੁੱਝ ਹਿੱਸੇਆਂ ਤੇ ਕਾਨੂੰਨ ਹੋਰ ਵਿਵਸਥਾ ਦੇ ਹਾਲਾਤ ਬਹੁਤ ਤੇਜੀ ਨਾਲ ਵਿਗੜ ਗਏ ਸੀ. ਜਦ ਅਸੀਂ ਉਥੇ ਸੀ, ਸ਼ਹਿਰਾਂ ਤੇ ਦੰਗੇ ਭੜਕ ਉਠੇ. ਅਤੇ, ਅਸੀਂ ਉਥੋਂ ਨਹੀਂ ਹਿਲੇ.

'ਸਾਡੇ ਪਿਤਾ ਨੂੰ ਦੋਸਤਾਂ ਨੇ ਸਲਾਹ ਦਿੱਤੀ ਕਿ ਆਪਣੀ ਹਿਫ਼ਾਜ਼ਤ ਲਈ, ਜਲਦ ਤੋਂ ਜਲਦ ਉਹ ਪੂਰਬੀ ਪੰਜਾਬ ਚਲੇ ਜਾਣ. ਜਲ-ਪ੍ਰਵਾਹਾਂ ਨੇ ਜ਼ਿਲ੍ਹੇ ਦੇ ਸਦਰ ਦਫ਼ਤਰ ਡੇਰਾ ਘਾਜ਼ੀ ਖ਼ਾਨ ਤੱਕ ਦੀ ਸੜਕ ਤੇ ਆਵਾ-ਜਾਈ ਨੂੰ ਰੋਕ ਦਿੱਤਾ ਸੀ. ਉਨ੍ਹਾਂ ਦੇ ਕੋਲ ਸਿਰਫ਼ ਇੱਕ ਉਪਾਉ ਸੀ ਅਤੇ ਉਹ ਸੀ ਇੰਡਸ ਦਰਿਆ ਨੂੰ ਕਿਸ਼ਤੀ

ਨਾਲ ਪਾਰ ਕਰਨਾ ਅਤੇ ਉਸ ਦੇ ਬਾਅਦ ਮੁਲਤਾਨ ਹੋਰ ਉਸ ਤੋਂ ਅਗੇ ਰੇਲ-ਗੱਡੀ ਫੜਣੀ. ਇਹ ਸਤੰਬਰ ਦੇ ਸ਼ੁਰੂ ਦਾ ਵਕਤ ਸੀ. ਗਰਮੀ ਵਿੱਚ ਹਿਮਾਲਿਆ ਦੀ ਬਰਫ ਗਲਣ ਅਤੇ ਮਾਨਸੂਨ ਦੇ ਚਲਦਿਆਂ ਦਰਿਆਵਾਂ ਤੇ ਪਾਣੀ ਦਾ ਸਤਰ ਬਹੁਤ ਜ਼ਿਆਦਾ ਉੱਚਾ ਸੀ. ਚਾਰ ਅਰਦਲੀਆਂ, ਤਿੰਨ ਮੁਸਲਿਮ ਅਤੇ ਇੱਕ ਹਿੰਦੂ, ਭੰਜਨ, ਜਿਸ ਨੇ ਇੱਕ ਮੁਸਲਿਮ ਦੀ ਤਰ੍ਹਾਂ ਫ਼ੇਜ਼ ਟੋਪੀ ਪਹਿਣ ਕੇ ਰੱਖੀ ਸੀ, ਉਨ੍ਹਾਂ ਦੇ ਨਾਲ ਉਸ ਜਗ੍ਹ ਤੱਕ ਗਏ, ਜਿਥੋਂ ਉਹ ਇੱਕ ਕਿਸ਼ਤੀ ਲੈ ਕੇ ਖ਼ਤਰਨਾਕ ਹੋ ਚੁਕੇ ਹੜ੍ਹ ਵਾਲੇ ਦਰਿਆ ਨੂੰ ਪਾਰ ਕਰ ਸਕਣ. ਮੁਸਲਿਮ ਅਰਦਲੀ ਨੇ ਅਲਵਿਦਾ ਕਿਹਾ ਅਤੇ ਉਮੀਦ ਜ਼ਾਹਰ ਕੀਤੀ ਕਿ ਉਹ ਟੈਂਸਾ ਵਾਪਸ ਆਉਣਗੇ, ਜਦ ਕਿ ਭੰਜਨ ਨੇ ਇੰਡੀਆ ਤੱਕ ਉਨ੍ਹਾਂ ਦਾ ਸਾਥ ਦਿੱਤਾ. ਉਹ ਮਹਿਫ਼ੂਜ਼ ਤਰੀਕੇ ਨਾਲ, ਇੰਡਸ ਦੇ ਦੂਜੀ ਤਰਫ਼, ਰੇਲਵੇ ਸਟੇਸ਼ਨ ਪਹੁੰਚ ਗਏ ਅਤੇ ਅਗਲੀ ਗੱਡੀ ਫੜ ਲੀਤੀ. ਮੇਰੇ ਪਿਤਾ ਇੱਕ ਉੱਚੇ ਦਰਜੇ ਦੇ ਡੱਬੇ ਤੇ ਮੌਜੂਦ ਸਨ ਜਿਸ ਵਿੱਚ ਹੋਰ ਕੋਈ ਮੁਸਾਫ਼ਰ ਨਹੀਂ ਸੀ. ਜਦ ਗੱਡੀ ਅਗਲੇ ਸਟੇਸ਼ਨ ਪਹੁੰਚੀ, ਇੱਕ ਮੁਸਲਿਮ ਅਫ਼ਸਰ, ਜਿਸ ਨੂੰ ਉਹ ਪਛਾਣਦੇ ਸੀ, ਉਸ ਡੱਬੇ ਤੇ ਆਇਆ. ਉਹ ਮੇਰੇ ਪਿਤਾ ਨੂੰ ਇੱਕਲੇ ਸਫਰ ਕਰਦੇ ਵੇਖ ਹੈਰਾਨ ਹੋ ਗਿਆ, ਅਤੇ ਉਨ੍ਹਾਂ ਦੇ ਕਰੀਬ ਆ ਕੇ ਬੈਠ ਗਿਆ. ਉਸ ਨੇ ਪੂਰਬੀ ਪੰਜਾਬ ਤੋਂ ਆ ਰਹੀ ਭਿਆਨਕ ਤਸ਼ੱਦਦ ਦੀ ਕਹਾਣੀਆਂ ਮੇਰੇ ਪਿਤਾ ਨੂੰ ਦੱਸਿਆਂ. ਮੇਰੇ ਪਿਤਾ ਨੂੰ ਪਹਿਲੀ ਵਾਰ ਪਤਾ ਲਗਾ ਕਿ ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ ਦੇ ਹਾਲਾਤ ਕਿਣੇ ਬਦਤਰ ਹੋ ਚੁਕੇ ਸੀ. ਉਨ੍ਹਾਂ ਨੇ ਪਿਤਾ ਨੂੰ ਸਾਵਧਾਨ ਕੀਤਾ ਕਿ ਉਹ ਆਪਣੀ ਹਿਫ਼ਾਜ਼ਤ ਦਾ ਇੰਤਜ਼ਾਮ ਕਰਣ ਕਿਉਂਕਿ ਕੁੱਝ ਬਦਮਾਸ਼, ਮੁਸਲਿਮ ਲੀਗ ਨੈਸ਼ਨਲ ਗਾਰਡ ਦੀ ਵਰਦੀ ਪਹਿਣ ਕੇ ਬਦਲੇ ਦੀ ਕਾਰਵਾਈ ਕਰ ਰਹੇ ਸੀ, ਅਤੇ ਮੇਰੇ ਪਿਤਾ ਨੂੰ ਉਨ੍ਹਾਂ ਦੀ ਦਾੜ੍ਹੀ ਅਤੇ ਦਸਤਾਰ ਦੇ ਚਲਦੇ, ਬਤੌਰ ਇੱਕ ਸਿੱਖ, ਆਸਾਨੀ ਨਾਲ ਪਛਾਣਿਆ ਜਾ ਸਕਦਾ ਸੀ.

'ਮੁਲਤਾਨ ਪਹੁੰਚਣ ਦੇ ਬਾਅਦ, ਜਿੱਥੇ ਉਨ੍ਹਾਂ ਨੇ ਲਾਇਲਪੁਰ ਤੇ ਤਬਾਦਲਾ ਹੋਣ ਤੋਂ ਪਹਿਲਾਂ, ਤਿੰਨ ਸਾਲਾਂ ਤੱਕ ਸੇਵਾ ਕੀਤੀ ਸੀ, ਪਿਤਾ ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਲਈ, ਇੱਕ ਹੋਰ ਗੱਡੀ ਫੜਨੀ ਸੀ. ਉਨ੍ਹਾਂ ਨੂੰ ਇੱਹ ਜਾਣ ਕੇ ਬਹੁਤ ਮਾਯੂਸੀ ਹੋਈ ਕਿ ਉਸ ਗੱਡੀ ਨੂੰ ਰੱਦ ਕਰ ਦਿੱਤਾ ਗਿਆ ਸੀ. ਇਹ ਸੋਚਦੇ ਹੋਏ ਕਿ ਉਨ੍ਹਾਂ ਨੂੰ ਇੱਤਜ਼ਾਰ ਕਰਨਾ ਪਏਗਾ, ਉਹ ਭੰਜਨ ਦੇ ਨਾਲ, ਇੱਕ ਸਰਕਾਰੀ ਉਡੀਕ ਘਰ ਦੀ ਤਰਫ਼ ਚਲੇ ਗਏ, ਤਾਂਕਿ ਉਹ ਥੋੜਾ ਆਰਾਮ ਕਰ ਸਕਣ, ਕਿਉਂਕਿ ਉਹ ਸਾਰੇ ਦਿਨ ਦੇ ਸਫਰ ਦੇ ਬਾਅਦ, ਪੂਰੀ ਤਰ੍ਹਾਂ ਥਕ ਚੁਕੇ ਸੀ.

'ਭੰਜਨ ਸਟੇਸ਼ਨ ਦੇ ਸਟਾਫ ਨੂੰ ਪੁਛਣ ਲਈ ਗਿਆ ਕਿ ਗੱਡੀ ਕਦੋਂ ਚੱਲੇਗੀ. ਉਸ ਸਟਾਫ ਨੇ ਦੱਸਿਆ ਕਿ ਅਗਲੇ ਕੁੱਝ ਦਿਨਾਂ ਤਕ, ਟਰਾਨਸਫਰ ਲਈ ਕੋਈ ਗੱਡੀ ਉਪਲੱਬਧ ਨਹੀਂ ਹੋਵੇਗੀ ਅਤੇ ਗੈਰ-ਮੁਸਲਿਮਾਂ ਨੂੰ ਸਲਾਹ ਦਿੱਤੀ ਜਾਂਦੀ ਸੀ ਕਿ ਉਹ ਸ਼ਹਿਰ ਦੇ ਅੰਦਰੂਨੀ ਇਲਾਕੇ ਕਟਰਾ ਤੇ ਚਲੇ ਜਾਣ ਅਤੇ ਉਣ ਦੂਜੇ ਲੋਕਾਂ ਦੇ ਨਾਲ ਸ਼ਾਮਲ ਹੋ ਜਾਣ, ਜੋ ਲਾਹੌਰ ਲਈ ਅਗਲੀ ਗੱਡੀ ਦਾ ਇੰਤਜ਼ਾਰ ਕਰ ਰਹੇ ਸੀ. ਹੌਲੀ ਹੌਲੀ ਹਨੇਰਾ ਹੋ ਰਿਹਾ ਸੀ ਅਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਨ੍ਹਾਂ ਦੇ ਲਈ, ਉਡੀਕ ਘਰ ਛੱਡ ਦੇਣਾ ਮਹਿਫ਼ੂਜ਼ ਹੋਵੇਗਾ ਅਤੇ, ਉਨ੍ਹਾਂ ਨੇ ਇੱਕ ਰਾਤ ਉਸ ਮਕਾਨ-ਮਾਲਕ ਦੇ ਘਰ ਠਹਿਰਣ ਦਾ ਫ਼ੈਸਲਾ ਕੀਤਾ, ਜਿਨ੍ਹਾਂ ਨੂੰ ਉਹ, ਆਪਣੀ ਮੁਲਤਾਨ ਦੀ ਤਇਨਾਤੀ ਦੇ ਵਕਤ ਤੋਂ ਜਾਣਦੇ ਸੀ.

'ਭੰਜਨ ਨੇ ਸਾਮਾਨ ਉਠਾ ਲੀਤਾ ਅਤੇ ਰੇਲਵੇ ਸਟੇਸ਼ਨ ਤੋਂ ਬਾਹਰ ਆ ਕੇ ਇੱਕ ਤਾਂਗਾ ਕਿਰਾਇਏ ਤੇ ਲੀਤਾ ਤਾਂਕਿ ਨਜਦੀਕ ਦੀ, ਉਸ ਮਕਾਨ-ਮਾਲਕ ਦੀ ਕੋਠੀ ਤੇ ਜਾ ਸਕਣ. ਰਾਹ ਵਿੱਚ, ਤਾਂਗੇਵਾਲੇ ਨੂੰ ਚੁੰਗੀ ਤੇ

ਰੁਕਣਾ ਪਿਆ ਤਾਂਕਿ ਸ਼ਹਿਰ ਵਿੱਚ ਆਉਣ ਵਾਲੀ ਸਵਾਰੀ ਦੀ ਚੀਜਾਂ ਉਪਰ ਟੈਕਸ ਬਾਰੇ, ਸਰਕਾਰੀ ਕਲਰਕ ਮੁਆਇਨਾ ਕਰ ਸਕੇ. ਡਿਊਟੀ ਵਾਲੇ ਕਲਰਕ ਨੇ ਤੁੰਰਤ ਮੇਰੇ ਪਿਤਾ ਨੂੰ ਪਛਾਣ ਲੀਤਾ ਅਤੇ ਬਿਲਕੁਲ ਹੈਰਾਨ ਹੋ ਕੇ ਪੁੱਛਿਆ, "ਸਰਦਾਰ ਸਾਹਿਬ, ਤੁਸੀਂ ਇਥੇ ਕੀ ਕਰ ਰਹੇ ਹੋ, ਰਾਤ ਦੇ ਇਸ ਵਕਤ ਸਵਾਰੀ ਕਰ ਰਹੇ ਹੋ? ਕਾਨੂੰਨ ਅਤੇ ਵਿਵਸਥਾ ਦੀ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਈ ਹੈ, ਅਤੇ ਤੁਹਾਡੇ ਉਪਰ ਕਿਸੇ ਵੀ ਵਕਤ ਹਮਲਾ ਹੋ ਸਕਦਾ ਹੈ." ਇਹ ਸੁਣ ਕੇ, ਟੈਂਸਾ ਛੱਡਣ ਤੋਂ ਬਾਅਦ ਪਹਿਲੀ ਵਾਰ ਮੇਰੇ ਪਿਤਾ ਨੂੰ ਖ਼ਤਰਾ ਮਹਿਸੂਸ ਹੋਇਆ. ਹੁਣ ਇਸ ਸ਼ਹਿਰ ਤੇ ਹਾਲਾਤ ਕਿਣੇ ਬਦਲ ਚੁਕੇ ਸੀ, ਅਤੇ ਇਥੇ ਹੀ ਉਨ੍ਹਾਂ ਨੇ ਬਤੌਰ ਮਜਿਸਟਰੇਟ, ਪਹਿਲਾਂ ਸੇਵਾ ਕੀਤੀ ਸੀ ਅਤੇ ਸਭ ਤੋਂ ਮੁਸਕਲ ਮਸਲਾ ਸੀ, ਮੁਹੱਰਮ ਦੇ ਦੌਰਾਨ ਕਾਨੂੰਨ ਹੋਰ ਵਿਵਸਥਾ ਨੂੰ ਕਾਇਮ ਰੱਖਨਾ. ਹੁਣ ਬੇਤਰਤੀਬੀ ਸੀ ਅਤੇ ਅਹਿਮ ਅਫ਼ਸਰ ਵੀ ਮਹਿਫ਼ੂਜ਼ ਨਹੀਂ ਸਨ. ਉਹ ਜਲਦੀ ਨਾਲ ਆਪਣੇ ਦੋਸਤ ਦੀ ਕੋਠੀ ਦੀ ਤਰਫ਼ ਚਲੇ ਗਏ, ਜਿੱਥੇ ਉਨ੍ਹਾਂ ਦੇ ਨੌਕਰਾਂ ਨੇ ਉਨ੍ਹਾਂ ਦਾ ਸੁਆਗਤ ਕੀਤਾ.

'ਅਗਲੇ ਦਿਨ ਸਵੇਰੇ, ਨਾਸ਼ਤੇ ਤੋਂ ਬਾਅਦ, ਮਕਾਨ-ਮਾਲਕ ਨੇ ਖੁਦ ਆ ਕੇ ਮੇਰੇ ਪਿਤਾ ਦਾ ਸੁਆਗਤ ਕੀਤਾ. ਉਨ੍ਹਾਂ ਨੇ ਪੁੱਛ-ਗਿੱਛ ਕੀਤੀ ਅਤੇ ਪਿਤਾ ਨੂੰ ਦੱਸਿਆ ਕਿ ਸ਼ਹਿਰ ਦੇ ਬਾਹਰੀ ਇਲਾਕੇ ਤੇ ਰਹਿਣਾ ਮਹਿਫ਼ੂਜ਼ ਨਹੀਂ ਸੀ. ਉਨ੍ਹਾਂ ਨੇ ਪਿਤਾ ਨੂੰ, ਸ਼ਹਿਰ ਦੇ ਅੰਦਰ ਕਟਰਾ ਤੇ ਲੈ ਜਾਣ ਦੀ ਪੇਸ਼ਕਸ਼ ਕੀਤੀ, ਜਿੱਥੇ ਉਨ੍ਹਾਂ ਦਾ ਸਾਥ ਉਨ੍ਹਾਂ ਦੀ ਤਰ੍ਹਾਂ ਗੱਡੀ ਦਾ ਇੰਤਜ਼ਾਰ ਕਰਦੇ ਲੋਕ, ਦੇ ਸਕਦੇ ਸੀ, ਅਤੇ ਉਨ੍ਹਾਂ ਨੂੰ ਸਰਕਾਰੀ ਹਿਫ਼ਾਜ਼ਤ ਵੀ ਦਿੱਤੀ ਗਈ ਸੀ. ਉਥੇ ਪਹੁੰਚ ਕੇ, ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਸਮੂਹ ਵਿੱਚ ਮਹਿਫ਼ੂਜ਼ ਮਹਿਸੂਸ ਕੀਤਾ, ਅਤੇ ਸਰਕਾਰੀ ਅਧਿਕਾਰੀਆਂ ਨੇ ਵਾਅਦਾ ਕੀਤਾ ਸੀ ਕਿ ਜਦ ਹੀ ਕੋਈ ਗੱਡੀ ਮੁਹੱਇਆ ਹੋ ਜਾਂਦੀ ਸੀ, ਉਨ੍ਹਾਂ ਨੂੰ ਲਾਹੌਰ ਭੇਜ ਦਿੱਤਾ ਜਾਵੇਗਾ. ਇਹ ਇੱਕ ਲੰਬਾ ਇੰਤਜ਼ਾਰ ਸਫਰ ਸਾਬਤ ਹੋਇਆ, ਕਈ ਦਿਨਾਂ ਦਾ ਜਾਂ ਮੈਨੂੰ ਲਗਦਾ ਹੈ ਤਿੰਨ ਹਫ਼ਤੇ ਆਂ ਦਾ.

'ਜਦ ਉਨ੍ਹਾਂ ਨੂੰ ਅਖੀਰਕਾਰ ਦੱਸਿਆ ਗਿਆ ਕਿ ਉਨ੍ਹਾਂ ਦੇ ਲਈ ਗੱਡੀ ਤਿਆਰ ਸੀ, ਉਨ੍ਹਾਂ ਨੂੰ ਹਿਫ਼ਾਜ਼ਤ ਨਾਲ ਰੇਲਵੇ ਸਟੇਸ਼ਨ ਤੱਕ ਲੈ ਜਾਇਆ ਗਿਆ. ਜ਼ਿਲ੍ਹੇ ਦਾ ਡਿਪਟੀ ਕਮੀਸ਼ਨਰ ਉਥੇ ਪਹਿਲਾਂ ਹੀ ਹਾਜ਼ਰ ਸੀ. ਉਸ ਦੇ ਅਰਦਲੀ ਨੇ ਮੇਰੇ ਪਿਤਾ ਨੂੰ ਸੈਲਯੂਟ ਕੀਤਾ, ਕਿਉਂਕਿ ਉਹ ਮੇਰੇ ਪਿਤਾ ਦੀ ਪਿਛਲੀ ਤਇਨਾਤੀ ਮੁਲਤਾਨ ਤੇ ਹੋਣ ਕਰ ਕੇ, ਉਨ੍ਹਾਂ ਨੂੰ ਪਛਾਣ ਲੀਤਾ ਸੀ, ਅਤੇ ਉਸ ਨੇ ਮੇਰੇ ਪਿਤਾ ਦੀ ਉਸ ਦੇ ਨਵੇਂ ਬੌਸ ਨਾਲ ਜਾਣ ਪਛਾਣ ਕਰਵਾਈ, ਜਿਸ ਨੇ ਮੇਰੇ ਪਿਤਾ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਇਆ. ਪੰਜਾਬ ਦੇ ਮੌਜੂਦਾ ਹਾਲਾਤ ਉਪਰ ਗੱਲ-ਬਾਤ ਕਰਦੇ ਹੋਏ, ਉਨ੍ਹਾਂ ਨੇ ਮੇਰੇ ਪਿਤਾ ਨੂੰ ਕਾਨੂੰਨ ਅਤੇ ਵਿਵਸਥਾ ਨੂੰ ਮਜਬੂਤ ਕਰਣ ਲਈ, ਪੂਰਬੀ ਪੰਜਾਬ ਵਿੱਚ ਹਰ ਕਦਮ ਲੈਣ ਦਾ ਮਸ਼ਵਰਾ ਦਿੱਤਾ. ਅਰਦਲੀ, ਮੇਰੇ ਪਿਤਾ ਨੂੰ ਲੈ ਕੇ ਉਸ ਡੱਬੇ ਤੱਕ ਗਿਆ, ਜੋ ਉਨ੍ਹਾਂ ਦੇ ਲਈ ਰਿਜਰਵ ਕੀਤਾ ਗਿਆ ਸੀ. ਇਸ ਮਿਹਰਬਾਨੀ ਦਾ ਸ਼ੁਕਰੀਆ ਅਦਾ ਕਰਣ ਦੇ ਬਾਅਦ, ਮੇਰੇ ਪਿਤਾ ਨੇ ਅਰਦਲੀ ਨੂੰ ਕਿਹਾ, ਚੁੰਕਿ ਦੂਜੇ ਡੱਬੇ ਤੇ ਬਹੁਤ ਜ਼ਿਆਦਾ ਲੋਕ ਸਨ, ਕੁੱਝ ਨੂੰ ਇਸ ਡੱਬੇ ਤੇ ਆਉਣ ਦਿੱਤਾ ਜਾਵੇ.

'ਗੱਡੀ ਲਾਹੌਰ ਦੇ ਇੱਕ ਲੰਬੇ ਸਫਰ ਲਈ, ਬਹੁਤ ਧੀਮੀ ਰਫ਼ਤਾਰ ਨਾਲ ਚਲੀ. ਇੱਕ ਛੋਟੀ ਫ਼ੌਜੀ ਟੁਕੜੀ ਜਿਸ ਵਿੱਚ ਤਿੰਨ ਗੋਰਖਾ ਸਿਪਾਹੀ, ਇੱਕ ਬ੍ਰਿਟਿਸ਼ ਅਫ਼ਸਰ ਦੇ ਅਧੀਨ ਸਨ, ਉਨ੍ਹਾਂ ਨੂੰ ਹਿਫ਼ਾਜ਼ਤ ਦੇ ਰਹੇ ਸੀ. ਮਿੰਟਗੋਮਰੀ ਤੱਕ ਸਭ ਕੁੱਝ ਠੀਕ ਰਹਿਆ, ਜੋ ਸਫਰ ਦਾ ਮੱਧ ਸੀ. ਪਿਤਾ ਨੇ ਮੈਨੂੰ ਦੱਸਿਆ ਕਿ ਉਹ ਉਸ ਚੱਕ ਦੀ ਤਰਫ਼ ਵੇਖ ਰਹੇ ਸੀ ਜਿਸ ਦੇ ਨਾਲ ਉਨ੍ਹਾਂ ਦਾ ਤਾਲੁੱਕ ਸੀ, ਅਤੇ ਸੋਚ ਰਹੇ ਸੀ ਕਿ ਲੰਬਰਦਾਰ

ਵਾਰੇ ਸਿੰਘ, ਹੋ ਸਕਦਾ ਸੀ, ਉਣ ਕੱਮਾਂ ਲਈ ਰੋਜ਼ਾਨਾ ਦੀ ਤਰ੍ਹਾਂ ਸ਼ਹਿਰ ਜਾ ਰਿਹਾ ਹੋਵੇਗਾ, ਜੋ ਉਸ ਦੀ ਸਰਕਾਰੀ ਡਿਊਟੀ ਵਿੱਚ ਸ਼ਾਮਲ ਸੀ. ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਚੱਕ ਦੇ ਸਿੱਖ ਵਾਸੀ, ਇੱਕ ਕਾਫ਼ਿਲਾ ਬਣਾ ਕੇ ਪੂਰਬੀ ਪੰਜਾਬ ਦੀ ਤਰਫ਼ ਪੈਦਲ ਨਿਕਲ ਗਏ ਸੀ. ਚੱਕ ਦੇ ਵਡੇਰੇ ਪਹਿਲੇ ਆਲਮੀ ਜੰਗ ਤੇ ਲੜ ਚੁਕੇ ਸੀ ਅਤੇ ਉਸ ਲੰਬੇ ਸਫਰ ਤੇ ਉਹ ਪਿੰਡ ਦੇ ਲੋਕਾਂ ਦੀ ਅਗਵਾਈ ਕਰ ਰਹੇ ਸੀ.

'ਮਿੰਟਗੋਮਰੀ ਤੇ ਠਹਿਰਾਉ ਲੰਬਾ ਹੋ ਗਿਆ. ਕੁੱਝ ਮੁਸਾਫ਼ਰ ਪਲੈਟਫਾਰਮ ਤੇ ਖਾਣ-ਪੀਣ ਦੀ ਸਾਮਗਰੀ ਵੇਖਣ ਗਏ, ਪਰ ਕੋਈ ਵੇਚਣ ਵਾਲਾ ਜਾਂ ਖੁਲ੍ਹਾ ਰੇੜ੍ਹਾ ਨਹੀਂ ਸੀ. ਇਸ ਦੇ ਬਜਾਏ, ਉਨ੍ਹਾਂ ਨੇ ਇੱਕ ਹਮਲਾਵਰ ਮੁਸਲਿਮ ਸਮੂਹ ਦੀ ਚੀਕਾਂ ਅਤੇ ਨਾਅਰੇ ਸੁਣੇ, ਅਤੇ ਇਸ ਦੇ ਬਾਅਦ ਹੀ ਗੋਲੀ ਚਲਣ ਦੀ ਅਵਾਜ਼ ਆਈ. ਗੋਰਖਾ ਅਤੇ ਉਨ੍ਹਾਂ ਦਾ ਅਫ਼ਸਰ ਪਲੈਟਫਾਰਮ ਤੇ ਗਸ਼ਤ ਲਗਾ ਰਹੇ ਸੀ ਅਤੇ ਵਿਵਸਥਾ ਕਾਇਮ ਕਰਣ ਦੀ ਸਭ ਤੋਂ ਬਿਹਤਰ ਕੋਸ਼ਿਸ਼ ਕਰ ਰਹੇ ਸੀ, ਅਤੇ ਉਨ੍ਹਾਂ ਨੇ ਸਾਰੇ ਮੁਸਾਫ਼ਰਾਂ ਨੂੰ ਮਹਿਫ਼ੂਜ਼ ਹਾਲ ਵਿੱਚ ਗੱਡੀ ਵਿੱਚ ਵਾਪਸ ਲੈ ਆਉਂਦਾ. ਇਸ ਨਾਗਵਾਰ ਘਟਨਾ ਦੇ ਚਲਦਿਆਂ ਕਾਫ਼ੀ ਦੇਰ ਹੋ ਗਈ. ਇਹ ਵੇਖਣ ਦੇ ਬਾਅਦ, ਇੰਜਨ ਡ੍ਰਾਇਵਰ ਨੇ ਹੋਰ ਅਗੇ ਜਾਣ ਤੋਂ ਆਪਣੀ ਝਿਜਕ ਜ਼ਾਹਰ ਕੀਤੀ. ਉਸ ਦੇ ਕਰੀਬ ਇੱਕ ਸਿਪਾਹੀ ਰੱਖਣਾ ਪਿਆ ਤਾਂਕਿ ਉਹ ਅਗੇ ਦਾ ਖ਼ਤਰਨਾਕ ਸਫਰ ਕਰਣ ਲਈ ਰਾਜੀ ਹੋ ਜਾਵੇ. ਜਿਣ ਮੁਸਾਫ਼ਰਾਂ ਕੋਲ ਵੰਡਣ ਲਾਇੱਕ ਖਾਣਾ ਸੀ, ਉਨ੍ਹਾਂ ਨੇ ਭੁੱਖੇ ਬੱਚੇਆਂ ਨਾਲ ਉਸ ਨੂੰ ਵੰਡ ਲੀਤਾ.

'ਰਾਤ ਦੇ ਹਨੇਰੇ ਤੇ ਗੱਡੀ ਹੁਣ ਹੌਲੀ ਹੌਲੀ ਚੱਲ ਰਹੀ ਸੀ. ਬਿਲਕੁਲ ਤੜਕੇ, ਮੁਸਾਫ਼ਰਾਂ ਨੇ ਇੰਜਣ ਨੂੰ ਲਗਾਤਾਰ ਸੀਟੀਆਂ ਮਾਰਦੇ ਸੁਣਿਆ ਅਤੇ ਗੱਡੀ ਲੱਗਭਗ ਰੁਕ ਗਈ. ਪਿਤਾ ਨੇ ਆਪਣੀ ਬਾਰੀ ਤੋਂ ਵੇਖਿਆ ਕਿ ਬਦਮਾਸ਼ਾਂ ਦਾ ਇੱਕ ਗਿਰੋਹ, ਬਰਛੇ ਲੈ ਕੇ, ਕਰੀਬ ਦੇ ਇੱਕ ਪਿੰਡ ਤੋਂ ਗੱਡੀ ਦੇ ਟ੍ਰੈਕ ਦੀ ਤਰਫ਼ ਦੌੜ ਕੇ ਆ ਰਿਹਾ ਸੀ. ਮੁਸਾਫ਼ਰਾਂ ਦੇ ਕਤਲੇਆਮ ਹੋ ਜਾਣ ਦੇ ਡਰ ਦੇ ਚਲਦੇ, ਸਿਪਾਹੀਆਂ ਨੂੰ ਵੇਖਿਆ ਗਿਆ ਕਿ ਉਹ ਆਪਣੀ ਬੰਦੂਕਾਂ ਉਣ ਬਦਮਾਸ਼ਾਂ ਸੀ ਤਰਫ਼ ਕਰ ਲੀਤੀਆਂ. ਡ੍ਰਾਇਵਰ ਨੂੰ ਦਿੱਤੇ ਗਏ ਸਿਪਾਹੀ ਨੇ ਉਸ ਨੂੰ ਗੱਡੀ ਤੇਜ ਕਰਣ ਲਈ ਅਤੇ ਗੱਡੀ ਨੂੰ ਚਲਦਿਆਂ ਰਹਿਣ ਲਈ, ਪਰੇਰਤ ਕੀਤਾ. ਗੋਰਖਾ ਸਿਪਾਹੀਆਂ ਦੀ ਮੌਜੂਦਗੀ ਦੇ ਚਲਦੇ, ਉਹ ਬਦਮਾਸ਼ ਹਮਲਾ ਕਰਣ ਤੇ ਹਿਚਕਿਚਾ ਰਹੇ ਸੀ. ਇਸੇ ਤਰ੍ਹਾਂ ਦਾ ਵਾਕਿਆ ਇੱਕ ਵਾਰ ਫਿਰ ਹੋਇਆ, ਸਾਰੀ ਕਾਰਵਾਈ ਦਾ ਨਮੂਨਾ ਇੱਕ ਵਰਗਾ ਸੀ: ਇੰਜਣ ਬਾਰ ਬਾਰ ਸੀਟੀਆਂ ਮਾਰਦਾ, ਗੱਡੀ ਧੀਮੀ ਹੋ ਜਾਂਦੀ ਅਤੇ ਕਿਸੇ ਵੱਡੇ ਪਿੰਡ ਦੇ ਕਰੀਬ, ਬਦਮਾਸ਼ ਬਰਛੇ ਲੈ ਕੇ ਗੱਡੀ ਉਪਰ ਹਮਲਾ ਕਰਣ ਆ ਜਾਂਦੇ. ਗੋਰਖਾ ਸਿਪਾਹੀ ਗੋਲੀ ਮਾਰਣ ਨੂੰ ਤਿਆਰ ਰਹਿੰਦੇ, ਅਗਰ ਭੀੜ ਥੋੜਾ ਹੋਰ ਅਗੇ ਆਉਂਦੀ.

'ਅਖੀਰਕਾਰ, ਗੱਡੀ ਲਾਹੌਰ ਜ਼ਿਲ੍ਹੇ ਦੀ ਬਾਹਰੀ ਸੀਮਾ ਤੇ ਪਹੁੰਚੀ, ਜਿੱਥੇ ਕਈ ਬਰਬਾਦ ਕੀਤੇ ਅਤੇ ਸਾੜੇ ਗਏ ਘਰਾਂ ਨੂੰ ਵੇਖਿਆ ਜਾ ਸਕਦਾ ਸੀ. ਕਹਿਣ ਦੀ ਲੋੜ ਨਹੀਂ ਸੀ ਕਿ ਇਸ ਇਲਾਕੇ ਨੇ ਇੱਕ ਵੱਡੇ ਪੈਮਾਨੇ ਤੇ ਕਤਲੇਆਮ ਅਤੇ ਲੁੱਟਪਾਟ ਵੇਖਿਆ ਸੀ, ਉਣ ਜਗ੍ਹਾਂ ਦੇ ਮੁਕਾਬਲੇ, ਜੋ ਮੇਰੇ ਪਿਤਾ ਛੱਡ ਕੇ ਆ ਰਹੇ ਸੀ. ਅਗਲੇ ਘੰਟੇ ਦੇ ਅੰਦਰ ਹੀ, ਉਹ ਲਾਹੌਰ ਸ਼ਹਿਰ ਦੇ ਬਾਹਰੀ ਇਲਾਕੇ ਤੇ ਆ ਪਹੁੰਚੇ ਸੀ. ਜੋ ਆਮ ਤੌਰ ਤੇ ਅੱਠ ਘੰਟੇਆਂ ਦਾ ਸਫਰ ਸੀ, ਉਸ ਨੂੰ ਦੋ ਦਿਨਾਂ ਤੋਂ ਵੀ ਜ਼ਿਆਦਾ ਦਾ ਵਕਤ ਲਗ ਚੁਕਿਆ ਸੀ. ਉਨ੍ਹਾਂ ਨੇ ਜੋ ਕੁੱਝ ਖਾਣ ਦਾ ਸਾਮਾਨ ਲੈ ਕੇ ਆਉਂਦਾ ਸੀ, ਉਸ ਨੂੰ ਛੱਡ ਕੇ ਉਨ੍ਹਾਂ ਦੇ ਕੋਲ ਹੋਰ ਕੁੱਝ ਨਹੀਂ ਸੀ. ਲਾਹੌਰ ਤੇ ਪਹੁੰਚਣਾ ਉਨ੍ਹਾਂ ਦੇ ਲਈ, ਕਾਫ਼ੀ ਰਾਹਤ ਦੀ ਗੱਲ ਸੀ; ਗੱਡੀ ਦੇ ਮੁਸਾਫ਼ਰਾਂ ਦੇ ਕਤਲ ਪਿਛਲੇ ਦਿਨਾਂ ਤੇ, ਆਲੇ-ਦੁਆਲੇ ਦੇ

ਇਲਾਕਿਆਂ ਤੇ ਹੋਏ ਸੀ. ਉਨ੍ਹਾਂ ਨੂੰ ਇੱਕ ਹੋਰ ਦਿਨ ਇੰਤਜ਼ਾਰ ਕਰਨਾ ਪਿਆ ਅਤੇ ਉਸ ਦੇ ਬਾਅਦ, ਇੱਕ ਗੱਡੀ ਉਨ੍ਹਾਂ ਨੂੰ ਲੈ ਕੇ ਸ਼ਹਿਰ ਤੋਂ ਬਾਹਰ ਅਤੇ ਇੰਡੀਆ ਦੀ ਸਰਹੱਦ ਦੇ ਅੰਦਰ ਲੈ ਆਈ.

'ਪਰ, ਮੈਨੂੰ ਆਪਣੇ ਪਿਤਾ ਦੀ ਕੋਈ ਖ਼ਬਰ ਨਹੀਂ ਸੀ. ਆਜ਼ਾਦੀ ਅਤੇ ਪਾਕਿਸਤਾਨ ਬਣਣ ਦੇ ਤੁਰੰਤ ਬਾਅਦ, ਮੈਂ ਗੁਰਦਾਸਪੁਰ ਤੋਂ ਅੱਮ੍ਰਿਤਸਰ ਆਇਆ. ਮੈਂ ਦਰਬਾਰ ਸਾਹਿਬ ਦੇ ਇਹਾਤੇ ਤੇ ਰਿਹਾ, ਤਾਂਕਿ ਮੈਨੂੰ ਆਪਣੇ ਪਿਤਾ ਬਾਰੇ ਕੋਈ ਸੁਰਾਗ ਮਿਲ ਜਾਵੇ. ਇਸ ਦੇ ਨਾਲ, ਮੈਂ ਰੋਜ਼ਾਨਾ ਜੀ.ਟੀ.ਰੋਡ ਦੇ ਮੁੱਖ ਨਾਕੇ ਤੇ ਜਾਂਦਾ ਜਿਸ ਦੀ ਨਿਗਰਾਨੀ ਫ਼ੌਜ਼ ਕਰ ਰਹੀ ਸੀ, ਅਤੇ ਜਿੱਥੇ ਪਰਵਾਸੀਆਂ ਦੇ ਕਾਫ਼ਿਲੇਆਂ ਦੀ ਜਾਂਚ ਕਰ ਕੇ, ਉਨ੍ਹਾਂ ਨੂੰ ਅਗੇ ਵੱਧਣ ਦਿੱਤਾ ਜਾਂਦਾ. ਮੈਂ ਹਰ ਦਿਨ ਲੋਕਾਂ ਨਾਲ ਗੱਲ ਅਤੇ ਪੁੱਛ-ਗਿੱਛ ਕਰਦਾ ਅਗਰ ਕਿਸੇ ਨੇ ਮੇਰੇ ਪਿਤਾ ਨੂੰ ਅੱਮ੍ਰਿਤਸਰ ਰੇਲਵੇ ਸਟੇਸ਼ਨ ਤੇ ਵੇਖਿਆ ਸੀ ਜਾਂ ਨਹੀਂ. ਹਰ ਸ਼ਾਮ ਮੈਂ ਦਰਬਾਰ ਸਾਹਿਬ ਤੇ ਅਰਦਾਸ ਕਰਣ ਲਈ ਵਾਪਸ ਆ ਜਾਉਂਦਾ ਅਤੇ ਰਾਤ ਨੂੰ ਉਥੇ ਸੰਗਮਰਮਰ ਦੇ ਫ਼ਰਸ਼ ਤੇ ਸੌਂਦਾ. ਗੁਰੂ ਦੇ ਲੰਗਰ ਨੇ ਮੇਰੀ ਨੌਜਵਾਨੀ ਦੇ ਇਸ ਬੇਹਦ ਨਿਰਾਸ਼ ਵਕਤ ਵਿੱਚ ਕਾਫ਼ੀ ਖ਼ੁਰਾਕ ਦਿੱਤੀ. ਇਸ ਨੇ ਮੈਨੂੰ ਮੌਕਾ ਦਿੱਤਾ ਕਿ ਮੈਂ ਦੂਜੇ ਸ਼ਰਧਾਲੂਆਂ ਅਤੇ ਮਹਿਮਾਨਾਂ ਨੂੰ ਵੇਖ ਅਤੇ ਮਿਲ ਸਕਾਂ, ਅਤੇ ਮਜ਼ੂਬ ਦੇ ਨਾਂਅ ਤੇ ਜੋ ਕਤਲੇਆਮ ਹੋਇਆ ਸੀ, ਉਸ ਬਾਰੇ ਉਨ੍ਹਾਂ ਤੋਂ ਸਿੱਧੀ ਇਤਲਾਹ ਹਾਸਲ ਕਰ ਸਕਾਂ. ਜ਼ਿਆਦਾਤਰ ਲੋਕ ਇਸ ਤਰ੍ਹਾਂ ਦੀ ਆਜ਼ਾਦੀ ਨੂੰ ਲੈ ਕੇ ਵਿਰਲਾਪ ਕਰ ਰਹੇ ਸੀ, ਜਿਸ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਹੀ ਸੂਬੇ ਤੇ, ਪਨਾਹਗੀਰ ਬਣਾ ਦਿੱਤਾ ਸੀ.

'ਮੈਂ ਹੋਰ ਵੀ ਜ਼ਿਆਦਾ ਮਾਯੂਸ ਹੋ ਜਾ ਰਿਹਾ ਸੀ ਅਤੇ ਲਗਾਤਾਰ ਇਹ ਸੁਣਣ ਦੀ ਆਦਤ ਹੋ ਗਈ ਸੀ, 'ਸਾਨੂ ਤੁਹਾਡੇ ਪਿਤਾ ਬਾਰੇ ਕੁੱਝ ਨਹੀਂ ਪਤਾ'. ਅਚਾਨਕ ਕਿਸੇ ਨੇ ਮੈਨੂੰ ਇੱਕ ਦਿਨ ਵੇਖਿਆ ਅਤੇ ਕਿਹਾ ਕਿ ਉਸ ਨੇ ਉਨ੍ਹਾਂ ਨੂੰ ਇੱਕ ਗੱਡੀ ਤੇ ਅੱਮ੍ਰਿਤਸਰ ਛੱਡ ਕੇ ਜਾਂਦੇ ਵੇਖਿਆ ਸੀ. ਮੈਂ ਇਸ ਖ਼ਬਰ ਨਾਲ ਬਹੁਤ ਹੈਰਾਨ ਹੋਇਆ ਅਤੇ ਇਹ ਲਗਿਆ ਕਿ ਇਹ ਤੇ ਇੰਨੀ ਚੰਗੀ ਖ਼ਬਰ ਸੀ ਪਰ ਇਹ ਸੱਚ ਨਹੀਂ ਹੋ ਸਕਦੀ. ਮੈਂ ਉਸ ਨੂੰ ਫਿਰ ਪੁੱਛਿਆ, ਤਾਂਕਿ ਮੈਨੂੰ ਯਕੀਨ ਹੋ ਜਾਵੇ. ਉਸ ਨੇ ਮੈਨੂੰ ਭਰੋਸਾ ਦਿੱਤਾ ਕਿ ਉਸ ਨੇ ਮੇਰੇ ਹੀ ਪਿਤਾ ਨੂੰ ਵੇਖਿਆ ਸੀ, ਭਾਵੇਂ ਥੋੜ੍ਹੀ ਦੂਰ ਤੋਂ ਕਿਉਂ ਨਾ ਵੇਖਿਆ ਹੋਵੇ. ਉਹ ਸਹੀ ਸੀ.'

ਰਿਆਸਤ ਬਹਾਵਲਪੁਰ

ਰਿਆਸਤ ਬਹਾਵਲਪੁਰ ਮੁਲਤਾਨ ਡਿਵੀਜ਼ਨ ਨਾਲ ਜੁੜੀ ਹੋਈ ਸੀ. 1941 ਤੇ, ਇਸ ਦੀ ਕੁੱਲ ਆਬਾਦੀ 1,341,209 ਸੀ ਜੋ 45,911 ਵਰਗ ਕਿਲੋਮੀਟਰ (17,494 ਵਰਗ ਮੀਲ) ਇਲਾਕੇ ਵਿੱਚ ਰਹਿੰਦੀ ਸੀ. ਆਬਾਦੀ ਦਾ 83 ਫ਼ੀਸਦੀ ਮੁਸਲਿਮ ਸੀ, ਅਤੇ ਬਾਕੀ ਮੁੱਖ ਤੌਰ ਤੇ ਹਿੰਦੂ ਅਤੇ ਕੁੱਝ ਸਿੱਖ ਅਤੇ ਇਸਾਈ ਸਨ. ਮੁਸਲਿਮ ਨਵਾਬ ਨੇ ਪਾਕਿਸਤਾਨ ਵਿੱਚ ਸ਼ਾਮਲ ਹੋਣ ਦਾ ਇਰਾਦਾ ਕੀਤਾ. ਆਬਪਾਸ਼ੀ ਦੀ ਨਹਿਰਾਂ ਅਤੇ ਦੂਜੀ ਸਹੂਲਤਾਂ ਦੇ ਚਲਦੇ, ਇਸ ਰਿਆਸਤ ਦੇ ਉੱਤਰੀ ਹਿੱਸੇ ਤੇ ਨਹਿਰ ਕਲੋਨੀਆਂ ਵਸ ਗਈਆਂ. ਜ਼ਿਆਦਾਤਰ ਵਸਣ ਵਾਲੇ ਮੁਸਲਿਮ ਸਨ, ਪਰ ਕੁੱਝ ਸਿਖਾਂ ਨੂੰ ਵੀ ਇਣ ਕਲੋਨੀਆਂ ਤੇ ਵਾਹੀ ਕਰਣ ਲਈ ਜ਼ਮੀਨਾਂ ਦਿੱਤੀ ਗਈਆਂ ਸੀ. ਰਿਆਸਤ ਬਹਾਵਲਪੁਰ ਵਿੱਚ ਵੀ ਅਗਸਤ ਤੇ ਦੰਗੇ ਭੜਕ ਉਠੇ. ਪੇਂਡਰਲ ਮੂਨ ਦੇ ਮੁਤਾਬਕ, ਜੋ 1947 ਤੇ ਇਸ ਰਿਆਸਤ ਤੇ ਰੈਵੇਨਊ ਐਂਡ ਪਬਲਿਕ ਵਰਕਸ ਮਿਨਿਸਟਰ (ਰਾਜਸਵ ਅਤੇ ਸਾਰਵਜਨਿਕ ਨਿਰਮਾਣ ਮੰਤਰੀ) ਸਨ, ਤਕਸੀਮ ਦੇ ਵਕਤ ਨਵਾਬ ਸਾਹਿਬ ਇੰਗਲੈਂਡ ਤੇ ਸਨ. ਉਹ ਅਕਤੂਬਰ ਤੱਕ ਵਾਪਸ ਨਹੀਂ ਲੌਟੇ. ਪਰ, ਕਿਉਂਕਿ ਪੰਜਾਬ ਦੇ ਬਾਕੀ ਹਿਸੇਆਂ ਤੇ ਅਤੇ ਨਵੀਂ ਸਰਹੱਦ ਦੇ ਉਸ ਪਾਰ, ਰਾਜਪੁਤਾਨਾ ਦੀ

ਹਿੰਦੂ ਰਿਆਸਤਾਂ ਤੇ ਦੰਗੇ ਹੋਏ ਸੀ, ਰਿਆਸਤ ਬਹਾਵਲਪੁਰ ਤੇ ਵੀ ਦੰਗੇ ਹੋਏ. ਪਰ, ਜ਼ਿਆਦਾਤਰ ਹਿੰਦੂਆਂ ਅਤੇ ਸਿੱਖਾਂ ਨੂੰ ਮਹਿਫ਼ੂਜ਼ ਤਰੀਕੇ ਨਾਲ ਸਰਹੱਦ ਪਾਰ ਕਰਾਣ ਲਈ, ਪੈਦਲ ਕਾਫ਼ਿਲੇ ਨਾਲ ਪੁਲਿਸ ਹੋਰ ਫ਼ੌਜ਼ੀ ਹਿਫ਼ਾਜ਼ਤ ਅਤੇ ਖ਼ਾਸ ਗੱਡੀਆਂ ਚਲਾ ਕੇ, ਮਦਦ ਕੀਤੀ ਗਈ. ਕੁੱਝ ਮਾਮਲੇਆਂ ਤੇ ਕਾਫ਼ਿਲੇ ਦੇ ਨਾਲ ਜਾ ਰਹੇ ਹਿਫ਼ਾਜ਼ਤ ਕਰਣ ਵਾਲੇ ਲੋਕ ਗੈਰ-ਮੁਸਲਿਮਾਂ ਨੂੰ ਲੁਟਣ ਵਿੱਚ ਸ਼ਾਮਲ ਹੋ ਗਏ, ਪਰ ਸਮੁਚੇ ਤੌਰ ਤੇ, ਆਬਾਦੀ ਦਾ ਪਰਵਾਸ ਠੀਕ-ਠਾਕ ਸੀ (1998: 232–35).

ਹਵਾਲਾ

ਮੂਨ, ਪੇਂਡਰਲ, ਡਿਵਾਇਡ ਐਂਡ ਕਵੀਟ: ਐਨ ਆਈਵਿਟਨੈਸ ਅਕਾਉਂਟ ਔਫ ਦ ਪਾਰਟੀਸ਼ਨ ਔਫ ਇੰਡੀਆ, ਨਿਉ ਦੇਲਹੀ: ਆਕਸਫੋਰਡ ਯੂਨਿਵਰਸੀਟੀ ਪ੍ਰੇਸ

ਇੰਟਰਵਿਊ

ਨਕਸ਼ ਲਾਇਲਪੁਰੀ, ਮੁਮਬਈ, 2 ਜਨਵਰੀ 1997
ਸਈਦ ਅਫਜ਼ਲ ਹੈਦਰ, ਲਾਹੌਰ, 13 ਅਪ੍ਰੈਲ 2003
ਬੀ.ਆਰ.ਲਾਲ, ਦੇਲਹੀ, 12 ਮਾਰਚ 2004
ਸ਼੍ਰੀਮਤੀ ਵਿਮਲਾ ਵਿਰਮਾਨੀ, ਦੇਲਹੀ, 13 ਮਾਰਚ 2004
ਗੁਰਦੇਵ ਸਿੰਘ (ਪਹਿਲਾਂ ਝੰਗ ਤੋਂ), 16 ਮਾਰਚ 2004
ਬਜ਼ੁਰਗ ਸ੍ਰੀ ਅਰੋੜਾ, ਕਿਸ਼ਨਪੁਰਾ, ਜ਼ਿਲ੍ਹਾ ਮੋਗਾ, ਪੂਰਬੀ ਪੰਜਾਬ, 17 ਮਾਰਚ 2004
ਗੁਰਦੇਵ ਸਿੰਘ (ਪਹਿਲਾਂ ਲਾਇਲਪੁਰ ਦੇ ਦਿਹਾਤੀ ਇਲਾਕੇ ਤੋਂ), ਪਿੰਡ ਗਲੀਬ ਕਲਾਨ, ਜ਼ਿਲ੍ਹਾ ਲੁਧਿਆਣਾ, 18 ਮਾਰਚ 2004
ਨਸ਼ਤਰ ਸਿੰਘ ਪਿੰਡ ਗਲੀਬ ਕਲਾਨ, ਜ਼ਿਲ੍ਹਾ ਲੁਧਿਆਣਾ, 18 ਮਾਰਚ 2004
ਘੁਲਾਮ ਰਸੁਲ ਤਨਵੀਰ, ਫ਼ੈਸਲਾਬਾਦ, 19 ਦਸੰਬਰ 2004
ਅਬਦੁਲ ਬਾਰੀ, ਮੁਲਤਾਨ, 20 ਦਸੰਬਰ 2004
ਲਾਜਪਤ ਰਾਏ ਸੇਠ, ਦੇਲਹੀ, 10 ਜਨਵਰੀ 2005
ਤ੍ਰਿਲੋਕ ਕੁਮਾਰ ਗੁਲਾਟੀ, ਦੇਲਹੀ, 11 ਜਨਵਰੀ 2005
ਪ੍ਰੋਫ਼ੇਸਰ ਵਿਨੈ ਕੁਮਾਰ, ਸਟੋਕਹੋਮ, 13 ਫਰਵਰੀ 2005
ਪ੍ਰੋਫ਼ੇਸਰ ਪ੍ਰੇਮ ਸਿੰਘ ਕਹਲੋਂ, ਨੈਸ਼ਵਿਲ, ਟੇਨੇਸੀ, ਯੂ.ਐਸ.ਏ., ਈ-ਮੇਲ ਦੁਆਰਾ, 15 ਜੂਨ 2005
ਸਰਦਾਰ ਜਰਨੈਲ ਸਿੰਘ ਪਸਰੀਚਾ; ਸ਼੍ਰੀਮਤੀ ਇੰਦਰਜੀਤ ਕੌਰ, ਹੇਡਮਿਸਟਰੇਸ ਮਿੰਟਗੋਮਰੀ ਗਰਲਸ ਹਾਈ ਸਕੂਲ, ਕਪੂਰਥਲਾ ਦੁਆਰਾ ਇੰਟਰਵਿਊ ਲੀਤਾ ਗਿਆ ਅਤੇ 1 ਅਗਸਤ 2005 ਨੂੰ ਈ-ਮੇਲ ਕੀਤਾ ਗਿਆ
ਮਨਮੋਹਨ ਤਨੇਜਾ, ਪ੍ਰੋਫ਼ੇਸਰ ਮਨਚੰਦਾ ਦੁਆਰਾ ਦਿੱਲੀ ਤੇ ਇੰਟਰਵਿਊ; 7 ਅਤੇ 10 ਮਾਰਚ ਨੂੰ ਅਤੇ ਈ-ਮੇਲ 10 ਮਾਰਚ 2007 ਨੂੰ
ਡਾ. ਸਤਿਆ ਪਾਲ 'ਬੇਦਰ', ਪ੍ਰੋਫ਼ੇਸਰ ਮਨਚੰਦਾ ਦੁਆਰਾ ਦਿੱਲੀ ਤੇ ਇੰਟਰਵਿਊ; 11 ਮਾਰਚ ਨੂੰ ਅਤੇ ਈ-ਮੇਲ 11 ਮਾਰਚ 2007 ਨੂੰ
ਡਾ. ਤੇਜਾ ਸਿੰਘ, ਏਡਮਨਟਨ, ਕਨਾਡਾ, ਈ-ਮੇਲ ਦੁਆਰਾ 17 ਮਾਰਚ 2007
ਗੋਬਿੰਦ ਠਕਰਾਲ, ਚੰਡੀਗੜ, ਚੰਡੀਗੜ, ਈ-ਮੇਲ ਦੁਆਰਾ 21 ਮਾਰਚ 2007
ਪ੍ਰੋਫ਼ੇਸਰ ਨਰਿੰਦਰ ਮੋਹਨ ਵੈਦ, ਪਾਨੀਪਤ, ਅਰਵਿੰਦ ਵੈਦ ਦੁਆਰਾ ਇੰਟਰਵਿਊ ਅਤੇ ਈ-ਮੇਲ ਦੁਆਰਾ ਭੇਜਿਆ ਗਿਆ, 14 ਅਪ੍ਰੈਲ 2010
ਬਤੂਲ ਬੇਗਮ, ਜਿਨ੍ਹਾ ਦੇ ਬੇਟੇ ਬ੍ਰਿਗੇਡੀਆਰ(ਰਿ.) ਯਾਸੁਨ ਅਲੀ ਡੋਗਰ ਨੇ ਇੰਟਰਵਿਊ ਲੀਤਾ ਅਤੇ ਲਾਹੌਰ ਤੋਂ ਭੇਜਿਆ ਗਿਆ, 3 ਮਾਰਚ 2011

ਪੂਰਬੀ ਪੰਜਾਬ ਤੋਂ ਕੂਚ

17

ਅੱਮ੍ਰਿਤਸਰ, ਅਤੇ ਗੁਰਦਾਸਪੁਰ ਦੀ ਤਿੰਨ ਤਹਸੀਲਾਂ

3 ਜੂਨ 1947 ਦੀ 'ਕਾਲਪਨਿਕ ਵੰਡ' ਦੇ ਦੌਰਾਨ, ਹਿੰਦੂ-ਸਿੱਖ ਬਹੁਸੰਖਅਕ ਅੱਮ੍ਰਿਤਸਰ ਜ਼ਿਲ੍ਹੇ ਨੂੰ ਪੂਰਬੀ ਪੰਜਾਬ ਵਿੱਚ ਸ਼ਾਮਲ ਕੀਤਾ ਗਿਆ ਸੀ. ਰੈਡਕਲੀਫ ਅਵਾਰਡ ਨੇ ਇਸ ਦੀ ਤਸਦੀਕ ਕੀਤੀ. ਜਿੱਥੇ ਤੱਕ ਗੁਰਦਾਸਪੁਰ ਜ਼ਿਲ੍ਹੇ ਦਾ ਸਵਾਲ ਹੈ, 3 ਜੂਨ ਦੇ ਪਾਰਟੀਸ਼ਨ ਪਲਾਨ ਨੇ ਇਸ ਨੂੰ ਪਾਕਿਸਤਾਨ ਵਿੱਚ ਸ਼ਾਮਲ ਕੀਤਾ ਸੀ, ਪਰ ਰੈਡਕਲੀਫ ਅਵਾਰਡ ਨੇ ਇਸ ਦੀ ਤਿੰਨ ਤਹਸੀਲਾਂ-ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ, ਪੂਰਬੀ ਪੰਜਾਬ ਨੂੰ ਦੇ ਦਿੱਤੀਆਂ. ਹੈਰਾਨ ਹੋਣ ਦੀ ਗੱਲ ਨਹੀਂ ਹੈ ਕਿ, ਇਸ ਤਰ੍ਹਾਂ ਦੇ ਅਕਾਸਮਕ ਫ਼ੈਸਲੇਆਂ ਨੇ ਬਹੁਤ ਵਿਲਖੱਣ ਹਾਲਾਤ ਅਤੇ ਪ੍ਰਤੀਕਿਰਿਆਂ ਪੈਦਾ ਕੀਤੀਆਂ.

ਅੱਮ੍ਰਿਤਸਰ ਸ਼ਹਿਰ

ਅੱਮ੍ਰਿਤਸਰ ਤੇ, ਸਭ ਤੋਂ ਲੰਬਾ ਚਲਣ ਵਾਲਾ ਹਿੰਦੂ-ਸਿੱਖ ਬਨਾਮ ਮੁਸਲਿਮ, ਗੁੰਡੇਆਂ ਹੋਰ ਬਦਮਾਸ਼ਾਂ ਦਾ ਮੁਕਾਬਲਾ ਰੈਡਕਲੀਫ ਅਵਾਰਡ ਦੇ ਐਲਾਨ ਤੱਕ ਚੱਲਦਾ ਰਹਿਆ. ਉਨ੍ਹਾਂ ਨੂੰ, ਇੰਤਜਾਮਿਆ ਅਤੇ ਸਿਆਸੀ ਪਾਰਟੀਆਂ ਵਿੱਚ, ਉਨ੍ਹਾਂ ਦੇ ਨਾਲ ਹਮਦਰਦੀ ਰੱਖਣ ਵਾਲੇ, ਮਦਦ ਕਰਦੇ ਅਤੇ ਵਧਾਵਾ ਦੇ ਰਹੇ ਸੀ. ਜੈਦਾਂ ਕਿ ਲਾਹੌਰ ਦੇ ਹਿੰਦੂਆਂ ਅਤੇ ਸਿੱਖਾਂ ਨੇ ਆਪਣੇ ਆਪ ਨੂੰ ਸਮਝਾ ਲੀਤਾ ਸੀ ਕਿ ਲਾਹੌਰ ਇੰਡੀਆ ਨੂੰ ਮਿਲੇਗਾ, ਸ਼ਹਿਰ ਅਤੇ ਜ਼ਿਲ੍ਹੇ ਵਿੱਚ ਇੱਕ ਸਾਫ ਮੁਸਲਿਮ ਮਜਾਰਿਟੀ ਦੇ ਬਾਵਜੂਦ; ਉਸੇ ਤਰ੍ਹਾਂ ਅੱਮ੍ਰਿਤਸਰ ਦੇ ਮੁਸਲਿਮਾਂ ਨੂੰ ਇਹ ਭੁਲੇਖਾ ਲਗ ਗਿਆ ਸੀ ਕਿ ਅੱਮ੍ਰਿਤਸਰ ਪਾਕਿਸਤਾਨ ਤੇ ਜਾਵੇਗਾ, ਹਾਲਾਂਕਿ ਉਹ ਅੱਮ੍ਰਿਤਸਰ ਤੇ ਇੱਕ ਮਾਇਨਾਰਿਟੀ ਤੇ ਸਨ ਅਤੇ ਅੱਮ੍ਰਿਤਸਰ ਸਿੱਖਾਂ ਦਾ ਸਭ ਤੋਂ ਪਵਿੱਤਰ ਸਥਾਨ ਸੀ.

ਚੌਧਰੀ ਮੁਹੱਮਦ ਅਲੀ ਆਪਣੀ ਦੀ ਇਮਰਜੈਂਸ ਔਫ ਪਾਕਿਸਤਾਨ ਤੇ ਇੱਕ ਬ੍ਰਿਟਿਸ਼ ਅਫ਼ਸਰ ਦਾ ਹਵਾਲਾ ਦੇਂਦੇ ਨੇ ਜੋ ਭਿਆਨਕ ਨਜ਼ਾਰਾ ਉਸ ਨੇ ਅੱਮ੍ਰਿਤਸਰ ਤੇ ਵੇਖਿਆ:

'15 ਅਗਸਤ ਨੂੰ, ਆਜ਼ਾਦੀ ਦਾ ਦਿਨ ਬਹੁਤ ਅਜ਼ੀਬ ਤਰੀਕੇ ਨਾਲ ਮਣਾਇਆ ਗਿਆ. ਦੁਪਹਿਰ ਤੇ, ਇੱਕ ਸਿੱਖ ਭੀੜ ਨੇ ਕਈ ਮੁਸਲਿਮ ਔਰਤਾਂ ਨੂੰ ਵਸਤਰਹੀਣ ਕਰ ਕੇ ਅੱਮ੍ਰਿਤਸਰ ਦੀ ਗਲੀਆਂ ਤੇ ਘੁਮਾਇਆ, ਉਨ੍ਹਾਂ ਦਾ ਜ਼ਬਰ ਜ਼ਨਾਹ ਕੀਤਾ ਅਤੇ ਕੁੱਝ ਨੂੰ ਕਿਰਪਾਨਾਂ ਨਾਲ ਟੁਕੜੇ ਟੁਕੜੇ ਕਰ ਦਿੱਤਾ ਅਤੇ ਦੂਜੀਆਂ ਨੂੰ ਜ਼ਿੰਦਾ ਸਾੜ ਦਿੱਤਾ' (ਅਲੀ 1973: 256). ਮੁਸਲਿਮ ਔਰਤਾਂ ਦੇ ਨਾਲ ਇਸ ਸਲੂਕ ਬਾਰੇ ਇਫ਼ਤਿਖ਼ਾਰ ਦੀ ਕਿਤਾਬ, ਜਬ ਅੱਮ੍ਰਿਤਸਰ ਜਲ ਰਹਾ ਥਾ, ਵਿੱਚ ਜ਼ਿਕਰ ਕੀਤਾ ਗਿਆ ਹੈ, ਹਾਲਾਂਕਿ ਉਹ ਇਹ ਦੱਸਦੇ ਨੇ ਕਿ ਇਹ ਵਾਕਿਆ ਮਾਰਚ 1947 ਤੇ ਹੋਇਆ. ਜ਼ਿਆਦਾਤਰ ਦੂਜੇ ਲੇਖਕ ਇਸ ਦੀ ਤਾਰੀਖ 15 ਅਗਸਤ ਦੱਸਦੇ ਨੇ.

ਇਫ਼ਤਿਖ਼ਾਰ, ਜੈਦਾਂ ਕਿ ਅਸੀਂ ਪਹਿਲਾਂ ਗੌਰ ਕੀਤਾ ਹੈ, ਉਹ ਮੁਸਲਿਮਾਂ ਦੁਆਰਾ ਕੀਤੀਆਂ ਜਿਆਦਿੱਤੀਆਂ ਨੂੰ ਕਾਫ਼ੀ ਜੋਸ਼ ਨਾਲ ਪੇਸ਼ ਕਰਦੇ ਨੇ, ਜਿਸ ਨਾਲ ਮਹਿਸੂਸ ਹੁੰਦਾ ਹੈ ਕਿ, ਉਨ੍ਹਾਂ ਨੂੰ ਆਨੰਦ ਆ

ਰਿਹਾ ਸੀ. ਬੇਸ਼ਕ, ਕਿਸੇ ਵੀ ਜੁਰਮ ਬਾਰੇ, ਉਨ੍ਹਾਂ ਦੀ ਦਾਸਤਾਨ ਪੱਖਪਾਤ ਨਾਲ ਭਰੀ ਹੋਈ ਸੀ, ਪਰ ਬਿਲਕੁਲ ਦੋ ਉਲਟੇ ਮਿਜ਼ਾਜਾਂ ਵਿੱਚ. ਬਹਰਹਾਲ, ਅਗਸਤ ਦੇ ਮੱਧ ਤਕ, ਅੱਮ੍ਰਿਤਸਰ ਦੇ ਮੁਸਲਿਮ ਪੂਰੀ ਤਰ੍ਹਾਂ ਹਾਰ ਚੁਕੇ ਸੀ. ਉਣ ਦਿਨਾਂ ਤੇ ਕੀ ਹੋਇਆ, ਇਸ ਬਾਰੇ ਕਾਫ਼ੀ ਵਿਸਤਰਤ ਵੇਰਵਾ ਮੌਜੂਦ ਹੈ. ਸਾਨੂ ਪਤਾ ਲਗਦਾ ਹੈ ਕਿ ਜੋ ਮੁਸਲਿਮ ਸ਼ਹਿਰ ਤੇ ਫਸੇ ਰਹ ਗਏ, ਅਤੇ ਸ਼ਰੀਫ਼ਪੁਰਾ ਨਹੀਂ ਗਏ, ਉਨ੍ਹਾਂ ਦੀ ਵੱਢ-ਟੁਕ ਹੋ ਗਈ. ਇੱਕ ਮਸ਼ਹੂਰ ਮਸੀਤ, ਮਸਜਿਦ ਰੰਗਰੇਜ਼ਾਂ ਵਿੱਚ ਪਨਾਹ ਲੈਣ ਵਾਲੇ ਮੁਸਲਿਮਾਂ ਦੇ ਖ਼ਿਲਾਫ਼ ਕੀਤੇ ਗਏ ਜੁਰਮ ਦੀ ਤਫ਼ਸੀਲ ਦਿੱਤੀ ਗਈ ਹੈ. ਜੋ ਵਹਿਸ਼ੀਪਣ ਦਿਖਾਇਆ ਗਿਆ, ਉਸ ਨੇ, ਇਥੇ ਤੱਕ ਕਿ ਦੁਧ ਚੁਘੰਦੇ ਬੱਚੇਆਂ ਨੂੰ ਵੀ ਨਹੀਂ ਛੱਡੀਆ, ਜਦ ਕਿ ਔਰਤਾਂ ਹੋਰ ਕੁੜੀਆਂ, ਲਹੂ-ਲੁਹਾਨ ਅਤੇ ਵਸਤਰਹੀਣ, ਮਰੀਆਂ ਪਇਆਂ ਸੀ (1991:212-14). ਦੂਜੀ ਤਰਫ਼, ਇਸ ਦੇ ਬਾਵਜੂਦ ਕਿ ਮੁਸਲਿਮ ਅੱਮ੍ਰਿਤਸਰ ਦੀ ਲੜਾਈ ਹਾਰ ਚੁਕੇ ਸੀ, ਅੱਮ੍ਰਿਤਸਰ ਸ਼ਹਿਰ ਤੇ ਹਲਾਕ ਹੋਏ ਮੁਸਲਿਮਾਂ ਦੀ ਤਦਾਦ, ਤਾਂ ਵੀ, ਬਹੁਤ ਜ਼ਿਆਦਾ ਨਹੀਂ ਸੀ, ਕਿਉਂਕਿ ਜੋ ਲੋਕ ਸ਼ਰੀਫ਼ਪੁਰਾ ਆ ਗਏ ਸੀ, ਉਨ੍ਹਾਂ ਨੂੰ ਮਹਿਫ਼ੂਜ਼ ਹਾਲ ਵਿੱਚ ਕੱਢ ਲੀਤਾ ਗਿਆ ਸੀ. ਇਫ਼ਤਿਖ਼ਾਰ ਲਿਖਦੇ ਨੇ:

> ਉਸ ਤ੍ਰਾਸਦੀ ਬਾਰੇ, ਮੁਸਲਿਮਾਂ ਨੇ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ, ਲਿਆਕਤ ਅਲੀ ਖ਼ਾਨ ਨੂੰ ਲਿਖਿਆ. ਆਗੂ ਖ਼ਵਾਜ਼ਾ ਘੁਲਾਮ ਨਬੀ, ਵਕੀਲ ਖ਼ਵਾਜ਼ਾ ਘੁਲਾਮ ਹਸਨ ਅਤੇ ਸੁਫ਼ੀ ਘੁਲਾਮ ਮੁਹੱਮਦ ਤੁਰਕ ਨੇ ਮਸੀਤ ਅਤੇ ਬਾਜ਼ਾਰਾਂ ਵਿੱਚ ਵਸਤਰਹੀਣ ਔਰਤਾਂ ਦੇ ਸ਼ਰੀਰਾਂ ਦੇ ਟੁਕੜੇ ਇਕੱਠਾ ਕੀਤੇ, ਅਤੇ ਉਨ੍ਹਾਂ ਨੂੰ ਸਫੇਦ ਕਪੜੇਆਂ ਦੀ ਚੱਦਰਾਂ ਉਪਰ ਰੱਖ ਦਿੱਤੇ ਹੋਰ, ਲਹੂ ਦੇ ਅੱਥਰੂਆਂ ਨਾਲ ਅੱਮ੍ਰਿਤਸਰ ਤੇ ਲਿਆਕਤ ਦਾ ਇੰਤਜ਼ਾਰ ਕਰਦੇ ਰਹੇ.
>
> ਪ੍ਰੋਗ੍ਰਾਮ ਦੇ ਮੁਤਾਬਕ, ਲਿਆਕਤ ਅੱਮ੍ਰਿਤਸਰ ਦੇ ਫ਼ੌਜ਼ੀ ਹਵਾਈ ਅੱਡੇ ਤੇ ਉਤਰੇ ਅਤੇ ਉਥੇ ਦੇ ਰਾਹਤ ਕੈਂਪ ਵਿੱਚ ਮੁਸਲਿਮ ਪਨਾਹਗੀਰਾਂ ਨਾਲ ਮਿਲੇ. ਉਨ੍ਹਾਂ ਨੇ ਉਣ ਘਟਨਾਵਾਂ ਬਾਰੇ, ਸਿੱਧੀ ਤਰ੍ਹਾਂ, ਉਸ ਭਿਆਨਕ ਔਖੀ ਘੜੀ ਤੋਂ ਬਚੇ ਲੋਕਾਂ ਤੋਂ ਸੁਣਿਆ ਅਤੇ ਰੋ ਪਏ. ਉਹ ਇੰਨੇ ਜ਼ਬਰਦਸਤ ਤਰੀਕੇ ਨਾਲ ਹਿਲ ਗਏ ਕਿ, ਮਸਜਿਦ ਰੰਗਰੇਜ਼ਾਂ ਤੇ ਜਾ ਕੇ ਖੁਦ ਵੇਖਣ ਦੀ ਹਿਮੱਤ, ਉਨ੍ਹਾਂ ਦੇ ਵਿੱਚ, ਨਹੀਂ ਸੀ. ਉਹ ਵਾਪਸ ਚਲੇ ਗਏ ਅਤੇ ਉਨ੍ਹਾਂ ਨੇ ਫ਼ੌਜ਼ੀ ਟਰੱਕ ਅਤੇ ਖ਼ਾਸ ਰੇਲ-ਗੱਡੀਆਂ ਦਾ ਇੰਤਜ਼ਾਮ ਕੀਤਾ, ਤਾਂਕਿ ਅੱਮ੍ਰਿਤਸਰ ਦੇ ਮੁਸਲਿਮਾਂ ਨੂੰ ਮਹਿਫ਼ੂਜ਼ ਤਰੀਕੇ ਨਾਲ ਲੈ ਆਉਂਦਾ ਜਾਂਦਾ. ਇਹ ਅੱਮ੍ਰਿਤਸਰ ਦੇ ਮੁਸਲਿਮਾਂ ਨੂੰ ਲਾਹੌਰ ਲੈ ਜਾਣ ਲਈ ਕਾਫ਼ੀ ਮਦਦਗਾਰ ਸਾਬਤ ਹੋਇਆ (Ibid: 214–15).

ਚੌਧਰੀ ਮੋਹੱਮਦ ਸੈਦ

ਚੌਧਰੀ ਮੋਹੱਮਦ ਸੈਦ ਦਾ ਮਾਰਚ 1947 ਤੋਂ ਬਾਅਦ ਤੇ ਅੱਮ੍ਰਿਤਸਰ ਦੀ ਘਟਨਾਵਾਂ ਬਾਰੇ ਪਹਿਲਾਂ ਦੇ ਅਧਿਆਇਆਂ ਤੇ ਜ਼ਿਕਰ ਕੀਤਾ ਜਾ ਚੁਕਿਆ ਹੈ. ਉਹ 14 ਅਗਸਤ ਦੇ ਬਾਅਦ ਦੀ ਘਟਨਾਵਾਂ ਬਾਰੇ, ਇਹ ਕਹਿੰਦੇ ਨੇ:

> 15 ਤਾਰੀਖ ਦੀ ਸਵੇਰ ਨੂੰ ਇੱਕ ਬੈਠਕ ਬੁਲਾਈ ਗਈ, ਜਿੱਥੇ ਕੈਂਪ ਦੀ ।ਸ਼ਰੀਫ਼ਪੁਰਾ ਤੇ॥ ਇੱਕ ਮੈਨੇਜਿੰਗ ਕਮੇਟੀ ਬਣਾਉਣ ਦਾ ਮੁੱਦਾ ਸੀ ਅਤੇ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਇੰਡੀਆ ਦੇ ਝੰਡੇ ਨੂੰ ਲਹਰਇਆ ਜਾਵੇਗਾ ਅਤੇ ਸਥਾਨਕ ਅਧਿਕਾਰੀਆਂ ਦੀ ਮੌਜੂਦਗੀ ਤੇ, ਇਸ ਨੂੰ ਸਨਮਾਨ ਦਿੱਤਾ ਜਾਵੇਗਾ ਅਤੇ ਇਸ ਦੇ ਬਦਲੇ ਉਨ੍ਹਾਂ ਨੂੰ ਕਿਹਾ ਜਾਵੇਗਾ ਕਿ ਉਹ ਸਾਡੀ ਹਿਫ਼ਾਜ਼ਤ ਦਾ ਬੰਦੋਬਸਤ ਕਰਣ.

ਸਥਾਨਕ ਅਧਿਕਾਰੀਆਂ ਨਾਲ ਸੰਪਰਕ ਕੀਤਾ ਗਿਆ. ਸ਼ਵੇਰੇ, 11 ਦੇ ਕਰੀਬ ਆਰ.ਈ.ਬਦ੍ਰੀ ਦਾਸ, ਸੀ.ਆਈ.ਡੀ.ਸੁਪਰਿੰਟੈਂਡੇਂਟ, ਸ.ਉਜਾਗਰ ਸਿੰਘ, ਡੀ.ਐਸ.ਪੀ., ਸੀ.ਆਈ.ਡੀ., ਅਤੇ ਸੇਠ ਸੰਤ ਰਾਮ, ਐਮ.ਐਲ.ਏ. ਸ਼ਰੀਫਪੁਰਾ ਆਏ. ਇੰਡੀਆ ਦਾ ਝੰਡਾ ਲਗਰਾਇਆ ਗਿਆ ਅਤੇ ਲੋਕਾਂ ਨੇ ਇਸ ਮੁਲਕ ਲਈ ਵਫ਼ਾਦਾਰੀ ਦਾ ਭਰੋਸਾ ਦਿੱਤਾ ਅਤੇ ਇਸ ਦੇ ਬਦਲੇ ਮੰਗ ਕੀਤੀ ਕਿ ਉਨ੍ਹਾਂ ਦੀ ਜਾਨ, ਇੱਜ਼ਤ ਅਤੇ ਸੰਪਤੀ ਦੀ ਇਫ਼ਾਜ਼ਤ ਕੀਤੀ ਜਾਵੇ. ਜਿਣ ਸਾਰੇ ਲੋਕਾਂ ਦਾ ਉਪਰ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਨੇ ਭੀੜ ਨੂੰ ਭਾਸ਼ਣ ਦਿੱਤੇ ਅਤੇ ਨਾਲੋਨਾਲ ਹਿਫ਼ਾਜ਼ਤੀ ਕਦਮਾਂ ਨੂੰ ਲੈਣ ਦਾ ਭਰੋਸਾ ਦਿੱਤਾ. ਇਸ ਨੇ ਲੋਕਾਂ ਦੇ ਦਿਲਾਂ ਨੂੰ ਸਕੂਨ ਦਿੱਤਾ ਅਤੇ ਲਗਦਾ ਸੀ ਕਿ ਸੰਤੋਖ ਦੀ ਇੱਕ ਲਹਿਰ ਆ ਗਈ...ਪਰ ਕੀਤਾ ਕੁੱਝ ਵੀ ਨਹੀਂ ਗਿਆ.

ਅਗਲੇ ਦਿਨ [16 ਅਗਸਤ] ਨੂੰ, ਅਸੀਂ ਇੰਨੇ ਹਿੱਮਤੀ ਹੋ ਗਏ ਸੀ ਕਿ ਸ਼ਰੀਫ਼ਪੁਰਾ ਦੀ ਰਿਹਾਇਸ਼ ਛੱਡ ਕੇ ਡਿਪਟੀ ਕਮੀਸ਼ਨਰ (ਸ਼੍ਰੀ ਨਕੁਲ ਸੇਨ) ਕੋਲ ਇੱਕ ਵਫ਼ਦ ਲੈ ਗਏ-ਲੇਖਕ ਦੀ ਟਿਪਣੀ: ਨਕੁਲ ਸੇਨ 23 ਅਗਸਤ ਤੱਕ ਪ੍ਰਭਾਰੀ ਨਹੀਂ ਸਨ, ਅਤੇ ਕੁੱਝ ਉਲਝਣ ਹੈ. ਉਨ੍ਹਾਂ ਨੇ ਬਹੁਤ ਕੁੱਝ ਬਾਰੇ ਵਾਅਦੇ ਕੀਤੇ, ਪਰ ਕੁੱਝ ਕੀਤਾ ਨਹੀਂ...

ਅਗਲੇ ਦਿਨ, ਮੈਂ ਬ੍ਰਿਗੇਡ ਹੇਡਕਵਾਰਟਰ ਗਿਆ ਅਤੇ ਰਾਸ਼ਨ ਲੈ ਜਾਣ ਲਈ ਸਾਧਨ ਦੀ ਮਦਦ ਮੰਗੀ. ਇੱਕ ਮੁਸਲਿਮ ਮੇਜਰ ਦੀ ਮਦਦ ਨਾਲ, ਮੈਂ ਦੋ ਮਿਲਿਟਰੀ ਲੋਰਿਆਂ ਦਾ ਜੁਗਾੜ ਕਰ ਸਕਿਆ ਅਤੇ ਸ਼ਾਮ ਤੱਕ 200 ਬੋਰੇ ਸ਼ਰੀਫ਼ਪੁਰਾ ਲੈ ਆਈਆ. ਇਸ ਨੇ ਸਾਡੇ ਰਾਸ਼ਨ ਦੀ ਕਮੀ ਦੇ ਡਰ ਨੂੰ, ਦੂਰ ਕਰ ਦਿੱਤਾ...ਇਸ ਦੇ ਬਾਅਦ ਰਾਸ਼ਨਿੰਗ ਕੰਟ੍ਰੋਲਰ ਸਾਨੂ ਜ਼ਰੂਰਤ ਦੇ ਮੁਤਾਬਕ, ਕੁੱਝ ਬੋਰੇ ਦੇ ਦੇਂਦਾ ਸੀ.

ਕੈਂਪ ਨੂੰ ਇਹ ਜਾਣ ਕੇ ਸੰਤੋਖ ਹੋਇਆ ਕਿ ਸ਼੍ਰੀ ਏ.ਕੇ.ਮਲਿਕ, ਆਈ.ਸੀ.ਐਸ. ਨੂੰ ਪਾਕਿਸਤਾਨ ਸਰਕਾਰ ਨੇ ਲਿਆਸਾਂ ਅਫ਼ਸਰ ਨਿਯੁਕਤ ਕੀਤਾ ਸੀ...ਸ਼ਾਇਦ ਉਨ੍ਹਾਂ ਦੀ ਕੋਸ਼ਿਸ਼ਾਂ ਦੇ ਚਲਦੇ, ਅਸੀਂ ਖ਼ਾਸ ਰੇਲ-ਗੱਡੀਆਂ ਨੂੰ ਹਾਸਲ ਕਰ ਸਕੇ, ਜੋ ਦਿਨ ਤੇ ਦੋ ਵਾਰ ਚਲਦੀਆਂ ਸੀ ਅਤੇ ਸ਼ਰੀਫ਼ਪੁਰਾ ਸਾਇਡਿੰਗ ਤੋਂ ਪਨਾਹਗੀਰਾਂ ਨੂੰ ਕੈਂਪ ਤੋਂ ਦੂਰ ਭੇਜਿਆ. ਕਰੀਬ 5,000 ਲੋਕ ਇੱਕ ਵਾਰ ਤੇ ਖਾਲੀ ਕੀਤੇ ਗਏ.

ਬਾਉਂਡਰੀ ਕਮੀਸ਼ਨ ਦੇ ਐਲਾਨ ਦੇ ਬਾਅਦ, ਅੱਮ੍ਰਿਤਸਰ ਤੇ ਰਹਿਣ ਦੀ ਸਾਡੀ ਆਖਰੀ ਉਮੀਦ ਖ਼ਤਮ ਹੋ ਗਈ...ਸ਼ਰੀਫ਼ਪੁਰਾ ਤੇ ਦਹਿਸ਼ਤ ਫੈਲ ਗਈ ਪਰ ਫ਼ੌਜੀ ਟੁਕੜਿਆਂ ਦੀ ਮੌਜੂਦਗੀ ਦੇ ਚਲਦੇ, ਹਾਲਾਤ ਗੰਭੀਰ ਤੌਰ ਤੇ ਖਰਾਬ ਨਹੀਂ ਹੋਏ, ਅਤੇ ਲੋਕ ਸਹੀ ਸਲਾਮਤ ਰਹੇ...

15 ਅਗਸਤ ਦੇ ਬਾਅਦ ਵਿੱਚ, ਉਨ੍ਹਾਂ ਦੇ ਅੱਮ੍ਰਿਤਸਰ ਤੇ ਪਹਿਲੇ ਦੌਰੇ ਤੇ, ਪੰਡਤ ਜਵਾਹਰਲਾਲ ਨਹਿਰੂ ਨੇ ਮੈਨੂੰ ਸ਼ਰੀਫ਼ਪੁਰਾ ਕੈਂਪ ਦੇ ਇੱਕ ਨੁਮਾਇੰਦੇ ਦੇ ਤੌਰ ਤੇ, ਉਨ੍ਹਾਂ ਨੂੰ ਮਿਲਣ ਲਈ ਬੁਲਾਇਆ. ਮੈਨੂੰ, ਇੱਕ ਫ਼ੌਜੀ, ਰਾਤ ਨੂੰ ਉਨ੍ਹਾਂ ਦੇ ਕੋਲ ਲੈ ਗਿਆ, ਜਿੱਥੇ ਉਹ ਠਹਰੇ ਸੀ. ਮੈਂ ਉਨ੍ਹਾਂ ਨੂੰ ਸਾਰੀ ਘਟਨਾਵਾਂ ਬਾਰੇ ਦੱਸਿਆ ਜੋ 10 ਅਗਸਤ ਤੋਂ ਬਾਅਦ ਹੋਇਆਂ ਸਨ. ਉਨ੍ਹਾਂ ਨੇ ਸਭ ਕੁੱਝ ਸਬਰ ਨਾਲ ਸੁਣਿਆ ਪਰ ਇੱਕ ਬੇਹਦ ਉਤੇਜਕ ਜਵਾਬ ਦਿੱਤਾ. ਉਨ੍ਹਾਂ ਨੇ ਕਿਹਾ ਕਿ ਬਰਾਬਰ ਅਤੇ ਇੱਕ ਵਰਗੀ ਚੀਜਾਂ ਪਛੱਮ ਦੀ ਤਰਫ਼ ਵੀ ਹੋ ਰਹਿਆਂ ਸਨ ਅਤੇ ਪੂਰਬੀ ਤਰਫ਼ ਸਿਰਫ਼ ਇੱਕ ਬਦਲੇ ਦੀ ਕਾਰਵਾਈ ਹੋ ਰਹੀ ਸੀ. ਮੈਂ ਇੰਨੇ ਉੱਚੇ ਅਹੁਦੇ ਵਾਲੇ ਅਤੇ ਜ਼ਿਮੇਦਾਰ ਸ਼ਕਸਿਅਤ ਤੋਂ ਇਹ ਜਵਾਬ ਸੁਣ ਕੇ ਹੈਰਾਨ ਹੋ ਗਿਆ. ਉਨ੍ਹਾਂ ਨੇ ਕਿਹਾ ਕਿ ਮੁਸਲਿਮਾਂ ਦਾ ਇਥੋਂ ਹਟ ਜਾਣਾ ਜ਼ਰੂਰੀ ਸੀ ਅਤੇ ਉਣ ਮੁਸਲਿਮਾਂ ਨੂੰ ਹਿਫ਼ਾਜ਼ਤ ਦਾ ਭਰੋਸਾ ਨਹੀਂ ਦਿੱਤਾ ਜਾ ਸਕਦਾ ਸੀ, ਜੋ ਅੱਮ੍ਰਿਤਸਰ ਤੇ ਰਹਿਣਾ ਚਾਹੁੰਦੇ ਸੀ. ਮੇਰੀ ਮੌਜੂਦਗੀ ਵਿੱਚ ਉਨ੍ਹਾਂ ਨੇ, ਕੁਚਾ ਰੰਗਰੇਜ਼ਾਂ ਦੇ ਵਾਕਿਐ ਦੀ ਪੜਤਾਲ ਕੀਤੀ.

27 ਨੂੰ ਮੈਨੂੰ ਬ੍ਰਿਗੇਡ ਹੇਡਕਵਾਰਟਰ ਤੋਂ ਖ਼ਬਰ ਦਿੱਤੀ ਗਈ ਕਿ ਸ਼ਰੀਫ਼ਪੁਰਾ ਦੇ ਕਾਫ਼ਿਲੇ ਨੂੰ 28 ਨੂੰ ਰਵਾਨਾ ਕੀਤਾ ਜਾਵੇਗਾ...ਪਰ 28 ਨੂੰ ਮੈਨੂੰ ਦੱਸਿਆ ਗਿਆ ਕਿ ਕਾਫ਼ਿਲਾ ਰਵਾਨਾ ਨਹੀਂ ਕੀਤਾ ਜਾ ਸਕਿਆ ਕਿਉਂਕਿ ਲਾਹੌਰ ਜ਼ਿਲ੍ਹੇ ਤੇ ਰਾਵੀ ਦੇ ਕਰੀਬ ਕੋਈ ਵਾਰਦਾਤ ਹੋਈ ਸੀ ਅਤੇ ਸਾਰਾ ਕਾਫ਼ਿਲਾ ਮਾਰ ਦਿੱਤਾ ਜਾਂਦਾ, ਅਗਰ ਉਸ ਨੂੰ 28 ਨੂੰ ਰਵਾਨਾ ਕੀਤਾ ਗਿਆ ਹੁੰਦਾ.

> 30 ਦੀ ਸ਼ਾਮ ਨੂੰ, ਜ਼ਨਾਬ ਲਿਆਕਤ ਅਲੀ ਖ਼ਾਨ, ਜ਼ਨਾਬ ਸ਼ੌਕਤ ਹਯਾਤ ਖ਼ਾਨ ਅਤੇ ਸਰਦਾਰ ਸਵਰਨ ਸਿੰਘ, ਪੂਰਬੀ ਪੰਜਾਬ ਦੇ ਵਜ਼ੀਰ ਨਾਲ ਸ਼ਰੀਫ਼ਪੁਰਾ ਹੋ ਕੇ ਗੁਜ਼ਰੇ. ਮੈਂ ਉਨ੍ਹਾਂ ਨੂੰ ਕੈਂਪ ਦੇ ਹਾਲਾਤ ਬਾਰੇ ਦੱਸਿਆ ਅਤੇ ਉਨ੍ਹਾਂ ਦੀ ਮਦਦ ਨਾਲ, ਕਾਫ਼ਿਲਾ 31 ਅਗਸਤ ਨੂੰ ਸਵੇਰੇ 7 ਵਜੇ ਰਵਾਨਾ ਹੋਇਆ...
>
> ਛਾਉਣੀ ਦੇ ਇਲਾਕੇ ਤੋਂ ਇਹ ਖ਼ਬਰ ਆਈ ਕਿ ਨੈਸ਼ੇਰਾ ਪੁਨੂਆਂ, ਤਰਨ ਤਾਰਨ ਤਹਸੀਲ ਤੇ ਕਰੀਬ 1,100 ਲੋਕਾਂ ਨੂੰ ਹਲਾਕ ਕਰ ਦਿੱਤਾ ਗਿਆ ਸੀ ਅਤੇ ਕੁੱਝ ਲੋਕ ਉਥੇ ਵੀ ਲੁਕੇ ਹੋਏ ਸੀ. ਮੈਂ ਫ਼ੌਜ਼ੀ ਹਿਫ਼ਾਜ਼ਤ ਵਿੱਚ ਉਸ ਇਲਾਕੇ ਤੇ ਗਿਆ ਅਤੇ ਉਣ ਲੋਕਾਂ ਵਿੱਚ ਸਿਰਫ਼ 59 ਬਚੇ ਲੋਕਾਂ ਨੂੰ ਲੈ ਕੇ ਆਇਆ. ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਉਥੇ ਤਇਨਾਤ ਡੋਗਰਾ ਟੁਕੜਿਆਂ ਨੇ ਕਤਲੇਆਮ ਵਿੱਚ ਇੱਕ ਵੱਡਾ ਹਿੱਸਾ ਲੀਤਾ. ਮੈਂ 4 ਸਤੰਬਰ 1947 ਨੂੰ ਰਾਤ ਦੇ 8:30 ਵਜੇ, ਇੱਕ ਫ਼ੌਜ਼ੀ ਕਾਫ਼ਿਲੇ ਵਿੱਚ, ਲਾਹੌਰ ਪਹੁੰਚ ਗਿਆ (*The Journey to Pakistan* 1993: 148–53).

ਸੈਦ ਤਫ਼ਸੀਲੀ ਤੌਰ ਤੇ ਕਈ ਹੋਰ ਚੀਜਾਂ ਬਾਰੇ ਦੱਸਦੇ ਨੇ ਕਿ ਕਈ ਦਿਨਾਂ ਤਕ, ਜੈਦਾਂ ਕਿ ਸ਼ਰੀਫ਼ਪੁਰਾ ਕੈਂਪ ਤੇ ਬਚਨਾ ਕਿਣਾ ਮੁਸਕਲ ਸੀ ਜਦ ਤੱਕ ਉਨ੍ਹਾਂ ਨੇ ਆਟੇ ਹੋਰ ਦੂਜੀ ਰਸਦ ਨਹੀਂ ਪਹੁੰਚਾਈ ਸੀ. ਸਫਾਈ ਦੇ ਹਾਲਾਤ ਭਿਆਨਕ ਸਨ, ਪਾਣੀ ਅਤੇ ਬਿਜਲੀ ਦੀ ਸਪਲਾਈ ਘੱਟ ਅਤੇ ਬਹੁਤ ਬਦਤਰ ਸੀ. ਉਨ੍ਹਾਂ ਨੂੰ 1 ਸਤੰਰਰ ਨੂੰ ਕੁੱਝ ਦਿਨਾਂ ਲਈ, ਪੁਲਿਸ ਹਿਰਾਸਤ ਵਿੱਚ ਵੀ ਲੀਤਾ ਗਿਆ ਸੀ, ਜਿੱਥੇ ਨਾ ਪਾਣੀ ਸੀ ਅਤੇ ਨਾ ਹੀ ਖਾਣਾ, ਕਿਉਂਕਿ ਉਨ੍ਹਾਂ ਨੇ ਇੱਕ ਸਿੱਖ ਸਿਪਾਹੀ ਨੂੰ ਇੱਕ ਤਾਂਗੇ ਉਪਰ ਕਬਜ਼ਾ ਕਰਣ ਤੋਂ ਰੋਕਿਆ ਸੀ. ਉਨ੍ਹਾਂ ਨੂੰ 4 ਸਤੰਬਰ ਨੂੰ ਰਿਹਾ ਕੀਤਾ ਗਿਆ, ਜਿਸ ਦਿਨ ਉਹ ਲਾਹੌਰ ਚਲੇ ਗਏ (Ibid: 153).

ਏ.ਹਮੀਦ

ਲਾਹੌਰ ਤੇ, ਮਸ਼ਹੂਰ ਉਰਦੂ ਲੇਖਕ, ਏ.ਹਮੀਦ ਨਾਲ, ਮੈਂ 24 ਅਪ੍ਰੈਲ 2003 ਨੂੰ ਉਨ੍ਹਾਂ ਦੇ ਸਾਮਨਾਬਾਦ ਦੇ ਘਰ ਤੇ ਮਿਲਿਆ. ਉਹ ਇੰਟਰਵਿਊ ਦੇਣ ਲਈ ਜ਼ਿਆਦਾ ਚਾਹਵਾਨ ਨਹੀਂ ਸਨ ਅਤੇ ਮੇਰੇ ਤੋਂ ਬਚਦੇ ਰਹੇ, ਪਰ ਅਖੀਰਕਾਰ ਮੇਰੀ ਸਰਾਸਰ ਜ਼ਿੱਦ ਦੇ ਚਲਦਿਆਂ ਮੱਨ ਗਏ. ਮੈਂ ਉਨ੍ਹਾਂ ਦੇ ਨਾਲ ਗੱਲਬਾਤ ਕਰਣ ਲਈ ਉਤਸੁਕ ਸੀ ਕਿਉਂਕਿ ਉਹ ਕਸ਼ਮੀਰੀ ਮੂਲ ਦੇ ਅਸਲ ਅੱਮ੍ਰਿਤਸਰੀ ਸਨ ਅਤੇ ਕਈ ਸਾਲਾਂ ਤੋਂ ਉਨ੍ਹਾਂ ਦਾ ਅੱਮ੍ਰਿਤਸਰ ਲਈ ਪਿਆਰ ਘੱਟਣ ਦੇ ਬਜਾਏ, ਵਧ ਰਿਹਾ ਸੀ. ਇਸ ਕਰ ਕੇ, ਮੈਨੂੰ ਸਮਝ ਨਹੀਂ ਲਗ ਰਹੀ ਸੀ ਕਿ ਉਹ ਇੰਟਰਵਿਊ ਦੇਣਾ ਕਿਉਂ ਨਹੀਂ ਚਾਹੁੰਦੇ ਸੀ. ਉਨ੍ਹਾਂ ਦੀ ਹਿਚਕਿਚਾਹਟ ਦੀ ਕੁੱਝ ਵਜ੍ਹਾਂ ਇੰਟਰਵਿਊ ਦੇ ਦੌਰਾਨ ਸਾਹਮਣੇ ਆਈਆਂ:

'ਮੇਰਾ ਜਨਮ 1928 ਤੇ ਮਹੱਲਾ ਕਟਿਆਲਾ ਸਿੰਘ ਤੇ ਹੋਇਆ ਸੀ. ਉਥੇ ਰਹਿਣ ਵਾਲੇ ਸਭ ਤੋਂ ਜ਼ਿਆਦਾ ਕਸ਼ਮੀਰੀ ਸਨ. ਸਾਡੇ ਕਰੀਬ ਇੱਕ ਹਿੰਦੂ ਇਲਾਕਾ ਸੀ. ਅਸੀਂ ਮੁਸਲਿਮਾਂ ਨਾਲ ਖੇਡਦੇ ਸੀ. ਉਥੇ ਹਿੰਦੂ ਅਤੇ ਸਿੱਖ ਵੀ ਰਹਿੰਦੇ ਸੀ, ਪਰ ਮੇਰੇ ਜ਼ਿਆਦਾ ਦੋਸਤ ਮੁਸਲਿਮ ਸਨ. ਅੱਮ੍ਰਿਤਸਰ ਅਹਰਾਰ ਅਤੇ ਕੌਮੀ ਮੁਸਲਿਮਾਂ ਦਾ ਇੱਕ ਗੜ ਸੀ, ਪਰ ਜਦ ਮੁਸਲਿਮ ਲੀਗ ਨੇ ਪਾਕਿਸਤਾਨ ਦੀ ਮੰਗ ਕੀਤੀ ਤੇ, ਅੱਮ੍ਰਿਤਸਰ ਦੀ ਸਿਆਸਤ ਹੀ ਬਦਲ ਗਈ. ਇਹ ਸਾਫ਼ ਸੀ ਕਿ ਮੁਸਲਿਮ ਪਾਕਿਸਤਾਨ ਚਾਹੁੰਦੇ ਸੀ ਜਾਂ ਇਹ ਕਿਹਾ ਜਾਵੇ ਕਿ ਦਿਲੋਂ ਚਾਹੁੰਦੇ ਸੀ. ਕਾਇਦੇ-ਇ-ਆਜ਼ਮ ਨੂੰ ਆਸਾਨੀ ਨਾਲ ਮੁਸਲਿਮਾਂ ਦਾ ਅਸਲੀ ਰਹਿਬਰ ਮੱਨ ਲੀਤਾ ਗਿਆ ਸੀ ਜਦ ਕਿ ਅਹਰਾਰ ਅਤੇ ਖਾਕਸਾਰ ਪਿੱਛੇ ਹਰਿ ਗਏ ਸੀ. ਜਦ ਤੱਕ ਮਾਸਟਰ ਤਾਰਾ ਸਿੰਘ ਨੇ ਨਹੀਂ ਕਿਹਾ

ਸੀ ਕਿ ਉਹ ਪਾਕਿਸਤਾਨ ਬਣਨ ਨਹੀਂ ਦੇਣਗੇ, ਅੱਮ੍ਰਿਤਸਰ ਤੇ ਕੋਈ ਝੜਪ ਨਹੀਂ ਹੋਈ, ਹਾਲਾਂਕਿ ਕੌਮਾਂ ਵਿੱਚ ਦੂਰੀ ਪੈਦਾ ਹੋ ਗਈ ਸੀ. ਇਸ ਦੇ ਬਾਅਦ, ਹਾਲਾਤ ਬੇਕਾਬੂ ਹੋ ਗਏ, ਪਰ ਸਿੱਖਾਂ ਨੇ ਸਾਫ਼ ਤੌਰ ਤੇ ਉਤੇਜਨਾ ਵਧਾ ਦਿੱਤੀ ਸੀ, ਜਦ 4 ਮਾਰਚ ਨੂੰ ਉਹ ਚਾਰੇ ਪਾਸੇ, ਢੋਲ ਪਿੱਟ ਕੇ ਹਿੰਦੂਆ ਅਤੇ ਸਿੱਖਾਂ ਨੂੰ ਬਾਹਰ ਆ ਕੇ ਮੁਸਲਿਮ ਲੀਗ ਨੂੰ ਹਕੂਮਤ ਹਾਸਲ ਕਰਣ ਤੋਂ ਰੋਕਣ ਲਈ ਕਹਿਣ ਲਗੇ. ਚੌਕ ਪ੍ਰਾਗਦਾਸ ਦੇ ਕਤਲੇਆਮ ਵਿੱਚ ਹਿੰਦੂ ਸ਼ਾਮਲ ਨਹੀਂ ਸਨ. ਇਸ ਦੀ ਸ਼ੁਰੂਆਤ ਤਦ ਹੋਈ ਜਦ ਮੁੱਖ ਮਸੀਤ ਤੇ ਨਮਾਜ਼ ਅਦਾ ਕਰ ਰਹੇ ਮੁਸਲਿਮਾਂ ਉਪਰ ਸਿੱਖਾਂ ਨੇ ਹਮਲਾ ਕਰ ਦਿੱਤਾ.

'ਸਾਨੂ ਯਕੀਨ ਸੀ ਕਿ ਅੱਮ੍ਰਿਤਸਰ ਪਾਕਿਸਤਾਨ ਦਾ ਇੱਕ ਹਿੱਸਾ ਹੋਵੇਗਾ. ਇਸ ਕਰ ਕੇ, ਆਖ਼ਰ ਤਕ, ਮੁਸਲਿਮਾਂ ਨੇ ਅੱਮ੍ਰਿਤਸਰ ਨਹੀਂ ਛੱਡਿਆ, ਹਾਲਾਂਕਿ ਉਨ੍ਹਾਂ ਨੂੰ ਸ਼ਰੀਫ਼ਪੁਹਾ ਤੇ ਹਿਫ਼ਾਜ਼ਤ ਲੈਣੀ ਪਈ. ਇਹ ਸਚ ਹੈ ਕਿ ਮੁਸਲਿਮ ਲੀਗ ਦੇ ਆਗੂ ਲਾਹੌਰ ਤੋਂ ਆਉਂਦੇ ਸੀ ਅਤੇ, ਸਾਨੂ ਉਥੇ ਜਮ ਕੇ ਰਹਿਣ ਨੂੰ ਅਤੇ ਅੱਮ੍ਰਿਤਸਰ ਨੂੰ ਪਾਕਿਸਤਾਨ ਵਿੱਚ ਸ਼ਾਮਲ ਕਰਣ ਲਈ ਜ਼ੋਰ ਪਾਉਣ ਨੂੰ ਕਹਿੰਦੇ.

'ਅੱਮ੍ਰਿਤਸਰ ਪਾਕਿਸਤਾਨ ਦਾ ਹਿੱਸਾ ਹੋਵੇਗਾ. ਮੁਸਲਿਮਾਂ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਉਹ ਦੁਬਾਰਾ ਅੱਮ੍ਰਿਤਸਰ ਤੇ ਨਹੀਂ ਆ ਸਕਣਗੇ. ਸਾਡੇ ਪਰਵਾਰ ਦਾ ਕੋਈ ਹਲਾਕ ਨਹੀਂ ਹੋਇਆ. ਸਿਰਫ਼ ਉਹ ਮੁਸਲਿਮ ਮਾਰੇ ਗਏ, ਜੋ ਹਿੰਦੂ ਜਾਂ ਸਿੱਖ ਮਹੱਲੇਆਂ ਤੇ ਰਹਿੰਦੇ ਸੀ. ਇਹ ਸੱਚ ਹੈ ਕਿ ਸਭ ਤੋਂ ਬਦਤਰ ਵਕਤ ਵਿੱਚ, ਕੁੱਝ ਸਿੱਖ ਕਮਿਊਨਿਸਟ ਸਾਡੇ ਮਹੱਲੇ ਤੇ ਕੁਰਾਨ ਸ਼ਰੀਫ ਦੀ ਕੁੱਝ ਪ੍ਰਤਿਲਿਪਿਆਂ ਲੈਣਾਉਣ ਲਈ ਆਏ. ਉਹ ਕੁੱਝ ਮੁਸਲਿਮ ਕੁੜੀਆਂ ਨੂੰ ਲੈ ਕੇ ਆਏ ਅਤੇ ਸਾਡੇ ਹਵਾਲੇ ਕਰ ਦਿੱਤਾ. ਪਾਕਿਸਤਾਨ ਦੀ ਫ਼ੌਜ਼ ਨੇ ਅੱਮ੍ਰਿਤਸਰ ਦੇ ਮੁਸਲਿਮਾਂ ਨੂੰ ਕੱਢਿਆ. ਮੈਨੂੰ ਕੁੱਝ ਨਹੀਂ ਪਤਾ ਕਿ ਦਿਹਾਤੀ ਜਗ੍ਹਾਂ ਤੇ ਕੀ ਹੋਇਆ, ਹਾਲਾਂਕਿ ਅਗਸਤ ਵਿੱਚ ਮੁਸਲਿਮ ਪਨਾਹਗੀਰਾਂ ਦਾ ਅੱਮ੍ਰਿਤਸਰ ਆਉਣਾ ਸ਼ੁਰੂ ਹੋ ਗਿਆ ਸੀ. ਮੈਨੂੰ ਨਹੀਂ ਲਗਦਾ ਹੈ ਕਿ ਅੱਮ੍ਰਿਤਸਰ ਤੇ ਬਹੁਤ ਮੁਸਲਿਮ ਹਲਾਕ ਹੋਏ. ਸ਼ਾਇਦ, ਦੋਨਾਂ ਦੇ ਹਲਾਕ ਹੋਏ ਇਨਸਾਨਾਂ ਦੀ ਤਦਾਦ ਇੱਕ ਜਿਣੀ ਸੀ.

'ਅਗਰ ਪਾਕਿਸਤਾਨ ਨਾ ਬਣਿਆ ਹੁੰਦਾ ਤੇ, ਹਿੰਦੂ ਸਾਨੂ ਗਰੀਬੀ ਅਤੇ ਜਾਤੀ ਪ੍ਰਥਾ ਦੇ ਥਲੇ ਰੱਖਦੇ. ਉਨ੍ਹਾਂ ਨੂੰ ਮੁਸਲਿਮਾਂ ਨੇ ਇੱਕ ਹਜ਼ਾਰ ਸਾਲਾਂ ਤੱਕ ਆਪਣੇ ਥਲੇ ਰੱਖਿਆ ਸੀ. ਇੱਕ ਇਤਹਾਦੀ ਇੰਡੀਆ ਵਿੱਚ ਮੁਸਲਿਮਾਂ ਤੋਂ ਇਸ ਦਾ ਬਦਲਾ ਲੈਂਦੇ. ਪਾਕਿਸਤਾਨ ਦੀ ਇਜ਼ਾਦ ਅਤੀ ਅਵੱਸ਼ਕ ਸੀ. ਇਹ ਇੱਕ ਤ੍ਰਾਸਦੀ ਹੈ ਕਿ ਪਾਕਿਸਤਾਨ ਇੱਕ ਪੱਕਾ ਇਸਲਾਮੀ ਅਤੇ ਸੁੱਖੀ ਮੁਲਕ ਨਹੀਂ ਬਣ ਸਕਿਆ, ਪਰ ਜਿਸ ਅਸੂਲ ਨੇ ਸਾਨੂ ਪਰੇਰਨਾ ਦਿੱਤੀ, ਉਹ ਸੀ ਇੱਕ ਇਸ ਤਰ੍ਹਾਂ ਦੇ ਸਮਾਜ ਦੀ ਇਜ਼ਾਦ ਕਰਨਾ, ਜੋ ਹਰ ਕਿਸਮ ਦੇ ਸ਼ੋਸ਼ਣ ਤੋਂ ਪਰੇ ਹੋਏ.

'ਹਾਂ, ਮੇਰੇ ਕੁੱਝ ਹਿੰਦੂ ਅਤੇ ਸਿੱਖ ਦੋਸਤ ਸਨ. ਉਨ੍ਹਾਂ ਤੋਂ ਕੁੱਝ ਕਮਿਊਨਿਸਟ ਸਨ, ਪਰ ਤਾਂ ਵੀ ਉਹ ਮੰਦਰ ਹੋਰ ਗੁਰਦੁਆਰੇ ਜਾਂਦੇ ਸੀ. ਜਵਾਹਰਲਾਲ ਨਹਿਰੁ ਇੱਕ ਸੈਕਯੂਲਰ ਅਤੇ ਅਕਲੀ ਇਨਸਾਨ ਸਨ, ਪਰ ਕਾਂਗਰੇਸ ਦੇ ਮੁੱਖ ਆਗੂ ਨਹੀਂ. ਪਟੇਲ ਮੁਸਲਿਮਾਂ ਨਾਲ ਨਫ਼ਰਤ ਕਰਦੇ ਸੀ. ਜਿਨਾਹ ਦੀ ਪਾਕਿਸਤਾਨ ਦੀ ਮੰਗ ਠੀਕ ਸੀ ਅਤੇ ਉਨ੍ਹਾਂ ਨੇ, ਸਾਡੇ ਲਈ ਇਸ ਨੂੰ ਹਾਸਲ ਕੀਤਾ. ਬਗੈਰ ਪਾਕਿਸਤਾਨ ਦੇ, ਸਾਡੀ ਕੋਈ ਪਛਾਣ ਨਹੀਂ ਸੀ.

'ਤੁਸੀਂ ਇੰਡੀਆ ਤੇ ਰਹ ਗਏ ਮੁਸਲਿਮਾਂ ਬਾਰੇ ਮੈਨੂੰ ਪੁੱਛਦੇ ਹੋ. ਤੁਸੀਂ ਨਹੀਂ ਵੇਖ ਰਹੇ ਹੋ ਕਿ ਉਨ੍ਹਾ ਨੂੰ ਕਿਸ ਤਰ੍ਹਾਂ ਤਸੀਹਾ ਅਤੇ ਕਤਲ ਕੀਤਾ ਜਾ ਰਿਹਾ ਹੈ? ਤੁਸੀਂ ਹਿੰਦੂ ਦਿਮਾਗ ਨੂੰ ਸਮਝ ਨਹੀਂ ਸਕਦੇ. ਇਹ ਬਹੁਤ ਕੁਟਿਲ ਹੈ. ਮੁਸਲਿਮ ਇਸ ਤੋਂ ਅਲਗ ਨੇ. ਖਾਸ ਕਰ ਕੇ ਸੁੱਨੀ ਮੁਸਲਿਮ, ਜੋ ਸਮਾਨਤਾਵਾਦੀ ਨੇ, ਅਤੇ ਹਮੇਸ਼ਾ ਇੰਸਾਫ਼ਪਸੰਦ ਰਹੇ ਨੇ.'

ਮੈਂ ਮਾਰਚ 2004 ਤੇ ਅੱਮ੍ਰਿਤਸਰ ਤੇ ਕਈ ਦਿਨ ਗੁਜ਼ਾਰੇ ਅਤੇ ਸ਼ਹਿਰ ਦੇ ਕਈ ਪੁਰਾਣੇ ਵਾਸੀਆਂ ਨਾਲ ਗੱਲਬਾਤ ਕੀਤੀ. ਕੁੱਝ ਇੰਟਰਵਿਊ ਹੇਠ ਪੇਸ਼ ਨੇ.

ਗੁਰਚਰਨ ਦਾਸ ਅਰੋੜਾ

'ਅੱਮ੍ਰਿਤਸਰ ਤੇ ਜੋ ਕੁੱਝ ਹੋਇਆ, ਉਹ ਲਾਜ਼ਮੀ ਸੀ. 20ਵੀਂ ਸਦੀ ਦੇ ਸ਼ੁਰੂ ਤੋਂ ਇਹ ਇੱਕ ਬੇਹਦ ਸਿਆਸੀ ਸ਼ਹਿਰ ਸੀ. 13 ਅਪ੍ਰੈਲ 1919 ਦੇ ਜਲਿਆਂਵਾਲਾ ਬਾਘ ਦੇ ਕਤਲੇਆਮ ਦੇ ਬਾਅਦ, ਅੱਮ੍ਰਿਤਸਰ ਦੇ ਸਿਆਸੀ ਸਰਗਰਮਿਆਂ ਹਮੇਸ਼ਾ ਚਲਦੀ ਰਹੀਆਂ. ਮੁਸਲਿਮਾਂ ਦੀ ਮਜਲਿਸ-ਇ-ਅਹਰਾਰ ਅਤੇ ਖਾਕਸਾਰਾਂ ਦੇ ਚਲਦਿਆਂ ਇਥੇ ਇੱਕ ਚੰਗੀ ਮੌਜੁਦਗੀ ਸੀ. ਮੁਸਲਿਮ ਲੀਗ ਇਥੇ ਦੇਰੀ ਨਾਲ ਪਹੁੰਚੀ ਅਤੇ 1945-46 ਦੇ ਇੱਤਖ਼ਾਬ ਦੀ ਮੁਹਿੱਮ ਵਿੱਚ ਅੱਮ੍ਰਿਤਸਰ ਦੇ ਮੁਸਲਿਮਾਂ ਦਾ ਜ਼ਿਆਦਾ ਜੋਸ਼ ਨਹੀਂ ਸੀ. ਤਦ, ਲਾਹੌਰ ਦੇ ਮੁਸਲਿਮ ਅੱਮ੍ਰਿਤਸਰ ਤੇ ਲਗਾਤਾਰ ਆਵਾ-ਜਾਈ ਕਰਣ ਲਗੇ. ਮੈਨੂੰ ਸ਼ੱਕ ਹੈ ਕਿ ਲਾਹੌਰ ਤੇ ਉਹ ਜੋ ਕੁੱਝ ਨਹੀਂ ਕਰ ਸਕੇ, ਕਿਉਂਕਿ ਉਥੇ ਬ੍ਰਿਟਿਸ਼ ਗਵਰਨਰ ਅਤੇ ਦੂਜੇ ਵੱਡੇ ਅਧਿਕਾਰੀ ਮੌਜੂਦ ਸਨ, ਉਹ ਸਭ ਉਹ ਅੱਮ੍ਰਿਤਸਰ ਤੇ ਕਰਣ ਤੇ ਕਾਮਯਾਬ ਹੋ ਗਏ. ਅੱਮ੍ਰਿਤਸਰ ਦੀ ਮੁੱਖ ਸਿਆਸੀ ਪਾਰਟੀ ਹਮੇਸ਼ਾਂ ਹੀ ਕਾਂਗਰੇਸ ਸੀ. ਸਤਿਆ ਪਾਲ ਅਤੇ ਡਾ.ਸੈਫ਼ੁਦੀਨ ਕਿਚਲੁ ਇਸ ਦੇ ਆਗੂ ਸਨ. ਅੱਮ੍ਰਿਤਸਰ ਹਿੰਦੂ-ਮੁਸਲਿਮ-ਸਿੱਖ ਸਹਿਯੋਗ ਦੀ ਇੱਕ ਬੇਹਤਰੀਨ ਮਿਸਾਲ ਸੀ. ਅੱਮ੍ਰਿਤਸਰ ਤੇ ਕਈ ਮੁਸਲਿਮ ਸ਼ਾਇਰ ਸਨ ਜੋ ਅਵਾਮ ਨੂੰ, ਆਪਣੇ ਬੁਨਿਆਦੀ ਸਮਾਜਵਾਦੀ ਖ਼ਿਆਲਾਂ ਨਾਲ, ਹਿਲਾ ਸਕਦੇ ਸੀ. ਕਦੀ ਕਦਾਰ ਫ਼ਿਰਕੂ ਦੰਗੇ ਹੁੰਦੇ ਸੀ, ਜੋ ਕਿਸੇ ਗਲਤਫ਼ਹਮੀ ਨਾਲ ਹੁੰਦੇ ਸੀ ਨਾ ਕੋਈ ਢੁੰਘੀ ਵਜ੍ਹਾ ਕਰ ਕੇ. ਸ਼ੱਚ-ਮੁੱਚ 1945 ਤੋਂ ਪਹਿਲਾਂ ਦਾ ਅੱਮ੍ਰਿਤਸਰ ਸੈਕਯੂਲਰ, ਬਸਤੀਵਾਦ ਦੇ ਖ਼ਿਲਾਫ਼ ਤਾਕਤਾਂ ਦਾ ਇੱਕ ਕਿਲ੍ਹਾ ਸੀ ਜੋ ਸਾਰੇ ਇੰਡੀਆ ਦੇ ਲੋਕਾਂ ਲਈ ਆਜ਼ਾਦੀ ਹਾਸਲ ਕਰਨਾ ਚਾਹੁੰਦਾ ਸੀ.

'ਮੈਂ ਇਸ ਬਾਰੇ ਨਾ ਨਹੀਂ ਕਰਾਂਗਾ ਕਿ ਆਰ.ਐਸ.ਐਸ ਅਤੇ ਸਿੱਖ ਸਭ ਤੋਂ ਬਦਤਰ ਹਾਲਾਤ ਲਈ ਤਿਆਰ ਹੋ ਰਹੇ ਸੀ, ਪਰ ਮੁਸਲਿਮ ਨੈਸ਼ਨਲ ਗਾਰਡ ਵੀ ਇਹ ਹੀ ਕਰ ਰਹੇ ਸੀ. ਮੈਂ ਹੁਣ ਇੱਕ ਬਿਰਧ ਹੋ ਗਿਆ ਹਾਂ, ਪਰ ਕਦੀ ਮੈਂ ਨੌਜਵਾਨ ਸੀ ਅਤੇ, ਹਿੰਦੂ ਧਰਮ ਦੇ ਕੱਮਾਂ ਵਿੱਚ ਮੈਂ ਕਾਫ਼ੀ ਮੁਸਤੈਦ ਸੀ. ਮੇਰੇ ਪਿਤਾ ਲਾਲਾ ਗਿਆਨ ਚੰਦ ਇੱਕ ਮੰਦਰ ਦੀ ਕਮੇਟੀ ਦੇ ਪ੍ਰਧਾਨ ਸਨ. ਇਸ ਤਰ੍ਹਾਂ ਦੇ ਕੱਮ ਸਾਡੀ ਆਜ਼ਾਦੀ ਦੀ ਲੜਾਈ ਦੇ ਵਚਨ ਨੂੰ, ਕੋਈ ਰੁਕਾਵਟ ਨਹੀਂ ਪਹੁੰਚਾਂਦੇ ਸੀ. ਇੱਹ ਗੱਲ ਬਹੁਤ ਪਾਕ ਅਤੇ ਨੇਕ ਮੁਸਲਿਮਾਂ ਬਾਰੇ ਵੀ ਸੱਚ ਸੀ. ਹਿੰਦੂ ਮੁਸਲਿਮਾਂ ਨਾਲ ਖਾਣਾ ਨਹੀਂ ਖਾਂਦੇ ਸੀ. ਇਸ ਨੂੰ ਮੱਨ ਲੈਣਾ ਚਾਹੀਦਾ ਹੈ. ਇਸ ਨੂੰ ਬਹੁਤ ਪਹਿਲਾਂ ਖ਼ਤਮ ਕਰ ਦੇਨਾ ਚਾਹੀਦਾ ਸੀ ਪਰ ਉਣ ਦਿਨਾਂ ਤੇ ਲੋਕ ਇਸ ਬਾਰੇ ਜ਼ਿਆਦਾ ਕੁੱਝ ਸੋਚਦੇ ਨਹੀਂ ਸੀ.

'ਮਾਰਚ 1947 ਤੇ ਸਭ ਕੁੱਝ ਬਦਲ ਗਿਆ. ਹਰ ਗੁਜ਼ਰਦੇ ਦਿਨ ਨਾਲ, ਦੋਨੋ ਸਮੁਸਾਇਆਂ ਦੇ ਵਿੱਚ ਦਾ ਭਾਈਚਾਰਾ, ਖ਼ੌਫ਼ ਅਤੇ ਸ਼ੁਭਾ ਵਿੱਚ ਤਬਦੀਲ ਹੋ ਗਿਆ. ਹੁਣ ਬਾਹਰ ਜਾਣਾ ਮਹਿਫ਼ੂਜ਼ ਨਹੀਂ ਸੀ ਅਤੇ ਹਿੰਦੂ ਹੋਰ ਸਿੱਖ ਆਪਣੇ ਇਲਾਕੇ ਤੇ ਰਹਿੰਦੇ ਸੀ ਅਤੇ ਮੁਸਲਿਮ ਆਪਣੇ ਤੇ. ਮੈਂ ਕਈ ਵਾਰ ਸੋਚਦਾਂ ਹਾਂ ਕਿ ਕੋਈ ਇਣ

ਸਭ ਚੀਜਾਂ ਦੇ ਪਿੱਛੇ ਸੀ. ਸ਼ਾਇਦ ਬ੍ਰਿਟਿਸ਼ ਇਣ ਸਭ ਦੇ ਪਿੱਛੇ ਸੀ. ਬਹਰਹਾਲ, ਜੂਨ ਤੋਂ ਬਾਅਦ, ਮੁਸਲਿਮ ਪਿੱਛੇ ਹਟਣ ਲਗੇ ਸੀ, ਜਦ ਕਿ ਪਹਿਲਾਂ ਉਨ੍ਹਾਂ ਦੇ ਗੁੰਡੇ ਕਈ ਜੁਰਮ ਕਰਦੇ ਸੀ ਅਤੇ ਕੋਈ ਉਨ੍ਹਾਂ ਦਾ ਕੁੱਝ ਨਹੀਂ ਕਰ ਸਕਦਾ ਸੀ.

'ਮੈਨੂੰ ਯਾਦ ਹੈ ਕਿ ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਿਮ ਸ਼ਹਿਰ ਤੇ ਆਪਣੀ, ਖ਼ਾਸ ਕਰ ਕੇ ਸਿੱਖਾਂ ਦੁਆਰਾ ਕੀਤੇ ਜ਼ੁਲਮਾਂ ਦੀ ਦਾਸਤਾਨ ਲੈ ਕੇ ਆ ਰਹੇ ਸੀ. ਅਗਸਤ ਦੇ ਸ਼ੁਰੂ ਤੋਂ, ਇਹ ਵਧਦਾ ਹੀ ਗਿਆ. ਤਦ ਤਕ, ਮੁਸਲਿਮਾ ਨੂੰ ਭੱਜਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੇ ਜ਼ਿਆਦਾਤਰ ਲੋਕ ਸ਼ਰੀਫ਼ਪੁਰਾ ਅਤੇ ਦੂਜੀ ਜਗ੍ਹਾਂ ਤੇ ਲੁੱਕ ਗਏ ਸੀ.

'ਤੁਸੀਂ ਜਾਣਨਾ ਚਾਹੁੰਦੇ ਹੋ ਕਿ ਅੱਮ੍ਰਿਤਸਰ ਤੇ 1947 ਦੇ ਆਖ਼ਰ ਤੱਕ ਕੁੱਲ ਕਿਣੇ ਲੋਕ ਹਲਾਕ ਹੋਏ ਸੀ. ਮੈਨੂੰ ਇਹ ਕਹਿਣ ਤੇ ਕੋਈ ਹਿਚਕਿਚਾਹਟ ਨਹੀਂ ਹੈ ਕਿ ਸੈਕੜੇ ਨਹੀਂ ਬਲਕਿ ਹਜ਼ਾਰਾਂ ਦੀ ਤਦਾਦ ਤੇ ਕਤਲ ਕੀਤੇ ਗਏ ਸੀ. ਮੈਂ, ਬੱਚੇਆਂ ਸਮੇਤ ਦੂਜੇਆਂ ਦੀ ਲਾਸ਼ਾਂ ਵੇਖਿਆ ਨੇ, ਜਿਨ੍ਹਾਂ ਦੇ ਟੋਟੇ ਕਰ ਦਿੱਤੇ ਗਏ ਸੀ. ਇੱਕ ਔਰਤ ਦੀ ਯੋਨੀ ਵਿੱਚ ਬਰਛਾ ਘੁਸੇੜ ਦਿੱਤਾ ਗਿਆ ਸੀ. ਇਹ ਇੱਕ ਭਿਆਨਕ ਨਜ਼ਾਰਾ ਸੀ. ਇਹ ਬਟਾਲਾ ਤੋਂ ਅੱਮ੍ਰਿਤਸਰ ਆਣ ਵਾਲੀ ਮੁੱਖ ਸੜਕ ਤੇ ਹੋਇਆ ਸੀ. ਉਹ ਇੱਕ ਦਿਹਾਤੀ ਔਰਤ ਦੀ ਪੋਸ਼ਾਕ ਤੇ ਸੀ ਅਤੇ ਕਿਸੇ ਪਿੰਡ ਤੋਂ ਭੱਜ ਰਹੀ ਹੋਵੇਗੀ. ਉਹ ਇੱਕ ਮੁਸਲਿਮ ਸੀ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਰੈਡਕਲੀਫ ਅਵਾਰਡ ਦੇ ਐਲਾਨ ਤੋਂ ਬਾਅਦ, ਹਮਲੇਆਂ ਤੇ ਇੱਕ ਬਹੁਤ ਵੱਡਾ ਵਾਧਾ ਹੋਇਆ. ਮੈਂ ਸੋਚਦਾ ਹਾਂ ਕਿ ਸ਼ਰੀਫ਼ਪੁਰਾ ਦੇ ਮੁਸਲਿਮ ਬਗੈਰ ਜ਼ਿਆਦਾ ਨੁਕਸਾਨ ਦੇ ਜਾ ਸਕੇ, ਕਿਉਂਕਿ ਉਨ੍ਹਾਂ ਨੂੰ ਪਾਕਿਸਤਾਨ ਤੱਕ ਫ਼ੌਜ਼ੀ ਹਿਫ਼ਾਜ਼ਤ ਮਿਲ ਗਈ ਸੀ. ਅਗਸਤ ਤੋਂ ਬਾਅਦ, ਜੋ ਮੁਸਲਿਮ ਮਾਰੇ ਗਏ, ਉਹ ਪਿੰਡਾਂ ਤੋਂ ਸਨ.

'ਇਹ ਸੱਚ ਹੈ ਕਿ ਕੁੱਝ ਮੁਸਲਿਮ ਖ਼ਵਾਤੀਨਾਂ ਨੂੰ ਅੱਮ੍ਰਿਤਸਰ ਤੇ ਵਸਤਰਹੀਣ ਕਰ ਕੇ ਘੁਮਾਇਆ ਗਿਆ ਸੀ. ਇਹ ਇੱਕ ਘਿਰਣਾਯੋਗ ਨਜ਼ਾਰਾ ਸੀ. ਮੈਨੂੰ ਤਾਰੀਖ ਯਾਦ ਨਹੀਂ ਹੈ, ਪਰ ਇਹ ਅਗਸਤ ਵਿੱਚ ਕੀਤਾ ਗਿਆ ਸੀ. ਮੈਨੂੰ ਨਹੀਂ ਪਤਾ ਕਿ ਇਹ ਮਾਰਚ ਤੇ, ਪਹਿਲਾਂ ਵੀ ਹੋਇਆ, ਜੈਦਾਂ ਕਿ ਤੁਸੀਂ ਦੱਸ ਰਹੇ ਹੋ. ਅਗਸਤ ਵਿੱਚ ਕੀਤੀ ਗਈ ਔਰਤਾਂ ਦੀ ਪਰੇਡ, ਬਹੁਤ ਚਰਚਾ ਦਾ ਵਿਸ਼ੇ ਰਿਹਾ ਹੈ. ਭਗਵਾਨ ਨੇ ਇਸ ਜੁਰਮ ਦੇ ਪਿੱਛੇ ਦੇ ਲੋਕਾਂ ਨੂੰ ਕਦੀ ਮਾਫ਼ ਨਹੀਂ ਕੀਤਾ ਹੋਵੇਗਾ, ਪਰ ਇਸ ਕੁਕਰਮ ਦੀ ਜ਼ਿਮੇਵਾਰੀ ਮੁਸਲਿਮ ਲੀਗ ਨੂੰ ਲੈਣੀ ਪਏਗੀ, ਜੋ ਸਾਡੀ ਮਾਤ-ਭੂਮੀ ਦੀ ਤਕਸੀਮ ਰਕਣਾ ਚਾਹੁੰਦੀ ਸੀ. ਹੁਣ, ਕਦੀ ਕਦਾਰ ਕੁੱਝ ਅੱਮ੍ਰਿਤਸਰੀ ਮੁਸਲਿਮ ਲਾਹੌਰ ਤੋਂ ਆਉਂਦੇ ਨੇ. ਚੁੰਕਿ ਮੈਂ ਇੱਕ ਬਜ਼ੁਰਗ ਇਨਸਾਨ ਹਾਂ ਅਤੇ ਜਿਸ ਦੇ ਪਰਵਾਰ ਦੀ ਇਨ ਇਲਾਕਿਆਂ ਤੇ ਦੁਕਾਨਾਂ ਸੀ, ਮੈਨੂੰ ਕੁੱਝ ਦੂਜੇ ਅੱਮ੍ਰਿਤਸਰੀ, ਨਵੇਂ ਗਾਹਕਾਂ ਨੂੰ ਭੇਜਦੇ ਨੇ. ਕਈ ਵਾਰ, ਉਹ ਉਣ ਗਲੀਆਂ ਤੇ ਜਾਂਦੇ ਨੇ, ਜਿਥੇ ਉਹ ਕਦੀ ਰਹਿੰਦੇ ਸੀ. ਕਈਆਂ ਨੂੰ ਮੈਂ ਰੋਂਦੇ ਵੇਖਿਆ ਹੈ. ਕਈ ਵਾਰ ਮਖੌਲ ਕਰਦੇ ਹੋਏ, ਉਹ ਕਹਿੰਦੇ ਨੇ ਕਿ ਉਹ ਵਾਪਸ ਆਉਣਾ ਚਾਹੁੰਦੇ ਨੇ, ਪਰ ਮੈਨੂੰ ਲਗਦਾ ਹੈ ਕਿ ਇਹ ਭਾਵਨਾ ਜਲਦ ਹੀ ਖ਼ਤਮ ਹੋ ਜਾਵੇਗੀ, ਜਦ ਇੱਕ ਪੀੜ੍ਹੀ ਜੋ ਇੱਕ ਦੂਜੇ ਅੱਮ੍ਰਿਤਸਰ ਨੂੰ ਜਾਣਦੀ ਸੀ-ਪਿਆਰ ਅਤੇ ਆਨੰਦ ਵਾਲੇ ਅੱਮ੍ਰਿਤਸਰ ਨੂੰ-ਇਸ ਦੁਨੀਆ ਤੋਂ ਚਲੇ ਜਾਂਦੀ ਹੈ. ਮੈਂ ਜਲਦ ਹੀ ਚਲੇ ਜਾਵਾਂਗਾ, ਇਸ ਦੇ ਬਾਅਦ, ਕੌਣ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਲੱਭਨ ਤੇ ਮਦਦ ਕਰੇਗਾ? ਜੋ ਹੋਣਾ ਸੀ ਉਹ ਹੋ ਗਿਆ ਅਤੇ ਅੱਮ੍ਰਿਤਸਰ ਹੁਣ ਇੱਕ ਬਹੁਤ ਮੁਖ਼ਤਲਿਫ਼ ਜਗ੍ਹ ਹੈ.

'ਕੁੱਝ ਕਸ਼ਮੀਰੀ ਕਾਰੀਗਰ ਅਤੇ ਵਪਾਰੀ ਅੱਮ੍ਰਿਤਸਰ ਤੇ ਵਸੇ ਨੇ. ਤੁਸੀਂ ਅਗਰ ਹਾਲ ਬਾਜ਼ਾਰ ਦੇ ਪਿੱਛੇ ਦੀ ਗਲੀਆਂ ਤੇ ਜਾਂਦੇ ਹੋ, ਤੇ ਤੁਸੀਂ ਉਨ੍ਹਾਂ ਨੂੰ ਕੱਮ ਕਰਦੇ ਅਤੇ ਆਪਣੀ ਚੀਜਾਂ ਵੇਚਦੇ ਵੇਖੋਗੇ. ਨਾ ਸਿਰਫ਼

ਕਸਮੀਰੀ ਮੁਸਲਿਮ ਬਲਕਿ ਬਹੁਤ ਸਾਰੇ ਮੁਸਲਿਮ ਭੈਇਐ ਵੀ ਅੱਮ੍ਰਿਤਸਰ ਤੇ ਕੱਮ ਕਰਦੇ ਨੇ. ਉਹ ਜ਼ਿਆਦਾਤਰ ਪੂਰਬੀ ਯੂ.ਪੀ ਅਤੇ ਬਿਹਾਰ ਤੋਂ ਆਏ ਨੇ. ਅਤੇ ਅੱਮ੍ਰਿਤਸਰ ਤੇ ਮੁਸਲਿਮ ਹੌਲੀ ਹੌਲੀ ਵਾਪਸ ਆ ਰਹੇ ਨੇ. ਮੈਨੂੰ ਸੱਚ-ਮੁੱਚ ਪਤਾ ਨਹੀਂ ਹੈ ਕਿ ਲੋਕਾਂ ਦਾ ਇਸ ਤਰ੍ਹਾਂ ਮੇਲ ਹੋਣਾ, ਇੱਕ ਉਮਦਾ ਖ਼ਿਆਲ ਹੈ ਜਾਂ ਨਹੀਂ, ਪਰ ਇੰਡੀਆ ਤੇ ਜਮਹੁਰੀਅਤ ਕਾਇਮ ਹੈ, ਜੋ ਲੋਕਾਂ ਨੂੰ ਕਿਥੇ ਵੀ ਜਾ ਕੇ ਕੱਮ ਕਰਣ ਅਤੇ ਵਸਣ ਦੀ ਇੱਜ਼ਾਜ਼ਤ ਦੇਂਦਾ ਹੈ. ਅਤੇ ਮੁਸਲਿਮ ਜ਼ਰੂਰ ਵਾਪਸ ਆਣਗੇ ਪਰ ਉਹ ਪਰਦੇਸ਼ੀ ਬਣੇ ਰਹਿਣਗੇ. ਮੁਸਲਿਮ ਸ਼ਾਇਰ ਅਤੇ ਲੇਖਕ, ਜੋ ਕਦੀ ਅੱਮ੍ਰਿਤਸਰ ਦੀ ਜ਼ਿੰਦਗੀ ਦਾ ਇੱਕ ਜ਼ਰੂਰੀ ਹਿੱਸਾ ਸਨ, ਹੁਣ ਇੱਕ ਗੁਜ਼ਰੇ ਹੋਏ ਜ਼ਮਾਨੇ ਦੀ ਯਾਦ ਬਣ ਕੇ ਰਹ ਗਏ ਨੇ, ਜੋ ਸਾਡੀ ਪੀੜ੍ਹੀ ਦੇ ਲੋਕਾਂ ਨੂੰ ਬਾਰ ਬਾਰ ਯਾਦ ਆਉਣਗੇ.' ਬੀਤੇ ਹੋਏ ਦਿਨਾ ਨੇ ਸ੍ਰੀ ਅਰੋੜਾ ਦੀ ਸ਼ਕਸਿਅਤ ਉਪਰ, ਨਾ ਮਿਟਣ ਵਾਲੇ ਨਿਸ਼ਾਨ ਛੱਡ ਦਿੱਤੇ ਨੇ. ਉਹ ਇੱਕ ਭਰੋਸੇ ਨਾਲ ਗੱਲਬਾਤ ਕਰਦੇ ਸੀ, ਅਤੇ ਪੁਰਾਣੀ ਯਾਦਾਂ ਬਾਰੇ ਯਕੀਨ ਕਰਦੇ ਸੀ ਕਿ, ਅੱਮ੍ਰਿਤਸਰ ਦੀ ਤ੍ਰਾਸਦੀ ਲਈ ਮੁਸਲਿਮ ਲੀਗ ਜ਼ਿੱਮੇਵਾਰ ਸੀ. ਵਿੱਕੀ ਅਤੇ ਮੈਂ ਕੁੱਝ ਗਲੀਆਂ ਤੇ ਘੁਮਦੇ ਰਹੇ ਅਤੇ ਕਈ ਕਸ਼ਮੀਰੀ ਮੁਸਲਿਮਾਂ ਨੂੰ ਆਪਣੇ ਦਰਜੀ ਜਾਂ ਸ਼ਾਲ ਵਪਾਰੀ ਦੇ ਤੌਰ ਤੇ ਕੱਮ ਕਰਦੇ ਵੇਖਿਆ. ਸ਼ਾਇਦ, ਉਹ ਉਸੇ ਜਗ੍ਹ ਤੇ ਰਹ ਰਹੇ ਸੀ ਜਿਥੇ ਉਹ ਕੱਮ ਕਰਦੇ ਸੀ, ਪਰ ਮੈਂ ਗਲਤ ਵੀ ਹੋ ਸਕਦਾ ਹਾਂ. ਇਸ ਦੇ ਇਲਾਵਾ, ਕੁੱਝ ਮਸੀਤਾਂ ਦੀ ਤਾਜੇ ਹਰੇ ਰੰਗ ਦੀ ਮੀਨਾਰਾਂ, ਤੋਂ ਪਤਾ ਚਲਦਾ ਸੀ ਕਿ ਉਨ੍ਹਾਂ ਦਾ ਇਸਤੇਮਾਲ ਹੁੰਦਾ ਸੀ.

ਜ਼ਿਲ੍ਹਾ ਅੱਮ੍ਰਿਤਸਰ

18 ਅਗਸਤ ਤੋਂ ਬਾਅਦ ਅੱਮ੍ਰਿਤਸਰ ਅਤੇ ਤਰਨ ਤਾਰਨ ਤਹਸੀਲ ਦੇ ਮੁਸਲਿਮ ਇੱਕ ਲੰਬੇ ਵਕਤ ਤਕ, ਸਿੱਖ ਜੱਥੇਆਂ ਦੇ ਰਹਿਮ ਥਲੇ ਸਨ. ਪੀ.ਬੀ.ਐਫ. ਆਪਣਾ ਕੱਮ ਕਰ ਰਹੀ ਸੀ ਪਰ ਇਸ ਦੇ ਕੋਲ ਉਣ ਫ਼ੌਜ਼ੀ ਟੁਕੜੀਆਂ ਦੀ ਕਮੀ ਸੀ ਜੋ ਕਤਲੇਆਮ ਰੋਕਣ ਲਈ ਵਚਨਬੱਧ ਹੋਣ. ਮੁਸਲਿਮ ਅਤੇ ਪਾਕਿਸਤਾਨੀ ਵਿਰਤਾਂਤਾਂ ਵਿੱਚ ਅੱਮ੍ਰਿਤਸਰ ਦੇ ਦਿਹਾਤੀ ਇਲਾਕਿਆਂ ਅਤੇ ਅੱਮ੍ਰਿਤਸਰ ਤੋਂ ਲੈ ਕੇ ਸਰਹੱਦ ਦੀ ਵਾਹਗਾ ਚੌਕੀ ਤੱਕ ਦੀ ਸੜਕ ਨੂੰ 'ਕਤਲ ਦਾ ਮੈਦਾਨ' ਕਿਹਾ ਜਾਂਦਾ ਹੈ. ਇਹ ਦਰਅਸਲ ਸੱਚ ਵੀ ਹੈ. ਤਾਕਤ ਦੇ ਗਲਤ ਇਸਤੇਮਾਲ ਉਪਰ ਜੋ ਥੋੜੀ ਬਹੁਤ ਰੋਕ ਅੱਮ੍ਰਿਤਸਰ ਤੇ ਲਗੀ ਹੋਈ ਸੀ, ਅਤੇ ਤਕਸੀਮ ਦੇ ਬਾਅਦ ਇੱਕ ਕੌਮ ਮਤਲਬ ਮੁਸਲਿਮਾਂ ਦਾ ਇਖ਼ਤਿਆਰ ਖ਼ਤਮ ਹੁੰਦੇ ਹੀ, ਹਾਲਾਤ ਬਿਲਕੁਲ ਬੇਰੋਕਟੋਕ ਹੋ ਗਏ ਅਤੇ ਮੁਸਲਿਮਾਂ ਨੂੰ ਗਾਜਰ-ਮੂਲੀ ਦੀ ਤਰ੍ਹਾਂ ਵੱਡ ਦਿੱਤਾ ਗਿਆ.

ਮਸ਼ਹੂਰ ਗਾਇੱਕ ਮੋਹਮੱਦ ਰਫ਼ੀ ਦਾ ਪਿੰਡ

ਕੋਟਲਾ ਸੁਲਤਾਨ ਸਿੰਘ (ਤਹਸੀਲ਼ ਅਤੇ ਜ਼ਿਲ੍ਹਾ ਅੱਮ੍ਰਿਤਸਰ), ਅੱਮ੍ਰਿਤਸਰ ਤੋਂ 25 ਕਿਲੋਮੀਟਰ ਉੱਤਰ-ਪੂਰਬ ਤੇ ਹੈ. ਛੋਟੇ ਸ਼ਹਿਰ ਮਜੀਠੇ ਤੋਂ ਨਿਕਲ ਕੇ, ਮੁੱਖ ਸੜਕ ਦੀ ਤਰਫ਼ ਇੱਕ ਸ਼ਾਦੀਘਰ ਮੌਜੂਦ ਹੈ ਅਤੇ ਇਸ ਦੇ ਉਲਟੇ ਪਾਸੇ, ਇੱਕ ਪੱਕੀ ਸੜਕ ਤੇ ਤੀਜਾ ਪਿੰਡ ਕੋਟਲਾ ਸੁਲਤਾਨ ਸਿੰਘ ਹੈ. ਕਈ ਲੋਕਾਂ ਲਈ, ਇਸ ਪਿੰਡ ਦੀ ਕੋਈ ਅਹਿਮੀਅਤ ਨਹੀਂ ਹੈ. ਪਰ ਸਾਡੇ ਤੋਂ ਜੋ, 1950 ਤੋਂ ਬਾਅਦ ਦਾ ਫ਼ਿਲਮੀ ਸੰਗੀਤ ਸੁਣਦੇ ਹੋਏ ਵੱਡੇ ਹੋਏ ਨੇ, ਇਹ ਪਿੰਡ ਇੱਕ ਤੀਰਥ ਦਾ ਵੱਡਾ ਸਥਾਨ ਹੈ. ਉਰਦੂ, ਹਿੰਦੀ ਅਤੇ ਪੰਜਾਬੀ ਫ਼ਿਲਮਾਂ ਦੇ ਸਭ ਤੋਂ ਵੱਡੇ ਗਾਇੱਕ ਮੋਹੱਮਦ ਰਫ਼ੀ (ਇੰਤਕਾਲ ਜੁਲਾਈ 1980) ਦਾ ਜਨਮ ਇਥੇ ਹੋਇਆ ਸੀ. 27 ਮਾਰਚ 2004 ਨੂੰ,

ਪੂਰਬੀ ਪੰਜਾਬ ਦਾ 11 ਦਿਨਾਂ ਦਾ ਇੱਕ ਦੌਰਾ ਕਰ ਕੇ, ਜਿਸ ਦੌਰਾਨ ਅਸੀਂ 2,200 ਕਿਲੋਮੀਟਰਾਂ ਦਾ ਸਫਰ ਕੀਤਾ ਅਤੇ ਮੈਂ ਕਈ ਲੋਕਾਂ ਦਾ ਇੰਟਰਵਿਊ ਲੀਤਾ ਜਿਨ੍ਹਾਂ ਨੇ ਤਕਸੀਮ ਵੇਖੀ ਸੀ, ਵਿੱਕੀ, ਨਾਨਕ ਸਿੰਘ ਅਤੇ ਮੈਂ ਕੋਟਲਾ ਸੁਲਤਾਨ ਸਿੰਘ ਪਹੁੰਚੇ. ਇਸ ਦੌਰੇ ਦਾ ਖ਼ਾਤਮਾ, ਇੱਕ ਐਦਾਂ ਤੇ ਇਨਸਾਨ ਦੇ ਜਨਮ ਸਥਾਨ ਤੇ ਜਾ ਕੇ ਅਸੀਂ ਕੀਤਾ, ਜਿਸਦੀ ਮਸ਼ਹੂਰੀ ਸਾਰੀ ਮਜ਼ਬੀ ਸਰਹੱਦਾਂ ਅਤੇ ਦਖੱਣ ਏਸ਼ੀਆ ਦੇ ਮੁਲਕਾਂ ਦੀ ਸਰਹੱਦਾਂ ਪਾਰ ਕਰ ਜਾਂਦੀ ਹੈ. ਸਾਨੂ ਪਤਾ ਲਗਾ ਕਿ ਇਸ ਪਿੰਡ ਤੇ ਰਫ਼ੀ ਦੇ ਦੀਵਾਨੇ ਆਉਂਦੇ ਜਾਂਦੇ ਰਹਿੰਦੇ ਨੇ ਅਤੇ ਉਹ ਆਪਣੀ ਸ਼ਰਧਾਂਜਲੀ ਉਸ ਜਗ੍ਹ ਤੇ ਦੇਂਦੇ ਨੇ ਜਿਥੇ ਉਨ੍ਹਾਂ ਦਾ ਘਰ ਸਥਿਤ ਸੀ. ਸਾਨੂ ਇੱਕ ਬਜ਼ੁਰਗ ਸਿੱਖ ਕੋਲ ਲੈ ਜਾਇਆ ਗਿਆ ਜੋ ਇੱਕ ਚਾਰਪਾਈ ਤੇ ਬੈਠੇ ਹੋਏ ਸੀ.

ਸ਼ਰਦਾਰ ਕੁੰਦਨ ਸਿੰਘ ਸਾਮਰਾ

'ਸਾਡਾ ਤਾਲੁੱਕ ਪਿੰਡ ਦੇ ਜ਼ਮੀਨ ਵਾਲੇ ਹਿੱਸੇ ਨਾਲ ਹੈ. ਤਕਸੀਮ ਤੋਂ ਪਹਿਲਾਂ, ਪਿੰਡ ਦੀ ਅੱਧੀ ਆਬਾਦੀ ਮੁਸਲਿਮ ਸੀ. ਇਹ ਇੱਕ ਆਪਸ ਵਿੱਚ ਜੁੜੀਆ ਹੋਇਆ ਸਮਾਜ ਸੀ ਜਿਥੇ ਲੋਕ ਇੱਕ ਦੂਜੇ ਨਾਲ ਸੁਖ-ਦੁਖ ਵੰਡਦੇ ਸੀ ਅਤੇ ਤਿਉਹਾਰਾਂ ਤੇ ਹਿੱਸਾ ਲੈਂਦੇ ਸੀ. ਹਾਲਾਂਕਿ ਰਫ਼ੀ ਅਤੇ ਉਨ੍ਹਾਂ ਦਾ ਪਰਵਾਰ ਅਤੇ ਦੂਜੇ ਜ਼ਿਆਦਾ ਮੁਸਲਿਮ ਸੁੱਨੀ ਸਨ, ਕੁੱਝ ਸ਼ਿਆ ਵੀ ਮੌਜੂਦ ਸਨ. ਉਹ ਮੁਹੱਰਮ ਦੇ ਦੌਰਾਨ, ਸਾਡਾ ਘੋੜਾ ਮੰਗ ਕੇ ਲੈ ਜਾਂਦੇ ਸੀ.

'ਸਾਡੇ ਪਿੰਡ ਦੇ ਜ਼ਿਆਦਾਤਰ ਮੁਸਲਿਮ ਵਾਹੀ ਛੱਡ ਕੇ ਦੂਜੇ ਕੱਮ ਕਰਦੇ ਸੀ. 1945 ਤੇ, ਰਫ਼ੀ ਦਾ ਨਿਕਾਹ ਉਨ੍ਹਾਂ ਦੀ ਰਿਸ਼ਤੇਦਾਰ ਬਸ਼ੀਰਾਂ ਨਾਲ ਪਿੰਡ ਤੇ ਹੀ ਹੋਇਆ. ਅਸੀਂ ਸਾਰੇਆਂ ਨੇ ਵਿਆਹ ਤੇ ਹਿੱਸਾ ਲੀਤਾ. ਉਨ੍ਹਾਂ ਨੇ ਮੈਨੂੰ ਆਪਣੀ ਲਾਹੌਰ ਫ਼ਿਲਮ ਉਦਯੋਗ ਵਿੱਚ ਇੱਕ ਗਾਇੱਕ ਦੇ ਤੌਰ ਤੇ, ਕੱਮ ਦੀ ਤਲਾਸ਼ ਬਾਰੇ ਦੱਸਿਆ. ਜਲਦ ਹੀ, ਉਨ੍ਹਾਂ ਦੇ ਗਾਨੇ ਰੇਡੀਉ ਤੇ ਆਉਣ ਲਗੇ ਅਤੇ ਅਸੀਂ ਸੁਣਿਆ ਕਿ ਉਹ ਆਪਣੀ ਕਿਸਮਤ ਦੀ ਆਜ਼ਮਾਇਸ਼ ਕਰਣ ਲਈ ਬੰਬਈ ਚਲੇ ਗਏ ਸੀ. 1947 ਤੇ, ਸਾਡੇ ਪਿੰਡ ਦੇ ਮੁਸਲਿਮਾਂ ਨੂੰ ਪਿੰਡ ਛੱਡ ਕੇ ਪਾਕਿਸਤਾਨ ਜਾਣਾ ਪਇਆ. ਦੂਜੇ ਪਿੰਡਾਂ ਦੇ ਬਦਮਾਸ਼ਾਂ ਨੇ ਉਨ੍ਹਾਂ ਤੇ ਹਮਲਾ ਕੀਤਾ ਅਤੇ ਕੁੱਝ ਮੁਸਲਿਮਾਂ ਦਾ ਕਤਲ ਕਰ ਦਿੱਤਾ ਗਿਆ. ਰਫ਼ੀ ਉਸ ਵਕਤ ਬੰਬਈ ਤੇ ਸਨ. 1956 ਤੇ ਰਫ਼ੀ ਅੱਮ੍ਰਿਤਸਰ ਤੇ ਇੱਕ ਸੰਗੀਤ ਦਾ ਪ੍ਰੋਗ੍ਰਾਮ ਕਰਣ ਆਏ. ਅਸੀਂ ਕੁੱਝ ਲੋਕ ਉਥੇ ਗਏ, ਅਤੇ ਪ੍ਰੋਗ੍ਰਾਮ ਸ਼ੁਰੂ ਹੋਣ ਤੋਂ ਪਹਿਲਾਂ, ਉਨ੍ਹਾਂ ਦੇ ਨਾਲ ਮਿਲੇ. ਉਹ ਸਾਨੂ ਬਹੁਤ ਗਰਮਜੋਸ਼ੀ ਨਾਲ ਮਿਲੇ. ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਦੁਬਾਰਾ ਪਿੰਡ ਆਣਗੇ. ਜਦ ਵੀ ਸਾਡੇ ਪਿੰਡ ਦਾ ਕੋਈ ਬੰਦਾ ਬੰਬਈ ਜਾਂਦਾ ਤੇ, ਰਫ਼ੀ ਉਸ ਦੀ ਕਿਸੇ ਨਾ ਕਿਸੇ ਤਰੀਕੇ ਨਾਲ ਮਦਦ ਕਰਦੇ. ਉਹ ਉਨ੍ਹਾਂ ਦੇ ਘਰ ਤੇ ਰਹਿ ਸਕਦੇ ਸੀ ਅਤੇ ਉਨ੍ਹਾਂ ਦੀ ਖ਼ਾਤਰਦਾਰੀ ਦਾ ਲੁਤਫ਼ ਲੈ ਸਕਦੇ ਸੀ. ਬਦਕਿਸਮਤੀ ਨਾਲ, ਉਹ ਇੰਤਕਾਲ ਤੋਂ ਪਹਿਲਾਂ, ਕਦੀ ਕੋਟਲਾ ਸੁਲਤਾਨ ਸਿੰਘ ਨਹੀਂ ਜਾ ਸਕੇ.'

ਦਿੱਲੀ ਤੇ, ਮੈਂ ਰਫ਼ੀ ਦੀ ਕਹਾਣੀ ਇੰਡੀਆ ਦੀ ਇੱਕ ਪ੍ਰਮੁੱਖ ਪੱਤਰਕਾਰ ਨਿਰੁਪਮਾ ਦੱਤ ਨੂੰ ਦੱਸੀ. ਉਨ੍ਹਾਂ ਨੇ ਵਿਸਤਾਰ ਨਾਲ ਦੱਸਿਆ ਕਿਉਂ ਕੋਟਲਾ ਸੁਲਤਾਨ ਸਿੰਘ ਜਾਣ ਨੂੰ ਰਫ਼ੀ ਹਿਚਕਿਚਾਹਟ ਕਰਦੇ ਹੋਣਗੇ. ਉਨ੍ਹਾਂ ਨੇ ਕਿਹਾ, 'ਕੋਟਲਾ ਸੁਲਤਾਨ ਸਿੰਘ ਦੀ ਔਰਤਾਂ ਨੇ ਇੱਕ ਇੰਟਰਵਿਊ ਲੈਣ ਵਾਲੇ ਨੂੰ ਇੱਕ ਵਾਰ ਕਿਹਾ ਸੀ ਕਿ ਜਦ ਉਨ੍ਹਾਂ ਦੇ ਪਿੰਡ ਉਪਰ 1947 ਤੇ ਹਮਲਾ ਕੀਤਾ ਗਿਆ ਸੀ, ਰਫ਼ੀ ਦੀ ਬਰਾਦਰੀ ਦੀ ਕੁੱਝ ਔਰਤਾਂ ਨੂੰ

ਅਗਵਾ ਕਰ ਲੀਤਾ ਗਿਆ ਸੀ. ਸ਼ਾਇਦ ਇਸ ਕਰ ਕੇ ਉਹ ਦੁਬਾਰਾ ਕੋਟਲਾ ਸੁਲਤਾਨ ਸਿੰਘ ਆਉਣ ਬਾਰੇ ਸਹਜ ਮਹਿਸੂਸ ਨਹੀਂ ਕਰਦੇ ਸੀ.' ਹੁਣ ਮੈਨੂੰ ਗੱਲ ਸਾਫ਼ ਹੋ ਗਈ.

ਅੱਮ੍ਰਿਤਸਰ ਜ਼ਿਲ੍ਹੇ ਦੇ ਇੱਕ ਦੂਜੇ ਦਿਹਾਤੀ ਹਿੱਸੇ ਤਰਨ ਤਾਰਨ ਤੋਂ ਆਪਣੀ ਕਰੜੀ ਅਜ਼ਮਾਇਸ਼ ਇਣ ਲਫ਼ਜ਼ਾਂ ਤੇ ਬਿਆਨ ਕਰਦੇ ਨੇ:

ਹਾਜੀ ਮੁਹੱਮਦ ਅਕਰਮ

'ਅਸੀਂ ਤਰਨ ਤਾਰਨ, ਜ਼ਿਲ੍ਹਾ ਅੱਮ੍ਰਿਤਸਰ ਦੇ ਬਾਹਰੀ ਇਲਾਕੇ ਤੇ ਰਹਿੰਦੇ ਸੀ. ਇਹ ਇੱਕ ਜੱਟ ਪਿੰਡ ਸੀ, ਜਿਥੇ ਜ਼ਿਆਦਾਤਰ ਲੋਕ ਸਿੱੱਖ ਸਨ, ਪਰ ਕੁੱਝ ਪੀੜੀਆਂ ਪਹਿਲਾਂ, ਸਾਡੇ ਵਡੇਰੇ ਮੁਸਲਿਮ ਬਣ ਗਏ ਸੀ, ਜਦ ਇੱਕ ਪਾਕ ਇਨਸਾਨ ਉਥੇ ਆਇਆ ਅਤੇ ਇਸਲਾਮੀ ਖ਼ਿਆਲਾਂ ਦਾ ਉਪਦੇਸ਼ ਦੇਣ ਲਗਾ. ਜੁਲਾਈ ਤੋਂ ਬਾਅਦ ਜਾਂ ਉਸ ਤੋਂ ਵੀ ਪਹਿਲਾਂ, ਸਿੱਖ ਜੱਥੇਆਂ ਨੂੰ ਸਾਡੇ ਪਿੰਡ ਤੋਂ ਹੋ ਕੇ ਜਾਂਦੇ ਵੇਖਿਆ ਗਿਆ ਸੀ. ਸਾਡੇ ਪਿੰਡ ਦੇ ਹਿੰਦੂ ਅਤੇ ਸਿੱਖ ਨੇਕ ਇਨਸਾਨ ਸਨ. ਸੱਚ ਤੇ ਇਹ ਹੈ ਕਿ ਸਾਰੀ ਕੌਮਾ ਦੇ ਬਜ਼ੁਰਗਾਂ ਨੇ ਇੱਕ ਸਹੁੰ ਖਾਦੀ ਸੀ ਕਿ ਉਹ ਇੱਕ ਦੂਜੇ ਦਾ ਸਾਥ ਦੇਣਗੇ. ਜਦ ਸਾਨੂ ਪਤਾ ਲਗਾ ਕਿ ਪਿੰਡ ਇੰਡੀਆ ਨੂੰ ਦੇ ਦਿੱਤਾ ਗਿਆ ਸੀ, ਤੇ ਬਜ਼ੁਰਗਾਂ ਵਿੱਚ ਗੱਲ-ਬਾਤ ਹੋਈ. ਸਾਨੂ ਦੱਸਿਆ ਗਿਆ ਕਿ ਆਲੇ-ਦੁਆਲੇ ਦੇ ਪਿੰਡਾਂ ਦੇ ਸਿੱਖ ਸਾਰੇ ਮੁਸਲਿਮ ਪਿੰਡਾਂ ਉਪਰ ਹਮਲਾ ਕਰਣ ਵਾਲੇ ਸੀ ਅਤੇ ਉਨ੍ਹਾਂ ਦੀ ਤਦਾਦ ਇੰਨੀ ਜ਼ਿਆਦਾ ਹੋਵੇਗੀ ਕਿ ਸਾਡਾ ਪਿੰਡ, ਮੁਸਲਿਮਾਂ ਦੀ ਹਿਫ਼ਾਜ਼ਤ ਲਈ ਭਾਵੇਂ ਜੋ ਵੀ ਕਦਮ ਲੈਂਦਾ, ਸਾਨੂੰ ਕਾਬੂ ਕਰ ਲੀਤਾ ਜਾਂਦਾ. ਇਸ ਕਰ ਕੇ ਦਹਿਸ਼ਤ ਫੈਲ ਗਈ.

'ਅਗਲਾ ਦਿਨ ਈਦ ਦਾ ਸੀ (18 ਅਗਸਤ) ਪਰ ਇਹ ਫ਼ੈਸਲਾ ਕੀਤਾ ਗਿਆ ਕਿ ਸੂਰਜ ਚੜ੍ਹਣ ਤੋਂ ਪਹਿਲਾਂ ਹੀ ਸਾਨੂ ਚਲੇ ਜਾਣਾ ਸੀ. ਮੇਰੇ ਦਾਦਾ ਕਾਫ਼ੀ ਬਿਰਧ ਅਤੇ ਬੀਮਾਰ ਸਨ. ਦੂਜੇ ਬਿਰਧ ਲੋਕ ਵੀ ਸਨ ਅਤੇ ਇੱਕ ਦੋ ਦਿਮਾਗੀ ਤੌਰ ਤੇ ਬੀਮਾਰ ਲੋਕ ਵੀ ਸਨ. ਸਾਡੇ ਕੋਲ ਕੁੱਝ ਹੀ ਗੱਡੇ ਜਾਂ ਬੈਲ-ਗੱਡੀਆਂ ਸੀ. ਬਜ਼ੁਰਗਾਂ ਨੇ ਫ਼ੈਸਲਾ ਕੀਤਾ ਕਿ ਉਹ ਪਿੰਡ ਤੇ ਹੀ ਰਹਿਣਗੇ ਅਤੇ ਅਗਰ ਉਨ੍ਹਾਂ ਦੀ ਕਿਸਮਤ ਤੇ ਲਿਖਿਆ ਹੋਵੇਗਾ ਤੇ ਉਹ ਬਚ ਜਾਣਗੇ, ਨਹੀਂ ਤੇ ਉਣਾਂ ਦਾ ਵਕਤ ਖ਼ਤਮ ਹੋ ਗਿਆ ਸੀ. ਮੈਨੂੰ ਯਾਦ ਹੈ ਮੇਰੇ ਪਿਤਾ ਰੋ ਰਹੇ ਸੀ, ਜਦ ਉਨ੍ਹਾਂ ਨੂੰ ਬਜ਼ੁਰਗਾਂ ਅਤੇ ਬੀਮਾਰਾਂ ਨੂੰ ਛੱਡ ਕੇ ਜਾਣਾ ਪਇਆ, ਪਰ ਅਸੀਂ ਕਰ ਵੀ ਕੀ ਸਕਦੇ ਸੀ. ਰਾਤ ਨੂੰ ਕੋਈ ਨਹੀਂ ਸੁੱਤਾ. ਦੇਰ ਰਾਤ, ਮੇਰੇ ਦਾਦਾ ਨੇ ਵਾਲਿਦ ਨੂੰ ਕਿਹਾ, "ਸਜੇ (ਸਿਰਾਜ) ਇੱਕ ਦਫ਼ਾ ਅਕਰਮ ਨੂੰ ਕਹੋ ਕਿ ਉੱਚੀ, ਉੱਚੀ ਰਸੁਲਪਾਕ ਦੀ ਸ਼ਾਨ ਵਿੱਚ ਉਹ ਨਾਟ ਸੁਣਾਵੇ, ਜੇੜੀ ਉਹ ਗਾਉਂਦਾ ਹੁੰਦਾ ਹੈ. ਮੈਂ ਉਸ ਵਕਤ ਸਿਰਫ਼ 13 ਸਾਲਾਂ ਦਾ ਸੀ. ਮੇਰੀ ਅਵਾਜ਼ ਮਿੱਠੀ ਸੀ ਅਤੇ ਇਸਲਾਮੀ ਤਿਉਹਾਰਾਂ ਦੇ ਵਕਤ, ਪਾਕ ਗਾਨੇ ਗਾਉਂਦਾ ਸੀ. ਹਰ ਕੋਈ ਰੋਣ ਲਗਾ, ਜਦ ਮੈਂ ਗਾਨਾ ਸ਼ੁਰੂ ਕੀਤਾ. ਮੈਨੂੰ ਅਸਲ ਤੇ ਨਹੀਂ ਪਤਾ ਸੀ ਕਿ ਕੀ ਹੋਣ ਵਾਲਾ ਸੀ, ਹਾਲਾਂਕਿ ਇਹ ਸਾਫ ਸੀ ਕਿ ਅਸੀਂ ਜਾ ਰਹੇ ਸੀ ਅਤੇ ਸਾਡੀ ਜਾਨ ਨੂੰ ਖ਼ਤਰਾ ਸੀ. ਇਥੇ ਤੱਕ ਕਿ ਸਿੱਖ ਅਤੇ ਲਾਲਾਜੀ ਦੀ ਅੱਖਾਂ ਤੇ ਅੱਥਰੂ ਆ ਗਏ ਜਦ ਮੈਂ ਗਾਇਆ "ਯਾ ਨਬੀ ਸਲਾਮ-ਉ-ਲਾਇਕਾ, ਜਾਂ ਰਸੁਲ ਸਲਾਮ-ਉ-ਲਾਇਕਾ ". ਉਨ੍ਹਾਂ ਨੇ ਮੇਰੇ ਸਿਰ ਨੂੰ ਹੱਥ ਲਗਾਇਆ ਅਤੇ ਕਿਹਾ, "ਪੁੱਤਰ ਮੈਨੂੰ ਭੁੱਲ ਨਾ ਜਾਵੀਂ". ਮੈਂ ਉਨ੍ਹਾਂ ਦਾ ਇਕਲਾ ਪੋਤਾ ਸੀ, ਕਿਉਂਕਿ ਮੇਰੇ ਤਾਇਆ ਜੀ ਦੀ ਸਿਰਫ਼ ਕੁੜੀਆਂ ਸੀ ਅਤੇ ਮੇਰੀ ਫੂਪੀ ਨਾ ਨਵਾਂ ਨਵਾਂ ਵਿਆਹ ਹੋਇਆ ਸੀ ਅਤੇ ਉਹ ਕਪੂਰਥਲਾ ਰਿਆਸਤ ਦੇ ਇੱਕ ਪਿੰਡ ਗਈ ਹੋਈ ਸੀ.

'ਜਲਦ ਹੀ ਅਸੀਂ ਸੜਕ ਤੇ ਆ ਗਏ; ਸਾਡੇ ਪਿੰਡ ਦੇ ਕੁੱਝ ਲੋਕਾਂ ਦੇ ਲਾਹੌਰ ਤੇ ਰਿਸ਼ਤੇਦਾਰ ਸੀ ਅਤੇ ਅਸੀਂ ਉਨ੍ਹਾਂ ਦੇ ਮਗਰ ਹੋ ਗਏ. ਅਸੀਂ ਘੱਟ ਤੋਂ ਘੱਟ 800 ਲੋਕ ਹੋਵਾਂਗੇ. ਬਜ਼ੁਰਗ ਔਰਤਾਂ, ਗਰਭਵਤੀ ਔਰਤਾਂ ਅਤੇ ਛੋਟੇ ਬੱਚੇਆਂ ਨੂੰ ਬੈਲ-ਗੱਡੀਆਂ ਤੇ ਬਿਠਾ ਦਿੱਤਾ ਗਿਆ ਅਤੇ ਬਾਕੀ ਪੈਦਲ ਤੁਰਣ ਲਗੇ. ਕੁੱਝ ਬਜ਼ੁਰਗ ਬੰਦੇਆਂ ਨੇ ਵੀ ਆਉਣ ਦਾ ਫ਼ੈਸਲਾ ਕੀਤਾ ਪਰ ਉਨ੍ਹਾਂ ਨੂੰ ਤੁਰਨਾ ਪਇਆ. ਸਭ ਨੇ ਮੁੱਖ ਸੜਕ ਉਪਰ ਹੀ ਚੱਲਣ ਦਾ ਫ਼ੈਸਲਾ ਕੀਤਾ. ਜਲਦ ਹੀ, ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਿਮ ਸਾਡੇ ਨਾਲ ਹੋ ਗਏ. ਇਹ ਲਗਦਾ ਹੈ ਕਈ ਲੋਕਾਂ ਨੇ ਇੱਕ ਵਰਗਾ ਫ਼ੈਸਲਾ ਲੀਤਾ ਸੀ- ਸੂਰਜ ਨਿਕਲਣ ਤੋਂ ਪਹਿਲਾਂ ਚਲੇ ਜਾਣ ਦਾ. ਜਲਦ ਹੀ ਸਾਡੀ ਤਦਾਦ ਹਜ਼ਾਰ ਹੋ ਗਈ ਹੋਵੇਗੀ. ਔਰਤਾਂ ਹੌਲੀ ਹੌਲੀ ਕੁਰਾਨ ਪੜ੍ਹ ਰਹੀਆਂ ਸੀ, ਜਦ ਕਿ ਬੰਦੇ ਚੌਕਸੀ ਕਰ ਰਹੇ ਸੀ. ਜਦ ਦਿੱਨ ਤੇ ਰੌਸ਼ਨੀ ਤੇਜ ਹੋ ਗਈ, ਤਦ ਸਿੱਖਾਂ ਦਾ ਪਹਿਲਾ ਜੱਥਾ ਆਇਆ ਅਤੇ ਚਾਰੇ ਤਰਫ਼ੋਂ ਹਮਲਾ ਕੀਤਾ. ਉਨ੍ਹਾਂ ਦੇ ਕੋਲ ਹਰ ਕਿਸਮ ਦੇ ਹਥਿਆਰ ਸਨ, ਜਿਸ ਵਿੱਚ ਰਾਇਫਲਾਂ, ਰਿਵਾਲਵਰਾਂ ਸ਼ਾਮਲ ਸਨ, ਪਰ ਜ਼ਿਆਦਾਤਰ ਸਿੱਖਾਂ ਕੋਲ ਬਰਛੇ ਅਤੇ ਕਿਰਪਾਨਾਂ ਸੀ. ਅਸੀਂ ਹਲੀ ਈਦ ਦੀ ਨਮਾਜ਼ ਵੀ ਅਦਾ ਨਹੀਂ ਕੀਤੀ ਸੀ ਕਿ ਅਚਾਨਕ ਸਾਡੇ ਹਾਲਾਤ ਕਰਬਲਾ ਵਰਗੇ ਹੋ ਗਏ.

'ਮੇਰੀ ਮਾਂ ਪਿੱਛਲੀ ਗਰਮੀਆਂ ਤੇ ਮਰ ਗਈ ਸੀ, ਅਤੇ ਮੇਰੇ ਪਿਤਾ ਕੋਲ ਸਿਰਫ਼ ਮੈਂ ਹੀ ਕਰੀਬੀ ਜ਼ਿੰਦਾ ਸੀ. ਉਹ ਮੇਰੀ ਬਾਂਹ ਫੜ ਕੇ ਖੇਤਾਂ ਦੀ ਤਰਫ਼ ਦੌੜਣ ਲਗੇ. ਇਹ ਸੱਚ ਹੈ ਕਿ ਸਾਡੇ ਨਾਲ ਪਿੰਡ ਦੇ ਕਈ ਲੋਕ ਸੀ, ਪਰ ਜਦ ਹਮਲਾ ਹੋਇਆ, ਹਰ ਕੋਈ ਆਪਣੇ ਆਪ ਨੂੰ ਬਚਾਉਣ ਲਈ ਭੱਜਣ ਲਗਾ. ਮੇਰੇ ਵਾਲਿਦ ਨੂੰ ਇੱਕ ਗੋਲੀ ਆ ਕੇ ਲਗੀ ਅਤੇ ਉਹ ਡਿਗ ਪਏ. ਮੈਂ ਨੱਸਦਾ ਰਿਹਾ ਜਦ ਤੱਕ ਕਿ ਮੈਂ ਖੇਤਾਂ ਤੇ ਲੁੱਕ ਨਹੀਂ ਗਿਆ. ਸਾਡੇ ਆਸੇ ਪਾਸੇ ਤੋਂ ਲੋਕਾਂ ਦੀ ਚੀਕਾਂ ਅਤੇ ਕਰਾਹਣ ਦੀ ਅਵਾਜ਼ਾਂ ਆ ਰਹਿਆਂ ਸੀ, ਜਦ ਕਿ ਸਿੱਖ ਨਾਅਰੇਬਾਜ਼ੀ ਅਤੇ ਬੇਅਦਬ ਪੰਜਾਬੀ ਤੇ ਭੈੜੀ ਗਾਲਾਂ ਕੱਢ ਰਹੇ ਸੀ.

'ਜਲਦ ਹੀ ਮੈਂ ਖੇਤਾਂ ਤੇ ਦੂਜੇ ਲੋਕਾਂ ਨੂੰ ਵੀ ਲੁੱਕੇ ਹੋਏ ਵੇਖਿਆ. ਸਾਡੇ ਪਿੰਡ ਦਾ ਮੌਲਵੀ, ਪੀਰ ਅਬਦੁਸ ਸਮਦ ਸ਼ਾਹ, ਉਨ੍ਹਾਂ ਵਿੱਚ ਸਨ. ਮੈਂ ਉਨ੍ਹਾਂ ਤੋਂ ਕੁਰਾਨ ਸਿਖਦਾ ਸੀ ਅਤੇ ਉਨ੍ਹਾਂ ਨੇ ਮੈਨੂੰ ਨਾਟ ਗਾਉਣ ਦੀ ਤਾਲੀਮ ਦਿੱਤੀ. ਉਨ੍ਹਾਂ ਨੇ ਬਹੁਤ ਦਿਆਲਤਾ ਨਾਲ ਮੇਰੀ ਦੇਖ-ਭਾਲ ਕੀਤੀ ਅਤੇ ਜਲਦ ਹੀ, ਸਾਡੇ ਨਾਲ ਪਿੰਡ ਦੇ ਦੂਜੇ ਲੋਕ ਵੀ ਇਕੱਠਾ ਹੋ ਗਏ. ਸ਼ਾਹ ਜੀ ਨੇ ਸਾਨੂੰ ਸਭ ਨੂੰ, ਜੋ ਰੋ ਰਹੇ ਸੀ, ਦਿਲਾਸਾ ਦਿੱਤਾ. ਉਨ੍ਹਾਂ ਦੀ ਪਤਨੀ ਦਾ ਇੰਤਕਾਲ ਹੋ ਗਿਆ ਸੀ ਅਤੇ ਉਨ੍ਹਾਂ ਦੀ ਸਿਰਫ਼ ਇੱਕ ਕੁੜੀ ਸੀ ਜੋ ਗਰਭਵਤੀ ਸੀ. ਉਨ੍ਹਾਂ ਦਾ ਦਾਮਾਦ ਕਲਕੱਤੇ ਗਿਆ ਹੋਇਆ ਸੀ, ਜਿਥੇ ਉਹ ਕੱਮ ਕਰਦਾ ਸੀ. ਉਸ ਨੂੰ ਦੂਜੀ ਔਰਤਾਂ ਦੇ ਨਾਲ ਇੱਕ ਬੈਲ-ਗੱਡੀ ਤੇ ਬਿਠਾ ਦਿੱਤਾ ਗਿਆ ਸੀ. ਹਮਲੇ ਦੇ ਬਾਅਦ, ਉਸ ਦੇ ਨਾਲ ਕੀ ਹੋਇਆ ਸ਼ਾਹ ਜੀ ਨੂੰ ਪਤਾ ਨਹੀਂ ਸੀ. ਉਹ ਲਗਾਤਾਰ ਕੁਰਾਨ ਦਾ ਪਾਠ ਕਰਦੇ ਰਹੇ ਅਤੇ ਸਾਨੂ ਯਾਦ ਦਿਲਾਇਆ ਕਿ ਅਲ੍ਹਾ ਸਾਡਾ ਇਮਤਿਹਾਨ ਲੈ ਰਿਹਾ ਸੀ ਅਤੇ ਸਾਨੂ ਉਨ੍ਹਾਂ ਦੇ ਰਹਿਮ ਅਤੇ ਦਿਆਲਤਾ ਤੇ ਯਕੀਨ ਕਰਨਾ ਚਾਹੀਦਾ ਸੀ. ਇਸ ਦੌਰਾਨ, ਸਿੱਖ ਜੱਥੇ ਸਾਡੇ ਆਸ ਪਾਸ, ਘੋੜੇ ਦੌੜਾਂਦੇ ਰਹੇ. ਵਿੱਚ ਵਿੱਚ, ਉਹ ਖੇਤਾਂ ਤੇ ਵੀ ਆ ਕੇ ਵੇਖਦੇ ਕੋਈ ਉਥੇ ਲੁੱਕਾ ਹੋਇਆ ਸੀ ਜਾਂ ਨਹੀਂ. ਕੁੱਝ ਲੋਕਾ ਨੂੰ ਉਨ੍ਹਾਂ ਨੇ ਵੇਖ ਲੀਤਾ ਅਤੇ ਹਲਾਕ ਕਰ ਦਿੱਤਾ. ਮੈਨੂੰ ਲਗਦਾ ਹੈ, ਉਹ ਨੌਜਵਾਨ ਔਰਤਾਂ ਨੂੰ ਆਪਣੇ ਨਾਲ ਲੈ ਗਏ.

'ਜਦ ਰਾਤ ਪੈ ਗਈ, ਅਸੀਂ ਬਾਹਰ ਆਏ ਅਤੇ ਸਾਡੇ ਵਿੱਚ ਕੁੱਝ ਲੋਕਾ ਨੂੰ ਲਾਹੌਰ ਦਾ ਰਾਹ ਪਤਾ ਸੀ ਅਤੇ ਉਹ ਸਾਡੀ ਅਗਵਾਈ ਕਰਣ ਲਗੇ. ਅਸੀਂ ਕਈ ਸੈਕੜੇ ਬੰਦੇ ਸੀ ਅਤੇ ਸਾਡੇ ਨਾਲ ਕੁੱਝ ਖ਼ਵਾਤੀਨਾਂ ਵੀ

ਮੌਜੂਦ ਸੀ, ਜਿਨ੍ਹਾਂ ਨੇ ਖੇਤਾਂ ਤੇ ਭੱਜ ਕੇ ਆਪਣੀ ਜਾਨਾਂ ਬਚਾ ਲੀਤੀਆਂ ਸੀ. ਕਈ ਹਜ਼ਾਰ ਲੋਕ ਹਲਾਕ ਹੋਏ ਹੋਣਗੇ. ਅਸੀਂ ਕਈ ਲਾਸ਼ਾਂ ਵੇਖਿਆਂ. ਸਾਡੇ ਪਿੰਡ ਦੇ ਲੋਹਾਰ ਕਰਮ ਦੀਨ ਦੀ ਲਾਸ਼ ਵੀ ਉਨ੍ਹਾਂ ਦੇ ਵਿੱਚ ਪਈ ਸੀ. ਉਸ ਦੇ ਗਲੇ ਤੇ ਇੱਕ ਬਰਛਾ ਆਰ-ਪਾਰ ਹੋ ਗਿਆ ਸੀ. ਜਿਸਮ ਦੇ ਟੁਕੜੇ ਇਦਰ-ਉਧਰ ਪਏ ਹੋਏ ਸੀ. ਇਹ ਇੱਕ ਭਿਆਨਕ ਨਜ਼ਾਰਾ ਸੀ. ਮੈਂ ਇੱਕ ਵਾਰ ਵਾਪਸ ਜਾ ਕੇ ਆਪਣੇ ਵਾਲਿਦ ਨੂੰ ਵੇਖਣਾ ਚਾਹੁੰਦਾ ਸੀ ਪਰ ਦੂਜੇਆ ਨੇ ਮੈਨੂੰ ਇਹ ਕਰਣ ਤੋਂ ਰੋਕਿਆ.

'ਅਗਲੇ ਦਿਨ ਸਾਡੇ ਨਾਲ, ਹੋਰ ਮੁਸਲਿਮ ਸ਼ਾਮਲ ਹੋ ਗਏ. ਅਸੀਂ ਮੁੱਖ ਸੜਕਾਂ ਤੋਂ ਬਚਦੇ ਰਹੇ ਅਤੇ ਦੋ ਦਿਨਾਂ ਬਾਅਦ, ਵਾਹਗਾ ਪਹੁੰਚੇ. ਸਾਡੇ ਤੋਂ ਕਈ, ਬੁਰੀ ਤਰ੍ਹਾਂ ਜ਼ਖ਼ਮੀ ਸੀ. ਕੁੱਝ ਸਫਰ ਦੇ ਦੌਰਾਨ ਮਰ ਗਏ. ਜਦ ਅਸੀਂ ਪਾਕਿਸਤਾਨ ਦੀ ਸਰਹੱਦ ਦੇ ਅੰਦਰ ਆ ਗਏ, ਤਦ ਲੋਕ ਆਪਣੇ ਹਲਾਕ ਹੋਏ ਅਤੇ ਗੁਵਾਚੇ ਰਿਸ਼ਤੇਦਾਰਾਂ ਨੂੰ ਯਾਦ ਕਰ ਕੇ, ਦੁਬਾਰਾ ਰੋਣ ਲਗੇ. ਦੂਜੀ ਤਰਫ਼ ਹਿੰਦੂਆ ਅਤੇ ਸਿੱਖਾਂ ਦੀ ਲਾਸ਼ਾਂ ਕੂੜੇ ਦੀ ਤਰ੍ਹਾਂ ਪਇਆਂ ਹੋਇਆਂ ਸੀ. ਮੌਤ ਦੇ ਫ਼ਰਿਸ਼ਤੇ ਨੇ ਕਿਸੇ ਨੂੰ ਵੀ ਬਖਸ਼ ਨਹੀਂ ਕੀਤਾ ਸੀ.
'ਸੱਚੀ ਗਲ ਤੇ ਇਹ ਹੈ ਕਿ 1947 ਤੋਂ ਪਹਿਲਾਂ ਮੁਖ਼ਤਲਿਫ਼ ਕੌਮਾਂ ਦੇ ਵਿੱਚ ਬਿਲਕੁਲ ਹੀ ਕੋਈ ਮਸਲਾ ਨਹੀਂ ਸੀ. ਮੈਂ ਇੱਕ ਹਿੰਦੂ ਪਿੰਡ ਦੇ ਸਕੂਲ ਤੇ ਜਾਂਦਾ ਸੀ. ਇਸ ਦਾ ਮਤਲਬ ਸੀ ਥੋੜੀ ਦੂਰ ਤੱਕ ਤੁਰ ਕੇ ਜਾਣਾ. ਆਮ ਤੌਰ ਤੇ, ਅਸੀਂ ਇੱਕ ਸਾਥ, ਆਲੇ-ਦੁਆਲੇ ਦੇ ਪਿੰਡਾਂ ਤੋਂ ਕਈ ਹਿੰਦੂ ਅਤੇ ਸਿੱਖ ਮੁੰਡੇਆਂ ਸਮੇਤ, ਇਕੱਠਾ ਜਾਂਦੇ ਸੀ. ਸਾਡੇ ਪਿੰਡ ਤੇ ਮੁਸਲਿਮਾਂ ਦੀ ਮਜਾਰਿਟੀ ਸੀ ਪਰ ਹਿੰਦੂ ਅਤੇ ਸਿੱਖ ਵੀ ਉਥੇ ਰਹਿੰਦੇ ਸੀ. ਉਹ ਇਸਲਾਮ ਦੀ ਇੰਤਹਾ ਇੱਜ਼ਤ ਕਰਦੇ ਸੀ, ਜਦ ਕਿ ਅਸੀਂ ਵੀ ਉਨ੍ਹਾਂ ਦੇ ਮਜ਼ੂਬ ਦੀ ਬਰਾਬਰ ਇੱਜ਼ਤ ਕਰਦੇ. ਸਾਡੇ ਪਿੰਡ ਤੇ ਕਦੀ ਕੋਈ ਮਸਲਾ ਪੈਦਾ ਨਹੀਂ ਹੋਇਆ. ਅਸੀਂ ਇੱਕ ਖੂਹ ਅਤੇ ਦੂਜੀ ਸਹੂਲਤਾਂ ਦਾ ਮਿਲ ਜੁਲ ਕੇ ਇਸਤੇਮਾਲ ਕਰਦੇ ਸੀ.

'ਮੇਰੇ ਲਈ ਜ਼ਿੰਦਗੀ ਬਹੁਤ ਬਦਲ ਗਈ, ਹਾਲਾਂਕਿ ਮੈਂ ਜ਼ਿੰਦਗੀ ਤੇ ਕਾਮਯਾਬ ਰਿਹਾ ਹਾਂ. ਮੇਰੇ ਬੇਟੇ ਮੰਜ਼ੂਰ ਨੇ ਸਉਦੀ ਅਰਬਿਆ ਜਾ ਕੇ ਚੰਗੇ ਪੈਸੇ ਵੱਟੇ ਨੇ. ਮੇਰੇ ਪੋਤੇ-ਪੋਤੀਆਂ ਪੜ੍ਹਾਈ-ਲਿਖਾਈ ਤੇ ਉਮਦਾ ਨੇ. ਇੱਕ ਇੰਜੀਨਿਅਰ ਹੈ ਅਤੇ ਉਹ ਵੀ ਸਉਦੀ ਅਰਬਿਆ ਤੇ ਮੁਲਾਜ਼ਮ ਹੈ. ਪਾਕਿਸਤਾਨ ਸਾਡੀ ਮਾਤ-ਭੂਮੀ ਹੈ ਪਰ ਮੈਂ ਹਮੇਸ਼ਾ ਆਪਣੀ ਮਾਂ ਦੇ ਬਾਰੇ ਸੋਚਦਾ ਹਾਂ, ਜੋ ਉਸ ਪਿੰਡ ਤੇ ਦਫ਼ਨ ਹੈ ਅਤੇ ਜ਼ਰੂਰੀ ਤੌਰ ਤੇ ਆਪਣੇ ਵਾਲਿਦ ਹੋਰ ਦਾਦਾ ਬਾਰੇ ਵੀ ਸੋਚਦਾ ਹਾਂ. ਉਨ੍ਹਾਂ ਦਾ ਕੀ ਬਣਿਆ, ਇਹ ਜਾਣਣ ਲਈ ਮੈਂ ਬਹੁਤ ਛੋਟਾ ਸੀ. ਬਾਅਦ ਤੇ ਕੁੱਝ ਲੋਕਾਂ ਨੇ ਦੱਸਿਆ ਕਿ ਜੋ ਮੁਸਲਿਮ ਪਿੰਡਾ ਤੇ ਰਹ ਗਏ ਸੀ, ਉਣ ਸਾਰੇਆਂ ਨੂੰ ਹਮਲਾਵਰਾਂ ਨੇ ਮਾਰ ਦਿੱਤਾ ਸੀ; ਕਿਸੇ ਨੂੰ ਬਖ਼ਸ਼ ਨਹੀਂ ਕੀਤਾ ਗਿਆ.'

ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ

ਮੁਸਲਿਮ ਨਜ਼ਰਿਏ ਤੋਂ, ਪੰਜਾਬ ਦੀ ਤਕਸੀਮ ਦਾ ਸਭ ਤੋਂ ਨਾਟਕੀ ਸ਼ਿਖਰ ਅਤੇ ਪਤਨ 15-17 ਅਗਸਤ ਦੇ ਦੌਰਾਨ, ਗੁਰਦਾਸਪੁਰ ਦੀ ਤਿੰਨ ਤਹਸੀਲਾਂ ਨੂੰ ਲੈ ਕੇ ਹੋਇਆ, ਜਿਨ੍ਹਾਂ ਨੂੰ ਪੂਰਬੀ ਪੰਜਾਬ ਨੂੰ ਦੇ ਦਿੱਤਾ ਗਿਆ. ਇਹ ਦੁਬਾਰਾ ਤਲਬ ਕੀਤਾ ਜਾ ਸਕਦਾ ਹੈ ਕਿ ਗੁਰਦਾਸਪੁਰ ਤੇ ਮੁਸਲਿਮਾਂ ਦੀ 51 ਫ਼ੀਸਦੀ ਆਬਾਦੀ ਵਾਲੀ ਇੱਕ ਮਾਮੁਲੀ ਮਜਾਰਿਟੀ ਸੀ. 14 ਅਗਸਤ ਨੂੰ, ਇੱਨ ਤਿੰਨ ਤਹਸੀਲਾਂ ਤੇ, ਮੁਸਲਿਮਾਂ ਨੇ ਇਹ ਸੋਚ ਕੇ ਪਾਕਿਸਤਾਨ ਦਾ ਝੰਡਾ ਲਹਰਾ ਦਿੱਤਾ ਕਿ ਗੁਰਦਾਸਪੁਰ ਜ਼ਿਲ੍ਹੇ ਨੂੰ ਮੁਸਲਿਮ ਮਜਾਰਿਟੀ, ਹਾਲਾਂਕਿ ਮਾਮੁਲੀ, ਦੇ

ਚਲਦੇ, ਪਾਕਿਸਤਾਨ ਨੂੰ ਦੇ ਦਿੱਤਾ ਜਾਵੇਗਾ. ਇਹ ਵੀ ਸੱਚ ਹੈ ਕਿ ਪਾਕਿਸਤਾਨ ਸਰਕਾਰ ਨੇ ਮੁਸ਼ਤਾਕ ਅਹਿਮਦ ਚੀਮਾ ਨੂੰ ਗੁਰਦਾਸਪੁਰ ਦਾ ਡਿਪਟੀ ਕਮੀਸ਼ਨਰ ਵੀ ਮੁਕੱਰਰ ਕਰ ਦਿੱਤਾ ਸੀ. ਉਨ੍ਹਾਂ ਨੇ 14 ਤੋਂ 17 ਅਗਸਤ ਤੱਕ ਸੇਵਾ ਵੀ ਕੀਤੀ. ਹਿੰਦੂ ਅਤੇ ਸਿੱਖ ਵਿਵਰਣ ਦੱਸਦੇ ਨੇ ਕਿ ਮੁਸਲਿਮ ਹਿੰਦੂ ਸੰਪਤੀ ਉਪਰ ਕਬਜ਼ਾ ਕਰਣ ਲਗੇ ਅਤੇ ਕਾਫ਼ੀ ਤਸ਼ੱਦਦ ਵੀ ਕੀਤਾ. ਮੈਂ ਜਿਣ ਲੋਕਾਂ ਦਾ ਇੰਟਰਵਿਊ ਲੀਤਾ, ਉਨ੍ਹਾਂ ਨੇ ਇਸ ਗੱਲ ਨੂੰ ਮੱਨਿਆ ਪਰ ਉਹ ਉਨ 2-3 ਦਿਨਾਂ ਦੇ ਹੋਏ ਤਸ਼ੱਦਦ ਦੀ ਹੱਦ ਨੂੰ ਘੱਟਾ ਕੇ ਦੱਸਦੇ ਨੇ. ਪਰ, 17 ਅਗਸਤ ਨੂੰ ਜਦ ਇਹ ਸਾਫ ਹੋ ਗਿਆ ਕਿ ਉਹ ਤਿੰਨ ਤਹਸੀਲਾਂ ਇੰਡੀਆ ਨੂੰ ਦਿੱਤੀ ਜਾ ਰਹਿਆਂ ਸੀ, ਤਦ ਹਿੰਦੂਆਂ ਅਤੇ ਸਿੱਖਾਂ ਦੁਆਰਾ ਭਿਅੰਕਰ ਜਵਾਬੀ ਹਮਲੇ ਹੋਏ.

ਸਈਦ ਜ਼ਿਆ ਮੋਹਿਯੁੱਦੀਨ

'ਬਟਾਲਾ ਵਿੱਚ ਸਾਡੇ ਪਰਵਾਰ ਦਾ ਬਹੁਤ ਸਤਕਾਰ ਸੀ ਕਿਉਂਕਿ ਸਾਡਾ ਤਾਲੁੱਕ ਪ੍ਰਮੁੱਖ ਪੀਰ ਪਰਵਾਰ ਨਾਲ ਸੀ. ਚੂੰਕਿ ਮੇਰੇ ਵਾਲਿਦ ਇੱਕ ਪੀਰ ਸਨ, ਹਿੰਦੂ ਅਤੇ ਮੁਸਲਿਮ ਸਾਡੀ ਇੱਜ਼ਤ ਕਰਦੇ ਸੀ. ਕਈ ਹਿੰਦੂ ਪਰਵਾਰਾਂ ਨਾਲ ਸਡੇ ਰਿਸ਼ਤੇ ਸੀ. ਰਾਏ ਬਹਾਦੁਰ ਭਵਾਨੀ ਸਿੰਘ, ਇੱਕ ਹਿੰਦੂ, ਸਾਡੇ ਬੇਹਦ ਕਰੀਬੀ ਸਨ. ਉਹ ਰਾਜਪੁਤ ਸਨ. ਉਹ ਸਾਡੇ ਪਰਵਾਰ ਲਈ ਭਰਾ ਦੀ ਤਰ੍ਹਾਂ ਸਨ. ਅਸੀਂ ਹਿੰਦੂਆ ਨਾਲ ਮਿਠਾਈਆਂ ਲੈਂਦੇ ਅਤੇ ਦੇਂਦੇ ਸੀ. ਮੇਰੇ ਪਿਤਾ ਦਾ ਨਾਂਅ ਮਜ਼ਹਰ ਮੋਹਿਯੁੱਦੀਨ ਸੀ. ਉਹ ਹਮੇਸ਼ਾ, ਬਟਾਲਾ ਨਗਰਪਾਲਿਕਾ ਤੇ ਬਗੈਰ ਮੁਕਾਬਲੇ ਦੇ ਚੁਣੇ ਜਾਂਦੇ ਸੀ. ਬਟਾਲਾ ਤੇ ਕੁੱਝ ਕਾਰਖਾਨੇ ਸੀ. ਸੀ.ਐਮ.ਲਤੀਫ਼ ਜੋ ਬਾਅਦ ਤੇ ਪਾਕਿਸਤਾਨ ਦੇ ਇੱਕ ਵਡੇ ਉਦਯੋਗਪਤੀ ਬਣੇ, ਉਹ ਬਟਾਲਾ ਤੋਂ ਸਨ.

'ਸਾਨੂ ਯਕੀਨ ਸੀ ਕਿ ਬਟਾਲਾ ਪਾਕਿਸਤਾਨ ਤੇ ਜਾਵੇਗਾ. ਬਟਾਲਾ ਗੁਰਦਾਸਪੁਰ ਜ਼ਿਲ੍ਹੇ ਦਾ ਸਭ ਤੋਂ ਵੱਡਾ ਸਹਿਰ ਸੀ. 14 ਅਗਸਤ ਨੂੰ ਇਹ ਅਫਵਾਹ ਫੈਲ ਗਈ ਕਿ ਬਟਾਲਾ ਪਾਕਿਸਤਾਨ ਨੂੰ ਦੇ ਦਿੱਤਾ ਗਿਆ ਸੀ. ਤਿੰਨ ਦਿਨਾਂ ਤਕ, ਬਟਾਲਾ ਦੇ ਉਪਰ ਪਾਕਿਸਤਾਨੀ ਝੰਡਾ ਲਹਰਾਉਂਦਾ ਰਹਿਆ. ਅਸ਼ੀਂ ਆਪਣੇ ਹਿੰਦੂ ਦੋਸਤਾਂ ਨੂੰ ਹਿਫ਼ਾਜ਼ਤ ਦੇਣ ਲਗੇ. 17 ਅਗਸਤ ਨੂੰ ਹਾਲਾਤ ਬਦਲ ਗਏ. ਸਾਨੂੰ ਕੋਈ ਫ਼ਰਕ ਨਹੀਂ ਪਇਆ. ਹਿੰਦੂਆਂ ਨੇ ਸਾਨੂ ਪਰੇਸਾਨ ਨਹੀਂ ਕੀਤਾ. ਸਾਡਾ ਕੋਈ ਟਾਕਰਾ ਨਹੀਂ ਹੋਇਆ. ਸਾਡਾ ਸਿੱਧੇ ਤੌਰ ਤੇ ਕੋਈ ਨੁਕਸਾਨ ਨਹੀਂ ਹੋਇਆ.

'ਦਿਹਾਤੀ ਇਲਾਕਿਆਂ ਤੇ ਸਿੱਖਾਂ ਦੁਆਰਾ ਮੁਸਲਿਮਾਂ ਦਾ ਕਤਲੇਆਮ ਹੋਇਆ. ਟਾਕਰਾ ਸਿੱਖਾਂ ਅਤੇ ਮੁਸਲਿਮਾਂ ਦੇ ਵਿੱਚ ਸੀ. ਗੁਰਦਾਸਪੁਰ ਦੇ ਦਿਹਾਤੀ ਇਲਾਕਿਆਂ ਤੇ ਸਿੱਖ ਬਹੁਤ ਜੰਗੀ ਸਨ. ਸੈਕੜੇ, ਹਜ਼ਾਰ ਮੁਸਲਿਮ ਹਿਫ਼ਾਜ਼ਤ ਲਈ, ਸਾਡੇ ਘਰ ਤੇ ਆਉਣ ਲਗੇ. 17-20 ਅਗਸਤ ਦੇ ਵਿੱਚ ਕਿਸੇ ਵਕਤ, ਸਾਡੇ ਪਰਵਾਰ ਦੇ ਵੱਡੇ ਹਿੱਸੇ ਨੂੰ ਪਾਕਿਸਤਾਨ ਭੇਜ ਦਿੱਤਾ ਗਿਆ. ਸਾਡੇ ਤੋਂ ਅੱਠ ਮੁਸਲਿਮਾਂ ਦੀ ਮਦਦ ਕਰਣ ਲਈ ਰਹ ਗਏ. ਅਸੀਂ ਬਟਾਲਾ ਦੇ ਬਾਹਰੀ ਹਿੱਸੇ ਤੇ ਮੁਸਲਿਮਾਂ ਨੂੰ ਹਲਾਕ ਹੁੰਦੇ ਵੇਖਿਆ. ਅਸੀਂ 10 ਸਤੰਬਰ ਨੂੰ ਆਏ. ਹਿੰਦੂ ਸਾਡੇ ਕੋਲ ਆਏ ਅਤੇ ਕਿਹਾ, "ਤੁਹਾਨੂ ਨਹੀਂ ਜਾਣਾ ਚਾਹੀਦਾ ਹੈ." ਇੱਕ ਸਿੱਖ ਡਾਕਟਰ ਸੀ ਅਤੇ ਇੱਕ ਕਾਫ਼ੀ ਵੱਡਾ ਹਿੰਦੂ ਡਾਕਟਰ, ਲੁਡੱਰ ਮੈਨੀ ਸੀ. ਉਹ ਸਾਡੇ ਕੋਲ ਆਏ ਅਤੇ ਕਿਹਾ, "ਤੁਸੀਂ ਨਾ ਜਾਵੋ; ਅਸੀਂ ਤੁਹਾਡੀ ਦੇਖ-ਭਾਲ ਕਰਾਂਗੇ." ਫਿਰ ਉਨ੍ਹਾਂ ਨੇ ਕਿਹਾ, "ਠੀਕ ਹੈ, ਕੁੱਝ ਵਕਤ ਲਈ ਚਲੇ ਜਾਵੋ ਪਰ ਫਿਰ ਵਾਪਸ ਆ ਜਾਣਾ." ਮੇਰੇ ਵਾਲਿਦ ਦਾ ਵੀ ਇਹ ਖ਼ਿਆਲ ਸੀ. ਸਾਡਾ ਲਾਹੌਰ ਆਉਣਾ ਜਾਣਾ ਲਗਿਆ ਰਹਿੰਦਾ ਸੀ.

ਬਟਾਲਾ ਲਾਹੌਰ ਤੋਂ ਸਿਰਫ਼ 60 ਮੀਲ ਦੂਰ ਸੀ. ਅਸੀਂ ਸਾਰੀ ਸੰਪਤੀ ਗੁਆ ਦਿੱਤੀ. ਸਾਡਾ ਪਰਵਾਰ ਸਿਆਲਕੋਟ ਆ ਕੇ ਵਸ ਗਿਆ. ਸਾਡੇ ਵਾਲਿਦ ਨੂੰ ਚੁਣ ਲੀਤਾ ਗਿਆ. ਇਸ ਦੇ ਬਾਅਦ, ਸਾਨੂ 49 ਜੇਲ੍ਹ ਰੋਡ, ਲਾਹੌਰ ਤੇ ਇੱਕ ਕਰਨਲ ਦਾ ਘਰ ਦਿੱਤਾ ਗਿਆ.'

ਆਯਾਜ਼ ਖ਼ਾਨ

'ਬਟਾਲਾ ਮੇਰਾ ਪੁਸ਼ਤੈਨੀ ਸ਼ਹਿਰ ਹੈ, ਜਿਥੇ ਸਾਡੀ ਕਾਕੇਜ਼ਾਈ ਪਠਾਨਾਂ ਦੀ ਕਈ ਪੀੜ੍ਹੀਆਂ ਦਾ ਜਨਮ ਹੋਇਆ ਸੀ. ਮੇਰੀ ਮਾਂ ਪਠਾਨਕੋਟ ਤੋਂ ਸੀ. ਮੇਰੀ ਪੈਦਾਇਸ਼, ਆਪਣੇ ਨਾਨਕੇ ਪਠਾਨਕੋਟ ਤੇ ਹੋਈ ਸੀ. 1947 ਤੇ, ਮੈਂ ਬਟਾਲਾ ਦੇ ਐਮ.ਬੀ ਹਾਈ ਸਕੂਲ, ਜੋ ਬਾਂਸਾਂਵਾਲਾ ਬਾਜ਼ਾਰ ਦੇ ਨਜਦੀਕ ਸੀ, ਉਸ ਦੀ ਪੰਜਵੀਂ ਜਮਾਤ ਤੇ ਸੀ. ਮਾਰਚ ਤੇ ਬਟਾਲਾ ਵਿੱਚ ਕੋਈ ਫ਼ਸਾਦ ਨਹੀਂ ਹੋਇਆ. ਜੂਨ ਜਾਂ ਜੁਲਾਈ ਤੇ ਕੁੱਝ ਗੜਬੜੀ ਹੋਈ. ਗਰਮੀਆਂ ਦੀ ਛੁਟੀਆਂ ਤੇ ਮੈਂ ਅਤੇ ਮੇਰਾ ਛੋਟਾ ਭਰਾ, ਏਜਾਜ਼ ਅਸੀਂ ਦੋਵੇਂ ਲਾਹੌਰ ਤੇ ਸੀ. ਅਸੀਂ ਸੁਣਿਆ ਕਿ ਮਜੀਠਾ, ਜ਼ਿਲ੍ਹਾ ਅੱਮ੍ਰਿਤਸਰ ਦੇ ਸਿੱਖਾਂ ਨੇ ਬਟਾਲਾ ਉਪਰ ਹਮਲਾ ਕਰ ਕੇ ਕਾਫ਼ੀ ਤਬਾਹੀ ਮਚਾਈ. ਉਨ੍ਹਾਂ ਨੇ ਸਾਡੇ ਘਰ ਉਪਰ ਵੀ ਹਮਲਾ ਕੀਤਾ ਸੀ, ਪਰ ਖ਼ੁਸ਼ਕਿਸਮਤੀ ਨਾਲ, ਮੇਰੀ ਵਾਲਿਦਾ, ਛੋਟਾ ਭਰਾ ਇਜ਼ਹਰ, ਦੂਜੀ ਖ਼ਵਾਤੀਨਾਂ ਦੇ ਨਾਲ, ਸਹੀ ਸਲਾਮਤ ਨਿਕਲਣ ਵਿੱਚ ਕਾਮਣਾਬ ਹੋ ਗਏ. ਉਹ ਟਰੱਕ ਵਿੱਚ ਲਾਹੌਰ ਆ ਗਏ. ਮੇਰੇ ਵਾਲਿਦ ਕੇ.ਐਮ.ਨਜ਼ੀਰ ਲਾਹੌਰ ਤੱਕ ਪੈਦਲ ਚੱਲ ਕੇ ਆਏ. ਉਨ੍ਹਾਂ ਨੇ ਇੱਕ ਬੈਅਲਰ ਹੈਟ ਪਹਿਣ ਕੇ ਰੱਖਿਆ ਸੀ ਅਤੇ ਇੱਕ ਕਾਫ਼ਿਲੇ ਦਾ ਹਿੱਸਾ ਬਣ ਗਏ ਜਿਸ ਵਿੱਚ ਹਜ਼ਾਰਾਂ ਦੀ ਤਦਾਦ ਤੇ ਬੰਦੇ ਅਤੇ ਖ਼ਵਾਤੀਨਾਂ ਸਨ. ਮੁਸਲਿਮ ਲੀਗ ਬਟਾਲਾ ਦੇ ਪ੍ਰਧਾਨ, ਸਈਦ ਬਹਾਵਲਦੀਨ ਮੁਸਲਿਮਾਂ ਲਈ ਹਿਫ਼ਾਜ਼ਤ ਮੰਗਣ ਇੱਕ ਪੁਲਿਸ ਥਾਨੇ ਗਏ, ਪਰ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ (ਇੱਕ ਹਿੰਦੂ ਚਸ਼ਮਦੀਦ ਦੇ ਮੁਤਾਬਕ, ਉਨ੍ਹਾਂ ਦਾ ਸਿਰ ਵੱਡ ਦਿੱਤਾ ਗਿਆ).

'ਮੇਰੇ ਮਾਮਾ ਸ਼ੇਖ ਮੋਹੱਮਦ ਰਿਆਜ਼ ਮੁਸਲਿਮ ਲੀਗ, ਗੁਰਦਾਸਪੁਰ ਤਹਸੀਲ ਦੇ ਪ੍ਰਧਾਨ ਸਨ. ਉਹ ਲਾਹੌਰ ਸਟੇਸ਼ਨ ਪਹੁੰਚੇ ਅਤੇ ਗੁਜਰਾਤ ਜਾਣ ਲਈ ਜਿਥੇ ਸਾਡਾ ਕੋਈ ਕਰੀਭੀ ਰਿਸ਼ਤੇਦਾਰ ਰਹਿੰਦਾ ਸੀ, ਕਿਸੇ ਰੇਲ-ਗੱਡੀ ਦਾ ਇੰਤਜ਼ਾਰ ਕਰ ਰਹੇ ਸੀ. ਕਿਸੇ ਨੇ ਮੇਰੀ ਨਾਨੀ ਦਾ ਸੋਨੇ ਦਾ ਕੜਾ ਖੋਹਣ ਦੀ ਕੋਸ਼ਿਸ਼ ਕੀਤੀ. ਉਨ੍ਹਾਂ ਨੇ ਚੀਕ ਕੇ ਆਪਣੇ ਬੇਟੇ ਨੂੰ ਅਵਾਜ਼ ਦਿੱਤੀ, "ਰਿਆਜ਼, ਰਿਆਜ਼ ਇਹ ਸ਼ਕਸ ਮੇਰਾ ਕੜਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ!". ਉਨ੍ਹਾਂ ਨੇ ਜਵਾਬ ਦਿੱਤਾ, "ਮਾਂ, ਸ਼ਾਇਦ ਉਸ ਨੂੰ ਇਸ ਦੀ ਸਾਡੇ ਤੋਂ ਜ਼ਿਆਦਾ ਲੋੜ ਹੈ. ਉਸ ਨੂੰ ਲੈਣ ਦੋ." ਸਾਡੇ ਕੁੱਝ ਰਿਸ਼ਤੇਦਾਰ ਮਾਰ ਦਿੱਤੇ ਗਏ ਪਰ ਉਨ੍ਹਾਂ ਤੋਂ ਜ਼ਿਆਦਾਤਰ 18 ਅਗਸਤ ਦੇ ਤੁਰੰਤ ਬਾਅਦ, ਪਾਕਿਸਤਾਨ ਜਾਣ ਤੇ ਕਾਮਯਾਬ ਹੋ ਗਏ, ਅਤੇ ਬਾਅਦ ਦੇ ਹਫ਼ਤੇਆਂ ਅਤੇ ਮਹੀਨੇਆਂ ਤੱਕ ਚਲਣ ਵਾਲੇ ਕਤਲੇਆਮ ਤੋਂ ਬਚ ਗਏ.'

ਨਹਿਰੂ ਨੇ ਬਟਾਲਾ ਤੇ ਮਦਦ ਕੀਤੀ

ਪੰਜਾਬ ਮੁਸਲਿਮ ਲੀਗ ਦੀ ਇੱਕ ਰਹਨੁਮਾ, ਬੇਗਮ ਸ਼ਾਹਨਵਾਜ਼, ਜਿਸ ਦੇ ਵਾਲਿਦ ਸਰ ਮੁਹੱਮਦ ਸ਼ਫ਼ੀ ਨੂੰ ਇੱਕ ਵਕਤ ਜਿਨਾਹ ਦੇ ਬਰਾਬਰ ਦਾ ਰਹਿਬਰ ਮਨਿਆ ਜਾਂਦਾ ਸੀ, ਉਨ੍ਹਾਂ ਦੇ ਕਈ ਰਿਸ਼ਤੇਦਾਰ ਬਟਾਲਾ ਦੇ

ਆਲੇ-ਦੁਆਲੇ ਦੇ ਪਿੰਡਾਂ ਤੇ ਰਹਿੰਦੇ ਸੀ. ਉਨ੍ਹਾਂ ਨੇ ਹੋਣ ਵਾਲੀ, ਇਨ ਘਟਨਾਵਾਂ ਨੂੰ ਦਰਜ ਕੀਤਾ. ਉਨ੍ਹਾਂ ਨੇ ਕਿਸੇ ਤਾਰੀਖ ਦਾ ਜ਼ਿਕਰ ਨਹੀਂ ਕੀਤਾ, ਪਰ ਲਗਦਾ ਹੈ ਇਹ 15 ਅਗਸਤ ਸੀ. ਉਨ੍ਹਾਂ ਦੇ ਮੁਤਾਬਕ:

> ਨਵਾਬ ਮਮਦੋਤ ਨੇ ਇੱਕ ਰਾਤ 10 ਵਜੇ ਮੈਨੂੰ ਟੈਲੀਫੋਨ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਭਰੋਸੇਯੋਗ ਸਰੋਤ ਤੋਂ ਖ਼ਬਰ ਮਿਲੀ ਸੀ ਕਿ, ਸਿੱਖ ਉਸੇ ਰਾਤ ਨੂੰ ਬਟਾਲਾ ਸ਼ਹਿਰ ਉਪਰ ਹਮਲਾ ਕਰਣ ਵਾਲੇ ਸੀ. ਉਹ ਇਲਾਕਾ ਸਾਡੀ ਬਰਾਦਰੀ ।ਅਰਾਇਨ॥ ਨਾਲ ਭਰਿਆ ਹੋਇਆ ਸੀ, ਅਤੇ ਮੇਰੀ ਫੂਪੀ ਲੇਡੀ ਰਸ਼ੀਦ (ਪਾਕਿਸਤਾਨ ਦੇ ਪਹਿਲੇ ਚੀਫ ਜਸਟਿਸ ਮਿਆਂ ਅਬਦੁਰ ਰਸ਼ੀਦ ਦੀ ਬੀਵੀ) ਦਾ ਸਾਰਾ ਪਰਵਾਰ ਉਥੇ ਸੀ. ਉਨ੍ਹਾਂ ਨੇ ਮੈਨੂੰ ਕਿਹਾ ਕਿ ਉਸ ਕਤਲੇਆਮ ਨੂੰ ਰੋਕਣ ਲਈ ਜੋ ਕੁੱਝ ਹੋ ਸਕਦਾ ਸੀ, ਮੈਂ ਕਰਾਂ...ਮੈਂ ਬਹੁਤ ਦੁਖੀ ਹੋ ਗਈ ਅਤੇ ਮਿਸ ਮੈਕੱਵੀਨ ਨੂੰ ਟੈਲੀਫੋਨ ਕੀਤਾ, ਜੋ ਗਵਰਨਰ ਸਰ ਫਰਾਂਸਿਸ ਮੁਡੀ ਦੀ ਭਤੀਜੀ ਸੀ. ਉਸ ਨੇ ਮੈਨੂੰ ਕਿਹਾ ਕਿ ਗਵਰਨਰ ਦੀ ਤਬੀਅਤ ਠੀਕ ਨਹੀਂ ਸੀ ਅਤੇ ਉਹ ਸੋ ਰਹੇ ਸੀ. ਮੈਂ ਉਸ ਨੂੰ ਕਿਹਾ ਕਿ ਉਹ ਗਵਰਨਰ ਨੂੰ ਮੇਰੇ ਨਾਲ ਗੱਲ ਕਰਣ ਨੂੰ ਕਿਹੇ ਕਿਉਂਕਿ ਇਹ ਇੱਕ ਬੇਹਦ ਜ਼ਰੂਰੀ ਮਾਮਲਾ ਸੀ. ਉਨ੍ਹਾਂ ਨੇ ਮੇਰੇ ਨਾਲ ਟੈਲੀਫੋਨ ਤੇ ਗੱਲ ਕੀਤੀ ਅਤੇ ਮੈਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਇੰਡੀਆ ਦੇ ਗਵਰਨਰ ਜਨਰਲ ਲੈਰਡ ਲੁਈਸ ਮਾਉਂਟਬੈਟਨ ਨੂੰ ਫੋਨ ਕਰ ਕੇ, ਬਟਾਲਾ ਨੂੰ ਬਚਾਣ ਦੀ ਕੋਸ਼ਿਸ਼ ਕਰਣ. ਮੈਂ ਸ਼੍ਰੀ ਰਸ਼ੀਦ ਨੂੰ ਲੈ ਆਉਣ ਲਈ ਆਪਣੀ ਗੱਡੀ ਭੇਜੀ ਅਤੇ ਉਨ੍ਹਾਂ ਦੇ ਆਉਣ ਦੇ ਬਾਅਦ, ਉਨ੍ਹਾਂ ਨੂੰ ਪੰਡਤ ਜਵਾਹਰਲਾਲ ਨਹਿਰੂ ਨੂੰ ਫੋਨ ਕਰਵਾਇਆ ਕਿ ਉਹ ਬਟਾਲਾ ਦੇ ਮੁਸਲਿਮਾਂ ਦੇ ਕਤਲੇਆਮ ਨੂੰ ਨਾ ਹੋਣ ਦੇਣ. ਪੰਡਤਜੀ ਨੇ ਕਿਹਾ ਕਿ ਉਹ ਹਰ ਮੁਮਕਿਨ ਕੋਸ਼ਿਸ਼ ਕਰਣਗੇ. ਮੇਰੀ ਮਾਂ, ਉਸ ਵਕਤ ਨਵੀਂ ਦਿੱਲੀ ਤੇ ਮੌਜੂਦ ਸੀ, ਅਤੇ ਮੇਰੇ ਭਰਾ ਮਿਆਂ ਮੁਹੱਮਦ ਰਫ਼ੀ ਦੇ ਨਾਲ ਸੀ, ਜੋ ਸੇਂਟ੍ਰਲ ਅਸੈਮਬਲੀ ਤੇ ਸਚਿਵ ਸਨ. ਮੈਂ ਉਨ੍ਹਾਂ ਨੂੰ ਫੋਨ ਕਰ ਕੇ ਕਿਹਾ ਕਿ ਉਹ ਪੰਡਤਜੀ ਨੂੰ ਅਗਲੇ ਦਿਨ ਤੜਕੇ, ਜਾ ਕੇ ਮਿਲਣ ਅਤੇ ਬਟਾਲਾ ਦੇ ਮੁਸਲਿਮਾਂ ਦੀ ਮਦਦ ਕਰਣ ਲਈ ਬੇਨਤੀ ਕਰਣ. ਉਹ ਪੰਡਤ ਜਵਾਹਰਲਾਲ ਨਹਿਰੂ ਨਾਲ ਮਿਲੀ, ਜੋ ਉਨ੍ਹਾਂ ਦੀ ਇੰਤਹਾ ਇੱਜ਼ਤ ਕਰਦੇ ਸੀ, ਅਤੇ ਉਨ੍ਹਾਂ ਨੇ ਇਸ ਮਾਮਲੇ ਤੇ ਮਦਦ ਕਰਣ ਦਾ ਵਾਅਦਾ ਕੀਤਾ. ਤਾਜ਼ੀ ਅਤੇ ਮੈਂ ਸਾਰੀ ਰਾਤ ਸੋ ਨਹੀਂ ਸਕੇ ਪਰ, ਅਲ੍ਹਾ ਦਾ ਸ਼ੁਕਰ ਹੈ ਕਿ ਬਟਾਲਾ ਬਚ ਗਿਆ (2002:210-11).

ਚੌਧਰੀ ਮੁਹੱਮਦ ਬਸ਼ੀਰ

'ਤਿੰਨ ਦਿਨਾਂ ਤੱਕ ਗੁਰਦਾਸਪੁਰ ਪਾਕਿਸਤਾਨ ਵਿੱਚ ਸ਼ਾਮਲ ਸੀ. ਫਿਰ ਖ਼ਬਰ ਆਈ ਕਿ ਇਸ ਨੂੰ ਇੰਡੀਆ ਨੂੰ ਦੇ ਦਿੱਤਾ ਗਿਆ ਸੀ. ਅਤੇ ਅਸੀਂ ਜਲਦੀ ਨਾਲ ਆਪਣਾ ਪਿੰਡ ਮਖੱਨਪੁਰ, ਤਹਸੀਲ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ ਛੱਡ ਦਿੱਤਾ. ਸਾਡੇ ਪਿੰਡ ਤੇ ਅੱਧੇ ਹਿੰਦੂ ਅਤੇ ਅੱਧੇ ਮੁਸਲਿਮ ਸਨ. ਸਾਡੇ ਪਿੰਡ ਦੇ ਕਿਸੇ ਹਿੰਦੂ ਨੇ ਸਾਡੇ ਉਪਰ ਹਮਲਾ ਨਹੀਂ ਕੀਤਾ ਅਤੇ ਨਾ ਹੀ ਕਿਸੇ ਮੁਸਲਿਮ ਨੇ ਹਿੰਦੂ ਉਪਰ. ਜਦ ਅਸੀਂ ਉਥੋਂ ਨਿਕਲੇ, ਇੱਕ ਨੇੜੇ ਦੇ ਪਿੰਡ ਦੇ ਚਰਨ ਸਿੰਘ ਅਤੇ ਦਲੀਪ ਸਿੰਘ, ਸਾਡੇ ਨਾਲ ਸਰਹੱਦ ਤੱਕ ਗਏ. ਅਗਰ ਉਨ੍ਹਾਂ ਨੇ ਸਾਡੀ ਮਦਦ ਨਾ ਕੀਤੀ ਹੁੰਦੀ ਤੇ ਸਾਡੇ ਹਾਲਾਤ ਕਾਫ਼ੀ ਦੂਜੇ ਤਰ੍ਹਾਂ ਦੇ ਹੁੰਦੇ. ਅਸੀਂ ਕਸ਼ਮੀਰ ਦੀ ਤਰਫ਼ ਗਏ. ਫਿਰ ਦਰਿਆ ਪਾਰ ਕਰ ਕੇ ਸ਼ਕਰਗੜ ਤਹਸੀਲ ਤੇ ਦਾਖ਼ਲ ਹੋ ਗਏ. ਸਾਡੇ ਕੋਲ ਕੋਈ ਹਥਿਆਰ ਨਹੀਂ ਸਨ. ਮੇਰੇ ਮਾਤਾ ਪਿਤਾ ਪਹਿਲਾਂ ਹੀ ਮਰ ਚੁਕੇ ਸੀ ਅਤੇ ਮੈਂ ਅਤੇ ਮੇਰੇ ਚਾਰ ਭਰਾ ਅਤੇ ਮੇਰੀ ਦਾਦੀ ਪਾਕਿਸਤਾਨ ਆ ਗਏ.

'ਫਿਰ ਮੈਂ ਲਾਹੌਰ ਆ ਗਿਆ, ਅਤੇ ਜੋ ਸੰਪਤੀ ਮੈਂ ਪਿੱਛੇ ਛੱਡ ਕੇ ਆ ਗਿਆ ਸੀ, ਉਸ ਲਈ ਦਾਅਵੇ ਤਿਆਰ ਕੀਤੇ ਮਗਰ ਪਾਕਿਸਤਾਨ ਸਰਕਾਰ ਨੇ ਸਾਡੀ ਮਦਦ ਨਹੀਂ ਕੀਤੀ. ਸਾਡੇ ਪਿੰਡ ਦੇ ਹਿੰਦੂ ਨੇਕ

ਇਨਸਾਨ ਸਨ. ਮਖੱਨਪੁਰ ਤੇ ਸਾਡੇ ਘਰ ਦੇ ਨਜਦੀਕ ਇੱਕ ਬ੍ਰਾਹਮਣ, ਬੁਆ ਦਿੱਤਾ ਰਹਿੰਦਾ ਸੀ. ਉਹ ਇੱਕ ਸਾਹੂਕਾਰ ਸੀ ਜੋ ਬਹੁਤ ਘੱਟ ਵਿਆਜ ਲੈਂਦਾ ਸੀ. ਇੱਕ ਦਿਨ ਮੈਂ ਰੋ ਰਿਹਾ ਸੀ ਕਿਉਂਕਿ ਮੇਰੀ ਅੱਖਾਂ ਸੁੱਜ ਗਈਆਂ ਸੀ. ਉਹ ਆਇਆ ਅਤੇ ਮੇਰੀ ਅੱਖਾਂ ਤੇ ਕੋਈ ਦਵਾਈ ਪਾ ਦਿੱਤੀ. ਮੈਂ ਜਲਦ ਠੀਕ ਹੋ ਗਿਆ. ਕੁਰਾਨ ਸਾਨੂ ਦੱਸਦੀ ਹੈ ਕਿ ਕਦੀ ਝੂਠ ਨਾ ਬੋਲੋ. ਅਤੇ ਮੈਂ ਪੂਰਾ ਸੱਚ ਦੱਸ ਰਿਹਾ ਹਾਂ. ਉਹ ਬਹੁਤ ਚੰਗੇ ਇਨਸਾਨ ਸਨ. ਅਸੀਂ ਉਥੇ ਮਹਿਫ਼ੂਜ਼ ਮਹਿਸੂਸ ਕਰਦੇ ਸੀ. ਅਸੀਂ ਉਸ ਮਿਟੀ ਦਾ ਹਿੱਸਾ ਸੀ. ਮੈਂ ਹਮੇਸ਼ਾ ਉਥੇ ਵਾਪਸ ਜਾਣਾ ਚਾਹੁੰਦਾ ਸੀ. ਪਾਕਿਸਤਾਨ ਤੇ ਮੈਂ ਵੇਖਿਆ ਹੈ ਕਿ ਮੁਜਰਿਮ ਖੁਸ਼ਹਾਲ ਹੋ ਰਹੇ ਨੇ. ਮੇਰੇ ਦੋ ਬੇਟੇ ਵਕੀਲ ਨੇ. ਸਾਰੀ ਮੁਸਕਲਾਂ ਦੇ ਬਾਵਜੂਦ, ਅਸੀਂ ਖੁਸ਼ਹਾਲ ਹਾਂ; ਪਰ ਸਾਡੇ ਸ਼ਾਂਤ ਪਿੰਡ ਵਿੱਚ ਹਾਲਾਤ ਬਹੁਤ ਬਿਹਤਰ ਸਨ.'

ਰਿਆਜ਼ ਅ.ਖ਼ਾਨ

‘ਮੇਰੇ ਪਰਵਾਰ ਦਾ ਤਾਲੁੱਕ ਪਿੰਡ ਤਲਵੰਡੀ, ਜ਼ਿਲ੍ਹਾ ਗੁਰਦਾਸਪੁਰ ਨਾਲ ਹੈ. ਮੈਂ ਉਸ ਵਕਤ ਛੇ ਸਾਲਾਂ ਦਾ ਸੀ. ਮੈਂ ਇੱਕ ਆਜ਼ਾਦ, ਕਿਸਮ ਦਾ ਮੁੰਡਾ ਸੀ ਜੋ ਬਚੇਆਂ ਦੇ ਸਮੂਹ ਵਿੱਚ ਰਹਿਣਾ ਪਸੰਦ ਕਰਦਾ ਸੀ, ਅਤੇ ਸਾਡੇ ਘਰ ਤੇ ਇੱਕ ਲੰਬੇ ਵਕਤ ਤਕ, ਲੋਕਾਂ ਦੀ ਆਵਾ-ਜਾਈ ਲਗੀ ਰਹਿੰਦੀ ਸੀ ਅਤੇ ਇਸ ਦੇ ਚਲਦਿਆਂ ਕਾਫ਼ੀ ਸ਼ੋਰ-ਸ਼ਰਾਬਾ ਹੁੰਦਾ ਸੀ. ਲਗਦਾ ਸੀ ਕੁੱਝ ਬਹੁਤ ਅਹਿਮ ਵਾਕਿਆ ਹੋ ਰਿਹਾ ਸੀ, ਹਾਲਾਂਕਿ ਮੈਨੂੰ ਇਸ ਦੀ ਕੋਈ ਸਮਝ ਨਹੀਂ ਸੀ. ਅਚਾਨਕ ਇੱਕ ਦਿਨ ਸਵੇਰੇ ਮੇਰੇ ਮਾਤਾ ਪਿਤਾ ਨੂੰ ਘਰ ਤੇ ਕਹਿੰਦੇ ਸੁਣਿਆ "ਜਲਦੀ ਜਲਦੀ ਚਲੋ, ਚਲੋ..ਨਿਕਲੋ". ਮੇਰੇ ਵਾਲਿਦ ਨੇ ਸਮੁਚੇ ਪਰਵਾਰ ਨੂੰ ਹਦਾਇਤ ਦਿੱਤੀ (ਮਾਤਾ-ਪਿਤਾ, ਸਭ ਤੋਂ ਛੋਟੀ ਭੇਣ ਅਤੇ ਮੇਰੀ ਬੇਵਾ ਫੁਪੀ) ਕਿ ਉਹ ਘਰ ਖਾਲੀ ਕਰ ਦੇਣ. ਅਸੀਂ ਆਪਣੇ ਨਾਲ ਕੋਈ ਸਾਮਾਨ ਨਹੀਂ ਲੈ ਸਕੇ. ਮੈਨੂੰ ਪਤਾ ਲਗਾ ਕਿ ਅਸੀਂ ਪਾਕਿਸਤਾਨ ਜਾ ਰਹੇ ਸੀ. ਮੈਨੂੰ ਇਸ ਦਾ ਮਤਲਬ ਨਹੀਂ ਪਤਾ ਸੀ ਜਾਂ ਸਾਨੂੰ ਕਿਉਂ ਜਾਣਾ ਪੈ ਰਿਹਾ ਸੀ. ਮੇਰੇ ਦਾਦਾ, ਬਾਬਾ ਮੇਲਾ ਬਕਸ, ਇੱਕ ਹਕੀਮ ਅਤੇ ਜ਼ਿਮੀਦਾਰ ਸਨ. ਉਨ੍ਹਾਂ ਦੇ ਕਈ ਹਿੰਦੂ ਅਤੇ ਸਿੱਖ ਮਿੱਤਰ ਸਨ ਅਤੇ ਉਹ ਆਪਣੇ ਮਾਹੌਲ ਨਾਲ ਖੁਸ਼ ਸਨ. ਹਕੀਮਾਂ ਦੀ ਸਾਰੀ ਕੌਮਾਂ ਇੱਜ਼ਤ ਕਰਦਿਆਂ ਸੀ ਕਿਉਂਕਿ ਉਹ ਦੁਖ ਵਿੱਚ ਲੋਕਾਂ ਦੀ ਮਦਦ ਕਰਦੇ ਸੀ. ਉਨ੍ਹਾਂ ਨੂੰ ਯਕੀਨ ਸੀ ਕਿ ਉਹ ਸਾਨੂ ਇੱਕ ਜਾਂ ਦੋ ਦਿਨਾਂ ਬਾਅਦ ਮਿਲਣਗੇ ਕਿਉਂਕਿ ਹਾਲਾਤ ਠੀਕ ਹੋ ਜਾਣਗੇ ਅਤੇ ਅਸੀਂ ਵਾਪਸ ਆ ਜਾਵਾਂਗੇ. ਉਨ੍ਹਾਂ ਨੂੰ ਇਹ ਬਿਲਕੁਲ ਪਤਾ ਨਹੀਂ ਸੀ ਕਿ ਹਜ਼ਾਰਾਂ, ਲੱਖਾਂ ਦੀ ਤਦਾਦ ਤੇ ਲੋਕ ਨਵੇਂ ਦੋ ਆਜ਼ਾਦ ਮੁਲਕਾਂ, ਇੰਡੀਆ ਅਤੇ ਪਾਕਿਸਤਾਨ ਤੇ ਆਪਣਾ ਮੁਲਕ ਛੱਡ ਕੇ, ਸਰਹੱਦ ਪਾਰ, ਦੂਜੇ ਮੁਲਕ ਤੇ ਜਾ ਰਹੇ ਸੀ. ਮੇਰੀ ਫੁਪੀ ਅਤੇ ਚਾਰ ਸਾਲਾਂ ਦੀ ਛੋਟੀ ਭੈਣ ਉਨ੍ਹਾਂ ਦੇ ਨਾਲ ਰਹਿ ਗਈਆਂ. ਉਨ੍ਹਾ ਨੂੰ ਮੇਰੇ ਦਾਦਾ ਦੇ ਹਿੰਦੂ ਅਤੇ ਸਿੱਖ ਦੋਸਤਾ ਨੇ ਲੁੱਕਾ ਲੀਤਾ. ਉਨ੍ਹਾਂ ਨੂੰ ਤਿੰਨ ਦਿਨਾਂ ਬਾਅਦ, ਮੁਸਲਿਮ ਸਿਪਾਹੀਆਂ ਨੇ ਕੱਡਿਆ (ਹੋ ਸਕਦਾ ਹੈ ਇੰਡੀਅਨ ਫ਼ੌਜ਼ ਤੋਂ). ਉਸ ਹਾਲਾਤ ਤੇ ਵੀ ਮੇਰੇ ਦਾਦੇ ਨੇ ਜਾਣ ਤੋਂ ਇਨਕਾਰ ਕਰ ਦਿੱਤਾ. ਇਸ ਦੇ ਬਾਅਦ, ਮੈਂ ਉਨ੍ਹਾਂ ਨੂੰ ਕਦੀ ਨਹੀਂ ਵੇਖਿਆ.

'ਮੈਨੂੰ ਯਾਦ ਹੈ ਪਿੰਡ ਤੋਂ ਲੋਕਾਂ ਦੀ ਇੱਕ ਲਹਿਰ ਨਿਕਲ ਕੇ ਜਾ ਰਹੀ ਸੀ. ਅਸੀਂ ਉਨ੍ਹਾਂ ਦੇ ਨਾਲ ਹੋ ਗਏ ਅਤੇ ਕਿਸੇ ਤਰਫ਼ ਜਾਣ ਲਗੇ. ਮੈਨੂੰ ਇਹ ਇੱਕ ਬਹੁਤ ਲੰਬਾ ਰਾਹ ਲਗ ਰਿਹਾ ਸੀ. ਉਹ ਨਜ਼ਾਰੇ ਮੇਰੇ ਜੇਹਨ ਤੇ ਵਸ ਗਏ ਨੇ. ਇੱਕ ਲੋਕਾਂ ਦੇ ਸਮੂਹ ਦੀ ਹਿਜਰਤ ਸੀ, ਅਤੇ ਅਲਗ ਤਰ੍ਹਾਂ ਦਾ ਸ਼ੋਰ-ਸ਼ਰਾਬਾ ਗੁਮਰਾਹ ਅਤੇ

ਹੈਰਾਨ ਕਰਣ ਵਾਲਾ ਸੀ. ਮੁੱਖ ਸੜਕ ਤੋਂ ਬਚਣ ਲਈ, ਅਸੀਂ ਖੇਤਾਂ ਤੋਂ ਹੋ ਕੇ ਜਾ ਰਹੇ ਸੀ. ਕਾਫ਼ਿਲੇ ਵਿੱਚ ਹੋਰ ਜ਼ਿਆਦਾ ਲੋਕ ਸ਼ਾਮਲ ਹੋਣ ਲਗੇ. ਮੈਂ ਮਟਮੈਲੇ ਲਹੂ ਨਾਲ ਲਾਲ ਪਾਣੀ ਵਿੱਚ ਇੱਕ ਬਾਹਰ ਨਿਕਲਿਆ ਹੋਇਆ ਹੱਥ ਵੇਖਿਆ. ਇਹ ਇੱਕ ਮਰੇ ਹੋਏ ਬੰਦੇ ਦਾ ਹੱਥ ਸੀ. ਮੇਰੇ ਵਾਲਿਦ ਨੇ ਜਲਦੀ ਨਾਲ ਮੈਨੂੰ ਖਿੱਚ ਕੇ ਪਰੇ ਕਰ ਦਿੱਤਾ. ਮੈਨੂੰ ਯਾਦ ਹੈ ਕਿ ਅਸੀਂ ਇੱਕ ਮਕਈ ਦੇ ਖੇਤ ਤੋਂ ਹੋ ਕੇ ਜਾ ਰਹੇ ਸੀ. ਅਚਾਨਕ ਲੋਕ ਇਧਰ-ਉਧਰ ਭੱਜਣ ਲਗੇ ਕਿਉਂਕਿ ਖੇਤ ਵਿੱਚ ਹਰਕਤ ਹੋ ਰਹੀ ਸੀ. ਪਤਾ ਲਗਾ ਕਿ, ਉਹ ਖੇਤਾਂ ਦੇ ਮਜਦੂਰ ਸਨ ਜੋ ਫਾਲਤੂਗਾਹੀ ਕਰ ਰਹੇ ਸੀ, ਜੋ ਸਾਨੂ ਵੇਖ ਕੇ ਆਪਣੀ ਦਾਤਰੀਆਂ ਲੈ ਕੇ ਖੜੇ ਹੋ ਗਏ ਅਤੇ ਸਾਰੇ ਲੋਕ ਡਰ ਗਏ. ਸਾਨੂ ਲਗਿਆ ਕਿ ਉਹ ਸਾਡੇ ਉਪਰ ਹਮਲਾ ਕਰਣਾ ਚਾਹੁੰਦੇ ਸੀ. ਬਾਅਦ ਤੇ ਮੇਰੇ ਮਾਤਾ-ਪਿਤਾ ਨੇ ਮੈਨੂੰ ਦੱਸਿਆ ਕਿ ਉਹ ਮਹਦੂਰ ਇੰਨੇ ਜ਼ਿਆਦਾ ਲੋਕਾਂ ਨੂੰ ਵੇਖ ਕੇ, ਖੁਦ ਡਰ ਗਏ ਸੀ. ਉਹ ਕਿਸੇ ਦਾ ਕੋਈ ਨੁਕਸਾਨ ਨਹੀਂ ਕਰਣਾ ਚਾਹੁੰਦੇ ਸੀ. ਮਗਰ ਉਸ ਵਕਤ ਸਾਰੇ ਲੋਕ ਡਰੇ ਹੋਏ ਸੀ ਅਤੇ ਮਾਹੌਲ ਵਿੱਚ ਹੀ ਧੋਖੇਬਾਜ਼ੀ ਸੀ.

'ਸਫਰ ਖ਼ਤਮ ਹੋਣ ਦਾ ਨਾਂਅ ਹੀ ਨਹੀਂ ਲੈ ਰਿਹਾ ਸੀ. ਮੈਨੂੰ ਯਾਦ ਹੈ ਕਿ ਸਫ਼ਰ ਦੇ ਦੌਰਾਨ, ਕੁੱਝ ਵਕਤ ਤਕ ਮੇਰੇ ਵਾਲਿਦ ਨੇ ਮੈਨੂੰ ਚੁਕ ਕੇ ਰੱਖਿਆ ਸੀ. ਅਸੀਂ ਇੱਕ ਜਗ੍ਹ ਤੇ ਪਹੁੰਚੇ, ਜਿਥੇ ਕਾਫ਼ੀ ਲੋਕ ਇੱਕਠਾ ਹੋਏ ਸੀ. ਇਹ ਇੱਕ ਦਰਿਆ ਦਾ ਕਿਨਾਰਾ ਸੀ, ਜੋ ਇੱਕ ਸਮੁੰਦਰ ਦੇ ਕਿਨਾਰੇ ਦੀ ਤਰ੍ਹਾਂ ਸੀ. ਮੈਂ ਕਿਸ਼ਤੀਆਂ ਨੂੰ ਆਉਂਦੇ ਜਾਂਦੇ ਵੇਖਿਆ, ਹਰ ਇੱਕ ਬਹੁਤ ਸਾਰੇ ਲੋਕਾਂ ਨੂੰ ਲੈ ਜਾ ਅਤੇ ਲੈ ਕੇ ਵੀ ਆ ਰਹਿਆਂ ਸੀ. ਇਹ ਇੰਡੀਆ ਅਤੇ ਨਵੇਂ ਬਨੇ ਪਾਕਿਸਤਾਨ ਦੇ ਦਰਮਿਆਨ ਪਾਰ ਕਰਣਯੋਗ ਦਰਿਆ ਸੀ. ਮੁਸਲਿਮ ਦਰਿਆ ਪਾਰ ਕਰ ਕੇ ਪਾਕਿਸਤਾਨ ਜਾ ਰਹੇ ਸੀ ਅਤੇ ਹਿੰਦੂ ਹੋਰ ਸਿੱਖ ਇੰਡੀਆ ਲਈ ਆ ਰਹੇ ਸੀ. ਮੈਨੂੰ ਯਾਦ ਹੈ ਕਿ ਸਾਹਿਲ ਨੂੰ ਕਿਰਾਇਏ ਲਈ, ਪੈਸੇ ਇਕੱਠਾ ਕਰਣ ਦੀ ਗੱਲ ਹੋ ਰਹੀ ਸੀ. ਮੇਰੀ ਵਾਲਿਦਾ ਨੇ ਆਪਣੀ ਕੱਨਾਂ ਦੀਆਂ ਵਾਲੀਆਂ ਖੋਲ ਕੇ ਵਾਲਿਦ ਨੂੰ ਦੇ ਦਿੱਤੀਆਂ. ਕਈ ਔਰਤਾਂ ਨੇ ਵੀ ਇਹ ਹੀ ਕੀਤਾ. ਜਦ ਤਕ ਸਾਨੂ ਲੈ ਜਾਣ ਲਈ ਇੱਕ ਕਿਸ਼ਤੀ ਆਈ, ਕਾਫ਼ੀ ਹਨੇਰਾ ਹੋ ਗਿਆ ਸੀ. ਮੇਰੇ ਵਾਲਿਦ ਕਮਰ ਤਕ ਦੇ ਪਾਣੀ ਵਿੱਚ ਤੁਰਦੇ ਹੋਏ, ਮੈਨੂ ਪਹਿਲਾਂ ਕਿਸ਼ਤੀ ਤਕ ਲੈ ਗਏ, ਜਿਥੇ ਦੂਜੇ ਦਰਜਨਾਂ ਲੋਕ ਇੱਕ ਦੂਜੇ ਨੂੰ ਧੱਕਾ ਮਾਰ ਰਹੇ ਸੀ. ਉਨ੍ਹਾਂ ਨੇ ਮੈਨੂੰ ਲੱਗਭਗ ਕਿਸ਼ਤੀ ਵਿੱਚ ਸੁੱਟ ਦਿੱਤਾ ਅਤੇ ਪਿੱਛੇ ਜਾ ਕੇ ਮੇਰੀ ਵਾਲਿਦਾ ਅਤੇ ਫੁਪੀ ਨੂੰ ਲੈ ਆਉਣ ਦੀ ਕੋਸ਼ਿਸ਼ ਕਤੀ, ਅਤੇ ਇਸ ਦੌਰਾਨ ਕਿਸ਼ਤੀ ਚਲਣ ਲਦੀ, ਇਸ ਤੋਂ ਪਹਿਲਾਂ ਕਿ ਮੇਰਾ ਪਰਵਾਰ ਇਸ ਉਪਰ ਚੜ੍ਹ ਸਕਦਾ. ਮੈਂ ਇਕੱਲਾ ਸੀ. ਮੈਂ ਬਹੁਤ ਘਬੜਾ ਕੇ ਰੋਣ ਲਗਾ. ਲੋਕ ਇੱਕ ਦੂਜੇ ਨੂੰ ਪੁਛਣ ਲਗੇ ਕਿ ਕਿਸੇ ਨੂੰ ਪਤਾ ਸੀ ਕਿ ਮੈਂ ਕਿਸ ਦਾ ਬੱਚਾ ਸੀ? ਕਿਸੇ ਨੇ ਮੈਨੂ ਪਛਾਣ ਲੀਤਾ ਅਤੇ ਮੇਰੀ ਦੇਖ-ਭਾਲ ਕੀਤੀ, ਜਦ ਤਕ ਅਸੀਂ ਦੂਜੇ ਪਾਸੇ ਨਹੀਂ ਪਹੁੰਚ ਗਏ. ਹੋਰ ਕਿਸ਼ਤੀਆਂ ਆਇਆਂ ਅਤੇ ਫਿਰ ਚਲੇ ਗਈਆਂ, ਅਤੇ ਮੈਨੂੰ ਲਗਦਾ ਹੈ ਕਿ ਜੋ ਲੋਕ ਮੇਰੀ ਦੇਖ-ਭਾਲ ਕਰ ਰਹੇ ਸੀ, ਉਨ੍ਹਾ ਨੂੰ ਯਕੀਨ ਸੀ ਕਿਸੇ ਵਕਤ ਉਹ ਮੇਰਾ, ਮੇਰੇ ਪਰਵਾਰ ਦੇ ਨਾਲ ਮੇਲ ਕਰਾ ਦੇਣਗੇ.

'ਮੈਂ ਰੋਣਦੇ ਹੋਏ ਥਕ ਕੇ ਸੌਂ ਗਿਆ. ਮੇਰੀ ਦੇਖ-ਭਾਲ ਕਰਣ ਵਾਲਾ, ਦਿਨ ਦੀ ਪਹਿਲੀ ਰੌਸ਼ਨੀ ਤੇ ਮੇਰੇ ਮਾਤਾ-ਪਿਤਾ ਦੀ ਤਲਾਸ਼ ਵਿੱਚ ਨਿਕਲ ਗਿਆ. ਜਦ ਮੇਰਾ ਉਨ੍ਹਾਂ ਦੇ ਨਾਲ ਮੇਲ ਹੋ ਗਿਆ ਅਤੇ ਮੈਂ ਆਪਣੇ ਮਾਤਾ-ਪਿਤਾ ਨੂੰ ਵੇਖਿਆ, ਮੈਂ ਡਰ ਗਿਆ. ਮੈਂ ਸੋਚ ਰਿਹਾ ਸੀ ਕਿ ਮੈਂ ਉਨ੍ਹਾਂ ਨੂੰ ਗੁਆ ਦਿੱਤਾ ਸੀ ਅਤੇ ਇਹ ਜਾਣ ਕੇ ਮੈਨੂੰ ਸਕੂਨ ਮਿਲਿਆ ਕਿ ਉਹ ਮੇਰੇ ਨਾਲ ਨਾਰਾਜ਼ ਨਹੀਂ ਸਣ. ਮੇਰੀ ਵਾਲਿਦਾ ਨੇ ਬਾਅਦ ਤੇ ਮੈਨੂੰ ਦੱਸਿਆ ਕਿ ਉਹ ਮੇਰੇ ਵਾਲਿਦ ਨਾਲ ਲੜੀ ਅਤੇ ਸਾਰੀ ਰਾਤ ਰੋਂਣਦੀ ਰਹੀ, ਅਤੇ ਉਨ੍ਹਾਂ ਦੇ ਉਪਰ ਇਲਜ਼ਾਮ ਲਗਾਇਆ

ਕਿ ਉਨ੍ਹਾਂ ਨੇ ਜਾਨ ਬੁਝ ਕੇ "ਮੈਨੂੰ ਸੁੱਟ ਦਿੱਤਾ ਸੀ-ਮੈਂ ਹੀ ਉਨ੍ਹਾਂ ਦੀ ਇਕੱਲੀ ਕੀਮਤੀ ਚੀਜ ਸੀ ਜਿਸ ਨੂੰ ਉਹ ਇੰਡੀਆ ਤੋਂ ਲੈ ਜਾ ਸਕਦੇ ਸੀ"! ਮੈਨੂੰ ਉਹ ਤਜਰੁਬਾ ਇੱਕ ਬੇਹਦ ਗ਼ਮਗੀਨ ਵਾਕਿਐ ਦੇ ਤੌਰ ਤੇ ਯਾਦ ਹੈ.

'ਮੇਰੇ ਵਾਲਿਦ ਨੇ ਉਸ ਸਫ਼ਰ ਜਾਂ ਇੰਡੀਆ ਤੇ ਉਹ ਜੋ ਕੁੱਝ ਛੱਡ ਕੇ ਆਏ ਸੀ, ਬਾਰੇ ਕਦੀ ਜ਼ਿਕਰ ਨਹੀਂ ਕੀਤਾ. ਉਹ ਉਸ ਸਦਮੇ ਨੂੰ ਭੁੱਲ ਜਾਣਾ ਚਾਹੁੰਦੇ ਸੀ, ਅਤੇ ਮੈਨੂੰ ਲਗਦਾ ਹੈ ਕਿ ਉਹ ਬੇਹਦ ਕਸੂਰਵਾਰ ਮਹਿਸੂਸ ਕਰਦੇ ਸੀ ਕਿ ਉਨ੍ਹਾਂ ਨੇ ਆਪਣੇ ਵਾਲਿਦ ਨੂੰ ਪਿੱਛੇ ਇੰਡੀਆ ਤੇ ਛੱਡ ਦਿੱਤਾ ਅਤੇ ਉਨ੍ਹਾਂ ਨੂੰ ਸਾਡੇ ਸਭ ਤੇ ਨਾਲ, ਚਲੇ ਜਾਣ ਲਈ ਜ਼ਿਆਦਾ ਜ਼ੋਰ ਨਹੀਂ ਦਿੱਤਾ. ਸਾਡੇ ਜਾਣ ਦੇ ਤੁਰੰਤ ਬਾਅਦ ਸਰਹੱਦਾਂ ਬੰਦ ਕਰ ਦਿੱਤੀ ਗਈਆਂ. ਵਾਪਸ ਜਾ ਕੇ ਆਪਣੇ ਪਿੰਡ ਦੇ ਹਾਲਾਤ ਵੇਖਣ ਦਾ ਕੋਈ ਉਪਾਉ ਨਹੀਂ ਸੀ. ਮੈਨੂੰ ਯਕੀਨ ਹੈ ਇਸ ਲਈ ਵਾਲਿਦ ਨੇ ਆਪਣੇ ਆਪ ਨੂੰ ਕਦੀ ਮਾਫ਼ ਨਹੀਂ ਕੀਤਾ.

'ਅਸੀਂ ਪਾਕਿਸਤਾਨ ਖਾਲੀ ਹੱਥ ਆਏ ਪਰ ਆਪਣੀ ਵਾਲਿਦਾ ਦੇ ਨਰੋਵਾਲ ਦੇ ਕਰੀਬ ਦੇ ਰਿਸ਼ਤੇਦਾਰਾਂ ਕੋਲ ਪਹੁੰਚਣ ਤੇ ਕਾਮਯਾਬ ਹੋ ਗਏ, ਜਿਥੋਂ ਮੇਰੇ ਵਾਲਿਦ ਨੇ ਚਕਵਾਲ ਦੇ ਇੱਕ ਮਿੱਤਰ ਨਾਲ ਸੰਪਰਕ ਕੀਤਾ. ਉਸ ਨੇ ਮੇਰੇ ਵਾਲਿਦ ਨੂੰ ਚਕਵਾਲ ਆ ਕੇ ਵਸਣ ਦਾ ਸੱਦਾ ਦਿੱਤਾ ਅਤੇ ਸਾਡਾ ਖੁੱਲ੍ਹੇ-ਦਿੱਲ ਨਾਲ ਸੁਆਗਤ ਕੀਤਾ. ਮੈਂ ਉਥੇ ਵੱਡਾ ਹੋਇਆ ਅਤੇ ਉਥੇ ਹੀ ਮੇਰੀ ਮਾਂ, ਇੱਕ ਭਰਾ ਅਤੇ ਇੱਕ ਭੈਣ ਹੁਣ ਵੀ ਰਹਿੰਦੇ ਨੇ ਅਤੇ ਇੰਗਲੈਂਡ ਤੇ 50 ਸਾਲ ਰਹਿਣ ਦੇ ਬਾਅਦ ਵੀ, ਉਸੀ ਨੂੰ ਮੈਂ ਹੁਣ ਵੀ ਆਪਣਾ "ਘਰ" ਕਹਿੰਦਾ ਹਾਂ.' ਮਾਰਚ 2004 ਤੇ, ਸਾਡਾ ਬਟਾਲਾ ਦਾ ਇੱਕ ਦੌਰਾ ਬਹੁਤ ਉਪਯੋਗੀ ਸਾਬਤ ਹੋਇਆ, ਜਿਥੇ ਅਸੀਂ ਇੱਕ ਚਸ਼ਮਦੀਦ ਅਤੇ ਬਟਾਲਾ ਤੇ ਹੋਣ ਵਾਲੇ ਫ਼ਸਾਦ ਤੇ ਹਿੱਸਾ ਲੈਣ ਵਾਲੇ ਇੱਕ ਸ਼ਕਸ ਨਾਲ ਮਿਲੇ.

ਇੰਦਰਜੀਤ

'ਮੇਰਾ ਜਨਮ ਬਟਾਲਾ ਤੇ ਹੋਇਆ ਹੈ. ਹਿੰਦੂ, ਮੁਸਲਿਮ ਅਤੇ ਸਿੱਖ ਪੁਰਨ ਅਮਨ ਵਿੱਚ ਰਹਿੰਦੇ ਸੀ. ਅਸੀਂ ਤਿਉਹਾਰਾਂ ਦੇ ਵਕਤ, ਇੱਕ ਦੂਜੇ ਨੂੰ ਮਿਠਾਇਖਾਂ ਲੈਂਦੇ ਅਤੇ ਦੇਂਦੇ ਸੀ. ਹਿੰਦੂ ਮੁਸਲਿਮਾਂ ਤੋਂ ਕੱਚਾ ਮਾਸ, ਮਟੱਨ ਲੈਂਦੇ ਸੀ. ਮੇਰੇ ਦੋ ਕਰੀਬੀ ਮੁਸਲਿਮ ਦੋਸਤ ਸਨ, ਸਤੱਾਰ ਅਤੇ ਯੂਸੁਫ਼. ਚਕਰੀ ਬਾਜ਼ਾਰ ਹਿੰਦੂਆਂ ਦਾ ਇੱਕ ਗੜ ਸੀ. ਹਿੰਦੂ ਸਹਿਰ ਦੇ ਮੱਧ ਵਿੱਚ ਰਹਿੰਦੇ ਸੀ ਅਤੇ ਮੁਸਲਿਮ ਸ਼ਹਿਰ ਦੇ ਚਾਰੇਂ ਪਾਸੇ. ਦੋ ਅਤੇ ਅੱਧ ਦਿਨਾਂ ਲਈ ਗੁਰਦਾਸਪੁਰ ਜ਼ਿਲ੍ਹਾ ਪਾਕਿਸਤਾਨ ਵਿੱਚ ਹੋਣ ਦਾ ਸਭ ਨੂੰ ਯਕੀਨ ਸੀ, ਇਸ ਦੇ ਬਾਅਦ ਇਹ ਐਲਾਨ ਕੀਤਾ ਗਿਆ ਕਿ ਸ਼ਕਰਗੜ ਤਹਸੀਲ਼ ਨੂੰ ਛੱਡ ਕੇ, ਗੁਰਦਾਸਪੁਰ ਇੰਡੀਆ ਵਿੱਚ ਜਾਵੇਗਾ. ਉਸ ਵਕਤ ਬਟਾਲਾ ਤੇ ਇੱਕ ਮੁਸਲਿਮ ਐਸ.ਐਚ.ਉ, ਸ਼ੇਖ ਘੁਲਾਮ ਰਬਾਨੀ ਤਇਨਾਤ ਸੀ. ਕਰਫਿਊ ਲਗਾ ਦਿੱਤਾ ਗਿਆ ਸੀ. ਉਸ ਨੇ ਪੁਲਿਸ ਨੂੰ ਮੇਰੇ ਭਰਾ ਨੂੰ ਹਿਰਾਸਤ ਤੇ ਲੈਣ ਲਈ ਭੇਜਿਆ ਕਿਉਂਕਿ ਮੁਸਲਿਮਾਂ ਨੇ ਇੱਕ ਅਰਜੀ ਦਿੱਤੀ ਸੀ ਕਿ ਉਹ ਹਿੰਦੂ ਨੌਜਵਾਨਾਂ ਤੋਂ ਡਰਦੇ ਸੀ. ਬਲੋਚ, ਸਿੱਖ, ਗੋਰਖਾ ਸਾਰੀ ਫ਼ੌਜ਼ੀ ਟੁਕੜਿਆਂ ਬਟਾਲਾ ਤੇ ਮੌਜੂਦ ਸਨ.

'ਮੁਸਲਿਮਾਂ ਦਾ ਮਨਸੂਬਾ ਸੀ ਕਿ ਉਹ ਸਾਰੇ ਹਿੰਦੂ-ਸਿੱਖ ਘਰਾਂ ਅਤੇ ਔਰਤਾਂ ਉਪਰ ਕਬਜ਼ਾ ਕਰ ਲੈਣਗੇ. ਬਹਾਵਲਦੀਨ, ਮੁਸਲਿਮ ਲੀਗ ਦਾ ਸਥਾਨਕ ਪ੍ਰਧਾਨ ਵੀ ਉਨ੍ਹਾਂ ਤੋਂ ਇੱਕ ਸੀ. ਉਹ ਇਸ ਬਾਰੇ ਖੁਲ੍ਹੇ-ਆਮ ਸ਼ੇਖੀਬਾਜ਼ੀ ਕਰਦਾ ਸੀ. ਉਸ ਦਾ ਤਾਲੁੱਕ ਅਚਲੀ ਦਰਵਾਜ਼ਾ ਨਾਲ ਸੀ. ਇਸ ਤਰ੍ਹਾਂ ਦੇ ਗੰਦੇ ਇਰਾਦੇ ਰੱਖਣ ਵਾਲਾ ਇੱਕ ਦੂਜਾ ਮੁਸਲਿਮ ਸੀ ਹਮੀਦ ਟੇਢੀ ਮੁਛਾਂ. ਉਣ ਦੋ ਢਾਈ ਦਿਨਾਂ ਤੇ, ਜਦ ਸਾਨੂ ਲਗ ਰਿਹਾ ਸੀ

ਕਿ ਬਟਾਲਾ ਪਾਕਿਸਤਾਨ ਤੇ ਸ਼ਾਮਲ ਹੋ ਗਿਆ ਸੀ, ਚੁਆਵਲ ਪਿੰਡ ਤੇ ਹਮਲਾ ਹੋ ਗਿਆ. ਮੁਸਲਿਮ, ਅੱਮ੍ਰਿਤਸਰ ਦੇ ਬਾਹਰ ਦੇ ਇਲਾਕੇ ਸ਼ਰੀਫ਼ਪੁਰਾ ਤੋਂ ਵੀ ਕਤਲ ਅਤੇ ਲੁੱਟ-ਪਾਟ ਕਰਣ ਆਏ.

'ਪਰ 17-18 ਅਗਸਤ ਨੂੰ ਪਾਸਾ ਪੂਰੀ ਤਰ੍ਹਾਂ ਪਲਟ ਗਿਆ ਜਦ ਸਾਨੂ ਪਤਾ ਲਗਾ ਕਿ ਬਟਾਲਾ ਹੁਣ ਇੰਡੀਆ ਦਾ ਹਿੱਸਾ ਸੀ. ਬਹਾਵਲਦੀਨ ਦਾ ਸਿਰ ਵੱਡ ਦਿੱਤਾ ਗਿਆ. ਹਮੀਦ ਬੁਰਕਾ ਪਹਿਣ ਕੇ ਭੱਜ ਗਿਆ. ਇਸ ਦੇ ਬਾਅਦ, ਹਿੰਦੂਆ ਨੇ ਮੁਸਲਿਮਾਂ ਨਾਲ ਭਰੀ ਹੋਈ ਇੱਕ ਬਸ ਸਾੜ ਦਿੱਤੀ. ਇਸ ਦਾ ਤੇਲ ਮੁਕ ਗਿਆ ਸੀ. ਡੀ.ਐਸ.ਪੀ. ਸੰਪੂਰਨ ਸਿੰਘ ਨੇ ਸਾਰੇ ਹਿੰਦੂਆਂ ਨੂੰ ਬਚਾ ਲੀਤਾ. ਮੈਂ ਖੁਦ ਇੱਕ ਛੁਰਾ ਲੈ ਕੇ ਗਿਆ ਪਰ ਕੋਈ ਸ਼ਿਕਾਰ ਨਹੀਂ ਮਿਲਿਆ. ਮੇਰੇ ਕੋਲ ਇੱਕ ਵੱਡਾ ਛੁਰਾ ਸੀ, ਪਰ ਸਾਡੀ ਫ਼ੌਜ਼ ਨੂੰ ਰਿਸ਼ਵਤ ਦੇ ਦਿੱਤੀ ਗਈ ਸੀ ਅਤੇ ਉਨ੍ਹਾਂ ਨੇ ਮੁਸਲਿਮਾਂ ਦੀ ਸੱਤ ਬਸਾਂ ਨੂੰ ਜਾਣ ਦਿੱਤਾ. ਫਿਰ 24 ਘੰਟੇਆਂ ਤਕ, ਮੁਸਲਿਮ ਬਿਅਰਿੰਗ ਰੋਡ ਦੇ ਇੱਕ ਕੈਂਪ ਤੇ ਰਹੇ. ਉਥੇ ਗੋਲੀਆਂ ਚਲੀਆਂ. ਸ਼ਮੁਚੇ ਤੌਰ ਤੇ, ਹਿੰਦੂਆਂ ਦੀ ਸੰਪਤੀ ਦਾ ਕਾਫ਼ੀ ਨੁਕਸਾਨ ਹੋਇਆ ਪਰ ਮੁਸਲਿਮਾਂ ਨੇ ਕਈ ਜਾਨਾਂ ਗੁਵਾਇਆਂ. ਮੈਨੂੰ ਯਾਦ ਹੈ ਕਿ ਫ਼ੌਜ਼ੀ ਮੇਰੇ ਪਿਤਾ ਦੀ ਦੁਕਾਨ ਤੇ ਲਹੂ ਨਾਲ ਲਥਪਥ ਜੇਵਰ ਵੇਚਣ ਲਈ, ਲੈ ਕੇ ਆਏ ਸੀ. ਮੇਰੇ ਪਿਤਾ ਇੱਕ ਜੌਹਰੀ ਸਨ. ਬਟਾਲਾ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਹਜ਼ਾਰਾਂ ਮੁਸਲਿਮਾਂ ਦੀ ਮੌਤਾਂ ਹੋਇਆਂ. ਡੋਗਰਾ ਫ਼ੌਜ਼ ਮੁਸਲਿਮਾਂ ਦੇ ਕਤਲ ਤੇ ਸ਼ਾਮਲ ਸੀ.

'ਛੇ ਜਾਂ ਸੱਤ ਸਾਲਾਂ ਬਾਅਦ ਲਾਹੌਰ ਤੇ ਇੱਕ ਹਾਕੀ ਜਾਂ ਕ੍ਰਿਕਟ ਦਾ ਮੈਚ ਸੀ. ਮੈਨੂੰ ਪੱਕਾ ਯਾਦ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਦੀ ਕਈ ਖੇਡਾਂ ਹੋਇਆਂ ਸੀ. ਮੇਰੇ ਵਰਗੇ ਕਈ ਨੌਜਵਾਨ ਪਾਕਿਸਤਾਨ ਗਏ. ਮੈਂ ਯੁਸੁਫ ਨੂੰ ਮਿਲਿਆ ਜਿਸ ਨੇ ਮੇਰੇ ਨਾਲ ਬਹੁਤ ਉਮਦਾ ਮਹਿਮਾਨ ਨਵਾਜ਼ੀ ਕੀਤੀ. ਅਸੀਂ ਯਕੀ ਗੇਟ ਤੇ ਠਹਿਰੇ ਸੀ.'

ਹਵਾਲਾ

ਅਲੀ, ਚੌਧਰੀ ਮੁਹਮੱਦ, ਦੀ ਇਮਰਜੇਂਸ ਅੱਾਫ ਪਾਕਿਸਤਾਨ, ਲਾਹੌਰ: ਰਿਸਰਚ ਸੋਸਾਇਟੀ ਅੱਫ ਪਾਕਿਸਤਾਨ (1973)

ਇਫਤਿਖਾਰ, ਖਵਾਜਾ, ਜਬ ਅੱਮ੍ਰਿਤਸਰ ਜਲ ਰਹਾਂ ਥਾ ਲਾਹੌਰ: ਖਵਾਜਾ ਪਬਲਿਸ਼ਰਸ, (1991)

ਸੈਦ, ਚੌਦਰੀ ਮੋਹੱਮਦ, 'ਏ ਬ੍ਰੀਫ ਐਕਾਉਂਟ ਅੱਫ ਦ ਹੈਪੈਨਿੰਗਸ ਇਨ ਅੱਮ੍ਰਿਤਸਰ', ਦੁਆਰਾ ਚੌ.ਮੋਹੱਮਦ ਸੈਦ ਐਮ.ਏ.,ਐਲ.ਐਲ.ਬੀ, ਐਕਸ ਟਰਮਿਨਲ ਟੈਕਸ ਸੁਪਰ., ਮਿਊਨਿਸਿਪਲ ਕਮਿਟੀ, ਅੱਮ੍ਰਿਤਸਰ, ਮੌਜੂਦਾ ਪਤਾ: 3/30 ਨਿਸਬਤ ਰੋਡ, ਲਾਹੌਰ, ਦੀ ਜਰਨੀ ਟੂ ਪਾਕਿਸਤਾਨ: ਏ ਡੋਕਯੂਮੇਨਟੇਸਨ ਔਨ ਰਿਫਯੂਜੀਸ ਅੱਫ 1947, ਇਸਲਾਮਾਬਾਦ: ਨੈਸ਼ਨਲ ਡੋਕਯੂਮੇਨਟੇਸਨ ਸੇਂਟਰ.

ਸ਼ਾਹਨਵਾਜ਼, ਬੇਗਮ ਜਹਾਨਾਰਾ, ਫਾਦਰ ਐਂਡ ਦਾਹਟਰ: ਏ ਪੋਲਿਟਿਕਲ ਬਾਇਉਗ੍ਰਾਫੀ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (2002)

ਇੰਟਰਵਿਊ

ਸਈਦ ਜ਼ਿਆ ਮੋਹਿਯੁੱਦੀਨ, ਸਟੋਕਹੋਮ, 24 ਜੂਨ 2002

ਚੌਧਰੀ ਮੁਹੱਮਦ ਬਸ਼ੀਰ, ਲਾਹੌਰ, 18 ਅਪ੍ਰੈਲ 2003

ਹਾਜੀ ਮੁਹੱਮਦ ਅਕਰਮ, ਲਾਹੌਰ, 23 ਅਪ੍ਰੈਲ 2003

ਏ.ਹਮੀਦ, ਲਾਹੌਰ, 19 ਅਪ੍ਰੈਲ 2003

ਗੁਰਚਰਨ ਦਾਸ ਅਰੋੜਾ, ਅੱਮ੍ਰਿਤਸਰ, 24 ਮਾਰਚ 2004

ਸਰਦਾਰ ਕੁੰਦਨ ਸਿੰਘ ਸਾਮਰਾ, 27 ਮਾਰਚ 2004

ਇੰਦਰਜੀਤ, ਬਟਾਲਾ, 3 ਜਨਵਰੀ 2005

ਆਯਾਜ਼ ਖ਼ਾਨ, ਲਿੰਕੋਪਿੰਗ, ਸਵੀਡਨ (ਈ-ਮੇਲ ਦੁਆਰਾ), 14 ਜਨਵਰੀ 2007

ਰਿਆਜ਼ ਅ.ਖ਼ਾਨ, ਲੰਡਨ, ਯੂ.ਕੇ., ਈ-ਮੇਲ ਦੁਆਰਾ, 28 ਅਕਤੂਬਰ 2012

18

ਜਲੰਧਰ ਡਿਵੀਜ਼ਨ

ਜਲੰਧਰ ਡਿਵੀਜ਼ਨ ਵਿੱਚ ਮੱਧ ਪੰਜਾਬ ਦੇ ਕਾਂਗੜਾ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ ਅਤੇ ਫ਼ਿਰੋਜ਼ਪੁਰ ਜ਼ਿਲ੍ਹੇ ਸ਼ਾਮਲ ਸੀ. 1947 ਤੇ ਮੁਸਲਿਮਾਂ ਦੀ ਇੱਕ ਵੱਡੀ ਤਦਾਦ ਸੀ ਅਤੇ ਉਹ ਆਬਾਦੀ ਦੇ 34 ਫ਼ੀਸਦੀ ਸਨ. ਇਸ ਡਿਵੀਜ਼ਨ ਦੇ ਕਿਸੇ ਵੀ ਜ਼ਿਲ੍ਹੇ ਤੇ ਉਹ ਮਜਾਰਿਟੀ ਤੇ ਨਹੀਂ ਸਨ ਪਰ ਕਈ ਅਹਿਮ ਸ਼ਹਿਰਾਂ ਤੇ ਉਨ੍ਹਾਂ ਦੀ ਮਜਾਰਿਟੀ ਸੀ. 3 ਜੂਨ 1947 ਦੀ 'ਕਾਲਪਨਿਕ ਵੰਡ' ਵਿੱਚ ਜਲੰਧਰ ਡਿਵੀਜ਼ਨ ਪੂਰਬੀ ਪੰਜਾਬ ਦਾ ਹਿੱਸਾ ਸੀ. ਰੈਡਕਲੀਫ ਅਵਾਰਡ ਨੇ ਇਸ ਨੂੰ ਬਗੈਰ ਕਿਸੇ ਫੇਰ-ਬਦਲ ਦੇ, ਇੰਡੀਆ ਨੂੰ ਦੇ ਦਿੱਤਾ. ਇਸ ਦੀ ਦੋ ਮੁਸਲਿਮ ਮਜਾਰਿਟੀ ਵਾਲੀ ਤਹਸੀਲਾਂ, ਫ਼ਿਰੋਜ਼ਪੁਰ ਅਤੇ ਜ਼ੀਰਾ (ਕੁੱਲ ਪੰਜ ਤਹਸੀਲਾਂ ਸੀ) ਨੂੰ ਇੰਡੀਆ ਵਿੱਚ ਸ਼ਾਮਲ ਕਰਣ ਦੇ ਚਲਦਿਆਂ ਕਾਫ਼ੀ ਹੰਗਾਮਾ ਹੋਇਆ ਸੀ. ਪਹਿਲਾ ਇਣ ਦੋਵੇਂ ਤਹਸੀਲਾਂ ਨੂੰ ਪਾਕਿਸਤਾਨ ਤੇ ਸ਼ਾਮਲ ਕੀਤਾ ਗਿਆ ਸੀ ਪਰ ਬਾਅਦ ਤੇ ਮਾਉਂਟਬੈਟਨ ਨੇ ਇਣ ਦੋਨਾਂ ਨੂੰ ਇੰਡੀਆ ਵਿੱਚ ਸ਼ਾਮਲ ਕਰਣ ਦਾ ਫ਼ੈਸਲਾ ਲੀਤਾ. ਇਸ ਦੇ ਚਲਦੇ, ਫ਼ਿਰੋਜ਼ਪੁਰ ਦਾ ਇੱਕ ਫ਼ੌਜ਼ੀ ਹਥਿਆਰਘਰ ਇੰਡੀਆ ਤੇ ਰਹਿ ਗਿਆ (Roberts 1995: 94).

ਫ਼ਿਰੋਜ਼ਪੁਰ ਸ਼ਹਿਰ

ਫ਼ਿਰੋਜ਼ਪੁਰ ਸ਼ਹਿਰ ਤੇ, ਛਾਉਣੀ ਸਮੇਤ, ਮੁਸਲਿਮ, ਆਬਾਦੀ ਦੇ 47 ਫ਼ੀਸਦੀ ਸਨ. ਮੁਸਲਿਮ ਲੀਗ ਅਤੇ ਕਾਂਗਰੇਸ ਦੋਨਾਂ ਦੇ ਆਪਣੇ ਸਮਰਥਕ ਸਨ. 1947 ਤੋਂ ਪਹਿਲਾਂ, ਗੰਭੀਰ ਤੌਰ ਤੇ, ਬਹੁਤ ਘੱਟ ਤਸ਼ੱਦਦੀ ਵਾਰਦਾਤਾਂ ਹੋਇਆਂ ਸੀ.

ਮਲਿਕ ਮੁਹੱਮਦ ਅਸਲਮ

'17 ਅਗਸਤ ਨੂੰ ਫ਼ਿਰੋਜ਼ਪੁਰ ਦੇ ਮੁਸਲਿਮਾਂ ਨੂੰ ਝਟਕਾ ਲਗਾ ਜਦ ਉਨ੍ਹਾਂ ਨੂੰ ਰੇਡੀਉ ਤੋਂ ਪਤਾ ਲਗਾ ਕਿ ਫ਼ਿਰੋਜ਼ਪੁਰ ਜ਼ਿਲ੍ਹੇ ਨੂੰ ਇੱਡੀਆ ਨੂੰ ਦੇ ਦਿੱਤਾ ਗਿਆ ਸੀ. ਮੁਸਲਿਮਾਂ ਨੂੰ ਇਸ ਤਰ੍ਹਾਂ ਦੇ ਅੰਜ਼ਾਮ ਦੀ ਉਮੀਦ ਨਹੀਂ ਸੀ. ਨਵਾਬ ਮਮਦੋਤ ਜੋ ਪੰਜਾਬ ਮੁਸਲਿਮ ਲੀਗ ਦੇ ਮੁੱਖ ਆਗੂ ਸਨ, ਫ਼ਿਰੋਜ਼ਪੁਰ ਆਉਂਦੇ ਜਾਂਦੇ ਰਹਿੰਦੇ ਸੀ ਅਤੇ ਉਨ੍ਹਾਂ ਨੇ ਹੋਰ ਉਨ੍ਹਾਂ ਦੇ ਸਾਥੀਆਂ ਨੇ ਕਦੀ ਕੋਈ ਇਸ਼ਾਰਾ ਨਹੀਂ ਕੀਤਾ ਕਿ ਫ਼ਿਰੋਜ਼ਪੁਰ ਪਾਕਿਸਤਾਨ ਤੋਂ ਬਾਹਰ ਰਹੇਗਾ. ਮੈਂ ਉਣ ਦਿਨਾਂ ਤੇ ਲਾਹੌਰ ਤੇ ਪੜ੍ਹਾਈ ਕਰਦਾ ਸੀ. ਮੇਰੇ ਇੱਕ ਚਾਚਾ ਨਿਸਬਤ ਰੋਡ ਦੇ ਕਰੀਬ ਦੀ ਗਲੀ ਤੇ ਰਹਿੰਦੇ ਸੀ. ਸਾਡੇ ਹਿੰਦੂ ਗੁਆਂਢੀਆ ਨਾਲ ਬਹੁਤ ਚੰਗੇ ਰਿਸ਼ਤੇ ਸੀ. ਉਨ੍ਹਾਂ ਤੋਂ ਇੱਕ ਲਾਲਾ ਦੁਨੀ

ਚੰਦ 17 ਅਗਸਤ ਦੀ ਦੁਪਹਿਰ ਨੂੰ ਆਏ ਅਤੇ ਚੇਤਾਵਨੀ ਦਿੱਤੀ ਕਿ ਸਿੱਖਾਂ ਅਤੇ ਆਰ.ਐਸ.ਐਸ. ਦਾ ਮੁਸਲਿਮਾਂ ਉਪਰ ਹਮਲਾ ਕਰਣ ਦਾ ਮੰਸੂਬਾ ਸੀ.

'ਇਸ ਨੇ ਸਾਡੇ ਉਥੇ ਰਹਿਣ ਦੇ ਸਪਨੇ ਚੂਰ ਚੂਰ ਕਰ ਦਿੱਤੇ. ਮੇਰੇ ਪਿਤਾ, ਦਰਅਸਲ, ਮਹਾਤਮਾ ਗਾਂਧੀ ਦੇ ਇੱਕ ਵੱਡੇ ਸਮਰਥਕ ਸਨ. ਉਹ ਇੱਕ ਸਰਕਾਰੀ ਮੁਲਾਜ਼ਮ ਸਨ ਅਤੇ ਕਾਂਗਰੇਸ ਪਾਰਟੀ ਵਿੱਚ ਉਨ੍ਹਾਂ ਦੇ ਕਈ ਦੋਸਤ ਸਨ. ਉਹ ਸੋਚ ਵਿੱਚ ਪੈ ਗਏ ਕਿ ਕੀ ਕੀਤਾ ਜਾਵੇ, ਅਤੇ ਸ਼ਾਮ ਹੋਣ ਦੇ ਤੁਰੰਤ ਬਾਅਦ, ਸਿੱਖ ਘੋੜੇਆਂ ਤੇ ਘੁਮਦੇ ਹੋਏ, ਮੁਸਲਿਮਾਂ ਦੇ ਉਪਰ ਗੋਲੀਆਂ ਚਲਾ ਰਹੇ ਸੀ. ਇਸ ਦੇ ਚਲਦਿਆਂ ਦਹਿਸ਼ਤ ਫੈਲ ਗਈ. ਖ਼ੁਸ਼ਕਿਸਮਤੀ ਨਾਲ, ਮੇਰੇ ਨਾਨਾ-ਨਾਨੀ ਮੇਰੇ ਚਾਚੇ ਨਾਲ, ਪਹਿਲਾਂ ਤੋਂ ਹੀ ਲਾਹੌਰ ਤੇ ਸਨ, ਇਸ ਕਰ ਕੇ ਸਿਰਫ਼ ਮੇਰੇ ਮਾਤਾ-ਪਿਤਾ, ਮੇਰੀ ਤਿੰਨ ਭੈਨਾਂ ਅਤੇ ਮੈਂ ਘਰ ਤੇ ਸੀ. ਸਾਡੇ ਆਲੇ-ਦੁਆਲੇ ਰਹਿਣ ਵਾਲੇ ਮੁਸਲਿਮ ਰੋਂਦੇ ਹੋਏ ਮੇਰੇ ਵਾਲਿਦ ਕੋਲ ਆਏ ਜੋ ਇੱਕ ਪੜ੍ਹੇ-ਲਿਖੇ ਇਨਸਾਨ ਸਨ, ਅਤੇ ਲੋਕ ਚਾਹੁੰਦੇ ਸਨ ਕਿ ਉਹ ਉਨ੍ਹਾਂ ਦੀ ਅਗਵਾਈ ਕਰਣ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਸੀ.

'ਰਾਤ ਦੇ ਕਰੀਬ 10 ਵਜੇ, ਇੱਕ ਹੋਰ ਹਮਲਾ ਹੋਇਆ. ਕੁੱਝ ਹੋਰ ਮਾਯੂਸ ਲੋਕ ਦੌੜਦੇ ਹੋਏ ਆਏ ਅਤੇ ਸਾਨੂ ਦੱਸਿਆਂ ਕਿ ਆਰ.ਐਸ.ਐਸ. ਮੁਸਲਿਮਾਂ ਉਪਰ ਹਮਲਾ ਕਰ ਰਹੀ ਸੀ. ਇਹ ਫ਼ੈਸਲਾ ਕੀਤਾ ਗਿਆ ਕਿ ਇੱਕ-ਇੱਕ ਕਰ ਕੇ ਮਾਰੇ ਜਾਣ ਤੋਂ ਬਿਹਤਰ ਸੀ ਕਿ ਅਸੀਂ ਸ਼ੁਕਰਵਾਰ ਦੀ ਮਸੀਤ ਤੇ ਇਕੱਠਾ ਹੋ ਜਾਂਦੇ. ਜ਼ਿਆਦਾਤਰ ਖ਼ਵਾਤੀਨਾਂ ਪਹਿਲਾਂ ਕਦੀ ਮਸੀਤ ਤੇ ਦਾਖ਼ਲ ਵੀ ਨਹੀਂ ਹੋਇਆਂ ਸੀ ਅਤੇ ਉਨ੍ਹਾਂ ਦੇ ਕੋਈ ਅਲਗ ਕਮਰੇ ਵੀ ਨਹੀਂ ਸੀ. ਅਤੇ, ਸਾਡੇ 300 ਲੋਕਾਂ ਨੇ ਉਥੇ ਪਨਾਹ ਲੀਤੀ. ਇਹ ਇੱਕ ਪੁਲਿਸ ਥਾਨੇ ਦੇ ਨਜਦੀਕ ਸੀ; ਸਾਡਾ ਇਹ ਮੱਨਣਾ ਸੀ ਕਿ ਪੁਲਿਸ ਇਸ ਦੇ ਨਜਦੀਕ ਦੀ ਜਗ੍ਹ ਉਪਰ ਹਮਲਾ ਨਹੀਂ ਹੋਣ ਦੇਗੀ. ਮੇਰੇ ਪਿਤਾ, ਅਤੇ ਕੁੱਝ ਦੂਜੇ ਬਜ਼ੁਰਗ ਸਈਦ ਸਫ਼ਦਰ ਹੁਸੈਨ ਸ਼ਾਹ, ਪੀਰ ਫ਼ਜ਼ਲ ਹੱਕ ਅਤੇ ਮਿਆਂ ਅਹਿਮਦ ਹਸਨ ਥਾਨੇ ਗਏ ਅਤੇ ਉ.ਸੀ. ਨਾਲ ਮਿਲੇ. ਉਹ ਸਿਰਸਾ ਦਾ ਇੱਕ ਹਿੰਦੂ ਸੀ ਜੋ ਉਥੇ ਮਾਰਚ ਤੇ ਤਇਨਾਤ ਹੋਇਆ ਸੀ. ਉਥੇ ਕੁੱਝ ਮੁਸਲਿਮ ਪੁਲਿਸਵਾਲੇ ਵੀ ਸਨ ਜੋ ਉਥੇ ਸੇਵਾ ਕਰ ਰਹੇ ਸੀ. ਉਸ ਨੇ ਕਿਹਾ ਕਿ ਉਹ ਕੁੱਝ ਪੁਲਿਸਵਾਲੇਆਂ ਨੂੰ ਮਸੀਤ ਦੇ ਬਾਹਰ ਤਇਨਾਤ ਕਰ ਸਕਦੇ ਨੇ, ਪਰ ਬਿਹਤਰ ਇਹ ਹੋਵੇਗਾ ਕਿ ਅਗਲੇ ਦਿਨ ਤੜਕੇ, ਅਸੀਂ ਚਲੇ ਜਾਇਏ ਕਿਉਂਕਿ ਉਹ ਗਾਰੰਟੀ ਨਹੀਂ ਦੇ ਸਕਦੇ ਸੀ ਕਿ ਅਗਲੇ ਦਿਨ ਕੀ ਹੋਵੇਗਾ.

'ਉਹ ਰਾਤ ਖ਼ਤਮ ਹੋਣ ਦਾ ਨਾਂਅ ਹੀ ਨਹੀਂ ਲੈ ਰਹੀ ਸੀ. ਚਾਰੋਂ ਪਾਸੇ ਗੋਲੀਆਂ ਚਲਣ ਦੀ ਅਵਾਜ਼ਾਂ ਆ ਰਹੀਆਂ ਸੀ. ਅਸੀਂ ਬੰਦੇਆਂ, ਔਰਤਾਂ ਅਤੇ ਬੱਚੇਆ ਨੂੰ ਵੀ, ਦਰਦ ਅਤੇ ਖ਼ੌਫ਼ ਵਿੱਚ ਚੀਕਦੇ ਹੋਏ ਸੁਣਿਆ. ਉਨ੍ਹਾਂ ਤੋਂ ਕੁੱਝ ਮਸੀਤ ਤੇ ਪਹੁੰਚਣ ਤੇ ਕਾਮਯਾਬ ਹੋ ਗਏ. ਸਾਡੇ ਕੋਲ ਡੰਡੇਆਂ ਨੂੰ ਛੱਡ ਕੇ ਕੋਈ ਹਥਿਆਰ ਨਹੀਂ ਸਨ ਅਤੇ ਕੁੱਝ ਲੋਕ ਆਪਣੇ ਨਾਲ ਛੁਰੇ ਲੈ ਕੇ ਆਏ ਸੀ. ਇੱਕ ਹਾਕੀ ਖਿਡਾਰੀ ਆਪਣੇ ਨਾਲ ਹਾਕੀ ਦੀ ਛੜੀ ਲੈ ਆਇਆ ਸੀ. ਅਸੀਂ ਇੱਕ ਆਸਾਨ ਨਿਸ਼ਾਨਾ ਬਣ ਗਏ ਸੀ, ਪਰ ਜੱਥੇ ਅਤੇ ਆਰ.ਐਸ.ਐਸ ਦੇ ਕਾਡਰ ਮਸੀਤ ਤੋਂ ਦੂਰ ਰਹੇ ਕਿਉਂਕਿ ਇਹ ਲਗਦਾ ਸੀ ਕਿ ਹਿੰਦੂ ਐਸ.ਐਚ.ਉ, ਸ਼ਾਇਦ ਉਸ ਦਾ ਨਾਂਅ ਤ੍ਰਿਲੋਕ ਨਾਥ ਸੀ, ਨੇ ਉਨ੍ਹਾਂ ਨੂੰ ਦੂਰ ਰਹਿਣ ਲਈ ਖ਼ਬਰਦਾਰ ਕਰ ਦਿੱਤਾ ਸੀ.

'ਰਾਤ ਨੂੰ ਕਰੀਬ ਤਿੰਨ ਵਜੇ ਲਾਲਾ ਦੁਨੀ ਚੰਦ ਦਾ ਬੇਟਾ, ਅਮਰਨਾਥ, ਮਸੀਤ ਤੇ ਇਹ ਵੇਖਣ ਲਈ ਆਇਆ ਕਿ ਸਭ ਠੀਕ-ਠਾਕ ਸੀ ਜਾਂ ਨਹੀਂ. ਕਰਫਿਊ ਲਗਾ ਦਿੱਤਾ ਗਿਆ ਸੀ, ਪਰ ਉਹ ਕਿਸੇ ਤਰ੍ਹਾਂ ਮਸੀਤ ਆਉਣ ਤੇ ਕਾਮਯਾਬ ਹੋਇਆ. ਮੇਰੇ ਵਾਲਿਦ ਨੂੰ ਸ਼ੁਗਰ ਦੀ ਗੰਭੀਰ ਸਮੱਸਿਆ ਸੀ ਪਰ ਉਹ ਇਨਸੁਲਿਨ ਦਾ

ਟੀਕਾ, ਜੋ ਉਹ ਰੋਜ਼ਾਨਾ ਖੁਦ ਨੂੰ ਲਗਾਂਦੇ ਸੀ, ਲੈ ਆਉਣਾ ਭੁੱਲ ਗਏ ਜਾਂ ਨਹੀਂ ਲੈ ਕੇ ਆਏ. ਉਨ੍ਹਾਂ ਦੀ ਤਕਲੀਫ ਹੁਣ ਬਹੁਤ ਵਧ ਗਈ. ਮੇਰੀ ਮਾਂ ਅਤੇ ਭੈਨਾਂ ਰੋਣ ਲਗੀਆਂ. ਦੂਜੇਆਂ ਨੇ ਵੀ ਹਮਦਰਦੀ ਦਿਖਾਈ ਪਰ ਇਹ ਜ਼ਰੂਰੀ ਸੀ ਕਿ ਉਨ੍ਹਾਂ ਨੂੰ ਇਨਸੁਲਿਨ ਦਾ ਟੀਕਾ ਮੁਹੱਇਆ ਹੋਵੇ. ਲਾਲਾਜੀ ਦੀ ਸ਼ਹਿਰ ਤੇ ਦਵਾਇਆਂ ਦੀ ਇੱਕ ਦੁਕਾਨ ਸੀ ਅਤੇ ਅਮਰਨਾਥ ਨੇ ਉਸ ਦੁਕਾਨ ਤੇ ਜਾ ਕੇ ਕੁੱਝ ਇਨਸੁਲਿਨ ਲੈ ਆਉਣ ਦੀ ਪੇਸ਼ਕਸ਼ ਕੀਤੀ. ਉਹ ਕਦੀ ਵਾਪਸ ਨਹੀਂ ਆਇਆ. ਬਾਅਦ ਤੇ ਸਾਨੂ ਪਤਾ ਲਗਾ ਕਿ ਉਸ ਨੂੰ ਆਰ.ਐਸ.ਐਸ. ਨੇ ਗੋਲੀ ਮਾਰ ਕੇ ਹਲਾਕ ਕਰ ਦਿੱਤਾ, ਜੋ ਮੁਸਲਿਮਾਂ ਨਾਲ ਹਮਦਰਦੀ ਰੱਖਣ ਵਾਲੇ ਕਿਸੇ ਵੀ ਹਿੱਦੂ ਦੇ ਖ਼ਿਲਾਫ਼ ਸਨ. ਇਹ ਗ਼ਮਗੀਨ ਖ਼ਬਰ ਨੂੰ ਉਣ ਲੋਕਾਂ ਨੇ ਸਹੀ ਦੱਸਿਆ ਜੋ ਸਾਨੂ ਬਾਅਦ ਤੇ ਕਸੂਰ ਅਤੇ ਲਾਹੌਰ ਤੇ ਮਿਲੇ.

'ਤੜਕੇ ਤਕ, ਮੇਰੇ ਵਾਲਿਦ ਦੀ ਬਹੁਰ ਬੁਰੀ ਹਾਲਤ ਹੋ ਗਈ ਸੀ. ਉਹ ਮੂਸਕਲ ਨਾਲ ਗੱਲ ਕਰ ਰਹੇ ਸੀ. ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਮਸੀਤ ਤੇ ਛੱਡ ਕੇ, ਅਸ਼ੀਂ ਉਣ ਲੋਕਾਂ ਦੇ ਨਾਲ ਚਲੇ ਜਾਇਏ, ਜੋ ਜਾ ਰਹੇ ਸੀ. ਮੇਰੀ ਵਾਲਿਦਾ ਨਹੀਂ ਮੱਨੀ ਅਤੇ ਕਿਹਾ, "ਮਲਿਕ ਸਾਹਿਬ, ਮੈਂ ਤੁਹਾਡੇ ਕਰੀਬ ਮਰ ਜਾਣਾ ਪਸੰਦ ਕਰਾਂਗੀ ਮਗਰ ਤੁਹਾਨੂ ਛੱਡਣਾ ਨਹੀਂ." ਅਸੀਂ ਬੱਚੇਆ ਨੇ ਵੀ ਇਹ ਗੱਲ ਕਹੀ, ਪਰ ਬੇਹਦ ਮੂਸਕਲ ਨਾਲ ਮੇਰੇ ਵਾਲਿਦ ਨੇ ਉਨ੍ਹਾਂ ਨੂੰ ਕਿਹਾ, "ਜ਼ੀਨਤ, ਤੁਹਾਨੂ ਆਪਣੀ ਤਿੰਨ ਕੁੜੀਆਂ ਅਤੇ ਬੇਟੇ ਬਾਰੇ ਸੋਚਣਾ ਚਾਹੀਦਾ ਹੈ. ਉਨ੍ਹਾਂ ਨੇ ਨਾਲ, ਘੱਟ ਤੋਂ ਘੱਟ ਮਾਂ ਜਾ ਬਾਪ, ਕੋਈ ਇੱਕ ਤੇ ਰਹਿਣਾ ਚਾਹੀਦਾ ਹੈ." ਉਨ੍ਹਾਂ ਨੇ ਮੈਨੂੰ ਕਿਹਾ ਕਿ ਹੁਣ ਮੈਂ ਉਹ ਸ਼ਕਸ ਸੀ ਜਿਸ ਨੂੰ ਪਰਵਾਰ ਦੀ ਜ਼ਿੱਮੇਵਾਰੀ ਲੈਣੀ ਪਵੇਗੀ. ਦੂਜੇ ਬਜ਼ੁਰਗ ਵੀ ਨਜਦੀਕ ਆ ਗਏ ਅਤੇ ਅਖੀਰਕਾਰ ਅਸੀਂ ਉਨ੍ਹਾਂ ਨੂੰ ਮਸੀਤ ਤੇ ਰੱਖਣ ਲਈ ਰਾਜੀ ਹੋ ਗਏ. ਮੈਨੂੰ ਲਗਦਾ ਹੈ ਕਿ ਕੁੱਝ ਦੂਜੇ ਬਜ਼ੁਰਗ ਵੀ ਮਸੀਤ ਤੇ ਰਹ ਗਏ. ਮੇਰੇ ਵਾਲਿਦ ਉਸ ਵਕਤ ਸਿਰਫ਼ 51 ਸਾਲਾਂ ਦੇ ਸੀ, ਪਰ ਬੀਮਾਰੀ ਕਰ ਕੇ ਬਹੁਤ ਕਮਜੋਰ ਹੋ ਗਏ ਸੀ.

'ਦੋ ਮੁਸਲਿਮ ਪੁਲਿਸਵਾਲੇ ਮਸੀਤ ਦੇ ਬਾਹਰ ਤਇਨਾਤ ਸਨ, ਪਰ ਜਦ ਕਾਫ਼ਿਲਾ ਰਵਾਨਾ ਹੋਣ ਲਗਾ, ਉਹ ਵੀ ਸਾਡੇ ਨਾਲ ਸ਼ਾਮਲ ਹੋ ਗਏ. ਦੋਨਾਂ ਦੇ ਨਾਲ ਬੰਦੂਕਾਂ ਸੀ. ਇਹ ਫ਼ੈਸਲਾ ਕੀਤਾ ਗਿਆ ਕਿ ਅਸੀਂ ਹੁਸੈਨੀਵਾਲਾ-ਗੰਡਾ ਸਿੰਘ ਵਾਲਾ ਰਾਹ ਲੈ ਕੇ ਕਸੂਰ ਪਹੁੰਚਣ ਦੀ ਕੋਸ਼ਿਸ਼ ਕਰਾਂਗੇ. ਜੈਦਾਂ ਹੀ ਅਸੀਂ ਫ਼ਿਰੋਜ਼ਪੁਰ ਦਾ ਬਾਹਰੀ ਇਲਾਕਾ ਪਾਰ ਕੀਤਾ, ਸਿੱਖ ਸਾਡੇ ਉਪਰ ਟੁੱਟ ਕੇ ਪੈ ਗਏ. ਮੇਰੀ ਮਾਂ ਅਤੇ ਭੈਨਾਂ ਦੂਜੀ ਖ਼ਵਾਤੀਨਾਂ ਦੇ ਨਾਲ ਸਨ, ਜਦ ਕਿ ਅਸੀਂ ਬੰਦੇ ਅੱਗੇ-ਪਿੱਛੇ ਜਾ ਕੇ ਹਾਲਾਤ ਨੂੰ ਕਾਬੂ ਵਿੱਚ ਰੱਖਣ ਦੀ ਕੋਸ਼ਿਸ ਕਰ ਰਹੇ ਸੀ. ਕੁੱਝ ਲੋਕਾਂ ਨੇ ਆਪਣੇ ਸਾਇਕਲ ਨਾਲ ਰੱਖ ਲੀਤੇ ਸ਼ੀ ਅਤੇ ਇੱਕ ਜਾਂ ਦੋ ਲੋਕਾਂ ਕੋਲ ਮੋਟਰਸਾਇਕਲ ਵੀ ਮੌਜੂਦ ਸਨ. ਬਾਕੀ ਸਭ ਨੂੰ ਤੁਰਨਾ ਪੈ ਰਿਹਾ ਸੀ. ਬੱਚੇ ਰੋ ਰਹੇ ਸੀ, ਕੁੱਝ ਬਜ਼ੁਰਗ ਔਰਤਾਂ ਅਤੇ ਬੰਦੇ ਹੋਰ ਨਹੀਂ ਤੁਰ ਪਾ ਰਹੇ ਸੀ ਅਤੇ ਉਹ ਆਪਣੇ ਪਰਵਾਰਾਂ ਨੂੰ ਬੇਨਤੀ ਕਰ ਰਹੇ ਸੀ ਕਿ ਉਹ ਤੁਰਦੇ ਰਹਿਣ. ਇਹ ਇੱਕ ਦਰਦਨਾਕ ਨਜ਼ਾਰਾ ਸੀ. ਕੁੱਝ ਲੋਕਾਂ ਕੋਲ ਹਥਿਆਰ ਸਨ, ਪਰ ਉਹ ਭਾਰੀ ਹਥਿਆਰਬੰਦ ਸਿੱਖ ਜੱਥੇਆਂ ਦੇ ਸਾਹਮਣੇ ਕੁੱਝ ਵੀ ਨਹੀਂ ਸਨ, ਜਿਨ੍ਹਾਂ ਨੇ ਸਾਨੂ ਚਾਰੇ ਪਾਸੇ ਤੋਂ ਘੇਰ ਲੀਤਾ ਸੀ. ਹਮਲੇ ਤੇਜ਼ ਅਤੇ ਕੇਂਦਰਤ ਸਨ. ਕਿਸੇ ਨੂੰ ਬਖ਼ਸ਼ ਨਹੀਂ ਕੀਤਾ ਗਿਆ.

'ਮੇਰੇ ਸਿਰ ਉਪਰ ਵਾਰ ਕੀਤਾ ਗਿਆ ਅਤੇ ਮੈਂ ਬੇਹੋਸ ਹੋ ਗਿਆ. ਜਦ ਮੈਨੂੰ ਹੋਸ਼ ਵਾਪਸ ਆਇਆ, ਮੈਂ ਵੇਖਿਆ ਕਿ ਮੈਂ ਲਾਸ਼ਾਂ ਦੁਆਰਾ ਘੇਰਿਆ ਹੋਇਆ ਸੀ. ਸ਼ਾਮ ਹੋ ਚਲੀ ਸੀ, ਅਤੇ ਮੈਂ ਮਹਿਸੂਸ ਕੀਤਾ ਕਿ ਮੈਂ ਲੱਗਭਗ 12 ਘੰਟੇਆਂ ਤੋਂ ਉਥੇ ਪਇਆ ਹੋਇਆ ਸੀ. ਮੇਰੀ ਮਾਂ, ਤਿੰਨ ਭੈਨਾਂ ਅਤੇ ਸਾਡੇ ਕਈ ਗੁਆਂਢੀਆਂ ਦੀ

ਲਾਸ਼ਾਂ ਵੀ ਉਥੇ ਪਇਆਂ ਸੀ. ਇੱਕ ਪਲ ਮੈਂ ਸੋਚਿਆ ਕਿ ਮੈਨੂੰ ਮਸੀਤ ਤੇ ਵਾਪਸ ਚਲੇ ਜਾਣਾ ਚਾਹੀਦਾ ਸੀ, ਹੋ ਸਕਦਾ ਸੀ ਮੇਰੇ ਵਾਲਿਦ ਜ਼ਿੰਦਾ ਹੋਣ. ਮੈਂ ਚਾਹੁੰਦਾ ਸੀ ਕਿ ਮੇਰਾ ਪਰਵਾਰ ਮੇਰੇ ਨਾਲ ਹੋਵੇ. ਮੈਂ ਸਿਰਫ਼ 19 ਸਾਲਾਂ ਦਾ ਸੀ ਅਤੇ ਅਚਾਨਕ ਹਰ ਕੋਈ ਮਰ ਗਿਆ ਸੀ. ਅਗਲੇ ਹੀ ਪਲ, ਪੀ.ਬੀ.ਐਫ. ਦੀ ਇੱਕ ਜੀਪ ਆ ਕੇ ਖੜ੍ਹੀ ਹੋ ਗਈ. ਮੈਨੂੰ ਪਤਾ ਨਹੀਂ ਸੀ ਕਿ ਉਹ ਕੌਣ ਲੋਕ ਸਨ, ਅਤੇ ਮੈਂ ਉਥੇ ਚੁੱਪ-ਚਾਪ ਖੜ੍ਹਾ ਰਿਹਾ. ਉ.ਸੀ. ਇੱਕ ਅੰਗ੍ਰੇਜ਼ ਸੀ ਜਿਸ ਨੂੰ ਮੇਰੇ ਉਪਰ ਤਰਸ ਆ ਗਿਆ ਅਤੇ ਉਸ ਨੇ ਮੈਨੂੰ ਕਸੂਰ ਤੱਕ ਗੱਡੀ ਵਿੱਚ ਛੱਡ ਦਿੱਤਾ. ਪਾਕਿਸਤਾਨੀ ਤਰਫ਼ ਹਿੰਦੂਆਂ ਅਤੇ ਸਿੱਖਾ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ ਸੀ. ਸਾਨੂ ਇਸਾਈ ਰਜ਼ਾਕਾਰਾਂ ਨੇ ਮੈਡੀਕਲ ਮਦਦ ਦਿੱਤੀ. ਉਹ ਰਜ਼ਾਕਾਰ ਕੈਂਪਾਂ ਵਿੱਚ, ਹਜ਼ਾਰਾਂ ਲੋਕਾਂ ਦੀ ਮਦਦ ਕਰ ਰਹੇ ਸੀ.

'ਤੁਸੀਂ 58 ਸਾਲਾਂ ਬਾਅਦ ਮੈਨੂੰ ਪੁੱਛ ਰਹੇ ਹੋ ਕਿ ਮੈਨੂੰ ਕੈਦਾਂ ਮਹਿਸੂਸ ਹੋ ਰਿਹਾ ਹੈ? ਤੁਸੀਂ ਮੈਨੂੰ ਦੱਸੋ, ਤੁਹਾਨੂ ਕੈਦਾਂ ਮਹਿਸੂਸ ਹੁੰਦਾ ਅਗਰ ਤੁਸੀਂ ਮੇਰੀ ਜਗ੍ਹ ਤੇ ਹੁੰਦੇ? ਹਜ਼ਾਰਾਂ,ਸ਼ਾਇਦ ਲੱਖਾਂ ਪਰਵਾਰਾਂ ਨੂੰ ਭੁੱਗਤਣਾ ਪਿਆ ਕਿਉਂਕਿ ਸਿਆਸਤਦਾਨਾਂ ਵਿੱਚ ਰਜ਼ਾਮੰਦੀ ਨਹੀਂ ਹੋ ਸਕੀ ਕਿ ਉਹ ਹਕੂਮਤ ਦੀ ਤਕਸੀਮ ਕਿਸ ਤਰ੍ਹਾਂ ਕਰਦੇ. ਹਕੂਮਤ ਦੀ ਹਵਸ ਦੇ ਸਿਵਾਏ ਇਹ ਹੋਰ ਕੁੱਝ ਨਹੀਂ ਸੀ. ਮੈਂ ਹੁਣ ਵੀ ਉਹ ਰਾਤ ਯਾਦ ਕਰਦਾਂ ਹਾਂ ਜਦ ਅਮਰਨਾਥ ਨੇ ਆਪਣੀ ਦੁਕਾਨ ਤੇ ਜਾ ਕੇ ਮੇਰੇ ਵਾਲਿਦ ਲਈ ਦਵਾਈ ਲਾਉਣ ਦੀ ਪੇਸ਼ਕਸ਼ ਕੀਤੀ, ਪਰ ਉਸ ਨੂੰ ਉਸ ਦੇ ਸਮੁਦਾਇ ਦੇ ਜਨੂਨੀ ਲੋਕਾਂ ਨੇ ਹਲਾਕ ਕਰ ਦਿੱਤਾ. ਉਸ ਦੇ ਮਾਤਾ ਪਿਤਾ ਤਬਾਹ ਹੋ ਗਏ ਹੋਣਗੇ. ਮੈਂ ਤੇ ਸਭ ਕੁੱਝ ਗੁਆ ਦਿੱਤਾ.'

ਫ਼ਿਰੋਜ਼ਪੁਰ ਦੇ ਦਿਹਾਤੀ ਇਲਾਕੇ

ਬੇਗਮ ਸ਼ਾਹਨਵਾਜ਼

ਫ਼ਿਰੋਜ਼ਪੁਰ ਦੇ ਦਿਹਾਤੀ ਇਲਾਕਿਆਂ ਦੀ ਘਟਣਾਵਾਂ ਬਾਰੇ ਇੱਕ ਕਹਾਣੀ ਦਾ ਜ਼ਿਕਰ ਬੇਗਮ ਸ਼ਾਹਨਵਾਜ਼ ਦੀ ਕਿਤਾਬ ਵਿੱਚ ਦਿੱਤਾ ਗਿਆ ਹੈ. ਉਹ ਲਿਖਦੀ ਹਨ:

> ਅਗਲੇ ਦਿਨ ਤੜਕੇ, ਅਸੀਂ ਨਾਸ਼ਤਾ ਕਰ ਰਹੇ ਸੀ ਕਿ ਅਸੀਂ ਕਿਸੇ ਨੂੰ ਚੀਕਦੇ ਅਤੇ ਰੋਂਦੇ ਹੋਏ ਸੁਣਿਆ. ਨੌਕਰਾਂ ਨੇ ਆ ਕੇ ਸਾਨੂ ਦੱਸਿਆ ਕਿ ਇੱਕ ਸੱਜਣ ਜਿਨ੍ਹਾਂ ਦਾ ਨਾਂਅ ਚੌਧਰੀ ਸ਼ਫ਼ਕਤ ਰਸੁਲ ਸੀ, ਫ਼ਿਰੋਜ਼ਪੁਰ ਜ਼ਿਲ੍ਹੇ ਦੇ ਇੱਕ ਬੇਹਦ ਪ੍ਰਭਾਵਸ਼ਾਲੀ ਕਬਾਇਲੀ ਸ਼ਕਸ, ਆਏ ਸੀ ਅਤੇ ਇੱਕ ਬੱਚੇ ਦੀ ਤਰ੍ਹਾਂ ਰੋ ਰਹੇ ਸੀ ਅਤੇ ਮੈਨੂੰ ਮਿਲਣਾ ਚਾਹੁੰਦੇ ਸੀ. ਜਦ ਮੈਂ ਉਸ ਨੂੰ ਮਿਲੀ, ਮੈਂ ਵੇਖਿਆ ਕਿ ਉਹ ਇੱਕ ਭਿਆਨਕ ਕਿਸਮ ਦੀ ਬੇਹੋਸ਼ੀ ਦੇ ਹਾਲ ਵਿੱਚ ਸੀ, ਅਤੇ ਆਪਣੇ ਦੁੱਖ ਬਾਰੇ ਕੁੱਝ ਵੀ ਨਹੀਂ ਦੱਸ ਪਾ ਰਿਹਾ ਸੀ...ਹੌਲੀ ਹੌਲੀ, ਜਦ ਉਹ ਕੁੱਝ ਖ਼ਮੋਸ਼ ਹੋ ਗਿਆ, ਤਦ ਉਸ ਨੇ ਸਾਨੂ ਫ਼ਿਰੋਜ਼ਪੁਰ ਜ਼ਿਲ੍ਹੇ ਤੇ ਜੋ ਕੁੱਝ ਹੋਇਆ ਸੀ, ਉਸ ਦੀ ਦੁੱਖ ਭਰੀ ਦਾਸਤਾਨ ਦੱਸੀ. ਉਸ ਨੇ ਦੱਸਿਆ ਕਿ ਉਹ ਇੱਕ ਘੁਮਾਉਦਾਰ ਰਾਹ ਫੜ ਕੇ ਆਇਆ ਸੀ ਅਤੇ, ਅਲ੍ਹਾ ਦੇ ਸ਼ੁਕਰ ਨਾਲ, ਕਿਸੇ ਤਰ੍ਹਾਂ ਲਾਹੌਰ ਪਹੁੰਚ ਗਿਆ ਸੀ. 70,000 ਤੋਂ ਵੀ ਜ਼ਿਆਦਾ ਮੁਸਲਿਮ, ਜਿਸ ਦੇ ਵਿੱਚ ਉਸ ਦਾ ਪਰਵਾਰ ਜਿਸ ਵਿੱਚ ਦੋ ਵੱਡੀ ਬੇਟੀਆਂ ਸ਼ਾਮਲ ਨੇ, ਨਹਿਰਾਂ ਦੇ ਵਿੱਚ ਦੇ ਇੱਕ ਛੋਟੇ ਟਾਪੂ ਤੇ ਪਨਾਹ ਲੀਤੀ ਹੈ, ਅਤੇ ਰਿਆਸਤ ਫ਼ਰੀਦਕੋਟ ਦੇ ਸਿੱਖਾਂ ਨੇ ਉਨ੍ਹਾਂ ਨੂੰ ਘੇਰ ਲੀਤਾ ਸੀ, ਅਤੇ ਕਿਸੇ ਵੀ ਵਕਤ ਉਣ ਸਭ ਦਾ ਕਤਲੇਆਮ ਹੋ ਸਕਦਾ ਸੀ. ਉਸ ਨੇ ਕਿਹਾ ਕਿ ਆਪਣੇ ਪਰਵਾਰ ਨੂੰ ਮਰਿਆ ਹੋਇਆ ਵੇਖਣਾ ਮੰਜ਼ੂਰ ਸੀ ਪਰ ਉਹ ਨਹੀਂ ਚਾਹੁੰਦਾ ਸੀ ਕਿ ਉਸ ਦੀ ਜਵਾਨ ਕੁੜੀਆਂ ਖੂੰਖ਼ਾਰ ਸਿੱਖਾ ਦੇ ਹੱਥਾਂ ਤੇ ਲਗ ਜਾਣ. ਮੁਖ਼ਤਲਿਫ਼ ਜਗ੍ਹਾਂ ਤੋਂ ਆਈ

ਕਹਾਣੀਆਂ ਦੇ ਮੁਤਾਬਕ, ਸਿੱਖ ਪਰਵਾਰ ਦੇ ਵੱਡੇ ਬੰਦੇਆਂ ਨੂੰ ਮਾਰ ਦੇਂਦੇ ਸੀ ਅਤੇ ਕੁੜੀਆਂ ਨੂੰ ਫੜ ਕੇ ਲੈ ਜਾਂਦੇ ਸੀ. ਉਹ ਸਿਸਕੀਆਂ ਲੈ ਰਿਹਾ ਸੀ ਅਤੇ ਮੈਨੂੰ ਬੇਨਤੀ ਕਰ ਰਿਹਾ ਸੀ ਕਿ ਉਸ ਦੇ ਪਰਵਾਰ ਦੀ ਇੱਜ਼ਤ ਬਚਾ ਦੇਵਾਂ.

ਦੋ ਦਿਨਾਂ ਤਕ, ਮੈਂ ਹਰ ਮੁਮਕਿਨ ਕੋਸ਼ਿਸ਼ ਕੀਤੀ ਪਰ ਕੋਈ ਕਾਮਯਾਬੀ ਹਾਸਲ ਨਾ ਹੋਈ. ਸ਼ਫ਼ਕਤ ਰਸੁਲ ਬਦਹਵਾਸ ਸੀ ਅਤੇ ਅਮਲੀ ਤੌਰ ਤੇ ਸ਼ੋਗ ਨਾਲ ਪਾਗਲ ਹੋ ਜਾ ਰਿਹਾ ਸੀ. ਤੀਜੇ ਦਿਨ, ਮੈਂ ਬ੍ਰਿਗੇਡਿਅਰ ਅਯੂਬ ਖ਼ਾਨ ਦੀ ਮਦਦ ਲੈਣ ਦਾ ਫ਼ੈਸਲਾ ਕੀਤਾ, ਜੋ ਬਾਉਂਡਰੀ ਫੋਰਸ ਦੇ *ਸੈਕੰਡ-ਇਨ-ਕਮਾਂਡ* ਸਨ...ਮੈਂ ਅਯੂਬ ਨੂੰ ਫੋਨ ਕਰ ਕੇ ਮੇਰੇ ਘਰ ਆਉਣ ਲਈ ਕਿਹਾ, ਅਤੇ ਜਦ ਉਹ ਆਏ, ਚੌਧਰੀ ਸ਼ਫ਼ਕਤ ਰਸੁਲ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ, ਸਭ ਕੁੱਝ ਦੱਸਿਆ. ਅਯੂਬ ਨੇ ਥੋੜੀ ਦੇਰ ਤੱਕ ਸੋਚਿਆ ਅਤੇ ਫਿਰ ਕਿਹਾ ਕਿ ਉਹ ਸਿਰਫ਼ ਇਹ ਮਦਦ ਕਰ ਸਕਦੇ ਸੀ ਕਿ ਉਹ ਸ਼ਫ਼ਕਤ ਰਸੁਲ ਨੂੰ ਇੱਕ *ਵਿਪਨ-ਕੈਰੀਅਰ* ਵਿੱਚ ਲੈ ਜਾ ਸਕਦੇ ਸੀ ਅਤੇ ਉਨ੍ਹਾਂ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਫੋਰਸ ਦੇ ਫ਼ਿਰੋਜ਼ਪੁਰ ਦੇ ਪ੍ਰਭਾਰੀ ਬ੍ਰਿਟਿਸ਼ ਬ੍ਰਿਗੇਡਿਅਰ ਨੂੰ ਇੱਕ ਚਿੱਠੀ ਲਿਖਾਂ. ਜਦ ਉਸ ਨੇ ਮੈਨੂੰ ਉਸ ਬ੍ਰਿਟਿਸ਼ ਦਾ ਨਾਂਅ ਦੱਸਿਆ ਤੇ ਮੈਂ ਖ਼ੁਸ਼ ਹੋ ਗਈ ਕਿਉਂਕਿ ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦੀ ਸੀ...ਸ਼ਫ਼ਕਤ ਨੂੰ ਉਸੇ ਸ਼ਾਮ, ਹਿਫ਼ਾਜ਼ਤ ਨਾਲ ਅਤੇ ਬ੍ਰਿਗੇਡਿਅਰ ਲਈ ਮੇਰੇ ਉਸ ਖ਼ਤ ਦੇ ਨਾਲ, ਭੇਜ ਦਿੱਤਾ ਗਿਆ. ਅਯੂਬ ਨੇ ਬਹੁਤ ਮਦਦ ਕੀਤੀ ਅਤੇ ਉਸ ਨੇ ਸ਼ਫ਼ਕਤ ਰਸੁਲ ਦੇ ਨਾਲ, ਗੜਬੜੀ ਵਾਲੀ ਜਗ੍ਹ ਤੇ, ਫ਼ੌਜੀਆਂ ਦੀ ਇੱਕ ਇਕਾਈ ਭੇਜੀ. ਉਹ ਠੀਕ ਵਕਤ ਤੇ ਪਹੁੰਚ ਗਏ ਜਦ ਫ਼ਰੀਦਕੋਟ ਤੇ ਸਿੱਖਾਂ ਦਾ ਮੁੱਖ ਹਮਲਾ ਸ਼ੁਰੂ ਹੋ ਗਿਆ ਸੀ. ਫਸੇ ਹੋਏ ਸਾਰੇ ਬੇਕਸੂਰ ਮੁਸਲਿਮਾਂ ਦੀ ਜਾਨਾ ਬਚ ਗਈਆਂ (2002: 211–12).

ਜਲੰਧਰ

ਜਲੰਧਰ ਜ਼ਿਲ੍ਹੇ ਤੇ ਮੁਸਲਿਮਾਂ ਦੀ 45 ਫ਼ੀਸਦੀ ਦੀ ਇੱਕ ਵੱਡੀ ਮਾਇਨਾਰਿਟੀ ਸੀ. ਇਹ ਮੁਸਲਿਮ ਲੀਗ ਦਾ ਗੜ ਸੀ ਪਰ ਆਰ.ਐਸ.ਐਸ. ਨੂੰ ਛੱਡ ਕੇ, ਕਾਂਗਰੇਸ ਦੀ ਵੀ ਇੱਕ ਵੱਡੀ ਮੌਜੂਦਗੀ ਸੀ.

ਜਲੰਧਰ ਸ਼ਹਿਰ

ਜਲੰਧਰ ਸ਼ਹਿਰ ਅਤੇ ਛਾਉਣੀ ਤੇ ਮੁਸਲਿਮਾਂ ਦੀ 59 ਫ਼ੀਸਦੀ ਦੀ ਮਜਾਰਿਟੀ ਸੀ. ਇਹ ਮੁਸਲਿਮ ਲੀਗ ਦੇ ਗੜ ਸਨ ਪਰ ਇਥੇ ਵੀ ਆਰ.ਐਸ.ਐਸ. ਅਤੇ ਕਾਂਗਰੇਸ ਬਹੁਤ ਸੰਗਠਤ ਅਤੇ ਮੁਸਤੈਦ ਸਨ. ਜਲੰਧਰ ਦੇ ਸਿੱਖ, ਪ੍ਰਮੁੱਖ ਸਮੂਹ ਸਨ.

ਮਿਆਂ ਜਲਾਲ ਦੀਨ

'ਜਲੰਧਰ ਪਾਕਿਸਤਾਨ ਨੂੰ ਮਿਲਣਾ ਚਾਹੀਦਾ ਸੀ. ਜਲੰਧਰ ਨੂੰ ਲਾਹੌਰ ਨਾਲ ਜੋੜਣ ਵਾਲੀਆਂ ਕਈ ਮੁਸਲਿਮ ਪ੍ਰਧਾਨ ਤਹਸੀਲਾਂ ਸੀ. ਰੈਡਕਲੀਫ ਮਾਉਂਟਬੈਟਨ ਦੁਆਰਾ ਮੁਤਾਸਰ ਕੀਤੇ ਗਏ ਤਾਂਕਿ ਉਹ ਮੁਸਲਿਮ ਦਾਅਵੇ ਨੂੰ ਨਾ ਮੱਨਣ. ਅਸੀਂ ਪਾਕਿਸਤਾਨ ਦੇ ਖ਼ਿਆਲ ਬਾਰੇ ਸਮਰਪਤ ਸੀ ਕਿਉਂਕਿ ਅਸੀਂ ਇਸਲਾਮ ਵਿੱਚ ਬਹੁਤ ਮਜਬੂਤੀ ਨਾਲ ਯਕੀਨ ਕਰਦੇ ਸੀ. ਮੇਰੇ ਪਰਵਾਰ ਦੇ ਹਾਲਾਤ ਉਮਦਾ ਸਨ; ਮੇਰੇ ਦਾਦਾ ਇੱਕ ਰਈਸ ਜ਼ਿਮੀਦਾਰ ਸਨ ਅਤੇ ਸ਼ਹਿਰ ਤੇ ਉਨ੍ਹਾਂ ਨੇ ਕਈ ਮਕਾਨ ਬਣਾਏ ਸੀ. ਇਹ ਸੱਚ ਹੈ ਕਿ ਜਲੰਧਰ ਦੇ ਹਿੰਦੂ ਭਲੇ

ਲੋਕ ਸਨ, ਪਰ ਇਥੇ ਆਰ.ਐਸ.ਐਸ. ਕਾਫ਼ੀ ਮਜਬੂਤ ਸੀ. ਅਕਸਰ, ਮੁਸਲਿਮ ਲੀਗ ਨੈਸ਼ਨਲ ਗਾਰਡ ਅਤੇ ਆਰ.ਐਸ.ਐਸ. ਦੇ ਦਰਮਿਆਨ ਤਣਾਅ ਪੈਦਾ ਹੋ ਜਾਂਦਾ ਸੀ.

'ਰੈਡਕਲੀਫ ਅਵਾਰਡ ਨੂੰ ਜਲੰਧਰ ਵਿੱਚ ਬੇਹਦ ਘਬਰਾਹਟ ਨਾਲ ਵੇਖਿਆ ਗਿਆ. ਕੁੱਝ ਵਕਤ ਤਕ, ਸਾਡੇ ਬਜ਼ੁਰਗਾਂ ਨੇ ਜਲੰਧਰ ਤੇ ਹੀ ਟਿਕੇ ਰਹਿਣ ਦਾ ਫ਼ੈਸਲਾ ਕੀਤਾ, ਪਰ ਫਿਰ ਪਛੱਮ ਪੰਜਾਬ ਤੋਂ ਹਿੰਦੂ ਅਤੇ ਸਿੱਖ ਇੱਕ ਵੱਡੀ ਤਦਾਦ ਤੇ ਆਉਣ ਲਗੇ ਅਤੇ ਉਨ੍ਹਾਂ ਨੇ ਮੁਸਲਿਮ ਜ਼ੁਲਮਾਂ ਦੀ ਦਾਸਤਾਨਾਂ ਦੱਸੀਆਂ. ਇਸ ਦੇ ਚਲਦਿਆਂ ਸਿੱਖ ਜੱਥੇ ਅਤੇ ਆਰ.ਐਸ.ਐਸ. ਹਰਕਤ ਵਿੱਚ ਆ ਗਏ. ਮੁਸਲਿਮ ਹੁਣ ਵੀ ਸੋਚ ਰਹੇ ਸੀ ਕਿ ਉਹ ਹਾਲਾਤ ਨਾਲ ਨਿਪਟ ਲੈਣਗੇ, ਪਰ ਉਥੇ ਦਾ ਡਿਪਟੀ ਕਮੀਸ਼ਨਰ ਇੱਕ ਹਿੰਦੂ ਸੀ, ਜੋ ਪੂਰੀ ਤਰ੍ਹਾਂ ਤਰਫ਼ਦਾਰੀ ਕਰ ਰਿਹਾ ਸੀ. ਉਸ ਦਾ ਗੁਜਰਾਂਵਾਲਾ ਤੋਂ ਤਬਾਦਲਾ ਹੋਇਆ ਸੀ, ਜਿਥੇ ਸ਼ਾਇਦ ਮੁਸਲਿਮਾਂ ਨੇ ਉਸ ਦੀ ਕੌਮ ਉਪਰ ਜ਼ੁਲਮ ਕੀਤੇ ਸੀ. ਹਰ ਦਿਨ ਮੁਸਲਿਮਾਂ ਉਪਰ ਹਮਲੇਆਂ ਦਾ ਵਾਧਾ ਹੋ ਰਿਹਾ ਸੀ, ਜਾਂ ਇਹ ਕਿਹਾ ਜਾ ਸਕਦਾ ਸੀ ਕਿ ਹਰ ਘੰਟੇ ਤੇ ਵਾਧਾ ਹੋ ਰਿਹਾ ਸੀ. ਬਦਮਾਸ਼ ਹਰ ਕਿਸਮ ਦੇ ਹਥਿਆਰਾਂ ਦਾ ਇਸਤੇਮਾਲ ਕਰ ਰਹੇ ਸੀ. ਮੈਨੂੰ ਇੱਕ ਮਜ਼ਬੂਤ ਇਹਸਾਸ ਹੈ ਕਿ ਉਹ ਕਪੂਰਥਲਾ ਰਿਆਸਤ ਤੋਂ ਘੋੜੇਆਂ ਅਤੇ ਗੱਡੀਆਂ ਤੇ ਵੀ ਆਉਂਦੇ ਸੀ, ਗੋਲੀਬਾਰੀ ਕਰਦੇ ਅਤੇ ਇਮਾਰਤਾਂ ਨੂੰ ਅੱਗ ਲਗਾ ਦੇਂਦੇ. ਕਿਸੇ ਉਪਰ ਕੋਈ ਰਹਿਮ ਨਹੀਂ ਦਿਖਾਇਆ ਜਾਂਦਾ ਸੀ.

'ਅਰਵਿੰਦ ਸ਼ਰਮਾ, ਮੇਰਾ ਇੱਕ ਹਿੰਦੂ ਦੋਸਤ ਸੀ. ਉਹ ਬਾਮਣ ਸੀ. ਉਸ ਦੇ ਪਿਤਾ ਇੱਕ ਸਰਕਾਰੀ ਨੌਕਰੀ ਦੇ ਚਲਦੇ, ਦਿੱਲੀ ਤੇ ਤਇਨਾਤ ਸਨ. ਇੱਕ ਦਿਨ ਉਹ ਆਇਆ ਅਤੇ ਮੈਨੂੰ ਖ਼ਬਰ ਦਿੱਤੀ ਕਿ ਉਸ ਨੇ ਸੁਣਿਆ ਸੀ ਕਿ ਪੂਰਬੀ ਪੰਜਾਬ ਤੋਂ ਸਾਰੇ ਮੁਸਲਿਮਾਂ ਨੂੰ ਕੱਢਣ ਦਾ ਫ਼ੈਸਲਾ ਲੀਤਾ ਜਾ ਚੁਕਿਆ ਸੀ ਅਤੇ ਇਹ ਸਭ ਤੋਂ ਬਿਹਤਰ ਸੀ ਕਿ ਅਸੀਂ ਚਲੇ ਜਾਇਏ. ਜ਼ਿਆਦਾਤਰ ਦੂਜੇ ਲੋਕ ਕੈਂਪਾ ਤੇ ਚਲੇ ਗਏ ਸੀ ਪਰ ਸਾਡਾ ਇੱਕ ਤਾਕਤਵਰ ਅਤੇ ਪ੍ਰਭਾਵਸ਼ਾਲੀ ਪਰਵਾਰ ਸੀ, ਅਤੇ ਅਸੀਂ ਬਾਅਦ ਤੇ, ਅਕਤੂਬਰ ਤੇ ਗਏ. ਮੇਰੇ ਵਾਲਿਦ ਨੇ ਤਿੰਨ ਟਰੱਕਾਂ ਦਾ ਇੰਤਜ਼ਾਮ ਕੀਤਾ ਸੀ ਜਿਸ ਵਿੱਚ ਸਾਡੇ ਪਰਵਾਰ ਦੇ ਕਰੀਬੀ ਲੋਕਾਂ ਅਤੇ ਜ਼ਰੂਰਤ ਦੀ ਚੀਜਾ ਨੂੰ ਲੈ ਲੀਤਾ ਗਿਆ. ਮੁਸਲਿਮ ਫ਼ੌਜ਼ ਦੀ ਟੁਕੜੀ ਸਾਡੇ ਨਾਲ ਵਾਹਗਾ ਤਕ, ਸਾਡੀ ਹਿਫ਼ਾਜ਼ਤ ਲਈ ਮੌਜੂਦ ਸੀ. ਸਫ਼ਰ ਦੇ ਦੌਰਾਨ, ਮੈਂ ਚਾਰੇ ਪਾਸੇ ਲਾਸ਼ਾਂ ਵੇਖਿਆਂ. ਇੰਡੀਆ ਦੇ ਮੁਸਲਿਮਾਂ ਦਾ ਸਿਰਫ਼ ਇੱਕ ਹੱਲ ਸੀ ਅਤੇ ਉਹ ਸੀ ਪਾਕਿਸਤਾਨ. ਕਈ ਵਾਰ ਮੈਂ ਜਲੰਧਰ ਦੇ ਬਾਰੇ ਸੋਚਦਾ ਹਾਂ ਅਤੇ ਅਸੀਂ ਜਲੰਧਰ ਦੇ ਦੂਜੇ ਪਰਵਾਰਾਂ ਨਾਲ ਸੰਪਰਕ ਕਾਇਮ ਰੱਖਿਆ ਹੈ, ਜੋ ਇਥੇ ਆ ਕੇ ਵਸ ਗਏ ਨੇ. ਆਮ ਤੌਰ ਤੇ, ਉਨ੍ਹਾਂ ਦੇ ਵਿੱਚ ਵਿਆਹ-ਸ਼ਾਦੀਆਂ ਵੀ ਹੁੰਦੀਆਂ ਨੇ, ਮਗਰ ਨਵੀਂ ਪੀੜ੍ਹੀ ਜਲੰਧਰ ਬਾਰੇ ਕੁੱਝ ਵੀ ਨਹੀਂ ਸੋਚਦੀ ਹੈ. ਮੈਂ ਇੱਕ ਵਾਰ 1960 ਦੇ ਦਹਾਕੇ ਤੇ ਜਲੰਧਰ ਗਿਆ ਸੀ, ਪੁਰਾਣੀ ਇਮਾਰਤਾਂ ਮੌਜੂਦ ਸਨ. ਹਫ਼ੀਜ਼ਾਬਾਦ ਦੇ ਕੁੱਝ ਹਿੰਦੂ ਖਤਰੀ ਲੋਕਾਂ ਨੂੰ ਸਾਡਾ ਘਰ ਦੇ ਦਿੱਤਾ ਗਿਆ ਸੀ. ਉਹ ਇਏ ਮਿਹਰਬਾਨ ਸਨ ਕਿ ਉਨ੍ਹਾ ਨੇ ਮੈਨੂੰ ਅੰਦਰ ਆ ਕੇ ਆਪਣੇ ਕਮਰੇ ਨੂੰ ਵੇਖਣ ਦਿੱਤਾ ਜਿਥੇ ਮੈਂ ਸੌਂਦਾ ਅਤੇ ਪੜ੍ਹਦਾ ਸੀ. ਉਨ੍ਹਾਂ ਨੇ ਮੈਨੂੰ ਚਾਹ ਪੀਣ ਨੂੰ ਦਿੱਤੀ ਅਤੇ ਸਾਡੀ ਇੱਕ ਲੰਬੀ ਗੱਲ-ਬਾਤ ਹੋਈ. ਉਨ੍ਹਾਂ ਦੀ ਕਹਾਣੀ ਵੀ ਸਾਡੀ ਤਰ੍ਹਾਂ ਹੀ ਸੀ. ਮੈਨੂੰ ਦੱਸਿਆ ਗਿਆ ਹੈ ਕਿ ਪੁਰਾਣੀ ਇਮਾਰਤਾਂ ਹੁਣ ਵੀ ਮੌਜੁਦ ਨੇ ਪਰ ਜਲੰਧਰ ਤੇ ਉਸ ਵਰਗਾ (1947) ਨਹੀਂ ਹੋ ਸਕਦਾ.

ਮੁਹੱਮਦ ਅਯੂਬ ਖ਼ਾਨ

ਜਲੰਧਰ ਦੇ ਕੁੱਝ ਵਾਕਿਐ, ਮੁਹੱਮਦ ਅਯੂਬ ਖ਼ਾਨ ਦੀ ਕਿਤਾਬ ਤਾਰੀਖ-ਇ-ਪਾਕਿਸਤਾਨ ਔਰ ਜਲੰਧਰ ਤੋਂ, ਪਿੱਛਲੇ ਇੱਕ ਅਧਿਆਇ ਤੇ ਪੇਸ਼ ਕੀਤੇ ਗਏ ਹਨ. 15 ਅਗਸਤ ਦੇ ਬਾਅਦ ਦੀ ਅਹਿਮ ਘਟਨਾਵਾਂ ਬਾਰੇ ਇਤਲਾਹ ਹੇਠ ਪੇਸ਼ ਹੈ:

ਸਤੰਬਰ ਦੇ ਸ਼ੁਰੂ ਤੇ (ਸ਼ਾਇਦ 15 ਅਗਸਤ ਦੇ ਤੁਰੰਤ ਬਾਅਦ) ਆਲ ਇੰਡੀਆਂ ਕਾਂਗਰੇਸ ਪਾਰਟੀ ਨੇ ਆਪਣੇ ਪਾਰਟੀ ਦੇ ਪ੍ਰਧਾਨ ਡਾ.ਜ਼ਾਕਿਰ ਹੁਸੈਨ (ਜੋ ਬਾਅਦ ਤੇ ਇੰਡੀਆ ਦੇ ਰਾਸ਼ਟਰਪਤੀ ਬਣੇ) ਨੂੰ ਹਾਲਾਤ ਦਾ ਜਾਇਜ਼ਾ ਲੈਣ ਲਈ ਜਲੰਧਰ ਭੇਜਿਆ-*ਲੇਖਕ ਦੀ ਟਿਪਣੀ: ਡਾ.ਜ਼ਾਕਿਰ ਹੁਸੈਨ ਉਸ ਵਕਤ ਪਾਰਟੀ ਦੇ ਪ੍ਰੈਸੀਡੇਂਟ ਨਹੀਂ ਸਨ, ਬਲਕਿ ਉਹ ਜਾਮਿਆ ਮਿਲਿਆ, ਇੱਕ ਕਾਂਗਰੇਸ ਹਿਮਾਇਤੀ ਯੂਨੀਵਰਸਿਟੀ ਦੇ ਪ੍ਰੋਫ਼ੇਸਰ ਸਨ.* ਜਦ ਖ਼ਬਰ ਫ਼ੈਲੀ ਕਿ ਡਾ.ਜ਼ਾਕਿਰ ਹੁਸੈਨ ਆ ਰਹੇ ਸੀ, ਤਦ ਜੋ ਮੁਸਲਿਮ ਆਲੇ-ਦੁਆਲੇ ਦੀ ਜਗ੍ਹਾਂ ਤੇ ਖ਼ੌਫ਼ ਵਿੱਚ ਰਹ ਰਹੇ ਸੀ, ਇੱਕ ਵੱਡੀ ਤਦਾਦ ਤੇ ਆਪਣੇ ਪਰਿਵਾਰਾਂ ਸਮੇਤ ਸ਼ਹਿਰ ਤੇ ਆਉਣ ਲਗੇ, ਇਸ ਉਮੀਦ ਨਾਲ ਕਿ ਉਨ੍ਹਾਂ ਦੀ ਹਿਫ਼ਾਜ਼ਤ ਅਤੇ ਮਹਿਫ਼ੂਜ਼ੀਅਤ ਦਾ ਵਾਧਾ ਹੋਵੇਗਾ. ਇਸ ਦੇ ਬਜ਼ਾਏ, ਉਹ ਸਿੱਖ ਜੱਥੇਆਂ ਦਾ ਆਸਾਨ ਸ਼ਿਕਾਰ ਬਣ ਗਏ ਜਿਨ੍ਹਾਂ ਨੇ ਕਤਲੇਆਮ ਦਾ ਤਾਂਡਵ ਮਚਾ ਦਿੱਤਾ...ਡਿਪਟੀ ਕਮੀਸ਼ਨਰ ਤਾਰੀਕ ਇਸਮਾਇਲ ਖ਼ਾਨ ਉਥੇ, ਕਰਨਾਲ ਤੋਂ ਆਪਣੀ ਬੀਵੀ ਅਤੇ ਬੱਚੇਆਂ ਨੂੰ ਲੈ ਕੇ ਆਏ. ਚੁੰਕਿ ਉਹ ਇੱਕ ਯੂਰੋਪਿਅਨ ਲਗ ਰਹੇ ਸੀ ਅਤੇ ਉਸ ਦੀ ਪੇਸ਼ਾਕ ਇੱਕ ਪਛੱਮ ਦੇ ਇਨਸਾਨ ਦੀ ਤਰ੍ਹਾਂ ਸੀ, ਉਹ ਹਮਲਾਵਰਾ ਨੂੰ ਦੂਰ ਰੱਖਣ ਤੇ ਕਾਮਣਾਬ ਹੋ ਗਏ. ਜਲੰਧਰ ਦੇ ਰੇਲਵੇ ਪਲੈਟਫਾਰਮ ਤੇ ਲਾਸ਼ਾਂ ਬਿਖਰੀ ਪਇਆਂ ਸੀ. ਸਟੇਸ਼ਨ ਦੇ ਉਡੀਕ ਘਰਾਂ ਤੇ 7,000-8,000 ਮੁਸਲਿਮਾਂ ਨੇ ਪਨਾਹ ਲੀਤੀ ਹੋਈ ਸੀ...ਡਾ.ਜ਼ਾਕਿਰ ਹੁਸੈਨ ਮੁਸਲਿਮ ਪੇਸ਼ਾਕ ਪਹਿਣ ਕੇ ਆਏ ਸੀ ਅਤੇ ਕੁੱਝ ਲੋਕਾਂ ਨੇ ਉਨ੍ਹਾਂ ਦੇ ਉਪਰ ਵੀ ਹਮਲਾ ਕਰਣ ਦੀ ਕੋਸ਼ਿਸ਼ ਕੀਤੀ, ਪਰ ਕਾਂਗਰੇਸ ਕਾਰਜਕਰਤਾ ਉਨ੍ਹਾਂ ਦੇ ਨਜਦੀਕ ਇਕੱਠਾ ਹੋ ਗਏ ਅਤੇ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ...ਜਦ ਡਿਪਟੀ ਕਮੀਸ਼ਨਰ ਤਾਰੀਕ ਇਸਮਾਇਲ ਖ਼ਾਨ ਨੂੰ ਪਤਾ ਲਗਾ ਕਿ ਡਾ.ਜ਼ਾਕਿਰ ਹੁਸੈਨ ਜਲੰਧਰ ਸਟੇਸ਼ਨ ਤੇ ਮੌਜੁਦ ਸਨ, ਤੇ ਉਹ ਕੁੱਝ ਮੁਸਲਿਮਾਂ ਨਾਲ ਜਾ ਕੇ ਉਨ੍ਹਾਂ ਦੇ ਨਾਲ ਮਿਲੇ ਅਤੇ ਖ਼ਬਰ ਦਿੱਤੀ ਕਿ ਉਡੀਕ ਘਰਾਂ ਤੇ ਹਜ਼ਾਰਾਂ ਦੀ ਤਦਾਦ ਤੇ ਮੁਸਲਿਮ ਲੁੱਕੇ ਹੋਏ ਸੀ, ਅਤੇ ਉਨ੍ਹਾਂ ਨੂੰ ਦਖ਼ਲ ਦੇਣ ਲਈ ਗੁਜ਼ਾਰਸ਼ ਕੀਤੀ. ਡਾ.ਜ਼ਾਕਿਰ ਹੁਸੈਨ ਨੇ ਕਾਂਗਰੇਸ ਦੇ ਕਾਰਕੁਨਾਂ ਅਤੇ ਸਰਕਾਰੀ ਅਫ਼ਸਰਾਂ ਨੂੰ ਜੋ ਉਥੇ ਮੌਜੁਦ ਸਨ, ਹਜ਼ਾਰਾਂ ਮੁਸਲਿਮਾਂ ਨੂੰ ਪਨਾਹਗੀਰਾਂ ਦੇ ਕੈਂਪਾਂ ਤੇ ਲੈ ਜਾਣ ਦੀ ਮਦਦ ਕਰਣ ਲਈ ਗੁਹਾਰ ਲਗਾਈ. ਇਸ ਨੇ ਕਾਂਗਰੇਸ ਦੇ ਕਾਰਕੁਨਾਂ ਨੂੰ ਪਰੇਰਿਤ ਕੀਤਾ, ਜਿਨ੍ਹਾਂ ਨੇ ਟਰੱਕਾਂ ਅਤੇ ਦੂਜੇ ਸਾਧਨਾਂ ਦਾ ਦਹਿਸ਼ਤਮੰਦ ਮੁਸਲਿਮਾਂ ਲਈ, ਇੰਤਜ਼ਾਮ ਕੀਤਾ ਅਤੇ ਉਨ੍ਹਾਂ ਨੂੰ ਫਿਰ ਕੈਂਪਾ ਤੇ ਲੈ ਜਾਂਦਾ ਗਿਆ (2002: 271-3).

24 ਸਤੰਬਰ ਨੂੰ (24 ਅਗਸਤ ਨੂੰ ਜਾਂ ਪਹਿਲਾਂ) ਵਜ਼ੀਰ-ਏ-ਆਜ਼ਮ ਜਵਾਹਰਲਾਲ ਨਹਿਰੂ ਨੇ ਜਲੰਧਰ ਦਾ ਦੌਰਾ ਕੀਤਾ. ਨਹਿਰੂ ਨਾਲ ਦੋ ਮੌਲਵੀ ਮੌਜੁਦ ਸਨ ਜਿਨ੍ਹਾਂ ਦਾ ਤਾਲੁੱਕ ਮਜਲਿਸ-ਇ-ਅਹਰਾਰ ਨਾਲ ਸੀ ਅਤੇ ਉਹ ਰਾਸ਼ਟਰਵਾਦੀ ਸਨ *[ਉਨ੍ਹਾਂ ਤੋਂ ਇੱਕ ਮੌਲਾਨਾ ਹਬੀਬੁਰ ਰਹਮਾਨ ਸਨ, ਇਹ ਮੈਨੂੰ ਲੁਧਿਆਣਾ ਤੇ ਪਤਾ ਲਗਾ, ਜਦ ਮੈਂ ਉਸ ਦੇ ਪੋਤੇ ਦਾ ਇੰਟਰਵਿਊ ਲਤਾ, ਜੋ ਉਥੇ ਰਹਿੰਦਾ ਹੈ ਅਤੇ ਮੁੱਖ ਮਸੀਤ ਦਾ ਪ੍ਰਧਾਨ ਹੈ-ਲੇਖਕ]*. ਕੰਪਨੀ ਬਾਘ ਤੇ ਇੱਕ ਆਮ ਸਭਾ ਹੋਈ ਜਿਸ ਵਿੱਚ ਦੀ ਇੱਕ ਵੱਡੀ ਤਦਾਦ ਤੇ, ਲੋਕਾਂ ਨੇ ਸ਼ਿਰਕਤ ਕੀਤੀ. ਮੁਸਲਿਮਾਂ ਦੀ ਤਰਫ਼ੋਂ, ਮੁਸਲਿਮ ਲੀਗ ਦੇ ਕਾਰਕੁਨ ਸ਼ਮਸੁਲ ਹੱਕ ਸ਼ਹੀਦ ਬੋਲੇ ਅਤੇ ਹਿੰਦੂਆਂ ਅਤੇ ਸਿੱਖਾਂ ਦੁਆਰਾ ਮੁਸਲਿਮਾਂ ਦੇ ਖ਼ਿਲਾਫ਼ ਜ਼ੁਲਮਾਂ ਦਾ ਵੇਰਵਾ ਦਿੱਤਾ.

ਨਹਿਰੂ ਨੇ ਆਪਣੇ ਭਾਸ਼ਣ ਤੇ ਕਿਹਾ ਕਿ ਇਹ ਚਾਲ-ਚਲਣ ਭਲੇ ਅਤੇ ਸਭਿਅ ਲੋਕਾਂ ਦਾ ਨਹੀਂ ਸੀ. ਇਹ ਮੁਜਰਮਾਂ ਅਤੇ ਗੁੰਡੇਆਂ ਦਾ ਵਿਵਹਾਰ ਸੀ. ਤਦ ਇੱਕ ਸਿੱਖ ਕਮਊਨਿਸਟ ਨੇ ਕਿਹਾ, "ਭਾਵੇਂ ਇਹ ਲੋਕ ਮੁਜਰਿਮ ਨੇ ਜਾਂ ਗੁੰਡੇ ਨੇ, ਇਹ ਸਭ ਤੁਹਾਡੇ ਇਰਦ-ਗਿਰਦ ਨੇ." ਇਹ ਸੁਣ ਕੇ ਨਹਿਰੂ ਨੇ ਕਿਹਾ, "ਮੈਂ ਇਥੇ

ਅਮਨ ਅਤੇ ਭਾਈਚਾਰਾ ਬਹਾਲ ਕਰਣ ਆਇਆ ਹਾਂ. ਜੋ ਆਪਣਾ ਘਰ ਛੱਡ ਕੇ ਚਲੇ ਗਏ ਨੇ, ਮੈਂ ਉਨ੍ਹਾਂ ਨੂੰ ਵਾਪਸ ਲੈ ਕੇ ਆਵਾਂਗਾ". ਫਿਰ, ਉਨ੍ਹਾਂ ਨੇ ਹਿੰਦੂਆਂ, ਸਿੱਖਾਂ ਅਤੇ ਇੰਤਜ਼ਾਮਿਆ ਦੇ ਅਫ਼ਸਰਾਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਉਹ ਕਾਨੂੰਨ ਅਤੇ ਵਿਵਸਥਾ ਕਾਇਮ ਰੱਖਣ. ਇਸ ਦਾ ਨਤੀਜਾ ਇਹ ਸੀ ਕਿ ਮੁਸਲਿਮਾਂ ਉਪਰ ਹਮਲੇ ਕਾਫ਼ੀ ਹੱਦ ਤੱਕ ਘੱਟ ਹੋ ਗਏ (Ibid: 273).

ਨਹਿਰੂ ਦੇ ਆਉਣ ਦੇ ਇੱਕ ਹਫ਼ਤੇ ਬਾਅਦ, ਇੰਡੀਆ ਦੇ ਗ੍ਰਹਿ ਮੰਤਰੀ ਸਰਦਾਰ ਵਲੱਭਬਾਈ ਪਟੇਲ ਜਲੰਧਰ ਆਏ. ਲੋਕਾਂ ਨਾਲ ਮਿਲਣ ਦੇ ਬਜਾਏ, ਉਹ ਆਪਣੇ ਇੰਤਜ਼ਾਮਿਆ ਸਟਾਫ ਅਤੇ ਕਾਂਗਰੇਸ ਦੇ ਕਾਰਕੁਨਾਂ ਨਾਲ ਹੀ ਗੱਲ-ਬਾਤ ਕਰਦੇ ਰਹੇ. ਉਨ੍ਹਾਂ ਦਾ ਆਉਣ ਦਾ ਮਕਸਦ ਕੀ ਸੀ? ਇਸ ਨੂੰ ਖ਼ੁਫ਼ੀਆ ਰੱਖਿਆ ਗਿਆ ਪਰ ਉਨ੍ਹਾਂ ਦੇ ਜਾਣ ਦੇ ਬਾਅਦ, ਮੁਸਲਿਮਾਂ ਉਪਰ ਹਮਲੇ ਦੀ ਤੀਬਰਤਾ ਕਾਫ਼ੀ ਵਧ ਗਈ. ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਦੇ ਆਉਣ ਦਾ ਮਕਸਦ ਇਹ ਸੀ ਕਿ ਨਹਿਰੂ ਦੇ ਦੌਰੇ ਦੇ ਮਕਸਦ ਨੂੰ ਬੇਅਸਰ ਕਰਨਾ. ਉਨ੍ਹਾਂ ਦੇ ਜਾਂਦੇ ਹੀ, ਕਰਫਿਊ ਲਾਗੂ ਕਰ ਦਿੱਤਾ ਗਿਆ. ਹਕੀਕਤ ਤੇ ਇਹ ਸੀ ਕਿ ਇਹ ਸਿਰਫ਼ ਮੁਸਲਿਮਾਂ ਲਈ ਸੀ. ਹਿੰਦੂ ਅਤੇ ਸਿੱਖ ਬਗੈਰ ਕਿਸੇ ਖ਼ੌਫ਼ ਜਾਂ ਰੋਕ ਦੇ ਘੁਮਦੇ ਰਹੇ. ਉਹ ਖੁਲ੍ਹੇ ਆਮ ਆਪਣੀ ਤਲਵਾਰਾਂ ਅਤੇ ਕਿਰਪਾਨਾ ਲਹਰਾਉਂਦੇ ਹੋਏ ਘੁਮਦੇ ਰਹੇ. ਉਸ ਇਲਾਕੇ ਤੇ ਗਸ਼ਤ ਕਰਦੇ ਹੋਏ ਗੋਰਖਾ ਸਿਪਾਹੀਆਂ ਨੂੰ ਹਟਾ ਲੀਤਾ ਗਿਆ ਕਿਉਂਕਿ ਉਹ, ਉਸ ਇਲਾਕੇ ਤੇ, ਹਿੰਦੂਆਂ ਅਤੇ ਸਿੱਖਾਂ ਨੂੰ ਹਮਲੇ ਕਰਣ ਤੋਂ ਰੋਕ ਰਹੇ ਸੀ. ਉਨ੍ਹਾਂ ਦੇ ਬਦਲੇ ਡੋਗਰਾ ਸਿਪਾਹੀਆਂ ਨੂੰ ਗਸ਼ਤ ਕਰਣ ਲਈ ਲਗਾ ਦਿੱਤਾ ਗਿਆ. ਗੋਰਖਾ ਸਿਪਾਹਿਆਂ ਦੇ ਮੁਕਾਬਲੇ, ਉਹ ਬਹੁਤ ਜ਼ਿਆਦਾ ਤਰਫ਼ਦਾਰੀ ਕਰਦੇ ਸੀ. ਹਿੰਦੂਆਂ ਦੇ ਦੱਸਣ ਦੇ ਮੁਤਾਬਕ, ਜਲੰਧਰ ਦੇ ਪ੍ਰਮੁੱਖ ਮੁਸਲਿਮਾਂ ਦੀ ਹੱਤਿਆ ਕਰਣ ਲਗੇ (2002: 273-4).

ਜਿਥੇ ਤੱਕ ਇਸ ਅਫ਼ਸਾਨੇ ਦਾ ਸਵਾਲ ਹੈ, ਇਹ ਗੌਰ ਕੀਤਾ ਜਾਵੇ ਕਿ ਤਾਰੀਖਾਂ ਗਲਤ ਨੇ ਪਰ ਘਟਣਾਵਾਂ ਦੇ ਵੇਰਵੇ ਬਾਰੇ, ਦੂਜੀ ਸਰੋਤਾ ਨਾਲ ਪੜਤਾਲ ਕੀਤੀ ਗਈ ਹੈ. ਇਹ ਕਿਤਾਬ, ਮੁਸਲਿਮ ਮਹੱਲੇਆਂ ਤੇ ਹੋਏ ਹਮਲੇਆਂ ਦਾ ਵੇਰਵਾ ਦੇਂਦੀ ਹੈ ਅਤੇ ਉਣ ਪ੍ਰਮੁੱਖ ਮੁਸਲਿਮਾਂ ਦੇ ਨਾਂਅ ਦਾ ਜ਼ਿਕਰ ਕਰਦੀ ਹੈ ਜੋ ਡੋਗਰਾ ਸਿਪਾਹੀਆਂ ਅਤੇ ਹਿੰਦੂ-ਸਿੱਖ ਗਿਰੋਹਾਂ ਦੀ ਮਿਲੀ-ਭਗਤ ਨਾਲ ਮਾਰ ਦਿੱਤੇ ਗਏ. ਜ਼ਿਕਰ ਕੀਤੀ ਗਈ ਕੁੱਝ ਮਿਸਾਲਾਂ ਸੱਚ-ਮੁੱਚ ਦਿਲ-ਦਹਿਲਾ ਦੇਣ ਵਾਲੀਆਂ ਨੇ, ਜੈਦਾਂ ਕਿ, "ਜਿਣ ਮੁਸਲਿਮਾਂ ਨੂੰ ਸਿਵਲ ਹਸਪਤਾਲ ਲੈ ਕੇ ਆਇਆ ਗਿਆ ਸੀ, ਉਨ੍ਹਾਂ ਦਾ ਕੋਈ ਇਲਾਜ਼ ਨਹੀਂ ਕੀਤਾ ਗਿਆ ਅਤੇ ਕੁੱਝ ਨੂੰ ਤੇ ਸੂਲੀ ਤੇ ਲਟਕਾ ਦਿੱਤਾ ਗਿਆ" (Ibid: 275).

ਉਹ ਲਿਖਦੇ ਨੇ ਕਿ ਮੁਸਲਿਮ ਲੀਗ ਦੇ ਕਾਰਕੁਨ ਅਤੇ ਆਗੂ ਬੇਹਦ ਮੂਸਕਲ ਹਾਲਾਤ ਦਾ ਸਾਹਮਣਾ ਕਰਦੇ ਰਹੇ. ਤਿੰਨ ਮੁਸਲਿਮ ਉਨ੍ਹਾਂ ਨੂੰ ਹਿੰਦੂ-ਸਿੱਖ ਮੰਸੂਬੇ ਬਾਰੇ ਖ਼ੁਫ਼ੀਆ ਇਤਲਾਹ ਦੇਂਦੇ ਰਹੇ, ਜਿਸ ਵਿੱਚ ਸਾਰੇ ਮੁਸਲਿਮ ਮਹੱਲੇਆਂ ਤੇ ਹਮਲੇ ਕਰਣ ਦੀ ਅਤੇ ਉਨ੍ਹਾਂ ਦੇ ਆਗੂਆਂ ਦੇ ਕਤਲ ਦੀ ਸਾਜ਼ਸ਼ ਸ਼ਾਮਲ ਸੀ. ਇੱਕ ਸੀ ਅਬਦੁਲ ਘਨੀ ਜੋ ਇੱਕ ਹਿੰਦੂ ਦੀ ਪ੍ਰਿਟਿੰਗ ਪ੍ਰੈਸ ਤੇ ਕੱਮ ਕਰਦਾ ਸੀ. ਉਹ ਹਿੰਦੀ ਅਤੇ ਗੁਰਮੁਖੀ ਪੜ੍ਹ ਸਕਦਾ ਸੀ, ਅਤੇ ਇਸ ਕਰ ਕੇ ਉਥੋਂ ਭੇਜੇ ਜਾ ਰਹੇ ਸਨੇਹੇ ਸਮਝ ਸਕਦਾ ਸੀ. ਦੂਜਾ ਸੀ ਹਵਲਦਾਰ ਅਬਦੁਲ ਹਮੀਦ ਜੋ ਸੀ.ਆਈ.ਡੀ. ਦੀ ਖ਼ੁਫ਼ੀਆ ਵਿਭਾਗ ਤੇ ਮੁਲਾਜ਼ਮ ਸੀ. ਹੋਰ ਇੱਕ ਸੀ ਏ.ਐਸ.ਆਈ. ਸ਼ੇਖ ਅਬਦੁਲ ਰਹੀਮ. ਪਰ ਇੱਕ ਬਦਨਾਮ ਏ.ਐਸ.ਆਈ. ਖੁਸ਼ੀ ਮੁਹੱਮਦ ਵੀ ਸੀ ਜੋ ਹਿੰਦੂਆਂ ਅਤੇ ਸਿੱਖਾਂ ਦੇ ਨਾਲ ਸੀ. ਉਹ ਆਪਣੇ ਤੋਂ ਵੱਡੇ ਅਫ਼ਸਰਾਂ ਨੂੰ ਖ਼ੁਸ਼ ਕਰਣ ਲਈ, ਮੁਸਲਿਮ ਲੀਗ ਦੇ ਕਾਰਕੁਨਾ ਦੇ ਘਰਾਂ ਤੇ ਛਾਪੇ ਮਾਰਦਾ ਸੀ. ਉਸ ਨੂੰ ਮੁਸਲਿਮ 'ਖੁਸ਼ੀ ਰਾਮ' ਕਹਿੰਦੇ ਸੀ. ਦੂਜੀ ਘਟਨਾਵਾ ਵਿੱਚ ਮੁਸਲਿਮ ਕੈਦੀਆਂ ਦੁਆਰਾ ਜੇਲ੍ਹ ਤੋੜ ਕੇ

ਭੱਜਣ ਦੀ ਕੋਸ਼ਿਸ਼ ਦਾ ਵੀ ਜ਼ਿਕਰ ਹੈ, ਜਿਸ ਲਈ ਉਹ ਜੇਲ੍ਹ ਦੇ ਸਟਾਫ ਉਪਰ ਹਾਵੀ ਹੋ ਗਏ. ਕੁੱਝ ਮਾਰੇ ਗਏ ਪਰ ਦੂਜੇ ਭੱਜ ਗਏ (Ibid: 317-20).

ਜਦ ਨੁਰਪੁਰ ਦੇ ਸ਼ਰਨਾਰਥੀ ਕੈਂਪ ਉਪਰ ਹਮਲਾ ਹੋਇਆ, ਤਦ 150 ਮੁਸਲਿਮ ਕੁੜੀਆਂ ਨੇ ਖੂਹਾਂ ਵਿੱਚ ਛਾਲ ਮਾਰ ਕੇ ਆਪਣੀ ਜਾਨਾਂ ਗੁਆ ਦਿੱਤੀਆਂ ਤਾਂਕਿ ਉਹ ਗੈਰ-ਮੁਸਲਿਮਾਂ ਦੇ ਹੱਥਾਂ ਤੇ ਨਾ ਆਉਣ. ਪਿੰਡਾਂ ਤੇ ਅਤੇ ਜਲੰਧਰ ਦੇ ਆਲੇ-ਦੁਆਲੇ ਦੇ ਇਲਾਕਿਆਂ ਤੇ, ਮੁਸਲਿਮ ਲੀਗ ਨੈਸ਼ਨਲ ਗਾਰਡ ਅਤੇ ਹਿੰਦੂ-ਸਿੱਖ ਹਮਲਾਵਰਾਂ ਦੇ ਮੁਕਾਬਲੇ ਵਿੱਚ, ਉਹ ਅੰਦਾਜ਼ਾ ਲਗਾਉਂਦੇ ਨੇ ਕਿ ਕਰੀਬ 60,000-70,000 ਮੁਸਲਿਮ ਹਲਾਕ ਹੋਏ ਜਦ ਕਿ ਸਿਰਫ਼ 10,000-12,000 ਹਿੰਦੂ ਅਤੇ ਸਿੱਖ ਮਾਰੇ ਗਏ. ਉਹ ਇਹ ਵੀ ਅੰਦਾਜ਼ਾ ਲਗਾਉਂਦੇ ਨੇ ਕਿ 700 ਤੋਂ ਲੈ ਕੇ 800 ਖ਼ਵਾਤੀਨਾਂ ਦਰਿਆ ਸਤਲੁਜ ਵਿੱਚ ਛਾਲ ਮਾਰ ਕੇ ਡੁੱਬ ਗਈਆਂ ਕਿਉਂਕਿ ਕੈਂਪ ਬਹੁਤ ਘੱਟ ਮਹਿਫ਼ੂਜ਼ ਸੀ ਅਤੇ ਉਨ੍ਹਾਂ ਦੇ ਬੰਦੇ ਲੜਦੇ ਹੋਏ ਹਲਾਕ ਹੋ ਗਏ ਸੀ (Ibid: 320-25).

ਕਮਊਨਿਸਟ ਪਾਰਟੀ ਔਫ ਇੰਡੀਆ ਦੀ ਰਿਪੋਰਟ

ਕਮਊਨਿਸਟ ਪਾਰਟੀ ਔਫ ਇੰਡੀਆ ਦੀ 21 ਸਤੰਬਰ 1947 ਦੀ ਤਿਆਰ ਕੀਤੀ ਗਈ ਇੱਕ ਵਿਸਤਰਤ ਰਿਪੋਰਟ ਤੇ, ਪੂਰਬੀ ਪੰਜਾਬ ਦੇ ਮੁਸਲਿਮਾਂ ਉਪਰ ਹਮਲੇ ਬਾਰੇ ਇਤਲਾਹ ਦਿੱਤੀ ਗਈ ਹੈ. 24 ਅਗਸਤ 1947 ਦੀ ਇੱਕ ਰਿਪੋਰਟ ਤੇ, ਸ਼ਹਿਰ ਤੇ ਕੀਤੇ ਜਵਾਹਰਲਾਲ ਨਹਿਰੂ ਦੇ, ਦੋ ਦੌਰੇਆਂ ਦਾ ਜ਼ਿਕਰ ਕਰਦੀ ਹੈ. ਇਹ ਮੱਨਣਾ ਪਏਗਾ ਕਿ ਦੋਨੋ ਦੌਰੇ 25 ਅਗਸਤ ਤੋਂ ਪਹਿਲਾ ਹੋਏ ਅਤੇ ਇਹ ਬਿਲਕੁਲ ਸਹੀ ਹੈ. ਮੁਹੱਮਦ ਅਯੂਬ ਖ਼ਾਨ ਦਾਅਵਾ ਕਰਦੇ ਨੇ ਕਿ ਕਰਨਲ ਅਯੂਬ ਖ਼ਾਨ ਜਿਨ੍ਹਾਂ ਨੇ ਪੀ.ਬੀ.ਐਫ. ਵਿੱਚ ਪਾਕਿਸਤਾਨ ਦੀ ਨੁਮਾਇੰਦਗੀ ਕੀਤੀ ਸੀ, ਨਹਿਰੂ ਦੇ ਆਉਣ ਤੋਂ ਬਾਅਦ ਜਲੰਧਰ ਆਏ ਸੀ. ਪੰਜਾਬ ਬਾਉਂਡਰੀ ਫੋਰਸ, ਜਿਸ ਵਿੱਚ ਇੰਡੀਆ ਅਤੇ ਪਾਕਿਸਤਾਨ ਦੋਨਾਂ ਮੁਲਕਾਂ ਦੇ ਫ਼ੌਜ਼ੀ ਸ਼ਾਮਲ ਸਨ ਅਤੇ ਜੋ ਮੇਜਰ ਜਨਰਲ ਰੀਸ ਦੇ ਕਮਾਂਡ ਦੇ ਥਲੇ ਸੀ, 1 ਸਤੰਬਰ ਨੂੰ ਬਰਖ਼ਾਸਤ ਕਰ ਦਿੱਤੀ ਗਈ, ਹਾਲਾਂਕਿ ਦੋਨੋ ਫ਼ੌਜ਼ਾਂ ਪਨਾਹਗੀਰਾਂ ਦੀ ਅਦਲਾ-ਬਦਲੀ ਲਈ, ਬਾਅਦ ਤਕ, ਸਹਿਯੋਗ ਕਰਦੀ ਰਹੀਆਂ.

ਸੀ.ਪੀ.ਆਈ ਦੀ ਰਿਪੋਰਟ ਜ਼ਿਕਰ ਕਰਦੀ ਹੈ ਕਿ ਜਲੰਧਰ ਦੇ ਮੁਸਲਿਮਾਂ ਨੂੰ ਭਰੋਸਾ ਸੀ ਕਿ ਜਲੰਧਰ ਡਿਵੀਜ਼ਨ ਪਾਕਿਸਤਾਨ ਤੇ ਜਾਵੇਗੀ. ਇਸ ਕਰ ਕੇ, ਉਨ੍ਹਾਂ ਨੇ ਜਾਣ ਦੀ ਕੋਈ ਤਿਆਰੀ ਨਹੀਂ ਕੀਤੀ ਸੀ ਬਲਕਿ ਉਹ ਫ਼ਸਾਦਾਂ ਲਈ ਤਿਆਰ ਹੋ ਰਹੇ ਸੀ. ਦੂਜੀ ਤਰਫ਼, ਆਰ.ਐਸ.ਐਸ. ਅਤੇ ਸ਼ਹਿਰ ਦੇ ਇੰਤਜਾਮਿਆ ਨੇ, ਜਿਸ ਵਿੱਚ ਕਈ ਮਜਿਸਟਰੇਟ ਵੀ ਸ਼ਾਮਲ ਸਨ, ਮੁਸਲਿਮਾਂ ਉਪਰ ਹਮਲਾ ਕਰਣ ਲਈ, ਬਾਰੀਕੀ ਨਾਲ ਮਨਸੂਬਾ ਤਿਆਰ ਕੀਤਾ ਸੀ. ਜਲੰਧਰ ਸ਼ਹਿਰ ਤੇ, 17 ਅਗਸਤ ਨੂੰ ਉਹ ਮਨਸੂਬਾ ਕਾਰਗਰ ਕੀਤਾ ਗਿਆ. ਸੱਚ ਤੇ ਇਹ ਹੈ ਕਿ 15 ਅਗਸਤ ਦੇ ਬਾਅਦ ਆਰ.ਐਸ.ਐਸ. ਨੇ ਇਹ ਅਫ਼ਵਾਹ ਪਹਿਲਾਂ ਹੀ ਫੈਲਾ ਦਿੱਤੀ ਸੀ ਕਿ ਲਾਹੌਰ ਵਿੱਚ, ਮੁਸਲਿਮਾਂ ਨੇ ਸਾਰੇ ਹਿੰਦੂ ਇਲਾਕੇ ਅਤੇ ਵਪਾਰੀ ਜਗ੍ਹਾਂ ਸਾੜ ਦਿੱਤਿਆਂ ਸੀ. ਇੱਕ ਅਤਿਰਿਕਤ ਜ਼ਿਲ੍ਹਾ ਮਜਿਸਟਰੇਟ ਸ੍ਰੀ ਵਸ਼ਿਸ਼ਠ ਨੇ ਲਾਹੌਰ ਤੋਂ ਆਏ ਅਫ਼ਸਰਾਂ ਦੀ ਗੱਲਾਂ ਸੁਣ ਕੇ, ਭਿਆਨਕ ਵੇਰਵੇ ਦਿੱਤੇ. ਉਸੇ ਤਰ੍ਹਾਂ, ਸਿਆਲਕੋਟ ਅਤੇ ਗੁਜਰਾਂਵਾਲਾ ਦੇ ਹਿੰਦੂਆਂ ਦੇ ਦੁਖੜੇ ਦੀ ਰਿਪੋਰਟਾਂ ਫੈਲਾਈ ਗਈਆਂ. ਜਬਰ ਜਨਾਹ ਕੀਤੀ ਗਈ ਹਿੰਦੂ ਔਰਤਾਂ ਦੀ ਤਸਵੀਰਾਂ ਵਿੱਚ, ਮੁਸਲਿਮ ਲੀਗ ਦੇ ਝੰਡੇ ਦੇ ਨਜਦੀਕ ਖੜ੍ਹੇ ਮੁਸਲਿਮਾਂ

ਉਪਰ ਇਲਜ਼ਾਮ ਲਗਾਇਆ ਗਿਆ ਸੀ ਕਿ ਇਹ ਜੁਰਮ ਉਨ੍ਹਾਂ ਨੇ ਕੀਤੇ ਸੀ ਅਤੇ ਇਹ ਤਸਵੀਰਾਂ ਲੋਕਾਂ ਨੂੰ ਦਿਖਾਈ ਗਈਆਂ. ਬੰਬ ਦੇ ਧਮਾਕੇਆਂ ਲਈ, ਮੁਸਲਿਮਾਂ ਉਪਰ ਇਲਜ਼ਾਮ ਲਗਾਇਆ ਗਿਆ ਜਦ ਕਿ ਮੁਸਲਿਮ ਹਲਾਕ ਜਾਂ ਜ਼ਖ਼ਮੀ ਹੋਏ ਸੀ. ਇੱਕ ਹੋਰ ਤਸਵੀਰ ਵਿੱਚ ਵਸਤਰਹੀਣ ਹਿੰਦੂ ਔਰਤਾਂ ਨੂੰ ਡੇਰਾ ਇਸਮਾਇਲ ਖ਼ਾਨ ਜਾਂ ਡੇਰਾ ਘਾਜ਼ੀ ਖਾਨ ਤੇ, ਜਲੂਸ ਵਿੱਚ ਚਲਦਿਆਂ ਦਿਖਾਇਆ ਗਿਆ ਸੀ (1993:170-71).

ਇਥੇ ਤੱਕ ਕਿ, ਅਹਿਮ ਹੋਰ ਨੇਕ ਹਿੰਦੂਆਂ ਨੇ ਵੀ ਇਸ ਪ੍ਰਚਾਰ ਵਿੱਚ ਹਿੱਸਾ ਲੀਤਾ. ਇਸ ਦਾ ਨਤੀਜਾ ਇਹ ਹੋਇਆ ਕਿ ਗੁੱਸਾ ਆਸਮਾਨ ਤੱਕ ਚੜ੍ਹ ਗਿਆ. ਅਤੇ 17 ਅਗਸਤ ਤੋਂ ਮੁਸਲਿਮਾਂ ਦੇ ਘਰਾਂ ਨੂੰ ਬਾਕਾਇਦਾ, ਸਾੜ ਦਿੱਤਾ ਗਿਆ. ਕੁੱਝ ਮੁਸਲਿਮ ਖ਼ਵਾਤੀਨਾਂ ਦਾ ਜਿਸ ਵਿੱਚ ਸ਼ਮੀਮ, ਇੱਕ ਮੁਸਲਿਮ ਆਗੂ ਸ਼ਾਮਲ ਸੀ, ਜਬਰ ਜਨਾਹ ਕੀਤਾ ਗਿਆ. ਲੁੱਟਪਾਟ, ਕਤਲ ਅਤੇ ਦੂਜੇ ਜੁਰਮ ਖੁਲ੍ਹੇ ਆਮ ਕੀਤੇ ਜਾ ਰਹੇ ਸੀ. ਅਕਸਰ ਰਾਇਫਲਾਂ, ਰਿਵਾਲਵਰਾਂ ਅਤੇ ਸਟੇਨ-ਗਨਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ. ਰੇਲਵੇ ਸਟੇਸ਼ਨ ਦਾ ਇਖ਼ਤਿਆਰ ਹੁਣ ਸਿੱਖਾਂ ਅਤੇ ਆਰ.ਐਸ.ਐਸ ਕਾਰਕੁਨਾਂ ਦੇ ਹੱਥਾਂ ਤੇ ਚਲਾ ਗਿਆ ਸੀ, ਜੋ ਪੰਜਾਬ ਰਾਹਤ ਸੇਵਕ ਹੋਣ ਦਾ ਦਿਖਾਵਾ ਕਰ ਰਹੇ ਸੀ. ਕਾਂਗਰੇਸ ਦੇ ਇੱਜ਼ਤਦਾਰ ਡਾ.ਜ਼ਾਕਿਰ ਹੁਸੈਨ ਨੂੰ ਬੇਹਦ ਮੂਸਕਲ ਨਾਲ ਬਚਾਇਆ ਗਿਆ ਸੀ. ਨਹਿਰੂ ਦੇ ਆਉਣ ਦੇ ਬਾਅਦ, ਜਲੰਧਰ ਤੇ ਮੁਸਲਿਮਾਂ ਲਈ ਇੱਕ ਪਨਾਹਗੀਰ ਕੈਂਪ ਲਗਾਇਆ ਗਿਆ ਸੀ. ਦੂਜੇ ਮੁਸਲਿਮ, ਸਹਿਰ ਤੋਂ ਬਾਹਰ, ਪਠਾਨਾਂ ਦੀ ਰਿਹਾਇਸ਼ਾਂ ਤੇ ਜਾਂ ਉਨ ਜਗ੍ਹਾਂ ਤੇ ਜਿਥੇ ਮੁਸਲਿਮ ਇਕੱਠਾ ਹੋਏ ਸੀ, ਚਲੇ ਗਏ ਸੀ. ਮੁਸਲਿਮ ਪਨਾਹਗੀਰ, ਜੋ ਹਥਿਆਰਬੰਦ ਸਨ, ਉਨ੍ਹਾਂ ਨੇ ਬਿਜਲੀ ਦੇ ਪਾਵਰ ਹਾਉਸ ਅਤੇ ਦੂਜੇ ਨਿਸ਼ਾਨੇ ਉਪਰ ਹਮਲੇ ਕੀਤੇ. 24 ਅਗਸਤ 1947 ਤਕ, ਇੱਕ-ਤਿਹਾਈ ਮੁਸਲਿਮ ਆਬਾਦੀ, ਆਪਣੇ ਘਰਾਂ ਅਤੇ ਸ਼ਹਿਰ ਦੇ ਮਹੱਲੇਆਂ ਤੇ ਟਿਕੀ ਹੋਈ ਸੀ.

ਇਹ ਰਿਪੋਰਟ ਸਾਨੂ ਦੱਸਦੀ ਹੈ ਕਿ ਨਹਿਰੂ ਦੁਬਾਰਾ ਆਏ ਅਤੇ ਹਾਲਾਤ ਥੋੜੇ ਸ਼ਾਂਤ ਹੋ ਗਏ. ਮਗਰ, ਪਿੰਡਾ ਤੇ, ਤਣਾਅ ਕਾਇਮ ਸੀ. ਭਿਆਨਕ ਜ਼ੁਲਮ ਕੀਤੇ ਜਾ ਰਹੇ ਸੀ. ਇਹ ਕਿਹਾ ਗਿਆ, 'ਅਤਿਰਿਕਤ ਜ਼ਿਲ੍ਹਾ ਮਜਿਸਟਰੇਟ (ਭੱਲਾ) ਨੇ ਸਾਨੂ ਖੁਲ੍ਹੇ ਆਮ ਕਿਹਾ ਕਿ ਉਸ ਨੂੰ ਉਣ ਮਨਸੂਬਿਆਂ ਬਾਰੇ ਪਤਾ ਸੀ ਜਿਸ ਦੇ ਤਹਿਤ ਮੁਸਲਿਮ ਇਲਾਕਿਆਂ ਨੂੰ ਸਾੜਣਾ ਸੀ ਅਤੇ ਅਗਰ ਨਹਿਰੂ ਨਹੀਂ ਆਏ ਹੁੰਦੇ, ਕਰਾਰ ਖੁਮ (ਸਭ ਤੋਂ ਵੱਡਾ ਮੁਸਲਿਮ ਮਹੱਲਾ) ਨੂੰ 22 ਤਾਰੀਖ ਨੂੰ ਅੱਗ ਲਗਾ ਦਿੱਤੀ ਗਈ ਹੁੰਦੀ ਹੋਰ ਇਸ ਦੇ ਬਾਅਦ ਦੂਜੇਆਂ ਨੂੰ' (Ibid: 172).

30 ਅਗਸਤ 1947 ਦੀ ਇੱਕ ਦੂਜੀ ਰਿਪੋਰਟ ਤੇ, ਜੋ ਜਲੰਧਰ ਜ਼ਿਲ੍ਹੇ ਦੇ ਦਿਹਾਤੀ ਇਲਾਕੇ ਬਾਰੇ ਸੀ, ਮੁਸਲਿਮਾਂ ਉਪਰ ਹਮਲੇ ਬਾਰੇ ਕਾਫ਼ੀ ਇਤਲਾਹ ਦਿੱਤੀ ਗਈ ਹੈ. 15 ਅਗਸਤ ਨੂੰ ਮੁਸਲਿਮਾਂ ਨੇ ਇੰਡੀਆ ਦੀ ਆਜ਼ਾਦੀ ਦੇ ਜਸ਼ਨ ਤੇ ਹਿੱਸਾ ਲੀਤਾ ਪਰ ਅਕਾਲੀ ਪ੍ਰਚਾਰ ਨੇ ਪੂਰੇ ਮਾਹੌਲ ਤੇ ਜਹਿਰ ਘੋਲ ਦਿੱਤਾ ਸੀ ਅਤੇ ਉਹ ਹੁਣ ਠੀਕ ਨਹੀਂ ਹੋ ਸਕਦਾ ਸੀ. ਇਹ ਹੋਰ ਦੱਸਦੀ ਹੈ, '15 ਤਾਰੀਖ ਨੂੰ ਜਲੰਧਰ ਦੇ ਜ਼ਿਲ੍ਹਾ ਮਜਿਸਟਰੇਟ, ਕੋਈ ਸ਼੍ਰੀ ਮਿਧਾ (ਜਿਨ੍ਹਾਂ ਦਾ ਪੁੱਤਰ ਗੁਜਰਾਂਵਾਲਾ ਤੇ ਛੁਰੇਬਾਜ਼ੀ ਦਾ ਸ਼ਿਕਾਰ ਹੋ ਗਿਆ ਸੀ) ਨੇ ਲੋਕਾਂ ਨੂੰ ਫ਼ਸਾਦ ਕਰਣ ਦੀ ਛੁੱਟ ਦੇ ਦਿੱਤੀ ਅਤੇ ਉਨ੍ਹਾਂ ਨੂੰ ਕਿਹਾ "ਉਹ ਤਿੰਨ ਦਿਨਾਂ ਤਕ, ਜੋ ਮਰਜੀ ਕਰ ਲੈਣ". ਉਸ ਦੇ ਉਪਰ ਇਲਜ਼ਾਮ ਸੀ ਕਿ ਉਨ੍ਹਾਂ ਨੇ ਲੋਕਾਂ ਨੂੰ ਆਪਣੇ ਬੇਟੇ ਦੇ ਕਤਲ ਦਾ ਬਦਲਾ ਲੈਣ ਨੂੰ ਕਿਹਾ. ਪੁਲਿਸ ਅਤੇ ਫ਼ੌਜੀ ਅਫ਼ਸਰਾਂ ਨੇ ਲੋਕਾਂ ਨੂੰ ਅਸਲਾ ਦਿੱਤਾ ਅਤੇ ਕਤਲ, ਅੱਗਜਨੀ ਹੋਰ ਲੁੱਟ-ਪਾਟ ਵਿੱਚ ਸ਼ਿਰਕਤ ਕੀਤੀ. ਕੁੱਝ

ਕਾਂਗਰੇਸੀ ਆਗੂ ਵੀ ਇਸ ਵਿੱਚ ਸ਼ਾਮਲ ਹੋ ਗਏ. ਕਾਂਗਰੇਸ ਦੇ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ, ਦਰਬਾਰਾ ਸਿੰਘ ਨੇ ਪ੍ਰਮੁੱਖ ਕਿਰਦਾਰ ਨਿਭਾਇਆ ਅਤੇ ਲੁੱਟ ਦੀ ਢੇਰੀ ਉਪਰ ਕਬਜ਼ਾ ਕੀਤਾ (Ibid: 174-5).

ਇਸ ਤਰ੍ਹਾਂ ਦੇ ਤਾਲ-ਮੇਲ ਵਾਲੇ ਤਸ਼ੱਦਦ, ਜਿਸ ਵਿੱਚ ਸਰਕਾਰੀ ਅਫ਼ਸਰ, ਫ਼ੌਜ਼ੀ ਅਤੇ ਗੈਰ-ਫ਼ੌਜ਼ੀ, ਅਤੇ ਆਰ.ਐਸ.ਐਸ., ਅਕਾਲੀ ਅਤੇ ਕਾਂਗਰੇਸ ਰਹਨੁਮਾਵਾਂ ਨੇ ਹਿੱਸਾ ਲੀਤਾ, ਮੁਸਲਿਮਾਂ ਨੂੰ ਯਕੀਨ ਕਰਾ ਦਿੱਤਾ ਕਿ ਇੰਡੀਅਨ ਸਰਕਾਰ ਉਨ੍ਹਾਂ ਦੀ ਹਿਫ਼ਾਜ਼ਤ ਨਹੀਂ ਕਰ ਸਕਦੀ ਸੀ. ਇੱਕ ਅਕਾਲੀ ਆਗੂ ਜੋ ਮੁਸਲਿਮਾਂ ਵਿੱਚ ਦਹਿਸ਼ਤ ਫੈਲਾਉਣ ਬਾਰੇ ਜਾਨੇ ਜਾਂਦੇ ਸੀ, ਉਹ ਸਨ ਸੰਤ ਹਰਿ ਸਿੰਘ ਕਹਾਨਪੁਰੀ, ਇੱਕ ਪ੍ਰਮੁੱਖ ਧਾਰਮਿਕ ਆਗੂ. ਉਨਾਂ ਦੇ ਸਮੂਹ ਨੂੰ ਫ਼ਰੀਦਕੋਟ ਰਿਆਸਤ ਦੀ ਫ਼ੌਜ਼ਾਂ ਦਾ ਸਾਥ ਹਾਸਲ ਸੀ. ਉਨ੍ਹਾਂ ਦੇ 2,500 ਲੋਕਾਂ ਦੀ ਰਜ਼ਾਕਾਰ ਫ਼ੌਜ਼ ਨੂੰ ਫ਼ਰੀਦਕੋਟ ਦੀ ਰਿਆਸਤ ਤੇ ਬੰਦੂਕਾਂ, ਰਾਇਫਲਾਂ, ਟੌਮੀ-ਗਨਾਂ ਅਤੇ ਬਰੇਨ-ਗਨਾਂ ਦਾ ਇਸਤੇਮਾਲ ਕਰਨਾ ਸਿਖਾਇਆ ਗਿਆ ਸੀ. ਇਹ ਲਿਖਿਆ ਗਿਆ:

> ਸੰਤ ਹਰਿ ਸਿੰਘ ਮੁਸਲਿਮਾਂ ਲਈ ਇੱਕ ਦਹਿਸ਼ਤ ਦਾ ਨਾਂਅ ਹੈ. ਆਪਣੇ ਘੁੜਸਬਾਰਾਂ ਨਾਲ ਉਹ ਇੱਕ ਪਿੰਡ ਤੋਂ ਦੂਜੇ ਪਿੰਡ ਜਾਂਦੇ ਨੇ. ਉਹ ਸ਼ਿਕਾਰ ਬਣਾਉਣ ਵਾਲੇ 3000-4000 ਲੋਕਾਂ ਦੇ ਕਿਸੇ ਵੱਡੇ ਪਿੰਡ ਦੇ ਬਾਹਰ ਇੱਕ ਆਮ ਸਭਾ ਕਰਦੇ ਨੇ. ਉਥੇ ਸੰਤ, ਸਿੱਖ ਬਾਦਸ਼ਾਹੀ ਦੀ ਪੁਰਾਣੀ ਸ਼ਾਨ, ਪਛੱਮ ਪੰਜਾਬ ਤੇ ਮੁਸਲਿਮਾਂ ਦੁਆਰਾ ਕੀਤੇ ਜ਼ੁਲਮਾਂ ਅਤੇ ਮੁਸਲਿਮਾਂ ਦਾ ਖ਼ਾਤਮਾ ਕਰਣ ਲਈ ਖਾਲਸਾ ਦੇ ਫ਼ਰਜ਼ ਬਾਰੇ, ਜੋਸ਼ ਨਾਲ ਭਾਸ਼ਣ ਦੇਂਦੇ ਨੇ. ਆਖ਼ਰ ਤੇ, ਉਹ ਆਪਣੇ ਸਮਰਥਕਾਂ ਨੂੰ ਮੁਸਲਿਮਾਂ ਦੇ ਮਜ਼ਹਬ ਬਦਲਣ ਜਾਂ ਲੁੱਟਣ ਜਾਂ ਸਾਰੇਆਂ ਨੂੰ ਕਤਲ ਕਰਣ ਨੂੰ ਕਹਿੰਦੇ ਨੇ. ਇਸ ਦੇ ਬਾਅਦ, ਮੁਸਲਿਮਾਂ ਦਾ ਖ਼ਾਤਮਾ ਕਰ ਦਿੱਤਾ ਜਾਂਦਾ ਹੈ (Ibid: 175).

ਮੇਜਰ ਜਨਰਲ (ਰਿਟ.) ਸਈਦ ਵਜਾਹਤ ਹੁਸੈਨ ਨੇ ਪੀ.ਬੀ.ਐਫ ਤੇ ਸੇਵਾ ਕੀਤੀ ਸੀ. ਉਹ ਲਿਖਦੇ ਨੇ ਕਿ ਉਹ ਰੇਲ-ਗੱਡੀ ਤੇ 23 ਅਗਸਤ ਦੁਪਹਿਰ ਨੂੰ ਜਲੰਧਰ ਆਏ ਅਤੇ ਉਨ੍ਹਾਂ ਦੇ ਨਾਲ ਇੱਕ ਮਿਲੀ-ਜੁਲੀ ਟੁਕੜੀ ਸੀ, 30 ਟੈਂਕ ਅਤੇ ਕੁੱਝ ਗੱਡੀਆਂ ਸੀ. ਉਹ ਜਲਦੀ ਨਾਲ ਛਾਉਣੀ ਦੇ ਆਲੇ-ਦੁਆਲੇ ਦੇ ਪਠਾਨਾਂ ਦੇ ਮਹੱਲੇਆਂ ਅਤੇ ਬਸਤੀਆਂ ਤੇ ਗਏ. ਕਈ ਚੰਗੇ ਘਰਾਂ ਦੇ ਮੁਸਲਿਮ ਉਣ ਇਲਾਕੇਆਂ ਤੇ ਰਹਿੰਦੇ ਸੀ. ਉਨ੍ਹਾਂ ਨੂੰ ਬਚਾ ਲੀਤਾ ਗਿਆ ਅਤੇ ਸ਼ਰਨਾਰਥੀ ਕੈਂਪਾਂ ਵਿੱਚ ਰਖ ਕੇ, ਬਾਅਦ ਤੇ ਉਨ੍ਹਾਂ ਨੂੰ ਪਾਕਿਸਤਾਨ ਲੈ ਜਾਇਆ ਗਿਆ (Husain, 2010: 58).

ਜਲੰਧਰ ਦੇ ਦਿਹਾਤੀ ਇਲਾਕੇ

ਮੁਹੱਮਦ ਆਸ਼ਿਕ ਰਾਹੀਲ

29 ਦਸੰਬਰ 2004 ਨੂੰ ਮੈਂ ਅਤੇ ਅਹਿਮਦ ਸਲੀਮ ਨੇ ਪੰਜਾਬੀ ਲੇਖਕ ਮੁਹੱਮਦ ਆਸ਼ਿਕ ਰਾਹੀਲ ਦਾ ਉਨ੍ਹਾਂ ਦੇ ਆਉਟਫਾਲ ਰੋਡ, ਸੰਤਨਗਰ, ਲਾਹੌਰ ਦੇ ਘਰ ਤੇ ਇੰਟਰਵਿਊ ਲੀਤਾ. ਉਨ੍ਹਾਂ ਨੇ ਸਾਨੂ ਦੱਸਿਆ:

'ਮੈਂ ਕਸਬਾ ਨੂਰਮਹਿਲ ਤੇ ਆਪਣੇ ਨਾਨਕੇ ਪੈਦਾ ਹੋਇਆ ਸੀ. ਨਹੀਂ ਤੇ, ਸਾਡਾ ਪਿੰਡ ਪਟਿਆਲਾ ਰਿਆਸਤ ਵਿੱਚ ਪਿੰਢੇਰ ਹੈ. ਅਸੀਂ ਭੱਟੀ ਰਾਜਪੁਤ ਹਾਂ. ਮੈਂ ਜਲੰਧਰ ਤੇ ਇਸ ਕਰ ਕੇ ਵੱਡਾ ਹੋਇਆ ਕਿਉਂਕਿ ਪਟਿਆਲਾ ਤੇ, ਸਾਡੇ ਇਲਾਕੇ ਤੇ ਕੋਈ ਸਕੂਲ ਨਹੀਂ ਸੀ, ਅਤੇ ਮੇਰੇ ਮਾਮੇਆਂ ਨੇ ਮੈਨੂੰ ਲੈ ਆਉਂਦਾ. ਜਦ ਤਕਸੀਮ ਹੋਈ, ਮੈਂ 7ਵੀਂ ਜਮਾਤ ਤੇ ਸੀ. ਨੂਰਮਹਿਲ ਤੇ ਖ਼ਾਸ ਕਰ ਕੇ, ਹਿੰਦੂ ਜਾਂ ਮੁਸਲਿਮ ਰਹਿੰਦੇ ਸਨ. ਸਾਡੇ

ਸ਼ਹਿਰ ਉਪਰ ਕੋਈ ਹਮਲਾ ਨਹੀਂ ਹੋਇਆ. ਅਸੀਂ (ਮੇਰਾ ਪਰਵਾਰ) ਇਥੇ ਨੂਰਮਹਿਲ ਤੇ ਹੀ ਮੌਜੂਦ ਸੀ. ਅਸੀਂ ਨਕੋਦਰ ਦੇ ਕੈਂਪ ਤੇ ਆਏ ਅਤੇ ਕਈ ਮਹੀਨੇ ਉਥੇ ਰਹੇ. ਫਿਰ ਅਕਤੂਬਰ ਦੇ ਮੱਧ ਤੇ ਇੱਕ ਰੇਲ-ਗੱਡੀ ਆ ਕੇ ਸਾਨੂ ਪਾਕਿਸਤਾਨ ਲੈ ਗਈ. ਸਾਨੂ ਗੱਡੀ ਦੀ ਛੱਤ ਤੇ ਬੈਠਨਾ ਪਇਆ. ਇੱਕ ਮਹੀਨੇ ਬਾਅਦ, ਲਾਹੌਰ ਤੇ ਮੇਰੀ ਮਾਂ ਦੀ ਮੌਤ ਹੋ ਗਈ. ਤਦ ਮੈਂ ਇੱਕ ਛੋਟਾ ਮੁੰਡਾ ਸੀ ਅਤੇ ਮੇਰਾ ਇੱਕ ਸਾਲ ਦਾ ਇੱਕ ਛੋਟਾ ਭਰਾ ਵੀ ਸੀ. ਸਾਡੀ ਵੱਡੀ ਭੈਨ ਨੇ ਸਾਨੂ ਵੱਡੇਆਂ ਕੀਤਾ. ਮੇਰੇ ਵਾਲਿਦ ਨਾਭਾ ਅਤੇ ਪਟਿਆਲਾ ਦੀ ਸਰਹੱਦ ਤੇ ਹਲਾਕ ਹੋ ਗਏ ਸੀ.

'ਇੱਕ ਸਿੱਖ ਜਮਾਤੀ ਨਾਲ ਮੇਰਾ ਸੰਪਰਕ ਕਾਇਮ ਸੀ, ਜੋ ਬਾਅਦ ਤੇ ਕਲਕੱਤਾ ਚਲੇ ਗਿਆ ਅਤੇ ਉਥੇ ਹੀ ਉਸ ਦੀ ਮੌਤ ਹੋ ਗਈ. ਕੁੱਝ ਸਾਲ ਪਹਿਲਾਂ ਮੈਂ ਨੂਰਮਹਿਲ ਗਿਆ ਸੀ. ਕਈ ਲੋਕਾਂ ਨੇ ਮੇਰੇ ਨਾਨਾ ਅਤੇ ਮਾਮੇਆਂ ਨੂੰ ਯਾਦ ਕੀਤਾ. ਉਨ੍ਹਾਂ ਨੇ ਮੇਰੇ ਨਾਲ, ਇੱਕ ਗੁਵਾਚੇ ਹੋਏ ਬੱਚੇ ਦੀ ਵਾਪਸੀ ਵਰਗਾ ਵਿਵਹਾਰ ਕੀਤਾ. ਉਥੇ ਵਾਪਸ ਜਾਨਾ ਇੱਕ ਬੇਹਦ ਜਜ਼ਬਾਤੀ ਤਜਰਬਾ ਸੀ. ਇਸ ਬਾਰੇ ਮੈਂ ਆਪਣੀ ਕਹਾਨਿਆਂ ਤੇ ਲਿਖਿਆ ਹੈ.'

ਡਾ.ਮੁਹੱਮਦ ਅਫ਼ਜ਼ਲ

ਡਾ.ਮੁਹੱਮਦ ਅਫ਼ਜ਼ਲ ਨਾਲ ਮੇਰਾ ਸੰਪਰਕ ਆਸਫ਼ ਅਲੀ ਸ਼ਾਹ ਮਾਰਫ਼ਤ ਹੋਇਆ, ਜਿਨ੍ਹਾਂ ਦਾ ਜ਼ਿਕਰ ਪਹਿਲਾਂ ਲੇ.ਜ. ਆਫਤਾਬ ਅਹਿਮਦ ਖ਼ਾਨ ਦੇ ਨਾਲ ਗੱਲ-ਬਾਤ ਤੇ ਚਲਦੇ, ਕੀਤਾ ਗਿਆ ਸੀ. ਲੇ.ਜ. ਖ਼ਾਨ ਨੇ ਪੀ.ਬੀ.ਐਫ ਤੇ ਸੇਵਾ ਕੀਤੀ ਸੀ ਅਤੇ ਬਾਅਦ ਤੇ ਪਨਾਹਗੀਰਾਂ ਨੂੰ ਹਿਫ਼ਾਜ਼ਤ ਨਾਲ ਲੈ ਜਾਣ ਲਈ, ਇੰਡੀਆ-ਪਾਕਿਸਤਾਨ ਦੀ ਸਾਂਝੀ ਮੁਹਿਮ ਤੇ ਵੀ ਹਿੱਸਾ ਲੀਤਾ ਸੀ. ਡਾ.ਅਫ਼ਜ਼ਲ, ਪਾਕਿਸਤਾਨ ਦੀ ਪੰਜਾਬ ਸਰਕਾਰ ਤੇ ਕਈ ਅਹਿਮ ਅਹੁਦੇਆਂ ਤੇ ਰਹੇ ਨੇ ਅਤੇ ਉਹ ਲੋਕਲ ਸਰਕਾਰ ਅਤੇ ਦਿਹਾਤੀ ਤਰੱਕੀ ਦੀ ਵਜ਼ਾਰਤ ਤੇ ਬਤੌਰ ਡਿਪਟੀ ਸੇਕ੍ਰਟਰੀ, ਰਿਟਾਇਰ ਹੋਏ. ਡਾ.ਅਫ਼ਜ਼ਲ ਨੇ ਮੇਨੂੰ ਆਪਣੀ ਕਿਤਾਬ, ਦਾਸਤਾਨ-ਏ-ਸੰਢਮ, 31 ਅਕਤੂਬਰ 2007 ਤਾਰੀਖ ਦੇ ਦਸਤਖ਼ਤ ਨਾਲ ਭੇਜੀ ਸੀ. ਇਹ 15 ਅਗਸਤ ਦੇ ਬਾਅਦ ਮੁਸਲਿਮਾਂ ਦੇ ਦਿਲ-ਦਹਲਾਉਣ ਵਾਲੇ ਕਤਲੇਆਮ ਦੀ ਇੱਕ ਹੋਰ ਦਾਸਤਾਨ ਹੈ:

> ਮੈਂ ਪਿੰਡ ਸੰਢਮ, ਤਹਸੀਲ ਅਤੇ ਜ਼ਿਲ੍ਹਾ ਜਲੰਧਰ ਤੇ ਜੁਲਾਈ 1938 ਨੂੰ ਪੈਦਾ ਹੋਇਆ. 1947 ਤੇ, ਇਹ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹੇਆਂ ਦੀ ਸਰਹੱਦ ਤੇ ਸੀ. ਇਸ ਦੀ ਲੱਗਭਗ ਪੂਰੀ ਆਬਾਦੀ, ਅਰਾਇਨ ਜਾਤ ਦੇ ਛੋਟੇ ਕਿਸਾਨਾਂ ਦੀ ਸੀ. ਸੰਢਮ ਨੂੰ ਪਹਿਲਾਂ ਵੀ ਕਈ ਵਾਰ ਤਬਾਹ ਕੀਤਾ ਗਿਆ ਸੀ, ਪਰ ਹਰ ਵਾਰ ਇਹ ਫਿਰ ਆਬਾਦ ਹੋ ਗਿਆ. 19ਵੀਂ ਸਦੀ ਦੀ ਸਿੱਖ ਬਾਦਸ਼ਾਹੀ, ਇਸ ਪਿੰਡ ਲਈ, ਖ਼ਾਸ ਕਰ ਕੇ ਬੁਰੀ ਰਹੀ ਸੀ.
>
> 23 ਜੁਲਾਈ 1947 ਨੂੰ ਸੰਢਮ ਦੇ ਲੋਕ ਆਪਣੇ ਕੰਮਾਂ ਤੇ ਮਸ਼ਗ਼ੂਲ ਸਨ, ਜਦ ਇੱਕ ਮੁਸਲਿਮ ਪਰਵਾਰ ਉਪਰ, ਨੇੜੇ ਦੇ ਇੱਕ ਪਿੰਡ ਸੋਸ ਦੇ ਸਿਖਾਂ ਨੇ ਪਹਿਲਾ ਹਮਲਾ ਕੀਤਾ. ਇੱਕ ਜਵਾਨ ਕੁੜੀ, ਆਪਣੇ ਭਰਾਂ ਅਤੇ ਨਿਆਣੇ ਨਾਲ, ਉਸ ਜਗ੍ਹ ਤੋਂ ਹੋ ਕੇ ਜਾ ਰਹੀ ਸੀ. ਉਨ੍ਹਾਂ ਦੇ ਉਪਰ ਹਮਲਾ ਕਰ ਕੇ ਉਨ੍ਹਾਂ ਨੂੰ ਹਲਾਕ ਕਰ ਦਿੱਤਾ ਗਿਆ. ਨਿਆਣੇ ਨੂੰ ਹਵਾ ਤੇ ਉਪਰ ਨੂੰ ਸੁੱਟ ਕੇ, ਉਸ ਦੇ ਜਿਸਮ ਨੂੰ ਬਰਛੇ ਦੇ ਆਰ-ਪਾਰ ਕਰ ਦਿੱਤਾ ਗਿਆ. ਨੌਜਵਾਨ ਮੁੰਡੇ ਨੇ ਹਮਲੇ ਦਾ ਮੁਕਾਬਲਾ ਕੀਤਾ ਪਰ ਉਸ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ. ਜਵਾਨ ਕੁੜੀ ਨਾਲ ਪਹਿਲਾਂ ਜਬਰ ਜਨਾਹ ਕੀਤਾ ਗਿਆ ਅਤੇ ਬਾਅਦ ਤੇ ਉਸ ਦਾ ਕਤਲ ਕੀਤਾ ਗਿਆ. ਰਾਨਾ ਮੁਹੱਮਦ ਹਨੀਫ਼, ਏ.ਐਸ.ਪੀ. ਨੇ ਇਸ ਦੀ ਤਫ਼ਤੀਸ਼ ਕੀਤੀ ਅਤੇ ਤਦ ਸਾਨੂ, ਇਸ ਭਿਆਨਕ ਵੇਰਵੇ ਬਾਰੇ ਪਤਾ ਲਗਾ.
>
> 25 ਜੁਲਾਈ 1947 ਨੂੰ ਇੱਕ ਸਿੱਖ ਜੱਥੇ ਨੇ ਇੱਕ ਮੁਸਲਿਮ ਕਿਸਾਨ ਮੌਲਵੀ ਅਲੱ੍ਹਾ ਬਕਸ਼ ਨੂੰ ਮਾਰ ਦਿੱਤਾ, ਜਦ ਉਹ ਪਿੰਡ ਢੇਬੋਲੀ ਦੇ ਬਾਹਰ ਆਪਣੇ ਖੇਤ ਤੇ ਕੱਮ ਕਰ ਰਿਹਾ ਸੀ. ਢੇਬੋਲੀ ਦੇ ਮੁਸਲਿਮ ਸਿੱਖਾਂ

ਦਾ ਮੁਕਾਬਲਾ ਕਰਣ ਚਲੇ ਗਏ; ਅਤੇ ਉਨ੍ਹਾਂ ਦੇ ਨਾਲ, ਸੰਢਮ ਦੇ ਮੁਸਲਿਮ ਵੀ ਪੀਰ ਸ਼ਾਹ ਮੁਹੱਮਦ ਅਤੇ ਚੌਧਰੀ ਮੁਹੱਮਦ ਇਸਮਾਇਲ ਦੀ ਅਗਵਾਈ ਤੇ, ਆ ਗਏ. ਇੱਕ ਤੀਬਰ ਟਾਕਰਾ ਹੋਇਆ. ਸਿੱਖਾਂ ਦਾ ਆਗੂ ਮਾਰ ਦਿੱਤਾ ਗਿਆ ਪਰ ਚੌਧਰੀ ਮੁਹੱਮਦ ਇਸਮਾਇਲ ਵੀ ਛੁਰੇਬਾਜ਼ੀ ਦਾ ਸ਼ਿਕਾਰ ਹੋ ਗਿਆ. ਉਸ ਨੂੰ ਸ਼ਾਮ ਚੁਰਾਸੀ ਪਿੰਡ ਲੈ ਜਾਇਆ ਗਿਆ, ਜਿਥੇ ਇੱਕ ਹਿੰਦੂ ਡਾਕਟਰ ਨੇ ਉਸ ਦਾ ਔਪਰੇਸ਼ਨ ਕੀਤਾ ਪਰ ਉਸ ਨੂੰ ਬਚਾ ਨਹੀਂ ਸਕਿਆ...ਸਤੰਬਰ ਦੇ ਸ਼ੁਰੂ ਤੇ, 15,000 ਮੁਸਲਿਮ ਸ਼ਾਮ ਚੌਰਾਸੀ ਤੇ ਇਕੱਠਾ ਹੋ ਕੇ ਆਪਣੀ ਹਿਫ਼ਾਜ਼ਤ ਦੀ ਤਿਆਰੀ ਕਰਣ ਲਗੇ.

(ਇਸ ਦੇ ਬਾਅਦ, ਪਿੰਡ ਦੇ ਮੁਸਲਿਮਾਂ ਦੇ ਕਤਲ ਦੇ ਵੇਰਵੇ ਦਿੱਤੇ ਗਏ ਨੇ)

26 ਜੁਲਾਈ 1947 ਤੜਕੇ ਤੋਂ, ਸਿੱਖ ਜੱਥੇ ਸੰਢਮ ਦੇ ਦਖੱਣ-ਪਛੱਮ ਦੇ ਖੇਰਾ ਪਿੰਡ ਤੇ, ਇਕੱਠਾ ਹੋਣ ਲਗੇ. ਕੁੱਝ ਲੋਕਾਂ ਨੇ ਸੋਚਿਆ ਕਿ ਉਨ੍ਹਾਂ ਦਾ ਮੁਕਾਬਲਾ ਕੀਤਾ ਜਾਵੇ...ਪਰ ਸਿੱਖ ਉੱਚੀ ਫਸਲਾਂ ਦੇ ਚਲਦਿਆਂ ਕਿਸੇ ਨੂੰ ਨਹੀਂ ਦਿੱਸੇ, ਉਹ ਪਿੰਡ ਤੇ ਦਾਖਲ ਹੋ ਗਏ ਅਤੇ ਸੰਢਮ ਦੇ ਲੋਕਾਂ ਉਪਰ ਹਮਲਾ ਕਰ ਦਿੱਤਾ. ਹਮਲਵਰਾਂ ਨੇ ਲੋਕਾਂ ਦੇ ਘਰ ਸਾੜ ਦਿੱਤੇ...ਸਤੰਬਰ ਦੇ ਸ਼ੁਰੂ ਤੇ, 15000 ਮੁਸਲਿਮ ਸ਼ਾਮ ਚੁਰਾਸੀ ਤੇ ਇਕੱਠਾ ਹੋ ਗਏ ਸੀ ਅਤੇ ਉਹ ਆਪਣੀ ਹਿਫ਼ਾਜ਼ਤ ਦੀ ਤਿਆਰੀ ਕਰਣ ਲਗੇ. ਫਿਰ ਉਹ ਜਲੰਧਰ ਛਾਉਣੀ ਤੇ, ਪਨਾਹਗੀਰਾਂ ਦੇ ਕੈਂਪ ਤੇ ਜਾਣ ਲਈ ਤਿਆਰ ਹੋਣ ਲਗੇ. ਸ਼ਮੱਸਿਆ ਇਹ ਸੀ ਕਿ ਸ਼ਾਮ ਚੁਰਾਸੀ ਤੇ ਕਈ ਹਿੰਦੂ ਪਰਵਾਰ ਰਹਿੰਦੇ ਸਨ ਅਤੇ ਮੁਸਲਿਮ ਆਪਣਾ ਮਨਸੂਬਾ ਖ਼ੁਫ਼ੀਆ ਨਹੀਂ ਰੱਖ ਸਕਦੇ ਸੀ. ਜਿਣ ਡੋਗਰਾ ਫ਼ੌਜੀਆਂ ਨੂੰ ਮੁਸਲਿਮਾਂ ਦੀ ਹਿਫ਼ਾਜ਼ਤ ਲਈ ਤਇਨਾਤ ਕੀਤਾ ਗਿਆ ਸੀ, ਉਹ ਸਾਮ ਚੁਰਾਸੀ ਦੇ ਆਲੇ-ਦੁਆਲੇ ਦੇ ਪਿੰਡਾਂ ਤੋਂ ਹੋ ਕੇ ਆਏ ਸੀ. ਇਹ ਅਫ਼ਵਾਹ ਫੈਲ ਗਈ ਸੀ ਕਿ ਉਹ ਹਿੰਦੂਆਂ ਅਤੇ ਸਿੱਖਾਂ ਨਾਲ ਮਿਲ ਕੇ ਮੁਸਲਿਮਾਂ ਉਪਰ ਹਮਲਾ ਕਰਣ ਵਾਲੇ ਸੀ.

13 ਸਤੰਬਰ ਨੂੰ ਸਿੱਖ ਜੱਥੇਆਂ ਨੇ ਚਾਰੋਂ ਤਰਫ਼ੋਂ ਹਮਲਾ ਕਰ ਦਿੱਤਾ. ਉਸ ਪਿੰਡ ਨੂੰ ਘੇਰ ਲੀਤਾ ਗਿਆ ਅਤੇ ਬਚਣ ਦਾ ਕੋਈ ਰਾਹ ਨਹੀਂ ਸੀ. ਕਿਉਂਕਿ ਹਮਲਾ ਤੜਕੇ ਹੋਇਆ, ਮੁਸਲਿਮ ਹਮਲਾਵਰਾਂ ਨਾਲ ਲੜਣ ਲਈ ਤਿਆਰ ਨਹੀਂ ਸਨ. ਪਿੱਛਲੇ ਹਮਲੇਆਂ ਤੇ ਬਰਛੇ, ਕਿਰਪਾਨਾਂ ਤੇ ਕੁਹਾੜੀਆਂ ਇਸਤੇਮਾਲ ਕੀਤੀ ਗਈਆਂ ਸੀ. ਸ਼ਾਮ ਚੁਰਾਸੀ ਉਪਰ ਇਸ ਹਮਲੇ ਤੇ, ਬੰਦੂਕਾਂ ਅਤੇ ਰਾਇਫਲਾਂ ਦਾ ਇਸਤੇਮਾਲ ਕੀਤਾ ਗਿਆ ਅਤੇ ਉਨ੍ਹਾਂ ਦੀ ਅਵਾਜ਼ ਦੀ ਗੂੰਜ ਸੁਣਾਈ ਦਿੱਤੀ. ਕਤਲੇਆਮ, ਸਿਪਾਹੀਆਂ ਦੀ ਮਦਦ ਨਾਲ ਹੋਇਆ. ਕੋਈ 300 ਮੁਸਲਿਮ ਬੰਦੇ, ਔਰਤਾਂ ਅਤੇ ਬੱਚੇ ਮਾਰੇ ਗਏ.

ਸ਼ਾਮ ਚੁਰਾਸੀ ਮਿਡਲ ਸਕੂਲ ਦਾ ਸਿਰਫ਼ ਇੱਕ ਗੇਟ ਸੀ. ਸਕੂਲ ਦਾ ਇਹਾਤਾ ਮੁਸਲਿਮ ਪਨਾਹਗੀਰਾਂ ਨਾਲ ਭਰ ਗਿਆ. ਸੂਰਜ ਚੜ੍ਹਨ ਤੋਂ ਪਹਿਲਾਂ ਉਣ ਸਭ ਦੀ ਵੱਢ-ਟੁੱਕ ਕਰ ਦਿੱਤੀ ਗਈ. ਉਸ ਪਿੰਡ ਦੀ ਗਲੀਆਂ ਅਤੇ ਆਲੇ-ਦੁਆਲੇ ਦੇ ਇਲਾਕੇ ਲਾਸ਼ਾਂ ਨਾਲ ਭਰ ਗਏ. ਉਥੇ ਇੱਕ ਮਸੀਤ ਵੀ ਸੀ, ਜੋ ਸਕੂਲ ਤੋਂ 200 ਮੀਟਰ ਦੂਰ ਸੀ, ਅਤੇ ਜਿਸ ਦਾ ਨਾਂਅ ਮਸਜਿਦ ਸ਼ੇਰਗਰਨ ਸੀ, ਜਿਥੇ ਮੁਸਲਿਮ ਸਵੇਰ ਦੀ ਨਮਾਜ਼ ਅਦਾ ਕਰ ਰਹੇ ਸੀ. ਉਸ ਮਸੀਤ ਨੂੰ ਘੇਰ ਲੀਤਾ ਗਿਆ ਅਤੇ ਸਾਰੇ ਨਮਾਜ਼ੀਆਂ ਨੂੰ ਹਲਾਕ ਕਰ ਦਿੱਤਾ ਗਿਆ. ਥੋੜਾ ਥੋੜਾ ਮੀਂਹ ਪੈ ਰਿਹਾ ਸੀ. ਮਸੀਤ ਦਾ ਹਾਲ ਅਤੇ ਇਹਾਤਾ ਲਹੂ ਨਾਲ ਲਾਲ ਹੋ ਗਿਆ. ਚੌਧਰੀ ਅਲ਼ੀ ਬਕਸ਼ (ਡਾ.ਅਫ਼ਜ਼ਲ ਦੇ ਦਾਦਾ-ਲੇਖਕ) ਅਤੇ ਉਨ੍ਹਾਂ ਦੇ ਭਤੀਜੇ ਚੌਧਰੀ ਫ਼ਜ਼ਲ ਮੁਹੱਮਦ ਉਸ ਹਮਲੇ ਤੇ ਸ਼ਹੀਦ ਕਰ ਦਿੱਤੇ ਗਏ. ਇਸਲਾਮ ਦੇ ਇਤਿਹਾਸ ਤੇ, ਨਮਾਜ਼ ਅਦਾ ਕਰਦੇ ਲੋਕਾਂ ਦੇ ਨਾਲ, ਉਨ੍ਹਾਂ ਦੇ ਨਾਂਅ ਦੀ ਸ਼ੁਮਾਰੀ ਹੋ ਗਈ...

> ਇਸ ਦੇ ਬਾਅਦ, ਬੇਸਹਾਰਾ ਪਨਾਹਗੀਰਾਂ ਉਪਰ ਹਮਲਾ ਕੀਤਾ ਗਿਆ ਜਦ ਉਹ ਹਮੀਰਾ, ਧਲਵਾਨ ਅਤੇ ਬਿਆਸ ਰੇਲਵੇ ਸਟੇਸ਼ਨਾਂ ਤੋਂ ਹੋ ਕੇ ਜਾ ਰਹੇ ਸੀ...ਭੁੱਖੇ, ਪਿਆਸੇ ਅਤੇ ਪੂਰੀ ਤਰ੍ਹਾਂ ਟੁੱਟ ਚੁਕੇ ਪਨਾਹਗੀਰਾਂ ਨੂੰ ਬੇਰਹਿਮ ਸਿੱਖਾਂ ਦੇ ਹਮਲੇ ਦਾ ਸਾਹਮਣਾ ਕਰਣ ਪਇਆ, ਜਦ ਅਚਾਨਕ ਬਿਆਸ ਦੇ ਚੜ੍ਹਦੇ ਪਾਣੀ ਦੇ ਸਤਰ ਨੇ ਉਨ੍ਹਾਂ ਨੂੰ ਲਪੇਟ ਲੀਤਾ. ਦੇਰ ਰਾਤ ਹੋ ਚੁਕੀ ਸੀ. ਜਦ ਕਿ ਹੜ੍ਹ ਦਾ ਪਾਣੀ ਚੜ੍ਹ ਰਿਹਾ ਸੀ, ਨਜਦੀਕ ਦੇ ਦਰਖ਼ਤਾਂ ਤੇ ਸੱਪ ਆ ਚੁਕੇ ਸੀ...ਰੇਲਵੇ ਸਟੇਸ਼ਨ ਤੇ ਸਿੱਖ ਇੰਤਜ਼ਾਰ ਕਰ ਰਹੇ ਸੀ. ਕਿਸ ਤਰਫ਼ ਇਹ ਮਜ਼ਲੂਮ ਲੋਕ ਜਾਂਦੇ?...ਬਿਆਸ ਦੇ ਪਾਣੀ ਤੇ ਹਜ਼ਾਰਾਂ ਦੀ ਤਦਾਦ ਤੇ ਲੋਕ ਡੂਬ ਗਏ...ਜੋ ਬੱਚ ਗਏ ਉਨ੍ਹਾਂ ਨੂੰ ਹੈਜੇ ਨੇ ਤਬਾਹ ਕੀਤਾ...ਕਈ ਮਰ ਗਏ (Afzal, n.d.: 48–57).

ਲੁਧਿਆਣਾ ਜ਼ਿਲ੍ਹਾ

ਲੁਧਿਆਣਾ ਜ਼ਿਲ੍ਹੇ ਦੀ ਆਬਾਦੀ ਦੀ ਮੁਸਲਿਮ ਫ਼ੀਸਦੀ 37 ਸੀ. ਲੁਧਿਆਣਾ ਜ਼ਿਲ੍ਹੇ ਤੇ ਸਿੱਖ ਸਭ ਤੋਂ ਵੱਡੀ ਕੌਮ ਸਨ ਅਤੇ ਉਹ ਆਬਾਦੀ ਦਾ 42 ਫ਼ੀਸਦੀ ਸਨ. ਸਿੱਖ ਰਿਆਸਤਾਂ ਨੂੰ ਛੱਡ ਕੇ, ਮੁਸਲਿਮਾਂ ਦਾ ਸਭ ਤੋਂ ਜ਼ਿਆਦਾ ਵਹਿਸ਼ੀ ਕਤਲੇਆਮ, ਲੁਧਿਆਣਾ ਜ਼ਿਲ੍ਹੇ ਦੇ ਦਿਹਾਤੀ ਇਲਾਕਿਆਂ ਤੇ ਹੋਇਆ.

ਲੁਧਿਆਣਾ ਸ਼ਹਿਰ

ਲੁਧਿਆਣਾ ਸ਼ਹਿਰ ਤੇ ਛਾਉਣੀ ਨੂੰ ਲੈਣ ਨਾਲ, ਮੁਸਲਿਮ 63 ਫ਼ੀਸਦੀ ਸਨ. ਹਾਲਾਂਕਿ ਲੁਧਿਆਣਾ ਕਾਫ਼ੀ ਪੂਰਬ ਦੀ ਤਰਫ਼ ਅਤੇ ਸਤਲੁਜ ਦੇ ਦਖੱਣ ਤੇ ਸਥਿਤ ਸੀ, ਇਸ ਦੀ ਮੁਸਲਿਮ ਮਜਾਰਿਟੀ ਦੇ ਚਲਦੇ, ਲੋਕ ਸੋਚਦੇ ਸੀ ਕਿ ਲੁਧਿਆਣਾ ਜ਼ਿਲ੍ਹਾ ਪਾਕਿਸਤਾਨ ਨੂੰ ਦੇ ਦਿੱਤਾ ਜਾਵੇਗਾ. ਐਸ.ਜੀ.ਪੀ.ਸੀ. ਰਿਪੋਰਟ ਜ਼ਿਕਰ ਕਰਦੀ ਹੈ ਕਿ ਮੁਸਲਿਮ ਲੀਗ ਲੁਧਿਆਣਾ ਤੇ ਬਹੁਤ ਸਰਗਰਮੀਆਂ ਕਰਦੀ ਸੀ ਅਤੇ ਕੁੱਝ ਝੜਪਾਂ ਵੀ ਹੋਇਆਂ, ਪਰ ਅਗਸਤ ਦੇ ਸ਼ੁਰੂ ਤਕ, ਹਾਲਾਤ ਇੱਕ ਵੱਡੀ ਹੱਦ ਤੱਕ ਸ਼ਾਂਤ ਰਹੇ. ਮੋਹਨ ਲਾਲ ਝੰਜੀ, ਵਕੀਲ ਅਤੇ ਵਿਰਕ ਪਿੰਡ, ਲੁਧਿਆਣਾ ਦੇ ਸਰਪੰਚ ਨੇ ਸਾਨੂ ਕਿਹਾ ਕਿ ਫ਼ਸਾਦ ਤੋਂ ਪਹਿਲਾਂ ਲੁਧਿਆਣਾ ਭਾਈਚਾਰੇ ਦੀ ਮਿਸਾਲ ਸੀ. ਦੋ ਮਸਹੂਰ ਮੁਸਲਿਮ ਸ਼ਾਇਰ, ਸਾਹਿਰ ਲੁਧਿਆਣਵੀ ਅਤੇ ਤੁਫੈਲ ਹੁਸ਼ਿਆਰਪੁਰੀ ਉਨ੍ਹਾਂ ਦੇ ਕਰੀਬੀ ਮਿੱਤਰ ਸਨ. ਬਲਦੇਵ ਵਰਮਾ ਨੇ ਮੈਨੂੰ ਦੱਸਿਆ ਕਿ ਉਸ ਦੇ ਪਿਤਾ ਘਦਰ ਪਾਰਟੀ ਦੇ ਇੱਕ ਪ੍ਰਮੁਖ ਸਦੱਸ ਸਨ, ਜਿਸ ਨੇ 20ਵੀਂ ਸਦੀ ਦੇ ਸ਼ੁਰੂ ਤੇ, ਅੰਗ੍ਰੇਜ਼ਾਂ ਦੇ ਖ਼ਿਲਾਫ਼, ਬਘਾਵਤ ਕਰਾਉਣ ਦੀ ਕੋਸ਼ਿਸ਼ ਕੀਤੀ. ਉਨ੍ਹਾਂ ਦੇ ਪਿਤਾ ਨੇ 14 ਸਾਲ ਜੇਲ੍ਹ ਤੇ ਗੁਜ਼ਾਰੇ. ਉਨ੍ਹਾਂ ਨੇ ਤਸਦੀਕ ਕੀਤੀ ਕਿ ਲੁਧਿਆਣਾ ਇੱਕ ਉੱਚੀ ਸੋਚ ਵਾਲਾ ਸ਼ਹਿਰ ਸੀ, ਪਰ 1946 ਦੇ ਇੱਤਖ਼ਾਬ ਦੇ ਬਾਅਦ, ਰਿਸ਼ਤੇ ਖੱਟੇ ਹੋਣ ਲਗੇ ਅਤੇ ਦਿਨੇ-ਦਿਨ ਬਦਤਰ ਹੁੰਦੇ ਰਹੇ.

ਸਈਦ ਮੁਹੱਮਦ ਇਸਲਾਮ ਸ਼ਾਹ

'ਸਾਡਾ ਪਰਵਾਰ ਅਸਲ ਤੇ ਸਿਮਲਾ ਤੋਂ ਸੀ, ਪਰ ਮੇਰੇ ਵਾਲਿਦ ਲੁਧਿਆਣਾ ਆ ਕੇ ਵਸ ਗਏ ਸੀ. ਉਹ ਇੱਕ ਹਕੀਮ ਸਨ. ਉਹ ਅਲ੍ਹਾ ਤੋਂ ਡਰਨ ਵਾਲੇ ਇਨਸਾਨ ਸਨ ਜੋ ਸਾਰੇ ਲੋਕਾਂ ਦਾ ਪਿਆਰ ਅਤੇ ਹਮਦਰਦੀ ਨਾਲ ਇਲਾਜ਼ ਕਰਦੇ ਸੀ. ਉਹ ਇੱਕ ਸੁਫ਼ੀ ਵੀ ਸਨ ਜਿਨ੍ਹਾਂ ਦਾ ਤਾਲੁੱਕ ਚਿਸ਼ਤੀਆ ਧਰਮ-ਸੰਘ ਨਾਲ ਸੀ. ਹਿੰਦੂ,

ਮੁਸਲਿਮ, ਸਿੱਖ, ਇਸਾਈ-ਹਰ ਕੋਈ ਇਲਾਜ਼ ਲਈ ਉਨ੍ਹਾਂ ਦੇ ਕੋਲ ਆ ਸਕਦਾ ਸੀ, ਜੋ ਕਾਫ਼ੀ ਸਸਤਾ ਵੀ ਸੀ. ਉਹ ਗਰੀਬਾਂ ਤੋਂ ਪੈਸੇ ਨਹੀਂ ਲੈਂਦੇ ਸੀ.

'ਲੁਧਿਆਣਾ ਤੇ ਕੁੱਝ ਗੜਬੜੀ ਚੱਲ ਰਹੀ ਸੀ ਪਰ ਸਾਰੇ ਮਜ਼ੂਬ ਦੇ ਲੋਕਾਂ ਵਿੱਚ ਰਜ਼ਾਮੰਦੀ ਸੀ ਕਿ ਅਮਨ ਅਤੇ ਚੰਗੇ ਰਿਸ਼ਤੇ ਕਾਇਮ ਰੱਖੇ ਜਾਣ. ਮਗਰ ਅਗਸਤ ਤੇ ਹਾਲਾਤ ਤੇਜੀ ਨਾਲ ਵਿਗੜਣ ਲਗੇ. ਪੂਰੇ ਸ਼ਹਿਰ ਤੇ, ਮੁਸਲਿਮਾਂ ਉਪਰ ਹਮਲੇ ਹੋਣ ਲਗੇ. ਲੋਕਾਂ ਨੂੰ ਕੁੱਝ ਪਤਾ ਨਹੀਂ ਸੀ ਕਿ ਇੰਡੀਆ ਅਤੇ ਪਾਕਿਸਤਾਨ ਦੀ ਸਰਹੱਦ ਕਿਥੋਂ ਹੋ ਕੇ ਗੁਜ਼ਰੇਗੀ. ਲੁਧਿਆਣਾ ਦੇ ਮੁਸਲਿਮਾਂ ਨੇ ਆਪਣੇ ਘਰਾਂ ਨੂੰ ਛੱਡ ਕੇ ਚਲੇ ਜਾਣ ਦੀ ਕੋਈ ਤਿਆਰੀ ਨਹੀਂ ਕੀਤੀ ਸੀ. ਈਦ ਦਾ ਦਿਨ ਵੀ ਜ਼ਿਆਦਾ ਜ਼ੋਰ-ਸ਼ੋਰ ਨਾਲ ਮਣਾਇਆ ਗਿਆ. ਜਿਆਦਾਤਰ ਲੋਕ, ਮਸੀਤ ਅਤੇ ਇਬਾਦਤ ਦੇ ਮੈਦਾਨਾਂ ਤੇ ਇੱਕ ਦੂਜੇ ਨੂੰ ਮਿਲੇ. ਇਹ ਇੱਕ ਮੌਕਾ ਵੀ ਸੀ ਜਦ ਲੋਕ ਗੱਲ-ਬਾਤ ਕਰ ਕੇ ਇਹ ਇਤਲਾਹ ਹਾਸਲ ਕਰਦੇ ਕਿ ਉਨ੍ਹਾਂ ਨੂੰ ਹੁਣ ਕੀ ਕਰਨਾ ਚਾਹੀਦਾ ਸੀ. ਹਮਲੇਆਂ ਦੀ ਤੀਬਰਤਾ ਵਧਦੀ ਰਹੀ. ਲੋਕ ਆਪਣੇ ਘਰਾਂ ਨੂੰ ਛੱਡ ਕੇ ਅਹਿਮ ਅਤੇ ਪ੍ਰਭਾਵਸ਼ਾਲੀ ਲੋਕਾਂ ਦੀ ਹਵੇਲੀਆਂ ਤੇ ਜਾਣ ਲਗੇ. ਹੁਣ ਸਾਰੇ ਮੁਸਲਿਮ ਬਰਾਬਰ ਸਨ. ਸਭ ਨੂੰ ਇੱਕ ਦੂਜੇ ਦੀ ਲੋੜ ਸੀ. ਕੁੱਝ ਦਿਨਾਂ ਦੇ ਅੰਦਰ, ਮੁਸਲਿਮ ਮਹੱਲੇਆਂ ਤੇ ਹਮਲੇ ਸ਼ੁਰੂ ਹੋ ਗਏ. ਅਫ਼ਸਰ ਪੂਰੀ ਤਰ੍ਹਾਂ ਤਰਫ਼ਦਾਰੀ ਕਰ ਰਹੇ ਸੀ. ਕੋਈ ਮਦਦਗਾਰ ਨਹੀਂ ਸੀ. ਕੁੱਝ ਹਿੰਦੂਆਂ ਅਤੇ ਸਿੱਖਾਂ ਨੇ ਆਪਣੇ ਮਿੱਤਰਾਂ ਅਤੇ ਗੁਆਂਢੀਆਂ ਨੂੰ ਪਨਾਹ ਦਿੱਤੀ ਸੀ, ਪਰ ਸਮੁਚੇ ਤੌਰ ਤੇ, ਕੋਈ ਵੀ ਸਿੱਖ ਜੱਥੇਆਂ ਅਤੇ ਆਰ.ਐਸ.ਐਸ. ਦਾ ਸਾਹਮਣਾ ਨਹੀਂ ਕਰਨਾ ਚਾਹੁੰਦਾ ਸੀ, ਜੋ ਲੁਧਿਆਣਾ ਤੇ ਸਰਗਰਮਿਆਂ ਕਰ ਰਹੇ ਸੀ.

'ਜਲਦ ਹੀ, ਪਨਾਹਗੀਰਾਂ ਦਾ ਇੱਕ ਲੰਬਾ ਕਾਫ਼ਿਲਾ ਉਸ ਕੈਂਪ ਦੀ ਤਰਫ਼ ਜਾਣ ਲਗਾ, ਜਿਸ ਨੂੰ ਉਨ੍ਹਾਂ ਦੇ ਲਈ ਕਾਇਮ ਕੀਤਾ ਗਿਆ ਸੀ. ਰਾਹ ਵਿੱਚ ਹੀ, ਸਾਨੂ ਹਥਿਆਰਬੰਦ ਸਿੱਖਾਂ ਨੇ ਘੇਰ ਲੀਤਾ. ਉਹ ਸਾਡੇ ਉਪਰ ਹਮਲਾ ਕਰਣ ਹੀ ਵਾਲੇ ਸੀ ਇੱਕ ਸਿੱਖ ਨੇ, ਜਿਸ ਦਾ ਨਾਂਅ ਸਾਇਦ ਮਿਲਖਾ ਸਿੰਘ ਸੀ, ਚੀਕ ਕੇ ਕਿਹਾ ਕਿ ਉਹ ਮੇਰੇ ਵਾਲਿਦ ਵਰਗੇ ਸੰਤ ਇਨਸਾਨ ਉਪਰ ਹਮਲਾ ਕਰਨ ਦਾ ਨਾਪਾਕ ਕੱਮ ਨਾ ਕਰਣ, ਜਿਸ ਨੇ ਹਮੇਸ਼ਾ ਪਰੇਸ਼ਾਨ ਲੋਕਾਂ ਦੀ ਬਗੈਰ ਕਿਸੇ ਫ਼ਰਕ ਜਾਂ ਵਰਜਨ ਦੇ ਮਦਦ ਕੀਤੀ ਸੀ. ਉਸ ਦੇ ਲਖ਼ਜ਼ਾਂ ਦਾ ਇੱਕ ਜਾਦੂ ਦੀ ਤਰ੍ਹਾਂ ਅਸਰ ਹੋਇਆ. ਸਿੱਖਾਂ ਨੇ ਰਾਹ ਦੇ ਦਿੱਤਾ ਅਤੇ ਅਸੀਂ ਹਿਫ਼ਾਜ਼ਤੀ ਤੌਰ ਤੇ ਨਿਕਲ ਗਏ ਅਤੇ ਇਹ ਇੱਕ ਭਿਆਨਕ ਹਾਦਸਾ ਹੋ ਸਕਦਾ ਸੀ. ਅਲ੍ਹਾ ਨੇ ਸਾਨੂ ਬਚਾ ਲੀਤਾ. ਮਿਲਖਾ ਸਿੰਘ ਸਾਡੇ ਲਈ ਇੱਕ ਫ਼ਰਿਸ਼ਤਾ ਸਾਬਤ ਹੋਇਆ. ਇਹ ਸਤੰਬਰ ਦੇ ਸ਼ੁਰੂ ਤੇ ਹੋਇਆ, ਹਾਲਾਂਕਿ ਮੈਨੂੰ ਪੱਕਾ ਯਾਦ ਨਹੀਂ ਹੈ. ਮੈਂ ਉਸ ਵਕਤ ਇੱਕ ਛੋਟਾ ਬੱਚਾ ਸੀ.'

ਮੌਲਾਨਾ ਹਬਿਬੁਰ ਰਹਿਮਾਨ ਸਨਵੀ ਲੁਧਿਆਣਵੀ

ਜਦ ਮੈਂ ਲੁਧਿਆਣਾ ਤੇ ਸੀ, ਮੈਨੂੰ ਬਲਦੇਵ ਵਰਮਾ ਤੋਂ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਅਹਰਾਰ ਦੇ ਨਾਲ ਤਾਲੁੱਕ ਰੱਖਣ ਵਾਲੇ ਅਤੇ ਸਾਮਰਾਜ਼ਵਾਦ ਦੇ ਖ਼ਿਲਾਫ਼ ਮੌਲਵੀ ਦਾ ਪੋਤਾ, ਹੁਣ ਵੀ ਲੁਧਿਆਣਾ ਤੇ ਮੌਜੂਦ ਸੀ ਅਤੇ ਉਹ ਸ਼ਹਿਰ ਦੀ ਮੁੱਖ ਮਸੀਤ ਦਾ ਇਮਾਮ ਸੀ, ਜਿਥੇ ਹਰ ਸ਼ੁਕਰਵਾਰ ਨੂੰ ਹਜ਼ਾਰਾਂ ਦੀ ਤਦਾਦ ਤੇ ਲੋਕ ਨਮਾਜ਼ ਅਦਾ ਕਰਣ ਆਉਂਦੇ ਨੇ, ਅਤੇ ਇਸ ਲਈ ਮੁੱਖ ਸੜਕਾਂ ਤੇ ਆਵਾ-ਜਾਈ ਰੋਕਣੀ ਪੈਂਦੀ ਸੀ. ਮੈਂ ਮੌਲਾਨਾ

ਹਬਿਬੁਰ ਰਹਮਾਨ ਸਨਵੀ ਲੁਧਿਆਣਵੀ ਨੂੰ ਉਸੇ ਦਿਨ 4 ਜਨਵਰੀ 2005 ਨੂੰ ਮਿਲਿਆ. ਉਨ੍ਹਾ ਨੇ ਇਹ ਕਹਾਣੀ ਦੱਸੀ:

'ਮੇਰੇ ਪਰਦਾਦਾ ਦੇ ਵਾਲਿਦ, ਸ਼ਾਹ ਅਬਦੁਲ ਕਾਦਿਰ ਲੁਧਿਆਣਵੀ, 1857 ਵਿੱਚ ਅੰਗਰੇਜ਼ਾਂ ਦੀ ਇਸਟ ਇੰਡੀਆ ਕਮਪਨੀ ਦੇ ਖ਼ਿਲਾਫ਼ ਹਥਿਆਰ ਚੁਕਣ ਵਾਲੇ, ਪੰਜਾਬ ਦੇ ਪਹਿਲੇ ਇਨਸਾਨ ਸਨ. ਉਨ੍ਹਾਂ ਨੇ ਇੱਕ ਵੱਡੀ ਫ਼ੌਜ਼ ਤਿਆਰ ਕੀਤੀ, ਜਿਸ ਵਿੱਚ ਮੁਸਲਿਮ, ਹਿੰਦੂ ਅਤੇ ਸਿੱਖ ਸ਼ਾਮਲ ਸਨ ਅਤੇ ਅੰਗਰੇਜਾਂ ਨੂੰ ਨਾ ਸਿਰਫ਼ ਲੁਧਿਆਣਾ ਤੋਂ ਬਲਕਿ ਪਾਨੀਪਤ ਤੋਂ ਵੀ ਭੱਜਾ ਦਿੱਤਾ. ਉਹ ਫਿਰ, ਆਪਣੇ ਬੰਦੇਆਂ ਨੂੰ ਲੈ ਕੇ, ਦਿੱਲੀ ਦੀ ਤਰਫ਼, ਬਹਾਦਰ ਸ਼ਾਹ ਜ਼ਫ਼ਰ ਦਾ ਸ਼ਾਥ ਦੇਣ ਲਈ ਗਏ. ਉਹ ਦੂਜੇ ਹਜ਼ਾਰਾਂ ਲੋਕਾਂ ਸਮੇਤ, 1857 ਨੂੰ ਚਾਂਦਨੀ ਚੌਕ ਤੇ ਲੜਦੇ ਹੋਏ ਮਾਰੇ ਗਏ.

'ਪਰ, ਉਨ੍ਹਾਂ ਦੇ ਵੰਸ਼ਜ ਇਨਕਲਾਬੀ ਜਦੋਜਹਿਦ ਦਾ ਸ਼ਾਥ ਦੇਂਦੇ ਰਹੇ ਅਤੇ ਦੋਵੇਂ ਘਦਰ ਪਾਰਟੀ ਅਤੇ ਸਵ.ਭਗਤ ਸਿੰਘ ਦੇ ਸਾਥੀਆਂ ਨੂੰ ਉਨ੍ਹਾਂ ਨੇ ਮਦਦ ਕੀਤੀ. ਉਨ੍ਹਾਂ ਨੇ ਸੁਭਾਸ਼ ਚੰਦਰ ਬੋਸ ਨੂੰ ਵੀ ਹਿਫ਼ਾਜ਼ਤ ਨਾਲ ਪੰਜਾਬ ਤੋਂ ਐਨ.ਡਬਲੂ.ਐਫ.ਪੀ. ਲੰਘਣ ਤੇ ਮਦਦ ਕੀਤੀ. 7 ਜਨਵਰੀ 2001 ਦੇ ਦੀ ਟ੍ਰਿਬਊਨ, ਚੰਡੀਗੜ ਨੇ ਮੇਰੇ ਪਰਵਾਰ ਦੀ ਸਾਮਰਾਜਵਾਦ ਦੇ ਖ਼ਿਲਾਫ਼ ਕੀਤੀ ਸੇਵਾਵਾਂ ਉਪਰ ਇੱਕ ਕਹਾਣੀ ਛਾਪੀ ਸੀ.

'ਮੇਰੇ ਦਾਦਾ ਮੌਲਾਨਾ ਹਬਿਬੁਰ ਰਹਮਾਨ ਲੁਧਿਆਣਵੀ ਮਜਲਿਸ-ਇ-ਅਹਰਾਰ ਦੇ ਸ਼ੁਰੁਆਤੀ ਸਦੱਸ ਸਨ. ਸਾਨੂੰ ਸਤੰਬਰ 1947 ਤੇ ਲੁਧਿਆਣਾ ਮਜਬੂਰੀ ਨਾਲ ਛੱਡਨਾ ਪਿਆ ਕਿਉਂਕਿ ਸਿੱਖਾਂ ਦੇ ਹਮਲੇ ਬਹੁਤ ਤੀਬਰ ਅਤੇ ਹਾਵੀ ਸਨ. ਬੜੀ ਮੁਸ਼ਕਲ ਨਾਲ ਸਾਡਾ ਪਰਵਾਰ ਲੁਧਿਆਣਾ ਸਟੇਸ਼ਨ ਪਹੁੰਚ ਸਕਿਆ. ਸਟੇਸ਼ਨ ਤੇ ਹਜ਼ਾਰਾਂ ਦੀ ਤਦਾਦ ਤੇ ਮੁਸਲਿਮ, ਉਨ੍ਹਾਂ ਨੂੰ ਪਾਕਿਸਤਾਨ ਲੈ ਜਾਣ ਵਾਲੀ ਗੱਡੀਆਂ ਦਾ ਇੰਤਜ਼ਾਰ ਕਰ ਰਹੇ ਸੀ. ਅਸੀਂ ਇੱਕ ਗੱਡੀ ਫੜਣ ਤੇ ਕਾਮਯਾਬ ਹੋ ਗਏ . ਇਸ ਦੇ ਵਿੱਚ ਫ਼ੌਜ਼ੀ ਹਿਫ਼ਾਜ਼ਤ ਮੌਜੂਦ ਸੀ ਅਤੇ ਹਾਲਾਂਕਿ ਇਹ ਕਈ ਘੰਟੇ ਦੇਰ ਨਾਲ ਚਲਦੀ ਰਹੀ, ਇਹ ਲਾਹੌਰ ਤੇ ਬਗੈਰ ਕਿਸੇ ਵੱਡੇ ਹਮਲੇ ਦੇ, ਪਹੁੰਚ ਗਈ.

'ਦਾਦਾ ਲਾਹੌਰ ਤੇ ਇੱਕ ਦਿਨ ਤੱਕ ਰਹੇ. ਸਾਡੇ ਉਥੇ ਕੁੱਝ ਰਿਸ਼ਤੇਦਾਰ ਸਨ ਅਤੇ ਕੋਈ ਪਰੇਸ਼ਾਨੀ ਨਹੀਂ ਹੋਈ. ਉਹ ਦਿੱਲੀ ਵਾਪਸ ਆਏ ਕਿਉਂਕਿ ਲੁਧਿਆਣਾ ਤੇ ਉਤਰਨਾ ਨਾਮੁਮਕਿਨ ਸੀ. ਉਨ੍ਹਾਂ ਨੂੰ ਨਹਿਰੁ ਬਹੁਤ ਇੱਜ਼ਤ ਨਾਲ ਮਿਲੇ ਜੋ ਉਨ੍ਹਾਂ ਨੂੰ ਇੰਡੀਆ ਦਾ ਉਪ-ਰਾਸ਼ਟਰਪੀ ਬਣਾ ਦੇਣਾ ਚਾਹੁੰਦੇ ਸੀ, ਪਰ ਦੇਵਬੰਦੀ ਉਲੇਮਾ ਨੂੰ ਜਲਨ ਹੋ ਗਈ ਅਤੇ ਉਸ ਨੇ ਇਸ ਦੀ ਖ਼ੁਫ਼ੀਆ ਤੌਰ ਤੇ ਮੁਖਾਲਫ਼ਤ ਕੀਤੀ. ਉਹ ਕੁੱਝ ਵਕਤ ਤੱਕ ਦਿੱਲੀ ਤੇ ਰਹੇ, ਪਰ ਹੌਲੀ ਹੌਲੀ ਸਾਨੂੰ ਲੁਧਿਆਣਾ ਦੀ ਮੁੱ◌ੱਖ ਮਸੀਤ ਦੀ ਮਲਕੀਅਤ ਦੇ ਦਿੱਤੀ ਗਈ. ਦਾਦਾ ਨੇ ਪੂਰਬੀ ਪੰਜਾਬ ਤੇ ਰਹਿਣਾ ਆਪਣਾ ਫ਼ਰਜ਼ ਸਮਝਿਆ, ਕਿਉਂਕਿ ਕੁੱਝ ਮੁਸਲਿਮ ਇਥੇ ਰਹ ਗਿਐ ਸੀ. ਇਧਰ-ਉਧਰ, ਸਾਰੇ ਪੰਜਾਬ ਵਿੱਚ ਕੁੱਝ ਮੁਸਲਿਮ ਬਚ ਗਏ ਸੀ. ਜਿਆਦਾਤਰ ਗਰੀਬ ਤਬਕੇ ਤੋਂ ਸਨ. ਹੁਣ ਤੇ ਲੁਧਿਆਣਾ ਵਿੱਚ ਹਜ਼ਾਰਾਂ ਦੀ ਤਦਾਦ ਤੇ ਮੁਸਲਿਮ ਨੇ. ਮੌਜੂਦਾ ਜ਼ਿਆਦਾਤਰ ਮੁਸਲਿਮ, ਯੂ.ਪੀ ਅਤੇ ਬਿਹਾਰ ਤੋਂ ਆਏ, ਕਪੜਾ ਮਿਲਾਂ ਦੇ ਮਜਦੂਰ ਨੇ.'

ਮੇਜਰ ਜਨਰਲ (ਰਿ.) ਸਈਦ ਵਜਾਹਤ ਹੁਸੈਨ ਜੋ ਪਹਿਲਾਂ ਜਲੰਧਰ ਤੇ ਤਇਨਾਤ ਸਨ, ਉਨ੍ਹਾਂ ਨੂੰ ਅਗਸਤ ਦੇ ਆਖ਼ਰ ਤੇ ਲੁਧਿਆਣਾ ਜਾਣ ਦਾ ਹੁਕਮ ਦਿੱਤਾ ਗਿਆ ਸੀ. ਉਨ੍ਹਾਂ ਨੇ ਸ਼ਹਿਰ ਦੇ ਖ਼ੌਫ਼ਨਾਕ ਨਜ਼ਾਰੇਆਂ ਦਾ ਵੇਰਵਾ ਦਿੱਤਾ ਹੈ-ਮੁਸਲਿਮ ਬੰਦੇਆਂ, ਖ਼ਵਾਤੀਨਾਂ ਅਤੇ ਬੱਚੇਆਂ ਦਾ ਕਤਲੇਆਮ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਲਾਸ਼ਾਂ, ਚਾਰੇ ਪਾਸੇ ਪਇਆਂ ਹੋਇਆਂ ਸੀ. ਉਹ ਇੱਕ ਹਿੰਦੂ ਜਾਟ ਜੇ.ਸੀ.ਉ ਦੀ ਨਾ-ਫ਼ਰਮਾਨੀ ਦਾ ਵੀ ਜ਼ਿਕਰ

ਕਰਦੇ ਨੇ, ਜੋ ਇੱਕ ਗੱਡੀ ਨੂੰ ਪਾਕਿਸਤਾਨ ਨਹੀਂ ਜਾਣ ਦੇਣਾ ਚਾਹੁੰਦਾ ਸੀ, ਕਿਉਂਕਿ ਉਸ ਦਾ ਇਲਜ਼ਾਮ ਇਹ ਸੀ ਕਿ ਕੁੱਝ ਹਿੰਦੂ ਜਾਟ ਔਰਤਾਂ ਨੂੰ ਵੀ, ਪਾਕਿਸਤਾਨ ਲੈ ਜਾਇਆ ਜਾ ਰਿਹਾ ਸੀ. ਉਸ ਨੂੰ ਗਰਿਫ਼ਤਾਰ ਕਰ ਲੀਤਾ ਗਿਆ ਅਤੇ ਦੂਰ ਲੈ ਜਾਇਆ ਗਿਆ. ਦੂਜੇ ਲਫ਼ਜ਼ਾਂ ਵਿੱਚ, ਮਿਸ਼ਰਤ ਪੀ.ਬੀ.ਐਫ ਵੀ ਫ਼ਿਰਕੂ ਜਹਿਰ ਨਾਲ ਮੁਤਾਸਰ ਹੋ ਰਹੀ ਸੀ, ਜੋ ਸਮਾਜ ਦੇ ਦੂਜੇ ਹਿੱਸੇਆਂ ਤੇ ਪਹਿਲਾਂ ਹੀ ਫੈਲ ਚੁਕੀਆ ਸੀ (2010:58-9). ਉਨ੍ਹਾਂ ਦੇ ਵਿਰਤਾਂਤ ਬਾਰੇ ਕੁੱਝ ਗੋਲ-ਮਾਲ ਹੈ ਕਿਉਂਕਿ ਉਹ ਦਾਅਵਾ ਕਰਦੇ ਨੇ ਕਿ ਉਨ੍ਹਾਂ ਨੇ ਲੁਧਿਆਣਾ ਤੇ, ਰੈਡਕਲੀਫ ਅਵਾਰਡ ਆਲ-ਇੰਡੀਆ ਰੇਡੀਉ ਉਪਰ ਸੁਣਿਆ ਸੀ (ਇਸ ਦਾ ਐਲਾਨ 17 ਅਗਸਤ ਨੂੰ ਹੋ ਗਿਆ ਸੀ) ਅਤੇ ਇਸ ਨੂੰ ਸੁਣ ਕੇ ਕਰਨਲ ਜੇਮਸ ਬੇਲ, ਲੁਧਿਆਣਾ ਫੋਰਸ ਦੇ ਬ੍ਰਿਟਿਸ਼ ਕਮਾਂਡਰ ਨੇ ਕਿਹਾ ਸੀ ਕਿ, 'ਤੁਸੀਂ ਸਭ ਹੋਰ ਮੁਸੀਬਤ ਲਈ ਤਿਆਰ ਹੋ ਜਾਵੋ' (Ibid:59).'

ਅਨਵਰ ਅਲੀ

ਮਸ਼ਹੂਰ ਪਾਕਿਸਤਾਨੀ ਕਾਰਟੂਨੀਸਟ ਅਨਵਰ ਅਲੀ (ਜਿਸ ਨੇ ਨੱਨਾ ਨਾਂਅ ਦਾ ਚਰਿਤਰ ਤਿਆਰ ਕੀਤਾ ਸੀ ਅਤੇ ਜੋ ਰੋਜ਼ਾਨਾ ਲਾਹੌਰ ਦੇ ਪਾਕਿਸਤਾਨ ਟਾਇਮਸ ਤੇ ਆਉਂਦਾ ਸੀ) ਅਤੇ ਕਹਾਣੀਕਾਰ, ਲਾਹੌਰ ਦੇ ਮੇਯੋ ਕਾਲਜ ਤੇ 1947 ਦੇ ਪੜ੍ਹਦੇ ਸੀ, ਜਦ ਤਕਸੀਮੀ ਦੰਗੇ ਭੜਕ ਉਠੇ. ਉਨ੍ਹਾਂ ਨੇ ਮੈਨੂੰ ਇਹ ਕਿਹਾ: 'ਲਾਹੌਰ ਜਲ ਰਿਹਾ ਸੀ, ਜਦ ਮੈਂ ਲੁਧਿਆਣਾ ਲਈ ਅਗਸਤ ਦੇ ਪਹਿਲੇ ਹਫ਼ਤੇ ਤੇ ਰਵਾਨਾ ਹੋਇਆ. ਕਿਸੇ ਵਜ੍ਹਾ ਨਾਲ, ਲੁਧਿਆਣਾ ਦੇ ਮੁਸਲਿਮ ਯਕੀਨ ਕਰਦੇ ਰਹੇ ਕਿ ਉਨ੍ਹਾਂ ਦਾ ਸ਼ਹਿਰ ਪਾਕਿਸਤਾਨ ਵਿੱਚ ਸ਼ਾਮਲ ਹੋਵੇਗਾ. ਰੈਡਕਲੀਫ ਅਵਾਰਡ ਨੇ ਦਹਿਸ਼ਤ ਫੈਲਾ ਦਿੱਤੀ. ਮੈਂ ਆਪਣੇ ਪਰਵਾਰ ਅਤੇ ਕਰੀਬੀ ਲੋਕਾਂ ਨੂੰ ਪਾਕਿਸਤਾਨ ਲੈ ਆਉਣ ਤੇ ਕਾਮਯਾਬ ਹੋ ਗਿਆ, ਪਰ ਮੈਂ ਆਪਣੀ ਅੱਖਾਂ ਨਾਲ ਉਣ ਦਿਨਾਂ ਤੇ ਨਰਕ ਵਰਗੇ ਹਾਲਾਤ ਵੇਖੇ. ਤਕਸੀਮ ਦੇ ਚਲਦਿਆਂ ਸਭ ਤੋਂ ਜ਼ਿਆਦਾ ਨੁਕਸਾਨ ਆਮ ਇਨਸਾਨਾਂ ਦਾ ਹੋਇਆ, ਜਿਨ੍ਹਾਂ ਨੂੰ ਕਦੀ ਪੁੱਛਿਆ ਨਹੀਂ ਗਿਆ ਕਿ ਉਹ ਕੀ ਚਾਹੁੰਦੇ ਸਨ. ਇਹ ਸੱਚ ਹੈ ਕਿ ਲੁਧਿਆਣਾ ਤੇ ਜਿਆਦਾਤਰ ਕਪੜੇ ਦੀ ਮਿਲਾਂ ਦੀ ਮਲਕੀਅਤ ਹਿੰਦੂਆਂ ਅਤੇ ਸਿੱਖਾਂ ਦੀ ਸੀ ਅਤੇ ਜ਼ਿਆਦਾਤਰ ਕਾਰੀਗਰ ਮੁਸਲਿਮ ਸਨ. ਪੰਜਾਬ ਦੀ ਇਸ ਤਰ੍ਹਾਂ ਦੀ ਅਸੰਤੁਲਤ ਇਕਤੀਸਾਦੀ ਤਰੱਕੀ ਨੇ ਇੱਕ ਗੈਰ-ਅਮਲੀ ਹਾਲਾਤ ਪੈਦਾ ਕਰ ਦਿੱਤਾ. ਇਹ ਪੰਜਾਬ ਦੇ ਦੋਨੋ ਤਰਫ਼, ਨਸਲਕੁਸ਼ੀ ਦੇ ਹਮਲੇਆਂ ਦੇ ਤੌਰ ਤੇ ਵਿਸਫੋਟਤ ਹੋ ਗਿਆ.

ਸੇਲਜਾ ਸੈਨੀ

ਜਦ ਕਿ ਅਗਸਤ ਦੇ ਮੱਧ ਤੋਂ, ਲੁਧਿਆਣਾ ਦੇ ਮੁਸਲਿਮਾਂ ਉਪਰ ਹੋਰ ਵੀ ਜ਼ਿਆਦਾ ਹਮਲੇ ਹੋਣ ਲਗੇ, ਮੁਸਲਿਮਾਂ ਨੇ ਵੀ ਕੁੱਝ ਖ਼ੌਫ਼ਨਾਕ ਵਾਰਦਾਤਾ ਨੂੰ ਅੰਜ਼ਾਮ ਦਿੱਤਾ. ਮੈਂ ਪ੍ਰੋਫ਼ੈਸਰ ਭੁਪੀਂਦਰ ਬਰਾਰ ਦੇ ਘਰ, 20 ਮਾਰਚ 2004 ਨੂੰ ਆਪਣੀ ਪੂਰਬੀ ਪੰਜਾਬ ਦੇ ਪਹਿਲੇ ਦੌਰੇ ਦੇ ਦੌਰਾਨ, ਸੇਲਜਾ ਸਾਹਨੀ ਨੂੰ ਮਿਲਿਆ. ਉਨ੍ਹਾ ਨੇ ਮੈਨੂੰ ਇਹ ਕਹਾਣੀ ਦੱਸੀ:

'ਮੈਂ ਤਕਸੀਮ ਦੇ ਵਕਤ ਚਾਰ ਸਾਲਾਂ ਦੀ ਸੀ. ਇਹ ਅਪ੍ਰੈਲ ਜਾਂ ਮਈ 1947 ਦਾ ਵਕਤ ਸੀ ਅਤੇ ਮੇਰੇ ਮਾਮਾ, ਭਗਤ ਸਿੰਘ, ਜੋ ਇੰਡੀਅਨ ਨੈਸ਼ਨਲ ਆਰਮੀ ਵਿੱਚ ਸਨ, ਰਿਹਾ ਹੋ ਕੇ ਘਰ ਆਏ. ਉਹ ਉਸ ਵਕਤ 35 ਸਾਲ ਦੇ ਸੀ ਅਤੇ ਪਹਿਲਾ ਉਨ੍ਹਾਂ ਨੇ ਬ੍ਰਿਟਿਸ਼ ਇੰਡੀਆ ਦੀ ਫ਼ੌਜ਼ ਤੇ ਸੇਵਾ ਕੀਤੀ ਅਤੇ ਜਦ ਉਹ ਜਾਪਾਨੀ

ਕੈਦ ਵਿੱਚ ਸਨ, ਉਹ ਆਈ.ਐਨ.ਏ. ਤੇ ਸਾਮਲ ਹੋ ਗਏ. ਉਨ੍ਹਾਂ ਦੇ ਉਪਰ ਕਈ ਦੂਜੇ ਲੋਕਾਂ ਸਮੇਤ ਮੁਕੱਦਮਾ ਚਲਾਇਆ ਗਿਆ, ਪਰ ਹੌਲੀ ਹੌਲੀ ਬ੍ਰਿਟਿਸ਼ ਲੋਕਾਂ ਦੇ ਚਲੇ ਜਾਣ ਤੋਂ ਪਹਿਲਾਂ, ਸਭ ਨੂੰ ਰਿਹਾ ਕਰ ਦਿੱਤਾ ਗਿਆ.

'ਮੇਰੇ ਨਾਨਾ ਸਾਡੇ ਪਿੰਡ ਦੇ ਲੰਬਰਦਾਰ ਸਨ. ਸਾਡੇ ਪਿੰਡ ਦੇ ਕਰੀਬ ਇੱਕ ਮੁਸਲਿਮ ਪਿੰਡ ਸੀ. ਅਗਸਤ ਤੇ, ਚਾਰ ਪਿੰਡਾ ਦੇ ਮੁਸਲਿਮ ਉਸ ਨੇੜੇ ਦੇ ਪਿੰਡ ਤੇ ਇਕੱਠਾ ਹੋਏ ਸੀ. ਮੇਰੇ ਮਾਮਾ ਲੰਬੇ ਉੱਚੇ ਅਤੇ ਸੋਹਣੇ ਸਨ ਜਿਨ੍ਹਾਂ ਨੂੰ ਮੇਰੀ ਮਾਂ ਬਹੁਤ ਪਿਆਰ ਕਰਦੀ ਸੀ. ਉਹ ਅਤੇ ਹੋਰ ਕੁੱਝ ਸਿੱਖ ਮੁਸਲਿਮਾਂ ਦੇ ਕੋਲ, ਉਨ੍ਹਾਂ ਨੂੰ ਭਰੋਸਾ ਦੇਣ ਗਏ ਸੀ ਕਿ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਵੇਗਾ. ਉਹ ਮੁਸਲਿਮਾਂ ਨਾਲ ਫ਼ੌਜ਼ ਤੇ ਇੱਕ ਲੰਬੇ ਅਰਸੇ ਤੱਕ ਕੱਮ ਕਰ ਚੁਕੇ ਸੀ ਅਤੇ ਉਨ੍ਹਾਂ ਦੇ ਖ਼ਿਲਾਫ਼ ਕੋਈ ਵੈਰ ਨਹੀਂ ਸੀ. ਉਹ ਅਤੇ ਉਨ੍ਹਾਂ ਦੇ ਮਿੱਤਰ, ਉਨ੍ਹਾਂ ਨੂੰ ਜ਼ਰੂਰਤ ਦੀ ਘੜੀ ਤੇ ਮਦਦ ਕਰਨਾ ਚਾਹੁੰਦੇ ਸੀ. ਪਰ, ਜਦ ਉਹ ਉਸ ਪਿੰਡ ਤੇ ਪਹੁੰਚੇ, ਕਿਸੇ ਨੇ ਚੀਕ ਕੇ ਕਿਹਾ, "ਮਾਰੋ ਉਨ੍ਹਾਂ ਨੂੰ!". ਉਨ੍ਹਾਂ ਨੂੰ ਆਪਣੇ ਮਿੱਤਰ ਨਾਲ ਭੱਜਨਾ ਪਇਆ. ਉਨ੍ਹਾ ਨੂੰ ਇੱਕ ਕੁਹਾੜੀ ਨਾਲ ਹਮਲਾ ਕਰ ਕੇ, ਬੇਰਹਿਮੀ ਨਾਲ ਮਾਰ ਦਿੱਤਾ ਗਿਆ. ਉਨ੍ਹਾਂ ਦਾ ਸ਼ਰੀਰ ਕਦੇ ਵੀ ਨਹੀਂ ਮਿਲਿਆ. ਇੱਕ ਲੰਬਾ ਵਕਤ ਗੁਜ਼ਰ ਗਿਆ ਹੈ, ਸਿਰਫ਼ ਮੇਰੀ ਮਾਂ ਲਈ ਨਹੀਂ. ਉਹ ਹੁਣ ਵੀ ਸਦਮੇ ਵਿੱਚ ਹੈ ਅਤੇ ਲਗਦਾ ਹੈ ਕਿ ਉਹ ਹੁਣ ਵੀ ਉਨ੍ਹਾਂ ਦਾ ਇੱਤਜ਼ਾਰ ਕਰ ਰਹੀ ਹੈ ਕਿ ਉਹ ਕਿਸੇ ਤਰ੍ਹਾਂ ਵਾਪਸ ਆ ਜਾਣ. ਲੁਧਿਆਣਾ ਦੇ ਮੁਸਲਿਮਾਂ ਨਾਲ ਕੀ ਹੋਇਆ, ਇਹ ਤੁਸੀਂ ਖੁਦ ਪਤਾ ਕਰ ਸਕਦੇ ਹੋ, ਪਰ ਮੈਨੂੰ ਪਤਾ ਹੈ ਕਿ ਜੋ ਭੱਜ ਗਏ, ਉਹ ਸਭ ਕੁੱਝ ਛੱਡ ਗਏ. ਮੈਂ ਜੋ ਕੁੱਝ ਸੁਣਿਆ ਹੈ, ਉਸ ਤੋਂ ਇਹ ਪਤਾ ਲਗਦਾ ਹੈ ਕਿ ਇਹ ਇੱਕ ਪੱਕਾ ਕਤਲੇਆਮ ਸੀ, ਪਰ ਮੈਂ ਉਸ ਵਕਤ ਬਹੁਤ ਛੋਟੀ ਸੀ. ਦਰਅਸਲ, ਮੈਂ ਖੁਸ਼ਾਬ, ਪਛੱਮ ਪੰਜਾਬ ਤੇ ਸੀ ਜਿਥੇ ਮੇਰੇ ਪਿਤਾ ਤਇਨਾਤ ਸਨ.

ਲੁਧਿਆਣਾ ਦੇ ਦਿਹਾਤੀ ਇਲਾਕੇ

ਲੁਧਿਆਣਾ ਦੇ ਦਿਹਾਤੀ ਇਲਾਕੇ ਤੇ ਹਿੰਦੂ-ਸਿੱਖ ਹਾਵੀ ਸਨ. ਲੁਧਿਆਣਾ ਦੇ ਆਲੇ-ਦੁਆਲੇ ਦੇ ਦਿਹਾਤੀ ਇਲਾਕਿਆਂ ਦੇ ਮੁਸਲਿਮਾਂ ਉਪਰ ਹਮਲੇ ਸਭ ਤੋਂ ਜਾਨੀ ਸਨ. ਇਹ ਲਗਦਾ ਸੀ ਕਿ ਰਾਵਲਪਿੰਡੀ ਜ਼ਿਲ੍ਹੇ ਦੇ ਕਿੱਸੇ ਇਥੇ ਬਾਰ ਬਾਰ ਦੱਸੇ ਜਾ ਰਹੇ ਸੀ ਅਤੇ ਸਿੱਖਾਂ ਨੇ ਉਸ ਵਹਿਸ਼ੀਪਨ ਨੂੰ, ਜਿਸ ਦੀ ਖ਼ਬਰਾਂ ਉੱਤਰੀ ਪੰਜਾਬ ਅਤੇ ਹਜ਼ਾਰਾ ਤੋਂ ਆਇਆਂ ਸੀ, ਇੱਕ ਜ਼ਿਆਦਾ ਵੱਡੇ ਪੈਮਾਨੇ ਤੇ ਦੁਹਰਾਣ ਦਾ ਇਰਾਦਾ ਕੀਤਾ ਹੋਇਆ ਸੀ.

ਅਮਰ ਸਿੰਘ

ਅਮਰ ਸਿੰਘ ਦਾ ਜ਼ਿਕਰ ਰਾਵਲਪਿੰਡੀ ਤੇ ਹੋਏ ਮਾਰਚ ਦੇ ਦੰਗਿਆਂ ਬਾਰੇ ਕੀਤਾ ਗਿਆ ਸੀ. ਉਹ ਉਣ ਲੋਕਾ ਵਿੱਚ ਸਨ, ਜੋ ਪੂਰਬੀ ਜ਼ਿਲ੍ਹਾਂ ਦੀ ਤਰਫ਼ ਭੱਜ ਕੇ ਆ ਗਏ ਸੀ ਅਤੇ ਇੱਕ ਅੱਤਵਾਦੀ ਸਿੱਖ ਬਣ ਗਏ, ਜੋ ਬਦਲਾ ਲੈਣ ਦਾ ਇਰਾਦਾ ਰੱਖਦੇ ਸੀ. ਉਨ੍ਹਾਂ ਨੇ ਇਹ ਕਿਹਾ:

'ਅਸੀਂ ਇੱਕ ਨਹੀਂ ਜਾਣ ਦਿੱਤਾ. ਮੋਗਾ ਤੇ ਅਸੀਂ ਜਿਸ ਕਿਸੇ ਨੂੰ ਫੜ ਸਕੇ, ਹਲਾਕ ਕਰ ਦਿੱਤਾ. ਖੱਨਾ ਸਟੇਸ਼ਨ ਤੇ ਇੱਕ ਮੁਸਲਿਮ ਵੀ ਬਚ ਨਹੀਂ ਸਕਿਆ. ਇਥੇ ਤੱਕ ਕਿ ਕਪੂਰਥਲਾ ਅਤੇ ਪਟਿਆਲਾ ਤੇ ਵੀ ਕੋਈ ਨਹੀਂ ਬਚ ਸਕਿਆ. ਇਹ ਹਮਲੇ ਸਤੰਬਰ ਤੇ ਹੋਏ ਅਤੇ ਅਕਤੂਬਰ ਦੇ ਆਖ਼ਰ ਤੱਕ ਹੁੰਦੇ ਰਹੇ. ਹਾਲਾਂਕਿ

ਰਾਵਲਪਿੰਡੀ ਦੇ ਸਿੱਖ ਸਮਾਗਮਾਂ ਤੇ ਆਪਣੀ ਦਾਸਤਾਨਾਂ ਸੁਣਾਦੇ ਸਨ, ਜ਼ਿਆਦਾਤਰ ਹਮਲੇ ਪੂਰਬੀ ਪੰਜਾਬ ਦੇ ਜੱਟ ਕਰਦੇ ਸੀ. ਪਰ, ਅਸਲ ਹਮਲੇ ਤਦ ਸ਼ੁਰੂ ਹੋਏ, ਜਦ ਹਿੰਦੂਆਂ ਅਤੇ ਸਿੱਖਾਂ ਦੀ ਲਾਸ਼ਾਂ ਨਾਲ ਭਰੀਆਂ ਗਡੀਆਂ ਇੰਡੀਆ ਤੇ ਆਉਣ ਲਗੀਆਂ. ਇਸ ਖ਼ਬਰ ਨੇ ਉਸ ਮੁਹਿੱਮ ਤੇ ਅੱਗ ਲਗਾਉਣ ਦਾ ਕੱਮ ਕੀਤਾ, ਜੋ ਕਈ ਮਹੀਨੇਆਂ ਤੋਂ ਤਿਆਰ ਕੀਤੀ ਜਾ ਰਹੀ ਸੀ. ਇਹ ਸੱਚ ਹੈ ਕਿ ਕੋਈ ਰਹਿਮ ਨਹੀਂ ਦਿਖਾਇਆ ਗਿਆ, ਪਰ ਤੁਹਾਨੂ ਯਾਦ ਹੋਵੇਗਾ ਕਿ ਮੁਸਲਿਮਾਂ ਨੇ ਸਾਡੇ ਭਰਾਵਾਂ ਅਤੇ ਭੈਣਾਂ ਨਾਲ ਕੀ ਕੀਤਾ ਸੀ? ਅਤੇ, ਸਾਡੀ ਜਵਾਬੀ ਕਾਰਵਾਈ ਤੇ ਹੋਣੀ ਹੀ ਸੀ.'

ਵਿੱਕੀ ਦੇ ਜਮਾਤੀ ਦੇ ਪਿਤਾ

ਨਥੁ ਮਾਜਰਾ, ਜੋ ਹੁਣ ਸੰਗਰੁਰ ਜ਼ਿਲ੍ਹੇ ਤੇ ਹੈ ਪਰ ਜੋ 1947 ਤੇ ਲੁਧਿਆਣਾ ਜ਼ਿਲ੍ਹੇ ਦਾ ਇੱਕ ਹਿੱਸਾ ਸੀ, ਦੇ ਇੱਕ ਦੌਰੇ ਤੇ, ਮੈਂ ਵਿੱਕੀ ਦੇ ਜਮਾਤੀ ਦੇ ਪਿਤਾ ਨਾਲ ਮਿਲਿਆ. ਬਦਕਿਸਮਤੀ ਨਾਲ, ਮੈਂ ਉਨ੍ਹਾਂ ਦਾ ਨਾਂਅ ਪੁੱਛਣਾ ਭੁੱਲ ਗਿਆ, ਚੁੰਕਿ ਮਾਹੌਲ ਇਸ ਤਰ੍ਹਾਂ ਦਾ ਸੀ ਕਿ ਅਸੀਂ ਮਿਹਮਾਨ ਦੇ ਤੌਰ ਤੇ ਪਹੁੰਚੇ ਸੀ ਅਤੇ ਗੱਲਬਾਤ ਸ਼ੁਰੂ ਹੋ ਗਈ. ਮੈਂ ਇਹ ਮਹਿਸੂਸ ਨਹੀਂ ਕੀਤਾ ਕਿ ਮੈਂ ਉਨ੍ਹਾ ਦਾ ਨਾਂਅ ਦਰਜ ਨਹੀਂ ਕੀਤਾ ਸੀ. ਉਨ੍ਹਾਂ ਨੇ ਮੈਨੂੰ ਇਹ ਕਿਹਾ:

'ਮੈਂ ਅਪ੍ਰੈਲ 1947 ਤੇ ਅੱਮ੍ਰਿਤਸਰ ਤੇ ਇੱਕ ਬੈਠਕ ਤੇ ਸ਼ਿਰਕਤ ਕੀਤੀ ਸੀ ਜਿਥੇ ਸਿੱਖ ਰਹਨੁਮਾਵਾਂ ਨੇ ਇਹ ਫ਼ੈਸਲਾ ਕੀਤਾ ਕਿ ਅਗਰ ਪੰਜਾਬ ਦੀ ਤਕਸੀਮ ਸਿੱਖ ਕੌਮ ਦੀ ਪਸੰਦ ਦੇ ਮੁਤਾਬਕ ਨਹੀਂ ਹੁੰਦੀ ਸੀ ਤੇ, ਸਾਨੂੰ ਇੱਹ ਪੱਕਾ ਕਰਨਾ ਸੀ ਕਿ ਪੂਰਬੀ ਪੰਜਾਬ ਤੇ ਇੱਕ ਵੀ ਮੁਸਲਿਮ ਨਾ ਰਹੇ. ਬਾਅਦ ਤੇ, ਜਦ ਤਕਸੀਮ ਦਾ ਫ਼ੈਸਲਾ ਹੋ ਚੁਕਿਆ ਸੀ, ਪਛੱਮ ਪੰਜਾਬ ਦੇ ਤਖਤ ਹਜ਼ਾਰਾ ਤੋਂ ਇੱਕ ਸ਼ਕਸ ਆਇਆ. ਉਸ ਦਾ ਨਾਂਅ ਅਰਜਨ ਸਿੰਘ ਸੀ ਅਤੇ ਉਹ ਮਹਾਰਾਜਾ ਪਟਿਆਲਾ ਨਾਲ ਮਿਲ ਕੇ, ਉਨ੍ਹਾਂ ਨੂੰ ਇਸ ਗੱਲ ਉਪਰ ਸਹਿਮਤ ਕਰਾਉਣ ਦੀ ਕੋਸ਼ਿਸ਼ ਕੀਤੀ ਕਿ, ਮਲੇਰਕੋਟਲਾ ਦੇ ਮੁਸਲਿਮਾਂ ਨੂੰ ਵੀ ਕੱਢ ਦੇਣਾ ਚਾਹੀਦਾ ਸੀ.

'ਇਸ ਇਲਾਕੇ ਤੇ ਕਤਲੇਆਮ ਬਹਾਦਰਗੜ ਤੇ ਸ਼ੁਰੂ ਹੋਇਆ ਅਤੇ ਜਲਦੀ ਨਾਲ ਨੇੜੇ ਦੇ ਇਲਾਕਿਆਂ ਤੇ ਫੈਲ ਗਿਆ ਪਰ ਲੋਕਾਂ ਨੇ ਭੱਜਦੇ ਹੋਏ ਮੁਸਲਿਮਾਂ ਦਾ ਪਿੱਛਾ ਨਹੀਂ ਕੀਤਾ ਅਗਰ ਉਹ ਮਲੇਰਕੋਟਲਾ ਦੇ ਇਲਾਕੇ ਤੇ ਦਾਖ਼ਲ ਹੋ ਜਾਂਦੇ ਸੀ. ਅਤੇ ਮਹਾਰਾਜਾ ਨੇ ਅਰਜਨ ਸਿੰਘ ਦੀ ਗੱਲ ਨਹੀਂ ਮੱਣੀ ਹੋਵੇਗੀ. ਗੁਰੂ ਗੋਬਿੰਦ ਸਿੰਘ ਦੇ ਹੁਕਮ ਦਿੱਤਾ ਸੀ ਕਿ ਕਦੇ ਵੀ ਮਲੇਰਕੋਟਲਾ ਦੇ ਮੁਸਲਿਮਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਜਾਵੇ. ਅਤੇ ਇਸ ਦੀ ਨਾ-ਫ਼ਰਮਾਨੀ ਨਹੀਂ ਕੀਤੀ ਗਈ ਅਤੇ ਜੋ ਵੀ ਮਲੇਰਕੋਟਲਾ ਦਾਖ਼ਲ ਹੋ ਗਏ ਅਤੇ ਜੋ ਬਾਹਰ ਦੇ ਲੋਕ ਸਨ, ਉਹ ਵੀ ਬਚ ਗਏ. ਇਸ ਤਰ੍ਹਾਂ ਹਜ਼ਾਰਾਂ ਲੋਕਾਂ ਦੀ ਜਾਨਾਂ ਬਚ ਗਈਆਂ, ਮੇਰੇ ਪਿਤਾ, ਸਰਦਾਰ ਕੁੰਦਨ ਸਿੰਘ ਕਾਂਗਰੇਸ ਪਾਰਟੀ ਦੇ ਸਦੱਸ ਸਨ. ਉਨ੍ਹਾਂ ਨੇ ਕਈ ਮੁਸਲਿਮਾਂ ਨੂੰ ਬਚਾਣ ਤੇ ਮਦਦ ਕੀਤੀ. ਇੱਕ ਮੁਸਲਿਮ ਔਰਤ ਹਮਲੇ ਸ਼ੁਰੂ ਹੋਣ ਦੇ ਇੱਕ ਮਹੀਨੇ ਬਾਅਦ ਵੀ ਜ਼ਿੰਦਾ ਮਿਲੀ. ਬਗੈਰ ਖਾਨੇ ਦੇ ਉਹ ਕਿਸ ਤਰ੍ਹਾਂ ਇੱਕ ਮਹੀਨਾ ਜ਼ਿੰਦਾ ਰਹੀ, ਇਹ ਸਾਨੂ ਦੱਸਦਾ ਹੈ ਕਿ ਇਨਸਾਨ ਸਭ ਤੋਂ ਬਦਤਰ ਹਾਲਾਤ ਵਿੱਚ ਵੀ ਜ਼ਿੰਦਾ ਰਹਿ ਸਕਦਾ ਹੈ. ਮਲੇਰਕੋਟਲਾ ਦੇ ਬਾਹਰ ਦੇ ਇਲਾਕੇ ਦੇ ਜ਼ਿਆਦਾਤਰ ਮੁਸਲਿਮ ਜੋ ਬਚ ਗਏ

ਸੀ, ਬਾਅਦ ਤੇ ਅਕਤੂਬਰ ਜਾਂ ਉਸ ਤੋਂ ਵੀ ਬਾਅਦ ਤੇ, ਪਾਕਿਸਤਾਨ ਚਲੇ ਗਏ, ਜਦ ਕਿ ਕੁੱਝ ਮਲੇਰਕੋਟਲਾ ਤੇ ਵਸ ਗਏ.'

ਰਣਜੀਤ ਸਿੰਘ (ਅਜੀਤ ਸਿੰਘ)

ਆਪਣੇ ਮਾਰਚ 2004 ਦੇ ਪੂਰਬੀ ਪੰਜਾਬ ਦੇ ਪਹਿਲੇ ਦੌਰੇ ਤੇ ਇੰਡੀਆ ਆਉਣ ਤੋਂ ਪਹਿਲਾਂ, ਪ੍ਰੋਫ਼ੈਸਰ ਬਰਾਰ ਦੀ ਹਦਾਇਤ ਤੇ ਵਿੱਕੀ ਨੇ ਕਈ ਪਿੰਡਾਂ ਦਾ ਦੌਰਾ ਕੀਤਾ ਸੀ ਅਤੇ ਜਦ ਉਹ ਨਥੁ ਮਾਜਰਾ ਤੇ ਪਹੁੰਚੇ, ਉਨ੍ਹਾਂ ਦੀ ਜਾਣ-ਪਛਾਣ ਰਣਜੀਤ ਸਿੰਘ ਨਾਲ ਕਰਵਾਈ ਗਈ (ਉਸ ਨੂੰ ਅਜੀਤ ਸਿੰਘ ਵੀ ਕਿਹਾ ਜਾਂਦਾ ਸੀ, ਅਤੇ ਉਸ ਦਾ ਅਸਲੀ ਨਾਂਅ ਇੱਕ ਰਾਜ਼ ਹੈ), ਜਿਸ ਨੇ ਵਿੱਕੀ ਨੂੰ ਮੁਸਲਿਮਾਂ ਉਪਰ ਹਮਲੇਆਂ ਤੇ, ਉਸ ਦੇ ਸ਼ਰੀਕ ਹੋਣ ਬਾਰੇ ਦੱਸਿਆ. ਉਸ ਦਾ ਦਾਅਵਾ ਸੀ ਕਿ ਉਸ ਨੇ ਹਜ਼ਾਰਾਂ ਦੀ ਤਦਾਦ ਤੇ ਮੁਸਲਿਮਾਂ ਨੂੰ ਹਲਾਕ ਕੀਤਾ ਸੀ. ਅਸੀਂ ਮਾਰਚ 2004 ਨੂੰ ਨਥੁ ਮਾਜਰਾ ਗਏ, ਪਰ ਉਸ ਮੌਕੇ ਤੇ ਪਤਾ ਲਗਾ ਕਿ ਰਣਜੀਤ ਸਿੰਘ ਉਥੇ ਮੌਜੂਦ ਨਹੀਂ ਸਨ. ਜਨਵਰੀ 2005 ਨੂੰ ਮੇਰੇ ਦੂਜੇ ਦੌਰੇ ਦੇ ਦੌਰਾਨ, ਅਸ਼ੀਂ ਫਿਰ ਨਥੁ ਮਾਜਰਾ ਗਏ. ਇਸ ਵਾਰ, ਉਹ ਇੰਟਰਵਿਊ ਦੇਨ ਲਈ ਰਾਜੀ ਹੋ ਗਏ. ਉਨ੍ਹਾਂ ਨੇ ਮੈਨੂੰ ਉਨ੍ਹਾਂ ਦੀ ਤਸਵੀਰ ਵੀ ਲੈਣ ਦਿੱਤੀ. ਉਨ੍ਹਾ ਨੇ ਇਹ ਕਹਾਣੀ ਦੱਸੀ:

'ਸਾਨੂ ਸਭ ਤੋਂ ਪਹਿਲਾਂ ਦਸੰਬਰ 1946 ਤੇ ਸਿੱਖਾਂ ਦੇ ਉਪਰ ਕੀਤੇ ਜ਼ੁਲਮਾਂ ਬਾਰੇ ਪਤਾ ਲਗਾ ਜਦ ਹਜ਼ਾਰਾ ਤੋਂ ਸੈਕੜੇ ਪਰਵਾਰਾਂ ਨੇ ਪਟਿਆਲਾ ਆ ਕੇ ਪਨਾਹ ਲੀਤੀ. ਨੈਜਵਾਨ ਕੁੜੀਆਂ ਨਾਲ ਜ਼ਬਰਦਸਤੀ ਕੀਤੀ ਗਈਆਂ ਸੀ; ਕੁੱਝ ਦੇ ਤੇ ਸੀਨੇ ਪੁੱਟ ਦਿੱਤੇ ਗਏ ਸੀ. ਸਾਨੂ ਦੱਸਿਆ ਗਿਆ ਕਿ ਕਈਆਂ ਦੀ ਮੌਤ ਹੋ ਗਈ ਸੀ. ਫ਼ਿਰ ਮਾਰਚ ਵਿੱਚ, ਇੱਕ ਬਹੁਤ ਵੱਡੀ ਤਦਾਦ ਵਿੱਚ ਸਿੱਖਾਂ ਨੇ, ਰਾਵਲਪਿੰਡੀ ਦੇ ਮੁਸਲਿਮ ਬਦਮਾਸ਼ਾਂ ਦੀ ਟੋਲੀਆਂ ਦੁਆਰਾ ਜ਼ੁਲਮਾਂ ਦੇ ਸ਼ਿਕਾਰ ਹੋ ਕੇ, ਅਤੇ ਸਦਮੇ ਵਿੱਚ, ਇਥੇ ਆ ਕੇ ਪਨਾਹ ਲੀਤੀ. ਉਸ ਵਕਤ ਤੋਂ ਬਾਅਦ, ਅਸੀਂ ਨੈਜਵਾਨਾਂ ਨੇ ਅਤੇ ਪਨਾਹਗੀਰਾਂ ਵਿਚੋਂ ਦੂਜੇ ਲੋਕਾਂ ਨੇ ਇੱਕ ਸਹੂੰ ਖਾਦੀ ਸੀ ਕਿ ਅਗਰ ਮੌਕਾ ਆਇਆ ਤੇ ਅਸੀਂ ਇੱਕ ਵੀ ਮੁਸਲਿਮ ਨੂੰ ਜ਼ਿੰਦਾ ਨਹੀਂ ਛੱਡਾਂਗੇ ਅਤੇ ਸਾਨੂ ਹੁਣ ਹਰਕਤ ਵਿੱਚ ਆਉਣਾ ਸੀ. ਕਤਲ ਅਤੇ ਜਬਰ ਜਨਾਹ ਦੀ ਇਤਲਾਹ ਉਣ ਲੋਕਾਂ ਨੇ ਦਿੱਤੀਆਂ ਜੋ ਉਥੋਂ ਬੱਚ ਕੇ ਆਏ ਸੀ. ਜਦ ਲਾਇਲਪੁਰ ਤੋਂ ਇੱਕ ਗੱਡੀ ਲਾਸ਼ਾਂ ਸਮੇਤ ਆਈ ਤਦ ਅਸੀਂ ਫ਼ੈਸਲਾ ਕੀਤਾ ਕਿ ਕਾਰਵਾਈ ਕਰਣ ਦਾ ਵਕਤ ਆ ਗਿਆ ਸੀ.

'ਪਾਮਿਲ ਦੇ ਕੈਂਪ ਤੇ ਅਸੀਂ, ਖ਼ਾਸ ਕਰ ਕੇ, ਜ਼ਬਰਦਸਤ ਵੱਢ-ਟੁੱਕ ਕੀਤੀ. ਸਾਰੀ ਔਰਤਾਂ ਅਤੇ ਬੱਚੇਆਂ ਨੂੰ ਅਸੀਂ ਪੰਜ ਘੰਟੇਆਂ ਦੇ ਅੰਦਰ ਹਲਾਕ ਕਰ ਦਿੱਤਾ. ਅਸੀਂ 35 ਸੀ ਅਤੇ ਅਸੀਂ 20,000 ਨੂੰ ਮਾਰ ਦਿੱਤਾ. ਸਾਡੇ ਕੋਲ ਦੋ ਰਿਵਾਲਵਰਾਂ ਅਤੇ ਇੱਕ ਰਾਇਫਲ ਸੀ. ਤਦ ਤੱਕ ਸਾਡੇ ਨਾਲ 400 ਹੋਰ ਬੰਦੇ ਸ਼ਾਮਲ ਹੋ ਗਏ ਸੀ. ਅਸੀਂ ਨੈਜਵਾਨ ਮੁੰਡੇਆਂ ਨੂੰ ਮਾਰ ਦਿੱਤਾ, ਔਰਤਾਂ ਜਾਂ ਬਚੇਆਂ ਨੂੰ ਨਹੀਂ. ਕੁੱਝ ਔਰਤਾਂ ਨੂੰ ਅਗਵਾ ਵੀ ਕੀਤਾ ਗਿਆ.

'ਇਥੇ ਮੁਸਲਿਮਾਂ ਉਪਰ ਹਮਲੇ 2 ਸਤੰਬਰ ਤੋਂ ਸ਼ੁਰੂ ਹੋਏ ਅਤੇ ਤੀਬਰਤਾ ਨਾਲ ਚਾਰ ਦਿਨ ਤੱਕ ਚਲਦੇ ਰਹੇ. ਸਿੱਖ ਜੱਥੇ ਚਲਨਸ਼ੀਲ ਸਨ ਅਤੇ ਅਸੀਂ ਜਲਦੀ ਨਾਲ ਸਾਡੇ ਘੋੜੇਆਂ ਉਪਰ ਬੈਠ ਕੇ ਇੱਕ ਜਗ੍ਹ ਤੋਂ ਦੂਜੀ ਜਗ੍ਹ ਜਾ ਸਕਦੇ ਸੀ. ਮੁਸਲਿਮਾਂ ਦੇ ਇੱਕ ਵਡੇ 25,000-35,000 ਲੋਕਾਂ ਦੇ ਸਮੂਹ ਉਪਰ ਅਸੀਂ ਹਮਲਾ ਕੀਤਾ. ਮੈਨੂੰ ਯਕੀਨ ਹੈ ਸਾਰੇ ਮਾਰ ਦਿੱਤੇ ਗਏ; ਕੁੱਝ ਬਚ ਕੇ ਖੇਤਾਂ ਤੇ ਚਲੇ ਗਏ ਹੋਣਗੇ. ਮੇਰਾ ਅੰਦਾਜ਼ਾ

ਹੈ ਕਿ ਪੂਰਬੀ ਪੰਜਾਬ ਤੇ 500,000 ਮੁਸਲਿਮਾਂ ਦਾ ਕਤਲ ਕੀਤਾ ਗਿਆ ਸੀ. ਮੈਂ ਉਣ ਰਹਨੁਮਾਵਾਂ ਦੇ ਸੰਪਰਕ ਵਿੱਚ ਸੀ ਜੋ ਇਣ ਹਮਲੇਆ ਦੀ ਤੰਜ਼ੀਮ ਕਰ ਰਹੇ ਸੀ. ਉਨ੍ਹਾਂ ਦਾ ਅੰਦਾਜ਼ਾ ਸੀ ਕਿ 500,000-700,000 ਮੁਸਲਿਮ ਹਲਾਕ ਹੋਏ ਸੀ.

'ਬਾਉਜੀ, ਜੇਹੜਾ ਮੁਸਲਮਾਨ ਮਲੇਰਕੋਟਲਾ ਜਾਣ ਵਾਲੀ ਸੜਕ ਦੇ ਦੂਜੇ ਪਾਸੇ ਅੰਗ੍ਰੇਜ਼ੀ ਇਲਾਕੇ ਵਿੱਚ ਸੀ ਉਨੂ ਅਸੀਂ ਛੱਡਿਆ ਨਹੀਂ ਅਤੇ ਜੇਹੜਾ ਇਸ ਪਾਸੇ ਆ ਗਿਆ ਸੀ ਉਨੂ ਅਸੀਂ ਹੱਥ ਨਹੀਂ ਲਾਇਆ'. 'ਅਸੀਂ ਉਨ ਮੁਸਲਿਮਾਂ ਉਪਰ ਵੀ ਹਮਲਾ ਕੀਤਾ ਜੋ ਸਰਹਿੰਦ ਅਤੇ ਰਾਏਕੋਟ ਦੇ ਕੈਂਪਾ ਦੀ ਤਰਫ਼ ਜਾ ਰਹੇ ਸੀ. ਜੋ ਉਥੇ ਪਹੁੰਚ ਗਏ, ਉਹ ਬਚ ਗਏ. ਜੋ ਨਹੀਂ ਪਹੁੰਚ ਸਕੇ; ਮਾਰ ਦਿੱਤੇ ਗਏ. ਸਭ ਤੋਂ ਬਦਤਰ ਕਤਲੇਆਮ ਅਗਸਤ-ਸਤੰਬਰ ਤੇ ਹੋਇਆ. ਮੈਂ ਇੱਕ ਨੌਜਵਾਨ ਸੀ ਅਤੇ ਨਿਰੰਜਨ ਸਿੰਘ ਦੇ ਗੁਟ ਨਾਲ ਮੇਰਾ ਤਾਲੁੱਕ ਸੀ. ਜਗੀਰ ਸਿੰਘ ਅਤੇ ਕੀਰਤਾਰ ਸਿੰਘ ਵੀ ਉਸ ਜੱਥੇ ਦੇ ਸਦੱਸ ਸਨ.
'ਮੈਂ ਸੋਚਦਾ ਹਾਂ ਜੋ ਹੋਇਆ ਉਹ ਗਲਤ ਸੀ. ਕਿਸੇ ਇਨਸਾਨ ਦਾ ਕਤਲ ਕਰਨਾ ਇੱਕ ਗੁਨਾਹ ਹੈ. ਅਸੀਂ ਇਸ ਨੂੰ ਧਰਮ-ਜੁੱਧ ਸਮਝ ਰਹੇ ਸੀ. ਅਸੀਂ ਆਪਣੇ ਪਿੰਡ ਦੇ ਮੁਸਲਿਮਾਂ ਦਾ ਕਤਲ ਨਹੀਂ ਕੀਤਾ. ਮੈਂ ਘੱਟ ਤੋਂ ਘੱਟ 3,000, ਜ਼ਿਆਦਾਤਰ ਨੌਜਵਾਨ ਮੁਸਲਿਮ ਮੁੰਡੇਆਂ ਦਾ ਕਤਲ ਕੀਤਾ. ਗੁਜਰ, ਅਰਾਇਨ, ਜੱਟ, ਫ਼ਕੀਰ, ਤੇਲੀ-ਸਾਰੇ ਤਰ੍ਹਾਂ ਦੇ ਮੁਸਲਿਮ-ਜਾਇਜ਼ ਨਿਸ਼ਾਨਾ ਸਨ.'

ਹੰਸ ਰਾਜ ਖਤਰੀ

17 ਮਾਰਚ 2004 ਨੂੰ ਮੈਂ ਸਿਧਵਾਂ ਬੇਟ, ਸਲੀਮਪੁਰਾ ਦੇ ਜੁੜਵਾਂ ਪਿੰਡ, ਤਹਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਦੇ ਹੰਸ ਰਾਜ ਖਤਰੀ (ਜਨਮ:1920) ਦਾ ਇੰਟਰਵਿਊ ਲੀਤਾ. ਉਨ੍ਹਾਂ ਨੇ ਮੈਨੂੰ ਦੋ ਮੁਸਲਿਮ ਭੈਣਾ ਦੀ ਦਿਲ-ਦਹਿਲਾ ਦੇਣ ਵਾਲੀ ਇਹ ਕਹਾਣੀ ਦੱਸੀ:

'ਤਕਸੀਮ ਤੋਂ ਪਹਿਲਾਂ, ਇਣ ਪਿੰਡਾ ਤੇ ਮੁਸਲਿਮ ਅਰਾਇਨ ਵਸਦੇ ਸੀ ਜਿਨ੍ਹਾਂ ਦੀ ਜਗਰਾਉਂ ਤਹਸੀਲ ਦੇ ਸਾਰੇ ਪਾਸੇ, ਦੂਜੀ ਤਹਸੀਲਾਂ ਦੀ ਤਰ੍ਹਾਂ, ਇੱਕ ਵੱਡੀ ਮੌਜੁਦਗੀ ਸੀ. ਰੈਡਕਲੀਫ ਅਵਾਰਡ ਦੇ ਬਾਅਦ, ਸਿੱਖ ਜੱਥੇ ਕਾਫ਼ੀ ਜ਼ਿਆਦਾ ਹਰਕਤ ਕਰਣ ਲਗੇ. ਸਾਡੇ ਇਲਾਕੇ ਦੇ ਮੁਸਲਿਮ ਪਾਕਿਸਤਾਨ ਜਾਣ ਦੀ ਤਿਆਰੀ ਕਰਣ ਲਗੇ. ਬੈਸਾਖਾ ਸਿੰਘ, ਜੋ ਨਾਲ ਦੇ ਇੱਕ ਪਿੰਡ ਕਿਸ਼ਨਪੁਰਾ ਦਾ ਰਹਿਣ ਵਾਲਾ ਸੀ, ਉਸ ਨੇ ਕਿਹਾ ਕਿ ਉਨ੍ਹਾਂ ਨੂੰ ਫ਼ਿਕਰਮੰਦ ਹੋਣ ਦੀ ਲੋੜ ਨਹੀਂ ਸੀ. ਦੋਨੋ ਕੌਮਾਂ ਇੱਕ ਲੰਬੇ ਵਕਤ ਤੱਕ ਇੱਕ ਸਾਥ ਅਮਨ ਨਾਲ ਰਹਿਆਂ ਸੀ ਅਤੇ ਹੁਣ ਜਦ ਮੁਸਲਿਮ ਜਾ ਰਹੇ ਸੀ, ਉਨ੍ਹਾਂ ਨੂੰ ਹਿਫ਼ਾਜ਼ਤ ਨਾਲ ਛੱਡ ਦਿੱਤਾ ਜਾਵੇਗਾ.

'ਉਨ੍ਹਾਂ ਨੇ ਉਸ ਦਾ ਇਤਬਾਰ ਕਰ ਲੀਤਾ ਅਤੇ ਅਗਲੇ ਦਿਨ ਕਾਫ਼ਿਲਾ, ਥੋੜੀ ਦੂਰ ਇੱਕ ਕੈਂਪ ਦੀ ਤਰਫ਼ ਜਾਣ ਲਗਾ. ਅਚਾਨਕ ਉਨ੍ਹਾਂ ਦੇ ਉਪਰ ਦੋ ਗੋਲੀਆਂ ਚਲਾਈਆਂ ਗਈਆਂ. ਬੈਸਾਖਾ ਸਿੰਘ ਨੇ ਬੰਦੇਆਂ ਨੂੰ ਕਿਹਾ ਕਿ ਉਹ ਖੁਦ ਕੈਂਪ ਦੀ ਤਰਫ਼ ਚਲੇ ਜਾਣ ਅਤੇ ਔਰਤਾਂ ਹੋਰ ਬਚੇਆਂ ਨੂੰ ਉਨ੍ਹਾਂ ਦੀ ਹਿਫ਼ਾਜ਼ਤ ਤੇ ਛੱਡ ਦੇਣ. ਅਤੇ, ਔਰਤਾਂ ਅਤੇ ਬੱਚੇਆਂ ਨੂੰ ਪਿੱਛੇ ਛੱਡ ਕੇ, ਸਿਹਤਮੰਦ ਬੰਦੇ ਕੈਂਪ ਦੀ ਤਰਫ਼ ਚਲੇ ਗਏ. ਪਰ ਕੁੱਝ ਬਦਮਾਸ਼ਾਂ ਨੇ ਬੈਸਾਖਾ ਸਿੰਘ ਦੀ ਹਿਫ਼ਾਜ਼ਤ ਵਿੱਚ ਔਰਤਾਂ ਉਪਰ ਹਮਲਾ ਕਰ ਕੇ ਕੁੱਝ ਨੂੰ ਅਗਵਾ ਕਰ ਲੀਤਾ. ਉਣਾਂ ਦੇ ਵਿੱਚ ਦੋ ਸ਼ਾਦੀ-ਸ਼ੁਦਾ ਭੈਣਾ ਸਨ, ਰਮਜ਼ਾਨ ਬੀਬੀ ਅਤੇ ਜ਼ੈਨਬ ਬੀਬੀ. ਅਗਵਾ ਕੀਤੀ ਔਰਤਾਂ ਦੀ, ਉਸ ਵਕਤ 300 ਰੁਪਏ ਤੇ ਫ਼ਰੇਖ਼ਤ ਹੋ ਰਹੀਆਂ ਸੀ. ਉਣ ਭੈਣਾਂ ਨੇ ਅਗਵਾ ਕਰਣ ਵਾਲੇਆਂ ਦੇ ਤਰਲੇ ਕੱਢੇ ਕਿ

ਉਹ ਉਨ੍ਹਾਂ ਦੇ ਪਰਵਾਰ ਨੂੰ ਉਨ੍ਹਾਂ ਦੀ ਆਜ਼ਾਦੀ ਖ਼ਰੀਦਣ ਦਾ ਮੌਕਾ ਦੇਣ. ਉਹ ਮੱਨ ਗਏ ਅਤੇ ਕਿਸ਼ਨਪੁਰਾ ਦੇ ਹੀ ਇੰਦਰ ਸਿੰਘ ਕੋਲ ਗਏ, ਜੋ ਇੰਡੀਆ ਦੀ ਫ਼ੌਜ਼ ਤੇ ਸੀ. ਇੰਦਰ ਸਿੰਘ ਨੂੰ ਕਿਹਾ ਗਿਆ ਇ ਉਹ ਪਰਵਾਰ ਕੋਲ ਜਾ ਕੇ ਪਤਾ ਕਰੇ ਕਿ ਉਹ ਫਰੈਂਤੀ ਦੀ ਰਕਮ ਦੇਣਗੇ ਜਾਂ ਨਹੀਂ. ਇੰਦਰ ਸਿੰਘ ਨੇ ਇਹ ਕੱਮ ਮੈਨੂੰ ਦੇ ਦਿੱਤਾ. ਗੁੰਡੇ ਹਰ ਭੈਣ ਲਈ 1000 ਰੁਪਏ ਮੰਗ ਰਹੇ ਸੀ. ਰਮਜ਼ਾਨ ਬੀਬੀ ਦਾ ਸ਼ੌਹਰ ਉਸ ਵਕਤ ਇੰਗਲੈਂਡ ਤੇ ਸੀ. ਉਸ ਦੇ ਸ਼ੌਹਰੇ ਅਤਾ ਮੁਹੱਮਦ ਮੇਹਰ ਨੇ ਕਿਹਾ ਕਿ ਅਗਰ ਉਹ ਰਮਜ਼ਾਨ ਨੂੰ ਛੁੜਾਣ ਦੀ ਕੋਸ਼ਿਸ਼ ਨਹੀਂ ਕਰਣਗੇ ਤੇ ਉਨ੍ਹਾਂ ਦਾ ਬੇਟਾ ਉਨ੍ਹਾਂ ਨੂੰ ਕਦੀ ਮਾਫ਼ ਨਹੀਂ ਕਰੇਗਾ. ਕੁੱਝ ਤਕਰਾਰ ਦੇ ਬਾਅਦ, ਸੌਦਾ 700 ਰੁਪਏ ਤੇ ਪੱਕਾ ਹੋ ਗਿਆ ਅਤੇ ਉਹ ਵਾਪਸ ਆਪਣੇ ਪਰਵਾਰ ਕੋਲ ਚਲੀ ਗਈ. ਜ਼ੈਨਬ ਬੀਬੀ ਦੇ ਸੌਹਰੇ ਨੇ ਸਿਰਫ਼ 300 ਰੁਪਏ ਦਿੱਤੇ, ਅਤੇ ਕਿਹਾ ਕਿ ਇਸ ਤੋਂ ਜ਼ਿਆਦਾ ਉਹ ਨਹੀਂ ਦੇ ਸਕਦਾ ਸੀ. ਉਸ ਦੇ ਘਰਵਾਲੇ ਨੇ ਕੋਈ ਵਿਰੋਧ ਨਹੀਂ ਕੀਤਾ. ਅਗਵਾ ਕਰਣ ਵਾਲੇਆਂ ਨੇ ਕਿਹਾ ਕਿ ਉਹ 1000 ਰੁਪਏ ਤੋਂ ਇੱਕ ਪੈਸਾ ਘੱਟ ਨਹੀਂ ਲੈਣਗੇ. ਉਨ੍ਹਾਂ ਨੇ ਦਲੀਲ ਦਿੱਤੀ ਕਿ ਜ਼ੈਨਬ ਬੀਬੀ ਰਮਜ਼ਾਨ ਬੀਬੀ ਤੋਂ ਘੱਟ ਉਮਰ ਦੀ ਸੀ ਅਤੇ ਜ਼ਿਆਦਾ ਸੋਹਣੀ ਵੀ. ਪਰ ਉਸ ਦੇ ਸੌਹਰੇ ਵਾਲੇਆਂ ਨੇ ਇਸ ਤੋਂ ਜ਼ਿਆਦਾ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ. ਜ਼ੈਨਬ ਨੂੰ ਕਦੀ ਮੋੜਿਆ ਨਹੀਂ ਗਿਆ. ਮੈਨੂੰ ਨਹੀਂ ਪਤਾ ਹੈ ਕਿ ਬਾਅਦ ਵਿੱਚ ਉਸ ਦੇ ਨਾਲ ਕੀ ਹੋਇਆ.'

ਹਮੀਦ ਅਖ਼ਤਰ

ਸਾਬਕਾ ਅਖ਼ਬਾਰਨਵੀਸ ਹਮੀਦ ਅਖ਼ਤਰ ਪਾਕਿਸਤਾਨੀ ਉਰਦੂ ਪ੍ਰੈਸ ਦੇ ਬੇਹਤਰੀਨ ਅਤੇ ਮਸ਼ਹੂਰ ਕਾਲਮਨਵੀਸ ਹਨ. ਉਹ ਪ੍ਰੋਗ੍ਰੇਸਿਵ ਰਾਇਟਰਸ ਮੂਵਮੇਂਟ ਦੇ ਇੱਕ ਪ੍ਰਮੁੱਖ ਸਿਤਾਰਾ ਸਨ. ਮੈਂ ਉਨ੍ਹਾਂ ਨੂੰ ਲੰਡਨ ਤੇ ਮਿਲਿਆ ਜਿਥੇ ਅਸੀਂ ਦੋਨੇ ਵਰਲਡ ਪੰਜਾਬ ਕਾਂਗਰੇਸ ਦੀ ਮਈ 2002 ਦੀ ਬੈਠਕ ਤੇ ਹਾਜ਼ਰੀ ਦੇਣ ਆਏ ਸੀ. ਉਨ੍ਹਾਂ ਨੇ ਆਪਣੇ ਪਿੰਡ ਤੋਂ ਬਚ ਕੇ ਲਾਹੌਰ ਤੱਕ ਦੇ ਸਫ਼ਰ ਦੀ ਇਹ ਦਾਸਤਾਨ ਦੱਸੀ:

'ਮੈਂ 1924 ਨੂੰ ਪਿੰਡ ਤਿਹਾੜਾ, ਤਹਸੀਲ ਜਗਰਾਉਂ ਦੇ ਪੈਦਾ ਹੋਇਆ ਸੀ. ਜਲੰਧਰ ਅਤੇ ਫ਼ਿਰੋਜ਼ਪੁਰ ਵੀ ਸਾਡੇ ਪਿੰਡ ਨਾਲ ਲਗਦੇ ਸੀ. ਦੱਖਣ ਦਾ ਕਿਸ਼ਨਪੁਰਾ ਫ਼ਿਰੋਜ਼ਪੁਰ ਜ਼ਿਲ੍ਹੇ ਤੇ ਸੀ ਅਤੇ ਉੱਤਰ ਤੇ ਨਕੋਦਰ ਸੀ. ਇਸ ਕਰ ਕੇ, ਇਸ ਨੂੰ ਤਿਹਾੜਾ ਕਿਹਾ ਜਾਂਦਾ ਸੀ. ਮੇਰੇ ਵਾਲਿਦ ਦਾ ਇੰਤਕਾਲ ਜਦ ਹੋਇਆ, ਤਦ ਮੈਂ ਤਿੰਨ ਸਾਲ ਦਾ ਸੀ. ਮੈਂ ਸਭ ਤੋਂ ਛੋਟਾ ਸੀ ਅਤੇ ਮੈਨੂੰ ਹਾਫ਼ਿਜ਼-ਇ-ਕੁਰਾਨ ਬਣਾ ਦਿੱਤਾ ਗਿਆ. ਅਸੀਂ ਖ਼ਵਾਜ਼ਾ ਬਖਤਿਆਰ ਕਾਕੀ ਦੀ ਔਲਾਦ ਹਾਂ, ਜੋ ਮਸ਼ਹੂਰ ਚਿਸ਼ਤੀ ਸੂਫ਼ੀ ਸਨ ਅਤੇ ਦਿੱਲੀ ਤੇ ਦਫ਼ਨ ਨੇ. ਤਿਹਾੜਾ ਤੇ ਹੁਣ ਵੀ ਸ਼ਾਹ ਦੀਵਾਨ ਦਾ ਖ਼ਾਨਕ੍ਵਾ ਕੱਮ ਕਰਦਾ ਹੈ. ਜਿਣ ਲੋਕਾਂ ਦੇ ਪੁੱਤਰ ਨਹੀਂ ਨੇ, ਇਥੇ ਆ ਕੇ ਇਬਾਤਤ ਕਰ ਕੇ ਪੁੱਤਰ ਮੰਗਦੇ ਨੇ. 1947 ਤੇ ਇਸ ਪਿੰਡ ਦੇ 1800 ਵਾਸੀ ਸਨ, ਜਿਸ ਵਿੱਚ ਜ਼ਿਆਦਾ ਮੁਸਲਿਮ ਸਨ. ਮੈਂ 10 ਸਾਲ ਦੀ ਉਮਰ ਤੇ ਹਾਈ ਸਕੂਲ ਤੇ ਭਰਤੀ ਹੋਣ ਲਈ, ਲੁਧਿਆਣਾ ਆਇਆ. ਅਸੀਂ ਕਦੀ ਇੱਕ ਦੂਜੇ ਨੂੰ ਹਿੰਦੂ, ਸਿੱਖ ਜਾਂ ਮੁਸਲਿਮ ਨਹੀਂ ਸਮਝਿਆ. ਉਹ ਦੋਸਤੀ ਦੇ ਬੇਹਦ ਉਮਦਾ ਦਿਨ ਸਨ. ਕੁੱਝ ਝੜਪਾਂ ਜ਼ਰੂਰ ਹੋਇਆਂ ਸੀ ਪਰ, 1947 ਤੋਂ ਪਹਿਲਾਂ, ਕਿਸੇ ਨੇ ਇਸ ਦੇ ਉਪਰ ਜ਼ਿਆਦਾ ਤਵਜੋ ਨਹੀਂ ਦਿੱਤੀ.

'ਅਗਸਤ 1947 ਤੇ, ਸਾਹਿਰ ਲੁਧਿਆਣਵੀ (ਮਸ਼ਹੂਰ ਸ਼ਾਇਰ) ਅਤੇ ਮੈਂ ਬੰਬਈ ਤੇ ਸੀ. ਅਸੀਂ 9 ਅਗਸਤ ਨੂੰ ਬੰਬਈ ਛੱਡਿਆ. ਮੇਰੇ ਭਰਾ ਨੇ ਪਾਕਿਸਤਾਨ ਜਾਣ ਦਾ ਫ਼ੈਸਲਾ ਕੀਤਾ ਸੀ ਅਤੇ ਉਹ ਪਰਵਾਰ ਨੂੰ

ਪਿੰਡ ਤੇ ਛੱਡ ਕੇ ਪਾਕਿਸਤਾਨ ਚਲੇ ਗਏ ਸੀ. ਸਾਡੇ ਪਰਵਾਰ ਅਤੇ ਸਈਦ ਬਰਾਦਰੀ ਦੇ ਦੂਜੇ ਸਦੱਸਾਂ ਨੇ ਉਥੇ ਰਹਿ ਕੇ ਲੜਣ ਦਾ ਫ਼ੈਸਲਾ ਕੀਤਾ. ਪਰ, ਅਗਸਤ ਦੇ ਆਖ਼ਰ ਤਕ, ਤਿਹਾੜਾ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਤਿਹਾੜਾ ਤੇ ਪਨਾਹ ਲੈਣ ਲਗੇ. ਕੋਈ ਪੁਲਿਸ ਨਹੀਂ ਸੀ. ਮੁਸਲਿਮ ਅਫ਼ਸਰਾਂ ਦੇ ਹਥਿਆਰ ਪਹਿਲਾਂ ਹੀ ਜ਼ਬਤ ਕੀਤੇ ਜਾ ਚੁਕੇ ਸੀ. ਪਰ, ਹੌਲੀ ਹੌਲੀ ਲੋਕ ਜਾਣ ਲਗੇ. ਅਸੀਂ ਸਿਧਵਾਂ ਬੇਟ ਆਏ ਜਿਥੇ ਸਾਨੂੰ ਤਾਂਗੇ ਮਿਲ ਸਕਦੇ ਸੀ. ਮੇਰੇ ਨਾਲ 70 ਜ਼ਨਾਨੀਆਂ ਅਤੇ ਬੱਚੇ ਸਨ. ਕੁੱਝ ਬੰਦੇ ਵੀ ਨਾਲ ਮੌਜੂਦ ਸਨ. ਅਸੀਂ ਨਕੋਦਰ ਦੇ ਕੈਂਪ ਤੇ ਚਲੇ ਗਏ ਚੁੰਕਿ ਅਸੀਂ ਸੋਚਦੇ ਸੀ ਕਿ ਜਲੰਧਰ ਪਾਕਿਸਤਾਨ ਨੂੰ ਦੇ ਦਿੱਤਾ ਜਾਵੇਗਾ.

'ਮੇਰੇ ਇੱਕ ਅੰਕਲ ਜੋ ਪੁਲਿਸ ਤੋਂ ਰਿਟਾਇਰ ਸਨ, *ਅਫ਼ੀਮ* ਖਾਂਦੇ ਸੀ. ਕੁੱਝ ਦਿਨਾਂ ਬਾਅਦ, ਉਨ੍ਹਾਂ ਦਾ ਮਾਲ ਖ਼ਤਮ ਹੋ ਗਿਆ, ਅਤੇ ਮੈਂ ਕੈਂਪ ਤੋਂ ਬਾਹਰ ਇੱਕ ਬੁਸ਼-ਸ਼ਰਟ ਅਤੇ ਪੈਂਟ ਪਹਿਣ ਕੇ ਅਫ਼ੀਮ ਖ਼ਰੀਦਣ ਗਿਆ. ਮੈਂ ਇਹ ਖ਼ਰੀਦ ਕੇ ਵਾਪਸ ਆ ਰਿਹਾ ਸੀ ਕਿ ਇੱਕ ਨਿਹੰਗ ਆਪਣੀ ਕਿਰਪਾਨ ਲੈ ਕੇ ਮੇਰੇ ਸਾਹਮਣੇ ਆ ਗਿਆ. ਉਸ ਵਕਤ ਇੱਕ ਸਿੱਖ ਅਫ਼ਸਰ ਆਇਆ ਅਤੇ ਮੈਨੂੰ ਗਲੇ ਲਗਾ ਲੀਤਾ. ਇਹ ਨਰਿੰਦਰ ਸਿੰਘ ਸੀ, ਮੇਰੇ ਸਕੂਲ ਦੇ ਦਿਨਾਂ ਦਾ ਇੱਕ ਬਹੁਤ ਅਜ਼ੀਜ਼ ਦੋਸਤ. ਨਿਹੰਗ ਜਲਦ ਹੀ ਗਾਇਬ ਹੋ ਗਿਆ. ਨਰਿੰਦਰ ਉਸ ਵਕਤ ਕਿਸੇ ਵਜ਼ੀਰ ਦਾ ਫ਼ੌਜ਼ੀ ਸਚਿਵ ਸੀ. ਮੇਰੀ ਭੈਣ ਫ਼ਾਤਿਮਾ ਉਸ ਵਕਤ ਬਹੁਤ ਬੀਮਾਰ ਸੀ. ਉਹ ਕਹਿੰਦੀ ਹੁੰਦੀ ਸੀ ਕਿ ਉਹ ਮਰ ਜਾਵੇਗੀ ਅਤੇ ਇੱਕ ਗੁਜ਼ਾਰਸ਼ ਸੀ, "ਮੈਨੂੰ ਬਗੈਰ ਇਸ਼ਨਾਨ ਕਰਾਏ ਦਫ਼ਨ ਨਾ ਕੀਤਾ ਜਾਵੇ." ਜਦ ਉਸ ਦੀ ਮੌਤ ਹੋਈ ਤੇ ਕੈਂਪ ਦੇ ਲੋਕ ਮਦਦ ਕਰਣ ਨੂੰ ਤਿਆਰ ਨਹੀਂ ਸਨ. ਅਤੇ ਉਸ ਨੂੰ ਨਹਲਾਉਣ ਦੀ ਰਸਮ ਮੈਨੂੰ ਅਦਾ ਕਰਨੀ ਪਈ. ਅਖੀਰਕਾਰ ਸਾਨੂੰ ਪਾਕਿਸਤਾਨ ਲੈ ਜਾਇਆ ਗਿਆ. ਸਾਡਾ ਜੋ ਵੀ ਕਰੀਬੀ ਪਿੱਛੇ ਰਹ ਗਿਆ, ਮਾਰ ਦਿੱਤਾ ਗਿਆ. ਹਮਲੇਆਂ ਵਿੱਚ ਬਹੁਤ ਘੱਟ ਹਿੰਦੂਆਂ ਨੇ ਹਿੱਸਾ ਲੀਤਾ. ਆਰ.ਐਸ.ਐਸ. ਬਹੁਤ ਮਜਬੂਤ ਨਹੀਂ ਸੀ, ਜੋ ਲੋਕ ਯਕੀਨ ਕਰਦੇ ਸੀ. ਇਹ ਸਿੱਖ ਸਨ ਜਿਨ੍ਹਾਂ ਨੇ ਮੁਸਲਿਮਾਂ ਉਪਰ ਹਮਲੇਆ ਦੀ ਤੰਜ਼ੀਮ ਕੀਤੀ. ਅਕਾਲੀ ਅਤੇ ਸਿੱਖ ਮਹਾਰਾਜਾ, ਜੱਥੇਆ ਦੇ ਮੁੱਖ ਪਾਲਣਹਾਰ ਸਨ.

'ਇਸ ਤਰਫ਼, ਮੈਨੂੰ ਪਤਾ ਲਗਾ ਕਿ ਸਰਦਾਰ ਸ਼ੌਕਤ ਹਯਾਤ ਅਤੇ ਦੂਜੇ, ਅੱਮ੍ਰਿਤਸਰ ਅਤੇ ਸ਼ਾਲਆਲਮੀ ਨੂੰ ਅੱਗ ਲਗਾਉਣ ਲਈ ਜ਼ਿੱਮੇਵਾਰ ਸਨ. ਆਮ ਆਦਮੀ ਦਾ ਇਸ ਵਿੱਚ ਕੁੱਝ ਲੈਣਾ-ਦੇਨਾ ਨਹੀਂ ਸੀ. ਇਣ ਤਰ੍ਹਾਂ ਦੇ ਕੱਮਾਂ ਤੇ ਮੁੱਖ ਤੌਰ ਤੇ, ਗੁੰਡੇਆਂ ਨੇ ਹੀ ਹਿੱਸਾ ਲੀਤਾ. ਮੈਨੂੰ ਨਹੀਂ ਲਗਦਾ ਹੈ ਕਿ ਜਿਨਾਹ ਦਾ ਮਾਉਂਟਬੈਟਨ ਨੂੰ ਪਾਕਿਸਤਾਨ ਦਾ ਵੀ, ਗਵਰਨਰ-ਜਨਰਲ ਨਾ ਬਣਨ ਦੇਨਾ, ਕੋਈ ਮਾਕੂਲ ਹਰਕਤ ਸੀ. ਜਿਨਾਹ ਦੁਆਰਾ ਠੁਕਰਾਣ ਦੇ ਬਾਅਦ, ਸ਼ਾਇਦ ਉਹ ਵੀ ਅਮਨ ਦੇ ਨਾਲ ਤਾਕਤ ਦੀ ਤਬਦੀਲੀ ਨਹੀਂ ਹੋਣ ਦੇਨਾ ਚਾਹੁੰਦੇ ਸੀ.'

ਚੌਧਰੀ ਰਿਆਸਤ ਅਲੀ

'ਮੇਰਾ ਜਨਮ ਹਲਵਾਰਾ, ਪੂਰਬੀ ਪੰਜਾਬ ਤੇ 29 ਨਵੰਬਰ 1933 ਨੂੰ ਹੋਇਆ ਸੀ. ਇਹ ਇੱਕ ਵੱਡਾ ਪਿੰਡ ਸੀ ਜੋ ਇੱਕ ਮਸ਼ਹੂਰ ਹਵਾਈ ਅੱਡੇ ਦੇ ਕਰੀਬ ਸੀ. ਅਸੀਂ ਇਸ ਪਿੰਡ ਤੇ 800 ਸਾਲਾਂ ਤੋਂ ਰਹ ਰਹੇ ਸੀ. ਸਾਡੀ ਇਸਲਾਮ ਤੇ ਮਜ਼ਬੂਬੀ ਤਬਦੀਲੀ, ਮਖਦੂਮ ਜਹਾਂਨਿਆਂ ਨੇ ਕਰਾਈ ਸੀ. ਜ਼ਮੀਨ ਉਪਰ, ਖਾਸ ਤੌਰ ਤੇ, ਮੁਸਲਿਮ ਰਾਜਪੁਤਾਂ ਦੀ ਮਲਕੀਅਤ ਸੀ. ਦੂਜੀ ਜਾਤਾਂ ਦੇ ਵੀ ਲੋਕ ਰਹਿੰਦੇ ਸੀ, ਜੈਦਾਂ ਕਿ ਮੁਸਲਿਮ ਅਰਾਇਨ ਅਤੇ ਜੱਟ, ਸਿੱਖ ਦਰਜ਼ੀ, ਹਿੰਦੂ ਬ੍ਰਾਹਮਣ ਅਤੇ ਖਤਰੀ. ਜਦ ਤਕਸੀਮ ਹੋਈ, ਤਦ ਮੈਂ 7ਵੀਂ ਜਮਾਤ ਤੇ ਸੀ.

ਸਾਡੇ ਪਿੰਡ ਤੇ, ਬਿਲਕੁਲ ਆਖ਼ਰ ਤੱਕ ਅਮਨ ਕਾਇਮ ਸੀ. ਸੱਚ ਤੇ ਇਹ ਹੈ ਕਿ ਅਸੀਂ ਗੈਰ-ਮੁਸਲਿਮਾਂ ਦੀ ਹਿਫ਼ਾਜ਼ਤ ਕੀਤੀ. ਇਥੇ ਤੱਕ ਕਿ ਅਸੀਂ ਉਨ੍ਹਾਂ ਨੂੰ ਹੌਸਲਾ ਦਿੱਤਾ ਕਿ ਉਹ ਨੇੜੇ ਦੇ ਪਿੰਡਾ ਤੇ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਜਾਣ. ਚੁੰਕਿ ਮੁਸਲਿਮ ਰਾਜਪੁਤਾਂ ਦੀ ਫ਼ੌਜ਼ ਅਤੇ ਪੁਲਿਸ ਵਿੱਚ ਭਰਤੀ ਹੋਣ ਲਈ ਹੌਸਲਾਅਫ਼ਜ਼ਾਈ ਕੀਤੀ ਜਾਂਦੀ ਸੀ, ਸਾਡੇ ਕਈ ਮੁਲਾਜ਼ਮ ਅਤੇ ਰਿਟਾਇਰ, ਫ਼ੌਜ਼ੀ ਅਤੇ ਪੁਲਿਸਵਾਲੇ, ਉਸ ਪਿੰਡ ਤੇ ਰਹਿੰਦੇ ਸੀ. ਕਈ ਦੂਜੇ ਆਲਮੀ ਜੰਗ ਤੋਂ ਬਾਅਦ ਆਏ ਸੀ. ਅਸੀਂ ਕਾਫ਼ੀ ਅਸਲਾ ਇਕੱਠਾ ਕਰ ਲੀਤਾ ਸੀ. ਅਤੇ ਕਿਸੇ ਵੀ ਹਮਲੇ ਨੂੰ ਨਾਕਾਮ ਕਰਣ ਲਈ ਅਸੀਂ ਮੁਕਮਲ ਤਿਆਰੀ ਕੀਤੀ ਹੋਈ ਸੀ. ਸਾਨੂ ਬਿਲਕੁਲ ਕੁੱਝ ਪਤਾ ਨਹੀਂ ਸੀ ਕਿ ਪਿੰਡ ਇੰਡੀਆ ਨੂੰ ਮਿਲੇਗਾ. ਅਸੀਂ ਹਿਟਲਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਸੀ ਅਤੇ ਸਾਨੂ ਲਗਦਾ ਸੀ ਕਿ ਅੰਗ੍ਰੇਜ਼ ਹਮੇਸ਼ਾ ਇਸ ਮੁਲਕ ਤੇ ਰਹਿਣਗੇ. ਸਾਡੇ ਕਈ ਰਿਸ਼ਤੇਦਾਰ, ਹਾਂਗ ਕਾਂਗ ਅਤੇ ਸਿੰਗਾਪੂਰ ਤੇ ਕੈਦੀ ਬਣ ਗਏ ਸੀ. ਜਾਪਾਨੀਆਂ ਨੇ ਉਨ੍ਹਾਂ ਦੇ ਨਾਲ ਬਹੁਤ ਜ਼ੁਲਮ ਕੀਤੇ. ਸਾਡੇ ਕੁੱਝ ਰਿਸ਼ਤੇਦਾਰ ਆਈ.ਐਨ.ਏ. ਦੇ ਵੀ ਸਦੱਸ ਸਨ. ਕੈਪਟੇਨ ਜ਼ਫ਼ਰੁਲ੍ਹਾ ਖ਼ਾਨ ਉਨ੍ਹਾਂ ਦੇ ਵਿੱਚ ਸ਼ਾਮਲ ਸਨ.

'ਸਾਡੇ ਪਿੰਡ ਵਿੱਚ 99 ਫ਼ੀਸਦੀ ਲੋਕ ਮੁਸਲਿਮ ਲੀਗ ਦੇ ਹੱਕ ਵਿੱਚ ਸਨ ਮਗਰ ਕੁੱਝ ਪੁਰਾਣੇ ਇਨਸਾਨ ਬੁਖ਼ਾਰੀ (ਅਹਰਾਰ ਰਹਨੁਮਾ) ਅਤੇ ਆਜ਼ਾਦ (ਇੱਕ ਕਾਂਗਰੇਸੀ ਰਹਨੁਮਾ) ਦੇ ਚੇਲੇ ਸੀ, ਪਰ ਜ਼ਿਆਦਾਤਰ ਲੋਕ ਮੁਸਲਿਮ ਲੀਗ ਦੇ ਨਾਲ ਸਨ. ਨੌਜਵਾਨ ਮੁੰਡੇ ਚੀਕ ਕੇ ਕਹਿੰਦੇ, "*ਲੈ ਕੇ ਰਹੇਂਗੇ ਪਾਕਿਸਤਾਨ, ਬੰਟ ਕੇ ਰਹੇਗਾ ਹਿੰਦੁਸਤਾਨ*". ਲਾਹੌਰ ਤੇ ਸਾਡੇ ਕੁੱਝ ਮੁੰਡੇ ਮੁਸਲਿਮ ਸਟੂਡੇਂਟ ਫੇਡਰੇਸ਼ਨ ਨਾਲ ਮੁਸਤੈਦੀ ਨਾਲ ਜੁੜੇ ਹੋਏ ਸੀ.

'ਹੁਣ, ਸਾਨੂ ਪਤਾ ਸੀ ਕਿ ਸਾਡਾ ਪਿੰਡ ਪਾਕਿਸਤਾਨ ਦੇ ਅੰਦਰ ਨਹੀਂ ਆ ਸਕਦਾ ਸੀ. ਸਾਡਾ ਪਿੰਡ ਸਤਲੁਜ ਦਰਿਆ ਦੇ ਪੂਰਬੀ ਤਰਫ਼ ਸੀ. ਇਥੇ ਤੱਕ ਕਿ, ਮਹਾਰਾਜਾ ਰਣਜੀਤ ਸਿੰਘ ਦੇ ਵਕਤ ਦੇ ਦੌਰਾਨ ਵੀ, ਪੂਰਬੀ ਪੰਜਾਬ ਦੇ ਇਹ ਹਿੱਸੇ, ਲਾਹੌਰ ਬਾਦਸ਼ਾਹੀ ਦੇ ਅੰਦਰ ਨਹੀਂ ਸੀ. ਬਹਰਹਾਲ, ਇਸ ਖ਼ਬਰ ਨੇ ਕਿ ਹਲਵਾਰਾ ਅਤੇ ਲੁਧਿਆਣਾ ਜਿਲ੍ਹਾ ਇੰਡੀਆ ਵਿੱਚ ਸ਼ਾਮਲ ਹੋਵੇਗਾ, ਸਾਡੇ ਲਈ ਗੰਭੀਰ ਤੌਰ ਤੇ, ਇੱਕ ਔਖੀ ਘੜੀ ਪੈਦਾ ਕਰ ਦਿੱਤੀ ਸੀ. ਇਸ ਤੋਂ ਪਹਿਲਾਂ ਕਈ ਮੁਸਲਿਮ ਪਰਵਾਰਾਂ ਨੇ ਸਾਡੇ ਪਿੰਡ ਤੇ ਪਨਾਹ ਲੀਤੀ ਹੋਈ ਸੀ. ਸਿੱਖਾਂ ਦੇ ਬਦਮਾਸ਼ ਅੱਤਵਾਦੀ ਹਮਲੇ ਕਰਣ ਲਗੇ. ਤਦ ਅਸ਼ੀਂ ਆਪਣੇ ਗੁਟ ਤਿਆਰ ਕੀਤੇ. ਅਤੇ ਅਸ਼ੀਂ ਆਪਣੇ ਜੱਥੇ ਸਥਾਪਤ ਕੀਤੇ. ਮੈਂ ਉਸ ਵਕਤ ਮਹਿਜ਼ 14 ਸਾਲਾਂ ਦਾ ਸੀ. ਸਾਡੇ ਲੋਹਾਰ ਹਰ ਕਿਸਮ ਦੇ ਹਥਿਆਰ ਬਣਾ ਸਕਦੇ ਸੀ. ਸਾਡੇ ਨਾਲ ਬੰਦੁਕਾਂ ਬਣਾਉਣ ਵਾਲੇ ਵੀ ਮੌਜੂਦ ਸਨ.

'ਜਦ ਸਾਨੂ ਇਹਸਾਸ ਹੋਇਆ ਕਿ ਪਟਿਆਲਾ ਰਿਆਸਤ ਦੀ ਫ਼ੌਜ਼ ਨੂੰ ਤਿਆਰ ਕੀਤਾ ਜਾ ਰਿਹਾ ਸੀ, ਇਹ ਸਾਫ ਹੋ ਗਿਆ ਕਿ ਅਸੀਂ ਬਹੁਤ ਦੇਰ ਤੱਕ ਉਥੇ ਕਾਇਮ ਨਹੀਂ ਰਹ ਸਕਦੇ ਸੀ. ਰਾਇਕੋਟ ਦੇ ਨਜਦੀਕ ਇੱਕ ਪਿੰਡ ਬਾਰੇ, ਬਤੌਰ ਇੱਕ ਪਨਾਹਗੀਰ ਕੈਂਪ, ਐਲਾਨ ਕੀਤਾ ਗਿਆ. ਅਸੀਂ ਉਸ ਪਿੰਡ ਤੇ ਚਲੇ ਗਏ. ਸਾਡੇ ਬਜ਼ੁਰਗਾਂ ਲਈ ਪਿੰਡ ਨੂੰ ਛੱਡਣਾ, ਇੱਕ ਬਹੁਤ ਮੁਸ਼ਕਲ ਫ਼ੈਸਲਾ ਸੀ, ਕਿਉਂਕਿ ਸਾਡੇ ਵਡੇਰੇ ਉਥੇ ਹੀ ਦਫ਼ਨ ਸੀ. ਅਸੀਂ ਇਸ ਬਾਰੇ ਕਾਫ਼ੀ ਗੱਲਬਾਤ ਕੀਤੀ. ਜਦ ਅਸੀਂ ਸੜਕ ਉਪਰ ਸੀ, ਇੱਕ ਬਜ਼ੁਰਗ ਨੇ ਕਿਹਾ ਕਿ ਉਹ ਨਹੀਂ ਜਾਣਗੇ. ਕੈਪਟੇਨ ਜ਼ਫ਼ਰੁਲ੍ਹਾ ਖ਼ਾਨ ਨੇ ਉਨ੍ਹਾਂ ਨੂੰ ਲਾਲਚ ਦਿਖਾਇਆ ਕਿ ਸਾਨੂ ਹੁਣ ਚਲੇ ਜਾਣਾ ਚਾਹੀਦਾ ਸੀ ਅਤੇ ਜਦ ਹਾਲਾਤ ਠੀਕ ਹੋ ਜਾਂਦੇ ਨੇ ਤਦ ਅਸੀਂ ਵਾਪਸ ਆ ਜਾਵਾਂਗੇ. ਅਸੀਂ ਉਸ ਕੈਂਪ ਤੇ ਇੱਕ ਹਫ਼ਤਾ ਰਹੇ. ਫਿਰ ਮੇਰਾ ਇੱਕ ਰਿਸ਼ਤੇ ਤੇ ਭਰਾ, ਕਈ ਟਰੱਕ ਲੈ ਕੇ ਆਇਆ ਅਤੇ ਅਸੀਂ ਲਾਹੌਰ ਆ ਗਏ.

'ਸਾਡਾ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ ਕਿਉਂਕਿ ਸਾਡੀ ਸਮਾਜਕ ਰਚਨਾ ਬਰਬਾਦ ਹੋ ਗਈ. ਪਿੰਡ ਦੁਬਾਰਾ ਕਾਇਮ ਨਹੀਂ ਹੋ ਸਕਿਆ. ਸਿਰਫ਼ ਲਾਇਲਪੁਰ ਦੇ ਚਕ 40 ਤੇ ਇੱਕ ਛੋਟਾ ਹਲਵਾਰਾ ਹੈ. ਹਲਵਾਰਾ ਤੇ ਸੱਤ ਪਟੀਆਂ ਸੀ.'

ਗੁੱਜਰਵਾਲ

ਮੁਹੱਮਦ ਅਬਦੁਲ੍ਹਾ ਸ਼ਮਸ਼ਾਦ

ਮੁਲਤਾਨ ਦੇ ਮੇਰੇ ਦੌਰੇ ਦੇ ਦੌਰਾਨ, 21 ਦਸੰਬਰ 2004 ਨੂੰ ਮੈਂ, ਮੁਹੱਮਦ ਅਬਦੁਲ੍ਹਾ ਸ਼ਮਸ਼ਾਦ, ਜਿਨ੍ਹਾਂ ਨੂੰ ਬਤੌਰ ਐਮ.ਏ.ਸ਼ਮਸ਼ਾਦ ਜਾਣਿਆ ਜਾਂਦਾ ਹੈ, ਅਤੇ ਜੋ ਇੱਕ ਮਸ਼ਹੂਰ ਅਖ਼ਬਾਰਨਵੀਸ ਹਨ, ਮਿਲਿਆ. ਉਨ੍ਹਾਂ ਨੇ ਇਹ ਕਹਾਣੀ ਦੱਸੀ:

'ਮੈਂ 20 ਸਤੰਬਰ 1937 ਨੂੰ ਲੁਧਿਆਣਾ ਜ਼ਿਲ੍ਹੇ ਦੇ ਇੱਕ ਕਾਫ਼ੀ ਵੱਡੇ ਪਿੰਡ ਗੁੱਜਰਵਾਲ ਤੇ ਪੈਦਾ ਹੋਇਆ. ਇਹ ਲੱਗਭਗ ਇੱਕ ਛੋਟਾ ਸਹਿਰ ਹੀ ਸੀ ਅਤੇ 1,000 ਜਾਂ ਇਸ ਤੋਂ ਵੀ ਜ਼ਿਆਦਾ ਘਰਾਂ ਲਈ ਸਫਾਈ ਦਾ ਇੰਤਜ਼ਾਮ ਮੌਜੂਦ ਸੀ. ਇਥੇ ਇੱਕ ਸਿਵਲ ਹਸਪਤਾਲ, ਇੱਕ ਡੰਗਰਾਂ ਦਾ ਹਸਪਤਾਲ, ਇੱਕ ਡਾਕ ਖ਼ਾਨਾ, ਅਤੇ ਕੁੜੀਆਂ ਹੋਰ ਮੁੰਡੇਆਂ ਲਈ ਸਰਕਾਰੀ ਸਕੂਲ ਮੌਜੂਦ ਸਨ. ਅਸਲ ਤੇ ਇਥੇ ਹਿੰਦੂ ਰਾਜਪੁਤ ਵਸੇ ਹੋਏ ਸੀ ਜੋ ਸੁਹੁਤਾ ਉਪ-ਜਾਤ ਨਾਲ ਤਾੱਲੁਕ ਰੱਖਦੇ ਸੀ. ਕੁੱਝ ਰਾਜਪੁਤਾਂ ਨੇ ਇਸਲਾਮ ਕਬੂਲ ਕਰ ਲੀਤਾ ਸੀ, ਜੈਦਾਂ ਕਿ ਸਾਡਾ ਪਰਵਾਰ, ਜੋ ਕੁੱਝ ਪੀੜ੍ਹੀਆਂ ਪਹਿਲਾਂ ਮੁਸਲਿਮ ਬਣ ਗਿਆ ਸੀ. ਇਸ ਦੇ ਚਲਦੇ ਹਿੰਦੂ ਰਾਜਪੁਤ ਸਾਡੇ ਖ਼ਿਲਾਫ਼ ਹੋ ਗਏ . ਉਹ ਹਮੇਸ਼ਾ ਸਾਡੇ ਖ਼ਿਲਾਫ਼ ਬੁਰੀ ਨਜ਼ਰ ਰੱਖਦੇ ਸੀ. ਅਤੇ, ਅਸੀਂ ਮੁਸਲਿਮ ਅਰਾਇਨਾਂ ਨੂੰ ਸਾਡੇ ਪਿੰਡ ਤੇ ਆ ਕੇ ਵਸ ਜਾਣ ਦਾ ਸੱਦਾ ਦਿੱਤਾ. ਉਨ੍ਹਾਂ ਨੂੰ ਮੁਫ਼ਤ ਜ਼ਮੀਨਾਂ ਦਿੱਤੀ ਗਈਆਂ ਤਾਂਕਿ ਇਥੇ ਵਸਣ ਲਈ ਉਨ੍ਹਾਂ ਦੀ ਹੌਸਲਾਅਫ਼ਜ਼ਾਈ ਕੀਤੀ ਜਾਵੇ. 1940 ਦੇ ਦਹਾਕੇ ਤੇ, ਫ਼ਿਰਕੂ ਹਿਸਾਬ ਕਿਤਾਬ ਕੁੱਝ ਇਸ ਤਰ੍ਹਾਂ ਸੀ: 400 ਮੁਸਲਿਮ ਘਰ ਜਿਸ ਵਿੱਚ 300 ਘਰ ਅਰਾਇਨਾਂ ਦੇ ਸੀ, 20 ਸਿੱਖ ਪਰਵਾਰ ਅਤੇ ਬਾਕੀ ਹਿੰਦੂ.

'ਮੇਰਾ ਪਰਵਾਰ ਗੁੱਜਰਵਾਲ ਦਾ ਪ੍ਰਮੁੱਖ ਮੁਸਲਿਮ ਪਰਵਾਰ ਸੀ. ਮੇਰੇ ਕਈ ਰਿਸ਼ਤੇਦਾਰ ਬਹੁਤ ਪੜ੍ਹੇ-ਲਿਖੇ ਸਨ, ਜਿਸ ਵਿੱਚ ਡਾਕਟਰ, ਸਾਇੰਸਦਾਨ ਅਤੇ ਵਿੱਦਿਆਵਿਦ ਸ਼ਾਮਲ ਸਨ. ਉਹ ਪੰਜਾਬ ਦੀ ਮੁਖ਼ਤਲਿਫ਼ ਜਗ੍ਹਾਂ ਤੇ ਤਇਨਾਤ ਸਨ, ਪਰ ਹਮੇਸ਼ਾ ਪਿੰਡ ਤੇ ਆਉਂਦੇ ਸਨ, ਜਦ ਵੀ ਉਨ੍ਹਾਂ ਨੂੰ ਛੁੱਟੀਆਂ ਮਿਲਦਿਆਂ. ਇਸ ਤਰ੍ਹਾਂ ਉਨ੍ਹਾਂ ਦਾ ਪਿੰਡ ਅਤੇ ਕਰੀਬੀ ਲੋਕਾਂ ਨਾਲ ਨਾਤਾ ਕਾਇਮ ਰਹਿੰਦਾ ਸੀ. ਤਾਲੀਮ ਵਿੱਚ ਸਾਡੀ ਬਹੁਤ ਜ਼ਿਆਦਾ ਦਿਲਚਸਪੀ ਦੀ ਵਜ੍ਹਾ ਇਹ ਸੀ ਕਿ ਅਸੀਂ ਇੱਕ ਮਾਇਨਾਰਿਟੀ ਵਾਲੇ ਮੁਸਲਿਮ ਰਾਜਪੁਤ ਸੀ ਅਤੇ ਹਿੰਦੂ ਰਾਜਪੁਤਾਂ ਦੇ ਨਾਲ ਸਾਨੂੰ ਆਪਣੇ ਫ਼ਾਇਦੇ ਲਈ, ਮੁਕਾਬਲਾ ਕਰਨਾ ਸੀ. ਜਦ ਪਾਕਿਸਤਾਨ ਦੀ ਤੇਹਰੀਕ ਸ਼ੁਰੂ ਹੋਈ, ਮੁਸਲਿਮ ਇਸ ਦੇ ਖ਼ਿਆਲ ਦੀ ਤਰਫ਼ ਖਿੱਚੇ ਚਲੇ ਗਏ, ਜਦ ਕਿ ਹਿੰਦੂ, ਕਾਂਗਰੇਸ ਦੇ ਹਿਮਾਇਤੀ ਸਨ.

'ਮੁਸਲਿਮਾਂ ਵਿੱਚ, ਚੁੰਕਿ ਅਸੀਂ ਇੱਕ ਪ੍ਰਧਾਨ ਪਰਵਾਰ ਸੀ, ਸਾਨੂ ਚੌਧਰੀ ਮੱਨਿਆ ਜਾਂਦਾ ਸੀ. ਉਸ ਵਕਤ ਇਹ ਰਵਾਇਤ ਸੀ ਕਿ ਵਿਆਹ ਦੇ ਵਕਤ, ਸਾਡੇ ਪਿੰਡ ਦੀ ਮੁਸਲਿਮ ਕੁੜੀਆਂ ਹਮੇਸ਼ਾ ਸਾਡੇ ਘਰ ਤੋਂ ਆਪਣੇ ਸੌਹਰੇ, ਤੋਰੀ ਜਾਂਦੀਆਂ ਸੀ. ਇਹ ਰਿਵਾਜ਼ ਦੱਸਦਾ ਸੀ ਕਿ ਸਾਡਾ ਪਰਵਾਰ ਉਸ ਕੁੜੀ ਦੇ ਨਾਲ ਸੀ ਅਤੇ ਉਸ ਦੇ ਨਾਲ ਕੋਈ ਬੁਰਾ ਸਲੂਕ ਨਾ ਹੋਵੇ.

'1945-46 ਦੇ ਇੰਤਖ਼ਾਬ ਦੇ ਵਕਤ, ਪਿੰਡ ਵਿੱਚ ਦਿਲਾਂ ਦੀ ਜੋ ਦਰਾਰ ਪਹਿਲਾਂ ਤੋਂ ਮੌਜੂਦ ਸੀ, ਉਹ ਹੋਰ ਢੂੰਘੀ ਹੋ ਹਈ. ਲੁਧਿਆਣਾ ਕਾਂਗਰੇਸੀ ਮੁਸਲਿਮਾਂ ਦਾ ਇੱਕ ਗੜ੍ਹ ਸੀ. ਅਹਰਾਰ ਵੀ ਇਥੇ ਮਜਬੂਤ ਸਨ. ਮੌਲਾਨਾ ਹਬਿਬੁਰ ਰਹਮਾਨ ਨੇ ਇੱਕ ਜਨਰਲ ਸੀਟ ਲਈ ਮੁਕਾਬਲਾ ਕੀਤਾ ਪਰ ਇੱਕ ਸਿੱਖ ਨੇ ਉਨ੍ਹਾਂ ਨੂੰ ਹਰਾ ਦਿੱਤਾ. ਹਿੰਦੂਆਂ ਨੇ ਉਨ੍ਹਾਂ ਨੂੰ ਵੋਟ ਨਹੀਂ ਦਿੱਤੇ. ਮੁਸਲਿਮਾਂ ਲਈ ਇਹ ਇੱਕ ਵੱਡੀ ਪਰੇਸ਼ਾਨੀ ਸੀ. ਇਸ ਕਰ ਕੇ ਉਹ ਮੁਸਲਿਮ ਲੀਗ ਦੇ ਹਿਮਾਇਤੀ ਹੋ ਗਏ. ਇੰਤਖ਼ਾਬ ਦੀ ਮੁਹਿੰਮ ਦੇ ਦੌਰਾਨ ਅਮਨ ਕਾਇਮ ਸੀ, ਪਰ ਹਿੰਦੂ ਅਤੇ ਸਿੱਖ ਧਰਮਸ਼ਾਲਾਂ ਤੇ ਜਮਾ ਹੁੰਦੇ, ਜਦ ਕਿ ਮੁਸਲਿਮ ਪੰਡਾਲਾਂ ਤੇ ਅਤੇ ਉਹ ਸਿਆਸੀ ਮੁੱਦੇਆਂ ਉਪਰ ਗੱਲ-ਬਾਤ ਕਰਦੇ. ਮੈਂ ਗੁੱਜਰਵਾਲ ਸਰਕਾਰੀ ਹਾਈ ਸਕੂਲ ਤੇ ਪੜ੍ਹਿਆ. ਸਾਡੇ ਅਧਿਆਪਕ ਬਹੁਤ ਨੇਕ ਸਨ ਅਤੇ ਕਾਫ਼ੀ ਲਿਹਾਜ਼ ਕਰਦੇ ਸੀ ਅਤੇ ਵਿਦਿਆਰਥੀਆਂ ਦੀ ਖੁਲ੍ਹੇ ਦਿਲ ਨਾਲ ਮਦਦ ਕਰਦੇ ਸੀ, ਪਰ 1945 ਤੋਂ ਹਿੰਦੂ ਅਤੇ ਸਿੱਖ ਅਧਿਆਪਕ ਮੁਸਲਿਮਾਂ ਦੇ ਖ਼ਿਲਾਫ਼ ਨਾਰਾਜ਼ਗੀ ਜ਼ਾਹਰ ਕਰਦੇ ਸੀ. ਉਹ ਸਾਨੂ ਪਰੇਸ਼ਾਨ ਕਰਣ ਦਾ ਬਹਾਨਾ ਲੱਭਦੇ ਸੀ. ਉਹ ਕਹਿੰਦੇ ਸੀ, "ਉ ਮੁਸੱਲੇ ਖੜ੍ਹੇ ਹੋ ਜਾਵੇ ". ਸਕੂਲ ਜਾਂਦੇ ਮੈਨੂੰ ਦੋ ਵਾਰ ਸਿੱਖ ਮੁੰਡੇਆ ਨੇ ਕੁੱਟਿਆ ਸੀ. ਹਿੰਦੂ ਮੁੰਡੇ ਸਾਡੇ ਨਾਲ ਖੇਡਦੇ ਸੀ ਪਰ ਜਦ ਕਦੀ ਅਸੀਂ ਉਨ੍ਹਾਂ ਦੀ ਰਸੋਈ ਦੇ ਨਜਦੀਕ ਚਲੇ ਜਾਂਦੇ ਤੇ ਉਹ ਪਾਗਲ ਦੀ ਤਰ੍ਹਾਂ ਸਲੂਕ ਕਰਣ ਲਗਦੇ. ਉਹ ਸਾਡੇ ਵਿੱਚ ਇਹ ਇਹਸਾਸ ਪੈਦਾ ਕਰ ਦੇਂਦੇ ਸੀ ਕਿ ਅਸੀਂ ਉਨ੍ਹਾਂ ਤੋਂ ਮੁਖਤਲਿਫ਼ ਸੀ. ਇਸ ਰਵੱਇਏ ਨੇ ਮੁਸਲਿਮਾਂ ਦੀ ਨੌਜਵਾਨ ਪੀੜ੍ਹੀ ਦੇ ਦਿੱਲਾਂ ਨੂੰ ਜ਼ਖ਼ਮੀ ਕੀਤਾ ਅਤੇ ਅਸੀਂ ਇਸ ਤਰ੍ਹਾਂ ਦੀ ਨਾਅਰੇਬਾਜ਼ੀ ਕਰਣ ਲਗੇ "*ਕਾਇਦ-ਇ-ਆਜ਼ਮ ਜ਼ਿੰਦਾਬਾਦ, ਪਾਕਿਸਤਾਨ ਜ਼ਿੰਦਾਬਾਦ*". ਇਹ ਹਿੰਦੂਆਂ ਅਤੇ ਸਿੱਖਾਂ ਨੂੰ ਉਤੇਜਤ ਕਰ ਦੇਂਦਾ. ਉਨ੍ਹ ਦਿਨਾਂ ਤੇ ਲੋਕ ਪਠਾਨਾਂ ਤੋਂ ਬਹੁਤ ਡਰਦੇ ਸੀ. ਉਹ ਪੂਰਬੀ ਪੰਹਾਬ ਤੇ ਆਉਂਦੇ ਜਾਂਦੇ ਰਹਿੰਦੇ ਸੀ ਅਤੇ ਕਦੀ ਕਦਾਰ ਗੁੱਜ਼ਰਵਾਲ ਤੇ ਵੀ ਆਉਂਦੇ ਸੀ. ਮੈਨੂੰ ਯਾਦ ਹੈ ਕਿ ਅਗਰ 10-12 ਪਠਾਨ ਗੁੱਜ਼ਰਵਾਲ ਤੇ ਆ ਜਾਂਦੇ ਤੇ ਹਿੰਦੂ ਦਹਿਸ਼ਤਮੰਦ ਹੋ ਜਾਂਦੇ. ਉਹ ਸਾਡੇ ਵਾਲਿਦ ਕੋਲ ਆ ਕੇ ਕਹਿੰਦੇ ਕਿ ਉਹ ਕੋਈ ਮੁਸੀਬਤ ਨਹੀਂ ਚਾਹੁੰਦੇ ਸੀ.

'ਸਿੱਖ ਮੁਖ਼ਤਲਿਫ਼ ਸਨ. ਉਹ ਸਖ਼ਤ ਸਨ. ਇਸ ਇਲਾਕੇ ਦਾ ਇੱਕ ਬਦਨਾਮ ਸ਼ਕਸ ਜੱਗਾ ਡਾਕੂ ਇਸੀ ਇਲਾਕੇ ਦਾ ਸੀ ਅਤੇ ਉਹ ਪੁਲਿਸ ਦੇ ਨਾਲ ਇੱਕ ਮੁਕਾਬਲੇ ਤੇ ਹਲਾਕ ਹੋ ਗਿਆ ਸੀ. ਉਸ ਦਾ ਇੱਕ ਚੇਲਾ, ਸਾਡੇ ਪਿੰਡ ਦਾ ਇੱਕ ਸਿੱਖ ਸੀ ਜੋ ਉਸ ਟਾਕਰੇ ਤੇ ਜ਼ਖ਼ਮੀ ਹੋ ਗਿਆ ਸੀ ਅਤੇ ਉਸ ਦਾ ਇੱਕ ਪੈਰ ਵੱਡ ਦਿੱਤਾ ਗਿਆ ਸੀ. ਇਸ ਦੇ ਚਲਦਿਆਂ ਉਸ ਦੇ ਜ਼ਿੰਦਗੀ ਜੀਉਣ ਦਾ ਤਰੀਕਾ ਬਦਲ ਗਿਆ ਅਤੇ ਉਹ ਗੁਜ਼ਰਵਾਲ ਆ ਕੇ ਵਸ ਗਿਆ. ਉਹ ਹਿੰਦੂ, ਸਿੱਖ ਅਤੇ ਇਸਲਾਮੀ ਮਜ਼ਬੂਂ ਬਾਰੇ ਉਮਦਾ ਇਤਲਾਹ ਦੇਂਦਾ ਸੀ. ਉਸ ਦਾ ਮੱਨਣਾ ਸੀ ਕਿ ਉਸ ਨੇ ਇਨਸਾਨਾਂ ਦਾ ਬਹੁਤ ਨੁਕਸਾਨ ਕੀਤਾ ਸੀ. ਹੁਣ ਉਹ ਇਨਸਾਨੀਅਤ ਦੀ ਖ਼ਿਦਮਤ ਕਰਣਾ ਚਾਹੁੰਦਾ ਸੀ. ਉਸ ਨੂੰ ਲੋਕ ਬਾਬਾ ਕਹਿਣ ਲਗੇ. ਉਮੀਦ ਕੀਤੀ ਜਾਂਦੀ ਸੀ ਕਿ ਸਾਰੇ ਹਿੰਦੂ, ਸਿੱਖ ਅਤੇ ਮੁਸਲਿਮ ਉਸ ਦੀ ਇੱਜ਼ਤ ਕਰਣ. ਉਹ ਸਾਡੇ ਵਰਗੇ ਬੱਚੇਆਂ ਨੂੰ ਕਹਿੰਦਾ ਕਿ ਅਸੀਂ ਕੁਰਾਨ ਦੀ ਆਯਾਤਾਂ ਪੜ੍ਹਿਏ ਅਤੇ ਉਸ ਦੀ ਗੱਲ ਮੱਨ ਲੈਣ ਨਾਲ ਉਹ ਸਾਨੂ ਮਿਠਾਇਆਂ ਦੇਂਦਾ. ਉਸ ਦਾ ਨਾਂਅ ਜਗਜੀਤ ਸਿੰਘ ਸੀ. ਪਰ ਜਦ

1945-46 ਤੇ ਪਾਕਿਸਤਾਨ ਲਈ ਸਿਆਸੀ ਮੁਹਿੰਮ ਸ਼ੁਰੂ ਹੋਈ, ਤਦ ਉਹ ਵੀ ਬਦਲ ਗਿਆ ਅਤੇ ਸਾਨੂੰ ਕਲਿਮਾ ਅਤੇ ਦੂਜੀ ਇਸਲਾਮੀ ਕਿਤਾਬਾਂ ਪੜ੍ਹਣ ਲਈ ਨਹੀਂ ਕਹਿੰਦਾ ਸੀ. ਅਤੇ ਤੁਸੀਂ ਸਮਝ ਸਕਦੇ ਹੋ ਕਿ ਸਮਾਜਕ ਸਿਲਸਲਾ ਬਦਲ ਰਿਹਾ ਸੀ.

'ਸਾਡੇ ਪਰਵਾਰ ਕੋਲ ਇੱਕ ਰੇਡੀਉ ਸੀ ਅਤੇ ਸਾਰੇ ਮੁਸਲਿਮ ਆ ਕੇ ਖ਼ਬਰਾਂ ਸੁਣ ਸਕਦੇ ਸੀ. ਮੈਨੂੰ ਹੁਣ ਵੀ ਯਾਦ ਹੈ ਕਿ ਹਿਰੋਸ਼ੀਮਾ ਉਪਰ ਐਟਮੀ ਬੰਬ ਸੁੱਟਿਣ ਦੀ ਖ਼ਬਰ ਅਸੀਂ ਸੁਣੀ ਸੀ. ਸਾਨੂ ਪਤਾ ਸੀ ਕਿ ਅੰਗ੍ਰੇਜ਼ ਚਲੇ ਜਾਣਗੇ, ਕਿਉਂਕਿ ਦੂਜੇ ਆਲਮੀ ਜੰਗ ਨੇ ਉਨ੍ਹਾਂ ਦੀ ਪੂਰੀ ਤਾਕਤ ਕੱਢ ਦਿੱਤੀ ਸੀ. ਸਾਨੂੰ ਮੁਸਲਿਮਾਂ ਨੂੰ ਲਗਦਾ ਸੀ ਕਿ ਹਿੰਦੂ ਸਾਡੇ ਨਾਲ ਠੀਕ ਸਲੂਕ ਨਹੀਂ ਕਰਣਗੇ. ਸਾਨੂੰ ਬਿਲਕੁਲ ਪਤਾ ਨਹੀਂ ਸੀ ਕਿ ਸਾਡਾ ਪਿੰਡ ਇੰਡੀਆ ਵਿੱਚ ਸ਼ਾਮਲ ਕੀਤਾ ਜਾਵੇਗਾ. ਇਸ ਦੇ ਇਲਾਵਾ, ਚੂੰਕਿ ਸਾਡੇ ਇਲਾਕੇ ਤੋਂ ਇੱਕ ਮੁਸਲਿਮ ਨੂੰ ਕਾਂਗਰੇਸ ਨੇ ਟਿਕਟ ਦਿੱਤਾ ਸੀ, ਅਸੀਂ ਸੋਚਦੇ ਸੀ ਕਿ ਇਥੇ ਰਹਿਣ ਨਾਲ ਸਾਡਾ ਕੋਈ ਨੁਕਸਾਨ ਨਹੀਂ ਹੋਵੇਗਾ. ਪਰ, ਮੈਂ ਇਹ ਜ਼ਰੂਰ ਦੱਸਣਾ ਚਾਹੁੰਗਾ ਕਿ ਜ਼ਿਆਦਾਤਰ ਮੁਸਲਿਮਾਂ ਨੂੰ ਯਕੀਨ ਸੀ ਕਿ ਲੁਧਿਆਣਾ ਪਾਕਿਸਤਾਨ ਵਿੱਚ ਸ਼ਾਮਲ ਹੋਵੇਗਾ, ਜਦ ਕਿ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਮੁਸਲਿਮ ਇਸ ਜ਼ਿਲ੍ਹੇ ਤੇ ਇੱਕ ਮਾਇਨਾਰਿਟੀ ਸਨ. ਮੁਸਲਿਮ ਲੀਗ ਨੇ ਵੀ ਸਾਨੂ ਭਰੋਸਾ ਦਿੱਤਾ ਕਿ ਅਸੀਂ ਪਾਕਿਸਤਾਨ ਵਿੱਚ ਸਾਮਲ ਹੋਵਾਂਗੇ. ਇੱਕ ਹੋਰ ਮਸਲਾ ਇਹ ਸੀ ਕਿ ਦੇਵਬੰਦੀ ਉਲੇਮਾ ਅਤੇ ਅਹਰਾਰ ਦੇ ਲੋਕਾਂ ਨੂੰ ਵੀ ਯਕੀਨ ਸੀ ਕਿ ਹਿੰਦੂ ਸਾਡਾ ਕੋਈ ਨੁਕਸਾਨ ਨਹੀਂ ਕਰਣਗੇ.

'4 ਅਗਸਤ ਦਾ ਦਿਨ ਰਮਜ਼ਾਨ ਦਾ 27ਵਾਂ ਦਿਨ ਸੀ. ਅਸੀਂ ਸ਼ਾਮ ਨੂੰ ਤਰਵੀਯਾਂ ਦੀ ਨਮਾਜ਼ ਅਦਾ ਕਰਣ ਗਏ ਹੋਏ ਸੀ. ਬਾਹਰ ਹਿੰਦੂ ਅਤੇ ਸਿੱਖ, ਇੱਕ ਤਿਉਹਾਰ ਦੇ ਮਿਜਾਜ਼ ਵਿੱਚ ਸਨ. ਅਸੀਂ ਸਾਰੀ ਰਾਤ ਮਸੀਤ ਤੇ ਰਹਿਣ ਵਾਲੇ ਸੀ ਪਰ ਬਾਹਰ ਦੇ ਸ਼ੋਰ-ਸ਼ਰਾਬੇ ਨੇ ਸਾਨੂ ਡਰਾ ਦਿੱਤਾ ਅਤੇ ਅਸੀਂ ਸਾਰੇ ਆਪਣੇ ਘਰਾਂ ਤੇ ਵਾਪਸ ਆ ਗਏ. ਉਸ ਸਾਲ ਰਮਜ਼ਾਨ ਦਾ ਮਹੀਨਾ 30 ਦਿਨਾਂ ਦਾ ਸੀ. ਈਦ-ਉਲ-ਫ਼ਿਤਰ (18 ਅਗਸਤ) ਦੇ ਦਿਨ ਮੁਸਲਿਮ ਮੁੰਖ ਮਸੀਤ ਤੇ ਇਕੱਠਾ ਹੋਏ. ਉਹ ਅਖੀਰੀ ਮੌਕਾ ਸੀ ਜਦ ਅਸੀਂ ਸਾਰੇ ਇੱਕ ਸਾਥ, ਇੱਕ ਜਗ੍ਹ ਸੀ. ਬਜ਼ੁਰਗਾਂ ਨੂੰ ਇਹਸਾਸ ਹੋ ਗਿਆ ਸੀ ਕਿ ਮੁਸੀਬਤ ਆਉਣ ਵਾਲੀ ਸੀ ਅਤੇ ਇਹ ਫ਼ੈਸਲਾ ਕੀਤਾ ਗਿਆ ਕਿ ਜੋ ਪਰਵਾਰ ਹਿੰਦੂ ਅਤੇ ਸਿਖ ਮਹੱਲੇਆ ਤੇ ਰਹਿ ਰਹੇ ਸੀ, ਉਹ ਸਾਡੀ ਜਗ੍ਹ ਤੇ ਆ ਜਾਣ. ਇਹ ਇੱਕ ਵੱਡਾ, ਇੱਟਾਂ ਨਾਲ ਬਣਿਆ ਪੱਕਾ ਘਰ ਸੀ ਅਤੇ ਇਸ ਦੇ ਮਜਬੂਤ, ਤਕੜੇ ਫ਼ਾਟਕ ਸਨ. ਅਰਾਇਨਾਂ ਦਾ ਮਹੱਲਾ ਸੰਘਣਾ ਸੀ ਅਤੇ ਉਨ੍ਹਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਉਸ ਜਗ੍ਹ ਤੇ ਹੀ ਰਹਿਣ ਕਿਉਂਕਿ ਉਨ੍ਹਾਂ ਦੀ ਤਦਾਦ ਕਾਫ਼ੀ ਜ਼ਿਆਦਾ ਸੀ.

'ਮੈਨੂੰ ਯਾਦ ਹੈ ਕਿ ਇਹ 23 ਅਗਸਤ ਦਾ ਦਿਨ ਸੀ ਜਦ ਹਮਲਾ ਹੋਇਆ. ਸਾਨੂ ਇਸ ਗੱਲ ਦਾ ਪਤਾ ਸੀ ਕਿ ਸਿੱਖਾਂ ਨੇ ਪਿੰਡ ਦੀ ਘੇਰਾਬੰਦੀ ਕਰ ਲੀਤੀ ਸੀ. ਮੇਰੇ ਵਾਲਿਦ ਨੇ ਮੇਰੀ ਵਾਲਿਦਾ ਨੂੰ ਪਰਾਂਠੇ ਬਣਾ ਕੇ ਸਾਰੇ ਬੱਚੇਆਂ ਨੂੰ ਦੇਨ ਨੂੰ ਕਿਹਾ ਸੀ. ਕਈ ਗਰੀਬ ਘਰਾਂ ਤੋਂ ਸੀ ਅਤੇ ਉਨ੍ਹਾਂ ਨੇ ਪਹਿਲੀ ਵਾਰ ਪਰਾਂਠੇ ਖਾਦੇ. ਇਸ ਦੇ ਚਲਦਿਆਂ ਇੱਕ ਜਨਾਨੀ ਨੇ ਮੇਰੇ ਵਾਲਿਦ ਨੂੰ ਪੁੱਛਿਆ, "ਚਾਚਾ ਜੀ ਅੱਜ ਤਾਰੀਖ ਕੀ ਹੈ? ਉਨ੍ਹਾਂ ਨੇ ਜਵਾਬ ਦਿੱਤਾ ਕਿ ਇਹ ਈਦ ਦਾ ਛੇਵਾਂ ਦਿਨ ਸੀ ਜਾਂ 23 ਅਗਸਤ. ਉਹ ਸਵਾਲ ਪੁੱਛ ਕੇ ਉਹ ਜਨਾਨੀ ਜ਼ੋਰ ਦੇ ਕੇ ਕਹਿਣਾ ਚਾਹੁੰਦੀ ਸੀ ਕਿ, ਇਹ ਉਨ੍ਹਾਂ ਦੇ ਲਈ ਇੱਕ ਖ਼ਾਸ ਦਿਨ ਸੀ. ਵਾਲਿਦ ਉਸੇ ਦਿਨ ਹਲਾਕ ਕਰ ਦਿੱਤੇ ਗਏ.

'ਪਰਾਂਠੇ ਬਨਣ ਤੋਂ ਪਹਿਲਾਂ ਹੀ ਗੋਲਾਬਾਰੀ ਸ਼ੁਰੂ ਹੋ ਗਈ. ਮੇਰੇ ਵਾਲਿਦ ਛੱਤ ਤੇ ਗਏ ਅਤੇ ਵੇਖਿਆ ਕਿ ਅਰਾਇਨਾਂ ਦਾ ਮਹੱਲਾ ਜਲ ਰਿਹਾ ਸੀ. ਇਹ ਬਿਲਕੁਲ ਸਵੇਰੇ ਦੀ ਗੱਲ ਸੀ. ਸਾਡੇ ਕੋਲ ਕੋਈ ਹਥਿਆਰ ਨਹੀਂ ਸਨ ਕਿਉਂਕਿ ਪੁਲਿਸ ਆ ਕੇ ਸਾਡੇ ਸਾਰੇ ਹਥਿਆਰ ਲੈ ਗਈ ਸੀ. ਪਿਛਲੇ ਦੋ ਮਹੀਨੇ ਤੇ, ਉਨ੍ਹਾਂ ਨੇ ਸਾਡੇ ਘਰਾਂ ਤੇ ਪਹਿਲਾਂ ਹੀ ਚਾਰ ਜਾਂ ਪੰਜ ਵਾਰ ਤਲਾਸ਼ੀ ਲੀਤੀ ਸੀ ਅਤੇ ਮੁਸਲਿਮ ਪੂਰੀ ਤਰ੍ਹਾਂ ਨਿਹੱਥੇ ਸਨ. ਪੁਲਿਸ ਮੁੱਖ ਤੌਰ ਤੇ ਸਿੱਖ ਸੀ. ਉਨ੍ਹਾਂ ਨੇ ਘਰ ਵਿੱਚ ਕੋਈ ਵੱਡਾ ਚਾਕੂ ਵੀ ਨਹੀਂ ਰਹਿਣ ਦਿੱਤਾ. ਲੰਬੇ ਡੰਡੇ ਵੀ ਉਹ ਲੈ ਗਏ.

'ਜਦ ਗੋਲਾਬਾਰੀ ਤੀਬਰ ਹੋ ਗਈ, ਖ਼ਵਾਤੀਨਾਂ ਅਤੇ ਬੱਚੇਆ ਨੂੰ ਘਰ ਤੇ ਇੱਕ ਪਾਸੇ ਤੋਂ ਪੌੜੀਆਂ ਨਾਲ, ਬਾਹਰ ਭੇਜ ਦਿੱਤਾ ਗਿਆ. ਉਨ੍ਹਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਭੱਜ ਕੇ ਖੇਤਾਂ ਤੇ ਜਾਂ ਤਿਤਰ-ਬਿਤਰ ਹੋ ਕੇ ਦੂਜੇ ਘਰਾਂ ਤੇ ਚਲੇ ਜਾਣ. ਮੇਰੇ ਵਾਲਿਦ ਸਭ ਕੁੱਝ ਦੀ ਨਿਗਰਾਨੀ ਕਰ ਰਹੇ ਸੀ. ਘਰ ਤੇ ਹੋਰ ਕੋਈ ਬੰਦਾ ਨਹੀਂ ਸੀ. ਸਿੱਖ ਚੀਕ ਕੇ ਕਿਹ ਰਹੇ ਸੀ ਕਿ ਜਨਾਨੀਆਂ ਚੌਧਰੀਆਂ ਦੇ ਘਰੋਂ ਭੱਜ ਰਹੀਆਂ ਸੀ. ਹਮਲਾਵਰ ਬਾਹਰ ਦੇ ਸਿੱਖ ਸਨ, ਪਰ ਸਾਡੇ ਪਿੰਡ ਦੇ ਸਿੱਖ ਸਭ ਕੁੱਝ ਵੇਖ ਰਹੇ ਸੀ ਅਤੇ ਅਗਵਾਈ ਕਰ ਰਹੇ ਸੀ. ਨਿਹੰਗ, ਤਿੱਖੀ ਚੀਜਾਂ ਅਤੇ ਧਾਤੂ ਦੇ ਛੱਲੇ ਸਾਡੇ ਘਰ ਦੇ ਅੰਦਰ ਸੁੱਟ ਰਹੇ ਸੀ. ਜਿਸ ਨੂੰ ਵੀ ਇਹ ਵਜ ਜਾਂਦੇ, ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਜਾਂਦਾ ਸੀ. ਕੁੱਝ ਬੱਚੇ ਅਤੇ ਔਰਤਾਂ ਹਲਾਕ ਹੋ ਗਏ. ਅਸੀਂ ਸਾਰੀ ਰਾਤ ਘਰ ਦੇ ਅੰਦਰ ਗੁਜ਼ਾਰੀ. ਮੈਨੂੰ ਲਗਦਾ ਹੈ ਕਿ ਉਹ ਸੋਚ ਰਹੇ ਸੀ ਕਿ ਸਾਡੇ ਕੋਲ ਅਸਲਾ ਸੀ ਅਤੇ ਇਸ ਕਰ ਕੇ ਉਨ੍ਹਾਂ ਨੇ ਕੋਈ ਸਿੱਧਾ ਹਮਲਾ ਨਹੀਂ ਕੀਤਾ.

'ਮੇਰੇ ਵਾਲਿਦ ਸਾਡੇ ਇੱਕ ਹੋਰ ਘਰ ਤੇ, ਜੋ ਸਾਡੇ ਨਾਲ ਹੀ ਸੀ, ਗਏ ਹੋਏ ਸੀ. ਉਹ ਇਹ ਪਤਾ ਕਰ ਰਹੇ ਸੀ ਕਿ ਜੋ ਲੋਕ ਲੁੱਕੇ ਹੋਏ ਸੀ, ਉਹ ਠੀਕ-ਠਾਕ ਸਨ ਜਾਂ ਨਹੀਂ. ਜਦ ਉਹ ਉਥੇ ਸਨ, ਉਨ੍ਹਾਂ ਨੂੰ ਗੋਲੀ ਮਾਰ ਕੇ ਹਲਾਕ ਕਰ ਦਿੱਤਾ ਗਿਆ. ਦੁਪਹਿਰ ਦੇ ੪ ਵਜੇ ਸੀ. ਮੇਰੀ ਮਾਂ, ਮੇਰੀ ਦੋ ਭੈਣਾਂ ਅਤੇ ਮੇਰੀ ਖ਼ਾਲਾ (ਮਾਸੀ), ਕੁੱਝ ਦੂਜੀ ਔਰਤਾਂ ਜਿਨ੍ਹਾਂ ਨੇ ਪਨਾਹ ਲੀਤੀ ਸੀ ਅਤੇ ਮੈਂ, ਜੋ ਇੱਕ ਛੋਟਾ ਮੁੰਡਾ ਸੀ, ਆਪਣੇ ਘਰ ਤੇ ਸੀ. ਅਸੀਂ ਕੁੱਲ ਮਿਲਾ ਕੇ ਕੋਈ 30-40 ਲੋਕ ਹੋਵਾਂਗੇ. ਜਦ ਰਾਤ ਹੋਣ ਲਗੀ, ਉਨ੍ਹਾਂ ਨੇ ਸਾਡੇ ਘਰ ਦੇ ਅੰਦਰ ਕਿਰਾਸਨ ਤੇਲ ਸੁੱਟ ਕੇ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਚੁੰਕਿ ਇਹ ਇੱਟਾ ਨਾਲ ਬਣਿਆ ਹੋਇਆ ਸੀ, ਇਸ ਨੂੰ ਪੂਰੀ ਤਰ੍ਹਾਂ ਅੱਗ ਨਹੀਂ ਲਗੀ; ਸਿਰਫ਼ ਕੁੱਝ ਲੱਕੜ ਦੇ ਦਰਵਾਜ਼ੇ ਬਰਬਾਦ ਹੋਏ.

'ਸਿੱਖ ਹੁਣ ਸਾਡੇ ਘਰ ਦੀ ਛੱਤ ਤੇ ਚੜ੍ਹ ਗਏ ਅਤੇ ਬਰਾਂਡੇ ਤੇ ਛਾਲ ਮਾਰ ਕੇ ਅੰਦਰ ਆ ਗਏ. ਉਨ੍ਹਾਂ ਦਾ ਮਕਸਦ ਲੁੱਟਪਾਟ ਕਰਨਾ ਸੀ. ਮੇਰੀ ਮਾਂ, ਮੈਂ ਅਤੇ ਮੇਰੀ ਦੋ ਭੈਣਾ ਇੱਕ ਪੌੜੀ ਤੇ ਬੈਠੀ ਹੋਇਆਂ ਸੀ. ਮੈਂ ਛੱਤ ਦੀ ਤਰਫ਼ ਭੱਜਾ. ਉਥੇ ਤਿੰਨ ਸਿੱਖ ਖੜ੍ਹੇ ਸੀ. ਉਨ੍ਹਾਂ ਤੋਂ ਇੱਕ ਨੇ ਕਿਹਾ, "ਇਹ ਨੂਰ ਦੀਨ ਦਾ ਬੇਟਾ ਹੈ. ਅਸੀਂ ਇਸ ਦੇ ਪਿਉ ਨੂੰ ਪਹਿਲਾਂ ਮਾਰ ਦਿੱਤਾ ਹੈ." ਉਨ੍ਹਾਂ ਤੋਂ ਇੱਕ ਨੇ ਮੈਨੂੰ ਗੰਡਾਸੇ ਨਾਲ ਮਾਰਿਆ. ਮੈਂ ਕਿਸੇ ਤਰ੍ਹਾਂ ਉਸ ਵਾਰ ਤੋਂ ਆਪਣੇ ਆਪ ਨੂੰ ਬਚਾ ਲੀਤਾ. ਮੈਂ ਛੱਤ ਤੋਂ ਛਾਲ ਮਾਰ ਕੇ ਭੱਜ ਗਿਆ. ਨਾਲ ਦੇ ਘਰ ਰਹਿਣ ਵਾਲੀ ਇੱਕ ਮੁਸਲਿਮ ਜਨਾਨੀ ਨੇ ਮੇਰੀ ਮਦਦ ਕੀਤੀ. ਉਸ ਦੇ ਦੁਪੱਟੇ ਦੀ ਮਦਦ ਨਾਲ ਮੈਂ ਕੰਧ ਲੰਘ ਕੇ, ਉਸ ਦੇ ਘਰ ਤੇ ਦਾਖਲ ਹੋ ਗਿਆ. ਉਨ੍ਹਾਂ ਨੇ ਮੇਰੀ ਮਾਂ ਅਤੇ ਭੈਣਾਂ ਨੂੰ ਨਹੀਂ ਮਾਰਿਆ. ਮੇਰੀ ਭੈਣਾਂ ਮੇਰੇ ਤੋਂ ਛੋਟਿਆਂ ਸੀ. ਇੱਕ ਮੇਰੇ ਤੋਂ ਦੋ ਸਾਲ ਛੋਟੀ ਸੀ ਅਤੇ ਦੂਜੀ ਸਿਰਫ਼ ਦੋ ਸਾਲਾਂ ਦੀ ਸੀ. ਅਗਲੇ ਦਿਨ ਬਿਲਕੁਲ ਸਵੇਰੇ, ਮੈਂ, ਮੇਰੀ ਮਾਂ, ਦੋ ਭੈਣਾਂ ਅਤੇ ਖ਼ਾਲਾ ਨੇ ਪਿੰਡ ਛੱਡ ਦਿੱਤਾ.

'ਅਚਾਨਕ ਨਿਹੰਗਾਂ ਦੇ ਇੱਕ ਵੱਡੇ ਜੱਥੇ ਨੇ ਸਾਨੂ ਘੇਰ ਲੀਤਾ. ਮੇਰੀ ਖਾਲਾ ਨੇ ਇੱਕ ਬਜ਼ੁਰਗ ਸਿੱਖ ਤੇ ਤਰਲੇ ਕੱਢੇ ਤਾਂਕਿ ਉਹ ਮੈਨੂੰ ਨਾ ਮਾਰਣ ਕਿਉਂਕਿ ਮੈਂ ਪਰਵਾਰ ਦਾ ਇਕੱਲਾ ਮਰਦ ਸਦੱਸ ਜ਼ਿੰਦਾ ਬਚਿਆ ਸੀ. ਪਰ ਨਿਹੰਗ ਮੇਰੀ ਤਰਫ਼ ਅੱਗੇ ਆਉਂਦੇ ਰਹੇ. ਉਹ ਜਿੱਤ ਦੇ ਇਹਸਾਸ ਨਾਲ ਗਸ਼ਤ ਲਗਾ ਰਹੇ ਸੀ. ਕਿਸੇ ਨੇ ਕਿਹਾ, "ਇਹ ਨੂਰ ਦੀਨ ਦਾ ਮੁੰਡਾ ਹੈ". ਜਿਸ ਸ਼ਕਸ ਨੇ ਇਹ ਕਿਹਾ, ਉਹ ਉਸ ਬਜ਼ੁਰਗ ਸਿੱਖ ਦਾ ਮੁੰਡਾ ਜਾਂ ਪੋਤਾ ਸੀ, ਜਿਸ ਨੂੰ ਮੇਰੀ ਖ਼ਾਲਾ ਨੇ ਰਹਿਮ ਲਈ ਮਿਨਤ ਕੀਤੀ ਸੀ. ਉਹ ਬਜ਼ੁਰਗ ਮੁਸ਼ਕਲ ਨਾਲ ਤੁਰ ਰਿਹਾ ਸੀ. ਉਸ ਨੇ ਚੀਕ ਕੇ ਨਿਹੰਗਾਂ ਨੂੰ ਕਿਹਾ "ਦਫ਼ਾ ਹੋ ਜਾਉ". ਉਸ ਨੇ ਹੋਰ ਕਿਹਾ "ਇਸ ਨੂੰ ਮਾਰਣ ਤੋਂ ਪਹਿਲਾਂ ਮੈਨੂੰ ਮਾਰੋ. ਇਸ ਨੂੰ ਛੱਡੋ." ਬਜ਼ੁਰਗ ਸਿੱਖ ਸਾਡੇ ਪਿੰਡ ਦਾ ਸੀ. ਇਸ ਦੇ ਬਾਅਦ, ਨਿਹੰਗ ਜੋ ਕਰੀਬ 150 ਦੀ ਤਦਾਦ ਵਿੱਚ ਸਨ, ਤਿਤਰ ਬਿਤਰ ਹੋ ਕੇ ਚਲੇ ਗਏ ਅਤੇ ਅਸੀਂ ਬਚ ਗਏ.

'ਅਸੀਂ ਪਿੰਡ ਤੋਂ ਬਾਹਰ ਆ ਗਏ ਅਤੇ ਖੇਤਾਂ ਤੇ ਪਨਾਹ ਲੀਤੀ. ਇਥੇ ਅਸੀਂ ਦੂਜੇ ਮੁਸਲਿਮਾਂ ਨਾਲ ਮਿਲੇ. ਮੇਰਾ ਮਾਸੜ ਜੋ ਮੇਰਾ ਚਾਚਾ ਵੀ ਲਗਦਾ ਸੀ, ਖੇਤਾਂ ਤੇ ਸੁੱਤਾ ਹੋਇਆ ਸੀ. ਅਸੀਂ ਉਹ ਰਾਤ ਅਤੇ ਅਗਲਾ ਦਿਨ ਖੇਤਾਂ ਤੇ ਗੁਜ਼ਾਰਿਆ. ਤੀਜੇ ਦਿਨ ਅਸੀਂ ਇੱਕ ਹੋਰ ਮੁਸਲਿਮ ਪਿੰਡ ਤੇ ਗਏ ਜਿਥੇ ਚੁਪਾਲ ਮੌਜੂਦ ਸੀ. ਉਥੇ ਅਸੀਂ ਤਿੰਨ ਜਾਂ ਚਾਰ ਦਿਨਾਂ ਤੱਕ ਰਹੇ. ਫਿਰ ਸਾਨੂ ਪਤਾ ਲਗਾ ਕਿ ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਿਮ ਇਕੱਠਾ ਹੋ ਕੇ ਇੱਕ ਕਾਫ਼ਿਲਾ ਬਣਾ ਰਹੇ ਸੀ, ਤਾਂਕਿ ਅਸੀਂ ਸਾਰੇ ਪਾਕਿਸਤਾਨ ਜਾ ਸਕਿਐ. ਸਾਡਾ ਪਹਿਲਾ ਠਹਰਾਉ ਰਿਆਸਤ ਮਲੇਰਕੋਟਲਾ ਹੋਣਾ ਸੀ, ਜੋ ਸਿਰਫ਼ 20 ਮੀਲ (36 ਕਿਲੋਮੀਟਰ) ਦੂਰ ਸੀ. ਰਾਹ ਵਿੱਚ ਅਸੀਂ ਸਾਡੇ ਪਿੰਡ ਦੇ ਦੂਜੇ ਲੋਕਾਂ ਨੂੰ ਵੀ ਮਿਲੇ. ਸਾਨੂੰ ਪਤਾ ਲਗਾ ਕਿ ਅਰਾਇਨ ਮਹੱਲੇ ਤੇ ਸਿਰਫ਼ ਤਿੰਨ ਲੋਕ ਜ਼ਿੰਦਾ ਬਚ ਸਕੇ. ਬਾਕੀ ਮਾਰ ਦਿੱਤੇ ਗਏ ਸੀ. ਮੇਰੇ ਚਾਚਾ ਅਤੇ ਉਸ ਦੇ ਬੱਚੇ ਵੀ ਸਾਡੇ ਨਾਲ ਸੀ. ਹੁਣ ਉਸ ਕਾਫ਼ਿਲੇ ਵਿੱਚ ਅਸੀਂ ਹਜ਼ਾਰਾਂ ਲੋਕ ਸੀ. ਮਲੇਰਕੋਟਲਾ ਵਿੱਚ ਮੰਡੀ ਨਾਂਅ ਦੀ ਇੱਕ ਜਗ੍ਹ ਸਾਡੀ ਜਲਦ ਤੋਂ ਜਲਦ ਪਹੁੰਚਣ ਵਾਲੀ ਮੁਕਾਮ ਸੀ. ਰਾਹ ਵਿੱਚ ਸਾਨੂ ਬਲੂਚ ਰੈਜੀਮੇਂਟ ਦੇ ਸਿਪਾਹੀ ਮਿਲੇ, ਜਿਨ੍ਹਾਂ ਨੇ ਸਾਡੀ ਹਿਫ਼ਾਜ਼ਤ ਕੀਤੀ. ਸਾਡੇ ਉਪਰ ਦੋ ਵਾਰ ਹਮਲਾ ਹੋਇਆ, ਪਰ ਦੋਨੋ ਹਮਲੇ ਨਾਕਾਮ ਕਰ ਦਿੱਤੇ ਗਏ. ਅਖੀਰਕਾਰ, ਅਸ਼ੀਂ ਮੰਡੀ ਪਹੁੰਚ ਗਏ ਜਿਥੇ ਸਾਨੂ ਖਾਣਾ ਦਿੱਤਾ ਗਿਆ. ਮਲੇਰਕੋਟਲਾ ਸ਼ਹਿਰ ਤੇ ਅਸੀਂ ਮੇਰੇ ਅਧਿਆਪਕ ਮੁਹੱਮਦ ਯਾਕੂਬ ਦੇ ਪਰਵਾਰ ਨਾਲ ਮਿਲੇ. ਅਸੀਂ ਈਦ-ਉਲ-ਜ਼ੋਹਾ ਮਲੇਰਕੋਟਲਾ ਤੇ ਮੱਨਾਈ. ਮੇਰੀ ਸਭ ਤੋਂ ਛੋਟੀ ਭੈਣ, ਮਲੇਰਕੋਟਲਾ ਤੇ, ਬੀਮਾਰੀ ਦੀ ਵਜ੍ਹਾ ਨਾਲ ਇਸ ਦੁਨੀਆ ਨੂੰ ਛੱਡ ਕੇ ਚਲੇ ਗਈ. ਦੂਜੀ ਬਹੁਤ ਬੀਮਾਰ ਹੋ ਗਈ.

'ਇਸ ਦੇ ਬਾਅਦ, ਇੱਕ ਰੇਲ-ਗੱਡੀ ਮਲੇਰਕੋਟਲਾ ਤੋਂ ਪਾਕਿਸਤਾਨ ਲਈ ਚੱਲੀ. ਮੇਰੇ ਚਾਚਾ ਅਤੇ ਖ਼ਾਲਾ ਪਹਿਲਾਂ ਹੀ ਜਾ ਚੁਕੇ ਸੀ. ਫ਼ਿਰੋਜ਼ਪੁਰ ਤੇ ਸਾਡੀ ਗੱਡੀ ਰੁਕ ਗਈ ਕਿਉਂਕਿ ਰੇਲ ਦੀ ਲਾਈਨ ਪੁੱਟ ਦਿੱਤੀ ਗਈ ਸੀ ਅਤੇ ਸਿੱਖਾਂ ਨੇ ਹਮਲਾ ਕਰ ਦਿੱਤਾ. ਮੇਰੀ ਮਾਂ ਨੇ ਮੈਨੂੰ ਭੱਜ ਜਾਣ ਨੂੰ ਕਿਹਾ. ਮੇਰੀ ਭੈਣ ਤੁਰ ਨਹੀਂ ਸਕਦੀ ਸੀ ਅਤੇ ਗੱਡੀ ਦੇ ਡੱਬੇ ਦੇ ਅੰਦਰ ਸੀ. ਅਸੀਂ ਸਾਡੇ ਪਿੰਡ ਤੇ ਹੋਰ ਲੋਕਾ ਨੂੰ ਵੀ ਮਿਲੇ. ਹਮਲਾਵਰ ਜੇਵਰ ਅਤੇ ਨਗਦੀ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਸੀ. ਉਹ ਲੋਕਾਂ ਨੂੰ ਹਲਾਕ ਜਾਂ ਅਣਡਿੱਠਾ ਕਰਦੇ, ਅਤੇ ਫਿਰ ਉਹ ਚਲੇ ਗਏ. ਇਸ ਦੇ ਬਾਅਦ ਰੇਲ-ਗੱਡੀ ਫਿਰ ਤੁਰ ਪਈ ਅਤੇ ਅਸੀਂ ਸਤਲੁਜ ਦਰਿਆ ਦੇ ਪੁਲ ਤੱਕ ਪਹੁੰਚੇ ਜੋ ਸਾਨੂ ਪਾਕਿਸਤਾਨ ਤੱਕ ਲੈ ਜਾਂਦਾ ਸੀ, ਪਰ ਗੋਰਖਾ ਸਿਪਾਹੀ ਇਸ ਉਪਰ ਗਸਤ ਲਗਾ ਰਹੇ ਸੀ ਅਤੇ ਉਨ੍ਹਾਂ

ਨੇ ਸਿਖਾਂ ਅਤੇ ਹਿੰਦੂਆਂ ਨਾਲ ਖੁਲ੍ਹੇ-ਆਮ ਤਰਫ਼ਦਾਰੀ ਕੀਤੀ. ਉਹ ਲੋਕਾਂ ਨੂੰ ਪੁਲ ਪਾਰ ਕਰ ਸਕਣ ਤੋਂ ਪਹਿਲਾਂ, ਹਲਾਕ ਕਰ ਰਹੇ ਸੀ.

'ਇੱਕ ਵਾਰ ਫਿਰ ਅਸੀਂ ਤਿਤਰ-ਬਿਤਰ ਹੋ ਗਏ. ਮੈਂ, ਮੇਰੀ ਬੀਮਾਰ ਭੈਣ, ਮੇਰੀ ਮਾਂ ਅਤੇ ਕੁੱਝ ਦੂਜੇ ਲੋਕ ਦਰਿਆ ਦੇ ਕਿਨਾਰੇ ਇੰਤਜ਼ਾਰ ਕਰਦੇ ਰਹੇ ਕਿ ਪੁਲ ਪਾਰ ਕਰਣ ਦਾ ਕੋਈ ਮੌਕਾ ਸਾਨੂ ਲੱਭ ਜਾਵੇ. ਅਸੀਂ ਖੇਤਾਂ ਤੇ ਕਈ ਦਿੱਨ ਗੁਜ਼ਾਰੇ, ਅਤੇ ਆਉਂਦੇ ਜਾਂਦੇ, ਸਿੱਖ ਜੱਥੇਆ ਤੋਂ ਲੁੱਕਦੇ ਰਹੇ. ਇੱਕ ਦਿਨ ਬਲੂਚ ਰੈਜੀਮੇਂਟ ਦੇ ਕੁੱਝ ਸਿਪਾਹੀ ਪੁਲ ਉਪਰ ਦਿੱਸੇ. ਉਨ੍ਹਾਂ ਨੇ ਐਲਾਨ ਕੀਤਾ ਕਿ ਜੋ ਮੁਸਲਿਮ ਪੁਲ ਪਾਰ ਕਰ ਕੇ ਪਾਕਿਸਤਾਨ ਜਾਣਾ ਚਾਹੁੰਦੇ ਸੀ, ਉਹ ਕਰ ਸਕਦੇ ਸੀ.

'ਮੈਨੂੰ ਯਾਦ ਹੈ ਕਿ ਮੈਂ ਨਿਆਨੇਆ ਦੇ ਜਿਸਮ ਨੂੰ ਬਰਛੇਆਂ ਉਪਰ ਸੂਲੀ ਚੜ੍ਹਾ ਕੇ, ਉਨ੍ਹਾਂ ਦੇ ਪਿਉਆਂ ਨੂੰ "*ਪਾਕਿਸਤਾਨ ਜ਼ਿੰਦਾਬਾਦ* " ਦੁਹਰਾਉਣ ਨੂੰ ਕਿਹੇ ਜਾਣ ਦੇ ਨਜ਼ਾਰੇ ਨੂੰ ਵੇਖਿਆ. ਔਰਤਾਂ ਦੇ ਸੀਨੇ ਅਤੇ ਗੁਪਤਾਂਗਾਂ ਦੀ ਉਲੰਘਣਾ ਕੀਤੀ ਗਈ. ਸਾਨੂੰ ਪਿਸਾਬ ਪੀਣ ਨੂੰ ਮਜਬੂਰ ਕੀਤਾ ਗਿਆ. ਖੂਹਾਂ ਅਤੇ ਛੱਪਰਾਂ ਵਿੱਚ ਜਹਿਰ ਪਾ ਦਿੱਤਾ ਗਿਆ. ਜਹਰੀਲਾ ਪਾਣੀ ਪੀ ਕੇ ਕਈ ਲੋਕ ਮਰ ਗਏ. ਮੇਰੀ ਭੈਣ ਨੇ ਵੀ ਜਹਰੀਲਾ ਪਾਣੀ ਪੀ ਲੀਤਾ. ਅਸੀਂ ਜੈਦਾਂ ਹੀ ਪਾਕਿਸਤਾਨ ਦੀ ਤਰਫ਼, ਕਸੂਰ ਪਹੁੰਚੇ, ਉਸ ਦਾ ਇੰਤਕਾਲ ਹੋ ਗਿਆ. ਅਸੀਂ ਉਸ ਨੂੰ ਕੈਂਪ ਤੇ ਹੀ ਦਫ਼ਨਾ ਦਿੱਤਾ. ਤਦ, ਮੈਂ ਅਤੇ ਮੇਰੀ ਮਾਂ ਇੱਕ ਮਾਲ ਗੱਡੀ ਤੇ ਇਸ ਆਸ ਨਾਲ ਚੜ੍ਹ ਗਏ ਕਿ ਇਹ ਸਾਨੂੰ ਮੁਲਤਾਨ ਲੈ ਜਾਵੇਗੀ, ਜਿਥੇ ਸਾਡੇ ਚਾਚਾਜੀ ਰਹਿੰਦੇ ਸੀ. ਪਰ, ਇਹ ਗੱਡੀ ਸਾਨੂੰ ਸ਼ੇਖ਼ੁਪੁਰਾ ਲੈ ਕੇ ਚਲੇ ਗਈ.

'ਸਟੇਸ਼ਨ ਤੇ ਸਾਡੇ ਕੋਲ ਖਾਣ ਨੂੰ ਕੁੱਝ ਵੀ ਨਹੀਂ ਸੀ. ਮੇਰੀ ਮਾਂ ਹੁਣ ਰੋਣ ਲਗੀ ਕਿਉਂਕਿ ਸਾਨੂ ਹੁਣ ਭੀਖ ਮੰਗਣੀ ਸੀ. ਮੈਂ ਵੀ ਰੋਇਆ. ਇੱਕ ਰੇਲਵੇ ਮੁਲਾਜ਼ਮ ਬਾਹਰ ਆਇਆ. ਉਸ ਨੇ ਸਾਨੂ ਇੱਕ ਪੋਸਟਕਾਰਡ ਦਿੱਤਾ ਤਾਂਕਿ ਅਸੀਂ ਆਪਣੇ ਚਾਚੇ ਨੂੰ ਲਿਖ ਸਕਿਐ, ਜੋ ਮੁਲਤਾਨ ਦੇ ਪਸ਼ੂ ਪਾਲਣ ਕਾਲਜ ਤੇ ਸੀ. ਉਸ ਨੇ ਸਾਨੂ ਖਾਣਾ ਵੀ ਦਿੱਤਾ. ਅਸੀਂ ਉਥੇ ਕੁੱਝ ਦਿਨ ਤੱਕ ਰਹੇ ਪਰ ਕੋਈ ਜਵਾਬ ਨਹੀਂ ਆਇਆ. ਉਸ ਨੇ ਸਾਨੂ ਕਿਹਾ ਕਿ ਅਗਲੇ ਦਿਨ ਇੱਕ ਗੱਡੀ ਮੁਲਤਾਨ ਜਾਵੇਗੀ. ਉਸ ਨੇ ਗਾਰਡ ਨੂੰ ਕਿਹਾ ਕਿ ਉਹ ਸਾਨੂ ਬਗੈਰ ਟਿਕਟ ਸਫਰ ਕਰਣ ਦੀ ਇੱਜ਼ਾਜ਼ਤ ਦੇ ਦੇਵੇ. ਅਤੇ, ਸਾਨੂੰ ਮੁਲਤਾਨ ਦੀ ਗੱਡੀ ਤੇ ਚੜ੍ਹਾ ਦਿੱਤਾ ਗਿਆ.

'ਅਸੀਂ ਮੁਲਤਾਨ ਛਾਉਣੀ ਸਟੇਸ਼ਨ ਤੇ ਉਤਰਣ ਦੇ ਬਜਾਏ ਮੁਲਤਾਨ ਸ਼ਹਿਰ ਤੇ ਉਤਰ ਗਏ. ਉਸ ਵਕਤ ਦੁਪਹਿਰ ਦੇ 4 ਵਜੇ ਸੀ. ਇਹ ਮੁਹੱਰਮ ਦੀ 10ਵੀਂ ਤਾਰੀਖ ਸੀ ਅਤੇ ਅਸ਼ੁਰਾ ਦਾ ਜਲੂਸ ਸ਼ਹਿਰ ਦੇ ਵਿੱਚੋਂ ਵਿੱਚ ਹੋ ਕੇ ਜਾ ਰਿਹਾ ਸੀ. ਅਸੀਂ ਰਾਤ ਇੱਕ ਦੁਕਾਨ ਦੇ ਫੱਟੇ ਦੇ ਹੀ ਗੁਜ਼ਾਰੀ. ਮੇਰੀ ਮਾਂ ਨੂੰ ਯਕੀਨ ਸੀ ਕਿ ਉਨ੍ਹਾਂ ਦਾ ਭਣਵਇਆ ਬੰਦੇਆਂ ਦਾ ਡਾਕਟਰ ਸੀ, ਅਤੇ ਅਸੀਂ ਅਗਲੇ ਦਿਨ ਮੁੱਖ ਹਸਪਤਾਲ ਗਏ ਅਤੇ ਮਾਸੜ ਦਾ ਇੱਤਜ਼ਾਰ ਕਰਣ ਲਗੇ. ਜਦ ਮੁੱਖ ਡਾਕਟਰ ਆਇਆ ਅਤੇ ਉਸ ਨੂੰ ਪਤਾ ਲਗਾ ਕਿ ਉਸ ਦਾ ਕੁੱਝ ਲੋਕ ਇੰਤਜ਼ਾਰ ਕਰ ਰਹੇ ਸੀ, ਉਹ ਸਾਨੂ ਮਿਲਣ ਲਈ ਆ ਗਏ. ਉਹ ਉਸ ਜ਼ਿਲ੍ਹੇ ਦੇ ਹੈਲਥ ਅਫ਼ਸਰ ਸਨ. ਉਨ੍ਹਾਂ ਦਾ ਘਰ ਆਡੇ ਮਾਸੜ ਦੇ ਘਰ ਦੇ ਨਾਲ ਦਾ ਹੀ ਘਰ ਸੀ. ਉਨ੍ਹਾਂ ਨੂੰ ਪਤਾ ਸੀ ਕਿ ਮੇਰੇ ਮਾਸੜ ਨੂੰ ਇੱਕ ਪੇਸਕਾਰਡ ਮਿਲਿਆ ਸੀ, ਅਤੇ ਉਸ ਨੇ ਆਪਣੇ ਬੇਟੇ ਨੂੰ ਸਾਨੂ ਸ਼ੇਖ਼ੁਪੁਰਾ ਤੋਂ ਲੈ ਆਉਣ ਲਈ ਭੇਜਿਆ ਸੀ. ਉਨ੍ਹਾਂ ਨੇ ਸਾਨੂ ਰਾਹ ਦੱਸਿਆ ਅਤੇ ਅਸੀਂ ਮੇਰੇ ਮਾਸੜ ਦੇ ਘਰ, ਅਖੀਰਕਾਰ ਪਹੁੰਚ ਗਏ. ਉਹ ਬਰਾਂਡੇ ਤੇ ਬੈਠੇ ਹੋਏ ਸੀ. ਇਸ ਤਰ੍ਹਾਂ, ਆਖ਼ਰ ਤੇ ਸਾਨੂ ਹਿਫ਼ਾਜ਼ਤ ਮਿਲੀ.

'ਮਗਰ, ਮੇਰੀ ਤ੍ਰਾਸਦੀ ਉਥੇ ਖ਼ਤਮ ਨਹੀਂ ਹੋਈ. ਮੇਰੀ ਮਾਂ ਦਾ 1948 ਤੇ ਇੰਤਕਾਲ ਹੋ ਗਿਆ. ਮੈਂ ਆਪਣੇ ਮਾਸੜ ਦੇ ਨਾਲ ਰਿਹਾ. ਇਹ ਉਨ੍ਹਾਂ ਦੀ ਮਿਹਰਬਾਨੀ ਸੀ ਕਿ ਉਨ੍ਹਾਂ ਨੇ ਮੈਨੂੰ ਪਰਵਾਰ ਦੇ ਇੱਕ ਸਦੱਸ ਦੇ ਤੌਰ ਤੇ ਮੰਜ਼ੂਰ ਕੀਤਾ, ਪਰ ਮੈਂ ਹਮੇਸ਼ਾ ਇੱਕ ਬਾਹਰੀ ਇਨਸਾਨ ਦੀ ਤਰ੍ਹਾਂ ਮਹਿਸੂਸ ਕੀਤਾ. ਤਿਉਹਾਰਾਂ ਦੇ ਦਿਨਾਂ ਤੇ ਉਨ੍ਹਾਂ ਦੇ ਖੁਦ ਦੇ ਬੱਚੇਆਂ ਅਤੇ ਮੇਰੇ ਵਿੱਚ ਫ਼ਰਕ ਕੀਤਾ ਜਾਂਦਾ ਸੀ. ਇਸ ਨੇ ਮੇਰੇ ਜ਼ਿੰਦਗੀ ਉਪਰ ਇੱਕ ਢੂੰਘਾ ਨਿਸ਼ਾਨ ਛੱਡਿਆ. ਮੈਂ ਜਦ ਬੀਮਾਰ ਹੋ ਜਾਂਦਾ ਤਦ ਮੇਰੀ ਅਣਗਹਿਲੀ ਕੀਤੀ ਜਾਂਦੀ. ਪਰ ਅਲ੍ਹਾ ਦੀ ਮੇਰੇ ਉਪਰ ਮਿਹਰ ਸੀ. ਮੈਨੂੰ ਤਾਲੀਮ ਹਾਸਲ ਹੋਈ ਹੋਰ ਮੈਂ ਇੱਕ ਅਖ਼ਬਾਰਨਵੀਸ ਬਣ ਗਿਆ. ਮੈਂ ਪਹਿਲਾਂ ਇਮਰੋਜ਼ ਅਤੇ ਬਾਅਦ ਤੇ ਨਵਾ-ਇ-ਵਕਤ ਦਾ ਐਡੀਟਰ ਰਹਿ ਚੁਕਿਆਂ ਹਾਂ. ਹੁਣ ਮੈਂ ਰਿਟਾਇਰ ਹੋ ਗਿਆ ਹਾਂ ਪਰ ਖ਼ਬਰੇਂ ਤੇ ਲਿਖਦਾਂ ਹਾਂ.'

ਗੁੱਜ਼ਰਵਾਲ ਦਾ ਦੌਰਾ

ਜਨਾਬ ਸ਼ਮਸ਼ਾਦ ਦੀ ਦਾਸਤਾਨ ਨੇ ਮੇਰੇ ਉਪਰ ਢੂੰਘਾ ਅਸਰ ਕੀਤਾ, ਇਸ ਬਾਰੇ ਮੈਂ ਪਹਿਲਾਂ ਸੁਣਿਆ ਸੀ, ਪਰ ਉਨ੍ਹਾਂ ਨੇ ਜੋ ਵੇਰਵਾ ਪੇਸ਼ ਕੀਤਾ, ਉਸ ਨੇ ਮੈਨੂੰ ਉਨ੍ਹਾਂ ਦੇ ਪੁਸ਼ਤੈਨੀ ਪਿੰਡ ਜਾਣ ਲਈ, ਬਹੁਤ ਬੇਤਾਬ ਕਰ ਦਿੱਤਾ. ਜਨਾਬ ਸ਼ਮਸ਼ਾਦ ਨੇ ਸਾਨੂੰ ਦੱਸਿਆ ਸੀ ਕਿ ਉਨ੍ਹਾਂ ਦਾ ਪਿੰਡ ਕਾਫ਼ੀ ਵੱਡਾ ਸੀ ਅਤੇ ਸੱਚ-ਮੁਚ ਇਹ ਹੋਰ ਵੀ ਕਾਫ਼ੀ ਵੱਡਾ ਹੋ ਗਿਆ ਹੈ. ਇਸ ਵਾਰ, ਮੇਰੇ ਨਾਲ ਦਿੱਲੀ ਦੇ ਦੋ ਨੌਜਵਾਨ, ਹਿਤੇਸ਼ ਗੋਸਾਈਂ ਅਤੇ ਵੀਰੇਂਦਰ ਸਿੰਘ ਸਨ. ਇੱਕ ਪਾਕਿਸਤਾਨੀ ਅਖ਼ਬਾਰ ਤੇ ਮੇਰੇ ਹਫ਼ਤਾਵਾਰ ਕਾਲਮ ਪੜ੍ਹਣ ਤੋਂ ਬਾਅਦ, ਹਿਤੇਸ਼ ਅਤੇ ਮੈਂ ਇੱਕ ਲੰਬੇ ਵਕਤ ਤੋਂ ਇੱਕ ਦੂਜੇ ਨੂੰ ਈ-ਮੇਲ ਕਰ ਰਹੇ ਸੀ. ਅਸੀਂ ਤਿੰਨ ਬੰਦੇ 29 ਨਵੰਬਰ 2005 ਨੂੰ ਗੁੱਜ਼ਰਵਾਲ ਪਹੁੰਚੇ. ਸਾਨੂੰ ਦੱਸਿਆ ਗਿਆ ਕਿ ਇਸ ਵਕਤ ਗੁੱਜ਼ਰਵਾਲ ਤੇ, ਜੋ ਲੁਧਿਆਣਾ ਸ਼ਹਿਰ ਤੋਂ 20 ਕਿਲੋਮੀਟਰ ਦੂਰ ਹੈ, 9,000 ਲੋਕ ਰਹਿੰਦੇ ਸੀ. ਅਸੀਂ ਜਨਾਬ ਸ਼ਮਸ਼ਾਦ ਦੇ ਪੁਰਾਣੇ ਸਕੂਲ ਗਏ ਅਤੇ ਉਸ ਰਜਿਸਟਰ ਦੀ ਫੋਟੋ ਲੀਤੀ ਜਿਥੇ ਉਨ੍ਹਾਂ ਦਾ ਨਾਂਅ ਅਤੇ ਦੂਜੀ ਜਾਣਕਾਰੀ ਦਰਜ ਸੀ. ਇਹ ਹਕੀਕਤ ਵਿੱਚ ਇੱਕ ਵੱਡਾ, ਇਤਿਹਾਸਕ ਸਕੂਲ ਸੀ. ਇਸ ਦੇ ਬਿਲਕੁਲ ਸਾਹਮਣੇ ਇੱਕ ਟੈਕਨੀਕਲ ਕਾਲਜ ਬਣਾਇਆ ਗਿਆ ਸੀ. ਸਾਡਾ ਸਰਪੰਚ ਦੇ ਪਰਵਾਰ ਨਾਲ ਸੰਪਰਕ ਕਰਾਇਆ ਗਿਆ ਜਿਨ੍ਹਾਂ ਨੇ ਛੇਤੀ ਨਾਲ ਕੁੱਝ ਬਜ਼ੁਰਗਾਂ ਨੂੰ ਸੱਦ ਲੀਤਾ. ਉਨ੍ਹਾਂ ਨੇ ਸ਼ਮਸ਼ਾਦ ਦੇ ਪਿਤਾ ਨੂਰ ਦੀਨ ਦੇ ਬਾਰੇ ਸੁਣਿਆ ਸੀ, ਪਰ ਚੁੰਕਿ ਉਹ ਪਿੰਡ ਦੇ ਉਸ ਹਿੱਸੇ ਤੇ ਰਹਿੰਦੇ ਸੀ ਜਿਸ ਨੂੰ ਅਰਾਇਨ ਮਹੱਲਾ ਕਹਿੰਦੇ ਸੀ, ਉਨ੍ਹਾਂ ਨੇ ਸ਼ਮਸ਼ਾਦ ਦੇ ਘਰ ਉਪਰ ਹਮਲਾ ਨਹੀਂ ਵੇਖਿਆ ਸੀ. ਪਰ, ਦੂਜੀ ਤਰਫ਼, ਉਨ੍ਹਾਂ ਨੇ ਅਰਾਇਨ ਮਹੱਲੇ ਤੇ ਕੀ ਹੋਇਆ, ਉਸ ਦੇ ਗ਼ਮਗੀਨ ਵੇਰਵੇ ਸਾਨੂੰ ਦਿੱਤੇ.

ਅਜੈਬ ਸਿੰਘ

'ਮੇਰਾ ਜਨਮ ਗੁੱਜ਼ਰਵਾਲ ਤੇ 1932 ਨੂੰ ਹੋਇਆ ਅਤੇ ਮੈਂ ਇਥੇ ਦੇ ਸਕੂਲ ਤੇ ਪੜ੍ਹਿਆ. ਸਕੂਲ 1882 ਤੇ ਬਣਿਆ ਸੀ. ਲੁਧਿਆਣਾ ਦੇ ਹਾਈ ਸਕੂਲ਼ ਦੇ ਬਾਅਦ, ਇਹ ਦੂਜਾ ਸਭ ਤੋਂ ਪੁਰਾਣਾ ਸਕੂਲ ਸੀ. ਇਥੋਂ ਮੇਰੇ ਪਿਤਾ ਅਤੇ ਮੈਂ ਦੋਨਾਂ ਨੇ ਮੈਟਰੀਕ ਕੀਤੀ. ਅਸੀਂ ਰਾਜਪੁਤਾਂ ਦੀ ਚੰਡੇਲ ਸ਼ਾਖ਼ ਨਾਲ ਤਾਲੁੱਕ ਰੱਖਦੇ ਹਾਂ. ਜੱਟਾਂ ਦੇ ਗਰੇਵਾਲ ਗੋਤਾਂ ਦੇ ਲੋਕ ਦੀ ਉਤਪਤ ਵੀ ਗੁੱਜ਼ਰਵਾਲ ਦੀ ਹੈ. ਮੁਸਲਿਮ, ਜਿਆਦਾਤਰ ਅਰਾਇਨ, ਇਥੇ ਇੱਕ ਵੱਡੀ ਤਦਾਦ ਤੇ ਰਹਿੰਦੇ ਸੀ. ਖ਼ਰੀਦਦਾਰੀ ਦੇ ਮੁੱਖ ਬਾਜ਼ਾਰ ਦੇ ਮਾਲਕ ਹਿੰਦੂ ਸਨ. ਸਿੱਖ ਵੀ ਇੱਕ ਪ੍ਰਭਾਵਸ਼ਾਲੀ

ਤਦਾਦ ਤੇ, ਪਿੰਡ ਤੇ ਮੌਜੂਦ ਸਨ. ਇਥੇ ਤੱਕ ਕਿ, ਜੈਨ ਸਮੁਦਾਇ ਦੇ ਲੋਕ ਵੀ ਗੁੱਜ਼ਰਵਾਲ ਤੇ ਰਹਿੰਦੇ ਸੀ. ਅਸੀਂ ਅਮਨ ਵਿੱਚ ਰਹਿੰਦੇ ਸੀ ਅਤੇ ਇੱਕ ਦੂਜੇ ਨਾਲ ਸੁਖ-ਦੁਖ ਵੰਡਦੇ ਸੀ. ਅਰਾਇਨ ਖ਼ੁਸ਼ਹਾਲ ਕਿਸਾਨ ਸਨ ਅਤੇ ਕਾਫ਼ੀ ਜਾਇਦਾਦ ਦੇ ਮਾਲਕ ਸਨ. ਮੈਨੂੰ ਸਰਦਾਰ ਖ਼ਾਨ ਅਤੇ ਹਬੀਬੁਲ੍ਹਾ ਯਾਦ ਨੇ. ਉਹ ਮੇਰੇ ਜਮਾਤੀ ਸਨ. ਸਾਡੇ ਪਿੰਡ ਦੇ ਮੁਸਲਿਮ ਬੜੇ ਭਲੇਮਾਨਸ ਅਤੇ ਰੱਬ ਤੋਂ ਡਰਨ ਵਾਲੇ ਇਨਸਾਨ ਸਨ. ਉਨ੍ਹਾਂ ਦੇ ਵਿੱਚ ਕੋਈ ਜਨੂਨੀ ਨਹੀਂ ਸੀ.

'ਮੈਨੂੰ ਨਹੀਂ ਪਤਾ ਹੈ ਕਿ ਕੁੱਝ ਹਿੰਦੂ ਰਾਜਪੂਤਾਂ ਨੇ ਇਸਲਾਮ ਕਬੂਲ ਕੀਤਾ ਸੀ ਜਾਂ ਨਹੀਂ. ਇਸ ਤਰ੍ਹਾਂ ਦੀ ਗੱਲਾਂ ਬਾਰੇ ਮੈਂ ਦਿਲਚਸਪੀ ਨਹੀਂ ਲੈਂਦਾ ਸੀ ਕਿਉਂਕਿ ਮੈਂ ਕਾਫ਼ੀ ਛੋਟਾ ਸੀ. ਸਾਡੇ ਬਹੁਤ ਨੇਕ ਅਤੇ ਰਹਿਮਦਿਲ ਮੁਸਲਿਮ ਅਧਿਆਪਕ ਸਨ ਜੈਦਾਂ ਕਿ ਮਾਸਟਰ ਅਫ਼ਜ਼ਲ ਜੋ ਕਿਸੇ ਨੇੜੇ ਦੇ ਪਿੰਡ ਤੋਂ ਆਉਂਦੇ ਸੀ ਅਤੇ ਮਾਸਟਰ ਇਸਮਾਇਲ. ਮਾਸਟਰ ਇਸਮਾਇਲ ਵਰਗਾ ਬੇਹਦ ਰਹਿਮਦਿਲ ਇਨਸਾਨ ਮੈਂ ਕਦੀ ਨਹੀਂ ਵੇਖਿਆ. ਉਹ ਇੱਕ ਲੰਬੇ ਉੱਚੇ ਪ੍ਰਭਾਵਸ਼ਾਲੀ ਇਨਸਾਨ ਸਨ. ਉਹ ਦਿਨ ਤੇ ਪੰਜ ਵਾਰ ਇਬਾਦਤ ਕਰਦੇ ਸੀ ਅਤੇ ਚੇਲੇਆਂ ਲਈ, ਸਭ ਤੋਂ ਜ਼ਿਆਦਾ ਮਦਦਗਾਰ ਸਨ. ਉਹ ਕਿਸੇ ਵੀ ਵਕਤ ਕਿਸੇ ਦੇ ਵੀ ਘਰ ਤੇ ਆ ਸਕਦੇ ਸੀ ਅਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਇੱਜ਼ਤ ਨਾਲ ਅਸੀਂ ਮਿਲਦੇ. ਮੈਂ ਅੱਠਵੀਂ ਜਮਾਤ ਤੇ ਸੀ.

'15 ਅਗਸਤ ਨੂੰ ਜਦ ਇੰਡੀਆ ਆਜ਼ਾਦ ਹੋ ਗਿਆ, ਪਿੰਡ ਤੇ ਇੱਕ ਬੈਂਡ ਪਾਰਟੀ, ਜਿਸ ਵਿੱਚ ਜ਼ਿਆਦਾ ਸਦੱਸ ਮੁਸਲਿਮ ਸਨ, ਚਾਰੇ ਪਾਸੇ ਖ਼ੁਸ਼ੀ ਦੀ ਧੁਨਾਂ ਅਤੇ ਗਾਨੇ ਵਜਾਉਂਦੀ ਰਹੀ. ਇਸ ਤਰ੍ਹਾਂ ਦੀ ਖ਼ੁਸ਼ੀਆਂ, ਇੱਕ ਜਾਂ ਦੋ ਦਿਨਾਂ ਤੱਕ ਲੋਕ ਮੱਨਾਉਂਦੇ ਰਹੇ, ਕਿਉਂਕਿ ਜਦ ਰੇਡਕਲੀਫ ਅਵਾਰਡ ਦਾ ਐਲਾਨ ਹੋ ਗਿਆ, ਸਿੱਖ ਜੱਥੇਆਂ ਨੇ, ਜਿਸ ਵਿੱਚ ਆਲੇ-ਦੁਆਲੇ ਦੇ ਪਿੰਡਾਂ ਦੇ ਮੁਜਰਿਮ ਕਿਸਮ ਦੇ ਬੰਦੇ ਸ਼ਾਮਲ ਸਨ, ਇਸ ਪਿੰਡ ਨੂੰ ਘੇਰ ਲੀਤਾ. ਮੁਸਲਿਮਾਂ ਉਪਰ ਹਮਲੇਆਂ ਵਿੱਚ ਇਸ ਪਿੰਡ ਦੇ ਬਹੁਤ ਘੱਟ ਬੰਦੇਆਂ ਨੇ ਹਿੱਸਾ ਲੀਤਾ.

'ਇਸ ਪ੍ਰਸੰਗ ਦਾ ਸਭ ਤੋਂ ਦਰਦਨਾਕ ਹਿੱਸਾ ਇਹ ਹੈ ਕਿ ਕੁੱਝ ਮੁਸਲਿਮ ਸਿੱਖ ਬਣਨ ਨੂੰ ਤਿਆਰ ਹੋ ਗਏ. ਉਨ੍ਹਾਂ ਨੂੰ ਇੱਕ ਘਰ ਤੇ ਲੈ ਜਾ ਕੇ ਅੱਮ੍ਰਿਤ ਛਕਾਇਆ ਗਿਆ. ਮਗਰ, ਅਗਲੇ ਦਿਨ ਉਨ੍ਹਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ ਗਿਆ. ਇੱਕ ਦਿਨ ਪਹਿਲਾਂ, ਇੱਕ ਝੂਠੀ ਅਫ਼ਵਾਹ ਫੈਲਾ ਦਿੱਤੀ ਗਈ ਸੀ ਕਿ ਪਿੰਡ ਜਰਾਹੋਆਂ ਦੇ ਮੁਸਲਿਮਾਂ ਨੇ ਹਿੰਦੂਆਂ ਅਤੇ ਸਿੱਖਾਂ ਉਪਰ ਹਮਲਾ ਕਰ ਦਿੱਤਾ ਸੀ. ਇਹ ਇਲਜ਼ਾਮ ਲਗਾਇਆ ਗਿਆ ਸੀ ਕਿ ਮੁਸਲਿਮਾਂ ਨੇ ਬੰਦੂਕਾਂ ਅਤੇ ਰਾਇਫਲਾਂ ਦਾ ਇਸਤੇਮਾਲ ਕੀਤਾ ਸੀ. ਅਸੀਂ ਬਾਅਦ ਤੇ ਪਤਾ ਕੀਤਾ ਤੇ ਪਤਾ ਲਗਾ ਕਿ ਇਹ ਪੂਰੀ ਤਰ੍ਹਾਂ ਝੂਠ ਸੀ. ਪਿੰਡ ਦੇ ਕੁੱਝ ਬਜ਼ੁਰਗਾਂ ਨੇ ਹਮਲਾਵਰਾਂ ਦਾ ਟਾਕਰਾ ਕੀਤਾ. ਉਨਾਂ ਦੇ ਵਿੱਚ ਮੇਰੇ ਪਿਤਾ ਰਣਜੀਤ ਸਿੰਘ ਅਤੇ ਦੂਜੇ ਸੀ. ਪਰ ਉਨ੍ਹਾਂ ਦੇ ਕੋਲ ਸਿਰਫ਼ ਦੋ 12 ਬੋਰ ਦੀ ਬੰਦੂਕਾਂ ਸੀ ਜਦ ਕਿ ਮੁਜਰਿਮ ਗਿਰੋਹਾਂ ਕੋਲ ਕਈ .303 ਰਾਇਫਲਾਂ ਅਤੇ ਦੂਜਾ ਤਾਕਤਵਰ ਅਸਲਾ ਸੀ. ਹਮਲਾਵਰਾਂ ਦਾ ਆਗੂ ਹਾਕਿਮ ਸਿੰਘ ਸੀ, ਜੋ ਕਿਲਾ ਰਾਏਪੁਰ ਦਾ ਇੱਕ ਬਦਨਾਮ ਖੋਟਾ ਸਿੱਕਾ ਸੀ. ਉਹ ਹਜ਼ਾਰਾਂ ਦੀ ਤਦਾਦ ਤੇ ਆਏ ਸੀ.

'ਜਦ ਹਮਲਾ ਹੋਇਆ, ਮਿਰਾਸੀ ਜਾਤ ਦੇ ਕੁੱਝ ਬੇਹਦ ਗਰੀਬ ਮੁਸਲਿਮ ਸਾਡੇ ਘਰ ਤੇ ਪਨਾਹ ਲੈਣ ਆ ਗਏ. ਉਹ ਬਹੁਤ ਜ਼ਿਆਦਾ ਡਰ ਗਏ ਸੀ ਅਤੇ ਕੁੱਝ ਤੇ ਆਪਣੇ ਸ਼ਰੀਰ ਦੇ ਬੁਨਿਆਦੀ ਕੱਮਾਂ ਨੂੰ ਕਾਬੂ ਵਿੱਚ ਨਹੀਂ ਰੱਖ ਸਕੇ, ਅਤੇ ਉਨ੍ਹਾਂ ਦੇ ਕਪੜੇ ਲਿਬੜ ਗਏ. ਮੇਰੀ ਮਾਂ ਬਸੰਤ ਕੌਰ ਨੇ ਉਨ੍ਹਾਂ ਨੂੰ ਖਾਣਾ ਦਿੱਤਾ ਅਤੇ ਉਨ੍ਹਾਂ ਦਾ ਖਿਆਲ ਰੱਖਿਆ. ਉਹ ਬਚ ਗਏ. ਇੱਕ ਛੋਟਾ ਮੁੰਡਾ ਦਿਲਸ਼ਾਦ, ਜਿਸ ਦੇ ਮਾਂ-ਬਾਪ ਮਾਰ ਦਿੱਤੇ ਗਏ ਸੀ,

ਉਸ ਨੂੰ ਇਧਰ-ਉਧਰ ਬਗੈਰ ਕਿਸੇ ਕਪੜੇ ਦੇ, ਘੁਮਦੇ ਹੋਏ ਵੇਖਿਆ ਗਿਆ. ਮੇਰੇ ਪਿਤਾ ਨੇ ਉਣ ਸਭ ਨੂੰ ਮਲੇਰਕੋਟਲਾ ਲੈ ਜਾ ਕੇ ਛੱਡ ਦਿੱਤਾ.

'ਜੈਦਾਂ ਕਿ ਮੈਂ ਤੁਹਾਨੂ ਦੱਸਿਆ ਹੈ ਕਿ ਜੱਟਾਂ ਦੀ ਗਰੇਵਾਲ ਗੋਤ ਇਸ ਪਿੰਡ ਦੀ ਹੈ. ਕੁੱਝ ਪਰਵਾਰ ਮੁਸਲਿਮ ਬਣ ਗਏ ਸੀ ਪਰ ਜ਼ਿਆਦਾਤਰ ਸਿੱਖ ਸਨ. ਖ਼ੈਰੂ ਉਸ ਗੋਤ ਦਾ ਇੱਕ ਬਜ਼ੁਰਗ ਮੁਸਲਿਮ ਸੀ. ਉਸ ਦੇ ਘਰ ਨੂੰ ਵੀ ਘੇਰ ਲੀਤਾ ਗਿਆ. ਉਹ ਬਹੁਤ ਦੇਰ ਤੱਕ ਟਾਕਰਾ ਕਰਦਾ ਰਿਹਾ ਕਿਉਂਕਿ ਉਸ ਦੇ ਕੋਲ ਇੱਕ ਬੰਦੂਕ ਸੀ. ਉਹ ਆਪਣੀ ਛੱਤ ਤੋਂ ਚੀਕ ਕੇ ਕਿਹ ਰਿਹਾ ਸੀ, "ਉ ਗਰੇਵਾਲੋਂ ਮੈਂ ਤੁਹਾਡਾ ਹੀ ਇੱਕ ਬੰਦਾ ਹਾਂ, ਤੁਸੀਂ ਮੈਨੂੰ ਕਿਉਂ ਮਾਰਣਾ ਚਾਹੁੰਦੇ ਹੋ?" ਉਸ ਦੀ ਪੁਕਾਰ ਕਿਸੇ ਨੇ ਨਹੀਂ ਸੁਣੀ ਕਿਉਂਕਿ ਮੁਜਰਿਮ ਉਸ ਦਾ ਲਹੂ ਵੇਖਣਾ ਚਾਹੁੰਦੇ ਸੀ. ਅਖੀਰਕਾਰ ਉਸ ਨੂੰ ਜੋ ਸੱਟਾਂ ਲਗਿਆਂ ਸੀ, ਉਸ ਦੇ ਚਲਦਿਆਂ ਉਸ ਦੀ ਮੌਤ ਹੋ ਗਈ.

'ਮਾਸਟਰ ਇਸਮਾਇਲ, ਜਿਸ ਬਾਰੇ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਉਹ ਸਾਡੇ ਡਰਾਇੰਗ ਦੇ ਮਾਸਟਰ ਸਨ. ਉਨ੍ਹਾਂ ਦੀ ਪਤਨੀ ਗਰਭਵਤੀ ਸੀ ਜਦ ਉਨ੍ਹਾਂ ਦੇ ਉਪਰ ਹਮਲਾ ਕੀਤਾ ਗਿਆ. ਉਨ੍ਹਾਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਤਨੀ ਨੂੰ ਬੇਰਹਿਮੀ ਨਾਲ ਮਾਰ ਦਿੱਤਾ. ਉਨ੍ਹਾਂ ਦਾ ਇੱਕ ਬੇਟਾ ਅਬਦੁਲ ਅਜ਼ੀਜ਼, ਜੋ ਸ਼ਾਇਦ 10 ਸਾਲਾਂ ਦਾ ਸੀ ਆਪਣੀ ਜਾਣ ਬਚਾਉਣ ਲਈ ਇੱਕ ਦੂਜੇ ਘਰ ਦੇ ਅੰਦਰ ਭੱਜਾ, ਪਰ ਉਸ ਨੂੰ ਸਾਡੇ ਪਿੰਡ ਦੇ ਇੱਕ ਮੁਜਰਿਮ ਨੇ ਫੜ ਲੀਤਾ. ਉਸ ਨੇ ਅਬਦੁਲ ਨੂੰ, ਉਸ ਦਾ ਇੱਕ ਪੈਰ ਫੜ ਕੇ ਚੁਕਿਆ ਅਤੇ ਇੱਕ ਲੰਬੇ ਛੁਰੇ ਨਾਲ ਕਈ ਵਾਰ ਹਮਲਾ ਕੀਤਾ. ਉਸ ਦੀ ਚੀਕਾਂ ਹੁਣ ਵੀ ਮੈਨੂੰ ਸਤਾਉਂਦੀਆਂ ਨੇ. ਉਸ ਦੀ ਭੈਣ ਸਰਦਾਰਾਂ ਮਹਿਜ਼ 15 ਸਾਲਾਂ ਦੀ ਸੀ. ਉਸ ਨੇ ਨਾਲ ਇੱਕ ਬਹੁਤ ਛੋਟੀ ਭੈਣ ਵੀ ਸੀ. ਉਨ੍ਹਾਂ ਨੂੰ ਫੜ ਲੀਤਾ ਗਿਆ ਅਤੇ ਦੋ ਮਹੀਨੇਆਂ ਤੱਕ ਮੁਜਰਿਮ ਉਸ ਦਾ ਜਬਰ ਜਨਾਹ ਕਰਦੇ ਰਹੇ. ਉਸ ਦਾ ਚਿਹਰਾ ਫ਼ਿੱਕਾ ਹੋ ਗਿਆ ਅਤੇ ਉਹ ਬਹੁਤ ਬੁਰੇ ਹਾਲ ਵਿੱਚ ਸੀ. ਫਿਰ ਇੱਕ ਦਿਨ ਉਸ ਦਾ ਭਰਾ ਜੋ ਨੇਵੀ ਵਿੱਚ ਸੀ, ਪੁਲਿਸ ਲੈ ਕੇ ਆਇਆ. ਉਸ ਨੂੰ ਬਚਾ ਲੀਤਾ ਗਿਆ. ਮੇਰੇ ਜੇਹਨ ਵਿੱਚ ਹੁਣ ਵੀ, ਉਸ ਦਾ ਚਿਹਰਾ ਨਜ਼ਰ ਆਂਉਂਦਾ ਹੈ. ਇੱਕ ਨੌਜਵਾਨ ਕੁੜੀ ਨਾਲ ਇਹ ਇੱਕ ਭਿਆਨਕ ਜ਼ੁਲਮ ਸੀ. ਸੈਕੜੇ ਕੁੜੀਆਂ ਅਤੇ ਜਨਾਨੀਆਂ ਨੂੰ ਨਹਿਰ ਤੇ ਲੈ ਜਾ ਕੇ ਜਬਰ ਜਨਾਹ ਕੀਤਾ ਗਿਆ, ਅਤੇ ਉਨ੍ਹਾਂ ਦੇ ਕਪੜੇ ਉਤਾਰ ਕੇ, ਉਨ੍ਹਾਂ ਨੂੰ ਤੁਰਣ ਲਈ ਮਜਬੂਰ ਕੀਤਾ ਗਿਆ.

'ਪਰ ਦਾਈ ਅਮਾਨਤ ਬੀਬੀ ਅਤੇ ਉਸ ਦੇ ਪਰਵਾਰ ਨੂੰ ਬਖਸ਼ ਦਿੱਤਾ ਗਿਆ. ਪਿੰਡ ਨੂੰ ਉਸ ਦੀ ਲੋੜ ਸੀ, ਕਿਉਂਕਿ ਉਹ ਬੱਚੇ ਪੈਦਾ ਹੋਣ ਦੇ ਵਕਤ ਮਦਦ ਕਰਦੀ ਸੀ, ਅਤੇ ਕਿਸੇ ਨੇ ਉਸ ਦਾ ਕੋਈ ਨੁਕਸਾਨ ਨਹੀਂ ਕੀਤਾ. ਉਸ ਦੀ ਕੋਈ 15 ਸਾਲਾਂ ਪਹਿਲਾਂ ਮੌਤ ਹੋ ਗਈ. ਉਸ ਦਾ ਬੇਟਾ ਰਿਆਸਤ ਅਲੀ, ਬਾਅਦ ਤੇ ਇੱਕ ਕਮਪਾਉਂਡਰ ਬਣ ਗਿਆ ਸੀ ਅਤੇ ਇਥੇ ਕੱਮ ਕਰਦਾ ਸੀ. ਉਸ ਦੀ ਇੱਕ ਹਾਦਸੇ ਵਿੱਚ ਮੋਤ ਹੋ ਗਈ. ਉਸ ਦੀ ਬੇਟੀ ਇੱਕ ਅਧਿਆਪਿਕਾ ਬਣ ਗਈ ਸੀ ਅਤੇ ਇਥੋਂ ਥੋੜੀ ਦੂਰ ਇੱਕ ਸਕੂਲ ਤੇ ਕੱਮ ਕਰਦੀ ਸੀ. ਉਸ ਦੀ ਵੀ ਇੱਕ ਹਾਦਸੇ ਤੇ ਮੌਤ ਹੋ ਗਈ. ਅਮਾਨਤ ਬੀਬੀ ਦੇ ਪਰਵਾਰ ਦੇ ਹੁਣ ਕਈ ਘਰ ਨੇ. 'ਹੁਣ, ਇੱਕ ਵਾਰ ਫਿਰ, ਗੁੱਜ਼ਰਵਾਲ ਦੀ ਮਸੀਤ ਦਾ ਇਸਤੇਮਾਲ ਹੋ ਰਿਹਾ ਹੈ. ਇਸ ਲਈ ਅਸੀਂ ਸਾਰੇ ਖੁਸ਼ ਹਾਂ. ਸਾਡੇ ਇਥੇ ਹੁਣ, ਬਿਹਾਰ ਅਤੇ ਯੂ.ਪੀ. ਦੇ ਮੁਸਲਿਮ ਨੇ. ਤਕਸੀਮ ਦੇ ਕਾਲੇ ਦਿਨਾਂ ਤੋਂ ਬਾਅਦ, ਗੁੱਜ਼ਰਵਾਲ ਤੇ ਕਦੀ ਕੋਈ ਫ਼ਿਰਕੂ ਵਾਕਿਆ ਨਹੀਂ ਹੋਇਆ ਹੈ. ਮਜ਼ਹਬ ਨੂੰ ਸਿਆਸਤ ਨਾਲ ਕਦੀ ਨਹੀਂ ਮਿਲਾਣਾ ਚਾਹੀਦਾ ਹੈ.

ਹਰਮੈਲ ਸਿੰਘ

'ਅਸੀਂ ਅਸਲ ਤੇ ਗੁਜ਼ਰਵਾਲ ਤੋਂ ਹਾਂ ਪਰ ਸਾਡੇ ਪਰਵਾਰ ਨੂੰ ਪਛੱਮ ਪੰਜਾਬ ਤੇ ਬਹੁਤ ਪਹਿਲਾਂ ਜ਼ਮੀਨ ਦਿੱਤੀ ਗਈ ਸੀ, ਅਤੇ ਮੈਂ ਆਰਿਫ਼ਵਾਲਾ, ਪਛੱਮ ਪੰਜਾਬ ਤੇ ਵੱਡਾ ਹੋਇਆ. 1946 ਤੇ ਮੈਂ ਗੁਜ਼ਰਵਾਲ ਤੇ ਵਾਪਸ ਆ ਗਿਆ. ਮੈਂ ਬੀ.ਐਸ.ਸੀ. ਕੀਤੀ ਅਤੇ ਇਸ ਦੇ ਬਾਅਦ ਐਮ.ਐਸ.ਸੀ ਅਤੇ ਇਥੇ ਸਾਡੇ ਸਕੂਲ ਤੇ ਪੜ੍ਹਾ ਰਿਹਾ ਹਾਂ, ਇੱਕ ਮਸਹੁਰ ਮੁਸਲਿਮ ਨੂਰ ਦੀਨ ਹੈਗਾ ਸੀ, ਪਰ ਉਹ ਪਰਵਾਰ ਪਿੰਡ ਦੇ ਇੱਕ ਦੂਜੇ ਹਿੱਸੇ ਤੇ ਰਹਿੰਦਾ ਸੀ. ਉਸ ਵਕਤ ਵੀ ਪਿੰਡ ਵੱਡਾ ਅਤੇ ਫੈਲਿਆ ਹੋਇਆ ਸੀ. ਤਕਸੀਮ ਦੇ ਵਕਤ ਮੇਰੇ ਵੱਡੇ ਭਰਾ ਅਤੇ ਦੂਜੇ, ਆਰਿਫ਼ਵਾਲਾ ਤੋਂ ਸਹੀ ਸਲਾਮਤ ਇੰਡੀਆ ਆ ਗਏ. ਮੁਸਲਿਮ ਉਨ੍ਹਾਂ ਦੇ ਨਾਲ ਸਰਹੱਦ ਤੱਕ ਆਏ ਅਤੇ ਇੱਕ ਦੂਜੇ ਨੂੰ ਗਲੇ ਲਗ ਕੇ, ਅਲਵਿਦਾ ਕਿਹਾ. ਉਨ੍ਹਾਂ ਦੇ ਉਪਰ ਇੱਕ ਵੀ ਹਮਲਾ ਨਹੀਂ ਹੋਇਆ. ਇੱਕ ਬਦ ਇਨਸਾਨ ਸੁਖਮਿੰਦਰ ਨੇ ਰਾਹ ਵਿੱਚ, ਇੱਕ ਮੁਸਲਿਮ ਪੁਲਿਸਵਾਲੇ ਦਾ ਗਲਾ ਵੱਡ ਦਿੱਤਾ ਸੀ ਅਤੇ ਫਿਰ ਇੱਕ ਹਮਲਾ ਹੋਇਆ ਸੀ, ਪਰ ਇਸ ਦੇ ਇਲਾਵਾ ਉਹ ਮਹਿਫ਼ੂਜ਼ ਤਰੀਕੇ ਨਾਲ ਵਾਪਸ ਆ ਗਏ.

'ਮੈਂ ਪਿੰਡ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਮੁਸਲਿਮਾਂ ਦਾ ਸਰਬਨਾਸ਼ ਵੇਖਿਆ ਹੈ. ਪਛੱਮ ਪੰਜਾਬ ਦੇ ਹਾਲਾਤ ਨਾਲ ਇਸ ਦੀ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ ਹੈ. ਇਥੇ ਦਾ ਤਸ਼ੱਦਦ ਹਜ਼ਾਰਾਂ ਦਫਾ ਜ਼ਿਆਦਾ ਸੀ. ਇਥੇ ਦੇ ਹਮਲੇ ਵਿੱਚ ਲੁੱਟੇਰੇਆਂ ਦੀ ਟੋਲਿਆਂ, ਬੁਰੇ ਚਰਿੱਤਰ ਵਾਲੇ ਲੋਕ ਅਤੇ ਸ਼ਰਾਬੀਆਂ ਹੋਰ ਦੂਜੇ ਨਸ਼ੇੜੀਆਂ ਨੇ ਹਿੱਸਾ ਲੀਤਾ. ਉਹ ਲੁੱਟਣ ਦੇ ਮੌਕੇ ਦੀ ਤਲਾਸ਼ ਅਤੇ ਔਰਤਾਂ ਨਾਲ ਜ਼ਬਰਦਸਤੀ ਕਰ ਕੇ, ਆਪਣੀ ਬਦ ਕਾਮ ਵਾਸਨਾ ਮਿਟਾਉਣਾ ਚਾਹੁੰਦੇ ਸੀ. ਉਨ੍ਹਾਂ ਨੇ ਭਿਅੰਕਰ ਜੁਰਮ ਕੀਤੇ.

'ਜਿਣ ਮੁਸਲਿਮਾਂ ਨੇ ਸਿੱਖ ਧਰਮ ਕਬੂਲ ਕਰ ਲੀਤਾ ਸੀ, ਸਾਡੇ ਘਰ ਵਿੱਚ ਲੁੱਕੇ ਹੋਏ ਸੀ, ਪਰ ਗੁਜ਼ਰਵਾਲ ਦਾ ਇੱਕ ਬਦਮਾਸ਼ ਜਿਸ ਦਾ ਨਾਂਅ ਬਿੰਦ ਸੀ, ਰਾਏਪੁਰ ਤੋਂ ਲੋਕਾਂ ਨੂੰ ਲੈ ਕੇ ਆ ਗਿਆ, ਜਿਨ੍ਹਾਂ ਨੇ ਮੇਰੇ ਪਿਤਾ ਅਤੇ ਅਜੈਬ ਸਿੰਘ ਤੇ ਪਿਤਾ ਨੂੰ ਕਾਬੂ ਕਰ ਲੀਤਾ. ਉਹ ਸਾਡੇ ਘਰ ਦਾਖਲ ਹੋਏ ਅਤੇ ਹੁਕਮ ਦਿੱਤਾ ਕਿ ਸਾਰੇ ਮੁਸਲਿਮ ਬੰਦੇ, ਔਰਤਾਂ ਅਤੇ ਬੱਚੇ ਛੱਤ ਦੀ ਇੱਕ ਕੰਧ ਨਾਲ ਇੱਕ ਲਾਈਨ ਤੇ ਖੜ੍ਹੇ ਹੋ ਜਾਣ. ਫਿਰ ਉਨ੍ਹਾਂ ਦੇ ਉਪਰ ਬਰਛੇ ਅਤੇ ਕੁਹਾੜੀਆਂ ਨਾਲ ਹਮਲਾ ਕਰ ਕੇ ਥਲੇ ਸੁੱਟ ਦਿੱਤਾ ਗਿਆ, ਜਿਥੇ ਦੂਜੇ ਬਦਮਾਸ਼ ਬਰਛੇ ਲੈ ਕੇ ਉਨ੍ਹਾਂ ਦੇ ਜਿਸਮਾ ਵਿੱਚ ਘੁਸੇੜਣ ਲਈ ਤਿਆਰ ਖੜ੍ਹੇ ਸੀ. ਨਿਆਨੇਆਂ ਦੇ ਸ਼ਰੀਰਾਂ ਨੂੰ ਬਰਛੇ ਘੁਸੇੜ ਕੇ ਉਪਰ ਹਵਾ ਵਿੱਚ ਚੁਕਿਆ ਗਿਆ ਅਤੇ ਕੁੱਝ ਤੇ ਉਣ ਲਾਸ਼ਾਂ ਨੂੰ ਉਪਰ ਹਵਾ ਵਿੱਚ ਰੱਖਦੇ ਹੋਏ, ਆਲੇ-ਦੁਆਲੇ ਨਚਦੇ ਰਹੇ. ਮੈਂ ਇੱਕ ਮੁੰਡੇ ਸਿਦਿਕ ਨੂੰ ਜਾਣਦਾ ਸੀ, ਉਸ ਦੇ ਸ਼ਰੀਰ ਦੇ ਕਈ ਟੋਟੇ ਕਰ ਦਿੱਤੇ ਗਏ. ਇਣ ਸਭ ਦੇ ਪਿੱਛੇ, ਕੋਈ ਮਜ਼ਬੀ ਵਜ੍ਹਾ ਨਹੀਂ ਸੀ. ਇਸ ਦੇ ਪਿੱਛੇ ਲੁੱਟਣ ਦੀ ਚਾਹਤ ਅਤੇ ਔਰਤਾਂ ਨੂੰ ਜਬਰ ਜਨਾਹ ਕਰਣ ਦੀ ਕਾਮ ਵਾਸਨਾ ਸੀ.'

ਹੁਸ਼ਿਆਰਪੁਰ

4 ਜਨਵਰੀ 2005 ਨੂੰ ਵਿੱਕੀ ਅਤੇ ਮੈਂ ਹੁਸ਼ਿਆਰਪੁਰ ਗਏ. 1947 ਤੇ, ਸ਼ਹਿਰ ਅਤੇ ਦਿਹਾਤੀ ਇਲਾਕਿਆਂ ਤੇ, ਮੁਸਲਿਮ ਇੱਕ ਮਾਇਨਾਰਿਟੀ ਤੇ ਸਨ. ਅਸੀਂ ਕਾਂਗਰੇਸ ਪਾਰਟੀ ਦੇ ਦਫ਼ਤਰ ਤੇ ਗਏ, ਜਿਥੇ ਜ਼ਿਲ੍ਹਾ ਕਾਂਗਰੇਸ ਕਮੀਟੀ ਦੇ ਜਨਰਲ ਸੇਕ੍ਰੇਟਰੀ, ਸ਼੍ਰੀ ਰਜਨੀਸ਼ ਟੰਡਨ ਨੇ ਸਾਨੂ ਆਪਣੇ ਘਰ ਬੁਲਾਇਆ. ਉਨ੍ਹਾਂ ਦੇ ਪਿਤਾ, ਜਿਨ੍ਹਾਂ ਦਾ ਨਾਂਅ ਪੁੱਛਨਾ ਮੈਂ ਭੁੱਲ ਗਿਆ, ਆਪਣੇ ਸ਼ਹਿਰ ਬਾਰੇ ਇਹ ਦੱਸਿਆ:

'ਹੁਸ਼ਿਆਰਪੁਰ ਤੇ ਜੁਲਾਈ ਦੇ ਆਖ਼ਰ ਤੱਕ ਅਮਨ ਕਾਇਮ ਸੀ. ਹਾਫ਼ਿਜ਼ ਹੁਸ਼ਿਆਰਪੁਰੀ ਅਤੇ ਤੁਫੈਲ ਹੁਸ਼ਿਆਰਪੁਰੀ ਇਸ ਸ਼ਹਿਰ ਦੇ ਮਸ਼ਹੂਰ ਸ਼ਾਇਰ ਸਨ. ਉਹ ਇਸ ਘਰ ਤੋਂ ਜ਼ਿਆਦਾ ਦੂਰ ਨਹੀਂ ਰਹਿੰਦੇ ਸਨ. ਇਥੇ ਕਦੀ ਕੋਈ ਮਸਲਾ ਨਹੀਂ ਸੀ. ਫਿਰ, ਸਿੱਖ ਜੱਥੇ ਇਸ ਇਲਾਕੇ ਤੇ ਘੁਮਣ ਲਗੇ. ਸ਼ਹਿਰ ਅਤੇ ਜ਼ਿਲ੍ਹੇ ਤੇ ਇੱਕ ਵੱਡੀ ਤਦਾਦ ਤੇ ਮੁਸਲਿਮ ਰਹਿੰਦੇ ਸੀ. 18 ਅਗਸਤ ਤਕ, ਇਥੇ ਬਹੁਤ ਘੱਟ ਵੱਡੇ ਹਮਲੇ ਹੋਏ. ਤਦ, ਮੁਸਲਿਮ ਆਪਣੇ ਘਰ ਛੱਡ ਕੇ ਪਾਕਿਸਤਾਨ ਜਾਣ ਲਗੇ. ਸਭ ਤੋਂ ਭਿਅੰਕਰ ਜੁਰਮ ਰੈਡਕਲੀਫ ਅਵਾਰਡ ਦੇ ਐਲਾਨ ਦੇ ਬਾਅਦ ਦੇ ਕੁੱਝ ਦਿਨਾਂ ਤੇ ਹੋਏ, ਕਿਉਂਕਿ ਉਣ ਦਿਨਾਂ ਤੇ ਲੋਕਾਂ ਨੂੰ ਕੋਈ ਹਿਫ਼ਾਜ਼ਤ ਹਾਸਲ ਨਹੀਂ ਸੀ. ਫਿਰ ਹਾਲਾਤ ਬਦਲੇ ਜਦ ਦੋਵੇਂ ਸਰਕਾਰਾਂ ਨੇ ਸਹਿਯੋਗ ਦਾ ਫ਼ੈਸਲਾ ਕੀਤਾ ਅਤੇ ਇਸ ਦਾ ਮਤਲਬ ਸੀ ਕਿ ਪਾਕਿਸਤਾਨ ਦੀ ਫੌਜ ਮੁਸਲਿਮਾਂ ਨੂੰ ਹਿਫ਼ਾਜ਼ਤ ਨਾਲ ਪਾਕਿਸਤਾਨ ਲੈ ਜਾਣ ਲਗੀ.

'ਇਹ ਸਭ ਗੈਰ-ਜ਼ਰੂਰੀ ਸੀ. ਸਿਆਸਤਦਾਨ ਤਾਕਤ ਚਾਹੁੰਦੇ ਸੀ. ਉਨ੍ਹਾਂ ਦੀ ਤਮੱਨਾ ਥਲੇ ਪੁਰਾਣਾ ਪੰਜਾਬ ਦਬ ਕੇ ਰਹਿ ਗਿਆ, ਜੋ ਹੁਣ ਖ਼ਤਮ ਹੋ ਗਿਆ ਹੈ. ਜਦ ਸਾਰੀ ਕੌਮਾਂ ਇੱਕ ਸਾਥ ਰਹਿੰਦੀ ਸਨ, ਇਹ ਬਹੁਤ ਜ਼ਿਆਦਾ ਦਿਲਚਸਪ ਸੀ. ਸਾਡੇ ਘਰ ਤੇ ਇੱਕ ਮੁਸਲਿਮ ਪੀਰ ਦੀ ਕਬਰ ਹੈ. ਅਸੀਂ ਹਰ ਵੀਰਵਾਰ ਨੂੰ ਇਸ ਦੇ ਉਪਰ ਮੋਮਬੱਤੀ ਜਲਾਂਦੇ ਹਾਂ. ਹਿੰਦੂਆਂ ਦਾ ਮੱਨਣਾ ਹੈ ਕਿ ਸਾਰੇ ਪਵਿੱਤਰ ਲੋਕਾਂ ਦਾ ਸਤਕਾਰ ਕਰਨਾ ਚਾਹੀਦਾ ਹੈ.'

ਕੈਪਟੇਨ (ਰਿਟਾ.) ਮੋਹੱਮਦ ਸ਼ਫ਼ੀ

ਕੈਪਟੇਨ (ਰਿਟਾ.) ਮੋਹੱਮਦ ਸ਼ਫ਼ੀ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਸ਼ਹੂਰ ਮੁਸਲਿਮਾਂ ਬਾਰੇ ਤਫ਼ਸੀਲੀ ਨਾਲ ਵੇਰਵਾ ਦਿੱਤਾ ਹੈ, ਜੋ ਆਪਣੀ ਸੰਪਤੀ ਨਹੀਂ ਛੱਡਣਾ ਚਾਹੁੰਦੇ ਸੀ. ਉਨ੍ਹਾਂ ਨੂੰ 23 ਅਗਸਤ ਨੂੰ ਮੁਕੇਰੀਆਂ ਪੁਲਿਸ ਥਾਨੇ ਬੁਲਾਇਆ ਗਿਆ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਹਿੰਦੂ-ਸਿੱਖ ਪੁਲਿਸ ਨੇ ਧਮਕੀ ਦਿੱਤੀ ਅਤੇ ਜਾਣ ਨੂੰ ਕਿਹਾ. ਇਸ ਸਾਜ਼ਸ਼ ਦੇ ਪਿੱਛੇ, ਚੌਧਰੀ ਦਲੀਪ ਸਿੰਘ ਅਤੇ ਐਸ.ਆਈ. ਪਰਮਾਨੰਦ ਸ਼ਾਮਲ ਸਨ. ਜਦ ਸ਼ਫ਼ੀ ਅਤੇ ਦੂਜੇ ਪ੍ਰਮੁੱਖ ਮੁਸਲਿਮਾਂ ਨੇ ਇਸ ਦਬਾਅ ਦੀ ਮੁਖ਼ਾਲਫ਼ਤ ਕੀਤੀ ਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲੀਤਾ ਗਿਆ. ਫਿਰ ਉਨ੍ਹਾਂ ਨੂੰ ਰਿਹਾ ਹੋਣ ਲਈ ਹਜਾਰਾਂ ਰੁਪਏ ਦੇਨੇ ਪਏ. ਉਨ੍ਹਾਂ ਨੂੰ ਇੱਕ ਨਾਰਾਜ਼ ਕਾਂਸਟੇਬਲ ਤੋਂ, ਇਹ ਵੀ ਪਤਾ ਲਗਾ ਕਿ ਅਗਰ ਤੁਹ ਇਹ ਫਰੈਂਤੀ ਨਹੀਂ ਦੇਂਦੇ, ਤੇ ਉਨ੍ਹਾਂ ਦਾ ਕਤਲ ਕਰ ਦਿੱਤਾ ਜਾਂਦਾ (Shafi, 1993: 162–5). ਇਥੇ ਇਹ ਕਹਾਣੀ ਖ਼ਤਮ ਹੁੰਦੀ ਹੈ ਪਰ ਇਹ ਹਕੀਕਤ ਹੈ ਕਿ ਸਾਰੇ ਮੁਸਲਿਮਾਂ ਨੂੰ ਹੁਸ਼ਿਆਰਪੁਰ ਨੂੰ ਛੱਡ ਕੇ ਪਾਕਿਸਤਾਨ ਜਾਣਾ ਪਿਆ.

ਹੁਸ਼ਿਆਰਪੁਰ ਦੇ ਦਿਹਾਤੀ ਇਲਾਕੇ

ਅਹਿਮਦ ਸਲੀਮ ਨੇ 30 ਦਸੰਬਰ 2005 ਨੂੰ ਸ਼ੇਖੁਪੁਰਾ ਤੇ ਹੁਸ਼ਿਆਰਪੁਰ ਦੇ ਇੱਕ ਪਿੰਡ ਤੋਂ 1947 ਤੇ ਆਏ, ਇੱਕ ਪਨਾਹਗੀਰ, ਹਾਜੀ ਮੁਖਤਾਰ ਅਹਿਮਦ ਖ਼ਾਨ ਦਾ ਇੰਟਰਵਿਊ ਦਰਜ ਕੀਤਾ.

ਹਾਜੀ ਮੁਖ਼ਤਾਰ ਅਹਿਮਦ ਖ਼ਾਨ

'ਮੈਂ 8 ਜਨਵਰੀ 1929 ਨੂੰ ਇੱਕ ਰਾਜਪੂਤ ਪਰਵਾਰ ਵਿੱਚ ਇੱਕ ਪਿੰਡ ਪੰਡੋਰੀ ਬਾਵਾ, ਜ਼ਿਲ੍ਹਾਂ ਹੁਸ਼ਿਆਰਪੁਰ ਤੇ ਪੈਦਾ ਹੋਇਆ ਸੀ. ਇਸ ਦੀ ਸਥਾਪਨਾ ਸਾਡੇ ਪੁਰਖੇ ਨੇ ਕੋਈ 9 ਪੀੜ੍ਹੀਆਂ ਪਹਿਲਾਂ ਕੀਤੀ ਸੀ. ਕਿਸੇ ਨੇ ਵੀ ਕਦੀ ਨਹੀਂ ਸੋਚਿਆ ਸੀ ਕਿ ਸਾਨੂ ਆਪਣੇ ਘਰਾਂ ਨੂੰ ਛੱਡ ਕੇ ਜਾਣਾ ਪਵੇਗਾ. ਪਾਕਿਸਤਾਨ ਬਣਣ ਤੋਂ ਪਹਿਲਾਂ, ਹਿੰਦੂ ਖਤਰੀਆਂ ਨਾਲ ਸਾਡੇ ਚੰਗੇ ਰਿਸ਼ਤੇ ਨਹੀਂ ਸਨ. ਬੱਚੇਆਂ ਦੇ ਤੌਰ ਤੇ, ਅਗਰ ਅਸੀਂ ਕਿਸੇ ਹਿੰਦੂ ਦੇ ਘਰ ਚਲੇ ਜਾਂਦੇ, ਤੇ ਉਨ੍ਹਾਂ ਦੀ ਮਾਂ ਸਾਨੂ ਸਾਫ਼ ਤੌਰ ਤੇ, ਉਨ੍ਹਾਂ ਦੀ ਰਸੋਈ ਤੇ ਜਾਣ ਨੂੰ ਮਨ੍ਹਾਂ ਕਰਦੀ. ਉਹ ਕਹਿੰਦੇ ਕਿ ਉਹ ਨਾਪਾਕ (ਅਪਵਿੱਤਰ) ਹੋ ਜਾਵੇਗੀ ਅਤੇ ਉਨ੍ਹਾਂ ਨੂੰ ਗੋਬਰ ਲਾ ਕੇ ਸਾਫ਼ ਕਰਨਾ ਪਵੇਗਾ. ਦੂਜੀ ਤਰਫ਼, ਸਿੱਖਾਂ ਨਾਲ ਸਾਡੇ ਰਿਸ਼ਤੇ ਠੀਕ-ਠਾਕ ਸਨ. ਮੈਟਰੀਕ ਪਾਸ ਕਰਣ ਦੇ ਬਾਅਦ, ਮੈਂ ਪੁਲਿਸ ਤੇ ਭਰਤੀ ਹੋ ਗਿਆ. ਮੈਨੂੰ ਆਪਣੀ ਉਮਦਾ ਹਾਕੀ ਖੇਡਨ ਦੇ ਚਲਦਿਆਂ ਲੈ ਲੀਤਾ ਗਿਆ ਸੀ. ਪੁਲਿਸ ਅਫ਼ਸਰ ਲਿੰਕਨ ਨੇ ਮੈਨੂੰ ਭਰਤੀ ਕੀਤਾ ਸੀ. ਮੈਂ ਉਸ ਵਕਤ ਜਲੰਧਰ ਤੇ ਤਇਨਾਤ ਸੀ ਜਦ ਇੰਤਖ਼ਾਬ ਦੀ ਮੁਹਿੰਮ ਦੇ ਦੌਰਾਨ ਮੁਸਲਿਮਾਂ ਨੇ ਜਲੂਸ ਕੱਢੇ. ਸਾਨੂ ਉਣ ਮੁਸਲਿਮਾਂ ਉਪਰ ਮਾਰਣ ਲਈ ਡੰਡੇ ਦਿੱਤੇ ਗਏ, ਜੋ ਸਾਡੇ ਹੱਕ ਲਈ ਲੜ ਰਹੇ ਸੀ. ਅਤੇ ਮੈਂ ਅਸਤੀਫ਼ਾ ਦੇ ਕੇ ਆਪਣੇ ਪਿੰਡ ਵਾਪਸ ਆ ਗਿਆ. ਮੇਰੇ ਵਾਲਿਦ ਨੇ ਮੈਨੂੰ ਕੋਐਪਰੇਟਿਵ ਵਿਭਾਗ ਤੇ, ਇੱਕ ਐਸ.ਆਈ. ਦੀ ਨੌਕਰੀ ਦਾ ਜੁਗਾੜ ਕਰ ਦਿੱਤਾ. ਨਵੰਬਰ 1946 ਤਕ, ਮੇਰੀ ਬਰਖ਼ਾਸਤਗੀ ਥੋੜਾ ਵਕਤ ਲਗਣ ਦੇ ਬਾ ਅਦ ਹੋਈ. ਹਾਲਾਤ ਤਣਾਅ ਭਰੇ ਸੀ. ਮੁਸਲਿਮਾਂ ਉਪਰ ਜੁਲਾਈ ਤੇ ਹੀ ਹਮਲੇ ਸ਼ੁਰੂ ਹੋ ਗਏ ਸੀ ਅਤੇ ਉਸ ਦੇ ਬਾਅਦ ਇਹ ਛਿੱਟ-ਪੁੱਟ ਤੌਰ ਤੇ ਹੁੰਦੇ ਰਹੇ. ਸਿੱਖ ਜੱਥੇ ਸਾਡੇ ਇਲਾਕੇ ਤੇ ਹਮਲੇ ਕਰ ਰਹੇ ਸੀ.

'18 ਅਗਸਤ ਈਦ ਦਾ ਦਿਨ ਸੀ. ਸਾਡੇ ਪਿੰਡ ਉਪਰ ਪਹਿਲਾ ਹਮਲਾ 19-20 ਅਗਸਤ ਦੀ ਰਾਤ ਨੂੰ ਹੋਇਆ. ਸਾਡਾ ਇੱਕ ਛੋਟਾ ਪਿੰਡ ਸੀ. ਮੈਨੂੰ ਕੁਹਾੜੀਆਂ ਨਾਲ ਵਾਰ ਕੀਤਾ ਗਿਆ. ਮੇਰੇ ਸੱਜੇ ਹੱਥ ਦੀ ਉਂਗਲਾਂ ਵੱਡ ਦਿੱਤੀ ਗਈਆਂ, ਮੇਰੇ ਮੋਢੇ ਤੇ ਢੂੰਘੇ ਜ਼ਖ਼ਮ ਹੋਏ ਅਤੇ ਮੇਰਾ ਕੱਨ ਵੀ ਜ਼ਖ਼ਮੀ ਹੋਇਆ. ਕੁੱਲ ਮਿਲਾ ਕੇ ਮੈਨੂੰ ਚਾਰ ਜ਼ਖ਼ਮ ਹੋਏ. ਜਦ ਮੈਂ ਜ਼ਖ਼ਮੀ ਹੋ ਕੇ ਫ਼ਰਸ਼ ਤੇ ਪਇਆ ਹੋਇਆ ਸੀ, ਮੈਨੂੰ ਦੋ ਵਾਰ ਚਾਕੂ ਮਾਰਿਆ ਗਿਆ. ਮੈਂ ਬੇਹੋਸ਼ ਹੋ ਗਿਆ. ਕਿਸੇ ਤਰ੍ਹਾਂ, ਇਹ ਅਫ਼ਵਾਹ ਫ਼ੈਲ ਗਈ ਸੀ ਕਿ ਫ਼ੌਜ਼ ਆ ਗਈ ਸੀ, ਅਤੇ ਸਿੱਖ ਭੱਜ ਗਏ. ਅਗਲੇ ਦਿਨ ਮੈਂ, ਚਾਰੇ ਪਾਸੇ ਲਾਸ਼ਾਂ ਵੇਖਿਆਂ. ਸਾਡੀ ਤਰਫ਼ੋਂ ਵੀ ਕਿਸੇ ਨੇ ਦੇਸ਼ੀ ਬੰਦੂਕ ਨਾਲ ਗੋਲੀ ਚਲਾ ਕੇ ਦੋ ਸਿੱਖਾਂ ਨੂੰ ਮਾਰ ਦਿੱਤਾ. ਮੇਰੇ ਵਾਲਿਦ ਨੇ ਆਪਣੇ ਆਪ ਨੂੰ ਖੇਤਾਂ ਵਿੱਚ ਲੁੱਕਾ ਲੀਤਾ ਸੀ. ਫਿਰ ਪੁਲਿਸ ਆ ਗਈ. ਉਹ ਲਾਸ਼ਾਂ ਨੂੰ ਪੋਸਟ-ਮਾਰਟਮ ਕਰਣ ਲਈ ਲੈ ਜਾਣਾ ਚਾਹੁੰਦੀ ਸੀ. ਉਨ੍ਹਾਂ ਦੇ ਨਾਲ ਇੱਕ ਨਿਹੱਥਾ ਮੁਸਲਿਮ ਕਾਂਸਟੇਬਲ ਸੀ, ਜਦ ਕਿ ਬਾਕੀ ਸਭ ਦੇ ਕੋਲ ਹਥਿਆਰ ਸਨ. ਉਸ ਨੂੰ ਇੱਕ ਮੌਕਾ ਮਿਲ ਗਿਆ ਅਤੇ ਉਸ ਨੇ ਮੈਨੂੰ ਕਿਹਾ ਕਿ ਅਸੀਂ ਪੁਲਿਸ ਨੂੰ ਪੋਸਟ ਮਾਰਟਮ ਲਈ ਲਾਸ਼ਾਂ ਨਾ ਲੈ ਜਾਣ ਦਈਏ, "ਕਿਉਂਕਿ ਤਦ ਉਹ ਤੁਹਾਨੂ ਹੁਸ਼ਿਆਰਪੁਰ ਲੈ ਜਾਣਗੇ ਹੋਰ ਸਿੱਖਾਂ ਨੂੰ ਮਾਰਣ ਦੇ ਇਲਜ਼ਾਮ ਵਿੱਚ ਗਰਿਫ਼ਤਾਰ ਕਰ ਲੈਣਗੇ. ਅਤੇ, ਤੁਸੀਂ ਇਹ ਕਹੋ ਕਿ ਤੁਸੀਂ ਕੋਈ ਸ਼ਿਕਾਇਤ ਦਰਜ ਨਹੀਂ ਕਰਣਾ ਚਾਹੁੰਦੇ ਹੋ." ਉਸੇ ਵਕਤ ਮੇਰੇ ਵਾਲਿਦ ਘਰ ਲੈਟੇ. ਸਵੇਰ ਦੇ ਦਸ ਵਜੇ ਸੀ. ਉਨ੍ਹਾਂ ਦੀ ਕਾਫ਼ੀ ਜਾਣ-ਪਛਾਣ ਸੀ. ਉਨ੍ਹਾਂ ਨੇ ਪੁਲਿਸ ਨੂੰ ਕਿਹਾ ਕਿ ਉਹ ਕੋਈ ਸ਼ਿਕਾਇਤ ਦਰਜ ਨਹੀਂ ਕਰਣਾ ਚਾਹੁੰਦੇ ਸੀ ਅਤੇ ਨਹੀਂ ਚਾਹੁੰਦੇ ਸੀ ਕਿ ਲਾਸ਼ਾਂ ਨੂੰ ਪੋਸਟ ਮਾਰਟਮ ਲਈ ਲੈ ਜਾਇਆ ਜਾਵੇ.

'ਫਿਰ, ਅਸੀਂ ਕਬਰਾਂ ਦੀ ਖੁਦਾਈ ਕੀਤੀ ਅਤੇ ਆਪਣੇ ਮਰੇ ਹੋਏ ਲੋਕਾਂ ਨੂੰ ਦਫ਼ਨ ਕਰ ਦਿੱਤਾ. ਅਸੀਂ 21 ਅਤੇ 22 ਅਗਸਤ ਤਕ, ਪਿੰਡ ਵਿੱਚ ਰਹੇ. ਇਸ ਦੇ ਬਾਅਦ, ਬਲੂਚ ਰੈਜੀਮੇਂਟ ਆਈ ਅਤੇ ਸਾਨੂ ਕਿਹਾ ਕਿ ਅਸੀਂ ਇਥੇ ਹੋਰ ਨਹੀਂ ਰਹਿ ਸਕਦੇ ਸੀ ਅਤੇ ਸਾਨੂ ਪਾਕਿਸਤਾਨ ਜਾਣਾ ਹੀ ਪਵੇਗਾ. ਫਿਰ ਸਾਨੂ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਲੈ ਜਾਇਆ ਗਿਆ. ਹਸਪਤਾਲ ਤੇ ਦਰਜਨੋ ਜ਼ਖ਼ਮੀ ਲੋਕ ਸਨ. ਪੱਟੀਆਂ ਹੋਣ ਦੇ ਬਾਅਦ ਵੀ ਅਸੀਂ ਹਸਪਤਾਲ ਤੇ ਰਹੇ. ਕਿਸੇ ਨੇ ਸਾਨੂ ਕਿਹਾ ਕਿ ਕਿਸੇ ਨੂੰ ਵੀ ਸਾਨੂ ਕੋਈ ਟੀਕਾ ਲਗਾਉਣ ਨਾ ਦਈਏ, ਕਿਉਂਕਿ ਸਾਨੂ ਜਹਿਰ ਦਿੱਤਾ ਜਾ ਸਕਦਾ ਸੀ. ਅਤੇ ਮੇਰਾ ਰਿਸ਼ਤੇ ਦਾ ਭਰਾ, ਮੈਂ ਅਤੇ ਮੇਰਾ ਭਤੀਜਾ ਇਸਲਾਮੀਆ ਸਕੂਲ ਦੇ ਕੈਂਪ ਦੀ ਤਰਫ਼ ਚਲੇ ਗਏ, ਜੋ ਉਥੋਂ ਸਿਰਫ਼ ਇੱਕ ਕਿਲੋਮੀਟਰ ਦੂਰ ਸੀ. ਸਾਰੇ ਸ਼ਹਿਰ ਤੇ ਅੱਗ ਲਗੀ ਹੋਈ ਸੀ ਅਤੇ ਕਰਫ਼ਿਊ ਲਾਗੂ ਕੀਤਾ ਗਿਆ ਸੀ ਅਤੇ ਲੋਕ ਹਿਫ਼ਾਜ਼ਤ ਲਈ ਹਰ ਕਿਸਮ ਦਾ ਖ਼ਤਰਾ ਮੋਲ ਲੈ ਰਹੇ ਸੀ.

'ਕੈਂਪ ਵਿੱਚ ਖਾਕਸਾਰਾਂ ਦਾ ਸ਼ਫ਼ੀ ਸਲਾਰ ਆਗੂ ਸੀ. ਇੱਕ ਖਾਕਸਾਰ ਕਾਰਕੁਨ ਸਾਰੇ ਜ਼ਖ਼ਮੀ ਅਤੇ ਬੀਮਾਰ ਲੋਕਾਂ ਦੀ ਸੇਵਾ ਇਸ ਦੀਨਦਾਰੀ ਨਾਲ ਕਰ ਰਿਹਾ ਸੀ ਕਿ ਮੈਨੂੰ ਯਕੀਨ ਹੈ ਕਿ ਉਸ ਨੂੰ ਜਲਦ, ਜਨੱਤ ਵਿੱਚ ਜਗ੍ਹ ਹਾਸਲ ਹੋਵੇਗੀ. ਉਹ ਮੀਟ ਦਾ ਸ਼ੋਰਬਾ ਬਣਾ ਕੇ ਸਾਨੂ ਦੇਂਦਾ ਸੀ. 26 ਅਗਸਤ ਨੂੰ ਲਾਹੌਰ ਤੋਂ ਬਸਾਂ ਦਾ ਇੱਕ ਕਾਫ਼ਿਲਾ, ਸਾਨੂ ਲੈ ਜਾਣ ਲਈ ਲੈ ਆਉਂਦਾ ਗਿਆ. ਸਾਡੇ ਨਾਲ ਫ਼ੌਜ਼ ਸੀ. ਉਸ ਰਾਤ ਅਸੀਂ ਜਲੰਧਰ ਪਹੁੰਚੇ. 27 ਅਗਸਤ ਨੂੰ ਬਹੁਤ ਜ਼ੋਰ ਮੀਂਹ ਪੈ ਰਿਹਾ ਸੀ. ਅਸੀਂ ਉਸ ਮੀਂਹ ਵਿੱਚ ਵੀ ਲੋਕਾਂ ਨੂੰ ਪੈਦਲ ਜਾਂਦੇ ਵੇਖਿਆ. ਜਦ ਅਸੀਂ ਵਾਹਗਾ ਪਹੁੰਚੇ, ਅਸੀਂ ਰਾਹਤ ਦਾ ਸਾਹ ਲੀਤਾ. ਪੁਰਾਣੀ ਅਨਾਰਕਲੀ ਤੇ ਸਾਡਾ ਇੱਕ ਰਿਸ਼ਤੇਦਾਰ ਸੀ. ਅਸੀਂ ਕੁੱਝ ਵਕਤ ਉਸ ਦੇ ਨਾਲ ਰਹੇ. ਉਣ ਦਿਨਾ ਤੇ, ਪੂਰੇ ਅਨਾਰਕਲੀ ਬਾਜ਼ਾਰ ਅਤੇ ਮਾਲ ਦੇ ਖ਼ਰੀਦਦਾਰੀ ਦੇ ਇਲਾਕੇ ਨੂੰ ਸਾੜ ਦਿੱਤਾ ਗਿਆ ਸੀ. ਹਿੰਦੂਆਂ ਅਤੇ ਸਿੱਖਾ ਦੀ ਲਾਸ਼ਾਂ ਇਧਰ-ਉਧਰ ਪਇਆ ਹੋਇਆਂ ਸੀ. ਅਸੀਂ ਲੋਕਾ ਨੂੰ ਟੈਂਲਿੰਗਟਨ ਮਾਰਕੀਟ ਦੀ ਇਮਾਰਤਾਂ ਅਤੇ ਦੁਕਾਨਾ ਨੂੰ ਲੁੱਟਦੇ ਹੋਏ ਵੇਖਦੇ ਸੀ. ਕੁੱਝ ਦਿਨਾਂ ਬਾਅਦ, ਮੈਨੂੰ ਸ਼ੇਖੁਪੁਰਾ ਤੇ ਕੋਐਪਰੇਟਿਵ ਵਿਭਾਗ ਦੇ ਇੱਕ ਨੈਕਰੀ ਮਿਲ ਗਈ. ਜ਼ਿੰਦਗੀ ਮੂਸਕਲ ਰਹੀ ਪਰ ਇਸ ਨੂੰ ਚੱਲਦੇ ਰਹਿਣਾ ਹੈ.

ਕਰਨਲ (ਰਿਟਾ.) ਅਤਾ ਮੁਹੱਮਦ ਡੋਗਰ

'ਮੇਰਾ ਜਨਮ 1 ਜਨਵਰੀ 1930 ਨੂੰ ਪਿੰਡ ਬਨਿਆਲ, ਤਹਸੀਲ ਦਸੂਆ, ਜ਼ਿਲ੍ਹਾ ਹੁਸ਼ਿਆਰਪੁਰ ਤੇ ਹੋਇਆ ਸੀ. ਇਹ ਇੱਕ ਵੱਡਾ ਪਿੰਡ ਸੀ, ਜਿਸ ਵਿੱਚ ਖ਼ਾਸ ਕਰ ਕੇ, ਡੋਗਰ ਰਹਿੰਦੇ ਸੀ. ਇਸ ਦੀ ਕੁੱਲ ਆਬਾਦੀ 3,000 ਹੋਵੇਗੀ. ਉਸ ਇਲਾਕੇ ਤੇ ਡੋਗਰ ਇੱਕ ਪ੍ਰਬਲ ਬਰਾਦਰੀ ਸੀ. ਉਸ ਇਲਾਕੇ ਤੇ ਕੋਈ ਤੰਤਾਲੀ ਡੋਗਰ ਪਿੰਡ ਸਨ. ਬ੍ਰਿਟਿਸ਼ਰਾਂ ਦੇ ਮੁਤਾਬਕ ਡੋਗਰ ਬੇਖ਼ੌਫ਼ ਅਤੇ ਆਜ਼ਾਦ ਕਬੀਲੇ ਸਨ, ਜੋ ਜ਼ਿਆਦਾਤਰ ਖੇਤੀ-ਬਾੜੀ ਦਾ ਕੱਮ ਕਰਦੇ ਸੀ. ਇਥੇ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਕਤ ਤੇ, ਜਦ ਸਿੱਖਾਂ ਦੀ ਹਕੂਮਤ ਸੀ, ਉਹ ਸਾਡੇ ਲੋਕਾਂ ਨੂੰ ਪਰੇਸਾਨ ਨਹੀਂ ਕਰ ਸਕਦੇ ਸੀ. ਸਾਨੂੰ ਚਾਰੋਂ ਤਰਫ਼ੋਂ ਸਿੱਖਾਂ ਨੇ ਘੇਰ ਕੇ ਰੱਖਿਆ ਸੀ, ਸਿਰਫ਼ ਪੂਰਬ ਨੂੰ ਛੱਡ ਕੇ, ਜਿਥੇ ਕੁੱਝ ਹਿੰਦੂ ਸਨ, ਪਰ ਉਨ੍ਹਾਂ ਦੀ ਤਦਾਦ ਬਹੁਤ ਘੱਟ ਸੀ. ਸਾਡੇ ਨੇੜੇ ਤੇ, ਮੁਸਲਿਮਾਂ ਦੀ ਦੂਜੀ ਬਰਾਦਰੀ ਅਵਾਨਾਂ ਦੀ ਸੀ. ਸਿੱਖਾਂ ਨਾਲ ਸਾਡੇ ਰਿਸਤੇ ਬੇਹਦ ਉਮਦਾ ਸਨ. ਉਹ ਸਾਡੇ ਵਾਲਿਦ ਦੀ ਬਹੁਤ ਇੱਜ਼ਤ ਕਰਦੇ ਸੀ ਅਤੇ ਆਪਣੇ ਝਗੜੇਆਂ, ਜਿਸ ਵਿੱਚ ਜਾਇਦਾਦਾਂ ਦੇ ਵੀ ਝਗੜੇ ਹੁੰਦੇ ਸੀ, ਸਭ ਦਾ

ਫ਼ੈਸਲਾ ਕਰਵਾਉਣ ਲਈ, ਮੇਰੇ ਵਾਲਿਦ ਚੌਧਰੀ ਫ਼ਜ਼ਲ ਕਰੀਮ (ਇਲਾਹੀ) ਕੋਲ ਆਉਂਦੇ ਸੀ. ਉਹ ਆਪਣੀ ਨਿਰਪੱਖਤਾ ਅਤੇ ਇਮਾਨਦਾਰੀ ਲਈ ਜਾਣੇ ਜਾਂਦੇ ਸੀ. ਪੰਜ ਭਰਾਵਾਂ ਦਾ ਇੱਕ ਸਿੱਖ ਪਰਵਾਰ ਸੀ. ਉਨ੍ਹਾਂ ਤੋਂ ਇੱਕ, ਦਸਤਾਰ ਬਦਲੀ ਕਰ ਕੇ ਮੇਰੇ ਵਾਲਿਦ ਦਾ ਭਰਾ ਬਣ ਗਏ ਸੀ. ਉਸ ਸਿੱਖ ਪਰਵਾਰ ਤੇ ਜਾਇਦਾਦ ਲੈ ਕੇ ਇੱਕ ਝਗੜਾ ਹੋ ਗਿਆ. ਉਹ ਫ਼ੈਸਲਾ ਕਰਵਾਉਣ ਲਈ ਮੇਰੇ ਵਾਲਿਦ ਕੋਲ ਆਏ. ਉਨ੍ਹਾਂ ਨੇ ਇੱਕ ਫ਼ੈਸਲਾ ਸੁਣਾ ਦਿੱਤਾ, ਜੋ ਕਿਸੇ ਦੇ ਵੀ ਵੱਲ ਦਾ ਨਹੀਂ ਸੀ. ਪਰ, ਉਣ ਸਾਰੇਆਂ ਨੇ ਫ਼ੈਸਲਾ ਮੱਨ ਲੀਤਾ.

'ਤਕਸੀਮ ਦੇ ਐਲਾਨ ਦੇ ਬਾਅਦ ਵੀ ਦਸੁਆ ਤਹਸੀਲ ਦੇ ਹਾਲਾਤ ਠੀਕ ਸਨ. ਪਰ ਫਿਰ, ਸਿੱਖ ਜੱਥੇ ਮੁਸਲਿਮ ਪਿੰਡਾਂ ਉਪਰ ਹਮਲੇ ਕਰਣ ਲਗੇ. ਉਨ੍ਹਾਂ ਨੇ ਸਾਡੇ ਪਿੰਡ ਉਪਰ ਹਮਲਾ ਕੀਤਾ ਅਤੇ ਪਹਿਲੀ ਵਾਰ ਉਨ੍ਹਾਂ ਨੂੰ ਮੁੜਨਾ ਪਇਆ. ਉਹ ਦੁਬਾਰਾ ਆਏ ਪਰ ਸਾਡੇ ਲੋਕ ਤਿਆਰ ਨਹੀਂ ਸਨ ਅਤੇ ਉਸ ਹਮਲੇ ਤੇ 20 ਜਾਂ 25 ਲੋਕ, ਖ਼ਾਸ ਕਰ ਕੇ ਬਜ਼ੁਰਗ, ਔਰਤਾਂ ਅਤੇ ਬੱਚੇ ਹਲਾਕ ਹੋ ਗਏ.

'ਇਸ ਕਰ ਕੇ ਇਹ ਫ਼ੈਸਲਾ ਕੀਤਾ ਗਿਆ ਕਿ ਅਸੀਂ ਪਿੰਡ ਖਾਲੀ ਕਰ ਦਇਏ. ਮੈਨੂੰ ਲਗਦਾ ਹੈ ਅਸੀਂ 18 ਅਗਸਤ, ਈਦ ਦੇ ਦਿਨ ਚਲੇ ਗਏ ਅਤੇ ਭਾਗਰਾਂ ਪਿੰਡ ਗਏ, ਜਿਥੇ ਆਲੇ-ਦੁਆਲੇ ਦੇ ਪਿੰਡਾਂ ਦੇ ਸਾਰੇ ਡੋਗਰ ਇਕੱਠਾ ਹੋ ਰਹੇ ਸੀ. ਇਹ ਮੇਰੇ ਨਾਨਕੇ ਦਾ ਪਿੰਡ ਸੀ. ਫਿਰ ਚਾਰ-ਪੰਜ ਦਿਨਾਂ ਬਾਅਦ, ਅਸੀਂ ਆਪਣੇ ਪਿੰਡ ਵਾਪਸ ਆ ਗਏ ਕਿਉਂਕਿ ਸਿੱਖਾਂ ਨੇ ਸਾਨੂ ਭਰੋਸਾ ਦਿੱਤਾ ਸੀ ਕਿ ਉਹ ਸਾਡੇ ਉਪਰ ਹਮਲਾ ਨਹੀਂ ਕਰਣਗੇ. ਪਰ ਸਾਡੇ ਘਰ ਲੁੱਟ ਕੇ ਸਾੜ ਦਿੱਤੇ ਗਏ ਸੀ. ਅਸੀਂ ਉਣ ਮੂਸਕਲ ਹਾਲਾਤਾਂ ਵਿੱਚ ਵੀ ਕੁੱਝ ਦਿਨਾਂ ਤਕ ਰਹੇ, ਪਰ ਇੱਕ ਦੁਪਹਿਰ 3:30 ਵਜੇ, ਸਿੱਖ ਜੱਥੇ ਸਾਡੇ ਪਿੰਡ ਬਨਿਆਲ ਤੇ ਇਕੱਠਾ ਹੋ ਗਏ ਅਤੇ ਹਮਲਾ ਕਰ ਦਿੱਤਾ. ਇਸ ਵਾਰ ਵੀ ਸਾਡੇ ਲੋਕ ਭੱਜ ਗਏ ਅਤੇ ਖੇਤਾਂ ਅਤੇ ਆਲੇ-ਦੁਆਲੇ ਤੇ ਲੁੱਕ ਗਏ. ਇਹ ਸਤੰਬਰ ਦੇ ਸ਼ੁਰੂ ਦਾ ਵਕਤ ਹੋਵੇਗਾ. ਮੇਰੇ ਵਾਲਿਦ ਅਤੇ ਵਾਲਿਦਾ ਭੱਜ ਰਹੇ ਸੀ ਜਦ ਘੋੜੇਆ ਉਪਰ ਸਵਾਰ ਕੁੱਝ ਸਿੱਖਾਂ ਨੇ ਉਨ੍ਹਾਂ ਨੂੰ ਘੇਰ ਲੀਤਾ. ਉਹ ਮੇਰੀ ਵਾਲਿਦਾ ਉਪਰ ਹਮਲਾ ਕਰਣ ਹੀ ਵਾਲੇ ਸੀ ਕਿ ਮੇਰੇ ਵਾਲਿਦ ਨੇ ਉਨ੍ਹਾਂ ਨੂੰ ਰੁਕਣ ਲਈ ਕਿਹਾ. ਜਦ ਉਨ੍ਹਾਂ ਨੇ ਘੁਮ ਕੇ ਵੇਖਿਆ ਤੇ ਉਨ੍ਹਾਂ ਨੇ ਵਾਲਿਦ ਨੂੰ ਪਛਾਣ ਲੀਤਾ. ਉਹ ਦਰਅਸਲ ਉਸ ਪਰਵਾਰ ਤੋਂ ਸਨ, ਜਿਸ ਦੇ ਸਾਡੇ ਵਾਲਿਦ ਨਾਲ ਉਮਦਾ ਰਿਸ਼ਤੇ ਸੀ. ਉਹ ਘੋੜੇਆ ਤੋਂ ਉਤਰ ਕੇ ਉਨ੍ਹਾਂ ਦੇ ਪੈਰਾਂ ਤੇ ਢਿਗ ਪਏ ਅਤੇ ਆਪਣੇ ਕੀਤੇ ਦੀ ਮਾਫ਼ੀ ਮੰਗੀ. ਇਸ ਤਰ੍ਹਾਂ ਮੇਰੇ ਮਾਂ-ਬਾਪ ਬਚ ਗਏ.

'ਪਰ ਸਾਡੇ ਲੋਕ ਇਣ ਹਮਲੇਆਂ ਨੂੰ ਚੁੱਪ-ਚਾਪ ਬਰਦਾਸ਼ਤ ਕਰਣ ਵਾਲੇ ਨਹੀਂ ਸਨ. ਅਤੇ, ਅਸੀਂ ਵੀ ਆਪਣੇ ਆਪ ਨੂੰ ਹਥਿਆਰਬੰਦ ਕੀਤਾ ਅਤੇ ਆਲੇ-ਦੁਆਲੇ ਦੇ ਹਿੰਦੂ ਅਤੇ ਸਿੱਖ ਪਿੰਡਾਂ ਤੇ ਹਮਲੇ ਕਰਣ ਲਗੇ. ਸਾਡੇ ਹਮਲੇਆਂ ਤੇ ਕੋਈ 70 ਹਿੰਦੂ ਅਤੇ ਸਿੱਖ ਮਾਰੇ ਗਏ. ਕੁੱਝ ਵਕਤ ਤਕ ਇਹ ਟਾਕਰਾ ਚਲਦਾ ਰਿਹਾ ਪਰ ਫਿਰ ਅਸੀਂ ਆਪਣਾ ਪਿੰਡ ਛੱਡ ਕੇ ਪਾਕਿਸਤਾਨ ਜਾਣ ਦਾ ਫ਼ੈਸਲਾ ਕੀਤਾ. ਪਹਿਲਾਂ ਅਸੀਂ ਹਰਿਆਨਾ ਪਿੰਡ ਗਏ, ਜਿਥੇ ਰਾਜਪੁਤ ਮੁਸਲਿਮ ਸਾਡੇ ਨਾਲ ਆ ਗਏ. ਫਿਰ ਇਹ ਕਾਫ਼ਿਲਾ ਦਸੁਆ ਗਿਆ ਅਤੇ ਆਖ਼ਰ ਤੇ ਹੁਸ਼ਿਆਰਪੁਰ ਦੇ ਕਿਸੇ ਕੈਂਪ ਤੇ. ਲੋਕਾਂ ਨੂੰ ਪਾਕਿਸਤਾਨ ਲੈ ਜਾਣ ਲਈ, ਉਥੇ ਕਈ ਟਰੱਕਾਂ ਦਾ ਇੰਤਜ਼ਾਮ ਕੀਤਾ ਗਿਆ. ਖ਼ਵਾਤੀਨਾਂ, ਬੱਚੇ ਅਤੇ ਬਜ਼ੁਰਗਾਂ ਨੂੰ ਉਨ੍ਹਾਂ ਤੇ ਸਵਾਰ ਕਰਾ ਦਿੱਤਾ ਗਿਆ. ਕਈ ਦੂਜੇ ਮੁਸਲਿਮ ਵੀ ਉਣ ਟਰੱਕਾਂ ਤੇ ਛਾਲ ਮਾਰ ਕੇ ਚੜ੍ਹ ਗਏ. ਟਰੱਕ ਖਚਾਖਚ ਭਰ ਗਏ ਅਤੇ ਉਥੇ ਨਾ ਪਾਣੀ ਸੀ ਨਾ ਹੀ ਖਾਣਾ. ਮਗਰ, ਸਾਡੇ ਨਾਲ ਬਲੁਚ ਰੈਜੀਮੇਂਟ ਸਾਡੀ ਹਿਫ਼ਾਜ਼ਤ ਲਈ ਮੌਜੂਦ ਸੀ. ਕਾਫ਼ਿਲਾ ਜਲੰਧਰ ਲਈ ਰਵਾਨਾ ਹੋਇਆ ਜਿਥੇ ਅਸੀਂ ਇੱਕ ਰਾਤ ਰਹੇ, ਅਤੇ ਇਸਦੇ ਬਾਅਦ ਇਹ ਅੱਮ੍ਰਿਤਸਰ ਲਈ ਚਲਦਾ ਰਿਹਾ. ਮੈਨੂੰ ਯਾਦ

ਹੈ ਕਿ ਇਹ ਸਤੰਬਰ ਦਾ ਮੱਧ ਸੀ ਜਦ ਅਸ਼ੀਂ ਦਰਿਆ ਬਿਆਸ ਦੇ ਪੁਲ ਤੇ ਪਹੁੰਚੇ. ਬਹੁਤ ਜ਼ੋਰ ਮੀਂਹ ਪਿਆ ਸੀ ਅਤੇ ਦਰਿਆ ਦੇ ਕਿਨਾਰੇ ਤੇ ਇੰਤਜ਼ਾਰ ਕਰ ਰਹੇ ਲੋਕਾਂ ਨੂੰ ਇੱਕ ਮਜਬੂਤ ਲਹਿਰ ਆਪਣੇ ਨਾਲ ਬਹਾ ਕੇ ਲੈ ਗਈ. ਸੈਕੜੇ ਲਾਸ਼ਾਂ ਅਤੇ ਮਰੇ ਹੋਏ ਡੰਗਰ ਨੂੰ ਦਰਿਆ ਵਿੱਚ ਵੇਖਿਆ ਗਿਆ. ਇਹ ਇੱਕ ਦਰਦਨਾਕ ਨਜ਼ਾਰਾ ਸੀ. ਅੱਮ੍ਰਿਤਸਰ ਤੇ, ਇੱਕ ਬੱਚਾ ਜੋ ਟਰੱਕ ਤੇ ਸੀ, ਪਿਆਸ ਨਾਲ ਮਰ ਰਿਹਾ ਸੀ, ਪਰ ਸੜਕ ਤੇ ਇੰਤਜ਼ਾਰ ਕਰ ਰਹੇ ਸਿੱਖ, ਉਸ ਨੂੰ ਮੁਫ਼ਤ ਤੇ ਪਾਣੀ ਨਹੀਂ ਦੇ ਰਹੇ ਸੀ. ਅਤੇ, ਉਸ ਬੱਚੇ ਦੇ ਪਿਉ ਨੂੰ ਇੱਕ ਗਲਾਸ ਪਾਣੀ ਲਈ 300 ਰੁਪਏ ਦੇਨੇ ਪਏ.

'ਮੇਰੇ ਵਾਲਿਦ, ਮੇਰੇ ਵੱਡੇ ਭਰਾ, ਦਾਦਾ-ਦਾਦੀ, ਨਾਨਾ-ਨਾਨੀ, ਚਾਚੇ, ਤਾਇਐ ਹੁਸ਼ਿਆਰਪੁਰ ਦੇ ਕੈਂਪ ਤੇ ਨਵੰਬਰ ਦੇ ਸ਼ੁਰੂ ਤਕ ਰਹੇ. ਫਿਰ ਉਨ੍ਹਾਂ ਨੇ ਪਾਕਿਸਤਾਨ ਜਾਣ ਦਾ ਸਫਰ ਸ਼ੁਰੂ ਕੀਤਾ. ਰਾਹ ਤੇ ਕੁੱਝ ਡੋਗਰ ਪਨਾਹਗੀਰਾਂ ਦਾ ਕਾਲਮ ਛੱਡ ਕੇ ਨਿਕਲ ਜਾਂਦੇ ਅਤੇ ਹਮਲਾ ਕਰ ਕੇ ਹਿੰਦੂਆਂ ਅਤੇ ਸਿੱਖਾਂ ਨੂੰ ਮਾਰਦੇ. ਪਰ ਤਦ ਹੀ ਇੰਡੀਆ ਦੀ ਫ਼ੌਜ਼ ਆ ਕੇ ਗੋਲੀਆਂ ਚਲਾਉਣ ਲਗੀ. ਤਦ ਸਾਡੇ ਲੋਕ ਕਾਫ਼ਿਲੇ ਤੇ ਵਾਪਸ ਆ ਕੇ ਪਾਕਿਸਤਾਨ ਦਾਖ਼ਲ ਹੋ ਗਏ. ਇਹ ਸੱਚ ਹੈ ਕਿ ਸਾਡੇ 100 ਲੋਕ ਹਲਾਕ ਹੋਏ ਪਰ ਅਸੀਂ ਵੀ ਆਖ਼ਰ ਤਕ ਕਿਸੇ ਹਿੰਦੂ ਜਾਂ ਸਿੱਖ ਨੂੰ ਨਹੀਂ ਛੱਡਿਆ. ਅਤੇ, ਅਸੀਂ ਵੀ ਬਰਾਬਰ ਤਦਾਦ ਤੇ ਉਨ੍ਹਾਂ ਨੂੰ ਹਲਾਕ ਕੀਤਾ.

ਰਾਣਾ ਮੁਹੱਮਦ ਅਜ਼ਹਰ ਖ਼ਾਨ

16 ਮਾਰਚ 2016 ਨੂੰ ਗਵਰਨਮੇਂਟ ਕਾਲਜ ਦੇ ਲਾਹੌਰ ਸਥਿਤ ਫੈਕਲਟੀ ਹਾਊਸ ਤੇ ਮੈਂ ਇੱਕ ਸਾਬਕਾ ਸਮਾਜਵਾਦੀ, ਚਿੱਤਰਕਾਰ-ਕਲਾਕਾਰ ਅਤੇ ਮੂਰਤੀਕਾਰ ਰਾਣਾ ਮੁਹੱਮਦ ਅਜ਼ਹਰ ਖ਼ਾਨ ਦਾ ਇੰਟਰਵਿਊ ਦਰਜ ਕੀਤਾ. ਮੇਰੇ ਦੋਸਤ ਜ਼ਕਰੀਆ ਖ਼ਾਨ ਅਤੇ ਉਨ੍ਹਾਂ ਦੇ ਭਰਾ ਯਾਹੀਆ ਖ਼ਾਨ ਸਾਹੀਵਾਲ ਤੋਂ ਗੱਡੀ ਚਲਾ ਕੇ ਵਿੱਚ ਰਾਹ ਦੇ ਉਕਾਰਾ ਤੋਂ, ਰਾਣਾ ਅਜ਼ਹਰ ਨੂੰ ਲੈ ਕੇ ਲਾਹੌਰ ਆਏ. ਰਾਣਾ ਅਜ਼ਹਰ ਦੀ ਕਹਾਣੀ ਪੰਜਾਬ ਦੀ ਵੰਡ ਦੇ ਬਾਅਦ ਦੀ ਸਭ ਤੋਂ ਦਿਲਚਸਪ ਕਹਾਣੀਆਂ ਵਿੱਚ ਹੈ ਅਤੇ ਇਸ ਨੂੰ ਪੰਜਾਬ ਬਲਡੀਡ, ਪਾਰਟੀਸ਼ਨਡ ਐਂਡ ਕਲੀਨਸਡ ਦੇ ਅਗਲੇ ਪ੍ਰਕਾਸ਼ਨ ਵਿੱਚ ਸ਼ਾਮਲ ਕੀਤਾ ਜਾਵੇਗਾ. ਉਨ੍ਹਾਂ ਨੇ ਮੈਨੂੰ ਇਹ ਦੱਸਿਆ:

'ਮੇਰਾ ਜਨਮ 14 ਦਿਸੰਬਰ 1934 ਨੂੰ ਇੱਕ ਰਾਜਪੂਤ ਪਰਵਾਰ ਤੇ ਹੋਇਆ ਸੀ ਜਿਸ ਦਾ ਤਾਲਲੁਕ ਰਾਜਪੂਤਾਂ ਦੇ ਨਾਰੂ ਕਬੀਲੇ ਨਾਲ ਸੀ ਜਿਨ੍ਹਾਂ ਨੇ ਕੁੱਝ ਸਦੀਆਂ ਪਹਿਲਾਂ ਇਸਲਾਮ ਕਬੂਲ ਕਰ ਲੀਤਾ ਸੀ ਹੋਰ ਜੋ ਜ਼ਿਆਦਾਤਰ ਹੁਸ਼ਿਆਰਪੁਰ ਜ਼ਿਲ੍ਹੇ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਵਿੱਚ ਵਸ ਗਏ ਸਨ. ਮੇਰੇ ਬਜ਼ੁਰਗ ਨਾਰੂ ਰਾਜਪੂਤਾਂ ਦੇ ਆਗੂ ਸਨ. ਸਾਡਾ ਸਬੰਧ ਹਰਿਆਣਾ ਨਾਲ ਸੀ ਜੋ ਹੁਸ਼ਿਆਰਪੁਰ ਜ਼ਿਲ੍ਹੇ ਦੇ ਉੱਤਰ ਵੱਲ ਨੈ ਮੀਲ ਦੂਰ ਇੱਕ ਕਸਬਾ ਸੀ. ਹਰਿਆਣਾ ਸ਼ਿਵਾਲਿਕ ਪਰਬਤ ਲੜੀ ਦੀ ਤਲਹਟੀ 'ਤੇ ਹੈ. ਤਦ ਬਹੂਤ ਮੀਂਹ ਪੈ ਰਿਹਾ ਸੀ ਅਤੇ ਕਦੀ ਕਦਾਰ ਤੇ ਪੂਰੇ ਹਫ਼ਤੇ ਲਈ. ਬਾਰਿਸ਼ ਦਾ ਪਾਣੀ ਕਾਫ਼ੀ ਤੇਜੀ ਨਾਲ ਧਾਰਾਵਾਂ ਵਿਚ ਆ ਜਾਉਂਦਾ ਸੀ ਜਿਨ੍ਹਾਂ ਤੋਂ ਕਈ ਡੂੰਘੀ ਬਣ ਜਾਉਂਦੀਆਂ ਸੀ ਅਤੇ ਇਸ ਲਈ ਸੰਚਾਰ ਅਤੇ ਆਵਾਜਾਈ ਪ੍ਰਭਾਵਿਤ ਹੋ ਜਾਂਦੀਆਂ. ਪਾਣੀ ਦੀ ਉਹ ਤਾਕਤਵਾਰ ਧਾਰਾਵਾਂ ਨੂੰ ਸਥਾਨਕ ਜ਼ੁਬਾਨ ਤੇ ਚੋਆ ਕਿਹਾ ਜਾਂਦਾ ਸੀ. ਮੁਸਲਿਮ ਰਾਜਪੂਤਾਂ ਦੇ ਇਲਾਵਾ, ਸਾਡੇ ਇਲਾਕੇ ਵਿਚ ਦੂਜੀ ਮੁੱਖ ਕੌਮ ਹਿੰਦੂ ਸਨ. ਜਦਕਿ ਦੁਕਾਨਾਂ ਦੀ ਮਲਕੀਅਤ ਹਿੰਦੂਆਂ ਦੀ ਸੀ, ਜ਼ਮੀਨ ਦੀ ਜ਼ਿਆਦਾਤਰ ਮਲਕੀਅਤ ਰਾਜਪੂਤਾਂ ਦੀ ਸੀ. ਬਹੁਤ ਥੋੜੇ ਸਿੱਖ ਸਨ. ਰਾਜਪੂਤ ਰਵਾਇਤੀ ਸਮਾਜਿਕ ਕ੍ਰਮ ਵਿੱਚ ਮਹੱਤਵਪੂਰਨ ਅਹੁਦੇਦਾਰ ਸਨ ਅਤੇ ਸਰਕਾਰ ਨੇ ਉਨ੍ਹਾਂ ਨੂੰ

ਸਤਿਕਾਰਪੂਰਨ ਖ਼ਿਤਾਬ ਦਿੱਤੇ ਹੋਏ ਸੀ ਜੈਦਾਂ ਕਿ ਆਨਰੇਰੀ ਮੈਜਿਸਟਰੇਟ, ਜ਼ੈਲਦਾਰ, ਲੰਬੜਦਾਰ, ਸਫੇਦਪੋਸ਼ ਵਗੈਰਾ.

'ਹਰਿਆਣਾ ਫਿਰਕੂ ਸਦਭਾਵਨਾ, ਅਮਨ ਅਤੇ ਇਕਮੁੱਠਤਾ ਦੀ ਮਿਸਾਲ ਸੀ. ਸਾਡੇ ਛੋਟੇ ਸਮਾਜ ਨੂੰ ਮਾਣ ਸੀ ਕਿ ਸਾਡਾ ਇੱਕ ਸਕੂਲ ਸੀ ਜਿਸ ਦਾ ਨਾਮ ਹਿੰਦੂ-ਮੁਸਲਿਮ ਹਾਈ ਸਕੂਲ ਸੀ. ਸਕੂਲ ਦਾ ਨਾਮ ਅਤੇ ਇਸ ਨੂੰ ਬਣਾਉਣ ਦਾ ਵਿਚਾਰ ਪੰਡਿਤ ਲਾਲਾ ਹਰਚਰਨ ਦਾਸ, ਇੱਕ ਸਥਾਨਕ ਬ੍ਰਾਹਮਣ ਦਾ ਸੀ. ਉਸ ਨੇ ਜ਼ਮੀਨ ਦੇਣ ਲਈ ਸਾਡੇ ਬਜ਼ੁਰਗਾਂ ਨੂੰ ਕਿਹਾ ਜੋ ਕਿ ਮੇਰੇ ਚਾਚਾ ਰਾਣਾ ਮੁਹੰਮਦ ਅਲੀ ਨੇ ਖ਼ੁਸ਼ੀ ਦੇ ਨਾਲ ਦੇ ਦਿੱਤੀ. ਲਾਲਾ ਬੇਅੰਲਾਦ ਸੀ. ਉਸ ਨੇ ਆਪਣੀ ਸਾਰੀ ਜਾਇਦਾਦ ਅਤੇ ਬੱਚਤ ਸਕੂਲ ਨੂੰ ਦਾਨ ਕਰ ਦਿੱਤੀ. ਸਕੂਲ ਦੀ ਇਮਾਰਤ ਨੂੰ ਉਨ੍ਹਾਂ ਦੇ ਪੈਸੇ ਨਾਲ ਬਣਾਇਆ ਗਿਆ ਸੀ. ਬਦਕਿਸਮਤੀ ਨਾਲ ਇਮਾਰਤ ਨੂੰ ਪੂਰਾ ਕਰਣ ਤੋਂ ਪਹਿਲਾਂ ਉਨ੍ਹਾਂ ਦਾ ਇੰਤਕਾਲ ਹੋ ਗਿਆ. ਪਰ, ਪੰਡਤ ਦੇ ਯੋਗਦਾਨ ਨੂੰ ਹਮੇਸ਼ਾ ਹਰਿਆਣਾ ਦੇ ਲੋਕਾਂ ਨੇ ਧੰਨਵਾਦ ਦੇ ਨਾਲ ਯਾਦ ਕੀਤਾ.

'ਹਿੰਦੂ-ਮੁਸਲਿਮ ਹਾਈ ਸਕੂਲ - ਸਕੂਲ ਦਾ ਨਵਾਂ ਨਾਮ ਤਦ ਦੇ ਸਾਰੇ ਪੰਜਾਬ ਦੇ ਅਸੂਲੀ ਲੋਕਾਂ ਨੂੰ ਆਪਣੀ ਤਰਫ ਖਿੱਚਦਾ ਸੀ. ਲਾਲਾ ਮਦਨਲਾਲ ਚੱਢਾ ਜੋ ਅਸਲ ਵਿੱਚ ਲਾਹੌਰ ਦੇ ਭੱਟੀ ਗੇਟ ਨਾਲ ਸਬੰਧਤ ਸਨ, ਹੈਡਮਾਸਟਰ ਦੇ ਤੌਰ ਤੇ ਸਕੂਲ ਦੇ ਨਾਲ ਜੁੜ ਗਏ. ਉਸ ਦੀ ਇੱਕ ਹੈਰਾਨੀਜਨਕ ਸ਼ਖ਼ਸੀਅਤ ਸੀ. ਮੈਂ ਅਜੇ ਵੀ ਉਨ੍ਹਾਂ ਤੋਂ ਜ਼ਿਆਦਾ ਹੋਰ ਕੋਈ ਕ੍ਰਿਸ਼ਮਈ ਇਨਸਾਨ ਨਹੀਂ ਵੇਖਿਆ ਹੈ. ਉਸ ਨੇ ਹਮੇਸ਼ਾ ਵਧੀਆ ਮਿਆਰ ਨੂੰ ਕਾਇਮ ਰੱਖਣ ਅਤੇ ਚੰਗੀ ਸਿੱਖਿਆ ਪ੍ਰਦਾਨ ਕਰਨ ਲਈ, ਸਕੂਲ ਨੂੰ ਆਪਣੀ ਜ਼ਿੰਦਗੀ ਸਮਰਪਿਤ ਕਰ ਦਿੱਤੀ. ਕਦੀ ਕਦਾਰ ਉਹ ਮੇਰੇ ਚਾਚਾ ਨੂੰ ਮਿਲਣ ਆਉਂਦੇ ਸਨ, ਜੋ ਸਾਡੇ ਕਬੀਲੇ ਦੇ ਪ੍ਰਧਾਨ ਸਨ. ਚਾਚਾਜੀ ਉੱਠ ਕੇ ਉਸ ਦਾ ਸੁਆਗਤ ਕਰਦੇ, ਇਸ ਦੇ ਬਾਵਜੂਦ ਕਿ ਉਹ ਖੁਦ ਹਰਿਆਣਵੀ ਸਮਾਜ ਵਿੱਚ ਸਭ ਤੋਂ ਵੱਡਾ ਸਮਾਜਿਕ ਅਹੁਦਾ ਰੱਖਦੇ ਸੀ. ਸਾਡੇ ਅਧਿਆਪਕ ਸੰਤ ਲੋਕ ਸਨ. ਮੌਲਾਨਾ ਰਹੀਮੁੱਦੀਨ ਮੇਰਠ ਨਾਲ ਸਬੰਧਤ ਸਨ. ਉਹ ਫ਼ਾਰਸੀ ਸਿਖਾਉਂਦੇ ਸੀ. ਉਹ ਅਹਿਮ ਮੌਕੇਆਂ 'ਤੇ ਦੁਆ ਦੀ ਅਗਵਾਈ ਕਰਦੇ ਸੀ. ਦੀਨਿਅਤ (ਧਾਰਮਿਕ) ਲਈ ਰੱਖਿਆ ਰੋਜ਼ਾਨਾ ਇੱਕ ਘੰਟੇ ਦੇ ਅਧਿਐਨ ਦੇ ਦੌਰਾਨ, ਪੰਡਤ ਮਸਤਰਾਮ ਹਿੰਦੂਆਂ ਅਤੇ ਸਿੱਖਾਂ ਨੂੰ ਉਨ੍ਹਾਂ ਦੇ ਧਰਮ-ਗ੍ਰੰਥ ਦੀ ਸਿੱਖਿਆ ਦੰਦੇ ਜਦ ਕਿ ਮੌਲਵੀ ਫਤਿਹ ਮੁਹੰਮਦ ਇਸਲਾਮ ਦੇ ਬਾਰੇ ਮੁਸਲਿਮ ਵਿਦਿਆਰਥੀਆਂ ਨੂੰ ਸਿੱਖਿਆ ਦੰਦੇ. ਉਹ ਦੱਖਣੀ ਪੰਜਾਬ ਦੇ ਇਕ ਛੋਟੇ ਜਿਹੇ ਸ਼ਹਿਰ ਲਯ੍ਹ ਤੋਂ ਸਨ. ਉਹ ਇੰਨੇ ਸਧਾਰਨ ਮਨੁੱਖ ਸਨ ਕਿ ਜਦ ਤਕਸੀਮ ਹੋਈ ਉਹ ਲਯ੍ਹ ਤੇ ਹੀ ਸਨ. ਪਰ, ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਇੱਕ ਵੱਡੀ ਤਬਦੀਲੀ ਹੋ ਗਈ ਸੀ ਅਤੇ ਗਰਮੀ ਦੀ ਛੁੱਟੀਆਂ ਦੇ ਬਾਅਦ ਉਨ੍ਹਾਂ ਨੇ ਹਰਿਆਣਾ ਨੂੰ ਵਾਪਸ ਜਾਣ ਲਈ ਆਪਣੀ ਯਾਤਰਾ ਸ਼ੁਰੂ ਕਰ ਦਿੱਤੀ. ਹਰਿਆਣਾ ਦੇ ਕਿਸੇ ਬੰਦੇ ਨੇ ਉਨ੍ਹਾਂ ਨੂੰ ਲਾਹੌਰ ਰੇਲਵੇ ਸਟੇਸ਼ਨ 'ਤੇ ਦੇਖਿਆ ਅਤੇ ਦੱਸਿਆ ਕਿ ਉਹ ਹੁਣ ਆਪਣੇ ਕੰਮ ਤੇ ਵਾਪਸ ਨਹੀਂ ਜਾ ਸਕਦੇ ਸੀ ਕਿਉਕਿ ਹਰਿਆਣਾ ਹੁਣ ਭਾਰਤ ਵਿਚ ਸੀ. ਉੱਥੇ ਸਾਡਾ ਸਿੱਖ ਗੁਰੂ ਮਾਸਟਰ ਅਤਰ ਸਿੰਘ ਸੀ. ਇੱਕ ਕਸ਼ਮੀਰੀ ਮੁਸਲਮਾਨ ਪਰਿਵਾਰ ਹਰਿਆਣਾ ਵਿਚ ਰਹਿੰਦਾ ਸੀ. ਪਰਿਵਾਰ ਦਾ ਪ੍ਰਧਾਨ ਬ੍ਰਿਟਿਸ਼ ਭਾਰਤੀ ਫੌਜ ਵਿਚ ਸੀ. ਉਨ੍ਹਾਂ ਦਾ ਇੱਕ ਛੋਟੇ ਜਿਹਾ ਮੁੰਡਾ ਸੀ. ਉਸ ਦੀ ਦਾਦੀ ਉਸ ਨੂੰ ਸਕੂਲ ਲੈ ਗਈ. ਉਹ ਸਲਵਾਰ ਪਹਿਨ ਕੇ ਆਉਂਦਾ ਸੀ ਜਦਕਿ ਬਾਕੀ ਅਸੀਂ ਸਾਰੇ ਪਤਲੂਨ ਜਾਂ ਤੰਗ ਪਜਾਮਾ ਪਹਿਨਦੇ ਸੀ. ਉਹ ਲਗਾਤਾਰ ਰੋ ਰਿਹਾ ਸੀ. ਮਾਸਟਰ ਅੱਤਰ ਸਿੰਘ ਨੇ ਉਸ ਨੂੰ ਉਸ ਦੀ ਦੇਖਭਾਲ ਦੇ ਅਧੀਨ ਲੈ ਲੀਤਾ ਅਤੇ ਉਸ ਨੂੰ ਬਹੁਤ ਸਾਰਾ ਪਿਆਰ ਦਿੱਤਾ. ਬਾਅਦ

ਵਿੱਚ ਉਹ ਹਮੇਸ਼ਾ ਮਾਸਟਰ ਜੀ ਦੇ ਕੋਲ ਬੈਠ ਜਾਂਦਾ ਅਤੇ ਇਸ ਦੇ ਫਲਸਰੂਪ ਉਸ ਨੇ ਪੜ੍ਹਾਈ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ.

'ਸਾਡੇ ਸਕੂਲ ਨੂੰ ਕਪੂਰਥਲਾ ਦੇ ਮਹਾਰਾਜੇਆਂ ਤੋਂ ਦਾਨ ਮਿਲਿਆ ਕਰਦਾ ਸੀ. ਰਵਾਇਤ ਇਹ ਸੀ ਕਿ ਕਪੂਰਥਲਾ ਦੇ ਮਹਾਰਾਜਾ ਸ਼ਾਨਦਾਰ ਮੋਟਰ ਕਾਰਾਂ ਅਤੇ ਜੀਪਾਂ ਦੇ ਕਾਫਲੇ ਤੇ ਆਇਆ ਕਰਦੇ ਸੀ. ਵਿਦਿਆਰਥੀ ਸੋਹਣੀ ਪੋਸ਼ਾਕਾਂ ਅਤੇ ਪੱਗ ਪਹਿਨ ਕੇ ਉਨ੍ਹਾਂ ਦਾ ਸੁਆਗਤ ਕਰਦੇ. ਇੱਕ ਵਾਰ ਮੈਨੂੰ ਸੁਆਗਤ ਦੇ ਦਲ ਵਿੱਚ ਹੋਣ ਦਾ ਮੌਕਾ ਮਿਲਿਆ ਸੀ. ਮਾਸਟਰ ਮਦਨਲਾਲ ਚੱਢਾ ਕਦੀ ਉਨ੍ਹਾਂ ਦਾ ਸੁਆਗਤ ਕਰਣ ਨਹੀਂ ਗਏ. ਉਨ੍ਹਾਂ ਨੇ ਇਸ ਕਿਸਮ ਦੇ ਦਿਖਾਵੇ ਅਤੇ ਪ੍ਰਦਰਸ਼ਨ ਤੋਂ ਖੁਦ ਨੂੰ ਦੂਰ ਰੱਖਿਆ. ਇਹ ਮੌਲਾਨਾ ਰਹੀਮੁੱਦੀਨ ਸਨ ਜੋ ਮਹਾਰਾਜਾ ਨੂੰ ਸਕੂਲ ਦੀ ਤਰਫ ਤੋਂ ਨਿਸ਼ਾਨੀ ਦੇ ਤੌਰ ਤੇ ਸ਼ੁਕ੍ਰਾਨਾ ਪੇਸ਼ ਕਰਦੇ ਅਤੇ ਇਸ ਦੇ ਬਦਲੇ ਮਹਾਰਾਜਾ ਤੋਂ ਸਕੂਲ ਲਈ ਦਾਨ ਲੈ ਲੈਂਦੇ.

'ਸਾਰੇ ਮਜ੍ਹਬੀ ਤਿਉਹਾਰਾਂ ਨੂੰ ਬਹੁਤ ਹੀ ਖੁਸ਼ੀ ਨਾਲ ਮਨਾਇਆ ਜਾਂਦਾ ਸੀ ਅਤੇ ਸਾਰੇ ਮਜ੍ਹਬਾਂ ਦੇ ਲੋਕ ਇਸ ਵਿੱਚ ਸ਼ਿਰਕਤ ਕਰਦੇ ਸੀ. ਖ਼ਾਸ ਕਰ ਕੇ ਦੁਸਹਿਰੇ ਦਾ ਤਿਉਹਾਰ 10 ਦਿਨਾਂ ਲਈ ਮਨਾਇਆ ਜਾਂਦਾ ਸੀ ਅਤੇ ਹਜ਼ਾਰਾਂ ਲੋਕ ਇਸ ਦਾ ਆਨੰਦ ਲੈਣ ਆਉਂਦੇ ਸੀ. ਦੁਸਹਿਰਾ ਇੱਕ ਹਿੰਦੂ ਤਿਉਹਾਰ ਸੀ ਪਰ ਰਾਣਾ ਮੁਹੱਮਦ ਹੁੱਸੇਨ ਖ਼ਾਨ, ਜ਼ੈਲਦਾਰ (ਹਰਿਆਣਾ) ਇਸ ਸਮਾਰੋਹ ਦੀ ਆਯੋਜਨ ਕਮੇਟੀ ਦੀ ਪ੍ਰਧਾਨਗੀ ਕਰਦੇ ਸੀ. ਉਸ ਮੌਕੇ ਤੇ ਹਰਿਆਣਾ ਤੋਂ ਬਾਹਰ ਵਿਆਹੀ ਕੁੜਿਆਂ ਆਪਣੇ ਮਾਤਾ-ਪਿਤਾ ਨੂੰ ਮਿਲਣ ਹਰਿਆਣਾ ਆਇਆ ਕਰਦਿਆਂ ਸੀ. ਇਹ ਹਰ ਸਾਲ ਇੱਕ ਵੱਡਾ ਮੌਕਾ ਹੋਇਆ ਕਰਦਾ ਸੀ ਜਦ ਅੰਬ ਪੰਜਾਬ ਦੇ ਸਾਡੇ ਹਿੱਸੇ ਤੇ ਤਦ ਵੀ ਮਿਲਦੇ ਸੀ. ਉਹ ਬਹੁਤ ਵਧ ਪੈਦਾ ਕੀਤੇ ਜਾਂਦੇ ਸੀ ਅਤੇ ਅਮੀਰ ਹੋਰ ਗਰੀਬ ਦੋਵੇਂ ਇਸ ਦਾ ਆਨੰਦ ਲੈਂਦੇ ਸੀ. ਤਦ ਪਹਾੜਾਂ ਤੋਂ ਆਉਂਦੀ ਠੰਡੀ ਹਵਾਵਾਂ, ਕਾਫੀ ਜ਼ਿਆਦਾ ਅੰਬ ਅਤੇ ਤਿਉਹਾਰ ਇੱਕ ਉਨਮਾਦ ਭਰਾ ਮਾਹੌਲ ਬਣਾ ਦੇਂਦੇ ਸੀ.

'ਹਰਿਆਣਾ 1940 ਦੇ ਟਕਰਾਅ ਦੀ ਰਾਜਨੀਤੀ ਤੋਂ ਮੁਕਤ ਰਿਹਾ. ਇੱਕ ਵਾਰ ਮਹਾਤਮਾ ਗਾਂਧੀ, ਪੰਡਿਤ ਨਹਿਰੂ, ਮੌਲਾਨਾ ਆਜ਼ਾਦ ਅਤੇ ਕੁਝ ਹੋਰ ਕਾਂਗ੍ਰੇਸੀ ਆਗੂ ਸਾਡੇ ਦੂਰ ਦੇ ਕਸਬੇ ਤੇ ਆਏ. ਉਨ੍ਹਾਂ ਨੇ ਹਿੰਦੂ-ਮੁਸਲਿਮ ਹਾਈ ਸਕੂਲ ਬਾਰੇ ਸੁਨਿਆ ਸੀ ਅਤੇ ਉਹ ਇਸ ਤਰ੍ਹਾਂ ਦੀ ਪਹਿਲ ਨੂੰ ਸਹਿਯੋਗ ਦੇਣ ਲਈ ਆਏ ਸੀ. ਹਰਿਆਣਾ ਦੇ ਇੱਕ ਪਹਿਲਵਾਨ ਵਰਗੇ ਬੰਦੇ ਨੇ ਗਾਂਧੀਜੀ ਨੂੰ ਆਪਣੇ ਮੋਢੇ ਤੇ ਚੁਕ ਲੀਤਾ ਤਾਂਕਿ ਉਨ੍ਹਾਂ ਨੂੰ ਹਰ ਕੋਈ ਵੇਖ ਸਕੇ. ਇੱਥੇ ਲੋਕਾਂ ਨੇ ਤਾੜੀਆਂ ਮਾਰ ਕੇ ਆਪਣੀ ਖੁਸ਼ੀ ਜ਼ਾਹਰ ਕੀਤੀ ਕਿਉਂਕਿ ਕੌਮੀ ਸਤਰ ਦੇ ਆਗੂਆਂ ਤੋਂ ਉਮੀਦ ਨਹੀਂ ਸੀ ਕਿ ਉਹ ਪੰਜਾਬ ਦੇ ਕੋਨੇ ਦੇ ਇਸ ਤਰ੍ਹਾਂ ਦੇ ਇੱਕ ਦੂਰ ਦਰਾਜ ਦੇ ਕਸਬੇ ਤੇ ਆਉਣਗੇ.

'ਰਾਣਾ ਨਸਰੁੱਲ੍ਹਾ ਖ਼ਾਨ ਜੋ ਇੱਕ ਨਿਰਦਲੀ ਉਮੀਦਵਾਰ ਸਨ, 1937 ਦੀ ਪੰਜਾਬ ਅਸੇਂਬਲੀ ਤੇ ਹਰਿਆਣਾ ਦੇ ਐਮ.ਪੀ.ਏ. ਸਨ. ਉਨ੍ਹਾਂ ਨੂੰ ਸਾਡਾ ਸਾਥ ਹਾਸਲ ਸੀ. 1946 ਤੇ ਉਨ੍ਹਾਂ ਨੇ ਮੁਸਲਿਮ ਲੀਗ ਦੇ ਟਿਕਟ ਤੇ ਚੋਣ ਲੜੀ. ਪਰ ਸਾਡੇ ਬਜ਼ੁਰਗ ਯੂਨੀਅਨਿਸਟ ਪਾਰਟੀ ਦੇ ਸਮਰਥਕ ਸਨ. ਮੇਰੇ ਚਾਚਾਜੀ ਜਿਨ੍ਹਾਂ ਨੇ ਯੂਨੀਅਨਿਸਟ ਟਿਕਟ ਲੈ ਕੇ ਚੋਣ ਲੜੀ, ਮੁਕਾਬਲਾ ਹਾਰ ਗਏ ਅਤੇ ਰਾਣਾ ਨਸਰੁੱਲ੍ਹਾ ਜਿੱਤ ਗਏ.

'ਕਿਸੇ ਵੀ ਘਟਨਾ 'ਚ, ਸਾਡੇ ਖੇਤਰ ਤੇ ਬਿਲਕੁਲ ਅੰਤ ਤਕ ਅਮਨ ਰਿਹਾ ਜਦ ਤਕਸੀਮ ਦਾ ਐਲਾਨ ਕੀਤਾ ਗਿਆ ਸੀ. ਸਾਡੇ ਬਜ਼ੁਰਗ 'ਤੇ ਬਿਲਕੁਲ ਜਾਣਾ ਨਹੀਂ ਚਾਹੁੰਦੇ ਸੀ. ਪਰ, ਹਰਿਆਣਾ ਅਤੇ ਨਾਲ ਲੱਗਦੇ

ਪਿੰਡ ਦੇ ਲੋਕ ਲਾਹੌਰ ਵਿਚ ਅਤੇ ਪੰਜਾਬ ਦੇ ਪੱਛਮੀ ਜ਼ਿਲ੍ਹੇ ਵਿਚ ਕੰਮ ਕਰਦੇ ਸਨ. ਉਹ ਛੱਡ ਕੇ ਜਾਣਾ ਚਾਹੁੰਦੇ ਸੀ, ਕਿਉਂਕਿ ਉਹ ਉਸ ਜਗ੍ਹ ਤੇ ਨੌਕਰੀ ਕਰਦੇ ਸੀ ਜੋ ਪਾਕਿਸਤਾਨ ਬਣਨ ਜਾ ਰਿਹਾ ਸੀ.

'ਮੇਰੇ ਪਿਤਾ ਦੀ ਮੌਤ ਹੋ ਗਈ ਸੀ, ਪਰ ਮੇਰੀ ਮਾਤਾ ਜਿੰਦਾ ਸੀ. ਮੇਰੇ ਤੋਂ ਵਡੇ ਚਚੇਰੇ ਭਰਾ ਅਨਵਰ ਖਾਨ ਨੇ ਹੁਣੇ ਹੀ ਲਾਹੌਰ ਵਿਖੇ ਕਾਨੂੰਨ ਦੀ ਪ੍ਰੀਖਿਆ ਦੀ ਉਸ ਦੀ ਪਹਿਲੀ ਪ੍ਰੀਖਿਆ ਨੂੰ ਪੂਰਾ ਕੀਤਾ ਸੀ. ਅਸੀਂ ਪਾਕਿਸਤਾਨ ਨਹੀਂ ਜਾਣ ਦਾ ਪੱਕਾ ਇਰਾਦਾ ਕੀਤਾ ਸੀ. ਫਿਰ ਵੀ, ਇਹ ਫੈਸਲਾ ਕੀਤਾ ਗਿਆ ਕਿ ਮੇਰੀ ਦੋ ਚਚੇਰੀ ਭੈਣਾ ਨੂੰ ਲਾਹੌਰ ਭੇਜਿਆ ਜਾਣਾ ਚਾਹੀਦਾ ਹੈ, ਜਿੱਥੇ ਸਾਡੇ ਕੁਝ ਨਜ਼ਦੀਕੀ ਰਿਸ਼ਤੇਦਾਰ ਸੀ. ਉਹ ਮੈਨੂੰ ਨਾਲ ਲੈ ਜਾਣਾ ਚਾਹੁੰਦਾ ਸੀ. ਮੈਨੂੰ ਰੋਣਾ ਆ ਗਿਆ ਕਿਉਂਕਿ ਮੈਂ ਹਰਿਆਣਾ ਛੱਡਣਾ ਨਹੀਂ ਚਾਹੁੰਦਾ ਸੀ. ਇਸ ਲਈ ਉਹ ਕਾਰ ਤੇ ਚਲੇ ਗਏ ਪਰ ਇਹ ਇੱਕ ਚੋਅ ਤੇ ਫਸ ਗਈ. ਸਾਨੂੰ ਬਾਅਦ ਵਿਚ ਪਤਾ ਲਗਾ ਕਿ ਦੋ ਸਿੱਖ ਅਜਨਬੀਆਂ ਨੇ ਕਾਰ ਨੂੰ ਬਾਹਰ ਕੱਢਣ ਤੇ ਮਦਦ ਕੀਤੀ ਜਦਕਿ ਔਰਤਾਂ ਪਾਸੇ ਖੜ੍ਹੀ ਰਹੀਆਂ. ਬਾਅਦ ਤੇ ਉਹ ਕਿਸੀ ਸਮੱਸਿਆ ਤੋਂ ਬਿਨਾ ਲਾਹੌਰ ਦੀ ਯਾਤਰਾ ਕਰ ਸਕੇ.

'ਮੇਰੇ ਇੱਕ ਅੰਕਲ, ਮਹਿਮੂਦ ਖਾਨ, ਮਾਲ ਵਿਭਾਗ ਵਿਚ ਨੌਕਰੀ ਕਰਦੇ ਸੀ. ਉਨ੍ਹਾਂ ਨੂੰ ਵਾਲਟਨ ਸ਼ਰਨਾਰਥੀ ਕੈਂਪ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਸੀ. ਮੇਰੀ ਚਚੇਰੀ ਭੈਣਾ ਉਸ ਦੇ ਨਾਲ ਰਹਿ ਰਹੇ ਸੀਂ. ਉਹ ਉਸ ਦੇ ਨਾਲ ਰੋਜ਼ਾਨਾ ਸ਼ਰਨਾਰਥੀ ਕੈਂਪ ਆਂਉਂਦੀ ਸੀ ਤਾਂਕਿ ਇਹ ਪਤਾ ਕਰ ਸਕਣ ਕਿ ਹਰਿਆਣਾ ਤੋਂ ਕੋਈ ਆਇਆ ਸੀ ਜਾਂ ਨਹੀਂ. ਉੱਥੇ ਹੁਸ਼ਿਆਰਪੁਰ ਦੇ ਸਾਡੇ ਹਿੱਸੇ ਵਿੱਚ ਜ਼ਿਆਦਾ ਲੋਕ ਮਾਰੇ ਨਹੀਂ ਗਏ ਸੀ, ਪਰ ਤਦ ਤਕ ਪੰਜਾਬ ਤੇ ਗੰਭੀਰ ਗੜਬੜੀ ਫੈਲ ਗਈ ਸੀ ਅਤੇ ਸਾਡੇ ਆਲੇ ਦੁਆਲੇ 'ਤੇ ਫਿਰਕੂ ਕਤਲ ਹੋ ਰਹੇ ਸੀ. ਸਾਡੇ ਇਲਾਕੇ ਤੇ ਪਹਿਲਾ ਹਮਲਾ ਸਿੱਖਾਂ ਦੁਆਰਾ ਇਕ ਮੁਸਲਮਾਨ ਗੁੱਜਰ ਪਿੰਡ ਮਸਤੀਵਾਲ ਉਪਰ ਹੋਇਆ. ਗੁੱਜਰ ਫ਼ੌਜ ਵਿਚ ਨੌਕਰੀ ਕਰ ਰਹੇ ਸਨ ਅਤੇ ਇਸ ਲਈ ਉਨ੍ਹਾਂ ਨੇ ਮੁਕਾਬਲਾ ਕੀਤਾ ਜਦਕਿ ਉਨ੍ਹਾਂ ਦੀ ਔਰਤਾਂ ਪੈਦਲ ਫਰਾਰ ਹੋ ਗਈਆਂ. ਅਸੀਂ ਉਨ੍ਹਾਂ ਨੂੰ ਪਨਾਹ ਦੀ ਪੇਸ਼ਕਸ਼ ਕੀਤੀ ਪਰ ਉਹ ਸਿਰਫ਼ ਦੁੱਧ ਅਤੇ ਕੁਝ ਭੋਜਨ ਮੰਗ ਰਹੇ ਸੀ ਅਤੇ ਉਨ੍ਹਾਂ ਨੇ ਸ਼ਰਨਾਰਥੀ ਕੈਂਪ ਤੇ ਚਲੇ ਜਾਣਾ ਪਸੰਦ ਕੀਤਾ, ਜੋ ਤਦ ਸਥਾਪਿਤ ਕੀਤਾ ਗਿਆ ਸੀ ਜਦ ਹਮਲੇ ਸ਼ੁਰੂ ਹੋ ਗਏ ਸੀ. ਮੈਨੂੰ ਯਾਦ ਹੈ ਕਿ ਸਾਡਾ ਇੱਕ ਹਿੰਦੂ ਨੇੜਲਾ ਪ੍ਰੇਮ ਸਾਗਰ ਅਤੇ ਇਕ ਹੋਰ ਹਿੰਦੂ, ਸ਼ਰਨਾਰਥੀ ਕੈਂਪ ਆਏ ਅਤੇ ਬਹੁਤ ਜ਼ਿਆਦਾ ਦੁੱਖ ਦਾ ਪ੍ਰਗਟਾਵਾ ਕੀਤਾ. ਪ੍ਰੇਮ ਸਾਗਰ, ਇੱਕ ਬਹੁਤ ਹੀ ਚੰਗਾ ਫੁੱਟਬਾਲ ਖਿਡਾਰੀ ਸੀ. ਅਸਲ ਵਿਚ, ਹਰਿਆਣਾ ਫੁੱਟਬਾਲ ਟੀਮ ਪੰਜਾਬ ਦੀ ਇੱਕ ਵਧੀਆ ਟੀਮ ਸੀ ਜਿਸ ਵਿੱਚ ਹਿੰਦੂ, ਮੁਸਲਮਾਨ ਅਤੇ ਸਿੱਖ ਸ਼ਾਮਲ ਸਨ. ਹੋਰ ਵੀ ਚੰਗੇ ਹਿੰਦੂ ਅਤੇ ਸਿੱਖ ਸਨ ਜੋ ਆਪਣੇ ਮੁਸਲਮਾਨ ਗੁਆਂਢੀਆ ਦੇ ਵਫ਼ਾਦਾਰ ਰਹੇ. ਰਮੀਕ, ਮਹਿੰਦਰ ਅਤੇ ਉਸ ਦਾ ਭਰਾ ਜਤਿੰਦਰ ਮੇਰੇ ਚਚੇਰੇ ਭਰਾ ਦੇ ਕਰੀਬੀ ਦੋਸਤ ਸਨ. ਹੋਰ ਇੱਕ ਸੀ ਸੁਸ਼ੀਲ ਕੁਮਾਰ.

'ਮੈਂ ਵੰਡ ਦੇ ਵੇਲੇ ਅੱਠਵੀਂ ਜਮਾਤ ਤੇ ਸੀ. ਅਗਸਤ 1947 ਦੇ ਬਾਅਦ ਹੁਸ਼ਿਆਰਪੁਰ ਦੇ ਮੁਸਲਮਾਨਾਂ ਨੇ ਪਾਕਿਸਤਾਨ ਲਈ ਰਵਾਨਾ ਹੋਣਾ ਸ਼ੁਰੂ ਕੀਤਾ ਕਿਉਂਕਿ ਇਹ ਹੁਣ ਸਾਫ਼ ਹੋ ਗਿਆ ਸੀ ਕਿ ਉਹ ਭਾਰਤ ਵਿਚ ਮਹਿਫ਼ੂਜ ਨਹੀਂ ਸਨ. ਅਸੀਂ ਦੋ ਮਹੀਨੇ ਬਾਅਦ ਭਾਰਤ ਛੱਡ ਦਿੱਤਾ. ਸਾਡੇ ਰਿਸ਼ਤੇਦਾਰਾਂ ਨੇ ਇੱਕ ਫੌਜੀ ਕਾਫਲੇ ਨੂੰ ਸਾਨੂੰ ਲਿਆਉਣ ਲਈ ਪਾਕਿਸਤਾਨ ਤੋਂ ਇੱਕ ਬਲੋਚ ਪਲਟਨ ਦੇ ਸਿਪਾਹੀਆਂ ਸਮੇਤ ਭੇਜਿਆ. ਚਾਰ ਟਰੱਕ ਸਨ ਜਿਸ ਵਿੱਚ ਸਾਨੂੰ ਸਭ ਨੂੰ ਜਗ੍ਹਾ ਲੈ ਲੈਣੀ ਸੀ. ਔਰਤਾਂ ਇੱਕ ਟਰੱਕ ਵਿੱਚ ਵੱਖਰੇ ਬੈਠ ਗਈਆਂ. ਚਾਚਾ ਅਸਲਮ ਖਾਨ ਉਨ੍ਹਾਂ ਦੇ ਨਾਲ ਬੈਠ ਗਏ. ਹਰ ਟਰੱਕ ਵਿਚ ਘੱਟੋ ਘੱਟ ਇਕ ਸਤਿਕਾਰਤ ਬਜ਼ੁਰਗ ਸੀ. ਇਕ

ਪਠਾਨ ਪਰਿਵਾਰ ਸਾਡੇ ਨਾਲ ਸ਼ਾਮਲ ਹੋ ਗਿਆ ਸੀ. ਪਰਿਵਾਰ ਦਾ ਪ੍ਰਮੁਖ ਇੱਕ ਡਾਕਟਰ ਸੀ ਜੋ ਉਸ ਵਕਤ ਅਫਰੀਕਾ ਵਿਚ ਸੀ. ਬਾਕੀ ਸਾਡੇ ਨਾਲ ਆ ਗਏ. ਇਹ ਅਕਤੂਬਰ ਸੀ ਅਤੇ ਬਹੁਤ ਮੀਂਹ ਪੈ ਰਿਹਾ ਸੀ. ਉੱਥੇ ਸਾਨੂੰ ਨੈ ਚੌਏ ਪਾਰ ਕਰਨੇ ਸੀ. ਅਸੀਂ ਸਵੇਰੇ ਸਫ਼ਰ ਸ਼ੁਰੂ ਕੀਤਾ ਸੀ ਪਰ ਨੈ ਮੀਲ ਦੀ ਦੂਰੀ 'ਤੇ ਫੈਲੇ ਖੱਡੇਆਂ ਨੂੰ ਪਾਰ ਕਰਨ ਤੇ ਸਾਨੂੰ ਸਾਡੇ ਬਾਰ੍ਹਾ ਘੰਟੇ ਲਗ ਗਏ. ਅਸੀਂ ਜਦ ਹੁਸ਼ਿਆਰਪੁਰ ਪਹੁੰਚੇ ਤਦ ਹਜ਼ਾਰਾਂ ਲੋਕਾਂ ਨੂੰ ਆਪਣੀ ਛੱਤਾਂ ਤੇ ਵੇਖਿਆ. ਹੁਸ਼ਿਆਰਪੁਰ ਪਾਰ ਕਰਣ ਦੇ ਬਾਅਦ ਸਾਨੂੰ ਇਕ ਹੋਰ ਚੋਆ ਨਸਰੁੱਲ੍ਹਾ ਚੋਆ ਪਾਰ ਕਰਨਾ ਸੀ. ਇਹ ਇਸ ਕਦਰ ਡੂੰਘਾ ਸੀ ਕਿ ਕੋਈ ਟਰੱਕ ਪੂਰੀ ਤਰ੍ਹਾਂ ਫੱਸ ਸਕਦਾ ਸੀ. ਅਸੀਂ ਉੱਥੇ ਸਾਰੀ ਰਾਤ ਗੁਜ਼ਾਰੀ ਕਿਉਕਿ ਮੀਂਹ ਪੈ ਰਿਹਾ ਸੀ. ਸਾਨੂੰ ਅਗਲੇ ਦਿਨ ਇੱਕ ਵਜੇ ਤੱਕ ਭੋਜਨ ਨਾ ਮਿਲਿਆ. ਪਰ ਅਸੀਂ ਬੱਚੇਆਂ ਨੇ ਖੇਡਣਾ ਸ਼ੁਰੂ ਕੀਤਾ ਅਤੇ ਪਾਣੀ ਦੇ ਵਹਾਅ ਨੂੰ ਰੋਕਣ ਲਈ ਅਸੀਂ ਲੱਕੜੀ ਅਤੇ ਪੱਥਰ ਇਕੱਠੇ ਕੀਤੇ. ਇਹ ਵਿਚਾਰ ਬਜ਼ੁਰਗਾਂ ਨੂੰ ਚੰਗਾ ਲਗਿਆ ਅਤੇ ਪਾਣੀ ਦੇ ਵਹਾਅ ਨੂੰ ਰੋਕਣ ਲਈ ਉਹ ਵੀ ਲੱਕੜਾਂ ਦੇ ਲੱਠੇ ਇਕੱਠਾ ਕਰਨ ਲਗੇ ਅਤੇ ਇਸ ਤਰ੍ਹਾਂ ਟਰੱਕ ਚੋਆ ਪਾਰ ਕਰਨ ਲਾਇਕ ਹੋ ਗਏ. ਮੈਨੂੰ ਯਾਦ ਹੈ ਕਿ ਇੱਕ ਛੱਡਿਆ ਹੋਇਆ ਘਰ ਢਾਹ ਦਿੱਤਾ ਗਿਆ ਸੀ ਅਤੇ ਇਸ ਵਿੱਚ ਲਕੜ ਦੇ ਲੱਠੇਆਂ ਨੂੰ ਮਜ਼ਬੂਤ ਪਾਣੀ ਦੀ ਧਾਰਾਵਾਂ ਦੁਆਰਾ ਬਣੀ ਮੋਰਿਆਂ ਨੂੰ ਭਰਨ ਲਈ ਵਰਤਿਆ ਗਿਆ ਸੀ. ਇੱਕ ਸਿੱਖ ਫੌਜੀ ਕਪਤਾਨ ਸਾਡੀ ਦਿਸ਼ਾ ਵਿੱਚ ਆਇਆ ਸੀ. ਉਸ ਨੇ ਸਾਨੂੰ ਪਹਿਲਾਂ ਚੋਆ ਪਾਰ ਕਰਣ ਦਿੱਤਾ. ਇਸ ਤਰ੍ਹਾਂ ਅਸੀਂ ਚੋਆ ਪਾਰ ਕੀਤਾ. ਕਈ ਲਾਸ਼ਾ ਪਈਆਂ ਹੋਇਆਂ ਸੀ. ਮੈਂ ਕੁੱਤੇਆਂ ਨੂੰ ਲਾਸ਼ਾਂ ਖਾਂਦੇ ਵੇਖਿਆ. ਉਹ ਭਿਆਨਕ ਦ੍ਰਿਸ਼ ਸਨ.

'ਫਿਰ ਅਸੀਂ ਜਲੰਧਰ ਪਹੁੰਚੇ. ਜਲੰਧਰ ਤੋਂ ਬਾਅਦ ਅਸੀਂ ਦਰਿਆ ਬਿਆਸ ਪਾਰ ਕੀਤਾ. ਹੁਣ ਇਸ ਵਿੱਚ ਕੋਈ ਵੀ ਮ੍ਰਿਤ ਸਰੀਰ ਨਹੀਂ ਤੈਰ ਰਹੇ ਸੀ ਪਰ ਸਾਨੂੰ ਪਤਾ ਲੱਗਾ ਕਿ ਕੁਝ ਹਫ਼ਤੇ ਪਹਿਲਾਂ ਇਸ ਵਿੱਚ ਲਾਸ਼ਾਂ ਭਰੀਆਂ ਸੀ. ਫਿਰ ਅਸੀਂ ਅੰਮ੍ਰਿਤਸਰ ਪਹੁੰਚ ਗਏ. ਸਾਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਖਾਲਸਾ ਕਾਲਜ (ਹੁਣ ਇਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਹਿੰਦੇ ਹਨ) ਦੇ ਨੇੜੇ ਇੱਕ ਹਮਲਾ ਹੋਵੇਗਾ. ਹਰ ਕੋਈ ਡਰ ਗਿਆ ਸੀ. ਸਿਪਾਹੀ ਕਿਸੇ ਵੀ ਹਮਲੇ ਦਾ ਮੁਕਾਬਲਾ ਕਰਨ ਲਈ ਆਪਣੀ ਸਟੇਨ ਗਨਾਂ ਅਤੇ ਹੋਰ ਹਥਿਆਰ ਨਾਲ ਤਿਆਰ ਸਨ, ਪਰ ਖੁਸ਼ਕਿਸਮਤੀ ਨਾਲ ਕੁਝ ਵੀ ਨਹੀਂ ਵਾਪਰਿਆ. ਫਿਰ ਅਸੀਂ ਅੰਮ੍ਰਿਤਸਰ ਪਾਰ ਕੀਤਾ ਅਤੇ ਲੋਕਾਂ ਨੇ ਉੱਚੀ ਚੀਕਾਂ ਮਾਰ ਕੇ 'ਪਾਕਿਸਤਾਨ ਜ਼ਿੰਦਾਬਾਦ' ਬੋਲਣਾ ਸ਼ੁਰੂ ਕਰ ਦਿੱਤਾ ਜਦ ਅਸੀਂ ਵਾਹਗਾ ਤੇ ਲੱਗੇ ਸਾਈਨ ਪੋਸਟ ਵੇਖੇ.

'ਫਿਰ ਚਾਚਾ ਮਹਿਮੂਦ 19 ਸੀ ਮਾਡਲ ਟਾਊਨ ਲਾਹੌਰ ਸਾਨੂੰ ਲੈ ਆਏ. ਮੇਰੇ ਚਚੇਰੇ ਭਰਾ ਪਹਿਲਾਂ ਹੀ ਉਥੇ ਰਹਿ ਰਹੇ ਸਨ. ਇਹ ਇੱਕ ਵੱਡਾ ਬੰਗਲਾ ਸੀ. ਇਥੇ ਬਹੁਤ ਸਾਰੀ ਕਿਤਾਬਾਂ ਅਤੇ ਤਸਵੀਰਾਂ ਸੀ. ਦੋ ਮਹੀਨੇਆਂ ਤਕ ਅਸੀਂ ਬਹੁਤ ਆਮ ਭੋਜਨ ਖਾਧਾ ਜੋ ਮੂਲੀਆਂ ਨਾਲ ਬਣਿਆ ਸੀ. ਸਥਾਨਕ ਲਾਹੌਰੀ ਖਾਲੀ ਬਕਸੇ ਲੈ ਕੇ ਆਉਂਦੇ ਸੀ. ਉਹ ਸਿਪਾਹੀਆਂ ਨੂੰ ਰਿਸ਼ਵਤ ਦੇ ਕੇ ਉਹ ਸਾਮਾਨ ਬਕਸੇਆਂ ਤੇ ਭਰ ਲੈਂਦੇ ਜੋ ਹਿੰਦੂ ਅਤੇ ਸਿੱਖ ਪਿੱਛੇ ਛੱਡ ਗਏ ਸੀ. ਉਹ ਸਾਨੂੰ ਪੁੱਛਦੇ ਕਿ ਸਾਮਾਨ ਕਿੱਥੇ ਮਿਲ ਜਾਵੇਗਾ. ਅਸੀਂ ਉਨ੍ਹਾਂ ਨੂੰ ਦੱਸਦੇ ਅਤੇ ਫਿਰ ਉਹ ਸਾਰੇ ਬਕਸੇ ਭਰ ਲੈਂਦੇ. ਸਾਡੀ ਭੈਣਾ ਨੇ ਸਾਨੂੰ ਦੱਸਿਆ ਕਿ ਪਠਾਨਾਂ ਨੇ ਇੱਕ ਹਿੰਦੂ ਨੂੰ ਮਾਰ ਦਿੱਤਾ ਸੀ. ਮੇਰੀ ਭੂਆ (ਪਿਤਾ ਦੀ ਭੈਣ) ਚੌਬੁਰਜੀ, ਲਾਹੌਰ ਦੇ ਨੇੜੇ 47 ਪੁੰਛ ਰੋਡ 'ਤੇ ਰਹਿੰਦੇ ਸਨ. ਕਈ ਵਾਰ ਅਸੀਂ ਉੱਥੇ ਇਕੱਠੇ ਹੁੰਦੇ ਸੀ. ਉਹ ਇੱਕ ਮਰਕਜੀ ਜਗ੍ਹ ਬਣ ਗਈ ਸੀ ਜਿੱਥੇ ਵੱਖ-ਵੱਖ ਹਿੱਸੇਆਂ ਤੋਂ ਆਏ ਸਾਰੇ ਰਿਸ਼ਤੇਦਾਰ ਇਕੱਠਾ ਹੁੰਦੇ.

'ਹੁਣ, ਜਦ ਅਸੀਂ ਹਰਿਆਣਾ ਛੱਡ ਕੇ ਜਾ ਰਹੇ ਸੀ ਮੇਰੇ ਤਾਯਾਜੀ ਪਿੱਛੇ ਰਹਿ ਗਏ. ਕਿਸੀ ਨੂੰ ਉਨ੍ਹਾਂ ਦੀ ਗੈਰ-ਮੋਜੁਦਗੀ ਬਾਰੇ ਪਤਾ ਨਹੀਂ ਲਗਾ ਜਦ ਤੱਕ ਅਸੀਂ ਹਰਿਆਣਾ ਤੋਂ ਬਹੁਤ ਦੂਰ ਨਹੀਂ ਚਲੇ ਗਏ ਸੀ. ਇੱਕ ਸਥਾਨਕ ਵਪਾਰੀ ਸੇਠ ਪਿਆਰੇਲਾਲ ਤਾਯਾਜੀ ਨੂੰ ਆਪਣੇ ਘਰ ਲੈ ਗਿਆ. ਸੇਠ ਪਿਆਰੇਲਾਲ ਨੇ ਉਨ੍ਹਾਂ ਨੂੰ ਕਿਹਾ, 'ਰਾਣਾ ਫ਼ੀਰੋਜ਼ ਦੀਨ, ਦਿਨ ਦੇ ਵਕਤ ਤੁਸੀਂ ਆਲੇ-ਦੁਆਲੇ ਜਾ ਸਕਦੇ ਹੋ ਪਰ ਪੱਛਮੀ ਪੰਜਾਬ ਤੋਂ ਬੇਘਰ ਹੋ ਕੇ ਹਿੰਦੂ ਅਤੇ ਸਿੱਖ ਆ ਰਹੇ ਨੇ. ਸ਼ਾਮ ਨੂੰ ਬਾਹਰ ਜਾਨਾ ਤੁਹਾਡੇ ਲਈ ਮਹਿਫ਼ੂਜ ਨਹੀਂ ਹੋਵੇਗਾ. ਤੁਸ਼ੀਂ ਇੱਥੇ ਆ ਕੇ ਮੇਰੇ ਨਾਲ ਮੇਰੇ ਕਮਰੇ ਤੇ ਸੌ ਜਾਉ'.

'ਫਿਰ ਪਾਕਿਸਤਾਨ ਤੋਂ ਕੋਈ ਆਪਣੇ ਪਰਵਾਰ ਦੀ ਤਲਾਸ਼ ਵਿਚ ਇੱਕ ਟਰੱਕ ਲੈ ਕੇ ਆਇਆ.ਉਨ੍ਹਾਂ ਨੂੰ ਮਾਰ ਦਿੱਤਾ ਗਿਆ ਸੀ. ਅਤੇ ਤਾਯਾਜੀ ਉਸ ਦੇ ਨਾਲ ਲਾਹੌਰ ਆ ਗਏ. ਇੱਕ ਦਿਨ ਅਸੀਂ ਤਾਯਾਜੀ ਨੂੰ ਪੂੰਛ ਰੋਡ ਤੇ ਚਲਦੇ ਵੇਖਿਆ. ਉਨ੍ਹਾਂ ਨੂੰ ਪਤਾ ਸੀ ਕਿ ਬੁਆਜੀ ਉੱਥੇ ਰਹਿੰਦੇ ਸਨ. ਅਤੇ, ਆਖੀਰਕਾਰ ਸਾਡਾ ਸਭ ਦਾ ਮੇਲ ਹੋ ਗਿਆ. ਸਾਡੇ ਪਰਵਾਰ ਦੇ ਕਿਸੀ ਕਰੀਬੀ ਰਿਸ਼ਤੇਦਾਰ ਦਾ ਕਤਲ ਨਹੀਂ ਕੀਤਾ ਗਿਆ ਸੀ.

'ਉਥੇ ਇੱਕ ਸਿੱਖ ਸੀ ਜਿਸ ਦਾ ਉਪਨਾਮ ਸ਼ਰਨਾ ਸੀ ਅਤੇ ਉਹ ਮੁਸਲਿਮਾਂ ਦਾ ਬਹੁਤ ਕਰੀਬੀ ਦੋਸਤ ਸੀ. ਉਸ ਨੇ ਉਨ੍ਹਾਂ ਨੂੰ ਆਪਣੀ ਪਿਸਤੌਲ ਦੇ ਦਿੱਤੀ ਜਦ ਸਿੱਖ ਜੱਥੇ ਆਲੇ-ਦੁਆਲੇ ਘੁਮਣ ਲਗੇ ਅਤੇ ਮੁਸਲਿਮਾਂ ਦਾ ਪਿੰਡਾਂ ਅਤੇ ਹੁਸ਼ਿਆਰਪੁਰ ਦੇ ਇਲਾਕਿਆਂ ਤੇ ਸ਼ਿਕਾਰ ਕਰਣ ਲਗੇ. ਉਹ ਸਿੱਖਾਂ ਦੇ ਹਮਲੇ ਦੇ ਮਨਸੂਬੇ ਬਾਰੇ ਸਾਨੂੰ ਇਤਲਾਹ ਦੇ ਦੇਂਦਾ ਸੀ. ਜਦ ਅਸੀਂ ਜਾ ਰਹੇ ਸੀ ਤਦ ਉਸ ਨੇ ਸਾਰਾ ਦਿਨ ਟਰੱਕਾਂ ਤੇ ਸਾਮਾਨ ਚੁਕਣ ਤੇ ਸਾਡੀ ਮਦਦ ਕੀਤੀ. ਬਾਅਦ ਤੇ ਸ਼ਾਸਤ੍ਰੀ ਸੰਗੀਤ ਦੇ ਮਸ਼ਹੂਰ ਕੇਂਦਰ ਸ਼ਾਮ ਚੌਰਾਸੀ ਤੇ ਸ਼ਰਨਾ ਨੇ ਇੱਕ ਪਾਕ ਮੁਸਲਿਮ ਸ਼ਮੀ ਸਾਹਿਬ ਦੀ ਮਜ਼ਾਰ ਦੀ ਦੇਖ-ਭਾਲ ਕਰਣ ਦੀ ਜ਼ਿਮੇਵਾਰੀ ਲੈ ਲੀਤੀ. ਖ਼ਾਲਿਸਤਾਨੀ ਅੱਤਵਾਦਿਆਂ ਨੇ 1980 ਦੇ ਦਹਾਕੇ ਤੇ ਉਨ੍ਹਾਂ ਦਾ ਕਤਲ ਕਰ ਦਿੱਤਾ.

'ਮੇਰੇ ਕੁੱਛ ਚਚੇਰੇ ਭਰਾ ਹਰਿਆਣਾ ਜਾ ਚੁਕੇ ਨੇ ਅਤੇ ਆਪਣੇ ਪੁਰਾਨੇ ਦੋਸਤਾਂ ਅਤੇ ਜਮਾਤਿਆਂ ਨੂੰ ਮਿਲ ਚੁਕੇ ਨੇ. ਉਨ੍ਹਾਂ ਦੇ ਨਾਲ ਬੇਹਤਰੀਨ ਸਲੂਕ ਕੀਤਾ ਗਿਆ. ਸਾਡੇ ਕਰੀਬੀ ਰਿਸ਼ਤੇਦਾਰ ਕਦੀ ਵੀ ਤਕਸੀਮ ਨੂੰ ਮੰਜ਼ੂਰ ਨਹੀਂ ਕਰ ਸਕੇ ਅਤੇ ਹਮੇਸ਼ਾ ਹਰਿਆਣਾ ਬਾਰੇ ਸੋਚਦੇ ਰਹਿੰਦੇ ਸੀ. ਇੱਕ ਵਾਰ ਜਦ ਨਹਿਰੁ ਨੇ ਪਾਕਿਸਤਾਨ ਦਾ ਦੌਰਾ ਕੀਤਾ ਤਦ ਉਹ ਸਾਡੇ ਇੱਕ ਵਡੇਰੇ ਲੇ.ਕ.ਅਜ਼ੀਜ਼ ਅਹਮਦ ਖਾਨ ਨੂੰ ਮਿਲੇ ਜਿਸ ਦਾ ਨਾਤਾ ਆਈ.ਐਨ.ਏ. ਨਾਲ ਸੀ. ਨਹਿਰੁ ਨੇ ਉਨ੍ਹਾਂ ਨੂੰ ਭਾਰਤ ਵਾਪਸ ਲੈਟਣ ਨੂੰ ਕਿਹਾ ਅਤੇ ਵਾਅਦਾ ਕੀਤਾ ਕਿ ਉਨ੍ਹਾਂ ਦੀ ਅਤੇ ਜੋ ਵਾਪਸ ਜਾਣਾ ਚਾਹੁੰਦੇ ਸੀ, ਉਨ੍ਹਾਂ ਦੀ ਜਾਇਦਾਦ ਲੈਟਾ ਦਿੱਤੀ ਜਾਵੇਗੀ. ਪਰ ਤਦ ਤਕ ਹਾਲਾਤ ਇਸ ਕਦਰ ਬਦਲ ਗਏ ਸੀ ਕਿ ਵਾਪਸੀ ਦੇ ਲਈ ਬਹੁਤ ਦੇਰ ਹੋ ਗਈ ਸੀ ਅਤੇ ਤਦ ਤੋਂ ਅਸੀਂ ਇੱਥੇ ਹਾਂ. ਸਾਡੀ ਬਰਾਦਰੀ ਪੂਰੇ ਪੱਛਮ ਪੰਜਾਬ ਤੇ ਫੈਲੀ ਹੋਈ ਹੈ. ਅਸੀਂ ਉਕਾਰਾ ਤੇ ਵਸ ਗਏ; ਸਾਡੇ ਕੁੱਛ ਰਿਸ਼ਤੇਦਾਰ ਆਰਿਫਵਾਲਾ ਅਤੇ ਚਿਚਾਵਤਨੀ ਚਲੇ ਗਏ, ਦੂਜੇ ਲਾਇਲਪੁਰ, ਸ਼ੇਖੁਪੂਰਾ (ਮਾਨਾਵਾਲ) ਅਤੇ ਲਾਹੌਰ ਤੇ. ਪਰ ਮੇਰਾ ਦਿਲ ਹਰਿਆਣਾ ਤੇ ਹੈ ਅਤੇ ਮੈਂ ਹਮੇਸ਼ਾ ਹਰਿਆਣਾ ਦੀ ਮਿੱਟੀ ਦਾ ਪੁੱਤਰ ਰਹਿਣਾ ਹੈ.'

ਕਾਂਗੜਾ

ਕਾਂਗੜਾ ਤੇ ਮੁਸਲਿਮ ਇੱਕ ਛੋਟੀ ਮਾਇਨਾਰਿਟੀ ਸਨ-ਕੁੱਲ ਆਬਾਦੀ ਦੀ ਸਿਰਫ਼ ੪.੪ ਫ਼ੀਸਦੀ. ਇੱਹ ਇੱਕ

ਹਿੰਦੂ ਪ੍ਰਬਲ ਜਿਲ੍ਹਾ ਸੀ ਜਿਸ ਵਿੱਚ ਪਹਾੜੀ ਇਲਾਕਾ ਹੀ ਜ਼ਿਆਦਾ ਸੀ. ਅਕਤੂਬਰ 1999 ਨੂੰ ਮੈਂ ਸਾਬਕਾ ਪੇਂਟਰ, ਬੁੱਤਾਕਰ ਅਤੇ ਸ਼ਾਇਰ ਅਮਰਨਾਥ ਸਹਗਲ ਦਾ ਇੱਕ ਇੰਟਰਵਿਊ ਲੀਤਾ ਸੀ, ਜਦ ਮੈਂ ਲਾਹੌਰ ਉਪਰ ਇਤਲਾਹ ਹਾਸਲ ਕਰਨੀ ਸ਼ੁਰੂ ਕੀਤੀ ਸੀ ਅਤੇ ਕਾਂਗੜਾ ਬਾਰੇ ਸ਼੍ਰੀ ਸਹਗਲ ਨੇ ਇਹ ਇਤਲਾਹ ਦਿੱਤੀ.

ਅਮਰਨਾਥ ਸਹਗਲ

'ਮੈਂ ਅਸਲ ਵਿੱਚ ਕੈਂਪਬੇਲਪੁਰ, ਉੱਤਰੀ ਪੰਜਾਬ ਨਾਲ ਤਾਲੁੱਕ ਰੱਖਦਾ ਹਾਂ. 1939 ਤੇ ਮੈਂ ਲਾਹੌਰ ਗਵਰਨਮੇਂਟ ਕਾਲਜ ਤੇ ਪੜ੍ਹਣ ਲਈ ਆਇਆ ਅਤੇ 1941 ਦੇ ਗ੍ਰੈਜੁਏਸ਼ਨ ਕੀਤੀ. ਮਈ 1947 ਤੇ, ਮੈਂ ਲਾਹੌਰ ਛੱਡ ਦਿੱਤਾ ਕਿਉਂਕਿ ਛੁਰੇਬਾਜ਼ੀ, ਲੁੱਟਪਾਟ ਅਤੇ ਅੱਗਜਨੀ, ਰੋਜ਼ ਦਾ ਮਾਮਲਾ ਬਣ ਗਿਆ ਸੀ. ਜਿਸ ਜਗ੍ਹ ਨੂੰ ਮੈਂ ਬੇਹਦ ਪਿਆਰ ਕਰਣ ਲਗਾ ਸੀ, ਉਥੋਂ ਇਹ ਇੱਕ ਦਿਲ ਤੋੜਣ ਵਾਲੀ ਜੁਦਾਈ ਸੀ. ਮਗਰ ਜਦ ਮੈਂ ਪੂਰਬੀ ਪੰਜਾਬ ਤੇ ਆਇਆ, ਹਾਲਾਤ ਬਿਹਤਰ ਨਹੀਂ ਸਨ. ਕਾਂਗੜਾ-ਕੁਲੂ ਦੀ ਘਾਟੀ ਤੇ ਅਗਸਤ ਤੋਂ ਲੈ ਕੇ ਸਤੰਬਰ ਦੇ ਦੌਰਾਨ, ਮੁਸਲਿਮ ਮਾਇਨਾਰਿਟੀ ਦਾ ਪੂਰਾ ਕਤਲੇਆਮ ਹੋਇਆ. 35,000 ਤੋਂ ਸਿਰਫ਼ 9,000 ਜ਼ਿੰਦਾ ਬਚ ਕੇ ਪਾਕਿਸਤਾਨ ਜਾ ਸਕੇ. ਦਰਿਆ ਬਿਆਸ ਵਿੱਚ ਲਾਸ਼ਾ ਭਰੀਆਂ ਹੋਇਆਂ ਸੀ ਅਤੇ ਹਵਾ ਵਿੱਚ ਇੱਕ ਬਦਬੂ, ਕਤਲੇਆਮ ਦੇ ਕਈ ਹਫ਼ਤੇਆਂ ਬਾਅਦ ਵੀ ਮੌਜੂਦ ਰਹੀ. ਮੈਨੂੰ ਯਾਦ ਹੈ ਕਿ ਮੈਂ ਕਈ ਦਿਨਾਂ ਤਕ ਬੀਮਾਰ ਮਹਿਸੂਸ ਕਰ ਰਿਹਾ ਸੀ ਅਤੇ ਅਕਸਰ ਮੈਨੂੰ ਡਰਾਵਨੇ ਸੁਪਨੇ ਆਉਂਦੇ ਸੀ. ਖਾਸ ਕਰ ਕੇ, ਬਰਛੇ ਉਪਰ ਚੜ੍ਹਾਏ ਹੋਏ ਹਲਾਕ ਕੀਤੇ ਬੱਚੇ ਅਤੇ ਨੌਜਵਾਨ ਔਰਤਾਂ ਦੀ ਪਾਟੀਆਂ ਲੱਤਾਂ, ਦੇ ਨਜ਼ਾਰੇ, ਮੈਨੂੰ ਇੱਕ ਲੰਬੇ ਵਕਤ ਤਕ ਸਤਾਉਂਦੇ ਰਹੇ. ਮੈਨੂੰ ਹੁਣ ਵੀ ਇਸ ਤਰ੍ਹਾਂ ਦੇ ਦੌਰੇ ਆਉਂਦੇ ਨੇ.'

ਹਵਾਲਾ

ਅਫ਼ਜ਼ਲ, ਮੁਹੱਮਦ, ਦਾਸਤਾਨ-ਇ-ਸੰਢਮ, ਇਲਾਮਾਬਾਦ: ਚੌਧਰੀ ਮੁਹੱਮਦ ਅਜਮਲ ਹੁਸੈਨ, ਸਈਦ ਵਜਾਹਤ, ਮੇਮੋਰੀਜ ਔਫ ਏ ਸੋਲਜਰ ਬਿਫੋਰ, ਦਰ੍ਹਾਰਿੰਗ,ਆਫਟਰ, ਲਾਹੌਰ: ਫ਼ਿਰੋਜ਼ਸਨਸ (ਪ੍ਰਾ.) ਲਿ. (2010).

ਖ਼ਾਨ, ਮੁਹੱਮਦ ਅਯੂਬ, ਟਾਰੀਖ-ਇ-ਪਾਕਿਸਤਾਨ ਔਰ ਜਲੰਧਰ, ਲਾਹੌਰ: ਅਸਤਏਅਰ (2002).

ਰੈਬਰਟਸ, ਐਂਡਰਿਊ, ਏਮੀਨੇਂਟ ਚਰਚਿਲਿਅਨਸ, ਲੰਡਨ: ਫਿਨਿਕਸ ਬੂਕਸ (1995).

ਸ਼ਫ਼ੀ, ਮੋਹੱਮਦ, ਕੈਪਟੇਨ (ਰਾ.), 'ਸਟੇਟਮੇਂਟ ਔਫ ਕੈਪ.ਮੋਹ.ਸ਼ਫ਼ੀ, ਰੈਸੀਡੇਂਟ ਔਫ ਮਨਸੁਰਪੁਰ, ਪੁਲਿਸ ਸਟੇਸ਼ਨ ਮਕੇਰਿਆਂ, ਜ਼ਿਲ੍ਹਾ ਹੁਸ਼ਿਆਰਪੁਰ', ਇਨ ਦੀ ਜਰਨੀ ਟੂ ਪਾਕਿਸਤਾਨ: ਐ ਡੌਕਣੂਮੇਂਟੇਸ਼ਨ ਔਨ ਰੇਫਿਯੁਜਿਸ ਔਫ 1947,ਇਸਲਾਮਾਬਾਦ: ਨੈਸ਼ਨਲ ਡੌਕਣੂਮੇਂਟੇਸ਼ਨ ਸੇਂਟਰ,(1993).

ਇੰਟਰਵਿਊ

ਅਮਰਨਾਥ ਸਹਗਲ, ਨਵੀਂ ਦਿੱਲੀ, 20 ਅਕਤੂਬਰ 1999

ਚੌਧਰੀ ਰਿਆਸਤ ਅਲੀ, ਲੰਡਨ, 18 ਮਈ 2002

ਹਮੀਦ ਅਖ਼ਤਰ, ਲੰਡਨ, 19 ਮਈ 2002

ਸਈਦ ਮੁਹੱਮਦ ਇਸਲਾਮ, ਲੰਡਨ, 19 ਮਈ 2002

ਸ਼ੇਖ਼ ਅਨਵਰ ਅਲੀ, ਇਸਲਾਮਾਬਾਦ, 15 ਅਪ੍ਰੈਲ 2003

ਮਿਆਂ ਜਲਾਲ ਦੀਨ, ਲਾਹੌਰ, 22 ਅਪ੍ਰੈਲ 2003

ਅਮਰ ਸਿੰਘ, ਦਿੱਲੀ, 15 ਮਾਰਚ 2004

ਹੰਸ ਰਾਜ ਖਤਰੀ, ਸਿਦਵਾਂ ਭੇਤ, ਲੁਧਿਆਣਾ ਜ਼ਿਲ੍ਹਾ, 17 ਮਾਰਚ 2004
ਸੇਲਜਾ ਸੈਨੀ, ਚੰਡੀਗੜ, 20 ਮਾਰਚ 2004
ਮਲਿਕ ਮੁਹੱਮਦ ਅਸਲਮ, ਲਾਹੌਰ, 17 ਦਸੰਬਰ 2004
ਮੁਹੱਮਦ ਅਬਦੁੱਲ੍ਹਾ ਸ਼ਮਸ਼ਾਦ, ਮੁਲਤਾਨ, 21 ਦਸੰਬਰ 2004
ਮੁਹੱਮਦ ਆਸ਼ਿਕ ਰਾਹੀਲ, ਲਾਹੌਰ, 29 ਦਸੰਬਰ 2004
ਵਿੰਕੀ ਦੇ ਜਮਾਤੀ ਦੇ ਪਿਤਾ, ਪਿੰਡ ਨਥੁ ਮਾਜਰਾ, ਲੁਧਿਆਣਾ ਜ਼ਿਲ੍ਹਾ, 4 ਜਨਵਰੀ 2005
ਰਣਜੀਤ ਸਿੰਘ (ਅਜੀਤ ਸਿੰਘ), ਪਿੰਡ ਨਥੁ ਮਾਜਰਾ, ਲੁਧਿਆਣਾ ਜ਼ਿਲ੍ਹਾ, 4 ਜਨਵਰੀ 2005
ਮੋਹਨ ਲਾਲ ਝੰਜੀ, ਲੁਧਿਆਣਾ, 4 ਜਨਵਰੀ 2005
ਬਲਦੇਵ ਵਰਮਾ, ਲੁਧਿਆਣਾ, 4 ਜਨਵਰੀ 2005
ਮੌਲਾਨਾ ਹਬਿਬੁਰ ਰਹਮਾਨ ਸਨਵੀ ਲੁਧਿਆਣਵੀ, ਲੁਧਿਆਣਾ, 4 ਜਨਵਰੀ 2005
ਰਜਨੀਸ਼ ਟੰਡਨ ਦੇ ਪਿਤਾ, ਹੁਸ਼ਿਆਰਪੁਰ, 6 ਜਨਵਰੀ 2005
ਅਜੈਬ ਸਿੰਘ, ਗੁੱਜ਼ਰਵਾਲ, ਲੁਧਿਆਣਾ ਜ਼ਿਲ੍ਹਾ, 29 ਨਵੰਬਰ 2005
ਹਰਮੈਲ ਸਿੰਘ, ਗੁੱਜ਼ਰਵਾਲ, ਲੁਧਿਆਣਾ ਜ਼ਿਲ੍ਹਾ, 29 ਨਵੰਬਰ 2005
ਹਾਜੀ ਮੁਖ਼ਤਾਰ ਅਹਿਮਦ ਖ਼ਾਨ, ਸ਼ੇਖ਼ੁਪੁਰਾ, 30 ਦਸੰਬਰ 2005
ਕਰਨਲ (ਰਿਟਾ.) ਅਤਾ ਮੁਹੱਮਦ ਡੋਗਰ, ਲਾਹੌਰ, 10 ਮਈ 2007
ਰਾਣਾ ਮੁਹੱਮਦ ਅਜ਼ਹਰ ਖ਼ਾਨ, ਲਾਹੌਰ, 16 ਮਾਰਚ 2016

19

ਅੰਬਾਲਾ ਡਿਵੀਜ਼ਨ ਅਤੇ ਦਿੱਲੀ

ਅੰਬਾਲਾ ਡਿਵੀਜ਼ਨ ਪੁਰਾਣੇ ਪੰਜਾਬ ਦਾ ਸਭ ਤੋਂ ਪੂਰਬੀ ਅਤੇ ਸਭ ਤੋਂ ਉੱਚੀ ਪ੍ਰਸ਼ਾਸਨਿਕ ਇਕਾਈ ਸੀ. ਇਸ ਦੇ ਵਿੱਚ ਅੰਬਾਲਾ, ਹਿਸਾਰ, ਰੋਹਤਕ, ਕਰਨਾਲ, ਗੁੜਗਾਂਉ ਅਤੇ ਸਿਮਲਾ ਜ਼ਿਲ੍ਹੇ ਸ਼ਾਮਲ ਸਨ. ਇਸ ਦੀ ਆਬਾਦੀ ਦੀ 15 ਫ਼ੀਸਦੀ ਮੁਸਲਿਮ ਮਾਇਨਾਰਿਟੀ ਸੀ. ਹਾਲਾਂਕਿ ਜ਼ਿਆਦਾਤਰ ਜ਼ਿਲ੍ਹੇਆਂ ਵਿੱਚ ਹਿੰਦੀ ਬੋਲੀ ਜਾਂਦੀ ਸੀ (ਇਸ ਦੀ ਅਲਗ ਸਥਾਨਕ ਬੋਲੀਆਂ ਵਿੱਚ), ਅੰਬਾਲਾ ਅਤੇ ਸਿਮਲਾ ਵਿੱਚ ਪੰਜਾਬੀ ਬੋਲਣ ਵਾਲੀ ਇੱਕ ਵੱਡੀ ਤਦਾਦ ਸੀ.

ਖ਼ਾਨ ਬਹਾਦੁਰ ਮਲਿਕ ਖ਼ੁਦਾ ਬਕਸ਼ ਨੇ 4 ਅਕਤੂਬਰ 1947 ਨੂੰ ਅੰਬਾਲਾ ਦੇ ਹਾਲਾਤ ਅਤੇ ਜਲੰਧਰ ਹੋਰ ਲੁਧਿਆਣਾ ਉਪਰ ਇੱਕ ਲੰਬੀ ਰਿਪੋਰਟ ਲਿਖੀ. ਉਹ ਇਣ ਇਲਾਕਿਆਂ ਦਾ ਦੌਰਾ ਕਰ ਕੇ ਉਥੇ ਦੇ ਮੁਸਲਿਮਾਂ ਬਾਰੇ ਇਤਲਾਹ ਹਾਸਲ ਕਰਦੇ ਸੀ. ਇਹ ਸਾਫ਼ ਤੌਰ ਤੇ ਪਤਾ ਨਹੀਂ ਹੈ ਕਿ ਉਨ੍ਹਾਂ ਦਾ ਸਰਕਾਰੀ ਇਖ਼ਤਿਆਰ ਕੀ ਸੀ, ਪਰ ਲਗਦਾ ਹੈ ਤਕਸੀਮ ਤੋਂ ਪਹਿਲਾਂ ਦੇ ਪੰਜਾਬ ਵਿੱਚ, ਉਹ ਇੱਕ ਵੱਡੇ ਅਹੁਦੇ ਤੇ ਹੋਣਗੇ ਜਾਂ ਉਹ ਪਾਕਿਸਤਾਨ ਦੀ ਨੁਮਾਇੰਦਗੀ ਕਰ ਰਹੇ ਸੀ. ਮਗਰ ਇਹ ਕਾਫ਼ੀ ਸਾਫ਼ ਸੀ ਕਿ ਮੁਸਲਿਮ ਇਣ ਜਗ੍ਹਾਂ ਤੇ ਰਹਿਣ ਦੀ ਆਸ ਲਗਾ ਕੇ ਬੈਠੇ ਸੀ, ਪਰ ਉਨ੍ਹਾਂ ਨੂੰ ਜਾਣ ਲਈ ਮਜਬੂਰ ਕੀਤਾ ਗਿਆ. ਉਹ ਜ਼ਿਕਰ ਕਰਦੇ ਨੇ ਕਿ ਸਿਰਫ਼ ਰਿਆਸਤ ਪਟਿਆਲਾ ਦੇ ਹਥਿਆਰਬੰਦ ਸਿੱਖਾਂ ਨੇ ਅੰਬਾਲਾ ਡਿਵੀਜ਼ਨ ਦੇ ਮੁਸਲਿਮਾਂ ਉਪਰ ਹਮਲਾ ਕੀਤਾ. ਹੇਠ, ਉਨ੍ਹਾਂ ਦੇ ਅੰਬਾਲਾ ਜ਼ਿਲ੍ਹੇ ਦੇ ਦੌਰੇ ਦਾ ਖ਼ੁਲਾਸਾ ਪੇਸ਼ ਹੈ.

ਅੰਬਾਲਾ ਜ਼ਿਲ੍ਹਾ

ਅੰਬਾਲਾ ਜ਼ਿਲ੍ਹੇ ਦੀ ਮੁਸਲਿਮ ਆਬਾਦੀ ਲੱਗਭਗ 32 ਫ਼ੀਸਦੀ ਸੀ. ਰੁਪਰ ਤਕਸੀਲ ਤੇ ਕਈ ਮੁਸਲਿਮ ਪਿੰਡ ਸਨ. ਮਲਿਕ ਖ਼ੁਦਾ ਬਕਸ਼ ਨੇ ਇਣ ਅਹਿਮ ਮੁੱਦੇਆਂ ਉਪਰ ਗੌਰ ਫ਼ਰਮਾਇਆ:

1. ਅੰਬਾਲਾ ਛਾਉਣੀ ਦੀ ਮੁਸਲਿਮ ਦੁਕਾਨਾਂ ਦਾ ਲੁੱਟਣਾ ਬਾਕਾਇਦਾ ਜਾਰੀ ਸੀ. ਪੁਲਿਸ, ਖ਼ਾਸ ਕਰ ਕੇ ਗੈਰ-ਮੁਸਲਿਮ, ਲਗਾਤਾਰ ਇਸ ਦੇ ਵਿੱਚ ਹਿਸਾ ਲੈ ਰਹੀ ਸੀ. ਹਾਲਾਂਕਿ ਸਰਕਾਰੀ ਹੁਕਮ ਤੇ ਇਹ ਹੈ ਕਿ ਲੁੱਟੇਰੇਆਂ ਨੂੰ ਵੇਖਦੇ ਹੀ ਗੋਲੀ ਮਾਰ ਦੇਣੀ ਸੀ, ਇਣ ਹੁਕਮਾਂ ਦੀ ਤਾਮੀਲ ਸਿਰਫ਼ ਡਿਪਟੀ ਕਮੀਸ਼ਨਰ ਸ਼੍ਰੀ ਗਰੇਵਾਲ ਕਰ ਰਹੇ ਸੀ ਪਰ ਦੂਜਾ ਉਨ੍ਹਾਂ ਦੇ ਥਲੇ ਦਾ ਸਟਾਫ ਇਣ ਹੁਕਮਾਂ ਦਾ ਇਸਤੇਮਾਲ ਤਾਮੀਲ ਦੀ ਬਜਾਏ ਤੋੜਣ ਲਈ ਕਰ ਰਹੇ ਨੇ.
2. ਸੀਸਵਾਂ, ਤਹਸੀਲ ਰੁਪਰ ਤੇ, ਲੋਕਾਂ ਨੇ ਫ਼ੌਜ਼ੀ ਪੋਸ਼ਾਕ ਪਹਿਣ ਕੇ, ਪਿੰਡ ਦੇ ਲੋਕਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਕੁਰਾਲੀ ਕੈਂਪ ਲੈ ਜਾਣ ਲਈ ਆਏ ਸੀ. ਇਹ ਬਹਾਨਾ ਕਰ ਕੇ, ਉਨ੍ਹਾਂ ਨੇ ਪਿੰਡ ਦੇ ਲੋਕਾਂ ਨੂੰ ਬਾਹਰ ਲੈ ਆਉਂਦਾ ਪਰ ਜ਼ਿਆਦਾਤਰ ਲੋਕਾਂ ਨੂੰ ਹਲਾਕ ਕਰ ਦਿੱਤਾ. ਇੱਕ ਛੋਟੇ ਇਲਾਕੇ ਤੇ, ਇੱਕ ਫ਼ੌਜ਼ੀ ਕੈਪਟੇਨ ਨੇ 300 ਮੁਸਲਿਮਾਂ ਦੀ ਲਾਸ਼ਾਂ ਵੇਖਿਆਂ.

3. ਘੱਗਰ ਪੁਲ ਦੇ ਨਜਦੀਕ, ਰਿਆਸਤ ਪਟਿਆਲਾ ਤੋਂ ਆਉਣ ਵਾਲੇ ਇੱਕ ਕਾਫ਼ਿਲੇ ਉਪਰ ਇੱਕ ਹਥਿਆਰਬੰਦ ਸਿੱਖ ਗਿਰੋਹ ਨੇ ਹਮਲਾ ਕੀਤਾ ਅਤੇ ਮੁਸਲਿਮ ਕੁੜੀਆਂ ਨੂੰ ਆਪਣੀ ਇੱਜ਼ਤ ਬਚਾਉਣ ਲਈ ਦਰਿਆ ਵਿੱਚ ਛਾਲ ਮਾਰਨੀ ਪਈ.

4. ਭੇਰੈਲੀ, ਖਰਰ ਤਹਸੀਲ ਤੇ ਪਿੰਡ ਉਪਰ, ਜਿਸ ਵਿੱਚ ਜ਼ਿਆਦਾਤਰ ਸਈਦ ਮੁਸਲਿਮ ਰਹਿੰਦੇ ਸਨ, ਹਥਿਆਰਬੰਦ ਸਿੱਖ ਗਿਰੋਹਾਂ ਨੇ ਹਮਲਾ ਕੀਤਾ (ਕਿਹਾ ਜਾਂਦਾ ਹੈ ਕਿ ਉਹ ਰਿਆਸਤ ਪਟਿਆਲਾ ਤੋਂ ਆਏ ਸੀ) ਅਤੇ ਖ਼ਬਰ ਮਿਲੀ ਹੈ ਕਿ ਕਈ ਲੋਕਾਂ ਨੂੰ ਹਲਾਕ ਕਰ ਦਿੱਤਾ ਗਿਆ ਹੈ. ਨੌਜਵਾਨ ਸਈਦ ਕੁੜੀਆਂ ਨੇ ਆਪਣੀ ਇੱਜ਼ਤ ਬਚਾਉਣ ਲਈ, ਖੂਆਂ ਤੇ ਛਾਲ ਮਾਰ ਦਿੱਤੀ, ਪਰ ਖ਼ਬਰ ਮਿਲੀ ਹੈ ਕਿ ਉਨ੍ਹਾਂ ਨੂੰ ਖੂਹਾਂ ਤੋਂ ਕੱਢ ਕੇ ਜਬਰ ਜਨਾਹ ਕੀਤਾ ਗਿਆ (1993:2003).

ਸਈਦ ਕਾਮੁਰੁੱਜ਼ਮਨ ਸ਼ਾਹ

'ਮੇਰੇ ਪਰਵਾਰ ਦਾ ਤਾਲੁੱਕ ਅਹਰਾਰ ਪਾਰਟੀ ਨਾਲ ਸੀ ਅਤੇ ਇਸ ਦੀ ਅੰਬਾਲਾ ਵਿੱਚ ਇੱਕ ਮਜ਼ਬੂਤ ਮੌਜੂਦਗੀ ਸੀ. ਸਾਡਾ ਇਹ ਕਹਿਣਾ ਸੀ ਕਿ ਇੰਡੀਆ ਦੀ ਤਕਸੀਮ ਮੁਸਲਿਮਾਂ ਦੀ ਵੀ ਤਕਸੀਮ ਕਰ ਦੇਗੀ. ਅੰਬਾਲਾ ਸ਼ਹਿਰ ਤੇ ਅਹਰਾਰਾਂ ਦੀ ਚੰਗੀ ਸਦਭਾਵਨਾ ਸੀ. ਅਕਤੂਬਰ ਦੇ ਮੱਧ ਤੇ ਮੇਰੇ ਵਾਲਿਦ ਨੇ ਮਹਿਸੂਸ ਕੀਤਾ ਕਿ ਅੰਬਾਲਾ ਤੇ ਰਹਿਣਾ ਨਾਮੁਮਕਿਨ ਸੀ, ਕਿਉਂਕਿ ਹਜ਼ਾਰਾਂ ਦੀ ਤਦਾਦ ਤੇ ਹਿੰਦੂ ਅਤੇ ਸਿੱਖ ਪਛੱਮ ਪੰਜਾਬ ਤੋਂ ਆ ਰਹੇ ਸੀ. ਉਨ੍ਹਾਂ ਦੇ ਕੁੱਝ ਨੌਜਵਾਨ ਮੁੰਡੇ ਬਦਲਾ ਲੈਣਾ ਚਾਹੁੰਦੇ ਸੀ ਅਤੇ ਮੁਸਲਿਮਾਂ ਨੂੰ ਨਿਸ਼ਾਨਾ ਬਣਾਉਣਾ ਵਧਦਾ ਹੀ ਜਾ ਰਿਹਾ ਸੀ. ਸਥਾਨਕ ਕਾਂਗਰੇਸੀ ਆਗੂ ਅਹਰਾਰ ਦੇ ਕਰੀਬੀ ਸਨ. ਉਨ੍ਹਾਂ ਨੇ ਸਲਾਹ ਦਿੱਤੀ ਕਿ ਅਸੀਂ ਹੁਣ ਚਲੇ ਜਾਇਏ ਅਤੇ ਜਦ ਅਮਨ ਕਾਇਮ ਹੋ ਜਾਂਦਾ ਸੀ ਤਦ ਅਸੀਂ ਵਾਪਸ ਆ ਜਾਇਏ. ਅੰਬਾਲਾ ਤੇ ਕਿਸੇ ਤਰ੍ਹਾਂ, ਦਿਹਾਤੀ ਇਲਾਕਿਆਂ ਤੋਂ ਆਉਣ ਵਾਲੇ ਮੁਸਲਿਮਾਂ ਦਾ ਬੁਰਾ ਹਾਲ ਸੀ. ਮੀਂਹ ਅਤੇ ਰਾਹ ਤੇ ਹੋਏ ਹਮਲੇਆਂ ਦੀ ਵਜ੍ਹਾ ਨਾਲ, ਕਈ ਬੀਮਾਰ ਅਤੇ ਜ਼ਖ਼ਮੀ ਸਨ. ਕਈ ਲੋਕ ਕੈਂਪਾਂ ਤੇ ਅਤੇ ਰੇਲਵੇ ਸਟੇਸ਼ਨਾਂ ਤੇ ਮਰ ਗਏ. ਰਾਹ ਵਿੱਚ, ਸਾਡੇ ਉਪਰ ਹਮਲਾ ਇਸ ਕਰ ਕੇ ਨਹੀਂ ਹੋਇਆ ਕਿਉਂਕਿ ਸਾਡੇ ਨਾਲ ਫ਼ੌਜੀ ਹਿਫ਼ਾਜ਼ਤ ਮੌਜੂਦ ਸੀ.'

ਅੰਬਾਲਾ ਦੇ ਦਿਹਾਤੀ ਇਲਾਕੇ

ਮੈਂ ਚੌਧਰੀ ਅਬਦੁਲ ਵਾਹਿਦ ਨੂੰ ਸਟੌਕਹੋਮ ਤੇ 1970 ਦੇ ਮੱਧ ਤੇ ਮਿਲਿਆ ਸੀ. ਉਹ *ਇੰਟਰਨੈਸ਼ਨਲ ਗ੍ਰੈਜੁਏਟ ਸਕੂਲ ਔਫ਼ ਸਟੌਕਹੋਮ ਯੂਨੀਵਰਸਿਟੀ* ਤੇ ਪੜ੍ਹ ਰਹੇ ਸੀ, ਜਦ ਕਿ ਮੈਂ ਪੌਲਿਟਿਕਲ ਸਾਇੰਸ ਵਿਭਾਗ ਤੇ ਸੀ. ਉਨ੍ਹਾਂ ਨੇ ਆਪਣੇ ਪਰਵਾਰ ਅਤੇ ਦੂਜੇ ਮੁਸਲਿਮਾਂ ਨਾਲ ਰੁਪਰ ਤਹਸੀਲ ਦੇ ਪਿੰਡਾ ਤੇ ਹੋਈ, ਅਕਤੂਬਰ 1947 ਦੀ ਦੁਖਦਾਈ ਬਿਪਦਾ ਬਾਰੇ ਦੱਸਿਆ. 20 ਦਸੰਬਰ 2004 ਨੂੰ ਅਸੀਂ ਦੁਬਾਰਾ, ਕਈ ਸਾਲਾਂ ਬਾਅਦ, ਮੁਲਤਾਨ, ਪਾਕਿਸਤਾਨ ਤੇ ਮਿਲੇ, ਅਤੇ ਮੈਂ ਉਸ ਵਿਸ਼ੇ ਬਾਰੇ, ਇੱਕ ਇੰਟਰਵਿਊ ਦਰਜ ਕੀਤਾ.

ਚੌਧਰੀ ਅਬਦੁਲ ਵਾਹਿਦ

'1947 ਤੇ, ਮੈਂ ਲੱਗਭਗ ਛੇ ਸਾਲਾਂ ਦਾ ਸੀ. ਅਸੀਂ ਡੰਗੋਲੀ ਨਾਂਅ ਦੇ ਇੱਕ ਛੋਟੇ ਪਿੰਡ ਤੇ ਰਹਿੰਦੇ ਸੀ. ਇਹ ਰੁਪਰ ਤਹਸੀਲ, ਜ਼ਿਲ੍ਹਾ ਅੰਬਾਲਾ ਵਿੱਚ ਸੀ. ਸਾਡਾ ਮੁਸਲਿਮ ਗੁੱਜਰਾਂ ਦਾ ਪਿੰਡ ਸੀ ਅਤੇ ਸਾਡਾ ਤਾਲੁੱਕ ਵੀ ਗੁੱਜਰਾਂ ਨਾਲ ਸੀ. ਆਲੇ-ਦੁਆਲੇ ਦੇ ਪਿੰਡਾਂ ਤੇ ਵੀ ਸਾਡੀ ਬਰਾਦਰੀ ਦੇ ਲੋਕ ਰਹਿੰਦੇ ਸੀ. ਕੁੱਝ ਹਿੰਦੂ ਵੀ ਜੋ, ਜ਼ਿਆਦਾਤਰ ਦਲਿਤ ਜਾਤ ਦੇ ਸਨ, ਡੰਗੋਲੀ ਤੇ ਰਹਿੰਦੇ ਸੀ. ਸਾਡੇ ਪਿੰਡ ਤੇ ਕੋਈ ਦੁਕਾਨ ਨਹੀਂ ਸੀ ਪਰ ਕਿਨੇਲੀ ਪਿੰਡ ਤੇ ਇੱਕ ਹਿੰਦੂ ਦੀ ਦੁਕਾਨ ਸੀ. ਅਸੀਂ ਕਿਨੇਲੀ ਦੇ ਇੱਕ ਸਕੂਲ ਤੇ ਜਾਂਦੇ ਸੀ. ਮੈਨੂੰ ਨਹੀਂ ਪਤਾ ਕਿ ਅਸੀਂ ਕਦੋਂ ਇਸਲਾਮ ਕਬੂਲ ਕੀਤਾ, ਪਰ ਮੇਰੇ ਵਾਲਿਦ ਤੋਂ ਪਹਿਲਾਂ ਦੀ ਤਿੰਨ ਪੁਸ਼ਤਾਂ ਤਕ ਅਸੀਂ ਪੱਕੇ ਤੌਰ ਤੇ, ਮੁਸਲਿਮ ਸੀ.

'ਤਕਸੀਮ ਦੇ ਵਕਤ, ਮੇਰੇ ਵਾਲਿਦ ਸਿਮਲਾ ਤੇ ਕੱਮ ਕਰਦੇ ਸੀ. ਮੈਂ, ਮੇਰੀ ਮਾਂ ਅਤੇ ਮੇਰੇ ਭਰਾ ਅਤੇ ਭੈਣਾਂ ਪਿੰਡ ਤੇ ਸਨ. ਮੈਨੂੰ ਬਾਅਦ ਤੇ ਜੋ ਪਤਾ ਲਗਾ, ਸਾਡੇ ਬਜ਼ੁਰਗ ਯਕੀਨ ਕਰਦੇ ਸੀ ਕਿ ਰੁਪਰ ਅਤੇ ਹੁਸ਼ਿਆਰਪੁਰ ਪਾਕਿਸਤਾਨ ਨੂੰ ਮਿਲਣਗੇ. ਪਰ, ਹਮਲੇ ਸ਼ੁਰੂ ਹੋ ਗਏ ਅਤੇ ਸਾਨੂ ਡੰਗੋਲੀ ਨੂੰ ਛੱਡ ਕੇ ਡੰਗੋਲੀ ਦੇ ਬਿਲਕੁਲ ਸਾਹਮਣੇ ਇੱਕ ਕਬਰਸਤਾਨ ਦੀ ਵੱਡੀ ਅਤੇ ਖੁਲੀ ਜਗ੍ਹ ਤੇ ਪਨਾਹ ਲੈਨੀ ਪਈ. ਆਲੇ-ਦੁਆਲੇ ਦੇ ਮੁਸਲਿਮਾਂ ਨੇ ਹਜ਼ਾਰਾਂ ਦੀ ਤਦਾਦ ਤੇ ਉਥੇ ਪਨਾਹ ਲੀਤੀ ਸੀ. ਕੁੱਲ ਤਦਾਦ ਇੱਕ ਲੱਖ ਤੋਂ ਵੀ ਜ਼ਿਆਦਾ ਹੋਵੇਗੀ. ਅਸੀਂ ਉਥੇ ਇੱਕ ਲੰਬੇ ਵਕਤ ਤਕ ਰਹੇ. ਸਾਡੇ ਡੰਗਰ ਸਾਡਾ ਪਿੱਛਾ ਨਹੀਂ ਛੱਡ ਰਹੇ ਸੀ; ਉਨ੍ਹਾਂ ਨੇ ਸਾਨੂ ਚਾਰੇ ਪਾਸੇ ਘੇਰ ਲੀਤਾ. ਅਸੀਂ ਗੈਰ-ਮਹਿਫ਼ੂਜ਼ ਮਹਿਸੂਸ ਕਰ ਰਹੇ ਸੀ ਕਿਉਂਕਿ ਇਹ ਕੋਈ ਸੰਗਠਤ ਕੈਂਪ ਨਹੀਂ ਸੀ ਅਤੇ ਉਥੇ ਪੁਲਿਸ ਜਾਂ ਸਰਕਾਰ ਦੀ ਕੋਈ ਹਿਫ਼ਾਜ਼ਤ ਨਹੀਂ ਸੀ. ਸਾਡੇ ਕੋਲ ਕੋਈ ਬੰਦੂਕ ਵੀ ਨਹੀਂ ਸੀ. ਸਾਡੇ ਨਾਲ ਮੌਜੂਦ ਕਾਰੀਗਰਾਂ ਨੇ ਛੁਰੇ, ਕੁਹਾੜੀਆਂ ਅਤੇ ਬਰਛੇ, ਤੇਜੀ ਨਾਲ ਤਿਆਰ ਕਰ ਲੀਤੇ.

'ਇੱਕ ਦਿਨ, ਸਿੱਖ ਫ਼ੌਜ਼ ਅਤੇ ਹਿੰਦੂ ਸਹਾਇੱਕ ਕਮੀਸ਼ਨਰ ਕਬਰਗਾਹ ਆਏ ਅਤੇ ਸਾਨੂ ਸਾਰੇ ਹਥਿਆਰ ਜਮਾ ਦੇਣ ਨੂੰ ਕਿਹਾ. ਇਸ ਦੇ ਬਦਲੇ, ਸਾਨੂ ਕੁਰਾਲੀ ਤਕ ਹਿਫ਼ਾਜ਼ਤ ਨਾਲ ਜਾਣ ਦਾ ਵਾਅਿਦਾ ਕੀਤਾ ਗਿਆ, ਜਿਥੇ ਮੁੱਖ ਕੈਂਪ ਸਥਾਪਤ ਕੀਤਾ ਗਿਆ ਸੀ. ਸਾਡੇ ਆਗੂ ਇਸ ਦੀ ਤਾਮੀਲ ਨਹੀਂ ਕਰਣਾ ਚਾਹੁੰਦੇ ਸੀ ਪਰ ਅਖੀਰਕਾਰ ਮੱਨ ਗਏ. ਇਹ ਇੱਕ ਚਾਲਾਕੀ ਸੀ. ਸਿੱਖ ਜੱਥੇ ਖੇਤਾਂ ਤੇ ਲੁੱਕੇ ਹੋਏ ਸੀ.

'ਅਸੀਂ ਕੁਰਾਲੀ ਤਕ ਤੁਰਨ ਲਗੇ ਜੋ ਸਾਡੇ ਪਿੰਡ ਤੋਂ ਥੋੜੀ ਦੁਰ ਸੀ. ਅਸੀਂ ਇੱਕ ਘਨੇ ਜੰਗਲ, ਛੋਟੀ ਪਹਾੜਿਆਂ ਅਤੇ ਪਾਣੀ ਦੇ ਸਰੋਤਾਂ ਨੂੰ ਪਾਰ ਕਰਦੇ ਹੋਏ ਗੁਜ਼ਰੇ. ਅਸੀਂ ਜਦ ਤੁਰੇ, ਤਦ ਬਰਸਾਤ ਦਾ ਮੌਸਮ ਆ ਗਿਆ ਸੀ. ਮੈਨੂੰ ਮੇਰੇ ਮਾਮਾ ਨੇ ਚੁਕਿਆ ਹੋਇਆ ਸੀ. ਮੇਰੀ ਮਾਂ, ਬੁਆ, ਦੋ ਭਰਾ, ਇੱਕ ਭੈਣ ਅਤੇ ਪਰਵਾਰ ਦੇ ਦੂਜੇ ਸਦੱਸ ਇੱਕ ਸਾਥ ਤੁਰ ਰਹੇ ਸੀ. ਸਾਨੂ ਪਾਣੀ ਦੀ ਇੱਕ ਧਾਰਾ ਵਿੱਚ ਜਾਣ ਨੂੰ ਕਿਹਾ ਗਿਆ. ਇਹ ਕੁੱਝ ਜਗ੍ਹਾਂ ਤੇ ਬਹੁਤ ਢੂੰਘੀ ਸੀ ਅਤੇ ਕੁੱਝ ਔਰਤਾਂ ਹੋਰ ਬੱਚੇ, ਡੁੱਬਣ ਲਗੇ. ਸਾਡੇ ਕੋਲ ਭੁਨੇ ਚਨੇ ਅਤੇ ਮਕਈ ਦੇ ਦਾਨੇ ਸੀ. ਰਾਹ ਤੇ, ਹਥਿਆਰਾਂ ਲਈ ਫਿਰ ਸਾਡੀ ਤਲਾਸ਼ੀ ਲੀਤੀ ਗਈ ਅਤੇ ਸਾਰੇ ਜੇਵਰ ਅਤੇ ਦੂਜੇ ਕੀਮਤੀ ਧਾਤੂ ਅਤੇ ਪੱਥਰ ਜਮਾ ਦੇਣ ਨੂੰ ਕਿਹਾ ਗਿਆ. ਸਹਾਇੱਕ ਕਮੀਸ਼ਨਰ ਨੇ ਕਿਹਾ, "ਇਹ ਸਾਨੂ ਵਾਪਸ ਦੇ ਦਿੱਤੇ ਜਾਣਗੇ, ਜਦ ਅਸੀਂ ਕੁਰਾਲੀ ਪਹੁੰਚਦੇ ਹਾਂ". ਕੁੱਝ ਮਾਮਲੇਆਂ ਤੇ ਜੇਵਰ ਪਹਣੀ ਔਰਤਾਂ ਉਪਰ ਹਮਲਾ ਕੀਤਾ ਗਿਆ ਅਤੇ ਉਨ੍ਹਾਂ ਦੇ ਜੇਵਰ ਇਨੀ ਬੇਰਹਿਮੀ ਨਾਲ ਖੋਹੇ ਗਏ ਕਿ ਉਨ੍ਹਾਂ ਦੇ ਕੱਨ, ਹੱਥ ਅਤੇ ਗਲੇ ਲਹੂ-ਲੁਹਾਨ ਹੋ ਗਏ. ਮਿਸਾਲ ਦੇ ਤੌਰ ਤੇ, ਮੇਰੀ ਬੁਆ ਜਿਸ ਨੇ ਸੋਨੇ ਦੀ ਕੋਈ ਚੀਜ ਪਹਿਣ ਕੇ ਰੱਖੀ ਸੀ, ਉਨ੍ਹਾਂ ਨੂੰ ਇਣੀ ਬੁਰੀ ਤਰ੍ਹਾਂ ਹਮਲਾ ਕੀਤਾ ਗਿਆ ਕਿ ਉਨ੍ਹਾਂ ਦੀ ਬਾਂਹ ਸਰਕ ਗਈ.

'ਕੁੱਝ ਦੇਰ ਬਾਅਦ, ਸਾਨੂੰ ਪਾਣੀ ਦੇ ਸਰੋਤ ਤੋਂ ਨਿਕਲ ਕੇ ਜ਼ਮੀਨ ਤੇ ਤੁਰਨ ਨੂੰ ਕਿਹਾ ਗਿਆ. ਕਾਫ਼ੀ ਮੀਂਹ ਪੈ ਰਿਹਾ ਸੀ. ਮੇਰੇ ਫੂਫਾ ਇੱਹ ਦਬਾਅ ਬਰਦਾਸ਼ਤ ਨਹੀਂ ਕਰ ਸਕੇ ਅਤੇ ਦਹਿਸ਼ਤਮੰਦ ਹੋ ਗਏ. ਉਹ ਉੱਚੀ ਘਾਹ ਅਤੇ ਝਾੜੀਆਂ ਦੀ ਤਰਫ਼ ਨੱਸ ਗਏ. ਅਸੀਂ ਦੁਬਾਰਾ ਉਨ੍ਹਾਂ ਨੂੰ ਨਹੀਂ ਵੇਖਿਆ. ਮੇਰੇ ਮਾਮੇ ਦਾ ਬੇਟਾ ਵੀ ਖੇਤਾਂ ਤੇ ਭੱਜ ਗਿਆ. ਬਾਅਦ ਤੇ, ਉਹ ਪਾਕਿਸਤਾਨ ਆਉਣ ਤੇ ਕਾਮਯਾਬ ਹੋ ਗਿਆ.

'ਇਸ ਦੌਰਾਨ, ਸਾਡੇ ਉਪਰ ਸਿੱਖਾਂ ਦੇ ਗੁਟ ਲਗਾਤਾਰ ਹਮਲੇ ਕਰਦੇ ਰਹੇ. ਔਰਤਾਂ ਅਤੇ ਕੁੜੀਆਂ ਨੂੰ ਅਗਵਾ ਕੀਤਾ ਗਿਆ. ਕਾਫ਼ਿਲਾ ਕਈ ਕਿਲੋਮੀਟਰ ਲੰਬਾ ਸੀ ਅਤੇ ਕਈ ਜਗ੍ਹਾਂ ਤੇ ਕਈ ਵਾਰ ਹਮਲੇ ਹੋਏ. ਅੰਨੇਵਾਹ ਗੋਲੀਆਂ ਚਲ ਰਹਿਆਂ ਸੀ ਅਤੇ ਲੋਕ ਗੋਲੀ ਲਗਦੇ ਹੀ ਡਿਗ ਜਾਂਦੇ. ਅਖੀਰਕਾਰ, ਅਸੀਂ ਕੁਰਾਲੀ ਦੇ ਕੈਂਪ ਤੇ ਪਹੁੰਚੇ. ਤਦ ਵੀ ਮੀਂਹ ਪੈ ਰਿਹਾ ਸੀ. ਤਦ ਤਕ, ਹਜ਼ਾਰਾਂ ਮੌਤਾਂ ਹੋ ਚੁਕੀਆਂ ਸੀ. ਕਈ ਔਰਤਾਂ ਅਤੇ ਬੱਚੇ ਡੂੱਬ ਗਏ ਸੀ. ਸਾਡੇ ਕਾਫ਼ਿਲੇ ਦਾ ਇੱਕ ਚੌਥਾ ਹਿੱਸਾ ਹੀ ਕੁਰਾਲੀ ਪਹੁੰਚਿਆ.

'ਕੁਰਾਲੀ ਦੇ ਕੈਂਪ ਬਾਰੇ ਪਾਕਿਸਤਾਨੀ ਹਕੂਮਤ ਨੂੰ ਕੋਈ ਇਤਲਾਹ ਨਹੀਂ ਸੀ. ਅਸੀਂ ਉਥੇ ਤਕਰੀਬਨ ਤਿੰਨ ਮਹੀਨੇ ਰਹੇ. ਖਾਣੇ ਦੀ ਕੋਈ ਸਪਲਾਈ ਨਹੀਂ ਸੀ. ਲੋਕਾਂ ਨੂੰ ਆਪਣਾ ਇੰਤਜ਼ਾਮ ਖੁਦ ਕਰਣਾ ਪਇੰਦਾ ਸੀ. ਕੈਂਪ ਦੇ ਬਾਹਰ ਦੇ ਪਿੰਡਾਂ ਤੋਂ ਅਸੀਂ ਸਿਰਫ਼ ਮੂੰਗਫਲੀ ਖ਼ਰੀਦ ਸਕਦੇ ਸੀ. ਸਿਹਤ ਲਈ ਹਾਲਾਤ ਬਹੁਤ ਬਦਤਰ ਸਨ. ਸਾਫ ਪਾਣੀ ਮੁਹੱਇਆ ਨਹੀਂ ਸੀ, ਸ਼ੌਚਾਲਿਆਂ ਤੇ ਗੰਦਗੀ ਭਰੀ ਹੋਈ ਸੀ ਅਤੇ ਚਾਰੇ ਪਾਸੇ ਕੀੜੇ ਘੁਮ ਰਹੇ ਸੀ. ਕੋਈ ਮੈਡੀਕਲ ਮਦਦ ਨਹੀਂ ਮਿਲ ਰਹੀ ਸੀ. ਹਜ਼ਾਰੋਂ ਲੋਕ ਹੈਜਾ, ਮਲੇਰਿਆ, ਟਾਇਫ਼ਾਇਡ ਅਤੇ ਨਿਮੋਨਿਆ ਅਤੇ ਇਸ ਤਰ੍ਹਾਂ ਦੀ ਬੀਮਾਰੀਆਂ ਨਾਲ ਦੁਨੀਆ ਛੱਡ ਕੇ ਚਲੇ ਗਏ. ਇਨ੍ਹਾਂ ਦੇ ਵਿੱਚ ਮੇਰੀ ਵਾਲਿਦਾ ਵੀ ਸੀ. ਮੈਨੂੰ ਯਾਦ ਹੈ ਕਿ ਉਹ ਫ਼ਰਸ਼ ਤੇ ਲੇਟੀ ਸੀ ਅਤੇ ਮੇਰੀ ਗੱਲ ਦਾ ਜਵਾਬ ਨਹੀਂ ਦੇ ਰਹੀ ਸੀ. ਮੈਂ ਰੋਣ ਲਗ ਗਿਆ. ਮੈਨੂੰ ਕਿਹਾ ਗਿਆ ਕਿ ਉਹ ਸੋ ਰਹੀ ਸੀ.

'ਅਖੀਰਕਾਰ, ਕਿਸੇ ਨੂੰ ਕੁਰਾਲੀ ਬਾਰੇ ਪਤਾ ਲਗਾ ਅਤੇ ਪਾਕਿਸਤਾਨ ਸਰਕਾਰ ਨੇ ਸਾਨੂੰ ਲੈ ਆਉਣ ਲਈ ਟਰੱਕ ਭੇਜੇ. ਆਪਣੇ ਪਿੰਡ ਤੋਂ ਭੱਜਣ ਦੇ ਤਿੰਨ ਤੋਂ ਵੀ ਜ਼ਿਆਦਾ ਮਹੀਨੇ ਬਾਅਦ, ਅਸੀਂ ਲਾਹੌਰ ਦੇ ਬਾਹਰ ਵਾਲਟਨ ਪਹੁੰਚੇ. ਉਣ 1 ਲੱਖ ਜਾਂ ਜ਼ਿਆਦਾ ਲੋਕਾਂ ਤੋਂ ਇੱਕ ਚੌਥਾਈ ਲੋਕ ਹੀ ਜ਼ਿੰਦਾ ਬੱਚ ਕੇ, ਪਾਕਿਸਤਾਨ ਤੇ ਮਹਿਫ਼ੂਜ਼ ਤੌਰ ਤੇ ਪਹੁੰਚੇ. ਜਦ ਮੇਰੇ ਵਾਲਿਦ ਨੂੰ ਪਤਾ ਲਗਾ ਕਿ ਡੰਗੋਲੀ ਅਤੇ ਦੁਜੇ ਪਿੰਡਾਂ ਨੂੰ ਸਾੜ ਦਿੱਤਾ ਗਿਆ ਸੀ, ਤਦ ਸਿਮਲਾ ਤੋਂ ਸਿੱਧਾ ਲਾਹੌਰ ਆ ਗਏ. ਉਨ੍ਹਾਂ ਨੂੰ ਵੀ ਉਮੀਦ ਸੀ ਕਿ ਸਾਡੇ ਪਿੰਡ, ਪਾਕਿਸਤਾਨ ਵਿੱਚ ਸ਼ਾਮਲ ਕੀਤੇ ਜਾਣਗੇ ਅਤੇ ਇਣ ਹਾਲਾਤਾਂ ਲਈ ਉਹ ਬਿਲਕੁਲ ਤਿਆਰ ਨਹੀਂ ਸਨ. ਉਹ ਰੋਜ਼ਾਨਾ ਵਾਲਟਨ ਕੈਂਪ ਆਉਂਦੇ ਸੀ ਅਤੇ ਇੱਕ ਦਿਨ ਉਹ ਸਾਡੀ ਬਰਾਦਰੀ ਦੇ ਕਿਸੇ ਸ਼ਕਸ ਨੂੰ ਮਿਲੇ, ਜਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਵੀ ਕੈਂਪ ਵਿੱਚ ਮੌਜੂਦ ਸੀ. ਉਹ ਸਾਨੂ ਲਾਹੌਰ ਦੇ ਫੈਲੇਟੀਸ ਹੋਟਲ ਲੈ ਆਏ, ਜਿਥੇ ਉਨ੍ਹਾਂ ਦੀ ਥੋੜੀ ਬਹੁਤ ਜਾਣ-ਪਛਾਣ ਸੀ. ਬਾਅਦ ਤੇ, ਉਹ ਸਾਹਿਵਾਲ ਤੇ ਤਇਨਾਤ ਸਣ ਜਿਥੇ ਅਸੀਂ ਆਪਣਾ ਘਰ ਬਣਾਇਆ.

'ਤਕਸੀਮ ਤੋਂ ਕੁੱਝ ਦਿਨ ਪਹਿਲਾਂ ਮੇਰੇ ਵਾਲਿਦ ਨੇ ਥੋੜੀ ਜ਼ਮੀਨ ਖ਼ਰੀਦੀ ਸੀ ਪਰ ਰਜਿਸਟਰੀ ਪੂਰੀ ਨਹੀਂ ਹੋਈ ਸੀ. ਇਸ ਦੇ ਨੁਕਸਾਨ ਦਾ ਸਾਨੂ ਕੁੱਝ ਮੁਆਵਜ਼ਾ ਮਿਲਿਆ ਪਰ ਸਾਡੀ ਮਲਕੀਅਤ ਖ਼ਤਮ ਹੋ ਗਈ. ਮੇਰੇ ਮਾਮੇ ਨੇ ਮੈਨੂੰ ਚੁਕ ਕੇ ਰਖਿਆ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਮੇਰੀ ਜਾਣ ਬਚਾਈ. ਮੈਂ ਹਮੇਸ਼ਾ ਉਨ੍ਹਾਂ ਨੂੰ ਯਾਦ ਕਰਣਾ ਹਾਂ. ਉਹ ਫ਼ੌਜ਼ ਤੋਂ ਰਿਟਾਇਰ ਹੋਏ ਅਤੇ ਮੁਲਤਾਨ ਵਿੱਚ ਉਨ੍ਹਾਂ ਦਾ ਇੰਤਕਾਲ ਹੋਇਆ.'

ਚੌਧਰੀ ਅਬਦੁਲ ਸਈਦ

ਅਗਲੇ ਦਿਨ, 21 ਦਸੰਬਰ 2004 ਨੂੰ ਅਸੀਂ ਬਹਾਵਲਪੁਰ ਗਏ ਜਿਥੇ ਚੌਧਰੀ ਅਬਦੁਲ ਵਾਹਿਦ ਦੇ ਵੱਡੇ ਭਰਾ, ਚੌਧਰੀ ਅਬਦੁਲ ਸਈਦ ਵਕਾਲਤ ਕਰਦੇ ਸੀ. ਚੌਧਰੀ ਅਬਦੁਲ ਸਈਦ ਕੁੱਝ ਸਾਲ ਵੱਡੇ ਸੀ ਅਤੇ ਉਨ੍ਹਾਂ ਦਾ ਜਨਮ 1 ਜਨਵਰੀ 1937 ਨੂੰ ਹੋਇਆ ਸੀ. ਉਨ੍ਹਾਂ ਨੇ ਇਹ ਦੱਸਿਆ:

'ਗਨੇਲੀ ਦੇ ਸਕੂਲ ਤੇ, ਮੁਸਲਿਮ ਅਤੇ ਹਿੰਦੂ-ਸਿੱਖ ਮੁੰਡੇਆਂ ਵਿੱਚ ਤਣਾਅ ਸੀ ਕਿਉਂਕਿ ਮੁਸਲਿਮ, ਮੁਸਲਿਮ ਲੀਗ ਦੇ ਹਿਮਾਇਤੀ ਸਨ ਅਤੇ ਪਾਕਿਸਤਾਨ ਚਾਹੁੰਦੇ ਸਨ ਜਦ ਕਿ ਗੈਰ-ਮੁਸਲਿਮ ਪਾਕਿਸਤਾਨ ਦੀ ਇਜ਼ਾਦ ਦੀ ਮੁਖ਼ਾਲਫ਼ਤ ਕਰਦੇ ਸੀ. ਇਥੇ ਤਕ ਕਿ ਹਿੰਦੂ ਅਤੇ ਸਿੱਖ ਅਧਿਆਪਕ ਵੀ ਗੈਰ-ਦੋਸਤਾਨਾ ਬਣ ਗਏ ਜਦ ਪਾਕਿਸਤਾਨ ਦਾ ਖ਼ਿਆਲ ਹਕੀਕਤ ਵਿੱਚ ਤਬਦੀਲ ਹੋਣ ਲਗਾ. ਜ਼ਿਆਦਾਤਰ ਵਿਦਿਆਰਥੀ ਸਿੱਖ ਸਨ. ਉਸ ਇਲਾਕੇ ਤੇ ਸਿੱਖ ਹਾਵੀ ਸਨ. ਅਸੀਂ ਹਿੰਦੂ ਜਾਂ ਸਿੱਖ ਘਰਾਂ ਤੇ ਦਾਖ਼ਲ ਨਹੀਂ ਹੋ ਸਕਦੇ ਸੀ, ਕਿਉਂਕਿ ਉਹ ਸਾਨੂ ਮਲੇਛ ਸਮਝਦੇ ਸੀ. ਮਿਸਾਲ ਦੇ ਤੌਰ ਤੇ, ਸਕੂਲ਼ ਤੇ ਸਾਨੂ ਇੱਕ ਟੂਟੀ ਤੋਂ ਪਾਣੀ ਪੀਣਾ ਮਨ੍ਹਾਂ ਸੀ. ਅਸੀਂ ਜਦ ਇਸ ਦੀ ਮੁਖ਼ਾਲਫ਼ਤ ਕੀਤੀ, ਸਾਡੇ ਲਈ ਇੱਕ ਮੁਖ਼ਤਲਿਫ਼ ਸੈਕਸ਼ਨ ਬਣਾ ਦਿੱਤਾ ਗਿਆ. ਬਾਅਦ ਤੇ, ਮੇਰੇ ਵੱਡੇ ਭਰਾ ਨੇ ਰੁਪਰ ਤੇ ਇੱਕ ਸਕੂਲ ਤੇ ਦਾਖ਼ਿਲਾ ਲੀਤਾ ਅਤੇ ਮੈਂ ਵੀ ਉਥੇ ਚਲਾ ਗਿਆ. ਉਥੇ ਵੀ ਹਾਲਾਤ ਤਣਾਅ ਵਾਲੇ ਸੀ.

'ਇਸ ਪਿੰਡ ਵਿੱਚ ਸਿੱਖ-ਮੁਸਲਿਮ ਦੁਸ਼ਮਨੀ ਜ਼ਿਆਦਾ ਹੋਣ ਦੀ ਵਜ੍ਹਾ ਇਤਿਹਾਸਕ ਹੈ. ਸਰਹਿੰਦ ਦੇ ਨਜਦੀਕ, ਚਮਕੌਰ ਤੇ ਇੱਕ ਪਵਿੱਤਰ ਗੁਰਦੁਆਰਾ ਹੈ. ਇਹ ਉਸ ਜਗ੍ਹ ਤੇ ਬਣਾਇਆ ਗਿਆ ਹੈ, ਜਿਥੇ ਸਿੱਖਾਂ ਦੇ ਮੁਤਾਬਕ, ਗੁਰੂ ਗੋਬਿੰਦ ਸਿੰਘ ਦੇ ਦੋ ਬੇਟੇਆਂ ਨੂੰ, ਮੁਘਲਾਂ ਨੇ ਦੀਵਾਰ ਵਿੱਚ ਜ਼ੀਉਂਦਾ ਦਫ਼ਨ ਕਰ ਦਿੱਤਾ ਸੀ. ਅਤੇ ਇਥੇ, ਮੁਸਲਿਮਾਂ ਦੇ ਖ਼ਿਲਾਫ਼ ਸਿੱਖਾਂ ਦੀ ਹਮੇਸ਼ਾਂ ਹੀ ਖੁਣਸ ਰਹੀ ਹੈ. 1905 ਤੇ ਸਿਖਾਂ ਅਤੇ ਮੁਸਲਿਮ ਗੁੱਜਰਾਂ ਵਿੱਚ, ਇੱਕ ਗਉ ਨੂੰ ਮਾਰ ਸੁੱਟਣ ਦੇ ਚਲਦੇ, ਤਸ਼ੱਦਦ ਭਰੀ ਝੜਪ ਹੋਈ ਸੀ. ਮੁਸਲਿਮ ਗੁਜਰਾਂ ਦੇ ਅਸਲੀ ਰਹਿਬਰ ਮੌਲਵੀ ਅਬਦੁਲ੍ਹਾ ਰੁਪਾਰੀ (ਜਿਨ੍ਹਾਂ ਦੇ ਦਾਮਾਦ, ਹਾਫ਼ਿਜ਼ ਸਈਦ, ਬਾਅਦ ਤੇ ਲਸ਼ਕਰ-ਏ-ਤਅਿਯਬਾ, ਜੋ ਇੱਕ ਅੱਤਵਾਦੀ ਸੰਗਠਨ ਦੇ ਤਹਿਤ ਬਦਨਾਮ ਹੋ ਚੁਕਿਆ ਹੈ, ਦੇ ਮੁੱਖ ਆਗੂ ਬਣੇ), ਇਸਲਾਮ ਦੇ ਅਹਲ-ਏ-ਹਦੀਥ ਮੱਤ ਦੇ ਬਾਜ਼ਾਬਤਾ ਚੇਲੇ ਸਨ.

'ਇਸ ਕਰ ਕੇ, ਇੱਕ ਦਿਨ ਜਦ ਜੁਮਾ ਦੀ ਨਮਾਜ਼ ਅਦਾ ਕੀਤੀ ਜਾ ਰਹੀ ਸੀ, ਸਿਖਾਂ ਨੇ ਇਬਾਦਤ ਕਰਣ ਵਾਲੇਆਂ ਉਪਰ ਹਮਲਾ ਕਰ ਦਿੱਤਾ. ਮੁਸਲਿਮਾਂ ਨੇ ਬਦਲੇ ਦੀ ਕਾਰਵਾਈ ਕੀਤੀ ਅਤੇ 30-40 ਸਿੱਖ ਹਲਾਕ ਹੋ ਗਏ. ਉਸ ਝੜਪ ਦੀ ਯਾਦ ਨੇ ਉਸ ਇਲਾਕੇ ਦੇ ਮੁਸਲਿਮਾਂ ਅਤੇ ਸਿੱਖਾਂ ਵਿੱਚ ਦੁਸ਼ਮਨੀ ਹੋਰ ਵਧਾ ਦਿੱਤੀ. ਅਤੇ 1947 ਤੇ, ਨਾ ਸਿਰਫ਼ ਪਛੱਮ ਪੰਜਾਬ ਤੇ ਜੋ ਹੋ ਰਿਹਾ ਸੀ, ਉਸ ਲਈ, ਬਲਕਿ ਉਨ੍ਹਾਂ ਦੀ 1905 ਵਿੱਚ ਜੋ ਬੇਇੱਜ਼ਤੀ ਹੋਈ ਸੀ ਅਤੇ ਗੁਰੂ ਗੋਬਿੰਦ ਸਿੰਘ ਦੇ ਬੇਟੇਆਂ ਨਾਲ, ਇਤਿਹਾਸਕ ਤੌਰ ਤੇ ਜੋ ਨਾਇੰਨਸਾਫ਼ੀ ਹੋਈ ਸੀ, ਉਸ ਲਈ ਵੀ, ਸਿੱਖ ਬਦਲੇ ਦੀ ਤਲਾਸ਼ ਕਰ ਰਹੇ ਸੀ.

'ਰੈਡਕਲੀਫ ਅਵਾਡਰ ਦੇ ਐਲਾਨ ਦੇ ਬਾਅਦ, ਮੁਸਲਿਮਾਂ ਉਪਰ ਨਾਲੋਨਾਲ ਹਮਲੇ ਹੋਣ ਲਗੇ. ਡੰਗੋਲੀ, ਡੋਗੋਲੀ, ਗਨੇਲੀ, ਚੰਡਿਆਲ, ਮਰਸਾਲੀ ਅਤੇ ਦੂਜੇ ਪਿੰਡਾਂ ਦੇ ਮੁਸਲਿਮ ਇੱਕ ਕਬਰਗਾਹ, *ਸਿਆਂ ਕਾ ਕਬਰਸਤਾਨ* ਤੇ ਇਕੱਠਾ ਹੋਏ. ਇਹ ਕਬਰਗਾਹ, ਡੇਰਾ ਘਾਜ਼ੀ ਖ਼ਾਨ ਤੋਂ ਆਏ ਇੱਕ ਪੀਰ ਦੀ ਮਜ਼ਾਰ ਵੀ ਸੀ,

ਜੋ ਡੰਗੋਲੀ ਆ ਕੇ ਵਸ ਗਿਆ ਸੀ. ਅਸੀਂ ਉਥੇ 2-3 ਮਹੀਨੇ ਰਹੇ. ਸਰਦੀ ਦੀ ਸ਼ੁਰੂਆਤ ਹੋ ਗਈ ਸੀ. ਮੀਂਹ ਪੈਣਾ ਸ਼ੁਰੂ ਹੋ ਗਿਆ ਅਤੇ ਉਣ ਇਲਾਕਿਆਂ ਤੇ ਮੀਂਹ ਬਹੁਤ ਜ਼ਬਰਦਸਤ ਸ਼ੀ. ਸਾਨੂੰ ਪਤਾ ਲਗਾ ਕਿ ਲੁਧਿਆਣਾ, ਪਟਿਆਲਾ ਅਤੇ ਜਲੰਧਰ ਦੇ ਸਿੱਖ ਜੱਥੇਆਂ ਤੇ ਇਕੱਠਾ ਹੋ ਰਹੇ ਸੀ. ਅਸੀਂ ਆਪਣੇ ਪਿੰਡ ਛੱਡਣਾ ਨਹੀਂ ਚਾਹੁੰਦੇ ਸੀ ਅਤੇ ਜਦ ਕਈ ਵਾਰ ਸਿੱਖਾਂ ਨੇ ਹਮਲਾ ਕੀਤਾ, ਸਾਡੇ ਲੋਕਾਂ ਨੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਪਿੱਛੇ ਕਰ ਦਿੱਤਾ. ਮੌਲਾਨਾ ਅਬਦੁੱਲ੍ਹਾ ਰੁਪਾਰੀ ਨੇ ਲੜਾਕੇਆਂ ਦੀ ਟੋਲੀਆਂ ਗੁਟਾਂ ਦੀ ਤੰਜ਼ੀਮ ਕੀਤੀ, ਜੋ ਸਿੱਖਾਂ ਨਾਲ ਪਹਾੜੀਆਂ ਤੇ, ਪਾਣੀ ਦੀ ਧਾਰਾਵਾਂ ਅਤੇ ਸਾਰੀ ਜਗ੍ਹਾਂ ਤੇ ਮੁਕਾਬਲਾ ਕਰਦੇ ਸੀ. ਉਹ ਸਿੱਖਾਂ ਦੀ ਗੋਲਾਬਾਰੀ ਦਾ ਵੀ ਜਵਾਬ ਦੇਂਦੇ ਸੀ.

'ਅਕਤੂਬਰ ਤੇ ਕਰੋਲੀ ਦੇ ਕੈਂਪ ਤੇ ਜਾਣ ਦਾ ਫ਼ੈਸਲਾ ਕੀਤਾ ਗਿਆ. ਮੁਸਲਿਮ ਕਾਫ਼ਿਲਾ ਕਈ ਮੀਲ ਲੰਬਾ ਸੀ. ਫ਼ੌਜ਼ ਅਤੇ ਡਿਪਟੀ ਕਮੀਸ਼ਨਰ ਜੋ ਸਾਡੇ ਨਾਲ ਸੀ, ਲਾਉਡਸਪੀਕਰ ਦਾ ਇਸਤੇਮਾਲ ਕਰ ਕੇ ਐਲਾਨ ਕਰ ਰਹੇ ਸੀ ਕਿ ਹਥਿਆਰਾਂ ਨੂੰ ਅਸ਼ੀਂ ਸੁੱਟ ਦਇਐ. ਇਸ ਦੇ ਇਲਾਵਾ, ਉਨ੍ਹਾਂ ਨੇ ਕਾਫ਼ਿਲੇ ਨੂੰ ਛੋਟੇ ਹਿੱਸੇਆਂ ਤੇ ਤਕਸੀਮ ਦਿੱਤਾ. ਕੁੱਝ ਅੱਗੇ ਸਨ, ਕੁੱਝ ਮੱਧ ਤੇ ਅਤੇ ਕੁੱਝ ਪਿੱਛੇ. ਤਦ, ਉਹ ਹਥਿਆਰਾਂ ਦੀ ਤਲਾਸ਼ੀ ਲੈਣ ਲਗੇ ਅਤੇ ਇਥੋਂ ਤਕ ਕਿ ਲੰਬੇ ਡੰਡੇ ਵੀ ਲੈ ਲੀਤੇ ਗਏ. ਜੋ ਸਿੱਖ ਖੇਤਾਂ ਵਿੱਚ ਲੁਕੇ ਹੋਏ ਸੀ, ਉਨ੍ਹਾਂ ਨੇ ਨਿੱਹਥੇ ਲੋਕਾਂ ਉਪਰ ਹਮਲਾ ਕਰ ਦਿੱਤਾ ਅਤੇ ਇੱਕ ਕਤਲੇਆਮ ਹੋਇਆ. ਹਜ਼ਾਰਾਂ ਲੋਕ ਮਾਰੇ ਗਏ. ਧਾਰਾਂ ਅਤੇ ਨਹਿਰਾਂ ਦਾ ਪਾਣੀ ਲਾਲ ਹੋ ਗਿਆ. ਔਰਤਾਂ ਅਤੇ ਬੱਚੇਆ ਨੂੰ ਵੀ ਬਖ਼ਸ਼ ਨਹੀਂ ਕੀਤਾ ਗਿਆ. ਮੇਰੇ ਚਾਚਾਜੀ, ਮਾਸੜ ਅਤੇ ਕਈ ਕਰੀਬੀ ਰਿਸ਼ਤੇਦਾਰ ਮਾਰੇ ਗਏ.

'ਕੁੱਝ ਸਿੱਖਾਂ ਨੇ ਮੇਰੀ ਚਾਚੀ ਦੇ ਭਰਾ ਨੂੰ ਫੜ ਲੀਤਾ ਅਤੇ ਉਹ ਉਨ੍ਹਾਂ ਦੇ ਪੈਰ ਵਢੱਣਾ ਚਾਹੁੰਦੇ ਸੀ ਅਤੇ ਉਨ੍ਹਾਂ ਨੇ ਇਹ ਬੇਰਹਿਮੀ ਨਾਲ ਕੀਤਾ. ਮੇਰੀ ਚਾਚੀ ਨੇ ਉਨ੍ਹਾਂ ਨੂੰ ਛੱਡ ਕੇ ਜਾਣ ਤੋਂ ਇਨਕਾਰ ਕਰ ਦਿੱਤਾ, ਪਰ ਉਨ੍ਹਾਂ ਨੇ ਜ਼ਿੱਦ ਕੀਤੀ ਕਿ ਚਾਚੀ ਉਸ ਨੂੰ ਛੱਡ ਕੇ ਚਲੀ ਜਾਵੇ ਕਿਉਂਕਿ ਉਨ੍ਹਾਂ ਨੇ ਨਹੀਂ ਬਚਨਾ ਸੀ. ਇਸ ਦੇ ਬਾਅਦ, ਉਨ੍ਹਾਂ ਦੇ ਉਪਰ ਚਾਚੀ ਨੇ ਇੱਕ ਕਪੜਾ ਦੇ ਦਿੱਤਾ ਅਤੇ ਚਲੇ ਗਏ ਹੋਰ ਕਾਫ਼ਿਲੇ ਤੇ ਸ਼ਾਮਲ ਹੋ ਗਏ. ਜੋ ਪਿਛੇ ਰਹ ਗਏ, ਉਨ੍ਹਾਂ ਦਾ ਤਕਰੀਬਨ ਸਫ਼ਾਇਆ ਹੋ ਗਿਆ.

'ਕੁਰਾਲੀ ਦਾ ਕੈਂਪ ਇੱਕ ਜ਼ਿੰਦਾ ਨਰਕ ਸੀ. ਲੋਕਾਂ ਨੂੰ ਦਫ਼ਨਾਉਣ ਲਈ ਕੋਈ ਜਗ੍ਹ ਨਹੀਂ ਸੀ. ਅਤੇ, ਇੱਕ ਟੋਆ ਪੁਟ ਕੇ, ਲਾਸ਼ ਨੂੰ ਦਫ਼ਨ ਕਰ ਦਿੱਤਾ ਜਾਂਦਾ ਸੀ. ਆਪਣੀ ਵਾਲਿਦਾ ਦੀ ਲਾਸ਼ ਨਾਲ ਵੀ ਅਸੀਂ ਐਦਾਂ ਹੀ ਕੀਤਾ. ਸਿੱਖ ਨੌਜਵਾਨ ਕੁੜੀਆਂ ਲੈ ਕੇ ਚਲੇ ਗਏ ਜੋ ਦੁਬਾਰਾ ਕਦੀ ਨਹੀਂ ਮਿਲਿਆਂ. ਹਜ਼ਾਰਾਂ ਦੀ ਤਦਾਦ ਤੇ ਲੋਕ ਮਾਰੇ ਗਏ. ਕੁੱਝ ਸਿੱਖ ਸਾਡੇ ਉਪਰ ਮਿਹਰਬਾਨ ਵੀ ਸਨ. ਮੰਗਲ ਸਿੰਘ ਜੋ ਇੱਕ ਸੈਨੀ ਸਨ, ਸਾਡੇ ਪਿੰਡ ਨਾਲ ਤਾਲੁੱਕ ਰੱਖਦੇ ਸੀ. ਉਨ੍ਹਾਂ ਦੀ ਇੱਕ ਪਰਚੂਣ ਦੀ ਦੁਕਾਨ ਸੀ. ਉਹ ਕੁਰਾਲੀ ਦੇ ਕੈਂਪ ਤੇ ਆਉਂਦੇ ਸੀ ਅਤੇ ਮੇਰੇ ਭਰਾ ਨੂੰ ਚੀਨੀ ਅਤੇ ਖਾਂਣ ਦਾ ਦੂਜਾ ਸਾਮਾਨ ਦੇਂਦੇ ਦੀ. ਉਸੇ ਤਰ੍ਹਾਂ, ਦੂਜੇ ਸਿੱਖ ਜਿਨ੍ਹਾਂ ਦੀ ਮੁਸਲਿਮਾਂ ਨਾਲ ਦੋਸਤੀ ਸੀ, ਮਦਦ ਦੇਣ ਆਉਂਦੇ ਸੀ. ਸਾਡੇ ਹਿੰਦੂਆਂ ਨਾਲ ਚੰਗੇ ਰਿਸ਼ਤੇ ਸੀ. ਕੁੱਝ ਕੈਂਪ ਤੇ ਆਏ ਅਤੇ ਕਈ ਤਰ੍ਹਾਂ ਦੀ ਮਦਦ ਕੀਤੀ.'

ਡੰਗੋਲੀ ਦਾ ਦੌਰਾ

29 ਨਵੰਬਰ 2005 ਨੂੰ, ਦੇਰ ਦੁਪਹਿਰ ਹਿਤੇਸ਼ ਗੋਸਾਈਂ, ਵੀਰੇਂਦਰ ਸਿੰਘ ਅਤੇ ਮੈਂ ਡੰਗੋਲੀ ਆਏ. ਇਹ ਰੁਪਰ ਸ਼ਹਿਰ ਤੋਂ ਕੋਈ 10 ਕਿਲੋਮੀਟਰ ਦੂਰ ਹੈ. ਪੂਰਬੀ ਪੰਜਾਬ ਦਾ ਇਹ ਹਿੱਸਾ ਕਾਫ਼ੀ ਹਰਾ-ਭਰਾ ਹੈ ਕਿਉਂਕਿ ਇਥੇ ਮਾਨਸੂਨ ਜਲਦੀ ਪਹੁੰਚਦਾ ਹੈ ਅਤੇ ਜ਼ਿਆਦਾ ਦਿਨਾਂ ਤਕ ਰਹਿੰਦਾ ਹੈ. ਛੋਟੀ ਪਹਾੜਿਆਂ, ਪਾਣੀ ਦੀ ਧਾਰਾਂ, ਡੂੰਘੀ ਘਾਟੀਆਂ ਅਤੇ ਇੱਕ ਨਵੀਂ ਨਹਿਰ ਜੋ ਆਜ਼ਾਦੀ ਦੇ ਬਾਅਦ ਬਣਾਈ ਗਈ ਹੈ, ਇਣ ਸਭ ਨੇ, ਇਸ ਇਲਾਕੇ ਨੂੰ ਬਹੁਤ ਉਪਜਾਊ ਬਣਾ ਦਿੱਤਾ ਹੈ. ਉੱਤਰ-ਪੂਰਬ ਤੇ ਹੀ ਹਿਮਾਚਲ ਪ੍ਰਦੇਸ਼ ਹੈ ਜਿਥੇ ਦੀ ਪਹਾੜੀਆਂ ਨਜ਼ਰ ਆਉਂਦੀ ਨੇ, ਜੋ ਹੌਲੀ ਹੌਲੀ ਉਠਦੀ ਹੋਇਆਂ ਸ਼ਿਵਾਲਕ ਪਰਵਤ ਮਾਲਾ ਨਾਲ ਮਿਲ ਜਾਂਦੀ ਨੇ.

ਛਿਤੱਰੂ

'ਮੈਂ ਪਿੰਡ ਦਾ ਚੌਕੀਦਾਰ ਹਾਂ. ਅਸੀਂ 1947 ਤੇ ਵੀ ਇਥੇ ਸੀ. ਡੰਗੋਲੀ ਦੇ ਨਵੇਂ ਲੋਕ ਸਿੱਖ ਜੱਟ ਨੇ, ਜੋ ਪਾਕਿਸਤਾਨ ਤੋਂ ਇਥੇ ਆ ਕੇ ਵਸ ਗਏ. ਤਕਸੀਮ ਤੋਂ ਪਹਿਲਾਂ ਇਸ ਪਿੰਡ ਤੇ ਗੁੱਜਰ ਜਾਤ ਦੇ ਮੁਸਲਿਮ ਰਹਿੰਦੇ ਸੀ. ਉਨ੍ਹਾਂ ਦਾ ਮੁੱਖਿਆ ਉਮਰਾ ਗੁਜਰ (ਉਮਰ ਦੀਨ) ਸੀ. ਜਦ ਹਮਲੇ ਹੋਏ, ਤਦ ਸਤਲਜ ਪਾਰ ਸਾਰੇ ਪਿੰਡਾਂ ਨੂੰ ਫ਼ੌਜ਼ ਅਤੇ ਸਿੱਖ ਜੱਥੇਆਂ ਨੇ ਘੇਰ ਕੇ ਰੱਖਿਆ ਸੀ. ਉਹ ਮੁਸਲਿਮ ਪਿੰਡਾਂ ਨੂੰ ਅੱਗ ਲਗਾ ਕੇ ਲੋਕਾਂ ਨੂੰ ਨੱਸਣ ਲਈ ਮਜਬੂਰ ਕਰਦੇ. ਉਹ ਦਰਿਆ ਪਾਰ ਕਰ ਕੇ ਕਬਰਗਾਹ ਤੇ ਇਕੱਠਾ ਹੋ ਗਏ. ਥੋੜਾ ਅਗੇ, ਇੱਕ ਮੁਸਲਿਮ ਪੀਰ ਘੈਹਰ ਸ਼ਾਹ ਦਫ਼ਨ ਹੈ. ਘੱਟ ਤੋਂ ਘੱਟ 80,000-100,000 ਲੋਕ ਇਥੇ ਜਮਾ ਹੋਏ ਸੀ. ਲੰਬਰਦਾਰ ਉਮਰਾ ਨੇ ਸਾਨੂ ਚਲੇ ਜਾਣ ਨੂੰ ਕਿਹਾ ਕਿਉਂਕਿ ਉਸ ਨੂੰ ਲਗਦਾ ਸੀ ਕਿ ਬੇਘਰ ਹੋਏ ਮੁਸਲਿਮ ਸਾਡੇ ਤੋਂ ਬਦਲਾ ਲੈਣਗੇ. ਅਤੇ ਅਸੀਂ ਖਨੇਲੀ ਚਲੇ ਗਏ. ਮੁਸਲਿਮ ਜਾ ਨਹੀਂ ਰਹੇ ਸੀ. ਉਹ ਪਿੰਡਾ ਵਿੱਚ ਰਹਿਣ ਦਾ ਪੱਕਾ ਇਰਾਦਾ ਰੱਖਦੇ ਸੀ, ਪਰ ਫ਼ੌਜ਼ ਨੇ ਉਨ੍ਹਾਂ ਨੂੰ ਜਾਣ ਲਈ ਜ਼ਬਰਦਸਤੀ ਕੀਤੀ. ਰਾਹ ਵਿੱਚ ਉਨ੍ਹਾਂ ਦੇ ਉਪਰ ਕਈ ਹਮਲੇ ਹੋਏ ਅਤੇ ਹਜ਼ਾਰਾਂ ਦੀ ਤਦਾਦ ਤੇ ਲੋਕ ਹਲਾਕ ਹੋਏ. ਇਥੇ ਸਾਰੇ ਘਰਾਂ ਨੂੰ, ਜਿਸ ਵਿੱਚ ਸਾਡੇ ਘਰ ਵੀ ਸੀ, ਸਾੜ ਦਿੱਤੇ ਗਏ. ਬਾਅਦ ਤੇ, ਜਦ ਅਸੀਂ ਵਾਪਸ ਆਏ, ਅਸੀਂ ਮੁਸਲਿਮਾਂ ਦੇ ਘਰਾਂ ਦੀ ਸਮਗਰੀ ਲੈ ਕੇ ਆਪਣੇ ਘਰ ਬਣਾਏ. ਤੁਹਾਨੂ ਅਗਰ ਪੂਰਾ ਕਿੱਸਾ ਸੁਣਨਾ ਹੈ ਤੇ ਤੁਸੀਂ ਲੰਬਰਦਾਰ ਅਮਰ ਸਿੰਘ ਨੂੰ ਮਿਲੋ. ਉਹ ਹੁਣ 80 ਤੋਂ ਵੀ ਜ਼ਿਆਦਾ ਉਮਰ ਦੇ ਹੋ ਗਏ ਨੇ.'

ਅਸੀਂ ਗੱਡੀ ਵਿੱਚ ਪਿੰਡ ਤਕ ਗਏ ਅਤੇ ਕੁੱਝ ਪੁੱਛ-ਗਿੱਛ ਦੇ ਬਾਅਦ ਇੱਕ ਛੋਟੀ ਕੁੜੀ ਨੇ ਸਾਡੀ ਮਦਦ ਕੀਤੀ ਜੋ ਸਾਨੂ ਅਮਰ ਸਿੰਘ ਤੇ ਘਰ ਲੈ ਗਈ. ਇਹ ਇੱਕ ਵੱਡਾ, ਇੱਟਾਂ ਦਾ ਬਣਿਆ ਪੱਕਾ ਘਰ ਸੀ. ਲੰਬਰਦਾਰ ਨੇ ਖੁਦ ਦੱਸਿਆ ਕਿ ਉਸ ਦਾ ਤਾਲੁੱਕ ਉਸ ਜਾਤ ਨਾਲ ਹੈ ਜਿਸ ਨੂੰ ਪਹਿਲਾਂ ਅਛੂਤ ਮਣਿਆ ਜਾਂਦਾ ਸੀ. ਪਰਵਾਰ ਨੇ ਸਾਫ ਤੌਰ ਤੇ ਤਰੱਕੀ ਕੀਤੀ ਸੀ ਅਤੇ ਉਹ ਇੱਕ ਅਹਿਮ ਇਨਸਾਨ ਸਨ, ਪਰ ਉਨ੍ਹਾਂ ਦਾ ਘਰ ਪੁਰਾਣੇ ਪਿੰਡ ਤੋਂ ਥੋੜਾ ਬਾਹਰ ਸੀ-ਇਹ ਕਿਹਨਾ ਮੁਸਕਲ ਸੀ ਕਿ ਇਹ ਮੌਜੂਦਾ ਜਾਤ-ਪਾਤ ਲਈ ਸੀ ਜਾਂ ਇਸ ਲਈ ਕਿ ਪਿੰਡ ਦੇ ਬਾਹਰ ਜ਼ਮੀਨ ਆਸਾਨੀ ਨਾਲ ਮਿਲ ਗਈ ਸੀ. ਅਸੀਂ ਅਹਾਤੇ ਤੇ ਬੈਠੇ ਅਤੇ ਉਨ੍ਹਾਂ ਦਾ ਬਿਆਨ ਦਰਜ ਕੀਤਾ:

ਅਮਰ ਸਿੰਘ

'ਮੇਰਾ ਜਨਮ ਡੰਗੋਲੀ ਵਿੱਚ 1922 ਤੇ ਇੱਕ ਹਰਿਜਨ ਪਰਵਾਰ ਵਿੱਚ ਹੋਇਆ. ਇਸ ਪਿੰਡ ਤੇ ਗੁੱਜਰ ਮੁਸਲਿਮ ਅਤੇ ਕੁੱਝ ਹਰਿਜਨ ਰਹਿੰਦੇ ਸੀ. ਮੇਰੇ ਕਈ ਮੁਸਲਿਮ ਦੋਸਤ ਸਨ. ਅਸੀਂ ਅਮਨ ਵਿੱਚ ਰਹਿੰਦੇ ਸੀ. ਲੰਬਰਦਾਰ ਉਮਰਾ ਬਹੁਤ ਨੇਕ ਅਤੇ ਸੱਚਾ ਇਨਸਾਨ ਸੀ. ਦੂਜੇ ਜਿਨ੍ਹਾਂ ਦੇ ਨਾਂਅ ਮੈਨੂੰ ਯਾਦ ਨੇ, ਉਹ ਸਨ ਖੈਰ ਦੀਨ, ਸ਼ਾਹ ਮੁਹੱਮਦ ਅਤੇ ਸ਼ੇਰ ਮੁਹੱਮਦ.

'ਇਸ ਇਲਾਕੇ ਤੇ ਕਈ ਮੁਸਲਿਮ ਪਿੰਡ ਸਨ. 1947 ਤਕ, ਰਿਸ਼ਤੇਆਂ ਵਿੱਚ ਸਕੂਨ ਸੀ ਪਰ ਸਿੱਖਾਂ ਦੇ ਕੁੱਝ ਬਦਨਾਮ ਬੰਦੇਆਂ, ਗੁੰਡੇਆਂ ਅਤੇ ਉਨ੍ਹਾਂ ਦੇ ਨਾਲ ਸਥਾਨਕ ਪ੍ਰਸ਼ਾਸਨ ਅਤੇ ਸਿੱਖ ਫ਼ੌਜ਼ ਨੇ ਮੁਸਲਿਮਾਂ ਉਪਰ ਹਮਲਾ ਕਰ ਦਿੱਤਾ. ਚਾਰੇ ਪਾਸੇ ਦਹਿਸ਼ਤ ਫੈਲ ਗਈ. ਆਲੇ-ਦੁਆਲੇ ਦੇ ਪਿੰਡਾਂ ਅਤੇ ਰਿਆਸਤ ਨਲਾਗੜ ਅਤੇ ਨੁਰਪੁਰ ਬੇਦੀ ਤੋਂ ਵੀ ਆ ਕੇ, ਇੱਕ ਮੁਸਲਿਮ ਸੂਫ਼ੀ ਗੌਹਰ ਸ਼ਾਹ ਦੀ ਮਜ਼ਾਰ ਦੇ ਕਰੀਬ ਤੇ ਕਬਰਗਾਹ, ਤੇ ਇਕੱਠਾ ਹੋ ਗਏ. ਉਥੇ 100,000 ਤੋਂ ਵੀ ਜ਼ਿਆਦਾ ਉਨ੍ਹਾਂ ਦੇ ਲੋਕ ਹੋਣਗੇ. ਕਈਆਂ ਦੀ ਇੱਕ ਦੂਜੇ ਨਾਲ ਰਿਸ਼ਤੇਦਾਰੀ ਸੀ, ਸ਼ਾਇਦ ਉਹ ਗੁੱਜਰ ਬਰਾਦਰੀ ਦੇ ਸਨ. ਉਣ ਦਿਨਾਂ ਤੇ ਕਾਫ਼ੀ ਮੀਂਹ ਪੈ ਰਿਹਾ ਸੀ.

'ਲੰਬਰਦਾਰ ਉਮਰਾ ਨੇ ਸਾਨੂ ਚਲੇ ਜਾਣ ਨੂੰ ਕਿਹਾ ਕਿਉਂਕਿ ਸਾਨੂ ਉਣ ਮੁਸਲਿਮਾਂ ਤੋਂ ਆਪਣੀ ਜਾਨ ਨੂੰ ਖ਼ਤਰਾ ਸੀ, ਜੋ ਸੋਚਦੇ ਸੀ ਕਿ ਉਣ ਹਮਲੇਆਂ ਤੇ ਹਰਿਜਨਾਂ ਦਾ ਹੱਥ ਸੀ. ਅਸੀਂ ਇੱਕ ਨੇੜੇ ਦੇ ਪਿੰਡ ਤੇ ਚਲੇ ਗਏ, ਪਰ ਸਾਨੂੰ ਚੰਗੀ ਤਰ੍ਹਾਂ ਪਤਾ ਸੀ ਕਿ, ਕੀ ਹੋ ਰਿਹਾ ਸੀ. ਸਿੱਖ ਜੱਥੇਆਂ ਕੋਲ ਬੰਦੂਕਾਂ, ਕੁਹਾੜੀਆਂ ਅਤੇ ਗੰਡਾਸੇ ਮੌਜੂਦ ਸਨ. ਸ਼ੁਰੂ ਤੇ ਇਥੇ ਫ਼ੌਜ਼ ਖਨੋਲੀ ਦੇ ਸਿੱਖਾਂ ਦੇ ਕਹਿਣ ਦੇ ਚਲਦਿਆਂ ਆਈ ਜਿਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਦੇ ਕਰੀਬ ਮੁਸਲਿਮਾਂ ਦੀ ਵਧਦੀ ਤਦਾਦ, ਉਨ੍ਹਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਰਹੀ ਸੀ. ਮੁਸਲਿਮਾਂ ਨੂੰ ਡੰਗੋਲੀ ਛੱਡ ਕੇ ਕੁਰਾਲੀ ਜਾਣ ਨੂੰ ਕਿਹਾ ਗਿਆ. ਉਨ੍ਹਾਂ ਨੇ ਇਸ ਹੁਕਮ ਦੀ ਮੁਖ਼ਾਲਫ਼ਤ ਕੀਤੀ ਅਤੇ ਕੁੱਝ ਝੜਪਾਂ ਹੋਇਆਂ. ਇਸ ਤਰ੍ਹਾਂ ਉਨ੍ਹਾਂ ਨੂੰ ਕੈਂਪ ਦੀ ਤਰਫ਼ ਜਾਣ ਲਈ ਮਜਬੂਰ ਕੀਤਾ ਗਿਆ. ਫਿਰ ਉਹ ਇਥੋਂ ਉੱਚੇ ਮੈਦਾਨ ਤੇ, ਫਿਰ ਸ਼ਾਹਜ਼ਾਦਾ ਪੀਰ ਨਾਂਅ ਦੀ ਜਗ੍ਹ ਦੇ ਟਿੱਲੇ ਦੀ ਤਰਫ਼ ਚਲੇ ਗਏ. ਉਹ ਉਥੇ ਤਕਰੀਬਨ ਇੱਕ ਮਹੀਨੇ ਤਕ ਰਹੇ. ਇਸ ਦੇ ਬਾਅਦ ਸਿੱਖ ਫ਼ੌਜ਼ ਅਤੇ *ਸਬ-ਡਵੀਜਨਲ ਮਜਿਸਟਰੇਟ* ਪੰਡਤ ਲਕਸ਼ਮੀ ਚੰਦ (ਜਿਸ ਨੂੰ ਚੌਧਰੀ ਅਬਦੁਲ ਸਈਦ ਨੇ ਸਹਾਇੱਕ ਉਪ ਕਮੀਸ਼ਨਰ ਦੱਸਿਆ ਸੀ) ਨੇ ਮੁਸਲਿਮਾਂ ਨੂੰ ਸਾਰੇ ਹਥਿਆਰ, ਸੋਨੇ ਚਾਂਦੀ ਦੇ ਜੇਵਰ ਅਤੇ ਨਗਦੀ ਜਮਾ ਦੇਣ ਦਾ ਹੁਕਮ ਦਿੱਤਾ. ਜਿਆਦਾਤਰ ਲੋਕਾਂ ਨੇ ਇਸ ਤਰ੍ਹਾਂ ਕੀਤਾ ਪਰ ਕੁੱਝ ਨੇ ਇਹ ਗੱਲ ਨਹੀਂ ਮੱਨੀ ਅਤੇ ਤਦ ਹੀ ਫੌਜ਼ ਨੇ ਸਟੇਨ-ਗਨਾਂ ਨਾਲ ਗੋਲਾਬਾਰੀ ਕਰ ਦਿੱਤੀ. ਇਸ ਦੇ ਚਲਦਿਆਂ ਕਾਫ਼ੀ ਲੋਕ ਹਲਾਕ ਹੋ ਗਏ.

'ਇੱਕ ਕਤਲੇਆਮ ਹੋ ਗਿਆ. ਹਜਾਰਾਂ ਲੋਕ ਮਾਰੇ ਗਏ. ਅਸੀਂ ਕਈ ਕਿਲੋਮੀਟਰ ਦੇ ਦਾਇਰੇ ਤੇ ਲਾਸਾਂ ਨੂੰ ਬਿਖਰਿਆਂ ਹੋਇਆਂ ਵੇਖਿਆ. ਫੂਲੀਆਂ ਹੋਇਆਂ ਲਾਸ਼ਾਂ ਧਾਰਾਂ ਅਤੇ ਛੱਪੜਾਂ ਤੇ ਤੈਰ ਰਹਿਆਂ ਸੀ ਅਤੇ ਕੁੱਝ ਖੂਹ ਉਣ ਔਰਤਾਂ ਦੀ ਲਾਸ਼ਾਂ ਨਾਲ ਭਰ ਗਏ ਸੀ, ਜਿਨ੍ਹਾਂ ਨੇ ਉਸ ਵਿੱਚ ਛਾਲ ਮਾਰ ਦਿੱਤੀ ਸੀ ਜਾਂ ਉਨ੍ਹਾਂ ਨੂੰ ਉਸ ਵਿੱਚ ਸਿੱਖਾਂ ਅਤੇ ਫ਼ੌਜ਼ ਨੇ ਸੁੱਟ ਦਿੱਤਾ ਸੀ. ਮੈਨੂੰ ਪਤਾ ਨਹੀਂ ਹੈ ਕਿ ਕੁੱਲ ਕਿੰਨੀ ਮੌਤਾਂ ਹੋਇਆਂ, ਪਰ ਤਦਾਦ ਹਜਾਰਾਂ ਵਿੱਚ ਹੋਵੇਗੀ. ਫਿਰ ਕਾਫ਼ਿਲਾ ਕੁਰਾਲੀ ਚਲਾ ਗਿਆ ਜਿਥੇ ਮੈਨੂੰ ਯਕੀਨ ਹੈ ਕਿ ਉਹ ਕੁੱਝ ਵਕਤ ਤਕ ਰਿਹਾ, ਜਿਸ ਦੇ ਬਾਅਦ ਮੁਸਲਿਮਾਂ ਨੂੰ ਪਾਕਿਸਤਾਨ ਲੈ ਜਾਇਆ ਗਿਆ. ਸਭ ਨੂੰ ਇਹ ਕਹਾਣੀ ਪਤਾ ਹੈ. ਇਥੇ ਦੇ ਮੁਸਲਿਮ ਬਹੁਤ ਅਮਨਪਸੰਦ ਸਨ. ਇਥੇ ਕੁੱਝ ਆ ਕੇ ਆਪਣੇ ਪਿੰਡਾਂ ਤੇ ਵੀ ਗਏ ਸੀ ਪਰ ਮੈਨੂੰ ਯਾਦ ਨਹੀਂ ਹੈ ਕਿ ਕੋਈ ਡੰਗੋਲੀ ਆਇਆ ਸੀ ਜਾਂ ਨਹੀਂ.'

ਨਸੀਬ ਕੌਰ ਜਾਂ ਅਜ਼ਮਤ ਬੀਬੀ

ਡੰਗੋਲੀ ਦੀ ਤਰਫ਼ ਜਾਂਦੇ ਵਕਤ, ਸਾਨੂ ਇੱਕ ਔਰਤ ਦੇ ਬਾਰੇ ਪਤਾ ਲਗਾ ਜੋ ਕਿ ਬਤੌਰ ਇੱਕ ਮੁਸਲਿਮ ਪੈਦਾ ਹੋਈ ਸੀ ਪਰ ਉਸ ਨੂੰ ਇੱਕ ਸਿੱਖ ਨੇ ਬਚਾ ਲੀਤਾ ਸੀ ਅਤੇ ਉਹ ਇੱਕ ਸਿੱਖ ਦੀ ਤਰ੍ਹਾਂ ਹੀ ਵੱਡੀ ਹੋਈ. ਅਮਰ ਸਿੰਘ ਨਾਲ ਗੱਲਬਾਤ ਕਰ ਕੇ ਅਸੀਂ ਉਸ ਦੇ ਪਿੰਡ ਫੁਲ ਖੁਰਦ ਗਏ. ਅਸੀਂ ਸ਼ਾਮ 7 ਵਜੇ ਪਹੁੰਚੇ ਅਤੇ ਉਨ੍ਹਾਂ ਨੂੰ ਲਭਣ ਤੇ ਕੋਈ ਮੁਸ਼ਕਲ ਨਹੀਂ ਹੋਈ. ਅਸੀਂ ਇੱਕ ਰਵਾਇਤੀ ਕਿਸਾਨ ਦੇ ਘਰ ਪਹੁੰਚੇ ਜਿਥੇ ਗਾਂਵਾਂ, ਮੱਝਾਂ ਅਤੇ ਬਕਰੀਆਂ ਇਹਾਤੇ ਤੇ ਮੌਜੁਦ ਸਨ. ਨਸੀਬ ਕੌਰ ਇੱਕ ਕਿਰਪਾਲੂ ਅਤੇ ਪਿਆਰੀ ਸੂਰਤ ਵਾਲੀ ਔਰਤ ਸਾਬਤ ਹੋਈ. ਇਹ ਵਿਰਤਾਂਤ ਕਿਸੇ ਕਿੱਸੇ ਤੋਂ ਵੀ ਜ਼ਿਆਦਾ ਅਜੀਬ ਹੈ:

'ਮੈਂ ਤਕਸੀਮ ਦੇ ਵਕਤ ਮਹਿਜ਼ ਚਾਰ ਸਾਲਾਂ ਦੀ ਸੀ. ਸਾਡੇ ਪਿੰਡ ਨੂੰ ਅੱਗ ਲਗਾ ਦਿੱਤੀ ਗਈ ਅਤੇ ਮੈਂ ਆਪਣੀ ਮਾਂ ਨਾਲ ਅਲਗ ਹੋ ਗਈ ਜਿਸ ਨੇ ਮੇਰੀ ਬਾਂਹ ਫੜ੍ਹੀ ਸੀ, ਜਦ ਸਿੱਖਾਂ ਨੇ ਸਾਡੇ ਪਿੰਡ ਉਪਰ ਹਮਲਾ ਕੀਤਾ. ਮੇਰੇ ਪੈਦਾ ਹੋਣ ਦੇ ਬਾਅਦ, ਮੇਰੇ ਪਿਤਾ ਦੀ ਮੌਤ ਹੋ ਗਈ ਸੀ, ਅਤੇ ਮੈਂ ਹੋਰ ਮੇਰੀ ਮਾਂ, ਅਸੀਂ ਦੋਨਾਂ ਦਾ ਹੀ ਇੱਕ ਛੋਟਾ ਪਰਵਾਰ ਸੀ. ਇੱਕ ਔਰਤ ਨੂੰ ਮੈਂ ਮਿਲ ਗਈ ਅਤੇ ਉਹ ਮੈਨੂੰ ਇੱਕ ਸਿੱਖ ਉਵਰਸਿਅਰ ਦੇ ਕੋਲ ਲੈ ਆਈ, ਜੋ ਇੱਕ ਨਹਿਰ ਦੇ ਵਿਭਾਗ ਤੇ ਕੱਮ ਕਰਦੇ ਸੀ. ਬਾਅਦ ਤੇ ਉਹ ਔਰਤ ਪਾਕਿਸਤਾਨ ਚਲੇ ਗਈ.

'ਮੇਰੇ ਚਾਚਾਜੀ (ਸਿੱਖ *ਉਵਰਸਿਅਰ* ਦਾ ਇੱਜ਼ਤ ਨਾਲ ਕੀਤਾ ਗਿਆ ਜ਼ਿਕਰ) ਨੇ ਮੈਨੂੰ ਵੇਖਿਆ ਅਤੇ ਨਾਲੋਨਾਲ ਪਸੰਦ ਕਰਣ ਲਗੇ. ਉਨ੍ਹਾਂ ਨੇ ਖੁਦ ਕਈ ਵਾਰ ਮੁਸਲਿਮਾਂ ਉਪਰ ਹਮਲੇਆਂ ਵਿੱਚ ਹਿੱਸਾ ਲੀਤਾ ਪਰ ਮੇਰੇ ਲਈ ਉਹ ਇੱਕ ਪਿਤਾ ਸਮਾਨ ਸਨ. ਉਨ੍ਹਾਂ ਦੀ ਪਹਿਲਾਂ ਤੋਂ ਇੱਕ ਬੇਟੀ ਮੌਜੂਦ ਸੀ. ਮੈਂ ਜਦ ਪਰਵਾਰ ਤੇ ਆਈ, ਤੇ ਉਨ੍ਹਾਂ ਦੇ ਦੋ ਬੇਟੇ ਪੈਦਾ ਹੋਏ ਅਤੇ ਵਪਾਰ ਤੇ ਉਨ੍ਹਾਂ ਨੇ ਬਹੁਤ ਤਰੱਕੀ ਕੀਤੀ. ਉਹ ਯਕੀਨ ਕਰਣ ਲਗੇ ਕਿ ਮੈਂ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਪਰਵਾਰ ਦੀ ਕਿਸਮਤ ਬਦਲ ਦਿੱਤੀ ਸੀ. ਉਹ ਜਦ ਵੀ ਬਾਹਰ ਜਾਂਦੇ, ਇਹ ਕਹਿੰਦੇ ਕਿ ਮੈਂ ਉਨ੍ਹਾਂ ਦੀ ਜ਼ਿੰਦਗੀ ਦੀ ਸਾਰੀ ਖ਼ੁਸ਼ੀਆਂ ਦੀ ਸਰੋਤ ਸੀ.

'ਮੇਰਾ ਨਾਂਅ ਨਸੀਬ ਕੌਰ ਰੱਖਿਆ ਗਿਆ. ਮੈਨੂੰ ਉਸ ਵਕਤ ਆਪਣਾ ਅਸਲੀ ਨਾਂਅ ਪਤਾ ਨਹੀਂ ਸੀ. ਜਦ ਮੈਂ ਵੱਡੀ ਹੋਈ ਤਦ, ਇੱਕ ਸਿੱਖ ਨਾਲ ਮੇਰਾ ਵਿਆਹ ਹੋ ਗਿਆ ਅਤੇ ਹੁਣ ਮੇਰੇ ਬੱਚੇ ਅਤੇ ਪੋਤਾ-ਪੋਤੀ ਹੈਗੇ ਨੇ. ਪਰ, ਇਏ ਸਾਲਾਂ ਦੇ ਬਾਅਦ ਵੀ ਮੈਂ ਆਪਣੀ ਬੀਬੀ ਨੂੰ ਨਹੀਂ ਭੁਲੀ ਜੋ ਮੈਨੂੰ ਬਹੁਤ ਪਿਆਰ ਕਰਦੀ ਸੀ. ਮੈਂ ਰੋਜ਼ ਉਨ੍ਹਾਂ ਦੇ ਬਾਰੇ ਸੋਚਦੀ ਸੀ.

'ਸ਼ਾਇਦ ਉਹ ਉਸ ਕਤਲੇਆਮ ਤੋਂ ਬਚ ਗਈ ਅਤੇ ਮਹਿਫ਼ੂਜ਼ ਪਾਕਿਸਤਾਨ ਪਹੁੰਚ ਗਈ ਸੀ. ਉਸ ਨੇ ਦੁਬਾਰਾ ਵਿਆਹ ਕਰ ਲੀਤਾ ਸੀ ਪਰ ਮੇਰੇ ਬਾਰੇ ਸੋਚਣਾ ਬੰਦ ਨਹੀਂ ਕੀਤਾ ਸੀ. ਇਸ ਦੇ ਬਾਅਦ, ਉਹ ਉਸ ਔਰਤ ਨਾਲ ਮਿਲੀ ਜਿਸ ਨੇ ਮੈਨੂੰ ਇੱਕ ਸਿੱਖ ਸੱਜਣ ਨੂੰ ਦੇ ਦਿੱਤਾ ਸੀ. 1990 ਤੇ ਉਹ ਮੇਰੇ ਬੂਅੇ ਤੇ ਆਈ ਅਤੇ ਦੱਸਿਆ ਕਿ ਉਹ ਮੇਰੀ ਮਾਂ ਸੀ. ਹਾਂ, ਮੈਂ ਉਨ੍ਹਾਂ ਨੂੰ ਪਛਾਣ ਲੀਤਾ ਅਤੇ ਉਨ੍ਹਾਂ ਨੇ ਮੈਨੂੰ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਮੇਰਾ ਮੁਸਲਿਮ ਨਾਂਅ ਅਜ਼ਮਤ ਬੀਬੀ ਸੀ.

'ਅਸੀਂ, 43 ਸਾਲਾਂ ਬਾਅਦ ਮਿਲੇ. ਮੈਂ ਹੁਣ ਇੱਕ ਸਿੱਖ ਸੀ ਅਤੇ ਮੇਰਾ ਪਰਵਾਰ ਸੀ. ਮੇਰੀ ਮਾਂ ਇੱਕ ਪੱਕੀ ਮੁਸਲਿਮ ਸੀ ਜੋ ਦਿਨ ਤੇ ਪੰਜ ਵਾਰ ਨਮਾਜ਼ ਅਦਾ ਕਰਦੀ ਸੀ. ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਨੂੰ ਗੋਦ ਲੈਣ ਵਾਲੇ ਮਾਂ-ਪਿਉ ਬਹੁਤ ਚੰਗੇ ਸੀ ਅਤੇ ਉਨ੍ਹਾਂ ਦੇ ਬਚੇਆਂ ਨੇ ਮੇਰੇ ਨਾਲ ਬਹੁਤ ਚੰਗਾ ਸਲੂਕ ਕੀਤਾ ਸੀ ਅਤੇ ਪੂਰਾ

ਪਿੰਡ ਮੇਰੇ ਨਾਲ ਬਹੁਤ ਕਿਰਪਾਲੂ ਸੀ. ਮੈਂ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਮੈਂ ਇੱਕ ਕੱਟੜ ਸਿੱਖ ਬਣ ਗਈ ਸੀ ਅਤੇ ਮੇਰਾ ਆਪਣੇ ਧਰਮ ਅਤੇ ਪਰਵਾਰ ਨਾਲ ਬਹੁਤ ਲਗਾਉ ਸੀ.

'ਉਹ ਸੰਤੋਖ ਨਾਲ ਵਾਪਸ ਗਈ ਕਿ ਮੈਂ ਖ਼ੁਸ਼ ਸੀ. ਇਸ ਦੇ ਬਾਅਦ, ਮੈਂ ਪਾਕਿਸਤਾਨ ਗਈ ਅਤੇ ਉਥੇ ਰਿਸ਼ਤੇਦਾਰਾਂ ਨੂੰ ਮਿਲੀ. ਮੇਰੀ ਮਾਂ ਦੇ ਦੋ ਬੇਟੇ ਸੀ. ਫਿਰ ਮੇਰੇ ਚਾਚੇ ਚਾਚੀਆਂ ਵੀ ਮਿਲੇ. ਮੈਂ ਹੋਰ ਤਿੰਨ ਵਾਰ ਪਾਕਿਸਤਾਨ ਗਈ ਹਾਂ. ਉਨ੍ਹਾਂ ਨੇ ਸਭ ਨੇ ਮੈਨੂੰ ਮੰਜ਼ੂਰ ਕਰ ਲੀਤਾ ਹੈ, ਅਤੇ ਹਮੇਸ਼ਾ ਮੇਰੇ ਪਰਵਾਰ ਲਈ ਤੋਹਫੇ ਭੇਜਦੇ ਨੇ. ਕਿਸੇ ਨੇ ਮੈਨੂੰ ਦੁਬਾਰਾ ਮੁਸਲਿਮ ਬਣਣ ਦੀ ਸਲਾਹ ਨਹੀਂ ਦਿੱਤੀ ਹੈ. ਮੌਜੂਦਾ ਹਾਲਾਤ ਨਾਲ, ਅਸੀਂ ਸਾਰੇ ਖ਼ੁਸ਼ ਹਾਂ ਜੋ 1947 ਦੀ ਪੰਜਾਬ ਦੀ ਤਕਸੀਮ ਦੇ ਬਾਅਦ ਕਾਇਮ ਹੈ.'

ਮੈਂ ਇਨਸਾਨੀ ਜਜ਼ਬਾਤ ਦੀ ਇੱਸ ਕਮਾਲ ਦੀ ਕਹਾਣੀ ਨਾਲ ਅਤੇ ਕਿਸ ਤਰ੍ਹਾਂ, ਲੋਕ ਜ਼ਿੰਦਗੀ ਦੀ ਤਰਫ਼ ਇੱਕ ਅਮਲੀ ਨਜ਼ਰਿਆ ਅਪਨਾਉਂਦੇ ਨੇ ਨਾ ਕਿ ਕਿਸੇ ਅਸੂਲ਼ ਨੂੰ, ਬਹੁਤ ਮੁਤਾਸਰ ਹੋਇਆ. 1947 ਤੇ ਤਬਾਹ ਹੋਣ ਵਾਲੀ ਲੱਖਾ ਜ਼ਿੰਦਗੀਆਂ ਇੱਕ ਵੱਡੀ ਤ੍ਰਾਸਦੀ ਸੀ, ਭਾਵੇਂ ਇੰਡੀਆ, ਬੰਗਾਲ ਅਤੇ ਪੰਜਾਬ ਦੀ ਤਕਸੀਮ ਬਾਰੇ, ਕੋਈ ਕਿਸ ਤਰ੍ਹਾਂ ਦਾ ਵੀ ਨਜ਼ਰਿਆ ਰੱਖੇ.

ਹਿਸਾਰ

1947 ਤੇ ਹਿਸਾਰ ਜਿਲ੍ਹੇ ਤੇ ਮੁਸਲਿਮ ਫ਼ੀਸਦੀ 28 ਸੀ. ਖ਼ਾਨ ਬਹਾਦੁਰ ਮਲਿਕ ਖ਼ੁਦਾ ਬਕਸ਼ ਨੇ ਹਿਸਾਰ ਦੇ ਸਿਰਸਾ ਤਹਸੀਲ ਬਾਰੇ ਇਹ ਰਿਪੋਰਟ ਪੇਸ਼ ਕੀਤੀ:

> ਸਿਰਸਾ ਸਬ-ਡਿਵੀਜ਼ਨ ਦੇ ਮੁਸਲਿਮਾਂ ਬਾਰੇ ਖ਼ਬਰ ਮਿਲੀ ਸੀ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਰੱਖਿਆਤਮਕ ਵਾਹਿਨੀ ਦੇ ਤੌਰ ਤੇ ਤੰਜ਼ੀਮ ਕਰ ਲੀਤਾ ਸੀ ਅਤੇ ਇਸ ਨੂੰ ਵੇਖ ਕੇ ਜੱਟਾਂ ਨੇ ਉਨ੍ਹਾਂ ਨੂੰ ਸਤਾਉਣ ਦੀ ਹਿੱਮਤ ਨਹੀਂ ਕੀਤੀ. ਉਹ ਸਿਰਸਾ ਤੋਂ ਟਾਕਰਾ ਕਰਦੇ ਹੋਏ ਬਚ ਨਿਕਲੇ ਅਤੇ ਤਕਰੀਬਨ 60,000 ਮੁਸਲਿਮ ਬਹਾਵਲਪੁਰ ਪਹੁੰਚ ਗਏ ਸੀ. ਪਹਿਲਾਂ ਇਹ ਰਿਪੋਰਟ ਆਈ ਕਿ ਰਿਆਸਤ ਬੀਕਾਨੇਰ ਦੇ ਅਧਿਕਾਰੀ, ਉਨ੍ਹਾਂ ਨੂੰ ਰਾਹ ਨਹੀਂ ਦੇ ਰਹੇ ਸੀ, ਪਰ ਅਖੀਰਕਾਰ ਉਹ ਜ਼ਿਆਦਾ ਮਦਦਗਾਰ ਹੋ ਗਏ ਅਤੇ ਮੁਸਲਿਮ ਉਥੋਂ ਹੋ ਕੇ ਗੁਜ਼ਰ ਗਏ. ਕੈਪਟੇਨ ਰਣਜੀਤ ਸਿੰਘ, ਪੂਰਬੀ ਪੰਜਾਬ ਦੇ ਵਿਕਾਸ ਮੰਤਰੀ ਨੇ ਮੈਨੂੰ ਕਿਹਾ ਕਿ ਇਸ ਜ਼ਿਲ੍ਹੇ ਦੀ 17 ਜਗ੍ਹਾਂ ਨੂੰ ਮੁਸਲਿਮਾਂ ਤੋਂ ਖਾਲੀ ਕਰਵਾ ਸਕਣਗੇ (1993: 208).

ਪੁਸ਼ਪਾ ਗੋਇਲ

ਮੇਰੇ ਦਿੱਲੀ ਅਤੇ ਪੂਰਬੀ ਪੰਜਾਬ ਦੇ ਮਾਰਚ 2004 ਦੇ ਦੌਰੇ ਦੇ ਦੌਰਾਨ, ਵਿਮਲ ਇੱਸਰ, ਜਿਨ੍ਹਾਂ ਦਾ ਲਾਹੌਰ ਨੂੰ ਲੈ ਕੇ ਇੰਟਰਵਿਊ ਦਾ ਪਹਿਲਾਂ ਜ਼ਿਕਰ ਕੀਤਾ ਜਾ ਚੁਕਿਆ ਹੈ, ਮੈਨੂੰ ਇੱਕ ਹਿੰਦੂ ਪਰਵਾਰ ਨਾਲ ਮਿਲਾਉਣ ਲਈ ਲੈ ਗਈ, ਜਿਸ ਨੇ ਮਸ਼ਹੂਰ ਪਾਕਿਸਤਾਨੀ ਕ੍ਰਿਕਟ ਖਿਡਾਰੀ ਇੰਜ਼ਮਾਮ-ਉਲ-ਹੱਕ ਦੇ ਪਰਵਾਰ ਨੂੰ ਹਾਂਸੀ, ਹਿਸਾਰ ਤੇ ਹਿਫ਼ਾਜ਼ਤ ਮੁਹੱਹਿਆ ਕਰਾਈ ਸੀ. ਸ਼੍ਰੀਮਤੀ ਗੋਇਲ ਨੇ ਮੈਨੂੰ ਇਹ ਦੱਸਿਆ: 'ਪਾਕਿਸਤਾਨ ਕ੍ਰਿਕਟ ਟੀਮ ਦੇ ਇੰਡੀਆ ਦੇ ਇੱਕ ਦੌਰੇ ਤੇ, ਇੰਜ਼ਮਾਮ ਨੇ ਉਸ ਦੇ ਮਾਤਾ-ਪਿਤਾ ਦੇ ਹੰਸੀ ਦੇ ਘਰ ਜਾਣ ਦੀ ਖਾਹਿਸ਼ ਜ਼ਾਹਰ ਕੀਤੀ ਸੀ. ਇੰਡੀਆ ਦੀ ਸਰਕਾਰ ਨੇ ਇਸ ਦੀ ਇੱਜ਼ਾਜ਼ਤ ਨਹੀਂ ਦਿੱਤੀ ਪਰ ਮੇਰੇ ਬੇਟੇ ਨੇ ਇੰਜ਼ਮਾਮ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਹੋਟਲ ਤੇ ਮਿਲਣ ਗਿਆ. ਜਦ ਇੱਜ਼ਮਾਮ ਵਾਪਸ ਗਏ ਅਤੇ

ਆਪਣੇ ਮਾਤਾ-ਪਿਤਾ ਨਾਲ ਇਸ ਗੱਲ ਦਾ ਜ਼ਿਕਰ ਕੀਤਾ ਤਦ ਉਨ੍ਹਾਂ ਦੇ ਵਾਲਿਦ ਨੇ ਮੈਨੂੰ ਅਤੇ ਮੇਰੇ ਮਾਂ-ਬਾਪ ਨੂੰ ਤੁਰੰਤ ਯਾਦ ਕੀਤਾ. ਫ਼ਸਾਦ ਦੇ ਵਕਤ, ਮੇਰੇ ਮਾਤਾ-ਪਿਤਾ ਨੇ ਉਨ੍ਹਾਂ ਨੀ ਜਾਣ ਬਚਾਈ ਸੀ. ਇੱਕ ਭੀੜ ਉਨ੍ਹਾਂ ਦੀ ਤਲਾਸ਼ ਕਰ ਰਹੀ ਸੀ, ਪਰ ਮੇਰੇ ਪਿਤਾ ਨੇ ਉਸ ਨੂੰ ਵਾਪਸ ਭੇਜ ਦਿੱਤਾ. ਜਦ ਇੰਜ਼ਮਾਮ ਵਾਪਸ ਗਏ, ਤਦ ਮੁਲਤਾਨ ਤੋਂ ਇੱਕ ਫੋਨ ਆਇਆ ਅਤੇ ਉਸ ਦੇ ਪਿਤਾ ਨੇ ਮੇਰੇ ਨਾਲ ਗੱਲ ਕੀਤੀ, ਉਨ੍ਹਾ ਨੇ ਪੁਛਿਆ: "ਅਰੇ ਪੁਸ਼ਪਾ ਕੈਸੀ ਹੋ ਤੁਮ? ਮੈਂ ਜਵਾਬ ਦਿੱਤਾ, "ਭਾਈ ਸਾਹਿਬ, ਮੈਂ ਠੀਕ ਹੂੰ." ਅਤੇ ਗੱਲ-ਬਾਤ ਚਲਦੀ ਰਹੀ. ਉਨ੍ਹਾਂ ਨੇ ਇੰਜ਼ਮਾਮ ਦੇ ਨਿਕਾਹ ਦੇ ਸਾਨੂ 1999 ਤੇ ਮੁਲਤਾਨ ਆਉਣ ਦਾ ਸੱਦਾ ਦਿੱਤਾ. ਉਸ ਵਕਤ, ਪ੍ਰਧਾਨ ਮੰਤਰੀ ਲਾਹੌਰ ਗਏ ਸੀ, ਅਤੇ ਵੀਸਾ ਮਿਲਣ ਤੇ ਕੋਈ ਮੁਸ਼ਕਲ ਨਹੀਂ ਹੋਈ.

'ਉਨ੍ਹਾਂ ਦੀ ਮਹਿਮਾਨ ਨਵਾਜ਼ੀ ਦਾ ਕੋਈ ਜਵਾਬ ਨਹੀਂ ਸੀ. ਲਗਦਾ ਸੀ ਮੈਂ ਆਪਣੇ ਪਰਵਾਰ ਤੇ ਵਾਪਸ ਆ ਰਹੀ ਸੀ. ਸਾਡੇ ਬਜ਼ੁਰਗਾਂ ਦੇ ਹਮੇਸ਼ਾ ਕਰੀਬੀ ਰਿਸ਼ਤੇ ਸੀ. ਸਭ ਨੇ ਇਸ ਗੱਲ ਦਾ ਖ਼ਿਆਲ ਰੱਖਿਆ ਕਿ ਮੈਂ ਪੂਰੀ ਸ਼ਾਕਾਹਾਰੀ ਸੀ. ਘਰ ਦੀ ਔਰਤਾਂ ਬੇਹਦ ਨਿੱਘੇ ਅਤੇ ਕਿਰਪਾਲੂ ਸੁਭਾਅ ਦੀ ਸੀ. ਮੈਂ ਆਪਣਾ ਮੁਲਤਾਨ ਸਫਰ ਕਦੀ ਨਹੀਂ ਭੁੱਲਾਂਗੀ.

ਰੋਹਤਕ

ਰੋਹਤਕ ਜ਼ਿਲ੍ਹੇ ਤੇ ਮੁਸਲਿਮਾਂ ਦੀ ਕੁੱਲ ਆਵਾਦੀ ਵਿੱਚ 17.4 ਫ਼ੀਸਦੀ ਸੀ. ਖ਼ਾਨ ਬਹਾਦੁਰ ਮਲਿਕ ਖ਼ੁਦਾ ਬਕਸ਼ ਨੇ ਸਤੰਬਰ 1947 ਬਾਰੇ ਇਹ ਰਿਪੋਰਟ ਪੇਸ਼ ਕੀਤੀ:

> 'ਹਾਲਾਂਕਿ ਇਹ ਬਹੁਤ ਵੱਡੀ ਅਫਵਾਹ ਫੈਲ ਗਈ ਸੀ ਕਿ ਰੋਹਤਕ ਦੇ ਸਾਰੇ ਮੁਸਲਿਮਾਂ ਦਾ ਸਫ਼ਾਇਆ ਕਰ ਦਿੱਤਾ ਗਿਆ ਸੀ, ਪਰ ਹਾਲਾਤ ਇੰਨੇ ਬੁਰੇ ਨਹੀਂ ਸਨ. ਮੈਨੂੰ ਦੱਸਿਆ ਗਿਆ ਕਿ ਸੋਨੀਪਤ, ਬਹਾਦਰਗੜ, ਗੋਹਾਨਾ ਅਤੇ ਦੂਜੇ ਮੁਸਲਿਮ ਪਿੰਡਾਂ ਦੇ ਲੋਕਾਂ ਦਾ ਕਤਲੇਆਮ ਕਰ ਦਿੱਤਾ ਗਿਆ ਸੀ, ਪਰ ਮੈਨੂੰ ਕਈ ਮੁਸਲਿਮ ਸਿਪਾਹੀਆਂ ਤੋਂ, ਜੋ ਆਪਣੇ ਪਰਵਾਰਾਂ ਨੂੰ ਲੈਣ ਗਏ ਸੀ, ਖ਼ਬਰ ਮਿਲੀ ਕਿ ਬਹਾਦਰਗੜ ਨੂੰ ਛੱਡ ਕੇ, ਸਾਰੇ ਇਲਾਕਿਆਂ ਦੇ ਮੁਸਲਿਮ ਕੁੱਝ ਪਿੰਡਾਂ ਤੇ ਇਕੱਠਾ ਹੋ ਕੇ ਫ਼ੌਜ਼ ਅਤੇ ਜਾਟਾਂ, ਦੋਵੇਂ ਦਾ ਟਾਕਰਾ ਕਰ ਰਹੇ ਸੀ. ਕਲਾਨੌਰ ਨੂੰ ਕਿਸੇ ਵੀ ਤਦਾਦ ਦੇ ਜਾਟਾਂ ਦੇ ਹਮਲੇਆਂ ਤੋਂ ਬੇਅਸਰ ਦੱਸਿਆ ਗਿਆ ਸੀ. ਰੋਹਤਕ ਨੂੰ ਵੀ ਮਹਿਫ਼ੂਜ਼ ਦੱਸਿਆ ਗਿਆ ਸੀ, ਹਾਲਾਂਕਿ ਲੋਕ ਖਾਣੇ ਦੀ ਕਮੀ ਅਤੇ ਦਹਿਸ਼ਤ ਵਿੱਚ ਰਹਿ ਰਹੇ ਸੀ (1993: 207–8).

ਮੋਹੱਮਦ ਫ਼ਰੀਦ ਮਿਰਜ਼ਾ

'ਮੇਰਾ ਤਾਲੁੱਕ ਰੋਹਤਕ ਦੇ ਇੱਕ ਪ੍ਰਭਾਵਸ਼ਾਲੀ ਮੁਘਲ ਪਰਵਾਰ ਨਾਲ ਹੈ. ਸਾਡਾ ਕਰੀਬੀ ਪਰਵਾਰ ਮੁਸਲਿਮ ਲੀਗ ਦਾ ਕੱਟੜ ਹਿਮਾਇਤੀ ਸੀ, ਪਰ ਮੇਰੇ ਮਾਮਾਜੀ ਕਾਂਗਰੇਸ ਪਾਰਟੀ ਦੇ ਹਿਮਾਇਤੀ ਸਨ. ਸਥਾਨਕ ਕਾਂਗਰੇਸੀ ਰਹਨੁਮਾਵਾਂ ਨਾਲ ਸਾਡੀ ਉਮਦਾ ਸਮਝਦਾਰੀ ਸੀ. ਕੋਈ ਨਹੀਂ ਚਾਹੁੰਦਾ ਸੀ ਕਿ ਅਸੀਂ ਚਲੇ ਜਾਇਏ. ਮਗਰ, ਦੂਜੇ ਮੁਸਲਿਮ ਇਣ ਬਿਹਤਰ ਹਾਲਾਤ ਵਿੱਚ ਨਹੀਂ ਸਨ. ਕੁੱਝ ਮਹੱਲੇਆਂ ਤੇ, ਰੈਡਕਲੀਫ ਅਵਾਰਡ ਦੇ ਐਲਾਨ ਹੋਣ ਦੇ ਤੁਰੰਤ ਬਾਅਦ, ਹਮਲੇ ਸ਼ੁਰੂ ਹੋ ਗਏ. ਤਦ ਤਕ, ਕਿਸੇ ਨੂੰ ਯਕੀਨ ਨਹੀਂ ਸੀ ਕਿ

ਸਾਨੂ ਭੱਜਣਾ ਪਏਗਾ. ਸਾਡੇ ਪਰਵਾਰ ਨੇ ਰੋਹਤਕ ਤੇ ਰਹਿਣ ਦਾ ਫ਼ੈਸਲਾ ਕੀਤਾ ਕਿਉਂਕਿ ਸਾਡੀ ਬਹੁਤ ਜ਼ਿਆਦਾ ਜਾਇਦਾਦ ਸੀ ਅਤੇ ਸ਼ਹਿਰ ਨਾਲ ਸਾਡੇ ਡੂੰਘੇ ਰਿਸ਼ਤੇ ਸੀ.

'ਆਰ.ਐਸ.ਐਸ ਅਤੇ ਸਿੱਖ ਜੱਥੇ, ਅਗਸਤ ਦੇ ਆਖ਼ਰ ਤੇ ਜਾਂ ਸਤੰਬਰ ਦੇ ਸ਼ੁਰੂ ਤੇ, ਰੋਹਤਕ ਅਤੇ ਆਲੇ-ਦੁਆਲੇ ਦੇ ਪਿੰਡਾਂ ਉਪਰ ਹਮਲੇ ਕਰਨ ਲਗੇ. ਪਹਿਲਾਂ ਉਹ ਰਾਤ ਦੇ ਮੱਧ ਤੇ ਆਏ ਪਰ ਬਾਅਦ ਤੇ, ਦਿਨ-ਦਹਾੜੇ ਹਮਲੇ ਹੋਣ ਲਗੇ. ਇਹ ਸਾਫ ਹੋ ਗਿਆ ਕਿ ਅਸੀਂ ਹੋਰ ਜਿਆਦਾ ਦਿਨ ਤਕ, ਉਥੇ ਨਹੀਂ ਰਹ ਸਕਾਂਗੇ. ਸਾਡੇ ਕੁੱਝ ਰਿਸ਼ਤੇਦਾਰ ਦਿੱਲੀ ਚਲੇ ਗਏ, ਇਹ ਆਸ ਲੈ ਕੇ ਕਿ ਜਦ ਹਾਲਾਤ ਬਿਹਤਰ ਹੋ ਜਾਣਗੇ, ਤਦ ਉਹ ਵਾਪਸ ਆਪਣੇ ਘਰਾਂ ਤੇ ਆ ਜਾਣਗੇ. ਚੁੰਕਿ ਸਾਡੇ ਮੁਸਲਿਮ ਲੀਗ ਨਾਲ ਤਾਲੁੱਕਾਤ ਸਨ, ਮੇਰੇ ਵਾਲਿਦ ਨੇ ਫ਼ੈਸਲਾ ਕੀਤਾ ਕਿ ਸਾਹਿਵਾਲ (1947 ਤੇ ਇਸ ਨੂੰ ਮਿੰਟਗੋਮਰੀ ਕਿਹਾ ਜਾਂਦਾ ਸੀ) ਚਲੇ ਜਾਣਾ ਬਿਹਤਰ ਹੋਵੇਗਾ, ਜਿਥੇ ਸਾਡੇ ਕੁੱਝ ਰਿਸ਼ਤੇਦਾਰ ਰਹਿੰਦੇ ਸਨ.

'ਇੱਕ ਦਿਨ ਹਮਲਾਵਾਰਾਂ ਨੇ ਸਾਡੇ ਘਰ ਉਪਰ ਹਮਲਾ ਕਰ ਦਿੱਤਾ ਅਤੇ ਇਸ ਨੂੰ ਅੱਗ ਲਗਾ ਦਿੱਤੀ. ਅਤੇ, ਸਾਨੂੰ ਖਾਲੀ ਹੱਥ, ਅਫ਼ਰਾ-ਤਫ਼ਰੀ ਵਿੱਚ ਨਿਕਲ ਜਾਣਾ ਪਇਆ. ਦੂਜੇ ਵੀ ਭੱਜਦੇ ਹੋਏ ਮੁਸਲਿਮਾਂ ਦੇ ਨਾਲ ਸ਼ਾਮਲ ਹੋ ਗਏ. ਸਾਨੂੰ ਬਾਅਦ ਤੇ ਪਤਾ ਲਗਾ ਕਿ ਲੋਕ ਆਪਣੇ ਬਜ਼ੁਰਗ ਮਾਂ-ਬਾਪ ਨੂੰ ਛੱਡ ਕੇ ਨਿਕਲ ਗਏ; ਦੂਜੇ ਕੁੱਝ ਲੋਕਾਂ ਨੇ ਆਪਣੇ ਮਾਨਸਿਕ ਅਤੇ ਸ਼ਰੀਰੀ ਤੌਰ ਤੇ ਵਿਕਲਾਂਗ ਬੱਚੇਆਂ ਨੂੰ ਛੱਡ ਦਿੱਤਾ. ਹਮਲਾਵਰ ਕੁੱਝ ਔਰਤਾਂ ਨੂੰ ਅਗਵਾ ਕਰ ਕੇ ਲੈ ਗਏ. ਇੱਕ ਗਲੀ ਲਾਸ਼ਾਂ ਨਾਲ ਭਰੀ ਹੋਈ ਸੀ ਅਤੇ ਕਈ ਲੋਕਾਂ ਦੇ ਸਿਰ ਸ਼ਰੀਰ ਤੋਂ ਅਲਗ ਕੀਤੇ ਹੋਏ ਸੀ. ਜਿਣ ਔਰਤਾਂ ਦੇ ਸੀਨੇ ਵੱਡ ਦਿੱਤੇ ਗਏ ਸੀ, ਉਹ ਉਥੇ ਲਾਵਾਰਸ, ਮਰੀ ਪਇਆਂ ਸੀ. ਮੈਨੂੰ ਹੁਣ ਵੀ ਉਣ ਦਿਨਾਂ ਦੇ ਡਰਾਵਨੇ ਸੁਪਨੇ ਆਉਂਦੇ ਨੇ. ਹਮਲਾਵਰ ਬਾਹਰ ਤੋਂ ਆਏ ਲੋਕ ਸਨ, ਪਰ ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਪੁਲਿਸ ਅਤੇ ਪ੍ਰਸ਼ਾਸਨ ਨੇ ਉਨ੍ਹਾਂ ਦੀ ਮਦਦ ਕੀਤੀ.

'ਕੈਂਪ ਵਿੱਚ, ਹਾਲਾਤ ਤਰਸਯੋਗ ਸਨ. ਮਾਨਸੂਨ ਦੀ ਬਾਰਿਸ਼ ਨੇ ਬਹੁਤ ਤਬਾਹੀ ਮਚਾਈ ਸੀ. ਕਈ ਲੋਕ ਮਾਰੇ ਗਏ. ਮੈਨੂੰ ਹੁਣ ਵੀ ਯਾਦ ਹੈ ਕਿ, ਸਦਮੇ ਵਿੱਚ ਇੱਕ ਔਰਤ ਨੇ ਆਪਣੇ ਮਰੇ ਹੋਏ ਬੱਚੇ ਨੂੰ ਫੜਿਆ ਹੋਇਆ ਸੀ, ਅਤੇ ਕਿਸੇ ਨੂੰ ਉਸ ਤੋਂ ਆਪਣੇ ਆਪ ਨੂੰ ਅਲਗ ਨਹੀਂ ਕਰਣ ਦੇ ਰਹੀ ਸੀ. ਅਸੀਂ ਉਥੇ ਇੱਕ ਮਹੀਨੇ ਤੋਂ ਜ਼ਿਆਦਾ ਰਹੇ ਪਰ ਅਖੀਰਕਾਰ ਇੱਕ ਰੇਲ-ਗੱਡੀ ਤੇ ਪਾਕਿਸਤਾਨ ਲੈ ਜਇਏ ਗਏ, ਜਿਸ ਵਿੱਚ ਪਾਕਿਸਤਾਨੀ ਫ਼ੌਜ਼ ਦੇ ਸਿਪਾਹੀ ਮੌਜੂਦ ਸੀ.

'ਸਫਰ ਦੇ ਦੌਰਾਨ, ਸਿੱਖ ਜੱਥੇਆਂ ਨੇ ਸਾਡੀ ਗੱਡੀ ਉਪਰ ਗੋਲੀਆਂ ਚਲਾਇਆਂ ਅਤੇ ਕੁੱਝ ਲੋਕ ਹਲਾਕ ਹੋ ਗਏ ਅਤੇ ਕੁੱਝ ਜ਼ਖ਼ਮੀ ਪਰ ਸਿਪਾਹੀਆਂ ਨੇ ਸਿੱਖਾਂ ਨੂੰ ਦੂਰ ਕਰ ਦਿੱਤਾ. ਅਸੀਂ ਨਵੰਬਰ ਤੇ ਪਾਕਿਸਤਾਨ ਆਏ. ਦਿੱਲੀ ਜਾਣ ਵਾਲੇ ਸਾਡੇ ਜ਼ਿਆਦਾਤਰ ਰਿਸ਼ਤੇਦਾਰ ਮਾਰ ਦਿੱਤੇ ਗਏ, ਸਿਰਫ਼ ਕੁੱਝ ਪਾਕਿਸਤਾਨ ਤੇ ਸਾਨੂੰ ਮਿਲ ਸਕੇ. ਮੈਨੂੰ ਲਗਦਾ ਹੈ ਉਹ ਦਸੰਬਰ ਦੇ ਆਖ਼ਰ ਤੇ ਆਏ. ਮੈਂ ਮਰ ਜਾਣ ਤੋਂ ਪਹਿਲਾਂ, ਰੋਹਤਕ ਜਾਣ ਦੀ ਉਮੀਦ ਰੱਖਦਾ ਹਾਂ. ਮੈਂ ਹੁਣ 82 ਸਾਲਾਂ ਦਾ ਹਾਂ, ਅਤੇ ਇਹ ਜਲਦ ਹੋਨਾ ਚਾਹੀਦਾ ਹੈ; ਪਰ ਇਹ ਖ਼ਾਇਸ਼ ਤਦ ਪੂਰੀ ਹੋਵੇਗੀ, ਅਗਰ ਅਲੱ੍ਹਾ ਇਸ ਨੂੰ ਮੰਜ਼ੂਰੀ ਦੇਂਦਾ ਹੈ.'

ਬ੍ਰਿਗੇਡਿਅਰ ਸਰਜੀਤ ਸਿੰਘ ਚੌਧਰੀ

ਮੈਂ ਇੱਕ ਨੌਜਵਾਨ ਸਿੱਖ ਲੇਖਕ, ਤ੍ਰਿਦਿਵੇਸ਼ ਸਿੰਘ ਮੈਨੀ ਨਾਲ ਕਾਫ਼ੀ ਵਕਤ ਤੋਂ ਈ-ਮੇਲ ਕਰ ਰਿਹਾ ਸੀ, ਜੋ ਦੋਨੋ ਪੰਜਾਬਾਂ ਵਿੱਚ ਦੋਸਤੀ ਅਤੇ ਭਾਈਚਾਰੇ ਨੂੰ ਵਧਾਵਾ ਦੇ ਰਹੇ ਨੇ. ਮੈਂ ਉਨ੍ਹਾਂ ਦੇ ਨਾਨਾਜੀ ਨੂੰ ਦਿੱਲੀ ਦੇ 2005 ਦੇ ਦੌਰੇ ਦੇ ਦੌਰਾਨ ਮਿਲਿਆ ਅਤੇ ਮੈਨੂੰ ਪਤਾ ਲਗਾ ਕਿ ਉਨ੍ਹਾਂ ਨੇ ਹਰਿਆਨਾ ਦੇ ਮੁਖਤਲਿਫ਼ ਪਿੰਡਾਂ ਦੇ ਮੁਸਲਿਮਾਂ ਨੂੰ ਪਾਕਿਸਤਾਨ ਲੈ ਜਾਣ ਲਈ ਹਿਫ਼ਾਜ਼ਤ ਦਿੱਤੀ ਸੀ. ਤਕਸੀਮ ਦੇ ਅਮਲ ਨਾਲ, ਉਨ੍ਹਾਂ ਦੇ ਖੁਦ ਦੇ ਸ਼ਰੀਕ ਹੋਣ ਬਾਰੇ ਉਨ੍ਹਾਂ ਨੇ ਇਹ ਦੱਸਿਆ:

'ਮੇਰਾ ਤਾਲੁੱਕ ਕਹੁਤਾ, ਜ਼ਿਲ੍ਹਾ ਰਾਵਲਪਿੰਡੀ ਨਾਲ ਹੈ. ਮੈਂ 8ਵੀਂ ਪੰਜਾਬ ਰੈਜੀਮੇਂਟ ਤੇ ਇੱਕ ਕੈਪਟੇਨ ਸੀ ਅਤੇ ਹਾਲ ਵਿੱਚ ਹੀ ਇਰਾਕ ਤੋਂ 1947 ਤੇ ਵਾਪਸ ਆਇਆ ਸੀ. ਮੈਂ ਬਾਉਂਡਰੀ ਫੋਰਸ ਤੇ ਸ਼ਾਮਲ ਨਹੀਂ ਹੋਇਆ ਸੀ ਪਰ ਮੇਰੀ ਸੇਵਾ ਪੰਜਾਬ ਪੁਲਿਸ ਨੂੰ ਉਧਾਰੀ ਦਿੱਤੀ ਗਈ ਸੀ. ਮੇਰੀ ਤਇਨਾਤੀ ਰੋਹਤਕ ਤੇ ਸੀ. 1 ਸਤੰਬਰ 1947 ਤੋਂ 31 ਜਨਵਰੀ 1948 ਤਕ, ਮੈਂ ਗਿਆਰਾਂ ਪਿੰਡਾਂ ਦੇ ਮੁਸਲਿਮ ਰੰਘਰਾਂ (ਰਾਜਪੁਤ) ਨੂੰ ਹਿਫ਼ਾਜ਼ਤ ਦੇ ਕੇ ਹੁਸੈਨੀਵਾਲਾ, ਕਸੂਰ ਸਰਹੱਦ ਲੈ ਗਿਆ. ਇਸ ਨੂੰ ਹਿੰਦੂਆਂ ਅਤੇ ਸਿੱਖਾਂ ਦੀ ਜ਼ਬਰਦਸਤ ਮੁਖ਼ਾਲਫਤ ਦੇ ਬਾਵਜੂਦ ਕੀਤਾ ਗਿਆ, ਜੋ ਪਛੱਮ ਪੰਜਾਬ ਤੋਂ ਨੱਸ ਕੇ ਆਏ ਸੀ ਅਤੇ ਪਾਕਿਸਤਾਨ ਵਿੱਚ, ਉਨ੍ਹਾਂ ਦੇ ਕਰੀਬੀ ਲੋਕਾਂ ਉਪਰ ਹੋਏ ਜ਼ੁਲਮਾਂ ਦਾ ਬਦਲਾ ਲੈਣਾ ਚਾਹੁੰਦੇ ਸੀ. ਦੋਨੋ ਤਰਫ਼ ਦੇ ਲੋਕਾਂ ਨੇ ਵਹਿਸ਼ੀ ਵਰਗਾ ਸਲੂਕ ਕੀਤਾ. ਉਨ੍ਹਾਂ ਨੇ ਇੱਕ ਦੂਜੇ ਨਾਲ ਜੋ ਕੀਤਾ, ਉਸ ਦੀ ਤਫ਼ਸੀਲ ਦੇਣ ਦੀ ਲੋੜ ਨਹੀਂ ਹੈ. ਇਹ ਸੱਚ-ਮੁਚ ਸ਼ਰਮਨਾਕ ਸੀ. ਮੈਂ ਆਪਣਾ ਫ਼ਰਜ਼ ਨਿਭਾਇਆ ਅਤੇ ਰੰਘਰਾਂ ਨੂੰ ਪਾਕਿਸਤਾਨ ਸਰਹੱਦ ਤਕ ਪਹੁੰਚਾ ਦਿੱਤਾ.'

ਕਰਨਾਲ

ਕਰਨਾਲ ਜ਼ਿਲ੍ਹੇ ਤੇ ਤਕਰੀਬਨ 31 ਫ਼ੀਸਦੀ ਦੀ ਇੱਕ ਵੱਡੀ ਮੁਸਲਿਮ ਮਾਇਨਾਰਿਟੀ ਸੀ. ਲਿਆਕਤ ਅਲੀ ਖ਼ਾਨ, ਪਾਕਿਸਤਾਨ ਦੇ ਪਹਿਲੇ ਵਜ਼ੀਰ-ਏ-ਆਜ਼ਮ, ਕਰਨਾਲ ਤੋਂ ਸੀ. 28 ਨਵੰਬਰ 2005 ਨੂੰ, ਹਿਤੇਸ਼ ਗੋਸਾਈਂ, ਵਿਰਿੰਦਰ ਸਿੰਘ ਅਤੇ ਮੈਂ ਕਰਨਾਲ ਸ਼ਹਿਰ ਤਕ ਇੱਕ ਗੱਡੀ ਤੇ ਗਏ ਅਤੇ ਸ਼ਾਮ ਨੂੰ ਵਿਰਿੰਦਰ ਦੇ ਮਾਤਾ-ਪਿਤਾ ਦੇ ਘਰ ਤੇ ਰਹੇ. ਮੈਂ ਇੱਕ ਬਜ਼ੁਰਗ ਬ੍ਰਾਹਮੜ ਨਾਲ ਗੱਲ-ਬਾਤ ਕਰਣ ਤੇ ਕਾਮਯਾਬ ਹੋਇਆ, ਪਰ ਉਨ੍ਹਾਂ ਦਾ ਪੂਰਾ ਨਾਂਅ ਦਰਜ ਕਰਨਾ ਭੁੱਲ ਗਿਆ, ਪਰ ਹਰ ਕੋਈ ਉਨ੍ਹਾਂ ਨੂੰ ਪੰਡਿਤਜੀ ਕਹਿੰਦਾ ਸੀ. ਉਨ੍ਹਾਂ ਨੇ ਸਾਨੂ ਦੱਸਿਆ ਕਿ ਕਰਨਾਲ ਤੇ ਮੁਸਲਿਮਾਂ ਦਾ ਇੱਕ ਕਤਲੇਆਮ ਹੋਇਆ ਸੀ ਜਿਸ ਵਿੱਚ ਕਈ ਸੈਕੜੇ ਲੋਕ ਮਾਰੇ ਗਏ. ਇਹ ਉਸ ਜਗ੍ਹ ਤੋਂ ਜ਼ਿਆਦਾ ਦੂਰ ਨਹੀਂ ਸੀ, ਜਿਥੇ ਅਸੀਂ ਬੈਠੇ ਹੋਏ ਸੀ. ਭੱਜਦੇ ਹੋਏ ਮੁਸਲਿਮਾਂ ਉਪਰ ਹਿੰਦੂ ਜਾਟਾਂ ਨੇ ਹਮਲਾ ਕੀਤਾ ਸੀ. ਹੋ ਸਕਦਾ ਸੀ ਕਿ 200-300 ਲੋਕਾਂ ਦਾ ਕਤਲ ਕੀਤਾ ਗਿਆ ਸੀ. ਉਨ੍ਹਾਂ ਨੇ ਪੱਕੇ ਤੌਰ ਤੇ ਦੱਸਿਆ ਕਿ 1945-46 ਤੋਂ ਪਹਿਲਾਂ, ਸਾਰੀ ਕੌਮਾਂ ਅਮਨ ਦੇ ਨਾਲ ਰਹਿੰਦੀਆਂ ਸਨ. ਪੰਜਾਬ ਯੂਨੀਅਨਿਸਟ ਪਾਰਟੀ ਦੇ ਆਗੂ ਸਰ ਛੋਟੂ ਰਾਮ (ਸਵ.1945), ਕਰਨਾਲ ਤੋਂ ਸਨ. ਉਨ੍ਹਾਂ ਦੀ ਮੌਤ ਦੇ ਨਾਲ, ਪੁਰਾਣੇ ਵਕਤ ਦੀ ਅਨੇਕਤਾ ਜਲਦ ਖ਼ਤਮ ਹੋ ਗਈ ਅਤੇ ਇਸ ਦੇ ਬਦਲੇ, ਫ਼ਿਰਕੂ ਤਣਾਅ ਵੱਧਣ ਲਗਾ.

ਖ਼ਾਨ ਬਹਾਦਰ ਮਲਿਕ ਖ਼ੁਦਾ ਬਕਸ਼

ਆਪਣੀ ਰਿਪੋਰਟ ਤੇ, ਮਲਿਕ ਖ਼ੁਦਾ ਬਕਸ਼ ਕਰਨਾਲ ਬਾਰੇ ਇਹ ਜ਼ਿਕਰ ਕਰਦੇ ਨੇ:

> ਕਰਨਾਲ ਤੇ ਹਾਲਾਤ ਬਦਤਰ ਹੋ ਰਹੇ ਸੀ ਅਤੇ ਪਿੰਡਾਂ ਤੇ, ਕਾਫ਼ੀ ਜਾਨ ਅਤੇ ਮਾਲ ਦਾ ਨੁਕਸਾਨ ਹੋ ਗਿਆ ਸੀ. ਖ਼ਬਰ ਮਿਲੀ ਸੀ ਕਿ ਕਈ ਜਗ੍ਹਾਂ ਦੇ ਮੁਸਲਿਮ, ਵੱਡੇ ਪਿੰਡਾਂ ਤੇ ਇਕੱਠਾ ਹੋ ਗਏ ਸੀ ਅਤੇ 20 ਸਤੰਬਰ ਤਕ, ਉਹ ਹਮਲੇਆਂ ਦਾ ਟਾਕਰਾ ਕਰਣ ਤੇ ਕਾਮਯਾਬ ਹੋ ਰਹੇ ਸੀ, ਪਰ ਸਭ ਨੂੰ ਲਗਦਾ ਸੀ ਕਿ ਉਹ ਜ਼ਿਆਦਾ ਦਿਨਾਂ ਤਕ, ਜ਼ਿੰਦਾ ਨਹੀਂ ਬਚਣਗੇ. ਮੁਨਾਸਬ ਹਿਫ਼ਾਜ਼ਤ ਮੁਹੱਇਆ ਨਹੀਂ ਸੀ ਅਤੇ ਜਲਦ ਚਲੇ ਜਾਣਾ ਹੀ ਇੱਕ ਹੱਲ ਸੀ. ਮੈਨੂੰ ਦੱਸਿਆ ਗਿਆ ਕਿ ਡਿਪਟੀ ਕਮੀਸ਼ਨਰ ਨੇ ਮੁਸਲਿਮਾਂ ਨੂੰ ਕਿਹਾ ਕਿ ਉਹ ਆਪਣੀ ਹਿਫ਼ਾਜ਼ਤ ਖ਼ੁਦ ਕਰ ਲੈਣ, ਕਿਉਂਕਿ ਉਨ੍ਹਾਂ ਦੀ ਹਿਫ਼ਾਜਤ ਲਈ, ਉਹ ਹੁਣ ਜ਼ਿੱਮੇਵਾਰ ਨਹੀਂ ਸੀ. ਮੈਨੂੰ ਦੱਸਿਆ ਗਿਆ ਕਿ ਮਿਆਂ ਮੁਹੱਮਦ ਸ਼ਫ਼ੀ, ਪੀ.ਸੀ.ਐਸ., ਜੋ ਹੁਣ ਤਕ ਕਰਨਾਲ ਤੇ ਸੀ, ਇੱਕ ਤਾਲਮੇਲ ਅਫ਼ਸਰ ਦੇ ਤੌਰ ਤੇ ਕੱਮ ਕਰਣ ਨੂੰ ਤਿਆਰ ਸੀ, ਤਾਂਕਿ ਮੁਸਲਮਾਂ ਨੂੰ ਜ਼ਿਲ੍ਹੇ ਤੋਂ ਕੱਢਿਆ ਜਾ ਸਕੇ. ਕਰਨਾਲ ਤੇ 20 ਸਤੰਬਰ ਨੂੰ ਇੱਕ ਫ਼ਸਾਦ ਹੋਇਆ ਅਤੇ ਕਾਫ਼ੀ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਆਈ ਸੀ (ਸ਼ਾਇਦ ਉਹ ਫ਼ਸਾਦ ਸੀ ਜਿਸ ਦਾ ਜ਼ਿਕਰ ਪੰਡਿਤਜੀ ਨੇ ਕੀਤਾ ਹੈ) (1993:2007).

ਸਿਮਲਾ

1947 ਤੇ ਸਿਮਲਾ ਜ਼ਿਲ੍ਹੇ ਤੇ ਮੁਸਲਿਮ ਆਬਾਦੀ 18 ਫ਼ੀਸਦੀ ਸੀ. ਚੁੰਕਿ ਇਹ ਬ੍ਰਿਟਿਸ਼ ਇੰਡੀਆ ਦੀ ਗਰਮੀਆਂ ਦੀ ਰਾਜਧਾਨੀ ਸੀ, ਇਸ ਖੁਬਸੂਰਤ ਪਹਾੜੀ ਇਲਾਕੇ ਦੀ ਇੱਕ ਅਲਗ ਇੱਜ਼ਤ ਅਤੇ ਕਦਰ ਸੀ. ਪਰ, ਇੰਡੀਆ ਦੀ ਤਕਸੀਮ ਦੇ ਬਾਅਦ, ਉਸ ਜ਼ਿਲ੍ਹੇ ਦੇ ਮੁਸਲਿਮਾਂ ਨੂੰ ਉਥੇ ਧਮਕੀ ਦਾ ਸਾਹਮਣਾ ਕਰਣਾ ਪਇਆ, ਜੋ ਪੰਜਾਬ ਦੇ ਤਸ਼ੱਦਦ ਭਰੇ ਬਦਲ ਰਹੇ ਹਾਲਾਤਾਂ ਵਿੱਚ ਦੂਜੀ ਜਗ੍ਹਾਂ ਤੇ ਵੀ ਮੌਜੂਦ ਸੀ. ਸਿਮਲਾ ਬਾਰੇ, ਖ਼ਾਨ ਬਹਾਦਰ ਮਲਿਕ ਖ਼ੁਦਾ ਬਕਸ਼ ਲਿਖਦੇ ਨੇ:

> ਸਤੰਬਰ ਦੇ ਦੂਜੇ ਹਫ਼ਤੇ ਤੇ, ਸਿਮਲਾ ਤੋਂ ਘਬਰਾਉਣ ਵਾਲੀ ਖ਼ਬਰਾਂ ਆਇਆਂ. ਸਿਮਲਾ ਤੋਂ ਕਾਲਕਾ ਤਕ, ਤਿੰਨ ਸਪੈਸ਼ਲ ਗੱਡੀਆਂ ਚਲਾਇਆਂ ਗਈਆਂ ਅਤੇ ਕਾਲਕਾ ਤੋਂ ਦੋ ਗਡੀਆਂ, ਜ਼ਿਆਦਾਤਰ ਪਨਾਹਗੀਰਾਂ ਨੂੰ ਲੈ ਕੇ ਆਈਆਂ. ਸਿਮਲਾ, ਸੋਲਨ ਅਤੇ ਕਸੌਲੀ ਤੇ ਕਈ ਇੱਜ਼ਤਦਾਰ ਮੁਸਲਿਮ ਪਰਵਾਰ ਫਸੇ ਹੋਏ ਸੀ. ਉਨ੍ਹਾਂ ਨੂੰ ਬਚਾ ਕੇ ਕੱਢਣਾ ਇੱਕ ਐਦਾਂ ਦਾ ਕੱਮ ਸੀ ਕਿ ਜੋ ਸਿਰਫ਼ ਫ਼ੌਜ਼ ਹੀ ਕਰ ਸਕਦੀ ਸੀ, ਕਿਉਂਕਿ ਸਿੱਖ ਪਨਾਹਗੀਰ ਸਿਮਲਾ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੇ ਆ ਗਏ ਸੀ, ਅਤੇ ਉਸ ਇਲਾਕੇ ਦੀ ਪਹਾੜੀ ਰੁਪਰੇਖਾ, ਆਵਾ-ਜਾਈ ਲਈ ਕੁੱਝ ਮੁਸ਼ਕਲ ਸੀ (1993: 208).

ਨਸੀਮ ਹਸਨ

ਮੇਰਾ ਸੰਪਰਕ ਯੂ.ਐਸ.ਏ ਦੇ ਵਸੇ ਇੱਕ ਇੰਜੀਨੀਅਰ ਨਸੀਮ ਹਸਨ ਨਾਲ ਮੇਰੇ ਹਫ਼ਤਾਵਾਰ ਕਾਲਮ ਦੀ ਵਜ੍ਹਾ ਨਾਲ ਹੋਇਆ ਜਿਸ ਵਿੱਚ ਤਕਸੀਮ ਦੇ ਬਾਰੇ, ਕਦੀ ਕਦਾਰ ਲਿਖਿਆ ਜਾਂਦਾ ਸੀ. ਮੇਰੇ ਜ਼ੋਰ ਦੇਣ ਕਰ ਕੇ, ਉਨ੍ਹਾਂ ਨੇ ਉਣ ਦਿਨਾਂ ਦੀ ਯਾਦਾਂ ਬਾਰੇ ਲਿਖਿਆ. ਉਹ ਬਹੁਤ ਛੋਟੇ ਸਨ ਪਰ ਉਨ੍ਹਾਂ ਨੂੰ ਉਹ ਸਫ਼ਰ ਬਹੁਤ ਚੰਗੀ ਤਰ੍ਹਾਂ ਯਾਦ ਹੈ. ਉਨ੍ਹਾਂ ਨੇ ਆਪਣੀ ਯਾਦਾਂ ਬਾਰੇ ਲਿਖਿਆ:

'1912 ਦੇ ਕਰੀਬ, ਮੇਰੇ ਦਾਦਾ ਇਬਰਾਹਿਮ ਅਤੇ ਉਨ੍ਹਾਂ ਦੇ ਛੋਟੇ ਭਰਾ ਇਸਮਾਇਲ ਗੁਰਦਾਸਪੁਰ ਜ਼ਿਲ੍ਹੇ ਦਾ ਪਿੰਡ ਛੱਡ ਕੇ, ਬਿਹਤਰ ਜ਼ਿੰਦਗੀ ਦੀ ਤਲਾਸ਼ ਵਿੱਚ ਸਿਮਲਾ ਆ ਗਏ. ਮੇਰੇ ਦਾਦਾ ਨੇ ਚੰਗੇ ਪੈਸੇ ਬਣਾਏ ਅਤੇ ਆਪਣੇ ਪਿੰਡ ਵਾਪਸ ਆ ਗਏ. ਉਨ੍ਹਾਂ ਦੇ ਛੋਟੇ ਭਰਾ ਇੱਕ ਕਾਮਯਾਬ ਵਪਾਰੀ ਬਣ ਗਏ, ਜੋ

ਯੂਰੋਪਿਅਨ ਤਰਜ਼ ਦੀ ਪੋਸ਼ਾਕਾਂ ਦੀ ਦਰਜ਼ੀਗੀਰੀ ਤੇ ਮੁਹਾਰਤ ਰੱਖਦੇ ਸੀ. ਉਸ ਵਕਤ ਦੇ ਹਿਸਾਬ ਨਾਲ, ਉਨ੍ਹਾਂ ਨੇ ਚੰਗੇ ਪੈਸੇ ਕਮਾਏ. ਉਨ੍ਹਾਂ ਦੀ ਮਾੱਲ ਰੋਡ ਤੇ ਇੱਕ ਮਸ਼ਹੂਰ ਦੁਕਾਨ ਸੀ, ਜਿਸ ਵਿੱਚ ਦਸ ਮੁਲਾਜ਼ਮ ਸਨ.

'ਮੇਰੇ ਵਾਲਿਦ, ਖ਼ਾਦਿਮ ਹੁਸੈਨ, ਸਿਮਲਾ ਤੇ ਇੱਕ ਸਿਵਲ ਸੇਵਕ ਬਣ ਗਏ. ਸਾਡੇ ਬਹੁਤ ਸਾਰੇ ਰਿਸ਼ਤੇਦਾਰ, ਗਰਮੀਆਂ ਦੇ ਦਿਨਾਂ ਤੇ ਸਿਮਲਾ ਆਉਂਦੇ ਅਤੇ ਸਰਦੀਆਂ ਨੂੰ ਵਾਪਸ ਜਾਂਦੇ. ਸਾਡਾ ਘਰ ਮਾਲ ਰੋਡ ਦੇ ਬੇਹਦ ਨਜਦੀਕ ਸੀ. ਸਾਡੇ ਘਰ ਦੇ ਸਾਹਮਣੇ ਤੋਂ ਇੱਕ ਛੋਟੀ ਸੜਕ ਰੀਡੀਂਗ ਹਸਪਤਾਲ ਜਾਂਦੀ ਸੀ. ਮੈਂ ਅੱਜ ਆਪਣੀ ਅੱਖਾਂ ਬੰਦ ਕਰ ਕੇ ਦੂਰ ਦੀ ਮੁਖ਼ਤਲਿਫ਼ ਰੰਗਾਂ ਦੀ ਪਹਾੜੀਆਂ ਵੇਖ ਸਕਦਾ ਹਾਂ, ਸਲੇਟੀ, ਹਰੀ ਅਤੇ ਸਫ਼ੇਦ. ਸੜਕ ਦੇ ਇੱਕ ਤਰਫ਼ ਵਾੜਾ ਹੁੰਦਾ ਸ਼ੀ ਅਤੇ ਦੂਜੀ ਤਰਫ਼ ਘਰਾਂ ਦੀ ਕਤਾਰ. ਇਹ ਵਾੜਾ ਇੱਕ ਤਰ੍ਹਾਂ ਦਾ ਆੜ ਹੁੰਦਾ ਸੀ ਚੁੰਕਿ ਅਗੇ ਇੱਕ ਤਿੱਖੀ ਢਲਾਣ ਸੀ ਅਤੇ ਨੀਚੇ ਢੂੰਘੀ ਘਾਟੀਆਂ ਸਨ. ਪਹਾੜੀਆਂ ਬੇਹਦ ਹਰੀ ਸੀ ਅਤੇ ਥਲੇ ਦੀ ਘਾਟੀ ਵਿੱਚ ਕੁਦਰਤੀ ਫ਼ੁੱਲ, ਭਰੇ ਪਏ ਸੀ. ਇੰਡੀਆ ਦੀ ਤਕਸੀਮ, ਲੱਖਾਂ ਲੋਕਾਂ ਲਈ, ਇੱਕ ਬਹੁਤ ਅਹਿਮ ਪਲ ਸੀ. ਉਸ ਵਕਤ, ਹਰ ਕੋਈ ਆਪਣੇ ਅਤੇ ਆਪਣੇ ਪਰਵਾਰ ਬਾਰੇ ਸੋਚ ਰਿਹਾ ਸੀ. ਤਕਸੀਮ ਤੋਂ ਪਹਿਲਾਂ, ਹਿੰਦੂ ਅਤੇ ਮੁਸਲਿਮ ਇੱਕ ਸਾਥ ਅਮਨ ਦੇ ਨਾਲ ਰਹਿੰਦੇ ਸੀ ਅਤੇ ਉਨ੍ਹਾਂ ਦੇ ਵਿੱਚ, ਕੋਈ ਮਸਲਾ ਨਹੀਂ ਸੀ. ਮੈਨੂੰ ਹੁਣ ਵੀ ਆਪਣੇ ਵਾਲਿਦ ਦੇ ਕਈ ਦੋਸਤਾਂ ਦੇ ਨਾਂਅ ਯਾਦ ਨੇ, ਜਿਸ ਤਰ੍ਹਾਂ ਕਿ ਮੁਕੰਦ ਲਾਲ ਸੂਦ, ਡਾ.ਪਾਮਰੇ ਅਤੇ ਗੁਰਬੀਰ ਕੋਹਲੀ.

'ਜੂਨ ਤੇ ਛਿਟ-ਪੁੱਟ ਘਟਨਾਵਾਂ ਸ਼ੁਰੂ ਹੋ ਗਈਆਂ. ਜੁਲਾਈ ਤੇ ਮੁਸਲਿਮ ਸਿਮਲਾ ਛੱਡ ਕੇ ਪਾਕਿਸਤਾਨ ਜਾਣ ਲਗੇ. ਪੈਸੇਵਾਲੇ ਲੋਕਾਂ ਨੇ ਜਾਣ ਦੀ ਪਹਲ ਕੀਤੀ. ਮੈਨੂੰ ਸਾਫ ਤੌਰ ਤੇ ਯਾਦ ਹੈ ਕਿ ਸਾਡੇ ਘਰ ਨੂੰ ਬਾਹਰ ਜ਼ੰਦਰਾ ਮਾਰ ਦਿੱਤਾ ਗਿਆ. ਇਹ ਜੁਲਾਈ-ਅਗਸਤ ਦਾ ਵਕਤ ਸੀ. ਇੱਕ ਹੋਰ ਮੁਸਲਿਮ ਪਰਵਾਰ ਸਾਡੇ ਘਰ ਦੇ ਉਪਰ ਵਾਲੀ ਮੰਜ਼ਲ ਤੇ ਰਹਿਣ ਲਈ ਆ ਗਿਆ. ਸ਼ਾਡਾ ਇੱਕ ਨੈਕਰ ਸੀ ਜਿਸ ਦਾ ਨਾਂਅ ਮੁਖ਼ਤਾਰ ਸੀ ਜੋ ਕਾਫ਼ੀ ਸਮਝਦਾਰ ਇਨਸਾਨ ਸੀ ਅਤੇ ਉਸ ਨੂੰ ਸਾਰੇ ਮਜ਼ੂਬਾਂ ਦੇ ਲੋਕ ਪਸੰਦ ਕਰਦੇ ਸੀ. ਉਹ ਸਾਡੇ ਸਭ ਨੂੰ ਜ਼ਿੰਦਾ ਰੱਖਣ ਵਾਲਾ ਇੱਕ ਫ਼ਰਿਸ਼ਤਾ ਬਣ ਗਿਆ ਸੀ ਅਤੇ ਉਹ ਖਾਣਾ ਅਤੇ ਲੋੜ ਦੇ ਮੁਤਾਬਕ, ਦੂਜੀ ਚੀਜਾਂ ਲੈ ਆਉਂਦਾ ਸੀ, ਜਦ ਕਿ ਪਰਵਾਰ ਘਰ ਵਿੱਚ ਕੈਦ ਸੀ.

'ਇਸ ਦੌਰਾਨ ਸਾਡਾ ਇਸਮਾਇਲ ਦਾਦਾ ਅਤੇ ਉਸ ਦੇ ਪਰਵਾਰ ਨਾਲ ਸੰਪਰਕ ਟੁੱਟ ਗਿਆ. ਉਨ੍ਹਾਂ ਦੇ ਉਪਰ ਉਨ੍ਹਾਂ ਦੀ ਦੁਕਾਨ ਤੇ ਹਮਲਾ ਕੀਤਾ ਗਿਆ ਅਤੇ ਉਹ ਇੱਕ ਨਜਦੀਕ ਦੇ ਹੋਟਲ ਤੇ ਭੱਜ ਕੇ ਚਲੇ ਗਏ. ਉਨ੍ਹਾਂ ਨੂੰ ਇੱਕ ਭੀੜ ਨੇ ਹਲਾਕ ਕਰ ਦਿੱਤਾ, ਜਿਸ ਵਿੱਚ ਉਸ ਇਲਾਕੇ ਦੇ, ਉਨ੍ਹਾਂ ਦੇ ਮੁਖ਼ਾਲਫ਼ਤੀ ਸਿੱਖ ਵਪਾਰੀ ਵੀ ਸਨ. ਮੇਰੇ ਵਾਲਿਦ ਨੇ ਉਨ੍ਹਾਂ ਦੀ ਮੌਤ ਬਾਰੇ ਸਿਮਲਾ ਤੇ ਸੁਣਿਆ ਪਰ ਇਹ ਖ਼ਬਰ ਆਪਣੇ ਤਕ ਹੀ ਰੱਖੀ, ਜਦ ਤਕ ਅਸੀਂ ਪਾਕਿਸਤਾਨ ਨਹੀਂ ਪਹੁੰਚੇ.

'ਅਗਸਤ 1947 ਤੇ, ਅਸੀਂ ਇੱਕ ਹਿੰਦੂ ਡਾਕਟਰ, ਡਾ.ਪਾਮਰੇ ਦੀ ਮਦਦ ਨਾਲ ਰਿੱਪਨ ਹਸਪਤਾਲ ਪਹੁੰਚੇ ਅਤੇ ਤਦ ਤਕ ਉਥੇ ਰਹੇ ਜਦ ਤਕ ਸਾਨੂ ਪਾਕਿਸਤਾਨ ਜਾਣ ਦੀ ਕੋਈ ਗੱਡੀ ਨਹੀਂ ਮਿਲੀ. ਸਿਮਲਾ ਤੋਂ ਕਾਲਕਾ ਤਕ ਨੈਰੋ ਗੇਜ ਦੀ ਗੱਡੀਆਂ ਆਉਂਦੀ ਜਾਂਦੀ ਨੇ. ਮੈਨੂੰ ਇੱਕ ਪਨਾਹਗੀਰ ਕੈਂਪ ਬਾਰੇ ਯਾਦ ਹੈ, ਜੋ ਇੱਕ ਤੰਬੂ ਵਾਲੇ ਸ਼ਹਿਰ ਦੀ ਤਰ੍ਹਾਂ ਸੀ. ਇੱਕ ਰਾਤ ਉਸ ਕੈਂਪ ਉਪਰ ਹਮਲਾ ਹੋਇਆ. ਮੇਰੇ ਵਾਲਿਦ ਅਤੇ ਵਾਲਿਦਾ ਨੇ ਮੇਰੀ ਦੋ ਭੈਣਾ ਅਤੇ ਮੈਨੂੰ ਆਪਣੇ ਸਰੀਰ ਨਾਲ ਢੱਕ ਲੀਤਾ ਤਾਂਕਿ ਸਾਨੂ ਬਚਾਇਆ ਜਾ ਸਕੇ.

'ਕਾਲਕਾ ਤੇ ਤਿੰਨ ਦਿਨ ਰਹਿਣ ਦੇ ਬਾਅਦ, ਅਸੀਂ ਦੂਜੇ ਰਿਸਤੇਦਾਰਾਂ ਨਾਲ ਪਾਕਿਸਤਾਨ ਜਾਣ ਵਾਲੀ ਰਾਤ ਦੀ ਗੱਡੀ ਫੜ ਲੀਤੀ. ਮੁਸਾਫ਼ਿਰਾਂ ਨੇ ਆਪਣੇ ਡਬੇ ਅੰਦਰ ਤੋਂ ਬੰਦ ਕਰ ਲੀਤੇ ਤਾਂਕਿ ਹੋਰ ਕੋਈ ਗੱਡੀ ਵਿੱਚ ਚੜ੍ਹ ਨਾ ਸਕੇ. ਕਈ ਵਾਰ ਲੋਕ ਬਾਰੀਆਂ ਫੜ ਕੇ ਲਟਕਣ ਦੀ ਕੋਸ਼ਿਸ਼ ਕਰਦੇ, ਪਰ ਅੰਦਰ ਤੋਂ ਲੋਕ ਉਨ੍ਹਾਂ ਨੂੰ ਧੱਕਾ ਦੇ ਕੇ ਦੂਰ ਹਟਾ ਦੇਂਦੇ ਸੀ. ਗੱਡੀ ਹੌਲੀ ਹੌਲੀ ਪੰਜਾਬ ਦੇ ਮੈਦਾਨੀ ਇਲਾਕਿਆਂ ਤੋਂ ਹੋ ਕੇ ਜਾਣ ਲਗੀ. ਮੈਨੂੰ ਯਾਦ ਹੈ ਕਿ ਚਮਕਦੀ ਧੁੱਪ ਵਿੱਚ ਗੱਡੀ ਕਿਸੇ ਸਟੇਸਨ ਤੇ ਪਹੁੰਚੀ. ਮੈਂ ਸਿੱਖਾਂ ਦੀ ਇੱਕ ਵੱਡੀ ਭੀੜ ਵੇਖੀ ਜੋ ਤਲਵਾਰਾਂ ਲਹਰਾ ਰਹੇ ਸੀ ਅਤੇ ਤਸ਼ੱਦਦ ਭਰੇ ਨਾਅਰੇਬਾਜ਼ੀ ਕਰ ਰਹੇ ਸੀ ਜੈਦਾਂ ਕਿ "ਸਤ ਸ੍ਰੀ ਅਕਾਲ". ਗਾਡੀ ਰੁਕਣ ਹੀ ਵਾਲੀ ਸੀ ਅਤੇ ਭੀੜ ਹੋਰ ਨਜਦੀਕ ਆ ਰਹੀ ਸੀ, ਕਿ ਅਚਾਨਕ ਇਹ ਪੁੱਠੇ ਪਾਸੇ ਜਾਣ ਲਗੀ.

'ਇਸ ਵਾਕਿਐ ਦੇ ਬਾਅਦ, ਗੱਡੀ ਇੱਕ ਦੂਜੇ ਰੁਟ ਤੇ ਚਲ ਕੇ, ਅੱਧੀ ਰਾਤ ਨੂੰ ਪਾਕਿਸਤਾਨ ਪਹੁੰਚੀ. ਸਾਨੂ ਅਤੇ ਦੂਜੇ ਪਨਾਹਗੀਰਾਂ ਨੂੰ, ਲਾਹੌਰ ਤੋਂ ਬਾਹਰ, ਵਾਲਟਨ ਪਨਾਹਗੀਰ ਕੈਂਪ ਤੇ ਰੱਖਿਆ ਗਿਆ. ਰੋਜ਼ਾਨਾ, ਲੋਕ ਆਪਣੇ ਗੁਵਾਚੇ ਹੋਏ ਰਿਸ਼ਤੇਦਾਰਾਂ ਦੀ ਖੋਜ਼ ਕਰਣ ਆਉਂਦੇ. ਮੇਰੇ ਵਾਲਿਦ ਨੇ ਸਾਨੂੰ ਆਪਣੇ ਚਾਚਾ ਇਸਮਾਇਲ ਦੀ ਮੌਤ ਬਾਰੇ ਤਦ ਦੱਸਿਆ ਜਦ ਅਸੀਂ ਲਾਹੌਰ ਤੇ ਵਸ ਗਏ ਸੀ. 'ਤਕਸੀਮ ਦੇ ਇੱਕ ਲੰਬੇ ਵਕਤ ਦੇ ਬਾਅਦ, 1980 ਦੇ ਦਹਾਕੇ ਤੇ, ਮੈਂ ਇੰਡੀਆ ਤੇ ਇੱਕ ਵਪਾਰ ਦੇ ਸਿਲਸਿਲੇ ਤੇ ਦੌਰਾ ਕੀਤਾ. ਆਪਣਾ ਕੱਮ ਮੁਕੱਮਲ ਕਰਣ ਤੋਂ ਬਾਅਦ, ਮੈਂ ਦੋ ਹਫ਼ਤੇਆਂ ਦੀ ਛੁੱਟੀ ਲੀਤੀ ਅਤੇ ਰੇਲ-ਗੱਡੀ ਦੁਆਰਾ ਸਿਮਲਾ ਗਿਆ. ਗੱਡੀ ਪਹਾੜੀਆਂ ਅਤੇ ਘਾਟੀਆਂ ਤੋਂ ਹੋ ਕੇ ਗੁਜ਼ਰੀ. ਪਹਿਲਾ ਨਜ਼ਾਰਾ ਜਿਸ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ ਉਹ ਸੀ, ਉਹ ਸੀ ਨੰਗੀ ਕਰ ਦਿੱਤੀ ਪਹਾੜੀਆਂ ਅਤੇ ਛੋਟੇ ਛੋਟੇ ਘਰਾਂ ਦੀ ਬਹੁਲਤਾ. ਮੇਰੇ ਖ਼ਵਾਬਾਂ ਦਾ ਸਿਮਲਾ ਤਬਾਹ ਹੋ ਗਿਆ ਸੀ. ਪਹਾੜੀ ਤੇ ਚੱਲ ਕੇ ਚੜ੍ਹਦੇ ਵਕਤ ਮੈਨੂੰ ਨਾ ਤੇ ਕੋਈ ਉੱਚੇ ਦਰਖ਼ਤ ਜਾਂ ਪੁਰਾਣੇ ਦਿਨਾਂ ਦੀ ਹਰੀ-ਭਰੀ ਪਹਾੜੀਆਂ ਨਜ਼ਰ ਆਇਆਂ.

'ਰੇਲਵੇ ਸਟੇਸ਼ਨ ਦੇ ਬਾਹਰ, ਇੱਕ ਵਡੀ ਤਦਾਦ ਤੇ ਹੋਟਲਾਂ ਦੇ ਦਲਾਲ ਅਤੇ ਕੁਲੀ ਮੌਜੂਦ ਸਨ. ਜ਼ਿਆਦਾਤਰ ਕੁਲੀ ਕਸ਼ਮੀਰ ਤੋਂ ਸਨ. ਮੇਰਾ ਸਾਮਾਨ ਲੈ ਕੇ ਵੀ, ਲਗਦਾ ਸੀ ਕਿ ਉਹ ਮੇਰੇ ਤੋਂ ਵੀ ਤੇਜ ਚਲ ਰਹੇ ਸੀ. ਹੋਟਲ ਤੇ ਚੈਕ-ਇਨ ਕਰ ਕੇ ਮੈਂ ਇਸ ਦੇ ਆਲੇ-ਦੁਆਲੇ ਟਹਲਣ ਲਗਾ ਕਿ ਕੁੱਝ ਤੇ ਜਾਣ-ਪਛਾਣ ਵਾਲਾ ਲਗੇ. ਮੈਨੂੰ ਕੁੱਝ ਵੀ ਹਾਸਲ ਨਹੀਂ ਹੋਇਆ ਜੋ ਪੁਰਾਣੇ ਦਿਨਾਂ ਦੇ ਸਿਮਲਾ ਨਾਲ ਰਲਦਾ-ਮਿਲਦਾ ਹੋਏ, ਜੋ ਮੈਂ ਛੱਡ ਕੇ ਗਿਆ ਸੀ. ਅਗਲੇ ਦਿਨ ਮੈਂ ਥੋੜਾ ਜਲਦ ਉਠ ਗਿਆ ਅਤੇ ਜਾਖੂ ਪਹਾੜੀ ਗਿਆ. ਮੈਨੂੰ ਯਾਦ ਹੈ ਕਿ ਮੈਂ ਆਪਣੀ ਮਾਂ ਦੇ ਨਾਲ, ਪਹਾੜੀ ਦੇ ਉਪਰ ਹਨੁਮਾਨ ਮੰਦਰ ਜਾਂਦਾ ਸੀ, ਜਿਥੇ ਬੰਦਰ ਦਿਧਰ-ਉਧਰ ਛਾਲਾਂ ਮਾਰਦੇ ਸੀ.

'ਜਦ ਮੈਂ ਹੌਲੀ ਹੌਲੀ ਪਹਾੜੀ ਉਪਰ ਚੜ੍ਹ ਰਿਹਾ ਸੀ, ਮੈਂ ਉੱਚੇ ਦੇਉਦਾਰ ਦੇ ਦਰਖ਼ਤ ਵੇਖੇ. ਇਹ ਜਗ੍ਹ, ਬਿਲਕੁਲ ਉਸ ਤਰ੍ਹਾਂ ਸੀ ਜੈਦਾਂ ਮੈਂ ਤੀਹ ਤੋਂ ਵੀ ਜ਼ਿਆਦਾ ਸਾਲਾਂ ਪਹਿਲਾਂ ਵੇਖਿਆ ਸੀ. ਹੌਲੀ ਹੌਲੀ, ਮੈਂ ਪਹਾੜੀ ਦੇ ਉਪਰ ਤੁਰ ਕੇ ਪਹੁੰਚ ਗਿਆ ਅਤੇ ਕੁੱਝ ਬੰਦਰਾਂ ਨੂੰ ਆਰਾਮ ਨਾਲ, ਥੋੜੀ ਦੂਰ ਜਾਂਦੇ ਵੇਖਿਆ. ਦੂਜੇ ਹਰ ਉਮਰ ਅਤੇ ਆਕਾਰ ਦੇ ਬੰਦਰਾਂ ਦੇ ਸਮੂਹ, ਬਾਅਦ ਤੇ, ਹਨੁਮਾਨ ਮੰਦਰ ਦੇ ਨਜਦੀਕ ਮੈਂ ਵੇਖੇ.

'ਇਹ ਲਗ ਰਿਹਾ ਸੀ ਕਿ ਵਕਤ ਰੁਕ ਗਿਆ ਸੀ ਅਤੇ ਉਸ ਜਗ੍ਹ ਦੀ ਖ਼ੁਬਸੂਰਤੀ ਕਾਇਮ ਸੀ, ਜੋ ਮੈਂ ਪਹਿਲਾਂ ਵੇਖੀ ਸੀ. ਮੈਂ ਉਸ ਦਿਨ ਜਾਖੂ ਪਹਾੜੀ ਤੇ, ਇਕੱਲਾ ਦੋ ਘੰਟੇ ਤਕ ਰਿਹਾ. ਫਿਰ ਪਹਿਲਾਂ ਇਨਸਾਨ

ਉਥੇ, ਇੱਕ ਪਕੌੜੇਵਾਲਾ ਆਇਆ. ਮੈਂ ਉਸ ਦਾ ਪਹਿਲਾ ਖ਼ਰੀਦਾਰ ਸੀ ਅਤੇ ਉਸ ਨੇ ਮੈਨੂੰ ਪੈਸੇ ਦੇ ਮੁਕਾਬਲੇ, ਕੁੱਝ ਜ਼ਿਆਦਾ ਹੀ ਪਕੌੜੇ ਦਿੱਤੇ. ਜਦ ਮੈਂ ਉਸ ਇਲਾਕੇ ਦੀ ਤਸਵੀਰਾਂ ਲੈ ਰਿਹਾ ਸੀ, ਮੈਂ ਕਿਸੇ ਨੂੰ ਮੈਨੂੰ ਪੁਕਾਰਦੇ ਹੋਏ ਸੁਣਿਆ. ਮੇਰੇ ਪਿੱਛੇ ਇੱਕ ਜੋੜਾ ਅਤੇ ਉਨ੍ਹਾਂ ਦੇ ਤਿੰਨ ਬੱਚੇ ਸੀ. ਉਸ ਸ਼ਕਸ ਨੇ ਮੈਨੂੰ, ਉਸ ਦੇ ਪਰਵਾਰ ਦੀ ਤਸਵੀਰਾਂ ਲੈਣ ਲਈ ਕਿਹਾ. ਮੈਂ ਬੇਝਿਜਕ ਰਾਜ਼ੀ ਹੋ ਗਿਆ ਅਤੇ ਕਈ ਜਗ੍ਹਾਂ ਤੇ ਉਨ੍ਹਾਂ ਦੀ ਤਸਵੀਰਾਂ ਲੀਤੀਆਂ. ਉਸ ਬੰਦੇ ਨੇ ਸੋਚਿਆਂ ਕਿ ਮੈਂ ਕੋਈ ਸਥਾਨਕ ਫੋਟੋਗ੍ਰਾਫਰ ਸੀ ਅਤੇ ਅਗਲੇ ਦਿਨ ਉਨ੍ਹਾਂ ਨੂੰ ਫੋਟੋਆਂ ਦੇ ਦੇਵਾਂਗਾ. ਉਹ ਜਲੰਧਰ ਤੋਂ ਆਏ ਸੀ. ਉਹ ਬੇਹਦ ਦੋਸਤਾਨਾ ਹੋ ਗਏ ਜਦ ਮੈਂ ਉਨ੍ਹਾਂ ਨੂੰ ਆਪਣੇ ਬਾਰੇ ਦੱਸਿਆ. ਮੈਂ ਉਨ੍ਹਾਂ ਨੂੰ ਵਾਅਦਾ ਕੀਤਾ ਕਿ ਯੂ.ਐਸ.ਵਾਪਸ ਜਾ ਕੇ, ਮੈਂ ਉਨ੍ਹਾਂ ਦੀ ਫੋਟੋਆਂ ਭੇਜ ਦਵਾਂਗਾ.

'ਜਦ ਦੁਪਹਿਰ ਹੋਣ ਲਗੀ, ਮੌਸਮ ਖ਼ੁਸ਼ਗਵਾਰ ਹੋ ਗਿਆ ਸੀ ਅਤੇ ਮੈਂ ਉਤਰਣ ਲਗਾ. ਉਤਰਣ ਤੇ, ਮੈਨੂੰ ਚੜ੍ਹਣ ਦੇ ਮੁਕਾਬਲੇ ਅੱਧਾ ਵਕਤ ਲਗਾ. ਦੁਪਹਿਰ ਨੂੰ ਮੈਂ ਬ੍ਰਿਟਿਸ਼ਰਾਂ ਦੇ ਬਣਾਏ ਇੱਕ ਗਿਰਜ਼ੇ ਦੇ ਸਾਹਮਣੇ ਬੈਠ ਗਿਆ. ਲੋਕ ਸੁਰਜ ਦੀ ਤਰਫ਼ ਚਿਹਰਾ ਕਰ ਕੇ ਇੱਕ ਪਹਾੜੀ ਤੇ ਬੈਠੇ ਹੋਏ ਸੀ. ਮੈਂ ਵੀ ਧੁੱਪ ਦਾ ਆਨੰਦ ਲੈਣ ਬੈਠ ਗਿਆ. ਮੇਰੇ ਕਰੀਬ ਬੈਠੇ ਬੰਦੇ ਨੇ, ਆਪਣੇ ਆਪ ਨੂੰ ਬਤੌਰ ਸੁਖਬੀਰ ਪਛਾਣ ਦੱਸੀ ਅਤੇ ਮੈਨੂੰ ਦੱਸਿਆ ਕਿ ਉਹ ਹਿਮਾਚਲ ਪ੍ਰਦੇਸ਼ ਸਰਕਾਰ ਦਾ ਮੁਲਾਜ਼ਮ ਸੀ. ਜਦ ਮੈਂ ਉਸ ਨੂੰ ਦੱਸਿਆ ਕਿ ਮੈਂ ਆਪਣੇ ਜਨਮਸਥਾਨ ਤੇ ਤੀਹ ਸਾਲਾਂ ਬਾਅਦ ਆ ਰਿਹਾ ਸੀ, ਮੇਰੀ ਤਰਫ਼ ਉਸ ਦਾ ਰਵੱਇਆ ਬਿਲਕੁਲ ਬਦਲ ਗਿਆ, ਅਤੇ ਉਹ ਮੇਰੇ ਨਾਲ, ਇੱਕ ਗੁਵਾਚੇ ਹੋਏ ਦੋਸਤ ਦੀ ਤਰ੍ਹਾਂ ਸਲੂਕ ਕਰਣ ਲਗ ਗਿਆ. ਉਹ ਮੈਨੂੰ ਵਤਨੀ ਕਹਿਣ ਲਗਾ. ਉਸ ਨੇ ਮੇਰੀ ਕਈ ਸਥਾਨਕ ਲੋਕਾਂ ਨਾਲ ਜਾਣ-ਪਚਾਣ ਕਰਾਈ, ਜੈਦਾਂ ਕਿ ਇੱਕ ਆਯੁਰਵੇਦਿਕ ਵੈਦ, ਇੱਕ ਰੇਸਤਰਾਂ ਮਾਲਕ ਅਤੇ ਆਪਣੇ ਸਹਯੋਗਿਆ ਨਾਲ. ਉਣ ਸਭ ਨੇ ਮੈਨੂੰ, ਸਿਮਲਾ ਦੇ ਇੱਕ ਵਡੇ ਪਰਵਾਰ ਦੇ ਬਤੌਰ ਸਦੱਸ ਦਾ ਮਾਣ ਦਿੱਤਾ. ਇੰਡੀਆ ਦੇ ਦੌਰੇ ਤੇ ਪਹਿਲੀ ਵਾਰ ਮੈਂ ਮਹਿਸੂਸ ਕੀਤਾ ਕਿ ਮੈਂ ਆਪਣੇ ਘਰ ਆਇਆ ਸੀ.'

ਗੁੜਗਾਉਂ

ਗੁੜਗਾਉਂ ਦੀ ਮੁਸਲਿਮ ਮਾਇਨਾਰਿਟੀ 37 ਫ਼ੀਸਦੀ ਸੀ. ਇਹ ਦਿੱਲੀ ਦੇ ਬਾਹਰੀ ਇਲਾਕੇ ਤੇ ਹੁੰਦਾ ਸੀ ਅਤੇ ਹੁਣ ਉਸ ਸ਼ਹਿਰ ਦਾ ਇੱਕ ਖ਼ੁਸ਼ਹਾਲ ਉਪ-ਨਗਰ ਹੈ. ਮਸ਼ਹੂਰ ਪਾਕਿਸਤਾਨੀ ਅਖ਼ਬਾਰਨਵੀਸ ਅਤੇ ਇਨਸਾਨੀ ਹੱਕ ਦੇ ਹਿਮਾਇਤੀ ਆਈ.ਏ.ਰਹਿਮਾਨ ਨੇ ਦੱਸਿਆ ਕਿ ਗੁੜਗਾਉਂ ਤੇ ਕੀ ਹੋਇਆ ਸੀ.

'ਮੇਰਾ ਜਨਮ ਯਮੁਨਾ ਨਦੀ ਦੇ ਉਪਰ ਇੱਕ ਪਿੰਡ ਹੱਸਨਪੁਰ ਤੇ ਹੋਇਸਾ ਸੀ ਜੋ ਜ਼ਿਲ੍ਹਾ ਗੁੜਗਾਉਂ ਤੇ, ਦਿੱਲੀ ਤੋਂ 30 ਮੀਲ ਦੱਖਣ ਤੇ ਸੀ. ਹੱਸਨਪੁਰ ਇੱਕ ਮਿਲਿਆ-ਜੁਲਿਆ ਪਿੰਡ ਸੀ ਜਿਸ ਵਿੱਚ ਅੱਧੇ ਮੁਸਲਿਮ ਅਤੇ ਅੱਧੇ ਗੈਰ-ਮੁਸਲਿਮ ਸਨ. ਜ਼ਿਮੀਦਾਰ ਮੁਸਲਿਮ ਸਨ ਅਤੇ ਉਨ੍ਹਾਂ ਦਾ ਤਾਲੁੱਕ ਇੱਕ ਬਲੋਚ ਕਬੀਲੇ ਰਿੰਡ ਨਾਲ ਸੀ. ਰਿੰਡ ਹੁਮਾਯੂੰ ਦੀ ਬਾਦਸ਼ਾਹੀ ਦੇ ਵਕਤ ਦਿੱਲੀ ਦੇ ਬਾਹਰੀ ਕਈ ਪਿੰਡਾਂ ਤੇ ਵਸੇ ਸੀ, ਤਾਂਕਿ ਉਹ ਹਿੰਦੂ ਜਾਟਾਂ ਦੇ ਹਮਲੇਆਂ ਦਾ ਮੁਕਾਬਲਾ ਕਰ ਸਕਣ.

'ਹੱਸਨਪੁਰ ਦੇ ਹਿੰਦੂਆਂ ਨਾਲ ਸਾਡੇ ਰਿਸ਼ਤੇ ਬਹੁਤ ਦੋਸਤਾਨਾ ਸਨ. ਅਸੀਂ ਹਿੰਦੂਆਂ ਨਾਲ ਪੜ੍ਹਾਈ ਕਰਦੇ ਸੀ ਅਤੇ ਸਾਡੇ ਅਧਿਆਪਕ ਵੀ ਹਿੰਦੂ ਸਨ. ਅਸੀਂ ਉਨ੍ਹਾਂ ਦੀ ਤਰਫ਼ ਕੋਈ ਦੁਸ਼ਮਨੀ ਮਹਿਸੂਸ ਨਹੀਂ ਕੀਤੀ. ਸਾਡੇ ਪਰਵਾਰ ਦੇ ਕਈ ਹਿੰਦੂ ਕਰੀਬੀ ਦੋਸਤ ਸਨ. ਦੂਜੇ ਆਲਮੀ ਜੰਗ ਦੇ ਸ਼ੁਰੂ ਤੇ, ਕੋਈ ਜ਼ਿਆਦਾ

ਆਮਦਨੀ ਨਹੀਂ ਸੀ, ਅਤੇ ਸਾਡੇ ਬਜ਼ੁਰਗ ਸਾਡੀ ਤਾਲੀਮ ਉਪਰ ਜ਼ੋਰ ਦੇਂਦੇ ਸੀ ਅਤੇ ਸਾਡੇ ਪਿੰਡ ਦੀ ਕੁੜੀਆਂ ਨੂੰ ਵੀ ਸਕੂਲ ਭੇਜਿਆ ਜਾਂਦਾ ਸੀ. ਮੇਰੇ ਦਾਦਾ ਅਬਦੁਰ ਰਜ਼ਾਕ ਸਾਹਿਬ ਨੇ ਸਾਡੇ ਘਰ ਵਿੱਚ ਕੁੜੀਆਂ ਲਈ ਸਕੂਲ ਸ਼ੁਰੂ ਕੀਤਾ ਸੀ.

'ਸਾਡੇ ਪਿੰਡ ਵਿੱਚ ਬ੍ਰਿਟਿਸ਼ ਮੁਖ਼ਾਲਫ਼ਤ ਦਾ ਮਾਹੌਲ ਸੀ. ਕਿਸੇ ਨੇ ਵੀ ਬਸਤੀਵਾਦੀ ਬ੍ਰਿਟਿਸ਼ ਫ਼ੌਜ਼ ਵਿੱਚ ਭਰਤੀ ਨਹੀਂ ਲੀਤੀ. ਸਾਡੇ ਬਜ਼ੁਰਗ ਖਾਕਸਾਰ ਤੇਹਰੀਕ ਨਾਲ ਜੁੜੇ ਹੋਏ ਸੀ. ਫਿਰ ਕੁੱਝ ਮੁਸਲਿਮ ਲੀਗ ਤੇ ਸ਼ਾਮਲ ਹੋ ਗਏ, ਪਰ ਦਿਲੀ ਤੌਰ ਤੇ ਨਹੀਂ. ਮੇਰੇ ਪਿਤਾ ਇੱਕ ਵਕੀਲ ਸਨ ਅਤੇ ਉਹ ਕਲਵਾਲ, ਗੁੜਗਾਉਂ ਦੇ ਕਰੀਬ ਇੱਕ ਛੋਟੇ ਸ਼ਹਿਰ ਤੇ ਵਕਾਲਤ ਕਰਦੇ ਸੀ. ਉਹ ਮੁਸਲਿਮ ਲੀਗ ਦੇ ਸਦੱਸ ਨਹੀਂ ਸਨ. 14 ਅਗਸਤ 1947 ਨੂੰ ਸ਼ਹਿਰ ਦੇ ਪ੍ਰਮੁੱਖ ਲੋਕ, ਜਿਸ ਵਿੱਚ ਮੇਰੇ ਵਾਲਿਦ ਵੀ ਸ਼ਾਮਲ ਸਨ, ਇੱਕ ਟਰੱਕ ਵਿੱਚ ਪਿੰਡਾਂ ਤੇ ਜਾ ਕੇ ਕਹਿੰਦੇ ਰਹੇ ਕਿ ਉਹ ਉਸ ਜਗ੍ਹ ਨੂੰ ਛੱਡ ਕੇ ਨਾ ਜਾਣ. ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ, ਉਹ ਉਥੇ ਸਦਿਆਂ ਤੋਂ ਰਹ ਰਹੇ ਸੀ ਅਤੇ ਉਨ੍ਹਾਂ ਨੂੰ ਅਪਣੇ ਘਰ ਛੱਡਣ ਦੀ ਕੋਈ ਜ਼ਰੂਰਤ ਨਹੀਂ ਸੀ.

'ਫਰਵਰੀ 1947 ਤੇ ਹੀ ਫ਼ਸਾਦ ਹੋਏ ਸੀ, ਪਰ ਵਜ੍ਹਾ ਸਿਆਸੀ ਨਹੀਂ ਸੀ. ਇਹ ਹਿੰਦੂ ਜਾਟਾਂ ਅਤੇ ਮੇਉ ਮੁਸਲਿਮਾਂ ਦੀ ਆਪਸੀ ਰੰਜਿਸ਼ ਸੀ. ਇਹ ਇੱਕ ਦਿਲਚਸਪ ਗੱਲ ਹੈ ਕਿ ਉਸ ਵਕਤ ਤਕ, ਮੇਉ ਪੂਰੀ ਤਰ੍ਹਾਂ ਮੁਸਲਿਮ ਨਹੀਂ ਬਣੇ ਸੀ. ਉਹ ਹਿੰਦੂ ਅਤੇ ਮੁਸਲਿਮ, ਦੋਨੋ ਰਸਮਾਂ ਅਦਾ ਕਰਦੇ ਸੀ. ਉਹ ਗੋਤ੍ਰ ਦੀ ਬੁਨੀਆਦ ਤੇ ਝਗੜ਼ੇਆਂ ਦਾ ਫ਼ੈਸਲਾ ਕਰਦੇ ਸੀ. ਕਿਸੇ ਵਜ੍ਹਾ ਦੇ ਚਲਦੇ, ਕਿਸੇ ਨੇ ਫ਼ਿਰਕੂ ਰੁਖ ਦੇ ਦਿੱਤਾ ਅਤੇ ਇਸ ਦੇ ਚਲਦਿਆਂ ਫ਼ਸਾਦ ਹੋ ਗਿਆ.

'10 ਸਤੰਬਰ ਨੂੰ ਸਾਡੇ ਪਿੰਡ ਉਪਰ ਹਮਲਾ ਕੀਤਾ ਗਿਆ. ਹਮਲਾਵਰ ਹਜ਼ਾਰਾਂ ਦੀ ਤਦਾਦ ਤੇ ਸਨ. ਸਾਡੇ ਗੁਆਂਢੀ ਪਿੰਡ ਦੇ ਲੋਕਾਂ ਨੇ ਹਮਲਾ ਕੀਤਾ ਅਤੇ ਕੁੱਝ ਹਮਲਾਵਾਰ ਤੇ 150 ਕਿਲੋਮੀਟਰ ਦੂਰ ਤੋਂ ਵੀ ਆਏ ਸੀ. ਕੋਈ ਹਮਲਾਵਰ ਸਿੱਖ ਨਹੀਂ ਸੀ. ਸਾਰੇ ਹਿੰਦੂ ਜਾਟ ਸਨ. ਕਈ ਲੋਕ ਮਾਰੇ ਗਏ. ਇਹ ਪਹਿਲਾ ਹਮਲਾ ਸੀ. ਮੇਰੇ ਦੋ ਤਗੜ਼ੇ, ਰਿਸ਼ਤੇ ਤੇ ਭਰਾਵਾਂ ਨੂੰ ਉਨ੍ਹਾਂ ਦੇ ਹਿੰਦੂ ਮਿੱਤਰ ਨੇ ਮਾਰ ਦਿੱਤਾ, ਜਿਸ ਦੇ ਨਾਲ ਉਨ੍ਹਾਂ ਦੀ 20 ਸਾਲਾਂ ਦੀ ਯਾਰੀ ਸੀ. ਉਹ ਇੱਕ ਬਨਿਆ ਸੀ. ਉਸ ਨੇ ਇਸ ਤਰ੍ਹਾਂ ਦਾ ਘਿਰਣਤ ਜੁਰਮ ਕਿਉਂ ਕੀਤਾ ਇਹ ਹੁਣ ਵੀ ਮੇਰੇ ਲਈ ਇੱਕ ਰਾਜ਼ ਹੈ. ਹਮਲੇਆਂ ਦੀ ਲਹਰ ਵਿੱਚ ਸਾਡੇ ਪਰਵਾਰ ਅਤੇ ਬਰਾਦਰੀ ਦੇ ਕਈ ਸਦੱਸ ਹਲਾਕ ਹੋ ਗਏ.

'ਮਾਉਂਟਬੈਟਨ ਨੇ ਵੇਖਿਆ ਕਿ ਹੋ ਰਿਹਾ ਸੀ ਅਤੇ ਮਥੁਰਾ ਦੀ ਫ਼ੌਜ਼ ਦੀ ਇਕਾਈ ਨੂੰ ਖ਼ਬਰ ਭੇਜੀ. ਇਸ ਦੇ ਚਲਦੇ, ਕੁੱਝ ਜਾਨਾਂ ਬਚ ਗਈਆਂ.

'ਫਿਰ ਸਾਡੇ ਲੋਕ ਕਲਵਾਲ ਚਲੇ ਗਏ. ਗਾਂਧੀਜੀ ਨੇ ਮੌਲਾਨਾ ਹਬੀਬ-ਉਰ-ਰਹਿਮਾਨ ਅਤੇ ਪੰਡਤ ਸੁੰਦਰਲਾਲ, ਜੋ ਉਨ੍ਹਾਂ ਦੇ ਸੇਕ੍ਰੇਟਰੀ ਸਨ, ਭੇਜਿਆ. ਉਨ੍ਹਾਂ ਨੇ ਸਾਨੂੰ ਨਹੀਂ ਜਾਣ ਨੂੰ ਕਿਹਾ. ਮੇਰੇ ਵਾਲਿਦ ਨੇ ਉਨ੍ਹਾਂ ਨੂੰ ਕਿਹਾ, "ਮੈਂ ਨਹੀਂ ਜਾਣਾ ਚਾਹੁੰਦਾ ਹਾਂ ਪਰ ਹੁਣ ਦੋਨੋ ਹਕੂਮਤਾਂ ਵਿੱਚ ਰਜ਼ਾਮੰਦੀ ਹੋ ਗਈ ਹੈ. ਮੈਂ ਉਣ ਲੋਕਾਂ ਨੂੰ ਕੀ ਦੱਸਾਂ ਜੋ ਪਨਾਹਗੀਰ ਬਣ ਗਏ ਨੇ? ਤੁਸੀਂ ਸਾਡੀ ਹਿਫ਼ਾਜ਼ਤ ਦੀ ਗਾਰੰਟੀ ਦੇ ਸਕੋਗੇ?" ਉਨ੍ਹਾਂ ਨੇ ਜਵਾਬ ਦਿੱਤਾ, "ਅਸੀਂ ਨਹੀਂ ਦੇ ਸਕਦੇ."

'ਫਿਰ ਅਸੀਂ ਗੁੜਗਾਉਂ ਛੱਡ ਕੇ ਭਟਿੰਡਾ ਅਤੇ ਇਸ ਦੇ ਬਾਅਦ ਫ਼ਾਜ਼ਿਲਕਾ ਚਲੇ ਗਏ. ਸਾਡੇ ਨਾਲ ਇੱਕ ਫ਼ੌਜ਼ੀ ਹਿਫ਼ਾਜ਼ਤੀ ਦਸਤਾ ਮੌਜੂਦ ਸੀ. ਮੇਰੇ ਵਾਲਿਦ ਨੇ ਘਰ ਦੀ ਅਤੇ ਉਨ੍ਹਾਂ ਦੇ ਦਫ਼ਤਰ ਦੀ ਚਾਬੀਆਂ ਆਪਣੇ

ਦੋਸਤ, ਰਾਉ ਬਹਾਲ ਸਿੰਘ ਨੂੰ ਦਿੱਤੀਆਂ ਅਤੇ ਇਹ ਕਿਹਾ ਕਿ ਉਹ ਤਦ ਵਾਪਸ ਆਣਗੇ, ਜਦ ਅਮਨ ਦੀ ਬਹਾਲੀ ਹੋ ਜਾਵੇਗੀ.'

ਦਿੱਲੀ

ਦਿੱਲੀ ਪੰਜਾਬ ਸੂਬੇ ਦਾ ਹਿੱਸਾ ਨਹੀਂ ਸੀ, ਪਰ ਪੰਜਾਬ ਦੇ ਕਈ ਸਿਵਲ ਸੇਵਕ ਦਿੱਲੀ ਤੇ ਤਇਨਾਤ ਸਨ. ਇਸ ਦੇ ਇਲਾਵਾ, ਪਛੱਮ ਪੰਜਾਬ ਤੋਂ ਆਏ ਸਿੱਖ ਅਤੇ ਹਿੰਦੂ ਪਨਾਹਗੀਰਾਂ ਦੀ ਇੱਕ ਵੱਡੀ ਤਦਾਦ ਦੇ ਚਲਦੇ, ਮੁਸਲਿਮ ਇੱਕ ਵੱਡੇ ਦਬਾਅ ਥਲੇ ਆ ਗਏ. ਖੋਸਲਾ ਰਿਪੋਰਟ ਦਿੱਲੀ ਦੇ ਮੁਸਲਿਮਾਂ ਉਪਰ ਭਿਆਨਕ ਹਮਲੇਆਂ ਦਾ ਜ਼ਿਕਰ ਕਰਦੀ ਹੈ. ਉਨ੍ਹਾਂ ਦਾ ਦਾਅਵਾ ਸੀ ਕਿ ਮੁਸਲਿਮਾਂ ਨੇ ਨਵੰਬਰ 1946 ਤੇ ਹੀ ਦੰਗੇ ਭੜਕਾਉਣ ਦਾ ਕੱਮ ਕੀਤਾ, ਪਰ ਸਤੰਬਰ-ਅਕਤੂਬਰ ਤੇ ਜਦ ਮੁਸਲਿਮਾਂ ਉਪਰ ਹਮਲੇ ਹੋਏ, ਤਦ ਘੱਟ ਤੋਂ ਘੱਟ ਇੱਕ ਹਜਾਰ ਹਲਾਕ ਹੋ ਗਏ (1989: 283). ਸ਼ਵ. ਡਾ ਇਸ਼ਤਿਆਕ਼ ਹੁਸੈਨ ਕੁਰੇਸ਼ੀ, ਜੋ ਪਾਕਿਸਤਾਨ ਦੇ ਫੈਡਰਲ ਸਿੱਖਿਆ ਵਜ਼ੀਰ ਅਤੇ ਕਰਾਚੀ ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਸਨ, ਨੇ ਉਣ ਦਿਨਾਂ ਦੀ ਘਟਨਾਵਾਂ ਬਾਰੇ ਲਿਖਿਆ, ਜਦ ਦਿੱਲੀ ਦੇ ਮੁਸਲਿਮਾਂ ਉਪਰ ਸਾਰੇ ਸ਼ਹਿਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਤੇ ਹਮਲੇ ਕੀਤੇ ਜਾ ਰਹੇ ਸੀ.

ਡਾ.ਇਸ਼ਤਿਆਕ਼ ਹੁਸੈਨ ਕੁਰੇਸ਼ੀ

ਅਗਲੇ ਦਿਨ ਮੈਂ ਆਪਣੇ ਪਰਵਾਰ ਨੂੰ ਪੁਰਾਣੇ ਕਿਲੇ ਭੇਜ ਦਿੱਤਾ, ਜਿਥੇ ਸਹਿਰ ਦੇ ਮੁਸਲਿਮ ਪਨਾਹਗੀਰ ਇਕੱਠਾ ਹੋਏ ਸੀ ਅਤੇ ਬਚਾਉ ਦਾ ਕੱਮ ਕਰ ਰਹੇ ਸੀ. ਉਥੇ ਕਈ ਯਾਦਗਾਰ ਵਾਕਿਐ ਹੋਏ, ਪਰ ਉਨ੍ਹਾਂ ਤੋਂ ਸਭ ਤੋਂ ਅਹਿਮ ਇਹ ਸੀ ਕਿ ਮੈਂ ਡਾ.ਜ਼ਾਕਿਰ ਹੁਸੈਨ (ਜੋ ਬਾਅਦ ਤੇ ਇੰਡੀਆ ਦੇ ਰਾਸ਼ਟਰਪਤੀ ਬਨੇ ਸੀ) ਨੂੰ ਉਨ੍ਹਾਂ ਦੇ ਉਖਲਾ ਦੇ ਨਜਦੀਕ ਜਾਮਿਆ ਸਥਿਤ ਘਰ ਤੋਂ, ਜੋ ਦਿੱਲੀ ਤੋਂ ਕਈ ਮੀਲ ਦੂਰ ਸੀ, ਲੈ ਕੇ ਗਾਂਧੀ ਨੂੰ ਮਿਲਣ ਗਿਆ. ਸਾਨੂ ਜ਼ਿਆਦਾ ਕੁੱਝ ਦੱਸਣਾ ਨਹੀਂ ਪਿਆ ਕਿਉਂਕਿ ਉਨ੍ਹਾਂ ਦੇ ਸੇਵਕ ਉਨ੍ਹਾਂ ਨੂੰ ਸਾਰੀ ਘਟਣਾਵਾਂ, ਸਚਾਈ ਨਾਲ ਦੱਸ ਰਹੇ ਸੀ. ਉਨ੍ਹਾਂ ਤੋਂ ਕੋਈ ਗੱਲ ਲੁੱਕਾਣ ਦੀ ਲੋੜ ਨਹੀਂ ਸੀ. ਮੈਂ ਉਨ੍ਹਾਂ ਨੂੰ ਕਿਹਾ ਕਿ ਸਿਰਫ਼ ਉਹ ਹੀ ਇਸ ਕਤਲੇਆਮ ਨੂੰ ਰੁਕਵਾ ਸਕਦੇ ਸੀ. ਇੱਕ ਪਲ ਉਹ ਸੋਚਣ ਲਗੇ ਅਤੇ ਅਗਲੇ ਪਲ ਸਿੱਧੀ ਤਰ੍ਹਾਂ ਵਾਅਦਾ ਕੀਤਾ, "ਮੈਂ ਆਪਣੀ ਸਭ ਤੋਂ ਬਿਹਤਰ ਕੋਸ਼ਿਸ਼ ਕਰਾਂਗਾ." ਅਤੇ ਮੈਨੂੰ ਲਗਦਾ ਹੈ ਕਿ ਉਨ੍ਹਾਂ ਨੇ ਅਪਣਾ ਵਾਅਦਾ ਪੂਰਾ ਕੀਤਾ. ਨਹੀਂ ਤੇ, ਉਨ੍ਹਾਂ ਦੀ ਹੱਤਿਆ ਨਹੀਂ ਹੁੰਦੀ.

ਰਿਆਜ਼ ਅਹਮਦ ਚੀਮਾ

ਸਟੋਕਹੋਮ ਦੇ ਮੇਰੇ ਸਭ ਤੋਂ ਪੁਰਾਣੇ ਮਿੱਤਰ, ਰਿਆਜ਼ ਅਹਮe ਚੀਮਾ ਦਾ ਤਾਲੁੱਕ ਉਣ ਕੁੱਝ ਪੰਜਾਬੀ ਪਰਵਾਰਾਂ ਨਾਲ ਸੀ ਜੋ ਦਿੱਲੀ ਤੇ ਸਨ, ਕਿਉਂਕਿ ਉਨ੍ਹਾਂ ਦੇ ਵਾਲਿਦ ਦੀ ਦਿੱਲੀ ਤੇ ਤਇਨਾਤੀ ਸੀ. 16 ਮਈ 2007 ਨੂੰ ਉਨ੍ਹਾਂ ਨੇ ਇਹ ਦੱਸਿਆ:

'ਮੈਂ 5 ਫ਼ਰਵਰੀ 1937 ਨੂੰ ਪੈਦਾ ਹੋਇਆ ਸੀ. ਅਸੀਂ, ਅਸਲ ਵਿੱਚ ਸਿਆਲਕੋਟ ਤੋਂ ਸੀ ਪਰ ਤਕਸੀਮ ਦੇ ਵਕਤ, ਮੇਰੇ ਵਾਲਿਦ ਮੋ.ਅਬਦੁੱਲਾ ਚੀਮਾ ਦਿੱਲੀ ਤੇ ਬਤੌਰ ਇੱਕ ਸਿਵਲ ਜੱਜ ਤਇਨਾਤ ਸਨ. ਉਨ੍ਹਾਂ ਦਾ ਤਾਲੁੱਕ ਪੰਜਾਬ ਸੂਬਾਈ ਸੇਵਾ ਨਾਲ ਸੀ. ਉਣ ਦਿਨਾਂ ਤੇ ਪੰਜਾਬ ਦੇ ਅਫ਼ਸਰਾਂ ਦੀ ਦਿੱਲੀ ਤੇ ਤਇਨਾਤੀ ਇੱਕ ਆਮ ਗੱਲ ਸੀ, ਹਾਲਾਂਕਿ ਦਿੱਲੀ ਪੰਜਾਬ ਸੂਬੇ ਦਾ ਹਿੱਸਾ ਨਹੀਂ ਸੀ. ਮੇਰੇ ਮਾਤਾ-ਪਿਤਾ ਅਤੇ ਅਸੀਂ ਅੱਠ ਬੱਚੇ, ਅਤਉਰ ਰਹਮਾਨ ਗਲੀ ਦੇ ਸਿਵਲ ਲਾਈਨਸ ਇਲਾਕੇ ਤੇ ਰਹਿੰਦੇ ਸੀ. ਸਾਡੇ ਕਈ ਹਿੰਦੂ, ਸਿੱਖ ਅਤੇ ਮੁਸਲਿਮ ਦੋਸਤ ਸਨ, ਪਰ ਉਨ੍ਹਾਂ ਤੋਂ ਸਭ ਤੋਂ ਕਰੀਬੀ ਇੱਕ ਵਪਾਰੀ ਸੀ ਜਿਸ ਦਾ ਨਾਂਅ ਰਾਮ ਕ੍ਰਿਸ਼ਨ ਸੀ. ਉਸ ਦਾ ਪੁਰਾਣੀ ਦਿੱਲੀ ਤੇ ਇੱਕ ਛਾਪਾਖਾਨਾ ਸੀ. ਇੱਕ ਹੋਰ ਦੋਸਤ ਸਨ, ਚੌਧਰੀ ਘੁਲਾਮ ਅੱਬਾਸ ਜੋ ਨਵੀਂ ਦਿੱਲੀ ਤੇ ਇੱਕ ਸ਼ਹਿਰੀ ਮਜਿਸਟਰੇਟ ਸਨ. ਉਹ ਵੀ, ਚਕਵਾਲ, ਪਛੱਮ ਪੰਜਾਬ ਨਾਲ ਨਾਤਾ ਰੱਖਦੇ ਸੀ.

'1947 ਦੇ ਸ਼ੁਰੂ ਤੇ, ਦਿੱਲੀ ਤੇ ਕੋਈ ਫ਼ਿਰਕੂ ਤਣਾਅ ਨਹੀਂ ਸੀ, ਪਰ ਹੜਤਾਲਾਂ ਅਤੇ ਪ੍ਰਦਰਸ਼ਨ ਹੋ ਰਹੇ ਸੀ. ਪਰ ਮਾਰਚ 1947 ਤੇ ਰਾਵਲਪਿੰਡੀ ਤੇ ਫ਼ਸਾਦ ਹੋਏ, ਅਤੇ ਕਈ ਸਿੱਖ ਦਿੱਲੀ ਆ ਗਏ, ਜਿਥੇ ਉਨ੍ਹਾਂ ਦੇ ਰਿਸ਼ਤੇਦਾਰ ਰਹਿੰਦੇ ਸੀ. ਉਸ ਵਕਤ ਦਿੱਲੀ ਤੇ, ਪੰਜਾਬ ਤੋਂ ਆ ਕੇ ਸਿੱਖਾਂ ਦੀ ਇੱਕ ਵੱਡੀ ਤਦਾਦ, ਪਹਿਲਾਂ ਤੋਂ ਹੀ ਵਸ ਗਈ ਸੀ. ਉਹ ਵਪਾਰ ਅਤੇ ਕਈ ਕਿਸਮ ਤੇ ਕੱਮ ਕਰਦੇ ਸੀ. ਰਾਵਲਪਿੰਡੀ ਤੋਂ ਆਏ ਕੁੱਝ ਸਿੱਖ ਵਾਪਸ ਚਲੇ ਗਏ ਪਰ ਪਿੰਡਾਂ ਤੋਂ ਆਏ ਕੁੱਝ ਦੂਜੇ ਰਹਿ ਗਏ. ਮਾਹੌਲ ਤੇ ਤਣਾਅ ਵੱਧਣ ਲਗਾ ਜਦ ਸਿੱਖਾਂ ਨੇ ਮੁਸਲਿਮ ਜ਼ੁਲਮਾਂ ਦੇ ਕਿੱਸੇ, ਆਪਣੇ ਰਿਸ਼ਤੇਦਾਰਾਂ ਅਤੇ ਗੁਰਦੁਆਰੇਆਂ ਦੀ ਸੰਗਤਾਂ ਨੂੰ ਬਿਆਨ ਕੀਤੇ. ਅਤੇ, ਕਈ ਮੌਕੇਆਂ ਤੇ ਸਾਡੇ ਮਾਤਾ-ਪਿਤਾ ਨੇ ਸਾਨੂ ਸਕੂਲ ਨਹੀਂ ਭੇਜਿਆ, ਇਸ ਖ਼ੌਫ਼ ਨਾਲ ਕਿ ਬਦਲੇ ਦੀ ਕਾਰਵਾਈ ਹੋ ਸਕਦੀ ਸੀ. ਬਹਰ ਹਾਲ, ਸਾਨੂ ਹਨੇਰੇ ਤੋਂ ਬਾਅਦ, ਘਰ ਤੋਂ ਬਾਹਰ ਜਾਣ ਦੀ ਇਜ਼ਾਜ਼ਤ ਨਹੀਂ ਸੀ.

'3 ਜੂਨ ਤੋਂ ਬਾਅਦ, ਜਦ ਤਕਸੀਮ ਦੇ ਮੰਸੂਬੇ ਦਾ ਐਲਾਨ ਹੋਇਆ, ਤੇਜੀ ਨਾਲ ਹਰਕਤਾ ਹੋਣ ਲਗੀਆਂ. ਮੇਰੇ ਵਾਲਿਦ ਨੇ ਪਾਕਿਸਤਾਨ ਜਾਣ ਦੀ ਅਰਜ਼ੀ ਦੇ ਦਿੱਤੀ ਅਤੇ ਉਨ੍ਹਾਂ ਨੂੰ ਬਤੌਰ ਸੀਨੀਅਰ ਸਿਵਲ ਜਜ, ਜਿਹਲਮ ਜਾਣ ਦਾ ਹੁਕਮ ਮਿਲਿਆ. ਅਸੀਂ 16 ਅਗਸਤ ਨੂੰ ਦਿੱਲੀ ਛੱਡ ਦਿੱਤਾ. ਸਾਨੂੰ ਇੱਕ ਦੂਜੇ ਦਰਜੇ ਦਾ ਰੇਲ ਡੱਬਾ ਮਿਲਿਆ. ਮੇਰੇ ਵਾਲਿਦ ਕੋਲ ਇੱਕ ਰਾਈਫਲ ਅਤੇ ਇੱਕ ਰਿਵਾਲਵਰ ਸੀ. ਅਸੀਂ ਕਿੱਸੇ ਸੁਣੇ ਸੀ ਕਿ ਗੱਡੀਆਂ ਅੱਮ੍ਰਿਤਸਰ ਦੇ ਨੇੜੇ ਰੋਕਿਆ ਜਾ ਰਹੀਆਂ ਸੀ, ਅਤੇ ਸਿੱਖ ਗਿਰੋਹ, ਮੁਸਲਿਮਾਂ ਦਾ ਕਤਲ ਕਰ ਰਹੇ ਸੀ, ਪਰ ਸਾਡੀ ਗੱਡੀ ਸਹੀ ਸਲਾਮਤ ਲਾਹੌਰ ਪਹੁੰਚ ਗਈ. ਜਦ ਅਸੀਂ ਦਿੱਲੀ ਛੱਡ ਕੇ ਜਾ ਰਹੇ ਸੀ, ਮੇਰੇ ਵਾਲਿਦ ਦੇ ਨਾਲ ਕੱਮ ਕਰਣ ਵਾਲੇ ਇੱਕ ਸਿੱਖ ਨੇ ਬੇਨਤੀ ਕੀਤੀ ਕਿ ਉਨ੍ਹਾਂ ਦਾ ਅਰਦਲੀ ਜੋ ਇੱਕ ਸਿੱਖ ਸੀ, ਉਸ ਦੀ ਦੇਖ-ਭਾਲ ਕਰਣ, ਕਿਉਂਕਿ ਉਹ ਆਪਣਾ ਪਰਵਾਰ ਲੈਣ, ਉਸੇ ਗੱਡੀ ਤੇ ਰਾਵਲਪਿੰਡੀ ਜਾ ਰਿਹਾ ਸੀ.

'ਲਾਹੌਰ ਰੇਲਵੇ ਸਟੇਸ਼ਨ ਤੇ ਮੇਰੇ ਵਾਲਿਦ ਉਸ ਡੱਬੇ ਤੇ ਗਏ ਜਿਸ ਵਿੱਚ ਉਹ ਅਰਦਲੀ ਜਾ ਰਿਹਾ ਸੀ. ਉਹ ਉਥੇ ਮੌਜੂਦ ਸੀ. ਪਰ ਜਦ ਗੱਡੀ ਲਾਹੌਰ ਤੋਂ ਬਾਹਰ ਨਿਕਲੀ, ਤਦ ਉਨ੍ਹਾਂ ਨੇ ਗੌਰ ਕੀਤਾ ਕਿ ਕੁੱਝ ਗੁੰਡੇ ਕਿਸਮ ਦੇ ਲੋਕ, ਛਾਲ ਮਾਰ ਕੇ ਚਲਦੀ ਗੱਡੀ ਵਿੱਚ ਚੜ੍ਹ ਰਹੇ ਸੀ. ਗੁਜਰਾਂਵਾਲਾ ਸਟੇਸ਼ਨ ਤੇ, ਮੇਰੇ ਵਾਲਿਦ ਉਸ ਡੱਬੇ ਤੇ ਦੁਬਾਰਾ ਵੇਖਣ ਗਏ ਕਿ ਉਹ ਸਹੀ ਸਲਾਮਤ ਸੀ ਜਾਂ ਨਹੀਂ. ਉਹ ਡੱਬੇ ਵਿੱਚ ਮੌਜੂਦ ਨਹੀਂ ਸੀ. ਉਸ ਡੱਬੇ ਦੇ ਕੁੱਝ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਗੁੰਡੇਆ ਨੇ ਉਸ ਦੇ ਉਪਰ ਹਮਲਾ ਕਰ ਦਿੱਤਾ ਸੀ ਅਤੇ ਜਦ ਗੱਡੀ ਦਰਿਆ ਰਾਵੀ ਪਾਰ ਕਰ ਰਹੀ ਸੀ, ਉਸ ਨੇ ਬਾਰੀ ਤੋਂ ਛਾਲ ਮਾਰ ਦਿੱਤੀ. ਉਸ ਦਾ ਤਦ ਕੀ ਬਣਿਆ, ਉਸ ਨੂੰ ਤੈਰਨਾ ਆਉਂਦਾ ਸੀ ਜਾਂ ਨਹੀਂ, ਉਹ ਬਚ ਗਿਆ ਜਾਂ ਹਲਾਕ ਕਰ ਦਿੱਤਾ ਗਿਆ, ਕੋਈ ਕੁੱਝ ਦੱਸ ਨਹੀਂ

ਸਕਿਆ. ਜਦ ਅਸੀਂ ਜਿਹਲਮ ਪਹੁੰਚੇ, ਇਹ ਈਦ ਦਾ ਜਾਂ ਇੱਕ ਦਿਨ ਪਹਿਲਾਂ ਸੀ. ਜਿਹਲਮ ਤੇ, ਤਦ ਵੀ ਹਿੰਦੂ ਅਤੇ ਸਿੱਖ ਮੌਜੂਦ ਸਨ. ਮੈਨੂੰ ਯਾਦ ਹੈ ਕਿ ਸਿੱਖ ਆਪਣੀ ਮਿਠਾਈ ਦੀ ਦੁਕਾਨ ਤੇ ਬੈਠੇ ਹੋਏ ਸੀ ਅਤੇ ਪਕਵਾਨ ਵੇਚ ਰਹੇ ਸੀ.

'ਮੈਨੂੰ ਹੁਣ ਵੀ ਯਾਦ ਹੈ ਕਿ ਦਿੱਲੀ ਦੇ ਸਥਾਨਕ ਮੁਸਲਿਮ, ਤਦ ਵੀ ਪਾਕਿਸਤਾਨ ਜਾਣ ਦੀ ਤਿਆਰੀ ਨਹੀਂ ਕਰ ਰਹੇ ਸੀ. ਅਤਾਉਰ ਰਹਮਾਨ ਗਲੀ ਤੇ ਸਾਡਾ ਇੱਕ ਗੁਆਂਢੀ, ਸੁਲਤਾਨ ਅਹਿਮਦ ਜਾਪਾਨਵਾਲਾ ਸੀ. ਉਹ ਇੱਕ ਬੇਹਦ ਰਈਸ ਵਪਾਰੀ ਸੀ ਅਤੇ ਦਿੱਲੀ ਦਾ ਰਹਿਣਵਾਲਾ ਸੀ. ਜਾਪਾਨਵਾਲੇਆਂ ਦੇ ਤਿੰਨ ਮੁੰਡੇ ਅਤੇ ਇੱਕ ਕੁੜੀ ਸੀ, ਜਿਨ੍ਹਾਂ ਦੀ ਉਮਰ ਤਕਰੀਬਨ ਸਾਡੇ ਵਰਗੇ ਦੂਜੇ ਬੱਚੇਆ ਜਿਣੀ ਸੀ, ਅਤੇ ਉਹ ਸਾਡੇ ਬੇਹਦ ਕਰੀਬੀ ਦੋਸਤ ਸਨ. ਉਨ੍ਹਾਂ ਦਾ ਇੱਕ ਮੁੰਡਾ ਬਾਅਦ ਤੇ ਪਾਕਿਸਤਾਨ ਦੇ ਸਿੰਧ ਸੂਬੇ ਦਾ ਫ਼ਾਇਨੇਂਸ ਵਜ਼ੀਰ ਬਣਿਆ. ਪਰ ਅਗਸਤ 1947 ਤੇ ਲਗਦਾ ਸੀ ਕਿ ਜਾਪਾਨਵਾਲੇਆਂ ਦਾ ਪਾਕਿਸਤਾਨ ਜਾਣ ਦਾ ਕੋਈ ਇਰਾਦਾ ਨਹੀਂ ਸੀ. ਸਾਡੇ ਪਾਕਿਸਤਾਨ ਜਾਣ ਤੋਂ ਪਹਿਲਾਂ, ਉਨ੍ਹਾਂ ਨੇ ਉਣ ਲੋਕਾਂ ਨੂੰ ਇੱਕ ਪਾਰਟੀ ਦਿੱਤੀ, ਜੋ ਪਾਕਿਸਤਾਨ ਜਾ ਰਹੇ ਸੀ. ਉਨ੍ਹਾਂ ਨੇ ਬੱਚੇਆ ਨੂੰ ਮਿਠਾਇਆਂ ਦਿੱਤੀਆਂ ਜਿਸ ਦੇ ਵਿੱਚ ਤੇ, ਸੋਹਣੇ ਛੋਟੇ ਨਿਸ਼ਾਨ ਤੇ "ਖ਼ੁਦਾ ਹਾਫ਼ਿਜ਼ " ਲਿਖਿਆ ਹੋਇਆ ਸੀ.

'ਇਹ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਮੁਸਲਿਮ ਲੀਗ ਨੂੰ ਸਭ ਤੋਂ ਜ਼ਿਆਦਾ ਸ਼ਮਰਥਨ ਹਿੰਦੂ ਮਜਾਰਿਟੀ ਵਾਲੇ ਸੂਬਿਆਂ ਤੋਂ ਮਿਲਿਆ. ਮੁਸਲਿਮ ਮਜਾਰਿਟੀ ਵਾਲੇ ਸੂਬਿਆਂ ਤੇ ਮੁਸਲਿਮ ਲੀਗ ਨੂੰ ਬਹੁਤ ਬਾਅਦ ਤੇ ਸਮਰਥਨ ਮਿਲਿਆ ਸੀ. ਜਿਨਾਹ ਨੇ ਕਦੀ ਪਾਕਿਸਤਾਨ ਦੀ ਯੋਜਨਾ ਦੇ ਤਹਿਤ, ਵਿਚਾਰਧਾਰਾ ਦੀ ਬੁਨਿਯਾਦ ਜਾਂ ਭੂਗੌਲਿਕ ਸਰਹੱਦਾਂ ਬਾਰੇ, ਕੁੱਝ ਨਹੀਂ ਦੱਸਿਆ. ਹਾਲ ਤੇ, ਮੈਂ ਇੱਕ ਕਿਤਾਬ ਤੇ ਪੜ੍ਹਿਆ ਕਿ 1942 ਤੇ, ਮੁਸਲਿਮ ਲੀਗ ਨੇ ਪਾਕਿਸਤਾਨ ਦੇ ਖ਼ਿਆਲ ਬਾਰੇ ਗੱਲ ਕੀਤੀ ਸੀ ਜਿਸ ਵਿੱਚ ਨਾ ਸਿਰਫ਼ ਮੁਸਲਿਮ ਮਜਾਰਿਟੀ ਵਾਲੇ ਇਲਾਕੇ ਹੁੰਦੇ ਬਲਕਿ ਦਿੱਲੀ ਵੀ ਹੁੰਦੀ, ਜਿਸ ਵਿੱਚ ਮੁਸਲਿਮ ਮਜਾਰਿਟੀ ਤੇ ਸੀ. ਇਸ ਮੰਸੂਬੇ ਦੀ ਬੁਨਿਯਾਦ ਕੀ ਸੀ, ਇਹ ਹੁਣ ਵੀ ਇੱਕ ਰਾਜ਼ ਹੈ.

'1964 ਤੇ ਮੈਂ ਦਿੱਲੀ ਦਾ ਦੌਰਾ ਕੀਤਾ ਅਤੇ ਆਪਣੇ ਵਾਲਿਦ ਦੇ ਦੋਸਤਾਂ ਅਤੇ ਸਹਿਯੋਗਿਆਂ ਨੂੰ ਮਿਲਣ ਲਈ ਗਿਆ. ਇਹ ਐਦਾਂ ਹੋਇਆ ਕਿ ਇੱਕ ਮੌਕੇ ਤੇ, ਮੈਂ ਉਨ੍ਹਾਂ ਦੇ ਇੱਕ ਮਹਿਮਾਨ ਨੂੰ ਮਿਲਿਆ ਜੋ ਬੰਬਈ ਤੋਂ ਆਏ ਹੋਏ ਸੀ, ਅਤੇ ਜੋ ਅਸਲ ਤੇ ਲਾਹੌਰ ਤੋਂ ਸਨ. ਜਦ ਉਨ੍ਹਾਂ ਨੂੰ ਪਤਾ ਲਗਾ ਕਿ ਮੇਰਾ ਕੁਲਨਾਮ ਚੀਮਾ ਸੀ ਅਤੇ ਮੇਰੇ ਵਾਲਿਦ ਇੱਕ ਸਿਵਲ ਜੱਜ ਸਨ, ਉਨ੍ਹਾਂ ਨੇ ਪੁੱਛਿਆ ਕਿ ਸਾਡਾ ਲਾਹੌਰ ਦੇ ਮਜਿਸਟਰੇਟ ਐਮ.ਜੀ.ਚੀਮਾ ਨਾਲ ਕੋਈ ਰਿਸ਼ਤਾ ਸੀ ਜਾਂ ਨਹੀਂ. ਮੈਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਐਮ.ਜੀ.ਚੀਮਾ ਸਾਡਾ ਕੋਈ ਰਿਸ਼ਤੇਦਾਰ ਨਹੀਂ ਸੀ. ਮੈਂ ਲਾਹੌਰ ਦੇ ਹਿੰਦੂ ਇਲਾਕਿਆਂ ਤੇ ਲਗਾਈ ਗਈ ਅੱਗਾਂ ਬਾਰੇ, ਉਨ੍ਹਾਂ ਦੀ ਰਹਨੁਮਾਈ ਕਰਣ ਦੀ ਮਸ਼ਹੂਰੀ ਸੁਣੀ ਸੀ. ਕਈ ਸਾਲਾਂ ਬਾਅਦ, ਮੈਨੂੰ ਐਮ.ਜੀ.ਚੀਮਾ ਨਾਲ ਲਾਹੌਰ ਤੇ ਮਿਲਣ ਦਾ ਮੌਕਾ ਮਿਲਿਆ. ਮੈਂ 1947 ਦੀ ਅੱਗਾਂ ਦਾ ਮੁੱਦਾ ਉਨ੍ਹਾਂ ਦੇ ਸਾਹਮਣੇ ਨਹੀਂ ਛੇੜਿਆ, ਕਿਉਂਕਿ ਉਹ ਇੱਕ ਬਜ਼ੁਰਗ ਇਨਸਾਨ ਸਨ, ਅਤੇ ਬੁਰਾ ਮੱਨਦੇ ਅਗਰ ਮੈਂ ਉਨ੍ਹਾਂ ਦੇ ਗੁਜ਼ਰੇ ਹੋਏ ਦਿਨਾਂ ਬਾਰੇ ਪੁੱਛਦਾ, ਜਿਸ ਬਾਰੇ ਉਹ ਸਭ ਨੂੰ ਨਹੀਂ ਦੱਸਣਾ ਚਾਹੁੰਦੇ ਹੋਣਗੇ.'

ਹਵਾਲਾ

ਕੁਰੇਸ਼ੀ, ਇਸ਼ਤਿਆਕ਼ ਹੁਸੂਨ, 'ਹਿੰਦੂ ਮੁਸਲਿਮ ਸੋਸ਼ਲ ਰਿਲੇਸ਼ਨਸ 1035-47', ਵਿੱਚ ਮੁਸ਼ਰੁਲ ਹਸਨ, 'ਇੰਡੀਆ ਪਾਰਟੀਸ਼ਨਡ: ਦੀ ਅਦਰ ਫੇਸ ਔਫ ਫ੍ਰੀਡਮ, ਵੋਲ.ੀ, ਨਵੀਂ ਦਿੱਲੀ: ਰੁਪਾ (1995).

ਮਲਿਕ, ਖ਼ੁਦਾ ਬਕਸ਼ (ਖ਼ਾਨ ਬਹਾਦਰ), 'ਏ ਬਰੀਫ ਰਿਪੋਰਟ ਮੇਡ ਬਾਈ ਕੇ.ਬੀ.ਮਲਿਕ ਖ਼ੁਦਾ ਬਕਸ਼ ਰਿਗਾਰਡਿੰਗ ਦੀ ਡਿਸਟ੍ਰੀਕਟਸ ਔਫ ਅੰਬਾਲਾ, ਕਰਨਾਲ, ਰੋਹਤਕ, ਹਿਸਾਰ, ਸਿਮਲਾ, ਲੁਧਿਆਣਾ ਐਂਡ ਜਲੰਧਰ', ਵਿੱਚ ਦੀ ਜਰਨੀ ਟੂ ਪਾਕਿਸਤਾਨ: ਏ ਡੌਕਯੂਮੇਂਟੇਸ਼ਨ ਐਨ ਰਿਫਯੂਜੀਸ ਔਫ 1947, ਇਸਲਾਮਾਬਾਦ: ਨੈਸ਼ਨਲ ਡੌਕਯੂਮੇਂਟੇਸ਼ਨ ਸੈਂਟਰ, (1993).

ਇੰਟਰਵਿਊ

ਮੋਹੱਮਦ ਫ਼ਰੀਦ ਮਿਰਜ਼ਾ, ਲਾਹੌਰ, 7 ਅਪ੍ਰੈਲ 2003
ਪੁਸ਼ਪਾ ਗੋਇਲ, ਦਿੱਲੀ, 29 ਮਾਰਚ 2004
ਸਈਦ ਕਮੁੱਰੁਜ਼ਮਨ ਸ਼ਾਹ, ਲਾਹੌਰ, 28 ਦਸੰਬਰ 2004
ਚੌਧਰੀ ਅਬਦੁਲ ਵਾਹਿਦ, ਮੁਲਤਾਨ, 20 ਦਸੰਬਰ 2004
ਚੌਧਰੀ ਅਬਦੁਲ ਸਈਦ, ਬਹਾਵਲਪੁਰ, 21 ਦਸੰਬਰ 2004
ਆਈ.ਏ.ਰਹਿਮਾਨ, 14 ਜਨਵਰੀ 2005
ਪੰਡਿਤਜੀ, ਕਰਨਾਲ, 28 ਨਵੰਬਰ 2005
ਅਮਰ ਸਿੰਘ, ਡੰਗੋਲੀ, 29 ਨਵੰਬਰ 2005
ਛਿਤਰੂ, ਡੰਗੋਲੀ, 29 ਨਵੰਬਰ 2005
ਨਸੀਬ ਕੌਰ, ਪਿੰਡ ਫੁਲ ਖੁਰਦ, ਜ਼ਿਲ੍ਹਾ ਰੁਪਨਗਰ, ਨਵੰਬਰ 2005
ਬ੍ਰਿਗੇਡਿਅਰ ਸਰਜੀਤ ਸਿੰਘ ਚੌਧਰੀ, ਦਿੱਲੀ, 3 ਦਸੰਬਰ 2005
ਰਿਆਜ਼ ਅਹਿਮਦ ਚੀਮਾ, ਸਟੋਕਹੋਮ, 16 ਮਈ 2006
ਨਸੀਮ ਹਸਨ, ਹੋਕੇਸੀਨ ਡੇਲਾਵੇਇਰ, ਯੂ.ਐਸ.ਏ (ਈ-ਮੇਲ ਦੁਆਰਾ), 1 ਜਨਵਰੀ 2007

20

ਪੂਰਬੀ ਪੰਜਾਬ ਦੀ ਸ਼ਾਹੀ ਰਿਆਸਤਾਂ

ਪੰਜਾਬ ਦੇ ਭਵਿੱਖ ਨੂੰ ਲੈ ਕੇ ਜੋ ਵਿਵਾਦ ਸੀ, ਉਹ ਅਸਲ ਤੇ ਬ੍ਰਿਟਿਸ਼ ਪ੍ਰਸ਼ਾਸਨ ਦੇ ਪੰਜਾਬ, ਜਿਸ ਨੂੰ ਬ੍ਰਿਟਿਸ਼ ਇਲਾਕੇ ਵੀ ਕਿਹਾ ਜਾਂਦਾ ਸੀ, ਨੂੰ ਲੈ ਕੇ ਸੀ. ਸ਼ਾਹੀ ਰਿਆਸਤਾਂ ਦਾ ਮੁਸਤਕਬਿਲ ਇੱਕ ਮੁਖ਼ਤਲਿਫ਼ ਮੁੱਦਾ ਸੀ ਕਿਉਂਕਿ ਦਸਤੂਰ ਦੇ ਮੁਤਾਬਕ, ਇੱਕ ਸੁਲਹਨਾਮੇ ਦੇ ਤਹਿਤ, ਉਨ੍ਹਾਂ ਨੇ ਬ੍ਰਿਟਿਸ਼ ਹਕੂਮਤ ਦੀ ਸਰਵਉੱਚਤਾ, ਮੱਨ ਲੀਤੀ ਸੀ. ਬ੍ਰਿਟਿਸ਼ ਹਕੂਮਤ ਦੇ ਖ਼ਾਤਮੇ ਦੇ ਬਾਅਦ, ਉਨ੍ਹਾਂ ਨੂੰ ਆਜ਼ਾਦੀ ਹਾਸਲ ਸੀ ਕਿ ਉਹ ਇੰਡੀਆ ਜਾਂ ਪਾਕਿਸਤਾਨ ਨਾਲ ਆਪਣੇ ਰਿਸ਼ਤੇ, ਬਾਕਾਇਦਾ ਨਵੇਂ ਸਿਰੇ ਤੋਂ ਤਿਆਰ ਕਰਣ. ਪਰ, ਇਲਜ਼ਾਮ ਤੇ ਇਹ ਲਗਾਇਆ ਗਿਆ ਸੀ ਕਿ ਅੱਮ੍ਰਿਤਸਰ ਤੇ ਮਾਰਚ 1947 ਤੇ ਫ਼ਸਾਦਾਂ ਵਿੱਚ ਹੀ, ਸਿੱਖ ਸ਼ਾਹੀ ਰਿਆਸਤਾਂ ਦੇ ਸਿਪਾਹੀਆਂ ਨੇ ਭੇਸ਼ ਬਦਲ ਕੇ ਹਿੱਸਾ ਲੀਤਾ ਸੀ. ਬਾਅਦ ਤੇ, ਫ਼ਰੀਦਕੋਟ ਅਤੇ ਨਾਭਾ ਰਿਆਸਤ ਦੇ ਸਿਪਾਹੀਆਂ ਨੇ ਲਾਹੌਰ ਤੋਂ ਬਾਹਰ, ਰਾਜਗੜ ਦੇ ਮੁਸਲਿਮ ਇਲਾਕੇ ਉਪਰ ਹਮਲਾ ਕੀਤਾ. ਇਸ ਦੇ ਇਲਾਵਾ, ਉਸੇ ਮਹੀਨੇ ਤੇ ਮਾਉਂਟਬੈਟਨ ਨੇ ਮਹਾਰਾਜਾ ਪਟਿਆਲਾ ਅਤੇ ਜਿਨਾਹ ਦੇ ਦਰਮਿਆਨ ਗੱਲ-ਬਾਤ ਕਰਾਉਣ ਤੇ ਪਹਿਲ ਕੀਤੀ, ਤਾਂਕਿ ਮੁਸਲਿਮ ਲੀਗ ਅਤੇ ਸਿੱਖਾਂ ਵਿੱਚ ਕੋਈ ਸਮਝੌਤਾ ਹੋ ਜਾਵੇ, ਅਤੇ ਪੰਜਾਬ ਤੇ ਇਤਹਾਦ ਕਾਇਮ ਰੱਖਿਆ ਜਾ ਸਕੇ. ਇਸ ਦੀ ਨਾਕਾਮੀ ਮਸ਼ਹੂਰ ਹੈ. ਸ਼ਾਇਦ ਇੱਕ ਸਚਾਈ ਹੋਰ ਅਹਿਮ ਸੀ ਕਿ ਸਿੱਖ ਪਨਾਹਗੀਰ, ਦਸੰਬਰ 1946 ਤੇ ਹਜ਼ਾਰਾ ਤੋਂ, ਮਾਰਚ 1947 ਤੇ ਰਾਵਲਪਿੰਡੀ, ਅਟੱਕ ਅਤੇ ਜਿਹਲਮ ਜ਼ਿਲ੍ਹਾਂ ਤੋਂ, ਮੁਸਲਿਮਾਂ ਗਿਰੋਹਾਂ ਦੇ ਕੀਤੇ ਜਾ ਰਹੇ ਕਤਲੇਆਮ ਅਤੇ ਲੁੱਟਪਾਟ ਤੋਂ ਬਚਣ ਲਈ, ਸ਼ਾਹੀ ਰਿਆਸਤਾਂ ਦੇ ਮਹਿਫ਼ੂਜ ਇਲਾਕਿਆਂ ਤੇ ਆ ਗਏ. ਉਨ੍ਹਾਂ ਨੇ ਮੁਸਲਿਮਾਂ ਦੁਆਰਾ ਕੀਤੀ ਗਈ ਕਰੂਰਤਾ ਬਾਰੇ, ਆਪਣੇ ਗ਼ਮ ਸੰਗਤਾਂ ਨੂੰ ਦੱਸੇ. ਅਤੇ, ਦਸੰਬਰ 1946 ਤੋਂ, ਸਿੱਖ ਸ਼ਾਹੀ ਰਿਆਸਤਾਂ ਬ੍ਰਿਟਿਸ਼ ਇਲਾਕਿਆਂ ਤੇ ਹੋਣ ਵਾਲੀ ਘਟਨਾਵਾਂ ਨਾਲ ਪਹਿਲਾਂ ਤੋਂ ਹੀ ਜੁੜੀ ਹੋਇਆਂ ਸੀ.

ਪਰ ਸ਼ਾਹੀ ਰਿਆਸਤਾਂ ਪੰਜਾਬ ਦੇ ਭਵਿੱਖ ਨਾਲ, ਪਿਛਲੇ ਕੁੱਝ ਮਹੀਨੇ ਦੇ ਇਣ ਦੰਗਿਆਂ ਤੋਂ ਪਹਿਲਾਂ ਤੋਂ ਸ਼ਾਮਲ ਸਨ. 1930 ਦੇ ਦਹਾਕੇ ਤੋਂ ਅਕਾਲੀ, ਸ਼ਾਹੀ ਰਿਆਸਤਾਂ ਤੇ, ਕੱਟੜ ਸਿੱਖੀ ਪਾਲਨ ਕਰਣ ਲਈ, ਮੁਹਿੰਮ ਚਲਾ ਰਹੇ ਸੀ ਅਤੇ ਹੌਲੀ ਹੌਲੀ ਆਪਣੀ ਜਗ੍ਹ ਵੀ ਬਣਾ ਰਹੇ ਸੀ. ਘੱਟ ਤੋਂ ਘੱਟ, 1945 ਦੇ ਬਾਅਦ, ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦਾ ਗੁਟ ਅਤੇ ਪਟਿਆਲਾ ਦੇ ਮਹਾਰਾਜਾ ਯਦਵਿੰਦਰ ਸਿੰਘ ਲਗਾਤਾਰ ਸੰਪਰਕ ਵਿੱਚ ਸਨ ਤਾਂਕਿ ਉਹ ਇੰਡੀਆ ਦੀ ਤਕਸੀਮ ਹੋ ਕੇ ਇੱਕ ਨਵੇਂ ਮੁਸਲਿਮ ਮੁਲਕ ਦੀ ਚੁਨੌਤੀ ਦਾ ਸਾਹਮਣਾ ਕਰਣ ਲਈ, ਕੋਈ ਰਣਨੀਤੀ ਤਿਆਰ ਕਰ ਸਕਣ. ਇਅਨ ਕੁਪਲੈਂਡ ਨੇ ਗੌਰ ਕੀਤਾ ਹੈ ਕਿ ਚੂੰਕਿ ਸ਼ਾਹੀ ਰਿਆਸਤਾਂ ਤੇ ਅਕਾਲੀ ਪ੍ਰਭਾਵ ਵੱਧ ਰਿਹਾ ਸੀ, ਸ਼ਾਹੀ ਪਰਵਾਰ ਦੇ ਲੋਕ ਅਤੇ ਦੂਜੇ ਖ਼ਾਨਦਾਨੀ ਲੋਕ, ਇੱਕ ਕੱਟੜ ਖਾਲਸਾ ਪਛਾਣ ਦਾ ਪਾਲਣ ਕਰ ਰਹੇ ਸੀ. ਅਤੇ ਤਹਿਜ਼ੀਬੀ ਹੋਰ ਨਿਸ਼ਾਨਿਆ ਤੌਰ ਤੇ, ਸ਼ਾਹੀ ਮਿਸਾਲ ਦੁਆਰਾ ਇੱਕ ਮਜ਼ੂਬੀ ਬਹਾਲੀ ਹੋ ਰਹੀ ਸੀ. 1947 ਦੇ ਸ਼ੁਰੂ ਤੇ, ਇਸ ਤਰ੍ਹਾਂ ਦੀ ਤਬਦੀਲੀਆਂ ਦਾ ਅਹਿਮ ਫ਼ਿਰਕੂ ਮਤਲਬ ਸੀ. ਮਿਸਾਲ ਦੇ ਤੌਰ ਤੇ, ਉੱਚੇ ਅਹੁਦੇ ਵਾਲੇ ਵਫ਼ਾਦਾਰ ਮੁਸਲਿਮਾਂ ਅਤੇ ਹਿੰਦੂਆਂ ਨੂੰ ਸਿੱਖਾਂ ਦੁਆਰਾ ਬਦਲ

ਦਿੱਤਾ ਗਿਆ-ਪਟਿਆਲਾ ਦੇ ਲਿਆਕਤ ਹਯਾਤ ਖ਼ਾਨ (ਸਰ ਸਿਕੰਦਰ ਹਯਾਤ ਦੇ ਭਰਾ) ਅਤੇ ਡੀ.ਕੇ.ਸੇਨ, ਕਪੂਰਥਲਾ ਦੇ ਅਬਦੁਲ ਹਮੀਦ ਅਤੇ ਜਿੰਦ ਦੇ ਮੋਹੱਮਦ ਸਾਦਿਕ, ਕੁਰਬਾਨੀ ਦੇ ਕੁੱਝ ਬੱਕਰੇ ਸਨ (Coupland, 2002: 675–77). ਲਿਆਕਤ ਹਯਾਤ ਖ਼ਾਨ, ਅਬਦੁਲ ਹਮੀਦ ਅਤੇ ਮੋਹੱਮਦ ਸਾਦਿਕ ਤਦ ਤਕ ਵਜ਼ੀਰੇ-ਆਲ੍ਹਾ ਜਾਂ ਦੀਵਾਨ ਦੇ ਤੌਰ ਤੇ ਮੁਲਾਜ਼ਮਤ ਕਰ ਰਹੇ ਸੀ ਅਤੇ ਇਸ ਕਰ ਕੇ ਰਵਾਇਤ ਦੇ ਮੁਤਾਬਕ ਅਨੇਕਤਾ ਵਾਲੀ ਵਜ਼ੀਰਾਂ ਦੀ ਸਭਾ ਅਤੇ ਪ੍ਰਸ਼ਾਸਕਾਂ ਦੀ ਉਹ ਨੁਮਾਇੰਦਗੀ ਕਰ ਰਹੇ ਸੀ. ਰੌਬਿਨ ਜੇਫਰੀ, ਪੂਰਵਲੇ ਆਈ.ਐਨ.ਏ. ਦੇ ਲੇ.ਕਰਨਲ ਨਿਰੰਜਨ ਸਿੰਘ ਗਿੱਲ ਦੀ ਤਰਫ਼ ਇਸ਼ਾਰਾ ਕਰਦੇ ਨੇ ਕਿ, ਉਨ੍ਹਾਂ ਨੇ ਜੱਥੇਆਂ ਦੀ ਤੰਜ਼ੀਮ ਕੀਤੀ ਅਤੇ ਟ੍ਰੇਨਿੰਗ ਦਿੱਤੀ (1974: 50–7). ਇਹ ਇੱਕ ਅਫ਼ਸੋਸ ਦੀ ਗੱਲ ਹੈ ਕਿ ਆਈ.ਐਨ.ਏ. ਦੀ ਮਸਹੂਰੀ ਇੱਕ ਰਾਸ਼ਟਰਵਾਦੀ ਅਤੇ ਦੇਸ਼-ਭਗਤੀਪੂਰਨ ਫ਼ੌਜ਼ ਦੇ ਲਈ ਸੀ (ਜੋ ਦੂਜੇ ਆਲਮੀ ਜੰਗ ਦੇ ਦੌਰਾਨ ਜਾਪਾਨੀਆਂ ਦੁਆਰਾ ਫੜੇ ਗਏ ਇੰਡੀਆ ਦੇ ਸਿਪਾਹੀਆਂ ਨਾਲ ਬਣੀ ਸੀ) ਅਤੇ ਜਿਸ ਨੂੰ ਸੁਭਾਸ ਚੰਦਰ ਬੋਸ ਨੇ ਇੱਕ ਬਰਾਦਰ ਫੌਜ ਵਿੱਚ ਤਬਦੀਲ ਕੀਤਾ ਸੀ, ਜੋ ਮਜ਼ਬੀ ਅਤੇ ਜਾਤੀ ਦੇ ਫ਼ਰਕ ਤੋਂ ਪਰੇ ਸੀ, ਅਤੇ ਇਥੇ ਸਿਪਾਹੀ ਮੁਖ਼ਤਲਿਫ਼ ਮਜ਼ਹਬ ਦੇ ਹੋਣ ਦੇ ਬਾਵਜੂਦ, ਇੱਕ ਸਾਥ ਖਾਂਦੇ-ਪੀਂਦੇ ਸੀ; ਮਗਰ ਤਕਸੀਮ ਦੇ ਦੌਰਾਨ, ਇਸ ਫ਼ੌਜ਼ ਦੇ ਕਾਡਰਾਂ ਨੇ ਕਤਲੇਆਮਾਂ ਵਿੱਚ ਇੱਕ ਅਹਿਮ ਕਿਰਦਾਰ ਨਿਭਾਇਆ. ਲਗਦਾ ਹੈ ਇਸ ਫ਼ੌਜ਼ ਦੇ ਲੋਕਾਂ ਦੇ ਦਿਲਾਂ ਵਿੱਚ, ਸਮਾਨਤਾਵਾਦੀ ਦੀ ਸੋਚ ਜ਼ਿਆਦਾ ਡੂੰਘੀ ਤਰ੍ਹਾਂ ਨਹੀਂ ਵਸੀ ਸੀ. ਮੈਨੂੰ ਯਾਦ ਹੈ ਕਿ ਰਾਵਲਪਿੰਡੀ ਤੇ ਕੁੱਝ ਬਜ਼ੁਰਗ ਲੋਕਾਂ ਤੋਂ ਮੈਂ ਸੁਣਿਆ ਕਿ ਆਈ.ਐਨ.ਏ. ਦੇ ਪੁਰਵਲੇ ਮੁਸਲਿਮ ਸਿਪਾਹੀਆਂ ਨੇ ਸਿੱਖਾਂ ਉਪਰ ਵਹਿਸ਼ੀ ਹਮਲੇਆਂ ਤੇ ਹਿੱਸਾ ਲੀਤਾ ਸੀ.

ਮਗਰ ਕੁਪਲੈਂਡ ਜੱਥੇਆਂ ਦੇ ਸ਼ੁਰੂਆਤੀ ਦੌਰ ਤੇ ਤਿਆਰ ਕਰਣ ਬਾਰੇ ਇਨ੍ਹਾਂ ਦਾ ਤਾਲੁੱਕ ਦੱਸਦੇ ਨੇ:

> ਗਿਆਨੀ ਹਰਬੰਸ ਸਿੰਘ, ਇੱਕ ਭੱਜੇ ਹੋਏ ਮੁਜਰਿਮ, ਜੋ ਅੱਮ੍ਰਿਤਸਰ ਦੀ ਕਾਉਂਸਿਲ ਔਫ ਐਕਸ਼ਨ ਦੇ ਤਹਿਤ ਕੱਮ ਕਰ ਰਹੇ ਸੀ ਅਤੇ ਉਸ ਕਾਉਂਸਿਲ ਦੇ ਸਦੱਸ ਸਨ: ਆਈ.ਐਨ.ਏ ਦੇ ਪੂਰਵਲੇ ਫ਼ੌਜ਼ੀ ਅਫ਼ਸਰ ਨਰਿੰਜਨ ਸਿੰਘ, ਸਰਦਾਰ ਬਲਦੇਵ ਸਿੰਘ, ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ ਅਤੇ ਪਟਿਆਲਾ ਦੇ ਪੂਰਵਲੇ ਵਜ਼ੀਰ ਰਘਬੀਰ ਸਿੰਘ. ਕਮੇਟੀ ਨੇ ਜੱਥੇਆ ਦੇ ਲਈ ਹਥਿਆਰ ਅਤੇ ਸਾਮਾਨ ਖ਼ਰੀਦਣ ਲਈ, ਪੈਸੇ ਇਕੱਠਾ ਕਰਣ ਦਾ ਵੀ ਜ਼ਿੱਮਾ ਲੀਤਾ, ਅਤੇ ਅਖੀਰਕਾਰ ਜੰਗ ਲਈ 10-12 ਲੱਖ ਰੁਪਏ ਜੋੜ ਲੀਤੇ.

ਇਣ ਤਿਆਰਿਆਂ ਨੂੰ ਸਿਆਸੀ ਵਧਾਵਾ ਵੀ ਮਿਲਿਆ. ਹਿੰਦੂ ਮਹਾਸਬਾ ਅਤੇ ਆਰ.ਐਸ.ਐਸ. ਤਕ ਪਹੁੰਚ ਬਣਾਈ ਗਈ ਤਾਂਕਿ ਪੰਜਾਬ ਉਪਰ ਮੁਸਲਿਮ ਪ੍ਰਧਾਨਗੀ ਨਾ ਹੋਵੇ. ਮਹਾਰਾਜਾ ਪਟਿਆਲਾ ਨਾਲ ਪਹਿਲਾਂ ਤੋਂ ਹੀ ਤਾਲੁੱਕਾਤ ਕਾਇਮ ਸੀ. ਮਾਸਟਰ ਤਾਰਾ ਸਿੰਘ ਨੇ ਫ਼ਰੀਦਕੋਟ ਦੇ ਹੁਕਮਰਾਨ ਨੂੰ ਸੱਦਾ ਦਿੱਤਾ ਕਿ ਉਹ ਉਨ੍ਹਾਂ ਦੇ ਪੰਜਾਬ ਵਾਲੇ ਹਿੱਸੇ ਤੇ ਫ਼ੌਜ਼ੀ ਕਾਰਵਾਈ ਕਰਣ. ਇੱਕ ਵਿਵਰਣ ਦੇ ਮੁਤਾਬਕ, ਉਨ੍ਹਾਂ ਨੂੰ ਪੈਸੇ ਦੇ ਬਦਲੇ, ਫ਼ਿਰੋਜ਼ਪੁਰ ਜ਼ਿਲ੍ਹੇ ਦੀ ਪੇਸ਼ਕਸ਼ ਕੀਤੀ ਗਈ. ਪਟਿਆਲਾ, ਨਾਭਾ, ਕਪੂਰਥਲਾ ਅਤੇ ਕਲਸਿਆ ਦੇ ਹੁਕਮਰਾਨਾਂ ਨੇ ਸਿੱਖਾਂ ਨੂੰ ਮੁਖ਼ਤਲਿਫ਼ ਤਰੀਕੇਆਂ ਨਾਲ ਮੁਸਲਿਮਾਂ ਦਾ ਮੁਕਾਬਲਾ ਕਰਣ ਲਈ ਤਿਆਰ ਕੀਤਾ, ਅਗਰ ਪੰਜਾਬ ਦੀ ਤਕਸੀਮ ਦੀ ਕਿਸਮ, ਉਨ੍ਹਾਂ ਨੂੰ ਨਾਮੰਜ਼ੂਰ ਹੁੰਦੀ. ਅਤੇ ਜੋ ਜੱਥੇ ਤਿਆਰ ਕੀਤੇ ਗਏ, ਉਹ ਬੇਹਦ ਪ੍ਰੇਰਿਤ ਅਤੇ ਸਹੀ ਤਰੀਕੇ ਨਾਲ ਹਥਿਆਰਬੰਦ ਸਨ. ਕੁੱਝ ਦੇ ਕੋਲ ਭਾਰੀ ਮਸ਼ੀਨ ਗਨਾਂ ਵੀ ਸੀ, ਪਰ ਜ਼ਿਆਦਾ ਮਾਮਲੇ ਤੇ, ਹਲਕੀ ਆਟੋਮੈਟੀਕ ਗਨਾਂ ਜੈਦਾਂ ਕਿ ਬ੍ਰੇਨ-ਗਨਾਂ ਅਤੇ ਟੌਮੀ ਗਨਾਂ, ਗ੍ਰੇਨੇਡ, ਪੇਟ੍ਰੌਲ ਬੰਬ ਅਤੇ ਦੂਜੇ

ਹਥਿਆਰ ਜੈਦਾਂ ਕਿ ਰਾਈਫਲਾਂ, ਪਿਸਤੌਲਾਂ, ਰਿਵਾਲਵਰਾਂ ਅਤੇ ਇਸ ਦੇ ਇਲਾਵਾ ਕਿਰਪਾਨਾਂ ਅਤੇ ਬਰਛੇ ਵੀ ਉਨ੍ਹਾਂ ਦੇ ਕੋਲ ਸੀ. ਉਨ੍ਹਾਂ ਦੇ ਕੋਲ ਜੀਪਾਂ, ਟਰੱਕ ਅਤੇ ਕੁੱਝ ਮਾਕੂਲ ਮੋਟਰ ਨਾਲ ਚਲਣ ਵਾਲਿਆਂ ਗੱਡੀਆਂ ਦੀ ਇਕਾਇਆਂ ਸਨ. ਕੁਪਲੈਂਡ ਗੌਰ ਕਰਦੇ ਨੇ ਕਿ ਇਸ ਤਰ੍ਹਾਂ ਦੇ ਜੰਗੀ ਕਦਮ ਸਾਰੇ ਸਿੱਖ ਮੰਜ਼ੂਰ ਨਹੀਂ ਕਰਦੇ ਸੀ, ਜਿਸ ਵਿੱਚ ਮਾਸਟਰ ਤਾਰਾ ਸਿੰਘ ਦੇ ਅਕਾਲੀ ਵੀ ਸਾਮਲ ਸਨ (Ibid: 680–2).

ਸਿੱਖ ਪਾਕਿਸਤਾਨ ਨੂੰ ਦਿੱਤੇ ਗਏ ਸ਼ਹਿਰਾਂ ਉਪਰ ਵੀ ਹਮਲਾ ਕਰਣਾ ਚਾਹੁੰਦੇ ਸੀ, ਪਰ ਜਦ ਤਕ ਨਹਿਰੁ ਵਜ਼ੀਰੇ-ਆਜ਼ਮ ਸਨ, ਇਸ ਤਰ੍ਹਾਂ ਦੀ ਕਾਰਵਾਈ ਦੀ ਇੱਜ਼ਾਜ਼ਤ ਇੰਡੀਆ ਦੀ ਸਰਕਾਰ ਨਹੀਂ ਦੇ ਸਕਦੀ ਸੀ (Ibid: 683). ਇਸ ਕਰ ਕੇ ਉਨ੍ਹਾਂ ਨੇ ਆਪਣੀ ਹਰਕਤਾਂ ਸਤਲੁਜ ਦੇ ਉਸ ਪਾਰ ਤਕ, ਖ਼ਾਸ ਕਰ ਕੇ ਸ਼ਾਹੀ ਰਿਆਸਤਾਂ ਦੇ ਵਿੱਚ ਸੀਮਿਤ ਰੱਖੀਆਂ, ਤਾਂਕਿ ਉਣ ਇਲਾਕਿਆਂ ਤੋਂ ਸਾਰੇ ਮੁਸਲਿਮਾਂ ਨੂੰ ਉਹ ਖ਼ਤਮ ਕਰ ਸਕਣ. ਨਵੀਂ ਦਿੱਲੀ ਦੇ ਬ੍ਰਿਟਿਸ਼ ਹਾਈ ਕਮੀਸ਼ਨ ਦੀ ਇੱਕ ਰਿਪੋਰਟ ਦੇ ਮੁਤਾਬਕ, ਜੱਥੇਆ ਵਿੱਚ 800,000 ਤੋਂ ਲੈ ਕੇ 1 ਮਿਲਿਅਨ ਲੋਕਾਂ ਦੀ ਤੰਜ਼ੀਮ ਕੀਤੀ ਗਈ ਸੀ. ਦੂਜੀ ਰਿਪੋਰਟਾਂ ਕੱਟੜ ਕਾਤਲਾਂ ਦੀ ਤਦਾਦ 1,000 ਦੱਸਦੀ ਨੇ. ਕੁਪਲੈਂਡ ਦਾ ਅੰਦਾਜ਼ਾ ਹੈ ਕਿ ਜੱਥੈਆਂ ਦੇ ਲੋਕਾਂ ਦੀ ਤਦਾਦ 200,000 ਹੋਵੇਗੀ (Coupland, 2002: 687).

ਸ਼ਿਕਾਰ ਦੀ ਚੋਣ ਬੇਹਦ ਸਾਵਧਾਨੀ ਨਾਲ ਕੀਤੀ ਜਾਂਦੀ ਸੀ: ਮੁਸਲਿਮਾਂ ਦੀ ਜ਼ਿਆਦਾ ਆਬਾਦੀ ਵਾਲੇ ਇਲਾਕਿਆਂ ਤੇ ਹਮਲਾ ਨਹੀਂ ਕੀਤਾ ਜਾਂਦਾ ਸੀ. ਜਿਣ ਕਾਫ਼ਿਲੇਆਂ ਨਾਲ ਫ਼ੌਜ਼ੀ ਹਿਫ਼ਾਜ਼ਤ ਹੁੰਦੀ ਸੀ, ਉਨ੍ਹਾਂ ਦੇ ਉਪਰ ਵੀ ਹਮਲਾ ਨਹੀਂ ਕੀਤਾ ਜਾਂਦਾ ਸੀ. ਜਦ ਨਿਸ਼ਾਨੇ ਦੀ ਚੋਣ ਕਰ ਲੀਤੀ ਜਾਂਦੀ ਸੀ, ਤਦ ਹਮਲਾ ਇੱਕ ਫ਼ੌਜ਼ੀ ਸਲਾਹੀਅਤ ਨਾਲ ਕੀਤਾ ਜਾਂਦਾ ਸੀ, ਕਿਉਂਕਿ ਜ਼ਿਆਦਾਤਰ ਕਾਡਰ ਪੂਰਵਲੇ ਫ਼ੌਜ਼ੀ ਸਨ. ਰੇਲ-ਗੱਡੀਆ ਉਪਰ ਹਮਲੇ ਦੀ ਯੋਜਨਾ, ਰੇਲਵੇ ਟਾਇਮਟੇਬਿਲ ਦੇ ਮੁਤਾਬਕ ਕੀਤੀ ਜਾਂਦੀ ਸੀ. ਸ਼ੁਰੂਆਤ ਤੇ ਮਸ਼ੀਨ ਗਨ ਜਾਂ ਲਾਇਟ ਮਸ਼ੀਨ ਗਨਾਂ ਨਾਲ ਗੋਲਾਬਾਰੀ ਕੀਤੀ ਜਾਂਦੀ, ਅਤੇ ਇਸ ਦੇ ਬਾਅਦ ਕਿਰਪਾਨਾਂ, ਬਰਛੇ ਅਤੇ ਦੂਜੇ ਰਵਾਇਤੀ ਹਥਿਆਰਾਂ ਨਾਲ ਕਰੀਬੀ ਹਮਲੇ ਕੀਤੇ ਜਾਂਦੇ. ਪਿੰਡਾਂ ਦੇ ਉਪਰ ਵੀ ਫ਼ੌਜ਼ੀ ਅੰਦਾਜ਼ ਨਾਲ ਹਮਲੇ ਕੀਤੇ ਜਾਂਦੇ. ਅਖੀਰੀ ਚਰਣ ਤੇ, ਔਰਤਾਂ ਅਤੇ ਬੱਚੇਆਂ ਨੂੰ ਜੰਗ ਦੀ ਲੁੱਟ ਦੇ ਤੌਰ ਤੇ, ਲੈ ਜਾਇਆ ਜਾਂਦਾ (Ibid: 688). ਹਮਲੇਆਂ ਦੀ ਇੱਕ ਵੱਡੀ ਵਜ੍ਹਾ, ਲੁੱਟਣ ਦੀ ਖਿੱਚ ਸੀ. ਸਮੁਚੇ ਤੌਰ ਤੇ, ਇਸ ਤਰ੍ਹਾਂ ਦੇ ਪ੍ਰਸੰਗ ਵਿੱਚ, ਕੁੱਝ ਘਟਨਾਵਾਂ ਜੋ ਪੂਰਬੀ ਪੰਜਾਬ ਦੀ ਸ਼ਾਹੀ ਰਿਆਸਤਾਂ ਤੇ ਹੋਇਆਂ ਸੀ, ਹੇਠ ਉਨ੍ਹਾਂ ਦਾ ਮੁਆਇਨਾ ਕੀਤਾ ਗਿਆ ਹੈ:

ਪਟਿਆਲਾ

ਪੂਰਬੀ ਪੰਜਾਬ ਦੀ ਸਭ ਤੋਂ ਵੱਡੀ ਅਤੇ ਤਾਕਤਵਰ ਸ਼ਾਹੀ ਰਿਆਸਤ ਪਟਿਆਲਾ ਸੀ ਜਿਸ ਦੇ ਹੁਕਮਰਾਨ ਸਿੱਖ ਮਹਾਰਾਜਾ ਯਾਦਵਿੰਦਰ ਸਿੰਘ ਸਨ. ਇਸ ਦੀ ਕੁੱਲ ਆਬਾਦੀ 1,936,259 ਸੀ. ਉਨ੍ਹਾਂ ਦੀ ਮੁਸਲਿਮ ਪਰਜਾ 436,539 ਸੀ ਜਾਂ ਆਬਾਦੀ ਦੀ 24 ਫ਼ੀਸਦੀ. ਸਿੱਖ ਸ਼ਾਹੀ ਰਿਆਸਤਾਂ ਤੇ, ਖ਼ਾਸ ਕਰ ਕੇ ਪਟਿਆਲਾ ਤੇ, ਮੁਸਲਿਮਾਂ ਦੇ ਕਤਲੇਆਮ ਦਾ ਕਹਾਵਤਾਂ ਤੇ ਜ਼ਿਕਰ ਕੀਤਾ ਗਿਆ ਹੈ, ਜੋ ਇੱਕ ਸਬੂਤ ਹੈ ਕਿ ਪੰਜਾਬ ਦੀ ਤਕਸੀਮ ਤੋਂ ਬਹੁਤ ਪਹਿਲਾਂ, ਇੱਕ ਸਿੱਖ ਸਾਜ਼ਸ਼ ਤਿਆਰ ਕੀਤੀ ਜਾ ਰਹੀ ਸੀ. ਪਛੱਮ ਪੰਜਾਬ ਦੇ ਸ਼ਰਨਾਰਥੀ ਅਤੇ ਮੁੜ ਵਸੇਬਾ ਵਜ਼ੀਰ, ਮਿਆਂ ਇਫ਼ਤਿਖ਼ਾਰੁੱਦੀਨ ਨੇ 9 ਦਸੰਬਰ 1947 ਦੇ ਇੱਕ ਨੋਟ ਤੇ ਦਾਅਵਾ ਕੀਤਾ ਕਿ

16 ਸਤੰਬਰ ਤਕ, ਰਿਆਸਤ ਪਟਿਆਲਾ ਤੋਂ 200,000 ਮੁਸਲਿਮ ਪਾਕਿਸਤਾਨ ਆ ਗਏ ਸੀ ਅਤੇ 236,600 ਦਾ ਕੋਈ ਹਿਸਾਬ ਨਹੀਂ ਸੀ. ਪਾਕਿਸਤਾਨ ਸਰਕਾਰ ਦੁਆਰਾ ਛਾਪੀ ਗਈ ਰਿਪੋਰਟਾਂ ਇਹ ਜਤਾਂਦੀ ਸਨ ਕਿ ਪਟਿਆਲਾ ਦੇ ਹੁਕਮਰਾਨ ਇੱਕ ਸਾਜ਼ਸ਼ ਦੇ ਆਗੂ ਸਨ, ਜਿਸ ਵਿੱਚ ਨਾਭਾ, ਕਪੂਰਥਲਾ (ਮੈਂ ਪਤਾ ਲਗਾਇਆ ਕਿ ਕਪੂਰਥਲਾ ਰਿਆਸਤ ਦੇ ਸ਼ਾਹੀ ਰਾਜਕੁਮਾਰ, ਜਿਨ੍ਹਾਂ ਨੂੰ ਟਿੱਕਾ ਸਾਹਿਬ ਕਿਹਾ ਜਾਂਦਾ ਸੀ, ਮੁਸਲਿਮਾਂ ਦੇ ਖ਼ਿਲਾਫ਼ ਫ਼ਸਾਦਾਂ ਵਿੱਚ ਸ਼ਾਮਲ ਸਨ ਨਾ ਕਿ ਮਹਾਰਾਜਾ ਖੁਦ) ਅਤੇ ਦੂਜੀ ਸਾਹੀ ਰਿਆਸਤਾਂ ਦੇ ਹੁਕਮਰਾਨ ਵੀ ਸਾਮਲ ਸਨ, ਤਾਂਕਿ ਮੁਸਲਿਮਾਂ ਨੂੰ ਪੂਰਬੀ ਅਤੇ ਮੱਧ ਦੇ ਜ਼ਿਲ੍ਹਾਂ ਤੋਂ ਖ਼ਤਮ ਕੀਤਾ ਜਾ ਸਕਦਾ. ਕਮਊਨਿਸਟ ਪਾਰਟੀ ਔਫ਼ ਇੰਡੀਆ ਵੀ ਇਸ ਤਰ੍ਹਾਂ ਦੀ ਸਾਜ਼ਸ਼ ਦਾ ਜ਼ਿਕਰ ਕਰਦੀ ਹੈ. ਬਜ਼ੁਰਗ ਕਮਊਨਿਸਟ ਆਗੂ ਅਤੇ ਕਮਊਨਿਸਟ ਪਾਰਟੀ (ਮਾਰਕਸਿਸਟ) ਦੇ ਪੂਰਵਲੇ ਸੇਕ੍ਰੇਟਰੀ ਜਨਰਲ ਕਰਕਿਸ਼ਨ ਸਿੰਘ ਸੁਰਜੀਤ ਨੇ ਵੀ ਇਸ ਮੁੱਦੇ ਉਪਰ, ਮੇਰੇ ਨਾਲ ਦਰਜ ਇੰਟਰਵਿਊ ਤੇ ਗੱਲਬਾਤ ਕੀਤੀ.

ਹਾਲਾਂਕਿ ਇਹ ਦੁਹਰਾਨਾ ਅਹਿਮ ਹੈ ਕਿ, ਮੁਸਲਿਮਾਂ ਨੂੰ ਪੂਰਬੀ ਪੰਜਾਬ ਤੋਂ ਖ਼ਤਮ ਕਰਣ ਦੇ ਸਿੱਖਾਂ ਦੇ ਜੋ ਵੀ ਮੰਸੂਬੇ ਸਨ, ਉਹ ਇੰਡੀਆ ਦੀ ਤਕਸੀਮ ਉਪਰ ਨਿਰਭਰ ਸਨ. ਅਗਰ ਇੰਡੀਆ ਦੀ ਤਕਸੀਮ ਨਹੀਂ ਹੁੰਦੀ, ਤਦ ਪੂਰਬੀ ਪੰਜਾਬ ਦੀ ਸ਼ਾਹੀ ਰਿਆਸਥਾਂ ਤੋਂ, ਮੁਸਲਿਮਾਂ ਨੂੰ ਭੱਜਾਣ ਦੀ ਵੀ ਲੋੜ ਨਹੀਂ ਸੀ. ਇੰਡੀਆ ਦੀ ਤਕਸੀਮ ਕਿਸੇ ਵੀ ਸੂਰਤ ਤੇ, ਪੰਜਾਬ ਦੀ ਵੀ ਤਕਸੀਮ ਕਰਾਂਦਾ-ਇਸ ਕੌੜੀ ਸਚਾਈ ਉਪਰ, ਪੰਜਾਬ ਦੇ ਗਵਰਨਰਾਂ ਨੇ ਬਾਰ ਬਾਰ ਜ਼ੋਰ ਦਿੱਤਾ ਸੀ. ਇਸ ਦੇ ਇਲਾਵਾ, ਸਿੱਖ ਪੰਜਾਬ ਦੀ ਕੋਈ ਇਸ ਤਰ੍ਹਾਂ ਦੀ ਤਕਸੀਮ ਮੰਜ਼ੂਰ ਨਹੀਂ ਕਰਣ ਵਾਲੇ ਸੀ, ਜਿਸ ਦੇ ਚਲਦਿਆਂ ਉਨ੍ਹਾਂ ਦੇ ਧਾਰਮਿਕ ਸਥਾਨ, ਨਹਿਰੀ ਕਲੋਨੀਆਂ ਅਤੇ ਲਾਹੌਰ ਪਾਕਿਸਤਾਨ ਤੇ ਰਹਿੰਦੇ. ਪੰਜਾਬ ਦੀ ਹਕੂਮਤ ਨਿਜੀ ਫ਼ੌਜ਼ਾਂ ਬਾਰੇ ਚੇਤਾਵਨੀ ਦੇ ਰਹੀ ਸੀ ਅਤੇ ਇਹ ਸੱਚ ਸੀ ਕਿ ਸਿੱਖ ਕਿਰਪਾਨਾਂ ਸਮੇਤ, ਅਮਨ ਦੇ ਵਕਤ ਵੀ, ਇੱਕ ਹਥਿਆਰਬੰਦ ਕੌਮ ਸੀ. ਘੱਟ ਤੋਂ ਘੱਟ ਮਾਰਚ 1947 ਤੋਂ ਅਤੇ ਕੁੱਝ ਲੋਕਾਂ ਦੇ ਮੁਤਾਬਕ ਦਸੰਬਰ 1946 ਦੇ ਹਜ਼ਾਰਾ ਦੇ ਫ਼ਸਾਦਾਂ ਦੇ ਵਕਤ ਤੋਂ, ਮੁਸਲਿਮਾਂ ਦੁਆਰਾ ਸਿੱਖਾਂ ਦੇ ਖ਼ਿਲਾਫ਼ ਕੀਤੇ ਜ਼ੁਲਮਾਂ ਦੀ ਤਸਵੀਰੀ ਰੂਪਕ ਗਾਥਾ, ਚਾਰੋਂ ਤਰਫ਼ ਸੁਣਾਇਆਂ ਜਾ ਰਹਿਆਂ ਸੀ. ਸਿੱਖਾਂ ਦੇ ਖ਼ਿਲਾਫ਼ ਮੁਸਲਿਮ ਜ਼ੁਲਮਾਂ ਦੀ ਗ਼ਮਗੀਨ ਕਹਾਣੀਆਂ-ਜਬਰ ਜਨਾਹ ਕੀਤੀ ਔਰਤਾਂ, ਉਨ੍ਹਾਂ ਦੀ ਯੋਨਿਆਂ ਵਿੱਚ ਘੁਸੇੜੇ ਗਏ ਬਰਛੇ, ਉਨ੍ਹਾਂ ਦੇ ਛੁਰੇਆਂ ਨਾਲ ਚੀਰੇ ਗਏ ਸੀਨੇ, ਬੱਚੇਆਂ ਨੂੰ ਹਵਾ ਤੇ ਸੁੱਟ ਕੇ ਉਨ੍ਹਾਂ ਦੇ ਗਿਰਦੇ ਜਿਸਮਾਂ ਨੂੰ ਤਲਵਾਰਾਂ ਨਾਲ ਕੱਟਣਾ-ਇਨ੍ਹਾ ਨੂੰ ਬਾਰ ਬਾਰ ਸਿੱਖ ਸੰਗਤਾਂ ਦੇ ਵਿੱਚ ਅਤੇ ਸਥਾਨਕ ਪਿੰਡਾਂ ਤੇ ਇਕੱਠਾ ਹੋਏ ਲੋਕਾਂ ਵਿੱਚ ਦੁਹਰਾਇਆ ਗਿਆ.

ਸਿੱਖਾਂ ਦੇ ਸਨਮਾਨ ਦਾ ਹਮੇਸ਼ਾ ਆਹਵਾਨ ਕੀਤਾ ਗਿਆ ਅਤੇ ਐਲਾਨ ਕੀਤਾ ਗਿਆ ਕਿ ਉਨ੍ਹਾਂ ਦੀ ਕੌਮ ਅਤੇ ਮਜ਼ੂਬ ਦੇ ਖ਼ਿਲਾਫ਼ ਕੀਤੇ ਜ਼ੁਲਮਾਂ ਦਾ ਬਦਲਾ ਲੈਣਾ, ਹਰ ਖੁਦਦਾਰ ਸਿੱਖ ਦਾ ਪਵਿੱਤਰ ਧਰਮ ਸੀ. ਇੱਕ ਤਸ਼ੱਦਦ ਭਰੇ ਮੁਕਾਬਲੇ ਦੇ ਸਾਰੇ ਆਸਾਰ ਮੌਜੂਦ ਸਨ, ਸਿੱਖਾਂ ਦੀ ਪੰਜਾਬ ਬਾਰੇ ਉਨ੍ਹਾਂ ਦੀ ਚਾਹਤ, ਕਦੇ ਵੀ ਪੂਰੀ ਨਹੀਂ ਹੋ ਸਕਦੀ ਸੀ ਕਿਉਂਕਿ ਕਿਸੇ ਵੀ ਮੱਧ ਜਾਂ ਪਛੱਮ ਜ਼ਿਲ੍ਹੇ ਤੇ ਉਨ੍ਹਾਂ ਦੀ ਕੋਈ ਮਜਾਰਿਟੀ ਨਹੀਂ ਸੀ. ਜਿਥੇ ਤਕ ਮੁਸਲਿਮਾਂ ਦੀ ਹਿਫ਼ਾਜ਼ਤ ਦਾ ਸਵਾਲ ਸੀ, ਇਹ ਪਹਿਲਾਂ ਤੋਂ ਹੀ ਖ਼ਤਰੇ ਵਿੱਚ ਸੀ ਕਿਉਂਕਿ ਸਿੱਖ ਸ਼ਾਹੀ ਰਿਆਸਤਾਂ ਉਪਰ, ਪੰਜਾਬ ਬਾਉਂਡਰੀ ਫੋਰਸ ਦਾ ਕੋਈ ਇਖ਼ਤਿਆਰ ਨਹੀਂ ਸੀ. ਅਤੇ ਰੈਡਕਲੀਫ ਅਵਾਰਡ ਦੇ ਬਾਅਦ, ਸ਼ਾਹੀ ਰਿਆਸਤਾਂ ਦੇ ਮੁਸਲਿਮ, ਸਿੱਖ ਜੱਥੇਆਂ ਦੇ ਰਹਿਮ ਉਪਰ ਸਨ. ਪਰ ਸਾਰੇ ਹੁਕਮਰਾਨ ਮੁਸਲਿਮਾਂ ਉਪਰ ਹਮਲੇ ਤੇ ਸ਼ਾਮਲ ਨਹੀਂ ਸਨ.

ਸਰਦਾਰ ਅਬਦੁਲ ਅਜ਼ੀਜ਼, ਪਟਿਆਲਾ ਰਿਆਸਤ ਦੇ ਰਿਟਾਇਰ ਐਸ.ਪੀ. ਨੇ ਪਟਿਆਲਾ ਤੇ ਤਿਆਰ ਕੀਤੀ ਸਾਜ਼ਸ਼ ਦੀ ਤਫ਼ਸੀਲੀ ਨਾਲ ਤਸਵੀਰ ਪੇਸ਼ ਕੀਤੀ ਹੈ. ਅਜ਼ੀਜ਼ 1944 ਦੇ ਆਖ਼ਰ ਤੇ ਰਿਟਾਇਰ ਹੋਏ, ਪਰ ਉਨ੍ਹਾਂ ਦੇ ਮੁਤਾਬਕ ਉਸ ਤੋਂ ਬਹੁਤ ਪਹਿਲਾਂ, ਮਹਾਰਾਜਾ ਦੀ ਇੱਕ ਮਹਾਨ ਪੰਥਕ (ਸਿੱਖ) ਰਾਜ਼ ਸਥਾਪਤ ਕਰਣ ਦੇ ਖ਼ਿਆਲ ਵੱਲ, ਖਿੱਚ ਸੀ, ਜਿਸ ਦੇ ਆਗੂ ਉਹ ਹੁੰਦੇ. ਬਤੌਰ ਪੁਲਿਸ ਅਫ਼ਸਰ ਸੇਵਾ ਕਰਦੇ ਵਕਤ ਹੀ, ਸਰਦਾਰ ਅਬਦੁਲ ਅਜ਼ੀਜ਼ ਨੂੰ ਪਤਾ ਲਗਾ ਕਿ 'ਸ਼ੈ ਸਿੱਖੀ' ਨਾਂਅ ਦੇ ਕਿਸੇ ਪਾਠ ਦੀ ਬੁਨਿਆਦ ਤੇ ਇੱਕ ਰਾਜ ਜੋਤਸ਼ੀ ਨੇ ਭਵਿੱਖਬਾਣੀ ਕੀਤੀ ਸੀ ਕਿ ਪੰਜਾਬ ਉਪਰ ਸਿੱਖਾਂ ਦੀ ਹਕੂਮਤ ਹੋਵੇਗੀ. ਉਸ ਭਵਿੱਖਬਾਣੀ ਦੇ ਮੁਤਾਬਕ, ਸਿੱਖ ਰਹਿਬਰ ਜਿਸ ਨੂੰ ਹੁਕਮਰਾਨ ਬਣਨਾ ਸੀ, ਉਸ ਦਾ ਹੁਲਿਆ, ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨਾਲ ਮੇਲ ਖਾਂਦਾ ਸੀ. ਜਦ ਮਹਾਰਾਜਾ ਨੇ ਇਹ ਭਵਿੱਖਬਾਣੀ ਸੁਣੀ, ਉਨ੍ਹਾਂ ਨੇ ਉਸ ਜੋਤਸ਼ੀ ਨੂੰ ਬੁਲਾਇਆ ਅਤੇ ਉਸ ਦੀ ਗੱਲ ਸੁਣਣ ਤੋਂ ਬਾਅਦ, ਉਸ ਨੂੰ ਆਪਣੇ ਨਿਜੀ ਸਟਾਫ ਵਿੱਚ ਭਰਤੀ ਕਰ ਲੀਤਾ.

ਇਸ ਦੇ ਬਾਅਦ, ਮਹਾਰਾਜਾ ਪੰਥਿਕ ਰਾਜ ਦੀ ਤਿਆਰੀ ਕਰਣ ਲਗੇ. ਸ਼੍ਰੀ ਹੱਟਨ, ਹੁਕਮਰਾਨ ਦਾ ਇੱਕ ਬ੍ਰਿਟਿਸ਼ ਮੁਲਾਜ਼ਮ ਅਤੇ ਦੂਜੇ ਕਈ ਸਿੱਖ ਅਫ਼ਸਰਾਂ ਨੂੰ ਰਾਈਫਲਾਂ ਅਤੇ ਦੂਜੇ ਹਥਿਆਰ ਤਿਆਰ ਕਰਣ ਨੂੰ ਕਿਹਾ ਗਿਆ. ਮਹਾਰਾਜਾ ਅਕਾਲੀਆਂ ਨਾਲ ਵੀ ਕਰੀਬੀ ਤਾਲੁੱਕਾਤ ਕਾਇਮ ਕਰਣ ਲਗੇ, ਜੋ ਪਟਿਆਲਾ ਦੇ ਪੂਰਵਲੇ ਹੁਕਮਰਾਨ ਨਹੀਂ ਕਰਦੇ ਸੀ. ਬਲਦੇਵ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਦੂਜੇ ਆਗੂ ਸੂਬੇ ਦਾ ਦੌਰਾ ਕਰਣ ਲਗੇ. ਸ਼ਾਹੀ ਰਿਆਸਤਾਂ ਦੇ ਮੁਸਲਿਮ ਅਤੇ ਹਿੰਦੂ ਅਫ਼ਸਰਾਂ ਦੀ ਜਗ੍ਹ ਸਿੱਖ ਅਫ਼ਸਰ ਤਇਨਾਤ ਹੋਣ ਲਗੇ. ਸਿੱਖ ਜੱਥੇਆਂ ਦੀ ਤੰਜ਼ੀਮ ਕੀਤੀ ਜਾਣ ਲਗੀ ਅਤੇ ਇੱਕ ਵੱਡੀ ਲੜਾਕੂ ਫ਼ੌਜ਼ ਨੂੰ ਇਕੱਠਾ ਕੀਤਾ ਗਿਆ. ਸਰਦਾਰ ਅਬਦੁਲ ਅਜ਼ੀਜ਼ ਪਟਿਆਲਾ ਦੀ ਫ਼ੌਜ਼ ਦੁਆਰਾ ਮੁਸਲਿਮਾਂ ਦੇ ਵੱਢ-ਟੁੱਕ ਕਰਣ ਦੇ ਕਈ ਮਾਮਲੇਆਂ ਦਾ ਜ਼ਿਕਰ ਕਰਦੇ ਨੇ (1993:195-200).

ਪਾਕਿਸਤਾਨ ਸਰਕਾਰ ਦੇ ਦੋ ਪ੍ਰਕਾਸ਼ਨ, ਦੀ ਸਿੱਖਸ ਇਨ ਐਕਸ਼ਨ ਅਤੇ ਨੇਟ ਐਨ ਦੀ ਸਿੱਖ ਪਲਾਨ, ਜੋ ਪੁਲਿਸ ਨੇ ਯੂਨੀਅਨਿਸਟ ਹਕੂਮਤ ਦੇ ਦੌਰਾਨ ਜਾਂ ਧਾਰਾ 193 ਦੇ ਤਹਿਤ ਗਵਰਨਰ ਦੁਆਰਾ ਸੱਤਾ ਹਾਸਲ ਕਰਣ ਦੇ ਦੌਰਾਨ ਤਿਆਰ ਕੀਤੇ ਸੀ, ਅਕਾਲੀ ਲੀਡਰਾਂ ਦੀ ਅਤੇ ਅਕਾਲ ਫ਼ੌਜ਼ ਦੀ ਹਰਕਤਾਂ ਦਾ ਜ਼ਿਕਰ ਕਰਦੇ ਨੇ. ਸਿੱਖ ਪਲਾਨ ਕਦ ਤਿਆਰ ਹੋਇਆ, ਇਸ ਦੀ ਕੋਈ ਪੱਕੀ ਤਾਰੀਖ ਨਹੀਂ ਹੈ ਅਤੇ ਵੇਰਵਾ 1947 ਦੇ ਸ਼ੁਰੂ ਤੋਂ ਦਿੱਤਾ ਗਿਆ ਹੈ. ਰਿਪੋਰਟ ਇਸ ਗੱਲ ਉਪਰ ਜ਼ੋਰ ਦੇਂਦੀ ਹੈ ਕਿ ਕਈ ਪੂਰਵਲੇ ਆਈ.ਐਨ.ਏ. ਦੇ ਸਿਪਾਹੀ ਸਿੱਖਾਂ ਅਤੇ ਹਿੰਦੂਆਂ ਨੂੰ ਮੁਸਲਿਮਾਂ ਦੇ ਨਾਲ ਜੰਗ ਲਈ ਤਿਆਰ ਕਰ ਰਹੇ ਸੀ. ਨੇਟ ਐਨ ਦੀ ਸਿੱਖ ਪਲਾਨ ਤੇ ਇਹ ਲਿਖਿਆ ਗਿਆ ਹੈ.

> ਇਸ ਸਬੂਤ ਤੋਂ ਇਹ ਸਾਫ ਹੈ ਕਿ, ਸਿੱਖ ਰਾਜ ਦੇ ਹੋਰ ਜ਼ਿਆਦਾ ਅਭਿਲਾਸ਼ੀ ਸੁਪਨੇ ਦੇ ਤਹਿਤ ਇਸ ਮਨਸੂਬੇ ਦੇ ਤਤਕਾਲ ਮਕਸਦ ਇਹ ਸਨ:
>
> a) ਵਿਆਪਕ ਤੋੜ-ਫੋੜ ਅਤੇ ਮੁਸਲਿਮ ਸੰਪਤੀ ਹੋਰ ਜ਼ਿੰਦਗੀ ਦੀ ਤਬਾਹੀ ਬ) ਅਗਰ ਮੁਮਕਿਨ ਹੋਵੇ ਤੇ ਸਿੱਖ ਬੇਲਟ ਸਮੇਤ ਪਛੱਮ ਪਾਕਿਸਤਾਨ ਦੀ ਪੂਰਬੀ ਸਰਹੱਦ ਤੋਂ ਮੁਸਲਿਮਾਂ ਦਾ ਖ਼ਾਤਮਾ ਕਰਣਾ...ਇਸ ਸਾਜ਼ਸ਼ ਦੇ ਆਗੂ ਸਨ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਉਧਮ ਸਿੰਘ ਨਗੋਕੇ ਅਤੇ ਅਕਾਲੀ ਪਾਰਟੀ ਦੇ ਦੂਜੇ ਰਹਨੁਮਾ...ਸਿੱਖ ਕੌਮ ਦੇ ਸਾਰੇ ਤਬਕੇ-ਪੜ੍ਹੇ-ਲਿਖੇ ਲੋਕਾਂ, ਮਜ਼ਬੂਤੀ ਅਤੇ ਸਿਆਸੀ ਰਹਨੁਮਾਵਾਂ, ਆਈ.ਐਨ.ਏ. ਦੇ ਪੂਰਵਲੇ ਸਿਪਾਹੀਆਂ, ਕਿਸਾਨਾਂ, ਅਧਿਆਪਕਾਂ ਅਤੇ ਵਿਦਿਆਰਥੀਆਂ-ਇਣ

> ਸਭ ਨੂੰ, ਇਸ ਮਨਸੂਬੇ ਨੂੰ ਪੱਕਾ ਕਰਣ ਲਈ, ਤਿਆਰ ਕੀਤਾ ਗਿਆ ਅਤੇ ਵਿਆਪਕ ਹੋਰ ਕੁੱਝ ਮਾਮਲੇਆਂ ਤੇ ਵਿਸਤਰਤ ਇੰਤਜ਼ਾਮ ਕੀਤੇ ਗਏ, ਤਾਂਕਿ ਲੋਕਾਂ ਨੂੰ ਸਟਾਫ ਦਾ ਕੱਮ ਅਤੇ ਕਤਲ, ਅੱਗਜਨੀ ਹੋਰ ਲੁਟਪਾਟ ਲਈ ਵੀ ਤਿਆਰ ਕੀਤਾ...ਇਹ ਇਸ ਗੱਲ ਨੂੰ ਸਾਫ਼ ਕਰਦਾ ਹੈ ਕਿ ਸਾਜ਼ਸ਼ ਵਿੱਚ ਸਿੱਖ ਸ਼ਾਹੀ ਰਿਆਸਤਾਂ ਬ੍ਰਿਟਿਸ਼ ਪੰਜਾਬ ਦੇ ਸਿੱਖ ਰਹਨੁਮਾਵਾਂ ਤੋਂ ਕਿਸੇ ਵੀ ਤਰ੍ਹਾਂ ਘੱਟ ਮੁਸਤੈਦ ਨਹੀਂ ਸਨ, ਅਤੇ ਹਿੰਦੂਆਂ ਦੇ ਉਗਰਵਾਦੀ ਤਬਕੇ ਨੇ (ਕੁੱਝ ਮਾਮਲੇਆਂ ਤੇ ਇੰਡੀਆ ਦੇ ਦੂਜੇ ਸੂਬਿਆਂ ਦੇ ਤਸ਼ੱਦਦ ਦੇ ਹਿੰਦੂ ਰਸੂਲਾਂ ਦੁਆਰਾ ਪਰੇਰਤ, ਰਹਿਨੁਮਾਈ ਅਤੇ ਅਭਿਆਸ ਕਰਾਏ ਗਏ) ਲੁੱਕ-ਛਿਪ ਕੇ ਅੱਤਵਾਦੀ ਹਰਕਤਾਂ ਅਤੇ ਕਾਰਗਰ ਸੁਚਨਾ ਹੋਰ ਖ਼ੁਫ਼ੀਆ ਇਤਲਾਹ ਦੀ ਤੰਜ਼ੀਮ ਕਰ ਕੇ, ਉਨ੍ਹਾਂ ਦੇ ਮਨਸੂਬੇ ਵਿੱਚ ਲਗਾਤਾਰ ਮਦਦ ਕੀਤੀ' (1948: 28–29).

ਸਿੱਖਸ ਇਨ ਐਕਸ਼ਨ ਵਿੱਚ, ਪੂਰੇ ਪੂਰਬੀ ਪੰਜਾਬ ਨੂੰ ਲੈ ਕੇ, ਇੱਕ ਇਤਹਾਦੀ ਸਿੱਖ ਸੂਬੇ ਉਪਰ ਮਹਾਰਾਜਾ ਪਟਿਆਲਾ ਦੇ ਹੁਕਮਰਾਨ ਬਣਣ ਦਾ ਮਨਸੂਬਾ ਦਿੱਤਾ ਗਿਆ ਹੈ. ਇਸ ਦੀ ਬੁਨਿਆਦ ਸਰਦਾਰ ਅਬਦੁਲ ਅਜ਼ੀਜ਼ ਦੀ ਗਵਾਹੀ ਹੈ, ਜੋ ਉਪਰ ਦਿੱਤੀ ਗਈ ਹੈ. ਇਸ ਕਰ ਕੇ, ਮੈਂ ਪਟਿਆਲਾ ਤੇ ਹੋਣ ਵਾਲੀ ਘਟਨਾਵਾਂ ਦੀ ਛਾਨ-ਬੀਨ ਕਰਣ ਲਈ ਬਹੁਤ ਚਾਹਵਾਨ ਸੀ.

ਕੁੱਝ ਚਸ਼ਮਦੀਦ ਗਵਾਹਾਂ ਦੇ ਕਿੱਸੇਆਂ ਦਾ ਸੰਕਲਨ ਹਕੀਮ ਮੁਹੱਮਦ ਤਾਰਿਕ ਮਹਮੁਦ ਅਬਕਾਰੀ ਮਜਜ਼ੋਬੀ ਚੁਘਤਾਈ ਨੇ ਕੀਤਾ ਸੀ ਅਤੇ ਇਸ ਦਾ ਖ਼ਿਤਾਬ ਹੈ, *1947 ਕੇ ਮੁਜ਼ਲੁਮੋਂ ਕੀ ਕਹਾਨੀ, ਖ਼ੁਦ ਮਜ਼ਲੁਮੋਂ ਕੀ ਜ਼ਬਾਨੀ*. ਅਸੀਂ ਦੋ ਕਿੱਸੇਆ ਉਪਰ ਗੌਰ ਕਰਾਂਗੇ. ਉਨ੍ਹਾਂ ਨੂੰ, '*ਪਟਿਆਲਾ ਕੇ ਮੁਸਲਮਾਨੋਂ ਪਰ ਟੂੱਟਨੇ ਵਾਲੀ ਕਿਆਮਤ-ਏ-ਸੁਘਰਾ*' ਸਿਰਲੇਖ ਤੇ ਸ਼ਾਮਲ ਕੀਤਾ ਗਿਆ ਹੈ ਅਤੇ ਸਾਡੀ ਆਪਣੀ ਖੋਜ ਵੀ ਸ਼ਾਮਲ ਹੈ.

ਹੱਮਦ ਅਫ਼ਜ਼ਲ ਸ਼ਰੀਫ਼

> ਪਟਿਆਲਾ ਦੇ ਅਮਨ, ਕਾਨੂੰਨ ਅਤੇ ਵਿਵਸਥਾ ਬੇਮਿਸਾਲ ਸਨ. ਲੋਕ ਆਪਣੇ ਦਰਵਾਜ਼ੇ ਖੋਲ ਕੇ ਸੌਣਦੇ ਸਨ. ਮੁਸਲਿਮ, ਹਿੰਦੂ ਅਤੇ ਸਿੱਖ ਇਕੱਠੇ ਅਮਨ ਵਿੱਚ ਰਹਿੰਦੇ ਸਨ. ਉਹ ਇੱਕ ਦੂਜੇ ਨਾਲ ਸੁਖ-ਦੁਖ ਵੰਡਦੇ...1945 ਤੇ ਪਾਕਿਸਤਾਨ ਹਿਮਾਇਤੀ ਨਾਅਰੇਬਾਜ਼ੀ ਪਟਿਆਲਾ ਵਿੱਚ ਵੀ ਹੋਣ ਲਗੀ. ਮੁਸਲਿਮ ਆਪਣੇ ਸੀਨੇ ਤੇ ਬੈਜ ਲਗਾਂਦੇ ਜਿਸ ਦੇ ਵਿੱਚ ਜਿਨਾਹ ਦੀ ਤਸਵੀਰ ਹੁੰਦੀ ਸੀ. ਉਹ ਚੀਕ ਕੇ ਕਹਿੰਦੇ, *'ਕਾਇਦ-ਏ-ਆਜ਼ਮ ਜ਼ਿੰਦਾਬਾਦ'* ਅਤੇ *'ਬਣ ਕੇ ਰਹੇਗਾ ਪਾਕਿਸਤਾਨ* '; ਪਰ ਰਿਆਸਤ ਦਾ ਮਾਹੌਲ ਸ਼ਾਂਤ ਸੀ...ਮੇਰੇ ਵਾਲਿਦ ਸਿਨੇਮਾ ਦੀ ਸਾਜ਼ ਦੇ ਬੋਰਡ ਅਤੇ ਪੋਸਟਰਾਂ ਦੀ ਪੇਂਟਿੰਗ ਕਰਦੇ ਸੀ...ਮੇਰੇ ਵਾਲਿਦ ਅਤੇ ਸੇਠ ਚਰਨ ਦਾਸ ਸਹੂੰ ਖਾ ਕੇ ਭਰਾ ਬਣੇ ਸੀ. ਸੇਠ ਚਰਨ ਦਾਸ ਅਤੇ ਚੌਧਰੀ ਈਦ ਮੁਹੱਮਦ ਨੇ ਇੱਕ ਨਵਾਂ ਸਿਨੇਮਾ ਹਾਲ ਬਣਾਇਆ ਸੀ ਅਤੇ ਮੇਰੇ ਵਾਲਿਦ ਜੂਨ 1947 ਦੇ ਤਕਰੀਬਨ, ਇਸ ਦੀ ਸਜਾਉਟ ਕਰ ਰਹੇ ਸੀ. ਉਹ ਲਕੜੀ ਦੀ ਇੱਕ ਪੈੜੀ ਤੇ ਚੜ੍ਹ ਰਹੇ ਸੀ ਕਿ, ਜਿਸ ਦੇ ਤਖ਼ਤੇ ਉਪਰ ਉਹ ਅਤੇ ਉਨ੍ਹਾਂ ਦਾ ਸਹਾਇੱਕ ਖੜ੍ਹੇ ਸੀ, ਉਸ ਨੂੰ ਸਹਾਰਾ ਦੇਣ ਵਾਲਾ ਬਾਂਸ ਟੂੱਟ ਗਿਆ ਅਤੇ ਉਹ ਥਲੇ ਜਾ ਗਿਰੇ. ਉਨ੍ਹਾਂ ਨੂੰ ਨਾਲੋਨਾਲ ਹਸਪਤਾਲ ਲੈ ਜਇਆ ਗਿਆ ਜਿਥੇ ਸੇਠ ਚਰਨ ਦਾਸ ਦੇ ਸੌਹਰੇ ਰਘੁਨਾਥ ਨੇ ਉਨ੍ਹਾਂ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ. ਅਸੂਲ ਇਹ ਸੀ ਕਿ ਅਗਰ ਕਿਸੇ ਦੀ, ਰਿਆਸਤ ਦੇ ਹਸਪਤਾਲ ਤੇ ਮੌਤ ਹੋ ਜਾਂਦੀ ਸੀ ਤੇ, ਉਸ ਨੂੰ ਸ਼ਹਿਰ ਤੇ ਲੈ ਜਾਣਾ ਮਣ੍ਹਾ ਸੀ. ਉਸ ਨੂੰ ਸਿੱਧੇ ਕਬਰਗਾਹ ਲੈ ਕੇ ਜਾਣਾ ਪੈਂਦਾ ਸੀ. ਪਰ, ਚੂੰਕਿ ਦੋਨੋ ਪਰਵਾਰਾਂ ਦੇ ਬੇਹਦ ਕਰੀਬੀ ਰਿਸ਼ਤੇ ਸਨ, ਸਰਜਨ ਨੇ ਮੇਰੇ ਚਾਚੇ ਘਾਉਸ ਮੁਹੱਮਦ ਨੂੰ ਘਰ ਲੈ ਜਾਣ ਨੂੰ ਕਿਹਾ ਕਿਉਂਕਿ ਉਹ ਹੋਰ ਕੁੱਝ ਹੀ ਘੰਟੇਆਂ ਦੇ ਮਿਹਮਾਨ ਸਨ. ਅਤੇ ਵਾਲਿਦ ਨੂੰ ਘਰ ਲੈ ਆਉਂਦਾ ਗਿਆ ਜਿਥੇ ਉਨ੍ਹਾਂ ਦਾ ਇੰਤਕਾਲ

ਹੋਇਆ. ਅਤੇ ਅਸੀਂ ਤਿੰਨ ਛੋਟੇ ਭਰਾ ਅਤੇ ਮੇਰੀ ਨਿਆਨੀ ਭੈਣ ਯਤੀਮ ਹੋ ਗਏ ਅਤੇ ਮੇਰੀ ਵਾਲਿਦਾ ਇੱਕ ਬੇਵਾ (Ibid: 24-25).

ਬਾਕੀ ਗਵਾਹੀ ਇਹ ਵੇਰਵਾ ਦੇਂਦੀ ਹੈ ਕਿ ਹਾਲਾਤ ਕਿਸ ਤਰ੍ਹਾਂ ਬਦ ਤੋਂ ਬਦਤਰ ਹੋ ਗਏ. ਇਸ ਵਿੱਚ ਉਹ ਗ਼ਮਗੀਨ ਵੇਰਵਾ ਵੀ ਸ਼ਾਮਲ ਕਰਦੇ ਨੇ, ਜੋ ਦੱਸਦਾ ਹੈ ਕਿਸ ਤਰ੍ਹਾਂ ਉਸ ਦੀ ਆਂਟੀ ਅਤੇ ਉਨ੍ਹਾਂ ਦੇ ਬੇਟੇ ਅਤੇ ਬੇਟੀ ਨੂੰ ਸਿੱਖਾਂ ਨੇ ਕਤਲ ਕਰ ਦਿੱਤਾ ਜਦ ਉਹ ਅੰਬਾਲਾ ਤੋਂ ਪਟਿਆਲਾ ਦਾ ਸਫਰ ਕਰ ਰਹੇ ਸੀ. ਮੁਸਲਿਮਾਂ ਨੂੰ ਪਤਾ ਲਗ ਗਿਆ ਸੀ ਕਿ ਪਟਿਆਲਾ ਪਾਕਿਸਤਾਨ ਦਾ ਹਿੱਸਾ ਨਹੀਂ ਬਣੇਗਾ ਅਤੇ ਆਪਣਾ ਗ਼ਮ ਜ਼ਾਹਰ ਕਰਣ ਲਈ, ਉਨ੍ਹਾਂ ਨੇ ਆਪਣੇ ਘਰਾਂ ਦੀ ਛਤਾਂ ਤੇ, ਕਾਲੇ ਝੰਡੇ ਲਹਰਾਏ. ਗੜਬੜੀ ਸ਼ੁਰੂ ਹੋਣ ਤੋਂ ਪਹਿਲਾਂ, ਜੋ ਸਿੱਖ ਬੇਘਰ ਹੋ ਕੇ ਪਛੱਮ ਪਞਾਬ ਤੋਂ ਆਏ ਸੀ, ਉਹ ਪਟਿਆਲਾ ਆ ਕੇ ਵਸੇ ਸੀ. ਉਹ ਮੁਸਲਿਮ ਇਲਾਕਿਆਂ ਤੇ ਛੋਟੇ-ਮੋਟੇ ਸਾਮਾਨ ਵੇਚਣ ਦਾ ਦਿਖਾਵਾ ਕਰਦੇ, ਮਗਰ ਉਨ੍ਹਾਂ ਦਾ ਮਕਸਦ, ਦਰਅਸਲ, ਪਤਾ ਲਗਾਉਣਾ ਸੀ ਕਿ ਕਿਸ ਦੀ ਮਲਕੀਅਤ ਕਿਸ ਸੰਪਤੀ ਉਪਰ ਹੈ. ਕਿੱਸਾ ਜਾਰੀ ਰੱਖਦੇ ਹੋਏ, ਸ਼ਰੀਫ ਕਹਿੰਦੇ ਨੇ ਕਿ ਰਮਜ਼ਾਨ ਦੇ ਪਵਿੱਤਰ ਮਹੀਨੇ ਦੇ ਬਾਅਦ ਹਾਲਾਤ ਤੇਜੀ ਨਾਲ ਬਦਤਰ ਹੋ ਗਏ. ਕੁੱਝ ਮੁਸਲਿਮਾਂ ਦਾ ਪਟਿਆਲਾ ਰੇਲਵੇ ਸਟੇਸ਼ਨ ਤੇ ਕਤਲ ਕਰ ਦਿੱਤਾ ਗਿਆ. ਮਹਾਰਾਜਾ ਨੇ ਪੁਲਿਸ ਨੂੰ ਹੁਕਮ ਦਿੱਤਾ ਕਿ ਉਹ ਸਾਰੇ ਮੁਸਲਿਮਾਂ ਦੇ ਘਰਾਂ ਤੇ ਹਮਲਾ ਕਰ ਕੇ ਸਾਰੇ ਹਥਿਆਰ ਜਬਤ ਕਰ ਲੈਵੇ. ਈਦ ਦਾ ਦਿਨ (18 ਅਗਸਤ) ਅਮਨ ਵਿੱਚ ਗੁਜ਼ਰ ਗਿਆ. ਕੋਈ 4-5 ਦਿਨਾਂ ਬਾਅਦ ਪਟਿਆਲਾ ਤੇ ਕਰਫਿਊ ਲਾਗੂ ਕਰ ਦਿੱਤਾ ਗਿਆ. ਮੁਸਲਿਮ ਉਣ ਜਗ੍ਹਾਂ ਤੇ ਜਾਣ ਲਗੇ ਜਿਥੇ ਦੂਜੇ ਮੁਸਲਿਮ ਮੌਜੂਦ ਸਨ. ਇਸ ਦੇ ਬਾਅਦ, ਸਿੱਖ ਉਨ੍ਹਾਂ ਨੂੰ ਫੁਸਲਾ ਕੇ ਧੋਖੇ ਨਾਲ ਕਾਬੂ ਕਰ ਲੈਂਦੇ ਅਤੇ ਮਾਰ ਦੇਂਦੇ. ਅਫ਼ਜ਼ਲ ਦੇ ਹੋਰ ਕੁੱਝ ਰਿਸ਼ਤੇਦਾਰ ਵੀ ਮਾਰੇ ਗਏ. ਫਿਰ ਉਹ ਹੋਰ ਕਿਸੇ ਰਿਸ਼ਤੇਦਾਰ ਦੇ ਘਰ ਚਲੇ ਗਏ. ਉਨ੍ਹਾਂ ਦੇ ਆਉਣ ਦੇ ਇੱਕ ਘੰਟੇ ਦੇ ਅੰਦਰ ਹੀ, ਉਨ੍ਹਾਂ ਦੇ ਉਪਰ ਗੋਲੀਆਂ ਚਲਾ ਦਿੱਤੀ ਗਈਆਂ. ਇਸ ਦੇ ਚਲਦੇ ਇੱਕ ਹੋਰ ਆਂਟੀ ਅਤੇ ਉਨ੍ਹਾਂ ਦੇ ਪਤੀ, ਉਨ੍ਹਾਂ ਦਾ ਨੌਜਵਾਨ ਬੇਟਾ ਅਤੇ ਉਸ ਦੇ ਛੋਟੇ ਬੱਚੇ, ਹਲਾਕ ਕਰ ਦਿੱਤੇ ਗਏ. ਕੁੱਝ ਦਿਨਾਂ ਬਾਅਦ, ਉਨ੍ਹਾਂ ਨੂੰ ਪਤਾ ਲਗ ਗਿਆ ਕਿ ਮੁਸਲਿਮਾਂ ਦਾ ਕਤਲੇਆਮ ਲਾਜ਼ਮੀ ਸੀ.

ਬਾਕੀ ਲੇਖ ਵਿੱਚ ਮੁਸਲਿਮਾਂ ਦੇ ਖ਼ਿਲਾਫ਼, ਦਿਲ-ਦਹਿਲਾ ਦੇਣ ਵਾਲੀ ਕਰੁਰਤਾ ਦੀ ਮਿਸਾਲਾਂ ਨੇ. ਹਾਲਾਂਕਿ ਮੌਤਾਂ ਦੀ ਗਿਣਤੀ ਨਹੀਂ ਦੱਸੀ ਗਈ ਹੈ, ਇਹ ਹਜ਼ਾਰਾਂ ਤੇ ਹੋਵੇਗੀ. ਸ਼ਰੀਫ ਦੇ ਕਈ ਰਿਸ਼ਤੇਦਾਰ ਮਾਰੇ ਗਏ. ਦੋ ਡਾਕਟਰਾਂ ਡਾ.ਹਕੀਮ ਅਤੇ ਡਾ.ਕਰੀਮ ਦਾ ਖਾਸ ਜ਼ਿਕਰ ਹੈ. ਉਨ੍ਹਾਂ ਨੇ ਹਜ਼ਾਰਾਂ ਕਾਰਤੂਸ ਇਕੱਠਾ ਕੀਤੇ ਹੋਏ ਸੀ ਅਤੇ ਉਹ ਵਿੱਚ ਵਿੱਚ ਹਵਾਈ ਫਾਇਰ ਕਰਦੇ ਅਤੇ ਫਿਰ ਹਿੰਦੂ-ਸਿੱਖ ਬਦਮਾਸ਼ਾਂ ਨੂੰ ਮੁਸਲਿਮਾਂ ਉਪਰ ਹਮਲਾ ਕਰਣ ਤੋਂ ਰੋਕਦੇ. ਸ਼ਰੀਫ਼ ਦੇ ਮੁਤਾਬਕ, 'ਡਾ.ਹਕੀਮ ਨੇ ਖ਼ੁਦ ਆਪਣੇ ਪਰਵਾਰ ਦੀ ਸਾਰੀ ਖ਼ਵਾਤੀਨਾਂ ਦਾ ਕਤਲ ਕੀਤਾ. ਉਹ ਸੋਚਦੇ ਦੀ ਕਿ ਸਾਰੇ ਬੰਦੇ ਮਾਰੇ ਜਾਣਗੇ ਅਤੇ ਉਨ੍ਹਾਂ ਦੀ ਪਤਨੀ ਅਤੇ ਬੇਟਿਆਂ, ਸਿੱਖਾਂ ਦੇ ਹੱਥ ਕਿਉਂ ਲਗਣ' (Ibid:27).

ਬਹਰਹਾਲ, ਕਤਲੇਆਮ ਕੁੱਝ ਦਿਨਾਂ ਤਕ ਚਲਦਾ ਰਿਹਾ ਅਤੇ ਜ਼ਿੰਦਾ ਬਚੇ ਲੋਕਾ ਨੂੰ ਬਹਾਦੁਰਗੜ ਦੇ ਇੱਕ ਕੈਂਪ ਲੈ ਜਾਇਆ ਗਿਆ ਜਿਥੇ ਉਹ ਕੋਈ ਤਿੰਨ ਮਹੀਨੇ ਤਕ ਰਹੇ. ਕੈਂਪ ਤੇ ਰਹਿਣ ਦੇ ਹਾਲਾਤ ਬਦਤਰ ਸਨ. ਕਈ ਲੋਕ ਮਰ ਗਏ. ਮਰੇ ਹੋਏ ਲੋਕਾਂ ਨੂੰ ਇੱਕ ਮਾਕੂਲ ਤੌਰ ਨਾਲ ਦਫ਼ਨ ਵੀ ਨਹੀਂ ਕੀਤਾ ਗਿਆ. ਇੱਕ ਵੱਡਾ ਟੋਆ ਪੁੱਟ ਕੇ, ਉਨ੍ਹਾਂ ਨੂੰ ਸੁੱਟ ਦਿੱਤਾ ਗਿਆ. ਬਾਅਦ ਤੇ ਲਾਸ਼ਾਂ ਨੂੰ ਜਲਾਇਆ ਜਾਣ ਲਗਾ. ਇਹ ਵਿਵਰਣ

ਹੋਰ ਵੀ ਜ਼ਿਆਦਾ ਸਦਮੇ ਵਾਲਾ ਵੇਰਵਾ ਦੇਂਦਾ ਹੈ. ਕੈਂਪ ਤੋਂ ਕਈ ਤਗੜੇ ਬੰਦੇਆਂ ਨੂੰ ਮਹਾਰਾਜਾ ਦੇ ਫ਼ਾਰਮ ਤੇ ਕੱਮ ਕਰਣ ਲਈ ਲੈ ਜਾਇਆ ਗਿਆ. ਉਨ੍ਹਾਂ ਦੇ ਨਾਨਾ ਵੀ ਉਸ ਵਿੱਚ ਸਾਮਲ ਸਨ.

ਫਿਰ, ਬਲੁਚ ਰੈਜੀਮੈਨਟ ਦੇ ਪਾਕਿਸਤਾਨੀ ਸਿਪਾਹੀ ਆਏ ਅਤੇ ਉਨ੍ਹਾਂ ਨੂੰ ਮਹਿਫ਼ੂਜ਼ ਤਰੀਕੇ ਨਾਲ ਹਿਫ਼ਾਜ਼ਤ ਦੇ ਕੇ ਪਾਕਿਸਤਾਨ ਲੈ ਗਏ. ਕਈ ਕੁੜੀਆਂ ਅਗਵਾ ਅਤੇ ਜਬਰ ਜਨਾਹ ਕੀਤੀ ਗਈਆਂ; ਕੁੱਝ ਨੂੰ ਦੁਬਾਰਾ ਹਾਸਲ ਕਰ ਲੀਤਾ ਗਿਆ ਜਦ ਕਿ ਦੂਜੀ ਕਦੀ ਵਾਪਸ ਨਹੀਂ ਲੈਟਾਇਆਂ ਗਈਆਂ. ਕਈ ਸ਼ਰੀਫ਼ ਪਰਵਾਰ ਬਿਲਕੁਲ ਮੁਫ਼ਲਿਸ ਹੋ ਗਏ ਅਤੇ ਉਨ੍ਹਾਂ ਨੂੰ ਭੀਖ ਵੀ ਮੰਗਣੀ ਪਈ. ਪਾਕਿਸਤਾਨ ਦੀ ਇਜ਼ਾਦ ਲਈ ਪੂਰਬੀ ਪੰਜਾਬ ਦੇ ਮੁਸਲਿਮਾਂ ਨੂੰ ਇਹ ਕੀਮਤ ਅਦਾ ਕਰਣੀ ਪਈ. ਉਹ ਜ਼ੋਰ ਦੇ ਕੇ ਕਹਿੰਦੇ ਨੇ ਕਿ ਇਸ ਗੱਲ ਨੂੰ ਭੁੱਲਣਾ ਨਹੀਂ ਚਾਹੀਦਾ ਹੈ. ਆਖੀਰ ਤੇ ਉਹ ਜ਼ਿਕਰ ਕਰਦੇ ਨੇ ਕਿ ਸੇਠ ਚਰਨ ਦਾਸ ਉਨ੍ਹਾਂ ਨੂੰ, ਤਕਸੀਮ ਦੇ ਬਾਅਦ ਵੀ ਚਿੱਠੀ-ਪੱਤਰ ਲਿਖ ਕੇ ਪਟਿਆਲਾ ਆਉਣ ਲਈ ਕਹਿੰਦੇ ਰਹੇ, ਮਗਰ ਪਰਵਾਰ ਦਾ ਕੋਈ ਸਦੱਸ ਵਾਪਸ ਨਹੀਂ ਜਾਣਾ ਚਾਹੁੰਦਾ ਸੀ (Ibid: 27-33).

ਪਟਿਆਲਾ ਵਿੱਚ ਲੀਤੇ ਗਏ ਇੰਟਰਵਿਊ

ਪਟਿਆਲਾ ਵਿੱਚ ਇੱਕ ਮਸ਼ਹੂਰ ਕਿੱਸਾ ਹੈ ਕਿ ਮੁਸਲਿਮਾਂ ਦੇ ਖ਼ਿਲਾਫ਼ ਪਟਿਆਲਾ ਸ਼ਹਿਰ ਤੇ ਦੰਗੇ ਤਦ ਭੜਕੇ, ਜਦ ਸ਼ਹਿਰ ਦੇ ਇੱਕ ਪ੍ਰਮੁੱਖ ਮੁਸਲਿਮ ਡਾਕਟਰ, ਡਾ.ਹਾਫ਼ਿਜ਼ ਨੇ ਮਹਾਰਾਜਾ ਉਪਰ ਗੋਲੀ ਚਲਾਈ, ਜਿਸ ਦੇ ਚਲਦਿਆਂ ਮਹਾਰਾਜਾ ਨੇ, ਮੁਸਲਿਮਾਂ ਦੇ ਖ਼ਿਲਾਫ਼ ਹੋ ਕੇ, ਸਿੱਖ ਜੱਥੇਆਂ ਅਤੇ ਆਪਣੀ ਫ਼ੌਜ਼ ਨੂੰ ਖੁਲ੍ਹੀ ਆਜ਼ਾਦੀ ਦੇ ਦਿੱਤੀ ਕਿ ਉਹ ਮੁਸਲਿਮਾਂ ਦਾ ਖ਼ਾਤਮਾ ਕਰ ਦੇਣ. ਇਹ ਕਿੱਸਾ ਮੈਂ ਕਈ ਲੋਕਾਂ ਤੋਂ ਸੁਣਿਆ ਜਿਨ੍ਹਾਂ ਨੂੰ ਅਸੀਂ ਪਟਿਆਲਾ ਤੇ 7 ਜਨਵਰੀ 2005 ਨੂੰ ਮਿਲੇ. ਇਹ ਬੇਹਦ ਗੈਰ-ਯਕੀਨੀ ਲਗਿਆ ਕਿ ਕੋਈ ਮੁਸਲਿਮ ਇਸ ਤਰ੍ਹਾਂ ਦੀ ਭਾਰੀ ਗਲਤੀ, ਇੱਕ ਸਿੱਖ ਸ਼ਾਹੀ ਰਿਆਸਤ ਵਿੱਚ ਕਰੇਗਾ, ਜਿਥੇ ਮੁਸਲਿਮ ਇੱਕ ਮਾਇਨਾਰਿਟੀ ਅਤੇ ਪਾਕਿਸਤਾਨ ਦੀ ਸਰਹੱਦ ਤੋਂ ਇੱਨੇ ਦੂਰ ਸਨ. ਮੈਂ ਕੁੱਝ ਭਰੋਸੇਮੰਦ ਗਵਾਹਾਂ ਤੋਂ ਇਸ ਗੱਲ ਦੀ ਪੜਤਾਲ ਕਰਣਾ ਚਾਹੁੰਦਾ ਸੀ.

ਵਿੱਕੀ, ਨਾਨਕ ਸਿੰਘ ਅਤੇ ਮੈਂ ਪਟਿਆਲਾ ਦੀ ਗਲੀਆਂ ਤੇ, ਕੁੱਝ ਪੜ੍ਹੇ-ਲਿਖੇ ਅਤੇ ਜ਼ਿੱਮੇਵਾਰ ਲੋਕਾਂ ਦਾ ਇੰਟਰਵਿਊ ਲੈਣ ਲਈ, ਤਲਾਸ਼ ਕਰਦੇ ਰਹੇ. ਸਾਡਾ ਕੋਈ ਸਥਾਨਕ ਸੰਪਰਕ ਨਹੀਂ ਸੀ ਅਤੇ ਇਹ ਇੱਕ ਬੇਤਰਤੀਬੀ ਮਾਮਲਾ ਸੀ. ਅਸੀਂ ਗਲੀਆਂ ਵਿੱਚ ਬਜ਼ੁਰਗ ਲੋਕਾਂ ਨਾਲ ਬੇਤਰਤੀਬੀ ਤੌਰ ਤੇ ਮਿਲਦੇ ਰਹੇ. ਉਨ੍ਹਾਂ ਤੋਂ ਕਈ ਪਛੱਮ ਪੰਜਾਬ ਤੋਂ ਆਏ ਹੋਏ ਪਨਾਹਗੀਰ ਸਨ ਪਰ ਅਸੀਂ ਕੁੱਝ ਸਥਾਨਕ ਲੋਕਾ ਨੂੰ ਮਿਲਣ ਤੇ ਵੀ ਕਾਮਯਾਬ ਹੋਏ. ਇੱਕ ਨਾਂਅ ਜਿਸ ਦਾ ਜ਼ਿਕਰ ਸ਼ਹਿਰ ਦੇ ਫ਼ਸਾਦਾਂ ਬਾਰੇ ਹੁੰਦਾ ਰਿਹਾ ਉਹ ਸੀ ਡਾ.ਹਾਫ਼ਿਜ਼ ਦਾ ਅਤੇ ਉਨ੍ਹਾਂ ਦੇ ਭਰਾ ਦਾ ਜਿਸ ਦਾ ਨਾਂਅ ਲੋਕਾਂ ਨੂੰ ਯਾਦ ਨਹੀਂ ਸੀ. ਕਿਸੇ ਨੂੰ ਡਾ.ਕਰੀਮ ਅਤੇ ਡਾ.ਹਕੀਮ ਯਾਦ ਨਹੀਂ ਸਨ. ਸਾਨੂ ਦੱਸਿਆ ਗਿਆ ਕਿ ਡਾ.ਹਾਫ਼ਿਜ਼ ਸੱਚ-ਮੁਚ ਪਟਿਆਲਾ ਦੇ ਇੱਕ ਪ੍ਰਮੁੱਖ ਮੁਸਲਿਮ ਸਨ. ਅਮਰੀਕ ਚੰਦ ਅਹਲੁਵਾਲਿਆ, ਪਟਿਆਲਾ ਦੇ ਪੈਦਾਇਸ਼ੀ ਨੇ, ਅਤੇ ਉਨ੍ਹਾਂ ਦੀ ਤਕਸੀਮ ਤੋਂ ਪਹਿਲਾਂ ਦੇ ਪੰਜਾਬ ਦੀ ਯਾਦਾਂ ਅਧਿਆਇ ਦੋ ਤੇ ਪੇਸ਼ ਕੀਤੀ ਗਈ ਨੇ. ਉਹ 1947 ਤੇ, ਸ਼ਹਿਰ ਤੇ ਮੌਜੂਦ ਸਨ.

ਅਮਰੀਕ ਚੰਦ ਅਹਲੁਵਾਲਿਆ

'ਪਟਿਆਲਾ ਤੇ ਆਰ.ਐਸ.ਐਸ. ਅਤੇ ਅਕਾਲੀ ਕਾਰਕੁਨਾਂ ਨੇ ਗੜਬੜੀ ਸ਼ੁਰੂ ਕੀਤੀ. ਪਹਿਲਾਂ ਰਿਆਸਤ ਤੇ ਸਿਆਸੀ ਹਰਕਤਾਂ ਦੀ ਕੋਈ ਗੁੰਜਾਇਸ਼ ਨਹੀਂ ਸੀ. ਪਰ 1947 ਤੇ ਹਾਲਾਤ ਬਹੁਤ ਅਸਥਿਰ ਸਨ. ਡਾ.ਹਾਫ਼ਿਜ਼ ਇੱਕ ਮੁਸਲਿਮ ਆਗੂ ਸਨ ਅਤੇ ਇੱਕ ਬੇਹਦ ਇਜ਼ੱਤਦਾਰ ਡਾਕਟਰ ਵੀ. ਇਹ ਸੱਚ ਹੈ ਕਿ ਸ਼ਹਿਰ ਤੇ ਗੜਬੜੀ ਤਦ ਸ਼ੁਰੂ ਹੋਈ ਜਦ ਡਾ.ਹਾਫ਼ਿਜ਼ ਅਤੇ ਸਿੱਖ ਪੁਲਿਸ ਦੇ ਦਰਮਿਆਨ ਗੋਲੀਆਂ ਚਲੀਆਂ. ਇਹ ਸਚ ਨਹੀਂ ਸੀ ਕਿ ਉਨ੍ਹਾਂ ਨੇ ਮਹਾਰਾਜਾ ਉਪਰ ਗੋਲੀ ਚਲਾਈ. ਉਨ੍ਹਾਂ ਦਾ ਨਿਸ਼ਾਨਾ ਕੋਈ ਹੋਰ ਪੁਲਿਸ ਅਫ਼ਸਰ ਸੀ ਜੋ ਉਨ੍ਹਾਂ ਦੇ ਘਰ ਹਥਿਆਰ ਜਬਤ ਕਰਣ ਆਇਆ ਸੀ, ਜਦ ਗੋਲੀਆਂ ਚਲੀਆਂ.

'ਪੁਲਿਸ ਨੇ ਅਫਵਾਹ ਫ਼ੈਲਾ ਦਿੱਤੀ ਕਿ ਡਾ.ਹਾਫ਼ਿਜ਼ ਨੇ ਮਹਾਰਾਜਾ ਉਪਰ ਗੋਲੀ ਚਲਾ ਦਿੱਤੀ ਸੀ. ਇਸ ਦੇ ਚਲਦਿਆਂ ਖਲਬਲੀ ਮਚ ਗਈ. ਡਾ.ਹਾਫ਼ਿਜ਼ ਨੂੰ ਗਰਿਫ਼ਤਾਰ ਕਰ ਕੇ ਹਲਾਕ ਕਰ ਦਿੱਤਾ ਗਿਆ. ਸਬਜ਼ੀ ਮੰਡੀ ਤੇ ਘੱਟ ਤੋਂ ਘੱਟ ਪੰਜਾ ਮੁਸਲਿਮਾਂ ਨੂੰ ਮਾਰ ਦਿੱਤਾ ਗਿਆ. ਠੱਕ ਬਾਜ਼ਾਰ ਤੇ, ਜਿਥੇ ਅਸੀਂ ਬੈਠੇ ਹਾਂ ਅਤੇ ਅਕਾਲ ਮੰਡੀ ਤੇ ਵੀ, ਮੁਸਲਿਮਾਂ ਨੂੰ ਹਲਾਕ ਕੀਤਾ ਗਿਆ. ਉਸ ਵਕਤ ਪਟਿਆਲਾ 25,000 ਲੋਕਾਂ ਦਾ ਸ਼ਹਿਰ ਸੀ. ਇਥੋਂ ਦਸ ਕਿਲੋਮੀਟਰ ਦੂਰ ਪਿੰਡ ਸੁਫੇਰਾ ਤੇ, ਮੈਂ 200-300 ਮੁਸਲਿਮਾਂ ਦੀ ਲਾਸ਼ਾ ਵੇਖਿਆਂ. ਕੋਈ ਜ਼ਿੰਦਾ ਨਹੀਂ ਬਚਿਆ. ਪਟਿਆਲਾ ਦੇ ਮੁਸਲਿਮ ਬਿਲਕੁਲ ਪਛੱਮ ਪੰਜਾਬ ਦੇ ਹਿੰਦੂਆਂ ਅਤੇ ਸਿੱਖਾ ਦੀ ਤਰ੍ਹਾਂ ਬੇਵੱਸ ਸਨ.

'ਸਾਡਾ ਇੱਕ ਗੁਆਂਢੀ ਮੁਹੱਮਦ ਸੱਤਾਰ 1950 ਤੇ ਪਾਕਿਸਤਾਨ ਤੋਂ ਆਇਆ. ਉਸ ਨੇ ਪੰਜ ਤੋਲੇ ਸੋਨਾ ਆਪਣੇ ਘਰ ਦੀ ਕੰਧ ਤੇ ਲੁੱਕਾ ਕੇ ਰੱਖਿਆ ਸੀ. ਉਸ ਨੂੰ ਸੋਨਾ ਲੱਭ ਗਿਆ ਅਤੇ ਉਹ ਇਸ ਨੂੰ ਲੈ ਕੇ ਪਾਕਿਸਤਾਨ ਚਲੇ ਗਿਆ. ਕੁੱਝ ਮੁਸਲਿਮ ਪਟਿਆਲਾ ਤੇ ਰਹਿ ਗਏ ਅਤੇ ਕਦੀ ਨਹੀਂ ਗਏ.'

ਪੰਡਿਤ ਮੋਹਨ ਲਾਲ ਬਾਲੇ

'ਮੇਰਾ ਜਨਮ 1923 ਤੇ ਪਟਿਆਲਾ ਤੇ ਹੋਇਆ ਸੀ ਪਰ 1947 ਦੇ ਸ਼ੁਰੂ ਤੇ ਮੈਂ ਲਾਹੌਰ ਤੇ ਸੀ ਜਿਥੇ ਮੈਂ ਬਤੌਰ ਇੱਕ ਮੌਸੀਕਾਰ, ਫਿਲਮ ਉਦਯੋਗ ਤੇ ਕੱਮ ਕਰਦਾ ਸੀ ਅਤੇ ਇੱਕ ਸਹਿਯੋਗੀ ਨਾਲ ਮਿਲ ਕੇ, ਮਸ਼ਹੂਰ ਪੰਜਾਬੀ ਫਿਲਮ ਯਮਲਾ ਜੱਟ ਦਾ ਸੰਗੀਤ ਤਿਆਰ ਕੀਤਾ ਸੀ. ਸ਼ਮਸ਼ਾਦ ਬੇਗ਼ਮ ਅਤੇ ਨੁਰਜਹਾਨ ਨੇ ਮੇਰੇ ਲਈ ਗਾਨਾ ਗਾਇਆ ਹੈ. ਮੈਂ ਸੰਗੀਤ, ਉਸਤਾਦ ਆਸ਼ਿਕ ਅਲੀ ਖ਼ਾਨ ਤੋਂ ਸਿਖਿਆ. ਮਾਰਚ 1947 ਤੇ, ਮੇਰੀ ਭੈਣ ਦਾ ਵਿਆਹ ਹੋਣ ਵਾਲਾ ਸੀ, ਅਤੇ ਮੈਨੂੰ ਪਟਿਆਲਾ ਵਾਪਸ ਆਉਣਾ ਪਇਆ, ਜਿਥੇ ਮੇਰਾ ਪਰਵਾਰ ਰਹਿੰਦਾ ਸੀ ਅਤੇ ਮੈਂ ਇਥੇ ਰਹ ਗਿਆ. ਸ਼ਹਿਰ ਤੇ, ਡਾ.ਹਾਫ਼ਿਜ਼ ਦਾ ਇੱਕ ਵੱਡਾ ਕਲੀਨਿਕ ਸੀ. ਉਨ੍ਹਾਂ ਦੇ ਅਤੇ ਪੁਲਿਸ ਦੇ ਦਰਮਿਆਨ, ਉਨ੍ਹਾਂ ਦੇ ਕਲੀਨਿਕ ਤੇ ਇੱਕ ਝੜਪ ਹੋ ਗਈ ਅਤੇ ਉਨ੍ਹਾਂ ਨੇ ਕੁੱਝ ਗੋਲੀਆਂ ਚਲਾ ਦਿੱਤੀਆਂ, ਪਰ ਇਹ ਹਮਲਾ ਮਹਾਰਾਜਾ ਉਪਰ ਨਹੀਂ ਸੀ. ਪੁਲਿਸ ਅਫ਼ਸਰ ਸ਼ਾਹੀ ਖਾਨਦਾਨ ਦਾ ਸੀ. ਡਾ.ਹਾਫ਼ਿਜ਼ ਨੂੰ ਕਰੁਰਤਾ ਨਾਲ ਮਾਰ ਦਿੱਤਾ ਗਿਆ. ਕੁੱਝ ਹਿੰਦੂ ਅਤੇ ਸਿੱਖ ਵੀ ਮਾਰੇ ਗਏ, ਪਰ ਜ਼ਿਆਦਾ ਮੁਸਲਿਮ ਹਲਾਕ ਜਾਂ ਜ਼ਖ਼ਮੀ ਹੋਏ. ਪਛੱਮ ਪੰਜਾਬ ਤੋਂ ਆਏ ਸਿੱਖ ਪਨਾਹਗੀਰ, ਖ਼ਾਸ ਕਰ ਕੇ, ਰਾਵਲਪਿੰਡੀ ਅਤੇ ਪੇਸ਼ਾਵਰ ਤੋਂ ਆਏ, ਇਸ ਦੇ ਸਰਗਨਾ ਸਨ. ਉਹ ਬਦਲਾ ਲੈਣਾ ਚਾਹੁੰਦੇ ਸਨ ਅਤੇ ਉਨ੍ਹਾਂ ਨੂੰ ਮੌਕਾ ਵੀ ਮਿਲ ਗਿਆ. ਸ਼ਥਾਨਕ ਲੋਕਾਂ ਨੇ ਮੁਸਲਿਮਾਂ ਦੇ ਖ਼ਿਲਾਫ਼ ਉਣ ਹਮਲੇਆਂ ਤੇ ਹਿੱਸਾ ਨਹੀਂ ਲੀਤਾ.

'ਮੇਰੇ ਦੋਸਤ ਵਲੀ ਮੁਹੱਮਦ, ਜ਼ਾਕਿਰ ਹੁਸੈਨ ਅਤੇ ਸਾਡੇ ਕਈ ਗੁਆਂਢੀਆਂ ਨੇ ਸਾਡੇ ਨਾਲ ਹਿੰਦੂ ਮੰਦਰ ਤੇ ਪਨਾਹ ਲੀਤੀ. ਮੇਰੇ ਪਿਤਾ ਪੁਲਿਸ ਦੇ ਮਹਕਮੇ ਤੋਂ ਰਿਟਾਇਰ ਹੋਏ ਸੀ ਅਤੇ ਸਾਡੇ ਨਾਲ ਕੁੱਝ ਹਥਿਆਰ ਘਰ ਵਿੱਚ ਸਨ. ਇਸ ਨੇ ਹਮਲਾਵਰਾਂ ਨੂੰ ਦੂਰ ਰੱਖਿਆ. ਜਦ ਹਾਲਾਤ ਕੁੱਝ ਬਿਹਤਰ ਹੋਏ, ਮੇਰੇ ਪਿਤਾ ਨੇ ਮੈਨੂੰ ਅਤੇ ਮੇਰੇ ਭਰਾ ਬ੍ਰਿਜ ਲਾਲ ਨੂੰ ਉਨ੍ਹਾਂ ਨੂੰ ਲੈ ਕੇ ਬਹਾਦੁਰਗੜ ਕਿਲੇ ਤੇ ਛੱਡ ਦੇਨ ਨੂੰ ਕਿਹਾ, ਜਿਥੇ ਮੁਸਲਿਮਾਂ ਲਈ, ਇੱਕ ਕੈਂਪ ਸਥਾਪਤ ਕੀਤਾ ਗਿਆ ਸੀ. ਅਸੀਂ ਖਾਣ ਦੀ ਅਤੇ ਦੂਜੀ ਚੀਜਾਂ ਕੈਂਪ ਤੇ ਆਪਣੇ ਦੋਸਤਾਂ ਨੂੰ ਦੇਣ ਜਾਂਦੇ ਸੀ.'

ਚੌਧਰੀ ਘੁਲਾਮ ਰੱਬਾਨੀ

ਚੌਧਰੀ ਘੁਲਾਮ ਰੱਬਾਨੀ, ਜੋ ਨਾਭਾ ਰਿਆਸਤ ਦੀ ਮੁਸਲਿਮ ਲੀਗ ਦੇ ਪ੍ਰਧਾਨ ਸਨ, ਉਨ੍ਹਾਂ ਨੇ ਸਿੱਖ ਸ਼ਾਹੀ ਰਿਆਸਤਾਂ ਤੇ ਹੋਈ ਘਟਨਾਵਾ ਉਪਰ ਇੱਕ ਵਿਸਤਰਤ ਰਿਪੋਰਟ ਲਿਖੀ ਸੀ. ਪਟਿਆਲਾ ਬਾਰੇ ਉਹ ਗੌਰ ਕਰਦੇ ਨੇ ਕਿ ਡਾ.ਹਾਫ਼ਿਜ਼ ਨੇ ਬਹੁਤ ਬਹਾਦਰੀ ਨਾਲ ਪਟਿਆਲਾ ਪੁਲਿਸ ਦੇ ਹਮਲੇ ਦਾ ਮੁਕਾਬਲਾ ਕੀਤਾ:

> ਜਿਣ ਮੁਸਲਿਮਾਂ ਨੇ ਆਪਣੀ ਹਿਫ਼ਾਜ਼ਤ ਲਈ ਬੰਦੂਕਾਂ ਦਾ ਇਸਤੇਮਾਲ ਕੀਤਾ, ਉਨ੍ਹਾਂ ਨੂੰ ਮਹਾਰਾਜਾ ਦੇ ਸਭ ਤੋਂ ਜ਼ਿਆਦਾ ਗੁੱਸੇ ਦਾ ਸਾਹਮਣਾ ਕਰਣਾ ਪਇਆ. ਪਟਿਆਲਾ ਦੇ ਡਾ.ਹਾਫ਼ਿਜ਼ ਇੱਕ ਇਸ ਤਰ੍ਹਾਂ ਦੇ ਇਨਸਾਨ ਸਨ, ਜਿਨ੍ਹਾਂ ਨੇ ਆਪਣੇ ਪਰਵਾਰ ਦੀ ਜ਼ਿੰਦਗੀ ਅਤੇ ਇੱਜ਼ਤ ਲਈ, ਇੱਕ ਮਰਦ ਦੀ ਤਰ੍ਹਾਂ ਟਾਕਰਾ ਕੀਤਾ. ਮਹਾਰਾਜਾ ਨੇ ਉਨ੍ਹਾਂ ਦਾ ਘਰ ਇੱਕ ਟੈਂਕ ਨਾਲ ਢਾਹ ਦਿੱਤਾ. ਉਨ੍ਹਾਂ ਦੇ ਪਰਵਾਰ ਦੇ ਸਾਰੇ ਸਦੱਸ, ਮਲਬੇ ਦੇ ਥਲੇ ਦਫ਼ਨ ਹੋ ਗਏ. ਡਾ.ਹਾਫ਼ਿਜ਼ ਨੂੰ ਜ਼ਿੰਦਾ ਫੜ ਲੀਤਾ ਗਿਆ, ਅਤੇ ਇੱਕ ਦਰਖ਼ਤ ਤੇ ਉਲਟਾ ਲਟਕਾ ਦਿੱਤਾ ਗਿਆ. ਇਸ ਦੇ ਬਾਅਦ, ਉਨ੍ਹਾਂ ਦੀ ਜ਼ਿੰਦਾ ਚਮੜੀ ਉਤਾਰ ਦਿੱਤੀ ਗਈ. ਇਸ ਤ੍ਰਾਸਦੀ ਦੇ ਬਾਰੇ ਮੈਂ ਕਾਫ਼ੀ ਪੜਤਾਲ ਕੀਤੀ ਹੈ, ਅਤੇ ਮੈਨੂੰ ਤਸੱਲੀ ਹੈ ਕਿ ਉਹ ਪੂਰੀ ਤਰ੍ਹਾਂ ਸੱਚ ਸੀ (1993: 223).

...ਡਾ.ਹਾਫ਼ਿਜ਼ ਜਾਂ ਡਾ.ਹਕੀਮ?

ਇਸ ਸੰਭਾਵਨਾ ਨੂੰ ਛੱਡ ਕੇ ਕਿ ਕਹਾਣੀ ਦੱਸਨ ਵਾਲੇ ਮੁਹੱਮਦ ਅਫ਼ਜ਼ਾਲ ਸ਼ਰੀਫ਼, ਪਟਿਆਲਾ ਦੇ ਡਾਕਟਰ ਦਾ ਸਹੀ ਨਾਂਅ ਭੁੱਲ ਗਏ ਸੀ ਜਾਂ ਉਨ੍ਹਾਂ ਨੇ ਖ਼ੁਦ ਇਹ ਅਫ਼ਸਾਨਾ ਤਿਆਰ ਕੀਤਾ ਸੀ, ਹਕੀਮ ਚੁਘਤਾਈ, ਨੇ ਜਾਣ-ਬੁੱਝ ਕੇ 'ਡਾ.ਹਕੀਮ' ਅਤੇ 'ਡਾ.ਕਰੀਮ', ਦੋ ਨਾਂਅ ਇਜ਼ਾਦ ਕੀਤੇ, ਇਥੇ ਤਕ ਕਿ, ਸ਼ਾਇਦ ਇੱਕ ਦੂਜਾ ਬਨਾਵਟੀ ਭਰਾ ਵੀ ਇਜ਼ਾਦ ਕਰ ਦਿੱਤਾ, ਪਰ ਜਿਸ ਬੰਦੇ ਦਾ ਜ਼ਿਕਰ ਕੀਤਾ ਗਿਆ ਉਹ ਡਾ.ਹਾਫ਼ਿਜ਼ ਹੀ ਹੋਣਾ ਚਾਹੀਦਾ ਹੈ. ਦੂਜੇ ਕਿੱਸੇਆਂ ਵਿੱਚ ਵੀ ਸਿਰਫ਼ ਡਾ.ਹਾਫ਼ਿਜ਼ ਦਾ ਜਿਕਰ ਹੈ ਅਤੇ ਸਿਰਫ ਇੱਕ ਅਹਿਮ ਇਨਸਾਨ ਹੀ ਹੈ ਅਤੇ ਉਹ ਹੈ-ਡਾ.ਹਾਫ਼ਿਜ਼. ਚੁੰਕਿ ਡਾ.ਹਾਫ਼ਿਜ਼ ਨੇ ਆਪਣੇ ਪਰਵਾਰ ਦੀ ਖ਼ਵਾਤੀਨਾਂ ਦਾ ਕਤਲ ਕਰ ਦਿੱਤਾ ਸੀ, ਇਸ ਕਿਰਦਾਰ ਨੂੰ ਡਾ.ਹਾਫ਼ਿਜ਼ (ਡਾ.ਹਕੀਮ) ਦੀ ਕਾਨੂੰਨੀ ਅੜਚਨਾਂ ਹਟਾਉਣ ਲਈ, ਇਜ਼ਾਦ ਕੀਤਾ ਗਿਆ ਹੋਵੇਗਾ. ਅਹਿਮਦ ਸਲੀਮ ਅਤੇ ਮੈਂ ਬਾਰ ਬਾਰ ਹਕੀਮ ਚੁਘਤਾਈ ਨਾਲ ਸੰਪਰਕ ਕਰਣ ਦੀ ਕੋਸ਼ਿਸ਼ ਕੀਤੀ ਅਤੇ ਉਸ ਦੇ ਕਲੀਨਿਕ ਵੀ ਗਏ, ਜੋ ਮੁਜ਼ੰਗ ਚੁੰਗੀ ਦੇ ਇੱਕ ਮਹੱਲੇ ਤੇ, ਕਈ ਘਰਾਂ ਦੀ ਕਤਾਰ ਵਿੱਚ ਸੀ, ਪਰ ਉਹ ਉਥੇ ਹਾਜਰ ਨਹੀਂ ਸੀ. ਅਹਿਮਦ ਸਲੀਮ ਨੇ ਉਨ੍ਹਾਂ ਦੇ ਨਾਲ ਟੈਲੀਫੋਨ ਤੇ ਗੱਲ ਵੀ ਕੀਤੀ ਸੀ ਅਤੇ ਉਸ ਨੂੰ, ਮੇਰੇ

ਪਾਕਿਸਤਨ ਦੌਰੇ ਦੀ ਇਤਲਾਹ ਵੀ ਦਿੱਤੀ ਸੀ ਅਤੇ ਕਿਹਾ ਸੀ ਕਿ ਮੈਂ ਉਨ੍ਹਾਂ ਦੇ ਨਾਲ ਗੱਲ-ਬਾਤ ਕਰਾਂਗਾ, ਪਰ ਬਦਕਿਸਮਤੀ ਨਾਲ ਅਸੀਂ ਉਨ੍ਹਾਂ ਦੇ ਨਾਲ ਸੰਪਰਕ ਨਹੀਂ ਕਰ ਸਕੇ.

ਮਿਆਂ ਨੂਰ ਮੁਹੱਮਦ

ਹਕੀਮ ਚੁਘਤਾਈ ਦੀ ਕਿਤਾਬ ਤੇ ਦੂਜੀ ਗਵਾਹੀ ਐਡਵੋਕੇਟ ਮਿਆਂ ਨੂਰ ਮੁਹੱਮਦ ਦੀ ਹੈ. ਮਿਆਂ ਨੂਰ ਮੁਹੱਮਦ ਦੇ ਮੁਤਾਬਕ, ਉਹ ਅਲੀਗੜ ਮੁਸਲਿਮ ਯੂਨੀਵਰਸਿਟੀ ਤੇ ਆਪਣੀ ਤਾਲੀਮ ਪੂਰੀ ਕਰਣ ਤੋਂ ਬਾਅਦ, ਪਟਿਆਲਾ ਵਾਪਸ ਆ ਗਏ ਅਤੇ ਭਟਿੰਡਾ ਤੇ ਵਕਾਲਤ ਕਰਣ ਲਗੇ. ਉਹ ਸ਼ਹਿਰ ਦੇ ਇਕੱਲੇ ਮੁਸਲਿਮ ਵਕੀਲ ਸਨ. ਮਿਹਨਤ ਕਰ ਕੇ ਉਨ੍ਹਾਂ ਨੇ ਜਲਦ ਹੀ ਆਪਣੀ ਆਮਦਨੀ ਦਾ ਬਹੁਤ ਜ਼ਿਆਦਾ ਵਾਧਾ ਕਰ ਲੀਤਾ. ਉਹ ਲਿਖਦੇ ਨੇ, 'ਅਦਾਲਤੀ ਅਫ਼ਸਰਾਂ ਵਿੱਚ ਸਰਦਾਰ ਰਣਜੀਤ ਸਿੰਘ ਸਰਕਾਰਿਆ, ਖ਼ਾਸ ਕਰ ਕੇ, ਕਾਬਿਲੇ ਤਾਰੀਫ਼ ਸੀ. ਸਿੱਖ ਹੋਣ ਦੇ ਬਾਵਜੂਦ, ਉਹ ਇੱਕ ਖਾਸ ਵਾਜ਼ਬ ਇਨਸਾਨ ਸਨ, ਅਤੇ ਨਾ ਹੀ ਕਿਸੇ ਕੌਮ ਦੇ ਖ਼ਿਲਾਫ਼ ਸਨ. ਇਸ ਕਰ ਕੇ ਆਮ ਲੋਕ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸੀ. ਇਸ ਦੇ ਇਲਾਵਾ, ਪਟਿਆਲਾ ਦੇ ਹੁਕਮਰਾਨ, ਮਹਾਰਾਜਾ ਭੁਪਿੰਦਰ ਸਿੰਘ, ਪਹਿਲਾਂ ਆਪਣੀ ਪਰਜਾ ਦੇ ਲੋਕਾਂ ਦੇ ਨਾਲ ਕੋਈ ਤਰਫ਼ਦਾਰੀ ਨਹੀਂ ਕਰਦੇ ਸੀ. ਕਈ ਵਾਰ, ਪਟਿਆਲਾ ਦੇ ਵਜੀਰੇ-ਆਲ੍ਹਾ ਮੁਸਲਿਮ ਹੁੰਦੇ ਸੀ. ਮਹਾਰਾਜਾ ਭੁਪਿੰਦਰ ਸਿੰਘ ਦੀ ਮੌਤ ਦੇ ਬਾਅਦ, ਉਨ੍ਹਾਂ ਦੇ ਬੇਟੇ ਵੀ ਉਸੇ ਨੀਤੀ ਉਪਰ ਚਲਦੇ ਰਹੇ' (ਪ.34).

ਮਿਆਂ ਨੂਰ ਮੁਹੱਮਦ ਸਾਨੂ ਦੱਸਦੇ ਨੇ ਕਿ ਜਦ 23 ਮਾਰਚ 1940 ਨੂੰ, ਪਾਕਿਸਤਾਨ ਦੇ ਲਈ ਲਾਹੌਰ ਤੇ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਤੇ ਪਟਿਆਲਾ ਦੀ ਰਿਆਸਤ ਤੇ ਵੀ ਇਸ ਦੀ ਲਹਿਰਾਂ ਮਹਿਸੂਸ ਕੀਤੀ ਗਈਆਂ. ਪਟਿਆਲਾ ਦੇ ਮੁਸਲਿਮ ਵੀ ਪਾਕਿਸਤਾਨ ਦੇ ਖ਼ਿਆਲ ਦੀ ਤਰਫ਼ ਖਿੱਚ ਮਹਿਸੂਸ ਕਰ ਰਹੇ ਸੀ. ਰਿਆਸਤ ਵਿੱਚ ਸਿਆਸੀ ਪਾਰਟੀਆਂ ਉਪਰ ਪਾਬੰਦੀ ਸੀ, ਮਗਰ ਮਾਹੌਲ ਤੇ ਸਿਆਸਤ ਪੈਦਾ ਹੋਣ ਲਗੀ. 1946 ਤੇ ਇੰਤਖ਼ਾਬ ਨੇ ਮੁਸਲਿਮ ਲੀਗ ਨੂੰ ਇੱਕ ਵੱਡੀ ਮਜਾਰਿਟੀ ਦੇ ਕੇ, ਮੁਸਲਿਮਾਂ ਦੀ ਮੁੱਖ ਪਾਰਟੀ ਸਾਬਤ ਕਰ ਦਿੱਤਾ, ਪਰ 3 ਮਾਰਚ 1947 ਦੇ ਮਾਸਟਰ ਤਾਰਾ ਸਿੰਘ ਦੇ ਭੜਕਾਉ ਬਿਆਨਾਂ ਨੇ ਪਟਿਆਲਾ ਵਿੱਚ ਬਹੁਤ ਜ਼ਿਆਦਾ ਤਣਾਅ ਪੈਦਾ ਕਰ ਦਿੱਤਾ. ਉਹ ਹੋਰ ਕਹਿੰਦੇ ਨੇ:

> 18 ਅਗਸਤ ਨੂੰ ਈਦ ਸੀ. ਸਿੱਖਾਂ ਨੇ ਭਟਿੰਡਾ ਤੇ ਮੁਸਲਿਮਾਂ ਦਾ ਕਤਲੇਆਮ ਸ਼ੁਰੂ ਕੀਤਾ, ਜੋ ਕਿ ਪਟਿਆਲਾ ਸ਼ਾਹੀ ਰਿਆਸਤ ਦਾ ਹਿੱਸਾ ਸੀ. ਮੈਨੂੰ ਦੱਸਿਆ ਗਿਆ ਕਿ ਹਮਲਾਵਰ ਮੇਰੇ ਘਰ ਦੀ ਤਰਫ਼ ਆ ਰਹੇ ਸੀ. ਮੈਂ ਇੱਕ ਹਿੰਦੂ ਮਹੱਲੇ ਤੇ ਰਹਿੰਦਾ ਸੀ. ਮੈਂ ਉਸ ਮਹੱਲੇ ਦਾ ਇਕੱਲਾ ਮੁਸਲਿਮ ਸੀ. ਅਸੀਂ ਇੱਕ ਮੁਸਲਿਮ ਮਹੱਲੇ ਤੇ ਪਨਾਹ ਲੀਤੀ ਅਤੇ ਇੱਕ ਰਹਿਮਦਿਲ ਮੁਸਲਿਮ ਪਰਵਾਰ ਦੇ ਘਰ ਮਹਿਫ਼ੂਜ਼ ਸੀ. ਫਿਰ ਗੋਲੀਆਂ ਚਲਣ ਲਗੀਆਂ. ਪੰਜ ਦਿਨਾਂ ਬਾਅਦ ਅਸੀਂ ਬਾਹਰ ਆਏ. ਮੇਰੀ ਮਾਂ ਮੇਰੀ ਛੋਟੀ ਬੱਚੀ ਨੂੰ ਲੈ ਕੇ ਰੇਲਵੇ ਸਟੇਸ਼ਨ ਦੀ ਤਰਫ਼ ਗਈ. ਮੈਂ ਆਪਣੀ ਬੀਵੀ ਅਤੇ ਦੋ ਛੋਟੇ ਮੁੰਡੇਆਂ ਨੂੰ ਲੈ ਕੇ ਦੂਜੇ ਪਾਸੇ ਭੱਜਾ. ਪਰ, ਇੱਕ ਚਕੱਰ ਪੂਰਾ ਕਰ ਕੇ, ਅਸੀਂ ਵੀ ਰੇਲਵੇ ਸਟੇਸ਼ਨ ਪਹੁੰਚ ਗਏ. ਸਟੇਸ਼ਨ ਤੇ ਬਹੁਤ ਜ਼ਿਆਦਾ ਲੋਕ ਇਕੱਠਾਂ ਹੋ ਗਏ ਸੀ. ਸਿੱਖ ਕਿਰਪਾਨਾਂ ਲਹਰਾ ਰਹੇ ਸੀ ਅਤੇ ਪਾਕਿਸਤਾਨ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਸੀ. ਅਚਾਨਕ, ਇੱਕ ਸਿੱਖ ਬਰਛਾ ਲੈ ਕੇ ਮੇਰੇ ਪਿੱਛੇ ਦੌੜਣ ਲਗਾ. ਮੈਂ ਬਦਹਵਾਸ ਹੋ ਕੇ ਨੱਸਣ ਲਗਾ ਅਤੇ ਸ਼ਹਿਰ ਤੋਂ ਬਾਹਰ, ਖੇਤਾਂ ਤੇ ਵੜ ਗਿਆ. ਮੈਂ ਉਥੇ

ਕਈ ਦਿਨਾਂ ਤਕ ਲੁੱਕ ਕੇ ਰਹਿਆ. ਜਦ ਹਾਲਾਤ ਕੁੱਝ ਬਿਹਤਰ ਹੋਏ, ਮੈਂ ਰੇਲਵੇ ਸਟੇਸ਼ਨ ਦੁਬਾਰਾ ਗਿਆ. ਉਥੇ ਬਹੁਤ ਖ਼ਾਮੋਸ਼ੀ ਸੀ ਅਤੇ ਜ਼ਮੀਨ ਲਹੂ ਨਾਲ ਲਾਲ ਸੀ.

ਅਚਾਨਕ ਮੈਨੂੰ ਆਪਣੀ ਮਾਂ ਅਤੇ ਬੀਵੀ ਦੀ ਯਾਦ ਆਉਣ ਲਗੀ ਅਤੇ ਮੈਂ ਮਹਿਸੂਸ ਕੀਤਾ ਕਿ ਦੁਨੀਆ ਤੇ ਹੁਣ ਮੈਂ ਇਕੱਲਾ ਸੀ. ਮੈਂ ਆਪਣੇ ਆਪ ਨੂੰ ਜ਼ੋਰ ਦੀ ਰੋਣ ਤੋਂ ਰੋਕ ਨਹੀਂ ਸਕਿਆ. ਮੈਂ ਤੁਰਣ ਲਗਾ ਅਤੇ ਕੁੱਝ ਵਕਤ ਬਾਅਦ, ਇੱਕ ਪਿੰਡ ਤੇ ਪਹੁੰਚ ਗਿਆ. ਮੈਂ ਦਰਵਾਜ਼ੇ ਤੇ ਦਸਤਕ ਦਿੱਤੀ. ਇੱਕ ਔਰਤ ਆਈ ਅਤੇ ਮੈਨੂੰ ਵੇਖ ਕੇ ਚੀਕਣ ਲਗੀ 'ਮਾਰੋ ਮਾਰੋ', ਇਥੇ ਇੱਕ ਮੁਸਲਿਮ ਹੈ!' ਮੈਂ ਫਿਰ ਭੱਜਾ ਅਤੇ ਦੁਬਾਰਾ ਖੇਤਾਂ ਤੇ ਪਨਾਹ ਲੀਤੀ ਅਤੇ ਉਥੇ ਕੁੱਝ ਦਿਨਾਂ ਤਕ ਰਿਹਾ. ਅਖੀਰਕਾਰ ਮੈਂ ਇੱਕ ਛੋਟੇ ਪਿੰਡ ਡਬਵਾਲੀ ਪਹੁੰਚਿਆ (ਹੁਣ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਤੇ). ਮੈਂ ਆਪਣੇ ਆਪ ਨੂੰ ਇੱਕ ਪੁਲਿਸ ਥਾਨੇ ਦੇ ਸਾਹਮਣੇ ਵੇਖਿਆ ਅਤੇ ਅੰਦਰ ਚਲਾ ਗਿਆ. ਇੱਕ ਹਿੰਦੂ ਸਿਪਾਹੀ ਨੂੰ ਮੇਰੇ ਉਪਰ ਤਰਸ ਆ ਗਿਆ ਅਤੇ ਇੱਕ ਠੀਕ-ਠਾਕ ਖਾਣਾ ਦਿੱਤਾ. ਮੇਰੀ ਕਹਾਣੀ ਸੁਣਣ ਦੇ ਬਾਅਦ, ਉਸ ਨੇ ਮੈਨੂੰ ਕਿਹਾ ਕਿ ਇੱਕ ਨਵੇਂ ਮੁਸਲਿਮ ਥਾਨੇਦਾਰ ਦੀ ਥਾਨੇ ਤੇ ਤਇਨਾਤੀ ਹੋਈ ਸੀ. ਉਹ ਇੱਕ ਮਾਮਲੇ ਦੀ ਤਹਕੀਕਾਤ ਕਰਣ ਸ਼ਹਿਰ ਤੇ ਗਏ ਹੋਏ ਸੀ, ਪਰ ਮੈਨੂੰ ਉਨ੍ਹਾਂ ਦੀ ਵਾਪਸੀ ਤਕ ਇੰਤਜ਼ਾਰ ਕਰਣਾ ਚਾਹੀਦਾ ਸੀ. ਮੈਨੂੰ ਇਸ ਤਰ੍ਹਾਂ ਦੀ ਖ਼ਬਰ ਦੀ ਉਮੀਦ ਨਹੀਂ ਸੀ ਅਤੇ ਮੈਂ ਹੈਰਾਨ ਸੀ. ਉਨ੍ਹਾਂ ਦਾ ਇੰਤਜ਼ਾਰ ਕਰਣ ਦੀ ਬਜਾਏ, ਮੈਂ ਪਤਾ ਕਰ ਲੀਤਾ ਕਿ ਉਹ ਕਿਥੇ ਸਨ ਅਤੇ ਉਨ੍ਹਾਂ ਨੂੰ ਮਿਲਣ ਚਲਾ ਗਿਆ. ਜਦ ਮੈਂ ਉਨ੍ਹਾਂ ਨੂੰ ਆਪਣੇ ਬਾਰੇ ਦੱਸਿਆ, ਉਨ੍ਹਾਂ ਨੇ ਆਪਣਾ ਚਿਹਰਾ ਫੇਰ ਲੀਤਾ. ਹੁਣ ਇਸ ਤਰ੍ਹਾਂ ਦੇ ਹਾਲਾਤ ਤੇ ਮੈਂ ਕੀ ਕਰ ਸਕਦਾ ਸੀ? ਮੈਂ ਉਸ ਤਰਫ਼ ਚਲਾ ਗਿਆ ਜਿਥੇ ਉਹ ਮੈਨੂੰ ਵੇਖ ਸਕਦੇ ਸੀ. ਇਸ ਵਾਰ, ਉਨ੍ਹਾਂ ਨੇ ਨਾਰਾਜ਼ਗੀ ਨਾਲ ਕਿਹਾ, 'ਗੱਡੀ ਅੰਦਰ ਚੜ੍ਹੋ'. ਫਿਰ ਉਹ ਮੈਨੂੰ ਗੱਡੀ ਵਿੱਚ ਸਿਰਸਾ ਲੈ ਗਏ....ਫਿਰ ਅਸੀਂ ਮੁਸਲਿਮਾਂ ਦੇ ਇੱਕ ਕੈਂਪ ਤੇ ਹਿਸਾਰ ਚਲੇ ਗਏ...ਹਿਸਾਰ ਤੋਂ ਮੈਂ ਭਟਿੰਡਾ ਦੇ ਸਿਵਲ ਜੱਜ ਸਰਦਾਰ ਰਣਜੀਤ ਸਿੰਘ ਸਰਕਾਰਿਆ ਨੂੰ ਇੱਕ ਗੁਜ਼ਾਰਸ਼ ਭੇਜੀ ਕਿ ਮੇਰੀ ਮਾਂ, ਬੀਵੀ ਅਤੇ ਬੱਚੇਆਂ ਦੀ ਖੋਜ਼ ਕੀਤੀ ਜਾਵੇ. ਕੁੱਝ ਵਕਤ ਬਾਅਦ, ਮੈਨੂੰ ਉਨ੍ਹਾਂ ਤੋਂ ਪਤਾ ਲਗਾ ਕਿ ਉਨ੍ਹਾਂ ਦੀ ਕੋਸ਼ਿਸ਼ ਦੇ ਚਲਦੇ, ਮੇਰੀ ਬੀਵੀ ਅਤੇ ਬੱਚੇ ਜ਼ਿੰਦਾ ਲੱਭ ਲੀਤੇ ਗਏ ਸੀ.

ਸਾਡੀ ਗੱਡੀ 24 ਅਕਤੂਬਰ ਨੂੰ ਹਿਸਾਰ ਤੋਂ ਪਾਕਿਸਤਾਨ ਲਈ, ਭਟਿੰਡਾ ਹੋ ਕੇ, ਰਵਾਨਾ ਹੋਈ. ਸ਼ਰਦਾਰ ਰਣਜੀਤ ਸਿੰਘ ਸਰਕਾਰਿਆ ਖੁਦ ਸਟੇਸ਼ਨ ਤੇ ਮੇਰੀ ਬੀਵੀ ਨੂੰ ਲੈ ਕੇ ਮੌਜੂਦ ਸਨ. ਮੇਰੀ ਬੀਵੀ ਨੂੰ ਲੱਭਣ ਦੀ ਖੁਸ਼ੀ ਸੋਗ ਵਿੱਚ ਤਬਦੀਲ ਹੋ ਗਈ ਜਦ ਮੈਨੂ ਪਤਾ ਲਗਾ ਕਿ ਉਸ ਦੇ ਨਾਲ ਸਾਡੇ ਬੱਚੇ ਨਹੀਂ ਸਨ. ਮੈਨੂੰ ਪਤਾ ਲਗਾ ਕਿ ਉਨ੍ਹਾਂ ਨੂੰ ਮਾਰ ਦਿੱਤਾ ਗਿਆ ਸੀ. ਹੋਰ, ਮੇਰੀ ਮਾਂ ਅਤੇ ਬੇਟੀ ਵੀ ਨਹੀਂ ਮਿਲੀ (1993: 34-6).

ਇੱਕ ਕਹਾਣੀ ਜਾਰੀ ਰਹਿੰਦੀ ਹੈ ਅਤੇ ਸਾਨੂ ਪਤਾ ਲਗਦਾ ਹੈ ਕਿ ਪਾਕਿਸਤਾਨ ਤੇ ਆਪਣੀ ਜ਼ਿੰਦਗੀ ਸ਼ੁਰੂ ਕਰਣ ਵਿੱਚ ਕਿਣ ਮੁਸ਼ਕਲਾਂ ਦਾ ਮੁਕਾਬਲਾ, ਉਨ੍ਹਾਂ ਨੂੰ ਕਰਣਾ ਪਇਆ. ਉਨ੍ਹਾਂ ਦੀ ਛੋਟੀ ਬੇਟੀ ਆਖ਼ਰ ਤੇ, ਉਨ੍ਹਾਂ ਨੂੰ ਮਿਲ ਜਾਂਦੀ ਹੈ.

ਪਟਿਆਲਾ ਦੇ ਦਿਹਾਤੀ ਇਲਾਕੇ

ਜਦ ਅਸੀਂ ਦਸੰਬਰ 2004 ਨੂੰ ਰਾਵਲਪਿੰਡੀ ਦੇ ਆਲੇ-ਦੁਆਲੇ ਦੇ ਪਿੰਡਾਂ ਦਾ ਜ਼ਬਾਨੀ ਇਤਿਹਾਸ ਇਕੱਠਾ ਕਰ ਰਹੇ ਸੀ, ਅਹਿਮਦ ਸਲੀਮ ਅਤੇ ਮੈਨੂੰ ਕੁੱਝ ਸਥਾਨਕ ਲੋਕਾਂ ਨੇ ਕਲੱਰ ਸਈਦਾਂ ਦੇ ਚੌਧਰੀ ਰੋਸ਼ਨ ਦੀਨ ਬਾਰੇ ਦੱਸਿਆ. ਅਸੀਂ ਉਸ ਨੂੰ 15 ਦਸੰਬਰ 2004 ਨੂੰ ਮਿਲੇ, ਉਨ੍ਹਾਂ ਦੀ ਦਾਸਤਾਨ ਬੇਹਦ ਦਰਦਨਾਕ ਅਤੇ ਭਿਆਨਕ ਸੀ. ਮੈਂ ਬਾਅਦ ਤੇ, ਨਵੰਬਰ 2005 ਨੂੰ ਆਦਮਪੁਰ ਪਿੰਡ ਅਤੇ ਆਲੇ-ਦੁਆਲੇ ਦੇ ਪਿੰਡਾਂ ਤੇ ਵੀ ਗਿਆ ਤਾਂਕਿ ਦੂਜੀ ਤਰਫ਼ ਦੀ ਤਸਵੀਰ ਵੀ ਹਾਸਲ ਕੀਤੀ ਜਾ ਸਕੇ. ਅਸੀਂ ਹੋਰ ਦੋ ਜ਼ਿੰਦਾ ਬਚੇ ਲੋਕਾਂ ਨਾਲ

ਮਿਲੇ, ਮਲੇਰਕੋਟਲਾ, ਪੂਰਬੀ ਪੰਜਾਬ ਦੇ ਚੌਧਰੀ ਅਬਦੁਲ ਸ਼ਕੂਰ ਅਤੇ ਉਨ੍ਹਾਂ ਦੇ ਰਿਸ਼ਤੇ ਦੇ ਭਰਾ ਬਾਬੂ ਖ਼ਾਨ ਨੂੰ.

ਚੌਧਰੀ ਰੋਸ਼ਨ ਦੀਨ

'ਮੇਰਾ ਜਨਮ ਜੂਨ 1936 ਨੂੰ ਇੱਕ ਅਰਾਇਨ ਪਰਵਾਰ ਤੇ ਪਿੰਡ ਆਦਮਪੁਰ, ਸਰਹਿੰਦ ਸ਼ਰੀਫ਼ (ਹੁਣ ਜ਼ਿਲ੍ਹਾ ਫ਼ਤਹਿਗੜ ਸਾਹਿਬ ਤੇ), ਸ਼ਾਹੀ ਰਿਆਸਤ ਪਟਿਆਲਾ ਤੇ ਹੋਇਆ. ਇਹ ਇੱਕ ਵੱਡਾ ਪਿੰਡ ਸੀ ਜਿਸ ਵਿੱਚ ਮੁੱਖ ਤੌਰ ਤੇ ਸਿੱੱਖ ਰਹਿੰਦੇ ਸੀ ਅਤੇ ਕੁੱਝ ਹਿੰਦੂ ਵੀ, ਜੋ ਖ਼ਾਸ ਕਰ ਕੇ ਬ੍ਰਾਹਮਣ ਅਤੇ ਚਮਾਰ ਸੀ ਅਤੇ ਸਿਰਫ਼ ਸੱਤ ਮੁਸਲਿਮ ਪਰਵਾਰ ਸਨ. ਉਥੇ ਤਿੰਨ ਅਰਾਇਨ ਪਰਵਾਰ ਸਨ, ਕੁੱਝ ਗੁੱਜਰ ਅਤੇ ਤੇਲੀ. ਸਾਡੇ ਪਰਵਾਰ ਕੋਲ ਜ਼ਮੀਨ ਸੀ ਅਤੇ ਉਹ ਵਾਹੀ ਕਰਦਾ ਸੀ. ਅਸੀਂ ਇੱਕ ਵੱਡਾ ਇੱਟਾਂ ਦਾ ਪੱਕਾ ਘਰ ਬਣਾਇਆ ਸੀ, ਜਿਸ ਵਿੱਚ ਕਈ ਕਮਰੇ ਅਤੇ ਇੱਕ ਵੱਡਾ ਇਹਾਤਾ ਸੀ. ਸਾਰੀ ਕੌਮਾਂ ਵਿੱਚ ਰਿਸ਼ਤੇ ਦੋਸਤਾਨਾ ਸੀ. ਕਦੇ ਵੀ ਕੋਈ ਮਸਲਾ ਨਹੀਂ ਸੀ. ਸਾਡਾ ਆਪਣਾ ਘਰ ਛੱਡਣ ਦਾ ਕੋਈ ਇਰਾਦਾ ਨਹੀਂ ਸੀ. ਜ਼ਿੰਦਗੀ ਤੇ ਅਮਨ ਅਤੇ ਖ਼ਮੋਸ਼ੀ ਸੀ ਪਰ ਭਾਦੋਂ ਦੇ ਇੱਕ ਦਿਨ ਹਜ਼ਾਰਾਂ ਦੀ ਤਦਾਦ ਤੇ ਸਿੱਖ ਇਸ ਇਲਾਕੇ ਨੂੰ ਘੇਰਣ ਲਗੇ. ਉਹ ਅਚਾਨਕ ਇੱਕ ਵੱਡੀ ਤਦਾਦ ਤੇ ਆ ਗਏ. ਭੀੜ ਚੀਕ ਰਹੀ ਸੀ, 'ਪਾਕਿਸਤਾਨ ਬਣ ਗਿਆ ਹੈ, ਇਥੇ ਮੁਸਲਿਮ ਕੀ ਕਰ ਰਹੇ ਨੇ?' ਸਾਡੇ ਪਿੰਡ ਦੇ ਲੋਕਾਂ ਨੇ ਸਾਨੂ ਜਾਣ ਨੂੰ ਕਿਹਾ. ਕੁੱਝ ਬਦਮਾਸ਼ ਕਿਸਮ ਦੇ ਲੋਕਾਂ ਨੇ ਇਸ ਦਾ ਫ਼ਾਇਦਾ ਲੀਤਾ. ਇਸ ਤੋਂ ਪਹਿਲਾਂ ਕਿ ਅਸੀਂ ਨੱਸਦੇ, ਮੇਰੇ ਰਿਸ਼ਤੇ ਦੇ ਭਰਾ ਜਮਲਾ ਦੀਨ ਨੂੰ ਖੂਹ ਤੇ, ਜੈਮਲ, ਨਗਿਆ ਡਾਕੂ ਦੇ ਮੁੰਡੇ ਨੇ, ਅਤੇ ਬਗੀਰੂ ਜਾਂ ਘਬੀਰ ਸਿੰਘ ਨੇ ਹਲਾਕ ਕਰ ਦਿੱਤਾ. ਦੋਵੇਂ ਸਾਡੇ ਪਿੰਡ ਤੋਂ ਸਨ. ਉਨ੍ਹਾਂ ਨੇ ਉਸ ਦੀ ਬੀਵੀ ਅਤੇ ਭੈਣ ਨੂੰ ਅਗਵਾ ਕਰ ਲੀਤਾ. ਬਾਅਦ ਤੇ, ਸਰਕਾਰਾਂ ਦੇ ਸਹਿਯੋਗ ਨਾਲ, ਉਨ੍ਹਾਂ ਦੀ ਵਾਪਸੀ ਹੋ ਸਕੀ. ਭੀੜ ਦਾ ਸਾਥ, ਇੱਕ ਫ਼ੌਜੀ ਗੱਡੀ ਵਿੱਚ ਪਟਿਆਲਾ ਫ਼ੌਜ ਦੇ ਰਹੀ ਸੀ.

'ਅਸੀਂ, ਜਿਨਾ ਤੇਜ ਹੋ ਸਕਦਾ ਸੀ, ਭੱਜੇ ਅਤੇ ਕਰੀਬ ਦੇ ਮੁਸਲਿਮ ਪਿੰਡ ਮਾਥੀ ਪਹੁੰਚੇ. ਆਲੇ-ਦੁਆਲੇ ਦੇ ਕਈ ਹਜ਼ਾਰ ਮੁਸਲਿਮ ਵੀ ਉਥੇ ਇਕੱਠਾ ਹੋਏ ਸੀ. ਸਾਡੇ ਕਿਸੇ ਕੋਲ ਕੋਈ ਹਥਿਆਰ ਨਹੀਂ ਸੀ ਅਤੇ ਇਸ ਕਰ ਕੇ ਅਸੀਂ ਬੇਵੱਸ ਸੀ, ਜਦ ਸਿੱਖਾਂ ਨੇ ਸਾਡੇ ਉਪਰ ਹਮਲਾ ਕੀਤਾ. ਉਨ੍ਹਾਂ ਨੇ ਪਹਿਲਾਂ ਬੰਦੇਆਂ ਨੂੰ ਔਰਤਾਂ ਅਤੇ ਬੱਚੇਆਂ ਤੋਂ ਅਲਗ ਕੀਤਾ. ਬੰਦੇਆਂ ਨੂੰ ਕੁੱਝ ਦੂਰ ਲੈ ਜਾ ਕੇ ਹਲਾਕ ਕਰ ਦਿੱਤਾ ਗਿਆ. ਮੇਰੇ ਵਾਲਿਦ ਉਨ੍ਹਾਂ ਦੇ ਵਿੱਚ ਸ਼ਾਮਲ ਸਨ. ਮੈਂ ਅਤੇ ਮੇਰਾ ਛੋਟਾ ਭਰਾ ਜੋ ਉਸ ਵਕਤ ਮਹਿਜ਼ ਛੇ ਸਾਲਾਂ ਦਾ ਸੀ, ਆਪਣੀ ਮਾਂ ਦੇ ਨਾਲ ਸੀ. ਔਰਤਾਂ ਨੂੰ ਕੋਈ ਰਹਿਮ ਨਹੀਂ ਦਿਖਾਇਆ ਗਿਆ. ਸੈਕੜੇ ਨੂੰ ਅਗਵਾ ਕਰ ਲੀਤਾ ਗਿਆ. ਮੇਰੀ ਮਾਂ ਦੇ, ਮੇਰੇ ਸਾਹਮਣੇ ਟੋਟੇ-ਟੋਟੇ ਕਰ ਦਿੱਤੇ ਗਏ. ਨਿਆਨੇਆਂ ਨੂੰ ਬਰਛੇਆਂ ਉਪਰ ਉਠਾਇਆ ਗਿਆ. ਘੱਟ ਤੋਂ ਘੱਟ ਇੱਕ ਹਜ਼ਾਰ ਬੰਦਾ ਹਲਾਕ ਹੋਇਆ. ਮੈਂ, ਮੇਰਾ ਛੋਟਾ ਭਰਾ (ਜਿਨ੍ਹਾਂ ਦਾ ਕਲੱਰ ਸਈਦਾਂ ਤੇ ਕੁੱਝ ਸਾਲਾਂ ਪਹਿਲਾਂ ਇੰਤਕਾਲ ਹੋ ਗਿਆ) ਅਤੇ ਦੂਜੇ ਤੀਹ ਬੱਚੇ ਕਿਸੇ ਤਰ੍ਹਾਂ ਬਚ ਗਏ ਕਿਉਂਕਿ ਅਸੀਂ ਲਾਸ਼ਾਂ ਦੇ ਥਲੇ ਲੁੱਕ ਗਏ ਸੀ.

ਕਤਲੇਆਮ ਦੇ ਬਾਅਦ, ਇੱਕ ਅੱਗ ਲਗਾਈ ਗਈ ਅਤੇ ਲਾਸ਼ਾਂ ਨੂੰ ਉਸ ਅੱਗ ਵਿੱਚ ਸੁੱਟਿਆ ਗਿਆ. ਸ਼ਰੀਰਾਂ ਨੂੰ ਅੱਗ ਵਿੱਚ ਸੁੱਟਦੇ ਵਕਤ ਉਹ ਚੀਕ ਕੇ ਕਹਿੰਦੇ, "ਤੁਹਾਡਾ ਪਾਕਿਸਤਾਨ ਹੁਣ ਬਣ ਕੇ ਤਿਆਰ ਹੋ ਗਿਆ ਹੈ. ਹੁਣ ਤੁਸੀ ਆਪਣੇ ਪਾਕਿਸਤਾਨ ਜਾ ਰਹੇ ਹੋ." ਦੇਰ ਰਾਤ ਹੋ ਗਈ ਸੀ ਅਤੇ, ਜੋ ਲਾਸ਼ਾਂ ਥੋੜੀ ਦੂਰ ਇੱਕ ਵੱਡੇ ਇਲਾਕੇ ਤੇ ਫੈਲਿਆਂ ਹੋਇਆਂ ਸੀ, ਉਨ੍ਹਾਂ ਨੂੰ ਛੱਡ ਕੇ ਉਹ ਚਲੇ ਗਏ. ਅਸੀਂ ਲੇਟ ਕੇ ਹੌਲੀ ਹੌਲੀ

ਖਿਸਕਦੇ ਰਹੇ ਅਤੇ ਫੜੇ ਜਾਣ ਤੋਂ ਬਚ ਗਏ. ਜਲਦ ਹੀ ਉਥੇ ਕੁੱਝ ਹਰਿਜਨ ਲਾਸ਼ਾਂ ਵੇਖਣ ਆਏ ਅਤੇ ਸਾਨੂ ਜ਼ਿੰਦਾ ਵੇਖਿਆ. ਉਨ੍ਹਾਂ ਤੋਂ ਇੱਕ ਚੌਕੀਦਾਰ ਨੇ ਸਾਨੂ ਹਿਫ਼ਾਜ਼ਤ ਦਿੱਤੀ ਅਤੇ ਅਸੀਂ ਇੱਕ ਇਮਾਰਤ ਦੀ ਛੱਤ ਤੇ ਸੁੱਤੇ. ਖਾਣ ਨੂੰ ਕੁੱਝ ਨਹੀਂ ਸੀ. ਅਸੀਂ ਇੱਕ ਨਜਦੀਕ ਤੇ ਸਿੱਖ ਪਿੰਡ, ਬੋਰਾਂ ਤੇ ਗਏ. ਉਸ ਪਿੰਡ ਦੇ ਸਿੱਖਾਂ ਨੇ ਕੁੱਝ ਬੱਚੇਆਂ ਨੂੰ ਰੱਖਿਆ ਅਤੇ ਬਾਕੀ ਦੂਜੇਆ ਨੂੰ ਭੇਜ ਦਿੱਤਾ. ਸ਼ਾਇਦ ਉਹ ਉਣ ਬੱਚੇਆਂ ਨੂੰ ਉਨ੍ਹਾਂ ਦੇ ਡੰਗਰਾਂ ਅਤੇ ਬਕਰੀਆਂ ਦੀ ਦੇਖ-ਭਾਲ ਕਰਣ ਲਈ ਇਸਤੇਮਾਲ ਕਰਣਾ ਚਾਹੁੰਦੇ ਸੀ. ਇਸ ਦੇ ਬਾਅਦ, ਦੋ ਚਮਾਰ ਸਿੱਖਾਂ ਨੂੰ ਸਾਡੇ ਨਾਲ ਹਿਫ਼ਾਜ਼ਤੀ ਤੌਰ ਤੇ ਸਰਹਿੰਦ ਸ਼ਰੀਫ਼ ਲੈ ਜਾਣ ਲਈ ਭੇਜਿਆ ਗਿਆ, ਜਿਥੇ ਮੁਸਲਿਮਾਂ ਲਈ ਇੱਕ ਵੱਡਾ ਕੈਂਪ ਲਗਾਇਆ ਗਿਆ ਸੀ. ਸਾਡੇ ਮਾਤਾ-ਪਿਤਾ ਮਰ ਗਏ ਸੀ; ਅਤੇ ਦਾਦਾ-ਦਾਦੀ ਹੋਰ ਨਾਨਾ-ਨਾਨੀ ਵੀ ਅਤੇ ਕਈ ਦੂਜੇ ਕਰੀਬੀ ਰਿਸ਼ਤੇਦਾਰ ਵੀ ਮਾਰ ਦਿੱਤੇ ਗਏ ਸੀ.

'ਸਾਡੀ ਭੈਣ ਜੋ ਆਪਣੇ ਸ਼ੌਹਰ ਨਾਲ ਲੁਧਿਆਣਾ ਜ਼ਿਲ੍ਹੇ ਦੇ ਇੱਕ ਪਿੰਡ ਤੇ ਰਹਿੰਦੀ ਸੀ ਅਤੇ ਉਸ ਦੇ ਬੇਟੇ ਨੂੰ ਹਲਾਕ ਕਰ ਦਿੱਤਾ ਗਿਆ ਪਰ ਉਸ ਦਾ ਸ਼ੋਹਰ ਬੱਚ ਗਿਆ ਕਿਉਂਕਿ ਉਹ ਉਸ ਵਕਤ ਲੁਧਿਆਣਾ ਤੇ ਸੀ. ਮੇਰਾ ਇੱਕ ਚਾਚਾ ਅਤੇ ਉਨ੍ਹਾਂ ਦਾ ਬੇਟਾ ਬਚ ਗਿਆ. ਉਹ ਸਾਡੀ ਕੋਈ ਮਦਦ ਨਾ ਕਰ ਸਕੇ. ਉਨ੍ਹਾਂ ਦੀ ਤਿੰਨ ਕੁੜੀਆਂ ਅਗਵਾ ਕੀਤੀ ਗਈਆਂ ਸੀ ਪਰ ਬਾਅਦ ਤੇ ਦੋ ਵਾਪਸ ਆ ਗਈਆਂ. ਇੱਕ ਫ਼ੈਸਲਾਬਾਦ ਤੇ ਰਹਿੰਦੀ ਹੈ.

'ਬਹਰਹਾਲ, ਕੈਂਪ ਤੇ ਸਾਨੂੰ ਰੋਜ਼ਾਨਾ, ਇੱਕ ਪਲੇਟ ਖਿਚੜੀ ਮਿਲਦੀ ਸੀ. ਕੈਂਪ ਤੇ ਹਾਲਾਤ ਬਦਤਰ ਸਨ. ਉਸ ਸਾਲ ਹਮੇਸ਼ਾ ਮੀਂਹ ਪੈਂਦਾ ਸੀ. ਕੈਂਪ ਤੇ ਬਹੁਤ ਗੰਦਗੀ ਸੀ ਅਤੇ ਹਮੇਸ਼ਾ ਇੱਕ ਬਦਬੂ ਮੌਜੂਦ ਰਹੰਦੀ ਸੀ. ਕਈ ਬੱਚੇ ਮਰ ਗਏ. ਅਸੀਂ ਦੋਵਾਂ ਨੇ ਆਪਣੀ ਭੈਣ ਦੇ ਪਿੰਡ ਜਾਣ ਦਾ ਫ਼ੈਸਲਾ ਕੀਤਾ (ਇਹ ਨਹੀਂ ਸੀ ਪਤਾ ਕਿ ਉਸ ਦੀ ਮੌਤ ਹੋ ਚੁਕੀ ਸੀ) ਪਰ ਸਾਡੀ ਹਿੱਮਤ ਨਹੀਂ ਹੋ ਰਹੀ ਸੀ. ਇੱਕ ਮਹੀਨਾ ਪੰਦਰਾਂ ਦਿਨਾਂ ਬਾਅਦ, ਸਾਡਾ ਇੱਕ ਰਿਸ਼ਤੇਦਾਰ ਜਿਸ ਨੂੰ ਅਸੀਂ ਤਾਇਆ ਜੀ ਕਹਿੰਦੇ ਸੀ, ਪਰ ਜਿਸ ਦੇ ਨਾਲ ਪੱਕੀ ਕੀ ਰਿਸ਼ਤੇਦਾਰੀ ਸੀ, ਮੈਨੂੰ ਨਹੀਂ ਪਤਾ, ਆਏ ਅਤੇ ਸਾਨੂੰ ਕਿਹਾ ਕਿ ਅਮਨ ਕਾਇਮ ਹੋ ਗਿਆ ਸੀ ਅਤੇ ਹੁਣ ਵਕਤ ਸੀ ਕਿ ਅਗਰ ਅਸੀਂ ਚਾਹੁੰਦੇ ਸੀ ਤੇ, ਆਪਣੀ ਭੈਣ ਨੂੰ ਮਿਲਣ ਜਾ ਸਕਦੇ ਸੀ,

'ਅਸੀਂ ਦੋਵੇਂ ਤੁਰਨ ਲਗੇ. ਰਾਹ ਤੇ ਅਸੀਂ ਇੱਕ ਬੰਦੇ ਨੂੰ ਮਿਲੇ ਜੋ ਘਾਹ ਕੱਟ ਰਿਹਾ ਸੀ. ਉਸ ਨੂੰ ਸਾਡੇ ਉਪਰ ਰਹਿਮ ਆ ਗਿਆ ਅਤੇ ਸਾਨੂੰ ਦੋ ਆਨੇ ਪੈਸੇ ਦਿੱਤੇ. ਸ਼ਾਇਦ ਉਹ ਇੱਕ ਹਿੰਦੂ ਸੀ. ਜਦ ਅਸੀਂ ਜਾ ਰਹੇ ਸੀ, ਅਸੀਂ ਕੁੱਝ ਸਿੱਖ ਵੇਖੇ ਜੋ ਸਾਡੀ ਤਰਫ਼ ਘੋੜੇਆ ਤੇ ਸਵਾਰ ਹੋ ਕੇ ਆ ਰਹੇ ਸੀ. ਉਹ ਇੱਕ ਮੁਸਲਿਮ ਦਾ ਪਿੱਛਾ ਕਰ ਰਹੇ ਸੀ, ਜੋ ਸ਼ਾਇਦ ਕੈਂਪ ਤੋਂ ਭਟਕ ਗਿਆ ਸੀ. ਕਿਸੇ ਤਰ੍ਹਾਂ ਅਸੀਂ ਕੁਮੰਦਗੜ ਪਹੁੰਚ ਗਏ. ਪਹਿਲਾਂ ਅਸੀਂ ਇੱਕ ਨੌਜਵਾਨ ਸਿੱਖ ਜੋੜੇ ਨੂੰ ਮਿਲੇ. ਖ਼ਾਸ ਕਰ ਕੇ ਉਸ ਔਰਤ ਨੇ ਸਾਡੇ ਲਈ ਬਹੁਤ ਰਹਿਮਦਿਲੀ ਦਿਖਾਈ. ਉਸ ਨੇ ਸਾਨੂ ਖਾਣਾ ਦਿੱਤਾ ਅਤੇ ਸੌਣ ਨੂੰ ਇੱਕ ਚੱਦਰ. ਉਹ ਚਾਹੁੰਦੀ ਸੀ ਕਿ ਅਸੀਂ ਪਿੰਡ ਵਿੱਚ ਹੀ ਰਹ ਜਾਇਏ ਮਗਰ ਅਸੀਂ ਜਾਣ ਦਾ ਫ਼ੈਸਲਾ ਕੀਤਾ. ਅਸੀਂ ਆਪਣੇ ਸਫਰ ਦੇ ਦੌਰਾਨ ਖੇਤਾਂ ਤੇ ਲੁੱਕ ਜਾਂਦੇ ਅਤੇ ਬਾਅਦ ਤੇ ਉਸ ਸੜਕ ਤੇ ਪਹੁੰਚੇ ਜੋ ਲੁਧਿਆਣਾ ਤੋਂ ਪਟਿਆਲਾ ਨੂੰ ਜਾਂਦੀ ਸੀ. ਇੱਕ ਕੁਮਹਾਰ ਅਪਣੇ ਗਧੇਆਂ ਨੂੰ ਘਾਹ ਚਾਰ ਰਿਹਾ ਸੀ. ਉਹ ਵੀ ਇੱਕ ਹਿੰਦੂ ਸੀ. ਉਸ ਨੇ ਸਾਡੇ ਉਪਰ ਤਰਸ ਖਾ ਕੇ ਚਾਰ ਆਨੇ ਦਿੱਤੇ. ਅਸੀਂ ਤੁਰਦੇ ਰਹੇ ਅਤੇ ਗੋਬਿੰਦਗੜ ਪਹੁੰਚ ਗਏ. ਉਥੇ ਇੱਕ ਤਾਂਗੇਵਾਲੇ ਨੂੰ ਪੁੱਛਿਆ ਕਿ ਉਹ ਮਲੈਡ ਜਾਣ ਲਈ ਸਾਡੇ ਤੋਂ ਕਿੱਨੇ ਪੈਸੇ ਲੈਗਾ. ਉਸ ਨੇ ਕਿਹਾ ਕਿ ਤੁਸੀਂ ਬੈਠੋ ਅਤੇ ਮੈਂ ਤੁਹਾਡੀ ਮਦਦ ਕਰਾਂਗਾ. ਉਹ ਸਾਨੂ ਇੱਕ

ਗੁਰਦੁਆਰਾ ਲੈ ਗਿਆ ਅਤੇ ਕਿਹਾ, "ਇਥੇ ਤੁਹਾਨੂ ਮਦਦ ਮਿਲੇਗੀ. ਇਥੇ ਦੂਜੇ ਮੁਸਲਿਮ ਬੱਚੇ ਵੀ ਮੌਜੂਦ ਨੇ". ਮਗਰ ਅਸੀਂ ਉਥੋਂ ਨਿਕਲ ਗਏ ਅਤੇ ਮਲ਼ੈਡ ਦੀ ਤਰਫ਼ ਤੁਰਦੇ ਰਹੇ.

'ਜਦ ਹਨੇਰਾ ਹੋ ਗਿਆ ਅਸੀਂ ਆਪਣਾ ਰਾਹ ਭੁੱਲ ਗਏ ਅਤੇ ਗੋਬਿੰਦਗੜ ਦੀ ਤਰਫ਼ ਮੁੜੇ. ਉਥੇ ਦੋ ਸਿੱਖਾਂ ਨੇ ਸਾਨੂ ਫੜ ਲੀਤਾ. ਦੋਨਾਂ ਨੇ ਸ਼ਰਾਬ ਪੀਤੀ ਹੋਈ ਸੀ. ਇੱਕ ਸਾਨੂ ਮਾਰ ਦੇਣਾ ਚਾਹੁੰਦਾ ਸੀ ਅਤੇ ਦੂਜਾ ਉਸ ਨੂੰ ਸਾਨੂ ਛੱਡਣ ਨੂੰ ਕਿਹ ਰਿਹਾ ਸੀ. ਉਨ੍ਹਾਂ ਦੇ ਵਿੱਚ ਝਗੜਾ ਹੋ ਗਿਆ. ਸਾਨੂੰ, ਇਸ ਦੇ ਚਲਦੇ, ਭੱਜਣ ਦਾ ਮੌਕਾ ਮਿਲ ਗਿਆ. ਅਸੀਂ ਬੈਲਗਡੀਆਂ ਜਾਂਦੀ ਵੇਖਿਆਂ. ਅਸ਼ੀਂ ਉਨ੍ਹਾਂ ਦੇ ਉਪਰ ਚੜ੍ਹਣ ਦੀ ਕੋਸ਼ਿਸ਼ ਕੀਤੀ, ਪਰ ਚੜ੍ਹ ਨਹੀਂ ਸਕੇ. ਫਿਰ ਅਸ਼ੀਂ ਰਾਹ ਤੇ ਲਕੜੀ ਦੀ ਖੁੰਢ ਵੇਖੀ. ਅਸੀਂ ਉਸ ਉਪਰ ਸਿਰ ਲਗਾ ਕੇ, ਉਥੇ ਹੀ ਸੁੱਤੇ ਰਹੇ. ਅਗਲੇ ਦਿਨ, ਅਸੀਂ ਫਿਰ ਸ਼ੁਰੂਆਤ ਕੀਤੀ. ਇੱਕ ਹਿੰਦੂ ਮਿਲਿਆ ਅਤੇ ਸਾਨੂੰ ਪੁੱਛਿਆ ਕਿ ਅਸੀਂ ਕੌਣ ਸੀ. ਅਸੀਂ ਉਸ ਨੂੰ ਦੱਸਿਆ ਕਿ ਅਸੀਂ ਮੁਸਲਿਮ ਸੀ. ਮੈਂ ਆਪਣੀ ਪਛਾਣ ਲੁੱਕਾਣਾ ਨਹੀਂ ਚਾਹੁੰਦਾ ਸੀ. ਉਸ ਨੇ ਕਿਹਾ, "ਠੀਕ ਹੈ, ਮੈਂ ਤੁਹਾਨੂ ਬਨਿਐ ਕੋਲ ਲੈ ਜਾਣਾ ਹਾਂ. ਤਸੀਂ ਉਨ੍ਹਾਂ ਦੇ ਡੰਗਰਾਂ ਅਤੇ ਬਕਰੀਆਂ ਦੀ ਦੇਖ-ਭਾਲ ਕਰਣਾ." ਪਰ ਮੈਂ ਕਿਹਾ ਕਿ ਅਸੀਂ ਆਪਣੇ ਰਿਸ਼ਤੇਦਾਰਾਂ ਕੋਲ ਜਾਣਾ ਚਾਹੁੰਦੇ ਸੀ. ਅਸੀਂ ਤੁਰਦੇ ਰਹੇ ਅਤੇ ਖੱਨਾ ਪਹੁੰਚ ਗਏ. ਅਸੀਂ ਮੁੱਖ ਸੜਕ ਦੇ ਨਾਲ ਲਗਦੀ ਗਲੀ ਤੇ ਤੁਰਦੇ ਰਹੇ. ਇੱਕ ਕੱਛਾ ਪਹਿਣ ਕੇ ਇੱਕ ਸਿੱਖ ਆਪਣੀ ਕਿਰਪਾਨ ਲਹਰਾਂਦੇ ਹੋਏ ਸਾਨੂ ਅਵਾਜ਼ ਮਾਰੀ: "ਇਧਰ ਆਉ ਤੁਸੀ ਦੋਵ◌ੇ!" ਅਸੀਂ ਕਿਹਾ ਕਿ ਅਸੀਂ ਮੁਸਲਿਮ ਸੀ ਅਤੇ ਰੋਜ਼ਾ ਸਰਹਿੰਦ ਸ਼ਰੀਫ਼ ਤੋਂ ਆਏ ਸੀ. ਸਾਰਾ ਪਰਵਾਰ ਹਲਾਕ ਕਰ ਦਿੱਤਾ ਗਿਆ ਸੀ. ਉਸ ਨੇ ਇੱਕ ਬੰਦੇ ਨੂੰ ਅਵਾਜ਼ ਮਾਰੀ ਅਤੇ ਕਿਹਾ "ਇਣ ਦੋ ਮੁੰਡੇਆਂ ਨੂੰ ਮੇਰੇ ਘਰ ਲੈ ਜਾ ਕੇ ਸਰਦਾਰਨੀ ਨੂੰ ਕਹੋ ਕਿ ਉਹ ਇਨ੍ਹਾਂ ਦੀ ਦੇਖ-ਭਾਲ ਕਰੇ ਅਤੇ ਖਾਣਾ ਦੇਵੇ." ਸਰਦਾਰਨੀ ਨੇ ਸਾਨੂੰ ਬਿਠਾਇਆ ਅਤੇ ਖਾਣ ਨੂੰ ਰੋਟੀ ਉਪਰ ਖੀਰ ਪਾ ਕੇ ਦਿੱਤੀ. ਇੱਕ ਬੰਦਾ ਆਇਆ ਅਤੇ ਕਿਹਾ ਕਿ ਉਹ ਸਾਨੂੰ ਮਾਰਣਾ ਚਾਹੁੰਦਾ ਸੀ. ਉਨ੍ਹਾਂ ਨੇ ਉਸ ਨੂੰ ਇੱਕ ਕਮਰੇ ਤੇ ਬੰਦ ਕਰ ਦਿੱਤਾ ਅਤੇ ਕਿਹਾ ਕਿ, ਉਸ ਦੇ ਪਰਵਾਰ ਤੇ ਕੁੱਝ ਲੋਕਾਂ ਦਾ ਕਤਲ ਹੋ ਗਿਆ ਸੀ ਅਤੇ ਉਹ ਪਾਗਲ ਹੋ ਗਿਆ ਸੀ.

'ਅਸੀਂ ਛੋਟਾ ਖੱਨਾ (ਹੁਣ ਖੱਨਾ ਖੁਰਦ) ਜਾਣ ਦਾ ਰਾਹ ਪੁੱਛਿਆ. ਉਨ੍ਹਾਂ ਨੇ ਰਾਹ ਦੱਸ ਦਿੱਤਾ ਅਤੇ ਅਸੀਂ ਆਪਣਾ ਸਫਰ ਜਾਰੀ ਕੀਤਾ. ਜਦ ਅਸੀਂ ਛੋਟਾ ਖੱਨਾ ਪਹੁੰਚੇ, ਅਸੀਂ ਡੰਗਰਾਂ ਨੂੰ ਚਾਰਾ ਦੇਂਦੀ ਇੱਕ ਕੁੜੀ ਨੂੰ ਪੁੱਛਿਆਂ ਕਿ ਰੇਉਨਾ ਦਾ ਰਾਹ ਕੀ ਸੀ (ਸ਼ਾਇਦ ਰੇਉਨਾ ਉੱਚਾ; ਦੂਜੇ ਰੇਉਨਾ ਪਿੰਡ ਵੀ ਮੌਜੂਦ ਨੇ ਪਰ ਉਨ੍ਹਾਂ ਦੀ ਦਿਸ਼ਾ ਅਲਗ ਹੈ) ਜਿਥੇ ਮੇਰਾ ਰਿਸ਼ਤੇ ਤੇ ਭਰਾ ਰਹਿੰਦਾ ਸੀ. ਉਸ ਨੇ ਸਾਨੂੰ ਰਾਹ ਦੱਸ ਦਿੱਤਾ. ਰਾਹ ਲੰਬਾ ਸੀ ਅਤੇ ਸੜਕ ਤੇ ਗਰਮੀ ਅਤੇ ਧੂੜ ਸੀ. ਮੇਰੇ ਭਰਾ ਨੂੰ ਪਿਆਸ ਲਗੀ. ਅਸੀਂ ਇੱਕ ਖੂਹ ਤੇ ਨਜਦੀਕ ਆ ਗਏ ਪਰ ਬਾਲਟੀ ਖਿੱਚ ਕੇ ਪਾਣੀ ਨਹੀਂ ਕੱਢ ਸਕੇ. ਤਦ ਇੱਕ ਨੌਜਵਾਨ ਸਿੱਖ ਮੁੰਡਾ ਆਇਆ ਅਤੇ ਸਾਨੂੰ ਪਾਣੀ ਕੱਢਣ ਤੇ ਮਦਦ ਕੀਤੀ. ਅਸੀਂ ਆਪਣੀ ਪਿਆਸ ਬੁਝਾਈ. ਕੁੱਝ ਮੁੰਡੇ ਤਾਸ਼ ਖੇਡ ਰਹੇ ਸੀ. ਅਸੀਂ ਉਨ੍ਹਾਂ ਨੂੰ ਰਾਹ ਪੁੱਛੀ ਅਤੇ ਉਨ੍ਹਾਂ ਨੇ ਸਾਨੂ ਦੱਸਿਆ ਕਿਸ ਤਰ੍ਹਾਂ ਜਾਣਾ ਸੀ.

'ਤਦ ਇੱਕ ਸ਼ਕਸ ਭੱਜਦੇ ਹੋਏ ਸਾਡੇ ਕਰੀਬ ਆਇਆ ਅਤੇ ਕਿਹਾ "ਮੈਂ ਇੱਕ ਮੁਸਲਿਮ ਹਾਂ. ਮੇਰੇ ਤੋਂ ਡਰੋ ਨਹੀਂ. ਮੈਂ ਇੱਕ ਕੜਾ ਪਾਇਆ ਹੈ ਅਤੇ ਸਿੱਖ ਬਣ ਗਿਆ ਹਾਂ ਪਰ ਮੈਂ ਤੁਹਾਡੀ ਮਦਦ ਕਰਾਂਗਾ. ਤੁਸੀਂ ਅੱਜ ਸ਼ਾਮ ਮੇਰੇ ਨਾਲ ਰਹੋ". ਅਸੀਂ ਉਸ ਦੇ ਪਰਵਾਰ ਦੇ ਨਾਲ ਰਹੇ. ਅਸੀਂ ਆਪਣੇ ਕਪੜੇ ਬਦਲੇ. ਅਸੀਂ ਇਸ਼ਨਾਨ ਕੀਤਾ. ਕਈ ਦੂਜੇ ਲੋਕ ਵੀ ਇਕੱਠਾ ਹੋ ਗਏ. ਅਚਾਨਕ ਇੱਕ ਖ਼ਬਰੀ ਆਇਆ ਅਤੇ ਦੱਸਿਆ ਕਿ ਦੋ ਸਿੱਖ

ਔਰਤਾਂ ਲੋਹਾਰ ਦੇ ਘਰ ਆਇਆਂ ਸੀ. ਉਹ ਸਾਡੀ ਹੋਰ ਮਦਦ ਕਰਣਗੀ. ਅਸੀਂ ਉਨ੍ਹਾਂ ਦੇ ਨਾਲ ਜਾ ਕੇ ਕਿਸੇ ਹੋਰ ਪਿੰਡ ਤੇ ਰਹੇ. ਅਸੀਂ ਉਥੇ ਤਿੰਨ ਰਾਤਾਂ ਰਹੇ. ਚੌਥੇ ਦਿਨ ਉਣ ਦੋ ਸਿੱਖ ਔਰਤਾਂ ਦਾ ਇੱਕ ਭਰਾ ਆਪਣੇ ਨਾਲ ਇੱਕ ਤਲਵਾਰ ਲੈ ਕੇ ਆਇਆ ਅਤੇ ਸਾਨੂੰ ਉਸ ਦੇ ਨਾਲ ਜਾਣ ਨੂੰ ਕਿਹਾ. ਸਾਨੂੰ ਨਹਿਰ ਦੇ ਉਪਰ ਦਾ ਪੁੱਲ ਪਾਰ ਕਰਣਾ ਸੀ. ਉਥੇ ਸਿੱਖ ਜੱਥੇਆਂ ਨੇ ਸਾਡਾ ਸਾਹਮਣਾ ਕੀਤਾ. ਉਨ੍ਹਾਂ ਨੇ ਕਿਹਾ, "ਸਰਦਾਰ ਜੀ ਇਣ ਮੁੰਡੇਆਂ ਨੂੰ ਲੈ ਕੇ ਕਿਸ ਪਾਸੇ ਜਾ ਰਹੇ ਹੋ? ਅਸੀਂ ਇਨ੍ਹਾਂ ਨੂੰ ਖ਼ਤਮ ਕਰਣਾ ਹੈ." ਸਾਡੇ ਨਾਲ ਵਾਲੇ ਸ਼ਕਸ ਨੇ, ਇਹ ਸੁਣ ਕੇ ਆਪਣੀ ਤਲਵਾਰ ਕੱਢ ਲਈ ਅਤੇ ਕਿਹਾ ਕਿ 'ਪਹਿਲਾਂ ਮੈਨੂੰ ਮਾਰੋ.' ਤਦ ਉਨ੍ਹਾਂ ਨੇ ਸਾਨੂ ਜਾਣ ਦਿੱਤਾ. ਅਖੀਰਕਾਰ ਅਸੀਂ ਮਲੈਡ ਪਹੁੰਚ ਗਏ, ਜੋ ਲੁਧਿਆਣਾ ਜ਼ਿਲ੍ਹੇ ਦਾ ਅਤੇ ਮਲੇਰਕੋਟਲਾ ਰਿਆਸਤ ਦੇ ਨਜਦੀਕ, ਇੱਕ ਛੋਟਾ ਪਿੰਡ ਸੀ.

'ਉਥੇ ਸਾਨੂੰ ਪਤਾ ਲਗਾ ਕਿ ਸਿੱਖ ਸਿਪਾਹੀ ਆਲੇ-ਦੁਆਲੇ ਮੌਜੂਦ ਸਨ. ਸਿੱਖਾਂ ਨੇ ਤਦ, ਸਾਡੇ ਸਿਰਾਂ ਤੇ ਦਸਤਾਰ ਬਨ੍ਹ ਦਿੱਤੀ. ਉਨ੍ਹਾਂ ਦੀ ਭੈਣ ਸਾਡੇ ਪਿੱਛੇ ਹੌਲੀ ਹੌਲੀ ਆ ਰਹੀਆਂ ਸੀ. ਫਿਰ ਉਹ ਸਾਨੂ ਚਨਨਵਾਲ ਪਿੰਡ ਲੈ ਗਏ. ਇਹ ਮਲੇਰਕੋਟਲਾ ਦੀ ਸਰਹੱਦ ਦੇ ਕਰੀਬ ਹੈ. ਅਸੀਂ ਉਨ੍ਹਾਂ ਦੇ ਨਾਲ ਵੀਹ ਦਿਨ ਰਹੇ. ਉਨ੍ਹਾਂ ਨੇ ਪਤਾ ਲਗਾਇਆ ਕਿ ਸਾਡੀ ਮਾਂ ਦੀ ਤਰਫ਼ੋਂ ਸਾਰੇ ਰਿਸ਼ਤੇਦਾਰ ਮਾਰ ਦਿੱਤੇ ਗਏ ਸਨ, ਜਿਸ ਵਿੱਚ ਮੇਰੇ ਨਾਨਾ-ਨਾਨੀ ਵੀ ਸ਼ਾਮਲ ਸਨ. ਅਸੀਂ ਉਨ੍ਹਾਂ ਦੇ ਘਰ, ਕੁਹਾੜੀਆਂ ਅਤੇ ਬਰਛੇ ਵੇਖੇ, ਜਿਸ ਉਪਰ ਸੁੱਕਾ ਲਹੂ ਲਗਿਆ ਹੋਇਆ ਸੀ. ਸਾਨੂੰ ਇਹ ਸਮਝ ਲਗੀ ਕਿ ਉਨ੍ਹਾਂ ਨੇ ਮੁਸਲਿਮਾਂ ਉਪਰ ਹਮਲੇਆਂ ਅਤੇ ਕਤਲੇਆਮ ਤੇ ਹਿੱਸਾ ਲੀਤਾ ਸੀ. ਪਰ, ਰਬ ਉਸ ਸਿੱਖ ਔਰਤ ਉਪਰ ਮਿਹਰ ਕਰੇ ਜਿਸ ਨੇ ਸਾਡੇ ਲਈ ਖਾਣਾ ਬਣਾਇਆ ਅਤੇ ਉਣ ਵੀਹ ਦਿਨਾਂ ਤਕ, ਸਾਡੀ ਬਹੁਤ ਚੰਗੀ ਦੇਖ-ਭਾਲ ਕੀਤੀ. ਮੈਂ ਦੁਆ ਕਰਦਾ ਹਾਂ ਕਿ ਉਸ ਨੂੰ ਜੱਨਤ ਤੇ ਜਗ੍ਹ ਮਿਲੇ.

'ਉਹ ਸਾਡੇ ਲਈ ਸਬਜ਼ੀਆਂ ਅਤੇ ਦਾਲ ਬਣਾਂਦੀ ਸੀ ਕਿਉਂਕਿ, ਉਹ ਜੋ ਖਾ ਰਹੇ ਸੀ, ਉਹ ਸਾਡੇ ਲਈ ਖਾਣਾ ਮੱਨਾ ਸੀ. ਇੱਕ ਦਿਨ ਇੱਕ ਚਮਾਰ ਉਨ੍ਹਾਂ ਦੇ ਘਰ ਆਇਆ ਅਤੇ ਉਸ ਨੂੰ ਦੱਸਿਆ ਕਿ ਨਾਲ ਦੇ ਮਲੇਰਕੋਟਲਾ ਵਿੱਚ ਪਿੰਡ ਰੋਹੇਰਾ ਤੋਂ ਇੱਕ ਬੰਦਾ ਮੁਸਲਿਮਾਂ ਨੂੰ ਬਸ ਵਿੱਚ ਪਾਕਿਸਤਾਨ ਭੇਜ ਰਿਹਾ ਸੀ. ਉਹ ਇਸ ਭਰੋਸੇ ਨਾਲ ਮੱਣ ਗਈ ਕਿ ਸਾਡਾ ਕੋਈ ਨੁਕਸਾਨ ਨਾ ਕੀਤਾ ਜਾਵੇ. ਉਹ ਸਾਨੂ ਇੱਕ ਲੰਬਰਦਾਰ ਕੋਲ ਲੈ ਗਈ ਜੋ ਇੱਕ ਅਰਾਇਨ ਸੀ. ਉਸ ਦੀ ਮਾਂ ਅਤੇ ਭੈਣ ਨੇ ਵੀ ਸਾਡੀ ਚੰਗੀ ਦੇਖ-ਭਾਲ ਕੀਤੀ. ਉਸ ਦੀ ਬੀਵੀ ਨੇ ਕਿਹਾ ਕਿ ਉਸ ਦਾ ਕੋਈ ਭਰਾ ਨਹੀਂ ਸੀ ਅਤੇ ਰਬ ਨੇ ਉਸ ਲਈ ਦੋ ਭਰਾ ਭੇਜੇ ਸੀ. ਲੰਬਰਦਾਰ ਵੀ ਚਾਹੁੰਦਾ ਸੀ ਕਿ ਅਸੀਂ ਉਸ ਦੇ ਨਾਲ ਰਹਿਐ, ਕਿਉਂਕਿ ਉਸ ਦਾ ਕੋਈ ਬੇਟਾ ਨਹੀਂ ਸੀ ਅਤੇ ਉਹ 25 ਬੀਘੇ ਜ਼ਮੀਨ ਦਾ ਮਾਲਿਕ ਸੀ. ਮੈਂ ਮਨ੍ਹਾਂ ਕਰ ਦਿੱਤਾ.

'ਮਲੇਰਕੋਟਲਾ ਤੇ ਇੱਕ ਹੱਜ਼ਾਮ ਆਇਆ ਅਤੇ ਲੋਕਾਂ ਨੂੰ ਕਿਹਾ ਕਿ ਸਰਹਿੰਦ ਸ਼ਰੀਫ਼, ਪਟਿਆਲਾ ਤੋਂ ਦੋ ਮੁੰਡੇ ਆਏ ਸੀ, ਅਤੇ ਉਨ੍ਹਾਂ ਦੇ ਨਾਂਅ ਰੈਸ਼ਨ ਦੀਨ ਅਤੇ ਤੇਜ ਦੀਨ ਸਨ. ਮੇਰੀ ਮਾਸੀ (ਖਾਲਾ) ਜਿਸ ਦਾ ਮਲੇਰਕੋਟਲਾ ਤੇ ਵਿਆਹ ਹੋਇਆ ਸੀ, ਉਸ ਨੇ ਸਾਡਾ ਨਾਂਅ ਸੁਣਿਆ ਅਤੇ ਕਿਹਾ ਕਿ ਅਸੀਂ ਉਸ ਦੇ ਭਣੇਵੇਂ ਸੀ. ਸਾਡੀ ਮਾਸੀ ਅਤੇ ਉਸ ਦੇ ਬੱਚੇਆ ਨੇ ਸਾਨੂੰ ਪਛਾਣ ਲੀਤਾ. ਪਰ ਕੁੱਝ ਦਿਨਾਂ ਬਾਅਦ, ਸਾਡਾ ਮਾਸੜ ਸਾਨੂੰ ਖਾਣਾ ਦੇਂਦੇ ਹੋਏ ਪਰੇਸ਼ਾਨ ਹੋ ਗਿਆ. ਉਸ ਨੇ ਕਿਹਾ ਕਿ ਪਾਕਿਸਤਾਨ ਜਾਣ ਵਾਲੀ ਇੱਕ ਗੱਡੀ ਆਉਣ ਵਾਲੀ ਸੀ. ਉਸ ਨੇ ਸਾਨੂੰ ਉਸ ਗੱਡੀ ਤੇ ਚੜ੍ਹਾ ਦਿੱਤਾ. ਮਲੇਰਕੋਟਲਾ ਦੇ ਕੈਂਪ ਤੇ ਹਜ਼ਾਰਾਂ ਦੀ ਤਦਾਦ ਤੇ ਪਨਾਹਗੀਰ

ਸਨ. ਹਰ ਕੋਈ ਗੱਡੀ ਤੇ ਚੜ੍ਹ ਨਹੀਂ ਸਕਦਾ ਸੀ. ਅਤੇ, ਕਈ ਲੋਕਾਂ ਨੂੰ ਸਾਰਾ ਰਾਹ, ਪੈਦਲ ਜਾਣਾ ਪਇਆ. ਰੇਲ-ਗਡੀ ਤਿੰਨ ਵਾਰ ਆਈ ਹੋਰ ਹਈ. ਅਸੀਂ ਤਿੰਨ ਵਾਰ ਕੋਸ਼ਿਸ਼ ਕਰਣ ਦੇ ਬਾਅਦ ਇਸ ਉਪਰ ਚੜ੍ਹ ਸਕੇ.

'ਜਦ ਅਸੀਂ ਸਰਹੱਦ ਤੇ ਪਹੁੰਚੇ, ਕਸੂਰ ਜਾਣ ਵਾਲੀ ਪਾਕਿਸਤਾਨੀ ਤਰਫ਼ ਦੀ ਰੇਲਵੇ ਲਾਈਨ ਨੂੰ ਬਰਬਾਦ ਕਰ ਦਿੱਤਾ ਗਿਆ ਸੀ. ਟਰੱਕਾਂ ਵਿੱਚ ਹਥਿਆਰਬੰਦ ਸਿੱਖ ਸਤਲੁਜ ਦੇ ਦੂਜੇ ਪਾਸੇ ਇੰਤਜ਼ਾਰ ਕਰ ਰਹੇ ਸੀ. ਰੇਲ-ਗੱਡੀ ਦੇ ਨਾਲ ਜਾ ਰਹੇ, ਗੋਰਖਾ ਸਿਪਾਹੀਆਂ ਨੇ ਵਾਇਰਲੈਸ ਨਾਲ ਪਾਕਿਸਤਾਨ ਤੇ ਖ਼ਬਰ ਭੇਜੀ. ਪਾਕਿਸਤਾਨ ਨੇ ਸਾਰੇ ਟਰੱਕ ਅਤੇ ਸਿਪਾਹੀ ਭੇਜੇ, ਜੋ ਉਹ ਭੇਜ ਸਕਦਾ ਸੀ. ਉਨ੍ਹਾਂ ਨੇ ਸਾਨੂ ਲੈ ਆਉਂਦਾ. ਬੰਦੇ ਤੁਰ ਰਹੇ ਸੀ, ਜਦ ਕਿ ਬਜ਼ੁਰਗ, ਔਰਤਾਂ ਅਤੇ ਬੱਚੇਆਂ ਨੇ ਬਸਾਂ ਦੀ ਸਵਾਰੀ ਕੀਤੀ ਅਤੇ ਇਸ ਦੇ ਬਾਅਦ ਅਸੀਂ ਪਾਕਿਸਤਾਨ ਤੇ ਆ ਗਏ.

'ਅਸੀਂ ਕੈਂਪ ਤੇ ਤਿੰਨ ਦਿਨ ਤਕ ਰਹੇ. ਫਿਰ ਸਾਨੂ ਰਾਵਲਪਿੰਡੀ ਦੇ ਨਜਦੀਕ, ਹਸਨ ਅਬਦਾਲ ਦੇ ਕੈਂਪ ਲੈ ਜਾਇਆ ਗਿਆ. ਫਿਰ ਇੱਕ ਸਕੂਲ ਮਾਸਟਰ ਕੈਂਪ ਤੇ ਆਇਆ ਅਤੇ ਉਸ ਨੇ ਮੇਰੀ ਦੇਖ-ਭਾਲ ਕਰਣ ਦਾ ਵਾਅਦਾ ਕੀਤਾ ਜਦ ਕਿ ਇੱਕ ਦੂਜੇ ਸ਼ਕਸ ਗੱਫ਼ੂਰ ਨੇ ਮੇਰੇ ਭਰਾ ਦੀ ਦੇਖ-ਭਾਲ ਕਰਣ ਦਾ ਫ਼ੈਸਲਾ ਕੀਤਾ. ਮੈਂ ਰਾਵਲਪਿੰਡੀ ਦੇ ਇੱਕ ਤਹਸੀਲਦਾਰ, ਹਾਜੀ ਸਫ਼ਦਰ ਅਲੀ ਦਾ ਮੁਲਾਜ਼ਮ ਬਣ ਗਿਆ. ਫ਼ਜ਼ਲ ਅਹਿਮਦ, ਜੋ ਇੱਕ ਕਲਰਕ ਸੀ ਅਤੇ ਇੱਕ ਪਨਾਹਗੀਰ ਵੀ, ਸਾਨੂੰ ਸਾਡੀ ਆਦਮਪੁਰ ਦੀ ਛੱਡ ਦਿਤੀ ਜਾਇਦਾਦ ਦਾ ਮੁਆਵਜਾ ਮੰਗਣ ਤੇ ਮਦਦ ਕੀਤੀ. ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਸਾਡੇ ਪਿੰਡ ਦੇ ਲੰਬਰਦਾਰ ਨੂੰ ਖ਼ਤ ਲਿਖ ਕੇ ਪੱਕਾ ਪਤਾ ਕਰਣ ਕੀ ਪਿੰਡ ਤੇ ਸਾਡੀ ਜ਼ਮੀਨ ਸੀ ਜਾਂ ਨਹੀਂ. ਇਸ ਦੇ ਇਲਾਵਾ ਉਨ੍ਹਾਂ ਨੇ ਇੱਕ ਫਾਰਮ ਭਰਣ ਨੂੰ ਦਿੱਤਾ, ਤਾਂਕਿ ਪੂਰਬੀ ਪੰਜਾਬ ਤੇ ਛੱਡੀ ਜ਼ਮੀਨ ਦੇ ਬਦਲੇ ਸਾਨੂੰ ਉਣ ਲੋਕਾਂ ਦੀ ਜ਼ਮੀਨ ਮਿਲ ਸਕੇ, ਜੋ ਪਛੱਮ ਪੰਜਾਬ ਛੱਡ ਕੇ ਜਾ ਚੁਕੇ ਸੀ. ਹਾਜੀ ਸਾਹਿਬ ਨੇ ਮੇਰੇ ਲਈ ਦਸਤਫ਼ਤ ਕੀਤੇ ਕਿਉਂਕਿ ਮੈਂ ਨਾਬਾਲਗ ਸੀ. ਕੁੱਝ ਹਫ਼ਤੇਆਂ ਬਾਅਦ, ਆਦਮਪੁਰ ਦੇ ਲੰਬਰਦਾਰ ਦੁਆਰਾ ਬਾਕਾਇਦਾ ਦਸਤਖ਼ਤ ਕੀਤਾ ਇੱਕ ਖ਼ਤ ਵੀ ਆ ਗਿਆ, ਜਿਸ ਵਿੱਚ ਸਾਡੇ ਦਾਅਵੇ ਨੂੰ ਪੱਕਾ ਦੱਸਿਆ ਗਿਆ ਸੀ. ਇਸ ਦੇ ਬਾਵਜੂਦ, ਸਾਡੇ ਹਾਲਾਤ ਬਿਹਤਰ ਨਹੀਂ ਹੋਏ ਅਤੇ ਕਈ ਦਿਨ ਸਾਨੂ ਭੁੱਖੇ ਸੌਣਾ ਪਇਆ. ਸਾਡੇ ਰਿਸ਼ਤੇਦਾਰਾਂ ਨੇ ਸਾਡੀ ਕੋਈ ਮਦਦ ਨਹੀਂ ਕੀਤੀ. ਫਿਰ, ਅਖੀਰਕਾਰ ਸਾਨੂੰ ਇਥੇ ਜ਼ਮੀਨ ਮਿਲ ਗਈ. 1955 ਤੋਂ ਮੈਂ ਇਥੇ, ਕੱਲਰ ਸਈਦਾਂ ਤੇ ਵਸ ਗਿਆ ਹਾਂ. ਕਈ ਵਾਰ, ਮੈਂ ਸਾਰੇ ਸਿੱਖਾਂ ਨੂੰ ਮਾਰ ਦੇਨਾ ਚਾਹੁੰਦਾ ਹਾਂ. ਉਨ੍ਹਾਂ ਨੇ ਮੇਰੇ ਪਰਵਾਰ ਦੇ ਖ਼ਿਲਾਫ਼ ਬਹੁਤ ਜ਼ਿਆਦਾ ਜ਼ੁਲਮ ਕੀਤੇ. ਤਕਰੀਬਨ, ਮੇਰੇ ਸਾਰੇ ਕਰੀਬੀ ਰਿਸ਼ਤੇਦਾਰ ਮਾਰ ਦਿੱਤੇ ਗਏ. ਹਾਂ, ਉਨ੍ਹਾਂ ਤੋਂ ਕੁੱਝ ਨੇਕ, ਰਬ ਤੋਂ ਡਰਣ ਵਾਲੇ ਲੋਕ ਸੀ, ਪਰ ਫਿਰ ਵੀ ਮੈਂ ਸਿੱਖਾਂ ਨੂੰ ਉਨ੍ਹਾਂ ਦੇ ਕੀਤੇ ਲਈ ਮਾਫ਼ ਨਹੀਂ ਕਰ ਸਕਦਾ.

'ਸਾਡੇ ਹਾਲਾਤ ਹੁਣ ਉਮਦਾ ਨੇ. ਮੈਂ ਸ਼ਥਾਨਕ ਪਾਕਿਸਤਨ ਪੀਪਲਸ ਪਾਰਟੀ ਦਾ ਪ੍ਰਧਾਨ ਰਿਹਾ ਹਾਂ. ਮੈਂ ਕਦੀ ਕੋਈ ਗਲਤ ਜਾਂ ਗੈਰ-ਕਾਨੂੰਨੀ ਕੱਮ ਨਹੀਂ ਕੀਤਾ ਹੈ. ਹੁਣ ਮੇਰੇ ਕੋਲ ਦੋ-ਤਿੰਨ ਬਾਜ਼ਾਰ ਨੇ. ਮੇਰੇ ਬੱਚੇ ਚੰਗੀ ਤਰ੍ਹਾਂ ਵਸੇ ਨੇ. ਇਥੇ ਸਾਡੀ ਪੰਜ ਕੋਠਿਆਂ ਨੇ. ਇਸ ਇਲਾਕੇ ਤੇ ਸਾਡੀ ਬਰਾਦਰੀ ਦੇ ਬਹੁਤ ਘੱਟ ਲੋਕ ਨੇ. ਮੈਨੂੰ ਇਸ ਦਾ ਬਹੁਤ ਫ਼ਿਕਰ ਹੈ. ਅਸੀਂ ਆਪਣੇ ਬੱਚੇਆਂ ਦਾ ਵਿਆਹ ਅਰਾਇਨ ਬਰਾਦਰੀ ਵਿੱਚ ਹੀ ਕਰਣਾ ਚਾਹੁੰਦੇ ਹਾਂ ਪਰ ਇਸ ਇਲਾਕੇ ਤੇ ਚੰਗੇ ਰਿਸ਼ਤੇ ਨਹੀਂ ਲੱਭਦੇ. ਮੈਂ ਹੁਣ ਵੀ ਭੁੱਟੋ ਸਾਹਿਬ ਨੂੰ ਪਿਆਰ ਕਰਦਾ ਹਾਂ. ਮੈਂ ਜੇਲ੍ਹ ਵੀ ਗਿਆਂ ਹਾਂ. ਜ਼ਿਆ-ਉਲ-ਹੱਕ ਨੇ ਮੈਨੂੰ ਜੇਲ੍ਹ ਦੇ ਅੰਦਰ ਕਰ ਦਿੱਤਾ ਸੀ. ਅਸੀਂ ਦੋ ਸੌ ਬੰਦੇ ਜੇਲ੍ਹ ਗਏ ਅਤੇ ਹਾਈ ਕੋਰਟ ਨੇ ਸਾਨੂੰ ਰਿਹਾ ਕੀਤਾ. ਇਹ 1986 ਦੀ ਗੱਲ ਹੈ. ਪੁਲਿਸ ਰਾਤ ਦੇ ਮੱਧ ਏ ਆਈ ਅਤੇ ਸਾਨੂੰ

ਗਰਿਫ਼ਤਾਰ ਕਰ ਕੇ ਲੈ ਗਈ. ਸਾਡੇ ਪੀ.ਪੀ.ਪੀ. ਦੇ ਐਮ.ਪੀ.,ਅਬਦੁਲ ਕਯੂਮ ਬੱਟ ਬਹੁਤ ਮਦਦਗਾਰ ਸਨ ਅਤੇ ਹਮੇਸ਼ਾ ਮੇਰੀ ਮਦਦ ਕੀਤੀ. ਭੁੱਟੋ ਦਾ ਕਤਲ ਇੱਕ ਬਹੁਤ ਵੱਡਾ ਜੁਰਮ ਸੀ.'

ਆਦਮਪੁਰ ਤੇ ਦਰਜ ਕੀਤੇ ਇੰਟਰਵਿਊ

ਹਿਤੇਸ਼ ਗੋਸਾਈਂ, ਵੀਰੇਂਦਰ ਸਿੰਘ, ਮੈਂ ਅਤੇ ਉਨ੍ਹਾਂ ਦੀ ਸ਼ਥਾਨਕ ਜਾਣ-ਪਛਾਣ ਵਾਲੇ ਇੱਕ ਸਿੱਖ ਸੱਜਣ, ਜਿਨ੍ਹਾਂ ਨੇ ਗ ਇੱਕ ਬਲੇਜ਼ਰ ਪਾ ਕੇ ਰੱਖਿਆ ਸੀ, ਜੋ ਦੱਸ ਰਿਹਾ ਸੀ ਕਿ ਉਨ੍ਹਾਂ ਨੇ ਕਬੱਡੀ ਵਿੱਚ ਇੰਡੀਆ ਦੀ ਅਤੰਰਰਾਸ਼ਟਰੀ ਨੁਮਾਇੰਦਗੀ ਕੀਤੀ ਸੀ, ਸਵੇਰੇ 11 ਵਜੇ ਆਦਮਪੁਰ ਪਹੁੰਚੇ. ਇਥੇ ਪਛੱਮ ਪੰਜਾਬ ਦੇ ਸਿਆਲਕੋਟ ਤੋਂ ਆਏ ਪਨਾਹਗੀਰ ਵਸੇ ਸੀ, ਪਰ ਕੁੱਝ ਸਥਾਨਕ ਲੋਕ ਹੁਣ ਵੀ ਮੌਜੁਦ ਸਨ. ਅਸੀਂ ਉਨ੍ਹਾਂ ਨੂੰ ਮੁੱਖ ਸੜਕ ਤੋਂ ਪਿੰਡ ਦੇ ਦਾਖਿਲੇ ਤੇ ਬੈਠੇ ਵੇਖਿਆ. ਉਹ ਸ਼ੁਰੂ ਤੇ ਕੋਈ ਗੱਲ ਕਰਣ ਨੂੰ ਤਿਆਰ ਨਹੀਂ ਸਨ, ਮਗਰ ਜਦ ਅਸੀਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਸੀਂ ਪੁਲਿਸ ਤੋਂ ਨਹੀਂ ਸੀ ਅਤੇ 1947 ਦੀ ਘਟਨਾੜਾਂ ਦੇ ਉਪਰ ਸ਼ੋਧ ਕਰ ਰਹੇ ਸੀ, ਉਹ ਇੰਟਰਵਿਊ ਦੇਣ ਨੂੰ ਤਿਆਰ ਹੋ ਗਏ.

ਬਸਤਾ ਸਿੰਘ ਅਤੇ ਨਉਗੁਰਦਿਆਲ ਸਿੰਘ

ਦੋ ਬਜ਼ੁਰਗਾਂ ਨੇ ਸਾਨੂੰ ਇੰਟਰਵਿਊ ਦਿੱਤਾ. ਉਹ ਸਨ ਬਸਤਾ ਸਿੰਘ (75) ਅਤੇ ਨਉਗੁਰਦਿਆਲ ਸਿੰਘ (80 ਤੋਂ ਜ਼ਿਆਦਾ). ਸਾਨੂੰ ਪਤਾ ਲਗਾ ਕਿ ਉਹ ਸਿੱਧੂ ਜੱਟ ਸਨ. ਦੋਨਾਂ ਨੇ ਗੱਲਬਾਤ ਵਿੱਚ ਹਿੱਸਾ ਲੀਤਾ ਅਤੇ ਦਰਜ ਕੀਤੇ ਇੰਟਰਵਿਊ ਦੋਨਾਂ ਦੇ ਖ਼ਿਆਲਾਂ ਬਾਰੇ ਸਾਨੂੰ ਦੱਸਦਾ ਹੈ. ਉਨ੍ਹਾਂ ਦਾ ਵਿਰਤਾਂਤ ਹੇਠ ਪੇਸ਼ ਹੈ:

'ਆਦਮਪੁਰ ਤੇ ਜ਼ਿਆਦਾਤਰ ਸਿੱਖ ਰਹਿੰਦੇ ਸੀ. ਕੁੱਝ ਬ੍ਰਾਹਮਣ ਅਤੇ ਦਲਿਤ ਹਿੰਦੂ ਵੀ ਸਨ ਅਤੇ ਸੱਤ ਜਾਂ ਅੱਠ ਮੁਸਲਿਮ ਪਰਵਾਰ ਸਨ. ਤਿੰਨ ਪਰਵਾਰ ਅਰਾਇਨ ਸਨ ਅਤੇ ਸ਼ਾਇਦ ਇੱਕ ਜਾਂ ਦੋ ਗੁੱਜਰ ਅਤੇ ਕੁੱਝ ਤੇਲੀ. ਅਰਾਇਨ ਗੋਬਿੰਦਗੜ ਦੇ ਕਰੀਬ ਦੇ ਇੱਕ ਪਿੰਡ ਸਲਿਆਨੀ ਤੋਂ ਆਦਮਪੁਰ ਆਏ ਸੀ. ਉਨ੍ਹਾਂ ਨੇ ਇਥੇ ਜ਼ਮੀਨ ਖ਼ਰੀਦੀ ਸੀ ਅਤੇ ਇੱਕ ਵੱਡੇ ਘਰ ਤੇ ਰਹਿੰਦੇ ਸੀ, ਜਿਸ ਦੇ ਕਈ ਕਮਰੇ ਸਨ ਅਤੇ ਚਾਰੇ ਪਾਸੇ ਇੱਕ ਚੌੜੀ ਕੰਧ ਹੁੰਦੀ ਸੀ. ਗੜਬੜੀ ਸ਼ੁਰੂ ਹੋਣ ਤੋਂ ਪਹਿਲਾਂ, ਅਸ਼ੀਂ ਸਾਰੇ ਅਮਨ ਵਿੱਚ ਰਹਿੰਦੇ ਸੀ ਅਤੇ ਪਿੰਡ ਦੇ ਤਿਉਹਾਰਾਂ ਤੇ ਹਿੱਸਾ ਲੈਂਦੇ ਸੀ. ਸਾਰੇ ਪਿੰਡ ਲਈ, ਇੱਕ ਖੂਹ ਸੀ, ਮਗਰ ਮੁਸਲਿਮ ਇਸ ਤੋਂ ਮੁਖ਼ਤਲਿਫ਼ ਤਰੀਕੇ ਨਾਲ ਪਾਣੀ ਕੱਢਦੇ ਸੀ. ਇੱਕ ਅਰਾਇਨ ਦਾ ਨਾਂਅ ਜਮਾਲ ਦੀਨ ਸੀ. ਉਸ ਦੇ ਵਾਲਿਦ ਦਾ ਨਾਂਅ ਅੱਲ੍ਹਾ ਬਕਸ਼ ਸੀ. ਅੱਲ੍ਹਾ ਬਕਸ਼ ਦੇ ਦੋ ਭਰਾ ਸੀ, ਬਰਕਤ ਅਤੇ ਸੈਂਢੀ. ਸੈਂਢੀ ਦੀ ਕੋਈ ਔਲਾਦ ਨਹੀਂ ਸੀ. ਬਰਕਤ ਨੇ ਤਦ, ਸੈਂਢੀ ਦੀ ਬੀਵੀ ਨਾਲ ਨਿਕਾਹ ਕਰ ਲੀਤਾ ਅਤੇ ਉਨ੍ਹਾਂ ਦੇ ਬੱਚੇ ਪੈਦਾ ਹੋਏ.

'ਇਹ ਭਾਦੋਂ ਦਾ ਮਹੀਨਾ ਸੀ ਜਦ ਇਥੇ ਗੜਬੜੀ ਸ਼ੁਰੂ ਹੋ ਗਈ. ਮੁਸਲਿਮ ਨਾਲੋਨਾਲ ਇੱਕ ਮੁਸਲਿਮ ਮਜਾਰਿਟੀ ਵਾਲੇ ਪਿੰਡ, ਮਾਥੀ ਚਲੇ ਗਏ. ਹਮਲਾਵਰਾਂ ਵਿੱਚ ਬ੍ਰਿਟਿਸ਼ ਇੰਡਿਆ ਦੀ ਫ਼ੌਜ਼ ਦੇ ਰਿਟਾਇਰ ਸਿੱਖ ਸਿਪਾਹੀ ਹੋਰ ਪਛੱਮ ਪੰਜਾਬ ਤੋਂ ਆਏ ਪਨਾਹਗੀਰ ਸਿੱਖ, ਸ਼ਾਮਲ ਸਨ. ਉਨ੍ਹਾਂ ਨੇ ਕਿਹਾ ਕਿ ਉਹ ਪਛੱਮ ਪੰਜਾਬ ਤੇ, ਸਿੱਖਾਂ ਉਪਰ ਕੀਤੇ ਜ਼ੁਲਮਾਂ ਦਾ ਬਦਲਾ ਲੈਣਾ ਚਾਹੁੰਦੇ ਸੀ. ਪਿੰਡ ਦੇ ਕੁੱਝ ਬਦਮਾਸ਼ਾਂ ਨੇ ਵੀ ਹਮਲੇਆਂ ਤੇ ਹਿੱਸਾ ਲੀਤਾ. ਉਨ੍ਹਾਂ ਦੇ ਵਿੱਚ ਜੈਮਲ ਨਗਿਆ ਦਾ ਬੇਟਾ, ਸਾਮਲ ਸੀ. ਨਗਿਆ ਇੱਕ ਬਦਨਾਮ ਮੁਜਰਿਮ ਸੀ ਅਤੇ ਪੁਲਿਸ ਵਿੱਚ ਉਸ ਦਾ ਨਾਂਅ "ਦਸ ਨੰਬਰਿਆ" ਦੇ ਤਹਿਤ ਦਰਜ ਸੀ. ਪਿਉ-ਪੁਤ ਦੋਵੇਂ ਮਰ

ਗਏ ਨੇ. ਮੁਜਰਿਮ ਜ਼ਿਆਦਾ ਦਿਨ ਜ਼ਿੰਦਾ ਨਹੀਂ ਬਚਦੇ ਨੇ. ਦੋ ਮੁਸਲਿਮ, ਮਾਘੀ ਅਤੇ ਉਸ ਦਾ ਬੇਟਾ ਛੰਬਾ, ਜੋ ਤੇਲੀ ਸਨ, ਇਥੇ ਪਿੰਡ ਤੇ ਮਾਰ ਦਿੱਤੇ ਗਏ. ਅਸੀਂ ਸੁਣਿਆ ਕਿ ਜਮਾਲ ਦੀਨ ਅਰਾਇਨ ਵੀ ਮਾਰ ਦਿੱਤਾ ਗਿਆ ਸੀ ਪਰ ਇਹ ਕਤਲ ਇਸ ਪਿੰਡ ਤੇ ਨਹੀਂ ਹੋਇਆ ਸੀ.

'ਛੋਟੀ ਜਾਤੀ ਦੇ ਕੁੱਝ ਮੁਸਲਿਮਾਂ ਨੇ ਸਿੱਖ ਧਰਮ ਕਬੂਲ ਕਰ ਲੀਤਾ ਅਤੇ ਇਥੇ ਵਸ ਗਏ. ਉਨ੍ਹਾਂ ਤੋਂ ਇੱਕ ਇਥੇ ਰਿਹਾ ਪਰ ਕੁੱਝ ਸਾਲ ਪਹਿਲਾਂ ਉਸ ਦੀ ਮੌਤ ਹੋ ਗਈ. ਪਿੰਡਾਂ ਤੇ ਕਤਲੇਆਮ ਹੋਇਆ, ਖਾਸ ਕਰ ਕੇ ਮਾਥੀ ਤੇ. ਕਈ ਮੁਸਲਿਮ ਔਰਤਾਂ ਨੇ ਖੂਹਾਂ ਵਿੱਚ ਛਾਲਾਂ ਮਾਰ ਦਿੱਤੀਆਂ, ਅਤੇ ਬੰਦੇਆਂ ਹੋਰ ਬੱਚੇਆਂ ਨੂੰ ਧੱਕਾ ਮਾਰ ਕੇ ਉਸ ਵਿੱਚ ਸੁੱਟ ਦਿੱਤਾ ਗਿਆ.

'ਅਸੀਂ ਮੁਸਲਿਮਾਂ ਦੀ ਹਿਫ਼ਾਜ਼ਤ ਇਸ ਲਈ ਨਹੀਂ ਕੀਤੀ ਕਿਉਂਕਿ ਹਮਲਾਵਰ ਸਾਨੂ ਸਜ਼ਾ ਦੇਂਦੇ ਜਾਂ ਪੁਲਿਸ ਸਾਡੇ ਖ਼ਿਲਾਫ਼ ਕੋਈ ਮਾਮਲਾ ਦਰਜ ਕਰ ਦੇਂਦੀ. ਮਗਰ, ਅਸੀਂ ਨਾ ਤੇ ਕਿਹੀ ਨੂੰ ਮਾਰਿਆ ਅਤੇ ਨਾ ਹੀ ਕਿਸੇ ਦਾ ਕੋਈ ਸਾਮਾਨ ਲੀਤਾ. ਉਸ ਸਾਲ, ਰੋਜ਼ ਮੀਂਹ ਪੈ ਰਿਹਾ ਸੀ. ਇਹ ਸਾਲ ਦਾ ਅੱਠਵਾ ਮਹੀਨਾ ਸੀ.'

ਅਸੀਂ ਇਸ ਦੇ ਬਾਅਦ ਮਾਥੀ ਚਲੇ ਗਏ ਜੋ ਆਦਮਪੁਰ ਦੇ ਨਜਦੀਕ ਸੀ. ਮੌਜੂਦਾ ਲੰਬਰਦਾਰ ਨੇ ਸਾਨੂ ਦੱਸਿਆ ਕਿ ਉਸ ਦਾ ਜਨਮ ਤਕਸੀਮ ਦੇ ਬਾਅਦ ਹੋਇਆ ਸੀ ਅਤੇ ਉਸ ਨੂੰ ਉਣ ਦਿਨਾਂ ਦੀ ਕੋਈ ਖਾਸ ਇਤਲਾਹ ਨਹੀਂ ਸੀ. ਮਗਰ, ਉਸ ਨੇ ਸੁਣਿਆ ਸੀ ਕਿ ਮਾਥੀ ਤੋਂ ਥੋੜਾ ਬਾਹਿਰ, ਮੁਸਲਿਮਾਂ ਨੂੰ ਇੱਕ ਵੱਡੀ ਤਦਾਦ ਤੇ ਹਲਾਕ ਕੀਤਾ ਗਿਆ ਸੀ, ਪਰ ਇਹ ਜੁਰਮ ਕਰਣ ਵਾਲੇ ਬਾਹਰ ਤੋਂ ਆਏ ਸੀ. ਉਹ ਇੰਟਰਵਿਊ ਦਰਜ ਨਹੀਂ ਕਰਣਾ ਚਾਹੁੰਦਾ ਸੀ. ਉਸ ਨੇ ਸਾਨੂ ਕਿਹਾ ਕਿ ਪਿੰਡ ਤੋਂ ਕੋਈ ਵੀ ਸਾਡੀ ਮਦਦ ਨਹੀਂ ਕਰ ਸਕੇਗਾ ਕਿਉਂਕਿ ਜ਼ਿਆਦਾਤਰ ਲੋਕ ਪਾਕਿਸਤਾਨ ਤੋਂ ਆਏ ਪਨਾਹਗੀਰ ਸਨ. ਸਾਡੇ ਕਾਫ਼ੀ ਜ਼ੋਰ ਦੇਣ ਦੇ ਬਾਅਦ, ਉਸ ਨੇ ਸਾਨੂੰ ਕਿਹਾ ਕਿ ਅਸੀਂ ਪਿੰਡ ਬੋਰਾਨ ਤੇ ਚਲੇ ਜਾਇਏ, ਜੋ ਇੱਥੋਂ ਸਿਰਫ਼ ਇੱਕ ਕਿਲੋਮੀਟਰ ਦੂਰ ਸੀ ਅਤੇ ਉਥੇ ਜਾ ਕੇ, ਤੇਜਾ ਸਿੰਘ ਨੂੰ ਮਿਲਿਐ, ਜਿਨ੍ਹਾਂ ਨੂੰ ਸਭ ਕੁੱਝ ਪਤਾ ਸੀ ਕਿ, ਮਾਥੀ ਤੇ ਕੀ ਹੋਇਆ ਸੀ.

ਤੇਜਾ ਸਿੰਘ

ਅਸੀਂ ਵੇਖਿਆ ਕਿ ਤੇਜਾ ਸਿੰਘ (76) ਆਪਣੇ ਘਰ ਦੇ ਬਾਹਰ, ਇੱਕ ਚਾਰਪਾਈ ਤੇ ਬੈਠੇ ਹੋਏ ਸੀ. ਉਹ ਇੱਕ ਲੰਬੇ, ਪ੍ਰਭਾਵਸ਼ਾਲੀ ਸਿੱਖ ਸਨ. ਉਨ੍ਹਾਂ ਨੇ ਸਾਨੂ ਦੱਸਿਆ:

'ਮਾਥੀ ਇੱਕ ਮੁਸਲਿਮ ਮਜਾਰਿਟੀ ਵਾਲਾ ਪਿੰਡ ਸੀ. ਬਾਹਰ ਦੇ ਮੁਜਰਿਮਾਂ ਨੇ 1947 ਤੇ ਇਸ ਦੇ ਉਪਰ ਹਮਲਾ ਕੀਤਾ. ਅਸੀਂ ਮੁਸਲਿਮਾਂ ਨਾਲ ਆਪਣੇ ਭਰਾਵਾਂ ਵਰਗਾ ਸਲੂਕ ਕਰਦੇ ਸੀ. ਉਥੇ ਜੱਟ ਮੁਸਲਿਮ ਵੀ ਸਨ, ਅਤੇ ਇੱਕ ਦਾ ਨਾਂਅ ਇਲਾਹੀ ਬਕਸ਼ ਸੀ. ਮਾਥੀ ਤੇ ਕਈ ਮੁਸਲਿਮ ਕੁਮਹਾਰ ਵੀ ਸਨ. ਮਾਥੀ ਬੋਰਾਨ ਤੋਂ ਵੱਡਾ ਸੀ. ਹਮਲਾ ਦਿਨ ਦੇ ਵਕਤ ਹੋਇਆ. ਉਸ ਦਿਨ ਮੀਂਹ ਪੈ ਰਿਹਾ ਸੀ. ਮੈਂ ਡੰਗਰਾਂ ਨੂੰ ਚਾਰਾ ਦੇਣ ਗਿਆ ਸੀ. ਕੋਈ 800-1000 ਮੁਸਲਿਮ ਹਲਾਕ ਹੋਏ. ਜੱਟਾਂ ਨਾਲ ਕੀ ਹੋਇਆ, ਇਹ ਪਤਾ ਕਰਣ ਮੈਂ ਮਾਥੀ ਆਇਆ. ਉਨ੍ਹਾਂ ਤੋਂ ਕੋਈ ਨਹੀਂ ਬਚਿਆ. ਉਨ੍ਹਾਂ ਦਾ ਸਿਰਫ਼ ਇੱਕ ਛੋਟਾ ਮੁੰਡਾ ਜ਼ਿੰਦਾ ਸੀ. ਉਸ ਦਾ ਨਾਂਅ ਜਾਮੁ ਸੀ ਜੋ ਚਨਨ ਦਾ ਬੇਟਾ ਸੀ. ਮੈਂ ਜਾਮੁ ਨੂੰ ਆਪਣੀ ਹਿਫ਼ਾਜ਼ਤ ਤੇ 4-5 ਸਾਲ ਰੱਖਿਆ. ਫਿਰ, ਉਸ ਦਾ ਮਾਮਾ ਪਾਕਿਸਤਾਨ ਤੋਂ ਆਇਆ. ਉਸ ਨੇ ਕਿਹਾ ਕਿ ਉਸ ਦਾ ਸਾਰਾ ਪਰਵਾਰ ਹਲਾਕ ਹੋ ਗਿਆ ਸੀ. ਅਗਰ ਉਹ ਮੁੰਡਾ ਪਾਕਿਸਤਾਨ

ਜਾਂਦਾ ਸੀ ਤਦ ਉਹ ਉਸ ਦੇ ਵਾਲਿਦ ਦੀ ਜ਼ਮੀਨ ਦੇ ਬਰਾਬਰ ਦੀ ਜ਼ਮੀਨ ਦਾ ਦਾਅਵਾ ਕਰ ਸਕਦੇ ਸੀ. ਮੈਂ ਉਸ ਨੂੰ ਪੁਲਿਸ ਥਾਨੇ ਛੱਡ ਕੇ ਆਇਆ, ਅਤੇ ਉਸ ਨੂੰ ਕਿਹਾ ਕਿ ਉਹ ਮੈਨੂੰ ਪਾਕਿਸਤਾਨ ਤੋਂ ਲਿਖੇ, ਮਗਰ ਕਦੇ ਵੀ ਕੋਈ ਚਿੱਠੀ-ਪੱਤਰ ਨਹੀਂ ਆਇਆ.

'ਇੱਕ ਮੁਸਲਿਮ ਕੁਮਹਾਰ ਔਰਤ ਵੀ ਮਾਥੀ ਤੇ ਰਹਿ ਗਈ. ਮਾਥੀ ਦਾ ਲੰਬਰਦਾਰ ਗੱਜਾ ਸਿੰਘ ਸੀ. ਉਸ ਦੀ ਪਹਿਲੀ ਜਨਾਨੀ ਤੋਂ ਕੋਈ ਔਲਾਦ ਨਹੀਂ ਸੀ. ਉਸ ਦੀ ਘਰਵਾਲੀ ਨੇ ਉਸ ਨੂੰ ਇਜ਼ਾਜ਼ਤ ਦੇ ਦਿੱਤੀ ਕਿ ਉਹ ਇੱਕ ਮੁਸਲਿਮ ਔਰਤ ਨੂੰ ਆਪਣੀ ਦੂਜੀ ਵੋਟੀ ਬਣਾ ਲੈਵੇ. ਕੁਮਹਾਰਨੀ ਦਾ ਨਾਂਅ ਬਚਨੀ ਸੀ. ਦਰਅਸਲ ਉਹ ਕੁਮਹਾਰਾਂ ਦੀ ਨੂੰਹ ਸੀ. ਉਸ ਦੇ ਪਤੀ ਅਤੇ ਸਹੁਰੇਆਂ ਦੇ ਸਾਰੇ ਲੋਕ ਹਲਾਕ ਕਰ ਦਿੱਤੇ ਗਏ ਸੀ. ਪਰ ਪੁਲਿਸ ਨੇ ਉਸ ਨੂੰ ਲੱਭ ਲੀਤਾ ਅਤੇ ਪਹਿਲਾਂ ਉਸ ਨੂੰ ਜਲੰਧਰ ਲੈ ਗਏ, ਪਰ ਗੱਜਾ ਸਿੰਘ ਉਥੇ ਗਿਆ ਅਤੇ ਰਿਸ਼ਵਤ ਲਈ, ਕਾਫ਼ੀ ਪੈਸੇ ਖਰਚ ਕੀਤੇ ਅਤੇ ਉਸ ਨੂੰ ਵਾਪਸ ਲੈ ਆਉਂਦਾ. ਉਹ ਵੀ ਗੱਜਾ ਸਿੰਘ ਨਾਲ ਰਹਿਣਾ ਚਾਹੁੰਦੀ ਸੀ. ਉਨ੍ਹਾਂ ਦੇ ਤਿੰਨ ਬੇਟੇ ਅਤੇ ਦੋ ਕੁੜੀਆਂ ਹੋਇਆਂ. ਗੱਜਾ ਸਿੰਘ ਅਤੇ ਬਚਨੀ ਦੀ ਮੌਤ ਹੋ ਗਈ ਹੈ. ਉਨ੍ਹਾਂ ਦਾ ਮੁੰਡਾ ਬਲਦੇਵ ਹੁਣ ਮਾਥੀ ਦਾ ਲੰਬਰਦਾਰ ਹੈ (ਜਿਸ ਸ਼ਕਸ ਨੂੰ ਅਸੀਂ ਪਹਿਲਾਂ ਮਿਲੇ ਸੀ, ਪਰ ਜੋ ਸਾਨੂੰ ਇੰਟਰਵਿਊ ਨਹੀਂ ਦੇਣਾ ਚਾਹੁੰਦਾ ਸੀ).

'ਜਦ ਮੁਸਲਿਮ ਆਲੇ-ਦੁਆਲੇ ਦੇ ਪਿੰਡਾਂ ਤੋਂ ਆ ਕੇ ਮਾਥੀ ਤੇ ਇਕੱਠਾ ਹੋਣ ਲਗੇ, ਸਿੱਖ ਜੱਟ ਭੱਜ ਕੇ ਬੋਰਾਨ ਤੇ ਆ ਗਏ. ਮਾਥੀ ਦੇ ਉਪਰ ਹਮਲੇ ਦਾ ਆਗੂ ਬੋਰਾਨ ਦਾ ਬੰਤਾ ਸਿੰਘ ਸੀ. ਉਸ ਦੇ ਦਧੇਰੀ ਵਿੱਚ ਰਿਸ਼ਤੇਦਾਰ ਸਨ. ਉਸ ਨੇ ਜੱਥੇਦਾਰ ਬਾਬਾ ਨੂੰ ਦਧੇਰੀ, ਜੋ ਗੋਬਿੰਦਗੜ ਦੇ ਨਜਦੀਕ ਇੱਕ ਪਿੰਡ ਸੀ, ਤੋਂ ਲੈ ਆਉਂਦਾ ਸੀ. ਉਸ ਦੇ ਨਾਲ ਨੇੜੇ ਦੇ ਪਿੰਡਾਂ ਦੇ ਬਦਮਾਸ਼ ਸਾਮਲ ਸਨ.

'ਹਮਲਾ ਬਦਕਾਰੀ ਸੀ. ਮੁਸਲਿਮ ਬੰਦੇਆਂ ਨੂੰ ਇਸ ਬਹਾਨੇ ਨਾਲ ਬਾਹਰ ਲਾਉਂਦਾ ਗਿਆ ਕਿ ਉਨ੍ਹਾਂ ਨੂੰ ਅੱਮ੍ਰਿਤ ਛਕਾ ਕੇ ਸਿੱਖ ਬਣਾਇਆ ਜਾਵੇਗਾ. ਇਸ ਦੇ ਬਾਅਦ, ਉਨ੍ਹਾਂ ਨੂੰ ਖੇਤਾਂ ਵਿੱਚ ਲੈ ਜਾ ਕੇ, ਧੋਖੇ ਨਾਲ ਕਤਲ ਕਰ ਦਿੱਤਾ ਗਿਆ. ਬਜ਼ੁਰਗ ਔਰਤਾਂ ਨੂੰ ਮਾਰ ਦਿੱਤਾ ਗਿਆ. ਨੈਜਵਾਨ ਔਰਤਾਂ ਦਾ ਜਬਰ ਜਨਾਹ ਕੀਤਾ ਗਿਆ ਜਾਂ ਉਨ੍ਹਾਂ ਨੂੰ ਅਗਵਾ ਕਰ ਲੀਤਾ ਗਿਆ. ਉਨ੍ਹਾਂ ਤੋਂ ਕੁੱਝ ਨੇ ਖੂਹਾਂ ਤੇ ਛਾਲ ਮਾਰ ਦਿੱਤੀ ਅਤੇ ਦੂਜੀਆਂ ਨੂੰ ਸੁੱਟ ਦਿੱਤਾ ਗਿਆ. ਇਥੇ ਤਕ ਕਿ ਬੱਚੇਆਂ ਅਤੇ ਬਜ਼ੁਰਗਾਂ ਦੇ ਟੋਟੇ ਕਰ ਕੇ ਖੂਹਾਂ ਅਤੇ ਛੱਪਰਾਂ ਤੇ ਸੁੱਟ ਦਿੱਤੇ ਗਏ. ਇਹ ਸਭ, ਤਦ ਹੋਇਆ ਜਦ ਇੱਕ ਗੱਡੀ ਸਰਹਿੰਦ ਤੇ ਪਹੁੰਚੀ ਜੋ ਉਣ ਸਿੱਖ ਔਰਤਾਂ ਨਾਲ ਭਰੀ ਸੀ ਜਿਨ੍ਹਾਂ ਦੇ ਸੀਨੇ ਵੱਖ ਕਰ ਦਿੱਤੇ ਗਏ ਸੀ ਅਤੇ ਉਨ੍ਹਾਂ ਦੇ ਸ਼ਰੀਰ ਦੇ ਅੰਦਰ ਬਰਛੇ ਅਤੇ ਦੂਜੀ ਤਿੱਖੀ ਚੀਜਾਂ ਘੁਸੇੜ ਦਿੱਤੀ ਗਈਆਂ ਸੀ. ਪਟਿਆਲਾ ਦੇ ਮਹਾਰਾਜਾ ਨੇ ਫ਼ੈਸਲਾ ਕੀਤਾ ਸੀ ਕਿ ਅਗਰ ਨਨਕਾਣਾ ਸਾਹਿਬ ਉਪਰ ਹਮਲਾ ਹੁੰਦਾ ਸੀ, ਤੇ ਉਹ ਸਰਹਿੰਦ ਦੇ ਕੈਂਪ ਦੇ ਉਪਰ ਹਮਲਾ ਕਰਣ ਦਾ ਹੁਕਮ ਦੇਣਗੇ. ਪਰ ਨਨਕਾਣਾ ਸਾਹਿਬ ਉਪਰ ਹਮਲਾ ਨਹੀਂ ਹੋਇਆ ਅਤੇ ਸਰਹਿੰਦ ਦੇ ਕੈਂਪ ਦੇ ਮੁਸਲਿਮਾਂ ਉਪਰ ਹਮਲਾ ਨਹੀਂ ਹੋਇਆ. ਕੈਂਪ ਤੇ ਕਈ ਲੋਕ ਮਹਾਂਮਾਰੀ, ਘੱਟ ਖ਼ੁਰਾਕ ਅਤੇ ਗੰਦੇ ਹਾਲਾਤ ਕਰ ਕੇ ਮਰ ਗਏ.

'ਹਮਲੇ ਦੀ ਮੁੱਖ ਵਜ੍ਹਾ ਲੁੱਟਣਾ ਸੀ. ਇਮਾਮ ਦੀਨ ਅਤੇ ਨਿਜ਼ਾਮ ਦੀਨ ਚੰਗੀ ਮਾਲਿਆ ਹਾਲਤ ਵਾਲੇ ਤੇਲੀ ਸੀ, ਜੋ ਲੋਕਾਂ ਨੂੰ ਬਗੈਰ ਕਿਸੇ ਵਿਆਜ ਦੇ ਕਰਜ਼ਾ ਦੇ ਕੇ ਮਦਦ ਕਰਦੇ ਸੀ. ਲੋੜ ਦੇ ਵਕਤ, ਉਹ ਹਰ ਕੌਮ ਦੇ ਇਨਸਾਨ ਦੀ ਮਦਦ ਕਰਦੇ ਸੀ. ਜਦ ਹਮਲੇ ਹੋਏ, ਕਿਸੇ ਦਾ ਵੀ ਲਿਹਾਜ਼ ਨਹੀਂ ਕੀਤਾ ਗਿਆ.'

ਗੱਲ-ਬਾਤ ਦੇ ਦੌਰਾਨ, ਤੇਜਾ ਸਿੱਖ ਦੇ ਬੇਟੇ ਗੁਰਦੀਪ ਸਿੰਘ (48) ਨੇ ਆਪਣੇ ਪਿਤਾ ਦੀ ਮਦਦ ਕੀਤੀ ਕਿਉਂਕਿ ਤੇਜਾ ਸਿੰਘ ਇੱਕ ਬਹੁਤ ਹਲਕੀ ਅਵਾਜ਼ ਵਿੱਚ ਗੱਲ ਕਰਦੇ ਸੀ. ਗੁਰਦੀਪ ਸਿੰਘ ਨੇ ਸਾਨੂ ਦੱਸਿਆ ਕਿ ਗੱਜਾ ਸਿੰਘ ਕਹਿੰਦੇ ਸੀ ਕਿ ਇਥੇ ਦੇ ਮੁਸਲਿਮ ਬੇਹਦ ਪਾਕ ਅਤੇ ਨੇਕ ਇਨਸਾਨ ਸਨ.

ਮਲੇਰਕੋਟਲਾ ਦਾ ਅਪਵਾਦ

ਮੈਨੂੰ ਪਤਾ ਸੀ ਕਿ ਮਲੇਰਕੋਟਲਾ ਦੀ ਛੋਟੀ ਸ਼ਾਹੀ ਰਿਆਸਤ ਤੇ ਇੱਕ ਮੁਸਲਿਮ ਨਵਾਬ ਹਕੂਮਤ ਕਰਦੇ ਸੀ ਅਤੇ ਇਸ ਦੇ ਇਲਾਕੇ ਤੇ ਜੋ ਵੀ ਮੁਸਲਿਮ ਦਾਖ਼ਲ ਹੋ ਜਾਂਦਾ ਸੀ, ਉਹ ਮਹਿਫ਼ੂਜ਼ ਰਹਿੰਦਾ ਸੀ. 1941 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ, ਇਸ ਦੀ ਕੁੱਲ ਆਬਾਦੀ 88,109 ਸੀ. ਤਿੰਨੇ ਕੌਮਾਂ ਦੀ ਤਦਾਦ ਤਕਰੀਬਨ ਬਰਾਬਰ ਸੀ. ਹਿੰਦੂ 23,479 ਸਨ ਜਾਂ ਤਕਰੀਬਨ 27 ਫ਼ੀਸਦੀ, ਜਿਸ ਵਿੱਚ ਉੱਚੀ ਅਤੇ ਛੋਟੀ ਜਾਤ ਦੇ ਹਿੰਦੂ ਬਰਾਬਰ ਸੀ. ਮੁਸਲਿਮ ਸਭ ਤੋਂ ਜ਼ਿਆਦਾ ਸਨ, 33,881 ਦੀ ਤਦਾਦ ਜਾਂ ਆਬਾਦੀ ਦੇ 38.4 ਫ਼ੀਸਦੀ, ਅਤੇ ਸਿੱਖ 30,320 ਜਾਂ ਕੁੱਲ ਆਬਾਦੀ ਦੇ 34.4 ਫ਼ੀਸਦੀ. ਜੈਦਾਂ ਕਿ ਗੌਰ ਕੀਤਾ ਗਿਆ ਹੈ, ਜੋ ਮੁਸਲਿਮ ਮਲੇਰਕੋਟਲਾ ਪਹੁੰਚ ਜਾਂਦੇ ਸੀ, ਉਨ੍ਹਾਂ ਦਾ ਸਿੱਖ ਪਿੱਛਾ ਨਹੀਂ ਕਰਦੇ ਸੀ. ਇਹ ਇਸ ਲਈ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਦੇ ਵਕਤ ਦੇ ਮੁਸਲਿਮ ਨਵਾਬ ਬਾਰੇ ਚੰਗੀ ਗੱਲਾਂ ਕੀਤੀਆਂ ਸੀ ਕਿਉਂਕਿ ਉਹ ਮੁਘਲਾਂ ਦੇ ਦਬਾਅ ਤੇ ਨਹੀਂ ਆਏ ਸੀ ਕਿ, ਉਹ ਸਿੱਖ ਗੁਰੂ ਦੇ ਸਾਹਿਬਜ਼ਾਦਿਆਂ ਨੂੰ ਗਰਿਫ਼ਤਾਰ ਕਰਦੇ. ਸਿੱਖ, ਗੁਰੂ ਦੇ ਇਸ ਵਿਚਾਰ ਦਾ ਹਮੇਸ਼ਾ ਮਾਣ ਕਰਦੇ ਸੀ. ਇਹ ਵੀ ਮੱਣਿਆ ਜਾਂਦਾ ਹੈ ਕਿ ਗੁਰੂ ਨੇ ਕਿਹਾ ਸੀ ਕਿ ਉਨ੍ਹਾਂ ਤੋਂ ਬਾਅਦ ਵੀ ਮਲੇਰਕੋਟਲਾ ਦੇ ਮੁਸਲਿਮਾਂ ਦਾ ਕੋਈ ਨੁਕਸਾਨ ਨਾ ਕੀਤਾ ਜਾਵੇ.

ਮਗਰ, ਇਅਨ ਕੁਪਲੈਂਡ ਇਸ ਸੱਚਾਈ ਉਪਰ ਜ਼ੋਰ ਦੇਂਦੇ ਨੇ ਕਿ ਰਿਆਸਤਾਂ ਦੇ ਮੁਸਲਿਮ ਹਥਿਆਰਬੰਦ ਸਨ ਅਤੇ ਇਸ ਵਜ੍ਹਾ ਨੇ ਹਮਲੇ ਰੋਕਣ ਲਈ ਇੱਕ ਅਹਿਮ ਕਿਰਦਾਰ ਨਿਭਾਇਆ ਹੋਵੇਗਾ. ਸਾਨੂੰ ਪਤਾ ਲਗਾ ਕਿ ਤਖਤ ਹਜ਼ਾਰਾ ਦੇ ਇੱਕ ਸਿੱਖ ਨੇ ਪਟਿਆਲਾ ਦੇ ਮਹਾਰਾਜਾ ਨੂੰ, ਮਲੇਰਕੋਟਲਾ ਦੇ ਮੁਸਲਿਮਾਂ ਉਪਰ ਜੱਥੇਆਂ ਨੂੰ ਹਮਲਾ ਕਰਣ ਦੀ ਇਜ਼ਾਜ਼ਤ ਦੇਣ ਨੂੰ ਕਿਹਾ, ਪਰ ਉਹ ਰਾਜੀ ਨਹੀਂ ਹੋਏ. ਬਰਹ ਹਾਲ, ਜਦ ਕਿ ਮਲੇਰਕੋਟਲਾ ਦੇ ਆਲੇ-ਦੁਆਲੇ, ਹਜ਼ਾਰਾਂ ਦੀ ਤਦਾਦ ਤੇ ਮੁਸਲਿਮ ਹਲਾਕ ਹੋ ਰਹੇ ਸੀ, ਇਸ ਦੇ ਅੰਦਰ ਲੋਕ ਮਹਿਫ਼ੂਜ਼ ਰਹੇ ਅਤੇ ਇਸ ਵਿੱਚ ਮੁਸਲਿਮ ਪਨਾਹਗੀਰ ਵੀ ਸ਼ਾਮਲ ਸਨ.

ਮੈਂ ਮਲੇਰਕੋਟਲਾ ਜਾ ਕੇ ਇਹ ਪਤਾ ਕਰਣ ਲਈ ਬੇਤਾਬ ਸੀ ਕਿ ਉਥੇ ਕੀ ਹੋਇਆ ਸੀ. ਸਟੋਕਹੋਮ ਦੇ ਮੇਰੇ ਇੱਕ ਦੋਸਤ, ਰਿਜ਼ਵਾਨ ਦਰ ਨੇ ਮੇਰੇ ਮਲੇਰਕੋਟਲਾ ਦੇ ਸਫਰ ਲਈ ਬਹੁਤ ਮਦਦ ਕੀਤੀ. ਉਨ੍ਹਾਂ ਦੀ ਰਿਸ਼ਤੇ ਦੀ ਭੈਣ ਦਾ ਵਿਆਹ ਮਲੇਰਕੋਟਲਾ ਦੇ ਡਾ.ਨਿਜ਼ਾਮ ਦੀਨ ਨਾਲ ਹੋਇਆ ਹੈ. ਡਾ.ਨਿਜ਼ਾਮ ਦੀਨ ਨੇ ਬੜੀ ਗਰਮਜੋਸ਼ੀ ਨਾਲ, 6 ਜਨਵਰੀ 2005 ਨੂੰ ਸਾਡਾ ਸੁਆਗਤ ਕੀਤਾ.

ਡਾ.ਨਿਜ਼ਾਮ ਦੀਨ

'ਮੈਂ ਤੁਹਾਨੂ ਦੱਸ ਸਕਦਾ ਹਾਂ ਕਿ ਮਲੇਰਕੋਟਲਾ ਤੇ ਕੀ ਹੋਇਆ ਸੀ. ਮਲੇਰਕੋਟਲਾ ਤੇ ਖੁਨ-ਖਰਾਬਾ ਇਸ ਕਰ ਕੇ ਨਹੀ ਹੋਇਆ ਕਿਉਂਕਿ ਨਵਾਬ ਸਾਹਿਬ ਨਿਰਪੱਖ ਸਨ. ਉਨ੍ਹਾਂ ਦਾ ਇੱਕ ਰਿਸ਼ਤੇ ਦਾ ਭਰਾ ਲਾਹੌਰ ਤੇ ਮੁਸਲਿਮ ਲੀਗ ਦਾ ਆਗੂ ਸੀ ਅਤੇ ਸ਼ਾਹੀ ਪਰਵਾਰ ਉਪਰ ਜ਼ੋਰ ਦੇ ਰਿਹਾ ਸੀ ਕਿ ਉਹ ਪਾਕਿਸਤਾਨ ਦੀ

ਮੰਗ ਦੀ ਹਿਮਾਇਤ ਕਰਣ. ਪਰ, ਅਹਿਮ ਲੋਕਾਂ ਨੇ ਇਸ ਦੀ ਮੁਖ਼ਾਲਫ਼ਤ ਕੀਤੀ. ਮਲੇਰਕੋਟਲਾ ਦੇ ਨਵਾਬ ਦੇ ਸਿੱਖ ਸ਼ਾਹੀ ਪਰਵਾਰਾਂ ਨਾਲ ਉਮਦਾ ਰਿਸ਼ਤੇ ਸਨ ਅਤੇ ਮਲੇਰਕੋਟਲਾ ਦੇ ਹਿੰਦੂ ਹੋਰ ਸਿੱਖ ਉਨ੍ਹਾਂ ਦੇ ਵਫ਼ਾਦਾਰ ਰਹੇ. ਕੁੱਝ ਲੋਕ ਮੁਸਲਿਮ ਲੀਗ ਦੇ ਹਿਮਾਇਤੀ ਸਨ ਪਰ ਸਮੁਚੇ ਤੌਰ ਤੇ, ਅਮਨ ਕਾਇਮ ਸੀ.

'ਇਹ ਸਚ ਹੈ ਕਿ ਸਿੱਖਾਂ ਦੇ ਹਮਲੇ ਰੋਕਣ ਲਈ ਕੁੱਝ ਤਿਆਰੀ ਕੀਤੀ ਗਈ ਸੀ. ਰਿਆਸਤ ਦੀ ਪੁਲਿਸ ਅਤੇ ਇੱਕ ਛੋਟੀ ਫ਼ੌਜ਼ ਕੋਲ ਹਥਿਆਰ ਹੈਗੇ ਸੀ ਅਤੇ ਮੁਕਾਬਲਾ ਕਰ ਸਕਦੇ ਸੀ ਪਰ ਸਿੱਖਾਂ ਦੀ ਇੱਕ ਵੱਡੇ ਦਸਤੇ ਨੂੰ ਅੰਦਰ ਆਉਣ ਤੋਂ ਰੋਕ ਨਹੀਂ ਸਕਦੀ ਸੀ. ਮਗਰ ਮੇਰੀ ਇਹ ਸਮਝ ਹੈ ਕਿ ਨਵਾਬ ਸਾਹਿਬ ਨੂੰ ਮਹਾਰਾਜਾ ਪਟਿਆਲਾ ਨੇ ਪੱਕਾ ਭਰੋਸਾ ਦਿੱਤਾ ਸੀ ਕਿ ਮਲੇਰਕੋਟਲਾ ਉਪਰ ਹਮਲਾ ਨਹੀਂ ਹੋਵੇਗਾ. ਮੈਨੂੰ ਇਹ ਵੀ ਪਤਾ ਲਗਾ ਸੀ ਕਿ ਬ੍ਰਿਟਿਸ਼ ਨਾਲ ਵੀ ਸੰਪਰਕ ਸਥਾਪਤ ਕੀਤਾ ਗਿਆ ਸੀ ਅਤੇ ਦੱਸਿਆ ਗਿਆ ਸੀ ਕਿ ਮਲੇਰਕੋਟਲਾ ਉਪਰ ਹਮਲਾ ਹੋ ਸਕਦਾ ਸੀ. ਅਤੇ, ਸਭ ਤੋਂ ਉੱਚੇ ਸਤਰ ਤੇ ਸਭ ਨੂੰ ਖ਼ਬਰ ਦਿੱਤੀ ਗਈ ਸੀ. ਅਗਰ ਸਿੱਖ ਮਲੇਰਕੋਟਲਾ ਉਪਰ ਹਮਲਾ ਕਰਦੇ ਤੇ ਇਹ ਇੱਕ ਵੱਡੀ ਖ਼ਬਰ ਬਣ ਜਾਂਦੀ. ਜੱਥੇ ਇਹ ਨਹੀਂ ਚਾਹੁੰਦੇ ਸੀ. ਉਹ ਆਪਣਾ ਕੱਮ ਬੇਹਦ ਚੁਪ-ਚਾਪ ਤਰੀਕੇ ਨਾਲ ਕਰਣਾ ਚਾਹੁੰਦੇ ਸੀ. ਇੱਕ ਪਿੰਡ ਬਰਾਸ ਤੇ, ਕੋਈ 300-400 ਮੁਸਲਿਮ ਔਰਤਾਂ ਅਤੇ ਕੁੜੀਆਂ ਨੇ, ਸਿੱਖਾਂ ਦੁਆਰਾ ਬੇਇੱਜ਼ਤ ਹੋਣ ਤੋਂ ਬੱਚਣ ਲਈ, ਖੂਹਾਂ ਬਿੱਚ ਛਾਲ ਮਾਰ ਦਿੱਤੀ.

'ਮਲੇਰਕੋਟਲਾ ਨੇ ਲੱਖਾਂ ਮੁਸਲਿਮਾਂ ਨੂੰ ਪਨਾਹ ਦਿੱਤੀ, ਜੋ ਇਸ ਜਗ੍ਹ ਆ ਕੇ ਮਹਿਫ਼ੂਜ਼ ਮਹਿਸੂਸ ਕਰਦੇ ਸੀ. ਮਲੇਰਕੋਟਲਾ ਦੇ ਥੋੜੀ ਬਾਹਰ, ਹਜ਼ਾਰਾਂ ਲੋਕ ਮਾਰੇ ਗਏ. ਸ਼ਾਇਦ ਸਿੱਖਾਂ ਨੇ ਮਲੇਰਕੋਟਲਾ ਨੂੰ ਇਸ ਲਈ ਬਕਸ਼ ਦਿੱਤਾ ਕਿਉਕਿ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਆਗਿਆ ਦਿੱਤੀ ਸੀ ਕਿ, ਉਹ ਇਸ ਇਲਾਕੇ ਦੇ ਮੁਸਲਿਮਾਂ ਨੂੰ ਪਰੇਸ਼ਾਨ ਨਾ ਕਰਣ. ਜ਼ਿਆਦਾਤਰ ਸਿੱਖ ਗੁਰੂ ਗੋਬਿੰਦ ਸਿੰਘ ਦਾ ਸਤਿਕਾਰ ਕਰਦੇ ਨੇ ਅਤੇ ਉਨ੍ਹਾਂ ਦੇ ਲਫ਼ਜ਼ਾਂ ਦਾ ਬਹੁਤ ਮਾਣ ਸੀ.'

ਮਲੇਰਕੋਟਲਾ ਵਿੱਚ ਪਨਾਹਗੀਰ

ਡਾ.ਨਿਜ਼ਾਮ ਦੀਨ ਨੇ ਸਾਨੂ ਰਿਸ਼ਤੇ ਵਿੱਚ ਦੋ ਭਰਾਵਾਂ ਦੇ ਇੰਟਰਵਿਊ ਲੈਣ ਦੀ ਮਦਦ ਕੀਤੀ, ਜੋ ਪਿੰਡ ਕਾਕਰਾ ਤੋਂ ਭੱਜ ਕੇ ਮਲੇਰਕੋਟਲਾ ਆ ਕੇ ਵਸ ਗਏ ਸੀ.

ਚੌਧਰੀ ਅਬਦੁਲ ਸ਼ਕੂਰ

'ਮੇਰਾ ਜਨਮ ਕਾਕਰਾ, ਭਵਾਨੀਗੜ, ਪਟਿਆਲਾ ਤੇ ਇੱਕ ਮੁਸਲਿਮ ਕਮਬੋਹ ਪਰਵਾਰ ਤੇ ਹੋਇਆ. ਇਹ ਇੱਕ ਵੱਡਾ ਪਿੰਡ ਸੀ ਜਿਥੇ ਤਕਰੀਬਨ 1,200-1,300 ਘਰ ਸਨ, ਜਿਸ ਵਿੱਚ ਜ਼ਿਆਦਾਤਰ ਮੁਸਲਿਮ ਸਨ. ਦੂਜਾ ਸਮੁਹ ਹਿੰਦੂਆਂ ਦਾ ਸੀ, ਜੋ ਜ਼ਿਆਦਾਤਰ ਖਤਰੀ ਅਤੇ ਕੁਮਹਾਰ ਸਨ. ਮੁਸਲਿਮਾਂ ਦੀ ਮੁੱਖ ਬਰਾਦਰੀਆਂ ਰੰਘਰ ਰਾਜਪੁਤ, ਕਮਬੋਹ, ਗੱਜਰ, ਤੇਲੀ, ਧੋਬੀ ਸਨ ਅਤੇ ਕੋਈ 25-30 ਫ਼ਕੀਰ ਵੀ ਸਨ. ਸਾਡੇ ਪਿੰਡ ਤੇ ਕੋਈ ਸਿੱਖ ਨਹੀਂ ਸੀ. ਇਥੇ ਪੰਜ ਮਸੀਤਾਂ ਅਤੇ ਇੱਕ ਹਿੰਦੂ ਮੰਦਰ ਸੀ. ਰੰਘਰ ਰਾਜਪੁਤਾਂ ਜਿਨ੍ਹਾਂ ਨੂੰ ਖ਼ਾਨ ਸਾਹਿਬ ਕਿਹਾ ਜਾਂਦਾ ਸੀ, ਉਹ ਪਿੰਡ ਦੇ ਆਗੂ ਸਨ.

'ਇਹ ਭਾਦੋਂ ਦਾ ਤੀਜਾ ਦਿਨ ਸੀ-*ਲੇਖਕ ਦੇ ਮੁਤਾਬਕ: 3 ਸਤੰਬਰ 1947*-ਜਦ ਅਚਾਨਕ ਪਿੰਡ ਨੂੰ ਹਜ਼ਾਰਾਂ ਸਿੱਖਾਂ ਨੇ ਘੇਰ ਲੀਤਾ. ਉਸ ਦਿੱਨ ਮੀਂਹ ਪੈ ਰਿਹਾ ਸੀ. ਜ਼ੋਹਾਰ ਦੀ ਨਮਾਜ਼ ਅਦਾ ਕੀਤੀ ਜਾ ਚੁਕੀ ਸੀ ਅਤੇ ਘੜੀ ਤੇ ਦੁਪਹਿਰ ਦੇ ਦੋ ਹੀ ਵਜੇ ਸੀ, ਜਦ ਮੇਰਾ ਰਿਸ਼ਤੇ ਦਾ ਭਰਾ, ਜੋ ਖੂਹ ਦੀ ਤਰਫ਼ ਖਾਣਾ ਲੈ ਕੇ ਜਾ ਰਿਹਾ ਸੀ, ਚੀਕਦੇ ਹੋਏ ਵਾਪਸ ਆਇਆ, "ਉਧਰ ਵੇਖੋ, ਬਹੁਤ ਸਾਰੇ ਲੋਕ ਸਾਡੇ ਪਿੰਡ ਦੀ ਤਰਫ਼, ਟੋਡਾ ਦੀ ਤਰਫ਼ੋਂ ਆ ਰਹੇ ਨੇ." ਅਤੇ ਮੇਰੇ ਚਾਚਾ ਸਭ ਕੁੱਝ ਛੱਡ ਕੇ, ਆਪਣੇ ਊਠ ਉਪਰ ਬੈਠ ਗਏ ਅਤੇ ਆਪਣੇ ਬੇਟੇ ਨੂੰ ਆਪਣੇ ਪਿੱਛੇ ਬਿਠਾ ਲੀਤਾ. ਕਿਸੇ ਨੇ ਉਨ੍ਹਾਂ ਦੇ ਉਪਰ ਗੋਲੀ ਚਲਾ ਦਿੱਤੀ ਅਤੇ ਉਨ੍ਹਾਂ ਨੂੰ ਪੈਰ ਤੇ ਜਾ ਲਗੀ. ਉਹ ਕਿਸੇ ਤਰ੍ਹਾਂ ਘਰ ਆ ਗਏ. ਹਮਲਾ ਸ਼ੁਰੂ ਹੋ ਗਿਆ ਸੀ. ਕਈ ਮੁਸਲਿਮ, ਸ਼ਾਇਦ 250-300 ਹਲਾਕ ਹੋ ਗਏ, ਪਰ ਕੁੱਝ ਹਮਲਾਵਾਰ ਵੀ ਮਾਰੇ ਗਏ. ਲੋਕ ਪਿੰਡ ਨੂੰ ਛੱਢ ਕੇ ਜਾਣ ਲਗੇ.

'ਅਸੀਂ ਰਾਤ ਦੇ ਦੱਸ ਵਜੇ ਗਏ. ਅਸੀਂ ਜਦ ਛਿੰਟਾਂਵਾਲਾ ਪਹੁੰਚੇ, ਤਦ ਮੀਂਹ ਪੈ ਰਿਹਾ ਸੀ. ਸਾਡੇ ਨਾਲ ਹੋਰ ਵੀ ਕਈ ਪਿੰਡਾਂ ਦੇ ਲੋਕ ਸਨ. ਛਿੰਟਾਂਵਾਲਾ ਉਪਰ ਇੱਕ ਹੋਰ ਹਮਲਾ ਹੋਇਆ, ਛੇ ਜਾਂ ਸੱਤ ਹੋਰ ਲੋਕ ਹਲਾਕ ਕਰ ਦਿੱਤੇ ਗਏ. ਅਸੀਂ ਉਸ ਪਿੰਡ ਨੂੰ 6 ਭਾਦੋਂ ਨੂੰ ਛੱਡਿਆ. ਇਸ ਵਾਰ ਵੀ, ਅਸੀਂ ਆਪਣਾ ਸਫਰ ਰਾਤ ਨੂੰ ਸ਼ੁਰੂ ਕੀਤਾ, ਤਾਂਕਿ ਕਿਸੇ ਨੂੰ ਇਸ ਦਾ ਪਤਾ ਨਾ ਲਗੇ. ਅਸੀਂ ਨਾਭਾ ਸ਼ਾਹੀ ਰਿਆਸਤ ਦੇ ਟੁੰਗਾਂ ਨਾਂਅ ਦੀ ਇੱਕ ਜਗ੍ਹ ਪਹੁੰਚੇ. ਇਥੇ ਕਈ ਟਿੱਬੇ ਮੌਜੂਦ ਸੀ. ਅਸੀਂ ਉਥੇ ਕੁੱਝ ਦਿਨਾਂ ਤਕ ਰਹੇ, ਇਸ ਦੇ ਬਾਅਦ ਦੁਬਾਰਾ ਮਲੇਰਕੋਟਲਾ ਦੀ ਤਰਫ਼ ਆਪਣਾ ਸਫਰ ਸ਼ੁਰੂ ਕੀਤਾ. ਅਸੀਂ ਇੱਕ ਨਹਿਰ ਪਾਰ ਕੀਤੀ ਅਤੇ ਇੱਕ ਵੱਡੀ ਪੂਰੀ ਤਰ੍ਹਾਂ ਬੰਜਰ ਜਗ੍ਹ ਤੇ ਪਹੁੰਚ ਗਏ. ਖਾਰੇਪਨ ਅਤੇ ਪਾਣੀ ਜਮਾ ਹੋਣ ਕਰ ਕੇ ਸਾਰੀ ਬਨਸਪਤੀ ਤਬਾਹ ਹੋ ਚੁਕੀ ਸੀ. ਅਤੇ ਇੱਕ ਵੱਡੇ ਮੈਦਾਨੀ ਇਲਾਕੇ ਤੇ ਮੁਸਲਿਮ ਆ ਗਏ ਸੀ ਅਤੇ ਉਹ ਬਿਲਕੁਲ ਹੀ ਮਹਿਫ਼ੂਜ਼ ਨਹੀਂ ਸਨ. ਇਸ ਦੇ ਬਾਅਦ ਅਸਲੀ ਕਤਲੇਆਮ ਸ਼ੁਰੂ ਹੋਇਆ. ਹਜ਼ਾਰਾਂ ਦੀ ਤਦਾਦ ਤੇ ਮੁਸਲਿਮ ਹਲਾਕ ਕਰ ਦਿੱਤੇ ਗਏ. ਪੂਰੀ ਤਰ੍ਹਾਂ ਹਫੜਾ-ਤਫੜੀ ਫੈਲ ਗਈ. ਕਿਸੇ ਨੂੰ ਨਹੀਂ ਪਤਾ ਸੀ ਕਿ ਕੀ ਹੋ ਰਿਹਾ ਸੀ. ਮੇਰੇ ਵਾਲਿਦ, ਮੇਰੇ ਸਾਰੇ ਤਾਇਐ ਅਤੇ ਚਾਚੇਆਂ ਤੋਂ ਇੱਕ ਨੂੰ ਛੱਡ ਕੇ, ਮੇਰੇ ਵਾਲਿਦ ਦੇ ਚਾਚਾ, ਮੇਰੇ ਚਾਰ ਭਰਾ ਅਤੇ ਰਿਸ਼ਤੇ ਦੇ ਚਾਰ ਭਰਾ-ਸਾਰੇ ਬੇਰਹਿਮੀ ਨਾਲ ਹਲਾਕ ਕਰ ਦਿੱਤੇ ਗਏ. ਮੇਰੇ ਪਰਵਾਰ ਦੇ ਕੋਈ 45 ਸਦੱਸ ਮਾਰੇ ਗਏ. ਮੈਂ, ਮੇਰਾ ਇੱਕ ਭਰਾ ਅਤੇ ਸਾਡੀ ਮਾਂ ਬਚ ਗਏ.

'ਮੈਂ ਜ਼ਖ਼ਮੀ ਹੋਇਆ ਸੀ (ਉਨ੍ਹਾਂ ਨੇ ਆਪਣੇ ਸੀਨੇ ਉਪਰ ਦਾ ਇੱਕ ਗਹਿਰਾ ਜ਼ਖ਼ਮ ਦਿਖਾਇਆ). ਅਸੀਂ ਗੰਨੇ ਦੇ ਇੱਕ ਖੇਤ ਤੇ ਲੁੱਕ ਗਏ. ਫਿਰ ਅਸੀਂ ਨਹਿਰ ਦੇ ਉਪਰ ਦਾ ਪੁਲ ਪਾਰ ਕੀਤਾ. ਅਸੀਂ ਵੇਖਿਆ ਕਿ ਦੋ ਭੈਣਾ ਮਰੀ ਪਇਆਂ ਸੀ. ਈਦ ਕੁੱਝ ਦਿਨ ਪਹਿਲਾਂ ਹੀ ਮਣਾਈ ਗਈ ਸੀ. ਉਨ੍ਹਾਂ ਨੇ ਸੋਹਣੀ ਪੋਸ਼ਾਕਾਂ ਪਾਈਆਂ ਸੀ ਅਤੇ ਉਨ੍ਹਾਂ ਦੀ ਜੁਤੀਆਂ ਵੀ ਇੱਕ ਵਰਗੀ ਸੀ. ਇੱਕ ਦਾ ਚਾਰ ਮਹੀਨੇ ਨਾ ਬੇਟਾ ਸੀ ਅਤੇ ਦੂਜੀ ਦੀ, ਇੱਕ ਛੋਟੀ ਦੋ ਮਹੀਨੇ ਦੀ ਬੇਟੀ. ਦੋਨੋ ਨਿਆਨੇ ਜ਼ਿੰਦਾ ਸੀ. ਮੇਰੀ ਮਾਂ ਨੇ ਕਿਹਾ, "ਇਨ੍ਹਾਂ ਨੂੰ ਨਾਲ ਲੈ ਜਾਣਾ ਚਾਹੀਦਾ ਹੈ." ਮੈਂ ਅਤੇ ਮੇਰੇ ਭਰਾ ਨੇ ਉਣ ਨਿਆਨੇਆਂ ਨੂੰ ਉਠਾ ਲੀਤਾ. ਅਸੀਂ ਮਲੇਰਕੋਟਲਾ ਤੋਂ ਥੋੜੀ ਦੂਰ ਜੈਨਪੁਰ ਆਏ. ਉਥੇ ਸਾਡਾ ਸਾਹਮਣਾ ਸਿੱਖ ਜੱਟਾ ਨਾਲ ਹੋਇਆ ਜੋ ਰਾਈਫਲਾਂ ਨਾਲ ਲੈਸ ਸਨ. ਉਨਾਂ ਨੇ ਸਾਨੂ ਰੁਕਣ ਨੂੰ ਕਿਹਾ. ਇਸ ਦੇ ਬਾਅਦ, ਹੋਰ ਲੋਕ ਇਕੱਠਾ ਹੋ ਗਏ. ਅਸੀਂ ਕੁੱਲ ਮਿਲਾ ਕੇ 12-14 ਲੋਕ ਸੀ. ਸਿੱਖ ਕਿਸੇ ਨੂੰ ਵੀ, ਸਾਨੂ ਹਲਾਕ ਕਰਣ ਤੋਂ ਰੋਕ ਰਹੇ ਸੀ. ਸਾਨੂ ਇੱਕ ਜਗ੍ਹ ਤੇ ਲੈ ਜਾਇਆ ਗਿਆ ਜਿਥੇ 200-250 ਮੁਸਲਿਮ ਕੁੜੀਆਂ ਸੀ. ਉਨ੍ਹਾਂ ਦੀ ਵੰਡ ਲੈ ਕੇ, ਸਿੱਖਾਂ ਵਿੱਚ ਝਗੜਾ ਹੋ ਰਿਹਾ ਸੀ. ਉਹ ਕਹਿ ਰਹੇ ਸਨ, "ਮੈਂ ਇਹ ਵਾਲੀ ਲੈਣੀ ਹੈ,"

ਜਦ ਕਿ ਦੂਜੇ ਕਿਹ ਰਹੇ ਸੀ "ਅਸ਼ੀਂ ਉਨ੍ਹਾ ਨੂੰ ਲੈਣਾ ਹੈ." ਪਰ, ਕੁੱਝ ਸਿੱਖਾਂ ਨੇ ਇੱਸ ਅਨੈਤਿਕ ਕੱਮ ਨੂੰ ਨਹੀਂ ਕਰਣ ਨੂੰ ਕਿਹਾ ਅਤੇ ਬਦਮਾਸ਼ ਤਿਤਰ-ਬਿਤਰ ਹੋ ਗਏ. ਫਿਰ ਅਸੀਂ ਸਾਰੇ ਚਲਦੇ ਰਹੇ ਅਤੇ ਮਾਨਕ ਮਾਜਰਾ ਪਹੁੰਚ ਗਏ. ਇਥੇ ਮਲੇਰਕੋਟਲਾ ਦੇ ਸਿਪਾਹੀ ਇੰਤਜ਼ਾਰ ਕਰ ਰਹੇ ਸੀ. ਉਥੇ ਡਾਕਟਰ ਅਤੇ ਗੱਡੀਆਂ ਵੀ ਮੌਜੂਦ ਸਨ. ਅਸੀਂ ਉਨ੍ਹਾਂ ਨੂੰ, ਨਿਆਨੇਆਂ ਨੂੰ ਦੇ ਕੇ, ਮਲੇਰਕੋਟਲਾ ਦੀ ਤਰਫ਼ ਚਲਦੇ ਰਹੇ. ਉਥੇ ਅਸੀਂ ਆਪਣੀ ਦਾਦੀ ਨੂੰ ਮਿਲੇ, ਜੋ ਖੁਦ ਉਥੇ ਪਹੁੰਚ ਗਈ ਸੀ.

'ਉਸ ਦਿਨ ਤੋਂ ਅਸੀਂ ਮਲੇਰਕੋਟਲਾ ਤੇ ਰਹਿ ਰਹੇ ਹਾਂ. ਮੇਰੀ ਅੱਖਾਂ ਦੇ ਸਾਹਮਣੇ ਕਈ ਹਜ਼ਾਰ ਮੁਸਲਿਮ ਹਲਾਕ ਕੀਤੇ ਗਏ. ਕਿਰਪਾਨਾਂ, ਬਰਛੇ ਅਤੇ ਰਾਈਫਲਾਂ ਦਾ ਇਸਤੇਮਾਲ ਕੀਤਾ ਗਿਆ. ਲੋਕ ਰਹਿਮ ਲਈ ਬੇਨਤੀ ਕਰ ਰਹੇ ਸੀ ਅਤੇ ਆਪਣਾ ਸਭ ਕੁੱਝ ਦੇਣ ਨੂੰ ਤਿਆਰ ਸੀ, ਮਗਰ ਉਨ੍ਹਾਂ ਦੇ ਟੋਟੇ ਕਰ ਦਿੱਤੇ ਗਏ ਜਾਂ ਅਗਵਾ ਕੀਤਾ ਗਿਆ. ਬਾਅਦ ਤੇ, ਕੁੱਝ ਖ਼ਵਾਤੀਨਾਂ ਨੂੰ ਵਾਪਸ ਲੈ ਆਉਂਦਾ ਗਿਆ. ਇਥੇ ਮਲੇਰਕੋਟਲਾ ਤੇ ਸਾਨੂੰ ਕਦੀ ਕੋਈ ਡਰ ਨਹੀਂ ਲਗਦਾ ਹੈ. ਡਾ.ਨਿਜ਼ਾਮ ਦੀਨ ਸਾਡੇ ਪਰਵਾਰ ਦੀ ਤਰ੍ਹਾਂ ਨੇ.'

ਬਾਬੁ ਖ਼ਾਨ

ਬਾਬੁ ਖ਼ਾਨ (ਜਨਮ 1940), ਜੋ ਅਬਦੁਲ ਸ਼ਕੂਰ ਦੇ ਰਿਸ਼ਤੇ ਤੇ ਭਰਾ ਨੇ, ਸਾਡੇ ਨਾਲ ਗੱਲ-ਬਾਤ ਕਰਣ ਬਾਅਦ ਤੇ ਆਏ. ਬਾਬੁ ਅਬਦੁਲ ਸ਼ਕੂਰ ਦੇ ਚਾਚੇ ਦੇ ਬੇਟੇ ਨੇ. ਉਨ੍ਹਾਂ ਨੇ ਕਿਹਾ:

'ਹਮਲੇ ਦੇ ਦਿਨ ਮੇਰੇ ਤਾਇਆ ਜੀ ਘਰ ਆ ਕੇ ਅਸੀਂ ਸਾਰੇ ਬੱਚੇਆ ਨੂੰ, ਜੋ ਖੇਡ ਰਹੇ ਸੀ, ਕਿਹਾ , "ਜਲਦੀ ਕਰੋ, ਸਾਨੂੰ ਹੁਣ ਹੀ ਚਲੇ ਜਾਣਾ ਹੈ". ਅਸੀਂ ਜਾਣ ਦੀ ਕੋਸ਼ਿਸ਼ ਕੀਤੀ ਪਰ ਪਿੰਡ ਨੂੰ ਚਾਰੋਂ ਤਰਫ਼ੋਂ ਘੇਰ ਲੀਤਾ ਗਿਆ ਸੀ. ਅਤੇ ਅਸੀਂ ਵਾਪਸ ਆ ਗਏ. ਹਮਲਾਵਰ ਬਾਹਰ ਤੋਂ ਆਏ ਸੀ. ਹਜ਼ਾਰਾਂ ਦੀ ਤਦਾਦ ਤੇ ਲੋਕ ਬਰਛੇ, ਕੁਹਾੜੀਆਂ ਅਤੇ ਲੰਬੇ ਚਾਕੂ ਲੈ ਕੇ ਸਾਡੇ ਪਿੰਡ ਦੀ ਤਰਫ਼ ਆ ਰਹੇ ਸੀ. ਸਾਡੇ ਕੋਲ ਕੋਈ ਹਥਿਆਰ ਨਹੀਂ ਸੀ. ਨਜ਼ਾਰਾ ਬਹੁਤ ਖ਼ੌਫ਼ਨਾਕ ਸੀ.

'ਅਸੀਂ ਖੇਤਾਂ ਤੇ ਲੁੱਕਣ ਦਾ ਫ਼ੈਸਲਾ ਕੀਤਾ. ਅਤੇ ਮੇਰੀ ਮਾਂ, ਪਿਉ, ਭਰਾ ਅਤੇ ਭੈਣਾਂ ਖੇਤਾਂ ਤੇ ਚਲੇ ਗਏ. ਸਿੱਖਾਂ ਨੇ ਚੀਕਦੇ ਹੋਏ ਹਮਲਾ ਕੀਤਾ ਤਾਂਕਿ ਅਸੀਂ ਬਾਹਰ ਆ ਜਾਇਏ, ਪਰ ਅਸੀਂ ਐਦਾਂ ਨਹੀਂ ਕੀਤਾ. ਮੇਰੀ ਮਾਂ ਨੂੰ ਇੱਕ ਕੁਹਾੜੀ ਨਾਲ ਵਾਰ ਕੀਤਾ ਗਿਆ. ਮੇਰੇ ਪਿਉ ਉਪਰ ਵੀ ਵਾਰ ਕੀਤਾ ਗਿਆ. ਉਹ ਪਿੱਛੇ ਹਟਦੇ ਰਹੇ, ਪਰ ਹਮਲਾਵਰ ਉਨ੍ਹਾਂ ਦਾ ਪਿੱਛਾ ਕਰਦੇ ਰਹੇ ਅਤੇ ਫਿਰ ਉਹ ਡਿਗ ਗਏ. ਮੈਂ ਉਥੇ ਖੜ੍ਹਾ, ਸਭ ਕੁੱਝ ਵੇਖ ਰਿਹਾ ਸੀ. ਉਨ੍ਹਾਂ ਨੇ ਬੱਚੇਆਂ ਨੂੰ ਕੁੱਝ ਨਹੀਂ ਕਿਹਾ. ਮੇਰਾ ਛੋਟਾ ਭਰਾ ਰੋਣ ਲਗਾ. ਮੇਰੀ ਮਾਂ ਨੇ ਕਿਹਾ, "ਰੋਵੋ ਨਹੀਂ". ਉਨ੍ਹਾਂ ਨੇ ਉਸ ਨੂੰ ਆਪਣਾ ਪੇਟ ਦਿਖਾਇਆ ਜੋ ਚੀਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀ ਅੰਾਤ ਬਾਹਰ ਆ ਗਈ ਸੀ. ਅਸੀਂ ਸਦਮੇ ਵਿੱਚ ਆ ਗਏ ਅਤੇ ਬੇਹਦ ਡਰੇ ਹੋਏ ਸੀ. ਤਦ ਇੱਕ ਸਿੱਖ ਨੇ ਕਿਹਾ, "ਖੇਤ ਨੂੰ ਅੱਗ ਲਗਾ ਦੋ". ਮੈਂ ਭੱਜਣ ਲਗਾ. ਸਿੱਖਾ ਨੇ ਮੈਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਕਿਹਾ, "ਉਸ ਦੇ ਕੋਲ ਕੁੱਝ ਨਹੀਂ ਹੈ. ਵੱਡੇਆਂ ਕੋਲ ਪੈਸੇ ਅਤੇ ਜੇਵਰ ਨੇ". ਮੈਂ ਇੱਕ ਝਾੜੀ ਤੇ ਬੈਠ ਗਿਆ. ਮੇਰੀ ਅੱਖਾਂ ਦੇ ਸਾਹਮਣੇ ਹਜ਼ਾਰਾਂ ਲੋਕ ਮਾਰੇ ਗਏ.

'ਫਿਰ ਮੈਂ ਆਪਣੀ ਮਾਂ ਅਤੇ ਭਰਾ-ਭੈਣਾਂ ਨੂੰ ਅਵਾਜ਼ ਦੇ ਕੇ ਪੁਕਾਰਣ ਲਗਾ, ਮਗਰ ਉਹ ਅਤੇ ਮੇਰੇ ਦੋ ਵੱਡੇ ਭਰਾਂ ਅਤੇ ਦੋ ਛੋਟੇ ਭਰਾ ਮਰੇ ਪਇਐ ਸੀ. ਮੇਰੇ ਵਾਲਿਦ ਦਾ ਵੀ ਕਤਲ ਕਰ ਦਿੱਤਾ ਗਿਆ ਸੀ. ਇੱਕ

ਕਮਬੋਹ ਕੁੜੀ ਆ ਗਈ. ਉਹ ਸਾਡੀ ਰਿਸ਼ਤੇਦਾਰ ਸੀ. ਉਹ ਮੇਰੇ ਤੋਂ ਥੋੜੀ ਵੱਡੀ ਸੀ. ਸਿਰਫ਼ ਅਸੀਂ ਦੋ ਬਚ ਗਏ ਸੀ. ਨੇੜੇ ਹੀ ਇੱਕ ਖੂਹ ਸੀ. ਅਸੀਂ ਉਥੇ ਗਏ. ਮੀਂਹ ਪੈ ਰਿਹਾ ਸੀ. ਮੈਨੂੰ ਬਹੁੱਤ ਭੁਖ ਲਗੀ ਸੀ. ਮੈਂ ਪਿੰਡ ਤੇ ਜਾ ਕੇ ਖਾਣਾ ਲੱਭਣ ਦਾ ਫ਼ੈਸਲਾ ਕੀਤਾ, ਮਗਰ ਪਿੰਡ ਜਲ ਰਿਹਾ ਸੀ. ਫਿਰ ਮੈਂ ਖੂਹ ਤੇ ਵਾਪਸ ਆ ਗਿਆ. ਕੁੜੀ ਚਲੀ ਗਈ ਸੀ ਜਾਂ ਕਿਸੇ ਨੇ ਉਸ ਨੂੰ ਲੈ ਲੀਤਾ ਸੀ.

'ਮੈਂ ਰਾਤ ਖੂਹ ਤੇ ਹੀ ਗੁਜ਼ਾਰੀ ਅਤੇ ਇਸ ਦੇ ਨਾਲ ਲਗੇ ਕਮਰੇ ਤੇ ਮੈਂ ਸੁੱਤਾ. ਖਾਣ ਨੂੰ ਕੁੱਝ ਨਹੀਂ ਸੀ. ਤੀਜੇ ਦਿਨ ਸਾਡੇ ਪਿੰਡ ਤੋਂ ਇੱਕ ਮੁੰਡਾ ਖੂਹ ਤੇ ਆਇਆ. ਉਹ ਮੇਰੇ ਤੋਂ ਥੋੜਾ ਵੱਡਾ ਸੀ. ਜਦ ਉਸ ਨੇ ਮੈਨੂੰ ਵੇਖਿਆ, ਉਹ ਭੱਜਣ ਲਗਾ. ਮੈਂ ਚੀਕ ਕੇ ਉਸ ਨੂੰ ਕਿਹਾ, "ਮੈਂ ਬਾਬੁ ਹਾਂ, ਡਰਣ ਦੀ ਲੋੜ ਨਹੀਂ ਹੈ". ਉਹ ਵਾਪਸ ਆ ਗਿਆ. ਅਸੀਂ ਫ਼ੈਸਲਾ ਕੀਤਾ ਕਿ ਅਸੀਂ ਪਿੰਡ ਜਾ ਕੇ ਖਾਣੇ ਦੀ ਤਲਾਸ਼ ਕਰਾਂਗੇ. ਜਦ ਖਤਰੀਆਂ ਨੇ ਸਾਨੂੰ ਵੇਖਿਆ, ਉਹ ਸਾਨੂ ਗਾਲਾਂ ਕੱਢਣ ਲਗੇ. ਕਿਰਪਾਨਾ ਲੈ ਕੇ ਦੋ ਸਿੱਖ ਸਾਡੇ ਪਿੱਛੇ ਦੌੜੇ. ਦੂਜਾ ਮੁੰਡਾ ਕਿਸੇ ਹੋਰ ਤਰਫ਼ ਭੱਜ ਗਿਆ. ਉਹ ਉਸ ਦੇ ਪਿੱਛੇ ਦੌੜੇ.

'ਮੈਂ ਭਵਾਨੀਗੜ ਆਇਆ ਜਿਥੇ ਸਾਡੀ ਜ਼ਮੀਨ ਅਤੇ ਇੱਕ ਖੂਹ ਸੀ. ਉਥੇ ਮੈਂ ਸਾਰੀ ਰਾਤ, ਮੱਕੀ ਦੀ ਛਲੀਆਂ ਲੱਭ ਰਿਹਾ ਸੀ, ਪਰ ਮੈਨੂੰ ਨਸੀਬ ਨਹੀਂ ਹੋਇਆਂ. ਅਤੇ ਮੈਂ ਫਿਰ ਇੱਕ ਵਾਰ ਕਾਕਰਾ ਆ ਗਿਆ. ਕੋਈ ਘਰ ਤੇ ਨਹੀਂ ਸੀ. ਸਿਰਫ਼ ਡੰਗਰ ਮੌਜੂਦ ਸਨ. ਉਥੇ ਮੈਂ ਇੱਕ ਨਿਹੰਗ ਨੂੰ ਵੇਖਿਆ. ਉਹ ਆਪਣੇ ਡੰਗਰਾਂ ਨੂੰ ਲੈ ਕੇ ਜਾ ਰਿਹਾ ਸੀ. ਮੈਂ ਉਸ ਦੇ ਪਿੱਛੇ ਤੁਰਣ ਲਗਾ. ਉਸ ਨੇ ਮੈਨੂੰ ਵੇਖ ਲੀਤਾ ਅਤੇ ਕਿਹਾ, "ਤੁ ਗਾਂਵਾਂ ਨੂੰ ਵੇਖਦਾ ਆਈਂ". ਮੈਂ ਐਦਾਂ ਹੀ ਕੀਤਾ. ਪਰ ਥੋੜੀ ਦੇਰ ਬਾਅਦ, ਮੈਂ ਭੱਜ ਗਿਆ. ਮੈਂ ਫਿਰ ਉਸੇ ਜਗ੍ਹ ਤੇ ਪਹੁੰਚ ਗਿਆ ਜਿਥੇ ਮੈਂ ਉਸ ਕੁੜੀ ਨੂੰ ਮਿਲਿਆ ਸੀ. ਮੇਰੇ ਤੋਂ ਜੁਦਾ ਹੋਣ ਵਾਲਾ ਮੁੰਡਾ ਵੀ ਜ਼ਿੰਦਾ ਸੀ.

'ਅਸੀਂ ਆਪਣੇ ਤਾਇਆ ਜੀ ਦੇ ਘਰ ਗਏ ਅਤੇ ਉਥੇ ਸੌ ਗਏ. ਉਥੇ ਕੋਈ ਵੀ ਨਹੀਂ ਸੀ. ਫਿਰ ਅਸੀਂ ਪਿੰਡ ਛਨਾ ਨਾਨਕਵਾਲਿਆ ਜਾਣ ਦਾ ਫ਼ੈਸਲਾ ਕੀਤਾ. ਉਸ ਮੁੰਡੇ ਨੇ ਕਿਹਾ, "ਸਾਨੂ ਉਥੇ ਜਾਣਾ ਚਾਹੀਦਾ ਹੈ, ਭਾਵੇਂ ਹੀ ਉਹ ਇੱਕ ਸਿੱਖ ਪਿੰਡ ਹੈ. ਜ਼ਿਆਦਾ ਤੋਂ ਜ਼ਿਆਦਾ, ਉਹ ਸਾਨੂ ਮਾਰ ਦੇਣਗੇ". ਅਤੇ ਮੈਂ ਕਿਹਾ, ਠੀਕ ਹੈ. ਉਸ ਨਾਲ ਸਾਡੀ ਸਾਰੀ ਮੁਸ਼ਕਲਾਂ, ਅਖੀਰਕਾਰ, ਖ਼ਤਮ ਹੋ ਜਾਣਗੀਆਂ. ਅਸੀਂ ਵੇਖਿਆ ਕਿ ਇੱਕ ਸਿੱਖ ਸਾਡੀ ਤਰਫ਼ ਆ ਰਿਹਾ ਸੀ. ਉਹ ਮੁੰਡਾ ਰੋਣ ਲਗਾ. ਮੈਂ ਖੇਤ ਵਿੱਚ ਵੜ ਗਿਆ. ਉਸ ਸਿੱਖ ਨੇ ਕਿਹਾ, "ਰੋ ਨਹੀਂ. ਤੁ ਮੱਜਲ ਹੈਂ?

"ਹਾਂ," ਉਸ ਮੁੰਡੇ ਨੇ ਕਿਹਾ.

"ਤੇਰੇ ਮਾਂ-ਪਿਉ ਦਾ ਕੀ ਬਣਿਆ?"

"ਉਨ੍ਹਾਂ ਨੂੰ ਹਲਾਕ ਕਰ ਦਿੱਤਾ ਗਿਆ ਹੈ" ਉਸ ਨੇ ਜਵਾਬ ਦਿੱਤਾ.

"ਤੇਰੀ ਭੈਣ?"

"ਮੈਨੂੰ ਨਹੀਂ ਪਤਾ" ਉਸ ਨੇ ਜਵਾਬ ਦਿੱਤਾ.

'ਤਦ ਉਸ ਸਿੱਖ ਨੇ ਉਸ ਨੂੰ ਕਿਹਾ, "ਮੇਰੇ ਨਾਲ ਆ. ਮੈਂ ਕੁੱਝ ਨਹੀਂ ਕਹਿੰਦਾ".

'ਇਹ ਸੁਣ ਕੇ ਉਸ ਮੁੰਡੇ ਨੇ ਚੀਕ ਕੇ ਮੈਨੂੰ ਕਿਹਾ, "ਬਾਬੁ ਬਾਹਰ ਆ ਜਾ. ਇਹ ਸਾਡਾ ਕੋਈ ਨੁਕਸਾਨ ਨਹੀਂ ਕਰੇਗਾ". ਉਹ ਸੱਚ-ਮੁੱਚ ਇੱਕ ਨੇਕ ਇਨਸਾਨ ਸੀ. ਉਸ ਨੇ ਸਾਡੇ ਸਿਰਾਂ ਤੇ, ਪਿਆਰ ਨਾਲ ਹੱਥ ਫੇਰਿਆ. ਉਹ ਸਾਨੂ ਲੰਬਰਦਾਰ ਹਰਨਾਮ ਸਿੰਘ ਅਤੇ ਪ੍ਰੇਮ ਸਿੰਘ ਕੋਲ ਲੈ ਗਿਆ. ਉਸ ਨੇ ਉਨ੍ਹਾਂ ਨੂੰ ਕਿਹਾ,

"ਸਾਨੂ ਇਣ ਮੁੰਡੇਆ ਨੂੰ ਰੱਖਣਾ ਹੈ". ਉਨ੍ਹਾਂ ਨੇ ਸਾਨੂ ਖਾਣਾ ਦਿੱਤਾ. ਫਿਰ ਉਨ੍ਹਾਂ ਨੇ ਸਾਨੂ ਸੌਣ ਲਈ ਮੰਜ਼ੇ ਦਿੱਤੇ. ਉਨ੍ਹਾਂ ਨੇ ਦਰਵਾਜ਼ੇ ਤੇ ਕੁੰਡੀ ਲਗਾ ਦਿੱਤੀ ਅਤੇ ਕਿਹਾ, "ਤੁਸੀਂ ਇਥੇ ਰਹੋ". ਉਸ ਪਿੰਡ ਨੇ ਕੋਈ ਸੱਤਰ ਮੁਸਲਿਮਾਂ ਨੂੰ ਬਚਾਇਆ ਸੀ. ਅਸੀਂ ਉਥੇ ਦੋ ਮਹੀਨੇ ਤਕ ਰਹੇ. ਅਸੀਂ ਉਨ੍ਹਾਂ ਦੇ ਡੰਗਰਾਂ ਨੂੰ ਚਾਰਾ ਦੇਣ ਖੇਤਾ ਤੇ ਲੈ ਜਾਂਦੇ ਸੀ. ਲੰਬਰਦਾਰ ਨੇ ਆਪਣੇ ਭਤੀਜੇ ਨੂੰ ਹਦਾਇਤ ਦਿੱਸੀ ਸੀ ਕਿ ਉਹ ਹਮੇਸ਼ਾ ਸਾਡੇ ਨਾਲ ਰਹੇ. ਸਾਨੂ ਇਕੱਲਾ ਨਹੀਂ ਛੱਡਣਾ ਸੀ. ਅਤੇ ਉਸ ਨੇ ਵੀ ਐਦਾਂ ਹੀ ਕੀਤਾ.

'ਇੱਕ ਦਿਨ ਉਨ੍ਹਾਂ ਨੇ ਮੈਨੂੰ ਉਸ ਦੇ ਹੁਕੇ ਲਈ ਤੰਬਾਕੂ ਲੈ ਆਉਣ ਲਈ ਭੇਜਿਆ. ਮੈਂ ਆਪਣੇ ਪਿੰਡ ਦੇ ਇੱਕ ਬਜ਼ੁਰਗ ਨੂੰ ਮਿਲਿਆ ਜੋ ਮੇਰੀ ਖ਼ਾਲਾ (ਮਾਸੀ) ਦਾ ਸਹੁਰਾ ਨਿਕਲਿਆ. ਮੈਂ ਉਸ ਨੂੰ ਦੱਸਿਆ ਕਿ ਮੈਂ ਇਸਮਾਇਲ ਦਾ ਮੁੰਡਾ ਸੀ. ਉਹ ਰੋਣ ਲਗੇ, ਜਦ ਮੈਂ ਉਨ੍ਹਾਂ ਨੂੰ ਦੱਸਿਆ ਕਿ ਮੇਰਾਂ ਮਾਂ-ਪਿਉ ਨੂੰ ਮਾਰ ਦਿੱਤਾ ਗਿਆ ਸੀ. ਉਸ ਨੇ ਮੈਨੂੰ ਕਿਹਾ ਕਿ ਉਹ ਚਾਰ-ਪੰਜ ਦਿਨਾਂ ਵਿੱਚ ਮਲੇਰਕੋਟਲਾ ਚਲੇ ਜਾਣਗੇ ਅਤੇ ਮੈਨੂੰ ਆਪਣੇ ਨਾਲ ਲੈ ਜਾਣ ਦੀ ਪੇਸ਼ਕਸ਼ ਕੀਤੀ.

'ਇਸ ਦੇ ਮੁਤਾਬਕ, ਉਨ੍ਹਾਂ ਨੇ ਮੈਨੂੰ ਆਉਣ ਦਾ ਸੱਦਾ ਦਿੱਤਾ, ਪਰ ਲੰਬਰਦਾਰਾਂ ਨੇ ਉਨ੍ਹਾਂ ਨੂੰ ਸਨੇਹਾ ਭੇਜਿਆ ਕਿ ਮੈਂ ਉਨ੍ਹਾਂ ਦੇ ਨਾਲ ਮਲੇਰਕੋਟਲਾ ਨਹੀਂ ਜਾਣਾ ਚਾਹੁੰਦਾ ਸੀ. ਮਲੇਰਕੋਟਲਾ ਤੇ ਉਹ ਮੇਰੇ ਚਾਚਾਜੀ ਨੂੰ ਮਿਲਿਆ ਅਤੇ ਉਸ ਨੂੰ ਕਿਹਾ ਕਿ ਮੈਂ ਛੱਨਾ ਨਾਨਕਵਾਲਿਆ ਦੇ ਲੰਬਾਰਦਾਰਾਂ ਨਾਲ ਸੀ. ਮੇਰੇ ਮਾਮਜੀ ਵੀ ਮਲੇਰਕੋਟਲਾ ਤੇ ਸਨ. ਉਨ੍ਹਾਂ ਨੇ ਇੱਕ ਸਿੱਖ ਅਮਰ ਸਿੰਘ ਨੂੰ ਲੰਬਰਦਾਰਾਂ ਕੋਲ ਭੇਜਿਆ. ਪਰ ਮੈਂ ਡਰ ਗਿਆ ਅਤੇ ਰੋਣ ਲਗਾ.

'ਅਮਰ ਸਿੰਘ ਨੇ ਮੈਨੂੰ ਕਿਹਾ ਕਿ ਉਹ ਮੈਨੂੰ ਮੇਰੇ ਮਾਮਾ ਕੋਲ ਲੈ ਜਾਵੇਗਾ. ਅਤੇ, ਮੈਂ ਉਸ ਦੇ ਨਾਲ ਜਾਣ ਦਾ ਫ਼ੈਸਲਾ ਕੀਤਾ. ਰਾਤ ਦੇ ਦੱਸ ਵਜੇ, ਅਸੀਂ ਇੱਕ ਪਿੰਡ ਫਾਰੀ ਤੇ ਪਹੁੰਚੇ. ਅਸੀਂ ਉਥੇ ਠਹਿਰੇ. ਅਗਲੇ ਦਿਨ ਅਸੀਂ ਛੱਨਾ ਬੰਦਰਵਾਲਿਆਂ ਤੇ ਆਏ. ਅਮਰ ਸਿੰਘ ਦੀ ਰਿਸ਼ਤੇ ਦੀ ਭੈਣ ਉਥੇ ਰਹਿੰਦੀ ਸੀ.

'ਉਸ ਨੇ ਕਿਹਾ, "ਤੁਸੀ ਆਪਣੇ ਨਾਲ ਇਸ ਤੁਰਕੀ ਨੂੰ ਕਿਉਂ ਲੈ ਜਾ ਰਹੇ ਹੋ? ਮਾਰੋ ਇਸ ਨੂੰ" 'ਉਨ੍ਹਾਂ ਨੇ ਜਵਾਬ ਦਿੱਤਾ, "ਮੈਂ ਇਸ ਦੇ ਪਰਵਾਰ ਨੂੰ ਜਾਣਦਾ ਹਾਂ."

'ਅਗਲੇ ਦਿਨ ਅਸੀਂ ਪਿੰਡ ਸਰਬਰਪੁਰ ਪਹੁੰਚੇ. ਇਹ ਉਸ ਦਾ ਪਿੰਡ ਸੀ. ਉਸ ਦੀ ਘਰਵਾਲੀ ਨੇ ਉਸ ਨੂੰ ਦੱਸਿਆ ਕਿ ਮੇਰੇ ਚਾਚੇ-ਮਾਮੇ ਮੇਰੀ ਤਲਾਸ ਕਰਦੇ ਹੋਏ ਉਥੇ ਆਏ ਸੀ. ਫਿਰ ਅਸੀਂ ਖਾਣਾ ਖਾ ਕੇ ਭੈਅਨੀ (ਇਸ ਨੂੰ ਭੈਅਨੀ ਕਲਾਂ ਵੀ ਕਿਹਾ ਜਾਂਦਾ ਹੈ) ਆ ਗਏ, ਜਿਥੇ ਮੇਰੇ ਚਾਚਾ-ਮਾਮਾ ਇੰਤਜ਼ਾਰ ਕਰ ਰਹੇ ਸੀ. ਜਦ ਉਨ੍ਹਾਂ ਨੇ ਮੈਨੂੰ ਵੇਖਿਆ, ਉਹ ਰੋਣ ਲਗੇ. ਅਸੀਂ ਹੁਣ ਭੈਅਨੀ ਤੇ ਰਹਿੰਦੇ ਹਾਂ. ਇਥੇ ਮੇਰਾ ਵਿਆਹ ਹੋਇਆ ਹੈ. ਮੇਰੇ ਚਾਚਾ-ਮਾਮਾ ਨੇ ਮੇਰਾ ਰਿਸ਼ਤਾ ਕਰਾਇਆ.'

ਕਾਕਰਾ ਦਾ ਸਫ਼ਰ

ਮਲੇਰਕੋਟਲਾ ਦੇ ਬਾਅਦ, ਸਾਡਾ ਅਗਲਾ ਪੜਾਉ ਪਿੰਡ ਕਾਕਰਾ ਸੀ. ਹਿਤੇਸ਼ ਗੋਸਾਈਂ, ਵੀਰੇਂਦਰ ਸਿੰਘ ਅਤੇ ਮੈਂ ਆਦਮਪੁਰ, ਮਾਥੀ ਅਤੇ ਬੋਰਾਨ ਦੇ ਇੰਟਰਵਿਊ ਲੈ ਕੇ, ਉਸੇ ਦਿਨ ਕਾਕਰਾ ਪਹੁੰਚੇ ਸੀ. ਤਕਸੀਮ ਤੋਂ ਪਹਿਲਾਂ ਦੇ ਲੋਕਾਂ ਨੂੰ ਲੱਭਣਾ ਬਹੁਤ ਮੁਸ਼ਕਲ ਸੀ; ਜ਼ਿਆਦਾਤਰ ਲੋਕ ਪਛੱਮ ਪੰਜਾਬ ਤੋਂ ਆਏ ਸਿੱਖ ਸਨ, ਜੋ, ਖਾਸ ਕਰ ਕੇ ਗੁਜਰਾਂਵਾਲਾ-ਹਫ਼ਿਜ਼ਾਬਾਦ ਦੇ ਪਿੰਡਾਂ ਤੋਂ ਸੀ. ਇੱਕ ਬਜ਼ੁਰਗ ਸਿੱਖ ਕਰਨੈਲ ਸਿੰਘ ਜੋ ਅਸਲ ਵਿੱਚ

ਉਡੋਵਾਲਾ ਸੇਖੋਂ, ਤੋਂ ਸਨ, ਸਾਨੂ ਇੱਕ ਹਿੰਦੂ ਮਿਸਤਰੀ ਦੇਸ ਰਾਜ (ਉਮਰ 70 ਸਾਲ) ਨੂੰ ਮਿਲਣ ਨੂੰ ਕਿਹਾ. ਦੇਸ਼ ਰਾਜ ਉਸ ਪਿੰਡ ਦਾ ਰਹਿਣ ਵਾਲਾ, ਮਹੰਤ ਜਾਤੀ ਦਾ ਸ਼ਕਸ ਸੀ.

ਦੇਸ ਰਾਜ

'ਕਾਕਰਾ ਇੱਕ ਵੱਡਾ ਪਿੰਡ ਸੀ, ਜਿਸ ਵਿੱਚ ਕਰੀਬ 900 ਮੁਸਲਿਮ ਪਰਵਾਰ ਅਤੇ 300 ਹਿੰਦੂ ਪਰਵਾਰ ਰਹਿੰਦੇ ਸੀ. ਅਬਦੁਲ ਸ਼ਕੂਰ ਅਤੇ ਮੈਂ ਇਕੱਠਾ ਖੇਡਦੇ ਸੀ. ਇਹ ਇੱਕ ਖੁਸ਼ੀ ਦੇ ਮਾਹੌਲ ਵਾਲਾ ਪਿੰਡ ਸੀ ਜਿਥੇ ਕਈ ਜਾਤਾਂ ਦੇ ਲੋਕ ਅਤੇ ਹਿੰਦੂ-ਮੁਸਲਿਮ ਇੱਕ ਸਾਥ ਅਮਨ ਵਿੱਚ ਰਹਿੰਦੇ ਸੀ. ਹਾਲਾਂਕਿ ਕਮਬੋਹ ਸਭ ਤੋਂ ਜ਼ਿਆਦਾ ਸਨ, ਰੰਘਰ ਰਾਜਪੁਤ ਪਿੰਡ ਦੇ ਆਗੂ ਸਨ. ਰਵਾਇਤ ਇਹ ਸੀ ਕਿ ਰੰਘਰ ਰਾਜਪੁਤ ਪਟਿਆਲਾ ਦੀ ਫ਼ੌਜ ਤੇ ਮੁਲਾਜ਼ਮ ਸਨ ਅਤੇ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ.

'ਇਥੇ ਗੜਬੜੀ ਫੈਲ ਗਈ, ਜਦ ਪਾਕਿਸਤਾਨ ਬਣ ਗਿਆ. ਹਜ਼ਾਰਾਂ ਦੀ ਤਦਾਦ ਤੇ ਸਿੱਖ ਅਤੇ ਹਿੰਦੂ ਪਛੱਮ ਪੰਜਾਬ ਤੋਂ ਇਥੇ ਦੇ ਆਲੇ-ਦੁਆਲੇ ਦੇ ਪਿੰਡਾਂ ਤੇ ਆ ਰਹੇ ਸੀ. 3 ਭਾਦੋਂ ਨੂੰ, ਮੈਨੂੰ ਯਾਦ ਹੈ ਕਰੀਬ ਦੁਪਹਿਰ 4 ਵਜੇ, ਇੱਕ ਵੱਡੇ ਜੱਥੇ ਨੇ ਘੋੜੇਆਂ ਤੇ ਸਵਾਰ ਹੋ ਕੇ ਅਤੇ ਪੈਦਲ ਵੀ, ਮੋਗੇ ਤੋਂ ਆ ਕੇ ਪੂਰੇ ਪਿੰਡ ਨੂੰ ਘੇਰ ਲੀਤਾ. ਉਨ੍ਹਾਂ ਦੇ ਵਿੱਚ ਕਈ ਬਦਨਾਮ ਮੁਜਰਿਮ ਸਨ.

'ਕਾਕਰਾ ਤੇ, ਆਲੇ-ਦੁਆਲੇ ਦੇ ਪਿੰਡਾਂ ਦੇ ਮੁਸਲਿਮ ਕੁੱਝ ਵਕਤ ਤੋਂ ਇਕੱਠਾ ਹੋ ਰਹੇ ਸੀ. ਹਮਲਾ ਵੱਡਾ ਸੀ ਅਤੇ ਅਚਾਨਕ ਹੋਇਆ, ਪਰ ਕੁੱਝ ਮੁਸਲਿਮਾਂ ਨੇ ਮੁਕਾਬਲਾ ਕੀਤਾ. ਮੁਕਾਬਲਾ ਇੱਕ ਤਰਫ਼ਾ ਸੀ. ਸ਼ੁਰੂਆਤੀ ਲੜਾਈ ਵਿੱਚ 11 ਹਮਲਾਵਰ ਅਤੇ 300 ਮੁਸਲਿਮ ਮਾਰੇ ਗਏ. ਜ਼ਿਆਦਾਤਰ ਮਰਣ ਵਾਲੇ ਮੁਸਲਿਮ ਉਹ ਸਨ ਜੋ ਨੇੜੇ ਦੇ ਪਿੰਡਾਂ ਤੋਂ ਹਿਫ਼ਾਜ਼ਤ ਲਈ ਆਏ ਸੀ ਅਤੇ ਖੇਤਾਂ ਵਿੱਚ ਚਲ ਰਹੇ ਸੀ. ਪੁਲਿਸ ਆਈ ਅਤੇ ਉਨਾਂ ਨੂੰ ਅਗਲੇ ਦਿਨ ਦਫ਼ਨ ਕਰ ਦਿੱਤਾ.

'ਅਸੀਂ ਕੁੱਝ ਵਕਤ ਲਈ ਕਾਕਰਾ ਛੱਡ ਦਿੱਤਾ ਕਿਉਂਕਿ ਮੁਸਲਿਮ ਲੰਬਰਦਾਰ ਨੇ ਸਾਨੂੰ ਸਾਵਧਾਨ ਕੀਤਾ ਸੀ. ਹਾਲਾਂਕਿ ਪਿੰਡ ਦੇ ਮੁਸਲਿਮ ਸਾਡਾ ਕੋਈ ਨੁਕਸਾਨ ਨਹੀਂ ਕਰਦੇ, ਮਗਰ ਨੇੜੇ ਦੇ ਪਿੰਡਾਂ ਦੇ ਮੁਸਲਿਮਾਂ ਦੇ ਰਵਇਏ ਬਾਰੇ, ਉਹ ਕੁੱਝ ਪੱਕੇ ਤੌਰ ਤੇ ਨਹੀਂ ਕਹਿ ਸਕਦੇ ਸੀ. ਅਸੀਂ ਚਲੇ ਗਏ ਪਰ ਨਜਦੀਕ ਦੇ ਇਲਾਕੇ ਤੇ ਹੀ ਰਹੇ ਅਤੇ ਅਗਲੇ ਦਿਨ ਆ ਕੇ ਵੇਖਿਆ ਕਿ ਪੂਰਾ ਪਿੰਡ ਜਲ ਰਿਹਾ ਸੀ. ਪੁਲਿਸ ਆ ਗਈ ਸੀ ਅਤੇ ਤੇਜੀ ਨਾਲ ਲਾਸ਼ਾਂ ਨੂੰ ਇੱਕ ਸਾਥ ਦਫ਼ਨ ਕਰ ਰਹੀ ਸੀ. ਖਾਲੀ ਹੋ ਗਏ ਘਰਾਂ ਦੀ ਲੁੱਟ ਚਾਲੂ ਸੀ.

'ਸ਼ਕੂਰ ਦੇ ਕਈ ਰਿਸ਼ਤੇਦਾਰ, ਪਹਿਲੇ ਹਮਲੇ ਤੇ ਹੀ ਹਲਾਕ ਹੋ ਗਏ ਸੀ. ਸਾਨੂੰ ਬਾਅਦ ਤੇ ਪਤਾ ਲਗਾ ਕਿ ਸਾਡੇ ਪਿੰਡ ਦੇ ਜੋ ਲੋਕ ਕੋਟਲਾ ਦੀ ਤਰਫ਼ ਚਲੇ ਗਏ ਸੀ, ਉਹ ਬੱਚ ਗਏ, ਮਗਰ ਜੋ ਛਿੰਟਾਂਵਾਲਾ ਜਾ ਕੇ ਨਹਿਰ ਪਾਰ ਕਰ ਗਏ, ਉਹ ਇੱਕ ਵੱਡੀ ਤਦਾਦ ਤੇ ਮਾਰੇ ਗਏ. ਬਾਬੂ ਖ਼ਾਨ ਇਸਮਾਇਲ ਦਾ ਮੁੰਡਾ ਸੀ. ਉਸ ਦਾ ਵੀ ਲੱਗਭਗ ਸਾਰਾ ਪਰਵਾਰ ਹਲਾਕ ਹੋ ਗਿਆ. ਇਹ ਵਾਰਦਾਤਾਂ ਇਸ ਪਿੰਡ ਦੇ ਆਲੇ-ਦੁਆਲੇ ਤੇ ਹੋਇਆਂ, ਇਸ ਕਰ ਕੇ ਸਾਨੂੰ ਪਤਾ ਹੈ ਕਿ ਇਥੇ ਕੀ ਹੋਇਆ ਸੀ.

'ਅਬਦੁਲ ਸ਼ਕੂਰ 52 ਸਾਲਾਂ ਬਾਅਦ ਪਿੰਡ ਤੇ ਆਇਆ ਸੀ. ਉਸ ਦੇ ਨਾਲ ਇੱਕ ਸ਼ਕਸ ਰਫ਼ੀਕ ਸੀ. ਮੈਂ ਉਸ ਨੂੰ ਵੇਖਦੇ ਹੀ ਪਛਾਣ ਗਿਆ. ਉਹ ਮੇਰਾ ਜਿਗਰੀ ਦੋਸਤ ਸੀ. ਮੈਂ ਸ਼ਕੂਰ ਦਾ ਚਿਹਰਾ ਪਛਾਣ ਲੀਤਾ, ਹਾਲਾਂਕਿ ਮੈਨੂੰ ਉਸ ਦਾ ਨਾਂਅ ਯਾਦ ਨਹੀਂ ਸੀ. ਇਸ ਦੇ ਬਾਅਦ, ਬਾਬੂ ਖ਼ਾਨ ਵੀ ਅਬਦੁਲ ਸ਼ਕੂਰ ਨਾਲ ਕਾਕਰਾ ਆਇਆ ਸੀ.'

ਮੇਰਾ ਆਪਣਾ ਤਜੁਰਬਾ

ਜਦ ਅਸੀਂ ਕਾਕਰਾ ਤੇ ਸੀ, ਸਾਨੂ ਦੱਸਿਆ ਗਿਆ ਕਿ ਪਿੰਡ ਦੀ ਮਸੀਤ ਨੂੰ ਦੁਬਾਰਾ ਤਿਆਰ ਕੀਤਾ ਗਿਆ ਸੀ ਅਤੇ ਉੱਤਰ ਪ੍ਰਦੇਸ਼ ਹੋਰ ਬਿਹਾਰ ਦੇ ਮੁਸਲਿਮ, ਜੋ ਕਾਕਰਾ ਦੇ ਕੱਮ ਕਰਦੇ ਸੀ, ਉਥੇ ਵਸੇ ਸੀ. ਸਾਨੂੰ ਮਸੀਤ ਤੇ ਲੈ ਜਾਇਆ ਗਿਆ, ਜਿਥੇ ਇੱਕ ਨੌਜਵਾਨ ਮੌਲਵੀ ਕੁਰਾਨ ਦੀ ਸਿੱਖਿਆ ਦੇ ਰਿਹਾ ਸੀ. ਮੈਨੂੰ ਇਸ ਨਜ਼ਾਰੇ ਨੇ ਬੇਹਦ ਮੁਤਾਸਿਰ ਕੀਤਾ ਅਤੇ ਮੈਂ ਇੱਕ ਦਾਨ ਦੇਣ ਦਾ ਫ਼ੈਸਲਾ ਕੀਤਾ, ਜੋ ਮੌਲਵੀ ਸਾਹਿਬ ਨੇ ਕੁੱਝ ਝਿਜਕ ਨਾਲ ਮੰਜ਼ੂਰ ਕੀਤਾ, ਅਤੇ ਇਹ ਕਿਹਾ ਕਿ ਉਹ ਇੱਕ ਸਾਧਾਰਣ ਜ਼ਿੰਦਗੀ ਜੀ ਰਹੇ ਸੀ ਅਤੇ ਉਨ੍ਹਾਂ ਦੀ ਜ਼ਰੂਰਤਾਂ ਬਹੁਤ ਘੱਟ ਸਨ. ਮੈਂ ਦੇਸ ਰਾਜ ਨੂੰ ਵੀ ਦਾਨ ਦਿੱਤਾ ਕਿਉਂਕਿ ਮੈਨੂੰ ਕਿਹਾ ਗਿਆ ਕਿ ਉਸ ਨੇ ਬੜੀ ਖੁਸ਼ੀ ਨਾਲ ਆਪਣੀ ਕਾਰੀਗਰੀ ਦੀ ਕੁਸ਼ਲਤਾ ਨਾਲ ਮਸੀਤ ਦੀ ਬਹਾਲੀ ਕੀਤੀ ਅਤੇ ਇਸ ਸੇਵਾ ਲਈ ਉਨ੍ਹਾਂ ਨੇ ਕੋਈ ਪੈਸਾ ਨਹੀਂ ਲੀਤਾ ਸੀ. ਉਹ ਵੀ ਇੱਕ ਪੁਰਾਣਾ ਮਾਣਯੋਗ ਪੰਜਾਬੀ ਸੀ ਜੋ ਪੈਸੈ ਨਹੀਂ ਲੈ ਰਿਹਾ ਸੀ, ਪਰ ਮੈਂ ਉਸ ਨੂੰ ਇਹ ਕਿਹਾ ਕਿ ਬਾਅਦ ਤੇ ਦੂਜੀ ਮਸੀਤਾਂ ਤੇ ਕੱਮ ਲਈ, ਇਣ ਪੈਸੇਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਸੀ. ਛੋਟੇ ਛੋਟੇ ਮੁੰਡੇ ਮੈਨੂੰ ਮਿਲਣ ਲਈ ਇਕੱਠਾ ਹੋਏ ਅਤੇ ਪਾਕਿਸਤਾਨ ਤੋਂ ਉਨ੍ਹਾਂ ਦੇ ਸਕੂਲ਼ ਆਏ ਇੱਕ ਮੁਸਲਿਮ ਨੂੰ ਵੇਖ ਕੇ, ਬਹੁਤ ਖੁਸ਼ ਹੋਏ. ਅਸੀਂ ਇੱਕ ਸਾਥ ਘੂਮਦੇ ਰਹੇ ਅਤੇ ਉਨ੍ਹਾਂ ਨੇ, ਖਾਸ ਤੌਰ ਤੇ, ਮੁਸਲਿਮ ਰਾਜਪੁਤਾਂ ਦੀ ਮਜਬੂਤ ਇਮਾਰਤਾਂ ਦਿਖਾਇਆਂ, ਜਿਸ ਵਿੱਚ ਉਹ ਰਾਜਪੁਤ ਰਹਿੰਦੇ ਸੀ, ਅਤੇ ਜੋ ਤਾਕਤ ਅਤੇ ਪ੍ਰਭਾਵ ਦੇ ਨਿਸ਼ਾਨ ਦੇ ਤੌਰ ਤੇ ਮੌਜੂਦ ਸਨ.

ਸ਼ਾਮ ਨੂੰ ਅਸੀਂ ਸਾਰੇ ਜਜ਼ਬਾਤੀ ਹੋ ਗਏ, ਜਦ ਪਤਾ ਲਗਾ ਕਿ ਬਜ਼ੁਰਗ ਸਿੱਖ ਕਰਨੈਲ ਸਿੰਘ ਜਿਨ੍ਹਾਂ ਨੇ ਮੈਨੂੰ ਦੇਸ ਰਾਜ ਕੋਲ ਲੈ ਆਉਂਦਾ ਸੀ, ਉਹ ਗੁਜਰਾਂਵਾਲਾ ਜ਼ਿਲ੍ਹੇ ਦੇ ਕਿਸੇ ਪਿੰਡ ਤੋਂ ਸਨ. ਉਨ੍ਹਾਂ ਦਾ ਪੰਜਾਬੀ ਬੋਲਣ ਦਾ ਲਹਜਾ ਮੇਰੀ ਲਾਹੌਰੀ ਪੰਜਾਬੀ ਵਰਗਾ ਸੀ. ਜਦ ਉਹ ਅਤੇ ਦੂਜੇ ਸਿੱਖ, ਤਕਸੀਮ ਦੇ ਬਾਅਦ, ਕਾਕਰਾ ਆਏ ਸੀ, ਤਸ਼ੱਦਦ ਦੇ ਨਿਸ਼ਾਨ ਤਦ ਵੀ ਮੌਜੂਦ ਸਨ. ਲਗਦਾ ਸੀ ਕਿ ਉਹ ਹੋਰ ਬਹੁਤ ਸਾਰੀ ਗੱਲਾਂ ਕਰਣਾ ਚਾਹੁੰਦੇ ਸੀ, ਕਿਉਂਕਿ ਅਸੀਂ ਪੁਰਾਣੇ ਪੰਜਾਬ ਦੇ ਉਸੇ ਹਿੱਸੇ ਤੋਂ ਸੀ. ਮੇਰੀ ਮਾਲੀਆ ਮਦਦ ਕਰਣ ਦਾ ਮਕਸਦ ਕੀ ਸੀ? ਮੇਰੇ ਅੰਦਰ ਕੋਈ ਮਜਬੂਤ ਇਸਲਾਮੀ ਵਿਚਾਰਧਾਰਾ ਦੀ ਮੌਜੂਦਗੀ, ਜਾਂ ਕਿ ਤਕਸੀਮ ਦੀ ਬੇਹਦ ਵੱਡੀ ਤ੍ਰਾਸਦੀ ਬਾਰੇ ਮੇਰੇ ਇਹਸਾਸ ਦਾ ਮੁਜਾਹਰਾ ਕਰਣ ਦਾ ਮਹਿਜ਼ ਇੱਕ ਤਰੀਕਾ? ਮੈਂ ਕਦੇ ਵੀ ਇਹ ਪਤਾ ਕਰਣ ਤੇ ਕਾਮਯਾਬ ਨਹੀਂ ਹੋ ਸਕਿਆ ਹਾਂ ਕਿ ਮੇਰੇ ਅੰਦਰ ਦੇ ਕਿਸ ਇਹਸਾਸ ਨੇ ਮੇਰੇ ਤੋਂ ਇਹ ਕਰਵਾਇਆ. ਪਰ, ਹਿਤੇਸ਼ ਗੋਸਾਈਂ, ਵਿਰਿੰਦਰ ਸਿੰਘ, ਦੇਸ ਰਾਜ, ਕਰਨੈਲ ਸਿੰਘ, ਮੁਸਲਿਮ ਮੌਲਵੀ, ਬੱਚੇ ਅਤੇ ਮੈਂ-ਸਾਰੇ, ਲਗਦਾ ਸੀ ਕਿ ਉਸ ਮੌਕੇ ਤੇ ਬੇਹਦ ਜ਼ਿਆਦਾ ਮੁਤਾਸਿਰ ਹੋ ਗਏ ਸੀ. ਸਾਡੇ ਤੋਂ ਕੁੱਝ ਦੀ ਅੱਖਾਂ ਤੇ ਅਥਰੂ ਆ ਗਏ...

ਜਗਪਾਲ ਸਿੰਘ ਟਿਵਾਣਾ

ਮੈਂ ਕਈ ਸਿੱਖਾਂ ਨਾਲ ਸਾਲਾਂ ਤੋਂ ਸੰਪਰਕ ਵਿੱਚ ਹਾਂ, ਇਸ ਦੀ ਵਜ੍ਹਾ ਸਾਡਾ ਪੰਜਾਬ ਬਾਰੇ ਸਾਂਝਾ ਪਿਆਰ ਹੈ. ਉਨ੍ਹਾਂ ਤੋਂ ਕੁੱਝ ਲੋਕਾਂ ਦੀ ਕਹਾਣੀਆਂ ਇਸ ਕਿਤਾਬ ਦੇ ਦੂਜੇ ਹਿੱਸੇ ਤੇ ਦਿੱਤੀ ਗਈਆਂ ਨੇ. ਹੇਠ ਪੇਸ਼ ਹੈ ਜਗਪਾਲ ਸਿੰਘ ਟਿਵਾਣਾ ਦਾ ਕਿੱਸਾ:

'ਮੇਰਾ ਪਿੰਡ, ਚਿਨਾਰਥਲ ਕਲਾਂ ਪੂਰਬੀ ਪੰਜਾਬ ਤੇ ਪਟਿਆਲਾ ਅਤੇ ਸਰਹਿੰਦ ਦੇ ਵਿੱਚ ਸਥਿਤ ਹੈ. 1947 ਤੇ, ਇਹ ਪਟਿਆਲਾ ਸ਼ਾਹੀ ਰਿਆਸਤ ਦੇ ਪਟਿਆਲਾ ਜ਼ਿਲ੍ਹੇ ਤੇ ਸੀ ਅਤੇ ਇਸ ਦੀ ਆਬਾਦੀ 1000 ਸੀ. ਇਥੇ ਜ਼ਿਆਦਾਤਰ ਟਿਵਾਣਾ ਉਪ-ਜਾਤੀ ਦੇ ਜੱਟ ਸਿੱਖ ਰਹਿੰਦੇ ਸੀ, ਪਰ ਪਿੰਡ ਦੇ ਇੱਕ-ਚੌਥਾ ਲੋਕ ਮੁਸਲਿਮ ਟਿਵਾਣਾ ਸਨ (ਆਮ ਤੌਰ ਤੇ ਪਛੱਮ ਪੰਜਾਬ ਦੇ ਟਿਵਾਣਾ ਆਪਣੇ ਆਪ ਨੂੰ ਰਾਜਪੁਤ ਦੱਸਦੇ ਨੇ ਜਦ ਕਿ ਪੂਰਬੀ ਪੰਜਾਬ ਤੇ ਉਨ੍ਹਾਂ ਨੂੰ ਜੱਟ ਸਮਝਿਆ ਜਾਂਦਾ ਹੈ). ਸਿੱਖਾਂ ਲਈ ਇੱਕ ਗੁਰਦੁਆਰਾ ਸੀ ਅਤੇ ਮੁਸਲਿਮਾਂ ਲਈ ਇੱਕ ਮਸੀਤ. ਦੋਨੋ ਸਮੁਦਾਇਆਂ ਵਿੱਚ ਰਿਸ਼ਤੇ ਦੋਸਤਾਨਾ ਸਨ. ਟਿਵਾਣਾ ਮੁਸਲਿਮ, ਅਸਲ ਤੇ ਸਿੱਖ ਸਨ, ਮਗਰ ਸਾਨੂੰ ਕਿਹਾ ਗਿਆ ਸੀ ਕਿ ਔਰੰਗਜ਼ੇਬ ਦੇ ਜ਼ਮਾਨੇ ਤੇ, ਉਨ੍ਹਾਂ ਨੂੰ ਮੁਸਲਿਮ ਬਣਾ ਦਿੱਤਾ ਗਿਆ ਸੀ.

'1947 ਤੇ ਮੈਂ 12 ਸਾਲਾਂ ਦਾ ਸੀ. ਮੈਨੂੰ ਸਾਫ ਤੌਰ ਤੇ ਯਾਦ ਹੈ ਕਿ ਜਦ ਦੰਗੇ ਭੜਕ ਉਠੇ, ਮੇਰੇ ਦਾਦਾ ਸਰਦਾਰ ਸੰਪੂਰਣ ਸਿੰਘ ਦੀ ਅਗੁਵਾਈ ਤੇ ਪਿੰਡ ਦੇ ਬਜ਼ੁਰਗਾਂ ਨਾਲ ਮਿਲ ਕੇ, ਪਿੰਡ ਦੇ ਮੁਸਲਿਮਾਂ ਦੀ ਹਿਫ਼ਾਜ਼ਤ ਕੀਤੀ. ਪਿੰਡ ਦੇ ਮੱਧ ਤੇ ਸਥਿਤ ਇੱਕ ਬੰਗਲੇ ਤੇ ਇੱਕ ਬੈਠਕ ਕੀਤੀ ਗਈ, ਕਿ ਕੀ ਕੀਤਾ ਜਾਵੇ. ਜ਼ਿਆਦਾਤਰ ਲੋਕ, ਖ਼ਾਸ ਕਰ ਕੇ ਬਜ਼ੁਰਗ, ਮੁਸਲਿਮਾਂ ਦਾ ਕੋਈ ਨੁਕਸਾਨ ਨਾ ਕਰਣ ਦੇ ਹੱਕ ਵਿੱਚ ਸਨ ਜਦ ਕਿ ਨੌਜਵਾਨ ਘੱਟ ਹਮਦਰਦੀ ਦਿਖਾ ਰਹੇ ਸੀ, ਕਿਉਂਕਿ ਉਨ੍ਹਾਂ ਨੂੰ ਪਛੱਮ ਪੰਜਾਬ ਤੋਂ ਆਏ ਪਨਾਹਗੀਰ ਭੜਕਾ ਰਹੇ ਸੀ. ਉਨ੍ਹਾਂ ਦੀ ਨਜ਼ਰ ਮੁਸਲਿਮਾਂ ਦੀ ਜਾਇਦਾਦ ਅਤੇ ਡੰਗਰਾਂ ਉਪਰ ਸੀ. ਆਲੇ-ਦੁਆਲੇ ਦੇ ਪਿੰਡਾਂ ਤੋਂ ਹਰ ਦਿਨ, "ਦੁਸ਼ਮਨਾਂ" ਦੇ ਉਪਰ ਹਮਲਾ ਕਰਣ ਦਾ ਦਬਾਉ, ਵਧਦਾ ਹੀ ਗਿਆ, ਕਿਉਂਕਿ ਫ਼ਸਾਦਾਂ ਦੀ ਕਹਾਣੀਆਂ ਚਾਰੇ ਪਾਸੇ ਫੈਲ ਗਈਆਂ ਸੀ. ਇੱਕ ਦਿਨ ਅਸੀਂ ਵੇਖਿਆ ਕਿ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਪਿੰਡ ਦੇ ਲੋਕਾਂ ਦਾ ਇੱਕ ਜੱਥਾ, ਜਿਸ ਦੀ ਅਗੁਵਾਈ ਪਿੰਡ ਤੁਰਖੇਰੀ ਦੇ ਸਰਦਾਰ ਲਾਲ ਸਿੰਘ ਕਰ ਰਹੇ ਸੀ, ਸਾਡੇ ਪਿੰਡ ਆ ਪਹੁੰਚਾ. ਉਹ ਮਸੀਤ ਨੂੰ ਢਾਹੁਣਾ ਚਾਹੁੰਦੇ ਸੀ. ਸਾਡੇ ਬਜ਼ੁਰਗਾਂ ਦੀ ਸਲਾਹ ਦੇ ਮੁਤਾਬਕ, ਉਨ੍ਹਾਂ ਨੇ ਮੁਸਲਿਮਾਂ ਨੂੰ ਉਨ੍ਹਾਂ ਦੀ ਮਜ਼ਬੂਬੀ ਕਿਤਾਬਾਂ ਅਤੇ ਦੂਜੀ ਚੀਜਾਂ ਕੱਢਣ ਦੀ ਇੱਜ਼ਾਜ਼ਤ ਦੇ ਦਿੱਤੀ. ਬਦਮਾਸ਼ ਸੀਮੇਂਟ ਨਾਲ ਬਣੀ ਸਖ਼ਤ ਮਸੀਤ ਦੀ ਸਿਰਫ਼ ਦੋ ਮੀਨਾਰਾਂ ਹੀ ਢਾਹ ਸਕੇ. ਮਗਰ, ਮੁਸਲਿਮਾਂ ਦਾ ਕੋਈ ਜਿਸਮਾਨੀ ਨੁਕਸਾਨ ਨਹੀਂ ਕੀਤਾ ਗਿਆ.

'ਆਲੇ-ਦੁਆਲੇ ਦੇ ਪਿੰਡਾਂ ਤੇ ਮੁਸਲਿਮ ਸੰਪਤੀ ਦੀ ਲੁੱਟ-ਪਾਟ ਕੀਤੀ ਜਾ ਰਹੀ ਸੀ. ਬਾਹਰ ਦੇ ਲੋਕਾਂ ਦੀ ਸਾਡੇ ਪਿੰਡ ਦੇ ਮੁਸਲਿਮਾਂ ਉਪਰ ਨਜ਼ਰ ਸੀ. ਸਾਨੂੰ, ਕਿਸੇ ਵੀ ਦਿਨ ਉਨ੍ਹਾਂ ਦੇ ਉਪਰ ਹਮਲਾ ਹੋਣ ਦਾ ਡਰ ਸੀ. ਹਾਲਾਤ ਦੀ ਗੰਭੀਰਤਾ ਵੇਖਦੇ ਹੋਏ, ਸਾਡੇ ਲੋਕ, ਇੱਕ ਵਾਰ ਫਿਰ ਬੰਗਲੇ ਤੇ ਮਿਲੇ, ਕਿ ਕੀ ਕੀਤਾ ਜਾਵੇ. ਨੌਜਵਾਨ ਪੀੜ੍ਹੀ ਮੁਸਲਿਮਾਂ ਨੂੰ ਭੱਜਾ ਕੇ ਉਨ੍ਹਾਂ ਦੀ ਸੰਪਤੀ ਉਪਰ ਕਬਜ਼ਾ ਕਰਣਾ ਚਾਹੁੰਦੀ ਸੀ, ਮਗਰ ਬਜ਼ੁਰਗ ਇੱਕ ਹੱਲ ਲੈ ਕੇ ਆਏ. ਉਨ੍ਹਾਂ ਨੇ ਕਿਹਾ ਕਿ ਉਹ ਮੁਸਲਿਮਾਂ ਨੂੰ ਸਲਾਹ ਦੇਣਗੇ ਕਿ ਉਹ ਸਿੱਖ ਧਰਮ ਕਬੂਲ ਕਰ ਲੈਣ ਨਹੀਂ ਤੇ ਉਹ ਕੋਈ ਮਦਦ ਨਹੀਂ ਕਰ ਸਕਣਗੇ, ਅਗਰ ਬਾਹਰ ਤੋਂ ਕੋਈ ਹਮਲਾ ਹੁੰਦਾ ਸੀ. ਮਿਰਾਸੀ ਮੁਸਲਿਮ ਜਲਦ ਸਿੱਖ ਬਣਣ ਨੂੰ ਤਿਆਰ ਹੋ ਗਏ. ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਵਡੇਰੇ, ਭਾਈ ਮਰਦਾਨਾ ਗੁਰੂ ਨਾਨਕ ਦੇ ਸਾਥੀ ਸਨ. ਇਹ ਵੇਖਦੇ ਹੋਏ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਸੀ, ਦੂਜੇ ਵੀ ਸਿੱਖ ਧਰਮ ਨੂੰ

ਅਪਨਾਉਣ ਲਈ ਤਿਆਰ ਹੋ ਗਏ. ਸਾਡੀ ਨੈਜਵਾਨ ਪੀੜੀ ਅਤੇ ਕੁੱਝ ਗੈਰ-ਜ਼ਿੱਮੇਵਾਰ ਲੋਕ ਹੁਣ ਵੀ ਖੁਸ਼ ਨਹੀਂ ਸਨ. ਉਨ੍ਹਾਂ ਨੇ ਇਲਜ਼ਾਮ ਲਗਾਇਆ ਕਿ ਜਦ ਹਾਲਾਤ ਠੀਕ ਹੋ ਜਾਣਗੇ, ਤਦ ਇਹ ਨਵੇਂ ਸਿੱਖ ਬਣੇ ਮੁਸਲਿਮ ਫਿਰ ਆਪਣੇ ਇਸਲਾਮ ਮਜ਼ੂਬ ਤੇ ਵਾਪਸੀ ਕਰਣਗੇ. ਅਤੇ, ਉਨ੍ਹਾਂ ਨੂੰ ਅੱਮ੍ਰਿਤ ਛੱਕਾਉਣ ਦੇ ਨਾਲ ਨਾਲ ਸੂਰ ਦਾ ਮਾਸ ਵੀ ਖਾਣਾ ਪਏਗਾ. ਐਦਾ ਕਰਣ ਨਾਲ ਉਹ ਆਪਣਾ ਮਜ਼ੂਬ ਹਮੇਸ਼ਾ ਲਈ ਛੱਡ ਸਕਣਗੇ. ਇੱਕ ਮੁਸਲਿਮ ਨੂੰ ਸੂਰ ਮਾਰ ਕੇ ਵਡੱਣ ਨੂੰ ਕਿਹਾ ਗਿਆ. ਸੂਰ ਦਾ ਮਾਸ ਪਾਇਆ ਗਿਆ ਅਤੇ ਉਨ੍ਹਾਂ ਨੂੰ ਖਾਂਣ ਨੂੰ ਕਿਹਾ ਗਿਆ, ਜਦ ਉਨ੍ਹਾਂ ਨੂੰ ਸੂਰ ਦਾ ਮਾਸ ਦਿੱਤਾ ਗਿਆ, ਕੁੱਝ ਮੁਸਲਿਮ ਉਲਟੀਆਂ ਕਰਣ ਲਗੇ. ਮੈਨੂੰ ਯਾਦ ਨਹੀਂ ਹੈ ਕਿ ਕਿਸੇ ਨੇ ਸੂਰ ਦਾ ਮਾਸ ਖਾਇਆ. ਇਹ ਇੱਕ ਘਿਰਣਾਯੋਗ ਨਜ਼ਾਰਾ ਸੀ.

'ਜਦ ਇਹ ਖ਼ਬਰ ਆਲੇ-ਦੁਆਲੇ ਫੈਲ ਗਈ ਕਿ ਪਿੰਡ ਚੀਨਾਥਲ ਤੇ ਮੁਸਲਿਮ ਮਹਿਫ਼ੂਜ਼ ਸਨ, ਅਗਰ ਉਹ ਸਿੱਖ ਧਰਮ ਕਬੂਲ ਕਰ ਰਹੇ ਸੀ, ਕਈ ਲੁੱਕੇ ਹੋਏ ਮੁਸਲਿਮ ਬਾਹਰ ਆ ਗਏ. ਇੱਕ ਸ਼ਕਸ ਨੇ ਤਿੰਨ ਦਿਨਾਂ ਤੋਂ ਕੁੱਝ ਨਹੀਂ ਖਾਇਆ ਸੀ. ਉਹ ਇੱਕ ਗੱਨੇ ਦੇ ਖੇਤ ਤੇ ਲੁੱਕਿਆ ਹੋਇਆ ਸੀ. ਸਾਡਾ ਗੁਰਦੁਆਰਾ ਇੱਕ ਛੋਟਾ ਸਹਾਇਤਾ ਕੈਂਪ ਬਣ ਗਿਆ.

'ਕੋਈ ਹਲਾਕ ਨਹੀਂ ਹੋਇਆ. ਫ਼ਤੇਹ ਮੁਹੱਮਦ ਫ਼ਤੇਹ ਸਿੰਘ ਬਣ ਗਿਆ ਅਤੇ ਫ਼ਕੀਰਿਆਂ ਫ਼ਕੀਰ ਸਿੰਘ ਬਣ ਗਿਆ. ਉਨ੍ਹਾਂ ਨੇ ਨੀਲੀ ਦਸਤਾਰ ਪਾ ਲੀਤੀ ਅਤੇ ਇੱਕ ਛੋਟੀ ਕਿਰਪਾਨ ਆਪਣੇ ਮੋਢੇ ਤੇਂ ਲਟਕਾ ਲੀਤੀ. ਇੱਕ ਦਿਨ ਅਸੀਂ ਸੁਣਿਆ ਕਿ ਫ਼ਤੇਹ ਸਿੰਘ ਨੂੰ ਇੱਕ ਹੱਜ਼ਾਮ ਦੀ ਦੁਕਾਨ ਤੇ, ਆਪਣੀ ਦਾੜ੍ਹੀ ਦੇ ਕੁੱਝ ਵਾਲ ਕਤਰਾਂਦੇ ਵੇਖਿਆ ਗਿਆ ਸੀ. ਫ਼ਤੇਹ ਸਿੰਘ ਅਤੇ ਹਿੰਦੂ ਹੱਜ਼ਾਮਾਂ, ਦੋਵੇਂ ਨੂੰ ਗੁਰਦੁਆਰਾ ਦੀ ਇੱਕ ਬੈਠਕ ਤੇ ਬੁਲਾਇਆ ਗਿਆ. ਉਨ੍ਹਾਂ ਨੇ ਆਪਣੀ ਗਲਤੀ ਮੱਣ ਲੀਤੀ. ਸਿੱਖ ਭਾਈ ਨੇ ਸਜ਼ਾ ਦਾ ਐਲਾਨ ਕੀਤਾ. ਉਨ੍ਹਾਂ ਨੂੰ ਇੱਕ ਛੋਟਾ ਜੁਰਮਾਨਾ ਦੇਣਾ ਸੀ, ਜੁੱਤੀਆਂ ਅਤੇ ਭਾਂਡੇ ਸਾਫ ਕਰਨੇ ਸੀ ਅਤੇ ਸੱਤ ਦਿਨਾਂ ਤਕ ਰੋਜ ਸਵੇਰੇ ਗੁਰਬਾਨੀ ਦਾ ਪਾਠ ਸੁਣਣਾ ਸੀ. ਸਾਨੂੰ ਦੱਸਿਆ ਗਿਆ ਕਿ ਇਹ ਬਹੁਤ ਹਲਕੀ ਸਜ਼ਾ ਸੀ ਕਿਉਂਕਿ ਸਿੱਖ ਭਾਈ ਬਹੁਤ ਪਵਿੱਤਰ ਇਨਸਾਨ ਸੀ.

'ਇੱਕ ਹੀ ਹਫ਼ਤੇ ਬਾਅਦ, ਅਸੀਂ ਸੁਣਿਆ ਕਿ ਕੁੱਝ ਮੁਸਲਿਮ ਆਪਣੇ ਕੀਮਤੀ ਸਾਮਾਨ ਦਾ ਢੇਰ ਲੈ ਕੇ, ਅੱਧੀ ਰਾਤ ਨੂੰ ਪਿੰਡ ਤੋਂ ਚੁੱਪ-ਚਾਪ ਨਿਕਲ ਕੇ, ਸਰਹਿੰਦ ਦੀ ਮਜ਼ਾਰ ਦੇ ਨੇੜੇ ਰੌਜ਼ਾ ਸ਼ਰੀਫ ਦੇ ਇੱਕ ਮੁਸਲਿਮ ਕੈਂਪ ਤੇ ਸ਼ਾਮਲ ਹੋ ਗਏ ਸੀ. (ਇਹ ਉਹ ਕੈਂਪ ਹੀ ਸੀ ਜਿਥੇ ਚੌਧਰੀ ਰੌਸ਼ਨ ਦੀਨ ਨੇ ਪਨਾਹ ਲੀਤੀ ਸੀ). ਇਸ ਦੇ ਚਲਦਿਆਂ ਨੈਜਵਾਨ ਬਦਮਾਸ਼ ਭੜਕ ਗਏ. "ਅਸੀਂ ਤੁਹਾਨੂ ਸਾਵਧਾਨ ਕੀਤਾ ਸੀ ਕੀ ਨਹੀਂ ਕਿ, ਉਨ੍ਹਾਂ ਦਾ ਇਤਬਾਰ ਨਾ ਕਰੋ?", ਉਨ੍ਹਾਂ ਨੇ ਬਜ਼ੁਰਗਾਂ ਉਪਰ ਚੀਕ ਕੇ ਕਿਹਾ. ਉਨ੍ਹਾਂ ਨੇ ਮੁਸਲਿਮਾਂ ਨੂੰ ਇੱਕ ਸਬਕ ਸਿੱਖਾਉਣ ਲਈ ਇੱਕ ਸਾਜ਼ਸ਼ ਕੀਤੀ. ਬਜ਼ੁਰਗਾਂ ਨੇ ਮੁਸਲਿਮਾਂ ਨੂੰ ਹਦਾਇਤ ਦਿੱਤੀ ਕਿ ਉਹ ਪਿੰਡ ਤੋਂ ਬਾਹਰ ਨਾ ਜਾਣ, ਪਰ ਅਗਰ ਉਹ ਪੱਕੇ ਸਿੱਖ ਬਣ ਕੇ ਨਹੀਂ ਰਹਿਣਾ ਚਾਹੁੰਦੇ ਨੇ ਤੇ, ਉਨ੍ਹਾਂ ਨੂੰ ਹਿਫ਼ਾਜ਼ਤ ਨਾਲ ਕੈਂਪ ਲੈ ਜਾਇਆ ਜਾਵੇਗਾ. ਕੁੱਝ ਮੁਸਲਿਮਾਂ ਨੇ ਇਸ ਲੁੱਭਾਉਣੀ ਪੇਸ਼ਕਸ਼ ਨੂੰ ਮੰਜ਼ੂਰ ਕਰ ਲੀਤਾ. ਇੱਕ ਰਾਤ ਉਹ ਪਿੰਡ ਛੱਡ ਕੇ, ਰੌਜ਼ਾ ਸ਼ਰੀਫ ਦੇ ਕੈਂਪ ਜਾਣ ਲਈ, ਕੁੱਝ ਨੈਜਵਾਨ ਸਿੱਖਾਂ ਦੀ ਹਿਫ਼ਾਜ਼ਤ ਤੇ ਨਿਕਲੇ. ਰਾਹ ਵਿੱਚ ਪਿੰਡ ਪੰਡਰਾਲੀ ਦੇ ਨਜਦੀਕ ਇੱਕ ਜੰਗਲ ਪੈਂਦਾ ਸੀ ਜਿਥੇ ਬੈਲ-ਗੱਡੀਆਂ ਰੋਕ ਦਿੱਤੀ ਗਈਆਂ. ਮੁਸਲਿਮਾਂ ਨੂੰ ਉਨ੍ਹਾਂ ਦੇ ਸਾਰੇ ਜੇਵਰ ਅਤੇ ਪੈਸੇ ਦੇਣ ਨੂੰ ਕਿਹਾ ਗਿਆ. ਫਿਰ, ਕੁੜੀਆਂ ਅਤੇ ਨੂਹਾਂ ਨੂੰ ਨਜਦੀਕ ਦੀ ਝਾੜੀਆਂ ਤੇ ਲੈ ਜਾ ਕੇ ਬੇਰਹਿਮੀ ਨਾਲ ਜਬਰ ਜਨਾਹ ਕੀਤਾ ਗਿਆ. ਇਹ ਸ਼ਰਮਨਾਕ ਦਾਸਤਾਨ ਦਾ ਪ੍ਰਚਾਰ, ਅਗਲੇ ਦਿਨ

ਪਿੰਡ ਵਿੱਚ ਹੋ ਗਿਆ. ਮੇਰੇ ਦਾਦਾ ਦੇ ਨਜਦੀਕ ਬੈਠੇ ਬਜ਼ੁਰਗ ਲੋਕ ਸੋਗ ਵਿੱਚ ਸਨ, ਅਤੇ ਉਨ੍ਹਾਂ ਨੂੰ ਕਹਿੰਦੇ ਸੁਣਿਆ: "ਸਾਲੇਆਂ ਨੇ ਮੂੰਹ ਕਾਲਾ ਕਰ ਦਿੱਤਾ, ਉਨ੍ਹਾਂ ਨੂੰ ਕੈਂਪ ਵਿੱਚ ਮਿਲਣ ਜੋਗੇ ਨਹੀਂ ਛੱਡਿਆ."

'ਮੇਰੇ ਦਾਦਾ ਨੇ ਇੱਕ ਮੁਸਲਿਮ ਪਰਵਾਰ ਨੂੰ ਪਨਾਹ ਦਿੱਤੀ ਸੀ. ਬੰਦੇਆਂ ਨੂੰ ਸਾਡੇ ਭੱਟੇ ਦੇ ਕੱਮ ਦਿੱਤਾ ਗਿਆ, ਜੋ ਮੇਰੇ ਦਾਦਾਜੀ ਚਲਾਉਂਦੇ ਸੀ. ਉਸ ਪਰਵਾਰ ਦੀ, ਦੋ ਕੰਵਾਰੀ ਕੁੜੀਆਂ ਸੀ. ਹੁਣ ਉਣ ਨੌਜਵਾਨਾਂ ਦੀ ਨਜ਼ਰ ਉਨ੍ਹਾਂ ਦੇ ਉਪਰ ਸੀ. ਇਸ ਤੋਂ ਪਹਿਲਾਂ ਕਿ ਕੋਈ ਨੁਕਸਾਨ ਕੀਤਾ ਜਾਂਦਾ, ਇੱਕ ਦਿਨ ਮੇਰੇ ਦਾਦਾ, ਚੁੱਪ-ਚਾਪ ਉਨ੍ਹਾਂ ਨੂੰ ਰੌਜ਼ਾ ਸ਼ਰੀਫ, ਹਿਫ਼ਾਜ਼ਤ ਨਾਲ ਛੱਡ ਕੇ ਆ ਗਏ.

'ਸਾਡੀ ਗਲੀ ਤੇ ਕੁੱਝ ਛੜੇ ਰਹਿੰਦੇ ਸੀ. ਉਨ੍ਹਾਂ ਦੀ ਕੋਈ ਜ਼ਮੀਨ ਨਹੀਂ ਸੀ ਜਾਂ ਨਹੀਂ ਦੇ ਬਰਾਬਰ ਸੀ ਅਤੇ ਉਹ ਬਦਨਾਮ ਕਿਸਮ ਦੇ ਬੰਦੇ ਸੀ. ਉਨ੍ਹਾਂ ਨੇ ਕਿਸੇ ਜਗ੍ਹ ਤੋਂ, ਕੁੱਝ ਮੁਸਲਿਮ ਔਰਤਾਂ ਅਗਵਾ ਕਰ ਲੀਤੀਆਂ ਸੀ ਅਤੇ ਉਨ੍ਹਾਂ ਦੇ ਨਾਲ ਹੀ ਰਹਿੰਦੇ ਸੀ. ਬਚਨ ਸਿੰਘ ਉਰਫ ਖੂਨੀ ਬਚਨਾ (ਉਸ ਨੇ ਕੁੱਝ ਕਤਲ ਕੀਤੇ ਸੀ) ਦੇ ਘਰ ਤੇ, ਦੋ ਨੌਜਵਾਨ ਕੁੜੀਆਂ ਸੀ. ਮਗਰ ਇਹ ਹਨੀਮੂਨ ਜ਼ਿਆਦਾ ਦਿਨ ਨਹੀਂ ਚਲਿਆ. ਸਾਰੀ ਮੁਸਲਿਮ ਔਰਤਾਂ ਨੂੰ ਪੁਲਿਸ ਆ ਕੇ ਲੈ ਗਈ ਅਤੇ ਪਾਕਿਸਤਾਨ ਭੇਜ ਦਿੱਤਾ.

'ਕਦੀ ਕਦਾਰ ਪਾਕਿਸਤਾਨ ਤੋਂ ਸਾਡੇ ਟਿਵਾਣਾ ਭਰਾ ਸਾਨੂੰ ਮਿਲਣ ਆਉਂਦੇ ਨੇ. ਇੱਕ ਨੌਜਵਾਨ ਤਨਵੀਰ ਟਿਵਾਣਾ ਨੇ ਮੈਨੂ ਇੰਟਰਨੇਟ ਤੋਂ ਲੱਭ ਲੀਤਾ. ਉਸ ਦੇ ਦਾਦਾਜੀ ਸ਼੍ਰੀ ਅਬਦੁਰ ਰਸ਼ੀਦ ਟਿਵਾਣਾ ਆਪਣੇ ਪਰਵਾਰ ਨਾਲ ਸਾਡੇ ਪਿੰਡ ਤੇ, 1947 ਤੋਂ ਪਹਿਲਾਂ ਰਹਿੰਦੇ ਸੀ. ਉਹ ਮੈਨੂੰ ਦਾਦਾਜੀ ਕਹਿੰਦਾ ਹੈ ਅਤੇ ਮੇਰੇ ਸੰਪਰਕ ਵਿੱਚ ਹੈ. ਉਸ ਦੇ ਮੁਤਾਬਕ, ਉਸ ਦੇ ਪਰਵਾਰ ਤੇ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਇਆ. ਆਪਣੇ ਸਿੱਖ ਗੁਆਂਢੀਆਂ ਦੀ ਮਦਦ ਨਾਲ, ਉਹ ਮਹਿਫ਼ੂਜ਼ ਤਰੀਕੇ ਨਾਲ ਰਾਹਤ ਕੈਂਪ ਪਹੁੰਚ ਗਏ ਸੀ. ਤਨਵੀਰ ਦੇ ਮੁਤਾਬਕ, ਸਾਡੇ ਪਿੰਡ ਦੇ ਟਿਵਾਣਾ, ਹੁਣ, ਸ਼ੇਖੁਪੁਰਾ, ਸਰਗੋਧਾ, ਕਸੂਰ ਅਤੇ ਲਾਹੌਰ ਤੇ ਜਾ ਵਸੇ ਨੇ.'

ਸ਼ਾਹੀ ਰਿਆਸਤ ਨਾਭਾ

ਰਿਆਸਤ ਨਾਭਾ ਦੀ ਕੁੱਲ ਆਬਾਦੀ 340,444 ਸੀ. ਇਸ ਦੀ ਮੁਸਲਿਮ ਆਬਾਦੀ 50,972 ਸੀ ਜਾਂ 15 ਫ਼ੀਸਦੀ. ਡਾ.ਖੁਸ਼ੀ ਮੁਹੱਮਦ ਖ਼ਾਨ 1991 ਤੇ ਹੈਮਬਰਗ ਇਨਸਟੀਚਯੂਟ ਔਫ ਡੇਵਲਪਮੇਂਟ ਇਕੋਨੋਮਿਕਸ ਤੋਂ ਰਿਟਾਇਰ ਹੋਏ ਸੀ. ਉਹ ਜੂਨ 2003 ਤੇ ਸਟੋਕਹੋਮ ਤੇ ਮੇਰੇ ਮਿਹਮਾਨ ਸਨ. ਉਨ੍ਹਾਂ ਦਾ ਬਿਆਨ ਹੇਠ ਪੇਸ਼ ਹੈ:

ਡਾ.ਖੁਸ਼ੀ ਮੁਹੱਮਦ ਖ਼ਾਨ

'ਮੇਰਾ ਜਨਮ ਜ਼ਿਲ੍ਹਾ ਅਮਲੋਹ, ਰਿਆਸਤ ਨਾਭਾ ਤੇ 12 ਅਕਤੂਬਰ 1930 ਨੂੰ ਹੋਇਆ ਸੀ. ਇਸ ਦਾ ਹਾਕਿਮ ਇੱਕ ਸਿੱਖ ਸੀ. ਇਸ ਰਿਆਸਤ ਤੇ 20 ਫ਼ੀਸਦੀ ਮੁਸਲਿਮ ਸਨ. ਸਾਰੀ ਕੌਮਾਂ ਇੱਕ ਸਾਥ, ਅਮਨ ਵਿੱਚ ਰਹਿੰਦੀ ਸਨ. ਆਪਸੀ ਰਿਸ਼ਤੇ ਬਹੁਤ ਉਮਦਾ ਸਨ; ਅਸੀਂ ਇੱਕ ਦੂਜੇ ਦੇ ਘਰਾਂ ਤੇ ਵੱਡੇ ਹੋਏ. ਮੈਂ ਆਪਣੇ ਇੱਕ ਬ੍ਰਾਹਮਣ ਦੋਸਤ ਨਾਲ ਉਸ ਦੀ ਰਸੋਈ ਤੇ ਖਾਣਾ ਖਾਂਦਾ ਸੀ. ਉਸ ਦੀ ਮਾਂ ਮੈਨੂੰ ਆਪਣੇ ਬੇਟੇ ਦੀ ਤਰ੍ਹਾਂ ਸਮਝਦੀ ਸੀ. ਮਗਰ, ਉਸ ਨੂੰ ਡਰ ਸੀ ਕਿ ਕੱਟੜ ਹਿੰਦੂ ਨਾਰਾਜ਼ ਹੋ ਸਕਦੇ ਸੀ ਕਿ ਉਹ ਇੱਕ ਮੁਸਲਿਮ ਨੂੰ, ਰਸੋਈ ਵਿੱਚ ਜਾ ਕੇ ਖਾਣ ਦੇਣ ਦੀ ਇੱਜ਼ਾਜ਼ਤ ਦੇ ਰਹੀ ਸੀ.

'ਸਾਡੇ ਇਲਾਕੇ ਤੇ ਕੋਈ ਅਖ਼ਬਾਰ ਨਹੀਂ ਮਿਲਦੇ ਸੀ ਅਤੇ ਸਾਨੂੰ ਬਿਲਕੁਲ ਪਤਾ ਨਹੀਂ ਸੀ ਕਿ ਤਕਸੀਮ ਅਤੇ ਇਸ ਦੀ ਮੁਸੀਬਤਾਂ ਆਉਣ ਵਾਲੀਆਂ ਸੀ. ਹਰ ਕਿਸਮ ਦੇ ਲੋਕ ਮੇਰੇ ਵਾਲਿਦ ਦੀ ਸੇਵਾ ਲੈਣ ਆਉਂਦੇ ਸੀ. ਉਹ ਇੱਕ ਵਕੀਲ ਸਨ. ਜ਼ਿਆਦਾਤਰ, ਹਿੰਦੂ ਅਤੇ ਸਿੱਖ, ਅਦਾਲਤ ਵਿੱਚ ਉਨ੍ਹਾਂ ਦੀ ਪੈਰਵੀ ਕਰਣ ਲਈ, ਉਨ੍ਹਾਂ ਦੀ ਸੇਵਾ ਲੈਂਦੇ. ਅਮਲੋਹ ਜ਼ਿਲ੍ਹੇ ਤੇ ਨਾ ਕਾਂਗਰੇਸ ਸੀ ਅਤੇ ਨਾ ਹੀ ਮੁਸਲਿਮ ਲੀਗ.

'ਕੁੱਝ ਲੋਕ ਪਾਕਿਸਤਾਨ ਬਾਰੇ ਗੱਲ ਕਰਦੇ ਸੀ ਪਰ ਕਿਸੇ ਨੂੰ ਪਤਾ ਨਹੀਂ ਸੀ ਕਿ ਇਸ ਦਾ ਕਿ ਨਤੀਜਾ ਹੋਵੇਗਾ. ਮੇਰੇ ਵਾਲਿਦ ਨੂੰ ਸਥਾਨਕ ਮੁਸਲਿਮ ਲੀਗ ਦਾ ਪ੍ਰਧਾਨ ਬਣਣ ਦੀ ਪੇਸ਼ਕਸ਼ ਦਿੱਤੀ ਗਈ, ਪਰ ਉਨ੍ਹਾਂ ਨੇ ਇਹ ਕਹਿੰਦੇ ਹੋਏ ਮਨ੍ਹਾਂ ਕਰ ਦਿੱਤਾ ਕਿ ਉਨ੍ਹਾਂ ਦੇ ਲਈ ਆਪਣੇ ਬੱਚੇਆਂ ਅਤੇ ਬੀਵੀ ਦੀ ਸੇਵਾ ਕਰਣਾ ਜ਼ਿਆਦਾ ਅਹਿਮ ਸੀ. ਇਸ ਦੇ ਇਲਾਵਾ, ਉਨ੍ਹਾਂ ਨੇ ਕਿਹਾ ਕਿ ਸਾਰੀ ਕੌਮਾਂ, ਇੱਕ ਸਾਥ ਖੁਸ਼ ਨੇ ਅਤੇ ਕਿਉਂ ਇਸ ਤਰ੍ਹਾਂ ਦਾ ਕੋਈ ਕੱਮ ਕੀਤਾ ਜਾਵੇ ਕਿ ਆਪਸੀ ਰਿਸ਼ਤੇ ਖਰਾਬ ਹੋ ਜਾਣ.

'1940 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਤੇ, ਅਸੀਂ ਨਾਭਾ ਸ਼ਹਿਰ ਚਲੇ ਗਏ. ਅਗਸਤ 1946 ਤੇ ਬੰਗਾਲ ਅਤੇ ਬਾਅਦ ਤੇ ਬਿਹਾਰ ਦੇ ਮੁਸਲਿਮਾਂ ਦੇ ਕਤਲੇਆਮ ਦੀ ਖ਼ਬਰਾਂ ਨਾਭਾ ਪਹੁੰਚਣ ਲਗੀ, ਪਰ ਉਸ ਵਕਤ ਸਾਨੂੰ ਨਹੀਂ ਲਗਾ ਕਿ ਪੰਜਾਬ ਉਪਰ ਇਸ ਦਾ ਕੋਈ ਅਸਰ ਹੋਵੇਗਾ. ਸੱਚ ਤੇ ਇਹ ਹੈ ਕਿ ਇਹ ਇਹਸਾਸ ਸਾਨੂੰ 14 ਅਗਸਤ ਦੇ ਬਾਅਦ ਹੋਇਆ ਕਿ ਸਾਨੂ ਨਾਭਾ ਛੱਡ ਕੇ ਜਾਣਾ ਪਏਗਾ. ਪਰ ਨਵੰਬਰ 1947 ਤਕ, ਸਾਨੂੰ ਇਸ ਦੀ ਜ਼ਰੂਰਤ ਨਹੀਂ ਪਈ. ਨਾਭਾ ਸ਼ਹਿਰ ਤੇ ਸਿਰਫ਼ ਇੱਕ ਆਮ ਰੇਡੀਉ ਹੁੰਦਾ ਸੀ, ਉਹ ਸੀ ਇੱਕ ਪਾਨਵਾਲੇ ਦੀ ਦੁਕਾਨ ਤੇ. ਲੋਕ ਉਸ ਤੇ ਖ਼ਬਰਾਂ ਸੁਣਦੇ ਅਤੇ ਕਤਲ ਦੀ ਰਿਪੋਰਟਾਂ ਨੂੰ ਖਾਸ ਤਵਜੋ ਦਿੱਤੀ ਜਾਂਦੀ. ਇਸ ਤੋਂ ਪਹਿਲਾਂ ਸਿੱਖ ਅਤੇ ਹਿੰਦੂ ਪਨਾਹਗੀਰ ਨਾਭਾ ਰਿਆਸਤ ਤੇ ਘੱਟ ਹੀ ਆਉਂਦੇ ਸੀ, ਕਿਉਂਕਿ ਇਹ ਮੁੱਖ ਜੀ.ਟੀ.ਰੋਡ ਤੋਂ ਹੱਟ ਕੇ ਸੀ ਅਤੇ ਇਹ ਕੋਈ ਆਰਥਿਕ ਤਰੱਕੀ ਵਾਲਾ ਇਲਾਕਾ ਨਹੀਂ ਸੀ. ਮਗਰ ਅਕਤੂਬਰ ਅਤੇ ਨਵੰਬਰ ਤਕ, ਪਨਾਹਗੀਰਾਂ ਦੀ ਤਦਾਦ ਵੱਧਣ ਲਗੀ ਅਤੇ ਮੁਸਲਿਮ ਮਾਇਨਾਰਿਟੀ ਨੂੰ ਲਗਣ ਲਗਾ ਕਿ ਉਨ੍ਹਾਂ ਦੇ ਖ਼ਿਲਾਫ਼, ਬਦਲੇ ਦਾ ਮਨਸੂਬਾ ਤਿਆਰ ਕੀਤਾ ਜਾ ਰਿਹਾ ਸੀ. ਸਾਡੇ ਕੁੱਝ ਰਿਸ਼ਤੇਦਾਰ ਸਾਡੀ ਗਲੀ ਤੇ ਹੀ ਰਹਿੰਦੇ ਸੀ ਅਤੇ ਦੂਜੀ ਕੌਮ ਦੇ ਲੋਕ ਵੀ ਉਥੇ ਰਹਿੰਦੇ ਸੀ. ਮਗਰ, ਨਵੰਬਰ ਤਕ, ਮੁਸਲਿਮਾਂ ਉਪਰ ਹਮਲੇ ਹੋਣ ਲਗੇ.

'ਅਸੀਂ ਨਵੰਬਰ ਤੇ ਗਏ. ਉਥੋਂ ਜਾਣ ਦਾ ਫ਼ੈਸਲਾ ਤਦ ਲੀਤਾ ਗਿਆ ਜਦ ਮੇਰੀ ਮਾਂ ਨੇ ਨਾਖੁਸ਼ੀ ਜ਼ਾਹਰ ਕੀਤੀ ਅਤੇ ਦੱਸਿਆ ਕਿ ਨਾਭਾ ਸ਼ਹਿਰ ਦੇ ਆਲੇ-ਦੁਆਲੇ ਦੇ ਪਿੰਡਾਂ ਤੇ ਮੁਸਲਿਮਾਂ ਉਪਰ ਹਮਲੇਆਂ ਦੀ ਖ਼ਬਰ ਰੋਜ਼ਾਨਾ ਆ ਰਹਿਆਂ ਸੀ, ਅਤੇ ਅਗਰ ਅਸੀਂ ਨਹੀਂ ਜਾਦੇ ਤੇ, ਅਸੀਂ ਵੀ ਹਿੰਦੂ-ਸਿੱਖ ਤਸ਼ੱਦਦ ਦਾ ਸ਼ਿਕਾਰ ਹੋ ਜਾਂਦੇ. ਤਦ, ਮੇਰੇ ਵਾਲਿਦ ਨੇ ਨਾਭਾ ਸ਼ਹਿਰ ਦੇ ਨਾਜ਼ਿਮ, ਉਨ੍ਹਾਂ ਦੇ ਇੱਕ ਜਮਾਤੀ ਸਿੱਖ, ਨਾਲ ਸੰਪਰਕ ਸ਼ਥਾਪਤ ਕੀਤਾ. ਉਸ ਨੇ ਮੇਰੇ ਵਾਲਿਦ ਨੂੰ, ਕੁੱਝ ਵਕਤ ਤਕ, ਨਾਭਾ ਕਿਲੇ ਵਿੱਚ ਪਨਾਹ ਲੈਣ ਨੂੰ ਕਿਹਾ. ਉਹ ਖੁਦ ਵੀ ਉਥੇ ਰਹਿੰਦੇ ਸੀ ਅਤੇ ਪੁਲਿਸ ਦਾ ਪ੍ਰਮੁੱਖ ਹੋਰ ਜ਼ਿਲ੍ਹਾ ਮੈਡੀਕਲ ਅਧਿਕਾਰੀ ਵੀ. ਪਰ, ਇਸ ਦੇ ਬਜਾਏ, ਮੇਰੇ ਵਾਲਿਦ ਨੇ ਅਮਲੋਹ ਵਾਪਸ ਜਾਣ ਦਾ ਫ਼ੈਸਲਾ ਕੀਤਾ, ਜਿਥੇ ਸਾਡਾ ਪੁਸ਼ਤੈਨੀ ਘਰ ਮੌਜੂਦ ਸੀ.

'ਮੇਰੇ ਵਾਲਿਦ ਦੇ ਇੱਕ ਹੋਰ ਜਮਾਤੀ ਪਰਤਾਪ ਸਿੰਘ ਨੇ ਜੋ ਸਥਾਨਕ ਬਸ ਸੇਵਾ ਦਾ ਮਾਲਕ ਸੀ, ਉਨ੍ਹਾਂ ਨੂੰ ਕਿਹਾ ਕਿ ਅਕਾਲੀ ਇੱਕ ਹਮਲਾ ਕਰਣ ਦਾ ਮਨਸੂਬਾ ਬਣਾ ਰਹੇ ਸੀ, ਅਤੇ ਸਾਨੂ ਅਗਲੇ ਦਿਨ ਤੜਕੇ, ਚਲੇ ਜਾਣ ਨੂੰ ਤਿਆਰ ਰਹਿਣਾ ਚਾਹੀਦਾ ਸੀ. ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਸਾਨੂ ਹਿਫ਼ਾਜ਼ਤ ਦੇ ਕੇ ਪਨਾਹਗੀਰਾਂ

ਦੇ ਕੈਂਪ ਲੈ ਜਾਣਗੇ. ਮੇਰੇ ਵਾਲਿਦ ਨੇ ਉਨ੍ਹਾਂ ਦੀ ਪੇਸ਼ਕਸ਼ ਮੰਜ਼ੂਰ ਕਰ ਲੀਤੀ ਅਤੇ ਅਗਲੇ ਦਿਨ, ਬਗੈਰ ਕਿਸੇ ਨੂੰ ਦੱਸੇ ਕਿ ਅਸੀਂ ਨਿਕਲ ਰਹੇ ਸੀ, ਦਰਅਸਲ ਅਸੀਂ ਨਿਕਲ ਗਏ.

'ਅਸੀਂ ਤੜਕੇ ਚਲੇ ਗਏ. ਸਾਡੇ ਕੋਲ ਸ਼ਾਇਦ ਹੀ ਕੋਈ ਸਾਮਾਨ ਸੀ. ਨਾਭਾ ਸ਼ਹਿਰ ਦੇ ਰਾਹ ਤੇ, ਅਕਾਲੀ ਸਿੱਖਾਂ ਨੇ ਕਿਰਪਾਨਾਂ ਅਤੇ ਬਰਛੇ ਲੈ ਕੇ, ਸਾਨੂੰ ਰੋਕਣ ਦੀ ਕੋਸ਼ਿਸ਼ ਕੀਤੀ ਮਗਰ ਪਰਤਾਪ ਸਿੰਘ ਨੇ ਉਨ੍ਹਾਂ ਨੂੰ ਚਕਮਾ ਦੇ ਦਿੱਤਾ ਅਤੇ ਅਸੀਂ ਨਾਭਾ ਤੇ ਕੈਂਪ ਪਹੁੰਚ ਗਏ. ਸਾਡੇ ਕਈ ਰਿਸ਼ਤੇਦਾਰ ਉਥੇ ਪਹਿਲਾਂ ਤੋਂ ਹੀ ਮੌਜੂਦ ਸਨ. ਮੇਰੇ ਵਾਲਿਦ ਅਦਾਲਤ ਤੇ ਗਏ ਅਤੇ ਮਿਆਂ ਅਬਦੁਲ ਲਤੀਫ਼, ਜਿਸ ਨੇ ਬਤੌਰ ਵਕੀਲ਼ ਮੇਰੇ ਵਾਲਿਦ ਦੇ ਸਹਾਇੱਕ ਦੇ ਤੌਰ ਤੇ ਕੱਮ ਕੀਤਾ ਸੀ, ਉਨ੍ਹਾਂ ਨੂੰ ਦੱਸਿਆ ਕਿ ਨਾਭਾ ਦੇ ਸ਼ਾਸਕ ਨੇ ਫ਼ਰਮਾਨ ਜਾਰੀ ਕੀਤਾ ਸੀ ਕਿ ਨਾਭਾ ਸਹਿਰ ਤੇ, ਕਿਸੇ ਉਪਰ ਹਮਲਾ ਨਹੀਂ ਹੋਣਾ ਚਾਹੀਦਾ ਸੀ, ਪਰ ਪਿੰਡਾ ਤੇ ਹਮਲੇ ਕੀਤੇ ਜਾ ਸਕਦੇ ਸੀ.

'ਪਨਾਹਗੀਰਾਂ ਦੇ ਇੱਕ ਕਾਫ਼ਿਲੇ ਨੇ, ਨਵੰਬਰ ਦੇ ਸ਼ੁਰੂ ਤੇ, ਨਾਭਾ ਛੱਡ ਦਿੱਤਾ ਅਤੇ ਅਸੀਂ 10 ਦਿਨਾਂ ਤਕ ਚਲਦੇ ਰਹੇ, ਅਤੇ ਤਦ ਪਾਕਿਸਤਾਨ ਪਹੁੰਚੇ. ਉਸ ਕਾਫ਼ਿਲੇ ਤੇ, ਘੱਟ ਤੋਂ ਘੱਟ 100,000 ਲੋਕ ਸਨ. ਰਾਹ ਵਿੱਚ ਅਸੀਂ ਚਾਰੇ ਪਾਸੇ ਲਾਸ਼ਾਂ ਪਇਆਂ ਵੇਖਿਆਂ ਸੀ. ਸਾਡੇ ਕਾਫ਼ਿਲੇ ਉਪਰ ਹਮਲਾ ਨਹੀਂ ਕੀਤਾ ਗਿਆ ਹਾਲਾਂਕਿ ਕਈ ਵਾਰ ਚੇਤਾਵਨੀ ਦਿੱਤੀ ਗਈ. ਰਾਤ ਨੂੰ ਕੋਈ ਸੌ ਨਹੀਂ ਸਕਦਾ ਸੀ. ਸਫਰ ਦੇ ਦੌਰਾਨ ਕੁੱਝ ਲੋਕਾਂ ਦਾ ਇੱਤਕਾਲ ਹੋ ਗਿਆ. ਪਾਕਿਸਤਾਨੀ ਫ਼ੌਜ਼ ਦੀ ਬਲੁਚ ਰੈਜੀਮੇਂਟ ਸਾਡੀ ਹਿਫ਼ਾਜ਼ਤ ਲਈ ਆਈ ਸੀ ਅਤੇ ਇਹ ਵਜ੍ਹਾ ਹੈ ਕਿ ਕਾਫ਼ਿਲੇ ਉਪਰ ਹਮਲਾ ਨਹੀਂ ਕੀਤਾ ਗਿਆ.

'ਅਸੀਂ ਕਸੂਰ ਹੋ ਕੇ ਆਏ ਕਿਉਂਕਿ ਵਾਹਗਾ-ਅਟਾਰੀ ਰਸਤਾ ਬੇਹਦ ਖ਼ਤਰਨਾਕ ਹੋ ਗਿਆ ਸੀ. ਜਲਦ ਹੀ, ਅਸੀਂ ਆਪਣੇ ਆਪ ਨੂੰ ਗੁਜਰਾਂਵਾਲਾ ਤੇ ਵੇਖਿਆ. ਮੇਰੇ ਵਾਲਿਦ ਜਿਨ੍ਹਾਂ ਦੀ ਨਾਭਾ ਤੇ ਇੱਕ ਬੇਹਦ ਕਾਮਯਾਬ ਵਕਾਲਤ ਚਲਦੀ ਸੀ, ਅੰਗ੍ਰੇਜ਼ੀ-ਪੜ੍ਹੇ ਵਕੀਲਾਂ ਦਾ ਮੁਕਾਬਲਾ ਨਹੀਂ ਕਰ ਸਕੇ. ਇਸ ਕਰ ਕੇ ਉਨ੍ਹਾਂ ਨੇ ਗੁਜਰਾਂਵਾਲਾ ਦੀ ਜ਼ਿਲ੍ਹਾ ਅਦਾਲਤ ਦੇ ਬਾਹਰ, ਬਤੌਰ ਇੱਕ ਅਰਜ਼ੀ ਲੇਖਕ, ਕੱਮ ਕਰਣ ਦਾ ਫ਼ੈਸਲਾ ਕੀਤਾ. ਉਹ ਅਕਸਰ ਨਾਭਾ ਦੇ ਆਪਣੇ ਅਸਲੀ ਘਰ ਬਾਰੇ ਗੱਲ ਕਰਦੇ ਅਤੇ ਰੋਣਹਾਕੀ ਹੋ ਕੇ ਇੱਕ ਫ਼ਾਰਸੀ ਆਇਤ ਸੁਣਾਂਦੇ ਜਿਸ ਦਾ ਮਤਲਬ ਸੀ: ਮੇਰੀ ਮਿੱਟੀ ਦੇ ਕੰਡੇ ਵੀ ਬਗਾਨੀ ਜਗ੍ਹ ਦੇ ਗੁਲਾਬਾਂ ਤੋਂ ਬਿਹਤਰ ਨੇ.

'ਮੈਂ 1963 ਤੇ ਜਰਮਨੀ ਆ ਗਿਆ ਅਤੇ ਉਥੋਂ ਮੈਂ ਆਪਣੇ ਨਾਭਾ ਦੇ ਪੁਰਾਣੇ ਸਕੂਲ ਨਾਲ ਸੰਪਰਕ ਸਥਾਪਤ ਕਰਣ ਲਗਾ. ਉਥੋਂ ਮੈਨੂੰ ਬੇਹਦ ਗਰਮਜੋਸ਼ੀ ਨਾਲ ਜਵਾਬ ਮਿਲਿਆ, ਪਰ 1979 ਤੇ ਆ ਕੇ, ਮੈਨੂੰ ਫਿਰ ਨਾਭਾ ਜਾਣ ਦੀ ਇੱਜ਼ਾਜ਼ਤ ਮਿਲੀ. ਜਦ ਮੈਂ ਉਥੇ ਪਹੁੰਚਿਆ, ਲਗਦਾ ਸੀ ਕਿ ਸਾਰਾ ਸ਼ਹਿਰ ਮੇਰਾ ਸੁਆਗਤ ਕਰਣ ਆਇਆ ਸੀ. ਮੈਨੂੰ ਕਈ ਘਰਾਂ ਤੇ ਦਾਵਤ ਲਈ ਬੁਲਾਇਆ ਗਿਆ. ਕਸਾਇਆਂ ਅਤੇ ਰੰਗਰੇਜ਼ਾਂ ਦਾ ਇੱਕ ਪਰਵਾਰ ਉਥੇ ਰਹਿ ਗਿਆ ਸੀ ਕਿਉਂਕਿ ਲੋਕਾਂ ਨੂੰ ਉਨ੍ਹਾਂ ਦੀ ਜ਼ਰੂਰਤ ਸੀ. ਹੁਣ ਮੈਂ ਅਕਸਰ ਜਾਣਾ ਹਾਂ ਅਤੇ ਕਰੀਬ ਇੱਕ ਮਹੀਨਾ ਰਹਿਣਾ ਹਾਂ. ਮੈਂ ਆਪਣੇ ਇੱਕ ਬ੍ਰਾਹਮਣ ਮਿੱਤਰ ਅਸ਼ਵਿਨੀ ਕੁਮਾਰ ਸ਼ਰਮਾ ਨਾਲ ਰਹਿਣਾ ਹਾਂ. ਉਨ੍ਹਾਂ ਦੀ ਬੀਵੀ ਅਤੇ ਬੱਚੇ ਮੈਨੂੰ ਬੇਹਦ ਪਿਆਰ ਕਰਦੇ ਨੇ.'

ਕਪੂਰਥਲਾ ਸ਼ਾਹੀ ਰਿਆਸਤ

ਵਿੱਕੀ, ਨਾਨਕ ਸਿੰਘ (ਸਾਡੇ ਡ੍ਰਾਈਵਰ) ਅਤੇ ਮੈਂ 3 ਜਨਵਰੀ ਦੀ ਦੇਰ ਦੁਪਹਿਰ ਕਪੂਰਥਲਾ ਪਹੁੰਚੇ. ਕਦੀ ਪੰਜਾਬ ਸ਼ਾਹੀ ਰਿਆਸਤਾਂ ਵਿੱਚ ਪੈਰਿਸ ਦੀ ਤਰ੍ਹਾਂ ਮਸਹੂਰ, ਹੁਣ ਲਗ ਰਿਹਾ ਸੀ ਕਿ ਕਪੂਰਥਲਾ ਨੇ, ਤਕਸੀਮ ਤੋਂ ਪਹਿਲਾਂ ਦੇ ਦਿਨਾਂ ਦੀ ਕੁੱਝ ਮਹਿਮਾ ਕਾਇਮ ਰੱਖੀ ਸੀ. ਕਪੂਰਥਲਾ ਸ਼ਹਿਰ ਜਲੰਧਰ ਤੋਂ ਜ਼ਿਆਦਾ ਦੂਰ ਨਹੀਂ ਸੀ. ਜਦ ਅਸੀਂ ਸ਼ਹਿਰ ਦੇ ਮੱਧ ਤੇ ਪਹੁੰਚੇ, ਇੱਕ ਸੋਹਣੀ ਮਸੀਤ ਖ਼ਾਮੋਸ਼ ਅਤੇ ਆਪਣੀ ਸ਼ਾਨ ਵਿੱਚ ਖੜ੍ਹੀ ਸੀ. ਕਪੂਰਥਲਾ ਸ਼ਹਿਰ ਦੇ ਮੱਧ ਤੇ, ਮੁੱਖ ਮਸੀਤ ਦੀ ਦੀਵਾਰ ਉਪਰ ਸੰਗਮਰਮਰ ਦੀ ਇੱਕ ਪਲੇਕ ਹੈ ਜਿਸ ਉਪਰ ਅੰਗ੍ਰੇਜ਼ੀ ਤੇ ਲਿਖਿਆ ਹੋਇਆ ਹੈ (ਹੇਠ ਪੰਜਾਬੀ ਤਰਜਮਾ ਪੇਸ਼ ਹੈ):

> ਮੂਰੀਸ਼ ਮਸੀਤ ਨੂੰ ਮਾਣਯੋਗ ਮਹਾਰਾਜਾ ਜਗਤਜੀਤ ਸਿੰਘ ਬਹਾਦਰ ਦੇ ਹੁਕਮ ਤੇ ਤਿਆਰ ਕੀਤਾ ਗਿਆ. ਉਸਾਰੀ ਦਾ ਕੱਮ ਅਕਤੂਬਰ 1926 ਤੋਂ ਲੈ ਕੇ ਮਾਰਚ 1930 ਤਕ ਚਲਿਆ. ਕੁਲ ਖ਼ਰਚ 4 ਲੱਖ ਰੁਪਏ ਹੋਏ. ਮਾਣਯੋਗ ਦੀ ਮੌਜੂਦਗੀ ਵਿੱਚ, ਮਹੂਰਤ ਦੀ ਰਸਮ 14 ਮਾਰਚ 1930 ਨੂੰ ਅਦਾ ਕੀਤੀ ਗਈ, ਅਤੇ ਇਸ ਮੌਕੇ ਤੇ, ਉਨ੍ਹਾਂ ਦਾ ਸਾਥ ਮਾਣਯੋਗ ਨਵਾਬ ਸਾਦਿਕ ਮੋਹੱਮਦ ਖ਼ਾਨ ਬਹਾਦਰ, ਬਹਾਹਲਪੁਰ ਰਿਆਸਤ ਦੇ ਹਾਕਿਮ, ਨੇ ਦਿੱਤਾ. 1 ਲੱਖ ਤੋਂ ਜ਼ਿਆਦਾ ਲੋਕ ਜਮਾ ਹੋਏ. ਮਸੀਤ ਦੀ ਮੌਜੂਦਗੀ ਮਹਾਰਾਜਾ ਦੀ ਖੁੱਲ੍ਹ-ਦਿਲੀ ਸਹਿਣਸ਼ੀਲਤਾ ਅਤੇ ਆਪਣੀ ਪਰਜਾ ਦੀ ਭਲਾਈ ਦੇ ਫ਼ਿਕਰ ਬਾਰੇ, ਗਵਾਹੀ ਦੇਂਦੀ ਹੈ.

1941 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ ਕਪੂਰਥਲਾ ਰਿਆਸਤ ਦੀ ਕੁੱਲ ਆਬਾਦੀ 378,389 ਸੀ. ਇਸ ਦੀ ਹਿੰਦੂ ਆਬਾਦੀ 61,546 ਸੀ, ਜਿਸ ਵਿੱਚ 20,892 ਦਲਿਤ ਹਿੰਦੂ ਸਨ. ਹਾਲਾਂਕਿ ਹੁਕਮਰਾਨ ਇੱਕ ਸਿੱਖ ਸੀ, ਸਿੱਖਾਂ ਦੀ ਤਦਾਦ ਮਹਿਜ਼ 88,350 ਸੀ. ਮੁਸਲਿਮਾਂ ਦਾ ਸਮੂਹ ਸਭ ਤੋਂ ਵੱਡਾ ਸੀ ਅਤੇ ਉਨ੍ਹਾਂ ਦੀ ਆਬਾਦੀ 213,557 ਦੀ. ਇਸ ਦਾ ਮਤਲਬ ਸੀ ਕਿ ਮੁਸਲਿਮ 56.4 ਫ਼ੀਸਦੀ ਸਨ ਅਤੇ ਉਨ੍ਹਾਂ ਦੀ ਮਜਾਰਿਟੀ ਸੀ. ਮਗਰ ਹੁਣ ਕੋਈ ਸਥਾਨਕ ਮੁਸਲਿਮ ਮੌਜੂਦ ਨਹੀਂ ਸੀ. ਅਸੀਂ ਸੁਲਤਾਨਪੁਰ ਲੋਧੀ ਵੀ ਗਏ, ਜੋ ਕਪੂਰਥਲਾ ਤੋਂ 30 ਕਿਲੋਮੀਟਰ ਦੂਰ ਇੱਕ ਸ਼ਹਿਰ ਹੈ, ਕਿਉਂਕਿ ਮੈਂ ਇਸ ਦੇ ਇੱਕ ਪੁਰਾਣੇ ਰਹਿਣ ਵਾਲੇ ਇਨਸਾਨ, ਮੌਲਾਨਾ ਮੁਜਾਹਿਦ ਅਲ-ਹੁਸੈਨੀ ਨੂੰ ਵਾਅਦਾ ਕੀਤਾ ਸੀ. ਉਹ ਚਾਹੁੰਦੇ ਸੀ ਕਿ ਮੈਂ ਕਪੂਰਥਲੇ ਦੀ ਮਸੀਤ ਅਤੇ ਸੁਲਤਾਨਪੁਰ ਲੋਧੀ ਦੇ ਦੋ ਸਿੱਖ ਗੁਰਦੁਆਰੇਆਂ ਦੀ ਕੁੱਝ ਤਸਵੀਰਾਂ ਲੈ ਕੇ ਆਵਾਂ. ਉਨ੍ਹਾਂ ਦੀ ਮਾਤ-ਭੁਮੀ ਦੇ ਸ਼ਹਿਰ ਤੇ ਕੀ ਹੋਇਆ, ਉਹ ਇਹ ਕਹਾਣੀ ਦੱਸਦੇ ਨੇ:

ਮੁਜਾਹਿਦ ਅਲ-ਹੁਸੈਨੀ

'ਮੇਰਾ ਜਨਮ ਸੁਲਤਾਨਪੁਰ ਲੋਧੀ, ਰਿਆਸਤ ਕਪੂਰਥਲਾ ਤੇ 1925 ਨੂੰ ਹੋਇਆ. ਸਾਡੀ ਇੱਕ ਅਮਨਪਸੰਦ ਅਤੇ ਦੋਸਤਾਨਾ ਬਰਾਦਰੀ ਸੀ. ਮਹਾਰਾਜਾ ਜਗਤਜੀਤ ਸਿੰਘ ਇੱਕ ਬੇਹਦ ਗਿਆਨੀ, ਸਹਿਣਸ਼ੀਲ ਅਤੇ ਵਾਜਬ ਹੁਕਮਰਾਨ ਸਨ. ਉਹ ਕਾਫ਼ੀ ਘੁਮ-ਫਿਰ ਚੁਕੇ ਸੀ ਅਤੇ ਕਈ ਵਾਰ ਮੋਰੱਕੋ ਦਾ ਦੌਰਾ ਕਰਦੇ ਸੀ. 1930 ਤੇ ਉਨ੍ਹਾਂ ਨੇ ਕਪੂਰਥਲਾ ਦੇ ਮਰਕਜ਼ ਤੇ ਇੱਕ ਸ਼ਾਨਦਾਰ ਮਸੀਤ ਬਣਾਈ. ਉਨ੍ਹਾਂ ਦੀ ਪਰਜਾ ਦੇ ਜ਼ਿਆਦਾਤਰ ਲੋਕ ਮੁਸਲਿਮ ਸਨ ਅਤੇ ਉਹ ਮਸੀਤ ਉਨ੍ਹਾਂ ਦੀ ਤਰਫ਼ੋਂ ਆਪਣੇ ਲੋਕਾ ਨੂੰ ਦਿੱਤਾ ਇੱਕ ਤੋਹਫ਼ਾ ਸੀ. ਮੁਸਲਿਮਾਂ ਨੇ ਉਨ੍ਹਾਂ ਦੀ ਸੇਵਾ ਬਤੌਰ ਵਜ਼ੀਰੇ-ਆਲ੍ਹਾ ਕੀਤੀ ਅਤੇ ਉਹ ਚੰਗੀ ਤਦਾਦ ਵਿੱਚ ਰਿਆਸਤ ਦੀ ਸੇਵਾਵਾਂ ਵਿੱਚ ਮੁਲਾਜ਼ਮ ਸਨ. ਸ਼ੁਲਤਾਨਪੁਰ ਲੋਧੀ ਤੇ, ਦੋ ਮਸ਼ਹੂਰ ਇਤਿਹਾਸਕ ਗੁਰਦੁਆਰੇ ਸਨ, ਗੁਰਦੁਆਰਾ ਬੇਰ ਸਾਹਿਬ

ਅਤੇ ਗੁਰਦੁਆਰਾ ਹੱਟ ਸਾਹਿਬ. ਉਹ ਮੈਨੂੰ ਹੁਣ ਵੀ ਸੁਪਨੇ ਤੇ ਦਿਖਦੇ ਨੇ, ਕਿਉਂਕਿ ਮੈਂ ਇਨ੍ਹਾਂ ਦੇ ਕਰੀਬ ਖੇਡਾ ਕਰਦਾ ਸੀ. ਮੁਖ਼ਤਲਿਫ਼ ਕੌਮਾਂ ਦੇ ਬੱਚੇ ਇੱਕ ਸਾਥ ਖੇਡਦੇ ਸੀ ਅਤੇ ਮਾਹੌਲ ਬਿਲਕੁਲ ਦੋਸਤਾਨਾ ਅਤੇ ਮਹਿਫ਼ੂਜ਼ ਸੀ. ਇੱਕ ਦੂਜੇ ਦੇ ਮਜ਼ਹਬ ਦੀ ਇੱਜ਼ਤ ਕਰਣਾ ਇੱਕ ਮਿਆਰੀ ਅਭਿਆਸ ਸੀ.

'ਸੁਲਤਾਨਪੁਰ ਲੋਧੀ ਅਤੇ ਕਪੂਰਥਲਾ ਤੇ ਮਜਲਿਸ-ਇ-ਅਹਰਾਰ ਦੇ ਬਹੁਤ ਜ਼ਿਆਦਾ ਸਮਰਥਕ ਸਨ. ਮੇਰਾ ਪਰਵਾਰ ਵੀ ਦੇਵਬੰਦੀ ਸੋਚ ਦੇ ਨਾਲ ਜੁੜੀਆ ਹੋਇਆ ਸੀ. ਜਮਾਅਿਤ-ਉਲ-ਉਲੇਮਾ-ਇ-ਹਿੰਦ ਦੇ ਮੁੱਖ ਵਿਚਾਰਕ ਮੌਲਾਨਾ ਹੁਸੈਨ ਅਹਿਮਦ ਮਦਨੀ ਦੇ ਵਿਚਾਰਾਂ ਉਪਰ ਮੇਰੀ ਸ਼ਰਧਾ ਹੀ, ਮੇਰੀ ਪਦਵੀ ਅਲ-ਹੁਸੈਨੀ ਦੀ ਬੁਨਿਆਦ ਹੈ. ਅਸੀਂ ਮਜ਼ਹੂਬ ਦੇ ਚਲਦਿਆਂ ਇੰਡੀਆ ਦੀ ਤਕਸੀਮ ਦੇ ਖ਼ਿਲਾਫ਼ ਸੀ, ਪਰ ਤਣਾਅ ਪੈਦਾ ਹੋਣ ਲਗਾ ਜਦ ਮਾਰਚ 1947 ਤੇ, ਸਿੱਖ ਪਨਾਹਗੀਰ, ਰਾਵਲਪਿੰਡੀ ਤੋਂ ਸਾਡੀ ਰਿਆਸਤ ਵਿੱਚ ਆਏ. ਉਹ ਚਾਰੇ ਪਾਸੇ ਜਾ ਕੇ, ਉਨ੍ਹਾਂ ਦੇ ਉਪਰ ਮੁਸਲਿਮਾਂ ਦੁਆਰਾ ਕੀਤੇ ਗਏ ਜ਼ੁਲਮਾਂ ਦੀ ਭਿਆਨਕ ਦਾਸਤਾਨਾਂ ਦੱਸਦੇ ਰਹੇ.

'1947 ਤੇ ਮਹਾਰਾਜਾ ਯੂਰੋਪ ਗਏ ਹੋਏ ਸੀ ਜਦ ਤਕਸੀਮ ਹੋ ਗਈ. ਉਨ੍ਹਾਂ ਦਾ ਬੇਟਾ ਟਿੱਕਾ ਸਾਹਿਬ (ਰਾਜਕੁਮਾਰ) ਇੱਕ ਅਲਗ ਕਿਸਮ ਦਾ ਇਨਸਾਨ ਸੀ. ਉਹ ਅਕਾਲੀਆਂ ਦੁਆਰਾ ਮੁਤਾਸਰ ਸੀ ਅਤੇ ਉਸ ਨੇ ਮੁਸਲਿਮਾਂ ਉਪਰ ਖੁੱਲ੍ਹ ਕੇ ਹਮਲਾ ਕਰਣ ਦੀ ਹਰੀ ਝੰਡੀ ਦਿਖਾ ਦਿੱਤੀ. ਇਹ ਸਭ, ਤਕਸੀਮ ਦੇ ਤੁਰੰਤ ਬਾਅਦ, ਸੁਲਤਾਨਪੁਰ ਲੋਧੀ ਤੇ ਹੋਇਆ. ਸ਼ੁਰੂਆਤੀ ਹਮਲੇ ਤੇ ਕਈ ਸੇ ਮੁਸਲਿਮ ਹਲਾਕ ਹੋ ਗਏ ਪਰ ਕੁੱਝ ਹਮਲਾਵਰ ਵੀ ਮਾਰੇ ਗਏ. ਮੁਸਲਿਮ ਬਜ਼ੁਰਗਾਂ ਨੇ ਸੁਲਤਾਨਪੁਰ ਲੋਧੀ ਛੱਡਣ ਦਾ ਫ਼ੈਸਲਾ ਕੀਤਾ ਅਤੇ ਅਸੀਂ ਜਲੰਧਰ ਦੀ ਤਰਫ਼ ਤੁਰ ਕੇ ਜਾਣ ਲਗੇ. ਕਾਫ਼ਿਲੇ ਤੇ ਹਜ਼ਾਰਾਂ ਦੀ ਤਦਾਦ ਤੇ ਲੋਕ ਸਨ. ਸਾਡੇ ਉਪਰ ਕਈ ਵਾਰ ਹਮਲਾ ਕੀਤਾ ਗਿਆ. ਮੈਂ ਵੇਖਿਆ ਕਿ ਟਿੱਕਾ ਸਾਹਿਬ ਖੁਦ ਮੁਸਲਿਮਾਂ ਉਪਰ ਗੋਲੀ ਮਾਰਣ ਦਾ ਹੁਕਮ ਦੇ ਰਹੇ ਸੀ. ਸਾਡੇ ਸ਼ਹਿਰ ਦੇ ਇੱਕ ਸਿੱਖ ਨੇ ਮੈਨੂੰ ਪਛਾਣ ਲੀਤਾ ਅਤੇ ਮੈਨੂੰ ਬਚਾ ਲੀਤਾ ਜਦ ਕਿ ਹਜ਼ਾਰਾਂ ਦੀ ਤਦਾਦ ਤੇ ਲੋਕ ਮੈਦਾਨੀ ਇਲਾਕਿਆਂ ਤੇ ਮਾਰੇ ਜਾ ਰਹੇ ਸੀ.

'ਸਾਡੇ ਤੋਂ ਜੋ ਭੱਜਣ ਤੇ ਕਾਮਯਾਬ ਹੋ ਗਏ, ਅਖੀਰਕਾਰ ਜਲੰਧਰ ਦੇ ਬਾਹਰ ਦੇ ਕੈਂਪ ਤੇ ਆ ਗਏ. ਮੈਂ ਹਜ਼ਾਰਾਂ ਦੀ ਤਦਾਦ ਤੇ ਖੇਤਾਂ ਤੇ ਅਤੇ ਸੜਕ ਦੇ ਕਿਨਾਰੇ, ਲਾਸ਼ਾਂ ਬਿਖਰੀ ਵੇਖਿਆਂ. ਇਸ ਨੂੰ ਰੋਕਿਆ ਜਾ ਸਕਦਾ ਸੀ. ਕਪੂਰਥਲਾ ਤੇ ਖ਼ੁਨ-ਖਰਾਬਾ ਨਹੀਂ ਹੁੰਦਾ ਅਗਰ, ਉਸ ਵਕਤ ਮਹਾਰਾਜਾ ਖੁਦ ਇੰਡੀਆ ਦੇ ਹੁੰਦੇ.

ਸ਼ੇਖ ਨੁਰ ਮੁਹੱਮਦ

'ਮੇਰਾ ਜਨਮ ਕਪੂਰਥਲਾ ਤੇ ਹੋਇਆ ਸੀ, ਪਰ 1935-1945 ਤਕ ਅਸੀਂ ਲਾਹੌਰ ਤੇ ਰਹੇ. ਮੈਨੂੰ 23 ਮਾਰਚ 1940 ਦੀ ਮੁਸਲਿਮ ਲੀਗ ਦੀ ਬੈਠਕ ਯਾਦ ਹੈ. ਇਹ ਇੱਕ ਤਿਉਹਾਰ ਵਰਗਾ ਮਾਹੌਲ ਸੀ ਪਰ ਉਸ ਵਕਤ ਲੋਕਾਂ ਨੂੰ ਕੋਈ ਅੰਦਾਜ਼ਾ ਨਹੀਂ ਸੀ ਪਾਕਿਸਤਾਨ ਬਣਣ ਨਾਲ ਲੱਖ-ਲੱਖ ਆਮ ਲੋਕਾਂ ਦਾ ਕੀ ਹਾਲ ਹੋਵੇਗਾ. 1945 ਤੇ ਅਸੀਂ ਕਪੂਰਥਲਾ ਵਾਪਸ ਚਲੇ ਗਏ. ਉਥੇ ਮੁਸਲਿਮਾਂ ਦੀ ਮਜਾਰਿਟੀ ਸੀ. ਮਹਾਰਾਜਾ ਨੇ ਰੇਲਵੇ ਸਟੇਸ਼ਨ ਦੇ ਕਰੀਬ ਮਸੀਤ ਬਣਾ ਦਿੱਤੀ. ਮਹਾਰਾਜਾ ਬੇਹਦ ਨੇਕ ਇਨਸਾਨ ਸਨ (ਉਹ ਰੋਣ ਲਗਦੇ ਨੇ). ਮੁਖ਼ਤਲਿਫ਼ ਮਜ਼ਹੂਬ ਦੇ ਲੋਕਾਂ ਦੇ ਵਿੱਚ ਕੋਈ ਨਫ਼ਰਤ ਨਹੀਂ ਸੀ. ਤਕਸੀਮ ਦੇ ਐਲਾਨ ਤੋਂ ਬਾਅਦ ਹੀ ਸਾਨੂਮ ਪਤਾ ਲਗਾ ਕਿ ਅਸੀਂ ਪਾਕਿਸਤਾਨ ਵਿੱਚ ਨਹੀਂ ਸੀ. ਅਚਾਨਕ ਪਿੰਡਾਂ ਤੇ, ਮੁਸਲਿਮਾਂ ਉਪਰ ਹਮਲੇ ਹੋਣ

ਲਗੇ. ਉਸ ਵਕਤ ਮਹਾਰਾਜਾ ਕਪੂਰਥਲਾ ਤੇ ਨਹੀਂ ਸਨ. ਪਾਕਿਸਤਾਨ ਇੱਕ ਗੱਡੀ ਭੇਜੀ ਗਈ. ਇਹ ਅਗਸਤ ਦੇ ਬਾਅਦ ਦੀ ਗੱਲ ਸੀ. ਮੇਰੇ ਵਾਲਿਦ ਇੱਕ ਬਜ਼ੁਰਗ ਇਨਸਾਨ ਸੀ. ਮੇਰੀ ਤਿੰਨ ਭੈਣਾ ਦਾ ਲਾਹੌਰ ਤੇ ਵਿਆਹ ਹੋਇਆ ਸੀ. ਉਨ੍ਹਾਂ ਨੇ ਅਤੇ ਉਨ੍ਹਾਂ ਦੇ ਘਰ ਵਾਲੇਆਂ ਨੇ ਦਰਅਸਲ ਲਾਹੌਰ, ਤਸ਼ੱਦਦ ਦੀ ਵਜ੍ਹਾ ਕਰ ਕੇ ਇਸ ਉਮੀਦ ਨਾਲ ਛੱਡ ਦਿੱਤਾ ਸੀ ਕਿ ਕਪੂਰਥਲਾ ਤੇ ਉਨ੍ਹਾਂ ਨੂੰ ਅਮਨ ਮਿਲੇਗਾ ਅਤੇ ਉਹ ਮਹਿਫ਼ੂਜ਼ ਰਹਿਣਗੇ. ਉਹ ਹੁਣ ਨਵੀਂ ਤ੍ਰਾਸਦੀ ਵਿੱਚ ਫਸ ਗਏ ਸੀ. ਮੈਂ ਆਪਣੇ ਘਰ ਦੀ ਚਾਬੀਆਂ ਸਾਡੇ ਹਿੰਦੂ ਗੁਆਂਢੀ ਨੂੰ ਦੇ ਦਿੱਤੀ ਅਤੇ ਉਸ ਨੂੰ ਕਿਹਾ ਕਿ ਉਹ ਸਾਡੇ ਘਰ ਉਪਰ ਤਦ ਤਕ ਨਜ਼ਰ ਰੱਖਣ, ਜਦ ਤਕ ਅਸੀਂ ਵਾਪਸ ਨਹੀਂ ਆ ਜਾਂਦੇ ਸੀ.

'ਮੇਰੇ ਭਣਵਇਏ ਨੇ ਇੱਕ ਸਿੱਖ ਨੂੰ, ਜੋ ਕਪੂਰਥਲਾ ਰਿਆਸਤ ਦਾ ਜਨਰਲ ਜੈ ਸਿੰਘ ਸੀ, ਦੂਜੇ ਸਿੱਖ ਨੂੰ ਕਹਿੰਦੇ ਸੁਣਿਆ ਕਿ ਉਸ ਗੱਡੀ ਤੁਪਰ ਹਮਲਾ ਕਰਣ ਦਾ ਉਨ੍ਹਾਂ ਦਾ ਮਨਸੂਬਾ ਸੀ, ਜਦ ਇੱਕ ਵਾਰ ਇਹ ਕਪੂਰਥਲਾ ਛੱਡ ਦੇਂਦੀ ਸੀ. ਮੇਰੇ ਵਾਲਿਦ ਨੇ ਇਹ ਗੱਲ ਸੁਣੀ, ਉਨ੍ਹਾਂ ਨੇ ਸਾਨੂੰ ਉਹ ਗੱਡੀ ਫੜਣ ਤੋਂ ਮਨ੍ਹਾਂ ਕੀਤਾ, ਅਤੇ ਅਸੀਂ ਆਪਣੇ ਘਰ ਵਾਪਸ ਆ ਗਏ. ਅਸੀਂ ਨਾਕੇਬੰਦ ਮਹੱਲੇ ਤੇ ਰਹਿੰਦੇ ਸੀ (ਜਿਸ ਜਗ੍ਹ ਹੁਕ੍ਹਾ ਬਣਾਉਣ ਵਾਲੇ ਰਹਿੰਦੇ ਸੀ). ਤਾਂਗੇਵਾਲੇ ਨੇ ਸਾਡੇ ਤੋਂ ਆਮ ਕਿਰਾਇਏ ਤੋਂ ਜ਼ਿਆਦਾ ਲੀਤਾ. ਉਸ ਰਾਤ ਨੈ ਵਜੇ, ਸਾਰੇ ਸ਼ਹਿਰ ਨੂੰ ਪਤਾ ਲਗਾ ਕਿ ਗੱਡੀ ਉਪਰ ਹਮਲਾ ਹੋਇਆ ਸੀ ਅਤੇ ਕਿਸ ਤਰ੍ਹਾਂ ਮੁਸਲਿਮਾਂ ਦਾ ਕਤਲੇਆਮ ਕੀਤਾ ਗਿਆ ਸੀ.

'ਅਸੀਂ ਆਪਣੇ ਘਰ ਵਿੱਚ ਹੀ ਬੰਦ ਰਹੇ. ਰੋਜ਼ਾਨਾ ਅਸੀਂ ਸੁਣਦੇ ਕਿਸ ਤਰ੍ਹਾਂ ਮੁਸਲਿਮ ਕਾਫ਼ਿਲੇ ਉਪਰ ਹਮਲੇ ਕੀਤੇ ਜਾ ਰਹੇ ਸੀ. ਅਖੀਰਕਾਰ, ਸਾਨੂ ਪਤਾ ਲਗਾ ਕਿ ਟਰੱਕ ਮੁਸਲਿਮਾਂ ਨੂੰ ਲੈ ਕੇ ਜਲੰਧਰ ਜਾਣਗੇ ਜਿਥੇ ਇੱਕ ਕੈਂਪ ਸਥਾਪਤ ਕੀਤਾ ਗਿਆ ਸੀ. ਕਪੂਰਥਲਾ ਸ਼ਹਿਰ ਤੇ ਕੋਈ ਹਮਲਾ ਨਹੀਂ ਹੋਇਆ. ਅਸੀਂ ਨੈ ਟਰੱਕਾਂ ਤੇ ਸਵਾਰ ਹੋ ਗਏ. ਜਲੰਧਰ ਤੋਂ ਅੱਧ ਮੀਲ ਪਹਿਲਾਂ ਇੱਕ ਇਸਲਾਮਿਕ ਹਾਈ ਸਕੂਲ ਸੀ. ਉਥੇ ਪਾਕਿਸਤਾਨ ਤੋਂ ਆਏ ਹਿੰਦੂ ਅਤੇ ਸਿੱਖਾਂ ਨੂੰ ਇੱਕ ਕੈਂਪ ਤੇ ਰੱਖਿਆ ਗਿਆ ਸੀ. ਸਾਡੇ ਸਿੱਖ ਡ੍ਰਾਇਵਰ ਨੇ ਟਰੱਕ ਰੋਕ ਦਿੱਤਾ. ਨਾਲੋਨਾਲ ਸਾਨੂ ਕਿਰਪਾਨ ਲਹਰਾਉਂਦੇ ਅਤੇ ਬਰਛੇ ਸਮੇਤ, ਸਿਖਾਂ ਅਤੇ ਹਿੰਦੂਆਂ ਨੇ ਘੇਰ ਲੀਤਾ. ਸਾਡੇ ਤੋਂ ਕਈ, ਟਰੱਕ ਤੋਂ ਛਾਲ ਮਾਰ ਦਿੱਤੀ, ਪਰ ਕੁੱਝ ਨੂੰ ਵੱਢ ਦਿੱਤਾ ਗਿਆ. ਮੇਰੇ ਵਾਲਿਦ ਅਤੇ ਚਾਚਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ. ਅਚਾਨਕ ਇੱਕ ਦੂਜਾ ਟਰੱਕ ਆ ਗਿਆ ਜਿਸ ਵਿੱਚ ਸਿੱਖ ਸਿਪਾਹੀ ਸਨ. ਅਫ਼ਸਰ ਇੱਕ ਨੇਕ ਇਨਸਾਨ ਸੀ. ਉਸ ਨੇ ਹਮਲਾਵਰਾਂ ਉਪਰ ਗੋਲੀਆਂ ਚਲਾਈਆਂ ਅਤੇ ਉਹ ਨੱਸ ਗਏ ਹੋਰ ਅਸੀਂ ਬਚ ਗਏ.

'ਅਸੀਂ ਮੁੱਖ ਸੜਕ ਤੇ ਖੇਤਾਂ ਤੋਂ ਹੋ ਕੇ ਗਏ. ਉਥੇ ਅਸੀਂ ਕੁੱਝ ਟੈਂਕ ਵੇਖੇ. ਸਿਪਾਹੀਆਂ ਨੇ ਸਾਨੂੰ ਟੈਂਕਾਂ ਉਪਰ ਚੜ੍ਹਣ ਦਿੱਤਾ. ਦੋ-ਤਿੰਨ ਮੀਲਾਂ ਬਾਅਦ, ਅਸੀਂ ਆਪਣੇ ਕਾਫ਼ਿਲੇ ਦੇ ਦੂਜੇ ਲੋਕਾਂ ਨਾਲ ਮਿਲੇ. ਇੱਕ ਮੁਸਲਿਮ ਮੁੰਡੇ ਨੇ ਸਾਡੀ ਹਸਪਤਾਲ ਤੇ ਰਹਿਣ ਵਿੱਚ ਮਦਦ ਕੀਤੀ. ਉਹ ਸਾਡੇ ਲਈ ਕੁੱਝ ਰੋਟਿਆਂ ਲੈ ਆਇਆ. ਜ਼ਖ਼ਮੀ ਲੋਕਾਂ ਦੀ ਸੇਵਾ ਕੀਤੀ ਗਈ. ਇਸ ਦੇ ਬਆਦ, ਅਸੀਂ ਕੁੱਝ ਪਠਾਨ ਸਿਪਾਹੀਆਂ ਨਾਲ ਮਿਲੇ, ਜੋ ਸਾਨੂ ਛਾਉਣੀ ਲੈ ਗਏ. ਅਸੀਂ ਉਥੇ 12 ਦਿਨ ਰਹੇ. ਅਸੀਂ ਆਪਣੇ ਨਾਲ ਕੁੱਝ ਖਾਣਾ ਵੀ ਲੈ ਗਏ ਸੀ.

'ਫਿਰ ਇੱਕ ਦਿਨ ਇੱਕ ਹਿੰਦੂ ਕਪੂਰਥਲਾ ਤੋਂ ਸਾਡੇ ਕੈਂਪ ਤੇ ਆਇਆ ਅਤੇ ਮੈਨੂ ਦੱਸਿਆ ਕਿ ਮੇਰੇ ਵਾਲਿਦ ਅਤੇ ਚਾਚਾ ਠੀਕ, ਪਰ ਬਹੁਤ ਭੁਖੇ ਸਨ. ਮੈਂ ਉਸ ਨੂੰ ਖਾਣਾ ਦੇ ਦਿੱਤਾ. ਫਿਰ ਅਸੀਂ ਲਾਹੌਰ ਦੇ ਬਾਹਰ,

ਮਿਆਂ ਮੀਰ ਸਟੇਸ਼ਨ ਆ ਗਏ. ਉਥੇ ਕੁੱਝ ਸਿਪਾਹੀ ਸਨ. ਮੈਂ ਆਪਣੇ ਵਾਲਿਦ ਨਾਲ ਮਿਆਂ ਮੀਰ ਸਟੇਸ਼ਨ ਤੇ ਮਿਲਿਆ. ਸਾਨੂੰ ਲਗ ਰਿਹਾ ਸੀ ਕਿ ਸਿਪਾਹੀ ਮੁਸਲਿਮ ਸਨ, ਮਗਰ ਹਕੀਕਤ ਇਹ ਸੀ ਕਿ ਉਹ ਗੋਰਖਾ ਸਨ. ਅਸੀਂ ਮਿਆਂ ਮੀਰ ਸਟੇਸ਼ਨ ਉਤਰੇ ਅਤੇ ਮੋਹਨੀ ਰੋਡ ਆ ਗਏ, ਜਿਥੇ ਮੇਰਾ ਪਰਵਾਰ, ਤਦ ਤੋਂ ਵਸਿਆ ਹੈ.'

ਮਿਮੇਜ ਬੀ.ਏ.ਚੌਧਰੀ

ਜੁਲਾਈ 2007 ਨੂੰ, ਡਾ.ਮੁਹੱਮਦ ਫ਼ਾਰੂਕ ਨੇ ਨਿਯੂਜ ਇੰਟਰਨੈਸ਼ਨਲ ਤੇ ਮੇਰੇ ਕਪੂਰਥਲਾ ਦੇ ਦੌਰੇ ਬਾਰੇ 14 ਜੁਲਾਈ 2007 ਨੂੰ ਛੱਪੇ ਇੱਕ ਲੇਖ ਨੂੰ ਪੜ੍ਹਣ ਦੇ ਬਾਅਦ, ਮੇਰੇ ਨਾਲ ਸੰਪਰਕ ਕੀਤਾ. ਇਸ ਦੇ ਬਾਅਦ, ਉਨ੍ਹਾਂ ਨੇ ਆਪਣੀ ਵਾਲਿਦਾ ਮਿਮੇਜ ਬੀ.ਏ.ਚੌਧਰੀ ਦੀ ਕਰੜੀ ਅਜ਼ਮਾਇਸ਼ ਬਾਰੇ ਇੱਕ ਤਫ਼ਸੀਲੀ ਦਾਸਤਾਨ ਭੇਜੀ, ਜਦ ਉਨ੍ਹਾਂ ਨੂੰ ਆਪਣੇ ਪਰਵਾਰ ਨਾਲ ਕਪੂਰਥਲਾ ਛੱਡ ਕੇ ਨੱਸਣਾ ਪਇਆ. ਡਾ.ਮੁਹੱਮਦ ਫ਼ਾਰੂਕ ਨੇ 14 ਅਗਸਤ 2007 ਦੀ ਇੱਕ ਈ-ਮੇਲ ਦੁਆਰਾ ਲਿਖ ਭੇਜਿਆ:

'ਮੇਰਾ ਵਿਆਹ ਤੋਂ ਪਹਿਲਾਂ ਦਾ ਨਾਂਅ ਮੰਜ਼ੂਰ ਅਖ਼ਤਰ ਹੈ. ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਵੀਹਵੀਂ ਸਦੀ ਦੇ 1925 ਦੇ ਬਾਅਦ ਦੇ ਵਕਤ ਤੇ, ਤਕਸੀਮ ਤੋਂ ਪਹਿਲਾਂ ਦੇ ਪੂਰਬੀ ਪੰਜਾਬ ਤੇ ਕਪੁਰਥਲਾ, ਇੱਕ ਖ਼ੁਸ਼ਹਾਲ ਅਤੇ ਹਰੀ ਭਰੀ ਸ਼ਾਹੀ ਰਿਆਸਤ ਸੀ. ਮਾਣਯੋਗ ਮਹਾਰਾਜਾ ਜਗਤਜੀਤ ਸਿੰਘ ਬਹਾਦੁਰ ਇਸ ਦੇ ਸਿੱਖ ਹੁਕਮਰਾਨ ਸਨ. ਉਨ੍ਹਾਂ ਦੀ ਪਰਜਾ ਦੇ ਲੋਕ ਉਸ ਦੀ ਬਹੁਤ ਸ਼ਰਧਾ ਕਰਦੇ ਸੀ ਕਿਉਂਕਿ ਉਹ ਇੱਕ ਵਾਜਬ ਅਤੇ ਰਹਿਮਦਿਲ ਹੁਕਮਰਾਨ ਸਨ. ਉਨ੍ਹਾਂ ਦੀ ਇੱਕ ਹੋਰ ਖ਼ਾਸਿਅਤ ਇਹ ਸੀ ਕਿ ਉਹ ਇੱਕ ਖੁੱਲ੍ਹਾ, ਸੈਕਯੁਲਰ ਅਤੇ ਸਹਿਣਸ਼ੀਲ ਦਿਮਾਗ ਰੱਖਦੇ ਸੀ. ਉਨ੍ਹਾਂ ਨੇ ਆਪਣੇ ਅਨੇਕਤਾ ਵਾਲੇ ਰਾਜ ਵਿੱਚ, ਕਦੀ ਕਿਸੇ ਖਾਸ ਨਸਲ ਜਾਂ ਮਜ਼ਹਬ ਦੇ ਲੋਕਾਂ ਦੀ, ਕੋਈ ਤਰਫ਼ਦਾਰੀ ਨਹੀਂ ਕੀਤੀ. ਇਸ ਵਜ੍ਹਾ ਨਾਲ, ਨਾ ਸਿਰਫ਼ ਸਿੱਖ ਬਲਕਿ ਦੂਜੇ ਮਜ਼ਹਬ ਦੇ ਲੋਕ ਵੀ, ਰਿਆਸਤ ਦੇ ਇੰਤਜ਼ਾਮਿਆ ਦੇ ਢਾਂਚੇ ਤੇ, ਅਹਿਮ ਅਹੁਦੇ ਤੇ ਸੇਵਾਰਤ ਸਨ. ਮੇਰੇ ਵਾਲਿਦ ਮੁਸਲਿਮ ਸਨ. ਉਹ ਰਿਆਸਤ ਦੇ ਬਾਗ਼ਬਾਨੀ ਵਿਭਾਗ ਤੇ ਇੱਕ ਉੱਚੇ ਅਹੁਦੇ ਤੇ ਸਨ ਅਤੇ ਉਨ੍ਹਾਂ ਦੇ ਥਲੇ, ਮਜਦੂਰਾਂ ਦੀ ਇੱਕ ਵੱਡੀ ਤਦਾਦ ਸੀ.

'ਮੇਰਾ ਜਨਮ ਕਪੂਰਥਲਾ ਤੇ 1927 ਤੇ ਹੋਇਆ ਸੀ. ਮੈਂ ਆਪਣੇ ਬਚਪਨ ਅਤੇ ਅੱਲ੍ਹੜਪਣ ਦੇ ਸ਼ੁਰੂਆਤੀ ਦਿਨ ਉਥੇ ਗੁਜ਼ਾਰੇ. ਮੈਂ ਮਹਾਰਾਨੀ ਹਰਬੰਸ ਕੌਰ ਗਰਲਸ ਹਾਈ ਸਕੂਲ, ਕਪੂਰਥਲਾ ਤੋਂ ਆਪਣੀ ਮੈਟ੍ਰੀਕੁਲੇਸ਼ਨ ਕੀਤੀ ਅਤੇ ਇਸ ਨੂੰ ਜਲਾਉ ਖਾਨਾ ਵੀ ਕਿਹਾ ਜਾਂਦਾ ਸੀ. ਸਕੂਲ਼ ਉਸ ਇਮਾਰਤ ਤੋਂ ਚਲਦਾ ਸੀ ਜੋ ਇੱਕ ਜ਼ਮਾਨੇ ਤੇ ਮਹਾਰਾਨੀ ਦਾ ਮਹਲ ਹੁੰਦਾ ਸੀ. ਇਹ ਇੱਕ ਤਿੰਨ ਮੰਜ਼ਲਾ ਇਮਾਰਤ ਸੀ. ਇਮਾਰਤ ਦੇ ਕੁੱਝ ਹਿੱਸੇਆਂ ਨੂੰ ਦੂਜੇ ਫ਼ਾਇਦੇਮੰਦ ਸਮਾਜਕ ਕੱਮਾ ਲਈ ਇਸਤੇਮਾਲ ਕੀਤਾ ਜਾਂਦਾ ਸੀ. ਮਿਸਾਲ ਦੇ ਤੌਰ ਤੇ, ਇਮਾਰਤ ਦੇ ਇੱਕ ਹਿੱਸੇ ਦਾ ਇਸਤੇਮਾਲ ਬੇਵਾਵਾਂ, ਯਤੀਮ ਕੁੜੀਆਂ ਅਤੇ ਬੇਸਹਾਰਾ ਔਰਤਾਂ ਨੂੰ ਸਿਲਾਈ, ਬੁਣਨਾ ਅਤੇ ਕਈ ਤਰ੍ਹਾਂ ਦੀ ਦਸਤਕਾਰੀ, ਇੱਕ ਸਾਬਕਾ ਅਤੇ ਮਾਹਰ ਸ਼੍ਰੀਮਤੀ ਕੂਲਾਂ ਦੇਵੀ ਦੀ ਅਗਵਾਈ ਤੇ, ਕੀਤਾ ਜਾਂਦਾ ਸੀ. ਇਹ ਔਰਤ ਦੋ ਘੋੜੇ ਵਾਲੀ ਇੱਕ ਗੱਡੀ ਦੇ ਦਫ਼ਤਰ ਆਉਂਦੀ ਸੀ. ਸਕੂਲ ਇੰਨਾ ਵੱਡਾ ਸੀ, ਇਸ ਦਾ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮੈਂ ਦਸ ਸਾਲਾਂ ਦੇ ਦੌਰਾਨ ਵੀ, ਸਾਰੇ ਕਮਰੇ ਨਹੀਂ ਵੇਖ ਸਕੀ. ਇਹ ਪੁਰਾਣੇ ਮਹਿਲ ਦੇ ਨਜਦੀਕ ਸਥਿਤ ਸੀ. ਇਸ ਦੇ ਕਈ ਤਹਖਾਨੇ ਅਤੇ ਸੁਰੰਗਾਂ ਸੀ,

ਜਿਨ੍ਹਾਂ ਤੋਂ ਜ਼ਿਆਦਾ ਦਾ ਇਸਤੇਮਾਲ ਨਹੀਂ ਹੁੰਦਾ ਸੀ ਅਤੇ ਉਥੇ ਪੂਰਾ ਹਨੇਰਾ ਸੀ. ਮੈਨੂੰ ਹੁਣ ਵੀ ਮੇਰੇ ਨਾਲ ਪੜ੍ਹਣ ਵਾਲੀ ਕੁੜੀਆਂ, ਜੈਦਾਂ ਕਿ ਬੀਰੋ ਅਤੇ ਜੀਤੋ, ਯਾਦ ਨੇ.

'ਮੁੰਡੇਆ ਦੀ ਤਾਲੀਮ ਲਈ, ਇੱਕ ਅਲਗ ਅਤੇ ਮਸ਼ਹੂਰ ਸਕੂਲ ਸੀ, ਜਿਸ ਦਾ ਨਾਂਅ ਸੀ ਰਣਧੀਰ ਗਵਰਨਮੇਂਟ ਸਕੂਲ/ਕਾਲਜ, ਕਪੂਰਥਲਾ. ਦੂਰ-ਦਰਾਜ ਤੋਂ ਵਿਦਿਆਰਥੀ ਇਸ ਸੰਸਥਾ ਤੇ ਪੜ੍ਹਣ ਆਉਂਦੇ ਸੀ. ਮੈਂ ਪਹਿਲਾਂ ਹੀ ਕਿਹਾ ਹੈ ਕਿ ਕਪੂਰਥਲਾ ਇੱਕ ਅਨੇਕਤਾ ਵਾਲਾ ਸਮਾਜ ਸੀ, ਜਿਸ ਵਿੱਚ ਸਿੱਖ, ਮੁਸਲਿਮ, ਹਿੰਦੂ ਅਤੇ ਇਸਾਈ ਇੱਕ ਸਾਥ, ਬੇਹਦ ਦੋਸਤਾਨਾ ਮਾਹੌਲ ਵਿੱਚ ਰਹਿੰਦੇ ਸੀ; ਬਿਲਕੁਲ ਇੱਕ ਪਰਵਾਰ ਦੇ ਸਦੱਸ ਦੀ ਤਰ੍ਹਾਂ.

'ਸਾਡਾ ਪਰਵਾਰ ਇੱਕ ਆਰਾਮਦੇਹ ਜ਼ਿੰਦਗੀ ਬਸਰ ਕਰਦਾ ਸੀ, ਅਤੇ ਸਾਡੇ ਕਈ ਨੌਕਰ-ਚਾਕਰ ਸਨ. ਸ਼ਹਿਰ ਦੇ ਮਰਕਜ਼ ਤੇ ਇੱਕ ਸ਼ਾਨਦਾਰ ਮਸੀਤ ਸੀ. ਇਹ ਇੱਕ ਅਨੋਖੀ ਬਨਾਵਟ ਦਾ ਨਮੂਨਾ ਸੀ. ਇਸ ਦੇ ਨਾਲ ਰਹਿਣ ਲਈ 30-40 ਕਵਾਰਟਰ ਬਣੇ ਸੀ ਜਿਸ ਦਾ ਇਸਤੇਮਾਲ, ਖਾਸ ਤੌਰ ਤੇ, ਬਤੌਰ ਹਾਸਟਲ ਉਣ ਵਿਦਿਆਰਥੀਆਂ ਲਈ ਕੀਤਾ ਜਾਂਦਾ ਸੀ, ਜੋ ਇਸਲਾਮੀ ਤਾਲੀਮ ਲਈ, ਬਹੁਤ ਦੂਰ ਤੋਂ ਕਪੂਰਥਲਾ, ਆਉਂਦੇ ਸੀ. ਮੈਂ ਆਪਣੇ ਮਾਤਾ-ਪਿਤਾ ਅਤੇ ਭਰਾ, ਭੈਣ ਨਾਲ ਅਕਸਰ ਉਸ ਮਸੀਤ ਤੇ ਜਾਂਦੀ ਸੀ. ਉਣ ਮੌਕੇਆਂ ਤੇ, ਮੇਰੇ ਵਾਲਿਦ ਮਸੀਤ ਦੇ ਅੰਦਰ ਜਾ ਕੇ ਦੁਆ ਕਰਦੇ, ਜਦ ਕਿ ਅਸੀਂ ਬੱਚੇ, ਆਪਣੀ ਵਾਲਿਦਾ ਨੇ ਨਾਲ, ਮਸੀਤ ਦੇ ਹਰੇ-ਭਰੇ ਘਾਹ ਦੇ ਮੈਦਾਨ ਤੇ ਘੁਮਦੇ.

'ਕਪੂਰਥਲਾ ਦਾ ਰੇਲਵੇ ਸਟੇਸ਼ਨ ਬਹੁਤ ਵੱਡਾ ਨਹੀਂ ਸੀ ਮਗਰ ਇੱਕ ਮਹਿਮਾਨ ਨੂੰ ਬਹੁਤ ਮੁਤਾਸਰ ਕਰਦਾ ਸੀ. ਇਸ ਦੀ ਸਾਫ਼ ਸਫਾਈ ਗੌਰ ਕਰਣ ਵਾਲੀ ਸੀ. ਰੇਲਵੇ ਸਟੇਸ਼ਨ ਤੇ, ਸਾਇਡਿੰਗ ਤੇ ਲਗਾ ਹੋਇਆ, ਇੱਕ ਦੁਧ ਵਰਗਾ ਚਿੱਟਾ, ਮਹਾਰਾਜਾ ਦਾ ਨਿਜੀ ਰੇਲਵੇ ਸੇਲੂਨ, ਵੇਖਿਆ ਜਾ ਸਕਦਾ ਸੀ ਜਿਸ ਦਾ ਇਸਤੇਮਾਲ ਉਹ ਕਰਦੇ ਸੀ, ਜਦ ਉਹ ਰੇਲ ਦੁਆਰਾ ਸਫ਼ਰ ਕਰਦੇ.

'ਮੈਨੂੰ ਹੁਣ ਵੀ ਉਹ ਅਹਿਮ ਦਿਨ ਯਾਦ ਹੈ ਜਦ ਲੋਕ ਰੇਡੀਉ ਦੇ ਨਜਦੀਕ, ਤਕਸੀਮ ਬਾਰੇ ਸਰਕਾਰੀ ਐਲਾਨ ਸੁਣਣ ਲਈ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸੀ. ਸਾਡੀ ਖੁਸ਼ੀ ਦਾ ਕੋਈ ਠਿਕਾਨਾ ਨਹੀਂ ਰਿਹਾ ਜਦ ਸ਼ੁਰੂਆਤੀ ਐਲਾਨ ਤੇ ਇਹ ਦੱਸਿਆ ਗਿਆ ਕਿ ਹੁਸ਼ਿਆਰਪੁਰ, ਗੁਰਦਾਸਪੁਰ, ਜਲੰਧਰ ਅਤੇ ਫ਼ਿਰੋਜ਼ਪੁਰ ਪਾਕਿਸਤਾਨ ਤੇ ਸ਼ਾਮਲ ਕੀਤੇ ਗਏ ਸੀ (ਇਹ ਜ਼ਰੂਰ ਹੀ ਕੋਈ ਗਲਤ ਸਮਝ ਜਾਂ ਨਾਸਮਝ ਸੀ-ਲੇਖਕ). ਇਹ ਸੁਣ ਕੇ ਅਸੀਂ ਇੱਕ ਵੱਡਾ ਸਾਹ ਲੀਤਾ ਕਿਉਂਕਿ ਇਸ ਦਾ ਮਤਲਬ ਸੀ ਕਿ ਸਾਨੂੰ ਸਾਡੇ ਘਰਾਂ ਤੋਂ ਕੋਈ ਹਟਾ ਨਹੀਂ ਸਕਦਾ ਸੀ. ਮਗਰ, ਜਲਦ ਹੀ ਇਹ ਖ਼ਬਰ ਇੱਕ ਅੱਗ ਦੀ ਤਰ੍ਹਾਂ ਫੈਲ ਗਈ ਕਿ ਪੂਰਬੀ ਪੰਜਾਬ ਦੇ ਸਾਰੇ ਜ਼ਿਲ੍ਹੇ, ਇੰਡੀਆ ਨੂੰ ਦੇ ਦਿੱਤੇ ਗਏ ਸੀ. ਇਹ ਖ਼ਬਰ ਸੁਣ ਕੇ ਅਸੀਂ ਬੇਹਦ ਉਦਾਸ ਅਤੇ ਹਤਾਸ਼ ਹੋ ਗਏ. ਘੰਟੇਆਂ ਦੇ ਅੰਦਰ, ਕਪੂਰਥਲਾ ਤੇ ਤਕਰੀਬਨ ਇੱਕ ਘਰੇਲੂ-ਜੰਗ ਵਰਗੇ ਹਾਲਾਤ ਪੈਦਾ ਹੋ ਗਏ ਅਤੇ ਹਨੇਰਗਰਦੀ ਫੈਲ ਗਈ. ਮੁਖ਼ਤਲਿਫ਼ ਨਸਲੀ ਅਤੇ ਮਜ਼ਹਬੀ ਬਰਾਦਰਿਆਂ, ਜੋ ਪਹਿਲਾਂ ਕਈ ਦਹਾਕਿਆਂ ਤੋਂ ਆਪਸ ਵਿੱਚ ਇੱਕ ਪਿਆਰ ਭਰਾ ਰਿਸ਼ਤਾ ਰੱਖਦਿਆਂ ਸੀ, ਹੁਣ ਉਹ, ਖਾਸ ਕਰ ਕੇ ਮੁਸਲਿਮਾਂ ਦੇ ਖ਼ਿਲਾਫ਼ ਹੋ ਗਈਆਂ. ਭਰੋਸੇਮੰਦ ਦੋਸਤ ਅਚਾਨਕ ਦੁਸ਼ਮਨ ਬਣ ਗਏ.

'ਸਾਡੀ ਬਦਕਿਸਮਤੀ ਸੀ ਕਿ ਇਸ ਨਾਜ਼ੁਕ ਮੋੜ ਤੇ, ਮਹਾਰਾਜਾ ਜਗਤਜੀਤ ਸਿੰਘ ਇੱਕ ਲੰਬੇ ਵਕਤ ਲਈ, ਵਿਦੇਸ਼ ਗਏ ਹੋਏ ਸੀ. ਅਤੇ, ਉਸ ਵਕਤ ਉਹ ਪਰਜਾ ਦੇ ਮੁਸਲਿਮ ਲੋਕਾਂ ਦੀ ਮਦਦ ਕਰਣ, ਉਸ ਅਹਿਮ ਵਕਤ ਤੇ ਮੌਜੂਦ ਨਹੀਂ ਸਨ.

'ਕਾਰਜਕਾਰੀ ਹੁਕਮਰਾਨ, ਟਿੱਕਾ ਸਾਹਿਬ, ਜੋ ਮਹਾਰਾਜਾ ਦੇ ਸਭ ਤੋਂ ਵੱਡੇ ਬੇਟੇ ਸੀ, ਮੁਸਲਿਮਾਂ ਦੀ ਪਰਵਾਹ ਨਹੀਂ ਕਰਦੇ ਸੀ. ਜੈਦਾਂ ਕਿ ਬਾਅਦ ਦੀ ਘਟਨਾਵਾਂ ਤੋਂ ਪਤਾ ਲਗਾ, ਉਨ੍ਹਾਂ ਨੇ ਆਪਣੀ ਪਰਜਾ ਦੇ ਮੁਸਲਿਮਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ, ਸਿੱਖਾਂ ਦੇ ਹਮਲੇਆਂ ਤੋਂ ਬਚਾਉਣ ਦੀ, ਕੋਈ ਇਮਾਨਦਾਰ ਕੋਸ਼ਿਸ਼ ਨਹੀਂ ਕੀਤੀ; ਨਹੀਂ ਤੇ ਜੋ ਕਤਲੇਆਮ ਅਤੇ ਤਬਾਹੀ ਹੋਈ, ਉਸ ਨੂੰ ਇੱਕ ਵੱਡੀ ਹੱਦ ਤਕ ਰੋਕਿਆ ਜਾ ਸਕਦਾ ਸੀ. ਉਨ੍ਹਾਂ ਦੇ ਲਈ ਵਫ਼ਾਦਾਰ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਵਾਰਾਂ ਲਈ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਬੇਹਤਰੀਨ ਸਾਲ ਕਪੂਰਥਲਾ ਰਿਆਸਤ ਦੀ ਖ਼ਿਦਮਤ ਤੇ ਗੁਜ਼ਾਰੇ ਸੀ, ਕਦਰ ਜਾਂ ਤਾਰੀਫ਼ ਦੀ ਕੋਈ ਜਗ੍ਹ ਨਹੀਂ ਸੀ. ਇਸ ਮੋੜ ਤੇ, ਕੁੱਝ ਅਹਿਮ ਮੁਸਲਿਮ ਲੋਕਾਂ ਨੇ ਮਦਦ ਲਈ ਟਿੱਕਾ ਸਾਹਿਬ ਦੇ ਕੋਲ ਜਾਣ ਦਾ ਫ਼ੈਸਲਾ ਕੀਤਾ, ਤਾਂਕਿ ਉਹ ਪ੍ਰਭਾਵਤ ਮੁਸਲਿਮ ਪਰਵਾਰਾਂ ਨੂੰ ਹਿਫ਼ਾਜ਼ਤ ਦੇ ਕੇ ਉਥੋਂ ਜਾਣ ਦੇਣ. ਇਸ ਬੇਨਤੀ ਨੂੰ ਖੁੱਲ੍ਹੇ-ਦਿਲ ਨਾਲ ਮੱਣਿਆ ਨਹੀਂ ਗਿਆ. 28 ਟਰੱਕਾ ਵਾਲੇ ਇੱਕ ਕਾਫ਼ਿਲੇ ਨੂੰ ਫ਼ੌਜ਼ੀ ਹਿਫ਼ਾਜ਼ਤ ਸਮੇਤ, ਮੰਜ਼ੂਰੀ ਦੇ ਦਿੱਤੀ ਗਈ, ਤਾਂਕਿ ਉਹ ਮੁਸਲਿਮ ਪਰਵਾਰਾਂ ਨੂੰ ਉਨ੍ਹਾਂ ਦੀ ਮੰਜ਼ਿਲ ਤਕ ਲੈ ਜਾਵੇ. ਕਾਫ਼ਿਲੇ ਨੂੰ ਪਨਾਹਗੀਰਾਂ ਦੇ ਪਰਵਾਰਾਂ ਨੂੰ ਅਗਲੇ ਦਿਨ ਲੈ ਕੇ ਜਾਣਾ ਸੀ, ਗੜਬੜੀ ਦੀ ਵਜ੍ਹਾ ਕਰ ਕੇ ਜੋ ਸ਼ੁਰੂ ਹੋ ਗਈ ਸੀ ਅਤੇ ਹਿਫ਼ਾਜ਼ਤ ਦੀ ਵਜ੍ਹਾ ਕਰ ਕੇ ਵੀ, ਮੁਸਲਿਮ ਪਰਵਾਰ ਆਪਣੇ ਬੰਦੇਆ ਦੀ ਅਗਵਾਈ ਤੇ, ਮੁਨਾਸਬ ਜਗ੍ਹਾਂ ਤੇ ਇਕੱਠਾ ਹੋ ਗਏ, ਤਾਂਕਿ ਉਹ ਸਿੱਖ ਹਮਲਾਵਰਾਂ ਤੋਂ ਮਹਿਫ਼ੂਜ਼ ਰਹਿਣ. ਅਗਲੇ ਦਿਨ, ਸਾਮ ਨੂੰ ਟਰੱਕਾਂ ਦਾ ਕਾਫ਼ਿਲਾ ਤੇ ਪਹੁੰਚ ਗਿਆ ਪਰ ਉਸ ਦੇ ਨਾਲ ਹਿਫ਼ਾਜ਼ਤੀ ਫ਼ੌਜ਼ੀ ਟਰੱਕ ਮੌਜੂਦ ਨਹੀਂ ਸਨ. ਘਬਰਾਏ ਹੋਏ ਅਤੇ ਦਹਿਸ਼ਤਮੰਦ ਮੁਸਲਿਮ ਪਰਵਾਰਾਂ ਦੀ ਭੀੜ, ਟਰੱਕਾਂ ਦੀ ਤਰਫ਼ ਚੜ੍ਹਣ ਲਈ ਦੌੜੀ. ਸਾਨੂੰ ਕਿਹਾ ਗਿਆ ਕਿ ਪ੍ਰੋਗ੍ਰਾਮ ਦੇ ਮਨਸੂਬੇ ਦੇ ਮੁਤਾਬਕ, ਕਾਫ਼ਿਲਾ ਪਹਿਲਾਂ ਸ਼ਹਿਰ ਦੇ ਮੁੱਖ ਮਾਰਗ ਤੇ ਪਹੁੰਚੇਗਾ, ਜਿਥੇ ਇੱਕ ਰਵਾਨਗੀ ਦੀ ਰਸਮ ਅਦਾ ਕੀਤੀ ਜਾਵੇਗੀ ਜਿਸ ਵਿੱਚ ਟਿੱਕਾ ਸਾਹਿਬ ਜਾਣ ਵਾਲੇ ਮੁਸਲਿਮ ਪਰਵਾਰਾਂ ਨੂੰ, ਰਿਆਸਤ ਨੂੰ ਦਿੱਤੀ ਗਈ ਸੇਵਾਵਾਂ ਲਈ ਸਲਾਮੀ ਦੇਣਗੇ, ਕਿਉਂਕਿ ਮਹਾਰਾਜਾ ਜਗਤਜੀਤ ਸਿੰਘ ਦੀ ਇਹ ਖ਼ਾਹਿਸ਼ ਸੀ. ਕਾਫ਼ਿਲਾ ਸਾਨੂ ਮੁੱਖ ਮਾਰਗ ਤੇ ਲੈ ਗਿਆ ਜਿਥੇ ਸਾਨੂ ਟਿੱਕਾ ਸਾਹਿਬ ਨੇ ਸਲਾਮੀ ਦਿੱਤੀ. ਰੁਖ਼ਸਤ ਦੀ ਰਸਮ ਠੀਕ-ਠਾਕ ਰਹੀ, ਜਿਸ ਦੇ ਬਾਅਦ ਰਾਜਕੁਮਾਰ ਅਤੇ ਦੂਜੇ ਲੋਕ ਚਲੇ ਗਏ.

'ਰਸਮ ਦੀ ਅਦਾਇਗੀ ਦੇ ਬਾਅਦ, ਪ੍ਰੋਗ੍ਰਾਮ ਦੇ ਮੁਤਾਬਕ ਸਾਡੇ ਕਾਫ਼ਿਲੇ ਨੂੰ ਚਲ ਕੇ ਸਾਨੂੰ ਪਾਕਿਸਤਾਨ ਲੈ ਜਾਣਾ ਚਾਹੀਦਾ ਸੀ; ਪਰ ਸਾਨੂ ਕਿਹਾ ਗਿਆ ਕਿ ਰਵਾਨਗੀ ਦੇ ਵਕਤ ਤੇ ਕੁੱਝ ਬਦਲਾਉ ਕੀਤਾ ਜਾ ਰਿਹਾ ਸੀ ਕਿਉਂਕਿ ਫ਼ੌਜ਼ੀ ਗਡੀਆਂ, ਕਾਫ਼ਿਲੇ ਨਾਲ ਜਾਣ ਲਈ ਤਿਆਰ ਨਹੀਂ ਸਨ. ਅਤੇ, ਇਸ ਫ਼ੈਸਲੇ ਦੇ ਚਲਦਿਆਂ ਸਾਨੂੰ ਆਪਣੇ ਘਰਾਂ ਤੇ ਵਾਪਸ ਛੱਡ ਦਿੱਤਾ ਗਿਆ ਅਤੇ ਪਰਵਾਰ ਆਪਣੇ ਘਰਾ ਤੇ ਲੌਟ ਆਏ ਹੋਰ ਉਨ੍ਹਾ ਨੂੰ ਲੈ ਜਾਣ ਲਈ, ਅਗਲੇ ਦਿਨ ਦੇ ਕਾਫ਼ਿਲੇ ਦਾ ਇੰਤਜ਼ਾਰ ਕਰਣ ਲਗੇ. ਜਦ ਅਸੀਂ ਆਪਣੇ ਘਰ ਮੁੜ ਕੇ ਆਏ, ਮੈਂ ਇਹ ਵੇਖ ਕੇ ਬੇਹਦ ਪਰੇਸ਼ਾਨ ਹੋ ਗਈ ਕਿ ਸਾਡੇ ਨਾਲ ਦੇ ਘਰ ਦੇ ਸਿੱਖ ਗੁਆਂਢੀਆਂ ਨੇ, ਜੋ ਸਾਡੇ ਕਰੀਬੀ ਦੋਸਤ ਸਨ, ਸਾਡਾ ਘਰ ਲੁੱਟਣ ਲਈ ਘਰ ਵਿੱਚ ਵੜੇ ਸੀ, ਅਤੇ ਇਸ ਲਈ ਉਨ੍ਹਾਂ ਨੇ ਸੀਮਾ ਦੀ ਦੀਵਾਰ ਤੇ ਸੂਰਾਖ਼ ਕੀਤੇ ਸੀ. ਕਈ ਕੀਮਤੀ ਚੀਜਾ ਲੁੱਟਿਆਂ ਜਾ ਚੁਕੀਆਂ ਸੀ. ਛੱਤ ਦੇ ਪੱਖੇ ਗਾਇਬ ਸਨ. ਇਹ ਅਟਪਟਾ

ਸੀ ਕਿ ਕੁੱਝ ਘੰਟੇ ਪਹਿਲਾਂ ਹੀ ਅਸੀਂ ਜਦ ਕਾਫ਼ਿਲੇ ਦੇ ਨਾਲ ਜਾ ਰਹੇ ਸੀ, ਉਸੇ ਸਿੱਖ ਗੁਆਂਢੀਆਂ ਨੇ, ਜਿਨ੍ਹਾਂ ਨੇ ਸਾਨੂ ਲੁੱਟਿਆ ਸੀ, ਸਾਨੂੰ ਗਰਮਜੋਸ਼ੀ ਨਾਲ ਵਿਦਾ ਕੀਤਾ ਸੀ, ਅਤੇ ਉਨ੍ਹਾਂ ਦੇ ਗੱਲ੍ਹਾਂ ਉਪਰ ਬੇਕਾਬੂ ਜਜ਼ਬਾਤਾਂ ਦੇ ਚਲਦਿਆਂ ਅਥਰੂ ਲੁਢਕ ਰਹੇ ਸੀ, ਅਤੇ ਉਨ੍ਹਾਂ ਨੇ ਕਿਹਾ ਸੀ ਕਿ ਸਾਡੇ ਘਰ ਦੀ ਉਹ ਉਮਦਾ ਹਿਫ਼ਾਜ਼ਤ ਕਰਣਗੇ; ਅਤੇ ਅਗਰ ਅਸੀਂ ਕਈ ਦਹਾਕਿਆਂ ਦੇ ਬਾਅਦ ਵੀ ਆਉਂਦੇ, ਤਾਂ ਵੀ ਅਸੀਂ ਆਪਣਾ ਘਰ ਬਿਲਕੁਲ ਮਹਿਫ਼ੂਜ਼ ਵੇਖਦੇ.

'ਉਨ੍ਹਾਂ ਦੇ ਰਵਇਐ ਦੀ ਅਚਾਨਕ ਤਬਦੀਲੀ ਦੇ ਚਲਦੇ, ਮੈਂ ਆਪਣੇ ਜਜ਼ਬਾਤਾਂ ਉਪਰ ਕਾਬੂ ਨਹੀਂ ਰੱਖ ਸਕੀ ਅਤੇ ਜ਼ੋਰ ਜ਼ੋਰ ਦੀ ਰੋਣ ਲਗੀ. ਮੇਰੀ ਵਾਲਿਦਾ ਨੇ ਮੈਨੂੰ ਇਸ਼ਾਰਾ ਕਰ ਕੇ ਚੁਪ ਕਰਾ ਦਿੱਤਾ ਅਤੇ ਮੈਨੂੰ ਇਸ਼ਾਰਾ ਕਰਦੇ ਹੋਏ ਅਤੇ, ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ, ਗੁਆਂਢੀ ਆਪਣੀ ਵਾਅਦਾ ਖ਼ਿਲਾਫ਼ੀ ਤੋਂ ਪੈਦਾ ਹੋਈ ਸ਼ਰਮਿੰਦਗੀ ਤੋਂ ਬਚਣ ਲਈ, ਸਾਡਾ ਕਤਲ ਕਰ ਸਕਦੇ ਸੀ. ਅਸੀਂ ਸਾਰੀ ਰਾਤ ਜਗੇ ਰਹੇ ਅਤੇ ਇਹ ਰਾਤ ਇੱਕ ਭਿਆਨਕ ਸੁਪਨੇ ਦੀ ਤਰ੍ਹਾਂ ਸੀ. ਅਗਲੇ ਦਿਨ ਹਰ ਕੋਈ ਬੇਸਬਰੀ ਨਾਲ, ਟਰੱਕਾ ਦੇ ਕਾਫ਼ਿਲੇ ਦਾ ਇੰਤਜ਼ਾਰ ਕਰ ਰਿਹਾ ਸੀ. ਇੱਕ ਲੰਬੇ ਖ਼ਤਮ ਨਾ ਹੋ ਰਹੇ ਇੰਤਜ਼ਾਰ ਦੇ ਬਾਅਦ, ਸ਼ਾਮ ਨੂੰ ਕਾਫ਼ਿਲਾ ਆਇਆ. ਘਬਰਾਏ ਅਤੇ ਡਰੇ ਹੋਏ ਮੁਸਲਿਮਾਂ ਨੇ ਇੱਕ ਵਾਰ ਫਿਰ ਟਰੱਕਾਂ ਤਕ ਆਪਣੀ ਰਾਹ ਬਣਾਈ. ਟਰੱਕ ਮੁਸਾਫ਼ਰਾਂ ਨਾਲ ਖਚਾ-ਖਚ ਭਰ ਗਏ. ਹਲੀ ਅਸੀਂ ਚੜ੍ਹ ਹੀ ਰਹੇ ਸੀ ਕਿ ਕੁੱਝ ਸਿੱਖਾ ਨੇ ਮੇਰੇ ਵਾਲਿਦ ਅਤੇ ਦਾਦਾ ਉਪਰ ਹਮਲਾ ਕਰ ਦਿੱਤਾ, ਜਿਨ੍ਹਾਂ ਦੇ ਕੋਲ, ਜੇਵਰ ਅਤੇ ਨਗਦੀ ਇੱਕ ਬ੍ਰੀਫ਼ਕੈਸ ਵਿੱਚ ਮੌਜੂਦ ਸੀ ਅਤੇ ਉਨ੍ਹਾਂ ਨੂੰ ਬੰਦੀ ਬਣਾ ਲੀਤਾ. ਅਤੇ ਉਹ ਸਾਡੇ ਤੋਂ ਅਲਗ ਹੋ ਗਏ ਹੋਰ ਕਾਫ਼ਿਲੇ ਵਿੱਚ ਸਾਡੇ ਨਾਲ ਨਹੀਂ ਜਾ ਸਕੇ. ਕਾਫ਼ਿਲੇ ਦੇ ਸਟਾਫ ਨੇ ਟਰੱਕਾਂ ਉਪਰ ਬਹੁਤ ਵੱਡੀ ਪਲਾਸਟਿਕ ਦੀ ਚੱਦਰਾਂ ਲਗਾ ਦਿੱਤੀਆਂ, ਤਾਂਕਿ ਸਿੱਖ ਹਮਲਾਵਰ ਛੋਟੀ ਕੁੜੀਆਂ, ਔਰਤਾਂ ਅਤੇ ਬੱਚੇਆਂ ਨੂੰ ਨਹੀਂ ਵੇਖ ਸਕਣ. ਅਸੀਂ ਕਾਫ਼ਿਲੇ ਦੇ 7 ਨੰ.ਟਰੱਕ ਵਿੱਚ ਸੀ. ਮੇਰੀ ਮਾਂ ਨੇ ਮੈਨੂੰ ਅਤੇ ਮੇਰੇ ਭਰਾ-ਭੈਣਾ ਨੂੰ ਟਰੱਕ ਵਿੱਚ ਲੁੱਕਾ ਦਿੱਤਾ ਸੀ. ਉਹ ਸਾਨੂ ਬਿਲਕੁਲ ਚੁੱਪ ਰਹਿਣ ਦੀ ਹਦਾਇਤ ਵੀ ਦੇਂਦੀ ਰਹੀ.

'ਕੁੱਝ ਦੂਰ ਜਾਣ ਦੇ ਬਾਅਦ, ਕਾਫ਼ਿਲੇ ਉਪਰ ਇੱਕ ਸਿੱਖ ਭੀੜ ਨੇ ਹਮਲਾ ਕਰ ਦਿੱਤਾ ਅਤੇ ਪਹਿਲੇ ਗਿਆਰਾਂ ਜਾਂ ਬਾਰਾਂ ਟਰੱਕ ਹੀ, ਇਸ ਹਮਲੇ ਤੋਂ ਬਚ ਸਕੇ ਅਤੇ ਇਸ ਦੇ ਬਾਅਦ ਵਾਲੇ ਟਰੱਕਾਂ ਨੂੰ ਲੈ ਕੇ ਕਾਫ਼ਿਲਾ ਅਗੇ ਨਹੀਂ ਜਾ ਸਕਿਆ ਕਿਉਂਕਿ ਉਨ੍ਹਾਂ ਦੇ ਟਾਇਰਾਂ ਉਪਰ ਹਮਲਾਵਰਾਂ ਨੇ ਗੋਲੀਆਂ ਚਲਾ ਦਿੱਤੀਆਂ ਸੀ. ਪਲਾਸਟਿਕ ਦੀ ਚੱਦਰਾਂ ਦੇ ਅੰਦਰ ਤੋਂ ਸਾਨੂ ਉਣ ਵੇਵੱਸ ਔਰਤਾਂ ਅਤੇ ਬੱਚੇਆਂ ਦੀ ਚੀਕਾਂ ਸੁਣਾਈ ਦੇ ਰਹਿਆਂ ਸੀ ਜਿਨ੍ਹਾਂ ਦੇ ਉਪਰ ਹਮਲਾ ਕੀਤਾ ਗਿਆ ਸੀ. ਇਹ ਚੀਕਾਂ ਹੌਲੀ ਹੌਲੀ ਘੱਟ ਸੁਣਾਈ ਦੇਣ ਲਗਿਆਂ, ਜਦ ਸਾਡਾ ਟਰੱਕ ਅਗੇ ਚਲਦਾ ਗਿਆ. ਹੁਣ ਹਨੇਰਾ ਹੋ ਗਿਆ ਸੀ. ਕਾਫ਼ਿਲਾ ਇੱਕ ਐਦਾਂ ਦੀ ਜਗ੍ਹ ਤੇ ਰੁਕ ਗਿਆ ਜੋ ਸਾਨੂ ਇੱਕ ਜੰਗਲ ਲਗਦਾ ਸੀ. ਸਾਨੂੰ ਕਿਹਾ ਗਿਆ ਕਿ ਕਪੂਰਥਲਾ ਸ਼ਾਹੀ ਰਿਆਸਤ ਦੀ ਸੀਮਾ ਖ਼ਤਮ ਹੁੰਦੀ ਸੀ ਅਤੇ ਇਸ ਦੇ ਬਾਅਦ ਸਾਨੂੰ ਆਪਣਾ ਬਾਕੀ ਸਫ਼ਰ ਖ਼ੁਦ ਦੇ ਜ਼ਿਮੇ ਕਰਣਾ ਪਏਗਾ. ਸਾਨੂੰ ਦੱਸਿਆ ਗਿਆ ਕਿ ਦੋ ਮੀਲ ਦੂਰ ਇੱਕ ਰੇਲ-ਹੇਡ ਸੀ. ਹੁਣ ਜ਼ੋਰ ਦੀ ਮੀਂਹ ਪੈਣ ਲਗਾ. ਸਾਨੂੰ ਟਰੱਕਾ ਤੋਂ ਬਾਹਰ ਆਉਣ ਦਾ ਹੁਕਮ ਦਿੱਤਾ ਗਿਆ. ਸਾਨੂੰ ਚਾਰੇ ਪਾਸੇ ਮੀਂਹ ਦੇ ਪਾਣੀ ਦੀ ਬੌਛਾਰ ਦਿਸ ਰਹੀ ਸੀ. ਕਾਫ਼ਿਲੇ ਦੇ ਦੂਜੇ ਮੁਸਾਫ਼ਿਰਾਂ ਦੀ ਤਰ੍ਹਾਂ, ਸਾਨੂੰ ਮੀਂਹ ਦੇ ਪਾਣੀ ਦੇ ਚਿੱਕੜ ਤੋਂ ਹੋ ਕੇ ਤੁਰਨਾ ਪਇਆ. ਮੇਰੀ ਮਾਂ, ਅਸੀਂ ਪੰਜ ਭੈਣਾ ਦੇ ਇਕੱਲੇ ਭਰਾ ਨੂੰ ਲੈ ਕੇ ਚਲ ਰਹੀ ਸੀ, ਜੋ ਉਸ ਵਕਤ ਛੇ ਸਾਲਾਂ ਦਾ ਸੀ. ਮੇਰੇ ਨਾਲ ਮੇਰੀ ਤਿੰਨ ਭੈਣਾ

ਸੀ. ਮੇਰੀ ਵੱਡੀ ਭੈਣ ਬਹੁਤ ਡਰਪੋਕ ਸੀ ਜੋ ਸਾਡੀ ਅਗਵਾਈ ਕਰਣਯੋਗ ਨਹੀਂ ਸੀ. ਇਸ ਕਰ ਕੇ ਇਹ ਜ਼ਿੰਮੇਵਾਰੀ ਮੇਰੀ ਹੋ ਗਈ. ਸਾਡੀ ਸਭ ਤੋਂ ਵੱਡੀ ਭੈਣ ਸਾਡੇ ਨਾਲ ਨਹੀਂ ਸੀ; ਉਸ ਦਾ ਵਿਆਹ ਹੋ ਗਿਆ ਸੀ ਅਤੇ ਉਹ ਆਪਣੇ ਘਰ ਵਾਲੇ ਨਾਲ ਪਾਕਿਸਤਾਨ ਤੇ ਰਹਿੰਦੀ ਸੀ. ਬਰਸਾਤ ਦੇ ਢੁੰਘੇ ਪਾਣੀ ਤੋਂ ਹੋ ਕੇ ਚਲਦਿਆਂ ਹੋਏ, ਸਾਡੀ ਜੁਤੀਆਂ ਗੁਆਚ ਗਈਆਂ, ਜਿਸ ਦੇ ਚਲਦਿਆਂ ਸਾਡੇ ਪੈਰ ਤਿੱਖੇ ਪੱਥਰਾਂ ਨਾਲ ਕੱਟ ਛਿਲ ਗਏ. ਉਸਤਰੇ ਵਰਗੀ ਜੰਗਲੀ ਘਾਹ ਵੀ ਸਾਡੇ ਪੈਰਾਂ ਨੂੰ ਖਰੋਂਚ ਰਹੀ ਸੀ. ਦੂਜੇ ਪਨਾਹਗੀਰਾਂ ਦੀ ਤਰ੍ਹਾਂ, ਸਾਨੂੰ ਵੀ ਆਪਣੇ ਜਿਸਮ ਤੋਂ ਗੱਢਤੁੱਪ ਹਟਾਨੇ ਪੈ ਰਹੇ ਸੀ. ਸਾਡੇ ਤੋਂ ਕੁੱਝ ਨੂੰ ਸੱਪਾਂ ਨੇ ਦੰਦੀ ਵੱਡ ਲੀਤੀ ਸੀ. ਸਾਨੂੰ ਦੱਸ ਦਿਨਾਂ ਤਕ ਲੁੱਕ ਕੇ ਰਹਿਣਾ ਪਿਆ ਸੀ. ਸਾਡੇ ਲਈ ਇਹ ਇੱਕ ਇਮਤਿਹਾਨ ਦੀ ਘੜੀ ਸੀ ਕਿਉਂਕਿ ਨਾ ਤੇ ਸਾਡੇ ਕੋਲ ਖਾਣਾ ਸੀ ਨਾ ਹੀ ਪੀਣ ਲਈ ਸਾਫ਼ ਪਾਣੀ. ਸਾਨੂੰ ਕਨਕ ਦੇ ਕੱਚੇ ਦਾਨੇ ਖਾਣੇ ਪੈ ਰਹੇ ਸੀ, ਜੋ ਕੁੱਝ ਪਰਵਾਰਾਂ ਦੇ ਕੋਲ ਮੌਜੂਦ ਸਨ. ਕੁੱਝ ਬੰਦੇ ਦੂਰ ਦਰਾਜ ਦੇ ਖੂਹਾਂ ਤੋਂ ਪੀਣ ਦਾ ਪਾਣੀ ਲੈ ਕੇ ਆਏ, ਪਰ ਇਹ ਬਹੁਤ ਘੱਟ ਸੀ. ਕੋਈ ਟਾਇਲਟ ਨਹੀਂ ਸਨ ਅਤੇ ਬੰਦੇਆਂ ਨੂੰ ਕਪੜੇ ਫੜ ਕੇ, ਉਨ੍ਹਾਂ ਦੀ ਬੀਵੀਆਂ ਅਤੇ ਬੇਟਿਆਂ ਲਈ ਪਰਦਾ ਕਰਣਾ ਪੈਂਦਾ ਸੀ.

'ਇਸ ਦੌਰਾਨ ਸਾਨੂੰ ਪਤਾ ਲਗ ਗਿਆ ਸੀ ਕਿ ਕੋਈ ਰੇਲ ਹੇਡ ਨਜਦੀਕ ਨਹੀਂ ਸੀ, ਜੈਦਾਂ ਸਾਨੂ ਦੱਸਿਆ ਗਿਆ ਸੀ. ਮਗਰ, ਪਾਕਿਸਤਾਨ ਜਾਣ ਦੀ ਇੱਕ ਸੜਕ ਦੋ ਮੀਲ ਦੂਰ ਸੀ. ਅਸੀਂ ਉਸ ਸੜਕ ਤੇ ਚਲੇ ਗਏ. ਕੁੱਝ ਦੇਰ ਬਾਅਦ, ਟਰੱਕਾਂ ਦਾ ਇੱਕ ਕਾਫ਼ਿਲਾ ਉਥੇ ਰੁਕਿਆ. ਇਹ ਪਾਕਿਸਤਾਨ ਫ਼ੌਜ਼ ਦਾ ਕਾਫ਼ਿਲਾ ਸੀ ਜੋ ਇੰਡੀਆ ਤੋਂ ਪਨਾਹਗੀਰਾਂ ਨੂੰ ਹਿਫ਼ਾਜ਼ਤ ਨਾਲ ਲੈ ਕੇ ਜਾ ਰਿਹਾ ਸੀ. ਹਰ ਕੋਈ ਟਰੱਕ ਉਪਰ ਚੜ੍ਹਣ ਲਈ ਭੱਜਿਆ, ਪਰ ਉਸ ਵਿੱਚ ਕੋਈ ਜਗ੍ਹ ਹੀ ਨਹੀਂ ਸੀ. ਅਸੀਂ ਆਪਣੇ ਵਾਲਿਦ ਅਤੇ ਦਾਦਾ ਦੀ ਗੈਰ-ਮੌਜੂਦਗੀ ਦੇ ਚਲਦੇ, ਬੇਹਦ ਬੇਸਹਾਰਾ ਮਹਿਸੂਸ ਕਰ ਰਹੇ ਸੀ. ਮੇਰੀ ਵਾਲਿਦਾ ਨੇ ਸਿਪਾਹਿਆਂ ਦੇ ਤਰਲੇ ਕੱਢੇ ਕਿ ਉਹ ਉਨ੍ਹਾਂ ਦੇ ਬੱਚੇਆ ਨੂੰ ਪਾਕਿਸਤਾਨ ਲੈ ਜਾਣ. ਮੇਰੀ ਵਾਲਿਦਾ ਨੇ ਫ਼ੈਸਲਾ ਕਰ ਲੀਤਾ ਸੀ ਕਿ ਉਹ ਪਾਕਿਸਤਾਨ ਨਹੀਂ ਜਾ ਕੇ ਮੇਰੇ ਵਾਲਿਦ ਅਤੇ ਦਾਦਾ ਦੀ ਤਲਾਸ਼ ਕਰੇਗੀ. ਉਹ ਸਿਰਫ਼ ਇਹ ਚਾਹੁੰਦੀ ਸੀ ਕਿ ਉਸ ਦੇ ਬੱਚੇ ਮਹਿਫ਼ੂਜ਼ ਤਰੀਕੇ ਨਾਲ ਪਾਕਿਸਤਾਨ ਪਹੁੰਚ ਜਾਣ. ਉਹ ਆਪਣੇ ਬੱਚੇਆ ਨੂੰ ਸਿੱਖਾਂ ਦੇ ਬਜਾਏ, ਮੁਸਲਿਮਾਂ ਦੇ ਹੱਥ ਦੇਣਾ ਚਾਹੁੰਦੀ ਸੀ. ਇੱਕ ਸਿਪਾਹੀ ਨੂੰ ਮੇਰੀ ਵਾਲਿਦਾ ਉਪਰ ਤਰਸ ਆ ਗਿਆ ਅਤੇ ਉਸ ਨੇ ਵਾਅਦਾ ਕੀਤਾ ਕਿ ਉਹ ਸਾਨੂੰ ਪਾਕਿਸਤਾਨ ਲੈ ਜਾਵੇਗਾ, ਮਗਰ ਸਾਡੇ ਲਈ ਕਿਸੇ ਟਰੱਕ ਤੇ ਜਗ੍ਹ ਨਹੀਂ ਸੀ. ਅਤੇ ਅਸੀਂ ਅਗਲੇ ਦਿਨ ਤਕ ਇੰਤਜ਼ਾਰ ਕਰਣ ਨੂੰ ਮਜਬੂਰ ਹੋ ਗਏ. ਅਗਲੇ ਦਿਨ ਲੱਗਭਗ ਦੁਪਹਿਰ ਨੂੰ, ਕਾਫ਼ਿਲਾ ਵਾਪਸ ਆਇਆ ਅਤੇ ਉਸ ਸਿਪਾਹੀ ਨੇ ਮੇਰੀ ਵਾਲਿਦਾ ਨੂੰ ਪਛਾਣ ਲੀਤਾ ਅਤੇ ਉਨ੍ਹਾਂ ਨੂੰ ਸਾਡੇ ਨਾਲ ਉਸ ਗੱਡੀ ਤੇ ਚੜ੍ਹਣ ਨੂੰ ਕਿਹਾ. ਮਗਰ ਮੇਰੀ ਵਾਲਿਦਾ ਸਾਨੂ ਟਰੱਕ ਤੇ ਚੜ੍ਹਾ ਕੇ ਉਸ ਸਿਪਾਹੀ ਨੂੰ, ਟਰੱਕ ਤੇ ਸਵਾਰ ਨਾ ਹੋਣ ਦੀ ਆਪਣੀ ਵਜ੍ਹਾ ਦੱਸੀ. ਅੱਖਾਂ ਤੇ ਅਥਰੂ ਲੈ ਕੇ, ਉਨ੍ਹਾਂ ਨੇ ਸਾਨੂ ਅਲਵਿਦਾ ਕਿਹਾ ਅਤੇ ਸਿਪਾਹੀ ਨੂੰ ਕਿਹਾ, "ਮੈਂ ਆਪਣੇ ਬੱਚੇ ਤੁਹਾਡੀ ਸਪੁਰਦਗੀ ਤੇ, ਬੇਹਦ ਮਜਬੂਰ ਹੋ ਕੇ ਦੇ ਰਹੀ ਹਾਂ. ਮਿਹਰ ਕਰ ਕੇ ਉਨ੍ਹਾਂ ਦਾ ਖ਼ਿਆਲ ਰੱਖਣਾ. ਅੱਲ੍ਹਾ ਉਨ੍ਹਾਂ ਦੀ ਹਿਫ਼ਾਜ਼ਤ ਕਰੇ."

'ਟਰੱਕ ਅਗੇ ਨਿਕਲ ਗਿਆ. ਅਸੀਂ ਆਪਣੀ ਵਾਲਿਦਾ ਦੀ ਤਰਫ਼ ਵੇਖਿਆ, ਅਤੇ ਸਾਨੂੰ ਯਕੀਨ ਹੋ ਗਿਆ ਕਿ ਫਿਰ ਅਸੀਂ ਉਨ੍ਹਾਂ ਨੂੰ ਕਦੀ ਨਹੀਂ ਵੇਖਾਂਗੇ. ਜਲਦ ਹੀ ਉਹ ਸਾਡੀ ਅੱਖਾਂ ਤੋਂ ਗਾਇਬ ਹੋ ਗਈ. ਗੈਰ-ਮਹਿਫ਼ੂਜ਼ ਮਹਿਸੂਸ ਕਰਦੇ ਹੋਏ ਅਤੇ ਇੱਕ ਅਜੀਬ ਮਾਹੌਲ ਵਿੱਚ ਹੋਣ ਕਰ ਕੇ, ਅਸੀਂ ਸਿਸਕੀਆਂ ਲੈਣ ਲਗੇ.

ਕੁੱਝ ਦੂਰ ਚਲਣ ਦੇ ਬਾਅਦ ਕਾਫ਼ਿਲਾ ਰੁਕ ਗਿਆ. ਸੜਕ ਦੇ ਨਜਦੀਕ. ਇੱਕ ਨੌਜਵਾਨ ਕੁੜੀ ਬੇਹੋਸ਼ ਪਈ ਸੀ. ਉਸ ਦੇ ਉਪਰ ਹਮਲਾ ਹੋਇਆ ਸੀ ਅਤੇ ਸਿਪਾਹੀ ਉਸ ਦੀ ਮਦਦ ਕਰਣ ਲਈ ਰੁਕੇ ਸੀ. ਉਨ੍ਹਾਂ ਨੂੰ ਪਤਾ ਲਗਾ ਕਿ ਉਹ ਜ਼ਿੰਦਾ ਸੀ, ਹਾਲਾਂਕਿ ਉਸ ਦਾ ਕਾਫ਼ੀ ਲਹੂ ਵਗ ਗਿਆ ਸੀ. ਉਹ ਕੋਮਾ ਵਿੱਚ ਸੀ. ਉਸ ਦੇ ਢੂੰਘੇ ਜ਼ਖ਼ਮਾਂ ਦੇ ਚਲਦੇ, ਪੇਟ ਤੋਂ ਤਰਲ ਨਿਕਲ ਰਿਹਾ ਸੀ. ਸਿਪਾਹੀਆਂ ਨੇ ਉਸ ਦੇ ਪੇਟ ਦੇ ਚਾਰੇ ਪਾਸੇ ਇੱਕ ਕਪੜਾ ਬਨ੍ਹ ਦਿੱਤਾ, ਤਾਕਿ ਉਹ ਸਹਾਰਾ ਦੇ ਸਕੇ. ਉਸ ਨੂੰ ਸਾਡੇ ਟਰੱਕ ਤੇ ਲੈ ਆਇਆ ਗਿਆ. ਸਾਨੂੰ ਕਿਹਾ ਗਿਆ ਕਿ ਅਸੀਂ ਉਸ ਦੇ ਲਹੂ-ਲੁਹਾਨ ਜਿਸਮ ਤੋਂ ਕੀੜੀਆਂ ਕੱਢਿਐ. ਸਾਡੇ ਲਈ ਇਹ ਇੱਕ ਬੁਰੇ ਸੁਪਨੇ ਦੀ ਤਰ੍ਹਾਂ ਸੀ. ਕਾਫ਼ਿਲਾ ਚਲਦਾ ਰਿਹਾ. ਅਖੀਰਕਾਰ ਸਾਨੂੰ ਕਿਹਾ ਗਿਆ ਕਿ ਅਸੀਂ ਵਾਹਗਾ ਸਰਹੱਦ ਪਹੁੰਚ ਗਏ ਸੀ.

'ਕਾਫ਼ਿਲੇ ਦੇ ਪਨਾਹਗੀਰ ਪਾਕਿਸਤਾਨ ਦੀ ਜ਼ਮੀਨ, ਜਜ਼ਬਾਤ ਅਤੇ ਸ਼ਰਧਾ ਨਾਲ ਚੁੱਮਣ ਲਗੇ. ਜ਼ਖ਼ਮੀ ਔਰਤ ਨੂੰ ਇੱਕ ਐਮਬੁਲੈਂਸ ਤੇ ਲੈ ਲੀਤਾ ਗਿਆ. ਮੈਨੂੰ ਨਹੀਂ ਪਤਾ ਉਹ ਤਦ ਤਕ ਜ਼ਿੰਦਾ ਸੀ ਜਾਂ ਨਹੀਂ. ਜੋ ਪਰਵਾਰ ਆਪਣੇ ਸਾਰੇ ਸਦੱਸਾਂ ਨਾਲ ਮਹਿਫ਼ੂਜ਼ ਆ ਗਏ ਸੀ, ਉਹ ਬੇਹਦ ਖ਼ੁਸ਼ ਸਨ. ਮਗਰ, ਸਾਡੇ ਚਿਹਰੇ ਤੇ ਗ਼ਮ ਅਤੇ ਨਿਰਾਸ਼ਾ ਦਿਸ ਰਹੀ ਸੀ ਕਿਉਂਕਿ ਅਸੀਂ ਆਪਣੇ ਮਾਤਾ-ਪਿਤਾ ਅਤੇ ਦਾਦੇ ਨੂੰ ਗੁਆ ਦਿੱਤਾ ਸੀ. ਲੋਕ ਪਨਾਹਗੀਰਾਂ ਦੀ ਮਦਦ ਲਈ ਖਾਣਾ ਅਤੇ ਕੱਮ ਦੀ ਚੀਜਾਂ ਲੈ ਕੇ ਆ ਰਹੇ ਸੀ. ਵਾਹਗਾ ਤੇ ਕੁੱਝ ਵਕਤ ਨਿਕਾਲਣ ਦੇ ਬਾਅਦ, ਟਰੱਕ ਵਾਲਟਨ ਸਟੇਸ਼ਨ ਪਨਾਹਗੀਰ ਕੈਂਪ ਦੀ ਤਰਫ਼ ਚਲੇ ਗਏ. ਇਹ ਇੱਕ ਬੇਹਦ ਵੱਡਾ ਪਨਾਹਗੀਰ ਕੈਂਪ ਸੀ. ਅਸੀਂ ਕੈਂਪ ਤੇ ਗਿਆਰਾਂ ਦਿਨਾਂ ਤਕ ਰਹੇ. ਉਥੇ ਲਾਉਡਸਪੀਕਰਾਂ ਦਾ ਇੱਕ ਬੇਹਤਰੀਨ ਇੰਤਜ਼ਾਮ ਸੀ ਜਿਸ ਤੋਂ ਪਹੁੰਚੇ ਲੋਕਾਂ ਦੇ ਨਾਂਅ ਬਾਰ ਬਾਰ ਪੁਕਾਰੇ ਜਾ ਰਹੇ ਸੀ ਤਾਂਕਿ ਪਾਕਿਸਤਾਨ ਤੇ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਨੂੰ ਲੱਭ ਸਕਣ. ਇਸ ਦੇ ਇਲਾਵਾ ਪਾਕਿਸਤਾਨੀ ਰਿਸ਼ਤੇਦਾਰਾਂ ਦੇ ਨਾਂਅ ਦਾ ਵੀ ਐਲਾਨ ਕੀਤਾ ਜਾ ਰਿਹਾ ਸੀ ਤਾਂਕਿ ਉਨ੍ਹਾਂ ਨੂੰ ਲੱਭ ਲੀਤਾ ਜਾਵੇ ਅਤੇ ਇੰਡੀਆ ਤੋਂ ਆਏ ਰਿਸ਼ਤੇਦਾਰਾਂ ਨਾਲ ਉਨ੍ਹਾਂ ਦਾ ਮੇਲ ਹੋ ਸਕੇ. ਇਹ ਦੋ ਤਰਫ਼ਾ ਐਲਾਨ ਰੇਡੀਉ ਪਾਕਿਸਤਾਨ ਤੇ ਵੀ ਲਗਾਤਾਰ ਕੀਤਾ ਜਾ ਰਿਹਾ ਸੀ.

'ਗਿਆਰਵੇਂ ਦਿਨ, ਜਦ ਅਸੀਂ ਐਲਾਨ ਸੁਣ ਰਹੇ ਸੀ, ਮੈਂ ਇੱਕ ਦੂਰ ਦੇ ਰਿਸ਼ਤੇਦਾਰ ਦਾ ਨਾਂਅ ਸੁਣਿਆ, ਜੋ ਬੀਡਨ ਰੋਡ ਦੇ ਇੱਕ ਮਕਾਨ ਤੇ ਰਹਿੰਦੇ ਸੀ. ਇਹ ਉਮੀਦ ਦੀ ਇੱਕ ਰੌਸ਼ਣੀ ਸੀ ਜਿਸ ਨੇ ਸਾਨੂੰ, ਇੱਕ ਆਫ਼ਤ ਅਤੇ ਕਰੜੀ ਅਜ਼ਮਾਇਸ਼ ਵਾਲੇ ਇੱਕ ਦੁਖੀ ਸਫਰ ਦੇ ਬਾਅਦ, ਦਿਲਾਸਾ ਦਿੱਤਾ. ਅਸੀਂ ਨਾਲੇ-ਨਾਲ ਬੀਡਨ ਰੋਡ ਜਾਣ ਨੂੰ ਤਿਆਰ ਹੋ ਗਏ. ਅਸੀਂ ਇੱਕ ਤਾਂਗੇਵਾਲੇ ਕੋਲ ਗਏ ਅਤੇ ਉਸ ਨੂੰ ਪੁੱਛਿਆ ਕਿ ਉਹ ਸਾਨੂ ਬੀਡਨ ਰੋਡ ਲੈ ਜਾਵੇਗਾ, ਹਾਲਾਂਕਿ ਸਾਡੇ ਕੋਲ ਕਿਰਾਇਆ ਦੇਣ ਦੇ ਪੈਸੇ ਨਹੀਂ ਸੀ. ਉਸ ਵਕਤ ਪਾਕਿਸਤਾਨੀ ਅਵਾਮ ਦੇ ਕੈਮਪਰਸਤੀ ਅਤੇ ਦੇਸ਼ਭਗਤੀ ਦੇ ਜਜ਼ਬਾਤ ਬਹੁਤ ਉੱਚੇ ਸਨ. ਉਹ ਨਾਲੋਨਾਲ ਤਿਆਰ ਹੋ ਗਿਆ. ਅਸੀਂ ਉਸ ਘਰ ਪਹੁੰਚੇ, ਅਤੇ ਸਾਡੇ ਰਿਸ਼ਤੇਦਾਰਾਂ ਨੂੰ, ਸਾਨੂੰ ਫਟੇ ਕਪੜੇਆਂ ਤੇ ਅਤੇ ਬਗੈਰ ਜੁਤੀਆਂ ਦੇ ਵੇਖ ਕੇ ਬਹੁਤ ਝਟਕਾ ਲਗਿਆ. ਤਕਸੀਮ ਤੋਂ ਪਹਿਲਾਂ, ਜਦ ਵੀ ਉਹ ਸਾਨੂ ਮਿਲਣ ਲਈ ਕਪੂਰਥਲਾ ਆਉਂਦੇ ਸੀ, ਉਨ੍ਹਾਂ ਨੇ ਸਾਨੂੰ ਬਹੁਤ ਖ਼ੁਸ਼ਹਾਲੀ ਵਿੱਚ ਵੇਖਿਆ. ਉਨ੍ਹਾਂ ਨੇ ਸਾਨੂੰ ਸਾਡੇ ਮਾਤਾ-ਪਿਤਾ ਦੇ ਬਾਰੇ ਪੁੱਛਿਆ, ਅਤੇ ਜਦ ਅਸੀਂ ਉਨ੍ਹਾਂ ਨੂੰ ਸਾਰੀ ਕਹਾਣੀ ਦੱਸੀ, ਉਹ ਸਾਡੇ ਤੋਂ ਵੀ ਜ਼ਿਆਦਾ ਗ਼ਮਗੀਨ ਹੋ ਗਏ.

'ਇਸ਼ਨਾਨ ਤੋਂ ਬਾਅਦ, ਸਾਨੂ ਨਵੇਂ ਕਪੜੇ ਦਿੱਤੇ ਗਏ. ਅਸੀਂ ਬਹੁਤ ਦਿਨਾਂ ਬਾਅਦ ਠਾਠ ਨਾਲ ਇੱਕ ਸੁਆਦੀ, ਦੁਪਹਿਰ ਦੇ ਖਾਣੇ ਦਾ ਲੁਤਫ਼ ਉਠਾਇਆ. ਅਸੀਂ ਉਥੇ ਦੱਸ ਦਿਨਾਂ ਤਕ ਰਹੇ. ਸਾਡੇ ਰਿਸ਼ਤੇਦਾਰੇ ਸਾਡੇ ਨਾਂਅ ਅਤੇ ਪਤੇ, ਰੇਡੀਉ ਪਾਕਿਸਤਾਨ ਤੇ ਐਲਾਨ ਕਰਵਾਣ ਤੇ ਕਾਮਯਾਬ ਹੋਏ. ਇਸ ਐਲਾਨ ਨੇ ਪਾਕਿਸਤਾਨ

ਤੇ ਸਾਡੇ ਦੂਜੇ ਰਿਸ਼ਤੇਦਾਰਾਂ ਦਾ ਧਿਆਨ ਖਿੱਚਿਆ. ਇਸ ਤਰ੍ਹਾਂ ਸਾਡੇ ਕਰੀਬੀ ਲੋਕਾਂ ਨਾਲ ਦੁਬਾਰਾ ਮੇਲ, ਮੁਮਕਿਨ ਹੋਇਆ. ਇੱਕ ਮਹੀਨੇ ਬਾਅਦ, ਸਾਡੇ ਮਾਤਾ-ਪਿਤਾ ਅਤੇ ਦਾਦਾ ਵੀ ਸਾਨੂੰ ਮਿਲ ਗਏ. ਉਹ ਇੱਕ ਦੂਜੇ ਕਾਫ਼ਿਲੇ ਨਾਲ ਸਾਮਲ ਹੋਣ ਤੇ ਕਾਮਯਾਬ ਹੋ ਗਏ ਸੀ, ਪਰ ਉਨ੍ਹਾ ਨੂੰ ਇਸ ਲਈ ਦੇਰ ਹੋ ਗਈ ਕਿਉਂਕਿ ਬਿਆਸ ਦਰਿਆ ਦੇ ਉਪਰ ਦਾ ਪੁਲ ਦਾ ਹੜ੍ਹ ਦੇ ਪਾਣੀ ਨਾਲ ਨੁਕਸਾਨ ਹੋਇਆ ਸੀ ਅਤੇ ਇਸ ਦੇ ਉਪਰ ਕਈ ਦਿਨਾਂ ਤਕ, ਕਾਫ਼ਿਲੇ ਨਹੀਂ ਜਾ ਸਕਦੇ ਸੀ.'

ਸ਼ੇਖ ਮੁਹੱਮਦ ਫ਼ਾਰੂਕ

ਮੈਂ ਸ਼ੇਖ ਮੁਹੱਮਦ ਫ਼ਾਰੂਕ ਨੂੰ ਰਾਜਗੜ, ਲਾਹੌਰ ਦੇ ਦੌਰੇ ਤੇ 13 ਦਸੰਬਰ 2004 ਨੂੰ ਮਿਲਿਆ. ਉਨ੍ਹਾਂ ਨੇ ਸੁਲਤਾਨਪੁਰ ਲੋਧੀ ਤੋਂ ਉਨ੍ਹਾਂ ਦੇ, ਜਾਣ ਬਾਰੇ ਇਹ ਕਹਾਣੀ ਦੱਸੀ:
'ਮੇਰੀ ਵਾਲਿਦਾ, ਭੈਣਾ ਅਤੇ ਮੈਂ ਸੁਲਤਾਨਪੁਰ ਲੋਧੀ ਤੇ ਰਹਿੰਦੇ ਸੀ. ਮੇਰੇ ਵਾਲਿਦ ਦੀ ਮੌਤ ਹੋ ਗਈ ਸੀ ਅਤੇ ਆਪਣੇ ਪਰਵਾਰ ਤੇ ਕੋਈ ਜਵਾਨ ਮਰਦ ਨਹੀਂ ਸੀ. ਜਦ ਫ਼ਸਾਦ ਭੜਕੇ, ਮੇਰੇ ਵਾਲਿਦ ਦੇ ਇੱਕ ਦੋਸਤ, ਸ.ਸੰਤਾ ਸਿੰਘ, ਸਾਡੀ ਮਦਦ ਕਰਣ ਆਏ. ਉਨ੍ਹਾਂ ਨੇ ਮੈਨੂੰ ਆਪਣੇ ਮੋਢੇਆਂ ਤੇ ਚੁਕ ਲੀਤਾ, ਜਦ ਕਿ ਮੇਰੀ ਵਾਲਿਦਾ ਅਤੇ ਭੈਣਾ, ਉਨ੍ਹਾਂ ਦੇ ਪਿੱਛੇ ਪਿੱਛੇ, ਕੈਂਪ ਤਕ ਤੁਰਦੀ ਰਹਿਆਂ. ਅਚਾਨਕ, ਸਾਨੂ ਇੱਕ ਸਿੱਖ ਭੀੜ ਨੇ ਘੇਰ ਲੀਤਾ. ਹਥਿਆਰਬੰਦ ਬੰਦੇ ਮੈਨੂੰ ਅਤੇ ਮੇਰੀ ਵਾਲਿਦਾ ਨੂੰ ਮਾਰਣਾ ਅਤੇ ਮੇਰੀ ਭੈਣਾ ਨੂੰ ਅਗਵਾ ਕਰਣਾ ਚਾਹੁੰਦੇ ਸੀ. ਸੰਤਾ ਸਿੰਘ ਉਨ੍ਹਾਂ ਦੇ ਸਾਹਮਣੇ ਡੱਟ ਗਏ ਅਤੇ ਕਿਹਾ: "ਪਹਿਲਾਂ ਤੁਸੀ ਮੈਨੂੰ ਖ਼ਤਮ ਕਰੋ ਅਤੇ ਇਸ ਦੇ ਬਾਅਦ ਹੀ ਤੁਸੀ ਇਸ ਔਰਤ ਅਤੇ ਉਸ ਦੇ ਬੱਚੇਆਂ ਨੂੰ ਹੱਥ ਲਾ ਸਕਦੇ ਹੋ. ਉਹ ਮੇਰੇ ਪਰਵਾਰ ਦੀ ਤਰ੍ਹਾਂ ਨੇ. ਤੁਹਾਨੂ ਗੁਰੁਆਂ ਨੇ ਇਹ ਸਿੱਖਿਆ ਦਿੱਤੀ ਹੈ? ਇੱਕ ਬਜ਼ੁਰਗ ਸਿੱਖ ਜਿਸ ਨੇ ਇਹ ਸੁਣਿਆ, ਜਲਦੀ ਨਾਲ ਅਗੇ ਆਇਆ ਅਤੇ ਸੰਤਾ ਸਿੰਘ ਦੇ ਨਾਲ ਖੜ੍ਹਾ ਹੋ ਗਿਆ. ਉਸ ਨੇ ਕਿਹਾ, "ਇਸ ਸਿੱਖ ਨੂੰ ਆਪਣੇ ਬਚਨ ਨੂੰ ਰੱਖਣ ਦੇਨਾ ਚਾਹੀਦਾ ਹੈ. ਇਸ ਮੁਸਲਿਮ ਪਰਵਾਰ ਉਪਰ ਹਮਲਾ ਨਾ ਕਰੋ". ਇਸ ਦੇ ਬਾਅਦ ਉਹ ਭੀੜ ਤਿਤਰ-ਬਿਤਰ ਹੋ ਹਈ.'

ਇੱਕ ਖ਼ਤ, ਪਾਕਿਸਤਾਨ ਤੋਂ ਕਪੂਰਥਲਾ ਤਕ

ਹੁਸ਼ਿਆਰਪੁਰ ਦੇ ਇੱਕ ਸਫ਼ਰ ਦੇ ਦੌਰਾਨ, ਜਿਸ ਦਾ ਜ਼ਿਕਰ ਇੱਕ ਦੂਜੇ ਅਧਿਆਇ ਤੇ ਕੀਤਾ ਗਿਆ ਹੈ, ਮੈਂ ਲਿਖਿਆ ਸੀ ਕਿ ਸਾਨੂੰ ਸ਼੍ਰੀ ਰਜਨੀਸ਼ ਟੰਡਨ, ਜ਼ਿਲ੍ਹਾ ਕਾਗਰੇਸ ਕਮੇਟੀ ਦੇ ਜਨਰਲ ਸੇਕ੍ਰੇਟਰੀ, ਆਪਣੇ ਘਰ ਲੈ ਗਏ ਸੀ. ਉਸ ਦੀ ਪਤਨੀ ਨੇ ਕਪੂਰਥਲਾ ਬਾਰੇ, ਸਾਨੂੰ ਇਹ ਕਹਾਣੀ ਦੱਸੀ:

'ਮੈਂ ਅਸਲ ਤੇ ਕਪੂਰਥਲਾ ਤੋਂ ਹਾਂ. ਮੇਰੇ ਪਿਤਾ ਦੇ ਕਈ ਮੁਸਲਿਮ ਦੋਸਤ ਸਨ. ਉਹ ਸਾਰੇ 1947 ਤੇ ਚਲੇ ਗਏ. ਇੱਕ ਦਿਨ ਮੇਰੇ ਪਿਤਾ ਲਈ, ਪਾਕਿਸਤਾਨ ਤੋਂ ਇੱਕ ਖ਼ਤ ਅਤੇ ਮਨੀ ਆਰਡਰ ਆਇਆ. ਇਹ ਉਨ੍ਹਾਂ ਦੇ ਇੱਕ ਪੁਰਾਣੇ ਮੁਸਲਿਮ ਦੋਸਤ ਦਾ ਖ਼ਤ ਸੀ. ਉਹ ਦੋਵੰੇ ਭਰਾਵਾਂ ਦੀ ਤਰ੍ਹਾਂ ਸਨ. ਜਦ ਤਕਸੀਮ ਹੋਈ, ਉਨ੍ਹਾਂ ਦੇ ਦੋਸਤ ਨੂੰ ਪਾਕਿਸਤਾਨ ਜਾਣਾ ਪਇਆ. ਉਨ੍ਹਾਂ ਨੇ ਮੇਰੇ ਪਿਤਾ ਤੋਂ ਕੁੱਝ ਪੈਸੇ ਉਧਾਰ ਲੀਤੇ ਸੀ, ਜੋ ਜਾਣ ਤੋਂ ਪਹਿਲਾਂ ਉਹ ਵਾਪਸ ਨਹੀਂ ਕਰ ਸਕੇ. ਇਸ ਖ਼ਤ ਤੇ ਉਨ੍ਹਾਂ ਨੇ ਮੇਰੇ ਪਿਤਾ ਨੂੰ ਖ਼ਬਰ ਦਿੱਤੀ ਕਿ ਉਹ ਮੌਤ ਦੇ ਬਹੁਤ ਕਰੀਬ ਸਨ ਅਤੇ ਕਿਸੇ ਵੀ ਵਕਤ ਉਨ੍ਹਾਂ ਦੀ ਜ਼ਿੰਦਗੀ ਖ਼ਤਮ ਹੋ ਸਕਦੀ ਸੀ.

'ਉਨ੍ਹਾਂ ਨੂੰ ਪਾਕਿਸਤਾਨ ਵਿੱਚ ਬਹੁਤ ਮੁਸ਼ਕਲ ਵਕਤ ਵੇਖਣਾ ਪਿਆ ਅਤੇ ਉਹ ਪੈਸੇ ਜਮਾ ਨਹੀਂ ਕਰ ਸਕੇ ਕਿ ਉਧਾਰ, ਪਹਿਲਾਂ ਚੁਕਤਾ ਕਰ ਸਕਦੇ, ਮਗਰ ਹੁਣ ਉਹ ਕਰ ਰਹੇ ਸੀ. ਉਨ੍ਹਾਂ ਨੂੰ ਉਮੀਦ ਸੀ ਕਿ ਮੇਰੇ ਪਿਤਾ ਇਸ ਦੇਰੀ ਲਈ, ਉਨ੍ਹਾਂ ਨੂੰ ਮਾਫ਼ ਕਰ ਦੇਣਗੇ. ਮੇਰੇ ਪਿਤਾ ਰੋਣ ਲਗੇ ਅਤੇ ਉਨ੍ਹਾਂ ਨੂੰ ਜਵਾਬ ਭੇਜਿਆ ਕਿ ਉਧਾਰ ਬਿਲਕੁਲ ਅਹਿਮ ਨਹੀਂ ਸੀ ਅਤੇ ਉਨ੍ਹਾਂ ਨੂੰ ਇਸ ਬਾਰੇ ਕੁੱਝ ਯਾਦ ਨਹੀਂ ਸੀ. ਉਨ੍ਹਾਂ ਨੂੰ ਇੰਨੇ ਸਾਲਾਂ ਬਾਅਦ, ਉਨ੍ਹਾਂ ਦਾ ਪੱਤਰ ਮਿਲ ਕੇ ਬਹੁਤ ਖੁਸ਼ੀ ਹੋਈ ਸੀ, ਮਗਰ ਉਨ੍ਹਾਂ ਦਾ ਦਿੱਲ ਬੇਹਦ ਉਦਾਸ ਸੀ ਕਿ ਉਹ ਆਪਣੇ ਦੋਸਤ ਦੇ ਨਾਲ ਨਹੀਂ ਸਨ, ਜਦ ਉਹ ਆਪਣੇ ਅਖੀਰੀ ਸਾਹ ਲੈ ਰਿਹਾ ਸੀ.'

ਫ਼ਰੀਦਕੋਟ ਸ਼ਾਹੀ ਰਿਆਸਤ

ਫ਼ਰੀਦਕੋਟ ਦੀ ਕੁੱਲ ਆਬਾਦੀ 199,283 ਸੀ. ਇਸ ਦੀ ਸਿੱਖ ਆਬਾਦੀ 115.070 (57.7 ਫ਼ੀਸਦੀ) ਸੀ ਜਦ ਕਿ ਮੁਸਲਿਮਾਂ ਦੀ ਆਬਾਦੀ 61,352 ਸੀ (30.7 ਫ਼ਸਿਦੀ), ਅਤੇ ਹਿੰਦੂ, ਦਲਿਤ ਜਾਂ ਦੂਜੇ 21,789 ਸਨ (10.9 ਫ਼ੀਸਦੀ). ਫ਼ਰੀਦਕੋਟ ਸ਼ਾਹੀ ਰਿਆਸਤ ਦੇ ਮਹਾਰਾਜਾ ਦੀ ਹਮਦਰਦੀ ਪਹਿਲਾਂ ਤੋਂ ਹੀ ਅਕਾਲੀਆਂ ਨਾਲ ਸੀ ਅਤੇ ਫ਼ਰੀਦਕੋਟ ਦੀ ਫ਼ੌਜ਼ ਮਈ 1947 ਤੇ ਲਾਹੌਰ ਦੇ ਰਾਜਗੜ ਉਪਰ ਹਮਲੇ ਵਿੱਚ ਸ਼ਾਮਲ ਸੀ. ਫ਼ੌਜ਼ ਅਤੇ ਪੁਲਿਸ ਨੇ ਕਈ ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਤੇ ਹਮਲਾ ਕੀਤਾ ਅਤੇ ਕਈ ਮੁਸਲਿਮ ਮਾਰ ਦਿੱਤੇ ਗਏ. ਮਹਾਰਾਜਾ ਨੇ ਖੁਦ ਫ਼ਰੀਦਕੋਟ ਸ਼ਹਿਰ ਤੋਂ ਮੁਸਲਿਮਾਂ ਨੂੰ ਕੱਢਣ ਦੀ ਅਗਵਾਈ ਕੀਤੀ. ਉਨ੍ਹਾਂ ਨੂੰ ਆਪਣੇ ਨਾਲ ਇੱਕ ਛੋਟੇ ਸਾਮਾਨ ਨੂੰ ਛੱਡ ਕੇ, ਹੋਰ ਕੁੱਝ ਲੈ ਜਾਣ ਦੀ ਇਜ਼ਾਜ਼ਤ ਨਹੀਂ ਸੀ (Disturbances in the Punjab, 1995: 396).

ਫ਼ਰੀਦਕੋਟ ਛੱਡ ਕੇ ਮੁਸਲਿਮਾਂ ਦੇ ਜਾਣ ਬਾਰੇ ਕਈ ਕਹਾਣੀਆਂ ਨੇ. ਇੱਕ ਕਹਾਣੀ ਜੋ ਹਾਰੂਨ ਸਲੀਮ ਭੱਟੀ ਦੀ ਦਾਦੀ ਨੇ ਦੱਸੀ ਸੀ ਉਹ ਇਹ ਹੈ ਕਿ ਮਹਾਰਾਜਾ ਦੀ ਮਾਂ ਨੇ ਉਸ ਨੂੰ, ਮੁਸਲਿਮਾਂ ਦੇ ਖ਼ਿਲਾਫ਼ ਤਾਕਤ ਦਾ ਇਸਤੇਮਾਲ ਕਰਣ ਤੋਂ, ਇਸ ਕਰ ਕੇ ਰੋਕਿਆ, ਚੁੰਕਿ ਉਸ ਦੀ ਫ਼ੌਜ਼ ਵਿੱਚ ਕਈ ਸਿਪਾਹੀ ਅਤੇ ਮਹਲ ਦੇ ਪਹਰੇਦਾਰ, ਮੁਸਲਿਮ ਸਨ, ਇਹ ਉਸ ਦਾ ਫ਼ਰਜ਼ ਸੀ ਕਿ ਉਸ ਮਜ਼ੂਬ ਦੇ ਲੋਕਾਂ ਦਾ ਕੋਈ ਨੁਕਸਾਨ ਨਾ ਕੀਤਾ ਜਾਵੇ. ਅਤੇ, ਮਹਾਰਾਜਾ ਨੇ ਮੁਸਲਿਮਾਂ ਨੂੰ ਹੁਸੈਨੀਵਾਲਾ ਹੇਡਵਰਕਸ ਤਕ ਹਿਫ਼ਾਜ਼ਤ ਮੁਹੱਇਆ ਕਰਵਾਈ, ਤਾਂਕਿ ਉਹ ਸਰਹੱਦ ਪਾਰ ਕਰ ਕੇ, ਸਹੀ ਸਲਾਮਤ ਪਾਕਿਸਤਾਨ ਪਹੁੰਚ ਜਾਣ. ਮੈਨੂੰ ਇੱਕ ਹੋਰ ਕਹਾਣੀ ਹੱਸਨ ਦੀਨ ਨੇ ਦੱਸੀ.

ਹੱਸਨ ਦੀਨ

'ਅਸੀਂ ਮਾਮੁਲੀ ਕਿਸਾਨ ਸੀ ਜੋ ਫ਼ਰੀਦਕੋਟ ਸ਼ਹਿਰ ਤੇ ਰਹਿੰਦੇ ਸੀ, ਹਾਲਾਂਕਿ ਅਸੀਂ ਸ਼ਹਿਰ ਤੋਂ ਥੋੜਾ ਬਾਹਰ ਵਾਹੀ ਕਰਦੇ ਸੀ. ਸਿੱਖ ਮੁਸਲਿਮਾਂ ਨੂੰ ਅਗਸਤ ਦੇ ਸ਼ੁਰੂ ਤੋਂ ਧਮਕੀਆਂ ਦੇ ਰਹੇ ਅੀ. ਫਿਰ ਅਸੀਂ ਸੁਣਿਆ ਕਿ ਮਹਾਰਾਜਾ ਨੇ ਹੁਕਮ ਦਿੱਤਾ ਸੀ ਕਿ ਸਾਰੇ ਮੁਸਲਿਮ ਚਲੇ ਜਾਣ. ਫ਼ਰੀਦਕੋਟ ਦੀ ਫ਼ੌਜ਼ ਨੇ ਸਾਡਾ ਕੁੱਝ ਦੂਰ ਤਕ ਸਾਥ ਦਿੱਤਾ ਮਗਰ ਉਸ ਦੇ ਬਾਅਦ ਉਹ ਵਾਪਸ ਮੁੜ ਗਏ. ਅਸੀਂ ਹਜ਼ਾਰਾਂ ਦੀ ਤਦਾਦ ਤੇ ਹਰ ਤਰ੍ਹਾਂ ਦੇ ਲੋਕ, ਤੁਰੀ ਜਾ ਰਹੇ ਸੀ. ਬਜ਼ੁਰਗਾਂ ਨੂੰ ਰੇੜੇਆਂ ਤੇ ਲੈ ਲੀਤਾ ਗਿਆ ਸੀ ਅਤੇ ਕੁੱਝ ਨੂੰ ਸਾਇਕਲਾਂ ਤੇ. ਮੈਨੂੰ ਯਾਦ ਹੈ ਕਿ ਕੁੱਝ ਮਾਮਲੇਆਂ ਤੇ ਬਜ਼ੁਰਗਾ ਨੂੰ ਲੈ ਕੇ ਜਾਣਾ ਨਾਮੁਮਕਿਨ ਹੋ ਗਿਆ ਸੀ ਅਤੇ ਲੋਕ ਉਨ੍ਹਾਂ ਨੂੰ ਛੱਡ ਕੇ

ਜਾਣ ਲਗੇ. ਅਕਸਰ ਬਜ਼ੁਰਗ ਖੁਦ ਜ਼ੋਰ ਦੇ ਕੇ ਕਹਿੰਦੇ ਕਿ ਉਨ੍ਹਾਂ ਨੂੰ ਉਥੇ ਹੀ ਛੱਡ ਦਿੱਤਾ ਜਾਵੇ, ਅਤੇ ਉਹ ਆਪਣੇ ਪਰਵਾਰਾਂ ਨੂੰ ਬੇਨਤੀ ਕਰਦੇ ਕਿ ਉਹ ਚਲੇ ਜਾਣ ਅਤੇ ਛੇਤੀ ਤੋਂ ਛੇਤੀ ਪਾਕਿਸਤਾਨ ਪਹੁੰਚ ਜਾਣ. ਬੇਸ਼ਕ, ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੇ ਹਾਲਾਤ ਨਾਉਮੀਦ ਸਨ ਅਤੇ ਪਰਵਾਰ ਉਪਰ ਇੱਕ ਬੋਝ ਬਣਣ ਦੇ ਬਜਾਏ, ਅੱਲ੍ਹਾ ਤੇ ਭਰੋਸਾ ਰੱਖਣ ਵਾਲੇ ਮੁਸਲਿਮਾਂ ਦੀ ਤਰ੍ਹਾਂ ਉਹ ਆਪਣਾ ਭਰੋਸਾ, ਇਮਾਨ ਉਪਰ ਛੱਡ ਦੇ ਰਹੇ ਸੀ ਅਤੇ, ਜੋ ਵੀ ਉਨ੍ਹਾਂ ਦੇ ਨਾਲ ਹੋਣਾ ਸੀ, ਉਨ੍ਹਾਂ ਨੇ ਮੰਜ਼ੂਰ ਕਰ ਲੀਤਾ ਸੀ. ਕੁੱਝ ਮਾਮਲੇਆਂ ਤੇ, ਉਨ੍ਹਾਂ ਦੇ ਨਾਲ ਪਰਵਾਰ ਦੇ ਦੂਜੇ ਲੋਕ ਰਹਿ ਗਏ. ਇਹ ਇੱਕ ਲੰਬਾ ਕਾਫ਼ਿਲਾ ਸੀ ਅਤੇ ਮੈਨੂੰ ਯਾਦ ਨਹੀਂ ਹੈ ਕਿ ਉਣ ਲੋਕਾਂ ਦਾ ਕਿ ਬਣਿਆ ਜੋ ਅਪਣਾ ਸਫ਼ਰ ਜਾਰੀ ਨਹੀਂ ਰੱਖ ਸਕੇ.

'ਜਦ ਅਸੀਂ ਅੰਗ੍ਰੇਜ਼ੀ ਇਲਾਕੇ ਤੇ ਪਹੁੰਚੇ (ਸ਼ਾਇਦ ਫ਼ਿਰੋਜ਼ਪੁਰ ਤਹਸੀਲ ਦੇ ਨਜਦੀਕ), ਸਾਡੇ ਉਪਰ ਜੱਥੇਆਂ ਨੇ ਕਈ ਤਰ੍ਹਾਂ ਦੇ ਹਥਿਆਰਾਂ ਸਮੇਤ ਹਮਲਾ ਕਰ ਦਿੱਤਾ. ਉਹ ਚੀਕ ਰਹੇ ਸੀ ਅਤੇ ਨਾਅਰੇਬਾਜ਼ੀ ਕਰ ਰਹੇ ਸੀ. ਲੋਕ ਹਰ ਤਰਫ਼ ਭੱਜੇ. ਮੇਰੇ ਵਾਲਿਦ ਨੇ ਮੇਰਾ ਹੱਥ ਫੜ ਕੇ ਰੱਖਿਆ ਸੀ, ਜਦ ਕਿ ਮੇਰੀ ਵਾਲਿਦਾ ਨੇ ਮੇਰੀ ਸਿਰਫ਼ ਛੇ ਮਹੀਨੇ ਦੀ ਛੋਟੀ ਭੈਣ ਨੂੰ ਮੋਢੇ ਚੁੱਕ ਕੇ ਰੱਖਿਆ ਸੀ. ਮੇਰਾ ਵੱਡਾ ਭਰਾ ਅਤੇ ਭੈਣ ਵੀ ਮੇਰੇ ਨਾਲ ਸਨ. ਪਰ ਜਦ ਹਮਲਾ ਹੋਇਆ, ਅਸੀਂ ਅਲਗ ਹੋ ਗਏ. ਮੈਂ ਇੱਕ ਛੋਟਾ ਮੁੰਡਾ ਸੀ. ਘੋੜੇ ਦੇ ਸਵਾਰ ਇੱਕ ਸਿੱਖ ਨੇ ਮੇਰੇ ਵਾਲਿਦ ਦੇ ਸੀਨੇ ਤੇ ਇੱਕ ਬਰਛਾ ਘੁਸੇੜ ਦਿੱਤਾ ਅਤੇ ਉਹ ਚੀਕ ਮਾਰ ਕੇ ਡਿਗ ਗਏ. ਮੈਂ ਜੋਰ ਦੀ ਚੀਕਣ ਲਗਾ ਅਤੇ ਉਹ ਘੁੜਸਵਾਰ ਸਿੱਖ ਚਲਾ ਗਿਆ. ਇੱਕ ਹੋਰ ਮੇਰੀ ਤਰਫ਼ ਆਇਆ ਪਰ ਜਦ ਉਸ ਨੇ ਮੈਨੂੰ ਆਪਣੇ ਵਾਲਿਦ ਦੇ ਨਾਲ ਚਿੰਬੜੇ ਹੋਇਆ ਵੇਖਿਆ, ਉਹ ਝਿਜਕ ਗਿਆ ਅਤੇ ਫਿਰ ਚਲਾ ਗਿਆ. ਪਤਾ ਨਹੀਂ ਉਸ ਦੇ ਜੇਹਨ ਤੇ ਕੀ ਚਲ ਰਿਹਾ ਸੀ ਪਰ ਉਹ ਮੇਰਾ ਕਤਲ ਨਹੀਂ ਕਰਣਾ ਚਾਹੁੰਦਾ ਸੀ. 'ਚਾਰੇ ਪਾਸੇ ਲਾਸ਼ਾਂ ਸੀ, ਸਿਰਫ਼ ਕੁੱਝ ਬੱਚੇਆਂ ਨੂੰ ਬਕਸ਼ ਦਿੱਤਾ ਗਿਆ ਸੀ. ਕੁੱਝ ਬਜ਼ੁਰਗ ਔਰਤਾਂ ਨੂੰ ਵੀ ਛੱਡ ਦਿੱਤਾ ਗਿਆ, ਮਗਰ ਉਹ ਨੌਜਵਾਨ ਕੁੜੀਆਂ ਨੂੰ ਲੈ ਗਏ. ਮੇਰੀ ਵਾਲਿਦਾ ਅਤੇ ਭੈਣ ਹਲਾਕ ਹੋ ਗਈਆਂ. ਦੋਨਾਂ ਨੂੰ ਗੋਲੀਆਂ ਵਜੀਆਂ ਸੀ. ਮੈਨੂੰ ਕਦੀ ਪਤਾ ਨਹੀਂ ਲਗਾ ਕਿ ਮੇਰੇ ਵੱਡੇ ਭਰਾ ਦੇ ਨਾਲ ਕੀ ਹੋਇਆ. ਅਸੀਂ ਹਜ਼ਾਰਾ ਦੀ ਤਦਾਦ ਤੇ ਫ਼ਰੀਦਕੋਟ ਸ਼ਹਿਰ ਛੱਡਿਆ ਸੀ, ਮਗਰ ਕੁੱਝ ਸੌ ਹੀ ਖੇਤਾਂ ਤੇ ਲੁੱਕ ਕੇ ਆਪਣੇ ਆਪ ਨੂੰ ਬਚਾ ਸਕੇ. ਫ਼ਿਰੋਜ਼ਪੁਰ ਤੇ, ਖ਼ੁਸ਼ਕਿਸਮਤੀ ਨਾਲ, ਸਾਨੂੰ ਕੁੱਝ ਸਿਪਾਹੀ ਮਿਲੇ ਜਿਨ੍ਹਾਂ ਦੀ ਅਗਵਾਈ ਇੱਕ ਅੰਗ੍ਰੇਜ਼ ਕਰ ਰਿਹਾ ਸੀ. ਉਨ੍ਹਾਂ ਦੇ ਵਿੱਚ ਕੁੱਝ ਮੁਸਲਿਮ ਸਨ ਜਿਨ੍ਹਾਂ ਨੇ ਸਾਡੀ ਮਦਦ ਕੀਤੀ. ਕਸੂਰ ਜਾਣ ਤੇ ਸਾਨੂੰ ਕਈ ਦਿਨ ਲਗ ਗਏ, ਜਿਥੇ ਸਾਨੂੰ ਇਸਾਇਆਂ ਤੋਂ ਮੈਡੀਕਲ ਮਦਦ ਮਿਲੀ.

'ਮੈਂ ਕੁੱਝ ਦਿਨਾਂ ਤਕ ਕਸੂਰ ਤੇ ਰਿਹਾ. ਉਥੇ ਹਾਲਾਤ ਬੇਹਦ ਖਰਾਬ ਸਨ, ਮਗਰ ਅਸੀਂ ਸਾਰੇ ਪਾਕਿਸਤਾਨ ਤੇ ਸੀ ਅਤੇ ਮਹਿਫ਼ੂਜ਼ ਮਹਿਸੂਸ ਕਰ ਰਹੇ ਸੀ. ਮੇਰੇ ਵਰਗੇ ਛੋਟੇ ਬੱਚੇਆਂ ਨੂੰ, ਜਿਨ੍ਹਾਂ ਨੇ ਆਪਣਾ ਸਾਰਾ ਪਰਵਾਰ ਗੁਆ ਦਿੱਤਾ ਸੀ ਅਤੇ ਉਨ੍ਹਾਂ ਦੀ ਦੇਖ-ਭਾਲ ਕਰਣ ਵਾਲਾ ਕੋਈ ਨਹੀਂ ਸੀ, ਕੁੱਝ ਅੱਲ੍ਹਾ ਤੋਂ ਡਰਣ ਵਾਲੇ ਸਥਾਨਕ ਮੁਸਲਿਮਾਂ ਨੇ ਮਦਦ ਕੀਤੀ ਅਤੇ ਉਨ੍ਹਾਂ ਨੇ ਸਾਨੂ ਖਾਣਾ ਦਿੱਤਾ. ਸਥਾਨਕ ਮੌਲਵੀਆਂ ਨੇ ਵੀ ਉਹ ਸਭ ਕੁੱਝ ਕੀਤਾ, ਜੋ ਉਹ ਕਰ ਸਕਦੇ ਸੀ. ਫਿਰ ਇੱਕ ਦਿਨ, ਮੇਰੇ ਮਾਮਾ ਨੇ ਮੈਨੂੰ ਲੱਭ ਲੀਤਾ. ਉਹ ਲਾਹੌਰ ਦੇ ਸਿਵਲ ਸਕੱਤਰੇਤ ਤੇ ਕੱਮ ਕਰਦੇ ਸੀ. ਉਨ੍ਹਾਂ ਦੀ ਕੋਈ ਔਲਾਦ ਨਹੀਂ ਸੀ ਅਤੇ ਉਨ੍ਹਾਂ ਨੇ ਮੈਨੂੰ ਆਪਣੇ ਬੇਟੇ ਦੀ ਤਰ੍ਹਾਂ ਵੱਡਾ ਕੀਤਾ. ਜ਼ਿੰਦਗੀ ਇੱਕ ਬੇਹਦ ਦਰਦਨਾਕ ਅਤੇ ਮੁਸ਼ਕਲ ਜਦੋਜਹਿਦ ਰਹੀ ਹੈ. ਮੈਂ ਆਪਣੇ ਵਾਲਿਦ

ਅਤੇ ਵਾਲਿਦਾ, ਦੋਵੇਂ ਦੀ ਕਮੀ ਮਹਿਸੂਸ ਕਰਦਾਂ ਹਾਂ. ਹੁਣ, ਮੇਰੇ ਆਪਣੇ ਬੱਚੇ ਨੇ, ਮਗਰ ਪੁਰਾਣੇ ਜ਼ਖ਼ਮ ਹੁਣ ਵੀ ਨਹੀਂ ਭਰੇ ਨੇ.'

ਖ਼ਾਨ ਬਹਾਦਰ ਮਲਿਕ ਖ਼ੁਦਾ ਬਕਸ਼

ਤਕਸੀਮ ਤੋਂ ਪਹਿਲਾਂ ਦੇ ਬ੍ਰਿਟਿਸ਼ ਪੰਜਾਬ ਦੇ ਕੁੱਝ ਪੂਰਬੀ ਜ਼ਿਲ੍ਹਾਂ ਦੇ ਬਾਰੇ, ਖ਼ਾਨ ਬਹਾਦਰ ਮਲਿਕ ਖ਼ੁਦਾ ਬਕਸ਼ ਦੀ ਗਵਾਹੀ ਨੂੰ, ਪੇਸ਼ ਕੀਤਾ ਗਿਆ ਹੈ. ਉਸ ਦੌਰਾਨ ਉਨ੍ਹਾਂ ਨੇ ਕਈ ਸਿੱਖ ਸ਼ਾਹੀ ਰਿਆਸਤਾਂ ਦਾ ਵੀ ਦੌਰਾ ਕੀਤਾ. ਇਸ ਬਾਰੇ ਉਨ੍ਹਾਂ ਨੇ ਇਹ ਕਿਹਾ:

> **ਪਟਿਆਲਾ**
>
> 1 ਸਤੰਬਰ 1947 ਨੂੰ ਪਟਿਆਲਾ ਸਹਿਰ ਤੇ ਇੱਕ 48-ਘੰਟੇਆਂ ਦਾ ਕਰਫਿਊ ਲਗਾ ਦਿੱਤਾ ਗਿਆ ਅਤੇ ਇਸ ਦੌਰਾਨ ਸਿੱਖ ਮੁਸਲਿਮਾਂ ਦਾ ਕਤਲ ਕਰਣ ਲਗੇ. ਮੁਸਲਿਮ ਲੀਗ ਦੇ ਆਗੂਆਂ ਨੂੰ ਮਹਾਰਾਜਾ ਨੇ ਬੁਲਾ ਕੇ ਕਿਹਾ ਕਿ ਸ਼ਹਿਰ ਦੇ ਤਿੰਨ ਵਾਰਡਾਂ ਵਿੱਚ ਮੁਸਲਿਮਾਂ ਦੇ ਲਈ ਪਨਾਹਗੀਰ ਕੈਂਪ ਤਿਆਰ ਕੀਤੇ ਗਏ ਸੀ ਅਤੇ ਉਸ ਦੀ ਪਹਰੇਦਾਰੀ ਮੁਸਲਿਮ ਸਿਪਾਹੀ ਕਰਣਗੇ. ਪਟਿਆਲਾ ਦੇ ਮੁਸਲਿਮ, ਇਸ ਕਰ ਕੇ ਉਣ ਕੈਂਪਾਂ ਦੀ ਤਰਫ਼ ਚਲੇ ਗਏ. ਮੁਸਲਿਮ ਅਤੇ ਸਿੱਖ ਸਿਪਾਹੀਆਂ ਵਿੱਚ ਝੜਪ ਹੋਈ, ਜਿਸ ਵਿੱਚ ਮੁਸਲਿਮ ਬੁਰੀ ਤਰ੍ਹਾਂ ਹਾਰ ਗਏ. ਇਸ ਦੇ ਬਾਅਦ, ਮੁਸਲਿਮਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ. ਕਈ ਸੌ ਮੁਸਲਿਮ ਕੁੜੀਆਂ ਨੂੰ ਨੰਗੀ ਕਰ ਕੇ, ਉਨ੍ਹਾਂ ਦੀ ਸ਼ਹਿਰ ਵਿੱਚ, ਇੱਕ ਜਲੂਸ ਤੇ ਨੁਮਾਇਸ਼ ਕੀਤੀ ਗਈ ਅਤੇ ਸਿੱਖਾਂ ਨੂੰ ਜੋ ਕੁੜੀ ਪਸੰਦ ਲਗੇ, ਉਸ ਨੂੰ ਚੋਣ ਲੈਣ ਨੂੰ ਕਿਹਾ ਗਿਆ. ਕਿਸ ਤਰ੍ਹਾਂ ਮੁਸਲਿਮ ਔਰਤਾਂ ਨਾਲ ਜਬਰ ਜਨਾਹ ਕੀਤਾ ਗਿਆ ਜਾਂ ਉਨ੍ਹਾਂ ਦੇ ਸੀਨੇ ਵੱਖ ਕਰ ਦਿੱਤੇ ਗਏ, ਇਸ ਬਾਰੇ ਮੈਂ ਕੁੱਝ ਨਹੀਂ ਕਹਿਣਾ ਚਾਹੁੰਗਾ... ਸਰਹਿੰਦ ਸ਼ਰੀਫ਼ ਤੇ, ਆਲੇ ਦੁਆਲੇ ਦੇ ਪਿੰਡਾਂ ਤੋਂ 30,000 ਮੁਸਲਿਮ ਇਕੱਠਾ ਹੋਏ ਸੀ. ਮੈਂ ਇਹ ਜਮਾਵੜਾ, ਹਜ਼ਰਤ ਮੁਜਾਦੀਦੀਦੁਲ ਅਲਫ਼ਸਾਨੀ ਦੇ ਖ਼ਨਕ੍ਹਾ ਤੇ, ਅਤੇ ਇਸ ਦੇ ਆਲੇ ਦੁਆਲੇ ਵੇਖਿਆ...ਕਿਹਾ ਜਾਂਦਾ ਹੈ ਕਿ ਮਾਣਯੋਗ ਮਹਾਰਾਜਾ ਨੇ ਐਲਾਨ ਕੀਤਾ ਹੈ ਕਿ ਇਹ ਖ਼ਨਕ੍ਹਾ ਮਹਿਫ਼ੂਜ਼ ਰਵੇਗਾ ਅਗਰ ਨਨਕਾਣਾ ਸਾਹਿਬ ਮਹਿਫ਼ੂਜ਼ ਰਹਿੰਦਾ ਹੈ. ਅਗਰ ਨਨਕਾਣਾ ਸਾਹਿਬ ਦਾ ਕੋਈ ਨੁਕਸਾਨ ਹੁੰਦਾ ਹੈ, ਤੇ ਸਰਹਿੰਦ ਸ਼ਰੀਫ ਨਾਲ ਤੇ ਵੀ ਨੁਕਸਾਨ ਕੀਤਾ ਜਾਵੇਗਾ....ਪਟਿਆਲਾ ਰਿਆਸਤ ਤੇ, ਮੁਸਲਿਮਾਂ ਦਾ ਬਹੁਤ ਜ਼ਿਆਦਾ ਜਾਨੀ ਅਤੇ ਸੰਪਤੀ ਦਾ ਨੁਕਸਾਨ ਹੋਇਆ ਹੈ. ਸੱਚ ਤੇ ਇਹ ਹੈ ਕਿ ਪਟਿਆਲਾ ਰਿਆਸਤ ਦੇ ਲੋਕ ਅੰਬਾਲਾ, ਲੁਧਿਆਣਾ ਅਤੇ ਕਰਨਾਲ ਤੇ ਹੋਈ ਵਾਰਦਾਤਾਂ ਲਈ ਜ਼ਿੱਮੇਵਾਰ ਨੇ (1993: 210–12).
>
> **ਨਾਭਾ**
>
> ਮੈਂ ਨਾਭਾ ਦੇ ਵਜ਼ੀਰੇ-ਆਲ੍ਹਾ ਨਾਲ ਸੰਪਰਕ ਕੀਤਾ, ਜਿਸ ਨੇ ਕਿਰਪਾ ਕਰ ਕੇ ਮੈਨੂੰ 15,000 ਮੁਸਲਿਮਾਂ ਦੀ ਹਿਫ਼ਾਜ਼ਤ ਬਾਰੇ ਭਰੋਸਾ ਦਿੱਤਾ, ਪਰ ਜ਼ੋਰ ਦਿੱਤਾ ਕਿ ਉਨ੍ਹਾਂ ਨੂੰ ਜਲਦ ਲੈ ਜਾਇਆ ਜਾਵੇ. ਉਨ੍ਹਾਂ ਨੇ ਲਿਖਿਆ: 'ਮੈਂ ਤੁਹਾਨੂ ਮਿਲਣ ਅਤੇ ਸਮੁਚੇ ਹਾਲਾਤ ਬਾਰੇ ਇਤਲਾਹ ਦੇਣ ਲਈ, ਪੁਲਿਸ ਡੀ.ਐਸ.ਪੀ. ਸਰਦਾਰ ਰਾਜਿੰਦਰ ਸਿੰਘ ਨੂੰ ਭੇਜ ਰਿਹਾ ਹਾਂ. ਸਿਆਸੀ ਸਮਝੌਤਾ, ਫ਼ਿਰਕੂ ਜਨੂਨੀਪਨ, ਸੂਬੇ ਦਾ ਭੂਗੋਲ ਅਤੇ ਫ਼ੌਜ਼ ਹੋਰ ਪੁਲਿਸ ਦਾ ਨਾਕਾਫ਼ੀ ਹੋਣਾ, ਇਸ਼ਾਰਾ ਕਰਦਾ ਹੈ ਕਿ ਮੁਸਲਿਮ ਮਾਇਨਾਰਿਟੀ ਨੂੰ ਜਲਦ ਤੋਂ ਜਲਦ, ਸੂਬੇ ਤੋਂ ਬਾਹਰ ਕੱਢ ਕੇ ਲੈ ਜਾਇਆ ਜਾਵੇ...

'ਨਾਭਾ ਦੇ ਹਾਲਾਤ ਬੇਹਦ ਜ਼ਿਆਦਾ ਘਬਰਾਹਟ ਪੈਦਾ ਕਰ ਰਹੇ ਸੀ, ਜਦ ਮੈਂ ਅੰਬਾਲਾ ਛੱਡ ਕੇ ਆਇਆ ਸੀ. ਮੈਨੂੰ ਯਕੀਨ ਹੈ ਕਿ ਵਜ਼ੀਰੇ-ਆਲ੍ਹਾ ਉਹ ਸਭ ਕੁੱਝ ਕਰਣਗੇ ਜੋ ਮੁਨਾਸਬ ਹੈ, ਪਰ ਮੈਨੂ ਸ਼ੱਕ ਹੈ ਕਿ ਉਹ ਆਖ਼ਰ ਤਕ, ਕਾਮਯਾਬ ਹੋਣਗੇ. ਨਾਭਾ ਦੇ ਲੋਕਾਂ ਨੂੰ ਬਹਾਵਲਪੁਰ ਲੈ ਕੇ ਜਾਣਾ ਹੀ ਇਕੱਲਾ ਹੱਲ ਹੈ' (Ibid: 212).

ਕਲਸੀਆ

ਕਲਸੀਆ ਇੱਕ ਛੋਟੀ ਰਿਆਸਤ ਸੀ, ਜਿਸ ਦੀ ਕੁੱਲ ਆਬਾਦੀ ਸਿਰਫ਼ 67,393 ਸੀ, ਜਿਸ ਵਿੱਚ ਮੁਸਲਿਮਾ ਦੀ 25,049 ਜਾਂ 37 ਫ਼ੀਸਦੀ ਦੀ ਇੱਕ ਵੱਡੀ ਮਾeਨਾਰਿਟੀ ਸੀ. ਖ਼ਾਨ ਬਹਾਦਰ ਮਲਿਕ ਖ਼ੁਦਾ ਬਕਸ਼ ਲਿਖਦੇ ਨੇ:

ਲਗਦਾ ਸੀ ਕਿ ਮੁਸਲਿਮਾਂ ਨੂੰ ਬੇਘਰ ਕਰਣ ਵਿੱਚ, ਕਲਸੀਆ ਪਟਿਆਲਾ ਨਾਲ ਮੁਕਾਬਲਾ ਕਰ ਰਿਹਾ ਸੀ. ਇਸ ਦਾ ਭੁਗੋਲ ਮੁਸਲਿਮਾਂ ਨੂੰ ਅੰਬਾਲਾ ਭੱਜਣ ਤੇ ਮਦਦ ਕਰਦਾ ਹੈ ਅਤੇ ਮੈਨੂੰ ਯਕੀਨ ਹੈ ਕਿ ਜ਼ਿੰਦਗੀ ਹੋਰ ਜਾਇਦਾਦ ਦਾ ਨੁਕਸਾਨ, ਪਟਿਆਲਾ ਜਿੱਨਾ ਜ਼ਿਆਦਾ ਨਹੀਂ ਹੋਇਆ ਹੈ. ਮੈਂ ਡੇਰਾਬੱਸੀ (ਰਿਆਸਤ ਕਲਸਿਆ) ਦੇ ਮੁਸਲਿਮਾਂ ਨੂੰ ਹਿਫ਼ਾਜ਼ਤ ਨਾਲ ਮੁਬਾਰਿਕਪੁਰ ਲੈ ਗਿਆ (Ibid.).

ਨਲਾਗੜ

ਨਲਾਗੜ ਇੱਕ ਪਹਾੜੀ ਰਿਆਸਤ ਸੀ ਅਤੇ ਇੱਕ ਕਲਸੀਆ ਤੋਂ ਵੀ ਛੋਟੀ ਸੀ. ਇਸ ਦੀ ਕੁੱਲ ਆਬਾਦੀ ਸਿਰਫ਼ 52,780 ਸੀ, ਜਿਸ ਵਿੱਚ ਮੁਸਲਿਮ 6,862 ਜਾਂ 13 ਫ਼ੀਸ਼ਦੀ ਸਨ. ਖ਼ਾਨ ਬਹਾਦਰ ਮਲਿਕ ਖ਼ੁਦਾ ਬਕਸ਼ ਲਿਖਦੇ ਨੇ:

ਅੰਬਾਲਾ ਦੇ ਐਮ.ਐਲ.ਏ. ਸਈਦ ਘੁਲਾਮ ਭੀਕ ਨਾਰੰਗ ਨੂੰ ਕੀਤੇ ਗਏ ਘਬਰਾਹਟ ਭਰੇ ਟੈਲੀਗ੍ਰਾਮ ਦਿਖਾਉਂਦੇ ਨੇ ਕਿ ਮੁਸਲਿਮਾਂ ਦੀ ਵੱਢ-ਟੁੱਕ ਹੋ ਰਹੀ ਸੀ. ਮੈਂ ਮਾਣਯੋਗ ਮਹਾਰਾਜਾ ਨੂੰ ਤਾਰ ਭੇਜੀ, ਜਿਨ੍ਹਾਂ ਨਾਲ ਮੇਰੀ ਖ਼ੁਦ ਦੀ ਜਾਣ-ਪਛਾਣ ਸੀ, ਤਾਂਕਿ ਮੁਸਲਿਮਾਂ ਦੀ ਇੱਜ਼ਤ ਅਤੇ ਜ਼ਿੰਦਗੀ ਦੀ ਹਿਫ਼ਾਜ਼ਤ ਕੀਤੀ ਜਾਵੇ. ਮੈਨੂੰ ਉਨ੍ਹਾਂ ਤੋਂ ਇੱਕ ਤਾਰ ਆਈ ਜਿਸ ਵਿੱਚ ਉਨ੍ਹਾਂ ਨੇ ਲਿਖਿਆ ਕਿ ਉਹ ਆਪਣੀ ਤਰਫ਼ੋਂ ਵਧ ਤੋਂ ਵਧ ਕੋਸ਼ਿਸ਼ ਕਰਣਗੇ, ਮਗਰ ਰਿਪੋਰਟਾਂ ਆਉਂਦੀ ਰਹਿਆਂ ਕਿ ਉਨ੍ਹਾਂ ਦੀ ਰਿਆਸਤ ਤੇ ਮੁਸਲਿਮਾਂ ਦਾ ਕਤਲੇਆਮ ਜਾਰੀ ਸੀ (Ibid: 213).

ਖ਼ਾਨ ਬਹਾਦਰ ਅਬਦੁਲ ਅਜ਼ੀਜ਼, ਰਿਆਸਤ ਜਿੰਦ ਦੇ ਚੀਫ ਜਸਟੀਸ

ਰਿਆਸਤ ਜਿੰਦ ਦੇ ਪੂਰਵਲੇ ਚੀਫ ਜਸਟੀਸ ਦੀ ਇੱਕ ਹੋਰ ਤਫ਼ਸੀਲੀ ਰਿਪੋਰਟ ਹਾਸਲ ਹੈ. ਇਸ ਦੇ ਕੁੱਝ ਹਿੱਸੇ ਹੇਠ ਪੇਸ਼ ਨੇ:

ਇਸ ਬਾਰੇ ਇੱਕ ਪਲ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਅਕਾਲੀ ਆਗੂਆਂ, ਪਟਿਆਲਾ, ਨਾਭਾ ਅਤੇ ਫ਼ਰੀਦਕੋਟ ਰਿਆਸਤਾਂ ਦੇ ਹੁਕਮਰਾਨਾਂ ਦੇ ਵਿੱਚ, ਜ਼ਾਹਰ ਤੌਰ ਤੇ ਇੱਕ ਸਾਜ਼ਸ਼ ਸੀ, ਜਿਸ ਦੇ ਇੰਡੀਆ ਦੇ ਡਿਪਟੀ ਵਜ਼ੀਰੇ-ਆਲ੍ਹਾ ਸ੍ਰੀ ਪਟੇਲ, ਹਿਮਾਇਤੀ ਸਨ (1993: 190).

ਇਸ ਦੇ ਬਾਅਦ, ਉਹ ਪਾਕਿਸਤਾਨ ਜਾਣ ਵਾਲਿਆਂ ਰੇਲ-ਗੱਡੀਆਂ ਉਪਰ ਪਟਿਆਲਾ ਰਿਆਸਤ ਦੇ ਬਠਿੰਡਾ ਅਤੇ ਧੂਰੀ ਸਟੇਸ਼ਨਾਂ ਉਪਰ ਕੀਤੇ ਹਮਲੇਆਂ ਬਾਰੇ ਦੱਸਦੇ ਨੇ. ਪਾਕਿਸਤਾਨ ਨੂੰ ਜਾਣ ਵਾਲੇ ਕਈ ਪਾਕਿਸਤਾਨੀ ਮੁਲਾਜ਼ਮ ਉਸ ਗੱਡੀਆਂ ਤੇ ਸਵਾਰ ਸੀ. ਕਈ ਲੋਕ ਹਲਾਕ ਹੋਏ. ਅਤੇ, ਉਸ ਰਸਤੇ ਤੋਂ ਪਾਕਿਸਤਾਨ ਸਰਕਾਰ ਨੇ ਆਵਾ-ਜਾਈ ਉਪਰ ਪਾਬੰਦੀ ਲਗਾ ਦਿੱਤੀ. ਉਹ ਸੋਚਦੇ ਸੀ ਕਿ ਅਗਰ ਪਾਕਿਸਤਾਨ ਸਰਕਾਰ ਨੇ 'ਵਾਜਬ ਕਾਰਵਾਈ' ਕੀਤੀ ਹੁੰਦੀ, ਤੇ ਗੱਡੀਆਂ ਉਪਰ ਕੀਤੇ ਗਏ ਜ਼ੁਲਮਾਂ ਤੋਂ ਬਚਿਆ ਜਾ ਸਕਦਾ ਸੀ. ਉਹ ਇਸ ਦੇ ਬਾਅਦ ਲਿਖਦੇ ਨੇ:

> ਮੇਰਾ ਪੱਕਾ ਖ਼ਿਆਲ ਹੈ ਕਿ ਮਿਆਂ ਇਫ਼ਤਿਖ਼ਾਰ-ਉਦ-ਦੀਨ (ਪਾਕਿਸਤਾਨੀ ਪੰਜਾਬ ਸਰਕਾਰ ਦੇ ਬਹਾਲੀ ਵਜ਼ੀਰ) ਪਟਿਆਲਾ ਦੇ ਗੁਆਚੇ 250,000 ਮੁਸਲਿਮਾਂ ਨੂੰ ਲੱਭਣ ਤੇ, ਕਦੀ ਕਾਮਯਾਬ ਨਹੀਂ ਹੋ ਸਕਦੇ. ਉਨ੍ਹਾਂ ਨੂੰ ਸ਼ਰਤਿਆ ਤੌਰ ਤੇ ਹਲਾਕ ਕਰ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀ ਤਲਾਸ਼ ਦੀ ਕੋਸ਼ਿਸ਼ ਬਿਲਕੁਲ ਬੇਕਾਰ ਹੈ (Ibid: 192).
>
> ਜਿਥੇ ਤਕ ਰਿਆਸਤ ਜਿੰਦ ਦਾ ਸਵਾਲ ਹੈ, ਜਿਥੇ ਮੈਨੂ 9 ਸਾਲਾਂ ਤਕ ਸੇਵਾ ਕਰਣੀ ਪਈ ਸੀ, ਮੈਂ ਬਗੈਰ ਝਿਜਕ ਦੇ ਕਿਹ ਸਕਦਾ ਹਾਂ ਕਿ ਇਹ ਰਿਆਸਤ ਖ਼ੁਸ਼ਕਿਸਮਤ ਸੀ ਕਿ ਇਸ ਦਾ ਹੁਕਮਰਾਨ ਤਰਫ਼ਦਾਰੀ ਨਹੀਂ ਕਰਦਾ ਸੀ. ਉਸ ਦਾ ਆਪਣੀ ਮੁਸਲਿਮ ਪਰਜਾ ਨੂੰ ਨੁਕਸਾਨ ਪਹੁੰਚਾਣ ਦਾ ਕੋਈ ਇਰਾਦਾ ਨਹੀਂ ਸੀ. ਜੋ ਕੁੱਝ ਬੁਰਾ, ਉਸ ਰਿਆਸਤ ਤੇ ਕੀਤਾ ਗਿਆ ਸੀ, ਉਹ ਪਟਿਆਲਾ, ਨਾਭਾ ਅਤੇ ਫ਼ਰੀਦਕੋਟ ਦੇ ਹੁਕਮਰਾਨਾਂ ਦੇ ਘਾਤਕ ਅਸਰ ਨਾਲ, ਕੀਤਾ ਗਿਆ (Ibid.).

ਹਵਾਲਾ

ਅਜ਼ੀਜ਼, ਅਬਦੁਲ (ਖ਼ਾਨ ਬਹਾਦੁਰ), 'ਰਿਪੋਰਟ ਮੇਡ ਬਾਈ ਖ਼ਾਨ ਬਹਾਦੁਰ ਅਬਦੁਲ ਅਜ਼ੀਜ਼, ਚੀਫ ਜੱਜ, ਜਿੰਦ ਸਟੇਟ', ਵਿੱਚ ਦੀ ਜਰਨੀ ਟੂ ਪਾਕਿਸਤਾਨ: ਏ ਡੌਕਯੂਮੇਂਟੇਸ਼ਨ ਔਨ ਰਿਫਯੂਜੀਸ ਔਫ 1947, ਇਸਲਾਮਾਬਾਦ: ਨੈਸ਼ਨਲ ਡੌਕਯੂਮੇਂਟੇਸ਼ਨ ਸੇਂਟਰ, (1993).

ਕੁਪਲੈਂਡ ਇਅਨ, 'ਦੀ ਮਾਸਟਰ ਐਂਡ ਦੀ ਮਹਾਰਾਜਾਸ: ਦੀ ਸਿੱਖ ਪ੍ਰਿੰਸੇਸ ਐਂਡ ਦੀ ਇਸਟ ਪੰਜਾਬ ਮੈਸੇਕਰਸ ਅੱਾਫ 1947', ਮਾਡਰਨ ਐਸੀਅਨ ਸਟਦੀਸ, ਵੋਲ.ਯਯਯਤੀ,ਨੰ. 3, ਕੈਮਬਰੀਜ: ਕੈਮਬਰੀਜ ਯੂਨੀਵਰਸਿਟੀ ਪ੍ਰੈਸ, (2002).

ਡਿਸਟਰਬੇਂਸੇਸ ਇਨ ਦ ਪੰਜਾਬ, ਇਸਲਾਮਾਬਾਦ: ਨੈਸ਼ਨਲ ਡੌਕਣੁਮੇਂਟੇਸ਼ਨ ਸੇਂਟਰ,(1995).

ਜੇਫਰੀ, ਰੌਬਿਨ 'ਦੀ ਪੰਜਾਬ ਬਾਉਂਡਰੀ ਡੋਰਸ ਐਂਡ ਦ ਪ੍ਰੋਬਲਮ ਔਫ ਔਰਡਰ,ਅਗਸਟ 1947', ਮਾਡਰਨ ਐਸਿਅਨ ਇਸਟਦੀਸ, ਵੋਲ.ੜੀ ਨੰ.4 ਕੈਂਬਰੀਜ: ਕੈਂਬਰੀਜ ਯੂਨੀਵਰਸੀਟੀ ਪ੍ਰੈਸ (1974)

ਮਲਿਕ, ਖ਼ੁਦਾ ਬਕਸ਼ (ਖ਼ਾਨ ਬਹਾਦਰ), 'ਏ ਬਰੀਫ ਰਿਪੋਰਟ ਮੇਡ ਬਾਈ ਕੇ.ਬੀ.ਮਲਿਕ ਖ਼ੁਦਾ ਬਕਸ਼ ਰਿਗਾਰਡਿੰਗ ਦੀ ਡਿਸਟ੍ਰੀਕਟਸ ਔਫ ਅੰਬਾਲਾ, ਕਰਨਾਲ, ਰੋਹਤਕ, ਹਿਸਾਰ, ਸਿਮਲਾ, ਲੁਧਿਆਣਾ ਐਂਡ ਜਲੰਧਰ', ਵਿੱਚ ਦੀ ਜਰਨੀ ਟੂ ਪਾਕਿਸਤਾਨ: ਏ ਡੌਕਯੂਮੇਂਟੇਸ਼ਨ ਔਨ ਰਿਫਯੂਜੀਸ ਔਫ 1947, ਇਸਲਾਮਾਬਾਦ: ਨੈਸ਼ਨਲ ਡੌਕਯੂਮੇਂਟੇਸ਼ਨ ਸੇਂਟਰ, (1993).

ਮੁਹੱਮਦ, ਮਿਆਂ ਨੂਰ, 'ਪਟਿਆਲਾ ਕੇ ਮੁਸੱਲਮਾਨੋਂ ਪਰ ਟੂੱਟਨੇ ਵਾਲੀ ਕਿਆਮਤ-ਏ-ਸੁਘਰਾ: ਹਿੱਸਾ ਦੋ', ਵਿੱਚ ਹਾਕਿਮ ਮੁਹੱਮਦ ਤਾਰਿਕ ਮਹਮੂਦ ਚੁਘਤਾਈ (ਕਮਪਾਈਲਰ ਐਂਡ ਏਡੀਟਰ), 1947 ਕੇ ਮੁਜ਼ਲਿਮ ਕੀ ਕਹਾਨੀ ਖੁਦ ਮੁਜ਼ਲੁਮੋਂ ਕੀ ਜ਼ਬਾਨੀ, ਲਾਹੌਰ: ਇਲਮ-ਉ-ਇਰਫ਼ਾਨ ਪਬਲਿਸ਼ਰਸ, (2003).

ਰੱਬਾਨੀ, ਚੌਧਰੀ ਘੁਲਾਮ, 'ਸਟੇਟਮੇਂਟ ਔਫ ਚੌ.ਘੁਲਾਮ ਰੱਬਾਨੀ ਸਨ/ਔਫ ਛੈ. ਅਬਦੁਲ ਆਜ਼ੀਆ ਕਾਸਟ ਅਰਾਇਨ, ਕਨਟਰੈਕਟਰ, ਮਹੱਲਾ ਹਕੀਮਨ, ਨਾਭਾ', ਵਿੱਚ ਦੀ ਜਰਨੀ ਟੂ ਪਾਕਿਸਤਾਨ: ਏ ਡੌਕਯੂਮੇਂਟੇਸ਼ਨ ਔਨ ਰਿਫਯੂਜੀਸ ਔਫ 1947, ਇਸਲਾਮਾਬਾਦ: ਨੈਸ਼ਨਲ ਡੌਕਯੂਮੇਂਟੇਸ਼ਨ ਸੇਂਟਰ, (1993).

ਸ਼ਰੀਫ਼, ਮੁਹੱਮਦ ਅਫ਼ਜ਼ਲ, 'ਪਟਿਆਲਾ ਕੇ ਮੁਸੱਲਮਾਨੋਂ ਪਰ ਟੂੱਟਨੇ ਵਾਲੀ ਕਿਆਮਤ-ਏ-ਸੁਘਰਾ: ਹਿੱਸਾ ਅੱਵਲ', ਵਿੱਚ ਹਾਕਿਮ ਮੁਹੱਮਦ ਤਾਰਿਕ ਮਹਮੂਦ ਚੁਘਤਾਈ (ਕਮਪਾਈਲਰ ਐਂਡ ਏਡੀਟਰ), 1947 ਕੇ ਮੁਜ਼ਲਿਮ ਕੀ ਕਹਾਨੀ ਖੁਦ ਮੁਜ਼ਲੁਮੋਂ ਕੀ ਜ਼ਬਾਨੀ, ਲਾਹੌਰ: ਇਲਮ-ਉ-ਇਰਫ਼ਾਨ ਪਬਲਿਸ਼ਰਸ, (2003).

ਸਰਕਾਰੀ ਦਸਤਾਵੇਜ

ਨੋਟ ਐਨ ਦੀ ਸਿੱਖ ਪਲਾਨ, ਲਾਹੌਰ: ਗਵਰਨਮੇਂਟ ਪ੍ਰਿੰਟਿੰਗ ਪ੍ਰੈਸ, (1948).
ਸਿੱਖਸ ਇਨ ਐਕਸ਼ਨ, ਲਾਹੌਰ: ਗਵਰਨਮੇਂਟ ਪ੍ਰਿੰਟਿੰਗ ਪ੍ਰੈਸ, (1948).

ਇੰਟਰਵਿਊ

ਹਰਕਿਸ਼ਨ ਸਿੰਘ ਸੁਰਜੀਤ, ਨਵੀਂ ਦਿੱਲੀ, 21 ਅਕਤੂਬਰ 1999
ਹੱਸਨ ਦੀਨ, ਲਾਹੌਰ, 13 ਅਪ੍ਰੈਲ 2003
ਡਾ.ਖ਼ੁਸ਼ੀ ਮੁਹੱਮਦ ਖ਼ਾਨ, ਸਟੋਕਹੋਮ, 16 ਜੂਨ 2003
ਚੌਧਰੀ ਰੌਸ਼ਨ ਦੀਨ, ਕੱਲਰ ਸਈਦਾਂ, ਜ਼ਿਲ੍ਹਾ ਰਾਵਲਪਿੰਡੀ, 15 ਦਸੰਬਰ 2004
ਮੁਜਾਹਿਦ ਅਲ-ਹੁਸੈਨੀ, ਫ਼ੈਸਲਾਬਾਦ (ਲਾਇਲਪੁਰ), 19 ਦਸੰਬਰ 2004
ਸ਼ੇਖ ਨੂਰ ਮੁਹੱਮਦ, ਲਾਹੌਰ, 27 ਦਸੰਬਰ 2004
ਸ਼੍ਰੀਮਤੀ ਰਜਨੀਸ਼ ਟੰਡਨ, ਹੁਸ਼ਿਆਰਪੁਰ, 3 ਜਨਵਰੀ 2005
ਡਾ.ਨਿਜ਼ਾਮ ਦੀਨ, ਮਲੇਰਕੋਟਲਾ, 6 ਜਨਵਰੀ 2005
ਚੌਧਰੀ ਅਬਦੁਲ ਸ਼ਕੂਰ, ਮਲੇਰਕੋਟਲਾ, 6 ਜਨਵਰੀ 2005
ਬਾਬੂ ਖ਼ਾਨ, ਮਲੇਰਕੋਟਲਾ, 6 ਜਨਵਰੀ 2005
ਅਮਰੀਕ ਚੰਦ ਅਹਲੂਵਾਲਿਆ, ਪਟਿਆਲਾ, 7 ਜਨਵਰੀ 2005
ਪੰਡਿਤ ਮੋਹਨ ਲਾਲ ਬਾਲੋ, ਪਟਿਆਲਾ, 7 ਜਨਵਰੀ 2005
ਸ਼ੇਖ ਮੁਹੱਮਦ ਫ਼ਾਰੂਕ, ਰਾਜਗੜ, ਲਾਹੌਰ, 13 ਜਨਵਰੀ 2005
ਬਸਤਾ ਸਿੰਘ, ਆਦਮਪੁਰ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005
ਨਉਗੁਰਦਿਆਲ ਸਿੰਘ, ਆਦਮਪੁਰ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005
ਗੁਰਦੀਪ ਸਿੰਘ, ਪਿੰਡ ਮਾਬੀ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005
ਤੇਜਾ ਸਿੰਘ, ਬੋਰਾਨ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005
ਦੇਸ ਰਾਜ, ਕਾਕਰਾ, ਜ਼ਿਲ੍ਹਾ ਪਟਿਆਲਾ, ਪੂਰਬੀ ਪੰਜਾਬ, 28 ਨਵੰਬਰ 2005
ਕਰਨੈਲ ਸਿੰਘ, ਕਾਕਰਾ, ਜ਼ਿਲ੍ਹਾ ਪਟਿਆਲਾ, ਪੂਰਬੀ ਪੰਜਾਬ, 28 ਨਵੰਬਰ 2005
ਜਗਪਾਲ ਟਿਵਾਣਾ, ਡਾਰਟਮਾਉਥ, ਐਨ.ਐਸ, ਕਨਾਡਾ, ਈ-ਮੇਲ ਦੁਆਰਾ, 11 ਅਪ੍ਰੈਲ 2007
ਮਿਸੇਜ ਬੀ.ਏ.ਚੌਧਰੀ, ਲਾਹੌਰ (ਈ-ਮੇਲ ਜੋ ਉਨ੍ਹਾਂ ਦੇ ਬੇਟੇ ਡਾ.ਮੁਹੱਮਦ ਫ਼ਾਰੂਕ ਨੇ ਭੇਜਿਆ), 22 ਜੁਲਾਈ 2007
ਹਾਰੂਨ ਸਲੀਮ ਭੱਟੀ ਦੀ ਦਾਦੀ, ਟੇਲੀਫੋਨ ਦੁਆਰਾ ਲਾਹੌਰ ਤੋਂ, 22 ਫ਼ਰਵਰੀ 2011

21

ਨਿਖੇੜ ਅਤੇ ਨਤੀਜੇ

ਅਗਸਤ 1947 ਦੇ ਮੱਧ ਤੇ ਪੰਜਾਬ ਦੀ ਤਕਸੀਮ ਤਕ ਦੇ ਵਾਕਿਆਂ ਨੂੰ, 1945 ਦੇ ਇੰਤਖ਼ਾਬ ਤੋਂ ਸ਼ੁਰੂ ਕਰ ਕੇ 1947 ਦੇ ਆਖ਼ਰ ਤਕ, ਜਦ ਅਣਚਾਹੀ ਮਾਇਨਾਰਿਟੀਆਂ ਨੂੰ ਦੋਵੇਂ ਪੰਜਾਬਾਂ ਤੋਂ ਘੱਟ ਜਾਂ ਵਧ ਹਟਾ ਦਿੱਤਾ ਗਿਆ ਸੀ, ਸਿਲਸਿਲੇਵਾਰ ਤੌਰ ਤੇ ਪੇਸ਼ ਕੀਤਾ ਗਿਆ ਹੈ. ਅਧਿਆਇ '1' ਤੇ ਪੇਸ਼ ਕੀਤੀ ਨਸਲੀ ਸਫਾਈ ਦੀ ਥਿਊਰੀ (*ਉਸੂਲ*) ਦੀ ਬੁਨਿਆਦ ਦੇ ਉਪਰ, ਉਣ ਘਟਨਾਵਾਂ ਦੇ ਨਿਖੇੜ ਦੀ ਕੋਸ਼ਿਸ਼ ਕੀਤੀ ਗਈ ਹੈ. ਉਸ ਦੀ ਬੁਨਿਆਦ ਤੇ, ਇੱਕ ਨਤੀਜਾ ਕੱਢਿਆ ਗਿਆ ਹੈ ਕਿ ਮੁਸਲਿਮਾਂ ਅਤੇ/ ਜਾਂ ਸਿੱਖਾਂ ਦਾ ਕੋਈ ਬਹੁਤ ਵੱਡਾ ਮਨਸੂਬਾ ਤਿਆਰ ਸੀ ਜਾਂ ਨਹੀਂ, ਤਾਂਕਿ ਨਸਲੀ ਸਫਾਈ ਹਾਸਲ ਕੀਤਾ ਜਾ ਸਕੇ. ਇਹ ਮੁਤਾਲਿਆ, "ਪਛਾਣ" ਬਾਰੇ ਇੱਕ ਚਰਚਾ ਦੇ ਨਾਲ ਖ਼ਤਮ ਹੁੰਦਾ ਹੈ. ਇਹ ਉਸੂਲੀ ਦਲੀਲਾਂ ਅਤੇ ਤਜਰਬਾਤੀ ਸੱਚਾਈਆਂ ਨੂੰ ਇਕੱਠਾ ਕਰ ਕੇ, ਪਛਾਣ ਦੀ ਆਮ ਤੌਰ ਤੇ, ਅਤੇ ਪੰਜਾਬੀ ਪਛਾਣ ਦੀ ਖਾਸ ਕਰ ਕੇ, ਕੀਮਤ ਦਾ ਪਤਾ ਲਗਾਉਂਦਾ ਹੈ.

ਤਬਦੀਲ ਹੁੰਦਾ ਪੰਜਾਬ: ਤਰੱਕੀ ਤੋਂ ਪੈਦਾ ਹੁੰਦੇ ਮੁਸ਼ਕਲ ਹਾਲਾਤ

ਇੱਕ ਆਮ ਉਸੂਲੀ ਸਤਰ ਤੇ, ਇਹ ਗੌਰ ਕੀਤਾ ਜਾ ਸਕਦਾ ਹੈ ਕਿ ਜਦ ਬ੍ਰਿਟਿਸ਼ਰਾਂ ਨੇ ਪੰਜਾਬ ਉਪਰ ਕਬਜ਼ਾ ਕਰ ਲੀਤਾ, ਤਦ ਉਨ੍ਹਾਂ ਨੇ ਇਸ ਨੂੰ ਆਪਣੀ ਬਸਤੀਵਾਦੀ ਤਰਕੀਬ ਦੇ ਮੁਤਾਬਕ, ਇਸ ਦੀ ਤਰੱਕੀ ਅਤੇ ਆਧੁਨਿਕੀਕਰਣ ਬਾਰੇ ਫ਼ੈਸਲਾ ਲੀਤਾ. ਇਸ ਦੇ ਚਲਦਿਆਂ ਜੋ ਤਬਦੀਲੀ ਹੋਈ, ਉਸ ਨੇ ਰਵਾਇਤੀ ਸਮਾਜ ਦੀ ਸੂਰਤ ਬਦਲਣੀ ਸ਼ੁਰੂ ਕਰ ਦਿੱਤੀ. ਇੱਕ ਸਰਮਾਯਾਦਾਰ (*ਕੈਪੀਟਲਿਸਟ*) ਢਾਂਚੇ ਦੇ ਤਹਿਤ ਜਿਉਂ ਨਵੇਂ ਇਕਤੀਸਾਦੀ ਮੌਕੇ ਆਉਣ ਲਗੇ, ਹਿਦੂਆਂ ਅਤੇ ਸਿੱਖਾਂ ਨੂੰ ਇਸ ਦਾ ਫ਼ਾਇਦਾ ਹੋਇਆ ਜਦ ਕਿ ਮੁਸਲਿਮ ਪਿੱਛੇ ਰਹ ਗਏ. 20ਵੀਂ ਸਦੀ ਦੇ ਸ਼ੁਰੂ ਤੇ, ਮੁਸਲਿਮ ਮਾਲਿਕਾਂ ਦੀ ਖੇਤੀ-ਬਾੜੀ ਦੀ ਛੋਟੀ ਅਤੇ ਵੱਡੀ ਜ਼ਮੀਨਾਂ ਦੀ ਮਲਕੀਅਤ, ਹਿੰਦੂ ਅਤੇ ਸਿੱਖ ਵਪਾਰੀ ਅਤੇ ਸਾਹੂਕਾਰ ਹਾਸਲ ਕਰ ਰਹੇ ਸੀ, ਜਿਸ ਦੇ ਚਲਦਿਆਂ ਮੁਸਲਿਮ ਲੋਕਾਂ ਦੀ ਨਾਰਾਜ਼ਗੀ ਦੀ ਵੀ ਸ਼ੁਰੂਆਤ ਹੋ ਗਈ. ਇਸ ਨੂੰ *ਪੰਜਾਬ ਲੈਂਡ ਏਲੀਏਨੇਸ਼ਨ ਐਕਟ 1901* ਦੇ ਮਾਰਫ਼ਤ ਰੋਕਿਆ ਗਿਆ, ਜੋ ਕਾਨੂੰਨੀ ਤੌਰ ਤੇ, ਖੇਤੀਬਾੜੀ ਨਾ ਕਰਣ ਵਾਲੀ ਜਾਤਾਂ ਉਪਰ, ਵਾਹੀ ਦੀ ਜ਼ਮੀਨ ਹਾਸਲ ਕਰਣ ਤੇ ਪਾਬੰਦੀ ਲਗਾਉਂਦਾ ਸੀ. ਮਗਰ ਗੈਰ-ਸਰਕਾਰੀ ਤੌਰ ਤੇ ਸਾਹੂਕਾਰ ਮੁਸਲਿਮ ਦਲਾਲਾਂ ਦਾ ਇਸਤੇਮਾਲ ਕਰ ਕੇ, ਤਾਂ ਵੀ ਇੱਹ ਕੱਮ ਕਰਦੇ ਰਹੇ, ਪਰ ਜ਼ਮੀਨ ਹਾਸਲ ਕਰਣ ਦੀ ਇਹ ਹਰਕਤ, ਇਸ ਐਕਟ ਦੇ ਤਹਿਤ, ਕਾਫ਼ੀ ਘੱਟ ਹੋ ਗਈ. ਇਣ ਤਬਦੀਲੀਆਂ ਦੇ ਬਾਵਜੂਦ, ਜਦ ਜੁਲਾਈ 1947 ਤੇ ਕਾਂਗਰੇਸ ਅਤੇ ਸਿੱਖਾਂ ਨੇ ਪੰਜਾਬ ਬਾਉਂਡਰੀ ਕਮੀਸ਼ਨ ਨੂੰ ਆਪਣੀ ਦਲੀਲਾਂ ਪੇਸ਼ ਕੀਤੀਆਂ ਤਦ ਉਨ੍ਹਾਂ ਦਾ ਦਾਅਵਾ ਸੀ ਕਿ ਹਿੰਦੂ ਅਤੇ ਸਿੱਖ, ਪੰਜਾਬ ਤੇ 75-80 ਫ਼ੀਸਦੀ ਜਾਇਦਾਦ ਦੀ ਮਲਕੀਅਤ ਰੱਖਦੇ ਸੀ. ਦੂਜੇ ਲਫ਼ਜ਼ਾਂ ਵਿੱਚ, ਮੁਸਲਿਮਾਂ ਦੀ ਗਰੀਬੀ ਅਤੇ ਉਨ੍ਹਾਂ ਦਾ, ਮਹਿਰੂਮ ਹੋਣ ਦਾ ਇਹਸਾਸ, ਇੱਕ ਬੁਨਿਆਦੀ ਸੱਚ ਸੀ.

ਮਗਰ, ਸਿਆਸੀ ਦਰਜੇ ਤੇ, ਮੁਸਲਿਮ ਮਜਾਰਿਟੀ ਵਾਲੀ ਅਤੇ ਬ੍ਰਿਟਿਸ਼ ਹਿਮਾਇਤੀ, ਪੰਜਾਬ ਯੂਨੀਅਨਿਸਟ ਪਾਰਟੀ, ਮੁਖ਼ਤਲਿਫ਼ ਫ਼ਿਰਕੇਆਂ ਦੇ ਵਿੱਚ ਹਕੂਮਤ ਦੀ ਤਕਸੀਮ ਦਾ ਫਾਰਮੁਲਾ ਕਾਇਮ ਕਰਣ ਤੇ ਕਾਮਯਾਬ ਹੋ ਗਈ ਸੀ, ਜੋ ਕਾਮਯਾਬੀ ਨਾਲ, ਪੰਜਾਬ ਵਿੱਚ ਸਥਿਰਤਾ ਅਤੇ ਫ਼ਿਰਕੂ ਸਦਭਾਵਨਾ ਦੀ ਬੁਨਿਆਦ ਬਣਿਆ. ਮਗਰ ਵੀਹਵੀਂ ਸਦੀ ਦੇ ਮਜ਼ਬੂਬੀ ਜਾਗਰਣਾਂ ਨੇ ਕਸਬੇਆਂ ਅਤੇ ਸ਼ਹਿਰਾਂ ਤੇ, ਜਿਥੇ ਉਹ ਜਾਗਰਣ ਕੀਤੇ ਜਾ ਰਹੇ ਸੀ, ਹਿੰਦੂਆਂ ਅਤੇ ਮੁਸਲਿਮਾਂ ਦੇ ਆਪਸੀ ਰਿਸ਼ਤੇ ਖਰਾਬ ਕਰ ਦਿੱਤੇ. ਉਨ੍ਹਾਂ ਨੇ 'ਉੱਚੀ ਤਹਿਜ਼ੀਬਾਂ' ਤਿਆਰ ਕੀਤੀਆਂ ਜੋ ਉਨ੍ਹਾਂ ਦੇ ਆਪਣੇ ਮਜ਼ਹਬ ਦੀ ਮਿਆਰੀ, 'ਪਾਕ ਅਤੇ ਅਸਲੀ' ਤਰਜਮਾ ਦੀ ਨੁਮਾਇੰਦਗੀ ਕਰਦੀਆਂ ਸੀ. ਹੈਰਾਨ ਹੋਣ ਦੀ ਗੱਲ ਨਹੀਂ ਸੀ ਕਿ ਜ਼ੋਰ, ਫ਼ਰਕਾਂ ਉਪਰ ਦਿੱਤਾ ਜਾ ਰਿਹਾ ਸੀ. ਇਸ ਤਰ੍ਹਾਂ ਦੇ ਰੁਝਾਨ ਦਾ ਟਾਕਰਾ, ਪੰਜਾਬ ਦੀ ਮਸ਼ਹੂਰ ਰਵਾਇਤਾਂ ਨਾਲ ਹੋਇਆ, ਜਿਨ੍ਹਾਂ ਦੀ ਬੁਨਿਆਦ 'ਜੀਉਣਾ ਅਤੇ ਜੀਉਣ ਦੇਣਾ' ਸੀ ਜੋ ਕਈ ਸਦੀਆਂ ਤੋਂ ਸੰਤਾਂ, ਸੂਫ਼ੀਆਂ ਅਤੇ ਗੁਰੂਆਂ ਦੀ ਕੋਸ਼ਿਸ਼ਾਂ ਦੀ ਵਜ੍ਹਾ ਨਾਲ, ਚਲੀ ਆ ਰਹਿਆਂ ਸੀ. ਮਜ਼ਬੂਬੀ ਜਾਗਰਣਾ ਨਾਲ, ਸ਼ਹਿਰਾਂ ਅਤੇ ਕਸਬੇਆਂ ਤੇ ਸਭ ਤੋਂ ਜ਼ਿਆਦਾ ਅਸਰ ਹੋਇਆ, ਜੋ ਸਿਆਸੀ ਤੌਰ ਤੇ ਮਜ਼ਬੂਬੀ ਕੌਮਪਰਸਤੀ ਨੂੰ ਦਰਸ਼ਾਉਂਦੇ ਸੀ.

ਨਤੀਜਤਨ, ਸ਼ਹਿਰੀ ਜਗ੍ਹਾਂ ਤੇ, ਜਾਗਰਣ ਦੀ ਤੇਹਰੀਕਾਂ ਦੇ ਵਿੱਚ ਝੜਪਾਂ ਹੋਇਆਂ, ਜਦ ਕਿ ਦਿਹਾਤੀ ਇਲਾਕਿਆਂ ਤੇ ਪੁਰਾਣੀ ਰਵਾਇਤਾਂ ਕਾਇਮ ਸਨ-ਲੋਕ ਆਪਣੀ ਜਗ੍ਹ ਬਾਰੇ ਜਾਣਦੇ ਸੀ ਅਤੇ ਵੱਡੇ ਤੌਰ ਤੇ, ਇਸ ਨੂੰ ਮੰਜ਼ੂਰ ਵੀ ਕਰਦੇ ਸੀ. ਇਹ ਇੱਕ ਤਰ੍ਹਾਂ ਦਾ ਮਿਸ਼ਰਤ ਸਮਾਜ ਸੀ ਜਿਸ ਦੇ ਲੋਕਾਂ ਦੇ ਵਿੱਚ ਅਮਨ ਕਾਇਮ ਸੀ, ਜਦ ਕਿ ਇਸ ਦੇ ਨਾਲੋ-ਨਾਲ ਸਮਾਜ ਦੀ ਮਹੱਤਸ਼ਾਹੀ ਅਤੇ ਉਨ੍ਹਾਂ ਦੇ ਅੰਦਰ ਅਤੇ ਵਿਚਕਾਰ ਦੀ ਨਾਬਰਾਬਰੀ ਨੂੰ, ਕਾਇਮ ਰੱਖਦਾ ਸੀ. ਰਵਾਇਤੀ ਅਹਿਮੀਅਤਾਂ ਅਤੇ ਖ਼ਿਆਲ ਇੱਕ ਐਦਾਂ ਦੇ ਰਵਇਏ ਨੂੰ ਹੌਸਲਾ ਦੇਂਦੇ ਸੀ, ਜੋ ਲੋਕਾਂ ਨੂੰ, ਜਿਉਂ ਦੀ ਤਿਉਂ ਹਾਲਤ ਨੂੰ, ਇੱਕ ਦਿੱਤੀ ਹੋਈ ਅਤੇ ਤਬਦੀਲ ਨਾ ਕਰਣ ਲਾਇੱਕ ਚੀਜ ਸਮਝਦੇ ਸੀ: ਗੁਜ਼ਰਾ ਹੋਇਆ ਲੰਬਾ ਵਕਤ, ਮੌਜੂਦਾ ਹਾਲਾਤ ਦੀ ਸਚਾਈ ਦੀ ਤਸਦੀਕ ਕਰਦਾ ਸੀ.

ਰੰਗੀਲਾ ਰਸੂਲ ਨਾਂਅ ਦੀ ਇੱਕ ਪੁਸਤਿਕਾ ਦੀ ਛਪਾਈ ਅਤੇ ਇਸ ਨੂੰ ਛਾਪਣ ਵਾਲੇ ਰਾਜਪਾਲ ਦਾ, ਇਲਾਮ ਦੀਨ ਦੁਆਰਾ ਕਤਲ, ਅਤੇ ਇਸ ਦੇ ਬਾਅਦ ਇਲਾਮ ਦੀਨ ਦਾ 1929 ਨੂੰ ਸੂਲੀ ਤੇ ਲਟਕਣਾ-ਇਹ ਉਣ ਮਸਲੇਆਂ ਦੀ ਤਰਫ਼ ਇਸ਼ਾਰਾ ਕਰਦੀ ਨੇ ਜਿਸ ਦਾ, ਇੱਕ ਨਵੀਨ ਸਮਾਜ ਨੂੰ ਸਾਹਮਣਾ ਕਰਨਾ ਸੀ: ਸਦੀਆਂ ਪੁਰਾਣੇ ਵਿਸ਼ਵਾਸਾਂ ਅਤੇ ਰਿਸ਼ਤੇਆਂ ਨੂੰ, ਪਰੇਸ਼ਾਨ ਕਰਦੀ ਲੋਕਾਂ ਦੀ ਆਪਣੇ ਖ਼ਿਆਲਾਂ ਨੂੰ ਜ਼ਾਹਰ ਕਰਣ ਦੀ ਆਜ਼ਾਦੀ. ਕੁੱਝ ਸਾਲਾਂ ਬਾਅਦ, 1935 ਤੇ ਸ਼ਹੀਦਗੰਜ ਦਾ ਮਸੀਤ-ਗੁਰਦੁਆਰਾ ਵਿਵਾਦ ਹੋਇਆ, ਜਿਸ ਨੇ ਮਜ਼ਹਬ ਅਤੇ ਮਜ਼ਬੂਬੀ ਪਛਾਣ ਦੇ ਨਾਂਅ ਤੇ, ਅਵਾਮ ਨੂੰ ਜੁਟਾਨ ਦੀ ਇਮਕਾਨ ਨੂੰ ਜ਼ਾਹਰ ਕੀਤਾ. ਮੁਲਤਾਨ, ਰਾਵਲਿਪਿੰਡੀ ਅਤੇ ਦੂਜੇ ਸ਼ਹਿਰੀ ਇਲਾਕਿਆਂ ਤੋਂ ਫ਼ਿਰਕੂ ਫ਼ਸਾਦਾਂ ਦੀ ਖ਼ਬਰਾਂ ਅਇਆਂ, ਮਗਰ ਪੰਜਾਬ ਤੇ ਸਮੁਚੇ ਤੌਰ ਤੇ, ਯੂਨੀਅਨਿਸਟ ਪਾਰਟੀ ਦੀ ਅਗਵਾਈ ਤੇ, ਅਮਨ ਕਾਇਮ ਰਹਿਆ.

ਮੁਸਲਿਮ ਲੀਗ ਦੁਆਰਾ ਮਾਰਚ 1940 ਤੇ ਲਾਹੌਰ ਮਤਾ ਅਪਣਾਉਣ ਦੇ ਬਾਅਦ, ਜੋ ਮੁਸਲਿਮ ਮਜਾਰਿਟੀ ਵਾਲੇ ਇਲਾਕਿਆਂ ਤੇ ਮੁਸਲਿਮਾਂ ਲਈ ਮੁਖ਼ਤਲਿਫ਼ ਸੂਬਿਆਂ ਦੀ ਮੰਗ ਕਰ ਰਹੀ ਸੀ, ਰਵਾਇਤੀ ਸਥਿਰਤਾ ਅਤੇ ਫ਼ਿਰਕੂ ਸਦਭਾਵਨਾ ਨੂੰ ਇੱਕ ਵੱਡਾ ਝਟਕਾ ਲਗਿਆ. ਹਿੰਦੂ ਅਤੇ ਸਿੱਖ ਪ੍ਰੈਸ ਨੇ ਇਸ ਨੂੰ 'ਪਾਕਿਸਤਨ ਰੈਜੋਲਯੁਸ਼ਨ' ਕਹਿ ਕੇ ਹਮਲਾ ਕੀਤਾ. ਸਿੱਖਾਂ ਨੇ ਜਵਾਬੀ ਅਮਲ ਕਰਦੇ ਹੋਏ, ਮਜ਼ਬੂਬੀ ਬੁਨਿਆਦ ਤੇ, ਪੰਜਾਬ ਦੀ ਤਕਸੀਮ ਕਰਣ ਦੀ ਮੰਗ ਕੀਤੀ. ਅਤੇ, ਪੰਜਾਬ ਦੀ ਤਕਸੀਮ ਦੀ ਬੁਨਿਆਦੀ ਦਲੀਲ, ਇੱਕ

ਆਸਾਨ ਮਗਰ ਵਿਸਫੋਟਕ ਫਾਰਮੁਲੇ ਨਾਲ ਤਾਲੁੱਕ ਰੱਖਦੀ ਸੀ: ਅਗਰ ਮੁਸਲਿਮਾਂ ਨੂੰ ਇੰਡੀਆ ਦੀ ਤਕਸੀਮ ਕਰ ਕੇ, ਇੱਕ ਅਲਗ ਮੁਲਕ ਹਾਸਲ ਹੁੰਦਾ ਸੀ, ਤੇ ਸਿੱਖਾਂ ਨੂੰ ਵੀ ਇੱਕ ਅਲਗ ਸੂਬਾ ਮਿਲਣਾ ਚਾਹੀਦਾ ਸੀ. ਕੁੱਝ ਸਬੂਤ ਮੌਜੂਦ ਨੇ ਕਿ ਅਕਾਲੀ ਆਗੂ ਸਿੱਖ ਸਾਹੀ ਰਿਆਸਤਾਂ ਨੂੰ ਮੁਤਾਸਰ ਕਰਣ ਲਗੇ ਸੀ, ਮਗਰ ਸਿੱਖਾਂ ਦਾ ਕੋਈ ਗ੍ਰੈਂਡ ਪਲਾਨ (ਬੁਲੰਦ ਮਨਸੂਬਾ) ਤਿਆਰ ਨਹੀਂ ਹੋਇਆ ਸੀ. ਇਸ ਦੇ ਇਲਾਵਾ, ਅਮਲੀ ਤੌਰ ਤੇ ਤਕਸੀਮ ਕਿਸ ਤਰ੍ਹਾਂ ਦਾ ਰੁਖ਼ ਅਖ਼ਤਿਆਰ ਕਰਦੀ, 1940 ਤੇ ਇਸ ਬਾਰੇ ਕਿਸੇ ਨੂੰ ਕੋਈ ਅੰਦਾਜ਼ਾ ਨਹੀਂ ਸੀ.

ਇਹ ਸਾਫ ਸੀ ਕਿ ਮੁਸਲਿਮ ਲੀਗ ਆਪਣੇ ਮਕਸਦ ਤੇ ਤਦ ਤਕ ਕਾਮਯਾਬ ਨਹੀਂ ਹੋ ਸਕਦੀ ਸੀ, ਜਦ ਤਕ ਉਹ, ਯੂਨੀਅਨਿਸਟ ਪਾਰਟੀ ਦੇ ਮੁਸਲਿਮ ਵੋਟਰਾਂ ਨੂੰ ਆਪਣੀ ਤਰਫ਼ ਨਹੀਂ ਕਰ ਲੈਂਦੀ. ਲਾਹੌਰ ਰੇਜੋਲਊਸ਼ਨ ਜਦ ਪਾਸ ਕਰ ਦਿੱਤਾ ਗਿਆ ਅਤੇ ਖ਼ਾਸ ਕਰ ਕੇ ਦਸੰਬਰ 1942 ਤੇ ਸਰ ਸਿਕੰਦਰ ਦੀ ਮੌਤ ਦੇ ਬਾਅਦ, ਯੂਨੀਅਨਿਸਟ ਪਾਰਟੀ ਤੇ ਵਿੱਚ, ਰਹਨੁਮਾਈ ਦਾ ਮੁਕਾਬਲਾ ਸ਼ੁਰੂ ਹੋ ਗਿਆ. ਸਰ ਖ਼ਿਜ਼ਰ ਟਿਵਾਣਾ ਜ਼ਿਮੀਦਾਰਾਂ ਦਾ ਸਹਾਰਾ ਹਾਸਲ ਨਾ ਕਰ ਸਕੇ, ਜੋ ਇੱਕ ਦੇ ਬਾਅਦ ਇੱਕ, ਯੂਨੀਅਨਿਸਟ ਪਾਰਟੀ ਛੱਡ ਕੇ ਮੁਸਲਿਮ ਲੀਗ ਵਿੱਚ ਸ਼ਾਮਲ ਹੋਣ ਲਗੇ. ਹੁਣ ਤਕ, ਇੰਡੀਆ ਅਤੇ ਪੰਜਾਬ ਦੀ ਤਕਸੀਮ ਦਾ ਵਕਤ ਨਹੀਂ ਹੋਇਆ ਸੀ ਕਿਉਂਕਿ ਬ੍ਰਿਟਿਸ਼ ਹਕੂਮਤ ਨੇ ਆਪਣੇ ਚਲੇ ਜਾਣ ਅਤੇ ਇੰਡੀਆ ਦੇ ਲੋਕਾਂ ਨੂੰ ਹਕੂਮਤ ਦੇ ਦੇਣ ਬਾਰੇ, ਸਾਫ਼ ਤੌਰ ਤੇ, ਕੋਈ ਐਲਾਨ ਨਹੀਂ ਕੀਤਾ ਸੀ.

ਫਿਰ ਵੀ, ਦੂਜੇ ਆਲਮੀ ਜੰਗ ਦੇ ਬਾਅਦ, ਜਿਸ ਸਿਆਸਤ ਨੇ ਰਫ਼ਤਾਰ ਹਾਸਲ ਕੀਤੀ, ਉਸ ਦੀ ਬੁਨਿਆਦ ਇਹ ਸੀ ਕਿ ਬ੍ਰਿਟਿਸ਼ ਬਹੁਤ ਜਲਦੀ, ਇੰਡੀਆ ਦੇ ਲੋਕਾਂ ਨੂੰ ਹਕੂਮਤ ਦੇ ਦੇਣਗੇ. ਲੰਡਨ ਤੇ ਜਦ ਹਕੂਮਤ ਬਦਲੀ ਅਤੇ ਲੇਬਰ ਪਾਰਟੀ ਦੀ ਸਰਕਾਰ ਬਣੀ, ਤਦ ਇੰਡੀਆ ਤੇ ਬ੍ਰਿਟਿਸ਼ ਹਕੂਮਤ ਨੇ ਸੂਬਿਆਂ ਦੀ ਅਸੇਮਬਲੀਆਂ ਤੇ ਅਤੇ *ਕੰਸਟੀਚਯੂਏਂਟ ਅਸੈਮਬਲੀ* ਤੇ ਇੰਤਖ਼ਾਬ ਦਾ ਐਲਾਨ ਕਰ ਦਿੱਤਾ. ਇੰਤਖ਼ਾਬ ਦੇ ਨਤੀਜੇ ਦਾ ਅਸਲੀ ਮਕਸਦ ਜਨਮਤ ਹਾਸਲ ਕਰਣਾ ਸੀ ਕਿ ਇੰਡੀਆ ਇਤਹਾਦੀ ਰਹੇਗਾ ਜਾਂ ਇਸ ਦੀ ਤਕਸੀਮ ਹੋਵੇਗੀ-ਬੰਗਾਲ ਅਤੇ ਪੰਜਾਬ ਦੀ ਤਕਸੀਮ ਉਸ ਵਕਤ, ਕੋਈ ਅਹਿਮ ਮੁੱਦਾ ਨਹੀਂ ਸੀ.

ਪਹਿਲਾ ਚਰਣ

ਜੁਲਾਈ 1945 ਤੇ ਪੰਜਾਬ ਵਿੱਚ, ਜਿਸ ਚੋਣ ਦੀ ਮੁਹਿੰਮ ਦਾ ਆਘਾਜ਼ ਹੋਇਆ ਉਸ ਵਿੱਚ ਪੰਜਾਬ ਦੀ ਤਕਸੀਮ ਕੋਈ ਮੁੱਦਾ ਨਹੀਂ ਸੀ, ਹਾਲਾਂਕਿ ਸਿੱਖ ਇੱਕ ਲੰਬੇ ਵਕਤ ਤੋਂ, ਚੇਤਾਵਨੀ ਦੇ ਰਹੇ ਸੀ ਕਿ ਅਗਰ ਇੰਡੀਆ ਦੀ ਤਕਸੀਮ ਹੁੰਦੀ ਸੀ, ਤੇ ਪੰਜਾਬ ਦੀ ਵੀ ਤਕਸੀਮ ਹੋਵੇਗੀ. ਇਹ ਕੁਦਰਤੀ ਸੀ ਕਿ ਇਸ ਤਰ੍ਹਾਂ ਦੀ ਮੰਜ਼ਿਲ ਉਹ ਤਾਂ ਹੀ ਹਾਸਲ ਕਰ ਸਕਦੇ ਸੀ, ਅਗਰ ਉਹ ਪੰਜਾਬ ਦੇ ਹਿੰਦੂਆਂ ਨੂੰ, ਆਪਣੇ ਨਾਲ ਲੈ ਲੇਂਦੇ. ਇੰਤਖ਼ਾਬ ਦੀ ਮੁੱਹਿਮ ਦੇ ਦੌਰਾਨ, ਮੁਸਲਿਮ ਲੀਗ ਨੇ ਯੂਨੀਅਨਿਸਟ ਪਾਰਟੀ ਅਤੇ ਕਾਂਗਰੇਸ ਹੋਰ ਸਿੱਖਾਂ ਨੂੰ ਨਿਸ਼ਾਨਾ ਬਣਾਇਆ. ਜਦ ਕਿ ਸਰ ਖ਼ਿਜ਼ਰ ਨੂੰ ਇਸਲਾਮ ਦਾ ਦੁਸ਼ਮਨ ਦੱਸਿਆ ਗਿਆ ਅਤੇ ਉਨ੍ਹਾਂ ਦੇ ਖ਼ਿਲਾਫ਼ ਬਦਜ਼ਬਾਨੀ ਨਾਲ ਨਾਅਰੇਬਾਜ਼ੀ ਕੀਤੀ ਗਈ, ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼ ਤਕਰੀਰ ਤੇ, ਉਣ ਦੋ ਕੌਮਾਂ ਦਾ ਸ਼ੈਤਾਨੀਕਰਣ ਅਤੇ ਵਹਿਸ਼ੀਕਰਣ ਕਰਦੇ ਹੋਏ, ਉਨ੍ਹਾਂ ਨੂੰ ਕਾਫ਼ਿਰ ਅਤੇ ਸ਼ੋਸਕ ਦੱਸਿਆ. ਪੰਜਾਬ ਗਵਰਨਰ ਦੀ ਪੰਦਰਵਾੜੇ ਦੀ ਰਿਪੋਰਟਾਂ ਅਤੇ ਮੁੱਖ ਸਕੱਤਰ ਨੇ ਇਸ ਰੁਝਾਨ ਨੂੰ, ਇੱਕ ਵੱਡੇ ਪੈਮਾਨੇ ਤੇ ਦਰਜ ਕੀਤਾ. ਯੂਨੀਅਨਿਸਟ ਪਾਰਟੀ ਨੇ ਇਸ ਦਾ ਜਵਾਬ ਕਾਂਗਰੇਸ ਹਿਮਾਇਤੀ ਅਹਰਾਰ ਤਕਰੀਰ ਕਰਣ ਵਾਲੇਆਂ ਦੀ

ਲਾਮਬੰਧੀ ਕਰ ਕੇ ਕੀਤਾ, ਜੋ ਮੁਸਲਿਮ ਲੀਗ ਅਤੇ ਇਸ ਦੇ ਆਗੂਆਂ ਦੇ, ਖ਼ਾਸ ਕਰ ਕੇ ਜਿਨਾਹ ਦੇ, ਇਸਲਾਮੀ ਪਛਾਣ ਉਪਰ ਸਵਾਲਿਆ ਨਿਸ਼ਾਨ ਲਗਾਏ, ਮਗਰ ਉਨ੍ਹਾਂ ਦੀ ਮੁਹਿੰਮ ਬੇਅਸਰ ਰਹੀ. ਇੰਤਖ਼ਾਬ ਦੀ ਮੁਹਿੰਮ ਤੋਂ ਪਹਿਲਾਂ ਦੇ ਨਾਜ਼ਕ ਵਕਤ, ਅਗਸਤ 1942-ਜੂਨ 1945 ਦੇ ਦੌਰਾਨ, ਕਾਂਗਰੇਸ ਪਾਰਟੀ ਇੰਡੀਆ ਅਤੇ ਪੰਜਾਬ ਤੇ ਜੇਲ੍ਹਾਂ ਭਰ ਰਹੀ ਸੀ. ਇਸ ਦੇ ਚਲਦੇ, ਮੁਸਲਿਮ ਲੀਗ ਨੂੰ ਇੱਕ ਮੌਕਾ ਮਿਲ ਗਿਆ ਤਾਂਕਿ ਇਹ ਅਪਣੇ ਪਾਕਿਸਤਾਨ ਹਾਸਲ ਕਰਣ ਦੇ ਮਕਸਦ ਦਾ, ਬਗੈਰ ਗੰਭੀਰ ਚੁਨੌਤੀ ਦੇ, ਪ੍ਰਚਾਰ ਕਰ ਸਕੇ.

ਮੁਸਲਿਮ ਲੀਗ ਦੀ ਪੰਜਾਬ ਵਿੱਚ ਇੰਤਖ਼ਾਬੀ ਮੁਹਿੰਮ, ਦੇਸ਼ੀ ਕਾਰਕੁਨਾਂ ਦੀ ਮਦਦ ਨਾਲ ਕੀਤੀ ਗਈ, ਮਸਲਣ ਬਰੇਲਵੀ ਮੌਲਵੀ, ਮੁਸਲਿਮ ਕਮਊਨਿਸਟ, ਅਤੇ ਅਲੀਗੜ ਯੂਨੀਵਰਸਿਟੀ ਦੇ ਮੁਸਲਿਮ ਵਿਦਿਆਰਥੀ. ਇਨ੍ਹਾਂ ਦੀ ਮਿਲੀ ਜੁਲੀ ਕੋਸ਼ਿਸ਼ ਸੀ ਪਾਕਿਸਤਾਨ ਨੂੰ ਇਸ ਦੁਨੀਆ ਤੇ, ਮੁਸਤਕਬਿਲ ਦੀ ਜਨੱਤ ਦੀ ਤਰ੍ਹਾਂ ਪੇਸ਼ ਕਰਣਾ, ਅਤੇ ਇਸ ਨੇ ਮੁਸਲਿਮ ਲੋਕਾਂ ਦੀ ਕਿਆਸ ਨੂੰ ਮੋਹ ਲੀਤਾ, ਭਾਵੇਂ ਉਹ ਵੋਟਰ ਸਨ ਜਾਂ ਨਹੀਂ. ਇੰਤਖ਼ਾਬ ਦੇ ਨਤੀਜੇ ਆਫ਼ਤ ਲੈ ਆਉਣ ਵਾਲੇ ਸਾਬਤ ਹੋਏ. ਜਦ ਚੋਣ ਦੀ ਮੁਹਿੰਮ ਚਲ ਰਹੀ ਸੀ, ਹਿੰਦੂਆਂ ਅਤੇ ਸਿੱਖਾਂ ਨੂੰ ਖ਼ੌਫ਼ ਅਤੇ ਫ਼ਿਕਰ ਸਤਾਉਣ ਲਗਾ, ਮਗਰ ਨਤੀਜੇਆਂ ਨੇ ਉਨ੍ਹਾਂ ਦੇ ਸਭ ਤੋਂ ਬਦਤਰ ਡਰ ਨੂੰ ਹਕੀਕਤ ਵਿੱਚ ਤਬਦੀਲ ਕਰ ਦਿੱਤਾ. ਪੰਜਾਬ ਦੇ ਮੁਸਲਿਮਾਂ ਨੇ ਮੁਸਲਿਮ ਲੀਗ ਨੂੰ ਮਜਬੂਤੀ ਨਾਲ ਅਤੇ ਬੇਰੋਕਟੋਕ ਵੋਟ ਦਿੱਤੇ. ਯੂਨੀਅਨਿਸਟ ਪਾਰਟੀ ਤੋਂ ਲੋਕ ਦੂਰ ਚਲੇ ਗਏ ਸੀ. ਸਿੱਖਾਂ ਨੇ ਵੀ ਪੰਥਿਕ ਪਾਰਟੀਆਂ ਨੂੰ ਵੋਟਾਂ ਪਾਇਆਂ-ਜੋ ਸਾਰੀਆਂ ਮਾਸਟਰ ਤਾਰਾ ਸਿੰਘ ਅਤੇ ਅਕਾਲੀਆਂ ਨਾਲ ਸਨ, ਜੋ ਚਾਹੁੰਦੇ ਸੀ ਕਿ ਅਗਰ ਪਾਕਿਸਤਾਨ ਬਣਦਾ ਸੀ ਤੇ, ਪੰਜਾਬ ਦੀ ਤਕਸੀਮ ਹੋਵੇ. ਇਸ ਦੇ ਇਲਾਵਾ, ਅੰਬਾਲਾ ਡਿਵੀਜ਼ਨ ਦੇ ਹਿੰਦੂ ਜਾਟ ਯੂਨੀਅਨਿਸਟ ਪਾਰਟੀ ਤੋਂ ਹਟ ਕੇ ਕਾਂਗਰੇਸ ਦੀ ਤਰਫ਼ ਝੁਕ ਰਹੇ ਸੀ, ਕਿਉਂਕਿ ਚੌਧਰੀ ਛੋਟੂ ਰਾਮ ਦੀ 1945 ਦੇ ਸ਼ੁਰੂ ਤੇ ਮੌਤ ਹੋ ਗਈ ਸੀ. ਹਿੰਦੂ ਮਹਾਸਭਾ, ਅਹਰਾਰ ਅਤੇ ਦੂਜੀ ਛੋਟੀ ਪਾਰਟੀਆਂ ਦਾ ਸਫਾਇਆ ਹੋ ਗਿਆ ਸੀ. ਤਿੰਨ ਮਜ਼ਬੂਬੀ ਕੌਮਾਂ ਹੁਣ ਚੋਣ ਅਤੇ ਸਿਆਸੀ ਤੌਰ ਤੇ, ਤਿੰਨ ਸਿਆਸੀ ਪਾਰਟੀਆਂ ਦੇ ਨਾਲ ਇਕਸਾਰ ਹੋ ਗਈਆਂ ਸੀ. ਜਦ ਕਿ ਮੁਸਲਿਮ ਲੀਗ, ਸਾਫ ਤੌਰ ਤੇ ਇੱਕ ਮਜਾਰਿਟੀ ਪਾਰਟੀ ਸੀ, ਇਸ ਦਾ ਫ਼ਾਇਦਾ, ਪੂਰੀ ਤਰ੍ਹਾਂ ਮੁਸਲਿਮਾਂ ਦੀ ਨੁਮਾਇੰਦਗੀ ਕਰਣ ਵਿੱਚ ਸੀ. ਇਸ ਦੇ ਇਲਾਵਾ, ਇਹ ਜ਼ਰੂਰੀ ਮਜਾਰਿਟੀ ਹਾਸਲ ਕਰਣ ਤੋਂ ਦੱਸ ਸੀਟਾਂ ਦੂਰ ਸੀ.

ਕਾਂਗਰੇਸ ਅਤੇ ਸਿੱਖਾਂ ਨੇ ਪੱਕਾ ਇਰਾਦਾ ਕਰ ਲੀਤਾ ਸੀ ਕਿ ਉਹ ਮੁਸਲਿਮ ਲੀਗ ਦੀ ਸਰਕਾਰ ਬਣਾਉਣ ਦੀ ਕੋਸ਼ਿਸ਼ ਨੂੰ ਉਲਟ ਦੇਣਗੇ. ਉਨ੍ਹਾਂ ਨੇ ਸਰ ਖ਼ਿਜ਼ਰ ਨੂੰ ਪੰਜਾਬ ਦੇ ਵਜ਼ੀਰੇ-ਆਜ਼ਮ ਦੇ ਤੌਰ ਤੇ, ਮਦਦ ਕਰਣ ਦਾ ਫ਼ੈਸਲਾ ਕੀਤਾ. ਜੋ ਗੱਠਜੋਣ ਵਾਲੀ ਸਰਕਾਰ ਬਣੀ, ਉਹ ਸੰਵਿਧਾਨ ਦੇ ਅਸੂਲ ਅਤੇ ਰਵਾਇਤ ਦੇ ਮੁਤਾਬਕ ਸੀ, ਪਰ ਇਸ ਨੇ ਮੁਸਲਿਮ ਲੀਗ ਨੂੰ ਸਿੱਧੀ ਕਾਰਵਾਈ ਦੀ ਧਮਕੀ ਦੇਣ ਲਈ ਉਕਸਾ ਦਿੱਤਾ. ਖ਼ੁਫ਼ੀਆ ਸਰਕਾਰੀ ਰਿਪੋਰਟਾਂ ਚੇਤਾਵਨੀ ਦੇ ਰਹੀਆਂ ਸੀ ਕਿ 'ਨਿਜੀ ਫ਼ੌਜ' ਜਿਸ ਵਿੱਚ ਭਰਤੀ, ਇੰਤਖ਼ਾਬ ਦੀ ਮੁਹਿੰਮ ਦੇ ਵਕਤ ਤੋਂ ਸ਼ੁਰੂ ਹੋ ਗਈ ਸੀ, ਉਸ ਦੀ ਤਦਾਦ ਵਧ ਰਹੀ ਸੀ ਅਤੇ ਮੁਸਲਿਮ ਲੀਗ ਨੈਸ਼ਨਲ ਗਾਰਡਸ, ਆਰ ਐਸ ਐਸ ਅਤੇ ਅਕਾਲ ਫ਼ੌਜ਼, ਖ਼ਤਰਨਾਕ ਸਾਬਤ ਹੋ ਸਕਦੀਆਂ ਸੀ, ਅਗਰ ਪੰਜਾਬ ਦਾ ਸਿਆਸੀ ਮਸਲਾ ਲੰਬਾ ਖਿੱਚਦਾ ਸੀ. ਮਗਰ, ਟਾਕਰੇ ਦੀ ਅਸਲ ਪਹਿਲ ਸਰ ਖ਼ਿਜ਼ਰ ਨੇ ਕੀਤੀ, ਜਦ ਉਨ੍ਹਾਂ ਨੇ ਪੁਲਿਸ ਨੂੰ ਹੁਕਮ ਦਿੱਤਾ ਕਿ ਉਹ ਮੁਸਲਿਮ ਲੀਗ ਦੇ ਲਕਸ਼ਮੀ ਚੌਕ, ਲਾਹੌਰ ਦੇ ਮੁੱਖ ਦਫ਼ਤਰ ਉਪਰ ਛਾਪਾ ਮਾਰਣ. ਆਰ ਐਸ ਐਸ ਦੇ ਦਫ਼ਤਰ ਉਪਰ ਵੀ ਛਾਪਾ ਮਾਰਿਆ ਗਿਆ. ਮਗਰ ਜਿਸ ਨਾਟਕੀ ਤੌਰ ਤੇ

ਮੁਸਲਿਮ ਲੀਗ ਦੇ ਦਫ਼ਤਰ ਉਪਰ ਛਾਪਾ ਮਾਰਿਆ ਗਿਆ, ਉਸ ਨੇ ਪੰਜਾਬ ਦੇ ਹਾਲਾਤ ਬਦਤਰ ਕਰ ਦਿੱਤੇ. ਮੁਸਲਿਮ ਲੀਗ ਦੇ ਆਗੂਆਂ ਨੇ, ਦਫ਼ਤਰ ਦੇ ਇਹਾਤੇ ਦੇ ਅੰਦਰ ਪੁਲਿਸ ਨੂੰ ਦਾਖ਼ਲ ਹੋਣ ਤੋਂ ਰੋਕਿਆ. ਉਨ੍ਹਾਂ ਨੂੰ ਗਰਿਫ਼ਤਾਰ ਕੀਤਾ ਗਿਆ ਅਤੇ ਮੁਸਲਿਮ ਲੀਗ ਦੇ ਇਤਿਹਾਸ ਤੇ, ਪਹਿਲੀ ਵਾਰ ਉਨ੍ਹਾਂ ਦੇ ਇੱਕ ਸੂਬੇ ਤੋਂ ਛੱਡ ਕੇ, ਬਾਕੀ ਸਾਰੇ ਵੱਡੇ ਰਹਨੁਮਾਵਾਂ ਨੂੰ ਸਰਕਾਰੀ ਹੁਕਮ ਨਾ ਮੱਨਣ ਦੇ ਇਲਜ਼ਾਮ ਵਿੱਚ, ਜੇਲ੍ਹ ਪਹੁੰਚਾ ਦਿੱਤਾ ਗਿਆ.

ਤਦ ਤਕ, ਲਾਹੌਰ ਅਤੇ ਪੰਜਾਬ ਦੇ ਮੁੱਖ ਸ਼ਹਿਰਾਂ ਦੇ ਮੁਸਲਿਮ, ਪਾਕਿਸਤਾਨ ਦੀ ਮੰਗ ਦੀ ਸੱਚਾਈ ਬਾਰੇ ਯਕੀਨ ਕਰਣ ਲਗੇ ਸੀ. ਪੁਲਿਸ ਦੀ ਹਿਰਾਸਤਾਂ ਅਤੇ ਜੇਲ੍ਹ ਗਰਿਫ਼ਤਾਰੀ ਦੇਣ ਵਾਲੇ ਰਜ਼ਾਕਾਰਾਂ ਨਾਲ ਭਰ ਗਏ ਸੀ. ਇਸ ਦੇ ਨਾਲ ਹੀ, ਖ਼ਿਜ਼ਰ ਦੇ ਖ਼ਿਲਾਫ਼, ਸ਼ਰਮਿੰਦਗੀ ਵਾਲੇ ਪ੍ਰਚਾਰ ਦੀ ਬੌਛਾਰ ਹੋਰ ਵੀ ਜ਼ਿਆਦਾ ਸ਼ਾਤਿਰ ਹੋ ਗਈ, ਜਦ ਨਾਅਰੇਬਾਜ਼ਾਂ ਨੇ ਉਨ੍ਹਾਂ ਨੂੰ ਥਲੇ ਕਰਣ ਲਈ, ਪੰਜਾਬੀ ਦੀ ਬੇਹਦ ਗੰਦੀ ਗਾਲਾਂ ਤਿਆਰ ਕੀਤੀਆਂ. ਇਹ ਪੂਰੀ ਤਰ੍ਹਾਂ ਸਾਫ ਨਹੀਂ ਹੈ ਕਿ ਪੂਰੇ ਸੂਬੇ ਨੂੰ ਜਕੜ ਲੈਣ ਵਾਲੇ ਅੰਦੋਲਨ ਨੂੰ ਤੋੜਣ ਲਈ, ਖ਼ਿਜ਼ਰ ਨੇ ਪੁਲਿਸ ਅਤੇ ਦੂਜੇ ਅਧਿਕਾਰੀਆਂ ਨੂੰ ਬਦਨਾਮ ਕਰੁਰ ਤਰੀਕੇ ਇਸਤੇਮਾਲ ਕਰਣ ਤੋਂ ਰੋਕਿਆਂ ਜਾਂ, ਜੈਦਾਂ ਕਿ ਸਰਕਾਰੀ ਰਿਪੋਰਟਾਂ ਘੁਮਾ-ਫਿਰਾ ਕੇ ਇਸ਼ਾਰਾ ਕਰਦੀਆਂ ਨੇ ਕਿ, ਬਹੁਤ ਜ਼ਿਆਦਾ ਮੁਸਲਿਮ ਇੰਤਜ਼ਾਮ (70 ਫ਼ੀਸਦੀ ਤੋਂ ਵੀ ਜ਼ਿਆਦਾ ਪੁਲਿਸਵਾਲੇ ਮੁਸਲਿਮ ਸੀ), ਪਹਿਲਾਂ ਤੋਂ ਹੀ ਪਾਕਿਸਤਾਨ ਦੀ ਮੰਗ ਨਾਲ ਹਮਦਰਦੀ ਰੱਖਦੇ ਸੀ. ਬਾਅਦ ਵਾਲੀ ਗੱਲ ਹੀ ਹਕੀਕਤ ਤੇ ਕਰੀਬ ਲਗਦੀ ਹੈ, ਹਾਲਾਂਕਿ ਇਹ ਰਿਪੋਰਟਾਂ, ਖ਼ਿਜ਼ਰ ਦੇ ਮੁਸਲਿਮ ਲੀਗ ਨਾਲ ਟਾਕਰਾ ਨਾ ਕਰਣ ਦੀ ਮਰਜ਼ੀ ਨੂੰ ਖ਼ਾਰਿਜ਼ ਨਹੀਂ ਕਰਦੀ ਨੇ. ਆਖ਼ੀਰਕਾਰ, ਉਸ ਦੇ ਜ਼ਿਆਦਾਤਰ ਸਾਥੀ ਉਸ ਨੂੰ ਛੱਡ ਕੇ ਮੁਸਲਿਮ ਲੀਗ ਵਿੱਚ ਸ਼ਾਮਲ ਹੋ ਗਏ ਸੀ. ਜਿਸ ਚੀਜ ਨੇ ਖ਼ਿਜ਼ਰ ਦਾ ਸਭ ਤੋਂ ਜ਼ਿਆਦਾ ਮਨੋਬਲ ਤੋੜ ਦਿੱਤਾ, ਉਹ ਸੀ ਬ੍ਰਿਟਿਸ਼ ਹਕੂਮਤ ਦਾ 20 ਫ਼ਰਵਰੀ 1947 ਦਾ ਬਿਆਨ ਕਿ ਉਹ ਜੂਨ 1948 ਤਕ, ਇੰਡੀਆ ਦੇ ਲੋਕਾਂ ਨੂੰ ਹਕੂਮਤ ਦੇ ਦੇਣਗੇ. ਅਤੇ, ਉਹ ਰਾਜ ਜਾਰੀ ਨਾ ਰਹਿਣ ਨਾਲ, ਆਪਣਾ ਕੋਈ ਸਿਆਸੀ ਮੁਸਤਕਬਿਲ ਨਹੀਂ ਵੇਖ ਰਹੇ ਸੀ.

ਹਿੰਦੂ-ਸਿੱਖ ਨਜ਼ਰਿਏ ਤੋਂ, 1945 ਦੀ ਇੰਤਖ਼ਾਬੀ ਮੁਹਿੱਮ ਅਤੇ 24 ਜਨਵਰੀ-26 ਫ਼ਰਵਰੀ ਦੀ ਸਿੱਧੀ ਕਾਰਵਾਈ, ਇਸ ਗੱਲ ਦੀ ਤਸਦੀਕ ਕਰਦੇ ਸੀ ਕਿ ਉਹ ਇੱਕ ਵਹਿਸ਼ੀ ਮਜਾਰਿਟੀ ਦੇ ਰਹਿਮ ਦੇ ਆਸਰੇ ਰਹਿਣਗੇ. ਅਤੇ ਜਦ ਖ਼ਿਜ਼ਰ ਨੇ 2 ਮਾਰਚ ਨੂੰ ਅਸਤੀਫ਼ਾ ਦੇ ਦਿੱਤਾ-ਮੁਸਲਿਮ ਲੀਗ ਦੇ ਨਾਲ, ਸਿੱਧੀ ਕਾਰਵਈ ਦੇ ਅੰਦੋਲਨ ਨੂੰ ਖ਼ਤਮ ਕਰਣ ਬਾਰੇ ਇੱਕ ਰਜਾਮੰਦੀ ਦੇ ਬਾਅਦ-ਹਿੰਦੂ ਅਤੇ ਸਿੱਖ ਆਗੂ ਸਦਮੇ ਵਿੱਚ ਸਨ. ਪੰਜਾਬ ਲੇਜੀਸਲੇਟਿਵ ਅਸੈਮਬਲੀ ਦੇ ਬਾਹਰ ਜਦ ਮਾਸਟਰ ਤਾਰਾ ਸਿੰਘ ਦੇ ਦਿਖਾਵੇ ਨੇ ਉਸ ਟਾਕਰੇ ਨੂੰ ਤੇਜੀ ਦੇਣ ਲਈ, ਅਗਲੀ ਚਿਣਗਾਰੀ ਦਾ ਕੱਮ ਕੀਤਾ, ਜੋ ਤਸ਼ੱਦਦੀ ਹੋਣਾ ਹੀ ਸੀ ਅਗਰ ਇਸ ਨੂੰ ਰੋਕਣ ਲਈ, ਕੋਈ ਕਰਿਸ਼ਮਾ ਨਹੀਂ ਹੁੰਦਾ. ਇਸ ਤਰ੍ਹਾਂ ਦੇ ਕਰਿਸ਼ਮੇ ਦੀ ਉਮੀਦ ਬੇਹਦ ਘੱਟ ਸੀ, ਬਲਕਿ 3 ਮਾਰਚ ਦੀ ਸ਼ਾਮ ਨੂੰ, ਹਿੰਦੂ ਮਹਾਸਭਾ ਅਤੇ ਸਿੱਖ ਰਹਨੁਮਾਵਾਂ ਨੇ ਪੂਰੇ ਜੰਗ ਦਾ ਐਲਾਨ ਕਰ ਦਿੱਤਾ, ਅਤੇ ਇਸ ਨੇ ਉਸ ਚਿਣਗਾਰੀ ਦਾ ਕੱਮ ਕੀਤਾ, ਜਿਸ ਨੇ ਤਸ਼ੱਦਦੀ ਜਨੂਨ ਨੂੰ ਅੱਗ ਲਗਾ ਦਿੱਤੀ ਅਤੇ ਇਹ ਬੇਮਿਸਾਲ ਫ਼ਿਰਕੂ ਤਸ਼ੱਦਦ ਦੇ ਬਾਅਦ ਖ਼ਤਮ ਹੋਇਆ.

ਹਿੰਦੂ-ਸਿੱਖ ਅਤੇ ਮੁਸਲਿਮ ਕਾਰਕੁਨਾਂ ਦੇ ਵਿੱਚ, 4 ਮਾਰਚ 1947 ਨੂੰ ਲਾਹੌਰ ਤੇ ਝੜਪਾਂ ਹੋਇਆਂ, ਅਤੇ ਜਿਸ ਦੇ ਬਾਅਦ, ਅੱਮ੍ਰਿਤਸਰ, ਜਲੰਧਰ, ਮੁਲਤਾਨ ਅਤੇ ਰਾਵਲਪਿੰਡੀ ਤੇ ਹੋਈਆਂ, ਇਸੇ ਤਰ੍ਹਾਂ ਦੀ ਝੜਪਾਂ

ਨੇ, ਕਾਫ਼ੀ ਵਕਤ ਤੋਂ ਚਲੇ ਆ ਰਹੇ ਉਤਾਰ-ਚੜ੍ਹਾਵ ਦੇ ਹਾਲਾਤਾਂ ਨੂੰ ਹੋਰ ਬਦਤਰ ਕਰ ਦਿੱਤਾ. ਝੜਪਾਂ ਦਾ ਆਘਾਜ਼ ਤਦ ਹੋਇਆ ਜਦ ਹਿੰਦੂ-ਸਿੱਖ ਹਲਚਲ ਪੈਦਾ ਕਰਣ ਵਾਲੇ, ਪਾਕਿਸਤਾਨ ਦੀ ਮੁਖ਼ਾਲਫ਼ਤ ਕਰਦੇ ਹੋਏ ਨਾਅਰੇਬਾਜ਼ੀ ਕਰਣ ਲਗੇ ਅਤੇ ਮੁਸਲਿਮ ਕਾਰਕੁਨਾਂ ਨੇ ਉਨ੍ਹਾਂ ਨੂੰ ਚੁਨੌਤੀ ਦਿੱਤੀ. 5 ਮਾਰਚ 1947 ਤੋਂ, ਪੰਜਾਬ ਵਿੱਚ ਹਾਲਾਤ ਬੁਨਿਆਦੀ ਤੋਰ ਤੇ ਬਦਲ ਗਏ, ਜਦ ਗਵਰਨਰ ਦੀ ਹਕੂਮਤ ਨੂੰ ਲਾਗੂ ਕੀਤਾ ਗਿਆ; ਉਸ ਵਕਤ ਦੇ ਬਾਅਦ ਕੋਈ ਸਰਕਾਰ, ਇੰਤਜ਼ਾਮ ਚਲਾਉਣ ਲਈ, ਚੁਣੀ ਨਹੀਂ ਗਈ. ਇਸ ਦੇ ਬਾਅਦ, ਮੁਸਲਿਮ ਲੀਗ ਅਤੇ ਇਸ ਦੇ ਮੁੱਖ ਮੁਖ਼ਾਲਫ਼ਤੀ ਸਿੱਖ ਪੰਥਿਕ ਪਾਰਟੀਆਂ ਅਤੇ ਪੰਜਾਬ ਕਾਂਗਰੇਸ, ਦੇ ਦਰਮਿਆਨ ਦੇ ਫ਼ਾਸਲੇ ਦੂਰ ਕਰਣ ਦੀ ਕੋਸ਼ਿਸ਼ਾਂ ਨਾਕਾਮਯਾਬ ਰਹਿਆਂ.

ਇਸ ਬਾਰੇ ਗੌਰ ਕਰਣਾ ਦਿਲਚਸਪ ਹੈ ਕਿ ਰਾਵਲਪਿੰਡੀ ਤੇ ਫ਼ਸਾਦਾਂ ਦੇ ਸ਼ੁਰੂਆਤੀ ਦੌਰ ਤੇ, ਸਿੱਖ ਸਾਇਦ ਇੱਕ ਜਾਂ ਦੋ ਦਿਨਾਂ ਤਕ ਹਾਵੀ ਸਨ, ਪਰ ਉਸ ਵਕਤ ਪਾਸਾ ਪਲਟ ਗਿਆ, ਜਦ 6 ਮਾਰਚ 1947 ਦੀ ਸ਼ਾਮ ਨੂੰ ਮੁਸਲਿਮ ਹਮਲਾਵਰਾਂ ਨੇ ਜ਼ਿਆਦਾਤਰ ਸਿੱਖ ਆਬਾਦੀ ਵਾਲੇ ਉਣ ਪਿੰਡਾਂ ਉਪਰ ਹਮਲਾ ਕਰ ਦਿੱਤਾ, ਜਿਨ੍ਹਾਂ ਦੇ ਚਾਰੋਂ ਪਾਸੇ, ਇੱਕ ਵੱਡੀ ਤਦਾਦ ਵਿੱਚ ਮੁਸਲਿਮ ਪਿੰਡ ਮੌਜੂਦ ਸਨ. ਇਣ ਪਿੰਡਾਂ ਉਪਰ ਇੱਕ ਵਡੀ ਭੀੜ ਨੇ ਹਮਲਾ ਕੀਤਾ, ਜਿਸ ਵਿੱਚ ਕਈ ਵਾਰ ਤੇ ਹਜ਼ਾਰਾਂ ਦੀ ਤਦਾਦ ਤੇ ਹਮਲਾਵਰ ਹੁੰਦੇ ਸਨ ਅਤੇ ਇਸ ਨੇ ਉਥੇ ਦੇ ਸਿੱਖਾਂ ਦੇ ਹੌਸਲੇ ਪਸਤ ਕਰ ਦਿੱਤੇ. ਜੋ ਕਤਲੇਆਮ ਹੋਏ ਉਹ ਬੇਸ਼ਕ ਨਸਲਕੁਸ਼ੀ ਸੀ-ਚੰਗੀ ਤਰ੍ਹਾਂ ਤਿਆਰ ਕੀਤੇ ਮਨਸੂਬੇ ਅਤੇ ਇਣ ਸਭ ਦਾ ਇਰਾਦਾ ਕਤਲ ਕਰਣਾ ਸੀ. ਸਿੱਖਾਂ ਨੇ ਆਪਣੀ ਔਰਤਾਂ ਨੂੰ ਖੁਦ ਹਲਾਕ ਕਰ ਦਿੱਤਾ, ਜੋ ਇਸ ਘਟਨਾ ਨੂੰ ਹੋਰ ਦਰਦਨਾਕ ਬਣਾ ਦੇਂਦਾ ਹੈ, ਮਗਰ ਉਣ ਦਿਨਾਂ ਤੇ ਪਾਕੀਜ਼ਗੀ ਅਤੇ ਇੱਜ਼ਤ ਦੀ ਰਵਾਇਤਾਂ ਨੇ ਇਸ ਤਰ੍ਹਾਂ ਦੇ ਅਜ਼ੀਬ ਸਲੂਕ ਉਪਰ ਦਬਾਅ ਪਾਇਆ.

ਮੈਂ ਕਈ ਲੋਕਾਂ ਨਾਲ ਗੱਲ ਕੀਤੀ, ਜੋ ਪਾਕਿਸਤਾਨ ਦੀ ਸਿਵਲ ਇੰਤਜ਼ਾਮ ਤੇ ਕਾਫ਼ੀ ਉੱਚੇ ਅਹੁਦੇ ਤੇ ਸਨ, ਤਾਂਕਿ ਇਹ ਤਫ਼ਸੀਲੀ ਤੌਰ ਤੇ ਪਤਾ ਲਗ ਸਕੇ ਕਿ ਫ਼ੌਜ਼ ਨੂੰ ਗੜਬੜੀ ਵਾਲੇ ਇਲਾਕਿਆਂ ਤੇ ਪਹੁੰਚ ਕੇ, ਹਮਲੇਆਂ ਨੂੰ ਰੋਕਣ ਤੇ ਇੰਨਾ ਵਕਤ ਕਿਉਂ ਲਗ ਗਿਆ ਸੀ. ਤਸ਼ੱਦਦ ਦੇ ਆਘਾਜ਼ ਦੇ ਤਕਰੀਬਨ ਇੱਕ ਹਫ਼ਤੇ ਬਾਅਦ ਤਕ, ਫ਼ੌਜ਼ ਇਣ ਇਲਾਕਿਆਂ ਤੇ 13 ਜਾਂ 14 ਮਾਰਚ ਤਕ ਨਹੀਂ ਪਹੁੰਚੀ ਸੀ. ਉਹ ਪਿੰਡ, ਰਾਵਲਪਿੰਡੀ ਤੇ ਉੱਤਰੀ ਕਮਾਂਡ ਦੇ ਮੁੱਖ ਦਫ਼ਤਰ ਤੋਂ ਇੱਕ ਜਾਂ ਦੋ ਘੰਟੇਆਂ ਦੀ ਸਵਾਰੀ ਦੀ ਦੂਰੀ ਤੇ ਸਨ, ਅਤੇ ਇਹ ਯਕੀਨ ਕਰਣਾ ਨਾਮੁਮਕਿਨ ਹੈ ਕਿ ਬ੍ਰਿਟਿਸ਼ ਅਫ਼ਸਰਾਂ ਨੂੰ ਉਨ੍ਹਾਂ ਦੀ ਆਪਣੀ ਸੰਸਥਾਵਾਂ ਤੋਂ ਕੋਈ ਖ਼ੁਫ਼ੀਆ ਇਤਲਾਹ ਨਹੀਂ ਸੀ.

ਕੋਈ ਵੀ ਭਰੋਸੇਮੰਦ ਖ਼ੁਲਾਸਾ ਨਹੀਂ ਕਰ ਪਾ ਰਿਹਾ ਸੀ. ਉਨ੍ਹਾਂ ਨੇ ਮੱਣਿਆ ਕਿ ਕਤਲੇਆਮ ਹੋਣ ਦੀ, ਸ਼ਾਇਦ ਕਿਸੇ ਸਥਾਨਕ ਤਰ੍ਹਾਂ ਦੀ ਸਾਜ਼ਸ਼ ਨੂੰ, ਇਨਕਾਰ ਨਹੀਂ ਕੀਤਾ ਜਾ ਸਕਦਾ ਸੀ. ਸ਼ਾਇਦ ਇਸ ਤਰ੍ਹਾਂ ਦੀ ਘਟਨਾ ਦਾ ਹੋਣਾ, ਇੰਡੀਆ ਹੋਰ ਪਾਕਿਸਤਾਨ ਦੀ ਤਕਸੀਮ ਦੇ ਆਘਾਜ਼ ਲਈ ਜ਼ਰੂਰੀ ਸੀ. ਇਸ ਬਾਰੇ ਪਹਿਲਾਂ ਹੀ ਜ਼ਿਕਰ ਕੀਤਾ ਗਿਆ ਹੈ ਕਿ ਪਾਕਿਸਤਾਨ ਨੂੰ ਇਜ਼ਾਦ ਕਰਣ ਵਿੱਚ ਬ੍ਰਿਟਿਸ਼ ਫ਼ੌਜ਼ ਦਾ ਸਾਥ ਹਾਸਲ ਸੀ. ਮਗਰ, ਸਾਨੂੰ ਇਹ ਵੀ ਪਤਾ ਹੈ ਕਿ ਬ੍ਰਿਟਿਸ਼ ਇੱਕ ਇਤਹਾਦੀ ਪੰਜਾਬ ਦੇ ਹੱਕ ਵਿੱਚ ਸਨ. ਪੰਜਾਬ ਵਿੱਚ ਹੋਏ ਫ਼ਸਾਦਾਂ ਨੇ ਮੁਸਲਿਮਾਂ ਅਤੇ ਸਿੱਖਾਂ ਵਿੱਚ ਕੰਧ ਖੜ੍ਹੀ ਕਰ ਦਿੱਤੀ ਸੀ ਅਤੇ ਇਸਦੇ ਚਲਦੇ, ਪੰਜਾਬ ਦਾ ਇਤਹਾਦੀ ਰਹਿਣ ਦੇ ਆਸਾਰ ਬਹੁਤ ਘੱਟ ਗਏ ਸਨ. ਹਜ਼ਾਰਾਂ ਦੀ ਤਦਾਦ ਤੇ ਸਿੱਖ ਪੂਰਬੀ ਅਤੇ ਮਰਕਜ਼ੀ ਪੰਜਾਬ ਦੀ ਵੱਲ ਚਲੇ ਗਏ ਅਤੇ ਕਈ ਨੌਜਵਾਨ, ਮੁਸਲਿਮਾਂ ਨਾਲ ਜੰਗ ਲਈ ਆਪਣੇ ਆਪ ਨੂੰ ਤਿਆਰ ਕਰਣ ਲਗੇ,

ਅਗਰ ਪੰਜਾਬ ਦੀ ਤਕਸੀਮ ਉਨ੍ਹਾਂ ਦੀ ਚਾਹਤ ਦੇ ਮੁਤਾਬਕ ਨਹੀਂ ਹੁੰਦੀ ਸੀ. ਅਤੇ ਇੱਕ ਨਤੀਜਾ-ਚਾਹਾ ਜਾਂ ਅਣਚਾਹਾ-ਇਹ ਸੀ ਕਿ ਸਿੱਖਾਂ ਦੀ ਤੇਹਰੀਕ ਨੂੰ ਸਥਾਨਕ ਕਾਰਕੁਨ ਮਿਲ ਗਏ, ਜੋ ਜਿਥੇ ਵੀ ਗਏ ਜਾਂ ਵਸੇ, ਉਥੇ ਉਨ੍ਹਾਂ ਨੇ ਮੁਸਲਿਮਾਂ ਦੇ ਕੀਤੇ ਗਏ ਜ਼ੁਲਮਾਂ ਦੀ ਦਾਸਤਾਨਾਂ ਦੱਸਿਆਂ. ਇਸ ਤਰ੍ਹਾਂ, ਮੁਸਲਿਮਾਂ ਦੇ ਖ਼ਿਲਾਫ਼ ਪ੍ਰਚਾਰ ਨੇ ਸ਼ਰਤਿਆ ਤੌਰ ਤੇ, ਸਿੱਖਾਂ ਦੀ ਨਜ਼ਰਾਂ ਤੇ ਮੁਸਲਿਮਾਂ ਨੂੰ ਸ਼ੈਤਾਨ ਅਤੇ ਗੈਰ-ਇਨਸਾਨੀ ਤੌਰ ਤੇ ਪੇਸ਼ ਕੀਤਾ.

ਮੈਨੂੰ ਲਗਦਾ ਹੈ ਕਿ ਪੰਜਾਬ ਦੀ ਹਕੂਮਤ ਨੇ ਅੰਦਾਜ਼ਾ ਲਗਾਇਆ ਸੀ ਕਿ ਫ਼ਸਾਦ ਸਿਰਫ਼ ਸ਼ਹਿਰਾਂ ਤੇ ਗੜਬੜੀ ਵਾਲੀ ਥਾਂਵਾਂ ਤੇ ਹੋਣਗੇ. ਇਸ ਕਰ ਕੇ, ਉਹ ਰਾਵਲਪਿੰਡੀ, ਅਟੱਕ ਅਤੇ ਜਿਹਲਮ ਦੇ ਪਿੰਡਾਂ ਉਪਰ ਹੋਏ ਹਮਲੇਆਂ ਦੇ ਖ਼ਿਲਾਫ਼, ਜਲਦ ਜਵਾਬੀ ਕਾਰਵਾਈ ਕਰਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ. ਇਸ ਦੇ ਇਲਾਵਾ ਬ੍ਰਿਟਿਸ਼ ਸਰਕਾਰ ਨੇ ਸ਼ਾਇਦ ਮਾਰਚ 1947 ਤੇ ਹੀ ਫ਼ੈਸਲਾ ਕਰ ਲੀਤਾ ਸੀ ਕਿ ਉਹ ਗੜਬੜੀ ਵਾਲੇ ਇਲਾਕਿਆਂ ਤੇ ਬ੍ਰਿਟਿਸ਼ ਸਿਪਾਹੀ ਨਹੀਂ ਭੇਜਣਗੇ, ਅਤੇ ਉਨ੍ਹਾਂ ਨੂੰ ਯੂਰੋਪਿਅਨਾਂ ਦੀ ਜ਼ਿੰਦਗੀ ਬਚਾਉਣ ਲਈ, ਰਾਵਲਪਿੰਡੀ ਤੇ ਹੀ ਰੱਖਣਗੇ. ਧੀਮੀ ਜਵਾਬੀ ਕਾਰਵਾਈ ਦੀ ਇਹ ਵਜ੍ਹਾ ਵੀ ਹੋ ਸਕਦੀ ਸੀ. ਅਗਰ ਰਾਵਲਪਿੰਡੀ ਦੇ ਫ਼ੌਜ਼ੀ ਅਧਿਕਾਰੀਆਂ ਨੂੰ ਇਸ ਹਾਲਾਤ ਨਾਲ ਨਿਪਟਣ ਲਈ, ਪੱਕੇ ਤੌਰ ਤੇ ਨਹੀਂ ਪਤਾ ਸੀ ਕਿ ਉਨ੍ਹਾਂ ਦੇ ਕੋਲ ਕੀ ਬਿਉਰਾ ਮੌਜੂਦ ਸੀ, ਇਹ ਸਾਫ ਸੀ ਕਿ ਉਹ ਕੋਈ ਕਾਰਵਈ ਕਰਣ ਤੋਂ ਝਿਜਕਦੇ. ਕਿਸੇ ਵੀ ਤਰ੍ਹਾਂ, ਇਣ ਫ਼ਸਾਦਾਂ ਦੀ ਅਹਿਮੀਅਤ ਨੂੰ ਘੱਟ ਨਹੀਂ ਕੀਤਾ ਜਾ ਸਕਦਾ.

ਇਹ ਵੀ ਸੋਚਿਆ ਜਾ ਸਕਦਾ ਹੈ ਕਿ ਕਲਕੱਤਾ ਅਤੇ ਬਿਹਾਰ ਦੇ ਕਤਲੇਆਮਾਂ ਦੀ ਖ਼ਬਰਾਂ ਪੰਜਾਬ ਪਹੁੰਚਿਆਂ ਅਤੇ ਇਸ ਨੇ ਮੁਸਲਿਮਾਂ ਨੂੰ ਹਿੰਦੂਆਂ ਅਤੇ ਸਿੱਖਾਂ ਦੇ ਖ਼ਿਲਾਫ਼ ਭੜਕਾ ਦਿੱਤਾ. ਇਸ ਸਵਾਲ ਦਾ ਜਵਾਬ ਸਭ ਤੋਂ ਕਰੀਬ ਸਾਨੂ ਡਾ.ਜਗਦੀਸ਼ ਸਰੀਨ ਦੀ ਗਵਾਹੀ ਤੇ ਮਿਲਦਾ ਹੈ, ਜਿਨ੍ਹਾਂ ਨੇ ਜਿਹਲਮ ਦੇ ਇੱਕ ਪਨਾਹਗੀਰ ਕੈਂਪ ਤੇ ਬਤੌਰ ਇੱਕ ਰਜ਼ਾਕਾਰ ਕੱਮ ਕੀਤਾ, ਅਤੇ ਕਈ ਸ਼ਿਕਾਰ ਹੋਏ ਲੋਕਾਂ ਨੂੰ ਬਿਆਨ ਦੇਂਦੇ ਸੁਣਿਆ ਕਿ ਬਿਹਾਰ ਅਤੇ ਯੂ.ਪੀ. ਤੋਂ ਆਕੇ ਕਈ ਮੁਸਲਿਮਾਂ ਨੇ ਰਾਵਲਪਿੰਡੀ ਦੇ ਇਲਾਕੇ ਤੇ ਪਨਾਹ ਲੀਤੀ ਸੀ ਅਤੇ ਉਨ੍ਹਾਂ ਦੇ ਖ਼ਿਲਾਫ਼, ਹਿੰਦੂਆਂ ਅਤੇ ਸਿੱਖਾਂ ਦੀ ਕੀਤੀ ਗਈ ਬਰਬਰਤਾ ਨੇ ਉੱਤਰੀ ਪੰਜਾਬ ਦੇ ਮੁਸਲਿਮਾਂ ਨੂੰ ਬਦਲਾ ਲੈਣ ਲਈ ਭੜਕਾ ਦਿੱਤਾ. ਨਾ ਤੇ ਸਰ ਇਵਨ ਜੇਨਕੀਨਸ ਨਾ ਹੀ ਜਨਰਲ ਮੇਸੇਰਵੀ ਇਸ ਮੁੱਦੇ ਦਾ ਜ਼ਿਕਰ ਕਰਦੇ ਨੇ, ਹਾਲਾਂਕਿ ਇਹ ਬਹੁਤ ਯੁਕਤੀਸੰਗਤ ਹੈ ਕਿ ਕਲਕੱਤਾ ਅਤੇ ਬਿਹਾਰ ਦੀ ਵਾਰਦਾਤਾਂ ਨੇ ਮੁਸਲਿਮਾਂ ਦੇ ਗੁੱਸੇ ਨੂੰ ਉਕਸਾਉਣ ਤੇ ਕੁੱਝ ਕੱਮ ਕੀਤਾ ਹੋਵੇਗਾ. ਕਾਫ਼ੀ ਸਬੂਤ ਮੌਜੂਦ ਨੇ ਕਿ ਬਰਖ਼ਾਸਤ ਕੀਤੇ ਮੁਸਲਿਮ ਫ਼ੌਜ਼ੀ, ਪਿੰਡਾਂ ਦੇ ਉਪਰ ਹਮਲੇਆਂ ਦੀ ਯੋਜਨਾਬੰਦੀ ਅਤੇ ਅਮਲ ਕਰਣ ਤੇ ਸ਼ਾਮਲ ਸਨ, ਅਤੇ ਮੁਮਕਿਨ ਹੈ ਕਿ ਉਨ੍ਹਾਂ ਤੋਂ ਕੁੱਝ ਨੇ ਜੋ ਬਿਹਾਰ ਤੇ ਜੋ ਵੇਖਿਆ, ਉਸ ਦੇ ਬਾਅਦ ਉਹ ਬਹੁਤ ਗੁੱਸੇ ਤੇ ਸਨ. ਘੱਟ ਤੋਂ ਘੱਟ, ਇੱਕ ਮਾਮਲੇ ਤੇ, ਪਿੰਡ ਪਰਿਆਲ, ਜ਼ਿਲ੍ਹਾ ਅਟੱਕ ਤੇ ਇੱਕ ਵਾਰਦਾਤ ਦੇ ਦੌਰਾਨ, ਇਹ ਸਬੂਤ ਮਿਲਿਆ ਸੀ ਕਿ ਜਿਨ੍ਹਾਂ ਨੇ ਗੁਰਦੁਆਰੇ ਦੇ ਅੰਦਰ ਹੱਥ-ਗੋਲੇ ਸੁੱਟੂ, ਉਹ ਬਿਹਾਰ ਦੀ ਤਇਨਾਤੀ ਦੇ ਬਾਅਦ ਵਾਪਸ ਆਏ ਸੀ.

ਰਾਵਲਪਿੰਡੀ ਦੀ ਘਟਨਾਵਾਂ ਦੇ ਪਿੱਛੇ ਕੋਈ ਹਿੰਦੂ ਹੱਥ ਸ਼ੀ? ਪਾਕਿਸਤਾਨ ਦੇ ਪ੍ਰੋਪਾਗੰਡਾ ਤੇ ਤਕਸੀਮ ਤੋਂ ਪਹਿਲਾਂ, ਜੋ ਕੁੱਝ ਗਲਤ ਕੱਮ ਹੁੰਦਾ ਸੀ, ਉਸ ਨੂੰ ਹਿੰਦੂ ਹੱਥ ਨਾਲ ਜੋੜ ਦਿੱਤਾ ਜਾਂਦਾ ਸੀ, ਅਤੇ ਇਹ ਸਿਲਸਿਲਾ ਤਕਸੀਮ ਦੇ ਬਾਅਦ ਵੀ ਚਲਦਾ ਰਹਿਆ. ਜਿਥੇ ਤਕ ਉੱਤਰੀ ਪੰਜਾਬ ਤੇ ਮਾਰਚ 1947 ਨੂੰ ਹੋਏ

ਫ਼ਸਾਦਾਂ ਦਾ ਸਵਾਲ ਹੈ, ਇਸ ਦਾ ਜਵਾਬ ਇੱਕ ਜ਼ੋਰਦਾਰ ਨਾ ਹੈ. ਉੱਤਰੀ ਪੰਜਾਬ ਤੇ ਹਿੰਦੂ ਮਾਇਨਾਰਿਟੀ ਤੇ ਸਨ. ਉਹ ਪਿੰਡਾਂ ਤੇ ਹੋਈ ਘਟਨਾਵਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ ਸੀ. ਇਹ ਤਦ ਹੀ ਮੁਮਕਿਨ ਸੀ ਅਗਰ ਹਿੰਦੂ ਮੁਸਲਿਮ ਹਮਲਾਵਰਾਂ ਨੂੰ ਰਿਸ਼ਵਤ ਦੇਂਦੇ ਜੋ ਇੱਕ ਬੇਤੁਕੀ ਗੱਲ ਲਗਦੀ ਸੀ. ਦਿੱਲੀ ਦੀ, ਉਸ ਵਕਤ ਦੀ ਆਰਜ਼ੀ ਸਰਕਾਰ ਤੇ ਨਾ ਸਿਰਫ਼ ਕਾਂਗਰੇਸ, ਬਲਕਿ ਮੁਸਲਿਮ ਲੀਗ ਅਤੇ ਸਿੱਖ ਵਜ਼ੀਰ ਸ਼ਾਮਲ ਸਨ. ਇਸ ਤਰ੍ਹਾਂ ਦੀ ਸਰਕਾਰ ਦੀ ਪੰਜਾਬ ਦੇ ਮਾਮਲੇ ਤੇ ਦਖ਼ਲਅੰਦਾਜ਼ੀ ਕਰਣ ਲਈ, ਕੋਈ ਤਾਕਤ ਜਾਂ ਇਖ਼ਤਿਆਰ ਨਹੀਂ ਸੀ. 1935 ਐਕਟ ਦੇ ਤਹਿਤ, ਗਵਰਨਰ-ਜਨਰਲ (ਜੋ ਵਾਇਸਰਾਏ ਵੀ ਸਨ) ਕੋਲ ਹੀ ਸਹੀ ਮਾਇਨੇ ਤੇ, ਕਾਰਜਕਾਰੀ ਤਾਕਤਾਂ ਸਨ.

ਦੂਜੀ ਤਰਫ਼, ਜਦ 8 ਮਾਰਚ 1947 ਨੂੰ ਕਾਂਗਰੇਸ ਨੇ, ਸਿੱਖਾਂ ਦੀ ਪੰਜਾਬ ਦੀ ਤਕਸੀਮ ਦੀ ਮੰਗ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ, ਇਹ ਸਾਫ਼ ਹੋ ਗਿਆ ਕਿ ਨਾ ਸਿਰਫ਼ ਮੁਸਲਿਮ ਲੀਗ ਹਾਈ ਕਮਾਨ ਬਲਕਿ ਕਾਂਗਰੇਸ ਹਾਈ ਕਮਾਨ ਵੀ, ਪੰਜਾਬ ਮਸਲੇ ਉਪਰ ਕਿਸੇ ਵੀ ਮਤੇ ਦੀ ਮੁਖ਼ਾਲਫ਼ਤ ਕਰਦੇ, ਜੋ ਉਨ੍ਹਾਂ ਦੀ ਇੰਡੀਆ ਸਤਰ ਦੀ ਤਮੱਨਾ ਅਤੇ ਮਕਸਦ ਦੇ ਮੁਤਾਬਕ, ਨਾ ਹੁੰਦੀ. ਇਸ ਤਰ੍ਹਾਂ ਦੇ ਕਦਮ ਨੇ ਸ਼ਰਤਿਆ ਤੌਰ ਤੇ ਹਾਲਾਤ ਗੁੰਝਲਦਾਰ ਬਣਾ ਦਿੱਤੇ ਅਤੇ ਮੁਸਲਿਮ ਲੀਗ ਪੰਜਾਬ ਤੇ ਸਰਕਾਰ ਬਣਾਉਣ ਲਈ, ਮਜਾਰਿਟੀ ਹਾਸਲ ਨਾ ਕਰ ਸਕੀ. ਮੁਸਲਿਮ ਲੀਗ ਕਈ ਵਾਰ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰ ਕੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਚੁਕੀ ਸੀ, ਮਗਰ ਸਰ ਇਵਨ ਜੇਨਕੀਨਸ ਨੇ ਇਨੂੰ ਦੋ ਵਜ੍ਹਾਂ ਕਰ ਕੇ ਖ਼ਾਰਜ਼ ਕਰ ਦਿੱਤਾ: ਇੰਤਜਾਮਿਆ ਦੀ ਮੁਸ਼ਕਿਲਾਂ ਜੈਦਾਂ ਕਿ ਸਿੱਖਾਂ ਦੀ ਤਸ਼ੱਦਦੀ ਕਾਰਵਾਈ ਦੀ ਧਮਕੀ, ਅਤੇ ਕਿਉਂਕਿ ਮੁਸਲਿਮ ਲੀਗ ਅਸੈਮਬਲੀ ਤੇ ਇੱਕ ਸਥਿਰ ਅਤੇ ਭਰੋਸੇਮੰਦ ਮਜਾਰਿਟੀ ਹਾਸਲ ਕਰਣ ਤੇ ਨਾਕਾਮਯਾਬ ਰਹੀ ਸੀ. ਸਵਾਲ ਉਠੱਦਾ ਹੈ ਕਿ ਅਗਰ ਮੁਸਲਿਮ ਲੀਗ ਦੀ ਸਰਕਾਰ ਬਣਦੀ ਤੇ ਪੰਜਾਬ ਦੇ ਹਾਲਾਤ ਕਿਸ ਤਰ੍ਹਾਂ ਦੇ ਹੁੰਦੇ; ਇਹ ਨਾਮੁਮਕਿਨ ਸੀ, ਜਦ ਤਕ ਸਿੱਖ ਜਾਂ ਕਾਂਗਰੇਸ, ਜਾਂ ਦੋਵੇਂ, ਇਸ ਦਾ ਸਮਰਥਨ ਨਹੀਂ ਕਰਦੇ. ਦੂਜੀ ਤਰਫ਼, ਚੁੰਕਿ ਮੁਸਲਿਮ ਲੀਗ ਦੇ ਅੰਦੋਲਨ ਨੇ ਸਰ ਖ਼ਿਜ਼ਰ ਟਿਵਾਣਾ ਦੀ ਗੱਠਜੋੜ ਵਾਲੀ ਸਰਕਾਰ ਨੂੰ ਥੱਲੇ ਲਿਆਉਣ ਦਾ ਕੱਮ ਕੀਤਾ ਸੀ, ਕੋਈ ਨੈਤਿਕ ਵਜ੍ਹਾ ਨਹੀਂ ਸੀ ਕਿ ਸਿੱਖ ਅਤੇ ਕਾਂਗਰੇਸ, ਇਸ ਦਾ ਸਮਰਥਨ ਕਿਉਂ ਕਰਦੇ.

ਮੁਸਲਿਮ ਲੀਗ ਦੀ ਰਹਨੁਮਾਈ ਨੇ ਮਾਇਨਾਰਿਟੀਆਂ ਦੇ ਡਰ ਨੂੰ ਦੂਰ ਕਰਣ ਲਈ, ਬਹੁਤ ਘੱਟ ਕੋਸ਼ਿਸ਼ ਕੀਤੀ. ਜਿਨਾਹ ਨੇ ਬਿਹਾਰ ਦੇ ਮੁਸਲਿਮਾਂ ਉਪਰ ਕੀਤੇ ਗਏ ਹਮਲੇਆਂ ਬਾਰੇ ਬੜੇ ਜ਼ੋਰ ਨਾਲ ਨਿੰਦਾ ਕੀਤੀ, ਮਗਰ ਪੰਜਾਬ ਦੇ ਦੰਗਿਆਂ ਬਾਰੇ ਉਹ ਚੁਪ ਰਹੇ. ਜਸਟੀਸ ਮੁਨੀਰ ਜ਼ਿਕਰ ਕਰਦੇ ਨੇ ਕਿ ਜਿਨਾਹ ਨੇ ਉਨ੍ਹਾਂ ਨੂੰ ਹਦਾਇਤ ਦਿੱਤੀ ਸੀ ਕਿ ਉਹ ਸਿੱਖਾਂ ਉਪਰ ਹਮਲੇਆਂ ਨੂੰ ਰੋਕਣ ਦੀ ਕੋਸ਼ਿਸ਼ ਕਰਣ, ਪਰ ਇਸ ਦੀ ਤਸਦੀਕ ਕਰਦਾ, ਕੋਈ ਜਨਤਕ ਬਿਆਨ ਦਰਜ ਨਹੀਂ ਹੈ. ਦੂਜੀ ਤਰਫ਼, ਮੁਸਲਿਮ ਲੀਗ ਦੇ ਕਾਡਰਾਂ ਅਤੇ ਸਿਆਸਤਦਾਨਾਂ ਦੇ ਉੱਤਰੀ ਪੰਜਾਬ ਦੇ ਸਿੱਖਾਂ ਉਪਰ ਹਮਲੇਆਂ ਤੇ ਸ਼ਾਮਲ ਹੋਣ ਦੇ ਸਬੂਤ ਮੌਜੂਦ ਨੇ. ਹਰ ਹਾਲਤ ਵਿੱਚ, ਨਿਰਪੱਖਤਾ ਅਤੇ ਅਸਰਦਾਰੀ ਘੱਟਣ ਦੇ ਬਾਵਜੂਦ, ਬ੍ਰਿਟਿਸ਼ ਹਕੂਮਤ ਹੁਣ ਵੀ ਕਾਇਮ ਸੀ. ਮਾਰਚ 1947 ਦੇ ਆਖ਼ਰ ਤਕ, ਤਣਾਅ ਅਤੇ ਝਗੜੇ ਘੱਟ ਹੋ ਗਏ ਮਗਰ ਸ਼ਕ, ਖ਼ੌਫ਼ ਅਤੇ ਇਸ ਤੋਂ ਪੈਦਾ ਹੋਣ ਵਾਲੀ ਘਬਰਾਹਟਾਂ ਘੱਟ ਨਹੀਂ ਹੋਇਆ; ਬਲਕਿ ਕਾਫ਼ੀ ਵਧ ਗਈਆਂ.

ਪੰਜਾਬ ਦੇ ਇਸ ਤਰ੍ਹਾਂ ਦੇ ਹਾਲਾਤ, ਸਾਰੇ ਇੰਡੀਆ ਦੇ ਸਤਰ ਤੇ, ਰਹਨੁਮਾਵਾਂ ਨੂੰ ਇੱਕ ਇਤਹਾਦੀ ਇੰਡੀਆ ਲਈ ਰਾਜੀ ਕਰਾਉਣ ਤੇ, ਜੋ ਬ੍ਰਿਟੇਨ ਆਪਣੀ ਹਕੂਮਤ ਦੇ ਖ਼ਤਮ ਹੋਣ ਦੇ ਬਾਅਦ ਵੀ ਕਾਇਮ ਰੱਖਣਾ ਚਾਹੁੰਦਾ ਸੀ, ਬ੍ਰਿਟਿਸ਼ ਹਕੂਮਤ ਦੀ ਨਾਕਾਮਯਾਬੀ ਨੂੰ ਜ਼ਾਹਰ ਕਰਦਾ ਹੈ. ਕੈਬੀਨੇਟ ਮਿਸ਼ਨ ਪਲਾਨ ਉਸ ਦਿਸ਼ਾ ਤੇ ਇੱਕ ਅਖੀਰੀ ਵੱਡੀ ਕੋਸ਼ਿਸ ਸੀ, ਪਰ ਜਦ ਇਹ ਨਾਕਾਮਯਾਬ ਹੋ ਗਿਆ, ਨਤੀਜਾ ਸੀ ਤੰਜ਼ੀਮ ਕੀਤੇ ਤਸ਼ੱਦਦ ਦੀ ਤੇਜੀ, ਜਿਸ ਦੇ ਚਲਦਿਆਂ ਹਜ਼ਾਰਾਂ ਦੀ ਤਦਾਦ ਤੇ ਕਲਕੱਤਾ ਅਤੇ ਬਿਹਾਰ ਤੇ ਲੋਕਾਂ ਨੂੰ ਹਲਾਕ ਕੀਤਾ ਗਿਆ. ਇਹ ਸਿਰਫ਼ ਇੱਕ ਵਕਤ ਦਾ ਮਾਮਲਾ ਸੀ ਕਿ, ਇਹ ਬੀਮਾਰੀ ਕਦ ਪੰਜਾਬ ਤਕ ਪਹੁੰਚਦੀ, ਜਿਥੇ ਇੰਤਖ਼ਾਬ ਦੀ ਮੁਹਿੰਮ ਅਤੇ ਨਤੀਜੇਆਂ ਨੇ, ਬੇਹਦ ਵਿਸਫੋਟਕ ਹਾਲਾਤ ਪੈਦਾ ਕਰ ਦਿੱਤੇ ਸੀ. ਜੋ ਆਰਜ਼ੀ ਸਰਕਾਰ ਬਣਾਈ ਗਈ ਸੀ, ਉਹ ਇੱਕ ਬੇਅਸਰ ਕੈਬੀਨੇਟ ਸੀ, ਜਿਸ ਦੀ, ਬੇਮੇਲ ਮਤਲਬ ਵਾਲੇ ਵਜ਼ੀਰ, ਨੁਮਾਇੰਦਗੀ ਕਰ ਰਹੇ ਸੀ. ਵੇਵੇਲ ਦੀ ਵਾਇਸਰਾਇਲਟੀ ਦੇ ਖ਼ਾਤਮੇ ਅਤੇ ਮਾਉਂਟਬੈਟਨ ਦੀ ਵਾਇਸਰਾਇਲਟੀ ਦੇ ਆਘਾਜ਼ ਦੇ ਵਕਤ, ਪੰਜਾਬ ਦੇ ਹਾਲਾਤ ਹਾਲਾਂਕਿ ਥੋੜੇ ਵਕਤ ਲਈ, ਕੁੱਝ ਬਿਹਤਰ ਹੋ ਗਏ.

ਦੂਜਾ ਚਰਣ

ਪੰਜਾਬ ਦੀ ਤਕਸੀਮ ਦੇ ਦੂਜੇ ਚਰਣ ਤੇ, ਅਪ੍ਰੈਲ 1947 ਤੋਂ ਸ਼ੁਰੂਆਤੀ ਦੌਰ ਤੇ, ਦਿੱਲੀ ਸਿਆਸਤ ਦਾ ਮਰਕਜ਼ ਬਣ ਗਿਆ: ਜਿਥੇ ਮਾਉਂਟਬੈਟਨ ਕਾਫ਼ੀ ਜਲਦ ਇਸ ਨਤੀਜੇ ਤੇ ਪਹੁੰਚ ਗਏ ਕਿ ਚੁੰਕਿ ਕਾਗਰੇਸ ਅਤੇ ਮੁਸਲਿਮ ਲੀਗ ਦੇ ਆਗੂਆਂ ਦੇ ਦਰਮਿਆਨ, ਸਦਭਾਵਨਾ ਮੌਜੂਦ ਨਹੀਂ ਸੀ, ਇੰਡੀਆ ਨੂੰ ਇਤਹਾਦੀ ਨਹੀਂ ਰੱਖਿਆ ਜਾ ਸਕਦਾ ਸੀ. ਇਸ ਕਰ ਕੇ ਉਹ ਦੋਵੇਂ ਪਾਰਟੀਆਂ ਦੇ ਰਹਨੁਮਾਵਾਂ ਨੂੰ ਬ੍ਰਿਟਿਸ਼ ਕਾਮਨਵੇਲਥ ਤੇ ਸ਼ਾਮਲ ਹੋਣ ਬਾਰੇ, ਉਨ੍ਹਾਂ ਦੇ ਖ਼ਿਆਲ ਬਾਰੇ ਪਤਾ ਲਗਾ ਰਹੇ ਸੀ. ਉਨ੍ਹਾਂ ਨੂੰ ਸਾਇਦ, ਲੰਡਨ ਨੇ ਹਦਾਇਤ ਦਿੱਤੀ ਸੀ ਕਿ ਇੰਡੀਆ ਨੂੰ, ਇਤਹਾਦੀ ਜਾਂ ਤਕਸੀਮ ਕੀਤਾ ਹੋਇਆ, ਬ੍ਰਿਟਿਸ਼ ਕਾਮਨਵੇਲਥ ਵਿੱਚ ਰੱਖਿਆ ਜਾਵੇ. ਜਿਨਾਹ ਨਾਲ ਆਪਣੀ ਨਿਜੀ ਗੱਲ-ਬਾਤ ਦੇ ਦੌਰਾਨ, ਮਾਉਂਟਬੈਟਨ ਦਾ ਇਹ ਨਜ਼ਰਿਆ ਸੀ ਕਿ ਅਗਰ ਇੰਡੀਆ ਕਾਮਨਵੇਲਥ ਤੇ ਸ਼ਾਮਲ ਨਹੀਂ ਹੁੰਦਾ ਸੀ, ਤੇ ਸਿਰਫ਼ ਪਾਕਿਸਤਾਨ ਨੂੰ ਸਦੱਸ ਬਣਾਉਣਾ ਮੁਸ਼ਕਿਲ ਸੀ, ਨਹਿਰੂ ਨਾਲ ਉਸ ਨੇ ਇਹ ਰਣਨੀਤੀ ਦਾ ਇਸਤੇਮਾਲ ਕੀਤਾ ਕਿ ਅਗਰ ਇੰਡੀਆ ਕਾਮਨਵੇਲਥ ਤੇ ਸ਼ਾਮਲ ਨਹੀਂ ਹੁੰਦਾ ਸੀ, ਤਦ ਇੰਡੀਆ ਦੀ ਤਕਸੀਮ ਕਰ ਦਿੱਤੀ ਜਾਵੇਗੀ ਕਿਉਂਕਿ ਜਿਨਾਹ ਕਾਮਨਵੇਲਥ ਵਿੱਚ ਰਹਿਣ ਦਾ ਪੱਕਾ ਇਰਾਦਾ ਰੱਖਦੇ ਸੀ. ਇਸ ਤਰ੍ਹਾਂ ਦੇ ਦਬਾਅ ਵਾਲੀ ਚਾਲ ਨੇ ਇਹ ਪੱਕਾ ਕਰ ਦਿੱਤਾ ਕਿ ਦੋਵੇਂ ਪਾਰਟੀਆਂ ਕਾਮਨਵੇਲਥ ਤੇ ਸ਼ਾਮਲ ਹੋਣ ਲਈ ਤਿਆਰ ਹੋ ਗਈਆਂ.

ਇਸ ਤਰ੍ਹਾਂ ਦੇ ਫ਼ਾਇਦੇਮੰਦ ਹਾਲਾਤ ਤੋਂ ਮਾਉਂਟਬੈਟਨ ਨੇ ਪੰਜਾਬ ਦੇ ਮੁੱਦੇ ਬਾਰੇ ਫ਼ੈਸਲਾ ਕੀਤਾ. ਪੰਜਾਬ ਦੇ ਗਵਰਨਰ ਇਹ ਦਲੀਲਾਂ ਦੇ ਰਹੇ ਸੀ ਕਿ ਪੰਜਾਬ ਇਤਹਾਦੀ ਰਹੇ ਕਿਉਂਕਿ ਉਹ ਤਕਸੀਮ ਕਰਣ ਯੋਗ, ਕੋਈ ਕੁਦਰਤੀ ਜਗ੍ਹ ਨਹੀਂ ਲੱਭ ਪਾ ਰਹੇ ਸੀ, ਜਿਥੋਂ ਪੰਜਾਬ ਦੀ ਸਾਫ ਤੌਰ ਤੇ ਤਕਸੀਮ ਕੀਤੀ ਜਾ ਸਕਦੀ ਸੀ ਅਤੇ ਜੋ ਸਾਰੀ ਪਾਰਟੀਆਂ ਨੂੰ ਖੁਸ਼ ਕਰ ਸਕੇ. ਉਨ੍ਹਾਂ ਨੇ ਜਿਨਾਹ ਅਤੇ ਪਟਿਆਲਾ ਦੇ ਮਹਾਰਾਜਾ ਦੇ ਵਿੱਚ ਕਈ ਬੈਠਕਾਂ ਕਰਵਾਇਆਂ. ਉਹ ਘੱਟ ਤੋਂ ਘੱਟ ਇੱਕ ਬੈਠਕ ਤੇ ਹਾਜ਼ਰ ਸਨ. ਜਿਨਾਹ ਅਤੇ ਮਹਾਰਾਜਾ ਨੇ ਆਪਣੇ ਨਾਲ ਸਲਾਹਕਾਰ ਵੀ ਲਾਉਂਦੇ ਸਨ. ਜਿਨਾਹ ਕਾਫ਼ੀ ਉਦਾਰ ਰਿਆਇਤਾਂ ਦੇਣ ਨੂੰ ਤਿਆਰ ਸਨ, ਅਗਰ ਸਿੱਖ ਪੰਜਾਬ ਦੀ ਤਕਸੀਮ ਦੀ ਮੰਗ ਨਹੀਂ ਕਰਣ ਨੂੰ ਰਾਜੀ ਹੋ ਜਾਂਦੇ. ਜਿਨਾਹ ਨੇ ਪਾਕਿਸਤਾਨ ਦੇ ਵਿੱਚ ਇੱਕ

ਸਿੱਖ ਸੂਬੇ ਦੀ ਪੇਸ਼ਕਸ਼ ਕੀਤੀ, ਮਗਰ ਸਿੱਖ ਆਗੂ ਨਹੀਂ ਮੱਨੇ. ਮੁਸਲਿਮ-ਸਿੱਖ ਰਿਸ਼ਤੇ, ਸ਼ਹੀਦਗੰਜ਼ ਮਸਜਿਦ-ਗੁਰਦੁਆਰਾ ਦੇ ਝਗੜੇ ਦੇ ਬਾਅਦ ਕਦੀ ਪਹਿਲਾਂ ਵਾਲੀ ਹਾਲਤ ਵਿੱਚ ਫਿਰ ਨਹੀਂ ਆਏ, ਅਤੇ ਉੱਤਰੀ ਪੰਜਾਬ ਦੇ ਸਿੱਖਾਂ ਦੇ ਕਤਲੇਆਮ ਨੇ ਉਸ ਦੂਰੀ ਨੂੰ ਹੋਰ ਜ਼ਿਆਦਾ ਕਰ ਦਿੱਤਾ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਕਾਂਗਰੇਸ ਵੀ ਸਿੱਖਾਂ ਨਾਲ ਨਜਦੀਕੀ ਵਧਾ ਰਹੀ ਸੀ ਅਤੇ ਇਸ ਕਰ ਕੇ, ਜ਼ਰੂਰੀ ਤੌਰ ਤੇ, ਮੁਸਲਿਮ ਲੀਗ-ਸਿੱਖ ਸੁਲ੍ਹਾ-ਸਫਾਈ ਨੂੰ ਰੁਕਾਵਟ ਪਹੁੰਚੀ. ਇਸ ਦੇ ਇਲਾਵਾ, ਇਹ ਸੱਚ ਸੀ ਕਿ ਹਿੰਦੂ-ਸਿੱਖ ਦੀ ਇੱਕ ਮਿਲੀ-ਜੁਲੀ ਪਛਾਣ, ਪੰਜਾਬ ਦੇ ਕਈ ਖਤਰੀ ਅਤੇ ਅਰੋੜਾ ਪਰਵਾਰਾਂ ਵਿੱਚ ਮੌਜੂਦ ਸੀ, ਜਿਸ ਨੇ ਸ਼ਾਇਦ ਇੰਡੀਆ ਦੇ ਨਾਲ ਮੇਲ ਲਈ ਇੱਕ ਨਸਲੀ ਤਰਫ਼ਦਾਰੀ ਪੈਦਾ ਕਰ ਦਿੱਤੀ. ਪ੍ਰਚਾਰ ਦੇ ਤੌਰ ਤੇ, ਸਿੱਖ ਗੁਰੁਆਂ ਉਪਰ ਕੀਤੇ ਗਏ ਮੁਘਲਾਂ ਦੇ ਜ਼ੁਲਮਾਂ ਦੀ ਇਤਿਹਾਸਕ ਯਾਦਾਂ ਤਾਜਾ ਕੀਤੀ ਗਈਆਂ ਅਤੇ ਇਸ ਨੇ ਮੁਸਲਿਮਾਂ ਅਤੇ ਸਿੱਖਾਂ ਵਿੱਚ ਦੂਰੀ ਹੋਰ ਵਧਾ ਦਿੱਤੀ.

ਇਸ ਦਾ ਨਿਰਾ ਨਤੀਜਾ ਇਹ ਹੋਇਆ ਕਿ ਜਿਨਾਹ ਦੀ ਸਿੱਖਾਂ ਨਾਲ ਪਿਆਰ ਜਤਾਉਣ ਦੀ, ਬਹੁਤ ਦੇਰ ਨਾਲ ਕੀਤੀ ਗਈ ਕੋਸ਼ਿਸ਼ ਪੂਰੀ ਤਰ੍ਹਾਂ ਬੇਅਸਰ ਸਾਬਤ ਹੋਈ. ਕਿਸੇ ਵੀ ਹਾਲ ਵਿੱਚ ਮਾਉਂਟਬੈਟਨ ਨੇ ਸਿੱਖਾਂ ਅਤੇ ਜਿਨਾਹ ਵਿੱਚ ਬੈਠਕ ਕਰਵਾਣ ਦੀ ਕੋਸ਼ਿਸ਼ ਕੀਤੀ ਸੀ ਤਾਂਕਿ ਇਤਹਾਦੀ ਪੰਜਾਬ ਲਈ, ਉਨ੍ਹਾਂ ਦੇ ਵਿੱਚ ਰਜਾਮੰਦੀ ਹੋ ਜਾਂਦੀ. ਇਸ ਕਰ ਕੇ, ਇਸ ਸ਼ੱਕ ਦੀ ਕੋਈ ਬੁਨਿਆਦ ਨਹੀਂ ਹੈ ਕਿ ਮਾਉਂਟਬੈਟਨ ਮੁਸਲਿਮ ਲੀਗ ਦੇ ਖ਼ਿਲਾਫ਼ ਸਨ. ਜਦ ਗੱਲ-ਬਾਤ ਨਾਕਾਮਯਾਬ ਹੋ ਗਈ, ਤਦ ਹੀ ਮਾਉਂਟਬੈਟਨ ਨੇ ਫ਼ੈਸਲਾ ਕੀਤਾ ਕਿ ਪੰਜਾਬ ਦੀ ਵੀ ਤਕਸੀਮ ਕਰਣੀ ਪਵੇਗੀ. ਜਿਨਾਹ ਦੀ ਦਲੀਲ ਕਿ ਬੰਗਾਲੀ ਅਤੇ ਪੰਜਾਬੀ ਤਹਿਜੀਬੀ ਕੌਮ ਸਨ ਅਤੇ ਉਨ੍ਹਾਂ ਦੀ ਤਕਸੀਮ ਨਹੀਂ ਹੋ ਸਕਦੀ ਸੀ, ਇੱਕ ਕਮਜੋਰ ਤਰਕ ਸੀ; ਇਹ ਬੇਅਸਰ ਸੀ ਕਿਉਂਕਿ ਇਹ ਉਨ੍ਹਾਂ ਦੇ ਮੁੱਖ ਅਸੂਲ ਦੀ ਮੁਖ਼ਾਲਫ਼ਤ ਕਰਦਾ ਸੀ, ਜੋ ਕਹਿੰਦਾ ਸੀ ਕਿ ਹਿੰਦੂ ਅਤੇ ਮੁਸਲਿਮ ਦੋ ਮੁਖ਼ਤਲਿਫ਼ ਕੌਮਾਂ ਸਨ.

ਸਰ ਖ਼ਿਜ਼ਰ ਟਿਵਾਣਾ ਨੇ ਪੇਸ਼ਕਸ਼ ਕੀਤੀ ਕਿ ਪੰਜਾਬ ਬਾਰੇ ਇੱਕ ਇਤਹਾਦੀ ਤੌਰ ਤੇ, ਬਗੈਰ ਇੰਡੀਆ ਜਾਂ ਪਾਕਿਸਤਾਨ ਤੇ ਸ਼ਾਮਲ ਹੋਏ, ਬ੍ਰਿਟਿਸ਼ ਕਾਮਨਵੇਲ੍ਥ ਦੀ ਸਿੱਧੀ ਸਦੱਸਤਾ ਲਈ, ਸੋਚਿਆ ਜਾਵੇ. ਬ੍ਰਿਟਿਸ਼ ਸਰਕਾਰ ਨੇ ਇਸ ਤਰ੍ਹਾਂ ਦੇ ਮਨਸੂਬੇ ਉਪਰ ਧਿਆਨ ਨਹੀਂ ਦਿੱਤਾ. ਇਹ ਇੱਕ ਨਵਾਂ ਖ਼ਿਆਲ ਸੀ ਪਰ ਸ਼ਾਇਦ ਇਹ ਬਹੁਤ ਬੁਨਿਆਦੀ ਸੀ, ਜਿਸ ਦੇ ਉਪਰ ਬ੍ਰਿਟਿਸ਼ ਇੱਨੀ ਦੇਰ ਬਾਅਦ ਵਿਚਾਰ ਨਹੀਂ ਕਰ ਸਕਦੇ ਸੀ, ਕਿਉਂਕਿ ਬ੍ਰਿਟਿਸ਼ ਨੇ ਖ਼ਾਸ ਕਰ ਕੇ ਮੁਸਲਿਮ ਲੀਗ ਅਤੇ ਕਾਂਗਰੇਸ ਨੂੰ ਹੀ, ਇੰਡੀਆ ਦੀ ਸੋਚ ਬਾਰੇ ਨੁਮਾਇੰਦੇ ਸਮਝਿਆ ਸੀ. ਇਸ ਤਰ੍ਹਾਂ ਦੇ ਮਨਸੂਬੇ ਨੂੰ, ਕੋਈ ਵੀ ਪਾਰਟੀ ਸਮਰਥਨ ਨਹੀਂ ਦੇਂਦੀ.

ਤਕਸੀਮ ਦੇ ਨਾਟਕੀ ਤੌਰ ਤੇ ਬਦਲਦੇ ਹਾਲਾਤਾਂ ਵਿੱਚ, ਸਭ ਤੋਂ ਜ਼ਿਆਦਾ ਤਕਰਾਰ ਵਾਲਾ ਕਦਮ ਸੀ, ਮਾਉਂਟਬੈਟਨ ਦਾ ਤਕਸੀਮ ਦੀ ਤਾਰੀਖ ਨੂੰ ਜੂਨ 1948 ਤੋਂ ਅਗਸਤ 1947 ਦੇ ਮੱਧ ਤੇ ਲੈ ਆਉਣਾ. ਸ਼ਾਇਦ ਮਾਉਂਟਬੈਟਨ ਨੇ ਇਸ ਬਾਰੇ ਨਹਿਰੁ ਨਾਲ ਗੱਲ-ਬਾਤ ਕੀਤੀ ਸੀ. ਦੂਜੇ ਸਿਆਸਤਦਾਨਾਂ ਲਈ, ਇਹ ਇੱਕ ਵੱਡੇ ਸਦਮੇ ਤੋਂ ਘੱਟ ਨਹੀਂ ਸੀ. ਅਤੇ ਜਦ ਕਿ ਮਾਉਂਟਬੈਟਨ ਨੂੰ ਇਸ ਦੇ ਬਾਅਦ ਦੇ ਭਿਅੰਕਰ ਨਤੀਜੇਆਂ ਲਈ ਜ਼ਿਮੇਵਾਰ ਠਹਰਾਉਣਾ ਚਾਹੀਦਾ ਹੈ; ਨਹਿਰੁ ਨੂੰ ਇਸ ਲਈ ਜ਼ਿਮੇਵਾਰ ਠਹਰਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਇਸ ਦੀ ਮੁਖ਼ਾਲਫ਼ਤ ਨਹੀਂ ਕੀਤੀ, ਜਦ ਉਨ੍ਹਾਂ ਨੂੰ ਇਹ ਗੱਲ ਨਿਜੀ ਤੌਰ ਤੇ ਪਤਾ ਲਗੀ. ਬਹਰ ਹਾਲ, 3 ਜੂਨ ਦੇ ਤਕਸੀਮ ਦੇ ਮਨਸੂਬੇ ਨੇ ਨਾ ਸਿਰਫ਼ ਇੰਡੀਆ ਦੀ ਤਕਸੀਮ ਉਪਰ ਮੁਹਰ ਲਗਾਈ, ਇਸ ਨੇ

ਬੰਗਾਲ ਅਤੇ ਪੰਜਾਬ ਦੀ ਤਕਸੀਮ ਦੀ ਵੀ ਤਸਦੀਕ ਕੀਤੀ, ਮਗਰ ਇਸ ਲਈ ਇੱਕ ਤਰੀਕੇ ਦੇ ਮੁਤਾਬਕ ਉਨ੍ਹਾਂ ਨੂੰ, ਇੱਕ ਨਤੀਜੇ ਤੇ ਪਹੁੰਚਣਾ ਸੀ ਕਿ, ਬੰਗਾਲ ਅਤੇ ਪੰਜਾਬ ਨੂੰ ਜੁੜੇ ਹੋਏ ਇਲਾਕੇ ਅਤੇ 'ਦੂਜੀ ਵਜ੍ਹਾਂ' ਦੀ ਬੁਨਿਆਦ ਤੇ ਤਕਸੀਮ ਕੀਤਾ ਜਾਵੇ. ਪੰਜਾਬ ਦੀ ਅਸੈਮਬਲੀ ਨੇ ਤਕਸੀਮ ਦੇ ਹੱਕ ਵਿੱਚ ਵੋਟ ਪਾਏ.

ਇਸ ਦੇ ਨਾਲ ਹੀ, ਪੰਜਾਬ ਵਿੱਚ ਫ਼ਿਰਕੂ ਤਸ਼ੱਦਦ ਫਿਰ ਵੱਧਣ ਲਗਾ ਸੀ ਅਤੇ ਅਪ੍ਰੈਲ ਤੇ ਅੱਮ੍ਰਿਤਸਰ ਤੇ ਕੁੱਝ ਭਿਆਨਕ ਵਾਰਦਾਤਾਂ ਹੋਇਆਂ. ਇਸ ਲਈ ਮੁਸਲਿਮ ਜ਼ਿਮੇਵਾਰ ਸਨ. ਮੁੱਖ ਸਕੱਤਰ ਅਖ਼ਤਰ ਹੁਸੈਨ ਨੇ ਇਸ ਗੱਲ ਨੂੰ ਮੱਨਿਆ. ਚੁੜੀਆਂ ਅਤੇ ਮਹਿੰਦੀ ਵਾਲਾ ਬਦਨਾਮ ਵਾਕਿਆ, ਜਿਸ ਨੇ ਲਾਹੌਰ ਦੇ ਬਦਮਾਸ਼ਾਂ ਅਤੇ ਗੁੰਡੇਆਂ ਦਾ ਗੁੱਸਾ ਚੜ੍ਹਾ ਦਿੱਤਾ ਸੀ, ਇਹ ਅੱਮ੍ਰਿਤਸਰ ਦੇ ਬਦਮਾਸ਼ਾਂ ਅਤੇ ਗੁੰਡੇਆਂ ਦੀ ਭੜਕਾਹਟ ਸੀ. ਇਸ ਦੇ ਚਲਦਿਆਂ ਲਾਹੌਰ ਤੇ, ਛੁਰੇਬਾਜ਼ੀ ਅਤੇ ਅੱਗਜਨੀ ਵਧ ਗਈ. ਮਈ ਦੇ ਮੱਧ ਤੋਂ ਲਾਹੌਰ ਦੇ ਹਾਲਾਤ ਹਰ ਦਿਨ ਵਿਗੜਦੇ ਰਹੇ. ਹਿੰਦੂਆਂ-ਸਿੱਖਾਂ ਦੀ ਇੱਕ ਬਦਲੇ ਦੀ ਕਾਰਵਾਈ ਜੋ ਲਾਹੌਰ ਦੇ ਬਾਹਰ, ਇੱਕ ਮੁਸਲਿਮ ਮਹੱਲੇ ਰਾਜਗੜ ਉਪਰ, ਨਾਭਾ ਅਤੇ ਫ਼ਰੀਦਕੋਟ ਦੀ ਸ਼ਾਹੀ ਰਿਆਸਤ ਦੁਆਰਾ ਕੀਤੀ ਗਈ, ਉਸ ਨੇ ਇੱਕ ਤਰਫ਼ ਮੁਸਲਿਮਾਂ ਅਤੇ ਦੂਜੀ ਤਰਫ਼ ਹਿੰਦੂਆਂ ਹੋਰ ਸਿੱਖਾਂ ਦੇ ਵਿੱਚ ਦੂਰੀ ਹੋਰ ਤੇਜੀ ਨਾਲ ਵਧਾ ਦਿੱਤੀ. ਮਈ ਦੇ ਆਖ਼ਰ ਤਕ, ਲਾਹੌਰ ਦੇ ਅੰਦਰੁਨ ਸ਼ਹਿਰ ਤੇ, ਖ਼ਾਸ ਕਰ ਕੇ, ਹਿੰਦੂ ਮਹੱਲੇਆਂ ਤੇ ਅੱਗਾਂ ਲਗੀ ਹੋਇਆਂ ਸੀ.

3 ਜੂਨ ਦੇ ਤਕਸੀਮ ਦੇ ਮਨਸੂਬੇ ਨੇ ਪੰਜਾਬਿਆਂ ਵਿੱਚ ਕੋਈ ਜ਼ਿਆਦਾ ਜੋਸ਼ ਪੈਦਾ ਨਹੀਂ ਕੀਤਾ-ਸਰ ਇਵਨ ਜੇਨਕੀਨਸ ਨੇ ਗੌਰ ਕੀਤਾ ਸੀ. ਮਗਰ, ਇਸ ਨੇ ਮੁਜਰਿਮ ਕਿਸਮ ਦੇ ਲੋਕਾਂ, ਅਤੇ ਉਨ੍ਹਾਂ ਦੇ ਸਿਆਸੀ ਸਰਪਰਸਤਾਂ, ਹੋਰ ਇੰਤਜ਼ਾਮ ਤੇ ਉਨ੍ਹਾਂ ਦੇ ਲਈ ਹਮਦਰਦੀ ਰੱਖਣ ਵਾਲੇ ਲੋਕਾਂ ਲਈ, ਤਸ਼ੱਦਦ ਵਧਾਣਾ ਆਸਾਨ ਹੋ ਗਿਆ. ਸ਼ਾਹਆਲਮੀ ਨੂੰ ਅੱਗ ਲਗਾਉਣ ਦੀ ਸਾਜ਼ਸ਼, ਇਸ ਦੀ ਇੱਕ ਸ਼ਾਨਦਾਰ ਮਿਸਾਲ ਹੈ, ਕਿ ਤਸ਼ੱਦਦ ਕਿਸ ਤਰ੍ਹਾਂ ਕੀਤਾ ਗਿਆ. ਸ਼ਾਹਆਲਮੀ ਦੀ ਅੱਗ ਨੇ ਲਾਹੌਰ ਦੇ ਹਿੰਦੂਆਂ ਦੀ ਕਮਰ ਤੋੜ ਦਿੱਤੀ, ਜੋ ਤਦ ਤਕ ਸ਼ਹਿਰ ਤੇ ਰਹਿਣ ਦਾ ਇਰਾਦਾ ਰੱਖਦੇ ਸੀ, ਭਾਵੇਂ ਉਨ੍ਹਾਂ ਦੀ ਤਦਾਦ ਘੱਟ ਸੀ. ਕਾਂਗਰੇਸ ਦੀ ਰਹਨੁਮਾਈ, ਜਿਸ ਵਿੱਚ ਗਾਂਧੀ ਵੀ ਸ਼ਾਮਲ ਸਨ, ਉਨ੍ਹਾਂ ਨੂੰ ਉਥੇ ਟਿਕੇ ਰਹਿਣ ਲਈ, ਹੌਸਲਾਅਫ਼ਜਾਹੀ ਕੀਤੀ. 21-22 ਜੂਨ ਦੀ ਰਾਤ ਦੇ ਬਾਅਦ, ਜਦ ਸ਼ਾਹਆਲਮੀ ਦੇ ਜ਼ਿਆਦਾਤਰ ਇਲਾਕਿਆਂ ਤੇ ਅੱਗ ਲਗਾ ਦਿੱਤੀ ਗਈ ਸੀ, ਹਿੰਦੂਆਂ ਵਿੱਚ ਦਹਿਸ਼ਤ ਫੈਲ ਗਈ ਅਤੇ ਲਾਹੌਰ ਤੋਂ ਉਨ੍ਹਾਂ ਦਾ ਜਾਣਾ, ਬਹੁਤ ਵਧ ਗਿਆ. ਪੰਜਾਬ ਦੇ ਇੰਤਜ਼ਾਮ ਦਾ ਪੱਖਪਾਤੀ ਕਿਰਦਾਰ ਹੁਣ ਆਪਣੇ ਸਹ-ਧਰਮੀਆਂ ਦੇ ਨਾਲ ਸਿੱਧੇ ਤੌਰ ਤੇ, ਮਿਲੀ ਭਗਤ ਦੀ ਸ਼ਕਲ ਅਖ਼ਤਿਆਰ ਕਰ ਰਿਹਾ ਸੀ. ਲਾਹੌਰ ਦੇ ਮਾਮਲੇ ਤੇ, ਇਸ ਦਾ ਮਤਲਬ ਸੀ ਕਿ ਮੁਸਲਿਮ ਹਾਵੀ ਸਨ ਅਤੇ ਇਥੇ ਤਕ ਕਿ ਫ਼ਾਇਰ ਬ੍ਰਿਗੇਡ ਵਰਗੀ ਸੇਵਾਵਾਂ ਵੀ ਆਪਣਾ ਫ਼ਰਜ਼ ਇਮਾਨਦਾਰੀ ਨਾਲ ਨਿਭਾਉਣ ਨੂੰ ਤਿਆਰ ਨਹੀਂ ਸਨ. ਦਿਹਾਤੀ ਇਲਾਕਿਆਂ ਤੇ ਹਾਲਾਤ ਉਸੇ ਤਰ੍ਹਾਂ ਕਾਇਮ ਰਹੇ. ਮੁਸਲਿਮ ਮਜਾਰਿਟੀ ਵਾਲੇ ਇਲਾਕਿਆਂ ਤੇ ਮੁਸਲਿਮਾਂ ਦੁਆਰਾ ਸਿੱਖਾਂ ਦੇ ਖ਼ਿਲਾਫ਼ ਕੀਤੀ ਗਈ ਜਿਆਦਿਤੀਆਂ ਦੀ, ਹੁਣ ਪੂਰਬੀ ਪੰਜਾਬ ਦੇ ਮੁਸਲਿਮਾਂ ਤੋਂ ਕੀਮਤ ਅਦਾ ਕਰਵਾਣ ਲਈ, ਸਿੱਖਾਂ ਦਾ ਮਨਸੂਬਾ ਜ਼ਿਆਦਾ ਅਹਿਮ ਹੋ ਗਿਆ ਹੋਵੇਗਾ, ਮਗਰ ਇਸ ਨੂੰ ਲਾਗੂ ਕਰਣ ਦਾ ਵਕਤ ਹੁਣ ਵੀ ਨਹੀਂ ਹੋਇਆ ਸੀ.

'ਪੰਜਾਬ ਦੇ ਗਵਰਨਰ ਦੇ ਇਖ਼ਤਿਆਰ ਦੀ ਹੁਣ ਹੋਰ ਜ਼ਿਆਦਾ ਹੁਕਮ ਅਦੂਲੀ ਕੀਤੀ ਜਾ ਰਹੀ ਸੀ, ਮਗਰ ਬਾਹਰੀ ਤੌਰ ਤੇ ਸਿਵਲ ਸੇਵਾ ਵਾਲੇ, ਪੁਲਿਸ ਅਫ਼ਸਰ ਅਤੇ ਬ੍ਰਿਟਿਸ਼ ਇੰਡੀਅਨ ਫ਼ੌਜ, ਜੋ ਬ੍ਰਿਟਿਸ਼

ਤਾਕਤ ਦੀ ਨੁਮਾਇੰਦਗੀ ਕਰਦੇ ਸੀ, ਉਹ ਕਾਇਮ ਸਨ. ਉਸ ਬਾਹਰੀ ਖਾਕੇ ਨੇ ਪੰਜਾਬ ਨੂੰ ਹੰਬਸ ਦੀ 'ਸਟੇਟ ਔਫ਼ ਨੇਚਰ' ਤੇ ਡਿਗਣ ਤੋਂ ਰੋਕਿਆ, ਮਗਰ ਤਾਕਤ ਅਤੇ ਇਖ਼ਤਿਆਰ ਦਾ ਖ਼ਾਤਮਾ ਮਹਿਜ਼ ਇੱਕ ਵਕਤ ਦਾ ਖੇਡ ਸੀ. ਇਹ ਲਾਜ਼ਮੀ ਸੀ. ਜੈਦਾਂ ਕਿ ਪਹਿਲਾਂ ਗੌਰ ਕੀਤਾ ਗਿਆ ਹੈ, ਹਿੰਦੂਆਂ ਅਤੇ ਸਿੱਖਾਂ ਨੇ, ਪੂਰਬ ਦੀ ਤਰਫ਼ ਜਾਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਨ੍ਹਾਂ ਦੇ ਘਰਾਂ ਦੇ ਤਾਲੇ ਤੋੜ ਕੇ ਲੁੱਟਣਾ, ਹਿੰਦੂਆਂ ਅਤੇ ਸਿੱਖਾਂ ਉਪਰ ਹਮਲੇ ਕਰਣ ਦਾ ਇੱਕ ਵਡਾ ਮਕਸਦ ਸੀ. ਉਹ ਪੰਜਾਬ ਦੀ ਸਭ ਤੋਂ ਖੁਸ਼ਹਾਲ ਕੌਮਾਂ ਸਨ ਜਦ ਕਿ ਮੁਸਲਿਮ ਸਭ ਤੋਂ ਜ਼ਿਆਦਾ ਤਦਾਦ ਰੱਖਦੇ ਸੀ. ਇਸ ਤਰ੍ਹਾਂ ਦੀ ਅਸੰਤੁਲਤ ਹਕੀਕਤ ਨੇ ਗਲਤ ਮਕਸਦ ਪੈਦਾ ਕਰਣੇ ਸੀ ਅਤੇ ਇਸ ਦਾ ਇੱਕਠਾ ਅਸਰ ਹੋਣਾ ਹੀ ਸੀ. ਆਰ.ਐਸ.ਐਸ. ਨੇ ਟਾਕਰਾ ਕਰਣ ਦੀ ਕੋਸ਼ਿਸ਼ ਕੀਤੀ ਮਗਰ ਉਹ ਉਣ ਸਾਧਨਾਂ ਦੇ ਮੁਕਾਬਲੇ ਤੇ ਕੁੱਝ ਨਹੀਂ ਸਨ, ਜੋ ਮੁਸਲਿਮ ਲੀਗ ਦੇ ਬਦਮਾਸ਼ਾਂ ਨੂੰ ਇੱਕ ਤਰਫ਼ਦਾਰੀ ਕਰਣ ਵਾਲਾ ਇੰਤਜ਼ਾਮ ਮੁਹੱਇਆ ਕਰਾ ਰਿਹਾ ਸੀ. ਅਤੇ ਜੂਨ ਦੇ ਆਖ਼ਰ ਤਕ, ਸੰਵਿਧਾਨ ਦੇ ਮੁਤਾਬਕ ਪੰਜਾਬ ਦੀ ਤਕਸੀਮ ਨੂੰ ਮੰਜ਼ੂਰ ਕਰ ਲੀਤਾ ਗਿਆ ਸੀ, ਮਗਰ ਹਾਲਾਤ ਐਦਾਂ ਤੇ ਸਨ ਕਿ ਸੰਵਿਧਾਨ ਅਤੇ ਕਾਨੂੰਨੀ ਬੁਨਿਆਦ ਉਪਰ ਕਾਰਵਾਈਆਂ, ਗ਼ੈਰ-ਮੁਨਾਸਬ ਹੋ ਰਹੀਆਂ ਸੀ.

ਕੇਂਦਰੀ ਸਤਰ ਤੇ, ਜਿਨਾਹ ਦੇ 4 ਜੁਲਾਈ ਦੇ ਐਲਾਨ ਨੇ ਕਿ ਉਹ ਪਾਕਿਸਤਾਨ ਦੇ ਗਵਰਨਰ ਜਨਰਲ ਹੋਣਗੇ ਅਤੇ ਮਾਉਂਟਬੈਟਨ ਨਹੀਂ, ਇਸ ਨੇ ਮਾਉਂਟਬੈਟਨ ਨੂੰ ਬਹੁਤ ਨਾਰਾਜ਼ ਕਰ ਦਿੱਤਾ. ਤਕਸੀਮ ਦੇ ਉਪਰ ਕੀਤੀ ਜਾ ਰਹੀ ਗੱਲ-ਬਾਤ ਦੀ ਬੁਨਿਆਦ ਇਸ ਧਾਰਨਾ ਉਪਰ ਸੀ ਕਿ ਮਾਉਂਟਬੈਟਨ ਇਸ ਨੂੰ ਪੂਰਾ ਕਰਣ ਲਈ ਜ਼ਿਮੇਵਾਰ ਹੋਣਗੇ ਅਤੇ ਇਸ ਦਾ ਮਤਲਬ ਸੀ ਕਿ ਉਹ ਦੋਵੇਂ ਡੋਮਿਨਿਅਨਾਂ ਦੇ ਗਵਰਨਰ ਜਨਰਲ ਹੋਣਗੇ. ਇਸ ਕਰ ਕੇ, ਜਿਨਾਹ ਦਾ ਖ਼ੁਦ ਗਵਰਨਰ ਜਨਰਲ ਬਣਣ ਦਾ ਫ਼ੈਸਲਾ ਮਾਉਂਟਬੈਟਨ ਦੀ ਬੇਇੱਜ਼ਤੀ ਸੀ, ਜਿਸ ਨੂੰ ਉਹ ਮਾਫ਼ ਕਰਣ ਨੂੰ ਤਿਆਰ ਨਹੀਂ ਸਨ. ਉਨ੍ਹਾਂ ਦੀ ਦਰਜ ਆਪਸੀ ਗੱਲਬਾਤ ਇਸ ਨੂੰ ਸਾਫ਼ ਤੌਰ ਤੇ ਜ਼ਾਹਰ ਕਰਦੀ ਹੈ. ਇਹ ਫ਼ੈਸਲਾ ਕਿੱਨਾ ਨਿੱਜੀ ਸੀ, ਇਹ ਇਸ ਸੱਚ ਤੋਂ ਪਤਾ ਚਲਦਾ ਹੈ ਕਿ, ਜਿਨਾਹ ਦੇ ਪਾਕਿਸਤਾਨੀ ਫ਼ੌਜ਼ ਦੇ ਪ੍ਰਮੁੱਖ ਅਤੇ ਸੂਬਿਆਂ ਦੇ ਗਵਰਨਰ ਵੀ ਬ੍ਰਿਟਿਸ਼ ਸਨ. ਫ਼ੌਜ਼ ਦੇ ਕਈ ਸੀਨੀਅਰ ਅਫ਼ਸਰ ਵੀ ਬ੍ਰਿਟਿਸ਼ ਸਨ. ਮਾਉਂਟਬੈਟਨ ਉਪਰ ਪਾਕਿਸਤਾਨ ਦੀ ਮੁਖ਼ਾਲਫ਼ਤ ਦਾ ਇਲਜ਼ਾਮ ਸ਼ਾਇਦ, ਜਿਨਾਹ ਦੇ ਇਸ ਗਵਰਨਰ ਜਨਰਲ ਹੋਣ ਦੇ 4 ਜੁਲਾਈ ਦੇ ਫ਼ੈਸਲੇ ਦੇ ਬਾਅਦ ਹੀ ਲਗਾਇਆ ਗਿਆ. ਮਗਰ, ਜੈਦਾਂ ਕਿ ਗੌਰ ਕੀਤਾ ਗਿਆ ਹੈ, ਘੱਟ ਤੋਂ ਘੱਟ 1 ਅਗਸਤ 1947 ਤਕ, ਮਾਉਂਟਬੈਟਨ ਜ਼ੋਰ ਦੇ ਰਹੇ ਸੀ ਕਿ ਪਾਕਿਸਤਾਨ ਨੂੰ ਲੜਾਈ ਦੀ ਸੇਵਾਵਾਂ ਦਾ, ਜਿਸ ਵਿੱਚ ਹਥਿਆਰ ਅਤੇ ਦੂਜਾ ਸਾਮਾਨ ਸ਼ਾਮਲ ਸੀ, ਉਸ ਦਾ ਇੱਕ ਮੁਨਾਸਬ ਹਿੱਸਾ ਦਿੱਤਾ ਜਾਵੇ. ਇਹ ਲਗਦਾ ਹੈ ਕਿ ਉਨ੍ਹਾਂ ਦਾ ਪਾਕਿਸਤਾਨ ਦੇ ਖ਼ਿਲਾਫ਼ ਹੋਣਾ ਉਨ੍ਹਾਂ ਦੀ ਪਾਲਿਸੀਆਂ (ਨੀਤੀਆਂ) ਉਪਰ ਤਦ ਅਸਰ ਕਰਣ ਲਗਾ ਜਦ ਉਹ 15 ਅਗਸਤ 1947 ਨੂੰ ਇੰਡੀਆ ਦੇ ਗਵਰਨਰ ਜਨਰਲ ਬਣ ਗਏ, ਕਿਉਂਕਿ ਉਸ ਵਕਤ ਤੋਂ ਬਾਅਦ, ਉਹ ਸਿਰਫ਼ ਇੰਡੀਆ ਸਰਕਾਰ ਅਤੇ ਮੁਲਕ ਦੇ ਫ਼ਾਇਦੇ ਦੀ ਨੁਮਾਇੰਦਗੀ ਕਰ ਰਹੇ ਸੀ.

ਕਿਸੀ ਵੀ ਹਾਲ ਤੇ, ਇਲਾਕਿਆਂ ਦੀ ਤਕਸੀਮ ਲਈ, ਕਈ ਕਮੇਟੀਆਂ ਬਣਾਇਆਂ ਗਈਆਂ. ਉਨ੍ਹਾਂ ਦੇ ਵਿੱਚ, ਬੇਸ਼ਕ ਸਭ ਤੋਂ ਅਹਿਮ ਸੀ ਪੰਜਾਬ ਬਾਉਂਡਰੀ ਕਮੀਸਨ. ਰੈਡਕਲੀਫ ਅਵਾਰਡ ਦਾ ਨਿਖੇੜ ਪਹਿਲਾਂ ਹੀ ਪੇਸ਼ ਕੀਤਾ ਗਿਆ ਹੈ; ਇੱਨਾ ਕਹਿਣਾ ਹੀ ਬਹੁਤ ਹੈ ਕਿ ਇਸ ਦੇ ਨਾਲ ਕਾਫ਼ੀ ਚਰਚਾ ਜੁੜੀ ਹੋਈ ਹੈ, ਕਿ ਮਾਉਂਟਬੈਟਨ ਅਤੇ ਨਹਿਰੂ ਨੇ ਸਾਜ਼ਸ਼ ਕਰ ਕੇ ਇਸ ਨੂੰ ਇਸ ਤਰ੍ਹਾਂ ਬਦਲ ਦਿੱਤਾ ਕਿ ਗੁਰਦਾਸਪੁਰ ਜ਼ਿਲ੍ਹੇ ਦੀ

ਚਾਰ ਵਿੱਚ ਤਿੰਨ ਤਹਸੀਲਾਂ ਇੰਡੀਆ ਨੂੰ ਦੇ ਦਿੱਤੀ ਗਈਆਂ, ਅਤੇ ਕਸ਼ਮੀਰ ਤਕ ਦਾ ਰਸਤਾ ਪਠਾਨਕੋਟ ਤਹਸੀਲ ਤੋਂ ਹੋ ਕੇ ਕਾਇਮ ਰਹਿਆ. ਦੂਜੀ ਤਰਫ਼, ਇਹ ਵੀ ਹਕੀਕਤ ਹੈ ਕਿ ਰੈਡਕਲੀਫ ਅਵਾਰਡ ਤਕਰੀਬਨ ਵੇਵੇਲ ਦੇ 7 ਫ਼ਰਵਰੀ 1946 ਦੇ ਹਦਬੰਦੀ ਦੇ ਮਨਸੂਬੇ ਨਾਲ ਮਿਲਦਾ-ਜੁਲਦਾ ਸੀ. ਸਿਰਫ਼ ਇਹ ਫ਼ਰਕ ਸੀ ਕਿ ਕਸੂਰ ਤਹਸੀਲ ਦੇ ਕੁੱਝ ਹਿੱਸੇਆਂ ਤੋਂ ਲੈ ਕੇ, ਇੱਕ ਸਰਹੱਦ ਤਿਆਰ ਕੀਤੀ ਗਈ ਜੋ ਤਕਰੀਬਨ ਲਾਹੌਰ ਅਤੇ ਅੱਮ੍ਰਿਤਸਰ ਦੇ ਮੱਧ ਤੇ ਸੀ.

ਪੰਜਾਬ ਤੇ ਜੁਲਾਈ ਦੇ ਬਾਅਦ ਤੋਂ, ਮਾਇਨਾਰਟੀਆਂ ਉਪਰ ਤੰਜ਼ੀਮ ਕੀਤੇ ਤਸ਼ੱਦਦੀ ਹਮਲੇ ਦਾ ਕੇਂਦਰ ਪੂਰਬ ਦੀ ਤਰਫ਼ ਵੱਧਣ ਲਗਾ. ਸਿੱਖ ਜੱਥੇ ਜਿਣਾ ਦੇ ਬਾਰੇ, ਪੰਜਾਬ ਦਾ ਇੰਤਜ਼ਾਮ ਚੇਤਾਵਨੀ ਦੇਂਦਾ ਆ ਰਿਹਾ ਸੀ, ਉਹ ਇੰਤਜ਼ਾਰ ਕਰ ਰਹੇ ਸੀ ਅਤੇ ਉਹ ਹੁਣ, ਤੇਜੀ ਨਾਲ ਮੁਸਲਿਮਾਂ ਉਪਰ ਹਮਲੇਆਂ ਦਾ ਵਾਧਾ ਕਰਣ ਲਗੇ. ਬ੍ਰਿਟਿਸ਼ ਅਫ਼ਸਰਾਂ ਦੇ ਅਧੀਨ, ਫ਼ੌਜ਼ ਦੀ ਮੌਜੂਦਗੀ ਬਹੁਤ ਨਾਕਾਫ਼ੀ ਸੀ ਅਤੇ ਅਗਰ ਹੋਰ ਤਸ਼ੱਦਦ ਹੁੰਦਾ ਤੇ ਕਾਨੂੰਨ ਅਤੇ ਵਿਵਸਥਾ ਪੂਰੀ ਤਰ੍ਹਾਂ ਬੇਅਸਰ ਹੋ ਜਾਂਦੇ. ਇੱਕ ਛੋਟੀ ਤਦਾਦ ਵਾਲੀ ਪੰਜਾਬ ਬਾਉਂਡਰੀ ਫੋਰਸ 1 ਅਗਸਤ 1947 ਤੋਂ ਕਾਰਗਰ ਹੋਈ ਅਤੇ ਸਿੱਖ ਹਮਲਾਵਰਾਂ ਦੇ ਖ਼ਿਲਾਫ਼ ਕੁੱਝ ਕਾਰਵਾਈ ਕੀਤੀ, ਮਗਰ ਇਸ ਤਰ੍ਹਾਂ ਦੇ ਕਦਮ ਸਮੁਚੇ ਪੰਜਾਬ ਤੇ ਹੋ ਰਹੇ ਫ਼ਿਰਕੂ ਹਮਲੇ ਨਹੀਂ ਰੋਕ ਸਕਦੇ ਸੀ. ਲਗਦਾ ਹੈ, ਪੰਜਾਬ ਦੀ ਤਕਸੀਮ ਦਾ ਮਤਲਬ ਅਤੇ ਨਤੀਜੇ ਬਾਰੇ, ਪਿੰਡਾਂ ਤੇ ਇਤਲਾਹ ਚਾਰੇ ਪਾਸੇ ਨਹੀਂ ਪਹੁੰਚੀ ਸੀ. ਲਾਹੌਰ ਅਤੇ ਅੱਮ੍ਰਿਤਸਰ ਤੋਂ ਬਹੁਤ ਦੂਰ ਦੇ ਪਿੰਡਾਂ ਤੇ ਰਹਿਣ ਵਾਲੇ ਜ਼ਿਆਦਾਤਰ ਲੋਕਾਂ ਨੂੰ ਕੋਈ ਖ਼ਬਰ ਨਹੀਂ ਪਤਾ ਸੀ ਜਾਂ ਬਹੁਤ ਘੱਟ ਇਤਲਾਹ ਸੀ.

ਨਤੀਜਤਨ, ਇੱਕ ਤਰਫ਼ ਹਿੰਦੂ-ਸਿੱਖ ਸਮੁਹਾਂ ਅਤੇ ਦੂਜੀ ਤਰਫ਼ ਮੁਸਲਿਮਾਂ ਦੇ ਵਿੱਚ ਗੱਲ-ਬਾਤ ਹੌਲੀ ਹੌਲੀ ਘੱਟ ਹੋ ਗਈ, ਕਿਸੇ ਵੀ ਕੌਮ ਦੇ ਲੋਕਾਂ ਦੇ ਦਰਮਿਆਨ ਖ਼ਬਰਾਂ ਦਾ ਲੈਣ-ਦੇਣ, ਸ਼ੁਰੂ ਤੋਂ ਕਮਜੋਰ ਸੀ ਅਤੇ ਤਕਸੀਮ ਤਕ ਕਮਜੋਰ ਹੀ ਰਹੇ. ਸਾਰੀ ਕੌਮਾਂ ਦੇ ਦਿਹਾਤੀ ਲੋਕਾਂ ਨੂੰ ਆਪਣੇ ਰਹਨੁਮਾਵਾਂ ਤੋਂ ਮਿਲੀ ਖ਼ਬਰਾਂ ਅਤੇ ਅਗਵਾਈ ਦੀ ਕਮੀ ਦੇ ਚਲਦੇ, ਭੁਗਤਣਾ ਪਇਆ. ਸਾਰੇ ਲੋਕਾਂ ਵਿੱਚ ਪੂਰਬੀ ਪੰਜਾਬ ਦੇ ਮੁਸਲਿਮ, ਖ਼ਾਸ ਕਰ ਕੇ, ਜੋ ਪਿੰਡਾਂ ਤੇ ਜਾਂ ਸ਼ਾਹੀ ਰਿਆਸਤਾਂ ਤੇ ਰਹਿੰਦੇ ਸੀ, ਉਨ੍ਹਾਂ ਨੂੰ ਪੰਜਾਬ ਦੀ ਤਕਸੀਮ ਦੇ ਫ਼ੈਸਲੇ ਬਾਰੇ, ਕੋਈ ਇਲਮ ਨਹੀਂ ਸੀ. ਕਿਉਂਕਿ ਮੁਸਲਿਮ ਮਜਾਰਿਟੀ ਵਾਲੇ ਮੱਧ, ਉੱਤਰੀ ਅਤੇ ਪਛੱਮ ਪੰਜਾਬ ਦੇ ਜ਼ਿਲ੍ਹਾਂ ਦੇ ਹਿੰਦੂਆਂ ਅਤੇ ਸਿੱਖਾਂ ਦੇ ਉਪਰ ਹੋਣ ਵਾਲੇ ਬਾਰ ਬਾਰ ਹਮਲੇ ਦੀ ਤਰ੍ਹਾਂ, ਪੂਰਬੀ ਪੰਜਾਬ ਦੇ ਮੁਸਲਿਮਾਂ ਉਪਰ ਜੁਲਾਈ ਦੇ ਸ਼ੁਰੂ ਤਕ ਹਮਲੇ ਨਹੀਂ ਹੋਏ ਅਤੇ ਪੰਜਾਬ ਦੀ ਤਕਸੀਮ ਹੋਣ ਦੇ ਨਤੀਜੇ ਕੀ ਹੋ ਸਕਦੇ ਸੀ, ਇਸ ਬਾਰੇ ਉਨ੍ਹਾਂ ਨੂੰ ਕੋਈ ਇਤਲਾਹ ਨਹੀਂ ਸੀ.

12 ਅਗਸਤ ਨੂੰ ਪੂਰਬੀ ਪੰਜਾਬ ਦੇ ਮੁਸਲਿਮਾਂ ਦੀ ਵੱਡੇ ਪੈਮਾਨੇ ਤੇ ਪਛੱਮ ਦੀ ਤਰਫ਼ ਰਵਾਨਗੀ, ਗਵਰਨਰ ਜੇਨਕੀਨਸ ਨੇ ਗੌਰ ਕੀਤੀ. ਤਦ ਤਕ, ਮਾਰਚ 1947 ਤੋਂ ਲੈ ਕੇ, ਪੂਰਬ ਦੀ ਤਰਫ਼ ਜਾ ਰਹੇ ਲੋਕ, ਹਿੰਦੂ ਅਤੇ ਸਿੱਖ ਸਨ. ਹੁਣ, ਸਮੁਚੇ ਪੰਜਾਬ ਤੇ ਬਹੁਤ ਗੰਭੀਰ ਤੌਰ ਤੇ ਖਲਬਲੀ ਮਚ ਗਈ ਸੀ. ਜੇਨਕੀਨਸ ਦੀ ਅਖੀਰੀ ਪੰਦਰਵਾੜੇ ਦੀ ਰਿਪੋਰਟ ਤੇ ਅਤੇ 13 ਹੋਰ 14 ਅਗਸਤ ਦੀ ਟੈਲੀਗ੍ਰਾਮਾਂ ਤੋਂ ਪਤਾ ਲਗਦਾ ਹੈ ਕਿ, ਇਸ ਬਾਰੇ ਕੋਈ ਸ਼ੱਕ ਨਹੀਂ ਸੀ ਕਿ ਪੰਜਾਬ ਅਰਾਜਕਤਾ ਅਤੇ ਬੇਤਰਤੀਬੀ ਦੀ ਤਰਫ਼ ਜਾ ਰਿਹਾ ਸੀ. ਉਨ੍ਹਾਂ ਨੇ ਟਿਪਣੀ ਕੀਤੀ ਕਿ 15 ਅਗਸਤ ਤੋਂ ਜੋ ਪ੍ਰਸ਼ਾਸਨ ਹਕੂਮਤ ਤੇ ਆ ਰਹੇ ਸੀ, ਇਹ ਉਨ੍ਹਾਂ ਦੀ ਜ਼ਿਮੇਵਾਰੀ ਸੀ ਕਿ ਉਹ ਹਾਲਾਤ ਕਾਬੂ ਵਿੱਚ ਕਰਣ. ਕੁੱਝ ਦਿਨਾਂ ਤਕ ਬ੍ਰਿਟਿਸ਼ ਇੰਤਜ਼ਾਮ ਕਾਇਮ ਰਹਿਣ ਦੀ ਵਜ੍ਹਾ ਕਰ ਕੇ,

ਹਾਲਾਂਕਿ ਜੋ, ਲਗਾਤਾਰ ਆਪਣਾ ਇਖ਼ਤਿਆਰ ਗੁਆ ਰਿਹਾ ਸੀ, ਹਲਾਕ ਅਤੇ ਜ਼ਖ਼ਮੀ ਹੋਣ ਵਾਲੇ ਲੋਕਾ ਦੀ ਤਦਾਦ ਕਾਫ਼ੀ ਘੱਟ ਸੀ: ਸ਼ਾਇਦ 10-15 ਹਜ਼ਾਰ, ਹਾਲਾਂਕਿ ਜੇਨਕੀਨਸ ਦਾ ਅੰਦਾਜ਼ਾ ਹੋਰ ਘੱਟ ਸੀ.

ਤੀਜਾ ਚਰਣ

ਪੰਜਾਬ ਦੀ ਤਕਸੀਮ ਦੇ ਅਖੀਰੀ ਚਰਣ ਹੌਬੇਸਿਅਨ ਨਾਇਟਮੇਅਰ (ਹੌਬਸ ਦੇ ਬੁਰੇ ਸਪਨੇ) ਨੂੰ ਦਰਸ਼ਾਉਂਦਾ ਸੀ, ਜਦ ਕੋਈ ਸੂਬਾ, ਇਸ ਦੇ ਕਾਨੂੰਨ ਅਤੇ ਵਿਵਸਥਾ ਸਮੇਤ ਗਾਇਬ ਹੋ ਜਾਂਦਾ ਹੈ. ਪੁਰਾਣੇ ਪੰਜਾਬ ਦੇ ਸਦਭਾਵੀ ਵਾਸੀ ਹੋਣਾ ਹੁਣ ਕੋਈ ਮਾਇਨੇ ਨਹੀਂ ਰੱਖਦਾ ਸੀ. ਵਾਇਸਰਾਏ ਦੇ ਘੇਰੇ ਦੇ ਕਰੀਬੀ ਚੇਲੇਆਂ ਨੇ ਜਿਸ ਮੁੱਦੇ ਉਪਰ ਗੱਲ-ਬਾਤ ਤੇ ਪਾਬੰਦੀ ਲਗਾ ਰੱਖੀ ਸੀ ਅਤੇ ਉਨ੍ਹਾਂ ਦੇ ਨਾਲ ਦੇਸ਼ੀ ਰਹਨੁਮਾਵਾਂ ਨੇ ਵੀ ਕੋਈ ਸਵਾਲ ਨਹੀਂ ਕੀਤੇ, ਉਹ ਸੀ: ਪੰਜਾਬ ਦੀ ਤਕਸੀਮ ਦੇ ਨਾਲ ਆਬਾਦੀ ਦੀ ਅਦਲਾ-ਬਦਲੀ ਵੀ ਜੁੜੀ ਹੋਈ ਸੀ. ਸਿਰਫ਼ ਜਿਨਾਹ ਹੀ ਇੱਕ ਅਪਵਾਦ ਸਨ, ਜਿਸ ਨੇ ਨਵੰਬਰ 1946 ਤੇ ਬਿਹਾਰ ਵਿੱਚ ਮੁਸਲਿਮਾਂ ਦੇ ਕਤਲੇਆਮ ਤੋਂ ਬਾਅਦ ਇੰਡੀਆ ਅਤੇ ਪਾਕਿਸਤਾਨ ਦੀ ਆਬਾਦੀ ਦੀ ਅਦਲਾ-ਬਦਲੀ ਦੀ ਪੇਸ਼ਕਸ਼ ਕੀਤੀ ਸੀ ਪਰ ਉਨ੍ਹਾਂ ਦੀ ਕੱਟੜ ਹਕੀਕਤਪਸੰਦੀ ਨੂੰ ਮੰਜ਼ੂਰ ਕਰਣ ਵਾਲਾ ਕੋਈ ਨਹੀਂ ਸੀ. ਦੂਜੀ ਤਰਫ਼, ਇਸ ਤਰ੍ਹਾਂ ਦੀ ਸੋਚ ਰੱਖਣ ਲਈ, ਉਨ੍ਹਾਂ ਦੀ ਨੁਕਤਾਚੀਨੀ ਕੀਤੀ ਗਈ. ਬਹੁਲਵਾਦ ਕਾਂਗਰੇਸ ਦੀ ਅਧਿਕਾਰੀ ਖ਼ਿਆਲਪਰਸਤੀ ਸੀ ਅਤੇ ਮੁਸਲਿਮ ਲੀਗ ਨੇ ਵੀ ਇਸ ਨੂੰ ਨਾਮੰਜ਼ੂਰ ਨਹੀਂ ਕੀਤਾ ਸੀ, ਹਾਲਾਂਕਿ ਇੱਕ ਮੁਸਲਿਮ ਮੁਲਕ ਦਾ ਖ਼ਿਆਲ ਬਹੁਲਵਾਦ ਨਾਲ ਮੇਲ ਨਹੀਂ ਖਾਂਦਾ ਸੀ. ਇਸ ਦੇ ਇਲਾਵਾ ਮਾਉਂਟਬੈਟਨ ਖੁਦ ਨੂੰ ਝਾਂਸਾ ਦੇ ਰਹੇ ਸੀ, ਜਦ ਉਨ੍ਹਾਂ ਨੇ ਸੋਚਿਆ ਕਿ ਅਫ਼ਸਰਾਂ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ ਕਿ ਉਹ ਕਿਸ ਮੁਲਕ ਦੇ ਪ੍ਰਸ਼ਾਸਨ ਦੀ ਸੇਵਾ ਕਰਣਗੇ (ਤਕਸੀਮ ਤੋਂ ਬਾਅਦ); ਅਤੇ ਇਣ ਅਫ਼ਸਰਾਂ ਦੇ ਤਬਾਦਲੇ ਦਾ ਇਤੰਜ਼ਾਮ ਦੀ ਨਿਰਪੱਖਤਾ ਉਪਰ ਕੋਈ ਅਸਰ ਨਹੀਂ ਪਵੇਗਾ.

ਇਸ ਤਰ੍ਹਾਂ ਦਾ ਨਜ਼ਰਿਆ ਲੈਣ ਦੀ ਕੋਈ ਬੁਨਿਆਦ ਨਹੀਂ ਸੀ. ਦੂਜੀ ਤਰਫ਼, ਸਾਰੇ ਸਬੂਤ ਦੱਸਦੇ ਸੀ ਕਿ ਇੱਕ ਕਤਲੇਆਮ ਲਾਜ਼ਮੀ ਸੀ. ਖ਼ਾਸ ਕਰ ਕੇ, ਸਿੱਖ ਆਗੂਆਂ ਦੇ ਇਰਾਦੇਆਂ ਦੇ ਬਾਰੇ ਸਭ ਨੂੰ ਪਤਾ ਸੀ. ਨਾ ਤੇ ਇੰਡੀਆ ਅਤੇ ਨਾ ਹੀ ਪਾਕਿਸਤਾਨ ਨੇ, ਬ੍ਰਿਟਿਸ਼ ਗਵਰਨਰ ਜਾਂ ਮੁੱਖ ਸਕੱਤਰਾ ਦੀ ਪੰਦਰਵਾੜੇ ਦੀ ਰਿਪੋਰਟਾਂ ਦੀ ਤਰ੍ਹਾਂ ਕੋਈ ਰਿਪੋਰਟਾਂ ਛਾਪੀਆਂ ਸੀ. ਉਣ ਹਾਲਾਤਾਂ ਤੇ, ਦੋਵੇਂ ਪੰਜਾਬਾਂ ਤੇ ਜੋ ਹੋਇਆ, ਇਸ ਦਾ ਪਤਾ ਚਸ਼ਮਦੀਦਾਂ ਤੋਂ ਜਾਂ ਦੂਜੀ ਸਰੋਤਾਂ ਤੋਂ ਲਗਦਾ ਹੈ, ਜੋ ਚਸ਼ਮਦੀਦਾਂ ਦੇ ਬਿਆਨ ਦੀ ਬੁਨਿਆਦ ਉਪਰ ਤਿਆਰ ਕੀਤਾ ਗਿਆ ਸੀ. ਇਸ ਤਰ੍ਹਾਂ 15 ਅਗਸਤ 1947 ਤੋਂ ਸਾਲ ਦੇ ਆਖ਼ਰ ਤਕ ਦੀ ਘਟਨਾਵਾਂ ਬਾਰੇ ਸਾਨੂੰ ਇਤਲਾਹ ਮਿਲਦੀ ਹੈ.

ਪਾਕਿਸਤਾਨੀ ਪੰਜਾਬ ਤੇ, ਹਿੰਦੂਆਂ ਅਤੇ ਸਿੱਖਾਂ ਦਾ ਪਰਵਾਸ ਕਈ ਮਹੀਨੇ ਤੋਂ ਚਲ ਰਿਹਾ ਸੀ. ਰੈਡਕਲੀਫ ਅਵਾਰਡ ਦੇ ਐਲਾਨ ਤੋਂ ਪਹਿਲਾਂ ਤਕ, ਕੋਈ 500,000 ਹਿੰਦੂ ਅਤੇ ਸਿੱਖ ਹਿਫ਼ਾਜ਼ਤ ਲਈ, ਸਰਹੱਦ ਪਾਰ ਕਰ ਚੁਕੇ ਸੀ. ਜਦ ਨਵਾ ਪ੍ਰਸ਼ਾਸਨ ਹਕੂਮਤ ਤੇ ਆਇਆ, ਬਾਕੀ ਬਚੇ ਲੋਕ ਵੀ ਭੱਜਣ ਲਗੇ. ਪੰਜਾਬ ਦੇ ਗਵਰਨਰ ਸਰ ਫ੍ਰਾਂਸਿਸ ਮੁਡੀ ਨੇ ਸਾਫ ਤੌਰ ਤੇ ਕਿਹਾ ਕਿ ਹਿੰਦੂਆਂ ਅਤੇ ਸਿੱਖਾਂ ਨੂੰ ਜਾਣ ਲਈ ਮਜਬੂਰ ਕੀਤਾ ਗਿਆ ਤਾਂਕਿ ਲੱਖਾਂ ਦੀ ਤਦਾਦ ਤੇ ਪਾਕਿਸਤਾਨ ਆਉਣ ਵਾਲੇ ਮੁਸਲਿਮ ਪਨਾਹਗੀਰਾਂ ਲਈ ਜਗ੍ਹ ਬਣਾਈ ਜਾਂਦੀ. ਮਗਰ, ਇਹ ਲਗਦਾ ਹੈ ਕਿ ਹਿੰਦੂਆਂ ਅਤੇ ਸਿਖਾਂ ਨੂੰ ਭੱਜਾਣ ਦਾ ਕੋਈ ਵੱਡਾ ਮਨਸੂਬਾ

ਨਹੀਂ ਸੀ, ਪਰ ਉਹ ਲਾਜ਼ਮੀ ਹੋ ਗਿਆ ਜਦ ਪੂਰਬੀ ਪੰਜਾਬ ਤੋਂ ਪਨਾਹਗੀਰਾਂ ਦੇ ਹੜ੍ਹ ਨੇ, ਉਨ੍ਹਾਂ ਨੂੰ ਫਿਰ ਆਬਾਦ ਕਰਣ ਦਾ ਇੱਕ ਬਹੁਤ ਵੱਡਾ ਮਸਲਾ ਖੜ੍ਹਾ ਕਰ ਦਿੱਤਾ, ਅਤੇ ਪੂਰਬੀ ਪੰਜਾਬ ਤੇ ਉਨ੍ਹਾਂ ਦੇ ਨਾਲ ਕੀਤੇ ਗਏ ਬਰਬਰ ਸਲੂਕ ਦੀ ਕਹਾਨੀਆਂ ਨੇ ਪਛੱਮੀ ਤਰਫ਼, ਮੁਸਲਿਮਾਂ ਦਾ ਗੁੱਸਾ ਭੜਕਾ ਦਿੱਤਾ. ਅਤੇ ਹਿੰਦੂਆਂ ਹੋਰ ਸਿੱਖਾਂ ਉਪਰ ਵੀ ਹਮਲੇ ਵਧ ਗਏ ਅਤੇ ਉਨ੍ਹਾਂ ਦੇ ਉਪਰ ਜਾਣ ਦਾ ਦਬਾਅ ਵਧ ਗਿਆ.

ਇਸ ਦੇ ਇਲਾਵਾ ਇਸ ਬਾਰੇ ਸ਼ੱਕ ਕਰਣ ਦੀ ਕੋਈ ਜ਼ਰੂਰਤ ਨਹੀਂ ਹੈ ਕਿ ਸਿੱਖ ਰਹਨੁਮਾਈ ਜਿਸ ਵਿੱਚ ਅਕਾਲੀ ਅਤੇ ਉਨ੍ਹਾਂ ਦੇ ਨਾਲ ਸ਼ਾਹੀ ਰਿਆਸਤਾਂ ਤੇ ਕੁੱਝ ਹੁਕਮਰਾਨਾਂ ਨੇ ਪੂਰਬੀ ਪੰਜਾਬ ਤੋਂ ਸਾਰੇ ਮੁਸਲਿਮਾਂ ਨੂੰ ਕੱਢ ਦੇਣ ਦਾ ਫ਼ੈਸਲਾ ਕੀਤਾ ਸੀ. ਰੈਡਕਲੀਫ ਅਵਾਰਡ ਦੇ ਐਲਾਨ ਹੋਣ ਦੇ ਤੁਰੰਤ ਬਾਅਦ, 17 ਅਗਸਤ ਨੂੰ ਉਨ੍ਹਾਂ ਦੇ ਮਨਸੂਬੇ ਉਪਰ ਅਮਲ ਕੀਤਾ ਗਿਆ. ਅਗਲਾ ਦਿਨ, ਜੋ ਇਸਲਾਮੀ ਤਿਉਹਾਰ ਈਦ ਦਾ ਦਿਨ ਸੀ, ਉਹ 60 ਲੱਖ ਮੁਸਲਿਮ ਮਾਇਨਾਰਿਟੀ ਉਪਰ ਇੱਕ ਵੱਡੀ ਆਫ਼ਤ ਦਾ ਦਿਨ ਸਾਬਤ ਹੋਇਆ. ਜ਼ਿਆਦਾਤਰ ਮੁਸਲਿਮ ਨਿਹੱਥੇ ਕਿਸਾਨ ਸਨ, ਜਿਨ੍ਹਾਂ ਨੂੰ ਕੁੱਝ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਆਪਣੇ ਪੁਸ਼ਤੈਨੀ ਘਰਾਂ ਨੂੰ ਛੱਡ ਕੇ ਜਾਣਾ ਪਵੇਗਾ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਹਮਲੇਆਂ ਦੀ ਤੰਜ਼ੀਮ ਬਹੁਤ ਪਹਿਲਾਂ ਤੋਂ ਕੀਤੀ ਗਈ ਸੀ, ਪਰ ਉਸ ਨੂੰ ਤਦ ਤਕ ਰੋਕ ਕੇ ਰੱਖਿਆ ਗਿਆ, ਜਦ ਤਕ ਉਨ੍ਹਾਂ ਦੇ ਹਾਲਾਤ ਪੂਰੀ ਤਰ੍ਹਾਂ ਤਿਆਰ ਨਹੀਂ ਸਨ. ਹਮਲੇ ਉਸੇ ਤਰ੍ਹਾਂ ਹੋਏ, ਜੈਦਾਂ ਮਾਰਚ 1947 ਤੇ ਸਿੱਖ ਪਿੰਡਾ ਉਪਰ ਮੁਸਲਿਮਾਂ ਨੇ ਪਛੱਮ ਪੰਜਾਬ ਤੇ ਹਮਲੇ ਕੀਤੇ ਸੀ, ਸਿਰਫ਼ ਪੈਮਾਨਾ ਬਹੁਤ ਵੱਡਾ ਸੀ. ਇਸ ਬਾਰੇ ਵੀ ਕੋਈ ਸ਼ੱਕ ਨਹੀਂ ਹੈ ਕਿ ਹਮਲੇਆਂ ਲਈ, ਹਿੰਦੂਆਂ ਨੇ ਮਾਲੀਆ ਮਦਦ ਕੀਤੀ, ਮਗਰ ਹਿੱਸਾ ਲੈਣ ਵਾਲੇ ਜ਼ਿਆਦਾਤਰ ਸਿੱਖ ਸਨ. ਹਿੰਦੀ ਬੋਲਣ ਵਾਲੇ ਪੂਰਬੀ ਜ਼ਿਲ੍ਹਾਂ ਤੇ, ਹਿੰਦੂ ਜਾਟਾਂ ਨੇ ਵੀ ਮੁਸਲਿਮਾਂ ਉਪਰ ਹਮਲੇਆਂ ਤੇ ਹਿੱਸਾ ਲੀਤਾ. ਸਿੱਖ ਸ਼ਾਹੀ ਰਿਆਸਤਾਂ ਤੇ, *ਹੈਬੇਸਿਅਨ* ਕੁਦਰਤੀ ਹਾਲ, ਪੁਰੀ ਤਰ੍ਹਾਂ ਅਮਲ ਤੇ ਆ ਗਿਆ ਜਿਥੇ ਮੁਸਲਿਮਾਂ ਨੂੰ ਕੱਢਣ ਦੀ ਤਿਆਰੀ ਇੱਕ ਲੰਬੇ ਵਕਤ ਤੋਂ ਚਲ ਰਹੀ ਸੀ. ਪੰਜਾਬ ਬਾਉਂਡਰੀ ਫੋਰਸ (ਪੀ.ਬੀ.ਐਫ.) ਦਾ ਸ਼ਾਹੀ ਰਿਆਸਤਾਂ ਤੇ ਕੋਈ ਇਖ਼ਤਿਆਰ ਨਹੀਂ ਸੀ ਅਤੇ ਇਸ ਨੇ ਮੁਸਲਿਮਾਂ ਉਪਰ ਹਮਲਾ ਕਰਣਾ ਹੋਰ ਆਸਾਨ ਕਰ ਦਿੱਤਾ.

ਪੂਰਬੀ ਪੰਜਾਬ ਦੇ ਬ੍ਰਿਟਿਸ਼ ਇਲਾਕਿਆਂ ਤੇ ਜੋ ਸਬੂਤ ਪੇਸ਼ ਕੀਤੇ ਗਏ ਨੇ ਉਹ ਦਰਸ਼ਾਉਂਦੇ ਨੇ ਕਿ ਹਾਲਾਂਕਿ ਲੁਧਿਆਣਾ ਨੂੰ ਜ਼ਿਲ੍ਹਾਂ ਤੇ ਸ਼ਾਮਲ ਕੀਤਾ ਗਿਆ ਸੀ (ਸ਼ੁਰੂ ਤੇ ਨਹੀਂ!), ਪੀ.ਬੀ.ਐਫ. ਦੀ ਕੋਈ ਗੌਰ ਕਰਣ ਲਾਈਕ ਸਰਗਰਮੀ ਪਿੰਡਾਂ ਤੇ ਵੇਖਣ ਨੂੰ ਨਹੀਂ ਮਿਲੀ, ਜਿਥੇ ਮੁਸਲਿਮਾਂ ਉਪਰ ਬਹੁਤ ਬਦਕਾਰੀ ਹਮਲੇ ਹੋਏ, ਅਤੇ ਜੋ ਸਿਰਫ਼ ਪਟਿਆਲਾ ਸੂਬੇ ਤੇ ਹੋਏ ਹਮਲੇਆਂ ਤੋਂ ਘੱਟ ਭਿਅੰਕਰ ਸਨ. ਸਵਾਲ ਉਠਦਾ ਹੈ ਕਿ ਮਲੇਰਕੋਟਲਾ ਦੇ ਮੁਸਲਿਮ ਕਿਸ ਵਜ੍ਹਾ ਨਾਲ, ਹਲਾਕ ਹੋਣ ਤੋਂ ਬਚੇ, ਸਿੱਖ ਉਨ੍ਹਾਂ ਦੇ ਉਪਰ ਹਮਲਾ ਨਹੀਂ ਕਰ ਸਕਦੇ ਸੀ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਉਥੇ ਦੇ ਮੁਸਲਿਮਾਂ ਉਪਰ ਕਦੇ ਵੀ ਹਮਲੇ ਕਰਣ ਦੇ ਉਪਰ ਨਾਪਸੰਦੀ ਜ਼ਾਹਰ ਕੀਤੀ ਸੀ ਜਾਂ, ਮਲੇਰਕੋਟਲਾ ਇਲਾਕੇ ਦੇ ਅੰਦਰ ਦੇ ਮੁਸਲਿਮ ਹਥਿਆਰਬੰਦ ਸਨ ਅਤੇ ਉਹ ਹਮਲੇ ਦਾ ਟਾਕਰਾ ਕਰਦੇ? ਇਸ ਸਵਾਲ ਦਾ ਜਵਾਬ ਦੇਣਾ ਮੁਨਾਸਬ ਨਹੀਂ ਹੈ ਕਿਉਂਕਿ ਸੱਚ ਦੋਵੇਂ ਸੱਚਾਈਆਂ ਦਾ ਮੇਲ ਹੋਵੇਗਾ.

ਜਿਥੇ ਤਕ ਤਿੰਨੋਂ ਕੌਮਾਂ ਦੇ ਆਗੂਆਂ ਦੇ ਤਸ਼ੱਦਦ ਵਿੱਚ ਸ਼ਾਮਲ ਹੋਣ ਦੇ ਸਬੂਤ ਦਾ ਸਵਾਲ ਹੈ, ਜਦ ਕਿ ਮਾਸਟਰ ਤਾਰਾ ਸਿੰਘ, ਅਤੇ ਮਹਾਰਾਜਾ ਪਟਿਆਲਾ ਅਤੇ ਕਪੂਰਥਲਾ ਦੇ ਯੁਵਰਾਜ ਬਾਰੇ ਚਸ਼ਮਦੀਦ ਗਵਾਹਾਂ ਨੇ ਦੱਸਿਆ ਹੈ, ਸਾਨੂੰ ਇਹ ਵੀ ਪਤਾ ਚਲਦਾ ਹੈ ਕਿ ਸਰਦਾਰ ਪਟੇਲ ਬੰਬ ਦੇ ਕਾਰਖਾਨੇ ਨੂੰ ਮਾਲੀਆ

ਮਦਦ ਕਰਦੇ ਸੀ. ਉਨ੍ਹਾਂ ਨੇ ਸਿੱਖਾਂ ਨੂੰ ਲਾਹੌਰ ਦੇ ਮੁਸਲਿਮਾਂ ਨੂੰ ਹਲਾਕ ਕਰਣ ਲਈ ਉਕਸਾਇਆ, ਹਾਲਾਂਕਿ 12-13 ਅਗਸਤ ਤਕ ਕਾਫ਼ੀ ਦੇਰ ਹੋ ਗਈ ਸੀ, ਅਤੇ ਮੁਸਲਿਮ ਲਾਹੌਰ ਸ਼ਹਿਰ ਤੇ ਹਾਵੀ ਹੋ ਗਏ ਸੀ. ਕੁੱਝ ਸਬੂਤ ਮਿਲੇ ਨੇ ਕਿ ਪਾਕਿਸਤਾਨ ਦੀ ਹਕੂਮਤ, ਕਮੋਕੇ ਤੇ ਇੱਕ ਰੇਲ-ਗੱਡੀ ਉਪਰ ਹਮਲੇ ਵਿੱਚ ਸਾਮਲ ਸੀ, ਜਿਸ ਵਿੱਚ ਹਿੰਦੂ ਅਤੇ ਸਿੱਖ ਪਨਾਹਗੀਰ ਭਰੇ ਹੋਏ ਸੀ. ਮੁਸਾਫ਼ਰਾਂ ਉਪਰ ਹਮਲਾ ਕਰਣ ਦਾ ਹੁਕਮ ਕੇਂਦਰੀ ਕੈਬੀਨੇਟ ਤੋਂ ਆਇਆ ਸੀ, ਜਿਸ ਦਾ ਮਤਲਬ ਹੈ ਕਿ ਘੱਟ ਤੋਂ ਘੱਟ, ਵਜੀਰੇ-ਆਜ਼ਮ ਲਿਆਕਤ ਅਲੀ ਖ਼ਾਨ ਨੂੰ ਇਸ ਦੀ ਆਗਾਹੀ ਸੀ. ਇਸ ਹਮਲੇ ਦੀ ਮੰਜ਼ੂਰੀ ਇਸ ਲਈ ਦਿੱਤੀ ਗਈ ਕਿ ਇਹ ਪੂਰਬੀ ਪੰਜਾਬ ਦੀ ਮੁਸਲਿਮ ਮਾਇਨਾਰਿਟੀ ਉਪਰ ਹੋ ਰਹੇ ਹਮਲੇਆਂ ਨੂੰ ਰੋਕਣ ਤੇ ਕਾਮਣਾਬ ਹੋਏ. ਸਾਨੂੰ ਇਹ ਵੀ ਪਤਾ ਲਗਦਾ ਹੈ ਕਿ ਨਹਿਰੂ ਅਤੇ ਗਾਂਧੀ ਨੇ ਆਪਣੇ ਪ੍ਰਭਾਵ ਦਾ ਇਸਤੇਮਾਲ ਕਰ ਕੇ ਮੁਸਲਿਮ ਜ਼ਿੰਦਗੀਆਂ ਬਚਾਉਣ ਦੀ ਕੋਸ਼ਿਸ਼ ਕੀਤੀ. ਜਿਨਾਹ ਨੇ ਸਿਰਫ਼, ਪੂਰਬੀ ਪੰਜਾਬ ਦੇ ਮੁਸਲਿਮਾਂ ਦੇ ਕਤਲੇਆਮ ਦੀ ਨਿੰਦਾ ਦੇ ਬਿਆਨ ਜਾਰੀ ਕੀਤੇ. ਰਾਵਲਪਿੰਡੀ ਦੇ ਖ਼ਾਕਸਾਰ ਅਤੇ ਅੱਮ੍ਰਿਤਸਰ ਦੇ ਕਮਊਨਿਸਟਾਂ ਨੇ ਜ਼ਿੰਦਗੀਆਂ ਬਚਾਉਣ ਤੇ ਇੱਕ ਅਹਿਮ ਕਿਰਦਾਰ ਅਦਾ ਕੀਤਾ.

ਫੋਰਵਾਰਨਡ ਇਜ ਫੋਰਆਰਮਡ **(ਆਗਾਹੀ ਹੈ ਤੇ ਹਥਿਆਰਬੰਦੀ ਹੈ)**

'ਅਗਰ ਹੁਣ ਅਸੀਂ ਦੋਵੇਂ ਪੰਜਾਬਾਂ ਦੀ ਘਟਨਾਵਾਂ ਦਾ ਨਿਖੇੜ ਕਰਦੇ ਹਾਂ, ਤੇ ਇਹ ਅੰਦਾਜ਼ਾ ਕਿ *ਫੋਰਵਾਰਨਡ ਇਜ ਫੋਰਆਰਮਡ* (ਆਗਾਹੀ ਹੈ ਤੇ ਹਥਿਆਰਬੰਦੀ ਹੈ) ਸਹੀ ਬੈਠਦਾ ਹੈ, ਅਗਰ ਸ਼ਿਕਾਰ ਕਰਣਯੋਗ ਲੋਕਾਂ ਦੀ ਤਦਾਦ, ਉਨ੍ਹਾਂ ਦੀ ਆਪਣੀ ਹਿਫ਼ਾਜ਼ਤ ਦੀ ਤਿਆਰੀ ਅਤੇ ਹਮਲਾਵਰਾਂ ਦੀ ਤਿਆਰੀ, ਦੇ ਉਪਰ ਗੌਰ ਕੀਤਾ ਜਾਵੇ. ਅਗਰ ਅਸੀਂ ਐਮ.ਹਸਨ, ਪਛੱਮ ਪੰਜਾਬ ਦੇ *ਸੇਕ੍ਰੇਟਰੀ, ਬੋਰਡ ਔਫ ਇਕੋਨੋਮੀਕ ਇਨਕਵਾਰੀ*, ਦੇ ਅਕਤੂਬਰ ਦੇ ਅਖੀਰ ਤੇ ਦਿੱਤੇ ਅੰਕੜੇ ਉਪਰ ਯਕੀਨ ਕਰਿਐ, ਜੋ ਉਹ ਸ਼ਰਤਿਆ ਤੌਰ ਤੇ, ਰੈਡਕਲੀਫ ਅਵਾਰਡ ਤੋਂ ਪਹਿਲਾਂ ਦੀ ਆਬਾਦੀ ਬਾਰੇ ਗੱਲ ਕਰ ਰਹੇ ਸੀ, ਪਛੱਮ ਪੰਜਾਬ ਤੇ 38 ਲੱਖ ਹਿੰਦੂ ਅਤੇ ਸਿੱਖ ਸਨ, ਜਦ ਕਿ ਪੂਰਬੀ ਪੰਜਾਬ ਵਿੱਚ 59 ਲੱਖ ਮੁਸਲਿਮ ਸਨ. ਅਤੇ ਅਗਰ 5 ਲੱਖ ਹਿੰਦੂ ਅਤੇ ਸਿੱਖ ਪਹਿਲਾਂ ਤੋਂ ਹੀ ਮਹਿਫ਼ੂਜ਼ ਜਗ੍ਹਾਂ ਤੇ ਪਹੁੰਚ ਗਏ ਸੀ, ਅਤੇ ਮੁਸਲਿਮਾਂ ਦੀ ਵੱਡੇ ਪੈਮਾਨੇ ਤੇ ਕੂਚ, 12 ਅਗਸਤ 1947 ਤੋਂ ਹੀ ਸ਼ੁਰੂ ਹੋਈ ਜੈਦਾਂ ਕਿ ਸਰ ਇਵਨ ਜੇਨਕੀਨਸ ਨੇ ਰਿਪੋਰਟ ਤੇ ਦੱਸਿਆ. ਇਸ ਲਈ, ਹਿੰਦੂਆਂ ਅਤੇ ਸਿੱਖਾਂ ਦੇ ਮੁਕਾਬਲੇ, ਤਸ਼ੱਦਦੀ ਹਮਲੇਆਂ ਦਾ ਸ਼ਿਕਾਰ ਬਣਾਉਣ ਲਈ, ਬਹੁਤ ਜ਼ਿਆਦਾ ਮੁਸਲਿਮ ਮੌਜੂਦ ਸਨ. ਗੌਰ ਕਰਣ ਲਈ, ਹੋਰ ਵੀ ਅਹਿਮ ਗੱਲ ਹੈ ਕਿ ਜਿਥੇ ਸਿੱਖ ਕਿਰਪਾਨਾਂ ਦਾ ਧਾਰਣ ਕਰਦੇ ਸੀ, ਕਿਉਂਕਿ ਇਹ ਉਨ੍ਹਾਂ ਦੇ ਮਜ਼ਹਬ ਦਾ ਹਿੱਸਾ ਸੀ, ਹਿੰਦੂਆਂ ਜਾਂ ਮੁਸਲਿਮਾਂ ਲਈ ਇਹ ਸੱਚ ਨਹੀਂ ਸੀ. ਅਤੇ ਹਮਲਾ ਕਰਣ ਲਈ ਜਾਂ ਹਮਲੇ ਦਾ ਟਾਕਰਾ ਕਰਣ ਲਈ, ਸਿੱਖ ਜ਼ਿਆਦਾ ਤਿਆਰ ਸਨ. ਅਗਰ ਸਾਨੂੰ ਇਹ ਯਾਦ ਹੈ ਕਿ ਸਿੱਖ, ਉਨ੍ਹਾਂ ਦੇ ਉਪਰ ਹਜ਼ਾਰਾ ਅਤੇ ਫਿਰ ਰਾਵਲਪਿੰਡੀ ਤੇ ਹਮਲੇ ਹੋਣ ਦੇ ਬਾਅਦ, ਮੁਸਲਿਮਾਂ ਉਪਰ ਬਦਲੇ ਦੇ ਹਮਲੇ ਕਰਣ ਲਈ, ਮੁਸਲਿਮਾਂ ਦੇ ਮੁਕਾਬਲੇ ਬਹੁਤ ਅੱਗੇ ਸਨ.

'ਇਹ ਲਗਦਾ ਹੈ ਕਿ ਉੱਤਰੀ ਪੰਜਾਬ ਦੇ ਸਿੱਖਾਂ ਉਪਰ ਮਾਰਚ 1947 ਤੇ ਜੋ ਹਮਲੇ ਕੀਤੇ ਗਏ ਅਤੇ ਜਿਸ ਵਿੱਚ ਕਈ ਰਿਟਾਇਰ ਫ਼ੌਜ਼ੀ ਵੀ ਸਾਮਲ ਸਨ, ਉਣ ਹਮਲੇਆਂ ਦੀ ਕਹਾਨੀਆਂ, ਜੱਥੇਆਂ ਲਈ ਇੱਕ ਮਿਸਾਲ ਬਣ ਗਈਆਂ ਸੀ, ਜਿਸ ਨੂੰ ਉਹ ਇੱਕ ਐਦਾਂ ਤੇ ਪੈਮਾਨੇ ਤੇ ਦੁਹਰਾਣਾ ਚਾਹੁੰਦੇ ਸੀ, ਜਿਸ ਦੇ ਸਾਹਮਣੇ ਬਸੰਤ ਦੇ ਦੌਰਾਨ ਉਨ੍ਹਾਂ ਦੇ ਸਹ-ਧਰਮੀਆਂ ਦੇ ਖ਼ਿਲਾਫ਼ ਕੀਤੇ ਗਏ ਹਮਲੇ ਬਹੁਤ ਛੋਟੇ ਲਗਦੇ. ਰੈਡਕਲੀਫ

ਅਵਾਰਡ ਦੇ ਬਾਅਦ ਵੀ, ਪਛੱਮ ਪੰਜਾਬ ਤੇ ਹਮਲੇਆਂ ਦਾ ਪੈਮਾਨਾ, ਕਦੇ ਵੀ, ਪੂਰਬੀ ਪੰਜਾਬ ਦੇ ਹਮਲੇਆਂ ਦੇ ਪੈਮਾਨੇ ਦੇ ਨਜਦੀਕ ਨਹੀਂ ਆ ਸਕਿਆ. ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਪੂਰਬੀ ਪੰਜਾਬ ਤੋਂ ਮੁਸਲਿਮਾਂ ਦਾ ਸਫ਼ਾਇਆ ਕਰਣ ਦੀ ਪੂਰੀ ਤਿਆਰੀ ਸੀ. ਅਤੇ ਜਦ ਬ੍ਰਿਟਿਸ਼ ਸਰਕਾਰ ਦੁਆਰਾ ਲਗਾਈ ਗਈ ਰੋਕ ਅਤੇ ਸੀਮਾ ਹਟ ਗਈਆਂ, ਸਿੱਖ ਖ਼ਾਸ ਕਰ ਕੇ ਉਣ ਇਲਾਕਿਆਂ ਤੇ ਹਾਵੀ ਹੋ ਗਏ, ਜਿਥੇ ਬ੍ਰਿਟਿਸ਼ ਹਕੂਮਤ ਦਾ ਕੋਈ ਇਖ਼ਤਿਆਰ ਨਹੀਂ ਸੀ-ਪੂਰਬੀ ਪੰਜਾਬ ਦੀ ਸਾਹੀ ਰਿਆਸਤਾਂ. ਅਤੇ ਜਦ ਤਸ਼ੱਦਦ ਦੇ ਦੋ ਮੁਖ਼ਤਲਿਫ਼ ਇਲਾਕਿਆਂ ਦਾ ਮੁਆਇਨਾ ਕੀਤਾ ਜਾਂਦਾ ਹੈ, ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਪੂਰਬੀ ਪੰਜਾਬ ਦੇ ਨਿਹੱਥੇ ਮੁਸਲਿਮਾਂ ਉਪਰ ਤੰਜ਼ੀਮ ਕੀਤਾ ਤਸ਼ੱਦਦ ਬੇਹਦ ਜਿਆਦਾ ਅਸਰਦਾਰ ਅਤੇ ਮੁਕੱਮਲ ਸੀ.

ਪ੍ਰਸੰਗ

ਇਹ ਪਰਿਕਲਪਨਾ *ਫੋਰਵਾਰਨਡ ਇਜ ਫੋਰਆਰਮਡ* (ਆਗਾਹੀ ਹੈ ਤੇ ਹਥਿਆਰਬੰਦੀ ਹੈ) ਨੂੰ ਹਾਲਾਂਕਿ, ਸੁਧਾਰਣ ਦੀ ਲੋੜ ਹੈ, ਕਿਉਂਕਿ ਜਿਣ ਮਾਹੌਲ ਵਿੱਚ, ਸ਼ਾਹੀ ਰਿਆਸਤਾਂ ਤੇ ਹਮਲੇ ਹੋਏ, ਉਹ ਪੂਰਬੀ ਅਤੇ ਪਛੱਮ ਪੰਜਾਬ ਤੋਂ ਬਿਲਕੁਲ ਮੁਖ਼ਤਲਿਫ਼ ਸਨ. ਬੇਸ਼ਕ, ਪੂਰਬੀ ਅਤੇ ਪਛੱਮ ਪੰਜਾਬ ਤੇ, ਪੱਖਪਾਤੀ ਹਕੂਮਤਾਂ ਕਾਇਮ ਹੋ ਗਈਆਂ ਸਨ ਮਗਰ ਇਸ ਦਾ ਮਤਲਬ ਇਹ ਨਹੀਂ ਸੀ ਕਿ ਕ੍ਰਿਟਿਸ਼ ਵਕਤ ਦੇ ਤੁਰੰਤ ਬਾਅਦ, ਪਾਬੰਦੀਆਂ ਜਾਂ ਰੋਕ ਪੂਰੀ ਤਰ੍ਹਾਂ ਖ਼ਤਮ ਹੋ ਗਈਆਂ ਸੀ. ਪੂਰਬੀ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਦਿਹਾਤੀ ਇਲਾਕਿਆਂ ਨੂੰ ਛੱਡ ਕੇ, ਜਿਥੇ ਲਗਦਾ ਸੀ ਕਿ ਮੁਸਲਿਮਾਂ ਉਪਰ ਬੇਰੋਕਟੋਕ ਹਮਲੇ ਹੋਏ-ਜੈਦਾਂ ਕਿ ਉੱਤਰੀ ਪੰਜਾਬ ਤੇ 6 ਮਾਰਚ 1947 ਦੀ ਰਾਤ ਤੋਂ 13 ਮਾਰਚ 1947 ਤਕ ਹੋਏ ਸੀ-ਦੂਜੀ ਜਗ੍ਹਾਂ ਤੇ 'ਕਾਨੂੰਨ ਅਤੇ ਵਿਵਸਥਾ' ਦੀ ਝਲਕ ਵੇਖੀ ਜਾ ਸਕਦੀ ਸੀ. ਮਗਰ ਉਣ ਸ਼ਾਹੀ ਰਿਆਸਤਾਂ ਤੇ, ਜਿਥੇ ਦੇ ਹੁਕਮਰਾਨ ਮੁਸਲਿਮਾਂ ਨੂੰ ਆਪਣੇ ਇਲਾਕਿਆਂ ਤੋਂ, ਕੱਢਣ ਦੀ ਸਾਜ਼ਸ਼ ਵਿੱਚ ਸ਼ਾਮਲ ਸਨ ਅਤੇ ਪੀ.ਬੀ.ਐਫ. ਅਤੇ, ਹੋਰ ਕੋਈ ਸੰਸਥਾ, ਘੱਟ ਤੋਂ ਘੱਟ ਦੋ ਮਹੀਨੇ ਤਕ ਮੌਜੂਦ ਨਹੀਂ ਸੀ, ਤਾਂਕਿ ਉਹ ਹਾਲਾਤ ਦਾ ਜਾਇਜ਼ਾ ਲੈ ਸਕਦੀ, ਅਤੇ ਨਸਲਕੁਸ਼ੀ ਵਾਲੇ ਬਾਕਾਇਦਾ ਹਮਲੇਆਂ ਉਪਰ ਭੇਤ ਰੱਖਿਆ ਗਿਆ. ਬਾਅਦ ਤੇ, ਇੰਡੀਆ ਅਤੇ ਪਾਕਿਸਤਾਨੀ ਫ਼ੌਜ਼ਾਂ ਦੀ ਇਕੱਠੀ ਬਚਾਉ ਦੀ ਇਕਾਇਆਂ ਨੇ ਬਚਾਉ ਦੀ ਮੁਹਿੱਮ ਚਲਾਈ ਅਤੇ ਸਾਨੂ ਮੇਜਰ ਜਨਰਲ ਵਜਾਹਤ ਹੁਸੈਨ ਤੋਂ ਪਤਾ ਲਗਦਾ ਹੈ ਕਿ ਇਸ ਤਰ੍ਹਾਂ ਦੀ ਇੱਕ ਇਕਾਈ ਨੇ ਕਪੂਰਥਲਾ ਰਿਆਸਤ ਦੇ ਕਈ ਮੁਸਲਿਮਾਂ ਨੂੰ ਬਚਾਇਆ, ਜਦ ਕਿ ਲੇ.ਜਨਰਲ ਅਫ਼ਤਾਬ ਅਹਿਮਦ ਖ਼ਾਨ ਨੇ ਪਛੱਮ ਪੰਜਾਬ ਤੇ, ਖ਼ਾਸ ਕਰ ਕੇ ਮਿੰਟਗੋਮਰੀ ਇਲਾਕੇ ਤੇ, ਕਈ ਹਿੰਦੂਆਂ ਅਤੇ ਸਿੱਖਾਂ ਦੀ ਜ਼ਿੰਦਗੀਆਂ ਬਚਾਇਆਂ. ਮਗਰ ਇਸ ਤਰ੍ਹਾਂ ਦੀ ਇਕਾਇਆਂ ਹਰ ਜਗ੍ਹ ਮੌਜੂਦ ਨਹੀਂ ਹੋ ਸਕਦੀਆਂ ਸੀ ਅਤੇ ਜਿਥੇ ਵੀ ਲੋਕ ਪੈਦਲ ਕਾਫ਼ਿਲੇ ਤੇ ਜਾਂ ਰੇਲ-ਗੱਡੀਆਂ ਤੇ ਬਗੈਰ ਕਿਸੇ ਹਿਫ਼ਾਜ਼ਤ ਦੇ ਹੁੰਦੇ ਸੀ, ਉਨ੍ਹਾਂ ਦੇ ਉਪਰ ਸਰਹੱਦ ਦੇ ਦੋਵੇਂ ਪਾਸੇ ਹਮਲਾ ਕੀਤਾ ਗਿਆ.

ਅਗਰ ਪਟਿਆਲਾ ਰਿਆਸਤ ਤੋਂ ਹੀ 200,000-250000 ਮੁਸਲਿਮ ਨਵੰਬਰ 1947 ਤੇ ਗੁਮਸ਼ੁਦਾ ਸਨ, ਜੈਦਾਂ ਕਿ ਮਿਆਂ ਇਫ਼ਤਿਖ਼ਾਰੁਦੀਨ ਨੇ ਦੱਸਿਆ ਸੀ, ਅਤੇ ਉਹ ਬਾਅਦ ਤੇ ਵੀ ਪਾਕਿਸਤਾਨ ਨਹੀਂ ਪਹੁੰਚੇ, ਤੇ ਇੱਕ ਜਗ੍ਹ ਤੇ ਹੋਇਆ ਜ਼ਿੰਦਗਿਆਂ ਦਾ ਨੁਕਸਾਨ, ਤਕਰੀਬਨ, ਸਮੁਚੇ ਪਛੱਮ ਪੰਜਾਬ ਦੀ ਜ਼ਿੰਦਗਿਆਂ ਦੇ ਨੁਕਸਾਨ ਦੇ ਬਰਾਬਰ ਸੀ. ਇਸ ਕਿਤਾਬ ਤੇ, ਜਿਣ ਮੁਸਲਿਮਾਂ ਦੀ ਗਵਾਹੀ ਪੇਸ਼ ਕੀਤੀ ਗਈਆਂ ਨੇ, ਉਹ ਹਲਾਕ ਹੋਏ ਲੋਕਾਂ ਦੀ ਤਦਾਦ ਹਜ਼ਾਰਾਂ ਤੇ ਦੱਸਦੇ ਨੇ. ਇਸ ਤੋਂ ਜ਼ਿਆਦਾ ਨਿਰਪੱਖ ਅਤੇ ਵਿਦਵਤਾ

ਵਾਲੀ ਖੋਸਲਾ ਰਿਪੋਰਟ ਨੇ ਯਕੀਨੀ ਸਬੂਤ ਦੇ ਕੇ ਸਾਬਤ ਕੀਤਾ ਹੈ ਕਿ ਦਸੰਬਰ 1946 ਤੋਂ ਲੈ ਕੇ ਦਸੰਬਰ 1947 ਦੇ ਵਿੱਚ, ਪਛੱਮ ਪੰਜਾਬ ਦੇ ਹਿੰਦੂ ਅਤੇ ਸਿੱਖਾਂ ਉਪਰ ਮੁਸਲਿਮਾਂ ਦੁਆਰਾ ਬਾਰ ਬਾਰ ਹਮਲਾ ਕੀਤਾ ਗਿਆ. ਹੁਣ, ਅਗਰ ਪਛੱਮ ਪੰਜਾਬ ਤੇ 250,000 ਹਿੰਦੂ ਅਤੇ ਸਿੱਖ ਮਾਰੇ ਗਏ ਸੀ, ਤਦ ਇੰਡੀਆ ਦੀ ਧਾਰਨਾ ਮੱਨਦੇ ਹੋਏ, ਪੂਰਬੀ ਪੰਜਾਬ ਵਿੱਚ ਘੱਟ ਤੋਂ ਘੱਟ, ਬਰਾਬਾਰ ਤਦਾਦ ਤੇ ਮੁਸਲਿਮ ਵੀ ਹਲਾਕ ਹੋਏ ਹੋਣਗੇ. ਇਸ ਗੱਲ ਨੂੰ ਦੋਵੇਂ ਖੋਸਲਾ ਅਤੇ ਸਾਫ ਤੌਰ ਤੇ ਤਰਫ਼ਦਾਰੀ ਵਾਲੀ ਐਸ.ਜੀ.ਪੀ.ਸੀ. ਰਿਪੋਰਟਾਂ ਮੱਨਦੀ ਨੇ. ਹਕੀਕਤ ਤੇ ਦੋਵੇਂ ਰਿਪੋਰਟਾਂ ਅਸਿੱਧੇ ਤੌਰ ਤੇ ਮੱਨਦੀਆਂ ਸੀ ਕਿ ਪੂਰਬੀ ਪੰਜਾਬ ਤੇ ਜ਼ਿਆਦਾ ਮੁਸਲਿਮ ਮਰੇ.

ਹਾਲਾਂਕਿ ਇਸ ਤਫ਼ਤੀਸ਼ ਦਾ ਮਕਸਦ ਪੰਜਾਬ ਤੇ ਹੋਈ ਕੁੱਲ ਮੌਤਾਂ ਦਾ ਪਤਾ ਲਗਾਉਣ ਲਈ, ਇੱਕ ਫ਼ੈਸਲਾਕੁਨ ਤਜ਼ਰਬਾਤੀ ਬੁਨਿਆਦ ਮੁਹੱਇਆ ਕਰਾਣਾ ਨਹੀਂ ਸੀ, ਮੈਂ ਕਈ ਦੂਜੇ ਵਿਦਵਾਨਾਂ ਦੇ ਖ਼ਿਆਲਾਂ ਉਪਰ ਰੌਸ਼ਣੀ ਪਾਉਣਾ ਚਾਹੁੰਦਾ ਸੀ ਕਿ ਪਛੱਮ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਮਿਲਾ ਕੇ ਜਿਣੇ ਲੋਕ ਹਲਾਕ ਹੋਏ, ਉਸ ਤੋਂ ਜ਼ਿਆਦਾ, ਪੂਰਬੀ ਪੰਜਾਬ ਤੇ ਮੁਸਲਿਮ ਹਲਾਕ ਹੋਏ. ਪੂਰਬੀ ਪੰਜਾਬ ਦੀ ਕਹਾਨਿਆਂ ਤੋਂ, ਖ਼ਾਸ ਕਰ ਕੇ ਲੁਧਿਆਣਾ ਜ਼ਿਲ੍ਹੇ ਅਤੇ ਸ਼ਾਹੀ ਰਿਆਸਤਾਂ ਤੋਂ, ਇਹ ਸਾਫ਼ ਹੈ ਕਿ ਮੁਸਲਿਮਾਂ ਉਪਰ ਇੱਕ ਵੱਡੇ ਪੈਮਾਨੇ ਤੇ ਹਮਲੇ ਹੋਏ ਸੀ, ਜਿਸ ਨੇ ਹਜ਼ਾਰਾਂ ਦੀ ਤਦਾਦ ਤੇ ਜ਼ਿੰਦਗੀਆਂ ਲੈ ਲੀਤੀਆਂ. ਇਸ ਕਰ ਕੇ, ਇਹ ਮੱਨਣਾ ਕਿ ਪੂਰਬੀ ਪੰਜਾਬ ਤੇ ਹਲਾਕ ਹੋਏ ਮੁਸਲਿਮਾਂ ਦੀ ਤਦਾਦ 250,000 ਅਤੇ 500,000 ਦੇ ਵਿੱਚ ਸੀ, ਗਲਤ ਨਹੀਂ ਹੋਵੇਗਾ. ਪੰਜਾਬ ਦੇ ਸਮੁਚੇ ਸੂਬੇ ਤੇ, ਜਿਸ ਵਿੱਚ ਬ੍ਰਿਟਿਸ਼ ਇਲਾਕੇ ਅਤੇ ਸ਼ਾਹੀ ਰਿਆਸਤਾਂ ਸ਼ਾਮਲ ਸੀ, ਹਲਾਕ ਹੋਏ ਲੋਕਾਂ ਦੀ ਕੁੱਲ ਤਦਾਦ 500,000-750,000 ਹੋਵੇਗੀ, ਜਿਸ ਵਿੱਚ ਮੁਸਲਿਮਾਂ ਦਾ ਜਿਆਦਾ ਨੁਕਸਾਨ ਹੋਇਆ, ਹਾਲਾਂ ਕਿ ਜੁਲਾਈ ਦੇ ਸ਼ੁਰੂ ਤਕ, ਹਿੰਦੂ ਅਤੇ ਸਿੱਖ ਜ਼ਿਆਦਾ ਸ਼ਿਕਾਰ ਹੋਏ ਸੀ. ਤਸ਼ੱਦਦੀ ਮੌਤਾਂ ਵਿੱਚ, ਉਹ ਔਰਤਾਂ ਅਤੇ ਕੁੜੀਆਂ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪਰਵਾਰ ਦੇ ਸਦੱਸਾਂ ਅਤੇ ਸਹ-ਧਰਮੀਆਂ ਨੇ ਖ਼ੁਦ ਹੀ ਮਾਰ ਦਿੱਤਾ ਸੀ, ਤਾਂਕਿ ਉਨ੍ਹਾਂ ਦੇ ਦੁਸ਼ਮਨ, ਉਨ੍ਹਾਂ ਨੂੰ ਅਗਵਾ ਕਰ ਕੇ ਉਨ੍ਹਾਂ ਦੀ, ਉਨ੍ਹਾਂ ਦੇ ਪਰਵਾਰ ਅਤੇ ਕੌਮ ਦੀ ਬੇਇੱਜ਼ਤੀ ਨਾ ਕਰ ਸਕਣ. ਇਸੇ ਵਜ੍ਹਾ ਨਾਲ, ਕਈ ਦੂਜੀ ਔਰਤਾਂ ਅਤੇ ਕੁੜੀਆਂ ਨੇ ਖੂਹਾਂ ਤੇ ਛਾਲ ਮਾਰ ਕੇ ਆਪਣੀ ਜਾਣਾ ਦੇ ਦਿੱਤੀਆਂ. ਮਗਰ ਜਨਵਰੀ ਤੋਂ ਲੈ ਕੇ ਦਸੰਬਰ 1947 ਤਕ, ਸਾਰੀ ਮੌਤਾਂ ਤਸ਼ੱਦਦ ਦੀ ਵਜ੍ਹਾ ਨਾਲ ਨਹੀਂ ਹੋਇਆਂ, ਬਲਕਿ ਕੁਦਰਤ ਦੇ ਕਹਿਰ ਜੈਦਾਂ ਕਿ ਮਾਨਸੂਨੀ ਮੀਂਹ, ਹੜ੍ਹ ਅਤੇ ਬੀਮਾਰੀਆਂ ਨੇ ਵੀ ਕਾਫ਼ੀ ਜ਼ਿੰਦਗੀਆਂ ਲੈ ਲੀਤੀਆਂ. ਹਜ਼ਾਰਾਂ ਦੀ ਤਦਾਦ ਤੇ ਲੋਕ ਪਨਾਹਗੀਰ ਅਤੇ ਰਾਹਤ ਲਈ ਬਣੇ ਕੈਂਪਾਂ ਤਕ ਜਾਂਦੇ ਹੋਏ, ਮਰ ਗਏ.

ਤਿੰਨ ਚਰਣ : ਇੱਕ ਮਜਮੂਈ ਪ੍ਰਕਿਰਿਆ

ਉਪਰ ਦੇ ਨਿਖੇੜ ਤੋਂ, ਤਿੰਨ ਚਰਣਾਂ ਦੇ ਵਿੱਚ ਦੀ ਕੜੀਆਂ ਦੀ ਪਛਾਣ ਕਰਣ ਤੇ, ਕੋਈ ਮੁਸ਼ਕਿਲ ਨਹੀਂ ਹੋਣੀ ਚਾਹੀਦੀ ਹੈ-ਹਰ ਪਿਛਲਾ ਚਰਣ ਅਗਲੇ ਚਰਣ ਦੇ ਹਾਲਾਤ ਪੈਦਾ ਕਰ ਦੇਂਦਾ ਸੀ. ਸਾਂਝੀ ਪੰਜਾਬੀ ਪਛਾਣ ਤੋਂ ਹਾਸਲ ਕੀਤੀ ਗਈ ਸਮਾਜਕ ਪੂੰਜੀ ਖ਼ਤਮ ਹੋਣ ਲਗੀ ਜਦ ਸਿਆਸੀ ਉੱਦਮਕਰਤਾ ਅਤੇ ਨਸਲੀ ਕਾਰਕੁਨਾਂ ਨੇ, ਗੁਜ਼ਰੇ ਦਿਨਾਂ ਦੇ ਅਸਲੀ ਅਤੇ ਤਸੱਵਰੀ ਅਤੇ ਹੁਣ ਦੇ, ਆਪਸੀ ਫ਼ਰਕਾਂ ਅਤੇ ਝਗੜੇਆਂ ਉਪਰ ਜ਼ੋਰ ਦਿੱਤਾ. ਕੌਮਾਂ ਅਤੇ ਪਾਰਟੀਆਂ ਦੇ ਦਰਮਿਆਨ ਸੰਪਰਕ ਦੀ ਨਾਕਾਮੀ ਨੇ ਆਮ ਲੋਕਾਂ ਦੇ ਵਿੱਚ ਖ਼ੌਫ਼ ਅਤੇ ਗੁੱਸਾ ਪੈਦਾ

ਕਰ ਦਿੱਤਾ. ਹਕੂਮਤ ਦੀ ਮਸ਼ੀਨਰੀ ਅਤੇ ਸਰਕਾਰ ਦਾ ਇਖ਼ਤਿਆਰ ਟੁੱਟਣ ਦੀ ਵਜ੍ਹਾ ਨਾਲ, ਸ਼ਿਕਾਰ ਨੂੰ ਚੋਣ ਕਰ ਕੇ ਜਾਂ ਬੇਤਰਤੀਬੀ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਸੀ. ਹੁਣ ਅਗਰ ਅਸੀਂ ਪੰਜਾਬ ਦੇ ਬ੍ਰਿਟਿਸ਼ ਇੰਤਜ਼ਾਮ ਦੇ ਸਭ ਤੋਂ ਉੱਚੇ ਦਰਜੇ ਤੇ ਮੌਜੂਦ ਅਨਿਸ਼ਚਤਤਾ, ਉੱਚੀ ਦਰਜੇ ਦੀ ਸਿਆਸਤ, ਨਸਲੀ ਕਾਰਕੁਨਾਂ ਦੇ ਤੰਜ਼ੀਮ ਕੀਤੇ ਸਮੂਹ ਅਤੇ ਆਮ ਤੌਰ ਤੇ ਲੋਕਾਂ ਦੀ ਸਰਗਰਮੀਆਂ ਦੇ ਚਾਹੇ ਅਤੇ ਅਣਚਾਹੇ ਨਤੀਜੇ, ਨੂੰ ਸ਼ਾਮਲ ਕਰਿਐ, ਤੇ ਇਹ ਸਮਝਨਾ ਮੁਸ਼ਕਿਲ ਨਹੀਂ ਹੈ ਕਿ ਹਾਲਾਤ ਬੇਕਾਬੂ ਹੋ ਗਏ, ਜਿਸ ਦੇ ਚਲਦਿਆਂ ਮੁਖ਼ਤਲਿਫ਼ ਤੀਬਰਤਾ ਦੀ ਅਰਾਜਕਤਾ ਅਤੇ ਅਫਰਾਤਫਰੀ ਦੇ ਹਾਲਾਤ ਪੈਦਾ ਹੋ ਗਏ. ਖ਼ਾਸ ਕਰ ਕੇ, ਹਥਿਆਰਬੰਦ ਲੋਕਾਂ ਦੇ ਗਿਰੋਹਾਂ ਨੇ, ਦੋਨੋ ਪਾਸੇ, ਸਭ ਤੋਂ ਬਦਤਰ ਹਮਲੇ ਕੀਤੇ. ਮਾਰਚ 1947 ਤੋਂ ਹੀ ਸਿਆਸਤਦਾਨਾਂ, ਮੁਜਰਿਮ ਗਿਰੋਹਾਂ ਜੋ ਬਦਮਾਸ਼ਾਂ ਅਤੇ ਗੁੰਡੇਆਂ ਦੇ ਤੌਰ ਤੇ ਬਦਨਾਮ ਸਨ ਅਤੇ ਤਰਫ਼ਦਾਰੀ ਕਰਦੇ ਇੰਤਜ਼ਾਮ ਦੇ ਅਫ਼ਸਰ, ਮਿਲ ਜੁਲ ਕੇ ਇਨਸਾਨੀਅਤ ਦੇ ਖ਼ਿਲਾਫ਼ ਜੁਰਮ ਕਰ ਰਹੇ ਸੀ. ਲੋਕਾਂ ਉਪਰ ਗੁਆਂਢੀਆਂ ਨੇ ਜ਼ਿਆਦਾਤਰ ਮਾਮਲੇਆਂ ਤੇ ਹਮਲੇ ਨਹੀਂ ਕੀਤੇ ਮਗਰ ਗੁਆਂਢੀਆਂ ਵਿੱਚ ਵੀ ਕੁੱਝ ਬਦਮਾਸ਼ ਮੌਜੂਦ ਸਨ. ਕਿਸੇ ਵੀ ਵਕਤ, ਕਤਲੇਆਮ ਵਿਗੜ ਕੇ, ਕੌਮਾਂ ਦੇ ਵਿੱਚ ਜੰਗ ਵਿੱਚ ਤਬਦੀਲ ਨਹੀਂ ਹੋਇਆ. ਜਦ ਇੰਡੀਆ ਅਤੇ ਪਾਕਿਸਤਾਨੀ ਪ੍ਰਸ਼ਾਸਨਾਂ ਨੂੰ ਹਕੂਮਤਾਂ ਦੇ ਦਿੱਤੀ ਗਈਆਂ ਕੋਈ ਵੀ ਰੋਕ ਲਾਗੂ ਨਹੀਂ ਸੀ; ਅਤੇ ਨਸਲੀ ਝਗੜੇ ਦੇ ਚਲਦੇ, ਮਜਬੂਰ ਕੀਤਾ ਪਰਵਾਸ ਹੋਇਆ ਅਤੇ ਨਤੀਜਤਨ ਨਸਲੀ ਸਫਾਈ ਹੋਈ. ਇਣ ਤਿੰਨ ਚਰਣਾ ਦੇ ਦੌਰਾਨ, ਸਾਨੂ ਕਾਫ਼ੀ ਸਬੂਤ ਮਿਲਦੇ ਨੇ ਕਿ ਲੋਕਾਂ ਨੇ, ਦੂਜੇ ਸ਼ੈਤਾਨ ਦੱਸੇ ਗਏ ਸਮੂਹ ਦੇ ਲੋਕਾਂ ਨੂੰ ਮਦਦ ਅਤੇ ਹਿਫ਼ਾਜ਼ਤ ਮੁਹੱਇਆ ਕਰਾਈ. ਮਦਦ ਬਿਲਕੁਲ ਅਨਜਾਣ ਲੋਕਾਂ ਨੂੰ ਵੀ ਦਿੱਤੀ ਗਈ. ਕਈ ਵਾਰ, ਇਸ ਨੂੰ ਬੇਹਦ ਨਿੱਜੀ ਖ਼ਤਰੇ ਦੇ ਬਾਵਜੂਦ ਕੀਤਾ ਗਿਆ.

ਹਮਲੇਆਂ ਦੀ ਪ੍ਰੇਰਣਾ

ਇਣ ਹਮਲੇਆਂ ਤੇ ਹਿੱਸਾ ਲੈਣ ਲਈ ਪ੍ਰੇਰਣਾ ਅਸੂਲੀ, ਮਜ਼ੂਬੀ ਹੋ ਸਕਦੀ ਸੀ ਅਤੇ ਸੱਚ-ਮੁਚ ਬਚਾਉ ਦੀ ਫ਼ਿਤਰਤ ਵੀ, ਜ਼ਰੂਰ ਇੱਕ ਵਜ੍ਹਾ ਹੋਵੇਗੀ. ਮਗਰ ਹਮਲਾਵਰਾਂ ਨੂੰ ਜਿਸ ਸ਼ੈਤਾਨੀ ਤਾਕਤ ਨੇ ਜੋਸ਼ ਦਵਾਇਆ, ਉਹ ਸੀ ਲੁੱਟਣ ਅਤੇ ਦੁਸ਼ਮਨ ਦੀ ਔਰਤਾਂ ਨੂੰ ਅਗਵਾ ਕਰਣਾ ਦੀ ਚਾਹਤ. ਇਸ ਤਰ੍ਹਾਂ ਨਾ ਸਿਰਫ਼ ਦੁਸ਼ਮਨ ਦਾ ਬਹੁਤ ਜ਼ਿਆਦਾ ਮਾਲੀਆ ਨੁਕਸਾਨ ਕੀਤਾ ਗਿਆ ਬਲਕਿ ਉਸ ਦੀ ਬੇਇੱਜ਼ਤੀ ਵੀ ਕੀਤੀ ਗਈ. ਪਾੱਲ ਬਰਾਸ "*ਰੇਟ੍ਰੀਬਯੂਟਿਵ ਜੇਨੇਸਾਈਡ* (ਸਜ਼ਾ ਦੇਂਦੀ ਨਸਲਕੁਸ਼ੀ)" ਬਾਰੇ ਗੱਲ ਕਰਦੇ ਨੇ, ਉਹ ਖੁਦਪਸੰਦ ਨਸਲਕੇਂਦਰੀਵਾਦ ਬਾਰੇ ਸੀ ਅਤੇ ਇਹ ਇੱਕ ਮੌਕਾ ਸੀ ਕਿ 'ਦੂਜੇ' ਦਾਨਵੀਕਰਣ ਅਤੇ ਸ਼ੈਤਾਨੀਕਰਣ ਕੀਤੇ ਲੋਕਾਂ ਦੀ ਸੰਪਤੀ ਉਪਰ ਕਬਜ਼ਾ ਕੀਤਾ ਜਾ ਸਕੇ.

ਇਹ ਗੌਰ ਕਰਣਾ ਦਿਲਚਸਪ ਹੈ ਕਿ ਪਛੱਮ ਪੰਜਾਬ ਤੇ, ਸਿਰਫ਼ ਦਲਿਤ ਹਿੰਦੂ ਬਚ ਸਕੇ-ਮੁੱਖ ਤੌਰ ਤੇ, ਗੰਦੇ ਕੱਮਾਂ ਨੂੰ ਕਰਣਾ ਜਾਰੀ ਰੱਖਣ ਲਈ. ਦੂਜੀ ਤਰਫ਼, ਪੂਰਬੀ ਪੰਜਾਬ ਦੇ ਦੌਰੇਆਂ ਦੇ ਵਕਤ, ਮੈਨੂੰ ਪਤਾ ਲਗਾ ਕਿ ਕੁੱਝ ਸੇਵਾ ਕਰਣ ਵਾਲੀ ਜਾਤਾਂ (ਗੈਰ-ਜ਼ਿਮੀਦਾਰ), ਉਥੇ ਹੀ ਵਸ ਗਏ ਸੀ. ਅਤੇ, ਦੋਵੇਂ ਪਾਸੇ, ਜ਼ਮੀਨ ਅਤੇ ਦੂਜੀ ਜਾਇਦਾਦ ਉਪਰ ਕਬਜ਼ਾ ਕਰਣ ਲਈ, ਹਮਲੇਆਂ ਤੇ ਸ਼ਾਮਲ ਹੋਣਾ, ਇੱਕ ਬਹੁਤ ਵੱਡੀ ਵਜ੍ਹਾ ਸੀ. ਅਤੇ ਕਾਰੀਗਰ ਜਾਤਾਂ ਦੇ ਲੋਕ, ਅਗਰ ਆਪਣੀ ਜਗ੍ਹ ਤੇ ਕਾਇਮ ਰਹਿਣਾ ਚਾਹੁੰਦੇ ਸੀ, ਉਨ੍ਹਾਂ ਨੂੰ ਕੁੱਝ ਜਗ੍ਹਾਂ ਤੇ ਰਹਿਣ ਦਿੱਤਾ ਗਿਆ. ਅਤੇ ਪੰਜਾਬ ਦੀ ਤਕਸੀਮ, ਸ਼ਰਤਿਆ ਤੌਰ ਤੇ, ਜਿਣ ਲੋਕਾਂ ਨੇ ਇਨਸਾਨਿਅਤ ਦੇ

ਖ਼ਿਲਾਫ਼ ਜੁਰਮ ਕਰਣ ਤੇ ਹਿੱਸਾ ਲੀਤਾ, ਉਨ੍ਹਾਂ ਦੇ ਲਈ ਮਾਲੀਆ ਫ਼ਾਇਦੇਮੰਦੀ ਦਾ, ਇਹ ਇੱਕ ਬਹੁਤ ਆਕਰਸ਼ਕ ਮੌਕਾ ਸੀ.

ਨਸਲੀ ਸਫਾਈ ਜਾਂ ਨਸਲਕੁਸ਼ੀ ?

1947 ਤੇ ਪੰਜਾਬ ਤੇ ਜੋ ਹੋਇਆ, ਉਸ ਦਾ ਸਹੀ ਵਰਣਨ ਕੀ ਹੋਵੇਗਾ, ਨਸਲੀ ਸਫਾਈ ਜਾਂ ਨਸਲਕੁਸ਼ੀ ? ਜਵਾਬ ਬਹੁਤ ਆਸਾਨ ਹੈ: ਇਹ ਬਗੈਰ ਕਿਸੇ ਸ਼ੱਕ ਦੇ, ਦੂਜੇ ਆਲਮੀ ਜੰਗ ਤੋਂ ਬਾਅਦ ਦਾ ਪਹਿਲਾ ਨਸਲੀ ਸਫਾਈ ਦਾ ਮਾਮਲਾ ਸੀ. ਇਸ ਤਰ੍ਹਾਂ ਦਾ ਕੋਈ ਸਬੂਤ ਮੌਜੂਦ ਨਹੀਂ ਹੈ ਜੋ ਇਸ ਗੱਲ ਦੀ ਹਿਮਾਇਤ ਕਰਦਾ ਹੋਏ ਕਿ ਮੁਸਲਿਮ ਲੀਗ ਜਾਂ ਸਿੱਖਾਂ ਨੇ ਕਿਸੇ ਅਸੂਲ ਦੇ ਚਲਦੇ, ਦਾਨਵੀਕਰਣ ਅਤੇ ਸ਼ੈਤਾਨੀਕਰਣ ਕੀਤੇ ਇਨਸਾਨਾਂ ਦੇ, ਦੂਜੇ ਦੁਸ਼ਮਨੀ ਸਮੂਹ ਨੂੰ ਜਿਸਮਾਨੀ ਤੌਰ ਤੇ ਖ਼ਤਮ ਕਰ ਕੇ, ਆਪਣਾ ਮਕਸਦ ਹਾਸਲ ਕੀਤਾ ਹੋਵੇ. ਬੇਸ਼ਕ, ਸਿੱਖਾਂ ਦੇ ਖ਼ਿਲਾਫ਼, ਮਾਰਚ 1947 ਤੇ ਤੰਜ਼ੀਮ ਕੀਤੇ ਹਮਲੇ ਹੋਏ ਅਤੇ ਦੁਬਾਰਾ ਅਗਸਤ-ਨਵੰਬਰ 1947 ਤੇ ਹੋਏ, ਜਦ ਪੂਰੇ ਪੰਜਾਬ ਦੇ ਖਲਬਲੀ ਸੀ. ਇਸ ਤਰ੍ਹਾਂ ਦੇ ਹਮਲੇ, ਉਣ ਲੋਕਾਂ ਦੇ ਖ਼ਿਲਾਫ਼ ਹੋਏ, ਜੋ ਇੱਕ ਬਗੈਰ ਕਿਸੇ ਹਿਫ਼ਾਜ਼ਤ ਦੇ ਅਤੇ ਕਮਜ਼ੋਰ ਹਾਲਤ ਵਿੱਚ ਸਨ. ਖ਼ਾਸ ਕਰ ਕੇ ਪੂਰਬੀ ਪੰਜਾਬ ਤੇ, ਮੁਸਲਿਮਾਂ ਦੇ ਖ਼ਿਲਾਫ਼ ਤੰਜ਼ੀਮ ਕੀਤੇ ਅੱਤਵਾਦ ਵਿੱਚ ਸਜ਼ਾ ਦੇਣ ਵਾਲੀ ਨਸਲਕੁਸ਼ੀ ਦੇ ਸਾਰੇ ਆਸਾਰ ਮੌਜੂਦ ਸਨ. ਮਗਰ, ਲਗਦਾ ਹੈ ਮਕਸਦ ਅਣਚਾਹੀ ਆਬਾਦੀਆਂ ਨੂੰ ਹਟਾਉਣਾ ਸੀ ਅਤੇ ਤਾਕਤ ਦਾ ਇਸਤੇਮਾਲ ਕਰ ਕੇ ਹੀ, ਇਸ ਨੂੰ ਹਾਸਲ ਕੀਤਾ ਜਾ ਸਕਦਾ ਸੀ.

ਪਰ, ਅਗਰ ਬਾਹਰ ਨਿਕਲ ਕੇ ਜਾਣ ਦਾ ਹੋਈ ਰਸਤਾ ਨਹੀਂ ਹੁੰਦਾ ਤੇ, ਨਸਲੀ ਸਫਾਈ ਨੂੰ ਬਗੈਰ ਨਸਲਕੁਸ਼ੀ ਦੇ ਹਾਸਲ ਨਹੀਂ ਕੀਤਾ ਜਾ ਸਕਦਾ ਸੀ, ਜਿਸ ਵਿੱਚ ਨਾ ਸਿਰਫ਼ ਜਿਸਮਾਨੀ ਖ਼ਾਤਮਾ ਬਲਕਿ ਜਬਰਨ ਮਜ਼ੂਬੀ ਤਬਦੀਲੀਆਂ ਵੀ ਸਾਮਲ ਹੁੰਦੀਆਂ. ਅਤੇ, ਅਗਰ ਨਤੀਜੇ ਉਪਰ ਗੌਰ ਕੀਤਾ ਜਾਵੇ ਤੇ, ਸਾਨੂੰ ਪਤਾ ਲਗੇਗਾ ਕਿ 1 ਕਰੋੜ ਪੰਜਾਬੀ ਅਣਚਾਹੇ ਅਲਪਸੰਖਅਕ ਬਣ ਗਏ ਸੀ, ਅਤੇ ਤਾਕਤ ਹੋਰ ਖ਼ੌਫ਼ ਦਾ ਇਸਤੇਮਾਲ ਕਰ ਕੇ, ਉਨ੍ਹਾਂ ਨੂੰ ਕੱਢ ਦਿੱਤਾ ਗਿਆ. ਇਸ ਨੂੰ ਹਾਸਲ ਕਰਣ ਲਈ, 500,000 ਤੋਂ ਲੈ ਕੇ 750,000 ਲੋਕਾਂ ਨੂੰ ਆਪਣੀ ਜਾਣ ਦੀ ਕੁਰਬਾਨੀ ਦੇਣੀ ਪਈ.

ਅਖੀਰੀ ਟਿੱਪਣੀ

ਉਪਰ ਦਿੱਤੇ ਵਿਵਰਣ ਨਾਲ, ਹੁਣ ਅਸੀਂ ਨਸਲੀ ਸਫਾਈ ਦੇ ਮੁਸਲਿਮ ਬਨਾਮ ਸਿੱਖ ਮਨਸੂਬੇ ਬਾਰੇ, ਕੁੱਝ ਨਤੀਜੇ ਤੇ ਪਹੁੰਚ ਸਕਦੇ ਹਾਂ.

ਤਕਸੀਮ ਦੇ ਬਾਅਦ ਦੇ ਪਾਕਿਸਤਾਨੀ ਪੰਜਾਬ ਤੋਂ
ਹਿੰਦੂਆਂ ਅਤੇ ਸਿੱਖਾਂ ਨੂੰ ਕੱਢਣ ਦਾ ਕੋਈ ਮੁਸਲਿਮ ਮਨਸੂਬਾ ਸੀ?

ਐਸ.ਜੀ.ਪੀ.ਸੀ ਰਿਪੋਰਟ ਇਲਜ਼ਾਮ ਲਗਾਉਂਦੀ ਹੈ ਕਿ ਤਕਸੀਮ ਤੋਂ ਪਹਿਲਾਂ ਦੇ ਪੰਜਾਬ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਕੱਢਣ ਦਾ ਇੱਕ ਸ਼ਾਨਦਾਰ ਮਨਸੂਬਾ, 1940 ਦੀ ਪਾਕਿਸਤਾਨ ਦੀ ਮੰਗ ਦੇ ਵਕਤ ਤੋਂ ਮੌਜੂਦ ਸੀ.

ਇਸ ਦੇ ਵਿੱਚ ਅਸੂਲੀ ਅਤੇ ਸਿਆਸੀ ਖ਼ਾਸੀਅਤਾਂ ਸੀ ਜਿਸ ਨੇ ਇੱਕ ਐਦਾਂ ਦੀ ਸੋਚ ਪੈਦਾ ਕੀਤੀ ਕਿ ਹਿੰਦੂਆਂ ਅਤੇ ਸਿੱਖਾਂ ਦਾ ਬਾਕਾਇਦਾ ਦਾਨਵੀਕਰਣ ਅਤੇ ਸ਼ੈਤਾਨੀਕਰਣ ਕੀਤਾ ਗਿਆ, ਜਿਸ ਦੇ ਚਲਦਿਆਂ ਮੁਸਲਿਮਾਂ ਨੇ ਉਨ੍ਹਾਂ ਦੇ ਉਪਰ ਬੇਰਹਿਮੀ ਨਾਲ ਹਮਲਾ ਕੀਤਾ. ਅਗਰ ਮੁਸਲਿਮ ਲੀਗ ਸਮੁਚਾ ਪੰਜਾਬ ਵੀ ਜਿੱਤ ਲੈਂਦੀ, ਤਾਂ ਵੀ ਉਸ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਭੱਜਣ ਲਈ ਮਜਬੂਰ ਕੀਤਾ ਹੁੰਦਾ, ਤਾਂਕਿ ਪਾਕਿਸਤਾਨ ਵਿੱਚ ਅਣਚਾਹੀ ਮਾਇਨਾਰਿਟੀਆਂ ਦਾ ਕੋਈ ਨਾਮੋਨਿਸ਼ਾਨ ਨਹੀਂ ਬਚਦਾ.

'ਇਸ ਤਰ੍ਹਾਂ ਦੇ ਨਤੀਜੇ ਤੇ ਪਹੁੰਚਨਾ ਜ਼ਿਆਦਾ ਆਸਾਨ ਨਹੀਂ ਹੈ. ਸਬੂਤ ਮਿਲੇ ਨੇ ਜੋ ਇਸ਼ਾਰਾ ਕਰਦੇ ਨੇ ਕਿ ਤਕਸੀਮ ਕੀਤੇ ਪੰਜਾਬ ਤੇ ਵੀ, ਮਾਇਨਾਰਿਟੀਆਂ ਨਾਲ ਕਿਸ ਤਰ੍ਹਾਂ ਦਾ ਸਲੂਕ ਕੀਤਾ ਜਾਵੇ, ਮੁਸਲਿਮ ਲੀਗ ਦੀ ਇਸ ਬਾਰੇ ਕੋਈ ਪੱਕੀ ਨੀਤੀ ਨਹੀਂ ਸੀ. ਕੁੱਝ ਹਿੰਦੂ ਅਤੇ ਸਿੱਖ ਲੋਕਾਂ ਦੇ ਬਿਆਨਾ ਤੋਂ ਇਹ ਪਤਾ ਲਗਦਾ ਹੈ ਕਿ ਉਹ ਯਕੀਨ ਕਰਦੇ ਸੀ ਕਿ ਇੱਕ ਵਾਰ ਜਦ ਫ਼ਸਾਦ ਖ਼ਤਮ ਹੋ ਜਾਂਦੇ ਸੀ, ਉਹ ਵਾਪਸ ਜਾ ਸਕਣਗੇ. ਰਾਮ ਪਰਕਾਸ਼ ਕਪੂਰ ਦੇ ਬਿਆਨ ਤੋਂ ਮੁਸਲਿਮ ਲੀਗ ਦੇ ਵੱਡੇ ਆਗੂਆਂ ਦੀ ਪ੍ਰਤੀਕਿਰਿਆਂ ਬਾਰੇ ਪਤਾ ਲਗਦਾ ਹੈ ਕਿ ਪਾਕਿਸਤਾਨ ਬਣ ਜਾਣ ਦੇ ਬਾਵਜੂਦ, ਉਹ ਉਸ ਦੇ ਪਿਤਾ ਨੂੰ ਰਹਿਣ ਲਈ ਕਹਿ ਰਹੇ ਸੀ. ਕੁੱਝ ਹਫ਼ਤੇਆਂ ਬਾਅਦ, ਉਨ੍ਹਾਂ ਨੇ ਆਪਣੀ ਸਲਾਹ ਵਾਪਸ ਲੈ ਲੀਤੀ, ਜਦ ਪੂਰਬੀ ਪੰਜਾਬ ਤੋਂ ਮੁਸਲਿਮ ਪਨਾਹਗੀਰ, ਇੱਕ ਵੱਡੀ ਤਦਾਦ ਤੇ ਲਾਹੌਰ ਆ ਗਏ. ਇਸ ਤਰ੍ਹਾਂ ਦਾ ਫ਼ੈਸਲਾ ਸਿਆਸਤ ਨੂੰ ਦਰਸ਼ਾਉਂਦਾ ਸੀ, ਨਾ ਕਿ ਕੋਈ ਸੋਚੀ ਸਮਝੀ ਸਾਜ਼ਸ਼ ਨੂੰ. ਇਸ ਦੇ ਇਲਾਵਾ, ਬਾਹਰੀ ਜ਼ਿਲ੍ਹਾਂ ਤੇ, ਜਿਥੇ ਸਿੱਖ ਅਤੇ ਹਿੰਦੂ ਬਹੁਤ ਘੱਟ ਤਦਾਦ ਤੇ ਮੌਜੂਦ ਸਨ, ਉਨ੍ਹਾਂ ਦੇ ਉਪਰ ਸਤੰਬਰ ਦੇ ਕਿਸੇ ਵਕਤ ਤਕ, ਹਮਲੇ ਨਹੀਂ ਹੋਏ. ਦੂਜੀ ਤਰਫ਼, ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਉੱਤਰੀ ਪੰਜਾਬ ਦੇ ਸਿੱਖ ਪਿੰਡਾਂ ਉਪਰ ਤੰਜ਼ੀਮ ਕਰ ਕੇ, ਫ਼ੌਜ਼ੀ ਤਰੀਕੇ ਨਾਲ ਹਮਲੇ ਕੀਤੇ ਗਏ ਸੀ ਅਤੇ ਕੁੱਝ ਰਾਵਲਪਿੰਡੀ ਸਤਰ ਦੇ ਮੁਸਲਿਮ ਲੀਗ ਦੇ ਰਹਨੁਮਾਵਾਂ ਨੇ ਭੀੜ ਦੇ ਨਾਲ ਮਿਲ ਕੇ ਹਮਲੇ ਵਿੱਚ ਹਿੱਸਾ ਲੀਤਾ. ਦੂਜੀ ਜਗ੍ਹਾਂ ਤੇ ਵੀ, ਜੈਦਾਂ ਕਿ ਲਾਹੌਰ ਤੇ, ਹਿੰਦੂਆਂ ਅਤੇ ਸਿੱਖਾਂ ਨੂੰ ਭੱਜਾਣ ਲਈ ਸਥਾਨਕ ਸਾਜ਼ਸ਼ਾਂ ਮੌਜੂਦ ਸੀ. ਇਹ ਮੁਸਲਿਮ ਲੀਗ ਦੀ ਰਜਾਮੰਦੀ ਨਾਲ, ਕੀਤੇ ਗਏ ਕੋਈ ਖ਼ੁਫ਼ੀਆ ਮਨਸੂਬੇ ਦਾ ਹਿੱਸਾ ਸੀ? ਇਸ ਤਰ੍ਹਾਂ ਦੇ "ਮਾਸਟਰ ਪਲਾਨ" ਬਾਰੇ ਕੋਈ ਫ਼ੈਸਲਾਕੁਨ ਅਤੇ ਨਕਾਰਾ ਨਾ ਕਰਣ ਲਾਈਕ ਸਬੂਤ ਮੌਜੂਦ ਨਹੀਂ ਨੇ, ਜਿਸ ਦੀ ਤੁਲਨਾ ਸਿੱਖ ਆਗੂਆਂ ਦੇ ਇਸ ਤਰ੍ਹਾਂ ਦੇ ਕਿਸੇ ਮਨਸੂਬੇ ਨਾਲ ਕੀਤੀ ਜਾ ਸਕਦੀ.

ਇਸ ਤਰ੍ਹਾਂ ਦੇ ਫ਼ੈਸਲੇ ਤੇ ਕੋਈ ਪਹੁੰਚ ਸਕਦਾ ਹੈ ਕਿ ਚੁੰਕਿ ਇੰਡੀਆ ਦੀ ਇੱਕ ਮਜ਼ਬੂਤੀ ਬੁਨਿਆਦ ਉਪਰ ਤਕਸੀਮ, ਹਿੰਦੂਆਂ ਅਤੇ ਸਿੱਖਾਂ ਨੂੰ ਮੰਜ਼ੂਰ ਨਹੀਂ ਸੀ ਅਤੇ ਉਨ੍ਹਾਂ ਨੇ ਇਸ ਦਾ ਮੁਕਾਬਲਾ ਪੰਜਾਬ ਦੀ ਤਕਸੀਮ ਦੀ ਮੰਗ ਕਰ ਕੇ ਕੀਤਾ, ਇਸ ਪਹੇਲੀ ਦਾ ਹੱਲ ਤਰਕਸੰਗਤ ਤਰਕਾਂ ਨਾਲ ਨਹੀਂ ਕੀਤਾ ਜਾ ਸਕਿਆ. ਉਣ ਹਾਲਾਤਾਂ ਵਿੱਚ, ਤਸ਼ੱਦਦ ਹੀ ਇਸ ਤਰ੍ਹਾਂ ਦੀ ਬੰਦ ਗਲੀ ਦਾ ਮੁੱਖ ਹੱਲ ਸੀ. ਦੂਜੇ ਲਫ਼ਜ਼ਾਂ ਵਿੱਚ, ਹਿੰਦੂਆਂ ਅਤੇ ਸਿੱਖਾਂ ਨੂੰ ਪੰਜਾਬ ਤੋਂ ਖ਼ਤਮ ਕਰਣ ਲਈ, ਮੁਸਲਿਮ ਲੀਗ ਨੇ ਕਦੀ ਕਿਸੇ ਸ਼ਾਨਦਾਰ ਮਨਸੂਬੇ ਬਾਰੇ ਸੋਚਿਆ ਜਾਂ ਅਮਲ ਕੀਤਾ, ਇਸ ਦਾ ਕੋਈ ਮਜਬੂਤ ਸਬੂਤ ਮੌਜੂਦ ਨਾ ਹੋਣ ਦੇ ਬਾਵਜੂਦ ਵੀ, ਇੰਡੀਆ ਦੀ ਮਜ਼ੂਬ ਦੇ ਨਾਂਅ ਦੇ ਤਕਸੀਮ, ਜ਼ਾਤੀ ਤੌਰ ਤੇ ਪੱਖਪਾਤੀ ਸੀ. ਚੁੰਕਿ ਹਿੰਦੂ ਅਤੇ ਸਿੱਖ ਇਸ ਤਰ੍ਹਾਂ ਦੇ ਮੁਲਕ ਵਿੱਚ ਨਹੀਂ ਰਹਿਣਾ ਚਾਹੁੰਦੇ ਸੀ, ਜੋ ਉਨ੍ਹਾਂ ਦੀ ਸੋਚ ਦੇ ਮੁਤਾਬਕ, ਤਰਫ਼ਦਾਰੀ ਕਰਣ ਵਾਲੇ ਇੱਕ ਇਸਲਾਮੀ ਕਾਨੂੰਨ ਦੀ ਬੁਨਿਆਦ ਦੇ ਉਪਰ ਬਣਦਾ, ਇਸ ਕਰ ਕੇ ਇਸ ਮੁਕਾਬਲੇ ਦਾ ਫ਼ੈਸਲਾ, ਇੱਕ ਹਥਿਆਰਬੰਦ ਟਾਕਰੇ ਨਾਲ ਹੋਣਾ ਲਾਜ਼ਮੀ ਸੀ.

ਅਧਿਆਇ 1 ਵਿੱਚ ਇੱਕ ਅਸੂਲੀ ਦਲੀਲ ਪੇਸ਼ ਕੀਤੀ ਗਈ ਸੀ ਕਿ ਜਦ ਦੋ ਜਾਂ ਜ਼ਿਆਦਾ ਸਮੂਹ, ਇੱਕ ਇਲਾਕੇ ਉਪਰ ਦਾਅਵਾ ਕਰਦੇ ਨੇ, ਅਤੇ ਕੋਈ ਹਾਰ ਨਹੀਂ ਮੱਨਣਾ ਚਾਹੁੰਦਾ ਹੈ, ਇਸ ਤਰ੍ਹਾਂ ਦੇ ਝਗੜੇ ਦਾ ਨਿਬਟਾਰਾ, ਕਮਜੋਰ ਸਮੂਹ ਨੂੰ ਜਬਰਣ ਉਸ ਇਲਾਕੇ ਤੋਂ ਕੱਢ ਕੇ ਜਾਂ ਇਸ ਤੋਂ ਵੀ ਬਦਤਰ, ਜਿਸਮਾਨੀ ਤੌਰ ਤੇ ਖ਼ਤਮ ਕਰ ਕੇ ਹੁੰਦਾ ਹੈ. ਅਤੇ ਅਗਰ ਮੁਸਲਿਮ ਲੀਗ ਦੁਆਰਾ ਤਕਸੀਮ ਤੋਂ ਪਹਿਲਾਂ ਦੇ ਪੰਜਾਬ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਖ਼ਤਮ ਕਰਣ ਦੀ, ਕੋਈ ਸ਼ਾਨਦਾਰ ਸਾਜ਼ਸ਼ ਨਹੀਂ ਤਿਆਰ ਕੀਤੀ ਗਈ ਸੀ, ਤਾਂ ਵੀ ਜੋ ਸੋਚ, ਪਾਲਿਸਿਆਂ (ਨੀਤੀਆਂ) ਅਤੇ ਸਿਆਸਤ ਇਸ ਨੇ ਤਕਸੀਮ ਤੋਂ ਪਹਿਲਾਂ ਦੇ ਪੰਜਾਬ ਤੇ ਅਖ਼ਤਿਆਰ ਕੀਤੀਆਂ, ਇਣ ਸਭ ਨੇ ਉਹ ਹਾਲਾਤ ਪੈਦਾ ਕੀਤੇ, ਜਿਸ ਦੇ ਚਲਦਿਆਂ ਪੰਜਾਬ ਦੀ ਤਕਸੀਮ ਹੋ ਗਈ, ਹਾਲਾਂਕਿ ਇਸ ਦੀ ਮੰਗ ਸਿੱਖਾਂ ਨੇ ਕੀਤੀ ਅਤੇ ਜਿਸ ਦਾ ਸਾਥ ਕਾਂਗਰੇਸ ਪਾਰਟੀ ਨੇ ਦਿੱਤਾ. ਸਿੱਧੇ ਤੌਰ ਤੇ, ਅਗਰ ਇੰਡੀਆ ਦੀ ਤਕਸੀਮ ਹੁੰਦੀ, ਤੇ ਸਿੱਖਾਂ ਅਤੇ ਕਾਂਗਰੇਸ ਨੇ ਪੱਕਾ ਇਰਾਦਾ ਕੀਤਾ ਸੀ ਕਿ ਮੁਸਲਿਮ ਲੀਗ ਨੂੰ, ਉਹ ਸਮੁਚਾ ਪੰਜਾਬ ਹਾਸਲ ਨਹੀਂ ਹੋਣ ਦੇਂਦੇ. ਦੂਜੇ ਲਫ਼ਜ਼ਾਂ ਵਿੱਚ, ਪੰਜਾਬ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਭੱਜਾਣ ਦੀ ਕਿਸੇ ਮਾਕੂਲ ਮਨਸੂਬੇ ਅਤੇ ਰਣਨੀਤੀ ਦੇ ਬਿਣਾ, ਮੁਸਲਿਮ ਲੀਗ ਨੇ ਲਾਜ਼ਮੀ ਤੌਰ ਤੇ ਉਹ ਹਾਲਾਤ ਪੈਦਾ ਕਰ ਦਿੱਤੇ ਜਿਸ ਦੇ ਚਲਦਿਆਂ ਸੂਬੇ ਦੀ ਤਕਸੀਮ ਹੋਈ ਅਤੇ ਨਾਲੋਨਾਲ ਨਸਲੀ ਸਫਾਈ ਵੀ ਹੋਈ.

ਇਸ ਦੇ ਇਲਾਵਾ, ਮੁਸਲਿਮ ਲੀਗ ਦੇ ਆਗੂ ਗੈਰ-ਅਕਲਮੰਦ ਤੌਰ ਤੇ ਢਿੱਲੇ ਅਤੇ ਲਾਪਰਵਾਹ ਸਨ ਕਿਉਂਕਿ ਉਨ੍ਹਾਂ ਨੇ ਇਹ ਮਹਿਸੂਸ ਨਹੀਂ ਕੀਤਾ ਕਿ ਪਾਕਿਸਤਾਨ ਦਾ ਮਨਸੂਬਾ ਲਾਜ਼ਮੀ ਤੌਰ ਤੇ, ਲੱਖਾਂ ਨਿਹੱਥੇ ਮੁਸਲਿਮਾਂ ਦੀ ਜ਼ਿੰਦਗੀਆਂ ਨੂੰ ਖ਼ਤਰੇ ਵਿੱਚ ਪਾ ਦੇਗਾ. ਪੰਜਾਬ ਦੀ ਤਕਸੀਮ ਦਾ ਫ਼ੈਸਲਾ ਜੂਨ 1947 ਤੇ ਲੈ ਲੀਤਾ ਗਿਆ ਸੀ, ਅਤੇ ਪੰਜਾਬ ਅਸੈਮਬਲੀ ਨੇ ਇਸ ਨੂੰ ਪਾਸ ਕਰ ਦਿੱਤਾ ਸੀ, ਇਸ ਬਾਰੇ, ਘੱਟ ਤੋਂ ਘੱਟ, ਪੂਰਬੀ ਪੰਜਾਬ ਦੇ ਮੁਸਲਿਮਾਂ ਵਿੱਚ ਪ੍ਰਚਾਰ ਕਰ ਦੇਣਾ ਚਾਹੀਦਾ ਸੀ. ਮੁਸਲਿਮ ਲੀਗ ਦੇ ਆਗੂਆਂ ਦੀ ਸਫਾਈ ਲਈ ਇੱਕ ਦਲੀਲ ਦਿੱਤੀ ਜਾ ਸਕਦੀ ਹੈ ਕਿ, ਉਹ ਯਕੀਨ ਰੱਖਦੇ ਸੀ ਕਿ ਆਬਾਦੀ ਦੀ ਅਦਲਾ-ਬਦਲੀ ਕਰਣ ਦੀ ਜਰਰੁਤ ਨਹੀਂ ਪਵੇਗੀ. ਇਸ ਗੱਲ ਉਪਰ ਅਹਿਮੀਅਤ ਦੇਂਦੇ ਹੋਏ ਕਿ ਸਿੱਖਾਂ ਨੇ ਗੰਭੀਰ ਨਤੀਜੇਆਂ ਦੀ ਧਮਕੀ ਦਿੱਤੀ ਸੀ ਅਗਰ ਤਕਸੀਮ ਦੇ ਬਾਅਦ, ਉਹ ਜੋ ਚਾਹੁੰਦੇ ਸੀ, ਉਹ ਉਨ੍ਹਾਂ ਨੂੰ ਹਾਸਲ ਨਹੀਂ ਹੁੰਦਾ ਸੀ, ਅਤੇ ਇਸ ਦੀ ਬੁਨਿਆਦ ਉਪਰ, ਮੁਸਲਿਮਾਂ ਨੂੰ ਪਹਿਲਾਂ ਤੋਂ ਹੀ ਚੇਤਾਵਨੀ ਦੇ ਕੇ, ਉਨ੍ਹਾਂ ਦੇ ਵਿੱਚ ਪ੍ਰਚਾਰ ਕਰ ਦੇਣਾ ਚਾਹੀਦਾ ਸੀ.

ਪੂਰਬੀ ਪੰਜਾਬ ਤੋਂ ਮੁਸਲਿਮਾਂ ਨੂੰ ਖ਼ਤਮ ਕਰਣ ਦਾ ਕੋਈ "ਸਿੱਖ ਪਲਾਨ" ਸੀ?

ਕਿਸੀ ਨੂੰ ਵੀ ਇਹ ਕਹਿਣ ਤੇ ਬੇਹਦ ਲੁਭਾਉਣਾ ਲਗੇਗਾ : 'ਹਾਂ'. ਮਗਰ ਇਸ ਨਤੀਜੇ ਤੇ ਪਹੁੰਚਣ ਉਪਰ ਬਹੁਤ ਸਵਾਲ ਪੈਦਾ ਹੁੰਦੇ ਨੇ. ਅਕਾਲੀ ਆਗੂ ਪੂਰਬੀ ਪੰਜਾਬ ਤੇ ਇੱਕ ਸਿੱਖ ਮੁਲਕ ਲਈ, ਸਿੱਖ ਸ਼ਾਹੀ ਰਿਆਸਤਾਂ ਦੀ ਮਦਦ ਲਈ ਸਰਗਰਮੀਆਂ ਕਰ ਰਹੇ ਸੀ ਅਤੇ ਘੱਟ ਤੋਂ ਘੱਟ ਪਟਿਆਲਾ ਦੇ ਮਹਾਰਾਜਾ, ਇੱਕ ਰਾਜ ਜੋਤਸ਼ੀ ਦੀ ਸਲਾਹ ਤੇ, ਇਸ ਤਰ੍ਹਾਂ ਦੀ ਤਮੱਨਾ ਰੱਖਦੇ ਸੀ. ਕੁੱਝ ਦੂਜੇ ਰਾਜਕੁਮਾਰ ਵੀ ਇਸ ਬਾਰੇ ਰਾਜੀ ਸਨ. ਮਗਰ, ਇਸ ਤਰ੍ਹਾਂ ਦਾ ਮਨਸੂਬਾ ਇਤਫ਼ਾਕੀਆ ਜਾਂ ਸ਼ਰਤਿਆ ਸੀ. ਅਗਰ ਇੰਡੀਆ ਇੱਤਹਾਦੀ ਰਹਿੰਦਾ, ਤੇ ਇਸ ਦੇ ਕੋਈ ਮਾਇਨੇ ਨਹੀਂ ਸੀ ਮਗਰ ਤਕਸੀਮ ਕੀਤੇ ਪੰਜਾਬ ਨੇ ਇਸ ਨੂੰ ਇੱਕ ਅਹਿਮੀਅਤ ਦੇ ਦਿੱਤੀ, ਜਿਸ ਦੇ ਚਲਦਿਆਂ ਪੂਰਬੀ ਪੰਜਾਬ ਦੇ ਮੁਸਲਿਮਾਂ ਉਪਰ ਬਾਕਾਇਦਾ ਹਮਲੇ ਕੀਤੇ ਗਏ. ਫਿਰ ਵੀ, ਇਹ ਸਮਝਣਾ ਬਹੁਤ ਜ਼ਰੂਰੀ

ਹੈ ਕਿ ਆਪਣਾ ਮੁਲਕ ਹਾਸਲ ਕਰਣ ਦੀ ਨਾਕਾਮਯਾਬੀ ਨੇ ਸਿੱਖਾ ਨੂੰ ਬੇਹਦ ਫ਼ਿਕਰਮੰਦ ਕਰ ਦਿੱਤਾ ਹੋਵੇਗਾ. ਉਹ ਪੰਜਾਬ ਵਿੱਚ ਨਾ ਸਿਰਫ਼ ਇੱਕ ਮਾਇਨਾਰਿਟੀ ਸਨ, ਬਲਕਿ ਉਹ ਇਸ ਵਿੱਚ, ਚਾਰੇ ਪਾਸੇ ਫੈਲੇ ਹੋਏ ਸੀ. ਪੰਜਾਬ ਦੀ ਕੋਈ ਵੀ ਤਕਸੀਮ ਉਨ੍ਹਾਂ ਨੂੰ ਤਕਸੀਮ ਕਰ ਦੇਂਦੀ, ਅਗਰ ਅਮਨ ਕਾਇਮ ਰਹਿੰਦਾ ਸੀ. ਇਸ ਕਰ ਕੇ, ਜਦ ਉਨ੍ਹਾਂ ਨੇ ਜਿਨਾਹ ਦੀ ਮਈ 1947 ਦੀ ਬਹੁਤ ਦਰਿਆਦਿਲੀ ਪੇਸ਼ਕਸ਼, ਅਤੇ ਇਸ ਦੇ ਬਾਅਦ ਜੁਲਾਈ ਤੇ ਸਰ ਪੇਂਡਰਲ ਮੂਨ ਦੀ ਕੋਸ਼ਿਸ਼ਾਂ ਵੀ ਠੁਕਰਾ ਦਿੱਤੀਆਂ; ਉਹ ਆਖ਼ਰ ਤਕ ਉਲਝਣ ਵਿੱਚ ਰਹੇ, ਅਤੇ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਹ ਆਪਣਾ ਮਕਸਦ ਕਿਸ ਤਰ੍ਹਾਂ ਹਾਸਲ ਕਰਦੇ.

ਮਗਰ, ਉਨ੍ਹਾਂ ਦਾ ਇਤਫ਼ਾਕੀਆ ਮਨਸੂਬਾ ਤਿਆਰ ਸੀ, ਜਿਸ ਨੂੰ ਅਮਲ ਵਿੱਚ ਲੈ ਆਇਆ ਜਾਂਦਾ ਅਗਰ ਪੰਜਾਬ ਦੀ ਤਕਸੀਮ ਹੁੰਦੀ ਸੀ ਅਤੇ ਇਸ ਮਨਸੂਬੇ ਦੀ ਬੁਨਿਆਦ ਤਾਕਤ ਅਤੇ ਖ਼ੌਫ਼ ਸੀ, ਤਾਂਕਿ ਪੂਰਬੀ ਪੰਜਾਬ ਦੇ ਮੁਸਲਿਮਾਂ ਨੂੰ ਆਪਣੀ ਜ਼ਿੰਦਗੀਆਂ ਬਚਾਉਣ ਲਈ, ਪੂਰਬੀ ਪੰਜਾਬ ਤੋਂ ਦੂਰ ਭੱਜਣਾ ਪਵੇ. ਇਸ ਕਰ ਕੇ, ਸਿੱਖਾਂ ਦਾ ਮੁਸਲਿਮਾਂ ਨੂੰ ਕੱਢਣ ਦਾ ਖ਼ਾਸ ਮਕਸਦ ਸੀ-ਅਗਰ ਉਸ ਵਕਤ ਹਿੰਦੂਆਂ ਨੂੰ ਨਹੀਂ-ਤਾਂਕਿ ਉਹ ਆਪਣੇ ਸਹ-ਧਰਮੀਆਂ ਨੂੰ ਪੰਜਾਬ ਦੇ ਉਣ ਹਿੱਸੇਆਂ ਤੇ ਇਕੱਠਾ ਕਰ ਲੈਣ, ਜਿਸ ਨੂੰ ਉਹ ਸਿੱਖਿਸਤਾਨ ਜਾਂ ਖਾਲਿਸਤਾਨ ਬਣਾਉਣਾ ਚਾਹੁੰਦੇ ਸੀ. ਇਸ ਤਰ੍ਹਾਂ ਦੇ ਮਕਸਦ ਲਈ ਵਹਿਸ਼ੀ ਤਾਕਤ ਦੇ ਇਸਤੇਮਾਲ ਦੀ ਲੋੜ ਸੀ ਅਤੇ ਸਿੱਖਾਂ ਨੇ ਇਸ ਦੇ ਮੁਤਾਬਕ ਤਿਆਰਿਆਂ ਕੀਤੀ ਹੋਇਆਂ ਸੀ. ਜਿਣ ਹਥਿਆਰਾਂ ਦਾ ਉਨ੍ਹਾਂ ਨੇ ਕੁੱਝ ਮਾਮਲੇਆਂ ਤੇ ਇਸਤੇਮਾਲ ਕੀਤਾ, ਉਸ ਵਿੱਚ ਮਸ਼ੀਨ ਗਨਾਂ ਅਤੇ ਦੂਜੇ ਆਟੋਮੈਟੀਕ ਹਥਿਆਰ ਵੀ ਸ਼ਾਮਲ ਸਨ. ਕਲੋਨੀ ਤੋਂ ਇੰਡੀਆ ਦੀ ਹਕੂਮਤ ਦੀ ਤਬਦੀਲੀ ਨੇ ਇੱਕ ਮੌਕਾ ਮੁਹੱਈਆ ਕਰਾ ਦਿੱਤਾ ਕਿ ਕੁੱਝ ਮਹੀਨੇਆਂ ਤੇ ਹੀ ਨਸਲੀ ਸਫਾਈ ਕਰ ਲੀਤੀ ਜਾਵੇ.

ਐਸ.ਜੀ.ਪੀ.ਸੀ. ਰਿਪੋਰਟ ਇਹ ਸਾਬਤ ਕਰਣ ਦੀ ਕੋਸ਼ਿਸ਼ ਕਰਦੀ ਹੈ ਕਿ ਪੰਜਾਬ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਬਾਹਰ ਕੱਢਣ ਦਾ ਇੱਕ ਪੱਕਾ ਮਨਸੂਬਾ ਸੀ, ਜਦ ਕਿ ਸਿੱਖ ਇਸ ਦੀ ਜਵਾਬੀ ਕਾਰਵਾਈ ਕਰ ਰਹੇ ਸੀ. ਇਹ ਵਾਜ਼ਬ ਹੈ ਮਗਰ ਇਹ ਇਸ ਗੱਲ ਨੂੰ ਮਨ੍ਹਾਂ ਨਹੀਂ ਕਰਦਾ ਹੈ ਕਿ ਜਵਾਬੀ ਅਮਲ ਕਰਣ ਲਈ, ਸਿੱਖਾਂ ਦਾ ਇੱਕ ਇਤਫ਼ਾਕੀਆ ਮਨਸੂਬਾ ਸੀ, ਜਿਸ ਨੂੰ ਉਨ੍ਹਾਂ ਨੇ ਜਦ ਮੌਕਾ ਲਗਾ, ਤਦ ਪਛੱਮ ਪੰਜਾਬ ਤੋਂ ਜਿਸ ਤਰ੍ਹਾਂ ਹਿੰਦੂਆਂ ਅਤੇ ਸਿੱਖਾਂ ਨੂੰ ਜਾਣ ਲਈ ਮਜਬੂਰ ਕੀਤਾ ਗਿਆ ਸੀ, ਉਸ ਦੇ ਮੁਕਾਬਲੇ ਉਨ੍ਹਾਂ ਨੇ ਬੇਹਦ ਜ਼ਿਆਦਾ ਪੱਕੇ ਇਰਾਦੇ ਨਾਲ ਅਮਲ ਕੀਤਾ. ਇਹ ਦਲੀਲ ਦੇਣਾ ਵੀ ਬਰਾਬਰ ਵਾਜ਼ਬ ਹੈ ਕਿ ਸ਼ੁਰੂ ਤੋਂ ਮੁਸਲਿਮ ਲੀਗ ਦਾ ਕੋਈ ਸ਼ਾਨਦਾਰ ਮਨਸੂਬਾ ਨਹੀਂ ਸੀ, ਮਗਰ ਇਸ ਦੀ ਸਿਆਸਤ ਅਤੇ ਅਸੂਲਾਂ ਨੇ ਇਸ ਤਰ੍ਹਾਂ ਦੇ ਵਿਸਫ਼ੋਟਕ ਹਾਲਾਤ ਪੈਦਾ ਕਰ ਦਿੱਤੇ ਕਿ ਹਰ ਕਦਮ ਨੇ ਮਜਬੁਰ ਕੀਤੀ ਕੂਚ ਅਤੇ ਨਸਲੀ ਸਫਾਈ ਦੀ ਪ੍ਰਤੀਕਿਰਿਆਵਾਂ ਨੂੰ ਹੋਰ ਤੀਬਰ ਕਰ ਦਿੱਤਾ.

ਨਤੀਜਤਨ, ਪੰਜਾਬ ਦੀ ਤਕਸੀਮ ਦੇ "ਸਿੱਖ ਪਲਾਨ" ਦੀ ਅਹਿਮੀਅਤ ਦੀ ਸਹੀ ਤਸਵੀਰ ਪੇਸ਼ ਹੋਣੀ ਚਾਹੀਦੀ ਹੈ. ਇਹ ਸਾਬਤ ਨਹੀਂ ਹੁੰਦਾ ਹੈ ਕਿ ਸਿੱਖ ਆਪਣਾ ਇੱਕ ਮੁਖ਼ਤਲਿਫ਼ ਮੁਲਕ ਬਣਾਉਣ ਲਈ ਅੜੇ ਹੋਏ ਸੀ; ਬਲਕਿ ਪੰਜਾਬ ਦੀ ਤਕਸੀਮ ਅਗਰ ਇਸ ਤਰ੍ਹਾਂ ਹੁੰਦੀ ਜੋ ਉਨ੍ਹਾਂ ਨੂੰ ਮੰਜ਼ੂਰ ਨਹੀਂ ਸੀ, ਤਦ ਉਹ ਤੰਜ਼ੀਮ ਕੀਤਾ ਤਸੱਦੁਦ ਕਰਣ ਵਾਲੇ ਸੀ ਤਾਂਕਿ ਮੁਸਲਿਮਾਂ ਨੂੰ ਪੂਰਬੀ ਪੰਜਾਬ ਛੱਡਣ ਲਈ ਮਜਬੂਰ ਕੀਤਾ ਜਾ ਸਕੇ.

ਪੰਜਾਬ, ਇੱਕ ਬਹੁਲ ਜਾਂ ਇੱਕ ਬਹੁਲਤਾ ਵਾਲ਼ੀ ਮਿਸ਼ਰਤ ਤਹਿਜੀਬ?

ਤਕਸੀਮ ਤੋਂ ਪਹਿਲਾਂ ਦੇ ਪੰਜਾਬ ਦਾ ਸਾਵਧਾਨੀ ਨਾਲ ਜਾਇਜ਼ਾ ਲੈਣ ਨਾਲ, ਫ਼ਿਰਕੂ ਰਿਸ਼ਤੇਆਂ ਦੇ ਸਹੀ ਕਿਸਮ ਬਾਰੇ, ਕੋਈ ਵੀ ਪੱਕਾ ਰੁਖ ਅਖ਼ਤਿਆਰ ਕਰਣ ਦੀ ਲੋੜ ਨਹੀਂ ਹੈ. ਇਹ ਕੀ ਇਸ ਤਰ੍ਹਾਂ ਦਾ ਸੂਬਾ ਸੀ, ਜਿਸ ਵਿੱਚ ਕਈ ਮਜ਼ਬੂਬੀ ਫ਼ਿਰਕੇ ਇੱਕ ਦੂਜੇ ਦੇ ਕਰੀਬ ਰਹਿੰਦੇ ਸੀ ਮਗਰ ਸਾਂਝੀ ਪੰਜਾਬੀ ਪਛਾਣ ਦਾ ਹਿੱਸਾ ਨਹੀਂ ਸਨ-ਇੱਕ ਤਰ੍ਹਾਂ ਦਾ ਬਹੁਲ ਸਮਾਜ, ਜਿਸ ਦੀ ਕੁਪੇਰ ਦਲੀਲ ਦੇਂਦੇ ਨੇ, ਜਾਂ ਕਿ ਇੱਕ ਬਹੁਲਤਾ ਵਾਲ਼ੀ ਮਿਸ਼ਰਤ ਤਹਿਜੀਬ, ਜਿਸ ਵਿੱਚ ਮਜ਼ਬੂਬੀ ਫ਼ਰਕ ਦੀ ਸੱਚਾਈ ਦੇ ਬਾਵਜੂਦ ਇੱਕ ਸਮੁਚੀ ਤਹਿਜੀਬ ਕਾਇਮ ਸੀ, ਜੋ ਬਹੁਰੰਗੀ ਆਬਾਦੀ ਦੀ ਤਹਿਜੀਬਾਂ ਦਾ ਮਹਿਜ਼ ਕੁੱਲ ਨਹੀਂ ਸੀ? ਇਹ ਇੱਕ ਹਕੀਕਤ ਹੈ ਕਿ ਪੰਜਾਬ ਇੱਕ ਬੇਹਦ ਖ਼ੂਨੀ ਤਰੀਕੇ ਨਾਲ ਤਕਸੀਮ ਹੋਇਆ ਅਤੇ ਟੁੱਟਿਆ, ਜੋ ਸੁਝਾਉ ਦੇਂਦਾ ਹੈ ਕਿ ਤਿੰਨੇਂ ਫ਼ਿਰਕੇਆਂ ਦੇ ਆਪਸੀ ਫ਼ਰਕ ਅਤੇ ਉਨ੍ਹਾਂ ਦੀ ਮੁਖ਼ਤਲਿਫ਼ ਮੌਜੂਦਗੀ ਇੱਕ ਹਕੀਕਤ ਸੀ-ਦੂਜੇ ਲਫ਼ਜ਼ਾਂ ਵਿੱਚ, ਘੱਟ ਤੋਂ ਘੱਟ ਇੱਕ ਪਾਸੇ ਮੁਸਲਿਮ ਅਤੇ ਦੂਜੇ ਪਾਸੇ ਹਿੰਦੂ ਅਤੇ ਸਿੱਖ, ਇੱਕ ਬਹੁਲ ਤਰਤੀਬ ਵਿੱਚ ਰਹਿੰਦੇ ਸੀ ਅਤੇ ਉਨ੍ਹਾਂ ਦੇ ਵਿੱਚ ਮੇਲ ਜਾਂ ਏਕਤਾ ਨਹੀਂ ਸੀ. ਇਸ ਤਰ੍ਹਾਂ ਦੇ ਨਿਰਣਾ ਤੇ ਅਸੀਂ, ਆਪਣੇ ਆਪ ਨਹੀਂ ਪਹੁੰਚਦੇ ਹਾਂ, ਅਤੇ ਬੇਸ਼ਕ, ਇਹ ਹਾਲਾਂਕਿ ਲਗਦਾ ਹੈ ਕਿ ਇਸ ਵਿੱਚ ਥੋੜੀ ਸੱਚਾਈ ਜ਼ਰੁਰ ਹੈ. ਪੰਜਾਬ ਦੀ ਤਕਸੀਮ ਦੇ ਬਾਅਦ, ਇਸ ਤਰ੍ਹਾਂ ਦਾ ਨਾਗਰਿਕਾਂ ਦਾ ਕਤਲੇਆਮ, ਨਾ ਤੇ ਪੂਰਬੀ ਅਤੇ ਨਾ ਹੀ ਪਛੱਮ ਪੰਜਾਬ ਤੇ ਹੋਇਆ ਹੈ, ਮਗਰ 1947 ਦੀ ਤਰ੍ਹਾਂ ਹਕੂਮਤ ਅਤੇ ਸਰਕਾਰ ਵੀ ਨਹੀਂ ਢਹਿ ਹੈ. ਮਗਰ, ਪਛੱਮ ਪੰਜਾਬ ਨਸਲੀ ਅਤੇ ਪਛਾਣ ਦੇ ਤੌਰ ਤੇ ਇੱਕ ਸਮਰੂਪ ਇਕਾਈ ਵਿੱਚ ਤਬਦੀਲ ਨਹੀਂ ਹੋਇਆ. ਜੈਦਾਂ ਕਿ ਨਸਲੀ ਸਫਾਈ ਦੇ ਅਧਿਆਇ ਤੇ ਦਲੀਲ ਦਿੱਤੀ ਗਈ ਹੈ, ਪਛਾਣ, ਇਕੱਲੀ ਅਤੇ ਸਮੂਹ, ਦੋਵੇਂ ਦੀ ਖੁਦ ਦੁਆਰਾ ਅਤੇ 'ਦੂਜੇ' ਦੁਆਰਾ ਨਿਰਧਾਰਤ ਹੁੰਦੀ ਹੈ. ਇਹ ਤਾਲੁੱਕਾਤ ਆਸਰੇ ਹੈ, ਨਾ ਕਿ ਦਿੱਤੀ ਗਈ ਅਤੇ ਪੱਕੀ. ਇਸ ਦੇ ਇਲਾਵਾ, ਆਪਸੀ ਫ਼ਰਕ ਦੇ ਚਲਦਿਆਂ ਝਗੜੇ ਨਹੀਂ ਹੁੰਦੇ. ਇਨ੍ਹਾਂ ਨੂੰ ਸਿਆਸੀ ਰੰਗ ਦੇਣਾ ਜ਼ਰੁਰੀ ਹੈ. ਨਤੀਜਤਨ, ਸਮਰੁਪਤਾ ਮਹਿਜ਼ ਬਾਹਰਲੇ ਵਰਣਣ ਅਤੇ ਹਦਬੰਦੀ ਦਾ ਮਾਮਲਾ ਨਹੀਂ ਹੈ. ਖ਼ਿਆਲੀ ਇਹਸਾਸ ਅਤੇ ਸਿਆਸੀ ਉੱਦਮਕਰਤਾਵਾਂ ਦੀ ਸਰਗਰਮੀਆਂ, ਪਛਾਣ ਬਣਾਉਣ ਅਤੇ ਇਸ ਦੀ ਸੋਝੀ ਬਾਰੇ, ਇੱਕ ਅਹਿਮ ਕਿਰਦਾਰ ਨਿਭਾਉਂਦੇ ਨੇ.

ਪਛੱਮ ਅਤੇ ਪੂਰਬੀ ਪੰਜਾਬ ਦੀ ਨਸਲੀ ਪਛਾਣ

1947 ਤੇ, ਪਛੱਮ ਪੰਜਾਬ ਤੋਂ ਹਿੰਦੂਆਂ ਅਤੇ ਸਿੱਖਾਂ ਨੂੰ ਬਾਹਰ ਕੱਢ ਦਿੱਤਾ ਗਿਆ. ਇੱਕ ਬਹੁਤ ਛੋਟੀ ਇਸਾਈ ਮਾਇਨਾਰਿਟੀ ਅਤੇ ਕੁੱਝ ਹੱਥ ਤੇ ਹਿਣਤੀ ਕਰਣ ਲਾਈਕ ਪਾਰਸੀਆਂ ਅਤੇ ਦੂਜੇਆਂ ਨੂੰ ਛੱਡ ਕੇ, ਪਛੱਮ ਪੰਜਾਬ ਬਾਦਸਤੂਰ ਇੱਕ ਪੁਖਤਾ ਮੁਸਲਿਮ ਮਜਾਰਿਟੀ ਵਾਲਾ ਸੂਬਾ ਬਣ ਗਿਆ ਸੀ. ਮਗਰ, ਚੁੰਕਿ ਇਹ ਇਸਲਾਮ ਦੇ ਨਾਂਅ ਤੇ ਤਿਆਰ ਹੋਇਆ ਸੀ, ਇਹ ਉਣ ਮੌਲਵੀਆਂ ਅਤੇ ਪੀਰਾਂ ਦਾ ਬਹੁਤ ਵੱਡਾ ਕਰਜ਼ਈ ਸੀ, ਜਿਨ੍ਹਾਂ ਨੇ ਪਾਕਿਸਤਾਨ ਨੂੰ ਇੱਕ ਇਸਲਾਮੀ ਮੁਲਕ ਬਣਾਉਣ ਦੀ ਮੁਹਿੱਮ ਚਲਾਈ ਸੀ ਅਤੇ ਪਾਕਿਸਤਾਨ ਬਣਨ ਦੇ ਬਾਅਦ, ਇਸ ਦੇ ਇਸਲਾਮੀਕਰਣ ਦੀ ਉਨ੍ਹਾਂ ਦੀ ਮੰਗ ਲਾਜ਼ਮੀ ਸੀ. ਅਤੇ ਸਮਾਜ ਦਾ ਇਹ ਹਿੱਸਾ ਬਿਲਕੁਲ ਸ਼ੁਰੂ ਤੋਂ ਹੀ ਇਸਲਾਮੀ ਮੁਲਕ ਬਣਾਉਣ ਲਈ ਰੌਲ੍ਹਾ-ਰੱਪਾ ਪਾਉਣ ਲਗਿਆ. 1951 ਦੇ ਸ਼ੁਰੂ ਤੇ, ਦੋਵੇਂ ਸੁੱਨੀ ਅਤੇ ਸ਼ਿਆ ਉਲੇਮਾਵਾਂ ਨੇ ਪਾਕਿਸਤਨ ਨੂੰ ਇੱਕ ਇਸਲਾਮੀ ਮੁਲਕ ਵਿੱਚ ਤਬਦੀਲ ਕਰਣ ਲਈ, ਇੱਕ 22 ਪਾਇੰਟਾਂ ਵਾਲਾ ਇਸਲਾਮੀ ਏਜੰਡਾ ਤਿਆਰ ਕੀਤਾ. ਮਸਲਾ ਇਹ ਸੀ ਕਿ, ਇਸਲਾਮ ਦੀ ਕੌਣ ਸੀ ਮੱਤ ਵਾਲੀ

ਵਿਆਖਿਆ, ਕੌਮੀ ਅਸੂਲ਼ ਦੀ ਬੁਨਿਆਦ ਹੋਵੇ. ਇਸ ਦੇ ਨਾਲ, ਇਹ ਵੀ ਸਵਾਲ ਸੀ ਕਿ ਅਖੀਰਕਾਰ ਮੁਸਲਿਮ ਕੌਨ ਸੀ? ਉਸ ਸ਼ੁਰੂਆਤੀ ਦੌਰ ਤੇ, ਸੁੱਨੀ ਅਤੇ ਸ਼ਿਆ ਆਪਣੇ ਆਪਸੀ ਫ਼ਰਕ ਨੂੰ ਭੁੱਲ ਗਏ, ਅਤੇ ਦੋਵੇਂ ਇਕੱਠਾ ਹੋ ਕੇ ਅਹਿਮਦੀਆਂ ਦੇ ਖ਼ਿਲਾਫ਼ ਹੋ ਗਏ, ਜਿਨ੍ਹਾਂ ਦੇ ਬਾਰੇ ਉਨ੍ਹਾਂ ਦਾ ਖ਼ਿਆਲ ਸੀ ਕਿ ਉਹ ਗੈਰ-ਇਸਲਾਮੀ ਸੋਚ ਰੱਖਦੇ ਸੀ.

ਅਤੇ 1953 ਤੇ, ਅਹਿਮਦੀਆਂ ਦੇ ਖ਼ਿਲਾਫ਼, ਲਾਹੌਰ ਤੇ, ਪੰਜਾਬ ਦੀ ਮੁਸਲਿਮ ਲੀਗ ਦੇ ਕੁੱਝ ਆਗੂਆਂ ਦੀ ਅਗਵਾਈ ਤੇ, ਇੱਕ ਜਹਰੀਲਾ ਅੰਦੋਲਨ ਛਿੜ ਗਿਆ. ਪੰਜਾਬ ਮੁਸਲਿਮ ਲੀਗ ਦੇ ਆਗੂ ਚਾਹੁੰਦੇ ਸੀ ਕਿ ਬਹੁਤ ਜ਼ਿਆਦਾ ਹਨੇਰਗਰਦੀ ਪੈਦਾ ਕਰ ਕੇ ਉਨ੍ਹਾਂ ਦੀ ਖੁਦ ਦੀ ਮਰਕਜ਼ੀ ਪਾਰਟੀ ਦੀ ਸਰਕਾਰ ਨੂੰ ਹਿਲਾ ਦਿੱਤਾ ਜਾਵੇ. ਅਗਰ ਇਸ ਵਿੱਚ ਉਹ ਕਾਮਯਾਬ ਹੁੰਦੇ, ਤੇ ਪੰਜਾਬ ਦੇ ਵਜ਼ੀਰੇ-ਆਲ੍ਹਾ ਮਿਆਂ ਮੁਮਤਾਜ਼ ਦੌਲਤਾਨਾ ਉਮੀਦ ਕਰਦੇ ਸੀ ਕਿ ਉਹ ਖੁਦ ਨੂੰ ਪਾਕਿਸਤਾਨ ਦੇ ਵਜ਼ੀਰ-ਆਜ਼ਮ ਦੇ ਅਹੁਦੇ ਤਕ, ਉੱਚਾ ਚੁੱਕ ਲੈਂਦੇ (*Court of Inquiry*, 1954: 283). ਇਹ ਫਿਰ ਕਿਹਾ ਜਾ ਸਕਦਾ ਹੈ ਕਿ ਸਰ ਮੁਹੱਮਦ ਜ਼ਫ਼ਰੁੱਲਾ ਖ਼ਾਨ, ਜੋ ਅਹਮਦਿਆ ਫ਼ਿਰਕੇ ਦੇ ਇੱਕ ਪ੍ਰਮੁੱਖ ਸਦੱਸ ਸਨ, ਉਨ੍ਹਾਂ ਨੇ ਪੰਜਾਬ ਬਾਉਂਡਰੀ ਕਮੀਸ਼ਨ ਦੇ ਸਾਹਮਣੇ, ਬੇਹਤਰੀਨ ਕਾਬਲਿਅਤ ਨਾਲ ਮੁਸਲਿਮ ਲੀਗ ਦਾ ਦਾਅਵਾ ਪੇਸ਼ ਕੀਤਾ. 1947 ਤੇ ਅਹਮਦਿਆਂ ਦੀ ਸਰਕਾਰੀ ਦਸਤਾਵੇਜਾਂ ਵਿੱਚ ਬਤੌਰ ਮੁਸਲਿਮ ਸ਼ੁਮਾਰੀ ਸੀ, ਅਤੇ ਸਿਰਫ਼ ਇਸ ਦੇ ਚਲਦਿਆਂ, ਗੁਰਦਾਸਪੁਰ ਜ਼ਿਲ੍ਹੇ ਤੇ ਮੁਸਲਿਮਾਂ ਦੀ ਇੱਕ ਮਾਮੁਲੀ 51 ਫ਼ੀਸਦੀ ਦੀ ਮਜਾਰਿਟੀ ਸੀ. 1974 ਤੇ ਇਹ ਸੋਚ ਪੈਦਾ ਹੋ ਗਈ ਕਿ ਉਨ੍ਹਾਂ ਦੇ ਮਜ਼ਬੂਬੀ ਖ਼ਿਆਲਾਤ ਇਸਲਾਮ ਦੀ ਸਿੱਖਿਆ ਦੀ ਮੁਖ਼ਾਲਫ਼ਤ ਕਰਦੇ ਸੀ ਅਤੇ ਪਾਕਿਸਤਾਨ ਦੀ ਨੈਸ਼ਨਲ ਅਸੈਮਬਲੀ ਨੇ, ਉਨ੍ਹਾਂ ਨੂੰ ਬਤੌਰ ਇੱਕ ਮਜ਼ਬੂਬੀ ਮਾਇਨਾਰਿਟੀ ਐਲਾਨ ਕਰ ਦਿੱਤਾ.

1980 ਦੇ ਦਹਾਕੇ ਦੇ ਆਖ਼ਰ ਤੋਂ, ਸੁੱਨੀ ਅਤੇ ਸ਼ੀਆ ਫ਼ਿਰਕੇ, ਫ਼ਿਰਕੂ ਤਸ਼ੱਦਦ ਅਤੇ ਅੱਤਵਾਦ ਦੇ ਸ਼ਿਕਾਰ ਬਨੇ, ਜਿਸ ਵਿੱਚ ਕੁੱਝ ਹੱਦ ਤਕ ਸਉਦੀ ਅਰਬਿਆ ਅਤੇ ਇਰਾਨ ਸ਼ਾਮਲ ਸਨ, ਮਗਰ ਇਣ ਫ਼ਿਰਕੇਆਂ ਵਿੱਚ ਵੀ ਮੂਲ਼ਵਾਦ ਵਧ ਗਿਆ ਸੀ ਅਤੇ ਜਿਸ ਨੇ ਕਈ ਪੁਸ਼ਤਾਂ ਤੋਂ ਇਕੱਠਾ ਕੀਤੀ ਗਈ ਸਮਾਜਕ ਪੁੰਜੀ ਨੂੰ ਗੁਆ ਦਿੱਤਾ. ਇੱਕ ਵਾਰ ਫਿਰ, ਦੋਵੇਂ ਤਰਫ਼ ਦੇ ਹਥਿਆਰਬੰਦ ਲੋਕਾਂ ਨੇ ਅੱਤਵਾਦ ਤੇ ਹਿੱਸਾ ਲੀਤਾ ਨਾ ਕਿ ਆਮ ਸੁੱਨੀ ਅਤੇ ਸ਼ੀਆ ਲੋਕਾਂ ਨੇ. ਉਨ੍ਹਾਂ ਨੇ ਦੂਜੇ ਫ਼ਿਰਕੇ ਦੇ ਲੋਕਾਂ ਨੂੰ ਹਲਾਕ ਕਰਣ ਤੇ ਕੋਈ ਝਿਜਕ ਨਹੀਂ ਕੀਤੀ, ਉਹ ਭਾਵੇਂ ਦੁਆ ਕਰ ਰਹੇ ਸੀ ਜਾਂ ਕਿਸੇ ਜਨਾਜੇ ਤੇ ਸ਼ਿਰਕਤ ਕਰ ਰਹੇ ਸੀ. ਇੱਕ ਦੂਜੇ ਦੀ ਮਸੀਤਾਂ, ਕਰਬਗਾਹਾਂ ਅਤੇ ਦੂਜੀ ਇਸ ਤਰ੍ਹਾਂ ਦੀ ਪਾਕ ਜਗ੍ਹਾਂ ਦੀ ਪਾਕੀਜ਼ਗੀ ਬਰਬਾਦ ਹੋਈਆਂ ਨੇ. ਇੱਕ ਦੂਜੇ ਦੇ ਸਮੂਹ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਵੀ ਮਾਰਿਆ ਗਿਆ ਹੈ (Ahmed, 2009: 159–65).

ਮੁਸਤਕਬਿਲ ਵਕਤ ਤੇ, ਸੁੱਨੀ-ਸ਼ੀਆ ਝਗੜਾ ਪਛੱਮ ਪੰਜਾਬ ਦੀ ਸਮਰੁਪਤਾ ਲਈ ਘਾਤਕ ਸਾਬਤ ਹੋ ਸਕਦਾ ਹੈ, ਅਗਰ ਇਕਬਾਲੀਆ ਪਾਕੀਜ਼ਗੀ ਦੇ ਜਨੂਨੀਪਨ ਨੂੰ, ਦੂਜੀ ਬੇਤਰਤੀਬੀਆਂ ਖ਼ਤਮ ਕਰਣ ਦੀ ਇਜ਼ਾਜ਼ਤ ਦੇ ਦਿੱਤੀ ਜਾਂਦੀ ਹੈ. ਹਾਲ ਦੇ ਦਿਨਾਂ ਤੇ, ਸੁੱਨੀ ਫ਼ਿਰਕੇ ਦੇ ਵੀ ਉਪ-ਮੱਤਾਂ ਦੇ ਦਰਮਿਆਨ ਵੀ ਕਾਫ਼ੀ ਖੁਨ-ਖਰਾਬਾ ਹੋਇਆ ਹੈ, ਜੈਦਾਂ ਕਿ ਬਰੇਲਵੀਆਂ ਦੇ ਖ਼ਿਲਾਫ਼ ਦੇਵਬੰਦੀਆਂ ਦਾ ਅੱਤਵਾਦ. ਇਸ ਦੇ ਇਲਾਵਾ, ਪੰਜਾਬੀ ਜ਼ਬਾਨ ਨੂੰ ਸਰਕਾਰੀ ਸਰਪਰਸਤੀ ਨਹੀਂ ਦਿੱਤੀ ਗਈ ਅਤੇ ਪੰਜਾਬੀ ਤੇ ਸਾਖਰਤਾ ਦੀ ਥੁੜ੍ਹ ਹੋ ਗਈ. 1990 ਦੇ ਦਹਾਕੇ ਦੇ ਸ਼ੁਰੂ ਤੇ, ਪਛੱਮ ਪੰਜਾਬ ਦੀ ਅਸੈਮਬਲੀ ਦੇ ਸਪੀਕਰ ਮੁਹੱਮਦ ਹਨੀਫ਼ ਰਾਮੇ ਨੇ ਇੱਕ ਐਮ.ਐਲ.ਏ. ਨੂੰ ਅਸੈਮਬਲੀ ਵਿੱਚ ਪੰਜਾਬੀ ਵਿੱਚ ਤਕਰੀਰ ਕਰਣ ਦੀ ਇੱਜ਼ਾਜ਼ਤ ਦਿੱਤੀ. ਮਗਰ, ਉਹ ਬਤੌਰ

ਇੱਕ ਬਾਕਾਇਦਾ ਦਸਤੂਰ ਕਾਇਮ ਨਹੀਂ ਹੋਈ. ਪੰਜਾਬੀ ਦੀ ਨਜ਼ਰਅੰਦਾਜ਼ੀ ਸਾਰੀ ਪਾਕਿਸਤਾਨੀ ਹਕੂਮਤਾਂ ਦੀ ਅਟਲ ਨੀਤੀ ਹੈ.

ਪੂਰਬੀ ਪੰਜਾਬ ਤੇ, ਮਜ਼ਬੂਬੀ ਕੌਮਪਰਸਤੀ ਦੇ, ਬੁਨਿਆਦੀ ਤੌਰ ਤੇ ਵੱਖ ਕਰਣ ਵਾਲੇ ਅਸੂਲ, ਹਿੰਦੂ-ਸਿੱਖ ਰਿਸ਼ਤੇਆਂ ਨੂੰ ਡਰਾਉਂਦੇ ਰਹੇ. 1956 ਤੇ ਪੁਰਵਲੀ ਸ਼ਾਹੀ ਰਿਆਸਤਾਂ, ਪਟਿਆਲਾ, ਫ਼ਰੀਦਕੋਟ, ਕਪੂਰਥਲਾ ਅਤੇ ਦੂਜੀਆਂ ਨੂੰ ਪੂਰਬੀ ਪੰਜਾਬ ਵਿੱਚ ਸ਼ਾਮਲ ਕਰ ਲੀਤਾ ਗਿਆ, ਮਗਰ ਅਕਾਲੀ ਦਲ ਦੇ ਸਿੱਖ ਆਗੂਆਂ ਨੂੰ ਰਜਾ ਨਹੀਂ ਸਕੀ, ਜੋ ਇੱਕ ਪੁਖਤਾ ਪੰਜਾਬੀ-ਬੋਲਣ ਵਾਲੇ ਸੂਬੇ ਦੀ ਮੰਗ ਕਰਣ ਲਗੇ-ਇੱਕ ਮੰਗ ਜਿਸ ਦਾ ਮਕਸਦ ਇੱਕ ਸਿੱਖ-ਮਜਾਰਿਟੀ ਵਾਲਾ ਸੂਬਾ ਬਣਾਉਣਾ ਸੀ ਜਿਸ ਵਿੱਚ ਹਿੰਦੀ ਬੋਲਣ ਵਾਲੇ ਹਿੰਦੂ ਮਜਾਰਿਟੀ ਵਾਲੇ ਅੰਬਾਲਾ ਡਿਵੀਜ਼ਨ ਨੂੰ ਬਾਹਰ ਰੱਖਣਾ ਸੀ. ਇਸ ਦੇ ਜਵਾਬ ਦੇ ਤੌਰ ਤੇ, ਪੰਜਾਬੀ ਹਿੰਦੂਆਂ ਨੇ ਕਈ ਤਰ੍ਹਾਂ ਦੀ ਫ਼ਿਰਕੂ ਪਾਰਟੀਆਂ ਅਤੇ ਕਾਂਗਰੇਸ ਤੋਂ ਮੁਤਾਸਰ ਹੋ ਕੇ, ਆਪਣੀ ਜ਼ਬਾਨ ਹਿੰਦੀ ਨਾ ਕਿ ਪੰਜਾਬੀ ਦੱਸੀ. ਮਗਰ ਪਾਕਿਸਤਾਨ ਦੇ ਖ਼ਿਲਾਫ਼ 1965 ਦੀ ਜੰਗ ਤੇ, ਇੰਡੀਆ ਦੀ ਫ਼ੌਜ਼ ਦੇ ਸਿੱਖ ਅਫ਼ਸਰਾਂ ਅਤੇ ਸਿਪਾਹੀਆਂ ਬਹੁਤ ਬਹਾਦਰੀ ਨਾਲ ਲੜੇ ਅਤੇ ਸਿੱਖ ਆਗੂਆਂ ਨੇ ਜੰਗ ਦੀ ਮੁਹਿੱਮ ਦੀ ਬੜੇ ਜ਼ੋਰ-ਸੋਰ ਨਾਲ ਹਿਮਾਇਤ ਕੀਤੀ.

ਇਸ ਦੇ ਚਲਦਿਆਂ ਵਜ਼ੀਰੇ-ਆਜ਼ਮ ਇੰਦਰਾ ਗਾਂਧੀ ਨੇ ਪੰਜਾਬੀ ਸੂਬੇ ਦੀ ਮੁਖ਼ਾਲਫ਼ਤ ਛੱਡ ਦਿੱਤੀ ਅਤੇ 1966 ਤੇ ਇਹ ਬਣ ਗਿਆ. ਮਗਰ ਇਸ ਦੇ ਬਾਅਦ ਸਿੱਖ ਕੌਮੀਵਾਦ ਖ਼ਤਮ ਨਹੀਂ ਹੋਇਆ. 1970 ਦੇ ਦਹਾਕੇ ਤੇ, ਕੁੱਝ ਸਿੱਖਾਂ ਨੇ ਇੱਕ ਮੁਖ਼ਤਲਿਫ਼ ਮੁਲਕ ਖ਼ਾਲਿਸਤਾਨ ਬਣਾਉਣ ਦਾ ਖ਼ਿਆਲ ਲੈ ਆਉਂਦਾ. 1980 ਦੇ ਦਹਾਕੇ ਤੇ ਖ਼ਾਲਿਸਤਾਨ ਦੀ ਤੇਹਰੀਕ ਇੱਕ ਵੱਡਾ ਅਲਗਾਉਵਾਦ ਦਾ ਖ਼ਤਰਾ ਬਣ ਗਿਆ. ਇਸ ਦੇ ਚਲਦਿਆਂ ਇੱਕ ਤਰਫ਼ ਉਗਰਵਾਦੀ ਸਿੱਖਾਂ ਅਤੇ ਦੂਜੀ ਤਰਫ਼, ਇੰਡੀਆ ਦੇ ਸੁਰੱਖਿਆ ਬਲਾਂ ਹੋਰ ਪੁਲਿਸ ਦੇ ਵਿੱਚ ਹਥਿਆਰਬੰਦ ਮੁਕਾਬਲੇ ਹੁੰਦੇ ਰਹੇ. ਅਖੀਰਕਾਰ, ਇਸ ਨੂੰ 1990 ਦੇ ਦਹਾਕੇ ਦੇ ਸ਼ੁਰੂ ਤੇ, ਬਹੁਤ ਜ਼ਿਆਦਾ ਤਾਕਤ ਦਾ ਇਸਤੇਮਾਲ ਕਰ ਕੇ ਦਬਾ ਦਿੱਤਾ ਗਿਆ (Ahmed, 1998: 113–34). ਇਸ ਟਕਰਾਅ ਤੇ ਹਜਾਰਾਂ ਜਾਣਾ ਗਈਆਂ. ਹੌਲੀ ਹੌਲੀ, ਜਮਹੁਰੀਅਤ ਦੀ ਪ੍ਰਤੀਕਿਰਿਆ ਦੀ ਬਹਾਲੀ ਹੋਣ ਨਾਲ, ਪੂਰਬੀ ਪੰਜਾਬ ਦੇ ਹਾਲਾਤ ਠੀਕ ਹੋ ਗਏ. ਸਾਬਕਾ ਇੰਡੀਆ ਤੇ ਅਖ਼ਬਾਰਨਵੀਸ ਰਾਜਿੰਦਰ ਪੁਰੀ ਨੇ ਪੰਜਾਬੀਆਂ ਉਪਰ ਤਕਸੀਮ ਦੇ ਨਕਾਰਾਤਮਕ ਅਸਰ ਬਾਰੇ, ਇਣ ਲਫ਼ਜ਼ਾਂ ਤੇ ਸੋਗ ਜ਼ਾਹਰ ਕੀਤਾ:

> ਤਕਸੀਮ ਤੋਂ ਬਾਅਦ ਪੰਜਾਬੀ ਗਾਇਬ ਹੋ ਗਏ. ਪਛੱਮ ਪੰਜਾਬ ਤੇ ਉਹ ਪਾਕਿਸਤਾਨੀ ਬਣ ਗਏ. ਪੂਰਬੀ ਪੰਜਾਬ ਤੇ ਉਹ ਸਿੱਖ ਅਤੇ ਹਿੰਦੂ ਬਣ ਗਏ. ਉਹ ਅਕਾਲੀ, ਕਾਂਗਰੇਸਵਾਲੇ, ਆਰਿਆ ਸਮਾਜੀ ਅਤੇ ਜਨਸੰਘੀ ਵੀ ਬਣ ਗਏ. ਪੰਜਾਬੀ ਕਦੀ ਨਾ ਬਣ ਸਕੇ (1985: 132).

ਨਸਲੀ ਅਮਨ ਅਤੇ ਭਾਈਚਾਰਾ

ਬੇਸ਼ਕ, ਦੂਸਰੀ ਦਿਸ਼ਾ ਦੀ ਤਰਫ ਦੇ ਸਬੂਤ ਵੀ ਮੌਜੂਦ ਨੇ. ਜਦ ਵੀ ਦੋਵੇਂ ਸਰਕਾਰਾਂ ਨੇ ਪੰਜਾਬੀਆਂ ਨੂੰ ਦੂਜੇ ਪਾਸੇ ਜਾ ਕੇ, ਇੱਕ ਦੂਜੇ ਦੇ ਨਾਲ ਮਿਲਣ ਦੀ ਰਿਆਇਤ ਦਿੱਤੀ, ਆਪਸੀ ਮੇਲ ਬੇਹਦ ਜਜ਼ਬਾਤੀ ਸਾਬਤ ਹੋਏ ਨੇ. ਇਸ ਦੀ ਬੇਹਤਰੀਨ ਮਿਸਾਲ ਤਦ ਮਿਲੀ ਜਦ ਇੰਡੀਆ ਤੇ ਪਾਕਿਸਤਾਨ ਦੇ ਹਾਈ ਕਮੀਸ਼ਨਰ ਨੇ ਪੂਰਬੀ ਪੰਜਾਬੀਆਂ ਨੂੰ ਜਨਵਰੀ 1955 ਦੇ ਸ਼ੁਰੂ ਤੇ, ਲਾਹੌਰ ਆ ਕੇ ਕ੍ਰਿਕਟ ਟੇਸਟ ਮੈਚ ਵੇਖਣ ਦਾ ਮੌਕਾ ਦਿੱਤਾ, ਅਤੇ

ਹਜਾਰਾਂ ਦੀ ਤਦਾਦ ਤੇ ਹਿੰਦੂ ਅਤੇ ਸਿੱਖ ਲਾਹੌਰ ਆਏ. ਉਸ ਮੇਲ ਦਾ ਸਭ ਤੋਂ ਅਹਿਮ ਹਿੱਸਾ ਸੀ ਲਾਹੌਰ ਦੀ ਮਯੂਨਿਸਿਪਲ ਕਮੇਟੀ ਦੇ ਹਾਲ ਵਿੱਚ ਤੰਜ਼ੀਮ ਕੀਤਾ ਗਿਆ ਇੱਕ ਮੁਸ਼ਾਇਰਾ. ਮੇਰੇ ਭਾਈਜਾਨ, ਮੁਸ਼ਤਾਕ ਅਹਿਮਦ, ਦਰਸ਼ਕਾਂ ਵਿੱਚ ਮੌਜੂਦ ਸਨ. ਉਨ੍ਹਾਂ ਨੂੰ ਯਾਦ ਹੈ ਕਿ ਜਦ ਲੋਕਾਂ ਦੇ ਸ਼ਾਇਰ, ਉਸਤਾਦ ਦਾਮਨ ਸਟੇਜ ਤੇ ਆਏ, ਉਨ੍ਹਾਂ ਦੀ ਨਜ਼ਮ ਦੀ ਪਹਿਲੀ ਆਇਤ ਨੇ ਲੋਕਾਂ ਦੀ ਅੱਖਾਂ ਤੋਂ ਅਥਰੂ ਕੱਢ ਦਿੱਤੇ ਅਤੇ ਕਈ ਉੱਚੀ ਰੋਣ ਲਗੇ. ਉਹ ਨਜ਼ਮ ਸੀ:

"ਲਾਲੀ ਅੱਖਿਆਂ ਦੀ ਪਈ ਦੱਸਦੀ ਹੈ,
ਰੋਏ ਤੁਸੀ ਵੀ ਹੋ ਰੋਏ ਅਸੀਂ ਵੀ ਹਾਂ"

ਮੈਨੂੰ ਇੱਕ ਦੋਸਤ ਅਮਜਦ ਬਾਬਰ, ਜੋ ਦਾਮਨ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸੀ ਅਤੇ ਉਨ੍ਹਾਂ ਦੇ ਨਾਲ ਇੱਕ ਲੰਬਾ ਵਕਤ ਗੁਜ਼ਾਰਿਆ ਸੀ, ਨੇ ਦੱਸਿਆ ਕਿ ਦਾਮਨ ਨੇ ਪਹਿਲੀ ਵਾਰ ਇਹ ਨਜ਼ਮ, ਤਕਸੀਮ ਦੇ ਤੁਰੰਤ ਬਾਅਦ, ਦਿੱਲੀ ਤੇ ਪੜ੍ਹੀ ਸੀ. ਪੰਡਿਤ ਨਹਿਰੁ ਉਸ ਵਕਤ ਸਟੇਜ ਤੇ ਮੌਜੂਦ ਸਨ ਅਤੇ ਦਾਮਨ ਨੇ ਉਨ੍ਹਾਂ ਨੂੰ ਨਾਂਅ ਲੈ ਕੇ ਪੁਕਾਰਿਆ ਅਤੇ ਨਜ਼ਮ ਪੜ੍ਹੀ. ਉਸ ਮੌਕੇ ਤੇ ਨਹਿਰੁ ਵੀ ਰੋਏ.

ਹਰ ਹਾਲ ਵਿੱਚ, 1955 ਦੇ ਕ੍ਰਿਕਟ ਮੈਚ ਦੇ ਬਾਅਦ, ਪਾਕਿਸਤਾਨੀ ਕਈ ਵਾਰ ਕ੍ਰਿਕਟ ਮੈਚ ਅਤੇ ਦੂਜੀ ਖੇਡਾਂ ਵੇਖਣ, ਅੱਮ੍ਰਿਤਸਰ ਗਏ. ਦੂਜੇ ਪਾਸੇ ਵੀ ਲੋਕ ਬਹੁਤ ਗਰਮਜੋਸ਼ੀ ਨਾਲ ਮਿਲੇ. ਅਖੀਰੀ ਵਾਰ ਇਹ ਮੇਲ 2004 ਦੇ ਲਾਹੌਰ ਟੇਸਟ ਮੈਚ ਦੇ ਦੌਰਾਨ ਹੋਇਆ ਜਿਸ ਦੇ ਬਾਅਦ ਇੱਕ ਹੋਰ ਮੇਲ ਟੇਸਟ ਮੈਚ ਤੇ ਹੋਇਆ ਜੋ ਮੋਹਾਲੀ, ਚੰਡੀਗੜ ਦੇ ਕਰੀਬ, ਪੂਰਬੀ ਪੰਜਾਬ ਤੇ ਖੇਡਿਆ ਗਿਆ. ਪੂਰਬੀ ਅਤੇ ਪਛੱਮ ਪੰਜਾਬ ਦੇ ਲੋਕਾਂ ਵਿੱਚ ਮੇਲ ਨੇ ਬੇਸ਼ਕ ਇਹ ਤਸਦੀਕ ਕੀਤੀ ਕਿ ਪੰਜਾਬੀ ਪਛਾਣ, ਲੋਕਾਂ ਦੀ ਤਹਿਜੀਬੀ ਖ਼ਾਸੀਅਤ ਦਾ ਇੱਕ ਮਜਬੂਤ ਹਿੱਸਾ ਸੀ. ਦੋਨੋ ਪੰਜਾਬ ਦੀ ਸਰਕਾਰਾਂ ਨੇ ਸੰਪਰਕ ਦੀ ਬਹਾਲੀ ਕਰਣ ਲਈ, ਕੁੱਝ ਕਦਮ ਲੀਤੇ, ਜੋ ਬਹੁਤ ਛੋਟੇ ਪੈਮਾਨੇ ਦੇ ਸੀ. ਅਤੇ ਇਹ ਰਜਾਮੰਦੀ ਹੋਈ ਕਿ, ਲਾਹੌਰ-ਅੱਮ੍ਰਿਤਸਰ ਦੇ ਵਿੱਚ ਇੱਕ ਹਫ਼ਤਾਵਾਰ ਬਸ ਸੇਵਾ, 25 ਜਨਵਰੀ 2006 ਤੋਂ ਸ਼ੁਰੂ ਕੀਤੀ ਜਾਵੇਗੀ (Maini 2007: 69–70).

ਮੋਨੀ ਚੱਡ੍ਹਾ

ਇੰਡੀਆ ਦੇ ਡਿਪਲੋਮੈਟ ਮੋਨੀ ਚੱਢ੍ਹਾ ਜਿਨ੍ਹਾਂ ਦੀ ਰਾਵਲਪਿੰਡੀ ਅਤੇ ਪੁਸ਼ਤੈਨੀ ਪਿੰਡਾ ਦੇ ਦੌਰੇ ਬਾਰੇ, ਜਿਸ ਵਿੱਚ ਥਮਾਲੀ ਸ਼ਾਮਲ ਸੀ, ਇਸ ਕਿਤਾਬ ਤੇ ਪਹਿਲਾ ਜ਼ਿਕਰ ਕੀਤਾ ਗਿਆ ਹੈ, ਲਾਹੌਰ ਤੇ ਉਤਰਦੇ ਵਕਤ ਆਪਣੇ ਜਜ਼ਬਾਤਾਂ ਦਾ ਬਿਆਨ ਕੁੱਝ ਇਸ ਤਰ੍ਹਾਂ ਕੀਤਾ:

'ਮੈਂ ਬੇਹਦ ਜਜ਼ਬਾਤੀ ਹੋ ਗਿਆ ਜਦ ਪੀ.ਆਈ.ਏ ਦਾ ਹਵਾਈਜਹਾਜ ਲਾਹੌਰ ਤੇ ਉਤਰਿਆ, ਹਾਲਾਂਕਿ ਇਸ ਸ਼ਹਿਰ ਦੇ ਨਾਲ ਮੇਰੀ ਵਾਕਫ਼ੀਅਤ ਬਹੁਤ ਘੱਟ ਸੀ. ਕੁੱਝ ਘੰਟੇਆ ਬਾਅਦ, ਮੈਂ ਇੱਕ ਛੋਟੇ, ਦੋ ਇੰਜਨ ਵਾਲੇ ਜਹਾਜ ਤੇ ਰਾਵਲਪਿੰਡੀ ਜਾਣ ਨੂੰ ਚੱੜ੍ਹਿਆ. ਮੇਰੀ ਦਸਤਾਰ ਦੇ ਚਲਦਿਆਂ ਪਤਾ ਲਗ ਗਿਆ ਮੈਂ ਕੌਣ ਸੀ, ਅਤੇ ਸਾਫ਼ ਤੌਰ ਤੇ ਇੱਕ ਇੰਡੀਅਨ ਲਗ ਰਿਹਾ ਸੀ. ਜਦ ਅਸੀਂ ਸਫਰ ਸ਼ੁਰੂ ਕੀਤਾ ਤਦ ਬਾਰੀ ਦੇ ਮੇਰੇ ਖੱਬੇ ਬੈਠੇ ਇੱਕ ਸ਼ਕਸ ਨੇ ਮੇਰੇ ਨਾਲ ਪੰਜਾਬੀ ਦੇ ਗੱਲਬਾਤ ਕੀਤੀ, ਅਤੇ ਖੁਦ ਦਾ ਨਾਂਅ ਆਰਿਫ਼ ਦੱਸਿਆ. ਮੈਨੂੰ

ਉਸ ਦਾ ਪੂਰਾ ਨਾਂਅ ਤੇ ਯਾਦ ਨਹੀਂ ਸੀ, ਮਗਰ ਉਨ੍ਹਾਂ ਨੇ ਮੈਨੂੰ ਕਿਹਾ ਕਿ 1979 ਤੇ ਉਹ ਪੰਜਾਬ ਦੇ ਐਟਰਨੀ ਜਨਰਲ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁਕੇ ਸੀ. ਮੈਂ ਨਹੀਂ ਪੁੱਛਿਆ ਕਿਉਂ ਅਤੇ ਨਾ ਹੀ ਉਨ੍ਹਾਂ ਨੇ ਦੱਸਿਆ.

'ਉਨ੍ਹਾਂ ਨੇ ਲੰਡਨ ਤੋਂ ਐਲ.ਐਲ.ਐਮ. ਕੀਤੀ ਸੀ ਅਤੇ ਠੀਕ ਵਕਤ ਤੇ ਲਾਹੌਰ ਬਾਰ ਕਾਉਂਸਿਲ ਦੇ ਪ੍ਰਧਾਨ ਬਣ ਗਏ. ਜਦ ਉਨ੍ਹਾਂ ਨੂੰ ਮੇਰੇ ਆਉਣ ਦੇ ਮਕਸਦ ਬਾਰੇ ਪਤਾ ਲਗਾ, ਆਰਿਫ਼ ਨੇ ਤਕਸੀਮ ਦੀ ਤ੍ਰਾਸਦੀ ਬਾਰੇ ਗੱਲ-ਬਾਤ ਕੀਤੀ. ਮੇਰੀ ਤਰ੍ਹਾਂ ਉਨ੍ਹਾਂ ਦੀ ਪੈਦਾਇਸ਼ ਵੀ 1937 ਦੀ ਸੀ, ਮਗਰ ਇੰਡੀਆ ਦੀ ਸਰਹੱਦ ਦੇ ਅੰਦਰ, ਹੁਸ਼ਿਆਰਪੁਰ ਤੇ. ਮੇਰੇ ਪਰਵਾਰ ਦੀ ਤਰ੍ਹਾਂ, ਉਸ ਦਾ ਸਾਰਾ ਪਰਵਾਰ ਪਨਾਹਗੀਰ ਸੀ. ਜਦ ਕਿ ਉਹ ਬਚ ਗਏ, ਉਨ੍ਹਾਂ ਦੀ ਵਾਲਿਦਾ ਅਤੇ ਕਈ ਦੂਜੇ ਰਿਸ਼ਤੇਦਾਰ ਹਲਾਕ ਕਰ ਦਿੱਤੇ ਗਏ.

'ਮੇਰੀ ਤਰ੍ਹਾਂ ਉਹ ਵੀ ਆਪਣੀ ਜਨਮ-ਭੂਮੀ ਨੂੰ ਯਾਦ ਕਰਦੇ ਸੀ. ਜਦ ਮੈਂ ਜ਼ਿਕਰ ਕੀਤਾ ਕਿ ਮੈਂ ਆਪਣੇ ਪੁਸ਼ਤੈਨੀ ਪਿੰਡ ਤੋਂ ਥੋੜੀ ਮਿਟੀ ਇੰਡੀਆ ਵਾਪਸ ਲੈ ਜਾਣ ਦੀ ਉਮੀਦ ਰੱਖਣਾ ਹਾਂ, ਤਦ ਉਨ੍ਹਾਂ ਨੂੰ ਹੁਸ਼ਿਆਰਪੁਰ ਦੇ ਆਪਣੇ ਪਿੰਡ ਦੀ ਯਾਦਾਂ ਬਾਰੇ ਕੁੱਝ ਦੱਸਿਆ, ਅਤੇ ਕਿਹਾ ਕਿ ਉਹ ਵੀ ਉਮੀਦ ਰੱਖਦੇ ਸੀ ਕਿ, ਬਿਲਕੁਲ ਇਸ ਤਰ੍ਹਾਂ ਦੇ ਖ਼ਿਆਲ ਨੂੰ ਲੈ ਕੇ, ਇੱਕ ਦਿਨ ਉਹ ਆਪਣੇ ਪਿੰਡ ਜਾਣਗੇ. ਉਣ ਕੁੱਝ ਮਿਨਟਾਂ ਤੇ ਜੋ ਅਸੀਂ ਨਾਲ ਗੁਜ਼ਾਰੇ, ਸਾਡੇ ਦਰਮਿਆਨ, ਇੱਕ ਵੰਡੀ ਤ੍ਰਾਸਦੀ ਦੀ ਵਜ੍ਹਾ ਨਾਲ ਇੱਕ ਰਿਸ਼ਤਾ ਪੈਦਾ ਹੋ ਗਿਆ. ਦੋ ਪੰਜਾਬਿਆਂ ਜਿਨ੍ਹਾਂ ਦੀ ਤਕਸੀਮ ਦੀ ਤ੍ਰਾਸਦੀ ਕਾਫ਼ੀ ਮਿਲਦੀ ਜੁਲਦੀ ਸੀ, ਅਤੇ ਜੋ ਉਨ੍ਹਾਂ ਨੂੰ ਬਚਪਣ ਤੋਂ ਸਤਾ ਰਹੀਆਂ ਸੀ, ਉਨ੍ਹਾਂ ਦਾ ਮੇਲ ਕਈ ਹਜਾਰ ਮੀਟਰਾਂ ਦੀ ਉੱਚਾਈ ਤੇ ਆਸਮਾਨ ਤੇ ਇਤਫ਼ਾਕਨ ਹੋਇਆ. ਇਸ ਵਾਕਿਐ ਨੇ ਮੈਨੂੰ ਅਖੀਰੀ ਪਹਿਲ ਕਰਣ ਤੇ ਉਕਸਾਇਆ ਤਾਂਕਿ 63 ਸਾਲ ਪਹਿਲਾਂ ਕੀ ਹੋਇਆ ਸੀ, ਮੈਂ ਪਤਾ ਕਰਾਂ. ਮੇਰਾ ਪੱਕਾ ਇਰਾਦਾ ਸੀ ਕਿ ਮੈਂ ਉਸ ਸ਼ਕਸ ਨੂੰ ਲੱਭਾਂ ਜਿਸ ਨਾਲ ਮੇਰੇ ਦੋਸਤ ਮੋਨੀ ਨੇ ਗੱਲਬਾਤ ਕੀਤੀ ਸੀ. ਇੰਟਰਨੇਟ ਦੀ ਖ਼ੋਜ ਮੈਨੂੰ ਕਿਸੇ ਪਾਸੇ ਨਹੀਂ ਲੈ ਗਈ. ਸ਼ਟੋਕਹੋਮ ਤੋਂ ਸਾਡੇ ਅਤੇ ਲਾਹੌਰ ਦੇ ਦਰਮਿਆਨ ਕਈ ਦਿਨਾਂ ਤਕ ਈ-ਮੇਲ ਕਰਣ ਦੇ ਬਾਅਦ, ਜਿਸ ਦਲ ਨੂੰ ਕਾਮਯਾਬੀ ਮਿਲੀ ਉਨ੍ਹਾਂ ਦੇ ਵਿੱਚ ਮੇਰੇ ਬੇਹਦ ਅਜ਼ੀਜ਼ ਦੋਸਤ, ਡਾ.ਹੱਸਨ ਅਮੀਰ ਸ਼ਾਹ, ਖ਼ਵਾਜਾ ਤਾਰਿਕ ਮਸੂਦ ਅਤੇ ਉਨ੍ਹਾਂ ਦੇ ਬੇਟੇ ਖ਼ਵਾਜਾ ਉਮਰ ਸਾਮਲ ਸਨ. ਖ਼ਵਾਜਾ ਤਾਰਿਕ ਮਸੂਦ ਲਾਹੌਰ ਤੇ ਵਕਾਲਤ ਕਰਦੇ ਨੇ ਅਤੇ ਲੇਬਰ ਕਾਨੂੰਨ ਅਤੇ ਅਧਿਕਾਰਾਂ ਉਪਰ ਮਹਾਰਤ ਰੱਖਦੇ ਨੇ. ਉਨ੍ਹਾਂ ਨੂੰ ਯਕੀਨ ਸੀ ਇੱਕ ਸਾਬਕਾ ਵਕੀਲ, ਆਰਿਫ਼ ਚੌਧਰੀ ਇਸ ਵੇਰਵੇ ਨਾਲ ਮੇਲ ਖਾਂਦੇ ਸੀ, ਹਾਲਾਂਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦੀ ਪੈਦਾਇਸ਼ ਹੁਸ਼ਿਆਰਪੁਰ ਦੀ ਸੀ ਜਾਂ ਨਹੀਂ. ਕੁੱਝ ਹੋਰ ਦਿਨਾਂ ਦੀ ਤਫ਼ਤੀਸ਼ ਤੋਂ ਪਤਾ ਲਗਾ ਕਿ ਆਰਿਫ਼ ਸੱਚ-ਮੁਚ ਹੁਸ਼ਿਆਰਪੁਰ ਤੇ ਪੈਦਾ ਹੋਏ ਸੀ. ਉਸ ਛੋਟੀ ਮੁਲਾਕਾਤ ਦੇ ਦੌਰਾਨ, ਮੋਨੀ ਨੂੰ ਸ਼ਾਇਦ ਆਰਿਫ਼ ਬਾਰੇ, ਕੁੱਝ ਜਾਣਕਾਰੀ ਯਾਦ ਰੱਖਣ ਲਗੇ ਭੁਲੇਖਾ ਹੋ ਗਿਆ. ਆਰਿਫ਼ ਨੇ ਬਤੌਰ ਐਟਰਨੀ ਜਨਰਲ ਮੁਲਾਜ਼ਮਤ ਨਹੀਂ ਕੀਤੀ; ਅਤੇ ਨਾ ਹੀ ਉਹ ਲਾਹੌਰ *ਬਾਰ ਕਾਉਂਸਿਲ* ਦੇ ਪ੍ਰਧਾਨ ਸਨ ਬਲਕਿ 1978-79 ਤੇ ਲਾਹੌਰ ਹਾਈ ਕੋਰਟ ਬਾਰ ਦੇ ਪ੍ਰਧਾਨ ਸਨ. ਉਹ *ਪੰਜਾਬ ਹਾਈ ਕੋਰਟ* ਦੇ ਅਤੇ ਬਾਅਦ ਤੇ *ਸੁਪ੍ਰੀਮ ਕੋਰਟ* ਦੇ ਜਜ ਬਣੇ. ਰਿਟਾਇਰ ਹੋਣ ਦੇ ਬਾਅਦ, ਉਨ੍ਹਾਂ ਨੇ ਬਤੌਰ ਚੇਅਰਮੈਨ, *ਫ਼ੇਡਰਲ ਸਰਵਿਸੇਸ ਟ੍ਰਾਇਬਯੂਨਲ* ਦੀ ਮੁਲਾਜ਼ਮਤ ਕੀਤੀ. ਉਹ ਹੁਣ *ਪਾਕ-ਇੰਡੀਆ ਫ੍ਰੈਂਡਸ਼ਿਪ ਸੋਸਾਇਟੀ* ਦੇ ਫਾਉਂਡਰ ਪੈਟਰਨ ਨੇ, ਜਿਸ ਦੀ ਲਾਹੌਰ, ਇੰਡੀਆ ਦੇ ਪੰਜਾਬ ਅਤੇ ਲੰਡਨ ਤੇ ਸ਼ਾਖ਼ਾਵਾਂ ਮੌਜੂਦ ਨੇ.

ਸਤ ਪਾਲ ਅਰੋੜਾ

ਇੰਡੀਆ ਅਤੇ ਪਾਕਿਸਤਾਨ ਦੇ ਕੀਤੇ ਗਏ ਐਟਮੀ ਧਮਾਕਿਆਂ ਦੇ ਬਾਅਦ, ਮੈਂ ਅਮਨ ਦੀ ਤੇਹਰੀਕ ਦੀ ਸਰਗਰਮੀਆਂ ਤੇ ਸ਼ਾਮਲ ਹੋ ਗਿਆ. ਮੈਂ ਇੰਟਰਨੇਟ ਦਾ ਸ਼ੁਕਰਗੁਜ਼ਾਰ ਹਾਂ, ਜਿਸ ਨੇ ਮੈਨੂੰ ਇੰਡੀਆ ਤੇ ਉਣ ਲੋਕਾਂ ਦੇ ਕਰੀਬ ਲੈ ਆਉਂਦਾ, ਜੋ ਲਾਹੌਰ ਨਾਲ ਤਾਲੁੱਕ ਰੱਖਦੇ ਸੀ. ਸਤ ਪਾਲ ਅਰੇੜਾ, ਜੋ ਦਿੱਲੀ ਤੇ ਰਹਿੰਦੇ ਨੇ ਅਤੇ ਪਹਿਲਾਂ ਕੁਚਾ ਮੁੱਲੋਮਾਤਾ, ਪਾਣੀ ਵਾਲਾ ਤਲਾਬ, ਲਾਹੌਰ ਦੇ ਅੰਦਰੁਨ ਸ਼ਹਿਰ ਤੇ ਰਹਿੰਦੇ ਸੀ, 2001 ਤੇ ਸ਼ੁਰੂ ਤੇ ਕਿਸੇ ਵਕਤ, ਮੇਰੇ ਮਾਲ ਸੰਪਰਕ ਕੀਤਾ. ਮੈਂ ਉਸ ਸਾਲ ਅਕਤੂਬਰ ਤੇ ਦਿੱਲੀ ਗਿਆ ਅਤੇ ਉਨ੍ਹਾਂ ਨੂੰ, ਉਨ੍ਹਾਂ ਦੇ ਘਰ ਤੇ ਮਿਲਿਆ. ਹਾਲਾਂਕਿ ਉਹ ਅਤੇ ਉਨ੍ਹਾਂ ਦੀ ਪਤਨੀ ਨੇ ਲਾਹੌਰ ਬਾਰੇ ਕਾਫ਼ੀ ਕੁੱਝ ਕਿਹਾ, ਮੈਂ ਸਿਰਫ਼ ਇੱਕ ਕਹਾਨੀ ਦੱਸਾਂਗਾ.

'1995-96 ਤੇ ਲਾਹੌਰ ਦੇ ਇੱਕ ਸੱਜਣ, ਸਈਦ ਅਸਦ ਹੁਸੈਨ, ਬੰਗਲੌਰ ਤੇ ਇੱਕ ਕਨਫੇਰੇਂਸ ਤੇ ਸ਼ਿਰਕਤ ਕਰਣ ਆਏ. ਬਾਅਦ ਤੇ ਉਹ ਜਦ ਦਿੱਲੀ ਤੇ ਸਨ, ਉਨ੍ਹਾਂ ਨੇ ਦੀ ਇੰਡੀਅਨ ਐਕਸਪ੍ਰੈਸ ਨੂੰ ਇੱਕ ਪੱਤਰ ਲਿਖਿਆ ਜਿਸ ਵਿੱਚ ਉਨ੍ਹਾਂ ਨੇ ਇੱਕ ਡਾ.ਖੇਰਾ ਬਾਰੇ ਪਤਾ ਕਰਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੇ ਉਨ੍ਹਾਂ ਦੀ ਬਚਪਣ ਤੇ ਜਾਣ ਬਚਾਈ ਸੀ. ਕੁਦਰਤੀ ਤੌਰ ਤੇ, ਡਾ.ਖੇਰਾ, ਮੇਰੀ ਪਤਨੀ ਦੇ ਚਾਚਾ ਸੀ ਅਤੇ ਅਸੀਂ ਉਨ੍ਹਾਂ ਦੇ ਬੇਹਦ ਕਰੀਬੀ ਸੀ, ਮਗਰ ਉਨ੍ਹਾਂ ਦਾ ਬਹੁਤ ਪਹਿਲਾਂ ਇੰਤਕਾਲ ਹੋ ਗਿਆ ਸੀ. ਉਹ ਲਾਹੌਰ ਦੇ ਇੱਕ ਮਸ਼ਹੂਰ ਸਰਜਨ ਸਨ. ਅਸੀਂ ਉਸ ਪਾਕਿਸਤਾਨੀ ਸੱਜਣ ਨੂੰ ਮਿਲਣ ਗਏ, ਜਿਨ੍ਹਾਂ ਨੇ ਸਾਨੂ ਦੱਸਿਆ ਕਿ ਉਹ ਸਾਰੀ ਜ਼ਿੰਦਗੀ ਉਸ ਇਨਸਾਨ ਨੂੰ ਮਿਲਣ ਦੀ ਖ਼ਾਹਿਸ਼ ਰੱਖਦੇ ਸੀ, ਜਿਸ ਨੇ ਉਨ੍ਹਾਂ ਦੀ ਜਾਣ ਬਚਾਉਣ ਲਈ ਇੱਕ ਆਪਰੇਸ਼ਨ ਕੀਤਾ ਸੀ, ਜਿਸ ਨੂੰ ਉਣ ਦਿਨਾਂ ਤੇ, ਬੇਹਦ ਖ਼ਤਰਨਾਕ ਸਮਝਿਆ ਜਾਂਦਾ ਸੀ. ਉਹ ਸਾਨੂ ਮਿਲ ਕੇ ਬਹੁਤ ਖੁਸ਼ ਹੋਏ.

'ਉਨ੍ਹਾ ਨੂੰ ਮਿਲਣ ਦੇ ਬਾਅਦ, ਮੇਰਾ ਵੀ ਜੀ ਕੀਤਾ ਕਿ ਮੈਂ ਆਪਣੇ ਪੈਦਾਇਸ਼ ਵਾਲੇ ਸ਼ਹਿਰ ਜਾਵਾਂ. ਅਸੀਂ ਪਿਛਲੇ ਸਾਲ ਇਸ ਵਿੱਚ ਕਾਮਯਾਬ ਹੋਏ. ਸਮੱਸਿਆ ਇਹ ਸੀ ਕਿ ਸਾਨੂ ਆਪਣਾ ਘਰ ਨਹੀਂ ਲੱਭ ਰਿਹਾ ਸੀ, ਜਿਥੇ ਅਸੀਂ ਕਦੀ ਰਹਿੰਦੇ ਸੀ. ਟੈਕਸੀ ਡ੍ਰਾਇਵਰ ਇੱਕ ਫ਼ਰਿਸ਼ਤਾ ਸਾਬਤ ਹੋਇਆ ਅਤੇ ਉਹ ਚਾਰੇ ਪਾਸੇ ਪੁਛ-ਗਿਛ ਕਰਦਾ ਰਿਹਾ. ਕੁੱਝ ਦੇਰ ਬਾਅਦ, ਇੱਕ ਭੀੜ ਜਮਾ ਹੋ ਗਈ ਅਤੇ ਸਾਰੇ ਲੋਕ ਸਾਡੀ ਮਦਦ ਕਰਣ ਦੀ ਕੋਸ਼ਿਸ਼ ਕਰਣ ਲਗੇ. ਅਖੀਰਕਾਰ, ਅਸੀਂ ਇੱਕ ਬਜ਼ੁਰਗ ਨੂੰ ਮਿਲੇ, ਜਿਸ ਨੂੰ ਅਸੀਂ ਆਪਣੇ ਘਰ ਅਤੇ ਪਿਤਾ ਹੋਰ ਪਰਵਾਰ ਦਾ ਵੇਰਵਾ ਦਿੱਤਾ. ਉਸ ਨੇ ਥੋੜੀ ਦੇਰ ਸੋਚਿਆ ਅਤੇ ਮੇਰੀ ਬਾਂਹ ਫੜ ਕੇ ਇੱਕ ਨੁੱਕੜ ਤੇ ਲੈ ਗਿਆ ਅਤੇ ਤਦ ਕਿਹਾ, "ਹੁਣ ਸਾਹਮਣੇ ਵੇਖੋ: ਇਹ ਤੁਹਾਡਾ ਘਰ ਹੈ ਜਾਂ ਨਹੀਂ? ਕੁੱਝ ਦੇਰ ਲਈ ਵਕਤ ਰੁਕ ਗਿਆ ਸੀ, ਗੁਜ਼ਰੇ ਹੋਏ ਸਾਲਾਂ ਦਾ ਕੋਈ ਮਤਲਬ ਸਮਝ ਨਹੀਂ ਆ ਰਿਹਾ ਸੀ. ਮੇਰੇ ਸਾਹਮਣੇ ਮੇਰਾ ਘਰ ਸੀ. ਇਹ ਉਸ ਭੀੜ ਨੂੰ ਪਤਾ ਲਗ ਗਿਆ ਸੀ, ਜੋ ਹੋਰ ਵੱਡੀ ਹੋ ਗਈ ਸੀ, ਕਿ ਅਸੀਂ ਇੰਡੀਆ ਤੋਂ ਆਏ ਸੀ. ਅਚਾਨਕ ਕਿਸੇ ਦੁਕਾਨ ਤੋਂ ਕੋਕਾ-ਕੋਲਾ ਦੀ ਬੋਤਲਾਂ ਲੈ ਆ ਕੇ ਸਾਨੂ ਪੀਣ ਨੂੰ ਦਿੱਤੀ ਗਈਆਂ.

'ਅਗੇ ਜਾ ਕੇ, ਮੈਂ ਦਰਵਾਜੇ ਤੇ ਦਸਤਕ ਕੀਤੀ. ਇੱਕ ਬਜ਼ੁਰਗ ਬੰਦਾ ਸਾਨੂ ਮਿਲਣ ਲਈ ਬਾਹਰ ਆਇਆ. ਮੈਂ ਉਨ੍ਹਾਂ ਨੂੰ ਸਮਝਾਇਆ ਕਿ ਕਦੀ ਅਸੀਂ ਇਥੇ ਰਹਿੰਦੇ ਸੀ ਅਤੇ ਸਿਰਫ਼ ਘਰ ਦੇ ਅੰਦਰ ਜਾ ਕੇ ਇਸ ਨੂੰ ਵੇਖਣਾ ਚਾਹੁੰਦੇ ਸੀ, ਅਗਰ ਉਹ ਇਸ ਨੂੰ ਠੀਕ ਸਮਝਣ. ਉਨ੍ਹਾਂ ਨੇ ਕਿਹਾ, "ਇਹ ਤੁਹਾਡਾ ਹੀ ਘਰ ਹੈ, ਕਿਰਪਾ ਕਰ ਕੇ ਅੰਦਰ ਆ ਜਾਉ." ਘਰ ਦੀ ਔਰਤਾਂ ਅਤੇ ਦੂਜੇ ਸਦੱਸਾਂ ਨੂੰ ਸਾਡੇ ਬਾਰੇ ਦੱਸ ਦਿੱਤਾ ਗਿਆ ਅਤੇ ਉਨ੍ਹਾਂ ਨੇ ਸਾਨੂੰ ਜਿਥੇ ਮਰਜੀ ਜਾਨ ਦਿੱਤਾ. ਮੈਂ ਵੇਖਿਆ ਕਿ ਘਰ ਤੇ ਮੌਜੁਦ ਇਕ ਕੁਰਸੀ ਉਹ ਸੀ, ਜੋ ਅਸੀਂ ਛੱਡ

ਕੇ ਚਲੇ ਗਏ ਸੀ, ਅਤੇ ਇਸ ਗੱਲ ਦੀ ਉਨ੍ਹਾਂ ਨੇ ਤਸਦੀਕ ਕੀਤੀ. ਜ਼ਿਆਦਾ ਕੁੱਝ ਨਹੀਂ ਬਦਲਿਆ ਸੀ. ਮੈਂ ਜਜ਼ਬਾਤੀ ਹੋ ਗਿਆ ਅਤੇ ਮੇਰੀ ਗਲਾਂ ਤਕ ਅਥਰੂ ਆ ਗਏ. ਘਰ ਦੇ ਮਾਲਿਕ ਵੀ ਬਹੁਤ ਜਜ਼ਬਾਤੀ ਹੋ ਗਏ. ਉਸ ਨੇ ਮੇਰੇ ਬੇਟੇ ਰਾਜਿੰਦਰ ਅਤੇ ਮੈਨੂੰ ਗਲੇ ਲਗਾਇਆ. ਉਹ ਰੋ ਰਹੇ ਸੀ ਅਤੇ ਉਨ੍ਹਾਂ ਨੇ ਕਿਹਾ, "ਤੁਸੀਂ ਤੇ ਹੁਣ ਆਪਣਾ ਘਰ ਵੇਖ ਲੀਤਾ ਹੈ, ਵਾਅਦਾ ਕਰੋ ਕਿ ਤੁਸੀਂ ਮੈਨੂੰ ਇੰਡੀਆ ਦਾ ਵੀਸਾ ਲੈਣ ਤੇ ਮਦਦ ਕਰੋਗੇ ਕਿਉਂਕਿ ਮਰਣ ਤੋਂ ਪਹਿਲਾਂ ਮੈਂ ਆਪਣਾ ਜੰਮੂ ਵਾਲਾ ਘਰ ਵੇਖਣਾ ਚਾਹੁੰਦਾ ਹਾਂ".'

ਯੁਵਰਾਜ ਕ੍ਰਿਸ਼ਨ, ਜੋ ਪਹਿਲਾਂ ਪੁਰਾਣੀ ਅਨਾਰਕਲੀ ਲਾਹੌਰ ਤੇ ਰਹਿੰਦੇ ਸੀ, ਅਤੇ ਜਿਨ੍ਹਾਂ ਦੀ 1947 ਦੀ ਕਹਾਨੀ ਇਸ ਕਿਤਾਬ ਤੇ ਪਹਿਲਾਂ (ਅਧਿਆਇ 11) ਦਿੱਤੀ ਗਈ ਹੈ, ਨਵੀਂ ਦਿੱਲੀ ਤੋਂ ਬਹੁਤ ਦੂਰ, ਵਸੰਤ ਕੁੰਜ ਤੇ ਰਹਿੰਦੇ ਸੀ. ਜਦ ਮੈਂ ਉਨ੍ਹਾਂ ਨੂੰ ਮਿਲਣ ਗਿਆ, ਉਸ ਟੈਕਸੀ ਨੂੰ ਇੱਕ ਸਿੱਖ ਚਲਾ ਰਿਹਾ ਸੀ ਜੋ ਨਵੀਂ ਦਿੱਲੀ ਦੇ ਬਾਹਰ ਦੇ ਇਲਾਕੇ ਨਾਲ ਬਹੁਤ ਜ਼ਿਆਦਾ ਵਾਕਫ਼ ਨਹੀਂ ਸੀ, ਅਤੇ ਤਲਾਸ਼ ਲੰਬੀ ਹੁੰਦੀ ਗਈ. ਹਾਰ ਕੇ, ਅਸੀਂ ਇੱਕ ਦੁਕਾਨ ਤੇ ਗਏ ਅਤੇ ਸ਼੍ਰੀ ਕ੍ਰਿਸ਼ਨ ਨੂੰ ਰਾਹ ਦਾ ਪਤਾ ਕਰਣ ਲਈ ਫੋਨ ਕੀਤਾ. ਜਦ ਗੱਲ-ਬਾਤ ਖ਼ਤਮ ਹੋਈ, ਇੱਕ 25-30 ਸਾਲਾਂ ਦੇ ਨੌਜਵਾਨ ਨੇ ਮੈਨੂੰ ਪੁੱਛਿਆ ਕਿ ਮੈਂ ਲਾਹੌਰ ਤੋਂ ਸੀ. ਮੈਂ ਕਾਫ਼ੀ ਹੈਰਾਨ ਹੋ ਗਿਆ ਅਤੇ ਪੁੱਛਿਆ ਕਿ ਉਸ ਨੂੰ ਕੈਦਾਂ ਪਤਾ ਲਗਿਆ. ਉਸ ਨੇ ਜਵਾਬ ਦਿੱਤਾ, 'ਮੇਰੇ ਪਿਤਾ ਦੀ ਲਾਹੌਰ ਦੇ ਅੰਦਰੁਨ ਸ਼ਹਿਰ ਦੇ ਸੈਦ ਮਿੱਠਾ ਬਾਜ਼ਾਰ ਤੇ, ਇੱਕ ਦੁਕਾਨ ਸੀ. ਤੁਸੀਂ ਜੋ ਪੰਜਾਬੀ ਬੋਲ ਰਹੇ ਸੀ, ਉਹ ਉਨ੍ਹਾਂ ਦੀ ਪੰਜਾਬੀ ਨਾਲ ਮੇਲ ਖਾਂਦੀ ਸੀ ਅਤੇ ਮੈਨੂੰ ਪਤਾ ਲਗ ਗਿਆ ਕਿ ਤੁਸੀਂ ਲਾਹੌਰ ਤੋਂ ਹੋਵੋਗੇ.' ਉਸ ਨੇ ਮੇਰੇ ਤੋਂ ਫੋਨ ਕਰਣ ਦੇ ਦੋ ਰੁਪਏ ਨਹੀਂ ਲੀਤੇ, ਅਤੇ ਕਿਹਾ ਕਿ ਉਸ ਦੇ ਪਿਤਾ ਦੀ ਰੂਹ ਨੂੰ ਖੁਸ਼ੀ ਮਿਲੇਗੀ ਕਿ ਕੋਈ ਹੋਰ ਲਾਹੌਰੀ ਉਨ੍ਹਾਂ ਦੀ ਦੁਕਾਨ ਤੇ ਫਿਰ ਆਇਆ ਸੀ (Ahmed, 2006).

ਸਮੁਚੇ ਤੌਰ ਤੇ, ਪਾਕਿਸਤਾਨੀ ਪੰਜਾਬ ਦੇ ਪੁਰਾਣੇ ਲੋਕਾਂ ਨਾਲ ਮੇਰੀ ਗੁਫ਼ਤਗੂ ਇਸ਼ਾਰਾ ਕਰਦੀ ਸੀ ਕਿ ਆਪਣੇ ਪੁਰਾਣੇ ਹਿੰਦੂ ਅਤੇ ਸਿੱਖ ਦੋਸਤਾਂ ਦੀ ਯਾਦਾਂ ਦਾ ਜ਼ਿਕਰ ਹਮੇਸ਼ਾ ਹੁੰਦਾ ਸੀ, ਇਸ ਦੇ ਨਾਲ ਹੀ ਉਨ੍ਹਾਂ ਨੇ ਹਿੰਦੂਆਂ ਦੀ ਜਾਤੀ ਦੀ ਬੁਨਿਆਦ ਤੇ ਕੀਤੇ ਜ਼ੁਲਮ ਬਾਰੇ ਨਰਾਜ਼ਗੀ ਜ਼ਾਹਰ ਕੀਤੀ, ਜੋ ਹਮੇਸ਼ਾ ਉਨ੍ਹਾਂ ਨੂੰ ਦੁਖੀ ਕਰਦੀ ਸੀ. ਇਸ ਦੇ ਇਲਾਵਾ, ਜੋ ਸਿਆਸੀ ਤੌਰ ਤੇ ਜ਼ਿਆਦਾ ਜਾਗਰੁਕ ਨੇ, ਉਨ੍ਹਾਂ ਦਾ ਦਾਅਵਾ ਸੀ ਕਿ ਅਗਰ ਹਿੰਦੂ ਅਤੇ ਸਿੱਖ ਨਹੀਂ ਜਾਂਦੇ, ਤੇ ਮੁਸਲਿਮ ਗਰੀਬ ਅਤੇ ਵੰਚਤ ਰਹਿੰਦੇ. ਦੂਜੀ ਤਰਫ਼, ਪੰਜਾਬੀ ਹਿੰਦੂਆਂ ਅਤੇ ਸਿੱਖਾਂ ਨਾਲ ਗੱਲਬਾਤ ਕਰਣ ਨਾਲ, ਉਹ ਵੀ ਪੁਰਾਣੇ ਮੁਸਲਿਮ ਦੋਸਤਾਂ ਅਤੇ ਪਿੱਛੇ ਰਹਿ ਗਏ ਸਕੂਲਾਂ ਅਤੇ ਘਰਾਂ ਦਾ ਜ਼ਿਕਰ ਕਰਦੇ ਨੇ, ਮਗਰ ਜ਼ਿਆਦਾਤਰ ਮਾਮਲੇਆਂ ਤੇ ਪੰਜਾਬ ਦੀ ਤਕਸੀਮ ਨੂੰ, ਉਹ ਮੁਸਲਿਮਾਂ ਦੀ ਬਹੁਤ ਵੱਡੇ ਬਣਣ ਦੀ ਚਾਲ ਦੱਸਦੇ ਨੇ, ਜਿਸ ਨਾਲ ਉਹ ਉਨ੍ਹਾਂ ਦੀ ਜਾਇਦਾਦ ਅਤੇ ਸੰਪਤੀ ਲੁੱਟਣਾ ਚਾਹੁੰਦੇ ਸੀ. ਮਗਰ ਉਹ ਮੱਨਦੇ ਸੀ ਕਿ ਜਾਤ-ਪਾਤ ਨੇ ਉਨ੍ਹਾਂ ਦੇ ਅਤੇ ਮੁਸਲਿਮਾਂ ਦੇ ਵਿੱਚ ਦੂਰੀ ਪੈਦਾ ਕੀਤੀ.

ਘਰਵਾਪਸੀ

ਮੈਂ ਉਣ ਪੰਜਾਬੀਆਂ ਦੇ ਕਿੱਸੇ ਇਕੱਠਾ ਕੀਤੇ ਨੇ, ਜਿਨ੍ਹਾਂ ਨੂੰ ਸਰਹੱਦ ਦੇ ਦੂਜੇ ਪਾਸੇ, ਆਪਣੇ ਪੁਸ਼ਤੈਨੀ ਘਰਾਂ ਦਾ ਦੌਰਾ ਕਰਣ ਦਾ ਮੌਕਾ ਮਿਲਿਆ; ਇਥੇ ਦੋਵੇਂ ਪਾਸੇ ਦੀ ਚੋਣ ਪੇਸ਼ ਨੇ.

ਇੰਡੀਆ ਦੇ ਪੁਰਵਲੇ ਵਜ਼ੀਰੇ-ਆਜ਼ਮ ਇੰਦਰ ਕੁਮਾਰ ਗੁਜਰਾਲ

ਮੈਂ ਇੰਦਰ ਕੁਮਾਰ ਗੁਜਰਾਲ ਨੂੰ ਅਕਤੂਬਰ 1992 ਤੇ, ਦਿੱਲੀ ਤੇ ਮਿਲਿਆ. ਮੈਂ ਇੱਕ ਕਾਨਫ਼ਰੰਸ ਤੇ ਸ਼ਿਰਕਤ ਕਰਣ ਆਇਆ ਸੀ ਅਤੇ ਉਸ ਮੌਕੇ ਦਾ ਫ਼ਾਇਦਾ ਉਠਾ ਕੇ, ਮੈਂ ਪਛੱਮ ਪੰਜਾਬੀ ਮੂਲ ਦੇ ਕੁੱਝ ਲੋਕਾਂ ਨੂੰ ਮਿਲਿਆ, ਕਿਉਂਕਿ ਮੈਂ ਹਮੇਸ਼ਾ ਪੁਰਾਣੇ ਪੰਜਾਬ ਦੇ ਬਾਰੇ ਉਤਸੁਕ ਸੀ. ਉਹ ਅਤੇ ਉਨ੍ਹਾਂ ਦੀ ਪਤਨੀ ਸ਼ੀਲ ਮੈਨੂ ਉਨ੍ਹਾਂ ਦੇ ਘਰ ਤੇ ਮਿਲੇ ਅਤੇ ਕੁੱਝ ਮਿਨਟਾਂ ਦੇ ਅੰਦਰ ਹੀ ਅਸੀਂ ਜਾਣੀ-ਪਛਾਣੀ ਪਛੱਮ ਪੰਜਾਬ ਦੀ ਪੰਜਾਬੀ ਤੇ ਗੱਲ-ਬਾਤ ਕਰਣ ਲਗੇ. ਮੈਂ ਇਹ ਜਾਣ ਕੇ ਬੇਹਦ ਹੈਰਾਨ ਹੋਇਆ ਕਿ ਸ਼ੀਲ ਗੁਜਰਾਲ ਉਸੇ ਟੇਮਪਲ ਰੋਡ ਦੇ ਰਹਿਣ ਵਾਲੇ ਸੀ, ਜਿਥੇ ਮੇਰਾ ਪੁਸ਼ਤੈਨੀ ਘਰ ਮੌਜੂਦ ਹੈ. ਦੋਨਾਂ ਨੇ, ਉਨ੍ਹਾਂ ਦੇ ਪਾਕਿਸਤਾਨ ਦੌਰੇ ਬਾਰੇ, ਦਿਲ ਨੂੰ ਛੂਣ ਵਾਲੀ ਕਈ ਕਹਾਨੀਆਂ ਦੱਸਿਆਂ; ਕਿੱਨੇ ਪਿਆਰ ਨਾਲ ਉਨ੍ਹਾਂ ਦਾ ਸੁਆਗਤ ਕੀਤਾ ਗਿਆ ਅਤੇ ਜੋ ਜਜ਼ਬਾਤੀ ਵਾਕਿਐ ਹੋਏ ਜਦ ਉਹ ਪੁਰਾਣੇ ਗੁਆਂਢੀਆਂ ਅਤੇ ਦੋਸਤਾਂ ਨੂੰ ਮਿਲੇ. ਸ਼੍ਰੀਮਤੀ ਗੁਜਰਾਲ ਨੇ ਉਹ ਵਾਕਿਆ ਦੱਸਿਆ ਜਦ ਉਹ ਅਤੇ ਸ਼੍ਰੀ ਗੁਜਰਾਲ ਉਨ੍ਹਾਂ ਦੇ ਟੇਮਪਲ ਰੋਡ ਦੇ ਪੁਰਾਣੇ ਘਰ ਤੇ ਗਏ, ਤਦ ਉਨ੍ਹਾਂ ਦੇ ਗੁਆਂਢੀਆਂ ਨੇ ਜ਼ੋਰ ਦਿੱਤਾ ਕਿ ਉਹ ਉਨ੍ਹਾਂ ਦੇ ਘਰ ਤੇ ਵੀ ਰਹਿਣ. ਇੱਕ ਹੋਰ ਵਾਕਿਆ ਮੈਨੂੰ ਯਾਦ ਆ ਗਿਆ ਹੈ, ਜੋ ਮੈਂ ਆਪਣੀ ਯਾਦਦਾਸ਼ਤ ਤੋਂ ਦੱਸ ਰਿਹਾ ਹਾਂ, ਕਿਉਂਕਿ ਉਣ ਦਿਨਾਂ ਤੇ ਮੈਂ ਨੋਟ ਨਹੀਂ ਲਿਖਦਾ ਸੀ, ਅਤੇ ਜੋ ਇੱਕ ਵਫ਼ਾਦਾਰ ਮੁਸਲਿਮ ਨੌਕਰ ਦੇ ਬਾਰੇ ਸੀ. ਜਦ ਸ਼੍ਰੀਮਤੀ ਸ਼ੀਲ ਗੁਜਰਾਲ ਦੀ ਭੈਣ ਨੂੰ ਲਾਹੌਰ ਛੱਡ ਕੇ ਭੱਜਣਾ ਪਇਆ, ਉਸ ਨੇ ਉਸ ਨੌਕਰ ਨੂੰ ਆਪਣੇ ਜੇਵਰ ਹਿਫ਼ਾਜ਼ਤ ਨਾਲ ਰੱਖਣ ਨੂੰ ਦੇ ਦਿੱਤੇ. ਬਾਅਦ ਤੇ ਜਦ ਕਾਨੂੰਨ ਅਤੇ ਵਿਵਸਥਾ ਦੀ ਬਹਾਲੀ ਹੋ ਗਈ, ਉਸ ਨੇ ਸਭ ਕੁੱਝ ਵਾਪਸ ਕਰ ਦਿੱਤਾ. ਆਪਣੀ ਆਤਮਕਥਾ, ਮੈਟਰਸ ਔਫ ਡਿਸਕ੍ਰਿਸ਼ਨ (2011) ਤੇ ਗੁਜਰਾਲ ਨੇ ਜਿਹਲਮ ਤੇ ਗੁਜਾਰੇ ਆਪਣੇ ਬਚਪਨ ਅਤੇ ਬਾਅਦ ਤੇ ਲਾਹੌਰ ਤੇ ਕਾਲਜ ਦੇ ਦਿੱਨਾਂ ਬਾਰੇ ਤਫ਼ਸੀਲੀ ਨਾਲ ਲਿਖਿਆ ਹੈ. ਉਨ੍ਹਾਂ ਦਾ ਪਰਵਾਰ ਆਰਿਆ ਸਮਾਜ ਦੀ ਤੇਹਰੀਕ ਦਾ ਅਨੁਯਾਈ ਸੀ. ਉਨ੍ਹਾਂ ਦੇ ਪਿਤਾ ਅਵਤਾਰ ਨਰਾਇਨ ਗੁਜਰਾਲ ਮਹਾਤਮਾ ਗਾਂਧੀ ਦੇ ਚੇਲੇ ਸੀ ਅਤੇ ਇੰਦਰ ਕਮਊਨਿਸਟ ਤੇਹਰੀਕ ਨਾਲ ਜੁੜ ਗਏ, ਜਦ ਉਹ ਲਾਹੌਰ ਵਿੱਚ ਸਨ. ਇੰਦਰ ਅਤੇ ਸ਼ੀਲ਼ ਨੇ 1982 ਵਿੱਚ ਜਿਹਲਮ ਅਤੇ ਲਾਹੌਰ ਦਾ ਦੌਰਾ ਕੀਤਾ. ਉਹ ਲਿਖਦੇ ਨੇ:

ਜਦ ਅਸੀਂ ਜਾਣ ਵਾਲੇ ਸੀ, ਅਸੀਂ ਇੱਕ ਬਜ਼ੁਰਗ ਮੁਸਲਿਮ ਔਰਤ ਨੂੰ ਵੇਖਿਆ, ਖ਼ਤਾਜਾਨ ਬੀਬੀ, ਜੋ ਧੱਕਾ ਮਾਰਦੀ ਮੇਰੇ ਕੋਲ ਆ ਗਈ. ਮੈਂ ਉਸ ਨੂੰ ਨਾਲੋ ਨਾਲ ਪਛਾਣ ਲੀਤਾ, ਕਿਉਂਕਿ ਉਹ ਮੇਰੇ ਅਤੇ ਮੇਰੇ ਦੋ ਭਰਾੜਾਂ ਦੀ ਪੈਦਾਇਸ਼ਾਂ ਦੇ ਵਕਤ ਬਤੌਰ ਦਾਈ ਮੌਜੂਦ ਸੀ. ਖ਼ਤਾਜਾਨ ਬੀਬੀ ਨੇ ਮੈਨੂੰ ਇੱਕ ਮਾਂ ਦੀ ਤਰ੍ਹਾਂ ਗਲੇ ਲਗਾ ਲੀਤਾ. ਉਹ ਸ਼ੀਲ ਨੂੰ ਪਹਿਲੀ ਵਾਰ ਮਿਲ ਰਹੀ ਸੀ ਅਤੇ ਸ਼ਗੁਨ ਦੇ ਤੌਰ ਤੇ, ਇੱਕ ਛੋਟਾ ਸਿੱਕਾ ਦਿੱਤਾ (Gujral, 2011: 20).

ਗੁਜਰਾਲ ਦੇ ਬਚਪਣ ਦੇ ਮਿੱਤਰ, ਅਹਸਾਨ ਅਲੀ, ਉਨ੍ਹਾਂ ਦੇ ਪਿਤਾ ਦੇ ਸਹਾਇਕ, ਮੁਜ਼ੱਫ਼ਰ ਹੁਸੈਨ ਸ਼ਾਹ ਅਤੇ ਉਨ੍ਹਾਂ ਦੇ ਪਿਤਾ ਦੇ ਸਹਿਯੋਗੀ ਮੋਹੱਮਦ ਬਸ਼ੀਰ ਸਾਰੇ ਉਨ੍ਹਾਂ ਨੂੰ ਅਤੇ ਸ਼ੀਲ ਨੂੰ ਮਿਲਣ ਆਏ. ਸ਼ਾਇਰ ਜੋਗੀ ਜਿਹਲਮੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਹ ਉਸ ਨੂੰ ਪਛਾਣ ਰਹੇ ਸੀ ਜਾਂ ਨਹੀਂ. ਗੁਜਰਾਲ ਨੇ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਹੁਣ ਵੀ ਯਾਦ ਸੀ ਕਿ ਜੋਗੀ, ਬ੍ਰਿਟਿਸ਼ ਹਕੂਮਤ ਦੇ ਖ਼ਿਲਾਫ਼, ਜੁਬਲੀ ਘਾਟ ਤੀ ਆਮ ਬੈਠਕਾਂ ਤੇ, ਸ਼ਾਇਰੀ ਕਰਦੇ ਸੀ. ਬਾਅਦ ਤੇ ਇੱਕ ਮੁਸ਼ਾਇਰਾ ਹੋਇਆ ਜਿਸ ਵਿੱਚ ਡਿਪਟੀ ਕਮੀਸ਼ਨਰ ਅਤੇ ਦੂਜੇ ਅਫ਼ਸਰ ਮੌਜੂਦ ਸਨ. ਗੁਜਰਾਲ, ਜਿਨ੍ਹਾਂ ਦੀ ਉਰਦੂ ਸ਼ਾਇਰੀ ਤੇ ਬਹੁਤ ਦਿਲਚਸਪੀ ਸੀ, ਉਨ੍ਹਾਂ ਨੂੰ ਪ੍ਰਧਾਣਗੀ ਕਰਣ ਨੂੰ ਸੱਦਾ ਦਿੱਤਾ ਗਿਆ. ਸ਼ੀਲ ਨੇ ਆਪਣੀ ਇੱਕ ਨਜ਼ਮ ਸੁਣਾਈ. ਉਹ ਇੱਕ ਬੇਹਦ ਜ਼ਿਆਦਾ ਜਜ਼ਬਾਤੀ ਤੌਰ ਤੇ

ਲਿਖਦੇ ਨੇ ਕਿ. 'ਜਦ ਮੁਸ਼ਾਇਰਾ ਖ਼ਤਮ ਹੋ ਗਿਆ, ਤਕਰੀਬਨ ਸਭ ਨੇ ਸਾਨੂੰ ਪਰਵਾਰ ਸਮੇਤ ਜਲਦ ਵਾਪਸ ਆਉਣ ਨੂੰ ਕਿਹਾ. ਮੈਂ ਬੇਹਦ ਮੁਤਾਸਰ ਹੋ ਗਿਆ ਜਦ ਉਨ੍ਹਾਂ ਨੇ ਕਿਹਾ: "ਜਿਹਲਮ ਹੁਣ ਵੀ ਤੁਹਾਡਾ ਹੈ, ਇਹ ਨਾ ਭੁੱਲੋ" (Ibid: 23).'

ਸੁਨੀਲ ਦੱਤ

'ਜਦ ਤੋਂ ਸਾਡਾ ਪਰਵਾਰ ਆਪਣਾ ਪਿੰਡ ਖੁਰਦ, ਜ਼ਿਲ੍ਹਾ ਜਿਹਲਮ ਛੱਡ ਕੇ ਆਇਆ ਸੀ, ਮੈਂ ਇਥੇ ਘੱਟ ਤੋਂ ਘੱਟ ਇੱਕ ਵਾਰ ਜਾਣਾ ਚਾਹੁੰਦਾ ਸੀ. ਬਤੌਰ ਫਿਲਮ ਸਟਾਰ ਬਹੁਤ ਵੱਡੀ ਕਾਮਯਾਬੀ ਹਾਸਲ ਕਰਣਾ ਅਤੇ ਇੰਡੀਆ ਦੀ ਪਾਰਲਿਆਮੇਂਟ ਤੇ ਕਾਂਗਰੇਸ ਦਾ ਸਦੱੱਸ ਬਣਣਾ ਇੱਕ ਚੀਜ ਹੈ, ਮਗਰ ਰੂਹ ਹਮੇਸ਼ਾ ਗੁਜ਼ਰੇ ਵਕਤ ਦੇ ਬਾਰੇ ਸੋਚਦੀ ਹੈ ਅਤੇ ਮੇਰੀ ਜੜ੍ਹਾਂ ਸਰਹੱਦ ਦੇ ਉਸ ਪਾਰ, ਪਾਕਿਸਤਾਨੀ ਪੰਜਾਬ ਤੇ ਸੀ. 1998 ਤੇ ਮੈਨੂੰ ਖੁਰਦ ਜਾਣ ਦਾ ਮੌਕਾ ਮਿਲਿਆ, ਮੇਰੀ ਬੇਨਤੀ ਉਪਰ ਪਾਕਿਸਤਾਨ ਦੇ ਉਸ ਵਕਤ ਦੇ ਵਜ਼ੀਰੇ-ਆਜ਼ਮ, ਮਿਆਂ ਨਵਾਜ਼ ਸ਼ਰੀਫ਼ ਨੇ ਖ਼ਾਸ ਦਿਲਚਸਪੀ ਲੀਤੀ. ਮੈਂ ਦਿਲੀਪ ਕੁਮਾਰ ਦੇ ਨਾਲ ਆਇਆ. ਸਾਡੇ ਪਿੰਡ ਦੇ ਲੋਕਾਂ ਨੂੰ ਆਗਾਹ ਕਰ ਦਿੱਤਾ ਗਿਆ ਸੀ. ਕੁੱਝ ਨੌਜਵਾਨਾਂ ਨੇ ਮੇਰੀ ਫਿਲਮਾਂ ਵੀ ਵੇਖਿਆਂ ਸੀ. ਇਹ ਕਿਸ ਤਰ੍ਹਾਂ ਦਾ ਇਹਸਾਸ ਸੀ, ਮੈਂ ਬਿਆਨ ਨਹੀਂ ਕਰ ਸਕਦਾ, ਜਦ ਮੈਂ ਆਪਣੇ ਕਦਮ ਉਸ ਮਿੱਟੀ ਤੇ ਰੱਖੇ, ਜਿਥੇ ਮੇਰਾ ਬਚਪਨ ਗੁਜਰਿਆ ਸੀ. ਬਜ਼ੁਰਗ ਔਰਤਾਂ ਨੇ ਮੈਨੂੰ "ਬਜਇਆ" ਕਹਿ ਕੇ ਬੁਲਾਇਆ ਜੋ ਮੇਰਾ ਘਰ ਦਾ ਨਾਂਅ ਸੀ, ਕਿਉਂਕਿ ਮੇਰਾ ਅਸਲੀ ਨਾਂਅ ਬਲਰਾਜ ਹੈ. ਉਹ ਜਾਣਨਾ ਚਾਹੁੰਦੀ ਸਨ ਕਿ ਮੇਰੀ ਮਾਂ ਕਿਸ ਤਰ੍ਹਾਂ ਸਨ. ਜਦ ਮੈਂ ਦੱਸਿਆ ਕਿ ਉਨ੍ਹਾਂ ਦੀ ਮੌਤ ਹੋ ਗਈ ਸੀ ਤੇ ਉਹ ਰੋਣ ਲਗੀਆਂ.

'ਮੇਰੇ ਪਰਵਾਰ ਨੂੰ ਮੇਰੇ ਤਾਇਆ ਜੀ ਦੇ ਇੱਕ ਦੋਸਤ, ਯਾਕੂਬ ਨੇ ਬਚਾਇਆ ਸੀ. ਮੈਂ ਉਨ੍ਹਾਂ ਦੇ ਪਿੰਡ ਨਵਾਂ ਕੋਟ ਗਿਆ ਤਾਂਕਿ 50 ਸਾਲਾਂ ਬਾਅਦ ਉਨ੍ਹਾਂ ਦਾ ਸ਼ੁਕਰਿਆ ਅਦਾ ਕਰ ਸਕਾਂ, ਕਿਉਂਕਿ ਉਨ੍ਹਾਂ ਨੇ ਸਾਡੇ ਪਰਵਾਰ ਦੇ ਸਦੱਸਾਂ ਨੂੰ 1947 ਦੇ ਉਣ ਭਿਆਨਕ ਦਿਨਾਂ ਤੇ ਬਚਾਇਆ ਸੀ. ਉਨ੍ਹਾਂ ਦਾ ਇੰਤਕਾਲ ਹੋ ਗਿਆ ਸੀ ਅਤੇ ਉਨ੍ਹਾਂ ਦੇ ਬੱਚੇ ਵੀ ਹੁਣ ਉਥੇ ਨਹੀਂ ਰਹਿੰਦੇ ਸੀ. ਬਹਰਹਾਲ, ਮੈਂ ਉਥੇ ਕੁੱਝ ਲੋਕਾਂ ਨੂੰ ਮਿਲਿਆ ਅਤੇ ਉਨ੍ਹਾਂ ਦਾ ਸਤਕਾਰ ਕੀਤਾ. ਉਨ੍ਹਾਂ ਨੇ ਵਾਅਦਾ ਕੀਤਾ ਕਿ ਉਹ ਯਾਕੂਭ ਦੇ ਬੱਚੇਆ ਨੂੰ ਖ਼ਬਰ ਪਹੁੰਚਾ ਦੇਣਗੇ. ਮੈਂ ਵਾਪਸ ਬਿਲਕੁਲ ਯਕੀਨੀ ਤੌਰ ਤੇ ਸੋਚ ਬਣਾ ਕੇ ਆਇਆ ਕਿ ਭਲੇ ਅਤੇ ਬੁਰੇ ਲੋਕ ਹਰ ਕੌਮ ਵਿੱਚ ਹੁੰਦੇ ਨੇ, ਅਤੇ ਕਦੀ ਕਿਸੇ ਵੀ ਪੂਰੀ ਕੌਮ ਬਾਰੇ ਕਰੜਾ ਫ਼ੈਸਲਾ ਨਹੀਂ ਲੈਣਾ ਚਾਹੀਦਾ ਹੈ.'

ਰਾਜ ਬੱਬਰ

'ਹਾਂ, ਬਾਲੀਵੁਡ ਦੀ ਕਾਮਯਾਬੀ ਮੇਰੇ ਲਈ ਇੱਕ ਬਹੁਤ ਵੱਡੀ ਚੀਜ ਸੀ, ਪਰ ਘਰ ਤੇ ਮੇਰੇ ਮਾਤਾ-ਪਿਤਾ ਸਿਰਫ਼ ਜਲਾਲਪੁਰ ਜਟਾਂ ਦੀ ਗੱਲਬਾਤ ਕਰਦੇ ਸੀ, ਜੋ ਉਨ੍ਹਾਂ ਨੇ 1947 ਤੇ ਛੱਡਿਆ ਸੀ. ਅਤੇ, ਹਾਲਾਂਕਿ ਮੈਂ ਆਗਰਾ ਤੇ ਪੈਦਾ ਹੋਇਆ ਸੀ, ਮੈਨੂੰ ਹਮੇਸ਼ਾ ਲਗਦਾ ਸੀ ਕਿ ਮੇਰਾ ਜਲਾਲਪੁਰ ਜਟਾਂ ਤੇ ਇਕ ਗੁਆਚਿਆ ਹੋਇਆ ਘਰ ਸੀ. ਕੁੱਝ ਸਾਲ ਪਹਿਲਾਂ ਮੈਂ ਇੱਕ ਪੰਜਾਬੀ ਕਾਨਫ਼ਰੰਸ ਤੇ ਸ਼ਿਰਕਤ ਕਰਣ ਪਾਕਿਸਤਾਨ ਗਿਆ ਸੀ. ਏਅਰਪੋਰਟ ਅਤੇ ਹੋਟਲ ਤੇ ਮੇਰਾ ਸੁਆਗਤ ਯਾਦਗਾਰ ਸੀ. ਮੈਨੂੰ ਲਗਿਆ ਕਿ ਮੈਂ ਆਪਣੇ ਘਰ ਦੋਸਤਾ ਦੇ ਨਾਲ ਸੀ. ਮੈਂ ਆਪਣੇ ਘਰ ਜਾਣ ਦੀ ਖ਼ਾਹਿਸ਼ ਜ਼ਾਹਰ ਕੀਤੀ ਅਤੇ ਜਲਦ ਹੀ ਇਸ ਦਾ ਇੰਤਜ਼ਾਮ ਕੀਤਾ ਗਿਆ.

ਖ਼ਬਰ ਜਲਦ ਹੀ ਜਲਾਲਪੁਰ ਜਟਾਂ ਤੇ ਪਹੁੰਚ ਗਈ. ਉਥੋਂ ਕੁੱਝ ਨੌਜਵਾਨ ਮੁੰਡੇ ਲਾਹੌਰ ਆਏ ਅਤੇ ਮੈਨੂੰ ਲੈ ਕੇ ਜਲਾਲਪੁਰ ਜਟਾਂ ਤਕ ਗਏ. ਉਨ੍ਹਾਂ ਨੇ ਮੋਟਰਸਾਇਕਲਾਂ ਦਾ ਇੱਕ ਕਾਫ਼ਿਲਾ ਬਣਾ ਲੀਤਾ ਅਤੇ ਅਸੀਂ ਉਸ ਛੋਟੇ ਸ਼ਹਿਰ ਤੇ ਪਹੁੰਚ ਗਏ.

'ਸ਼ਹਿਰ ਦੇ ਲੋਕਾਂ ਨੇ ਮੇਰਾ ਬੇਹਦ ਗਰਮਜੋਸ਼ੀ ਨਾਲ ਇਸਤਕਬਾਲ ਕੀਤਾ. ਕਈ ਬਜ਼ੁਰਗਾਂ ਨੇ ਸਾਡੇ ਪਰਵਾਰ ਅਤੇ ਘਰ ਦੀ ਥਾਂ ਨੂੰ ਯਾਦ ਕੀਤਾ, ਜਿਥੇ ਅਸੀਂ ਰਹਿੰਦੇ ਸੀ. ਮੈਨੂੰ ਦੱਸਿਆ ਗਿਆ ਕਿ ਸਾਡੇ ਪੁਰਾਣੇ ਘਰ ਦੇ ਵਿਹੜੇ ਤੇ ਇੱਕ ਮਸੀਤ ਬਣਾਈ ਗਈ ਸੀ ਅਤੇ ਉਨ੍ਹਾਂ ਨੇ ਮੈਨੂੰ ਪੁਛਿਆ ਕਿ ਉਨ੍ਹਾਂ ਨੂੰ ਪੱਕੇ ਤੌਰ ਤੇ ਨਹੀਂ ਪਤਾ ਸੀ ਕਿ ਮੈਂ ਉਥੇ ਜਾਵਾਂਗਾ ਕਿ ਨਹੀਂ. ਮੈਂ ਉਨ੍ਹਾਂ ਨੂੰ ਕਿਹਾ, "ਮੈਨੂੰ ਉਥੇ ਜਾ ਕੇ ਬਹੁਤ ਖ਼ੁਸ਼ੀ ਹੋਵੇਗੀ, ਅਗਰ ਤੁਹਾਨੂ ਕੋਈ ਇਤਰਾਜ਼ ਨਾ ਹੋਵੇ. ਹੁਣ ਮੈਨੂੰ ਆਪਣੀ ਕਾਮਯਾਬੀ ਦੇ ਰਾਜ ਬਾਰੇ ਪਤਾ ਲਗਿਆ ਹੈ. ਅਗਰ ਲੋਕ ਮੇਰੇ ਘਰ ਦੇ ਵਿਹੜੇ ਤੇ ਦਿਨ ਤੇ ਪੰਜ ਵਾਰ ਨਮਾਜ਼ ਅਦਾ ਕਰਦੇ ਨੇ, ਤਦ ਉਨ੍ਹਾਂ ਦੀ ਦੁਆਵਾਂ ਨੇ, ਜ਼ਾਹਰ ਹੈ, ਮੈਨੂੰ ਇੱਨਾ ਕਾਮਯਾਬ ਬਣਾਇਆ ਹੈ." ਇਸ ਨੇ ਸਭ ਨੂੰ ਖੁਸ਼ ਕਰ ਦਿੱਤਾ ਅਤੇ ਅਸੀਂ ਜਲਦੀ ਨਾਲ ਉਹ ਪੁਰਾਣਾ ਘਰ ਵੇਖਣ ਨੂੰ ਚਲੇ ਗਏ. ਸਾਫ਼ ਲਫ਼ਜ਼ਾਂ ਤੇ, ਮਸਲਾ ਲੋਕਾਂ ਨੂੰ ਲੈ ਕੇ ਨਹੀਂ ਹੈ. ਇਹ ਬੁਰੀ ਸਿਆਸਤ ਹੈ. ਸਾਨੂੰ ਹਰ ਮੁਮਕਿਨ ਕੋਸ਼ਿਸ਼ਾਂ ਕਰਣੀ ਚਾਹੀਦੀਆਂ ਨੇ, ਤਾਂਕਿ ਆਪਸੀ ਗਲਤਫ਼ਹਮੀਆਂ ਦੁਰ ਕੀਤੀਆਂ ਜਾ ਸਕਣ.'

ਰਚਨਾ ਆਨੰਦ

ਮੇਰੇ ਤਿੱਨ ਸਾਲਾਂ ਤਕ, ਇਨਸਟਿਚਯੂਟ ਔਫ ਸਾਉਥ ਐਸੀਅਨ ਸਟਡੀਸ, ਨੈਸ਼ਨਲ ਯੂਨੀਵਰਸਿਟੀ ਔਫ ਸਿੰਗਾਪੁਰ ਤੇ ਬਤੌਰ ਇੱਕ ਵਿਜਿਟਿੰਗ ਰਿਸਰਚ ਪ੍ਰੋਫੇਸਰ ਰਹਿਣ ਦੇ ਦੌਰਾਨ, ਮੈਨੂੰ ਕਈ ਪੰਜਾਬਿਆਂ ਨਾਲ ਮਿਲਣ ਦਾ ਮੋਕਾ ਮਿਲਿਆ, ਜਿਨ੍ਹਾਂ ਦੀ ਜੜ੍ਹਾਂ ਦੂਜੇ ਪੰਜਾਬ ਤੇ ਸੀ. ਉਨ੍ਹਾਂ ਤੋਂ ਇੱਕ, ਰਚਨਾ ਆਨੰਦ ਨੇ ਮੈਨੂੰ ਆਪਣੇ ਪੁਸ਼ਤੈਨੀ ਪਿੰਡ ਦਾਦਨ ਖ਼ਾਨ ਦੇ ਦੌਰੇ ਬਾਰੇ ਇੱਕ ਬੇਹਦ ਦਿਲਚਸਪ ਕਿੱਸਾ ਦੱਸਿਆ. ਉਸ ਦੇ ਦਾਦਾ ਹਕੀਮ ਚੁੱਨੀ ਲਾਲ ਕੋਹਲੀ ਇੱਕ ਬੇਹਦ ਇੱਜ਼ਤਦਾਰ ਦੇਸ਼ੀ ਡਾਕਟਰ ਸਨ, ਜਿਨ੍ਹਾਂ ਦੇ ਕੋਲ ਲੋਕ ਕਦੀ ਵੀ ਆ ਸਕਦੇ ਸੀ. ਰਚਨਾ ਦੇ ਪਿਤਾ, ਤਕਸੀਮ ਦੇ ਵਕਤ ਸਕੂਲ ਤੇ ਸਨ. ਉਹ ਕਦੀ ਪਿੰਡ ਦਾਦਨ ਖ਼ਾਨ ਬਾਰੇ ਗੱੱਲਾਂ ਕਰਦੇ ਨਹੀਂ ਥਕਦੇ ਸੀ, ਹਾਲਾਂਕਿ ਤਕਸੀਮ ਦੇ ਬਾਅਦ, ਉਹ ਦੁਬਾਰਾ ਉਥੇ ਇੱਕ ਵਾਰ ਵੀ ਨਹੀਂ ਗਏ ਸੀ. ਰਚਨਾ ਦਾ ਵਿਆਹ ਹੋ ਗਿਆ ਅਤੇ ਉਹ ਸਿੰਗਾਪੁਰ ਆ ਗਈ ਸੀ ਮਗਰ ਪਿੰਡ ਦਾਦਨ ਖ਼ਾਨ ਉਥੇ ਵੀ, ਉਸ ਦੀ ਜ਼ਿੰਦਗੀ ਦਾ ਇੱਕ ਹਿੱਸਾ ਬਣਿਆ ਰਿਹਾ. ਉਸ ਨੇ ਮੈਨੂੰ ਕਿਹਾ ਕਿ ਉਸ ਨੇ 16 ਮਾਰਚ 2007 ਨੂੰ ਸਿੰਗਾਪੁਰ ਪ੍ਰੈਸ ਕਲਬ ਦੇ ਇੱਕ ਸਦਭਾਵਨਾ ਮਿਸ਼ਨ ਦੇ ਤਹਿਤ, ਪਾਕਿਸਤਾਨ ਦਾ ਦੌਰਾ ਕੀਤਾ. ਜਦ ਉਹ ਰਾਵਲਪੰਡੀ ਤੇ ਸਨ, ਤਦ ਅੰਗ੍ਰੇਜ਼ੀ ਅਖ਼ਬਾਰ, ਪਾਕਿਸਤਾਨ ਪੋਸਟ ਦੇ ਸੀ.ਈ.ਉ., ਰਾਜਾ ਅਰਸ਼ਦ ਖ਼ਾਨ ਨੇ ਉਨ੍ਹਾਂ ਦੀ, ਪਿੰਡ ਦਾਦਨ ਖ਼ਾਨ ਜਾਣ ਦੀ ਇਜ਼ਾਜ਼ਤ ਲੈਣ ਤੇ ਮਦਦ ਕੀਤੀ. ਉਨ੍ਹਾਂ ਨੇ ਰਚਨਾ ਦਾ ਚੌਧਰੀ ਨਜ਼ਰ ਹੁਸੈਨ ਗੋਂਡਲ ਨਾਲ ਸੰਪਰਕ ਕਰਾ ਦਿੱਤਾ, ਜੋ ਪੰਜਾਬ ਅਸੈਮਬਲੀ ਦੇ ਸਦੱਸ ਸਨ. ਰਚਨਾ ਨੇ ਉਨ੍ਹਾਂ ਨੂੰ ਉਸ ਜਗ੍ਹ ਦਾ ਦੌਰਾ ਕਰਣ ਦੀ ਆਪਣੀ ਦਿੱਲੀ ਤੱਮਨਾ ਬਾਰੇ ਦੱਸਿਆ, ਜਿਸ ਬਾਰੇ ਗੱਲ ਕਰਦੇ ਉਨ੍ਹਾਂ ਦੇ ਪਿਤਾ ਥਕਦੇ ਨਹੀਂ ਸੀ. ਬਾਕੀ ਕਹਾਨੀ, ਉਨ੍ਹਾਂ ਦੇ ਲਫ਼ਜ਼ਾਂ ਤੇ ਪੇਸ਼ ਕੀਤੀ ਗਈ ਹੈ. ਮੇਰੀ ਬੇਨਤੀ ਦੇ ਮੁਤਾਬਕ, ਇਹ ਕਹਾਨੀ ਉਨ੍ਹਾਂ ਨੇ ਖੁਦ ਲਿਖ ਕੇ ਮੈਨੂੰ ਈ-ਮੇਲ ਨਾਲ ਭੇਜੀ ਹੈ. ਉਨ੍ਹਾਂ ਨੇ ਲਿਖਿਆ:

'ਰਾਜਾ ਅਰਸ਼ਦ ਨੇ ਇੰਤਜ਼ਾਮ ਕੀਤਾ ਕਿ ਉਨ੍ਹਾਂ ਦਾ ਡ੍ਰਾਇਵਰ ਮੈਨੂੰ ਸਰਕਾਰੀ ਗੱਡੀ ਤੇ, ਅਗਲੇ ਦਿਨ ਪਿੰਡ ਦਾਦਨ ਖ਼ਾਨ ਲੈ ਕੇ ਜਾਵੇਗਾ. ਅਤੇ ਅਗਲੇ ਦਿਨ ਤੜਕੇ, ਮੈਂ ਪਿੰਡ ਦਾਦਨ ਖ਼ਾਨ ਲਈ ਨਿਕਲੀ. ਮੈਂ ਲਗਾਤਾਰ ਆਪਣੇ ਮੋਬਾਇਲ ਫੋਨ ਦੁਆਰਾ, ਦਿੱਲੀ ਤੇ ਆਪਣੇ ਪਿਤਾ ਨਾਲ ਸੰਪਰਕ ਵਿੱਚ ਸੀ. ਅਸੀਂ ਦੋਵੇਂ ਹੀ ਬਿਲਕੁਲ ਨਹੀਂ ਸੁੱਤੇ ਸੀ. ਲੱਗਭਗ ਸਾਰੀ ਰਾਤ ਗੱਲ ਕਰਦੇ ਰਹੇ. ਮੈਂ ਉਸ ਆਸ ਦੀ ਰਾਤ ਨੂੰ, ਹਮੇਸ਼ਾ ਯਾਦ ਰੱਖਾਂਗੀ. ਅਸੀਂ ਪਿੰਡ ਦਾਦਨ ਖ਼ਾਨ ਤਕਰੀਬਨ ੯:੪੦ ਵਜੇ ਪਹੁੰਚੇ ਅਤੇ ਸਿੱਧੇ ਚੌਧਰੀ ਗੋਂਡਲ ਦੇ ਘਰ ਚਲੇ ਗਏ. ਉਹ ਉਥੇ ਖੁਦ ਮੌਜੂਦ ਸਨ ਅਤੇ ਮੈਨੂੰ ਬਹੁਤ ਪਿਆਰ ਨਾਲ ਮਿਲੇ. ਉਥੇ ਮੈਂ ਬਜ਼ੁਰਗਾਂ ਦੇ ਇੱਕ ਵੱਡੇ ਸਮੂਹ ਨੂੰ ਮਿਲੀ. ਹਲਕੇ ਨਾਸ਼ਤੇ ਦੇ ਬਾਅਦ, ਮੈਨੂੰ ਆਪਣੇ ਪੁਸ਼ਤੈਨੀ ਘਰ ਲੈ ਜਾਇਆ ਗਿਆ.

'ਮੈਂ ਇਥੇ ਪਹਿਲਾਂ ਤੇ ਕਦੀ ਨਹੀਂ ਆਈ ਸੀ ਮਗਰ ਸਭ ਕੁੱਝ ਜਾਣਾ ਪਛਾਣਾ ਲਗ ਰਿਹਾ ਸੀ. ਜਦ ਮੈਂ ਆਪਣੇ ਪਿਤਾ ਦੇ ਸਕੂਲ ਪਹੁੰਚੀ ਤਦ ਮੈਨੂੰ ਪਤਾ ਲਗ ਗਿਆ ਸੀ ਕਿ ਕਿਥੇ ਕੀ ਮੌਜੂਦ ਸੀ. ਮੇਰੇ ਜੇਹਨ ਤੇ ਮੌਜੂਦ ਨਕਸ਼ੇ ਤੋਂ ਮੈਨੂੰ ਪਤਾ ਲਗ ਗਿਆ ਕਿ ਮੈਂ ਆਪਣੇ ਪੁਸ਼ਤੈਨੀ ਘਰ ਦੇ ਬਿਲਕੁਲ ਨਜਦੀਕ ਸੀ. ਮੈਨੂੰ ਲੈਣ ਲਈ ਇੱਕ ਵਡੀ ਭੀੜ ਜਮਾ ਸੀ. ਜਦ ਮੈਂ ਬਾਹਰ ਆਈ, ਉਹ ਮੇਰੇ ਗਲੇ ਤੇ ਹਾਰ ਪਾਉਣ ਲਈ ਸਾਹਮਣੇ ਆ ਗਏ. ਉਸ ਦੇ ਬਾਅਦ ਮੈਂ ਸਦਮੇ ਵਿੱਚ ਸੀ. ਜਦ ਉਹ ਮੈਨੂੰ ਇੱਕ ਗਲੀ ਦਿਖਾ ਰਹੇ ਸੀ, ਮੇਰੇ ਪਿਤਾ ਦੀ ਸਭ ਤੋਂ ਵੱਡੀ ਭੈਣ ਦੀ ਇੱਕ ਪੁਰਾਣੀ ਬਜ਼ੁਰਗ ਸਹੇਲੀ ਮੇਰੇ ਕੋਲ ਆਈ ਅਤੇ ਮੈਨੂੰ ਜੋਰ ਦੀ ਗਲੇ ਲਗਾਇਆ, ਮੇਰੀ ਬਾਂਹ ਫੱੜ ਲੀਤੀ ਅਤੇ ਮੌਜੂਦ ਬਹੁਤ ਸਾਰੇ ਬੰਦੇਆਂ ਨੂੰ ਕਿਹਾ ਕਿ ਇੱਹ ਮਹਿਲਾ ਇੰਨੀ ਦੂਰ ਤੋਂ, ਪੈਦਲ ਚਲਣ ਨਹੀਂ, ਮਗਰ ਉਹ ਆਪਣਾ ਪੁਸ਼ਤੈਨੀ ਘਰ ਵੇਖਨ ਆਈ ਸੀ.

'ਜਦ ਬਜ਼ੁਰਗਾਂ ਨੂੰ ਪਤਾ ਲਗਾ ਕਿ ਮੈਂ ਕਿਸ ਦੀ ਪੋਤੀ ਸੀ, ਉਨ੍ਹਾਂ ਨੇ ਆਪਣਾ ਪਿਆਰ ਮੈਨੂੰ ਦਿੱਤਾ. ਇਹ ਮੇਰੇ ਲਈ ਬਹੁਤ ਜ਼ਿਆਦਾ ਸੀ. ਮੈਂ ਕਰ ਵੀ ਕੀ ਸਕਦੀ ਸੀ, ਸਿਵਾਏ ਰੋਣ ਦੇ. ਹਰ ਕੋਈ ਚਾਹੁੰਦਾ ਸੀ ਕਿ ਮੈਂ ਉਸ ਦੇ ਘਰ ਜਾਵਾਂ. ਉਹ ਮੈਨੂੰ ਤੋਹਫ਼ੇ ਦੇ ਰਹੇ ਸੀ, ਜੋ ਵੀ ਉਨ੍ਹਾਂ ਨੂੰ ਘਰ ਤੇ ਮਿਲਿਆ. ਉਸ ਸਨੇਹ ਨੂੰ ਵੇਖ ਕੇ ਮੈਂ ਪੂਰੀ ਤਰ੍ਹਾਂ ਹੈਰਾਨ ਰਹ ਗਈ.

'ਕਿਸੇ ਨੇ ਮੇਰੇ ਦਾਦੇ ਦੇ ਪੁਰਾਣੇ ਖ਼ੱਤ ਲੈ ਆਉਂਦੇ ਅਤੇ ਬਾਅਦ ਤੇ ਕਿਸੇ ਨੇ ਲਕੜੀ ਦਾ ਬਣਿਆ ਹੋਇਆ ਇੱਕ ਖਿਡੌਣਾ ਲਾਉਂਦਾ, ਜੋ ਉਹ ਤਦ ਹੀ ਦੇਣਾ ਚਾਹੁੰਦੇ ਸੀ ਅਗਰ ਮੈਂ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਮਿਲਦੀ. ਅਤੇ ਮੈਂ ਚਲੀ ਗਈ. ਮੈਨੂੰ ਕਿਹਾ ਗਿਆ ਕਿ ਮੈਂ ਉਹ ਲਕੜੀ ਦਾ ਖਿਡੌਣਾ ਲੈ ਜਾ ਸਕਦੀ ਸੀ ਅਗਰ ਮੈਂ ਦੱਸ ਸਕਦੀ ਕਿ ਉਸ ਦਾ ਮਕਸਦ ਕੀ ਸੀ. ਮੈਨੂੰ ਇਹ ਸਮਝਣ ਤੇ ਜ਼ਿਆਦਾ ਵਕਤ ਨਹੀਂ ਲਗਿਆ ਕਿ ਮੈਂ ਕਿਸ ਪਰਵਾਰ ਦੇ ਘਰ ਬੈਠੀ ਸੀ. ਇਹ ਮੇਰੇ ਦਾਦਾਜੀ ਦੇ ਪਿਆਰੇ ਮਿੱਤਰ ਮੌਲਵੀ ਅਬਦੁਲ ਅਜ਼ੀਜ਼ ਦਾ ਘਰ ਸੀ, ਜੋ ਮਸੀਤ ਅਤੇ ਇਸ ਦੇ ਮਦਰਸੇ ਦੇ ਮੁੱਖ ਮੌਲਵੀ ਸਨ. ਉਹ ਇੱਕ ਹਾਫ਼ਿਜ਼-ਏ-ਕੁਰਾਨ ਸਨ ਅਤੇ ਮੇਰੇ ਦਾਦਾ ਵੀ ਇਸਲਾਮ ਦੇ ਵਿਦਵਾਨ ਸਨ ਜੋ ਕੁਰਾਨ ਦੀ ਆਇਤਾਂ ਦਾ ਬੇਅਟਕ ਪਾਠ ਕਰ ਸਕਦੇ ਸੀ. ਉਹ ਕੁਰਾਨ, ਉਰਦੂ ਸ਼ਾਇਰਾਂ ਅਤੇ ਦੂਜੀ ਕਿਤਾਬਾਂ ਬਾਰੇ ਆਪਸ ਤੇ ਗੱਲ-ਬਾਤ ਕਰਦੇ ਸੀ.

'ਮੇਰੇ ਦਾਦਾ ਨੇ, ਸਰਹੱਦ ਦੇ ਦੋਵੇਂ ਤਰਫ਼, ਸਭ ਤੋਂ ਬਦਤਰ ਜ਼ੁਲਮਾਂ ਦੇ ਹੋਣ ਤੋਂ ਕੁੱਝ ਹਫ਼ਤੇ ਆਂ ਪਹਿਲਾਂ, ਪਿੰਡ ਦਾਦਨ ਖ਼ਾਨ ਛੱਡਿਆ. ਜਦ ਉਹ ਇੰਡੀਆ ਤੇ ਸਨ, ਤਦ ਉਨ੍ਹਾਂ ਨੂੰ ਪਤਾ ਲਗਾ ਕਿ ਮੌਲਵੀ ਅਬਦੁਲ ਅਜ਼ੀਜ਼ ਬੇਹਦ ਬੀਮਾਰ ਸਨ. ਉਨ੍ਹਾਂ ਨੇ ਕੁੱਝ ਦਵਾਇਆਂ ਤਿਆਰ ਕੀਤੀਆਂ ਅਤੇ ਇਸ ਨੂੰ ਲਕੜ ਦੇ ਖਿਡੌਣੇਆਂ ਦੇ ਅੰਦਰ ਰੱਖ ਕੇ, ਉਸ ਵਕਤ ਦੇ ਹਰਕਾਰੇ ਦੇ ਹੱਥਾਂ ਦੁਆਰਾ ਗੈਰ-ਕਾਨੂੰਨੀ ਤਰੀਕੇ ਨਾਲ ਮੌਲਵੀ

ਅਜ਼ੀਜ਼ ਨੂੰ ਭੇਜਿਆਂ. ਮੌਲਵੀ ਅਬਦੁਲ ਅਜ਼ੀਜ਼ ਮੇਰੇ ਦਾਦਾਜੀ ਦੀ ਭੇਜੀ ਦਵਾਇਆਂ ਖਾ ਕੇ ਬਿਲਕੁਲ ਠੀਕ ਹੋ ਗਏ. ਉਨ੍ਹਾਂ ਦੇ ਬੱਚੇਆਂ ਨੇ ਉਹ ਖਿਡੌਣੇ ਅਤੇ ਮੇਰੇ ਦਾਦਾਜੀ ਦੇ ਕੁੱਝ ਖੱਤ, ਉਨ੍ਹਾਂ ਦੀ ਦੋਸਤੀ ਦੀ ਯਾਦ ਕਾਇਮ ਰੱਖਣ ਲਈ, ਸੰਭਾਲ ਕੇ ਰੱਖੇ. ਅਤੇ, ਸਹੀ ਜਵਾਬ ਦੇਣ ਕਰ ਕੇ ਮੈਨੂੰ ਇੱਕ ਖਿਡੌਣਾ ਦੇ ਦਿੱਤਾ ਗਿਆ.

'ਕਈ ਲੋਕਾਂ ਨੇ ਉਨ੍ਹਾਂ ਦੀ ਡਾਕਟਰੀ ਅਤੇ ਜਾਦੂਈ ਸਪਰਸ਼ ਬਾਰੇ ਗੱਲ ਕੀਤੀ. ਉਨ੍ਹਾਂ ਦੇ ਕਈ ਪੁਰਾਣੇ ਮਰੀਜ ਮੈਨੂੰ ਮਿਲਣ ਸਿਰਫ਼ ਇਸ ਲਈ ਆਏ ਤਾਂਕਿ ਉਹ ਮੇਰਾ ਸ਼ੁਕਰਿਆ ਅਦਾ ਕਰ ਸਕਣ, ਕਿਉਂਕਿ ਮੇਰੇ ਦਾਦਾ ਹਕੀਮ ਚੁੱਨੀ ਲਾਲ ਕੋਹਲੀ ਦੇ ਜਾਦੂਈ ਸਪਰਸ਼ ਨੇ ਉਨ੍ਹਾਂ ਨੂੰ ਠੀਕ ਕਰ ਦਿੱਤਾ ਸੀ. ਕਈ ਲੋਕਾਂ ਨੇ, ਉਨ੍ਹਾ ਨੂੰ ਕੁਰਾਨ ਦੇ ਵਿਦਵਾਨ, ਕਿਤਾਬਾਂ ਦੇ ਪਰੇਮੀ ਅਤੇ ਇੱਕ ਪਰਉਪਕਾਰੀ ਇਨਸਾਨ ਦੇ ਤੌਰ ਤੇ ਯਾਦ ਕੀਤਾ. ਉਹ ਗਰੀਬਾਂ ਦੇ ਇਲਾਜ ਲਈ ਕੋਈ ਪੈਸੇ ਨਹੀਂ ਲੈਂਦੇ ਸੀ, ਇਸ ਦੇ ਬਜਾਏ ਉਨ੍ਹਾਂ ਨੂੰ ਦਵਾਈ ਦੇ ਨਾਲ ਅਨਾਜ ਦਾ ਇੱਕ ਬੋਰਾ ਵੀ ਦੇ ਦੇਂਦੇ ਸੀ, ਜੋ ਉਹ ਉਨ੍ਹਾਂ ਦੀ ਦਿੱਤੀ ਦਵਾਇਆਂ ਦੇ ਨਾਲ ਖਾ ਸਕਣ, ਕਿਉਂਕਿ ਉਨ੍ਹਾ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਦੋ ਵਕਤ ਦਾ ਖਾਣਾ ਵੀ ਨਸੀਬ ਨਹੀਂ ਹੁੰਦਾ ਸੀ. ਕੁੱਝ ਲੋਕਾਂ ਨੂੰ ਉਹ ਪਰਚੀਆਂ ਦੇਂਦੇ ਸੀ ਜਿਸ ਨੂੰ ਲੈ ਕੇ, ਉਹ ਉਥੇ ਦੇ ਹਲਵਾਈ ਤੋਂ ਦੁੱਧ ਲੈ ਸਕਦੇ ਸੀ.

'ਮੈਨੂੰ ਬਹੁਤ ਹੈਰਾਨੀ ਹੋਈ ਜਦ ਮੈਂ ਇੱਕ ਹਿੰਦੂ ਬਾ੍ਹਮਣ ਦੱਤ ਨਾਲ ਮਿਲੀ, ਜਿਸ ਨੇ ਮੈਨੂੰ ਕਿਹਾ ਕਿ ਉਹ ਅਤੇ ਉਨ੍ਹਾਂ ਦਾ ਪਰਵਾਰ ਮੁਸਲਿਮਾਂ ਨਾਲ ਅਮਨ ਨਾਲ ਰਹਿੰਦੇ ਸੀ. ਮੇਰੇ ਪਿਤਾ ਨੇ ਉਨ੍ਹਾਂ ਦੇ ਨਾਲ ਟੈਲੀਫੋਨ ਤੇ ਗੱਲ ਕੀਤੀ, ਅਤੇ ਉਸ ਪਰਵਾਰ ਦੀ ਗੱਲਾਂ ਉਨ੍ਹਾਂ ਨੂੰ ਯਾਦ ਸੀ. ਚੌਧਰੀ ਗੋਂਡਲ ਸਾਹਿਬ ਨੇ ਵੀ ਮੇਰੇ ਪਿਤਾ ਨਾਲ ਗੱਲ-ਬਾਤ ਕੀਤੀ ਅਤੇ ਉਨ੍ਹਾਂ ਨੂੰ ਪਿੰਡ ਦਾਦਨ ਖ਼ਾਨ ਆਉਣ ਦਾ ਸੱਦਾ ਦਿੱਤਾ. ਇਹ ਜਾਣ ਕੇ, ਮੇਰੇ ਦਿਲ ਤੇ ਗਰਮਜੋਸ਼ੀ ਦਾ ਇਹਸਾਸ ਹੋਇਆ ਕਿ ਪਿੰਡ ਦਾਦਨ ਖ਼ਾਨ ਦੇ ਪਰਵਾਰ, ਅੱਜ ਮੇਰੇ ਪਰਵਾਰ ਦਾ ਇੱਕ ਹਿੱਸਾ ਨੇ, ਅਤੇ ਆਉਣ ਵਾਲੀ ਪੁਸ਼ਤਾਂ ਦਾ ਵੀ ਹਿੱਸਾ ਰਹਿਣਗੇ.'

ਵਸੀਮ ਅਕਰਮ

3 ਮਈ 2005 ਨੂੰ, ਕ੍ਰਿਕਟ ਦੇ ਇੱਕ ਦੰਤਕਥਾ ਬਣ ਚੁਕੇ, ਅਤੇ ਇਸ ਦੇ ਇਤਿਹਾਸ ਦੇ ਸਭ ਤੋਂ ਬੇਹਤਰੀਨ ਖੱਬੇ ਹੱਥ ਦੇ ਗੇਂਦਬਾਜ਼ਾਂ ਤੋਂ ਇੱਕ, ਵਸੀਮ ਅਕਰਮ ਅਤੇ ਉਨ੍ਹਾਂ ਦੇ ਵਾਲਿਦ ਚੌਧਰੀ ਮੋਹੱਮਦ ਅਕਰਮ ਨੇ, ਅੱਮ੍ਰਿਤਸਰ ਜ਼ਿਲ੍ਹੇ ਦੇ ਆਪਣੇ ਪੁਸ਼ਤੈਨੀ ਪਿੰਡ ਚਾਵਿੰਡਾ ਦੇਵੀ ਦਾ ਦੌਰਾ ਕੀਤਾ. ਚਾਵਿੰਡਾ ਦੇਵੀ ਇੱਕ ਮਿਲਿਆ ਜੁਲਿਆ ਪਿੰਡ ਸੀ ਜਿਥੇ ਮੁਸਲਿਮਾਂ ਦੀ ਅਤੇ ਹਿੰਦੂਆਂ ਹੋਰ ਸਿੱਖਾਂ ਦੀ ਬਰਾਬਰ ਦੀ ਆਬਾਦੀ ਸੀ. ਮੁਸਲਿਮ ਪਰਵਾਰਾਂ ਵਿੱਚ ਖ਼ਾਸ ਤੌਰ ਤੇ, ਅਰਾਇਨ ਅਤੇ ਸਈਦ ਬਰਾਦਰਿਆਂ ਸੀ. ਵਸੀਮ ਦਾ ਪਰਵਾਰ ਚਾਵਿੰਡਾ ਦੇਵੀ ਦੇ ਅਰਾਇਨ ਹਿੱਸੇ ਤੋਂ ਸੀ.

ਵਸੀਮ ਅਤੇ ਉਨ੍ਹਾਂ ਦੇ ਵਾਲਿਦ ਦਾ, ਨੈਜਵਾਨਾਂ ਅਤੇ ਬਜ਼ੁਰਗਾਂ ਨੇ ਇੱਕ ਨਿੱਘਾ ਇਸਤਕਬਾਲ ਕੀਤਾ. ਉਨ੍ਹਾਂ ਦੇ ਵਾਲਿਦ ਨੇ 1947 ਤੇ ਪਾਕਿਸਤਾਨ ਜਾਣ ਤੋਂ ਪਹਿਲਾਂ, ਆਪਣਾ ਬਚਪਨ ਉਥੇ ਗੁਜਾਰਿਆ ਸੀ, ਅਤੇ ਉਨ੍ਹਾਂ ਦੇ ਨਾਲ ਕਈ ਪੁਰਾਣੇ ਮਿੱਤਰਾਂ ਦਾ ਵੀ ਮੇਲ ਹੋ ਗਿਆ. ਜਦ ਉਹ ਆਪਣੇ ਘਰ ਦੇ ਵਿਹੜੇ ਤੇ ਖੜੇ ਹੋਏ, ਤਦ ਉਹ ਜਜ਼ਬਾਤੀ ਹੋ ਗਏ. ਭਗਵਾਨ ਸਿੰਘ, ਜੋ ਉਨ੍ਹਾਂ ਦੇ ਪੁਸ਼ਤੈਨੀ ਘਰ ਤੇ ਰਹਿੰਦੇ ਸੀ, ਉਨ੍ਹਾਂ ਨੂੰ ਗਲੇ ਲਗਾ ਲੀਤਾ ਅਤੇ ਉਨ੍ਹਾਂ ਨੂੰ ਪੰਜਾਬੀ ਤੇ ਕਿਹਾ, 'ਇਹ ਘਰ ਹੁਣ ਵੀ ਤੁਹਾਡਾ ਹੈ.' (*The Hindu*, 4 May 2005). ਜਦ ਕਿਸੇ ਨੇ ਉਨ੍ਹਾਂ ਨੂੰ ਤਾਕੀਦ ਕੀਤੀ ਕਿ ਉਹ ਹੋਰ ਅਕਸਰ ਆਇਆ ਕਰਣ, ਤਦ ਚੌਧਰੀ ਅਕਰਮ ਨੇ

ਕਿਹਾ, "ਮੈਂ ਤੇ ਹਰ ਮਹੀਨੇ ਹੀ ਆ ਜਾਵਾਂ ਅਗਰ ਮੈਨੂੰ ਦੋਵੇਂ ਸਰਕਾਰਾਂ ਆਉਣ ਦੇਣ' (Zee TV, 3 May 2005).

ਡਾ.ਖ਼ੁਸ਼ੀ ਮੋਹੱਮਦ ਖ਼ਾਨ

'ਮੈਂ ਤੁਹਾਨੂ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਅਸੀਂ ਕਿਸ ਤਰ੍ਹਾਂ ਪੈਦਲ ਇੱਕ ਕਾਫ਼ਿਲੇ ਦੇ ਨਾਲ ਨਾਭਾ ਤੋਂ ਪਾਕਿਸਤਾਨ ਪਹੁੰਚੇ. ਅਸੀਂ ਗੁਜਰਾਂਵਾਲਾ ਤੇ ਵੱਸ ਗਏ. 1949 ਤੇ, ਮੈਂ ਡਾ.ਗਿਰਧਾਰੀ ਲਾਲ, ਮੇਰੇ ਜੋੜੀਦਾਰ, ਅਸ਼ਵਿਨੀ ਕੁਮਾਰ ਸ਼ਰਮਾ ਦੇ ਵਾਲਿਦ ਨੂੰ ਇੱਕ ਖੱਤ ਲਿਖਿਆ. ਡਾ.ਲ਼ਾਲ ਜੋ ਇੱਕ ਬ੍ਰਾਹਮਣ ਸਨ, ਉਹ ਅਮਲੋਹ ਦੇ ਇਕੱਲੇ ਡਿਗਰੀ ਵਾਲੇ ਕਾਬਲ ਡਾਕਟਰ ਸਨ. ਉਹ ਕਿਰਪਾਲੁ ਇਨਸਾਨ ਸਨ ਅਤੇ ਲੋਕਾਂ ਦਾ ਲਿਹਾਜ ਕਰਦੇ ਸੀ, ਅਤੇ ਹਰ ਕੋਈ, ਉਨ੍ਹਾ ਦੀ ਇੱਜ਼ਤ ਕਰਦਾ ਸੀ. ਇੱਕ ਜਵਾਬ ਆਇਆ ਅਤੇ ਮੈਂ ਹੋਰ ਅਸ਼ਵਿਨੀ ਇੱਕ ਦੂਜੇ ਨੂੰ ਖ਼ੱਤ ਲਿਖਣ ਲਗੇ. ਸਾਡਾ 1958 ਤਕ ਇੱਕ ਦੂਜੇ ਨਾਲ ਸੰਪਰਕ ਰਿਹਾ. ਇਸ ਦੌਰਾਨ ਮੈਂ ਇਕੋਨੋਮੀਕਸ ਅਤੇ ਅੰਗ੍ਰੇਜ਼ੀ ਤੇ ਐਮ.ਏ. ਕੀਤੀ ਅਤੇ ਬਤੌਰ ਇੱਕ ਲੈਕਚਰਾਰ ਆਪਣਾ ਪੇਸ਼ਾ ਸ਼ੁਰੂ ਕੀਤਾ, ਜਿਸ ਦੇ ਚਲਦਿਆ ਮੈਂ ਪਛੱਮ ਪੰਜਾਬ ਦੀ ਮੁਖ਼ਤਲਿਫ਼ ਜਗ੍ਹਾਂ ਤੇ ਗਿਆ. 1963 ਤੇ ਮੈਂ ਇੱਕ ਸਕਾਲਰਸ਼ਿਪ ਲੈ ਕੇ ਜਰਮਨੀ ਗਿਆ ਜਿਥੇ ਮੈਂ ਡੇਵਲਪਮੇਂਟ ਇਕੋਨੋਮੀਕਸ ਤੇ ਪੀ.ਐਚ.ਡੀ. ਕੀਤੀ. ਮੈਂ ਪਾਕਿਸਤਾਨ ਵਾਪਸ ਆਇਆ ਮਗਰ ਮੈਨੂੰ ਕੋਈ ਮਾਕੂਲ ਨੈਕਰੀ ਨਹੀਂ ਮਿਲੀ. ਫਿਰ ਮੈਂ ਜਰਮਨੀ ਪਹੁੰਚਿਆ, ਵਿਆਹ ਕੀਤਾ ਆਪਣਾ ਪਰਵਾਰ ਪੁਰਾ ਹੋ ਗਿਆ ਅਤੇ ਬਤੌਰ ਰਿਸਰਚਰ ਅਤੇ ਯੂਨੀਵਰਸਿਟੀ ਦਾ ਅਧਿਆਪਕ, ਮੈਂ ਕੱਮ ਕਰਣ ਲਗਾ. ਆਪਣੀ ਪੇਸ਼ੇਵਰ ਜ਼ਿਮੇਵਾਰਿਆਂ ਦੇ ਚਲਦਿਆ ਮੈਂ ਦੁਨੀਆ ਦੀ ਮੁਖ਼ਤਲਿਫ਼ ਜਗ੍ਹਾਂ ਤੇ ਗਿਆ ਮਗਰ ਮੇਰਾ ਦਿਲ ਆਪਣੀ ਜਨਮ-ਭੂਮੀ ਅਮਲੋਹ ਲਈ ਤਰਸਦਾ ਰਿਹਾ. ਮੈਂ ਅਸ਼ਵਿਨੀ ਨਾਲ ਆਪਣਾ ਸੰਪਰਕ ਬਹਾਲ ਕੀਤਾ ਜਿਨ੍ਹਾਂ ਨੇ ਜ਼ੋਰ ਦਿੱਤਾ ਕਿ ਮੈਂ ਉਨ੍ਹਾਂ ਨੂੰ ਆ ਕੇ ਮਿਲਾਂ.

'ਮਗਰ ਉਸ ਵਕਤ, ਪੂਰਬੀ ਪੰਜਾਬ ਦੇ ਖਲਬਲੀ ਫੈਲੀ ਹੋਈ ਸੀ. ਖਾਲਿਸਤਾਨ ਅੱਤਵਾਦ ਪੂਰੇ ਜ਼ੋਰ ਤੇ ਸੀ ਅਤੇ ਇੱਕ ਪੁਰਵਲੇ ਪਾਕਿਸਤਾਨੀ ਲਈ, ਟੂਰੀਸਟ ਵੀਜ਼ਾ ਹਾਸਲ ਕਰਣਾ ਲੱਗਭਗ ਨਾਮੁਮਕਿਨ ਸੀ. ਮਗਰ ਇਹ ਕਿਸਮਤ ਦੀ ਗੱਲ ਸੀ ਕਿ ਇੰਡੀਆ ਦੇ ਇੱਕ ਮਸ਼ਹੂਰ ਸਿੱਖਿਆਵਿਦ ਪ੍ਰੋਫੇਸਰ ਏ.ਐਮ.ਖ਼ੂਸਰੋ, ਜੋ ਪਹਿਲਾਂ ਜਰਮਨੀ ਤੇ ਇੰਡੀਆ ਦੇ ਰਾਜਦੂਤ ਸਨ, ਜਰਮਨ ਔਵਰਸੀਜ ਇਨਸਟੀਚਯੂਟ ਤੇ ਰਿਸਰਚ (ਸ਼ੋਧ) ਕਰਣ ਆਏ, ਜਿਥੇ ਮੈਂ ਕੱਮ ਕਰਦਾ ਸੀ. ਮੈਂ ਉਨ੍ਹਾਂ ਨੂੰ ਆਪਣੀ ਦਾਸਤਾਨ ਦੱਸੀ ਅਤੇ ਵੀਜ਼ਾ ਮਿਲ ਜਾਵੇ, ਇਸ ਲਈ ਗੁਜ਼ਾਰਿਸ਼ ਕੀਤੀ. ਉਸ ਰਹਿਮ ਦਿਲ ਇਨਸਾਨ ਨੇ ਮੇਰੀ ਮਦਦ ਕੀਤੀ ਅਤੇ ਮੈਂ ਇੰਡੀਆ ਦਾ ਵੀਸ਼ਾ ਹਾਸਲ ਕਰ ਸਕਿਆ.

'ਮੈਂ 1982 ਤੇ ਅਮਲੋਹ ਪਹੁੰਚਿਆ-ਪੂਰੇ 35 ਸਾਲਾਂ ਬਾਅਦ. ਉਹ ਛੋਟਾ ਸ਼ਹਿਰ ਥੋੜਾ ਬਹੁਤ ਬਦਲ ਗਿਆ ਸੀ ਮਗਰ ਇਸ ਦੇ ਇਨਸਾਨ ਪਹਿਲਾਂ ਦੀ ਤਰ੍ਹਾਂ ਦਿਲ ਵਾਲੇ ਸਨ. ਮੇਰਾ ਇੱਕ ਨਿੱਘਾ ਇਸਤਿਕਬਾਲ ਕੀਤਾ ਗਿਆ: ਜੋ ਉਸ ਮਿੱਟੀ ਦੇ, ਸਿਰਫ਼ ਉਣ ਪੁੱਤਰਾ ਦਾ ਕੀਤਾ ਜਾਂਦਾ ਸੀ, ਜੋ ਇੱਕ ਲੰਮੇ ਵਕਤ ਤੋਂ ਗੁਆਚੇ ਹੁੰਦੇ ਸੀ. ਅਸ਼ਵਿਨੀ ਅਤੇ ਬਚਪਨ ਦੇ ਦੂਜੇ ਦੋਸਤਾਂ ਨੇ ਮੈਨੂੰ ਮੁੱਖ ਗਲੀਆਂ ਤੇ ਇੱਕ ਜਲੂਸ ਵਿੱਚ ਘੁਮਾਇਆ. ਬਜ਼ੁਰਗ ਬੰਦੇ ਅਤੇ ਔਰਤਾਂ, ਮੇਰੇ ਪਰਵਾਰ ਬਾਰੇ ਪੁੱਛਣ ਲਈ ਆਏ. ਇੱਕ ਦੋਸਤਾਨਾ ਮੁਕਾਬਲਾ ਹੋਣ ਲਗਾ ਕਿ ਕੌਣ ਮੈਨੂੰ ਦੁਪਹਿਰ ਦੇ ਖਾਣੇ ਤੇ ਬੁਲਾਵੇਗਾ ਅਤੇ ਕੌਣ ਰਾਤ ਦੇ ਖਾਣੇ ਤੇ. ਹਿੰਦੂਆਂ ਦੀ ਰਸੋਈਆਂ ਤੋਂ ਮੁਸਲਿਮਾਂ

ਨੂੰ ਦੂਰ ਰੱਖਣ ਦੀ ਆਦਤਾਂ ਖ਼ਤਮ ਹੋ ਗਈਆਂ ਸੀ. ਜਿਥੇ ਵੀ ਮੈਂ ਗਿਆ, ਮੈਨੂੰ ਪੱਕੀ ਪੰਜਾਬੀ ਮਹਿਮਾਨ ਨਵਾਜ਼ੀ ਵੇਖਣ ਨੂੰ ਮਿਲੀ. ਇੱਕ ਆਮ ਬੈਠਕ ਦਾ ਇੰਤਜ਼ਾਮ ਕੀਤਾ ਗਿਆ ਜਿਥੇ ਪੰਜਾਬੀਆਂ ਨੇ ਇੱਕ ਪੰਜਾਬੀ ਵਿਰਾਸਤ ਬਾਰੇ ਜ਼ਿਕਰ ਕੀਤਾ, ਜੋ ਮਹਾਨ ਸੂਫ਼ੀਆਂ ਜੈਦਾਂ ਕਿ ਬਾਬਾ ਫ਼ਰੀਦੁਦੀਨ ਗੰਜਸ਼ਕਰ, ਸਿੱਖ ਧਰਮ ਦੀ ਸਥਾਪਨਾ ਕਰਣ ਵਾਲੇ ਗੁਰੂ ਨਾਨਕ ਅਤੇ ਦੂਜੀ ਵੱਡੀ ਰੂਹਾਂ ਦੇ ਯੋਗਦਾਨਾਂ ਨਾਲ ਬਣੀ ਸੀ. ਮੈਂ ਬੇਨਤੀ ਕੀਤੀ ਕਿ ਪਹਿਲੀ ਰਾਤ ਮੈਨੂੰ ਮੇਰੇ ਪੁਰਾਣੇ ਘਰ ਤੇ ਸੋਣ ਦਿੱਤਾ ਜਾਵੇ, ਜਿਥੇ ਮੇਰਾ ਜਨਮ ਹੋਇਆ ਸੀ. ਇਸ ਦਾ ਹੁਣ ਦੇ ਮਾਲਕ, ਲਾਇਲਪੁਰ ਤੋਂ ਆਇਆ ਇੱਕ ਸਿੱਖ ਪਨਾਹਗੀਰ ਪਰਵਾਰ ਸੀ. ਉਹ ਮੈਨੂੰ ਮੇਰੀ ਖ਼ਾਹਿਸ਼ ਪੁਰੀ ਕਰਣ ਦੇਣ ਲਈ, ਬੇਹਦ ਖ਼ੁਸ਼ੀ ਨਾਲ ਰਾਜੀ ਹੋ ਗਏ.

'ਮੈਨੂੰ ਲਗਿਆ ਕਿ ਆਪਣੇ ਸ਼ਹਿਰ ਅਤੇ ਇਸ ਦੇ ਲੋਕਾਂ ਲਈ ਮੇਰਾ ਕੁੱਝ ਕਰਣਾ, ਇੱਕ ਫ਼ਰਜ਼ ਸੀ. ਅਤੇ, ਮੈਂ ਇੱਕ ਏਜੁਕੇਸ਼ਨਲ ਫਾਉਂਡੇਸ਼ਨ ਸਥਾਪਤ ਕੀਤੀ ਜਿਸ ਦਾ ਨਾਂਅ ਸੀ, "ਮੁੰਸ਼ੀ ਜੀ" (ਮੇਰੇ ਵਾਲਿਦ ਜਿਸ ਨਾਂਅ ਨਾਲ, ਆਮ ਤੌਰ ਤੇ ਜਾਣੇ ਜਾਂਦੇ ਸੀ). ਮੈਂ ਇੱਕ ਵੱਡੀ ਰਕਮ ਤੇ ਨਗਦੀ ਬੈਂਕ ਤੇ ਜਮਾ ਕੀਤੀ. ਸਾਲਾਨਾ ਜੋ ਵੀ ਵਿਆਜ ਮਿਲਦਾ ਹੈ, ਗਰੀਬ ਅਤੇ ਜ਼ਰੂਰਤਮੰਦ ਬੱਚੇਆਂ ਨੂੰ, ਇਸ ਦੇ ਨਾਲ ਸਕਾਲਰਸ਼ਿਪ ਮੁਹੱਇਆ ਹੋ ਜਾਂਦੀ ਹੈ. ਉਸ ਦੇ ਬਾਅਦ, ਮੈਂ ਅਮਲੋਹ ਕਈ ਵਾਰ ਆਇਆ ਹਾਂ. ਮੈਂ ਹਮੇਸ਼ਾ, ਆਪਣੇ ਸਕੂਲ ਦੇ ਸਾਥੀ ਅਸ਼ਵਿਨੀ ਦੇ ਨਾਲ ਰਹਿੰਦਾ ਹਾਂ, ਜਿਨ੍ਹਾਂ ਦੇ ਬੱਚੇ ਮੈਨੂੰ ਆਪਣਾ ਬਜ਼ੁਰਗ ਮੱਨਦੇ ਨੇ. ਮੇਰੇ ਪਾਸਪੋਰਟ ਤੇ ਕਈ ਵਾਰ ਆਉਣ ਜਾਣ ਵਾਲੇ ਵੀਜ਼ਾ ਦੀ ਏਨਟਰੀ ਲਗ ਗਈ ਹੈ, ਜਿਸ ਲਈ ਜਰਮਨੀ ਤੇ ਇੰਡੀਆ ਦੀ ਅੰਬੈਸੀ ਨੇ ਇੱਜ਼ਾਜ਼ਤ ਦਿੱਤੀ ਹੈ, ਅਤੇ ਹੁਣ ਮੈਂ ਦੋਵੇਂ ਪੰਜਾਬਾਂ ਤੇ ਬਰਾਬਰ ਦਾ ਵਕਤ ਗੁਜਾਰਨਾ ਹਾਂ, ਜਦ ਵੀ ਮੈਂ ਇਸ ਮਹਾਦੀਪ ਤੇ ਆਉਣਾ ਹਾਂ.

ਜ਼ਿਆਦਾਤਰ ਪੰਜਾਬੀ ਅਣਚਾਹਿਐ ਬਣ ਗਏ ਨੇ

ਜੋ ਕੁੱਝ ਖ਼ੁਸ਼ਕਿਸਮਤ ਪੰਜਾਬ ਦੀ ਸਰਹੱਦ ਦੇ ਉਸ ਪਾਰ ਜਾਣ ਤੇ ਕਾਮਯਾਬ ਹੋਏ ਨੇ, ਉਹ ਹਮੇਸ਼ਾ ਬਹੁਤ ਗਰਮਜੋਸ਼ੀ ਨਾਲ ਕੀਤੇ ਗਏ ਇਸਤਿਕਬਾਲ ਦੀ ਕਹਾਨਿਆਂ ਦੱਸਦੇ ਨੇ. ਮਗਰ, ਜ਼ਿਆਦਾਤਰ ਪੰਜਾਬੀਆਂ ਲਈ, ਵਾਪਸ ਜਾ ਕੇ ਵੱਸਣ ਦਾ ਤੇ ਸਵਾਲ ਹੀ ਨਹੀਂ ਪੈਦਾ ਹੁੰਦਾ ਹੈ, ਮਗਰ ਉਨ੍ਹਾਂ ਦੇ ਲਈ, ਆਪਣੇ ਪੁਸ਼ਤੈਨੀ ਰਿਹਾਇਸ਼ਾਂ ਦਾ ਦੌਰਾ ਕਰਣਾ ਵੀ ਮੁਮਕਿਨ ਨਹੀਂ ਹੈ. 1999 ਤੇ ਜਦ ਇੰਡੀਆ ਦੇ ਪ੍ਰਧਾਨ ਮੰਤਰੀ ਅਤੇ ਪਾਕਿਸਤਾਨ ਦੇ ਵਜ਼ੀਰੇ-ਆਜ਼ਮ ਮਿਆਂ ਨਵਾਜ਼ ਸ਼ਰੀਫ਼ ਨੇ ਲਾਹੌਰ ਡੈਕਲਰੈਸ਼ਨ ਉਪਰ ਦਸਤਖ਼ਤ ਕੀਤੇ, ਲਗਿਆ ਕਿ ਇੰਡੀਆ ਅਤੇ ਪਾਕਿਸਤਾਨ ਦੇ ਦਰਮਿਆਨ ਦੋਸਤਾਨਾ ਰਿਸ਼ਤੇ ਦੀ ਸ਼ੁਰੂਆਤ ਹੋਵੇਗੀ, ਇਹ ਮੀਡੀਆ ਦੀ ਗੱਲ-ਬਾਤ ਤੋਂ ਲਗਾ ਕਿ ਬਹੁਤ ਸਾਰੇ ਪੰਜਾਬੀ ਦੁਜੇ ਪਾਸੇ ਆਪਣੇ ਘਰਾਂ ਨੂੰ ਵੇਖਣਾ ਚਾਹੁੰਦੇ ਸੀ. ਇੱਕ ਪਾਕਿਸਤਾਨੀ ਅਖ਼ਬਾਰ ਨੇ ਤੇ ਐਲਾਨ ਕਰ ਦਿੱਤਾ ਕਿ ਲੋਕ ਪੂਰਬੀ ਪੰਜਾਬ ਦਾ ਦੌਰਾ ਕਰਣ ਲਈ, ਵੀਜ਼ਾ ਲਈ ਦਰਖ਼ਾਸਤ ਦੇ ਸਕਦੇ ਸੀ. ਇਸ ਦੇ ਚਲਦਿਆਂ ਹਜ਼ਾਰਾਂ ਅਰਜ਼ੀਆਂ ਜਮਾ ਕਰ ਦਿੱਤੀ ਗਈਆਂ. ਬਾਅਦ ਤੇ ਪਤਾ ਲਗਾ ਕਿ ਇਹ ਇੱਕ ਝੂਠ ਸੀ ਕਿਉਂਕਿ ਨਾ ਤੇ ਇੰਡੀਆ ਅਤੇ ਨਾ ਹੀ ਪਾਕਿਸਤਾਨ ਇਖ਼ਤਿਆਰਾਂ ਤੇ ਕੋਈ ਰਿਆਇਤ ਦੇਣਾ ਚਾਹੁੰਦਾ ਸੀ. ਕ੍ਰਿਕਟ ਮੈਚਾਂ ਦੇ ਦੌਰਾਨ, ਜੋ ਲਾਹੌਰ (2004) ਅਤੇ ਮੋਹਾਲੀ (2005) ਤੇ ਖੇਡੇ ਗਏ, ਦੋਵੇਂ ਮੁਲਕਾਂ ਨੇ ਪ੍ਰਸ਼ੰਸਕਾਂ ਨੂੰ ਸਰਹੱਦਾਂ ਪਾਰ ਕਰਣ ਦਿੱਤੀ. ਹਜ਼ਾਰਾਂ ਲੋਕਾਂ ਨੇ ਉਸ ਮੌਕੇ ਦਾ ਫ਼ਾਇਦਾ ਉਠਾਇਆ ਅਤੇ ਉਨ੍ਹਾਂ ਦਾ ਰਵਾਇਤੀ ਪੰਜਾਬ ਪਰਾਹੁਣਚਾਰੀ ਅਤੇ ਦੇਖ-ਭਾਲ ਨਾਲ ਸੁਵਾਗਤ ਕੀਤਾ ਗਿਆ.

ਆਮ ਤੌਰ ਤੇ ਇਹ ਮੁਮਕਿਨ ਨਹੀਂ ਹੈ. ਦੋ ਕਹਾਨਿਆਂ ਜ਼ਮੀਨ ਦੀ ਖਿੱਚ ਨੂੰ ਦਰਸ਼ਾਉਂਦੀ ਨੇ.

ਬ੍ਰਿਗੇਡਿਆਰ ਯਾਸੁਬ ਅਲ਼ੀ ਡੋਗਰ

'ਮੈਂ ਤਕਸੀਮ ਦੇ ਵਕਤ ਮਹਿਜ਼ ਇੱਕ ਨਿਆਨਾ ਸੀ. ਅਤੇ ਮੈਨੂੰ ਉਸ ਇਲਾਕੇ ਦੀ ਕੋਈ ਨਿੱਜੀ ਯਾਦਾਂ ਕਾਇਮ ਨਹੀਂ ਨੇ. ਡੋਗਰ 44 ਜੁੜੇ ਹੋਏ ਪਿੰਡਾਂ ਤੇ ਰਹਿੰਦੇ ਸੀ, ਜਿਸ ਨੂੰ ਮੁਘਲਾਂ ਦੇ ਜ਼ਮਾਨੇ ਤੋਂ, ਡੋਗਰ ਚੌਂਟਾਲਿਆ ਕਿਹਾ ਜਾਂਦਾ ਸੀ. ਮੇਰੇ ਮਾਤਾ-ਪਿਤਾ, ਚਾਚਾ-ਚਾਚੀ ਅਤੇ ਦੂਜੇ ਬਜ਼ੁਰਗ-ਲਗਦਾ ਹੈ ਉਹ ਸਾਰੇ ਦੇਸ ਜਾਂ ਦੇਸ਼ ਬਾਰੇ, ਆਪਣੀ ਜ਼ਿੰਦਗੀ ਦੇ ਅਖੀਰ ਤਕ ਗੱਲਾਂ ਕਰਦੇ ਰਹਿਣਗੇ, ਜੈਦਾਂ ਕਿ ਉਹ ਦੁਨੀਆ ਤੇ ਇੱਕ ਜੱਨਤ ਸੀ, ਜਿਥੇ ਮਿਹਰਬਾਨ ਮੌਸਮ, ਲੋਕ, ਰਸਮਾਂ ਅਤੇ ਰਵਾਇਤਾਂ ਸੀ ਅਤੇ ਇਕ ਨਾਲ ਰਹਿੰਦੇ ਪਰਵਾਰਾਂ ਦੇ ਵਿੱਚ ਭਾਈਚਾਰਾ ਸੀ-ਇਸ ਦਾ ਸਭ ਕੁੱਝ ਬੇਮਿਸਾਲ ਸੀ, ਉਹ ਸਭ ਉਨ੍ਹਾਂ ਨੂੰ ਇਸ ਨਵੀਂ ਜ਼ਮੀਨ ਤੇ ਨਹੀਂ ਮਿਲਿਆ ਜਿਥੇ ਉਹ ਵਸਨ ਲਈ ਮਜਬੂਰ ਸਨ. ਦੁਨੀਆ ਦੀ ਸਿਰਫ਼ ਇੱਕ ਜਗ੍ਹ ਜੋ ਉਨ੍ਹਾਂ ਨੂੰ ਬੇਹਦ ਪਿਆਰੀ ਸੀ, ਉਹ ਸੀ ਸਾਡਾ ਪਿੰਡ ਧੱਦਰ, ਤਹਸੀਲ ਦਸੁਆ, ਜ਼ਿਲ੍ਹਾ ਹੁਸ਼ਿਆਰਪੁਰ.

'ਮੈਂ ਦੋ ਵਾਰ ਬੀ.ਐਸ.ਐਫ ਦੀ ਛਿਮਾਹੀ ਕਨਫਰੇਂਸ ਤੇ ਸ਼ਿਰਕਤ ਕਰਣ ਜਲੰਧਰ ਗਿਆ ਸੀ. ਪਹਿਲੀ ਵਾਰ 14-15 ਦਸੰਬਰ 1994 ਨੂੰ ਅਤੇ ਦੂਜੀ ਵਾਰ 17-19 ਦਸੰਬਰ 1995 ਨੂੰ. ਦੋਵੇਂ ਵਾਰ ਮੈਂ ਆਪਣੇ ਪੁਸ਼ਤੈਨੀ ਪਿੰਡ ਜਿਥੇ ਮੇਰਾ ਜਨਮ 8 ਦਸੰਬਰ 1946 ਨੂੰ ਹੋਇਆ ਸੀ, ਉਥੇ ਦੇ ਦੌਰੇ ਦੀ ਇੱਜ਼ਾਜ਼ਤ ਲਈ ਬੇਨਤੀ ਕੀਤੀ. ਦੋਵੇਂ ਵਾਰ, ਮੇਰੀ ਬੇਨਤੀ ਨੂੰ ਸੁਰੱਖਿਆ ਦੀ ਵਜ੍ਹਾਂ ਦੱਸ ਕੇ, ਰੱਦ ਕਰ ਦਿੱਤਾ ਗਿਆ.

'ਇਸ ਤੋਂ ਵੀ ਬਦਤਰ ਇਹ ਹੋਇਆ ਕਿ 1994 ਤੇ ਪਹਿਲੇ ਮੌਕੇ ਤੇ, ਮੇਰੇ ਮਾਮਾਜੀ ਚੌਧਰੀ ਨੂਰ ਕਰੀਮ ਡੋਗਰ ਨੇ ਆਪਣੇ ਜਮਾਤੀ ਲੇ.ਕਰਨਲ ਹਰਗੁਰਜੀਤ ਸਿੰਘ ਸੰਧੂ ਲਈ ਕੁੱਝ ਤੋਹਫ਼ੇ ਭੇਜੇ ਸੀ. ਦੋਵੇਂ ਇੱਕ ਪਿੰਡ ਚੱਕ 10-ਬੀ ਐਲ, ਛਿਛਾਵਤਨੀ, ਜ਼ਿਲ੍ਹਾ ਸਾਹਿਵਾਲ (ਪਹਿਲਾਂ ਮਿੰਟਗੋਮਰੀ) ਦੀ ਨਹਿਰੀ ਕਲੋਨੀ ਨਾਲ ਤਾਲੁੱਕ ਰੱਖਦੇ ਸੀ. ਉਹ ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤਕ ਇਕੱਠੇ ਪੜ੍ਹੇ ਸੀ. ਉਨ੍ਹਾਂ ਦੀ ਪਤਨੀ ਪਿੰਡ 9-ਬੀ ਐਲ਼ ਦੇ ਲੰਬਰਦਾਰ ਦੀ ਬੇਟੀ ਸੀ. ਬਜ਼ੁਰਗ ਕਰਨਲ ਹੁਣ ਮਾਡਲ ਟਾਉਨ ਜਲੰਧਰ ਤੇ ਇੱਕ ਰਿਟਾਇਰ ਜ਼ਿੰਦਗੀ ਜੀ ਰਹੇ ਨੇ. ਮੈਂ ਇੰਡੀਆ ਦੇ ਆਪਣੇ ਮਿਹਮਾਨਾਂ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਜਾ ਕੇ ਉਨ੍ਹਾਂ ਨੂੰ ਮਿਲਣ ਦੇਣ. ਕਰਨਲ ਸੰਧੂ ਨੂੰ ਪਹਿਲੇ ਦਿਨ ਹੀ ਮੇਰੇ ਬਾਰੇ ਪਤਾ ਲਗ ਗਿਆ ਸੀ ਜਦ ਮੈਂ ਉਨ੍ਹਾਂ ਨੂੰ ਮਿਲਣ ਦੀ ਖ਼ਾਹਿਸ਼ ਜ਼ਾਹਰ ਕੀਤੀ, ਕਿਉਂਕਿ ਉਥੇ ਮੌਜੂਦ ਕੁੱਝ ਲੋਕਾਂ ਨੇ ਮੈਨੂੰ ਸੁਣ ਲੀਤਾ ਸੀ, ਅਤੇ ਉਨ੍ਹਾਂ ਨੂੰ ਇਤਲਾਹ ਦੇ ਦਿੱਤੀ. ਅਸੀਂ ਜਿਥੇ ਠਹਰੇ ਸੀ, ਉਥੋਂ ਉਹ ਸਿਰਫ਼ ਕੁੱਝ ਕਿਲੋਮੀਟਰ ਦੂਰ ਰਹਿੰਦੇ ਸੀ. ਮੇਰੀ ਉਸ ਬੇਨਤੀ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਗਿਆ. ਮਗਰ, ਅਖੀਰੀ ਦਿਨ, ਮੈਂ ਇੱਕ ਸੀਨੀਅਰ ਸਿੰਖ ਅਫ਼ਸਰ ਨਾਲ ਗੱਲ ਕੀਤੀ ਜੋ ਖੁਦ ਵੀ ਇੱਕ ਸੰਧੂ ਸਨ. ਕਿਸੇ ਤਰ੍ਹਾਂ ਉਹ ਮੇਰੇ ਜਜ਼ਬਾਤ ਸਮਝ ਗਏ. ਮਗਰ, ਮੈਨੂੰ ਲੈ ਜਾਣ ਦੇ ਬਜਾਏ, ਕਰਨਲ ਸੰਧੂ ਅਤੇ ਉਨ੍ਹਾਂ ਦੀ ਪਤਨੀ ਨੂੰ ਉਸ ਜਗ੍ਹ ਲੈ ਆਇਆ ਗਿਆ ਜਿਥੇ ਅਸੀਂ ਠਹਰੇ ਸੀ. ਮੈਂ ਉਨ੍ਹਾਂ ਨੂੰ ਮਿਲਿਆ ਅਤੇ ਮੇਰੇ ਮਾਮਾਜੀ ਦੇ ਦਿੱਤੇ ਗਏ ਤੋਹਫ਼ੇ ਉਨ੍ਹਾਂ ਨੂੰ ਦੇ ਦਿੱਤੇ, ਅਤੇ ਇਸ ਦੇ ਨਾਲ ਮੇਰੇ ਮਾਮਾਜੀ ਦੀ ਵਧਾਈਆਂ ਵੀ. ਉਹ ਬਹੁਤ ਭਾਵੁਕ ਹੋ ਗਏ. ਬਜ਼ੁਰਗ ਕਰਨਲ ਆਪਣੀ ਪਤਨੀ, ਬੇਟੀ ਅਤੇ ਉਸ ਦੇ ਦੋ ਬੱਚੇਆ ਸਮੇਤ ਆਏ. ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਆਪਣੇ ਪਰਵਾਰ ਨੂੰ ਨਾਲ ਲੈ ਕੇ, ਮੈਨੂੰ ਖ਼ਾਸ ਕਰ ਕੇ ਮਿਲਣ ਆਏ ਕਿਉਂਕਿ ਮੈਂ ਉਨ੍ਹਾਂ ਦੇ ਵਤਨ ਤੋਂ ਆਇਆ ਸੀ.

'ਆਪਣੇ ਪੁਸ਼ਤੈਨੀ ਘਰ ਜਾਣ ਦੀ ਚੰਗੀ ਖ਼ਬਰ ਆਪਣੀ ਮਾਂ ਨੂੰ ਨਹੀਂ ਦੇ ਸਕਣ (ਮੇਰੇ ਵਾਲਿਦ ਦਾ ਇੰਤਕਾਲ 1989 ਤੇ ਹੋ ਗਿਆ ਸੀ ਜਦ ਸਿਆਚਨ ਸੈਕਟਰ ਦੀ ਕਮਾਨ ਮੇਰੇ ਹੱਥ ਸੀ) ਅਤੇ ਆਪਣੇ ਵਡੇਰੇਆਂ ਦੀ ਕਬਰਾਂ ਨਹੀਂ ਵੇਖ ਸਕਣ ਦੀ ਮਾਯੂਸੀ, ਅਤੇ ਪਿੰਡ ਬਾਰੇ ਗਹਿਰੇ ਅਤੇ ਰੂਹਾਨੀ ਜਜ਼ਬਾਤਾਂ ਇਣ ਸਭ ਦਾ ਵੇਰਵਾ ਦੇਣਾ, ਮੇਰੇ ਲਈ ਨਾਮੁਮਕਿਨ ਹੈ.'

ਡਾ. ਅਜੇ ਮੇਹਰਾ

'ਮੈਂ ਜਦ ਦੇਹਰੀ-ਔਨ-ਸੋਨ ਤੇ ਵੱਡਾ ਹੋ ਰਿਹਾ ਸੀ, ਜੋ ਬਿਹਾਰ ਦਾ ਇੱਕ ਛੋਟਾ ਮਗਰ ਸੋਹਣਾ ਸਹਿਰ ਸੀ, ਮੈਂ ਆਪਣੇ ਪਿਤਾ ਦੇ ਪਰਵਾਰ ਤੋਂ ਕਹਾਨੀਆਂ ਸੁਣਿਆ ਸੀ ਕਿ, ਉਹ ਸਰਹੱਦ ਦੇ ਉਸ ਪਾਰ ਤੋਂ ਇੱਕ ਸੋਹਣੇ ਸਹਿਰ ਤੋਂ ਆਏ ਸੀ, ਜੋ ਸੀ-ਚਕਵਾਲ. ਅਸੀਂ ਮੇਹਰੇ ਖਤਰੀ ਮੱਨਦੇ ਹਾਂ ਕਿ ਸਾਡੀ ਉਤਪਤ ਚਕਵਾਲ ਤੋਂ ਹੋਈ. ਮੈਂ "ਸਰਹੱਦ ਦੇ ਉਸ ਪਾਰ" ਦਾ ਮਤਲਬ ਬਾਅਦ ਤੇ ਸਮਝਿਆ ਜਦ ਮੈਂ ਪੜ੍ਹਿਆ ਅਤੇ "1947" ਦੀ ਤਕਸੀਮ ਬਾਰੇ ਸਮਝਿਆ, ਮਗਰ ਚਕਵਾਲ ਬਾਰੇ ਜ਼ਿਆਦਾ ਇਤਲਾਹ ਨਹੀਂ ਸੀ ਅਤੇ ਨਾ ਹੀ ਸਮਝ ਆਉਂਦੀ ਸੀ ਕਿ ਕਿਣ ਹਾਲਾਤਾ ਨੇ ਮੇਰੇ ਵਡੇਰੇਆਂ ਨੂੰ ਪੰਜਾਬ ਤੋਂ ਬੰਗਾਲ ਲੈ ਆਉਂਦਾ, ਜਿਸ ਦਾ ਬਿਹਾਰ ਤਦ ਇੱਕ ਹਿੱਸਾ ਸੀ. ਸ਼ਾਇਦ ਮੇਰੇ ਪਰਦਾਦਾ ਨੂੰ ਪੁਲਿਸ ਦੀ ਮੁਲਾਜ਼ਮਤ ਦੇ ਚਲਦਿਆਂ ਬਿਹਾਰ ਆਉਣਾ ਪਇਆ ਅਤੇ ਬਾਅਦ ਤੇ ਸਾਰਾ ਪਰਵਾਰ ਇਥੇ ਵਸ ਗਿਆ; ਮੇਰੇ ਪਿਤਾ ਦੀ ਪੀੜ੍ਹੀ ਨੇ ਕਦੀ ਚਕਵਾਲ ਨਹੀਂ ਵੇਖਿਆ ਸੀ.

'ਅਤੇ ਮੈਨੂੰ ਜਦ ਕਾਇਦ-ਇ-ਆਜ਼ਮ ਯੂਨੀਵਰਸਿਟੀ ਨੇ "ਕਮਯੂਨਲ ਵਾਇਲੇਂਸ ਇਨ ਸਾਉਥ ਏਸੀਆ " ਉਪਰ ਇੱਕ ਕਨਫਰੇਂਸ ਲਈ ਸੱਦਾ ਦਿੱਤਾ, ਜਿਸ ਨੂੰ 2003 ਦੇ ਸ਼ੁਰੂ ਤੇ ਹੋਣਾ ਸੀ, ਮੈਂ ਖੁਸ਼ ਹੋ ਗਿਆ. ਮੈਨੂੰ ਉਮੀਦ ਸੀ ਕਿ ਮੇਰੇ ਵਡੇਰੇਆਂ ਦੀ ਜ਼ਮੀਨ, ਚਕਵਾਲ ਜਾਣ ਅਤੇ ਵੇਖਣ ਦੀ ਮੇਰੀ ਖ਼ਾਇਸ਼ ਪੂਰੀ ਹੋ ਜਾਵੇਗੀ. ਮਗਰ 2003 ਦਾ ਸਾਲ ਇੰਡੀਆ ਅਤੇ ਪਾਕਿਸਤਾਨ ਦੇ ਲੋਕਾਂ ਨੂੰ ਇੱਕ ਦੂਜੇ ਦੇ ਮੁਲਕ ਜਾਣ ਦਾ ਚੰਗਾ ਵਕਤ ਨਹੀਂ ਸੀ. ਦਸੰਬਰ 2001 ਤੇ ਇੰਡੀਆ ਦੀ ਪਾਰਲਿਆਮੇਂਟ ਉਪਰ ਇੱਕ ਅੱਤਵਾਦੀ ਹਮਲੇ ਦੇ ਚਲਦਿਆਂ, ਇੰਡੀਆ ਅਤੇ ਪਾਕਿਸਤਾਨ ਨੇ ਇੱਕ ਦੂਜੇ ਦੇ ਉਪਰ ਹਵਾਈ ਆਵਾ-ਜਾਈ ਉਪਰ ਪਾਬੰਦੀ ਲਗਾ ਦਿੱਤੀ ਸੀ. ਕੂਟਨੀਤਕ ਰਿਸ਼ਤੇਆਂ ਤੇ ਦਰਾਰ ਪੈਦਾ ਹੋ ਗਈ ਸੀ. ਜ਼ਾਹਰ ਹੈ ਕਿ ਵੀਜ਼ਾ ਮਿਲਣਾ, ਆਮ ਵਕਤ ਤੋਂ ਵੀ ਜ਼ਿਆਦਾ ਮੁਸ਼ਕਿਲ ਹੋ ਗਿਆ. ਮੈਂ ਪਾਕਿਸਤਾਨ ਜਾਣ ਦਾ ਚਾਹਵਾਨ ਸੀ, ਅਤੇ ਮੈਨੂੰ ਚਾਨਕਿਆਪੁਰੀ, ਦਿੱਲੀ ਦੀ ਕੂਟਨੀਤਕ ਜਗ੍ਹ ਤੇ ਸਥਿਤ ਪਾਕਿਸਤਾਨ ਹਾਈ ਕਮੀਸ਼ਨ ਦੀ ਉੱਚੀ ਕੰਧਾਂ ਨੂੰ ਲੰਘਣਾ ਸੀ. ਖ਼ੁਸ਼ਕਿਸਮਤੀ ਨਾਲ, ਮੇਰੀ ਮੁਲਾਕਾਤ ਹਾਈ ਕਮੀਸ਼ਨ ਦੇ ਸਭ ਤੋਂ ਸੀਨੀਅਰ ਅਫ਼ਸਰ ਨਾਲ ਹੋ ਗਈ, ਜੋ ਦਰਅਸਲ ਕੂਟਨੀਤਕ ਸੇਵਾ ਦੇ ਹਿਸਾਬ ਨਾਲ ਕਾਫ਼ੀ ਛੋਟੇ ਅਹੁਦੇ ਤੇ ਸਨ, ਅਤੇ ਮੈਂ ਉਨ੍ਹਾਂ ਨੂੰ ਆਪਣੇ ਵੀਜ਼ਾ ਬਾਰੇ ਪੁੱਛਿਆ. ਉਹ ਇੱਕ ਨਿਮਰਤਾ ਵਾਲੇ ਸੱਜਣ ਸਨ, ਜਿਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਵਜ਼ਾਰਤ ਦੀ ਮੰਜ਼ੂਰੀ ਦਾ ਇੰਤਜ਼ਾਰ ਕਰ ਰਹੇ ਸੀ, ਜੋ ਕਦੀ ਨਹੀਂ ਮਿਲੀ. ਅਖੀਰਕਾਰ, ਕਨਫੇਰੰਸ ਤੇ ਸ਼ਿਰਕਤ ਕਰਣ ਦੀ ਤਿੱਨ ਲੋਕਾਂ ਦੀ ਚਾਹਤ ਨੂੰ ਵੇਖਦੇ ਹੋਏ, ਉਨ੍ਹਾਂ ਨੇ ਅਗਲੇ ਦਿਨ ਹਾਈ ਕਮੀਸ਼ਨ ਦੇ ਪੰਜ ਵਜੇ ਬੰਦ ਹੋਣ ਤੋਂ ਠੀਕ ਪਹਿਲਾਂ, ਸਾਨੂੰ ਵੀਜ਼ਾ ਦੇ ਦਿੱਤਾ.

'ਮਗਰ ਇੰਡੀਆ ਅਤੇ ਪਾਕਿਸਤਾਨ ਨੂੰ ਇੱਕ ਦੂਜੇ ਦੇ ਲੋਕਾਂ ਨਾਲ ਖ਼ਤਰਾ ਮਹਿਸੂਸ ਹੁੰਦਾ ਹੈ ਅਤੇ ਉਹ ਉਨ੍ਹਾਂ ਨੂੰ ਖ਼ਾਸ ਸਹਿਰਾਂ ਲਈ ਹੀ ਵੀਜ਼ਾ ਦੇਣ ਦੀ ਸ਼ਰਾਫ਼ਤ ਦਿਖਾਉਂਦੇ ਨੇ. ਸਾਡੇ ਵੀਜ਼ੇ ਉਪਰ ਸਿਰਫ਼

ਇਸਲਾਮਾਬਾਦ ਲਿਖਿਆ ਹੋਇਆ ਸੀ. ਮੈਂ ਅਫ਼ਸਰ ਨੂੰ ਕਿਹਾ ਕਿ ਉਹ ਮੈਨੂੰ ਘੱਟ ਤੋਂ ਘੱਟ ਚਕਵਾਲ ਅਤੇ ਲਾਹੌਰ ਦਾ ਵੀ ਵੀਜ਼ਾ ਦੇ ਦੇਣ, ਅਤੇ ਚਕਵਾਲ ਬਾਰੇ ਆਪਣੀ ਚਾਹਤ ਦੀ ਵਜ੍ਹਾ ਵੀ ਦੱਸੀ. ਉਨ੍ਹਾਂ ਨੇ ਮੁਸਕੁਰਾ ਕੇ ਕਿਹਾ, "*ਇਸ ਬਾਰ ਇਸਲਾਮਾਬਾਦ ਹੋ ਆਇਐ. ਅਗਲੀ ਬਾਰ ਸਾਰਾ ਪਾਕਿਸਤਾਨ ਘੁਮਾ ਦੇਂਗੇ* ".

'ਸਾਡੇ ਮੇਜ਼ਬਾਨ ਮੈਨੂੰ ਚਕਵਾਲ ਲੈ ਜਾਣ ਲਈ ਉਤਸੁਕ ਸਣ, ਜੋ ਪਾਕਿਸਤਾਨ ਦੀ ਰਾਜਧਾਨੀ ਤੋਂ ਮਹਿਜ਼ 60 ਕਿਲੋਮੀਟਰ ਦੂਰ ਸੀ, ਮਗਰ ਉਹ ਝਿਜਕ ਰਹੇ ਸੀ. ਅਗਰ ਪੁਲਿਸ ਅਤੇ ਸੁਰੱਖਿਆ ਦੇ ਲੋਕ ਪੜਤਾਲ ਕਰਦੇ ਤੇ, ਸਾਨੂੰ ਦੋਨਾਂ ਨੂੰ ਮੁਸ਼ਕਿਲ ਹੋ ਜਾਂਦੀ. ਅਤੇ ਮੈਂ ਚਕਵਾਲ ਨਹੀਂ ਜਾ ਸਕਿਆ. ਮੈਨੂੰ ਹੁਣ ਵੀ ਉਮੀਦ ਹੈ ਕਿ ਮੈਂ ਅਗਲੇ ਦੌਰੇ ਤੇ, ਜਦ ਵੀ ਉਹ ਹੁੰਦਾ ਹੈ, ਮੈਂ ਚਕਵਾਲ ਜਾ ਸਕਾਂਗਾ, ਜਿਸ ਬਾਰੇ ਮੈਂ ਚਕਵਾਲੀਆਂ ਤੋਂ ਕਾਫ਼ੀ ਜਾਣਕਾਰੀ ਹਾਸਲ ਕੀਤੀ ਹੈ.'

ਬਦਕਿਸਮਤੀ ਨਾਲ, 'ਪਾਕਿਸਤਾਨੀ ਮੂਲ' ਦੇ ਲੋਕ, ਭਾਵੇਂ ਅਗਸਤ 1947 ਤੇ ਪਾਕਿਸਤਾਨ ਬਣਨ ਤੋਂ ਪਹਿਲਾਂ ਪੈਦਾ ਹੋਏ ਸੀ ਜਾਂ ਬਾਅਦ ਤੇ, ਉਨ੍ਹਾਂ ਨੂੰ ਇੰਡੀਆ ਦਾ ਵੀਜ਼ਾ ਨਹੀਂ ਦਿੱਤਾ ਜਾਂਦਾ ਹੈ, ਮਲਟੀਪਲ ਵੀਜ਼ਾ ਦਾ ਤੇ ਸਵਾਲ ਹੀ ਨਹੀਂ ਪੈਦਾ ਹੁੰਦਾ ਹੈ, ਜਦ ਤੋਂ ਪਾਕਿਸਤਾਨ ਤੇ ਬੁਨਿਆਦ ਰੱਖਣ ਵਾਲੇ ਅੱਤਵਾਦਿਆ ਨੇ ਮੁਮਬਈ ਦਾ 26 ਨਵੰਬਰ 2008 ਦਾ ਕਤਲੇਆਮ ਕੀਤਾ ਜਿਸ ਵਿੱਚ 173 ਬੇਕਸੂਰ ਲੋਕ ਹਲਾਕ ਹੋ ਗਏ ਸੀ.

ਇਨਸਾਨੀ ਸੁਭਾਅ ਅਤੇ ਪਛਾਣ

ਉਪਰ ਕੀਤੀ ਚਰਚਾ ਤੋਂ ਇੱਕ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ, ਇਨਸਾਨੀ ਸੁਭਾਅ ਪੈਦਾਇਸ਼ੀ ਤੌਰ ਤੇ ਖ਼ੁਦਗ਼ਰਜ਼, ਸ਼ਕੀ ਅਤੇ ਹਮਲਾਵਰ ਨਹੀਂ ਹੈ, ਜੈਦਾਂ ਕਿ ਹੋਬਸ ਮੱਨਦੇ ਨੇ; ਨਾ ਹੀ ਬੇਰੋਕਟੋਕ ਤਰੀਕੇ ਨਾਲ ਪਰੋਪਕਾਰੀ ਅਤੇ ਇਤਬਾਰਯੋਗ; ਬਲਕਿ ਜ਼ਿੰਦਾ ਰਹਿਣ ਦੀ ਫ਼ਿਤਰਤ ਹਰ ਹਾਲ ਵਿੱਚ ਸਭ ਤੋਂ ਅਹਿਮ ਰਹਿੰਦੀ ਹੈ, ਅਤੇ ਇਸ ਨੂੰ ਹਾਸਲ ਕਰਣ ਲਈ ਇਤਬਾਰ ਅਤੇ ਇਤਹਾਦ ਦਾ ਸਹਾਰਾ ਲੀਤਾ ਜਾ ਸਕਦਾ ਹੈ, ਅਤੇ ਗੈਰ-ਇਤਬਾਰ ਹੋਰ ਝਗੜੇ ਨਾਲ ਵੀ ਉਸੇ ਮੁਕਾਮ ਤੇ ਪਹੁੰਚਿਆ ਜਾ ਸਕਦਾ ਹੈ, ਜੋ ਅਸਲੀ ਹਾਲਾਤ ਦੇ ਉਪਰ ਨਿਰਭਰ ਹੈ. ਅਗਰ ਸਾਨੂ ਯਾਦ ਹੈ ਕਿ ਪਛਾਣ, ਜ਼ਾਤੀ ਅਤੇ ਸਮੂਹਕ ਸਤਰ ਤੇ, ਬਹੁਆਯਾਮੀ ਹੈ, ਤੇ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਹਾਲਾਂਕਿ ਹਿੰਦੂ, ਮੁਸਲਿਮ ਅਤੇ ਸਿੱਖ ਮਜ਼ਬੀ ਪਛਾਣਾਂ ਇੱਕ ਦੂਜੇ ਨਾਲ ਅਮਨਪਸੰਦ ਤਰੀਕੇ ਨਾਲ ਰਹਿਣ ਤੇ ਕੋਈ ਰੁਕਾਵਟ ਨਹੀਂ ਸੀ, ਜਾਤ-ਪਾਤ ਦੀ ਤਰਫ਼ਦਾਰੀ ਅਤੇ ਇਕਤੀਸਾਦੀ ਗੈਰ-ਬਰਾਬਰੀਆਂ ਦੀ ਮੌਜੂਦਗੀ, ਤਣਾਅ ਪੈਦਾ ਕਰਦਿਆਂ. ਕੋਈ ਜਮਹੂਰੀ ਫ਼ਾਰਮੁਲਾ ਜੋ ਇਣ ਮਸਲੇਆਂ ਦਾ ਹੱਲ ਦੇ ਸਕਦਾ ਤੇ, ਆਪਸੀ ਫ਼ਰਕ ਅਤੇ ਇੱਕ ਆਮ ਤਹਿਜ਼ੀਬ ਅਤੇ ਰਵਾਇਤ ਤਿਆਰ ਕਰਣ ਤੇ ਮਦਦ ਮਿਲਦੀ, ਮਗਰ 1947 ਤੇ, ਇਸ ਦੇ ਬਜਾਏ, ਹਮਲੇ ਅਤੇ ਤਸ਼ੱਦਦ ਭੜਕ ਉਠੇ, ਜਦ ਤਿੱਨੋ ਫ਼ਿਰਕੇਆਂ ਦੇ ਰਹਨੁਮਾ, ਹਕੂਮਤ ਦੀ ਤਕਸੀਮ ਕਰਣ ਲਈ, ਕਿਸੇ ਫ਼ਾਰਮੁਲੇ ਉਪਰ ਰਾਜੀ ਨਹੀਂ ਹੋ ਸਕੇ.

ਪੰਜਾਬ ਲਹੂਲੁਹਾਨ, ਤਕਸੀਮ ਅਤੇ ਇਸ ਦਾ ਨਸਲੀ ਸਫਾਈ

ਜੋ ਅੰਤਰਰਾਸ਼ਟਰੀ ਸਰਹੱਦ, ਰੈਡਕਲੀਫ ਅਵਾਰਡ ਨੇ 17 ਅਗਸਤ 1947 ਨੂੰ ਪੱਕੀ ਕੀਤੀ, ਇਸ ਨੂੰ ਲੈ ਕੇ ਕਾਫ਼ੀ ਚਰਚਾ ਹੋਈ ਸੀ ਅਤੇ ਇਸ ਨੇ ਦੋਵੇਂ ਪਾਸੇ ਦੁਖਾਵਾਂ ਪੈਦਾ ਕੀਤਾ. 1950 ਦੇ ਲਿਆਕਤ-ਨਹਿਰੁ/ਨਹਿਰੁ-

ਲਿਆਕਤ ਨੇ ਪੱਕੇ ਤੌਰ ਤੇ ਨਾ ਸਿਰਫ਼, ਸਰਹੱੱਦ ਨੂੰ ਕਾਇਮ ਕੀਤਾ, ਬਲਕਿ ਹਿੰਦੂਆਂ, ਮੁਸਲਿਮਾਂ ਅਤੇ ਸਿੱਖਾਂ ਦੇ, ਜਿਨ੍ਹਾਂ ਨੇ 1947 ਦੀ ਉਥਲ-ਪੁਥਲ ਵਿੱਚ ਆਪਣਾ ਘਰ-ਪਰਵਾਰ ਗੁਆਇਆ ਸੀ, ਉਨ੍ਹਾਂ ਦੇ ਆਪਣੇ ਘਰਾਂ ਦੇ ਵਾਪਸ ਜਾਣ ਦੇ ਹੱਕ ਨੂੰ ਵੀ ਖ਼ਤਮ ਕਰ ਦਿੱਤਾ. ਮਗਰ 1965 ਅਤੇ 1971 ਦੀ ਜੰਗਾਂ ਨੇ, ਦੋਵੇਂ ਮੁਲਕਾਂ ਦੇ, ਹੁਣ ਤਕ ਦੇ ਆਪਸੀ ਰਵਾਇਤੀ ਰਿਸ਼ਤੇ ਖ਼ਤਮ ਕਰ ਦਿੱਤੇ. ਉਸ ਦੇ ਬਾਅਦ, ਬਹੁਤ ਘੱਟ ਮੌਕੇਆਂ ਤੇ ਆਮ ਲੋਕ ਇੱਕ ਦੂਜੇ ਦੇ ਮੁਲਕਾਂ ਤੇ ਜਾ ਸਕਦੇ ਨੇ ਅਤੇ ਉਹ ਵੀ, ਖ਼ਾਸ ਕਰ ਕੇ, ਕ੍ਰਿਕਟ ਮੈਚਾਂ ਦੇ ਦੌਰਾਨ. ਲਾਹੌਰ ਅਤੇ ਅੱਮ੍ਰਿਤਸਰ ਦੇ ਦਰਮਿਆਨ ਸ਼ੁਰੂ ਕੀਤੀ ਗਈ ਬਸ ਸੇਵਾ ਦੀ ਵੀ ਹੱਦ ਸਿੱਖ ਤੀਰਥ-ਯਾਤਰੀਆਂ ਤਕ ਹੀ ਹੈ, ਤਾਂਕਿ ਉਹ ਪਾਕਿਸਤਾਨੀ ਪੰਜਾਬ ਤੇ, ਆਪਣੇ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਸਕਣ. ਸਮੁਚੇ ਤੌਰ ਤੇ, ਸਰਕਾਰੀ ਜ਼ੋਰ, ਇੱਕ ਦੂਜੇ ਨੂੰ ਨਾਮੰਜ਼ੂਰ ਕਰਣ ਉਪਰ ਹੈ.

"ਦੂਜੇ" ਨੂੰ ਪਿੱਛੇ ਕਰਣ ਵਾਲੀ ਅਤੇ ਸਰਕਾਰੀ-ਮਨਜ਼ੂਰਸ਼ੁਦਾ ਦੀ ਇੰਨੀ ਵਡੀ ਮਿਸਾਲ ਹੋਰ ਕੋਈ ਨਹੀਂ ਹੈ, ਜਿਨ੍ਹੀ ਕਿ ਵਾਹਗਾ-ਅਟਾਰੀ ਸਰਹੱਦ (ਲਾਹੌਰ ਅਤੇ ਅੱਮ੍ਰਿਤਸਰ ਦੇ ਵਿੱਚ) ਦੀ "*ਫਲੈਗ ਲੋਅਰਿੰਗ* (ਝੰਡਾ ਨੀਵਾਂ ਕਰਣ ਦੀ)' ਰਸਮ. ਹਰ ਸ਼ਾਮ, ਸਰਹੱਦ ਦੇ ਪਹਰੇਦਾਰ ਅਤੇ ਸਿਪਾਹੀ ਇਹ ਆਪਸੀ ਦੁਸ਼ਮਨੀ ਦਰਸ਼ਾਉਂਦੀ ਰਸਮ ਅਦਾ ਕਰਦੇ ਨੇ ਅਤੇ ਇਸ ਦੇ ਆਖ਼ਰ ਤੇ, ਉਹ ਸਰਹੱਦ ਨੂੰ ਰਸਮੀ ਤੌਰ ਤੇ ਬੰਦ ਕਰਣ ਦਾ ਇਸ਼ਾਰਾ, ਲੋਹੇ ਦੇ ਗੇਟਾਂ ਨੂੰ ਭਿਅੰਕਰ ਤਰੀਕੇ ਨਾਲ ਧੱਕਾ ਮਾਰ ਕੇ ਕਰਦੇ ਨੇ. ਇਹ ਰਸਮ ਇਸ਼ਾਰਾ ਕਰਦੀ ਹੈ ਕਿ ਦੋਵੇਂ ਮੁਲਕਾਂ ਅਤੇ ਲੋਕਾਂ ਦੇ ਵਿੱਚ ਇੱਕ ਅਲੰਘ ਵਾੜ ਮੌਜੂਦ ਹੈ. ਦੋਵੇਂ ਤਰਫ਼ੋਂ ਇੱਕ ਵਡੀ ਭੀੜ ਇੱਕ ਦੂਜੇ ਨੂੰ ਨਾਮੰਜ਼ੂਰ ਕਰਣ ਵਾਲੇ ਇਸ ਰੁਅਬ ਵਾਲੇ ਤਮਾਸ਼ੇ ਨੂੰ ਵੇਖਣ ਆਉਂਦੀ ਹੈ. ਉਹ ਇਸ ਰਸਮ ਦੀ ਦਿਲਚਸਪੀ ਨੂੰ ਵਾਧਾ ਦੇਣ ਲਈ, ਘਬਰਾ ਕੇ ਤਾੜੀਆਂ ਮਾਰਦੇ ਨੇ ਅਤੇ ਦੂਜੇ ਕਈ ਤਰ੍ਹਾਂ ਦੇ ਹਾਵ-ਭਾਵ ਜ਼ਾਹਰ ਕਰਦੇ ਨੇ. ਹਾਲ ਵਿੱਚ, ਇਸ ਰਸਮ ਦੀ ਘੋਰ ਆਕਰਮਣਸ਼ੀਲ ਖ਼ਾਸੀਅਤਾਂ ਨੂੰ ਨਰਮ ਕਰ ਦਿੱਤਾ ਗਿਆ ਹੈ, ਅਤੇ ਇਹ ਇੱਕ ਮੌਜ-ਮੇਲਾ ਬਣ ਕੇ ਰਹਿ ਗਿਆ ਹੈ, ਮਗਰ ਦੋਵੇਂ ਪੰਜਾਬ ਇੱਕ ਦੂਜੇ ਦੇ ਲੋਕਾਂ ਦੀ ਪਹੁੰਚ ਤੋਂ ਬਾਹਰ ਨੇ.

ਹਵਾਲਾ

ਅਹਿਮਦ, ਇਸ਼ਤਿਆਕ਼, ਸਟੇਟ, ਨੇਸ਼ਨ ਐਂਡ ਏਥਨਿਸਿਟੀ ਇਨ ਕਨਟੇਮਪੋਰੇਰੀ ਸਾਉਥ ਏਸੀਆ, ਲੰਡਨ ਐਂਡ ਨਿਊ ਯੋਰਕ: ਪਿੰਟਰ, (1998).

ਅਹਿਮਦ, ਇਸ਼ਤਿਆਕ਼, 'ਦੀ ਲਾਹੌਰ ਇੰਫੇਕਟ',ਸੇਮੀਨਾਰ, ਨੰਬਰ 567, ਨਵੰਬਰ, ਨਿਊ ਦੇਲਹੀ, (2006).

ਅਹਿਮਦ, ਇਸ਼ਤਿਆਕ਼, 'ਦੀ ਸਪੇਕਟਰ ਐਂਫ ਇਸਲਾਮਿਕ ਫੰਡਾਮੇਂਟਲਿਜਮ ਉਵਰ ਪਾਕਿਸਤਾਨ (1947-2007)', ਵਿੱਚ ਰਾਜਸ਼੍ਰੀ ਜੇਟਲੀ (ਏਡ.), ਪਾਕਿਸਤਾਨ ਇਨ ਰਿਜਿਅਨਲ ਐਂਡ ਗਲੋਬਲ ਪੌਲਿਟਿਕਸ, ਲਾਹੌਰ ਇੰਫੇਕਟ', ਲੰਡਨ ,ਨਿਊ ਯੋਰਕ, ਨਿਊ ਦੇਲਹੀ: ਰੁਟਲੇਜ (2009).

ਮੈਨੀ, ਤ੍ਰਿਦਿਵੇਸ਼ ਸਿੰਘ, ਸਾਉਥ ਏਸੀਅਨ ਕੋਉਪਰੇਸ਼ਨ ਐਂਡ ਦੀ ਰੋਲ ਐਂਫ ਦ ਟੂ ਪੰਜਾਬਸ, ਨਿਊ ਦੇਲਹੀ, ਸਿਧਾਰਥ ਪਬਲਿਕੇਸ਼ਨਸ (2007).

ਪੁਰੀ, ਰਾਜਿੰਦਰ, 'ਵ੍ਹਾਟ ਟਿਸ ਆਲ ਅਬਾਉਟ?' ਵਿੱਚ ਅਮਰੀਕ ਸਿੰਘ 9ਏਡ.), ਪੰਜਾਬ ਇਨ ਇੰਡੀਅਨ ਪੌਲਿਟਿਕਸ: ਇਸੂਸ ਐਂਡ ਟ੍ਰੇਂਡਸ , ਨਿਊ ਦੇਲਹੀ: ਅਜੰਤਾ ਬੂਕਸ ਇੰਟਰਨੈਸ਼ਨਲ.

ਸਰਕਾਰੀ ਦਸਤਾਵੇਜ

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ਤ੍ਰੋਲ. ਯੀ, ਦੀ ਮਾਉਂਟਬੇਟਨ ਵਾਇਸਰਾਇਲਟੀ, ਐਨਾਉਂਸਮੇਂਟ ਐਂਡ ਰਿਸੇਪਸ਼ਨ ਔਫ ਦ 3 ਜੂਨ ਪਲਾਨ, 31 ਮਈ-7 ਜੁਲਾਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1982).
ਦੀ ਰਿਪੋਰਟ ਔਫ ਦ ਕੋਰਟ ਔਫ ਇਨਕਵਾਰੀ ਕਨਸਟਿਚਯੁਟੇਡ ਅੰਡਰ ਪੰਜਾਬ ਐਕਟ ੀ ਔਫ 1954 ਟੂ ਇਨਕਵਾਇਰ ਇਨਟੂ ਦ ਪੰਜਾਬ ਡਿਸਟਰਬੇਨਸੇਸ ਔਫ 1953 (ਆਲਸੋ ਨੋਅਨ ਐਸ ਮੁਨੀਰ ਰਿਪੋਰਟ), ਲਾਹੌਰ: ਗਵਰਨਮੇਂਟ ਪ੍ਰਿੰਟਿੰਗ ਪ੍ਰੇਸ,(1954).

ਇੰਟਰਵਿਊ

ਇੰਦਰ ਕੁਮਾਰ ਗੁਜਰਾਲ, ਨਵੀਂ ਦਿੱਲੀ, 9 ਅਕਤੂਬਰ 1992
ਸ਼ੀਲ ਗੁਜਰਾਲ, ਨਵੀਂ ਦਿੱਲੀ, 9 ਅਕਤੂਬਰ 1992
ਰਾਜ ਬੱਬਰ, ਮੁਮਬਈ, 20 ਅਕਤੂਬਰ 2001
ਸੁਨੀਲ ਦੱਤ, ਮੁਮਬਈ, 20 ਅਕਤੂਬਰ 2001
ਸਤ ਪਾਲ ਅਰੋੜਾ, ਨਵੀਂ ਦਿੱਲੀ, 22 ਅਕਤੂਬਰ 1992
ਡਾ.ਖੁਸ਼ੀ ਮੋਹੱਮਦ ਖ਼ਾਨ, ਸਟੇਕਹੋਮ, 16 ਜੂਨ 2003
ਅਮਜਦ ਬਾਬਰ, ਵਾਸ਼ਿੰਗਟਨ ਡੀ.ਸੀ., 11 ਜੁਲਾਈ 2009
ਮੇਨੀ ਚੱਢਾ, ਦਿੱਲੀ ਤੋਂ ਈ-ਮੇਲ ਦੁਆਰਾ, 28 ਦਸੰਬਰ 2010
ਬ੍ਰਿਗੇਡੀਅਰ ਯਾਸੁਬ ਅਲੀ ਡੋਗਰ, ਲਾਹੌਰ, ਟੈਲੀਫੋਨ ਅਤੇ ਈ-ਮੇਲ ਦੁਆਰਾ, 13 ਜਨਵਰੀ 2011
ਡਾ.ਅਜੇ ਕੁ.ਮੇਹਰਾ, ਨੋਇਡਾ, ਯੂ.ਪੀ., ਟੈਲੀਫੋਨ ਅਤੇ ਈ-ਮੇਲ ਦੁਆਰਾ, 13 ਜਨਵਰੀ 2011
ਮੁਸ਼ਤਾਕ ਅਹਿਮਦ, ਸਟੇਕਹੋਮ, 20 ਫ਼ਰਵਰੀ 2011
ਰਚਨਾ ਆਨੰਦ, ਸਿੰਗਾਪੁਰ ਤੋਂ ਈ-ਮੇਲ ਦੁਆਰਾ, 21 ਫ਼ਰਵਰੀ 2011

ਪੰਜਾਬ ਲੇਜੀਸਲੇਟੀਵ ਅਸੰਬਲੀ ਦੇ ਸਦੱਸਾਂ ਦੀ ਫ਼ਹਿਰੀਸਤ (21 ਮਾਰਚ 1946-4 ਜੁਲਾਈ 1947)

ਸਪੀਕਰ

ਦੀਵਾਨ ਬਹਾਦੁਰ ਐਸ.ਪੀ.ਸੰਘਾ, ਐਮ.ਏ., ਐਲ ਐਲ.ਬੀ.
(ਪਛੱਮ ਮੱਧ ਪੰਜਾਬ-ਇੰਡੀਆ ਦੇ ਇਸਾਈ)
(21 ਮਾਰਚ 1946-4 ਜੁਲਾਈ 1947)

ਡਿਪਟੀ ਸਪੀਕਰ

ਸਰਦਾਰ ਕਪੂਰ ਸਿੰਘ,ਬੀ.ਏ., ਐਲ ਐਲ.ਬੀ.
(ਪੂਰਬੀ ਲੁਧਿਆਣਾ-ਸਿੱਖ, ਦਿਹਾਤੀ)
(26 ਮਾਰਚ 1946-4 ਜੁਲਾਈ 1947)

ਪ੍ਰਿਮਿਅਰ (ਵਜ਼ੀਰੇ-ਆਜ਼ਮ)

ਮਲਿਕ ਸਰ ਖ਼ਿਜ਼ਰ ਹਯਾਤ ਖ਼ਾਨ ਟਿਵਾਣਾ, ਕੇ.ਸੀ.ਐਸ.ਆਈ., ਉ.ਬੀ.ਈ.
(ਖੁਸ਼ਾਬ-ਮੁਸਲਿਮ, ਦਿਹਾਤੀ)
(21 ਮਾਰਚ 1946-2 ਮਾਰਚ 1947)

ਵਜ਼ੀਰ (5 ਮਾਰਚ 1947 ਨੂੰ ਗਵਰਨਰ ਦੀ ਹਕੂਮਤ ਕਾਇਮ ਹੋਣ ਦੇ ਬਾਅਦ, ਵਜ਼ਾਰਤ ਭੰਗ ਕਰ ਦਿੱਤੀ ਗਈ)

1. ਚੌਧਰੀ ਲਹਰੀ ਸਿੰਘ, ਬੀ.ਏ.,ਐਲ.ਐਲ.ਬੀ. (ਉੱਤਰੀ ਰੋਹਤਕ-ਜਨਰਲ, ਦਿਹਾਤੀ)-ਪਬਲਿਕ ਵਰਕਸ ਦੇ ਵਜ਼ੀਰ
2. ਮਿਆਂ ਮੁਹੱਮਦ ਇਬਰਾਹਿਮ ਬਰਕ (ਅਲੀਪੁਰ-ਮੁਸਲਿਮ, ਦਿਹਾਤੀ)-ਏਜੁਕੇਸ਼ਨ (ਸਿੱਖਿਆ) ਦੇ ਵਜ਼ੀਰ
3. ਸ੍ਰੀ ਭੀਮ ਸੇਨ ਸੱਚਰ, ਬੀ.ਏ.,ਐਲ.ਐਲ.ਬੀ. (ਲਾਹੌਰ ਸ਼ਹਿਰ-ਜਨਰਲ, ਸ਼ਹਿਰੀ)-ਫਾਇਨੇਂਸ (ਵਿੱਤ/ਅਰਥ) ਦੇ ਵਜ਼ੀਰ
4. ਨਵਾਬ ਸਰ ਮੁਜ਼ੱਫ਼ਰ ਅਲੀ ਕਿਜ਼ਿਲਬਾਸ਼ (ਲਾਹੌਰ-ਮੁਸਲਿਮ, ਦਿਹਾਤੀ)-ਰੇਵੇਨਿਊ (ਰਾਜਸਵ) ਦੇ ਵਜ਼ੀਰ
5. ਸਰਦਾਰ ਬਲਦੇਵ ਸਿੰਘ (ਉੱਤਰੀ ਅੰਬਾਲਾ-ਸਿੱਖ,ਦਿਹਾਤੀ)-ਦੇਵਲੇਪਮੇਂਟ (ਵਿਕਾਸ/ਤਰੱਕੀ) ਦੇ ਵਜ਼ੀਰ

ਮੈਮਬਰ (ਸਦੱਸ)

1. ਅਬਦੁਲ ਘਫ਼ੂਰ ਖ਼ਾਨ, ਚੌਧਰੀ (ਸ਼ਕਰਗੜ-ਮੁਸਲਿਮ, ਦਿਹਾਤੀ)
2. ਅਬਦੁਲ ਹਮੀਦ ਖ਼ਾਨ, ਖ਼ਾਨ ਸਾਹਿਬ ਸਰਦਾਰ (ਮੁਜ਼ਫ਼ਰਗੜ-ਮੁਸਲਿਮ, ਦਿਹਾਤੀ)
3. ਅਬਦੁਲ ਹਮੀਦ ਖ਼ਾਨ, ਰਾਨਾ,ਬੀ.ਏ.ਐਲ.ਐਲ਼.ਬੀ. (ਪਾਕਪੱਟਨ-ਮੁਸਲਿਮ, ਦਿਹਾਤੀ)

4. ਅਬਦੁਲ ਹਮੀਦ ਖ਼ਾਨ, ਸੂਫ਼ੀ (ਕਰਨਾਲ-ਮੁਸਲਿਮ, ਦਿਹਾਤੀ)
5. ਅਬਦੁਲ ਹੱਕ, ਮਿਆਂ (ਉਕਾਰਾ-ਮੁਸਲਿਮ, ਦਿਹਾਤੀ)
6. ਅਬਦੁਲ ਸਤੱਰ ਖ਼ਾਨ, ਸ਼੍ਰੀ. (ਉੱਤਰੀ ਮਿਆਂਵਾਲੀ-ਮੁਸਲਿਮ, ਦਿਹਾਤੀ)
7. ਅਹਿਮਦ ਜਾਨ, ਮੌਲਵੀ (ਉੱਤਰ-ਪਛੱਮ ਗੁੜਗਾਉਂ-ਮੁਸਲਿਮ, ਦਿਹਾਤੀ)
8. ਅਜੀਤ ਸਿੰਘ, ਸਰਦਾਰ (ਦਖਣ-ਪਛੱਮ ਪੰਜਾਬਂ-ਸਿੱਖ, ਦਿਹਾਤੀ)
9. ਅਕਰਮ ਅਲੀ ਖ਼ਾਨ, ਚੌਧਰੀ (ਤਰਨ ਤਾਰਨ-ਮੁਸਲਿਮ, ਦਿਹਾਤੀ)
10. ਅਲੀ ਅਕਬਰ ਖ਼ਾਨ, ਚੌਧਰੀ (ਕਾਂਗੜਾ ਅਤੇ ਪੂਰਬੀ ਹੁਸ਼ਿਆਰਪੁਰ-ਮੁਸਲਿਮ, ਦਿਹਾਤੀ)
11. ਅਲ੍ਹਾ ਬਖ਼ਸ਼ ਖ਼ਾਨ ਟਿਵਾਣਾ,ਕੇ.ਬੀ. ਨਵਾਬ ਮਲਿਕ ਸਰ,ਐਮ.ਬੀ.ਈ.(ਸਰਗੋਧਾ-ਮੁਸਲਿਮ, ਦਿਹਾਤੀ)
12. ਅਲ੍ਹਾ ਯਾਰ ਖ਼ਾਨ ਦੌਲਤਾਨਾ, ਖ਼ਾਨ ਬਹਾਦੁਰ ਮਿਆਂ (ਮੈਲਸੀ-ਮੁਸਲਿਮ, ਦਿਹਾਤੀ)
13. ਅਨਵਰ ਖ਼ਾਨ, ਰਾਏ (ਜਰਾਂਵਾਲਾ-ਮੁਸਲਿਮ, ਦਿਹਾਤੀ)
14. ਅਸਗਰ ਅਲੀ, ਖ਼ਾਨ ਸ਼ਾਹਿਬ ਕੈਪਟੇਨ ਚੌਧਰੀ (ਪੂਰਬੀ ਗੁਜਰਾਤ-ਮੁਸਲਿਮ, ਦਿਹਾਤੀ)
15. ਆਸ਼ਿਕ ਹੁਸੈਨ, ਮੇਜਟ ਨਵਾਬ, ਐਮ.ਬੀ.ਈ. (ਮੁਲਤਾਨ-ਮੁਸਲਿਮ, ਦਿਹਾਤੀ)
16. ਆਸ਼ਿਕ ਹੁਸੈਨ, ਸਈਦ (ਦੀਪਾਲਪੁਰ-ਮੁਸਲਿਮ, ਦਿਹਾਤੀ)
17. ਅੱਤਾ ਮੁਹੱਮਦ ਖ਼ਾਨ, ਸਰਦਾਰ,ਬੀ.ਏ.ਐਲ.ਐਲ਼.ਬੀ. (ਡੇਰਾ ਘਾਜ਼ੀ ਖ਼ਾਨ ਉੱਤਰੀ-ਮੁਸਲਿਮ, ਦਿਹਾਤੀ)
18. ਅਜ਼ੀਜ਼ ਦੀਨ, ਚੌਧਰੀ (ਲਾਇਲਪੁਰ-ਮੁਸਲਿਮ, ਦਿਹਾਤੀ)
19. ਬਚਨ ਸਿੰਘ, ਸਰਦਾਰ (ਲੁਧਿਆਣਾ ਮੱਧ-ਸਿੱਖ, ਦਿਹਾਤੀ)
20. ਬਦਲੂ ਰਾਮ, ਚੌਧਰੀ (ਰੋਹਤਕ ਮੱਧ-ਜਨਰਲ, ਦਿਹਾਤੀ)
21. ਬਾਘ ਅਲੀ, ਮਿਆਂ (ਫਾਜ਼ਿਲਕਾ-ਜਨਰਲ, ਦਿਹਾਤੀ)
22. ਬਹਾਦੁਰ ਖ਼ਾਨ ਦ੍ਰੈਸ਼ਕ, ਸਰਦਾਰ, ਐਮ.ਬੀ.ਈ. (ਡੇਰਾ ਘਾਜ਼ੀ ਖ਼ਾਨ ਦਖਣ-ਮੁਸਲਿਮ, ਦਿਹਾਤੀ)
23. ਬਹਾਵਲ ਬਖ਼ਸ਼, ਚੌਧਰੀ (ਦਖਣ-ਪੂਰਬੀ ਗੁਜਰਾਤ-ਮੁਸਲਿਮ, ਦਿਹਾਤੀ)
24. ਬਰਕਤ ਅਲੀ, ਮਲਿਕ (ਪੂਰਬੀ ਸ਼ਹਿਰ-ਮੁਸਲਿਮ, ਸ਼ਹਿਰੀ)
25. ਬਰਕਤ ਹਯਾਤ ਖ਼ਾਨ, ਸਰਦਾਰ (ਉੱਤਰੀ ਪੰਜਾਬ-ਲੇਬਰ)
26. ਬਸ਼ੀਰ ਅਹਿਮਦ, ਮਿਆਂ, ਬਾਰ-ਐਟ-ਲੱਾ (ਫ਼ੂਰਬੀ ਫ਼ਿਰੋਜ਼ਪੁਰ-ਮੁਸਲਿਮ, ਦਿਹਾਤੀ)
27. ਬਿਹਾਰੀ ਲਾਲ ਚਨਾਨਾ, ਲਾਲਾ (ਦਖਣ-ਪੂਰਬੀ ਮੁਲਤਾਨ ਡਿਵੀਜਨ-ਜਨਰਲ, ਦਿਹਾਤੀ)
28. ਬੇਲੀ ਰਾਮ, ਠਾਕੁਰ,ਬੀ.ਏ.ਐਲ.ਐਲ਼.ਬੀ. (ਪੂਰਬੀ ਕਾਂਗੜਾ-ਜਨਰਲ, ਦਿਹਾਤੀ)
29. ਭਗਤ ਰਾਮ ਸ਼ਰਮਾ, ਪੰਡਿਤ,ਬੀ.ਏ.ਐਲ.ਐਲ਼.ਬੀ. (ਪਛੰਮ ਕਾਂਗੜਾ-ਜਨਰਲ, ਦਿਹਾਤੀ)
30. ਭਗਵਾਨ ਦਾਸ, ਲਾਲਾ (ਵਪਾਰ ਅਤੇ ਉਦਯੋਗ)
31. ਬੁਧਨ ਸ਼ਾਹ, ਪੀਰ (ਖਾਨੇਵਾਲ-ਮੁਸਲਿਮ, ਦਿਹਾਤੀ)
32. ਦਲੀਪ ਸਿੰਘ ਕੰਗ, ਸਰਦਾਰ (ਪੂਰਬੀ ਲਾਇਲਪੁਰ-ਸਿੱਖ, ਦਿਹਾਤੀ)
33. ਦਲੀਪ ਸਿੰਘ, ਠਾਕੁਰ (ਦੱਖਣ ਕਾਂਗੜਾ-ਜਨਰਲ, ਦਿਹਾਤੀ)
34. ਦਾਉਦ ਘਜ਼ਨਵੀ, ਮੌਲਾਨਾ (ਪੂਰਬੀ ਪੰਜਾਬ-ਲੇਬਰ)
35. ਦੇਵ ਰਾਜ ਸੇਠੀ, ਸ਼੍ਰੀ. (ਲਾਇਲਪੁਰ ਅਤੇ ਝੰਗ-ਜਨਰਲ,ਦਿਹਾਤੀ)
36. ਦੁਰਗਾ ਚੰਦ ਕੈਸ਼ਿਸ਼, ਪੰਡਿਤ (ਪੂਰਬੀ ਪੰਜਾਬ-ਲੈਂਡਹੋਲਦਰਸ)
37. ਫ਼ੈਜ਼ ਮੁਹੱਮਦ, ਖ਼ਾਨ ਬਹਾਦੁਰ ਸ਼ੇਖ, ਬੀ.ਏ.,ਐਲ.ਐਲ.ਬੀ.,ਐਮ.ਬੀ.ਈ. (ਡੇਰਾਘਾਜ਼ੀ ਖ਼ਾਨ ਮੱਧ-ਮੁਸਲਿਮ,ਦਿਹਾਤੀ)

38. ਫ਼ਕੀਰ ਚੰਦ, ਪੰਡਿਤ (ਪਛੱਮ ਲਾਹੌਰ ਡਿਵੀਜਨ-ਜਨਰਲ, ਦਿਹਾਤੀ)
39. ਫ਼ਤਹਿ ਮੁਹੱਮਦ ਸਇਅਲ, ਚੌਧਰੀ, ਐਮ.ਏ.(ਬਟਾਲਾ-ਮੁਸਲਿਮ, ਦਿਹਾਤੀ)
40. ਫ਼ਜ਼ਲ ਇਲਾਹੀ, ਚੌਧਰੀ, ਐਮ.ਏ.(ਉੱਤਰੀ ਗੁਜਰਾਤ-ਮੁਸਲਿਮ, ਦਿਹਾਤੀ)
41. ਫ਼ਜ਼ਲ ਇਲਾਹੀ, ਸ਼੍ਰੀ.(ਪੂਰਬੀ ਮੱਧ ਪੰਜਾਬ-ਇੰਡੀਆ ਦਾ ਇਸਾਈ)
42. ਫ਼ਜ਼ਲ ਹੱਕ ਪਿਰਾਚਾ, ਖ਼ਾਨ ਬਹਾਦੁਰ ਸ਼ੇਖ (ਭਲਵਾਲ-ਮੁਸਲਿਮ, ਦਿਹਾਤੀ)
43. ਗੰਗਾ ਸਰਨ, ਰਾਏ ਬਹਾਦੁਰ ਲਾਲਾ (ਟ੍ਰੇਡ ਯੂਨੀਅਨ, ਲੇਬਰ)
44. ਘਜ਼ਨਫ਼ਰ ਅਲੀ ਖ਼ਾਨ, ਰਾਜਾ (ਪਿੰਡ ਦਾਦਨ ਖ਼ਾਨ-ਮੁਸਲਿਮ, ਦਿਹਾਤੀ)
45. ਘੁਲਾਮ ਫ਼ਰੀਦ, ਚੌਧਰੀ, ਬੀ.ਏ., ਐਲ.ਐਲ.ਬੀ (ਪੂਰਬੀ ਗੁਰਦਾਸਪੁਰ -ਮੁਸਲਿਮ, ਦਿਹਾਤੀ)
46. ਘੁਲਾਮ ਮੁਹੱਮਦ ਸ਼ਾਹ, ਸਈਦ (ਪੂਰਬੀ ਝੰਗ-ਮੁਸਲਿਮ, ਦਿਹਾਤੀ)
47. ਘੁਲਾਮ ਮੁਸਤਫ਼ਾ ਸ਼ਾਹ ਜਿਲਾਨੀ, ਖ਼ਾਨ ਸਾਹਿਬ ਮਖ਼ਦੁਮ ਸਈਦ (ਲੋਧਰਾਂ -ਮੁਸਲਿਮ, ਦਿਹਾਤੀ)
48. ਘੁਲਾਮ ਰਸੁਲ, ਚੌਧਰੀ, (ਦੱਖਣ ਪਛਮ ਗੁਜਰਾਤ-ਮੁਸਲਿਮ, ਦਿਹਾਤੀ)
49. ਘੁਲਾਮ ਸਮਦ, ਕੇ.ਐਸ.ਖ਼ਵਾਜਾ (ਦੱਖਣ ਦੇ ਸ਼ਹਿਰ-ਮੁਸਲਿਮ, ਸ਼ਹਿਰੀ)
50. ਗਿਬਨ, ਸ਼੍ਰੀ.,ਸੀ.ਈ. (ਐਂਗਲੋ-ਇੰਡੀਅਨ)
51. ਗੋਪੀ ਚੰਦ ਭਾਰਗਵਾ, ਡਾ.(ਯੂਨੀਵਰਸਿਟੀ)
52. ਗੋਸਟ, ਸ਼੍ਰੀ ਪੀ.ਐਚ (ਯੂਰੋਪਿਅਨ)
53. ਗੁਰਬਚਨ ਸਿੰਘ ਬਾਜਵਾ, ਸਰਦਾਰ, ਬੀ.ਏ., ਐਲ.ਐਲ.ਬੀ. (ਸਿਆਲਕੋਟ-ਸਿੱਖ, ਦਿਹਾਤੀ)
54. ਗੁਰਬਚਨ ਸਿੰਘ, ਸਰਦਾਰ, (ਪਛੱਮ ਫ਼ਿਰੋਜ਼ਪੁਰ-ਸਿੱਖ, ਦਿਹਾਤੀ)
55. ਗੁਰਬੰਤਾ ਸਿੰਘ, ਮਾਸਟਰ, (ਜਲੰਧਰ ਜਨਰਲ-ਦਿਹਾਤੀ, ਰਿਸਰਵ ਸੀਟ)
56. ਹਰਭਜ ਰਾਮ, ਚੌਧਰੀ (ਲਾਇਲਪੁਰ ਅਤੇ ਝੰਗ-ਜਨਰਲਮ, ਰਿਸਰਵ ਸੀਟ)
57. ਹਰਿ ਲਾਲ, ਮੁੰਸ਼ੀ, ਬੀ.ਏ.(ਔਨਰਸ), ਐਲ.ਐਲ.ਬੀ. (ਦਖਣ-ਪਛੱਮ ਸ਼ਹਿਰ-ਜਨਰਲ)
58. ਇਫ਼ਇਖ਼ਾਰ ਹੁਸੈਨ ਖ਼ਾਨ, ਨਵਾਬ (ਫ਼ਿਰੋਜ਼ਪੁਰ ਜਨਰਲ-ਮੁਸਲਿਮ, ਦਿਹਾਤੀ)
59. ਇੰਦਰ ਸਿੰਘ, ਸਰਦਾਰ (ਪੂਰਬੀ ਸ਼ਹਿਰ-ਸਿੱਖ, ਦਿਹਾਤੀ)
60. ਇਸ਼ਰ ਸਿੰਘ ਮਝੈਲ, ਸਰਦਾਰ (ਉੱਤਰੀ ਅੱਮ੍ਰਿਤਸਰ-ਸਿੱਖ, ਦਿਹਾਤੀ)
61. ਜਗਦੀਸ਼ ਚੰਦਰ, ਸ਼੍ਰੀ. (ਉੱਤਰੀ ਕਰਨਾਲ-ਜਨਰਲ, ਦਿਹਾਤੀ)
62. ਜਗਜੀਤ ਸਿੰਘ ਮੱਨ, ਸਰਦਾਰ (ਮੱਧ ਪੰਜਾਬ-ਜ਼ਿਮੀਦਾਰ)
63. ਜਹਾਨਾਰਾ ਸ਼ਾਹ ਨਵਾਜ਼ ਬੇਗਮ, ਐੱ.ਬੀ.ਈ. (ਬਾਹਰੀ ਲਾਹੌਰ-ਮੁਸਲਿਮ, ਔਰਤਾਂ, ਸ਼ਹਿਰੀ)
64. ਜਹਾਂ ਖ਼ਾਨ, ਚੌਧਰੀ (ਉੱਤਰ-ਪਛੱਮ ਗੁਜਰਾਤ-ਮੁਸਲਿਮ, ਦਿਹਾਤੀ)
65. ਜਸਵੰਤ ਸਿੰਘ, ਸਰਦਾਰ (ਉੱਤਰ-ਪਛੱਮ ਪੰਜਾਬ-ਸਿੱਖ, ਦਿਹਾਤੀ)
66. ਜੀਵਨ ਲਾਲ, ਪੰਡਿਤ (ਦਖਣ-ਪੂਰਬੀ ਗੁੜਗਾਂਉ-ਜਨਰਲ, ਦਿਹਾਤੀ)
67. ਜੋਗਿੰਦਰ ਸਿੰਘ ਮੱਨ, ਸਰਦਾਰ ਐਮ.ਬੀ.ਈ.(ਗੁਜਰਾਂਵਾਲਾ ਅਤੇ ਸ਼ਾਹਦਰਾ-ਸਿੱਖ, ਦਿਹਾਤੀ)
68. ਕਾਬੁਲ ਸਿੰਘ, ਸਰਦਾਰ (ਪੂਰਬੀ ਜਲੰਧਰ-ਸਿੱਖ, ਦਿਹਾਤੀ)
69. ਕਾਲੇ ਖ਼ਾਨ, ਰਾਜਾ (ਪੂਰਬੀ ਰਾਵਲਪਿੰਡੀ-ਮੁਸਲਿਮ, ਦਿਹਾਤੀ)
70. ਕਰਾਮਤ ਅਲੀ, ਕੇ.ਬੀ.ਸ਼ੇਖ, ਬੀ.ਏ., ਐਲ.ਐਲ.ਬੀ (ਉੱਤਰ-ਪੂਰਬੀ ਸ਼ਹਿਰ-ਮੁਸਲਿਮ, ਸ਼ਹਿਰੀ)
71. ਕਰਤਾਰ ਸਿੰਘ, ਸਰਦਾਰ (ਲਾਇਲਪੁਰ ਪਛੱਮ-ਸਿੱਖ, ਦਿਹਾਤੀ)
72. ਕੇਹਰ ਸਿੰਘ, ਸਰਦਾਰ (ਜਗਰਾਉਂ-ਸਿੱਖ, ਦਿਹਾਤੀ)

73. ਖ਼ੈਰ ਮੇਹਦੀ ਖ਼ਾਨ, ਰਾਜਾ (ਜਿਹਲਮ-ਮੁਸਲਿਮ, ਦਿਹਾਤੀ)
74. ਖ਼ਾਨ ਮੁਹੱਮਦ ਖ਼ਾਨ ਕਥਿਆ, ਮੇਹਰ (ਮਿੰਟਗੋਮਰੀ-ਮੁਸਲਿਮ, ਦਿਹਾਤੀ)
75. ਕਿਦਾਰ ਨਾਥ ਸਹਗਲ, ਲਾਲਾ (ਅੱਮ੍ਰਿਤਸਰ ਅਤੇ ਸਿਆਲਕੋਟ-ਜਨਰਲ)
76. ਕ੍ਰਿਸ਼ਨ ਗੋਪਾਲ ਦੱਤ, ਚੌਧਰੀ (ਉੱਤਰ-ਪੂਰਬੀ ਸਹਿਰ-ਜਨਰਲ)
77. ਲਹਿਨਾ ਸਿੰਘ ਸੇਠੀ, ਡਾ. (ਉੱਤਰ ਪਛੱਮ ਸ਼ਹਿਰ-ਜਨਰਲ, ਸ਼ਹਿਰੀ)
78. ਮਾਨ ਸਿੰਘ ਜਥੇਦਾਰ, ਸਰਦਾਰ (ਸ਼ੇਖੁਪੁਰਾ ਪਛੱਮ-ਸਿੱਖ, ਦਿਹਾਤੀ)
79. ਮੰਗੂ ਰਾਮ, ਚੌਧਰੀ (ਹੁਸ਼ਿਆਰਪੁਰ ਪਛੱਮ-ਜਨਰਲ, ਦਿਹਾਤੀ, ਰਿਜਰਵ ਸੀਟ)
80. ਮੇਨੁਅਲ, ਸ਼੍ਰੀ. ਪੀ (ਐਂਗਲੋ-ਇੰਡੀਅਨ)
81. ਮਟੂ ਰਾਮ, ਚੌਧਰੀ (ਲੁਧਿਆਣਾ ਅਤੇ ਫ਼ਿਰੋਜ਼ਪੁਰ-ਜਨਰਲ, ਦਿਹਾਤੀ, ਰਿਜਰਵ ਸੀਟ)
82. ਮੇਹਰ ਚੰਦ, ਚੌਧਰੀ (ਹੁਸ਼ਿਆਰਪੁਰ ਪਛੱਮ-ਜਨਰਲ, ਰਿਜਰਵ ਸੀਟ)
83. ਮੇਹਤਾਬ ਖ਼ਾਨ, ਚੌਧਰੀ (ਦੱਖਣ ਪੂਰਬ ਗੁੜਗਾਂਉ-ਮੁਸਲਿਮ, ਦਿਹਾਤੀ)
84. ਮੀਰ ਮੁਹੱਮਦ ਖ਼ਾਨ, ਰਾਏ (ਸਮੁੰਦਰੀ-ਮੁਸਲਿਮ, ਦਿਹਾਤੀ)
85. ਮੋਹਨ ਲਾਲ, ਸ਼੍ਰੀ. (ਉਨਾ-ਜਨਰਲ,ਦਿਹਾਤੀ)
86. ਮੋਹਰ ਸਿੰਘ, ਰਾਉ ਸਾਹਿ ਰਾਉ, ਬੀ.ਏ., ਐਲ.ਐਲ.ਬੀ.(ਉੱਤਰ-ਪਛੱਮ ਗੁੜਗਾਂਉ-ਜਨਰਲ,ਦਿਹਾਤੀ)
87. ਮੋਹਿਯੁ-ਉਦ-ਦੀਨ ਲਾਲ ਬਾਦਸ਼ਾਹ, ਸਈਦ (ਅਟੱਕ ਦਖਣ-ਮੁਸਲਿਮ, ਦਿਹਾਤੀ)
88. ਮੁਬਾਰਿਕ ਅਲੀ ਸ਼ਾਹ, ਮੇਜਰ ਸਈਦ (ਝੰਗ ਮੱਧ-ਮੁਸਲਿਮ, ਦਿਹਾਤੀ)
89. ਮੁਹੱਮਦ ਅਬਦੁੱਲ੍ਹਾ ਖ਼ਾਨ ਸਾਹਿਬ, ਮੀਰ (ਦੱਖਣ ਮਿਆਂਵਾਲੀ-ਮੁਸਲਿਮ, ਸ਼ਹਿਰੀ)
90. ਮੁਹੱਮਦ ਅਬਦੁਸ ਸਲਾਮ, ਮਿਆਂ (ਉੱਤਰੀ ਜਲੰਧਰ-ਮੁਸਲਿਮ, ਦਿਹਾਤੀ)
91. ਮੁਹੱਮਦ ਅਮੀਨ, ਕੇ.ਐਸ.ਸ਼ੇਖ (ਮੁਲਤਾਨ ਡਿਵੀਜ਼ਨ ਦੇ ਸ਼ਹਿਰ-ਮੁਸਲਿਮ, ਸ਼ਹਿਰੀ)
92. ਮੁਹੱਮਦ ਆਰਿਫ਼ ਖ਼ਾਨ, ਖ਼ਾਨ (ਪਛੱਮ ਝੰਗ-ਮੁਸਲਿਮ, ਦਿਹਾਤੀ)
93. ਮੁਹੱਮਦ ਫ਼ਿਰੋਜ਼ ਖ਼ਾਨ ਨੂਨ, ਮਲਿਕ ਸਰ, ਕੇ.ਸੀ.ਐਸ.ਆਈ., ਕੇ.ਸੀ.ਆਈ.ਈ. (ਰਾਵਲਪਿੰਡੀ ਡਿਵੀਜ਼ਨ ਦੇ ਸ਼ਹਿਰ-ਮੁਸਲਿਮ, ਸ਼ਹਿਰੀ)
94. ਮੁਹੱਮਦ ਘੁਲਾਮ ਜੀਲਾਨੀ ਗੁਰਮਾਨੀ, ਮਿਆਂ (ਉੱਤਰੀ ਮੁਜ਼ਫ਼ਰਗੜ-ਮੁਸਲਿਮ, ਦਿਹਾਤੀ)
95. ਮੁਹੱਮਦ ਹੱਸਨ, ਚੌਧਰੀ (ਅੰਬਾਲਾ ਅਤੇ ਸ਼ਿਮਲਾ-ਮੁਸਲਿਮ, ਦਿਹਾਤੀ)
96. ਮੁਹੱਮਦ ਹੁਸੈਨ, ਚੌਧਰੀ ਬੀ.ਏ., ਐਲ.ਐਲ.ਬੀ.(ਸ਼ੇਖੂਪੁਰਾ-ਮੁਸਲਿਮ, ਦਿਹਾਤੀ)
97. ਮੁਹੱਮਦ ਹੁਸੈਨ, ਸਰਦਾਰ (ਚੁਨੀਆਂ-ਮੁਸਲਿਮ, ਦਿਹਾਤੀ)
98. ਮੁਹੱਮਦ ਇਫ਼ਤਿਖ਼ਾਰ-ਉਦ-ਦੀਨ, ਮਿਆਂ, ਬੀ.ਏ.(ਐਕਸੋਨ) (ਕਸੁਰ-ਮੁਸਲਿਮ, ਦਿਹਾਤੀ)
99. ਮੁਹੱਮਦ ਇਕਬਾਲ ਅਹਿਮਦ ਖ਼ਾਨ, ਰਾਏ (ਲੁਧਿਆਣਾ-ਮੁਸਲਿਮ, ਦਿਹਾਤੀ)
100. ਮੁਹੱਮਦ ਜਮਾਲ ਖ਼ਾਨ ਲੇਘਾਰੀ, ਖ਼ਾਨ ਬਹਾਦੁਰ ਨਵਾਬ ਸਰ (ਤੁਮਾਨਦਾਰ)
101. ਮੁਹੱਮਦ ਖ਼ੁਰਸ਼ੀਦ ਖ਼ਾਨ, ਰਾਉ, ਬੀ.ਏ.,ਐਲ.ਐਲ.ਬੀ. (ਰੋਹਤਕ-ਮੁਸਲਿਮ, ਦਿਹਾਤੀ)
102. ਮੁਹੱਮਦ ਨਵਾਜ਼ ਖ਼ਾਨ, ਲੇ.ਕਟਨਲ ਸਰਦਾਰ ਸਰ, ਕੇ.ਸੀ.ਆਈ.ਈ. (ਮੱਧ ਅਟੱਕ-ਮੁਸਲਿਮ, ਦਿਹਾਤੀ)
103. ਮੁਹੱਮਦ ਨੁਰ-ਉਲ੍ਹਾ, ਮਿਆਂ (ਟੋਬਾ ਟੇਕ ਸਿੰਘ-ਮੁਸਲਿਮ,ਦਿਹਾਤੀ)
104. ਮੁਹੱਮਦ ਰਫ਼ੀਕ, ਮਿਆਂ (ਬਾਹਰੀ ਲਾਹੌਰ-ਮੁਸਲਿਮ, ਸ਼ਹਿਰੀ)
105. ਮੁਹੱਮਦ ਰਜ਼ਾ ਸ਼ਾਹ ਜਿਲਾਨੀ, ਹਾਜੀ ਮਖ਼ਦੁਮਜ਼ਾਦਾ ਸਈਦ (ਸ਼ੁਜਾਬਾਦ-ਮੁਸਲਿਮ, ਦਿਹਾਤੀ)
106. ਮੁਹੱਮਦ ਸਰਫ਼ਰਾਜ਼ ਅਲੀ ਖ਼ਾਨ, ਰਾਜਾ (ਚਕਵਾਲ-ਮੁਸਲਿਮ, ਦਿਹਾਤੀ)

107. ਮੁਹੰਮਦ ਸਰਫ਼ਰਾਜ਼ ਖ਼ਾਨ, ਚੌਧਰੀ (ਸਿਆਲਕੋਟ ਮੱਧ-ਮੁਸਲਿਮ, ਦਿਹਾਤੀ)
108. ਮੁਮਤਾਜ਼ ਅਲੀ ਖ਼ਾਨ, ਸਰਦਾਰ, ਬੀ.ਏ., ਐਲ.ਐਲ.ਬੀ. (ਉੱਤਰੀ ਅਟੱਕ-ਮੁਸਲਿਮ, ਦਿਹਾਤੀ)
109. ਮੁਮਤਾਜ਼ ਮੁਹੰਮਦ ਖ਼ਾਨ ਦੌਲਤਾਨਾ, ਮਿਆਂ (ਦੱਖਣ ਸਿਆਲਕੋਟ-ਮੁਸਲਿਮ, ਦਿਹਾਤੀ)
110. ਨਰਿੰਦਰ ਸਿੰਘ, ਸੰਤ (ਪੂਰਬ ਮਿੰਟਗੋਮਰੀ-ਸਿੱਖ, ਦਿਹਾਤੀ)
111. ਨਰੋਤਮ ਸਿੰਘ, ਸਰਦਾਰ, ਬੀ.ਏ., ਐਲ.ਐਲ.ਬੀ. (ਦਖਣ-ਪੂਰਬ ਪੰਜਾਬ-ਸਿੱਖ, ਦਿਹਾਤੀ)
112. ਨਸਰ ਦੀਨ, ਚੌਧਰੀ, ਬੀ.ਏ., ਐਲ.ਐਲ.ਬੀ. (ਉਤਰੀ ਸਿਆਲਕੋਟ-ਮੁਸਲਿਮ, ਦਿਹਾਤੀ)
113. ਨਸਰੁੱਲ੍ਹਾ ਖ਼ਾਨ ਨਾਸਿਰ, ਰਾਨਾ (ਪਛੱਮ ਹੁਸ਼ਿਆਰਪੁਰ-ਮੁਸਲਿਮ, ਦਿਹਾਤੀ)
114. ਨਸਰੁੱਲ੍ਹਾ ਖ਼ਾਨ, ਚੌਧਰੀ (ਅੱਮ੍ਰਿਤਸਰ-ਮੁਸਲਿਮ, ਦਿਹਾਤੀ)
115. ਨਉ ਬਹਾਰ ਸ਼ਾਹ, ਸਈਦ (ਕਬੀਰਵਾਲਾ-ਮੁਸਲਿਮ, ਦਿਹਾਤੀ)
116. ਪੰਚਮ ਚੰਦ, ਠਾਕੁਰ, ਬੀ.ਏ., ਐਲ.ਐਲ.ਬੀ. (ਉਤਰੀ ਕਾਂਗੜਾ-ਜਨਰਲ, ਦਿਹਾਤੀ)
117. ਪਰਬੋਧ ਚੰਦਰ, ਸ਼੍ਰੀ. (ਗੁਰਦਾਸਪੁਰ-ਜਨਰਲ, ਦਿਹਾਤੀ)
118. ਪਰਕਾਸ਼ ਕੌਰ, ਸ਼੍ਰੀਮਤੀ ਡਾ.(ਅੱਮ੍ਰਿਤਸਰ-ਸਿੱਖ ਔਰਤਾਂ)
119. ਪਰਤਾਪ ਸਿੰਘ, ਸਰਦਾਰ, ਐਮ.ਏ.(ਦੱਖਣ ਅੱਮ੍ਰਿਤਸਰ-ਸਿੱਖ ਦਿਹਾਤੀ)
120. ਪਿਆਰਾ ਸਿੰਘ, ਸਰਦਾਰ (ਦੱਖਣ ਹੁਸ਼ਿਆਰਪੁਰ-ਸਿੱਖ ਦਿਹਾਤੀ)
121. ਪ੍ਰੇਮ ਸਿੰਘ, ਚੌਧਰੀ (ਦਖਣ-ਪੂਰਬ ਗੁੜਗਾਉਂ-ਰਿਜਰਵ ਸੀਟ)
122. ਪ੍ਰੇਮ ਸਿੰਘ, ਮਹੰਤ (ਗੁਜਰਾਤ ਅਤੇ ਸ਼ਾਹਪੁਰ-ਸਿੱਖ, ਦਿਹਾਤੀ)
123. ਪ੍ਰਿਥਵੀ ਸਿੰਘ ਆਜ਼ਾਦ, ਸਰਦਾਰ (ਅੰਬਾਲਾ ਅਤੇ ਸ਼ਿਮਲਾ-ਰਿਜਰਵ ਸੀਟ)
124. ਰਾਜ ਮੁਹੰਮਦ ਖ਼ਾਨ, ਚੌਧਰੀ (ਹਫ਼ੀਜ਼ਾਬਾਦ-ਮੁਸਲਿਮ, ਦਿਹਾਤੀ)
125. ਰਾਮ ਸ਼ਰਮਾ ਪੰਡਿਤ, ਸ਼੍ਰੀ (ਦਖਣੀ ਸ਼ਹਿਰ-ਜਨਰਲ, ਸ਼ਹਿਰੀ)
126. ਰਾਮੇਸ਼ਵਰੀ ਨਹਿਰੂ, ਸ਼੍ਰੀਮਤੀ (ਲਾਹੌਰ ਸ਼ਹਿਰ-ਜਨਰਲ, ਔਰਤਾਂ, ਸ਼ਹਿਰੀ)
127. ਰਨਬੀਰ ਸਿੰਘ ਮੇਹਤਾ, ਸ਼੍ਰੀ. (ਲੁਧਿਆਣਾ ਅਤੇ ਫ਼ਿਰੋਜ਼ਪੁਰਰ ਸ਼ਹਿਰ-ਜਨਰਲ, ਦਿਹਾਤੀ)
128. ਰਨਜੀਤ ਸਿੰਘ, ਚੌਧਰੀ (ਹਿਸਾਰ ਦਖਣ-ਜਨਰਲ, ਦਿਹਾਤੀ)
129. ਰੱਤਨ ਸਿੰਘ, ਤਬੀਬ, ਚੌਧਰੀ (ਅੰਬਾਲਾ ਅਤੇ ਸ਼ਿਮਲਾ-ਜਨਰਲ, ਦਿਹਾਤੀ)
130. ਰੱਤਨ ਸਿੰਘ, ਸਰਦਾਰ (ਪੂਰਬੀ ਫ਼ਿਰੋਜ਼ਪੁਰ-ਸਿੱਖ, ਦਿਹਾਤੀ)
131. ਰੱਤਨ ਸਿੰਘ, ਸਰਦਾਰ (ਉੱਤਰ ਫ਼ਿਰੋਜ਼ਪੁਰ-ਸਿੱਖ, ਦਿਹਾਤੀ)
132. ਰੌਸ਼ਨ ਸਿੰਘ, ਖ਼ਾਨ ਬਹਾਦੁਰ ਚੌਧਰੀ (ਸ਼ਾਹਦਰਾ-ਮੁਸਲਿਮ, ਦਿਹਾਤੀ)
133. ਸਾਦਿਕ ਹੱਸਨ, ਸ਼ੇਖ (ਅੱਮ੍ਰਿਤਸਰ ਸ਼ਹਿਰ-ਮੁਸਲਿਮ, ਦਿਹਾਤੀ)
134. ਸਾਹਿਬ ਦਾਦ ਖ਼ਾਨ, ਖ਼ਾਨ ਸਾਹਿਬ ਚੌਧਰੀ, ਬੀ.ਏ. ਐਲ.ਐਲ.ਬੀ. (ਹਿਸਾਰ-ਮੁਸਲਿਮ, ਦਿਹਾਤੀ)
135. ਸਾਹਿਬ ਰਾਮ, ਚੌਧਰੀ (ਹਿਸਾਰ ਉੱਤਰ-ਜਨਰਲ, ਦਿਹਾਤੀ)
136. ਸੈਦ ਅਕਬਰ ਖ਼ਾਨ, ਰਾਜਾ, ਬੀ.ਏ. ਐਲ.ਐਲ.ਬੀ. (ਗੁੱਜਰ ਖ਼ਾਨ-ਮੁਸਲਿਮ, ਦਿਹਾਤੀ)
137. ਸੱਜਣ ਸਿੰਘ ਮਦਗਿੰਦਪੁਰੀ, ਸਰਦਾਰ (ਕਸੂਰ-ਸਿੱਖ, ਦਿਹਾਤੀ)
138. ਸਲਾਹ-ਉਦ-ਦੀਨ, ਚੌਧਰੀ (ਗੁਜ੍ਰਾਵਾਲਾ ਉੱਤਰ-ਮੁਸਲਿਮ, ਦਿਹਾਤੀ)
139. ਸਮਰ ਸਿੰਘ, ਚੌਧਰੀ (ਕਰਨਾਲ ਦਖਣ-ਜਨਰਲ, ਦਿਹਾਤੀ)
140. ਸੰਤ ਰਾਮ ਸੇਠ, ਡਾ.(ਅੱਮ੍ਰਿਤਸਰ ਸ਼ਹਿਰ-ਜਨਰਲ, ਸ਼ਹਿਰੀ)
141. ਸੰਤ ਰਾਮ, ਸ਼੍ਰੀ.(ਜਲੰਧਰ-ਜਨਰਲ, ਰਿਜਰਵ)

142. ਸਰਦੁਲ ਸਿੰਘ, ਸਰਦਾਰ (ਲਾਹੌਰ ਪਛੱਮ-ਸਿੱਖ, ਦਿਹਾਤੀ)
143. ਸ਼ਹਾਦਤ ਖ਼ਾਨ, ਰਾਏ (ਨਨਕਾਨਾ ਸਾਹਿਬ-ਮੁਸਲਿਮ, ਦਿਹਾਤੀ)
144. ਸ਼ੱਨੋ ਦੇਵੀ ਸਹਗਲ, ਸ਼੍ਰੀਮਤੀ (ਦੱਖਣ-ਪੂਰਬੀ ਸ਼ਹਿਰ-ਜਨਰਲ, ਸ਼ਹਿਰੀ)
145. ਸ਼ੌਕਤ ਹਯਾਤ ਖ਼ਾਨ, ਸਰਦਾਰ (ਦੱਖਣ-ਪੂਰਬੀ ਸ਼ਹਿਰ-ਮੁਸਲਿਮ, ਸ਼ਹਿਰੀ)
146. ਸ਼ੇਰ ਸਿੰਘ, ਚੌਧਰੀ (ਝੱਜਰ-ਜਨਰਲ, ਸ਼ਹਿਰੀ)
147. ਸ਼ਿਵ ਸ਼ਰਨ ਸਿੰਘ, ਸਰਦਾਰ (ਕਾਂਗੜਾ ਅਤੇ ਉੱਤਰੀ ਹੁਸ਼ਿਆਰਪੁਰ-ਸਿੱਖ, ਦਿਹਾਤੀ)
148. ਸ਼ਿਵ ਸਿੰਘ, ਸਰਦਾਰ (ਗੁਰਦਾਸਪੁਰ ਉੱਤਰ-ਸਿੱਖ, ਦਿਹਾਤੀ)
149. ਸੁਦਰਸ਼ਨ ਸੇਠ, ਸ਼੍ਰੀ. (ਪੂਰਬੀ ਸ਼ਹਿਰ-ਜਨਰਲ, ਸਹਿਰੀ)
150. ਸੁਲਤਾਨ ਅਲੀ ਨੰਗਿਆਨਾ, ਕੇ.ਬੀ.ਮਿਆਂ (ਸ਼ਾਹਪੁਰ-ਮੁਸਲਿਮ, ਦਿਹਾਤੀ)
151. ਸੁੰਦਰ ਸਿੰਘ, ਚੌਧਰੀ (ਅੱਮ੍ਰਿਤਸਰ ਅਤੇ ਸਿਆਲਕੋਟ-ਜਨਰਲ, ਰਿਜਰਵ)
152. ਸੁੰਦਰ, ਸ਼੍ਰੀ. (ਕਰਨਾਲ ਉੱਤਰ-ਰਿਜਰਵ ਸੀਟ)
153. ਸੂਰਜ ਮਲ, ਰਾਉ ਬਹਾਦੁਰ ਚੌਧਰੀ, ਬੀ.ਏ., ਐਲ.ਐਲ.ਬੀ. (ਹੰਸੀ-ਜਨਰਲ, ਦਿਹਾਤੀ)
154. ਸਵਰਨ ਸਿੰਘ, ਸਰਦਾਰ, ਬੀ.ਏ., ਐਲ.ਐਲ.ਬੀ. (ਜਲੰਧਰ ਪਛੱਮ-ਸਿੱਖ, ਦਿਹਾਤੀ)
155. ਤਾਰਾ ਸਿੰਘ, ਸਰਦਾਰ ਸਾਹਿਬ ਸਰਦਾਰ (ਫ਼ਿਰੋਜ਼ਪੁਰ ਦੱਖਣ-ਸਿੱਖ, ਦਿਹਾਤੀ)
156. ਤਸਾਦਕ ਹੁਸੈਨ, ਬੇਗਮ (ਅੰਦਰੁਨ ਲਾਹੌਰ-ਮੁਸਲਿਮ, ਔਰਤਾਂ, ਸ਼ਹਿਰੀ)
157. ਤਿਲਕ ਰਾਜ, ਪ੍ਰੋਫ਼ੈਸਰ, ਐੱ.ਏ. (ਰਾਵਲਪਿੰਡੀ ਡਿਵੀਜਨ-ਜਨਰਲ, ਦਿਹਾਤੀ)
158. ਉਧਮ ਸਿੰਘ, ਸਰਦਾਰ (ਅੱਮ੍ਰਿਤਸਰ ਮੱਧ-ਸਿੱਖ, ਦਿਹਾਤੀ)
159. ਉੱਜਲ ਸਿੰਘ, ਸਰਦਾਰ (ਪਛੱਮ ਸ਼ਹਿਰ-ਸਿੱਖ, ਸ਼ਹਿਰੀ)
160. ਵੀਰੇਂਦ੍ਰ, ਸ਼੍ਰੀ. (ਪਛੱਮ ਮੁਲਤਾਨ ਡਿਵੀਜਨ-ਜਨਰਲ, ਦਿਹਾਤੀ)
161. ਵਲੀ ਮੁਹੱਮਦ ਗੋਹਿਰ, ਚੌਧਰੀ (ਜਲੰਧਰ ਦੱਖਣ-ਮੁਸਲਿਮ, ਦਿਹਾਤੀ)
162. ਵਰਿਆਮ ਸਿੰਘ, ਸਰਦਾਰ (ਬਟਾਲਾ-ਸਿੱਖ, ਦਿਹਾਤੀ)
163. ਵਜ਼ੀਰ ਮੁਹੱਮਦ, ਮਲਿਕ (ਅੰਦਰੁਨ ਲਾਹੌਰ-ਮੁਸਲਿਮ, ਸ਼ਹਿਰੀ)
164. ਜ਼ਫ਼ਰ-ਉਲ-ਹੱਕ, ਚੌਧਰੀ (ਰਾਵਲਪਿੰਡੀ ਸਦਰ-ਮੁਸਲਿਮ, ਸ਼ਹਿਰੀ)
165. ਜ਼ਫ਼ਰਉੱਲ੍ਹਾ ਖ਼ਾਨ ਝਨੀਆਂ, ਚੌਧਰੀ (ਅਜਨਾਲਾ-ਮੁਸਲਿਮ, ਦਿਹਾਤੀ)
166. ਜ਼ਫ਼ਰਉੱਲ੍ਹਾ ਖ਼ਾਨ, ਚੌਧਰੀ (ਗੁਜਰਾਂਵਾਲਾ ਪੂਰਬੀ-ਮੁਸਲਿਮ, ਦਿਹਾਤੀ)

ਸਹਾਇਕ ਪੁਸਤਕ-ਸੂਚੀ

ਅਬਿਸਾਬ, ਆਰ., ਕਨਵਰਟਿੰਗ ਪਰਸਿਆ: ਰਿਲਿਜੀਅਨ ਐਂਡ ਪੋਲਿਟਿਕਸ ਇਨ ਦ ਸਫਾਵਿੱਧ ਏਮਪਾਅਰ, ਲੰਡਨ: ਆਈ.ਬੀ.ਟੈਰੀਸ (2004).

ਅਦੀਬ, ਵਾਈ., ਮੇਰਾ ਸ਼ੇਹਰ ਲਾਹੌਰ, ਲਾਹੌਰ: ਆਤਿਸ਼ ਫ਼ਿਸ਼ਾਂ ਪਬਲਿਕੇਸ਼ੰਸ, (1991).

ਅਫ਼ਜ਼ਲ, ਮੁਹੱਮਦ, ਦਾਸਤਾਨ-ਇ-ਸੰਢਮ, ਇਸਲਾਮਾਬਾਦ: ਚੌਧਰੀ ਮੁਹੱਮਦ ਅਜਮਲ.

ਅਹਿਮਦ, ਸਈਦ,ਗ੍ਰੇਟ ਸੂਫ਼ੀ ਵਿਸਡਮ:ਬੁੱਲੇ ਸ਼ਾਹ, ਇਸਲਾਮਾਬਾਦ: ਸਈਦ ਅਹਿਮਦ,(2004).

ਅਹਿਮਦ, ਇਸ਼ਤਿਆਕ਼,'ਸਿੱਖ ਸੇਪਾਰੇਟਿਜਮ ਇਨ ਇੰਡੀਆ ਐਂਡ ਦੀ ਕਨਸੇਪਟ ਔਫ ਖਾਲਿਸਤਾਨ',ਕੇ.ਆਰ.ਹੇਲਕਵਿਸਟ, ਐਨ.ਆਈ.ਏ.ਐਸ ਰਿਪੋਰਟ 1990,(ਵਿੱਚ),ਕੁਪੇਨਹੇਗਨ: ਨੋਰਡੀਕ ਇਨਸਟੀਚਯੂਟ ਔਫ ਐਸੀਅਨ ਇਸਟਡੀਸ.

ਅਹਿਮਦ, ਇਸ਼ਤਿਆਕ਼, ਸਟੇਟ, ਨੇਸ਼ਨ ਐਂਡ ਏਥਨਿਸਿਟੀ ਇਨ ਕਨਟੇਮਪੋਰੇਰੀ ਸਾਉਥ ਏਸੀਆ, ਲੰਡਨ ਐਂਡ ਨਿਊ ਯੋਰਕ: ਪਿੰਟਰ, (1996,1998).

ਅਹਿਮਦ, ਇਸ਼ਤਿਆਕ਼, 'ਦੀ 1947 ਪਾਰਟੀਸ਼ਨ ਔਫ ਪੰਜਾਬ: ਆਰਗੁਮੇਂਟਸ ਪੁਟ ਫੋਰਥ ਬੀਫੋਰ ਦ ਪੰਜਾਬ ਬਾਉਂਡਰੀ ਕਮੀਸ਼ਨ ਬਾਈ ਦ ਪਾਰਟੀਸ ਇਨਵੈਲਵਡ', ਇਅਨ ਟੈਲਬੱਟ ਅਤੇ ਗੁਰਹਰਪਾਲ ਸਿੰਘ (ਏਡੀ) ਰੀਜੀਅਨ ਐਂਡ ਪਾਰਟੀਸ਼ਨ: ਬੇਂਗੱਾਲ, ਪੰਜਾਬ ਐਂਡ ਦ ਪਾਰਟੀਸ਼ਨ ਔਫ ਦ ਸਬ-ਕੈਂਟੀਨੈਂਟ, (ਵਿੱਚ) ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1999).

ਅਹਿਮਦ, ਇਸ਼ਤਿਆਕ਼,'ਲੇਟ ਅਸ ਨੈਟ ਫੈਰਗੇਟ ਜਲਿਆਂਵਾਲਾ ਬਾਘ', ਡੇਲੀ ਟਾਇਮਸ, ਲਾਹੌਰ (13 ਅਪ੍ਰੈਲ 2003).

ਅਹਿਮਦ, ਇਸ਼ਤਿਆਕ਼, 'ਦੀ ਲਾਹੌਰ ਇੱਫੇਕਟ', ਸੇਮੀਨਾਰ, ਨੰਬਰ 567, ਨਵੰਬਰ, ਨਿਊ ਦੇਲਹੀ, (2006).

ਅਕਬਰ, ਐਮ.ਜੇ.,ਇੰਡੀਆ: ਦੀ ਸੀਜ ਵਿਦਿਨ, ਹਾਰਮੋਨਡਸਵਰਥ:ਪੇਨਗੁਇਨ ਬੁਕਸ,(1985).

ਅਲਹਕ, ਸ਼ੂਜਾ,ਏ ਫੈਰਗੈਂਟੇਨ ਵਿਜਨ: ਏ ਸਟਡੀ ਔਫ ਹਯੂਮਨ ਇਸਪਿਰਿਚਯੂਏਲਿਟੀ ਇਨ ਦੀ ਲਾਈਟ ਔਫ ਦ ਇਸਲਾਮਿਕ ਟ੍ਰੈਡੀਸ਼ਨ, ਚਿਪੇਨਹਮ,ਵਿਲਟਸ਼ਾਇਰ:ਮਿਨਰਵਾ ਬੂਕਸ,(1996).

ਅਲੀ, ਚੌਧਰੀ ਮੁਹੱਮਦ, ਦੀ ਇਮਰਜੇਂਸ ਔਫ ਪਾਕਿਸਤਾਨ, ਲਾਹੌਰ: ਰਿਸਰਚ ਸੋਸਾਇਟੀ ਔਫ ਪਾਕਿਸਤਾਨ, (1998).

ਅਲੀ, ਇਕਰਮ, ਹਿਸਟਰੀ ਔਫ ਦੀ ਪੰਜਾਬ (1799-1947),ਦੇਲਹੀ:ਲੋ ਪ੍ਰਾਇਸ ਪਬਲਿਕੇਸ਼ਨ,(1970).

ਅਲੀ, ਇਮਰਾਨ, ਦੀ ਪੰਜਾਬ ਅੰਡਰ ਇਮਪਿਰਿਅਲਿਜਮ (1885-1947), ਕਰਾਚੀ:ਔਕਸਫੋਰਡ ਯੂਨੀਵਰਸਿਟੀ ਪ੍ਰੈਸ,(1989).

ਅੱਲਾਨਾ,ਜੀ.,ਪਾਕਿਸਤਾਨ ਮੁਵਮੇਂਟ:ਹਿਸਟੋਰਿਕ ਡੀਕਯੁਮੈਂਟਸ, ਲਾਹੌਰ:ਇਸਲਾਮਿਕ ਬੁਕ ਸਰਵਿਸ,(1977).

ਆਨੰਦ, ਸੋਮ, ਲਾਹੌਰ: ਪੋਰਟਰੇਟ ਔਫ ਏ ਲੈਸਟ ਸਿਟੀ, ਲਾਹੌਰ: ਵੈਨਗਾਰਡ ਬੂਕਸ (ਪ੍ਰਾ.) ਲਿ., (1998).

ਅਸ਼ਰਫ਼, ਏ.,ਏਕ ਦਿਲ ਹਜ਼ਾਰ ਦਾਸਤਾਨ, ਲਾਹੌਰ: ਆਤਿਸ਼ ਫ਼ਿਸ਼ਾਂ ਪਬਲਿਕੇਸ਼ੰਸ,(1989).

ਆਜ਼ਾਦ,ਐਮ.ਏ.ਕੇ., ਇੰਡੀਆ ਵਿਨਸ ਫਰੀਡਮ, ਲਾਹੌਰ, ਵੈਨਗਾਰਡ ਬੂਕਸ ਪ੍ਰਾ.ਲਿ.,(1989).

ਅਜ਼ੀਜ਼, ਖ਼ੁਰਸ਼ੀਦ ਕਮਾਲ, ਕੱਮਪਲੀਟ ਵਰਕਸ ਔਫ ਰਹਮਤ ਅਲੀ, ਇਸਲਾਮਾਬਾਦ: ਨੈਸ਼ਨਲ ਕਮੀਸ਼ਨ ਔਨ ਹਿਸਟੋਰਿਕਲ ਐਂਡ ਕਲਚਰਲ ਰਿਸਰਚ,(1978).

ਅਜ਼ੀਜ਼, ਖ਼ੁਰਸ਼ੀਦ ਕਮਾਲ, ਦੀ ਮਰਡਰ ਔਫ ਹਿਸਟਰੀ, ਲਾਹੌਰ: ਵੈਨਗਾਰਡ ਬੂਕਸ, (1993).

ਅਜ਼ੀਜ਼, ਖ਼ੁਰਸ਼ੀਦ ਕਮਾਲ, ਹਿਸਟਰੀ ਔਫ ਪਾਰਟੀਸ਼ਨ ਔਫ ਇੰਡੀਆ, ਵੋਲ. I, ਨਿਊ ਦੇਲਹੀ: ਐਟਲੇਂਟਿਕ ਪਬਲਿਸ਼ਰਸ ਐਂਡ ਡਿਸਟਰੀਬਯੁਟਰਸ, (1995).

ਅਜ਼ੀਜ਼, ਅਬਦੁਲ (ਖ਼ਾਨ ਬਹਾਦੁਰ), 'ਰਿਪੋਰਟ ਮੇਡ ਬਾਈ ਖ਼ਾਨ ਬਹਾਦੁਰ ਅਬਦੁਲ ਅਜ਼ੀਜ਼, ਚੀਫ ਜੱਜ, ਜਿੰਦ ਸਟੇਟ', ਵਿੱਚ ਦੀ ਜਰਨੀ ਟੂ ਪਾਕਿਸਤਾਨ: ਏ ਡੌਕਯੂਮੇਂਟੇਸ਼ਨ ਔਨ ਰਿਫਯੂਜੀਸ ਔਫ 1947, ਇਸਲਾਮਾਬਾਦ: ਨੈਸ਼ਨਲ ਡੌਕਯੂਮੇਂਟੇਸ਼ਨ ਸੇਂਟਰ, (1993).

ਬਕਸ਼ੀ,ਐਸ.ਆਰ.(ਕਮਪਾਇਲਰ), ਦੀ ਮੇਕੀਂਗ ਔਫ ਇੰਡੀਆ ਐਂਡ ਪਾਕਿਸਤਾਨ: ਇਡਿਉਲੋਜੀ ਔਫ ਦ ਹਿੰਦੂ ਮਹਾਸਭਾ ਐਂਡ ਅਦਰ ਪੋਲਿਟਿਕਲ ਪਾਰਟੀਸ, ਵੋਲ.III, ਨਿਊ ਦੇਲਹੀ:ਦੀਪ ਐਂਡ ਦੀਪ ਪਬਲਿਕੇਸ਼ੰਸ,(1997).

ਬਸ਼ੀਰ, ਅਹਿਮਦ, ਦਿਲ ਭਟਕੇਗਾ, ਲਾਹੌਰ: ਫ਼ੀਰੋਜ਼ਸਨਸ, 2003.

ਬਤਾਲਵੀ, ਆਸ਼ਿਕ ਹੁਸੈਨ, ਹਮਾਰੀ ਕੌਮੀ ਜਦੋਜਹਿਦ, ਲਾਹੌਰ: ਪਾਕਿਸਤਾਨ ਟਾਇਮਸ ਪ੍ਰੈਸ,(ਛਪਣ ਦਾ ਸਾਲ ਨਹੀਂ ਦਿੱਤਾ).

ਬੇਲ-ਫਿਅਲਕੈਫ,ਏ.,ਐਥਨਿਕ ਕਲਿਨਸਿੰਗ, ਨਿਊ ਯੋਰਕ:ਸੈਂਟ ਮਾਰਟਿਨਸ ਪ੍ਰੈਸ, (1999).

ਭਾਟੀਆ,ਐਸ.,ਸੋਸ਼ਲ ਚੇਂਜ ਐਂਡ ਪੋਲਿਟਿਕਸ ਇਨ ਪੰਜਾਬ:1898-1910, ਨਿਊ ਦੇਲਹੀ: ਏਨਕੇ ਪਬਲਿਸ਼ਰਸ ਪ੍ਰਾਇਵੇਟ ਲਿਮਿਟੇਡ.(1987).

ਬ੍ਰਾਸ,ਪੱਲ,ਐਥਨਿਸਿਟੀ ਐਂਡ ਨੇਸ਼ਨਲਿਸਮ: ਥਿਐਰੀ ਐਂਡ ਪ੍ਰੈਕਟਿਸ, ਨਿਊ ਦੇਲਹੀ: ਸੇਜ ਪਬਲਿਕੇਸਨਸ, (1991).

ਬ੍ਰਾਸ,ਪੱਲ, 'ਦੀ ਪਾਰਟੀਸ਼ਨ ਔਫ ਇੰਡੀਆ ਐਂਡ ਰੇਟ੍ਰਿਬੁਟਿਵ ਜੈਨੇਸਾਇਡ ਇਨ ਦ ਪੰਜਾਬ, 1946-47: ਮੀਨਸ, ਮੇਥੋਡਸ ਐਂਡ ਪਰਪਸੇਸ', ਜਰਨਲ ਔਫ ਜੈਨਸਾਇਡ ਰਿਸਰਚ, ਲੰਡਨ: ਟੇਲਰ ਐਂਡ ਫ੍ਰਾਨਸਿਸ, ਕਾਰਟੇਕਸ ਪਬਲਿਸ਼ਿੰਗ (2003).

ਬ੍ਰਾਉਨਿੰਗ, ਸੀ.ਆਰ.,ਦੀ ਪੱ੍ਾਥ ਟੂ ਜੇਨੇਸਾਇਡ,ਕੈਮਬ੍ਰਿਜ:ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ, ਕੈਨਟੋ ਏਡੀਸ਼ਨ,(1993).

ਬਰਕੀ, ਸ਼ਾਹਿਦ ਜਾਵੇਦ, ਪਾਕਿਸਤਾਨ ਅੰਡਰ ਭੁੱਟੋ, 1971-77, ਨਯੂ ਯਾਰਕ : ਸੇਂਟ ਮਾਰਟਿਨਸ ਪ੍ਰੇਸ (1980).

ਬੁਟਾਲਿਆ ਉਰਵਸ਼ੀ, ਦੀ ਅਦਰ ਸਾਇਦ ਅੱ੍ਾਫ ਸਾਇਲੇਂਸ: ਵੋਯਸਸ ਫਰੋਮ ਦ ਪਾਰਟਿਸ਼ਨ ਔਫ ਇੰਡੀਆ, ਨਯੂ ਦੇਲਹੀ: ਪੇਂਗੁਇਨ ਬੁਕਸ (1998).

ਚੰਦ੍ਰਾ, ਪ੍ਰਬੋਧ (ਰਚਯਿਤਾ), ਰੇਪ ਔਫ ਰਾਵਲਪਿੰਡੀ, ਲਾਹੌਰ: 'ਦੀ ਪੰਜਾਬ ਰਾਯੋਟਸ ਸਫਰਰਸ' ਰਿਲੀਫ ਕਮੇਟੀ, (1947).

ਚੌਧਰੀ, ਨਜ਼ੀਰ ਅਹਿਮਦ,ਡੇਵਲੇਪਮੇਂਟ ਔਫ ਉਰਦੂ ਐਸ ਔਫਿਸਿਅਲ ਲੈਂਗਵੇਜ ਇਨ ਦੀ ਪੰਜਾਬ(1849-1974), ਲਾਹੌਰ: ਗੌਵਰਨਮੇਂਟ ਔਫ ਦ ਪੰਜਾਬ,(1977).

ਚਾਕ.ਐਫ.,ਐਂਡ ਜੋਨਾਸੇਨ,ਕੇ.,ਦੀ ਹਿਸਟਰੀ ਐਂਡ ਸੋਸਿਐਲੋਗੀ ਔਫ ਜੇਨੇਸਾਇਡ: ਐਨਾਲਿਸਿਸ ਐਂਡ ਕੇਸ ਸਟਡੀਸ, ਨਿਊ ਹੇਵਨ ਐਂਡ ਲੰਡਨ: ਮੇਨਟਿਰਅਲ ਇਨਸਟਿਚਯੁਟ ਔਫ ਜੇਨੇਸਾਇਡ ਸਟਡੀਸ ਐਂਡ ਯੇਲ ਯੂਨੀਵਰਸਿਟੀ ਪ੍ਰੈਸ, (1990).

ਚੁਘਤਾਈ, ਹਕੀਮ ਮੁਹਮੱਦ ਤਾਰਿਕ ਮੇਹਮੁਦ ਅਬਕਾਰੀ ਮੁਜਾਦੀਦੀ (ਕਮਪਾਇਲਰ ਐਨਡ ਐਡੀਟਰ) , 1947 ਕੇ ਮੁਜ਼ਾਲਿਮ ਕੀ ਕਹਾਨੀ ਖੁਦ ਮੁਜ਼ਲੁਮੇਂ ਕੀ ਜ਼ੁਬਾਨੀ, ਲਾਹੌਰ: ਇਲਮ-ਐ-ਰਿਰਫਾਨ ਪਬਲਿਸ਼ਰਸ (2003).

ਕੈਲਿਨਸ, ਲੈਰੀ ਅਤੇ ਲੇਪੀਅਰ ਡੋਮੀਨਿਕ, ਫ੍ਰੀਡਮ ਐਟ ਮਿਡਨਾਇਟ, ਨਿਊ ਯੋਰਕ: ਏਵੇਨ ਬੁਕਸ, (1975).

ਕੋਨੇਰ,ਡਬਲੁ.,ਐਥਨੇਨੈਸ਼ਨਲਿਜਮ: ਦੀ ਕਵੇਸਟ ਫੋਰ ਅੰਡਰਸਟੈਂਡਿਗ, ਪ੍ਰਿੰਸਟਾਉਨ: ਪ੍ਰਿੰਸਟਾਉਨ ਯੂਨੀਵਰਸਿਟੀ ਪ੍ਰੇਸ(1994).

ਡਾਰਲਿੰਗ,ਐਮ.ਐਲ.,ਦੀ ਪੰਜਾਬ ਪੀਜੇਂਟ ਇਨ ਪ੍ਰੋਸਪਰਿਟੀ ਐਂਡ ਡੇਟ, ਨਿਊ ਦੇਲਹੀ: ਮਨੋਹਰ ਬੁਕ ਸਰਵਿਸ,(1978).

ਫਰਕੁਹਰ,ਜੇ.ਐਨ.,ਮੋਡਰਨ ਰਿਲਿਜਿਅਸ ਮੂਵਮੇਂਟਸ ਇਨ ਇੰਡੀਆ, ਦੇਲਹੀ: ਮੁੰਸ਼ੀਰਾਮ ਮਨੋਹਰਲਾਲ,(1967).

ਗਰਦੇਜ਼ੀ,ਐਚ.ਏਨ.,ਚੇਨਸ ਟੂ ਲੂਜ, ਲਾਇਫ ਇਸਟਰਗਲਸ ਔਫ ਏ ਰਿਵੋਲਯੁਸ਼ਨਰ:ਮੇਮੋਅਰਸ ਔਫ ਦਾਦਾ ਅਮੀਰ ਹੈਦਰ ਖ਼ਾਨ, ਨਿਊ ਦੇਲਹੀ:ਪੇਟ੍ਰੋਏਟ ਪਬਲਿਸ਼ਰਸ,(1989).

ਗੀਰਟਜ਼,ਸੀ.,ਉਲਡ ਸੋਸਾਇਟੀਸ ਐਂਡ ਨਿਊ ਇਸਟੇਟਸ, ਨਿਊ ਯੋਰਕ: ਦੀ ਫ੍ਰੀ ਪ੍ਰੈਸ, 1963.

ਰਾਬਰਟ ਜੀਲੇਟਲੀ ਅਤੇ ਬੇਨ ਕੀਅਰਨਨ, ਦੀ ਇਸਪੇਕਟਰ ਔਫ ਜੈਨੇਸਾਇਡ: ਮਾਸ ਮਰਡਰ ਇਨ ਹਿਸਟੋਰੀਕਲ ਪਰਸਪੇਕਟਿਵ, ਕੈਮਬ੍ਰਿਜ:ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ,(2003).

ਗਿਲਮਾਰਟਿਨ, ਡੇਵਿਡ, ਏਮਪਾਇਰ ਐਂਡ ਇਸਲਾਮ : ਪੰਜਾਬ ਐਂਡ ਦੀ ਮੇਕਿਂਗ ਔਫ ਪਾਕਿਸਤਾਨ, ਦੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(1989).

ਗੋਪਾਲ,ਐਮ.,ਸਰ ਛੋਟੂ ਰਾਮ: ਏ ਪੋਲਿਟਿਕਲ ਬਾਇਐਗ੍ਰਾਫੀ, ਨਿਊ ਦੇਲਹੀ:ਬੀ.ਆਰ ਪਬਲਿਕੇਸ਼ਨਸ,(1988).

ਗੁਜਰਾਲ, ਇੰਦਰ ਕੁਮਾਰ, ਮੈਟਰਸ ਔਫ ਡਿਸਕ੍ਰਿਸ਼ਨ: ਏਨ ਆਟੋਬਾਇਐਗ੍ਰਾਫੀ, ਨਿਊ ਦੇਲਹੀ, ਹੇ ਹਾਉਸ ਇੰਡੀਆ, (2011).

ਗਟਮੈਨ,ਆਰ, ਏ ਵਿਟਨੇਸ ਟੂ ਜੈਨੇਸਾਇਡ, ਸ਼ੈਫਟਸਬਰਗ,ਡੋਰਸੇਟ:ਏਲਿਮੇਂਟ ਬੁਕ,(1993).

ਹਮੀਦ, ਸ਼ਾਹਿਦ (ਮੇ.ਜ.ਰਿਟਾ.), ਡਿਸਆਸਟਰਸ ਟਵੀਲਾਇਟ, ਲੰਡਨ: ਲੀ ਕੁਪਰ, (1986).

ਹੈਨਸੇਨ, ਐਨਡਰਸ ਬਯੋਨ, ਪਾਰਟਿਸ਼ਨ ਐਂਡ ਜੈਨੇਸਾਇਡ:ਮੇਨਿਫੇਸਟੇਸ਼ਨ ਔਫ ਵਾਇਲੇਂਸ ਇਨ ਪੰਜਾਬ 1937-1947, ਨਿਊ ਦੇਲਹੀ: ਇੰਡੀਆ ਰਿਸਰਚ ਪ੍ਰੈਸ,(2002).

ਹਸਨ, ਮੁਸ਼ੀਰੁਲ, ਇੰਡੀਆ ਪਾਰਟਿਸ਼ਨਡ: ਦੀ ਅਦਰ ਫੇਸ ਔਫ ਫ੍ਰੀਡਮ, ਵੋਲ.II, ਨਿਊ ਦੇਲਹੀ: ਲੋਟਸ ਚਲੇਕਸ਼ਨ, ਰੋਲੀ ਬੁਕਸ, (1995).

ਹੌਬਸ,ਟੀ.,ਲੇਵਿਆਥਨ,ਲੰਡਨ:ਪੇਂਗੁਇਨ ਕਲਾਸਿੱਖਸ,(1985).

ਹੁਸੈਨ, ਆਜ਼ੀਮ, ਮਿਆਂ ਫ਼ਜ਼ਲ-e-ਹੁਸੈਨ: ਗਲੀਮਪਸੇਸ ਔਫ ਲਾਈਫ ਐਂਡ ਵਰਕਸ 1898-1936, ਲਾਹੌਰ:ਸੰਗ-ਏ-ਮੀਲ ਪਬਲਿਕੇਸ਼ਨਸ ,(ਛਪਣ ਦਾ ਸਾਲ ਨਹੀਂ ਦਿੱਤਾ).

ਹੁਸੈਨ, ਸਈਦ ਵਜਾਹਤ (ਮੇਜਰ ਜਨਰਲ), ਮੇਮੋਰੀਜ ਔਫ ਏ ਸੋਲਜਰ ਬਿਫੋਰ, ਡਿਯੂਰਿੰਂਗ,ਆਫਟਰ, ਲਾਹੌਰ: ਫ਼ਿਰੋਜ਼ਸਨਸ (ਪ੍ਰਾ.) ਲਿ. (2010).

ਇੰਬੇਟਸਨ,ਐਸ.ਡੀ.,ਪੰਜਾਬ ਕਾਸਟਸ, ਲਾਹੌਰ: ਸੰਗ-ਏ-ਮੀਲ਼ ਪਬਲਿਕੇਸ਼ਨਸ,(1994).

ਇਫ਼ਤਿਖਾਰ, ਖਵਾਜਾ, ਜਬ ਅਮ੍ਰਿਤਸਰ ਜਲ ਰਹਾ ਥਾ, ਲਾਹੌਰ: ਖਵਾਜਾ ਪਬਲਿਸ਼ਰਸ,(1991).

ਜ਼ਲਾਲ, ਆਇਸ਼ਾ, ਦੀ ਸੋਲ ਸਪੋਕਸਮੈਨ, ਕੈਂਬਰਿਜ:ਕੈਂਬਰਿਜ ਯੂਨੀਵਰਸਿਟੀ ਪ੍ਰੈਸ,(1985).

ਜੇਟਲੀ ਰਾਜਸ਼੍ਰੀ, ਪਾਕਿਸਤਾਨ ਇਨ ਰਿਜਿਅਨਲ ਐਂਡ ਗਲੋਬਲ ਪੌਲਿਟਿਕਸ, ਲੰਡਨ ,ਨਿਊ ਯੋਰਕ, ਨਿਊ ਦੇਲਹੀ: ਰੁਟਲੇਜ (2009).

ਜੋਨਾੱਸੋਨ,ਕੇ., ਐਂਡ ਬਯੋਨਸਨ, ਕੇ.ਐਸ., ਜੈਨੇਸਾਇਡ ਐਂਡ ਗ੍ਰੈਸ ਹੁਮਨ ਵਾਯੋਲੇਸ਼ਨਸ, ਨਿਊ ਬਰੁਨਸਵਿਕ ਐਂਡ ਲੰਡਨ: ਟ੍ਰਾਨਸੇਕਸਨ ਪਬਲਿਸ਼ਰਸ,(1999).

ਜੋਨਸ,ਕੇ.ਡਬਲ੍ਯੂ.,ਆਰਿਆ ਧਰਮ:ਹਿੰਦੂ ਕਨਸਿਅਸਨੇਸ ਇਨ 19ਥ-ਸੇਂਚੁਰੀ ਪੰਜਾਬ, ਦੇਲਹੀ: ਮਨੋਹਰ,(1989a).

ਜੋਨਸ,ਕੇ,ਡਬਲ੍ਯੂ., ਦੀ ਨਿਊ ਕੈਂਬਰਿਜ ਹਿਸਟਰੀ ਔਫ ਇੰਡੀਆ: ਸੋਸਿਉ-ਰਿਲਿਜੀਅਸ ਰਿਫੋਰਮ ਮੁਵਮੇਂਟ ਇਨ ਬ੍ਰਿਟਿਸ਼ ਇੰਡੀਆ, ਕੈਂਬਰਿਜ :ਕੈਂਬਰਿਜ ਯੂਨੀਵਰਸਿਟੀ ਪ੍ਰੈਸ,(1989b).

ਜੋਨਸਨ, ਜੀ., ਇਸਟ ਟਿਮਰ:ਨੇਸ਼ਨ ਬਿਲਡਿੰਗ ਇਨ ਦ 21ਸਟ ਸੇਂਚੁਰੀ, ਸਟੋਕਹੋਮ:ਸੇਂਟਰ ਫੋਰ ਪੈਸਿਫਿਕ ਐਸਿਅਨ ਸਟਡੀਸ,(2003).

ਜੋਸ਼, ਭਗਵਾਨ, ਕਮਊਨਿਸਟ ਮੁਵਮੇਂਟ ਇਨ ਪੰਜਾਬ(1926-47),ਦੇਲਹੀ:ਅਨੂਪਮਾ ਪਬਲਿਕੇਸ਼ੰਸ,(1979).

ਖ਼ਾਨ, ਫ਼ਜ਼ਲ ਮੁਕੀਮ (ਮੇਜਰ ਜਨਰਲ), ਦੀ ਸਟੋਰੀ ਔਫ ਦ ਪਾਕਿਸਤਾਨ ਆਰਮੀ, ਕਰਾਚੀ, ਲਾਹੌਰ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, (1963).

ਕੋਹਲੀ,ਐਸ.ਐਸ., ਦੀ ਲਾਇਫ ਐਂਡ ਆਇਡਿਅਲਸ ਔਫ ਗੁਰੂ ਗੋਬਿੰਦ ਸਿੰਘ, ਦੇਲਹੀ: ਮੁੰਸ਼ੀਰਾਮ ਮਨੋਹਰਲਾਲ,(1986).

ਕੇਲਸ,ਜੇ.ਜੀ, ਦੀ ਪੌਲਿਟਿਕਸ ਔਫ ਨੈਸ਼ਨਲਿਜਮ ਐਂਡ ਐਥਨਿਸਿਟੀ, ਨਿਊ ਯੋਰਕ:ਸੇਂਟ ਮਾਰਟਿਨਸ ਪ੍ਰੈਸ,(1998).

ਕੇਚਮਾਨੇਵਿੱਚ,ਡੀ, ਦੀ ਮਾਸ ਸਾਇੱਕੋਲੋਗੀ ਔਫ ਐਥਨੇਨੈਸ਼ਨਲਿਜਮ, ਨਿਊ ਯੋਰਕ ਐਂਡ ਲੰਡਨ:ਪਲੇਨਿਅਮ ਪ੍ਰੈਸ,(1996).

ਖ਼ਾਨ, ਮੁਹੱਮਦ ਅਯੂਬ, ਤਾਰੀਖ-ਇ-ਪਾਕਿਸਤਾਨ ਔਰ ਜਲੰਧਰ, ਲਾਹੌਰ: ਅਸਤਏਅਰ (2002).

ਖੋਸਲਾ, ਜੀ.ਡੀ.,(ਪਹਿਲੀ ਵਾਰ 1949 ਤੇ ਪ੍ਰਕਾਸ਼ਤ), ਸਟਰਨ ਰੇਕੋਨਿੰਗ: ਏ ਸਰਵੇ ਔਫ ਦੀ ਇਵੇਂਟਸ ਲੀਡੀਂਗ ਅਪ ਟੂ ਐਂਡ ਫੈਲੋਵਿੰਗ ਦ ਪਾਰਟਿਸ਼ਨ ਔਫ ਇੰਡੀਆ, ਨਿਊ ਦੇਲਹੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(1989, ਪਹਿਲੀ ਵਾਰ 1949 ਤੇ ਪ੍ਰਕਾਸ਼ਤ).

ਕੁਪੱਰ,ਐਲ., ਜੈਨੇਸਾਇਡ,ਨਿਊ ਹੇਵਨ ਐਂਡ ਲੰਡਨ:ਯੇਲ ਯੂਨੀਵਰਸਿਟੀ ਪ੍ਰੈਸ,(1982).

ਲਾਹੌਰੀ, ਤਾਹਿਰ, ਸੋਹਣਾ ਸ਼ੇਹਰ ਲਾਹੌਰ, ਲਾਹੌਰ: ਸੰਗ-ਏ-ਮੀਲ਼ ਪਬਲਿਕੇਸ਼ਨਸ,(1994).

ਲੇਕ,ਡੀ.ਐ. ਐਂਡ ਰੌਢਸਚਾਇਲਡ.ਡੀ., ਦੀ ਇੰਟਰਨੇਸ਼ਨਲ ਸਪਰੇਡ ਔਫ ਐਥਨਿਕ ਕਨਫਲਿਕਟ, ਪ੍ਰਿੰਸਟਾਉਨ:ਪ੍ਰਿੰਸਟਾਉਨ ਯੂਨੀਵਰਸਿਟੀ ਪ੍ਰੈਸ,(1998).

ਲੈਂਬ, ਐਲੀਸਟੇਅਰ, ਇਨਕਮਪਲੀਟ ਪਾਰਟੀਸ਼ਨ: ਦੀ ਜਿਨੇਸੀਸ ਔਫ ਦ ਕਸ਼ਮੀਰ ਡਿਸਪਊਟ 1947-1948, ਹਰਟਿੰਗਡੋਰਡਬਰਗ, ਹਰਟਫੋਰਡਸ਼ਾਇਰ: ਰੈਂਕਣਫੋਰਡ ਬੁਕਸ, (1997)

ਲੈਂਗ,ਬੀ.,ਐਕਟ ਐਂਡ ਆਇਡਿਆ ਇਨ ਦ ਨਾਤਸੀ ਜੈਨਸਾਇਡ, ਸਿਰਾਕਯੂਜ: ਸਿਰਾਕਯੂਜ ਯੂਨੀਵਰਸਿਟੀ ਪ੍ਰੈਸ,(2003).

ਲੇਹ,ਐਮ.ਐਸ., ਦੀ ਪੰਜਾਬ ਐਂਡ ਦ ਵਾਰ, ਲਾਹੌਰ: ਗੌਵਰਨਮੇਂਟ ਪ੍ਰਿੰਂਰਟਿੰਗ ਪ੍ਰੇਸ,(1922).

ਮੈਨੀ, ਤ੍ਰਿਦਿਵੇਸ਼ ਸਿੰਘ, ਸਾਉਥ ਏਸੀਅਨ ਕੋਉਪਰੇਸ਼ਨ ਐਂਡ ਦੀ ਰੋਲ ਔਫ ਦ ਟੂ ਪੰਜਾਬਸ, ਨਿਊ ਦੇਲਹੀ, ਸਿਧਾਰਥ ਪਬਲਿਕੇਸ਼ਨਸ (2007).

ਮਲਹੋਤ੍ਰਾ, ਦੀਨਾ ਨਾਥ, ਡੇਅਰ ਟੂ ਪਬਲਿਸ਼, ਨਿਊ ਦੇਲਹੀ,(2004).

ਮਲਿਕ,ਐਮ.ਏ., ਦੀ ਮੇਕਿੰਗ ਔਫ ਦ ਪਾਕਿਸਤਾਨ ਰੇਜੋਲਯੂਸ਼ਨ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(2001).

ਮੈਂਨ,ਐਮ.ਦੀ ਡਾਰਕ ਸਾਇਡ ਔਫ ਡੈਮੋਕਰੇਸੀ: ਏਕਸਪਲੇਨਿੰਗ ਐਥਨਿਕ ਕਲੀਨਸਿੰਗ, ਕੈਮਬ੍ਰਿਜ:ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ,(2005).

ਮੇਲਸਨ, ਆਰ.,ਰੇਵੋਲਯੂਸ਼ਨ ਐਂਡ ਜੈਨੇਸਾਇਡ:ਐਨ ਦ ਔਰਿਜਿਨਸ ਔਫ ਦ ਅਰਮੇਨਿਅਨ ਜੈਨੇਸਾਇਡ ਐਂਡ ਦ ਹੋਲੋਕਾਸਟ, ਇਲੀਨੋਇ:ਯੂਨੀਵਰਸਿਟੀ ਔਫ ਸਿੱਖਾਗੋ ਪ੍ਰੈਸ,(1992).

ਮੇਨਨ ਰੀਤੂ ਐਂਡ ਭਸੀਨ ਕਮਲਾ, ਬੋਰਡਰਸ ਐਂਡ ਬਾਉਨਡ੍ਰੀਸ : ਵੀਮੇਨ ਇਨ ਇੰਡੀਆਸ ਪਾਰਟੀਸ਼ਨ ,ਨਯੂ ਦੇਲਹੀ:ਕਾਲੀ ਡੋਰ ਵੀਮੇਨ (1998).
ਮਿਤੱਲ. ਜੀ., ਲਾਹੌਰ ਕਾ ਜੋ ਜ਼ਿਕਰ ਕਿਆ: ਆਪ ਬੀਤੀ, ਲਾਹੌਰ: ਬੂਕ ਹੋਮ, (2003).
ਮੂਨ, ਪੇਂਡਰਲ, ਡਿਵਾਇਡ ਐਂਡ ਕਵੀਟ: ਨਿਊ ਦੇਲਹੀ: ਆਕਸਫੋਰਡ ਯੂਨਿਵਰਸੀਟੀ ਪ੍ਰੇਸ, (1998).
ਮੁਨੀਰ, ਮੁਹੱਮਦ, ਫ੍ਰੈਮ ਜਿਨਾਹ ਟੂ ਜ਼ਿਆ, ਲਾਹੌਰ: ਵੈਨਗਾਰਡ ਬੂਕਸ ਪ੍ਰਾਇਵੇਟ ਲਿਮਿਟੇਡ, (1980).
ਨਗੀਨਾ,ਜੈਡ.ਆਈ.,ਘਾਜ਼ੀ ਇਲਮ ਦੀਨ ਸ਼ਹੀਦ, ਲਾਹੌਰ:ਜੰਗ ਪਬਲਿਸ਼ਰਸ ਪ੍ਰੈਸ,(1988).
ਨਈਮਾਰਕ,ਐਨ.ਐਮ.,ਫਾਇਅਰਸ ਔਫ ਹੇਟਰੇਡ:ਐਥਨਿਕ ਕਲਿਨਸਿੰਗ ਇਨ ਦ ਟਵੇਨਟਿਏਥ ਸੇਨਚੁਰੀ ਯੁਰੋਪ, ਕੈਮਬ੍ਰਿਜ ਮਾਸ.,ਲੰਡਨ:ਹਾਰਵਾਰਡ ਯੂਨੀਵਰਸਿਟੀ ਪ੍ਰੈਸ,(2001).
ਨੇਵਿਲ, ਪ੍ਰਾਨ, ਲਾਹੌਰ: ਏ ਸੇਂਟੀਮੇਂਟਲ ਜਰਨੀ, ਦੇਲਹੀ ਐਂਡ ਕਰਾਚੀ: ਐਲਾਇਡ ਪਬਲਿਸ਼ਰਸ ਲਿਮਿਟੇਡ, (1993).
ਪਾਂਡੇ, ਗਿਆਨੇਨਦ੍ਰ, ਰਿਮੇਮਬਰੀਂਗ ਪਾਰਟੀਸ਼ਨ, ਕੈਂਬਰਿਜ, ਕੈਮਬੀ੍ਰਗ ਯੂਨੀਵਰਸਿਟੀ ਪ੍ਰੈਸ, (2001).
ਪੀਰਜ਼ਾਦਾ, ਸਈਦ ਸ਼ਰੀਫੁਦੀਨ(ਏਡ.),ਫਾਉਨਡੇਸ਼ਨਸ ਔਫ ਪਾਕਿਸਤਾਨ:ਆਲ-ਇੰਡੀਆ ਮੁਸਲਿਮ ਲੀਗ ਡੌਕਯੁਮੇਂਟਸ,1906-1947, ਵੋਲ.II,ਕਰਾਚੀ:ਨੈਸ਼ਨਲ ਪਬਲਿਸ਼ਿੰਗ ਹਾਉਸ ਲਿ.,(1970).
ਰਸ਼ੀਦ,ਰਾਉ, ਜੋ ਮੈਨੇ ਦੇਖਾ: ਪਾਕਿਸਤਾਨ ਸਿਆਸਤ ਔਰ ਹੁਕੂਮਰਾਨੀ ਕੀ ਹਕੀਕਤ, ਲਾਹੌਰ: ਜਮਹੂਰੀ ਪਬਲਿਕੇਸ਼ਨਸ(2010).
ਰਾਬੱਰਟ, ਐਨਡਰੀਯੁ, ਐਮੀਨੇਂਟ ਚਰਚੀਲਿਅੰਸ, ਲੰਡਨ : ਫਿਨਿਕਸ (1995).
ਸਲੀਮ, ਅਹਿਮਦ (ਇਡ), ਲਾਹੌਰ 1947, ਲਾਹੌਰ: ਸੰਗ-ਏ-ਮੀਲ ਪਬਲਿਕੇਸ਼ਨਸ (2003).
ਸੀਰਵਾਈ,ਐਚ.ਐਮ.,ਪਾਰਟੀਸ਼ਨ ਔਫ ਇੰਡੀਆ: ਲੀਜੇਂਡ ਐਂਡ ਰਿਐਲਿਟੀ, ਬੋਮਬੇ:ਇਮਾਨੇਮ ਪਬਲਿਕੇਸ਼ੰਸ,(1989).
ਸ਼ਾਹਨਵਾਜ਼, ਜਹਾਂ ਆਰਾ, 'ਫਾਦਰ ਐਂਡ ਡਾਹਟਰ: ਤੇ ਪੌਲਿਟਿਕਲ ਔਟੋਬਾਇਉਗ੍ਰਾਫੀ ' ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(2002).
ਸ਼ੀਲਸ, ਈ. 'ਪ੍ਰਿਮੋਰਡਿਅਲ, ਪਰਸਨਲ, ਸੈਕਰੇਡ ਐਂਡ ਸਿਵਿਲ ਟਾਇਜ', ਵਿੱਚ ਬ੍ਰਿਟਿਸ਼ ਜਰਨਲ ਔਫ ਸੋਸ਼ਲੈਜੀ, (1975).
ਸਿੰਘ, ਅਮਰੀਕ (ਏਡ.), ਦੀ ਪਾਰਟੀਸ਼ਨ ਇਨ ਰੇਟ੍ਰੋਸਪੇਕਟ, ਦੇਲਹੀ: ਅਨਾਮਿਕਾ ਪਬਲਿਸ਼ਰਸ ਫ਼ ਡਿਸਟ੍ਰਿਬਯੂਟਰਸ (ਪ੍ਰਾ) ਲਿ., (2000).
ਸਿੰਘ, ਜੀ., ਰਿਲਿਜੀਅਨ ਐਂਡ ਪੌਲਿਟਿਕਸ ਇਨ ਦੀ ਪੰਜਾਬ, ਨਿਊ ਦੇਲਹੀ, ਦੀਪ ਐਂਡ ਦੀਪ ਪਬਲਿਕੇਸ਼ਨਸ,(1986).
ਸਿੰਘ ਹਰਬੰਸ ਅਤੇ ਐਨ.ਜੇਰਲਡ ਬੇਰਿਅਰ (ਏਡ), ਪੰਜਾਬ ਪਾਸਟ ਐਂਡ ਪ੍ਰੇਸੇਂਟ: ਏਸੇਜ ਇਨ ਔਨਰ ਔਫ ਡਾ.ਗੰਡਾ ਸਿੰਘ, ਪਟਿਆਲਾ: ਪੰਜਾਬ ਯੁਨਿਬਰਸਿਟੀ ,(1976).
ਸਿੰਘ, ਖੁਸ਼ਵੰਤ, ਏ ਹਿਸਟਰੀ ਔਫ ਦੀ ਸਿੱਖਸ, ਵੋਲ. ੀ,1469-1839, ਪਿੰ੍ਰਸਟਾਉਨ: ਪਿੰ੍ਰਸਟਾਉਨ ਪਿੰਟਿੰਗ ਪ੍ਰੈਸ,(1963).
ਸਿੰਘ, ਖੁਸ਼ਵੰਤ, ਏ ਹਿਸਟਰੀ ਔਫ ਦੀ ਸਿੱਖਸ, ਵੋਲ. ੀ,1839-1964, ਪਿੰ੍ਰਸਟਾਉਨ: ਪਿੰ੍ਰਸਟਾਉਨ ਪਿੰਟਿੰਗ ਪ੍ਰੈਸ,(1966).
ਸਿੰਘ, ਖੁਸ਼ਵੰਤ, ਰਣਜੀਤ ਸਿੰਘ:ਮਹਾਰਾਜਾ ਔਫ ਦੀ ਪੰਜਾਬ 1780-1839, ਨਿਉ ਦੇਲਹੀ: ਉਰਿਏਂਟ ਲੈਂਗਮੈਨ,(1985).
ਸਿੰਘ, ਖੁਸ਼ਵੰਤ, ਟਰੁਥ, ਲਵ ਐਂਡ ਏ ਲਿੱਟਲ ਮੇਲਿਸ, ਨਿਊ ਦੇਲਹੀ: ਵਾਇਕਿੰਗ,(2002).
ਸਿੰਘ, ਕਿਰਪਾਲ, ਦੀ ਪਾਰਟੀਸ਼ਨ ਔਫ ਪੰਜਾਬ, ਪਟਿਆਲਾ: ਪਟਿਆਲਾ ਯੁਨਿਵਰਸੀਟੀ, (1989).
ਸਿੰਘ, ਕਿਰਪਾਲ (ਏਡ), ਸੇਲੇਕਟ ਡੌਕਯੁਮੇਂਟਸ ਔਨ ਪਾਰਟੀਸ਼ਨ ਔਫ ਪੰਜਾਬ-1947:ਇੰਡੀਅਨ ਐਂਡ ਪਾਕਿਸਤਾਨ, ਪੰਜਾਬ, ਹਰਿਆਨਾ ਅਤੇ ਹਿਮਾਚਲ, ਇੰਡੀਆ ਐਂਡ ਪੰਜਾਬ-ਪਾਕਿਸਤਾਨ, ਦੇਲਹੀ: ਨੈਸ਼ਨਲ ਬੂਕ ਸ਼ੋਪ, (1991).
ਸ਼ਟਿਨਬਰਗ, ਐਸ.,ਦੀ ਐਥਨੀਕ ਮਿਥ: ਰੇਸ,ਐਥਨਿਸਿਟੀ ਐਂਡ ਕਲਾਸ ਇਨ ਅਮੇਰਿਕਾ, ਨਿਉ ਯੋਰਕ:ਐਥੇਨਿਅਮ,(1981).
ਸ਼ਟੇਨ, ਡੈਨ (ਇਡ), ਦੀ ਹਿਸਟੋਰਿਐਗ੍ਰਾਫੀ ਔਫ ਜੇਨੇਸਾਇਡ, ਹਾਉਂਡਸਮਿਲ, ਬੇਸਿੰਗਸਟੋਕ, ਹੈਮਪਸ਼ਾਇਰ, ਪੱਲਗ੍ਰੇਵ ਮੈਕਮਿਲਨ, (2008).
ਤਾਕੀਉੱਦੀਨ, ਹਾਫਿਜ਼, ਤਾਰੀਖ ਕੀ ਅਦਾਲਤ ਮੇਂ, ਗੁਜਰਾਂਵਾਲਾ: ਜੀਨੇ ਦੇ ਪਬਲਿਕੇਸ਼ਨਸ, (1999).
ਤਾਕੀਉੱਦੀਨ, ਹਾਫਿਜ਼, ਪਾਕਿਸਤਾਨ ਕੀ ਸਿਆਸੀ ਜਮਾਤੇਂ ਔਰ ਤੇਹਰੀਕੇਂ, ਲਾਹੌਰ:ਕਲਾਸਿਕ,(2001).
ਟੈਲਬੱਟ, ਇਅਨ, ਖਿਜ਼ਰ ਟਿਵਾਣਾ: ਦੀ ਪੰਜਾਬ ਯੁਨੀਅਨਿਸਸਟ ਪਾਰਟੀ ਐਂਡ ਦ ਪਾਰਟੀਸ਼ਨ ਔਫ ਇੰਡੀਆ, ਰਿਚਮੰਡ, ਸਰੇ: ਕਰਜ਼ਨ,(1996).

ਟੈਲਬੱਟ, ਇਅਨ ਐਂਡ ਸਿੰਘ ਗੁਰਹਰਪਾਲ, ਰਿਜੀਅਨ ਐਂਡ ਪਾਰਟਿਸ਼ਨ: ਬੈਂਗਾਲ, ਪੰਜਾਬ ਐਂਡ ਦ ਪਾਰਟਿਸ਼ਨ ਔਫ ਦ ਸਬ-ਕੌਂਟਿਨੈਨਟ, ਕਰਾਚੀ, ਆਕਸਫ਼ੋਰਡ ਯੂਨਿਵਰਸੀਟੀ ਪ੍ਰੈਸ (1999).

ਟੈਲਬੱਟ, ਇਅਨ ਹੋਰ ਠੰਡੀ ਸ਼ਿੰਡਰ, ਪਿਪਲ ਔਨ ਦ ਮੂਵ: ਪੰਜਾਬੀ ਕੋਲੋਨਿਅਲ, ਐਂਡ ਪੋਸਟ-ਕੋਲੋਨਿਅਲ ਮਾਇਗਰੇਸ਼ਨ, ਕਰਾਚੀ, ਆਕਸਫ਼ੋਰਦਡ ਯੂਨਿਵਰਸੀਟੀ ਪ੍ਰੈਸ (2004).

ਤੱਲਹਾ, ਨੈਰੀਨ, ਇੱਕੋਨੋਮਿਕ ਫੈਕਟਰਸ ਇਨ ਦੀ ਮੇਕਿੰਗ ਔਫ ਪਾਕਿਸਤਾਨ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ,(2000).

ਤਾਲਿਬ, ਐਸ. ਗੁਰਬਚਨ, ਮੁਸਲਿਮ ਲੀਗ ਅਟੈਕ ਔਨ ਸਿੱਖਸ ਐਂਡ ਹਿੰਦੂਸ ਇਨ ਦ ਪੰਜਾਬ 1947, ਨਿਊ ਦੇਲਹੀ: ਵੋਇਸ ਔਫ ਇੰਡੀਆ, (1991, ਪਹਿਲੀ ਵਾਰ 1950 ਤੇ ਪ੍ਰਕਾਸ਼ਤ)

ਟੈਨ, ਟਾਈ ਯੰਗ, ਅਤੇ ਕੁਡੈਸਿਆ, ਜੀ.,ਦੀ ਆਫਟਰਮੈਥ ਔਫ ਪਾਰਟੀਸ਼ਨ ਇਨ ਸਾਉਥ ਐਸੀਆ, ਲੰਡਨ: ਰੁਟਲੇਜ, (2000).

ਟੈਨ, ਟਾਈ ਯੰਗ, ਦੀ ਗੈਰੀਸਨ ਸਟੇਟ: ਦੀ ਮਿਲਿਟਰੀ, ਗਵਰਨਮੇਂਟ ਐਂਡ ਸੋਸਾਇਟੀ ਇਨ ਕੋਲੋਨਿਅਲ ਪੰਜਾਬ, 1849-1947, ਨਿਊ ਦੇਲਹੀ, ਸੇਜ ਪਬਲਿਕੇਸ਼ਨਸ, (2005).

ਤਨਵਰ ਰਘੁਵੇਂਦ੍ਰ, ਰਿਪੋਰਟਿੰਗ ਦ ਪਾਰਟੀਸ਼ਨ ਔਫ ਪੰਜਾਬ: ਪ੍ਰੈਸ, ਪਬਲਿਕ ਐਂਡ ਅਦਰ ਔਪਿਨੀਅਨਸ , ਨਿਊ ਦੇਲਹੀ: ਮਨੋਹਰ, 2006.

ਟੁਕੇਰ, ਸਰ ਫ੍ਰਾਨਸਿਸ, ਵਹਾਇਲ ਮੇਮੋਰੀ ਸਰਵਸ, ਲੰਡਨ: ਕੇਸਲ ਐਂਡ ਕੰਪਨੀ ਲਿਮਿਟੇਡ.(1950).

ਵਲੀ, ਖ਼ਾਨ, ਫੈਕਟਸ ਆਰ ਫੈਕਟਸ: ਦੀ ਅਨਟੋਲਡ ਸਟੋਰੀ ਔਫ ਇੰਡੀਆਸ ਪਾਰਟੀਸ਼ਨ, ਨਿਊ ਦੇਲਹੀ:ਵਿਕਾਸ ਪਬਲਿਸ਼ਿੰਗ ਹਾਉਹ ਪ੍ਰਾ.ਲਿ.(1987).

ਵੱਰਾਇਚ, ਸੁਹੈਲ, ਦੀ ਟ੍ਰੇਟਰ ਵਿਦਿਨ: ਦ ਨਵਾਜ਼ ਸ਼ਰੀਫ ਸਟੋਰੀ ਇਨ ਹਿਜ ਉਨ ਵਰਡਸ, ਲਾਹੌਰ: ਸਾਗਰ ਪਬਲਿਸ਼ਰਸ,(2008).

ਵੇਸਟਰਲੂੰਡ ਡੇਵਿਡ ਅਤੇ ਇੰਗਵਾਰ ਸਵਾਨਬਰਗ, ਇਸਲਾਮ ਆਉਟਸਾਇਡ ਦੀ ਅਰਬ ਵਰਲਡ, ਰਿਚਮੰਡ:ਕਰਜ਼ਨ ਪ੍ਰੈਸ,(1999).

ਵਿਲਿਅਮਸ, ਐਚ, 'ਫ੍ਰੀਲੈਂਸ' ਵਿੱਚ ਟਾਇਮਸ ਲਿਟਰਰੀ ਸਪਲੀਮੇਂਟ, (13 ਫ਼ਰਵਰੀ 2004).

ਵੋਲਪੱਰਟ, ਸਟੇਨਲੀ,ਜਿਨਾਹ ਔਫ ਪਾਕਿਸਤਾਨ, ਕਰਾਚੀ: ਔਕਸਫੋਰਡ ਯੂਨਿਬਰਸਿਟੀ ਪ੍ਰੈਸ,(2002).

ਯੰਗ,ਸੀ.,ਦੀ ਪੋਲਿਟਿਕਸ ਔਫ ਕਲਚਰਲ ਪਲੂਰਲਿਸਮ, ਮੈਡੀਸਨ: ਦੀ ਯੂਨੀਵਰਸਿਟੀ ਔਫ ਵਿਸਕੋਨਸਿਨ ਪ੍ਰੈਸ, (1976)

ਸਰਕਾਰੀ ਦਸਤਾਵੇਜ

ਕਾਰਟਰ, ਲਿਔਨੇਲ (ਏਡ ਅਤੇ ਕਮਪਾਇਲਰ),ਪੰਜਾਬ ਪੋਲਿਟਿਕਸ 1936-1939, ਦੀ ਸਟਾਰਟ ਔਫ ਪ੍ਰੋਵਿਨਸਿਅਲ ਔਟੋਨੋਮੀ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ:ਮਨੋਹਰ, (2004).

ਕਾਰਟਰ, ਲਿਔਨੇਲ (ਏਡ ਅਤੇ ਕਮਪਾਇਲਰ),ਪੰਜਾਬ ਪੋਲਿਟਿਕਸ 1940-1943, ਸਟਰੇਨਸ ਔਫ ਵੱਾਰ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ:ਮਨੋਹਰ, (2005).

ਕਾਰਟਰ, ਲਿਔਨੇਲ (ਏਡ ਅਤੇ ਕਮਪਾਇਲਰ),ਪੰਜਾਬ ਪੋਲਿਟਿਕਸ,1 ਜਨਵਰੀ 1944-3 ਮਾਰਚ 1947,ਲਾਸਟ ਈਅਰਸ ਔਫ ਦ ਮਿਨਿਸਟਰੀਸ: ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਦੇਲਹੀ:ਮਨੋਹਰ, (2006).

ਕਾਰਟਰ, ਲਿਔਨੇਲ (ਏਡ ਅਤੇ ਕਮਪਾਇਲਰ),ਪੰਜਾਬ ਪੋਲਿਟਿਕਸ, 3 ਮਾਰਚ 1947-31 ਮਈ 1947, ਐਟ ਦੀ ਏਬੀਸ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007a).

ਕਾਰਟਰ, ਲਿਔਨੇਲ (ਏਡ ਅਤੇ ਕਮਪਾਇਲਰ), ਪੰਜਾਬ ਪੋਲਿਟਿਕਸ, 1 ਜੂਨ -14 ਅਗਸਤ 1947, ਟ੍ਰੇਜੇਡੀ, ਗਵਰਨਰਸ' ਫੋਰਟਨਾਇਟਲੀ ਰਿਪੋਰਟਸ ਐਂਡ ਅਦਰ ਕੀ ਡੌਕਯੁਮੇਂਟਸ, ਨਿਊ ਦੇਲਹੀ:ਮਨੋਹਰ, (2007b).

ਡਿਸਟਰਬੇਂਸੇਸ ਇਨ ਦੀ ਪੰਜਾਬ, ਇਸਲਾਮਾਬਾਦ: ਨੈਸ਼ਨਲ ਡੌਕਯੂਮੇਂਟੇਸ਼ਨ ਸੇਂਟਰ, (1995).

ਮੈਨਸਰਘ,ਐਨ.ਐਂਡ ਲੁਮਬੀ,ਡਬਲੁ.ਡਬਲੁ.ਆਰ.(ਏਡ), ਦੀ ਟਰਾਨਸਫਰ ਔਫ ਪਾਵਰ 1942-7, ਵੋਲ. I,ਦੀ ਕ੍ਰਿਪਸ ਮਿਸਨ, ਜਨਵਰੀ-ਅਪ੍ਰੈਲ 1942, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1970).

ਮੈਨਸਰਘ,ਐਨ.ਐਂਡ ਲੁਮਬੀ,ਡਬਲੁ.ਡਬਲੁ.ਆਰ.(ਏਡ), ਦੀ ਟਰਾਨਸਫਰ ਔਫ ਪਾਵਰ 1942-7, ਵੋਲ. II, ਕਵੀਟ ਇੰਡੀਆ, 30 ਅਪ੍ਰੈਲ-21 ਸਤੰਬਰ 1942, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1971).

ਮੈਨਸਰਘ,ਐਨ.ਐੱਡ ਲੁਮਬੀ,ਡਬਲੁ.ਡਬਲੁ.ਆਰ.(ਏਡ), ਦੀ ਟਰਾਨਸਫਰ ਔਫ ਪਾਵਰ 1942-7, ਵੋਲ. VI, ਦੀ ਪੋਸਟ ਵਾਰ ਫੋਜ: ਨਿਊ ਮੁਵਜ ਬਾਈ ਦ ਲੇਬਰ ਗਵਰਨਮੇਂਟ, 1 ਅਗਸਤ 1945-22 ਅਪ੍ਰੈਲ 1946, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1976).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ 1942-7, ਵੋਲ. VII, ਦੀ ਕੈਬੀਨੇਟ ਮਿਸ਼ਨ, 23 ਮਾਰਚ-29 ਜੂਨ 1946, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1977).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ 1942-7, ਵੋਲ. VIII, ਦੀ ਇੰਟਰਮ ਗਵਰਨਮੇਂਟ, 3 ਜੁਲਾਈ-1 ਨਵੰਬਰ 1946, ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1979).

ਮੈਨਸਰਘ,ਐਨ. ਅਤੇ ਮੂਨ,ਪੀ.(ਏਡ.), ਦੀ ਟਰਾਨਸਫਰ ਔਫ ਪਾਵਰ, 1942-47, ਵੋਲ. IX, ਦੀ ਫਿਕਿਸਿੰਗ ਔਫ ਏ ਟਾਇਮ ਲਿਮਿਟ, 4 ਨਵੰਬਰ 1946 ਤੋਂ 22 ਮਾਰਚ 1947 ਲੰਡਨ:ਹਰ ਮੇਜੇਸਟੀਸ ਸਟੇਸ਼ਨਰੀ ਔਫੀਸ,(1980).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ਵੋਲ. X, ਦੀ ਮਾਉਂਟਬੇਟਨ ਵਾਇਸਰਾਇਲਟੀ, ਅ ਫੈਰਮੂਲੇਸ਼ਨ ਔਫ ਏ ਪਲਾਨ, 22 ਮਾਰਚ-30 ਮਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1981).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ਵੋਲ. XI, ਦੀ ਮਾਉਂਟਬੇਟਨ ਵਾਇਸਰਾਇਲਟੀ, ਐਨਾਉਂਸਮੇਂਟ ਐੱਡ ਰਿਸੇਪਸ਼ਨ ਔਫ ਦ 3 ਜੂਨ ਪਲਾਨ, 31 ਮਈ-7 ਜੁਲਾਈ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1982).

ਮੈਨਸਰਘ, ਨਿਕੋਲਸ ਅਤੇ ਮੂਨ, ਪੇਂਡੇਰਲ (ਏਡ), ਦੀ ਟਰਾਨਸਫਰ ਔਫ ਪਾਵਰ 1942–7, ਵੋਲ. XII, ਦੀ ਮਾਉਂਟਬੇਟਨ ਵਾਇਸਰਾਇਲਟੀ, ਪ੍ਰਿੰਸੇਸ, ਪਾਰਟੀਸ਼ਨ ਐੱਡ ਇੰਡਿਪੇਨਡੇਂਸ, 8 ਜੁਲਾਈ-15 ਅਗਸਤ 1947, ਲੰਡਨ: ਹਰ ਮੇਜੇਸਟੀਸ ਸਟੇਸ਼ਨਰੀ ਔਫ਼ਿਸ (1983).

ਨੇਟ ਐਨ ਦੀ ਸਿੱਖ ਪਲਾਨ, ਲਾਹੌਰ: ਗਵਰਨਮੇਂਟ ਪ੍ਰਿੰਟਿੰਗ ਪ੍ਰੇਸ, (1948).

ਆਰ.ਐਸ.ਐਸ (ਰਾਸ਼ਟਰੀਯ ਸਵਯਮ ਸੇਵਕ ਸੰਘ) ਇਨ ਦੀ ਪੰਜਾਬ, ਲਾਹੌਰ: ਗੌਵਰਨਮੇਂਟ ਪ੍ਰਿੰਟਿਗ ਪ੍ਰੈਸ, (1948).

ਸਦੁਲਾਹ, ਮਿਆਂ ਮੁਹੱਮਦ (ਕਮਪਾਇਲਰ), ਦੀ ਪਾਰਟੀਸ਼ਨ ਔਫ ਦ ਪੰਜਾਬ 1947, ਵੋਲ. I,II,III and IV,ਔਫਿਸਿਅਲ ਡੈਕਯੁਮੇਂਟਸ, ਲਾਹੌਰ: ਲਾਹੌਰ:ਸੰਗ-ਏ-ਮੀਲ ਪਬਲਿਕੇਸ਼ਨਸ, ਲਾਹੌਰ,(1993).

ਦੀ ਜਰਨੀ ਟੂ ਪਾਕਿਸਤਾਨ: ਐ ਡੈਕਣੂਮੇਂਟੇਸ਼ਨ ਐਨ ਰੇਫਿਯੁਜਿਸ ੋਡ 1947,ਇਸਲਾਮਾਬਾਦ: ਨੈਸ਼ਨਲ ਡੈਕਣੂਮੇਂਟੇਸ਼ਨ ਸੇਂਟਰ,(1993).

ਦੀ ਪੰਜਾਬ ਏਲੀਏਨੇਸ਼ਨ ਔਫ ਲੈਂਡ ਐਕਟ,1901, ਲਾਹੌਰ:ਗਵਰਨਮੇਂਟ ਪ੍ਰਿੰਟਿੰਗ ਪ੍ਰੇਸ,(1901).

ਦੀ ਰਿਪੋਰਟ ਔਫ ਦ ਕੋਰਟ ਔਫ ਇਨਕਵਾਰੀ ਕਨਸਟਿਚਯੁਟੇਡ ਅੰਡਰ ਪੰਜਾਬ ਐਕਟ II ਔਫ 1954 ਟੂ ਇਨਕਵਾਇਰ ਇਨਟੂ ਦ ਪੰਜਾਬ ਡਿਸਟਰਬੇਨਸੇਸ ਔਫ 1953 (ਆਲਸੋ ਨੋਅਨ ਐਸ ਮੁਨੀਰ ਰਿਪੋਰਟ), ਲਾਹੌਰ: ਗਵਰਨਮੇਂਟ ਪ੍ਰਿੰਟਿੰਗ ਪ੍ਰੇਸ,(1954).

ਦੀ ਸਿੱਖਸ ਇਨ ਐਕਸ਼ਨ, ਲਾਹੌਰ: ਗਵਰਨਮੇਂਟ ਪ੍ਰਿੰਟਿੰਗ ਪ੍ਰੇਸ, (1948).

ਮਾਇਕਰੋਫਿਲਮਾਂ

ਫੋਰਟਨਾਇਟਲੀ ਰਿਪੋਰਟਸ ਔਫ ਪੰਜਾਬ ਚੀਫ ਸੇਕ੍ਰੇਟਰੀ ਫੈਰ 1946 (ਵਹੀਚ ਆਲਸੋ ਇਨਕਲੁਡ ਰਿਪੋਰਟਸ ਔਫ ਦੀ ਪੰਜਾਬ ਗਵਰਨਰ) ਇਨ ਦ ਪੋਲਿਟਿਕਲ ਡਿਪਾਰਟਮੇਂਟ ਮਿਸੇਲਿਨਿਅਸ (ਪੋਲਿਟਿਕਲ ਐੱਡ ਜੁਡੀਸੀਅਲ ਰਿਕਾਰਡਸ) ਅੰਡਰ ਦ ਡੇਸੀਗਨੇਸ਼ਨ L/P & J/5/249. ਲੰਡਨ: ਬ੍ਰਿਟਿਸ਼ ਲਾਇਬ੍ਰੇਰੀ.

ਫੋਰਟਨਾਇਟਲੀ ਰਿਪੋਰਟਸ ਔਫ ਪੰਜਾਬ ਚੀਫ ਸੇਕ੍ਰੇਟਰੀ ਫੈਰ 1947 (ਵਹੀਚ ਆਲਸੋ ਇਨਕਲੁਡ ਰਿਪੋਰਟਸ ਔਫ ਦੀ ਪੰਜਾਬ ਗਵਰਨਰ) ਇਨ ਦ ਪੋਲਿਟਿਕਲ ਡਿਪਾਰਟਮੇਂਟ ਮਿਸੇਲਿਨਿਅਸ (ਪੋਲਿਟਿਕਲ ਐੱਡ ਜੁਡੀਸੀਅਲ ਰਿਕਾਰਡਸ) ਅੰਡਰ ਦ ਡੇਸੀਗਨੇਸ਼ਨ IOR L/P & J/5/250. ਲੰਡਨ: ਬ੍ਰਿਟਿਸ਼ ਲਾਇਬ੍ਰੇਰੀ.

ਅਖ਼ਬਾਰਾਂ

ਦੀ ਡੇਲੀ ਟਾਇਮਸ, ਲਾਹੌਰ, 13 ਅਪ੍ਰੈਲ 2007

ਡਾਨ, ਦਿੱਲੀ, 1947

ਦੀ ਪਾਕਿਸਤਾਨ ਟਾਇਮਸ, ਲਾਹੌਰ, 1947

ਟੀ ਟ੍ਰੀਬਯੂਨ, ਲਾਹੌਰ, 1947

ਮਿਲਾਪ, ਲਾਹੌਰ, 1947

ਦਿ ਸਿਵਲ ਐਂਡ ਮਿਲਿਟਰੀ ਗਜ਼ਟ, ਲਾਹੌਰ, 1947

ਜਰਨਲ, ਮੈਗਜੀਨਾਂ ਅਤੇ ਰਿਪੋਰਟਾਂ

ਇਕੋਨੋਮਿਕ ਐਂਡ ਪੋਲਿਟਿਕਲ ਵੀਕਲੀ, Vol. XXXIII, no. 12, 8 ਅਗਸਤ 1998, ਮੁਮਬਈ, (1998)

ਜਰਨਲ ਔਫ ਜੇਨੇਸਾਇਡ ਰਿਸਰਚ, ਲੰਡਨ: ਟੇਲਰ ਐਂਡ ਫ੍ਰਾਂਸਿਸ, ਕਾਰਟੇਕਸ ਪਬਲਿਸ਼ਿੰਗ, (2003)

ਜਰਨਲ ਔਫ ਸਿੱਖ ਸਟਡੀਸ, Vol. XXVII, No. 2, ਅੱਮ੍ਰਿਤਸਰ: ਗੁਰੂ ਨਾਨਕ ਦੇਵ ਯੂਨੀਵਰਸਿਟੀ, (2002).

ਮਿਡਲ ਇਸਟ ਜਰਨਲ, Vol. 4, No.3, ਜੁਲਾਈ, ਵਾਸ਼ਿੰਗਟਨ ਡੀ.ਸੀ. (1950).

ਮੌਡਰਨ ਏਸੀਅਨ ਸਟਡੀਸ, Vol. VIII, No.4, ਕੈਮਬਰੀਜ: ਕੈਮਬਰੀਜ ਯੂਨੀਵਰਸਿਟੀ ਪ੍ਰੈਸ, (1974).

ਮੌਡਰਨ ਸਾਉਥ ਏਸੀਅਨ ਸਟਡੀਸ, Vol. XIII, No.3, ਕੈਮਬਰੀਜ: ਕੈਮਬਰੀਜ ਯੂਨੀਵਰਸਿਟੀ ਪ੍ਰੈਸ, (1979).

ਮੌਡਰਨ ਏਸੀਅਨ ਸਟਡੀਸ, Vol. XXXVI, No.3, ਕੈਮਬਰੀਜ: ਕੈਮਬਰੀਜ ਯੂਨੀਵਰਸਿਟੀ ਪ੍ਰੈਸ, (2002).

NIAS ਰਿਪੋਰਟ1990, ਕੁਪਨਹੇਗਨ: ਨੋਰਡੀਕ ਇਨਸਟੀਚਯੂਟ ਔਫ ਏਸੀਅਨ ਸਟਦੀਸ, (1990).

ਆਉਟਲੂਕ, ਨਿਊ ਦੇਲਹੀ, (28 ਮਈ 1997).

ਦੀ ਕ੍ਰੋਨਿਕਲ ਔਫ ਪਾਕਿਸਤਾਨ, , http://therepublicofrumi.com/chronicle/1947_09.htm (13 ਦਸੰਬਰ 2010 ਨੂੰ ਵੇਖਿਆ).

ਸੇਮੀਨਾਰ, ਨੰ.567, ਨਵੰਬਰ, ਨਿਊ ਦੇਲਹੀ, (2006).

ਦੀ ਸਾਉਥ ਏਸੀਅਨ, http://www.the-south-asian.com/July-Aug2000/Chakwal_memories_4.htm, ਦਿੱਲੀ, (7 ਅਗਸਤ 2000).

ਵਾਰ ਇਨ ਹਿਸਟਰੀ, Vol. XVI. No.4, ਲੰਡਨ: ਸੇਜ ਪਬਲਿਕੇਸ਼ਨਸ, (2009)

ਇੰਟਰਵਿਊਆਂ ਦੀ ਫ਼ਹਿਰੀਸਤ

ਹੇਠ ਇੰਟਰਵਿਊਆਂ ਦੀ ਪੂਰੀ ਫ਼ਹਿਰਿਸ਼ਤ ਪੇਸ਼ ਹੈ ਜੋ ਮੁਖ਼ਤਲਿਫ਼ ਸਾਲਾਂ ਤੇ ਲੀਤੇ ਗਏ.

1990

ਸਿਤਾਰਾ ਬਾਨੇ (ਲੇਖਕ ਦੀ ਵਾਲਿਦਾ) ਨੇ ਇਸ ਵਾਕਿਐ ਨੂੰ, 1990 ਤੇ ਆਪਣੇ ਇੰਤਕਾਲ ਤੋਂ ਪਹਿਲਾਂ, ਕਈ ਵਾਰ ਦੱਸਿਆ

1992

ਇੰਦਰ ਕੁਮਾਰ ਗੁਜਰਾਲ ਅਤੇ ਸ਼ੀਲ ਗੁਜਰਾਲ ਨਾਲ ਕੀਤੀਆਂ ਗੱਲ-ਬਾਤ ਦੀ ਯਾਦਾਂ, ਨਵੀਂ ਦਿੱਲੀ, 9 ਅਕਤੂਬਰ 1992

1997

ਨਕਸ਼ ਲਾਇਲਪੁਰੀ, ਮੁਮਬਈ, 2 ਜਨਵਰੀ 1997

ਬੀ.ਆਰ.ਚੋਪੜਾ, ਮੁਮਬਈ, 4 ਜਨਵਰੀ 1997

1999

ਸੋਮ ਆਨੰਦ, ਨਵੀਂ ਦਿੱਲੀ, 18 ਅਕਤੂਬਰ 1999

ਪ੍ਰਾਨ ਨੇਵਿਲ, ਦੇਲਹੀ, 18 ਅਕਤੂਬਰ 1999

ਰਤਨ ਚੰਦ, ਦਿੱਲੀ, 19 ਅਕਤੂਬਰ 1999

ਜਮਨਾ ਦਾਸ ਅਖਤਰ, ਦੇਲਹੀ, 20 ਅਕਤੂਬਰ 1999

ਰਾਮ ਪਰਕਾਸ਼ ਕਪੂਰ, ਨਵੀਂ ਦਿੱਲੀ, 20 ਅਕਤੂਬਰ 1999

ਅਮਰਨਾਥ ਸਹਗਲ, ਦੇਲਹੀ, 20 ਅਕਤੂਬਰ, 1999

ਹਰਕਿਸ਼ਨ ਸਿੰਘ ਸੁਰਜੀਤ, ਨਵੀਂ ਦਿੱਲੀ, 21 ਅਕਤੂਬਰ 1999

ਯੁਵਰਾਜ ਕ੍ਰਿਸਨ, ਦੇਲਹੀ, 21 ਅਕਤੂਬਰ 1999

ਪ੍ਰੇਮ ਧਵਨ, ਮੁਮਬਈ, 22 ਅਕਤੂਬਰ 1999

ਨਾਨਕ ਸਿੰਘ ਥ੍ਰੇਕਾ, ਮੁਮਬਈ, 23 ਅਕਤੂਬਰ, 1999

ਡਾ.ਜਗਦੀਸ਼ ਚੰਦਰ ਸਰੀਨ, ਦਿੱਲੀ, 24 ਅਕਤੂਬਰ 1999

ਰਾਮਾਨੰਦ ਸਾਗਰ, ਦੇਲਹੀ,25 ਅਕਤੂਬਰ 1999 ਅਤੇ ਦੁਬਾਰਾ ਮੁਮਬਈ ਤੇ 18 ਅਕਤੂਬਰ 2001

ਸੀ.ਆਰ.ਅਸਲਮ,(ਸਾਬਕਾ ਕਮਊਨਿਸਟ ਰਹਨੁਮ),ਲਾਹੌਰ,14 ਦਸੰਬਰ 1999

2000

ਮੁਜਾਹਿਦ ਤਾਜ ਦੀਨ, ਲਾਹੌਰ, 2 ਅਤੇ 25 ਫਰਵਰੀ 2000

2001

ਅਬਦੁਲਾ ਮਲਿਕ, ਲਾਹੌਰ, 9 ਅਕਤੂਬਰ 2001

ਰਾਮਾਨੰਦ ਸਾਗਰ(ਮਸ਼ਹੁਰ ਮੁਮਬਈ ਲੇਖਕ ਅਤੇ ਫਿਲਮ-ਮੇਕਰ),ਮੁਮਬਈ 18 ਅਕਤੂਬਰ 2001

ਰਾਜ ਬੱਬਰ, ਮੁਮਬਈ, 20 ਅਕਤੂਬਰ 2001

ਸੁਨੀਲ ਦੱਤ (ਫ਼ਿਲਮ ਸਟਾਰ),ਮੁਮਬਈ,20 ਅਕਤੂਬਰ 2001

ਸਤ ਪਾਲ ਅਰੋੜਾ, ਨਵੀਂ ਦਿੱਲੀ, 22 ਅਕਤੂਬਰ 2001

ਭੀਸ਼ਮ ਸਾਹਨੀ, ਦਿੱਲੀ, 23 ਅਕਤੂਬਰ 2001

ਡਾ.ਪ੍ਰੇਮ ਸੋਬਤੀ, ਇੰਡੀਆਂ ਦੇ ਪ੍ਰੇਸੀਡੇਂਟ ਦੇ ਨਿੱਜੀ ਡਾਕਟਰ, ਦਿੱਲੀ, 31 ਅਕਤੂਬਰ 2001

2002

ਮੁਸ਼ਤਾਕ ਅਹਿਮਦ, ਸਟੋਕਹੋਮ, 12 ਅਪ੍ਰੈਲ 2002

ਅਜ਼ੀਜ਼ ਮਜ਼ਹਰ, ਲੰਡਨ, 18-19 ਮਈ 2002

ਚੌਧਰੀ ਰਿਆਸਤ ਅਲੀ, ਲੰਡਨ, 18 ਮਈ 2002

ਰਸ਼ੀਦ ਨਿਸਾਰ, ਲੰਡਨ, 19 ਮਈ 2002

ਸਈਦ ਮੁਹੱਮਦ ਇਸਲਾਮ, ਲੰਡਨ, 19 ਮਈ 2002

ਹਮੀਦ ਅਖ਼ਤਰ, ਲੰਡਨ, 19 ਮਈ 2002

ਸਈਦ ਜ਼ਿਆ ਮੋਹਿਯੁੱਦੀਨ, ਸਟੋਕਹੋਮ, 24 ਜੂਨ 2002

ਸ਼੍ਰੀਮਤੀ ਕਾਂਤਾ ਸਿੰਘ ਲੁਥਰਾ, ਸੇਲਮ, ਔਰੀਗਨ, ਯੂ.ਐਸ.ਏ., 15 ਜੁਲਾਈ 2002

ਪ੍ਰੋਫ਼ੇਸਰ ਏਮੀਰੇਟਸ ਸ਼ੌਕਤ ਅਲੀ, ਮੈਨਸਫੀਲਡ, ਮੈਸਾਚੁਸੇਟਸ, ਯੂ.ਐਸ.ਏ., 29 ਜੁਲਾਈ 2002

2003

ਮਿਆਂ ਮਕਸੂਦ ਅਹਿਮਦ, ਲਾਹੌਰ, 3 ਅਪ੍ਰੈਲ 2003

ਆਰਿਫ਼ ਖੋਖਰ, ਲਾਹੌਰ, 4 ਅਪ੍ਰੈਲ 2003

ਮਿਆਂ ਮੁਹੱਮਦ ਸਲੀਮ, ਲਾਹੋਰ, 4 ਅਪ੍ਰੈਲ 2003

ਕਰਨਲ (ਰਿ.) ਨਾਦਿਰ ਅਲੀ,ਲਾਹੌਰ,5 ਅਪ੍ਰੈਲ 2003

ਸਲੀਮ ਸ਼ਾਹਿਦ, ਲਾਹੌਰ, 5 ਅਪ੍ਰੈਲ 2003

ਮੋਹੱਮਦ ਫ਼ਰੀਦ ਮਿਰਜ਼ਾ, ਲਾਹੌਰ, 7 ਅਪ੍ਰੈਲ 2003

ਹੱਸਨ ਦੀਨ, ਲਾਹੌਰ, 13 ਅਪ੍ਰੈਲ 2003

ਸਈਦ ਅਫ਼ਜ਼ਲ ਹੈਦਰ, ਲਾਹੌਰ, 13 ਅਪ੍ਰੈਲ 2003

ਸ਼ੇਖ਼ ਅਨਵਰ ਅਲੀ, ਇਸਲਾਮਾਬਾਦ, 15 ਅਪ੍ਰੈਲ 2003

ਖ਼ਵਾਜ਼ਾ ਇਫ਼ਤਿਖ਼ਾਰ, ਲਾਹੌਰ,17 ਅਪ੍ਰੈਲ 2003

ਨੂਰ ਭਰੀ, ਲਾਹੌਰ, 17 ਅਪ੍ਰੈਲ 2003

ਰਾਣਾ ਮੁਹੱਮਦ ਰਸ਼ੀਦ, ਲਾਹੌਰ,18 ਅਪ੍ਰੈਲ 2003

ਚੌਧਰੀ ਮੁਹੱਮਦ ਬਸ਼ੀਰ, ਲਾਹੌਰ, 18 ਅਪ੍ਰੈਲ 2003

ਏ.ਹਮੀਦ, ਲਾਹੌਰ, 19 ਅਪ੍ਰੈਲ 2003

ਪ੍ਰੋਫ਼ੇਸਰ ਮੁਹੱਮਦ ਸ਼ਰੀਫ਼ ਕੁਨਜਾਹੀ,ਗੁਜਰਾਤ,20 ਅਪ੍ਰੈਲ 2003

ਸਈਦ ਅਫ਼ਤਾਬ ਹਸਨ,ਗੁਜਰਾਤ,20 ਅਪ੍ਰੈਲ 2003

ਸਈਦ ਇਜਾਜ਼ ਹੁਸੇਨ ਜਾਫਰੀ, ਲਾਹੌਰ,22 ਅਪ੍ਰੈਲ 2003

ਅਹਿਮਦ ਬਸ਼ੀਰ, 22 ਅਪ੍ਰੈਲ 2003

ਮਿਆਂ ਜਲਾਲ ਦੀਨ, ਲਾਹੌਰ, 22 ਅਪ੍ਰੈਲ 2003

ਐਫ.ਈ.ਚੌਧਰੀ, ਲਾਹੌਰ, 23 ਅਪ੍ਰੈਲ 2003

ਹਾਜੀ ਮੁਹੱਮਦ ਅਕਰਮ, ਲਾਹੌਰ, 23 ਅਪ੍ਰੈਲ 2003

ਬੇਗਮ ਨਸੀਮ ਅਮੀਰ ਹੁਸੈਨ ਸ਼ਾਹ, 25 ਅਪ੍ਰੈਲ 2003

ਤਾਹਿਰਾ ਮਜ਼ਹਰ ਅਲੀ ਖ਼ਾਨ, ਲਾਹੌਰ,25 ਅਪ੍ਰੈਲ 2003

ਚੌਧਰੀ ਮੁਹੱਮਦ ਸਿਦੀਕ, ਲਾਹੌਰ, 27 ਅਪ੍ਰੈਲ 2003

ਰਾਜਾ ਤਜੱਮੁਲ ਹੁਸੈਨ, 27 ਅਪ੍ਰੈਲ 2003

ਸਰਦਾਰ ਸ਼ੌਕਤ ਅਲੀ ਖ਼ਾਨ, ਲਾਹੌਰ,3 ਮਈ 2003

ਡਾ.ਖ਼ੁਸ਼ੀ ਮੋਹੱਮਦ ਖ਼ਾਨ, ਸਟੋਕਹੋਮ, 16 ਜੂਨ 2003

2004

ਰਘਬੀਰ ਸਿੰਘ ਸਾਹਨੀ, ਪਟਿਆਲਾ,7 ਜਨਵਰੀ 2004

ਕਮਲਾ ਸੇਠੀ,ਦਿੱਲੀ,7 ਮਾਰਚ 2004

ਜਗਨ ਨਾਥ,ਦਿੱਲੀ,8 ਮਾਰਚ 2004

ਕੇਵਲ ਕ੍ਰਿਸ਼ਨ ਤੁਲੀ, ਨਵੀਂ ਦਿੱਲੀ, 8 ਮਾਰਚ 2004; ਟੈਲੀਫੋਣ ਦੁਆਰਾ ਕੁੱਝ ਸਵਾਲ-ਜਵਾਬ, 30 ਜਨਵਰੀ 2006

ਸਮਪੁਰਨ ਸਿੰਘ ਸਚਦੇਵ, ਦਿੱਲੀ, 9 ਮਾਰਚ 2004

ਕਿਦਾਰ ਨਾਥ ਮਲਹੋਤ੍ਰਾ, ਦਿੱਲੀ, 10 ਮਾਰਚ 2004

ਬਲਰਾਜ ਦੇਵ ਅਗਰਵਾਲ, ਦੇਲਹੀ, 12 ਮਾਰਚ 2004

ਬੀ.ਆਰ.ਲਾਲ, ਦੇਲਹੀ, 12 ਮਾਰਚ 2004

ਮਨੋਹਰ ਲਾਲ ਸ਼ਰਮਾ, ਦੇਲਹੀ, 12 ਮਾਰਚ 2004

ਰਾਮ ਦਿਆਲ ਚੋਪੜਾ, ਦੇਲਹੀ, 12 ਮਾਰਚ 2004

ਇਕਬਾਲ ਸਿੰਘ, ਦੇਲਹੀ, 13 ਮਾਰਚ 2004

ਵਿਮਲ ਇਸੱਰ, ਨਵੀਂ ਦਿੱਲੀ, 13 ਮਾਰਚ 2004

ਸ਼੍ਰੀਮਤੀ ਵਿਮਲਾ ਵਿਰਮਾਨੀ, ਦੇਲਹੀ, 13 ਮਾਰਚ 2004

ਅਮਰ ਸਿੰਘ, ਦੇਲਹੀ, 14 ਮਾਰਚ 2004

ਮਦਨਲਾਲ ਸਿੰਘ, ਦੇਲਹੀ, 14 ਮਾਰਚ 2004

ਅਮਰ ਸਿੰਘ (ਪਹਿਲਾਂ ਰਾਵਲਪਿੰਡੀ ਤੋਂ), ਦਿੱਲੀ, 15 ਮਾਰਚ 2004

ਦੀਨਾ ਨਾਥ ਮਲਹੋਤ੍ਰਾ, ਨਵੀਂ ਦਿੱਲੀ, 15 ਮਾਰਚ 2004

ਮਦਨਲਾਲ ਸਿੰਘ, ਦਿੱਲੀ, 15 ਮਾਰਚ 2004

ਹਰਿਦੇਵ ਸ਼ੋਰੀ, ਨਵੀਂ ਦਿੱਲੀ, 16 ਮਾਰਚ 2004

ਗੁਰਦੇਵ ਸਿੰਘ (ਪਹਿਲਾਂ ਝੰਗ ਤੋਂ), 16 ਮਾਰਚ 2004

ਬਜ਼ੁਰਗ ਸ੍ਰੀ ਅਰੋੜਾ, ਕਿਸ਼ਨਪੁਰਾ, ਜ਼ਿਲ੍ਹਾ ਮੋਗਾ, ਪੂਰਬੀ ਪੰਜਾਬ, 17 ਮਾਰਚ 2004

ਹੰਸ ਰਾਜ ਖਤਰੀ, ਸਿਦਵਾਂ ਭੇਤ, ਲੁਧਿਆਣਾ ਜ਼ਿਲ੍ਹਾ, 17 ਮਾਰਚ 2004

ਨਸ਼ਤਰ ਸਿੰਘ ਪਿੰਡ ਗਲੀਬ ਕਲਾਨ, ਜ਼ਿਲ੍ਹਾ ਲੁਧਿਆਣਾ, 18 ਮਾਰਚ 2004

ਗੁਰਦੇਵ ਸਿੰਘ (ਪਹਿਲਾਂ ਲਾਇਲਪੁਰ ਤੋਂ), ਪਿੰਡ ਗਲੀਬ ਕਲਾਨ, ਜ਼ਿਲ੍ਹਾ ਲੁਧਿਆਣਾ, 18 ਮਾਰਚ 2004

ਪਿਆਰਾ ਸਿੰਘ ਨੈਲਖ,ਕਿਸ਼ਨਪੁਰਾ ਕਲਾਨ, ਜ਼ਿਲ੍ਹਾ ਮੋਗਾ, ਪੂਰਬੀ ਪੰਜਾਬ, 18 ਮਾਰਚ 2004

ਹਰਕਿਸ਼ਨ ਸਿੰਘ ਮੇਹਤਾ, ਚੰਡੀਗੜ, 20 ਮਾਰਚ 2004

ਸੇਲਜਾ ਸੈਨੀ, ਚੰਡੀਗੜ, 20 ਮਾਰਚ 2004

ਗੁਰਚਰਨ ਦਾਸ ਅਰੋੜਾ, ਅੱਮ੍ਰਿਤਸਰ, 24 ਮਾਰਚ 2004

ਦੇਵੀ ਦਾਸ ਮੰਗਤ, ਅੱਮ੍ਰਿਤਸਰ, 25 ਮਾਰਚ 2004

ਮੋਹਨ ਸਿੰਘ ਰਾਹੀ, ਅੱਮ੍ਰਿਤਸਰ, 25 ਮਾਰਚ 2004

ਰਿਪੁਦਮਨ ਸਿੰਘ, ਅੱਮ੍ਰਿਤਸਰ, 26 ਮਾਰਚ 2004

ਗਿਆਨੀ ਮਹਿੰਦਰ ਸਿੰਘ, ਅੱਮ੍ਰਿਤਸਰ, 27 ਮਾਰਚ 2004

ਸਰਦਾਰ ਕੁੰਦਨ ਸਿੰਘ ਸਾਮਰਾ, 27 ਮਾਰਚ 2004

ਮੋਨੀ ਚਡ੍ਹਾ, ਦੇਲਹੀ, 28 ਮਾਰਚ 2004

ਪੁਸ਼ਪਾ ਗੋਇਲ, ਦਿੱਲੀ, 29 ਮਾਰਚ 2004

ਗੁਰਬਚਨ ਸਿੰਘ ਟੰਡਨ, ਨੋਇਡਾ, 29 ਮਾਰਚ 2004

ਸ਼੍ਰੀਮਤੀ ਸਾਵਿਤ੍ਰੀ ਦੱਤ-ਛਿਬਰ, ਨੋਇਡਾ, 29 ਮਾਰਚ 2004

ਪੁਸ਼ਪਾ ਹੰਸ, ਨਵੀਂ ਦਿੱਲੀ, 31 ਮਾਰਚ 2004

ਕਰਨਲ ਹੰਸ ਰਾਜ ਚੋਪੜਾ, ਦਿੱਲੀ, 31 ਮਾਰਚ 2004

ਮਹੱਮੂਦਾ ਬੇਗੁਮ,9 ਦਸੰਬਰ 2004

ਅਮੀਰ ਖ਼ਾਨ, ਚਕ ਬੇਲੀ ਖ਼ਾਨ, ਰਾਵਲਪਿੰਡੀ ਜ਼ਿਲ੍ਹਾ, 11 ਦਸੰਬਰ 2004

ਹਾਜੀ ਮੁਹੱਮਦ ਹਨੀਫ਼, ਚਕ ਬੇਲੀ ਖ਼ਾਨ, ਰਾਵਲਪਿੰਡੀ ਜ਼ਿਲ੍ਹਾ, 11 ਦਸੰਬਰ 2004

ਸ਼ੇਖ਼ ਨੂਰ ਦੀਨ, ਰਾਵਲਪਿੰਡੀ, 12 ਦਸੰਬਰ 2004

ਖ਼ਵਾਜ਼ਾ ਮਸੁਦ ਅਹਿਮਦ, ਰਾਵਲਪਿੰਡੀ, 12 ਦਸੰਬਰ 2004

ਫ਼ੈਜ਼ ਜ਼ਮਾਨ, ਪਰਿਆਲ, ਅਟੱਕ (ਕੈਂਪਬੇਲਪੁਰ) ਜ਼ਿਲ੍ਹਾ, 13 ਦਸੰਬਰ 2004

ਹਾਜੀ ਮੁਹੱਮਦ ਸ਼ਰੀਫ਼, ਪਰਿਆਲ, ਅਟੱਕ (ਕੈਂਪਬੇਲਪੁਰ) ਜ਼ਿਲ੍ਹਾ, 13 ਦਸੰਬਰ 2004

ਸਈਦ ਨਜ਼ੀਰ ਹੁਸੈਨ ਸ਼ਾਹ, ਚੇਆ ਖ਼ਾਲਸਾ, 14 ਦਸੰਬਰ 2004

ਰਾਜਾ ਮੁਹੱਮਦ ਰਿਆਸਤ ਖ਼ਾਨ, ਚੇਆ ਖ਼ਾਲਸਾ, 14 ਦਸੰਬਰ 2004

ਜਾਨ ਦਾਦ ਖ਼ਾਨ, ਥਮਾਲੀ, 14 ਦਸੰਬਰ 2004

ਹਾਜੀ ਸ਼ੇਰ ਖ਼ਾਨ, ਥਮਾਲੀ, 14 ਦਸੰਬਰ 2004

ਦਵਿੰਦਰ ਭਾਰਦਵਾਜ, ਯੂ.ਐਸ.ਏ ਤੋਂ ਈ-ਮੇਲ ਦੁਆਰਾ, 14 ਦਸੰਬਰ 2004

ਚੌਧਰੀ ਰੌਸ਼ਨ ਦੀਨ, ਕੱਲਰ ਸਈਦਾਂ, ਜ਼ਿਲ੍ਹਾ ਰਾਵਲਪਿੰਡੀ, 15 ਦਸੰਬਰ 2004

ਹਾਜੀ ਸ਼ੇਰ ਅਹਿਮਦ, ਰਾਵਲਪਿੰਡੀ, 15 ਦਸੰਬਰ 2004

ਸ਼ੇਖ ਮੁਹੱਮਦ ਇਸ਼ਾਕ, ਰਾਵਲਪਿੰਡੀ, 15 ਦਸੰਬਰ 2004

ਮਲਿਕ ਮੁਹੱਮਦ ਅਸਲਮ, ਲਾਹੌਰ, 17 ਦਸੰਬਰ 2004

ਮੁਸਤਨਸਰ ਹੁਸੈਨ ਤਰਾਰ, ਲਾਹੌਰ, 17 ਦਸੰਬਰ 2004

ਮੁਜਾਹਿਦ ਅਲ-ਹੁਸੈਨੀ, ਫ਼ੈਸਲਾਬਾਦ (ਲਾਇਲਪੁਰ), 19 ਦਸੰਬਰ 2004

ਘੁਲਾਮ ਰਸੁਲ ਤਨਵੀਰ, ਫ਼ੈਸਲਾਬਾਦ, 19 ਦਸੰਬਰ 2004

ਅਬਦੁਲ ਬਾਰੀ, ਮੁਲਤਾਨ, 20 ਦਸੰਬਰ 2004

ਚੌਧਰੀ ਅਬਦੁਲ ਵਾਹਿਦ, ਮੁਲਤਾਨ, 20 ਦਸੰਬਰ 2004

ਚੌਧਰੀ ਅਬਦੁਲ ਸਈਦ, ਬਹਾਵਲਪੁਰ, 21 ਦਸੰਬਰ 2004

ਸਈਦ ਖ਼ੁਰਸ਼ੀਦ ਅਬੱ◌ਾਸ ਗਰਦੇਜ਼ੀ, ਮੁਲਤਾਨ, 21 ਦਸੰਬਰ 2004

ਮੁਹੱਮਦ ਅਬਦੁੱਲ੍ਹਾ ਸ਼ਮਸ਼ਾਦ, ਮੁਲਤਾਨ, 21 ਦਸੰਬਰ 2004

ਅਕਰਮ ਵਰਾਇਚ, ਲਾਹੌਰ ਤੋਂ ਈ-ਮੇਲ ਦੁਆਰਾ, 22 ਦਸੰਬਰ 2004

ਅਤਾਉਲ੍ਹਾ ਮਲਿਕ, ਮੁਲਤਾਨ, 22 ਦਸੰਬਰ 2004

ਅਰਸ਼ਦ ਮੁਲਤਾਨੀ, ਮੁਲਤਾਨ, 22 ਦਸੰਬਰ 2004

ਮਸ਼ਕੂਰ ਸਾਬਰੀ, ਮੁਲਤਾਨ, 22 ਦਸੰਬਰ 2004

ਸ਼ੇਖ਼ ਅਬਦੁਲ ਵਹਾਬ, ਲਾਹੌਰ, 24 ਦਸੰਬਰ 2004

ਕਲੇਬ ਅਲੀ ਸ਼ੇਖ਼, ਲਾਹੌਰ, 25 ਦਸੰਬਰ 2004

ਕਮਾਰ ਊਰੀਸ਼, ਲਾਹੌਰ, 26 ਦਸੰਬਰ 2004

ਸ਼ੇਖ ਨੂਰ ਮੁਹੱਮਦ, ਲਾਹੌਰ, 27 ਦਸੰਬਰ 2004

ਸ਼ੇਖ਼ ਅਰਸ਼ਦ ਹਬੀਬ, ਲਾਹੌਰ, 27 ਦਸੰਬਰ 2004

ਉਮਰ ਸਈਦ, ਲਾਹੌਰ, 27 ਦਸੰਬਰ 2004

ਸਈਦ ਕਮੁੱਰੁਜ਼ਮਨ ਸ਼ਾਹ, ਲਾਹੌਰ, 28 ਦਸੰਬਰ 2004

ਮੁਹੱਮਦ ਆਸ਼ਿਕ ਰਾਹੀਲ, ਲਾਹੌਰ, 29 ਦਸੰਬਰ 2004

ਅਲੀ ਬਖ਼ਸ਼, ਲਾਹੌਰ, 30 ਦਸੰਬਰ 2004

ਹਾਜੀ ਅਬਦੁਲ ਰਹਮਾਨ ਗਿੱਲ, ਲਾਹੌਰ, 30 ਦਸੰਬਰ 2004; 29 ਸਤੰਬਰ 2005; 15 ਅਕਤੂਬਰ 2005

2005

ਪ੍ਰੋਫੈਸਰ ਕੀਰਪਾਲ ਸਿੰਘ, ਚੰਡੀਗੜ, 2 ਜਨਵਰੀ 2005

ਤਿਲਕ ਰਾਜ ਉਬਰਾਏ, ਚੰਡੀਗੜ,2 ਜਨਵਰੀ 2005

ਰਣਜੀਤ ਸਿੰਘ ਭਸੀਨ, ਕਪੂਰਥਲਾ, 3 ਜਨਵਰੀ 2005

ਇੰਦਰਜੀਤ, ਬਟਾਲਾ, 3 ਜਨਵਰੀ 2005

ਸ਼੍ਰੀਮਤੀ ਰਜਨੀਸ਼ ਟੰਡਨ, ਹੁਸ਼ਿਆਰਪੁਰ, 3 ਜਨਵਰੀ 2005

ਮਹਿੰਦਰ ਨਾਥ ਖੱਨਾ, ਅੱਮ੍ਰਿਤਸਰ,3 ਜਨਵਰੀ 2005

ਬਲਦੇਵ ਵਰਮਾ, ਲੁਧਿਆਣਾ, 4 ਜਨਵਰੀ 2005

ਰਣਜੀਤ ਸਿੰਘ (ਅਜੀਤ ਸਿੰਘ), ਪਿੰਡ ਨਥੁ ਮਾਜਰਾ, ਲੁਧਿਆਣਾ ਜ਼ਿਲ੍ਹਾ, 4 ਜਨਵਰੀ 2005"

ਵਿੰਕੀ ਦੇ ਜਮਾਤੀ ਦੇ ਪਿਤਾ, ਪਿੰਡ ਨਥੁ ਮਾਜਰਾ, ਲੁਧਿਆਣਾ ਜ਼ਿਲ੍ਹਾ, 4 ਜਨਵਰੀ 2005

ਪ੍ਰੋਫੈਸਰ ਚਮਨ ਲਾਲ ਅਰੋੜਾ, ਜਲੰਧਰ, 4 ਜਨਵਰੀ 2005

ਮੌਲਾਨਾ ਹਬਿਬੁਰ ਰਹਮਾਨ ਸਨਵੀ ਲੁਧਿਆਣਵੀ, ਲੁਧਿਆਣਾ, 4 ਜਨਵਰੀ 2005

ਮੌਲਾਨਾ ਹਬੀਬੁਰ ਰਹਮਾਨ ਸਾਨੀ, ਲੁਧਿਆਣਾ,4 ਜਨਵਰੀ 2005

ਮੋਹਨ ਲਾਲ ਝੰਜੀ, ਲੁਧਿਆਣਾ, 4 ਜਨਵਰੀ 2005

ਰਜਨੀਸ਼ ਟੰਡਨ ਦੇ ਪਿਤਾ, ਹੁਸ਼ਿਆਰਪੁਰ, 6 ਜਨਵਰੀ 2005

ਬਾਬੁ ਖ਼ਾਨ, ਮਲੇਰਕੋਟਲਾ, 6 ਜਨਵਰੀ 2005

ਚੌਧਰੀ ਅਬਦੁਲ ਸ਼ਕੂਰ, ਮਲੇਰਕੋਟਲਾ, 6 ਜਨਵਰੀ 2005

ਡਾ.ਨਿਜ਼ਾਮ ਦੀਨ, ਮਲੇਰਕੋਟਲਾ, 6 ਜਨਵਰੀ 2005

ਪੰਡਿਤ ਮੋਹਨ ਲਾਲ ਬਾਲੋ, ਪਟਿਆਲਾ, 7 ਜਨਵਰੀ 2005

ਅਮਰੀਕ ਚੰਦ ਅਹਲੂਵਾਲਿਆ, ਪਟਿਆਲਾ, 7 ਜਨਵਰੀ 2005

ਫਕੀਰ ਸਿੰਘ ਵਿਰਕ, ਲਖਮਰੀ, ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ, 8 ਜਨਵਰੀ 2005

ਸਰਦੁਲ ਸਿੰਘ ਵਿਰਕ, ਲਖਮਰੀ, ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ, 8 ਜਨਵਰੀ 2005

ਸ਼ਮਸ਼ੇਰਜੀਤ ਸਿੰਘ ਵਿਰਕ, ਲਖਮਰੀ, ਜ਼ਿਲ੍ਹਾ ਕੁਰੂਕਸ਼ੇਤਰ, ਹਰਿਆਣਾ, 8 ਜਨਵਰੀ 2005

ਪ੍ਰੇਮਚੰਦ ਖੰਨਾ, ਦਿੱਲੀ, 9 ਜਨਵਰੀ 2005

ਭੋਲਾ ਨਾਥ ਗੁਲਾਟੀ, ਦਿੱਲੀ, 9 ਜਨਵਰੀ 2005

ਗਿਰਧਾਰੀ ਲਾਲ ਕਪੂਰ, ਦਿੱਲੀ, 9 ਜਨਵਰੀ 2005

ਰਖਸਤ ਪੂਰੀ, ਦਿੱਲੀ, 10 ਜਨਵਰੀ 2005

ਅਫਤਾਰ ਸਿੰਘ ਜੱਜ, ਦਿੱਲੀ, 10 ਜਨਵਰੀ 2005

ਪ੍ਰੋਫੈਸਰ ਵੀ.ਐਨ.ਦੱਤਾ, ਦਿੱਲੀ, 10 ਜਨਵਰੀ 2005

ਲਾਜਪਤ ਰਾਏ ਸੇਠ, ਦੇਲਹੀ, 10 ਜਨਵਰੀ 2005

ਪ੍ਰੋਫੈਸਰ ਵੀ.ਐਨ.ਦੱਤਾ,ਸਾਬਕਾ ਇਤਿਹਾਸਕਾਰ, ਨਵੀਂ ਦਿੱਲੀ, 10 ਜਨਵਰੀ 2005

ਤ੍ਰਿਲੋਕ ਕੁਮਾਰ ਗੁਲਾਟੀ, ਦੇਲਹੀ, 11 ਜਨਵਰੀ 2005

ਲਮਬਰਦਾਰ ਮਿਆਂ ਮੁਹੱੰਮਦ ਹਨੀਫ਼, ਲਾਹੌਰ, 13 ਜਨਵਰੀ 2005

ਸ਼ੇਖ ਮੁਹੱਮਦ ਫ਼ਾਰੂਕ, ਰਾਜਗੜ, ਲਾਹੌਰ, 13 ਜਨਵਰੀ 2005

ਮੁਹੱਮਦ ਮੁਨੀਰ, ਲਾਹੌਰ, 13 ਜਨਵਰੀ 2005

ਘੁਲਾਮ ਹੈਦਰ (75), ਲਾਹੌਰ, 13 ਜਨਵਰੀ 2005

ਆਈ.ਏ.ਰਹਿਮਾਨ, 14 ਜਨਵਰੀ 2005

ਮਿਆਂ ਮੁਸਤਫਾ ਕਮਾਲ ਪਾਸ਼ਾ, ਲਾਹੌਰ, 14 ਜਨਵਰੀ 2005

ਮਿਆਂ ਮੁਹੱੰਮਦ ਸ਼ਰੀਫ਼, ਲਾਹੌਰ, 14 ਜਨਵਰੀ 2005

ਭਗਵਾਨ ਦਾਸ, ਬਟਾਲਾ, 23 ਜਨਵਰੀ 2005

ਪ੍ਰੋਫੈਸਰ ਵਿਨੈ ਕੁਮਾਰ, ਸਟੈਕਹੋਮ, 3 ਫਰਵਰੀ 2005

ਸਈਦ ਅਹਿਮਦ ਸਈਦ ਕਿਰਮਾਨੀ, 21 ਮਾਰਚ 2005

ਆਜ਼ਿਮ ਹੁਸੈਨ,(ਸਰ ਫ਼ਜ਼ਲ-ਇ-ਹੁਸੈਨ ਦੇ ਬੇਟੇ) ਲੰਡਨ,6 ਜੂਨ 2005

ਪ੍ਰੋਫੈਸਰ ਪ੍ਰੇਮ ਸਿੰਘ ਕਹਲੋਂ, ਨੈਸ਼ਵਿਲ, ਟੇਨੇਸੀ, ਯੂ.ਐਸ.ਏ., ਈ-ਮੇਲ ਦੁਆਰਾ, 15 ਜੂਨ 2005

ਸਰਦਾਰ ਜਰਨੈਲ ਸਿੰਘ ਪਸਰੀਚਾ; ਸ਼੍ਰੀਮਤੀ ਇੰਦਰਜੀਤ ਕੌਰ, ਹੇਡਮਿਸਟਰੇਸ ਮਿੰਟਗੋਮਰੀ ਗਰਲਸ ਹਾਈ ਸਕੂਲ, ਕਪੂਰਥਲਾ ਦੁਆਰਾ 1 ਅਗਸਤ 2005 ਇੰਟਰਵਿਊ ਲੀਤਾ ਗਿਆ ਅਤੇ 1 ਅਗਸਤ 2005 ਨੂੰ ਈ-ਮੇਲ ਕੀਤਾ ਗਿਆ

ਸੁਲੇਮਾਨ ਚੀਮਾ, ਲਾਹੌਰ (ਟੇਲੀਫੋਨ ਦੁਆਰਾ 15:35, ਸਟੋਕਹੋਮ ਵਕਤ ਦੇ ਮੁਤਾਬਕ), 13 ਅਕਤੂਬਰ 2005

ਵਿਮਲ ਇਸਰ, ਦੇਲਹੀ, 30 ਅਕਤੂਬਰ 2005

ਹੁਕੁਮ ਕੁਰੈਸ਼ੀ, ਲਾਹੌਰ, 30 ਅਕਤੂਬਰ 2005

ਇਕਬਾਲ ਸਿੰਘ, ਦੇਲਹੀ, 31 ਅਕਤੂਬਰ 2005

ਸਈਦ ਅਹਿਮਦ ਸਈਦ ਕਿਰਮਾਨੀ, ਲਾਹੌਰ, 31 ਅਕਤੂਬਰ 2005

ਕਰਨੈਲ ਸਿੰਘ, ਕਾਕਰਾ, ਜ਼ਿਲ੍ਹਾ ਪਟਿਆਲਾ, ਪੂਰਬੀ ਪੰਜਾਬ, 28 ਨਵੰਬਰ 2005

ਨਉਗੁਰਦਿਆਲ ਸਿੰਘ, ਆਦਮਪੁਰ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005

ਬਸਤਾ ਸਿੰਘ, ਆਦਮਪੁਰ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005

ਗੁਰਦੀਪ ਸਿੰਘ, ਪਿੰਡ ਮਾਬੀ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005

ਤੇਜਾ ਸਿੰਘ, ਬੋਰਾਨ, ਜ਼ਿਲ੍ਹਾ ਫ਼ਤਹਿਗੜ ਸਾਹਿਬ, ਪੂਰਬੀ ਪੰਜਾਬ, 28 ਨਵੰਬਰ 2005

ਪੰਡਿਤਜੀ, ਕਰਨਾਲ, 28 ਨਵੰਬਰ 2005

ਦੇਸ ਰਾਜ, ਕਾਕਰਾ, ਜ਼ਿਲ੍ਹਾ ਪਟਿਆਲਾ, ਪੂਰਬੀ ਪੰਜਾਬ, 28 ਨਵੰਬਰ 2005

ਰਿਚਪਾਲ ਸਿੰਘ, ਆਦਮਪੁਰ, 28 ਨਵੰਬਰ 2005

ਹਰਮੈਲ ਸਿੰਘ, ਗੁੱਜ਼ਰਵਾਲ, ਲੁਧਿਆਣਾ ਜ਼ਿਲ੍ਹਾ, 29 ਨਵੰਬਰ 2005

ਨਸੀਬ ਕੌਰ, ਪਿੰਡ ਫੁਲ ਖੁਰਦ, ਜ਼ਿਲ੍ਹਾ ਰੁਪਨਗਰ, 29 ਨਵੰਬਰ 2005

ਅਮਰ ਸਿੰਘ, ਡੰਗੋਲੀ, 29 ਨਵੰਬਰ 2005

ਛਿਤਰੁ, ਡੰਗੋਲੀ, 29 ਨਵੰਬਰ 2005

ਅਜੈਬ ਸਿੰਘ, ਗੁੱਜ਼ਰਵਾਲ, ਲੁਧਿਆਣਾ ਜ਼ਿਲ੍ਹਾ, 29 ਨਵੰਬਰ 2005

ਚਮਨ ਲਾਲ ਅਹੁਜਾ,ਪਾਨੀਪਤ,30 ਨਵੰਬਰ 2005

ਸੁਦਰਸ਼ਨ ਕੁਮਾਰ ਕਪੂਰ, ਪੁਰਾਣਾ ਗੁੜਗਾਂਉ, ਦਿੱਲੀ ਤੋਂ ਬਾਹਰ, 1 ਦਸੰਬਰ 2005

ਅਸ਼ਵਿਨੀ ਕੁਮਾਰ, ਦਿੱਲੀ, 2 ਦਸੰਬਰ 2005

ਰਾਜ ਰਾਨੀ ਗੋਸਾਈਂ,ਨੋਇਡਾ,2 ਦਸੰਬਰ 2005

ਬ੍ਰਿਗੇਡਿਅਰ ਸਰਜੀਤ ਸਿੰਘ ਚੌਧਰੀ, ਦਿੱਲੀ, 3 ਦਸੰਬਰ 2005

ਸਿਕੰਦਰ ਲਾਲ ਬੱਗਾ, ਦਿੱਲੀ, 3 ਦਸੰਬਰ 2005

ਚੌਧਰੀ ਨਜ਼ੀਰ ਅਹਿਮਦ ਵਿਰਕ, ਸ਼ੇਖੁਪੁਰਾ (ਅਹਿਮਦ ਸਲੀਮ ਨੇ ਲੀਤਾ), 30 ਦਸੰਬਰ 2005

ਚੌਧਰੀ ਤਵੱਾਕੁਲਾਹ ਵਿਰਕ, ਸ਼ੇਖੁਪੁਰਾ (ਅਹਿਮਦ ਸਲੀਮ ਨੇ ਲੀਤਾ), 30 ਦਸੰਬਰ 2005

ਹਾਜੀ ਮੁਖ਼ਤਾਰ ਅਹਿਮਦ ਖ਼ਾਨ, ਸ਼ੇਖੁਪੁਰਾ (ਅਹਿਮਦ ਸਲੀਮ ਨੇ ਲੀਤਾ), 30 ਦਸੰਬਰ 2005

2006

ਆਸਫ਼ ਅਲੀ ਸ਼ਾਹ, ਲਾਹੌਰ (ਈ-ਮੇਲ ਦੁਆਰਾ) 3 ਜਨਵਰੀ 2006

ਅਹਦ ਮਲਿਕ, ਸਟੋਕਹੋਮ, 13 ਜਨਵਰੀ 2006

ਡਾ. ਹਫ਼ੀਜ਼ ਅਹਿਮਦ ਮੁਘਲ, ਲਾਹੌਰ, ਈ-ਮੇਲ ਦੁਆਰਾ ਇੰਟਰਵਿਊ, 16 ਜਨਵਰੀ 2006

ਰਿਆਜ਼ ਅਹਿਮਦ ਚੀਮਾ, ਸਟੋਕਹੋਮ, 16 ਮਈ 2006

ਜਸਪਾਲ ਸਿੰਘ ਕੋਹਲੀ, ਲੰਡਨ,8 ਜੂਨ 2006

ਰੇਜੀਨਲਡ ਮਸੀਹ, ਲੈਨੀਡਲੋਜ, ਮਿਡ-ਵੇਲਸ 5 ਜੁਲਾਈ 2006 ਨੂੰ; ਅਤੇ 4 ਅਗਸਤ 2007 ਨੂੰ ਈ-ਮੇਲ ਦੁਆਰਾ

ਬੇਰੋਨੇਸ, ਸ਼੍ਰੀਲਾ ਫੱਲੇਥਰ, ਬਰਕਸ਼ਾਇਰ ਕਾਉਂਟੀ, 7 ਜੁਲਾਈ 2006

ਚੌਧਰੀ ਅਨਵਰ ਅਜ਼ੀਜ਼, ਲਾਹੌਰ, 15 ਦਸੰਬਰ 2006

2007

ਨਸੀਮ ਹਸਨ, ਹੋਕੇਸੀਨ ਡੇਲਾਵੇਇਰ, ਯੂ.ਐਸ.ਏ (ਈ-ਮੇਲ ਦੁਆਰਾ), 1 ਜਨਵਰੀ 2007

ਆਯਾਜ਼ ਖ਼ਾਨ, ਲਿੰਕੋਪਿੰਗ, ਸਵੀਡਨ (ਈ-ਮੇਲ ਦੁਆਰਾ), 14 ਜਨਵਰੀ 2007

ਲੇ.ਜਨਰਲ ਆਫ਼ਤਾਬ ਅਹਿਮਦ ਖ਼ਾਨ,ਲਾਹੌਰ (ਖ਼ਤ ਦੁਆਰਾ), 2 ਫ਼ਰਵਰੀ 2007

ਮੁਹੱਮਦ ਫੀਰੋਜ਼ ਦੱਰ, ਸੋਲਨਾ, ਸਵੀਡਨ, 18 ਫਰਵਰੀ 2007

ਭੀਸ਼ਮ ਕੁਮਾਰ ਬਕਸ਼ੀ, ਦਿੱਲੀ ਤੋਂ ਈ-ਮੇਲ ਦੁਆਰਾ, 5 ਮਾਰਚ 2007

ਮਨਮੋਹਨ ਤਨੇਜਾ, ਪ੍ਰੋਫ਼ੈਸਰ ਮਨਚੰਦਾ ਦੁਆਰਾ ਦਿੱਲੀ ਤੇ ਇੰਟਰਵਿਊ; 7 ਅਤੇ 10 ਮਾਰਚ ਨੂੰ ਅਤੇ ਈ-ਮੇਲ 10 ਮਾਰਚ 2007

ਡਾ. ਸਤਿਆ ਪਾਲ ਬੇਦਰ, ਪ੍ਰੋਫ਼ੈਸਰ ਮਨਚੰਦਾ ਦੁਆਰਾ ਦਿੱਲੀ ਤੇ ਇੰਟਰਵਿਊ; 11 ਮਾਰਚ ਨੂੰ ਅਤੇ ਈ-ਮੇਲ 11 ਮਾਰਚ 2007

ਡਾ. ਤੇਜਾ ਸਿੰਘ, ਏਡਮਨਟਨ, ਕਨਾਡਾ, ਈ-ਮੇਲ ਦੁਆਰਾ 17 ਮਾਰਚ 2007

ਗੋਬਿੰਦ ਠਕਰਾਲ, ਚੰਡੀਗੜ, ਚੰਡੀਗੜ, ਈ-ਮੇਲ ਦੁਆਰਾ 21 ਮਾਰਚ 2007

ਜਗਪਾਲ ਟਿਵਾਣਾ, ਡਾਰਟਮਾਉਥ, ਐਨ.ਐਸ, ਕਨਾਡਾ, ਈ-ਮੇਲ ਦੁਆਰਾ, 11 ਅਪ੍ਰੈਲ 2007

ਕਰਨਲ (ਰਿਟਾ.) ਅਤਾ ਮੁਹੱਮਦ ਡੋਗਰ, ਲਾਹੌਰ, 10 ਮਈ 2007

ਮਿਸੇਜ ਬੀ.ਏ.ਚੌਧਰੀ, ਲਾਹੌਰ (ਈ-ਮੇਲ ਜੋ ਉਨ੍ਹਾਂ ਦੇ ਬੇਟੇ ਡਾ.ਮੁਹੱਮਦ ਫ਼ਾਰੂਕ ਨੇ ਭੇਜਿਆ), 22 ਜੁਲਾਈ 2007

2008

--

2009

ਅਮਜਦ ਬਾਬਰ, ਵਾਸ਼ਿੰਗਟਨ ਡੀ.ਸੀ., 11 ਜੁਲਾਈ 2009

2010

ਇਅਨ ਟੈਲਬਟ, ਈ-ਮੇਲ ਦੁਆਰਾ ਸਾਉਥਮਪਟਨ, ਯੂ.ਕੇ. ਤੋਂ ਜਵਾਬ, 19 ਮਾਰਚ 2010

ਪ੍ਰੋਫੈਸਰ ਨਰਿੰਦਰ ਮੋਹਨ ਵੈਦ, ਪਾਨੀਪਤ, ਅਰਵਿੰਦ ਵੈਦ ਦੁਆਰਾ ਇੰਟਰਵਿਊ ਅਤੇ ਈ-ਮੇਲ ਦੁਆਰਾ, 14 ਅਪ੍ਰੈਲ 2010

ਕੁਮਾਰ ਚੰਦ, ਸਿੰਗਾਪੁਰ, 10 ਮਈ 2010

ਮੋਨੀ ਚੱਢਾ, ਦਿੱਲੀ ਤੋਂ ਈ-ਮੇਲ ਦੁਆਰਾ ਦੂਜਾ ਇੰਟਰਵਿਊ, 28 ਦਸੰਬਰ 2010

2011

ਨਿਰਮਲ ਤੇਜ ਸਿੰਘ ਚੋਪੜਾ, ਸਿੰਗਾਪੁਰ (ਈ-ਮੇਲ ਦੁਆਰਾ), 5 ਜਨਵਰੀ 2011

ਡਾ.ਅਜੇ ਕੁ.ਮੇਹਰਾ, ਨੋਇਡਾ, ਯੂ.ਪੀ., ਟੈਲੀਫੋਨ ਅਤੇ ਈ-ਮੇਲ ਦੁਆਰਾ, 13 ਜਨਵਰੀ 2011

ਬ੍ਰਿਗੇਡੀਅਰ ਯਾਸੁਬ ਅਲੀ ਡੋਗਰ, ਲਾਹੌਰ, ਟੈਲੀਫੋਨ ਅਤੇ ਈ-ਮੇਲ ਦੁਆਰਾ, 13 ਜਨਵਰੀ 2011

ਮੁਸ਼ਤਾਕ ਅਹਿਮਦ, ਦੂਜਾ ਇੰਟਰਵਿਊ, ਸਟੋਕਹੋਮ, 20 ਫ਼ਰਵਰੀ 2011

ਰਚਨਾ ਆਨੰਦ, ਸਿੰਗਾਪੁਰ ਤੋਂ ਈ-ਮੇਲ ਦੁਆਰਾ, 21 ਫ਼ਰਵਰੀ 2011

ਹਾਰੂਨ ਸਲੀਮ ਭੱਟੀ ਦੀ ਦਾਦੀ, ਈ-ਮੇਲ ਦੁਆਰਾ ਲਾਹੌਰ ਤੋਂ, 22 ਫ਼ਰਵਰੀ 2011

ਬਤੂਲ ਬੇਗਮ, ਜਿਨ੍ਹਾਂ ਦੇ ਬੇਟੇ ਬ੍ਰਿਗੇਡੀਆਰ(ਰਿ.) ਯਾਸੁਨ ਅਲੀ ਡੋਗਰ ਨੇ ਇੰਟਰਵਿਊ ਲੀਤਾ ਅਤੇ ਲਾਹੌਰ ਤੋਂ ਭੇਜਿਆ, 3 ਮਾਰਚ

2011

ਕੁਲਦੀਪ ਕੁਮਾਰ ਚੋਪਰਾ, ਸਟੋਕਹੋਮ, 20 ਅਪ੍ਰੈਲ 2011

2012

ਰਿਆਜ਼ ਅ.ਖ਼ਾਨ, ਲੰਡਨ, ਯੂ.ਕੇ., ਈ-ਮੇਲ ਦੁਆਰਾ, 28 ਅਕਤੂਬਰ 2012

2013

ਸਤਅਿੰਦਰ ਕੁਮਾਰ, ਗੁੜਗਾਂਉ, ਈ-ਮੇਲ ਦੁਆਰਾ, 17 ਮਾਰਚ 2013

ਵਿਸ਼ਾਰਦਾ ਹੂਨ, ਚੇਨੱਈ, ਈ-ਮੇਲ ਦੁਆਰਾ, 13 ਮਈ 2013

2014

ਉਧੇਂਦਰ ਕੁਮਾਰ ਪੰਡਿਤ, ਐਮਸਟਰਡੇਮ, ਨੀਦਰਲੈਂਡਸ, 12 ਜੁਲਾਈ 2014

2016

ਰਾਣਾ ਮੁਹੱਮਦ ਅਜ਼ਹਰ ਖ਼ਾਨ, ਲਾਹੌਰ, 16 ਮਾਰਚ 2016

ਲੇਖਕ

ਪ੍ਰੋਫੈਸਰ ਡਾਕਟਰ ਇਸ਼ਤਿਆਕ ਅਹਿਮਦ ਦਾ ਜਨਮ ਲਾਹੌਰ, ਬ੍ਰਿਟਿਸ਼ ਇੰਡੀਆ ਵਿਚ 24 ਫ਼ਰਵਰੀ 1947 ਨੂੰ ਹੋਇਆ. ਉਹ ਇਸ ਵੇਲੇ ਗਵਰਨਮੈਂਟ ਕਾਲਜ ਯੂਨੀਵਰਸਿਟੀ 'ਤੇ ਇੱਕ *ਵਿਜ਼ਟਿੰਗ ਪ੍ਰੋਫੈਸਰ* ਹਨ ਅਤੇ ਉਹ 2013-2015 ਦੇ ਦੌਰਾਨ ਲਾਹੌਰ ਯੂਨੀਵਰਸਿਟੀ ਔਫ ਮੈਨੇਜਮੇਂਟ ਸਾਇੰਸੇਸ (ਲੁਮਸ) ਦੇ ਵਿਜਿਟਿੰਗ ਪ੍ਰੋਫ਼ੇਸਰ ਸਨ. ਇਸ ਵਕਤ ਡਾ.ਅਹਿਮਦ ਸਟੋਕਹੋਮ ਯੂਨੀਵਰਸਿਟੀ ਦੇ ਪੋਲਿਟਿਕਲ ਸਾਇੰਸ ਦੇ ਪ੍ਰੋਫ਼ੇਸਰ ਏਮੀਰੇਟਸ; ਅਤੇ ਨੈਸ਼ਨਲ ਯੂਨੀਵਰਸਿਟੀ ਔਫ ਸਿੰਗਾਪੁਰ ਦੇ ਇੰਸਟਿਚਯੂਟ ਔਫ ਸਾਉਥ ਏਸ਼ੀਅਨ ਸਟਡੀਸ (ਆਈ.ਐਸ.ਆਈ.ਐਸ) ਤੇ ਔਨੋਰਰੀ ਸੀਨੀਅਰ ਫੇਲੋ ਹਨ.

ਉਨ੍ਹਾਂ ਨੇ 1986 ਤੇ ਸਟੋਕਹੋਮ ਯੂਨੀਵਰਸਿਟੀ ਤੋਂ ਪੋਲਿਟਿਕਲ ਸਾਇੰਸ ਤੇ ਪੀ.ਐਚ.ਡੀ ਹਾਸਲ ਕੀਤੀ. ਉਨ੍ਹਾਂ ਨੇ ਸਟੋਕਹੋਮ ਯੂਨੀਵਰਸਿਟੀ ਦੇ ਪੋਲਿਟਿਕਲ ਸਾਇੰਸ ਵਿਭਾਗ ਤੇ 1987-2007 ਦੇ ਦੌਰਾਨ ਤਾਲੀਮ ਦਿੱਤੀ. ਇਸ ਦੇ ਬਾਅਦ, ਉਹ ਨੈਸ਼ਨਲ ਯੂਨੀਵਰਸਿਟੀ ਔਫ ਸਿੰਗਾਪੁਰ (ਐਨ.ਯੂ.ਐਸ) ਦੇ ਇੰਸਟਿਚਯੂਟ ਔਫ ਸਾਉਥ ਏਸ਼ੀਅਨ ਸਟਡੀਸ (ਆਈ.ਐਸ.ਆਈ.ਐਸ) ਨਾਲ ਜੁੜ ਗਏ. ਉਨਾਂ ਦੇ ਹਾਲ ਦੇ ਪ੍ਰਕਾਸ਼ਨਾਂ ਵਿੱਚ ਇਹ ਕਿਤਾਬਾਂ ਸ਼ੁਮਾਰ ਨੇ, *ਪਾਕਿਸਤਾਨ: ਦੀ ਗੈਰੀਸਨ ਸਟੇਟ, ਉਰੀਜੀਨਸ, ਇਵੋਲਯੂਸਨ, ਕਨਸਿਕਵੇਂਸੇਸ* (1947-2011), ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, 2013. ਇਹ ਇੰਡੀਆ ਵਿੱਚ ਦੀ ਪਾਕਿਸਤਾਨ ਮਿਲਿਟਰੀ ਇਨ ਪੋਲਿਟਿਕਸ: ਔਰੀਜੀਨਸ, ਇਵੋਲਯੂਸਨ, ਕਨਸਿਕਵੇਂਸੇਸ (1947-2011), ਨਿਊ ਦੇਲਹੀ: ਏਮੀਰੀਲਿਸ, 2013 ਦੇ ਨਾਂਅ ਤੇ ਪ੍ਰਕਾਸਤ ਹੋਈ ਹੈ. ਉਨ੍ਹਾਂ ਦੀ ਕਿਤਾਬ, *ਦੀ ਪੰਜਾਬ ਬਲਡੀਡ, ਪਾਰਟੀਸ਼ਨਡ ਐਂਡ ਕਲੀਨਸਡ,: ਅਨਰੈਵੇਲਿੰਗ ਦੀ 1947 ਟ੍ਰੇਜੇਡੀ ਥਰੂ ਸਿਕਰੇਟ ਬ੍ਰਿਟਿਸ਼ ਰਿਪੋਰਟਸ ਐਂਡ ਫਰਸਟ-*

ਪਰਸਨ ਐਕਾਉਂਟ, ਕਰਾਚੀ: ਔਕਸਫੋਰਡ ਯੂਨੀਵਰਸਿਟੀ ਪ੍ਰੈਸ, 2012, ਨੇ 2013 ਦੇ ਕਰਾਚੀ ਲਿਟਰੇਚਰ ਫੇਸਟੀਵਲ ਤੇ ਸਭ ਤੋਂ ਵਧੀਆ *ਨੈਨ-ਫਿਕਸ਼ਨ* ਕਿਤਾਬ ਦਾ ਅਵਾਰਡ ਜਿੱਤਿਆ. ਇਸ ਕਿਤਾਬ ਨੂੰ ਇੰਡੀਆ ਤੇ ਇਸੇ ਨਾਂਅ ਨਾਲ, 2011 ਵਿੱਚ ਰੁਪਾ ਪਬਲਿਕੇਸ਼ਨਸ ਨੇ ਪ੍ਰਕਾਸ਼ਤ ਕੀਤਾ ਹੈ. ਸ਼ੇਧ ਬਾਰੇ ਉਨ੍ਹਾਂ ਦੀ ਦਿਲਚਸਪੀ ਕਈ ਮੁਖਤਲਿਫ਼ ਵਿਸ਼ੇ ਵਿੱਚ ਹੈ ਜੈਦਾਂ ਕਿ ਸਿਆਸੀ ਇਸਲਾਮ, ਨਸਲ, ਕੌਮੀਵਾਦ, ਇਨਸਾਨੀ ਅਤੇ ਮਾਇਨਾਰਿਟੀਆਂ ਦੇ ਹੱਕ, ਅਤੇ ਤਕਸੀਮ ਬਾਰੇ ਮੁਤਾਲਿਆ. ਉਹ ਲਾਹੋਰ ਦੇ ਅੰਗ੍ਰੇਜ਼ੀ ਅਖ਼ਬਾਰ *ਦੀ ਫ੍ਰਾਇਡੇ ਟਾਇਮਸ* ਵਿੱਚ ਹਫ਼ਤਾਵਾਰ ਕਾਲਮ ਵੀ ਲਿਖਦੇ ਨੇ.

ਅਨੁਵਾਦਕ ਦੇ ਕੁਝ ਲਫ਼ਜ਼

1947 ਵਿੱਚ, ਪੰਜਾਬ ਨੇ ਇੱਕ ਹਜ਼ਾਰ ਸਾਲਾਂ ਪੁਰਾਨੀ ਪੰਜਾਬੀਅਤ ਹੋਰ ਬਹੁਤ ਕੁੱਝ ਗੁਆ ਦਿੱਤਾ. ਇਸ ਤੋਂ ਪਹਿਲਾਂ ਪੰਜਾਬੀਅਤ, ਮਜਹਬ ਦੇ ਉਪਰ ਹਾਵੀ ਸੀ ਜਾਂ ਮਜਹਬ ਦਾ ਨਾਂਅ ਲੈ ਕੇ ਲੋਕਾਂ ਨੂੰ ਤੋੜਨ ਦੀ ਕੋਸ਼ਿਸ਼ ਨੂੰ ਰੋਕਦੀ ਸੀ. ਇਹ ਗੱਲ ਮੈਨੂੰ ਹਮੇਸ਼ਾ ਮੋਹਤ ਕਰਦੀ ਆਈ ਹੈ.

1970 ਦੇ ਸ਼ੁਰੂ ਤਕ, 1947 ਦੀ ਘਟਨਾਵਾਂ ਬਾਰੇ ਜਾਨਕਾਰੀ ਹਾਸਲ ਕਰਣ ਲਈ ਬਹੁਤ ਘੱਟ ਸਮਗਰੀ ਮੌਜੂਦ ਸੀ. ਫਿਰ, 1975 ਤੇ ਇੱਕ ਕਿਤਾਬ ਆਈ: ਲੈਪਿਅਰ ਹੋਰ ਕੌਲਿਨਸ ਦੀ ਲਿਖੀ ਫ੍ਰੀਡਮ ਐਟ ਮਿਡਨਾਇਟ, ਜਿਸ ਨੇ ਪਹਿਲੀ ਵਾਰ ਪੰਜਾਬ ਦੀ ਤ੍ਰਾਸਦੀ ਦਾ ਇਨਸਾਨੀ ਪਹਲੂ ਪੇਸ਼ ਕੀਤਾ ਅਤੇ ਇਸ ਕਿਤਾਬ ਵਿੱਚ ਕੁੱਝ ਦਿਲਾਂ ਨੂੰ ਛੂ ਲੈਣ ਵਾਲੀ ਕਹਾਣੀਆਂ ਦਾ ਜਿਕਰ ਸੀ. ਹੁਣ, ਤਕਰੀਬਨ ੪੦ ਸਾਲਾਂ ਬਾਅਦ, ਪ੍ਰੋਫੇਸਰ ਡਾ. ਇਸ਼ਤਿਆਕ ਅਹਮਦ ਨੇ 1947 ਦੀ ਤ੍ਰਾਸਦੀ ਦੇ ਬੱਚੇ ਲੋਕਾਂ ਦੀ ਕਹਾਣੀਆਂ, ਖੁਦ ਉਨ੍ਹਾਂ ਦੇ ਇੰਟਰਵਿਊ ਲੈ ਕੇ ਪੇਸ਼ ਕੀਤੀ ਹੈ. ਭਾਰਤੀ ਨਾਰੀਵਾਦਿਆਂ ਜੈਦਾਂ ਕਿ ਉਰਵਸ਼ੀ ਬੁਟਾਲਿਆ, ਰਿਤੂ ਮੇਨਨ ਹੋਰ ਕਮਲਾ ਭਸੀਨ ਨੇ ਤਕਸੀਮ ਦੇ ਦੌਰਾਨ ਬੱਚ ਗਈ ਔਰਤਾਂ ਦੀ ਕਹਾਣੀਆ ਪੇਸ਼ ਤੇ ਕੀਤੀਆਂ ਨੇ, ਮਗਰ ਡਾ.ਅਹਮਦ ਨੇ ਦੋਵੇਂ ਪੰਜਾਬਾਂ ਤੇ ਜਾ ਕੇ ਕਮਾਲ ਦਾ ਫੀਲਡਵਰਕ ਕੀਤਾ ਹੈ.

ਉਨ੍ਹਾਂ ਦੀ ਕਿਤਾਬ ਤੋਂ, ਖੁਫ਼ੀਆ ਬ੍ਰਿਟਿਸ਼ ਰਿਪੋਰਟਾਂ ਅਤੇ ਟ੍ਰਾਂਸਫਰ ਔਫ ਪਾਵਰ ਤੋਂ ਕਾਫੀ ਜਾਨਕਾਰੀ ਲੈ ਕੇ, ਉਸ ਵਕਤ ਦੇ ਸਿਆਸਤਦਾਨਾਂ, ਬ੍ਰਿਟਿਸ਼ ਹਕੂਮਤ ਦੇ ਲੋਕਾਂ ਹੋਰ ਉਸ ਵਕਤ ਦੇ ਮਾਹੌਲ ਬਾਰੇ ਪੂਰੀ ਜਾਨਕਾਰੀ ਮਿਲਦੀ ਹੈ. ਉਨ੍ਹਾਂ ਦੀ ਰਿਸਰਚ ਦਾ ਇੱਕ ਹੋਰ ਪਹਲੂ ਇਹ ਹੈ ਕਿ ਪੌਲਿਟਿਕਲ ਸਾਇੰਸ ਪਢ੍ਹਾਂਣ ਦਾ ਉਨ੍ਹਾਂ ਦਾ ਇੱਕ ਲੰਮਾ ਤਜਰਬਾ ਹੈ ਹੋਰ ਉਹ ਪੂਰੇ ਘਟਨਾਕ੍ਰਮ ਦਾ ਬਖੂਬੀ ਨਾਲ ਵਿਸ਼ਲੇਸ਼ਣ ਕਰਦੇ ਨੇ. ਉਹ ਕੋਈ ਤਰਫਦਾਰੀ ਨਹੀਂ ਕਰਦੇ ਨੇ, ਜੋ ਸਾਡੇ ਮਹਾਦੀਪ ਦੇ ਲੇਖਕਾਂ ਦੀ ਇੱਕ ਕਮਜੋਰੀ ਹੈ. ਉਹ ਦੱਸਦੇ ਨੇ ਕਿ ਕਿਸ ਤਰ੍ਹਾਂ ਇੱਕ ਤਰਫ ਹਿੰਦੂ-ਸਿੱਖ ਹੋਰ ਦੂਜੀ ਤਰਫ ਮੁਸਲਿਮ, ਦੋਵੇਂ ਇੱਕ ਦੂਜੇ ਤੋਂ ਦੂਰ ਹੋ ਗਏ. ਤਕਸੀਮ ਦੀ ਉਤਪਤ ਬਾਰੇ ਉਹ ਤਫ਼ਸੀਲੀ ਨਾਲ ਦੱਸਦੇ ਨੇ. ਪੰਜਾਬ ਦੀ ਤਕਸੀਮ ਦੇ ਦੌਰਾਨ 10 ਮਿਲਿਅਨ ਲੋਕ ਇੱਕ ਪੰਜਾਬ ਤੋਂ ਦੂਜੇ ਪੰਜਾਬ ਜਾਣ ਨੂੰ ਮਜਬੂਰ ਹੋਏ ਅਤੇ 5-8 ਲੱਖ ਲੋਕ ਮਾਰੇ ਗਏ. ਹੁਣ ਵੀ ਕਈ ਕਹਾਣੀਆਂ ਬਾਹਰ ਆਉਣ ਨੂੰ ਬੇਤਾਬ ਨੇ.

ਸਾਰੀ ਦੁਨੀਆ ਤੇ 120 ਮਿਲਿਅਨ ਪੰਜਾਬੀ ਰਹਿੰਦੇ ਨੇ ਹੋਰ ਗੁਰਮੁਖੀ ਜਾਂ ਸ਼ਾਹਮੁਖੀ ਪਢ੍ਹਣ ਵਾਲੇ ਅੰਗ੍ਰੇਜ਼ੀ ਪਢ੍ਹਣ ਵਾਲੇਆ ਪੰਜਾਬੀਆਂ ਤੋਂ ਬਹੁਤ ਜਿਆਦਾ ਨੇ. ਇਸ ਕਿਤਾਬ ਵਿੱਚ ਇੰਟਰਵਿਊ ਦੇਣ ਵਾਲੇ ਜਿਆਦਾਤਰ ਲੋਕ ਪੰਜਾਬੀ ਬੋਲਦੇ ਨੇ. ਅਤੇ ਕੋਈ ਵੀ ਕਹਾਣੀ ਜੋ ਪੰਜਾਬ ਦਾ ਜਿਕਰ ਕਰਦੀ ਹੋਏ, ਉਹ ਬਿਣਾ ਪੰਜਾਬੀ ਜ਼ਬਾਨ ਦੀ ਲਿਪੀ ਵਿੱਚ ਲਿਖੀ ਜਾਣ ਨਾਲ, ਹਮੇਸ਼ਾ ਅਧੂਰੀ ਰਵੇਗੀ. ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਕਿਤਾਬ ਜਿਆਦਾ ਤੋਂ ਜਿਆਦਾ ਲੋਕਾਂ ਤਕ ਪਹੁੰਚ ਸਕੇ, ਤਾਂਕਿ ਇਸ ਕਿਤਾਬ ਨੂੰ ਉਹ ਤਾਰੀਫ਼ ਮਿਲੇ, ਜਿਸ ਦੀ ਇਹ ਹੱਕਦਾਰ ਹੈ.

ਮੈਂ ਪ੍ਰੋਫੇਸਰ (ਡਾ.) ਇਸ਼ਤਿਆਕ ਅਹਮਦ ਸਾਹਿਬ ਨਾਲ 2012 ਤੋਂ ਲਗਾਤਾਰ ਸੰਪਰਕ ਵਿੱਚ ਹਾਂ ਹੋਰ ਅਕਸਰ ਉਨ੍ਹਾਂ ਦੀ ਕਿਤਾਬਾਂ ਜਾਂ ਲੇਖ ਪਢ੍ਹਦਾ ਹਾਂ. ਮੈਂ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾ ਹਾਂ ਕਿ ਮੈਨੂੰ

ਉਨ੍ਹਾਂ ਦੀ ਕਿਤਾਬ ਦਾ ਗੁਰਮੁਖੀ ਵਿੱਚ ਤਰਜਮਾ ਕਰਣ ਦਾ ਮੌਕਾ ਮਿਲਿਆ. ਇਹ ਮੇਰੇ ਲਈ, ਇੱਕ ਬਹੁਤ ਸੋਹਣਾ ਅਤੇ ਸੰਤੋਖਜਨਕ ਤਜਰਬਾ ਹੈ ਕਿ ਇਹ ਕਿਤਾਬ ਗੁਰਮੁਖੀ ਦੇ ਪਾਠਕਾਂ ਤੱਕ ਪਹੁੰਚ ਰਹੀ ਹੈ. ਇਹ ਕਿਤਾਬ ਸਿੱਖਿਆਵਿਦ, ਗੈਰ-ਅਕਾਦਮਿਕ ਹੋਰ ਆਮ ਇਨਸਾਨ ਵੀ ਪਢ਼ ਸਕਦੇ ਨੇ. ਇਸ ਅਨੁਵਾਦ ਦਾ ਮਕਸਦ ਇਹ ਹੈ ਕਿ ਇਸ ਨੂੰ ਜਿਆਦਾ ਤੋਂ ਜਿਆਦਾ ਲੋਕ ਪਢ਼ ਸਕਣ.

ਮੈਂ ਇਹ ਤਰਜਮਾ ਅਕਾਦਮਿਕ ਪੰਜਾਬੀ ਤੇ ਨਹੀਂ ਬਲਕਿ ਆਮ ਬੋਲ-ਚਾਲ ਵਰਗੀ ਪੰਜਾਬੀ ਤੇ ਕੀਤਾ ਹੈ ਹੋਰ ਕਈ ਵਾਰ, ਉਰਦੂ ਦੇ ਲਫ਼ਜ਼ਾਂ ਦਾ ਇਸਤੇਮਾਲ ਕੀਤਾ ਹੈ, ਤਾਂਕਿ ੧੯੪੭ ਵਰਗਾ ਮਾਹੌਲ ਤਿਆਰ ਕੀਤਾ ਜਾ ਸਕੇ. ਕੁੱਝ ਅੰਗ੍ਰੇਜ਼ੀ ਲਫ਼ਜ਼ਾਂ ਦਾ ਤਰਜਮਾ ਕਰਣਾ ਮੁਸ਼ਕਲ ਹੈ; ਅਤੇ ਉਨ੍ਹਾਂ ਨੂੰ ਬਰਕਰਾਰ ਰਖਿਆ ਗਿਆ ਹੈ.

Dear Reader,

Your valuable comments regarding this Gurmukhi translation and/or regarding this book are highly welcome. The Author may be reached at billumian@gmail.com.

The translator of the book may be reached at gurpritwb@gmail.com